੧ੴ ਸਤਿਗੁਰ ਪ੍ਰਸਾਦਿ॥

ਸੰਥ੍ਯਾ

ਸ੍ਰੀ ਗੁਰੂ ਗ੍ਰੰਥ ਸਾਹਿਬ

[ਪੋਥੀ ਪੰਜਵੀਂ]

ਜਿਸ ਵਿਚ
ਗਉੜੀ ਰਾਗੁ ਦੀ ਬਾਕੀ ਰਹਿੰਦੀ ਭਗਤ ਬਾਣੀ ਤੇ
ਆਸਾ ਰਾਗ ਦੇ ਪਹਿਲੇ ੨੧੬ ਚਉਪਦੇ
[ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ੩੩੩ ਤੋਂ ੪੦੭]
ਤੱਕ ਦਾ ਅਰਥ, ਵ੍ਯਾਖ੍ਯਾ ਤੇ ਨਿਰੁਕ੍ਤ ਸ਼ਾਮਲ ਹੈ।

ਸੰਥਯਾ ਦੀ ਸੇਵਾ
ਪਦਮ ਭੂਸ਼ਨ, ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ
ਦੀ ਲੇਖਣੀ ਦੁਆਰਾ ਸਤਿਗੁਰ ਨੇ ਕਰਾਈ।

ਸੰਪਾਦਕ
ਡਾਕਟਰ ਬਲਬੀਰ ਸਿੰਘ ਪੀਐਚ.ਡੀ. (ਲੰਡਨ)

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ

Santhya Sri Guru Granth Sahib Ji Vol. -V

Bhai Vir Singh

ਚੌਥੀ ਐਡੀਸ਼ਨ : ਫਰਵਰੀ, 2002

ਪ੍ਰਕਾਸ਼ਕ :
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

ਪ੍ਰਿੰਟਰ :
ਭਾਈ ਵੀਰ ਸਿੰਘ ਪ੍ਰੈਸ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

ਮੁੱਲ : 250/- ਰੁਪਏ

ੴ ਸਤਿਗੁਰ ਪ੍ਰਸਾਦਿ॥

ਤਤਕਰਾ ਸੰਥਜਾ ਪੋਥੀ ਪੰਜਵੀਂ

ਰਾਗੁ ਗਉੜੀ—ਜਾਰੀ

ਰਾਗੁ ਆਸਾ

ਚਉਪਦੇ ਪੰਨਾ

[ਗਉੜੀ ਕਬੀਰ ਜੀ, ਚਉਪਦਾ—੪੯]

ਪ੍ਰਾਕ੍ਕਥਨ—ਅਗਲਾ ਸ਼ਬਦ ਆਪਣੇ ਅਰਥਾਂ ਤੇ ਵਿਵੇਚਨਾ ਵਿਚ ਦਾਨੇ ਲੋਕ ਬਹੁਤ ਕਠਨ ਸਮਝਦੇ ਆਏ ਹਨ। ਇਸ ਦੀ ਉਥਾਨਕਾ ਇਹ ਚਲੀ ਆਉਂਦੀ ਹੈ ਕਿ ਸ੍ਰੀ ਕਬੀਰ ਜੀ ਪਾਸ ਕਿਸੇ ਲੁਬਾਣਿਆਂ ਕਿ ਵਣਜਾਰਿਆਂ ਦੇ ਨਾਇਕ ਅਰਥਾਤ 'ਵਡੇ ਸ਼ਾਹ ਵਣਜਾਰੇ' ਨੇ ਆਕੇ ਬਿਨੈ ਕੀਤੀ ਕਿ ਆਪ ਦੇ ਆਏ ਗਏ ਲਈ ਖਰਚ ਚੋਖੇ ਹੁੰਦੇ ਹਨ, ਦੋ ਚਾਰ ਬੈਲ ਖਰੀਦਕੇ ਮੈਂ ਕਿਸੇ ਚੰਗੇ ਵਪਾਰੀ ਦੇ ਟਾਂਡੇ ਵਿਚ ਸ਼ਾਮਲ ਕਰ ਦੇਂਦਾ ਹਾਂ ਤੇ ਕੁਝ ਵਪਾਰ ਮੇਰੇ ਵਣਜਾਰੇ ਆਪ ਲਈ ਕਰ ਦਿਆ ਕਰਨਗੇ; ਪੂੰਜੀ ਮੈਂ ਲਾ ਦਿਆਂਗਾ। ਇਸ ਤਰ੍ਹਾਂ ਕੁਛ ਆਮਦਨ ਬੀ ਹੋ ਜਾਏਗੀ ਤੇ ਆਪ ਨੂੰ ਫਿਕਰ ਬੀ ਕੋਈ ਨਾ ਕਰਨਾ ਪੈਸੀ, ਮੈਂ ਆਪ ਸਾਰਾ ਕੁਛ ਦੇਖ ਭਾਲ ਲਿਆ ਕਰਾਂਗਾ। ਉਸ ਵੇਲੇ ਕਬੀਰ ਜੀ ਨੇ ਇਹ ਸ਼ਬਦ ਉਚਾਰਨ ਕੀਤਾ।

ਮੂਲ	ਅਰਥ
ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ ॥ ਤ੍ਰਿਸਨਾ ਗੂਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ ॥ ੧ ॥ ਐਸਾ ਨਾਇਕੁ ਰਾਮੁ ਹਮਾਰਾ ॥ ਸਗਲ ਸੰਸਾਰੁ ਕੀਓ ਬਨਜਾਰਾ ॥ ੧ ॥ ਰਹਾਉ ॥	[ਅਰਥ ਰਹਾਉ ਤੋਂ ਚੱਲੇਗਾ] 'ਰਾਮ' ਸਾਡਾ ਐਸਾ ਨਾਇਕ (=ਵਪਾਰੀਆਂ ਦਾ ਸ਼ਾਹ) ਹੈ (ਕਿ ਉਸ ਨੇ) ਸਾਰੇ ਸੰਸਾਰ ਨੂੰ (ਆਪਣਾ) ਵਣਜਾਰਾ (=ਛੋਟੇ ਵਪਾਰੀ) ਬਣਾ ਰਖਿਆ ਹੈ॥ ੧॥ ਰਹਾਉ॥ (ਪ੍ਰਤੱਖ ਦੇਖੋ ਕਿ ਉਸ ਰਾਮ ਰੂਪੀ ਨਾਇਕ ਦੀ ਦਿੱਤੀ ਹੋਈ) ਸੁਆਸਾਂ (ਰੂਪੀ) ਪੂੰਜੀ (ਲੈ ਜੀਵ ਸੰਸਾਰ ਵਿਚ) ਪਰਗਾਸਦਾ (ਭਾਵ ਜੰਮਦਾ) ਹੈ। ਪਰ (ਉਸ ਪੂੰਜੀ ਨਾਲ ਜੀਵ, ਹੁਣ ਹੀ ਨਹੀਂ, ਜਨਮਾਂ ਜਨਮਾਂਤ੍ਰਾਂ ਵਿਚ) ਪਾਪ ਪੁੰਨ (ਕਰ ਕਰਕੇ* ('ਸੂਖਮ ਸਰੀਰ' ਤੇ 'ਸਥੂਲ ਸ਼ਰੀਰ' ਰੂਪੀ) ਦੋ ਬੈਲ ਖਰੀਦ ਕਰ ਲੈਂਦਾ ਹੈ। (ਸਥੂਲ ਸ਼ਰੀਰ ਤਾਂ ਮਰਕੇ ਮੁੱਕ ਜਾਂਦਾ ਹੈ, ਪਰ ਸੂਖਮ ਯਾ ਲਿੰਗ ਸ਼ਰੀਰ ਸਥੂਲ ਦੇਹ ਦੇ ਮਰਨੇ ਤੇ ਬੀ ਨਹੀਂ ਮਰਦਾ ਤੇ) ਘਟ ਵਿਚ ਤ੍ਰਿਸ਼ਨਾ ਰੂਪ ਗੂਣ ਭਰੀ ਹੋਈ ਨੂੰ (ਨਾਲ ਲਈ ਫਿਰਦਾ ਹੈ, ਜਿਸ ਕਰਕੇ ਹਰ ਜਨਮ ਵਿਚ ਇਹ) ਇਸੀ ਬਿਧਿ ਦੇ (ਭਾਵ ਤ੍ਰਿਸ਼ਨਾਮਈ) ਵੱਖਰ ਖਰੀਦਦਾ ਰਹਿੰਦਾ ਹੈ॥ ੧॥
ਕਾਮੁ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ ਬਟਵਾਰਾ ॥	(ਤ੍ਰਿਸ਼ਨਾਂ ਦੇ ਕੰਮਾਂ ਤੇ ਸੁਆਸਾਂ ਰੂਪੀ ਪੂੰਜੀ ਨੂੰ ਖਰਚਦਿਆਂ ਭੋਗਾਂ ਵਿਚ ਸੁਆਸ ਜ਼ਾਇਆ ਕਰਦਾ ਹੈ, ਕਿਉਂਕਿ ਤ੍ਰਿਸ਼ਨਾਂ ਵਾਲਾ ਆਪਣੀ ਕਮਾਈ ਹੋਈ ਨਾਲ ਫੇਰ ਕਾਮਿ ਆਦਿ ਭੋਗਾਂ ਵਿਚ ਰਚ ਜਾਂਦਾ ਹੈ। ਜੇ ਕਾਮ ਕਿਤੇ ਰੁਕੇ ਤਾਂ ਕ੍ਰੋਧ ਕਰਦਾ ਹੈ ਸੋ ਇਹ) ਦੁਇ ਕਾਮ ਤੇ ਕ੍ਰੋਧ (ਇਸ ਦੀ ਸੁਆਸਾਂ ਰੂਪ ਪੂੰਜੀ ਨੂੰ ਐਉਂ ਵੰਡਾ ਲੈਂਦੇ ਹਨ ਮਾਨੋ) ਮਸੂਲੀਏ ਬਣ ਗਏ ਹਨ।

*ਕਰਮੀ ਆਵੈ ਕਪੜਾ (ਜਪੁਜੀ)। ਪਾਪ ਪੁੰਨ ਮਿਸ਼੍ਰਤ ਕਰਮਾਂ ਕਰਕੇ ਸ਼ਰੀਰ ਮਿਲਦਾ ਹੈ। ਸ਼ਰੀਰ ਦੋ ਹਨ—ਇਕ ਸਥੂਲ, ਦੂਸਰਾ ਸੂਖਮ ਯਾ ਲਿੰਗ। ਤੀਸਰਾ ਇਕ ਹੋਰ ਬੀ ਮੰਨਦੇ ਹਨ—ਕਾਰਣ ਸ਼ਰੀਰ, ਪਰ ਉਹ ਲਿੰਗ ਸ਼ਰੀਰ ਦੇ ਅੰਤਰਗਤਿ ਹੀ ਮੰਨਦੇ ਹਨ।

(ਇਸ ਦੀ ਸੁਆਸਾਂ ਰੂਪੀ ਪੂੰਜੀ ਹੋਰ ਤਰ੍ਹਾਂ ਬੀ ਬ੍ਰਿਥਾ ਜਾਂਦੀ ਹੈ, ਉਹ ਹੈ ਮਨ ਦੇ ਤਰੰਗਾਂ ਵਿਚ, ਐਦਾਂ ਕਿ) ਮਨ ਦੇ ਤ੍ਰੰਗ (ਸਾਡੇ ਸੁਆਸਾਂ ਯਾ ਸਮੇਂ ਦਾ ਹਿੱਸਾ ਐਉਂ ਨਾਲੋ ਨਾਲ ਵੰਡਾਈ ਜਾਂਦੇ ਹਨ ਜਿਸ ਤਰ੍ਹਾਂ ਕੋਈ) ਹਿੱਸੇ ਵੰਡਾਉਣ ਵਾਲਾ (ਭਾਈਵਾਲ ਯਾ ਸਰਕਾਰੀ ਕੱਰ (ਮਹਸੂਲ) ਲੈਣ ਵਾਲਾ ਹੁੰਦਾ ਹੈ)। (ਪ੍ਰਸ਼ਨ ਹੁੰਦਾ ਹੈ ਕਿ ਐਉਂ ਸੁਆਸਾਂ ਰੂਪੀ ਰਾਸ ਮੂੜੀ ਗੁਆ ਗੁਆਕੇ ਵਣਜਾਰਿਆਂ ਦੀ ਆਪਣੇ ਸ਼ਾਹ ਨਾਲ ਸੁਰਖਰੋਈ ਕਿਵੇਂ ਹੋਵੇ ?

ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ ॥ ੨ ॥

ਤਦ ਫੁਰਮਾਉਂਦੇ ਹਨ ਕਿ) ਹੁਣ ਜੇ ਇਹ ਘਾਟੇ ਵਿਚ ਚਲਾ ਗਿਆ ਜੀਵ ਰੂਪੀ ਵਣਜਾਰਾ) ਤਤ (ਦੇ ਜਾਣਨ ਵਾਲੇ) ਸੰਤਾਂ ਨੂੰ ਮਿਲ ਪਵੇ (ਤਦ ਇਸ ਦਾ) ਦੇਣਾ ਨਿੱਬੜ ਸਕਦਾ ਹੈ, (ਕਿ ਹੁਣ ਬੀ ਜੇ ਉਹਨਾਂ ਦਾ ਦੱਸਿਆ ਮਾਲ ਲੱਦ ਲਵੇ ਤੇ ਰਹਿੰਦੇ ਸੁਆਸ ਸਫਲ ਕਰ ਲਵੇ ਤਦ ਇਸ ਦਾ) ਟਾਂਡਾ (ਭਾਵ ਸੰਤਾਂ ਦੀ ਦੱਸੀ ਖੇਪ) ਪਾਰ ਪਹੁੰਚ ਪਵੇਗੀ, (ਪਰਲੋਕ ਵਿਚ ਦੈਵੀ ਗੁਣਾਂ ਦੀ ਖੇਪ ਲੈ ਜਾਏਗਾ)॥੨॥

ਕਹਤ ਕਬੀਰੁ ਸੁਨਹੁ ਰੇ ਸੰਤਹੁ ਅਬ ਐਸੀ ਬਨਿ ਆਈ ॥
ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ ॥ ੩ ॥ ੫ ॥ ੪੯ ॥

ਕਬੀਰ ਜੀ ਆਖਦੇ ਹਨ ਹੇ ਸੰਤ ਜਨੋਂ ! ਸੁਣੋ, ਹੁਣ ਐਸੀ (ਗੱਲ) ਢੁੱਕ ਪੈਂਦੀ ਹੈ (ਕਿ ਇਸ ਸੰਤਾਂ ਦੀ ਦੱਸੀ 'ਰਾਮ ਦੀ ਔਘਟ) ਘਾਟੀਂ ਚੜ੍ਹਦਿਆਂ (ਜਦ) ਇਕ ਬੈਲ (ਭਾਵ ਸਥੂਲ ਸਰੀਰ ਥੱਕ ਜਾਂਦਾ ਹੈ, (ਭਾਵ ਮਰ ਜਾਂਦਾ ਹੈ ਤਾਂ ਦੂਜਾ ਬੈਲ— ਲਿੰਗ ਸ਼ਰੀਰ—ਜਿਸ ਨੇ ਤ੍ਰਿਸ਼ਨਾਂ ਦੀ ਛੱਟ ਚਾਈ ਹੋਈ ਸੀ ਉਹ ਬੀ ਉਸ) ਛੱਟ ਨੂੰ ਸੱਟ ਦੇਂਦਾ ਹੈ (ਤੇ ਆਪ ਅੱਗੇ) ਚਲਾ ਜਾਂਦਾ ਹੈ। (ਭਾਵ ਵੈ-ਤ੍ਰਿਸ਼ਨ*ਹੋ ਜਾਣ ਕਰਕੇ ਲਿੰਗ ਸ਼ਰੀਰ ਬੀ ਨਹੀਂ ਰਹਿੰਦਾ। ਦੁਇ ਸਰੀਰ ਭਗਤ ਗਜਾਨੀ ਦੇ ਮੁੱਕ ਜਾਂਦੇ ਹਨ ਤੇ ਉਹ ਆਪਣੇ ਸ਼ਾਹ ਪਾਸ ਨਫੇਵੰਦਾ ਵਪਾਰੀ ਸੁਰਖਰੂ ਹੋ ਕੇ ਪਹੁੰਚਦਾ ਹੈ)॥੩॥੫॥੪੯॥

ਵਯਾਖਯਾ— (ਪਵਨੁ =) ਸੁਆਸ ਭਾਵ ਉਮਰਾ ਯਾ ਜੀਵਨ ਦਾ ਸਮਾਂ ਇਨਸਾਨ ਪਾਸ ਇਕ ਪੂੰਜੀ ਤੁੱਲ ਹੈ ਪਰ ਇਨਸਾਨ ਦੇ ਅੰਦਰ ਜਨਮਾਂ ਜਨਮਾਤ੍ਰਾਂ ਤੋਂ ਤ੍ਰਿਸ਼ਨਾ ਹੈ, ਇਸ ਕਰਕੇ ਇਹ ਜੀਵਨ ਨੂੰ ਜੀਵਨ ਦੇ ਅਸਲੀ ਪ੍ਰਯੋਜਨ ਤੇ ਖਰਚ ਨਹੀਂ ਕਰਦਾ। ਇਹ ਤ੍ਰਿਸ਼ਨਾ ਦਾ ਪ੍ਰੇਰਿਆ ਤ੍ਰਿਸ਼ਨਾ ਨੂੰ ਪੂਰਨ ਵਾਲੇ ਕੰਮਾਂ ਤੇ ਸਮਾਂ ਖਰਚ ਕਰਦਾ ਹੈ। ਭਾਵ ਮੁਕਤ ਮਾਰਗ ਦਾ ਵੱਖਰ ਨਹੀਂ ਖਰੀਦ ਕਰਦਾ, ਜਨਮ ਮਰਨ ਦੇ ਗੇੜ ਵਾਲਾ ਸਾਮਾਨ ਖਰੀਦਦਾ ਹੈ, ਉਹ ਹੁੰਦਾ ਹੈ ਪਾਪ ਯਾ ਪੁੰਨ ! ਦੋਹਾਂ ਕਰਕੇ ਸਰੀਰ ਮਿਲਦਾ ਹੈ ਤੇ ਬਾਰ ਬਾਰ ਜਨਮ ਹੁੰਦਾ ਹੈ। ਸ਼ਰੀਰ ਦੋ ਹਨ, ਇਕ ਸਥੂਲ ਤੇ ਦੂਜਾ ਸੂਖਮ ਯਾ ਲਿੰਗ ਸ਼ਰੀਰ। ਮਰਨ ਵੇਲੇ ਸਥੂਲ ਮਰ ਜਾਂਦਾ ਹੈ, ਪਰ ਲਿੰਗ ਸ਼ਰੀਰ ਨਹੀਂ ਮਰਦਾ। ਸੋ ਪਾਪ ਪੁੰਨ ਕਰਕੇ ਸ਼ਰੀਰ ਜੋ ਮਿਲਦਾ ਹੈ ਉਹ ਦੋ ਸ਼ਰੀਰ ਹੁੰਦੇ ਹਨ, ਇਸ ਕਰਕੇ ਉਹਨਾਂ ਨੂੰ ਦੋ ਬੈਲ ਕਿਹਾ ਹੈ। ਸਥੂਲ ਸਰੀਰ ਮਾਯਕ ਕੰਮਾਂ ਦਾ ਬੈਲ ਬਣਿਆ ਰਹਿੰਦਾ ਹੈ ਸੂਖਮ ਸ਼ਰੀਰ 'ਤ੍ਰਿਸ਼ਨਾਂ' ਦੀ ਛੱਟ ਚਾਈ ਹੋਈ ਵਾਲਾ ਬੀ ਬੈਲ ਹੀ ਬਣਿਆਂ ਰਹਿੰਦਾ ਹੈ। ਇਹ ਹੈ ਅੰਦਰ ਭਰੀ ਪਈ ਤ੍ਰਿਸ਼ਨਾ

*ਤ੍ਰਿਸ਼ਨਾ ਰਹਿਤ।

ਜੋ ਇਸ ਤੋਂ ਤ੍ਰਿਸ਼ਨਾ ਦੇ ਕੰਮ ਕਰਾਉਂਦੀ ਤ੍ਰਿਸ਼ਨਾ ਵਧਾਉਂਦੀ ਰਹਿੰਦੀ ਹੈ। ਜਦ ਤ੍ਰਿਸ਼ਨਾ ਕਰ ਕਰਕੇ ਧਨ ਕੱਠਾ ਕਰਦਾ ਹੈ ਤਦ ਫੇਰ ਅੰਦਰਲੀ ਉਹੀ ਤ੍ਰਿਸ਼ਨਾ ਜੀਵ ਨੂੰ ਵਿਕਾਰਾਂ ਵਿਚ ਲੈ ਜਾਂਦੀ ਹੈ। ਕਾਮ ਕ੍ਰੋਧ ਆਦਿ ਪੰਜੇ ਵਿਕਾਰ ਇਸ ਦੀ ਕਰਨੀ ਕਰਤੂਤ ਨੂੰ ਮੈਲਿਆਂ ਕਰੀ ਰਖਦੇ ਹਨ, ਜਿਸ ਨਾਲ ਅੰਤਹਕਰਣ ਤ੍ਰਿਸ਼ਨਾ ਤੇ ਵਾਸ਼ਨਾ ਨਾਲ ਭਰਿਆ ਰਹਿੰਦਾ ਹੈ ਤੇ ਸੁਆਸ ਯਾ ਸਮਾ ਜ਼ਾਇਆ ਹੁੰਦਾ ਰਹਿੰਦਾ ਹੈ। ਜੋ ਸਮਾਂ ਤ੍ਰਿਸ਼ਨਾ ਦਿਆਂ ਕਾਰਾਂ ਵਿਹਾਰਾਂ ਤੇ ਭੋਗਾਂ ਤੋਂ ਬਚਦਾ ਹੈ ਉਹ ਵਿਹਲੀਆਂ ਸੋਚਾਂ-ਮਨੋ ਰਾਜਾਂ-ਵਿਚ ਚਲਾ ਜਾਂਦਾ ਹੈ, ਜਿਸ ਨੂੰ ਇਥੇ ਮਨ ਤ੍ਰੰਗ' ਕਰਕੇ ਲਿਖਿਆ ਹੈ। ਜਿਵੇਂ ਸਾਹਿਬਾਂ ਦਾ ਬੀ ਫੁਰਮਾਨ ਹੈ:-

ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੁਟੀਐ॥ [ਮਾਰੂ ਵਾਰ ਮਹਲਾ ੩-੭]

ਇਸ ਪ੍ਰਕਾਰ ਸੁਆਸ ਕਹੋ ਯਾ 'ਸਮੇ ਰੂਪੀ ਰਾਸ' ਕਹੋ ਬ੍ਰਿਥਾ ਖਰਚ ਹੋ ਰਹੀ ਹੈ। ਇਸ ਪੂੰਜੀ ਨੂੰ ਜੀਵ ਅਪਣੇ ਸ਼ਾਹ ਤੋਂ ਲੈ ਕੇ ਖੱਟਣ ਆਇਆ ਸੀ, ਉਸ ਦੀ ਥਾਵੇਂ ਹੁਣ ਤੋਟੇ ਵਿਚ ਹੈ, ਭਾਵ, ਗ਼ਾਫ਼ਲੀ ਦਾ ਜੀਵਨ ਬਸਰ ਕਰਦਿਆਂ ਉਮਰਾ ਬਿਰਥਾ ਚਲੀ ਜਾ ਰਹੀ ਹੈ। ਪ੍ਰਸ਼ਨ ਹੈ ਕਿ ਇਹ ਦਾਨ, ਅਰਥਾਤ ਦੇਣਾ, ਜੋ ਸਿਰ ਚੜ੍ਹ ਗਿਆ ਹੈ ਕੀਕੂੰ ਨਿੱਬੜੇ ? ਇਸਦਾ ਉਪਾਵ ਦੱਸਦੇ ਹਨ ਕਿ 'ਪੰਚ ਤਤੁ' ਮਿਲਕੇ ਮੁਕਾ ਸਕਦੇ ਹਨ। ਭਾਵ ਹੈ ਤਤ ਨੂੰ ਜਾਣਨ ਵਾਲੇ ਤੱਤ ਵੇਤਾ ਸੰਤ ਮੁਕਾ ਸਕਦੇ ਹਨ। ਜੈਸਾ ਕਿ ਗੁਰੂ ਜੀ ਨੇ ਕਿਹਾ :—

ਜਿਸੁ ਵਖਰ ਕਉ ਲੈਨਿ ਤੂ ਆਇਆ॥ ਰਾਮ ਨਾਮੁ ਸੰਤਨ ਘਰਿ ਪਾਇਆ॥

[ਗਉੜੀ ਮਹਲਾ ੫, ਸੁਖਮਨੀ, ੧੫—੫]

ਕਈ ਦਾਨੇ ਆਖਦੇ ਹਨ ਕਿ ਪੰਚ ਤਤੁ' ਦਾ ਅਰਥ ਹੈ ਕਿ ਪੰਜਾਂ ਤਤਾਂ ਦੇ ਸੁਭਾਵਾਂ ਵਾਲਾ ਜੀਵਨ ਧਾਰਨ ਕੀਤਿਆਂ ਦੇਣੇ ਨਿੱਬੜਨਗੇ*। ਕਈ ਦਾਨੇ ਏਸ 'ਪੰਚ ਤਤੁ' ਤੋਂ ਮੁਰਾਦ ਪੰਜ ਗੁਣ ਲੈਂਦੇ ਹਨ 'ਸਤਿ ਸੰਤੋਖ, ਦਇਆ, ਧਰਮ, ਮੋਖ ਇੱਛਾਂ'।

ਭਾਵ ਸਭਨਾਂ ਦਾ ਇਹ ਹੈ ਕਿ ਤ੍ਰਿਸ਼ਨਾ ਦੇ ਉਲਟਵੈ-ਤ੍ਰਿਸ਼ਨ (= ਤ੍ਰਿਸ਼ਨਾ ਰਹਿਤ) ਕਰਮਾਂ,ਸੋਚਾਂ, ਵਿਚਾਰਾਂ ਨਾਲ ਤੇ ਸਾਈਂ ਮੇਲ ਦੀ ਤ੍ਰਿਸ਼ਨਾ ਵਾਲੀ ਕਰਨੀ ਕਰਤੂਤ (ਪ੍ਰੇਮ, ਨਾਮ, ਕੀਰਤਨ) ਤੇ ਖਰਚ ਕੀਤੀ ਸੁਆਸ ਪੂੰਜੀ ਨਾਲ ਬਿਰਥਾ ਗਏ ਸੁਆਸਾਂ ਦਾ ਦੇਣਾ (ਕਰਜ਼ਾ) ਅਦਾ ਹੋ ਜਾਂਦਾ ਹੈ।

ਅਖੀਰ ਵਿਚ ਦੱਸਦੇ ਹਨ ਕਿ ਜਦ ਇਕ ਬੈਲ, ਅਰਥਾਤ, ਸਥੂਲ ਸਰੀਰ, ਰਾਮ ਦੀ ਘਾਟੀ ਚੜ੍ਹਦਾ ਅੰਤ ਇਕ ਦਿਨ ਥੱਕ ਅਰਥਾਤ ਮੁੱਕ ਮਰ ਜਾਂਦਾ ਹੈ, ਤਾਂ ਲਿੰਗ ਸ਼ਰੀਰ ਬੀ ਨਾਲ ਹੀ ਮਰ ਜਾਂਦਾ ਹੈ, ਕਿਉਂਕਿ ਉਸ ਵਿਚ ਤ੍ਰਿਸ਼ਨਾ ਨਹੀਂ ਰਹਿੰਦੀ, ਤ੍ਰਿਸ਼ਨਾ ਨਹੀਂ ਰਹਿੰਦੀ ਤਾਂ ਕਿਸ ਬੰਧਨ ਨਾਲ ਕਾਇਮ ਰਹੇ। ਭਾਵ ਇਹ ਕਿ 'ਭਗਤ ਗਿਆਨੀ ਸਰਬ ਬੰਧਨਾਂ ਤੋਂ ਮੁਕਤ ਹੋ ਕੇ ਸਾਂਈਂ ਦਰ ਪਹੁੰਚਦਾ ਹੈ। ਜਿਨ੍ਹਾਂ ਦੇ ਲਿੰਗ ਸ਼ਰੀਰ ਸਥੂਲ ਸ਼ਰੀਰ ਦੇ ਮਰਨ ਨਾਲ ਨਹੀਂ ਮਰਦੇ ਉਹ ਤ੍ਰਿਸ਼ਨਾ ਵਾਸ਼ਨਾ ਦੀ ਪੋਟ ਚਾਈ ਜਨਮ ਦਰ ਜਨਮ ਭਟਕਦੇ ਫਿਰਦੇ ਟਿੰਡਾਂ ਵਾਲੇ ਗੇੜ ਵਾਂਙੂ ਘੁੰਮਦੇ ਰਹਿੰਦੇ ਹਨ।

ਵਿਸ਼ੇਸ਼— ਇਸ ਸ਼ਬਦ ਦੀ ਵਜਾਖਜ਼ਾ ਕਰਨ ਵਿਚ ਪੁਰਾਤਣ ਗਿਆਨੀ ਅਤੇ ਪੰਡਿਤਾਈ ਦੇ ਮਾਹਿਰ ਦੋਹਾਂ ਕਿਸਮਾਂ ਦੇ ਵਿਦਵਾਨ ਕਠਨਾਈ ਪ੍ਰਤੀਤ ਕਰਦੇ ਹੁੰਦੇ ਸਨ। ਖਾਸ ਕਰ ਪਹਿਲੀ ਤੁਕ ਵਿਚ ਮੁੱਢਲੀ ਨੀਂਹ

*ਕਬੀਰ ਜੀ ਨੇ ਫੁਰਮਾਇਆ ਹੈ:

ਅਪੁ ਤੇਜੁ ਬਾਇ ਪ੍ਰਿਥਮੀ ਅਕਾਸਾ॥ ਐਸੀ ਰਹਤ ਰਹਉ ਹਰਿ ਪਾਸਾ॥ [ਗਉੜੀ ਕਬੀਰ ਜੀ-੧੮]

ਅਰਥਾਤ ਜਲ ਦੀ ਰਹਿਤ = ਮੈਲ ਹਰਨੀ, ਸ਼ਾਂਤੀ ਦੇਣੀ, ਆਪ ਸ਼ਾਂਤ ਰਹਿਣਾ। ਪੌਣ ਦੀ ਰਹਿਤ ਜੀਵਨ ਦਾਨ ਦੇਣਾ ਤੇ ਇਕ ਤੁੱਲ ਲੱਗਣਾ ਸਭ ਨੂੰ। ਅਗਨੀ = ਚਾਨਣ ਤੇ ਨਿੱਘ ਦੇਣੀ, ਜੋ ਮਿਲੇ ਖਾਕੇ ਖੁਸ਼ ਰਹਿਣਾ। ਧਰਤੀ ਦੀ ਰਹਿਤ = ਜੀਰਾਂਦ ਰੱਖਣੀ ਤੇ ਉਪਕਾਰ ਕਰਨਾ। ਅਕਾਸ਼ ਦੀ ਰਹਿਤ = ਸਾਰੇ ਕੁਛ ਨੂੰ ਆਪਣੇ ਵਿਚ ਲੈਕੇ ਫੇਰ ਅਸੰਗ ਰਹਿਣਾ। ਇਹ ਪੰਜਾਂ ਤਤਾਂ ਦੀ ਰਹਿਤ ਹੈ, ਇਸ ਦੇ ਧਾਰਨ ਕੀਤਿਆਂ ਦੇਣਾ ਨਿੱਬੜਦਾ ਹੈ, ਕੀਤੇ ਕਰਮਾਂ ਦੀ ਮੈਲ ਉੱਤਰਦੀ ਹੈ।

ਬੰਨ੍ਹਣ ਵਿਚ। ਪਾਪ ਤੇ ਪੁੰਨ ਤਾਂ ਯਾ ਫੁਰਨੇ ਹਨ ਯਾ ਕਰਨੀ ਕਰਤੱਤ੍ਰ; ਕਿਸੇ ਦੇਹ ਧਾਰੀ ਦੇ ਏਹ ਭਾਰ ਕੀਕੂੰ ਚੁੱਕ ਸਕਦੇ ਹਨ। 'ਦੇਹ' ਤੇ 'ਮਨ' ਤਾਂ ਬੈਲ ਹੋ ਸਕਦੇ ਹਨ, ਮਨ ਵਿਚ 'ਤ੍ਰਿਸ਼ਨਾ' ਦਾ ਵਾਸ ਹੋ ਸਕਦਾ ਹੈ, ਤਨ ਪਾਪ ਪੁੰਨ ਦਾ 'ਕਰਤਾ' ਯਾ ਮਨ ਦਾ ਨਿਵਾਸ ਸਥਾਨ' ਹੋ ਸਕਦਾ ਹੈ। ਤਾਂਤੇ 'ਪਾਪ ਪੁੰਨ' ਦਾ ਭਾਵ ਲੈਣਾ ਹੈ ਪਾਪ ਪੁੰਨ ਦੋਹਾਂ ਦੇ ਕਾਰਨ ਰਚੇ ਗਏ ਸਰੀਰ। ਜੋ ਰਚੇ ਜਾਂਦੇ ਹਨ ਕਰਮਾਂ ਕਰਕੇ। ਹਾਂ, ਮਿਸ਼੍ਰਤ ਕਰਮਾਂ ਕਰਕੇ ਹੀ ਸਰੀਰ ਰਚਿਆ ਜਾਂਦਾ ਹੈ; ਜੈਸੇ ਕਿ—'ਕਰਮੀ ਆਵੈ ਕਪੜਾ.........'। ਸੋ ਪਾਪ ਪੁੰਨ ਤੋਂ ਉਪਲਖਤ ਹੈ ਪਾਪ ਪੁੰਨ ਤੋਂ ਬਣੇ ਸਰੀਰ। ਸ਼ਰੀਰ ਦੋ ਹਨ ੧. ਸਥੂਲ ਸ਼ਰੀਰ, ੨. ਸੂਖਮ ਸ਼ਰੀਰ, ਜਿਸ ਨੂੰ ਲਿੰਗ ਸ਼ਰੀਰ ਬੀ ਆਖਦੇ ਹਨ। ਤੀਸਰਾ ਸੂਖਮ ਸ਼ਰੀਰ ਇਕ ਹੋਰ ਹੈ ਜਿਸ ਨੂੰ 'ਕਾਰਣ ਸ਼ਰੀਰ' ਆਖਦੇ ਹਨ। ਪਰ ਏਥੇ ਉਹ ਲਿੰਗ ਸ਼ਰੀਰ ਦੇ ਵਿਚ ਹੀ ਲਿਆ ਹੈ, ਸੋ ਪਾਪ ਪੁੰਨ ਰੂਪੀ ਕਰਮਾਂ ਤੋਂ ਉਤਪਤ ਹੋਏ 'ਦੋ ਸ਼ਰੀਰ' ਲੈਣੇ। ਏਹ ਦੁਇ ਸ਼ਰੀਰ 'ਬੈਲ' ਸਮਝਣੇ। ਕਰਮ ਦਾ ਦੁਖ ਸੁਖ ਸਥੂਲ ਸ਼ਰੀਰ ਭੋਗਦਾ ਹੈ ਤੇ ਕਰਮ ਦੀ ਪ੍ਰੇਰਕ ਸ਼ਕਤਿ 'ਤ੍ਰਿਸ਼ਨਾ' ਲਿੰਗ ਸ਼ਰੀਰ ਵਿਚ ਵੱਸਦੀ ਹੈ। ਵਾਸ਼ਨਾ ਤ੍ਰਿਸ਼ਨਾ ਦੇ ਭਾਰ ਉਹ ਚੁੱਕਦਾ ਹੈ।

ਇਹ ਪਹਿਲੀ ਤੁਕ ਦਾ ਮੁੱਢ ਬੰਨ੍ਹਕੇ ਟੁਰਿਆਂ ਅਗਲੇ ਸਾਰੇ ਸ਼ਬਦ ਦੇ ਅਰਥ ਸੁਹਣੇ ਖੁੱਲ੍ਹ ਪੈਂਦੇ ਹਨ। ਸੋ ਇਹੋ ਮੁੱਢ ਬੰਨ੍ਹ ਕੇ ਅਸਾਂ ਉਪਰ ਅਰਥ ਕੀਤੇ ਤੇ ਵਜਾਖਜਾ ਲਿਖੀ ਹੈ। ਖੋਜ ਕੀਤਿਆਂ ਪਤਾ ਚਲਦਾ ਹੈ ਕਿ ਸਭ ਤੋਂ ਸ਼ਿਰੋਮਣੀ ਤੇ ਪੁਰਾਣੇ ਗਜਾਨੀ, ਜਿਨ੍ਹਾਂ ਦੇ ਸਿੱਖੇ ਹੋਏ ਦਾਨੇ ਦੇਖੇ ਸੁਣੇ ਹਨ, ਭਾਈ ਚੰਦਾ ਸਿੰਘ ਜੀ ਇਹੋ ਮੁੱਢ ਬੰਨ੍ਹਿਆ ਕਰਦੇ ਸਨ। ਆਪ ਜੀ ਸੰਮਤ ੧੯੧੦- ੧੨ ਬਿ: ਦੇ ਆਨ ਮਾਨ, ਪਤਾ ਚਲਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ ਦਿਆ ਕਰਦੇ ਸਨ। ਆਪ ਦੇ ਏਹ ਖਿਆਲ ੧੯੪੫ ਬਿ: ਵਿਚ ਛਪ ਬੀ ਗਏ ਸਨ। ਆਪ ਜੀ ਦੇ ਜੇਠੇ ਸੁਸਿਖਜਤ ਚਾਟੜੇ ਗਜਾਨੀ ਤੇ ਪੰਡਿਤ ਹਜ਼ਾਰਾ ਸਿੰਘ ਜੀ ਬੀ ਇਹ ਅਪਣੇ ਵਿਦਜਾ ਦਾਤਾ* ਦੇ ਦੱਸੇ ਅਰਥ ਦੱਸਦੇ ਹੁੰਦੇ ਸਨ ਤੇ ਆਪ ਦੇ ਦੂਸਰੇ ਚੇਲੇ ਸੰਤ ਦਇਆ ਸਿੰਘ ਜੀ ਵਿਰਕਤ ਬੀ ਆਪ ਦੇ ਅਨੁਜਾਈ ਸਨ। ਫਰੀਦਕੋਟ ਦੇ ਪ੍ਰਸਿਧ ਗਜਾਨੀ ਭਾਈ ਬਦਨ ਸਿੰਘ ਜੀ ਬੀ ਇਹੋ ਅਰਥ ਕਰਦੇ ਸਨ; ਫਰੀਦਕੋਟ ਵਾਲੇ ਪ੍ਰਸਿਧ ਟੀਕੇ ਦੇ ਪਹਿਲੇ ਲੇਖਕ ਆਪ ਹੀ ਸਨ। ਜਦ ਪੰਥ ਦੇ ਪ੍ਰਸਿਧ ਗਜਾਨੀ ਤੇ ਵਿਦਵਾਨਾਂ ਨੇ ਫਰੀਦਕੋਟ ਮਹਾਰਾਜਾ ਬਿਕ੍ਰਮ ਸਿੰਘ ਜੀ ਦੇ ਸੱਦੇ ਤੇ ਇਕੱਤ੍ਰ ਹੋ ਕੇ ਅਰਥ ਵੀਚਾਰੇ, ਸੋਧੇ ਤੇ ਲਾਏ ਤਾਂ ਇਸ ਸ਼ਬਦ ਦੇ ਮੁੱਢਲੇ ਅੰਕ ਦੇ ਅਰਥ ਇਹੋ ਪ੍ਰਮਾਣੀਕ ਰਖੇ। ੧੯੩੯ ਬਿ: ਵਿਚ ਇਸੇ ਟੀਕੇ ਵਿਚ ਏਹ ਅਰਥ ਛਪ ਬੀ ਚੁਕੇ ਸਨ। ਉਹਨਾਂ ਹੀ ਸਮਿਆਂ ਵਿਚ ਸ੍ਰੀ ਪੰਡਿਤ ਤਾਰਾ ਸਿੰਘ ਜੀ ਨਰੋਤਮ, ਜੋ ਬੜੇ ਵਿਦਵਾਨ ਤੇ ਸੰਤ ਹੋਏ ਹਨ। ਆਪ ਬੀ ਇਹੋ ਮੁੱਢ ਬੰਨ੍ਹਦੇ ਹੁੰਦੇ ਸਨ। ਉਹਨਾਂ ਦਾ ਇਹੋ ਮੁੱਢ ਬੰਨ੍ਹਣਾ ਉਹਨਾਂ ਦੇ ਕੀਤੇ ਭਗਤ ਬਾਣੀ ਦੇ ਟੀਕੇ ਵਿਚ ਜੋ ੧੯੫੫ ਬਿ: ਛਪਿਆ ਸੀ, ਛਪ ਚੁਕਾ ਹੈ। ਸੰਤ ਸੁਤੇ ਪ੍ਰਕਾਸ਼ ਜੀ ਬੀ ਇਹੋ ਮੁੱਢ ਬੰਨ੍ਹਦੇ ਸਨ ਤੇ ੧੯੫੫ ਵਿਚ ਆਪ ਦੇ ਪ੍ਰਯਾਵਾਂ ਵਿਚ ਏਹ ਖਿਆਲ ਛਪ ਗਏ ਸਨ। ਏਹ ਖਿਆਲ ਦਾਨਿਆਂ ਦੇ ਐਵੇਂ ਮਿਥ ਲੈਣ ਵਾਂਙੂ ਨਹੀਂ ਸਨ। ਇਨ੍ਹਾਂ ਦੇ ਪਿੱਛੇ ਇਸੇ ਸ਼ਬਦ ਵਿਚੋਂ ਯੁਕਤੀਆਂ ਮਿਲਦੀਆਂ ਹਨ।

੧. ਪਹਿਲੀ ਤਾਂ ਇਹ ਹੈ ਜੋ ਉੱਪਰ ਦੱਸ ਆਏ ਹਾਂ ਕਿ ਪਾਪ ਤੇ ਪੁੰਨ ਬੈਲ ਕੀਕੂੰ ਬਣ ਸਕਦੇ ਹਨ ? ਓਹ ਤਾਂ ਫੁਰਨੇ ਯਾ ਕਰਮ ਮਾਤ੍ਰ ਹਨ।

੨. 'ਤ੍ਰਿਸ਼ਨਾ ਗੂਨਿ ਭਰੀ ਘਟ ਭੀਤਰਿ' ਲਿਖਿਆ ਹੈ। ਘਟ ਹੈ ਹਿਰਦਾ ਤੇ ਤ੍ਰਿਸ਼ਨਾ ਹਿਰਦੇ ਵਿਚ

---

*ਪਤਾ ਚਲਦਾ ਹੈ ਬਿ: ੧੯੧੩—੧੪ ਵਿਚ ਜੋ ਗਦਰ ਹੋਇਆ ਸੀ ਤਾਂ ਆਪ ਕਟਾਸ ਤੋਂ ਵਾਪਸ ਆਉਂਦੇ ਫੜੇ ਗਏ ਸਨ ਇਸ ਸੁਭੇ ਵਿਚ ਕਿ ਆਪ ਪੂਰਬੀਆਂ ਦੇ ਜਾਸੂਸ ਹਨ। ਨਾਲ ਭਾਈ ਹਜ਼ਾਰਾ ਸਿੰਘ ਜੀ ਗਜਾਨੀ ਆਪ ਦੇ ਸ਼ਿਸ਼ ਬੀ ਸਨ। ਤਦੋਂ ਇਕ ਥਾਣੇਦਾਰ ਨੇ ਜੋ ਆਪ ਤੋਂ ਕਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਸ਼੍ਰਵਣ ਕਰਦਾ ਰਿਹਾ ਸੀ ਅਪਣੀ ਜ਼ਿੰਮੇਵਾਰੀ ਤੇ ਆਪ ਨੂੰ ਛਡਾਇਆ ਤੇ ਅੰਮ੍ਰਿਤਸਰ ਸਲਾਮਤੀ ਨਾਲ ਪਹੁੰਚਾਇਆ ਸੀ। ਇਸ ਵਾਕਿਆ ਤੋਂ ਆਪ ਦਾ ਸਮਾਂ ਅਜ ਤੋਂ ਸੌ ਕੁ ਵਰਹਾ ਪਿੱਛੇ ਜਾ ਪੈਂਦਾ ਹੈ।

ਵੱਸਦੀ ਹੈ ਹਿਰਦਾ ਸ਼ਰੀਰ ਧਾਰੀ ਵਿਚ ਹੁੰਦਾ ਹੈ। ਸੋ ਪੱਕੀ ਸੈਨਤ ਸ਼ਰੀਰ ਵੱਨੇ ਹੈ। ਇਸ ਲਈ ਪਾਪ ਪੁੰਨ ਤੋਂ ਉਪਲਖਤ ਪਾਪ ਪੁੰਨ ਕਰਕੇ ਬਣਿਆਂ ਸ਼ਰੀਰ ਹੈ ਤੇ ਸ਼ਰੀਰਾਂ ਦੇ ਦੋ ਹੋਣ ਕਰਕੇ ਉਹਨਾਂ ਨੂੰ 'ਦੋ ਬੈਲ' ਕਿਹਾ ਹੈ।

੩. 'ਪਵਨੁ ਪੂਜੀ' ਸੁਆਸਾਂ ਦੀ ਰਾਸ। ਸੁਆਸ ਸਰੀਰ ਵਿਚ ਹੁੰਦੇ ਹਨ, ਇਹ ਬੀ ਸੈਨਤ ਸ਼ਰੀਰ ਵੱਲ ਹੈ।

੪. ਕਾਮ ਕਰੋਧ ਤੇ ਮਨ ਤ੍ਰੰਗਾਂ ਨੂੰ ਜਗਾਤੀ ਤੇ ਬਟਵਾਰਾ ਕਿਹਾ ਹੈ। ਸਪਸ਼ਟ ਹੈ ਕਿ ਇਹ ਆਸੁਰੀ ਸੰਪਤਾ ਦੇ ਸਾਮਾਨ ਗਿਣੇ ਹਨ। ਤਦ ਧੁਨੀ ਇਸ ਪਾਸੇ ਵੱਲ ਜਾਂਦੀ ਹੈ ਕਿ ਰਾਸ ਜੋ ਖਰੀਦਣੀ ਸੀ ਸੋ ਦੇਵੀ ਸੰਪਤਾ ਦੀ ਸੀ।

੫. ਦਾਨ ਨਿਬੇਰਨਾ। ਦਾਨ = ਲੀਤਾ ਦਾਨ, ਯਾ 'ਡੰਡ', 'ਦੇਣਾ' ਕਿ 'ਕਰਜ਼ਾ'; ਕੋਈ ਅਰਥ ਲਾਓ, ਭਾਵ ਹੈ ਮਾੜੇ ਕਰਮਾਂ ਦਾ ਸੁਭਾਵ ਯਾ ਫਲ ਦਾ ਲੇਖਾ ਪੂਰਾ ਕਰ ਦੇਣਾ। ਇਹ ਬੀ ਪ੍ਰਯੋਜਨ ਦੈਵੀ ਸੰਪਤਾ ਦੀ ਪ੍ਰਾਪਤੀ ਦਾ ਹੋਵੇ।

੬. 'ਉਤਰਿਓ ਪਾਰ'- ਆਪਣੇ ਵਰਤੇ ਗਏ ਪੁਰਾਤਨ ਮੁਹਾਵਰੇ ਮੂਜਬ ਜੀਵ ਦੇ ਦੈਵੀ ਗੁਣਾਂ ਨਾਲ ਭੂਸ਼ਤਿ ਹੋ ਕੇ ਭਵ ਸਾਗਰ ਤੋਂ ਪਾਰ ਉਤਰਨੇ ਦੇ ਅਰਥ ਰਖਦਾ ਹੈ। ਇਹ ਆਸੁਰੀ ਸੰਪਤਾ ਦੇ ਪਾਰ ਉਤਰਨੇ ਲਈ ਨਹੀਂ ਵਰਤਿਆ ਜਾਂਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੋਲੀ ਵਿਚ ਬੀ ਪਾਰ ਉਤਰਨਾ ਕਲਜਾਣ ਦੇ ਅਰਥਾਂ ਵਿਚ ਹੀ ਆਇਆ ਹੈ।

੭. 'ਚਲੋ ਗੋਨਿ ਛਿਟਕਾਈ'- ਗੋਨਿ ਇਸੇ ਸ਼ਬਦ ਵਿਚ 'ਤ੍ਰਿਸ਼ਨਾ ਗੂਣਿ' ਆ ਚੁਕਾ ਹੈ। ਇਸ ਲਈ ਜੋ ਬੈਲ ਗੋਣ ਸੱਟ ਕੇ ਚੱਲਿਆ ਹੈ ਉਹ ਤ੍ਰਿਸ਼ਨਾ ਦੀ ਗੂਣਿ ਨੂੰ ਛੱਡ ਕੇ ਟੁਰਿਆ ਹੈ। ਤ੍ਰਿਸ਼ਨਾ ਦੀ ਗੂਣ, ਅੰਦਰ ਵੱਸਦਾ ਮਨ ਯਾ ਲਿੰਗ ਸ਼ਰੀਰ ਚੁੱਕਦਾ ਹੈ; ਇਹ ਬੀ ਇਸ਼ਾਰਾ ਦੂਸਰੇ ਸ਼ਰੀਰ, ਲਿੰਗ ਸ਼ਰੀਰ, ਵੱਲ ਹੈ; ਫਿਰ ਤ੍ਰਿਸ਼ਨਾ ਦੀ ਗੋਣ ਸਿੱਟੀ ਜਾਣਾ ਲਖਾਇਕ ਇਸ ਗੱਲ ਦਾ ਹੈ ਕਿ ਇਹ ਆਸੁਰੀ ਸੰਪਤਾ ਛੱਡ ਕੇ ਦੈਵੀ ਸੰਪਤਾ ਦੀ ਪ੍ਰਾਪਤੀ ਦੀ ਕੋਈ ਉੱਚ ਅਵਸਥਾ ਵਰਨਣ ਹੋ ਰਹੀ ਹੈ, ਜਿਥੇ ਤ੍ਰਿਸ਼ਨਾ ਹੀ ਨਹੀਂ ਰਹੀ।

ਇਸ ਕਰਕੇ 'ਪੰਚ ਤਤੁ' ਤੋਂ ਲੈ ਕੇ 'ਗੋਨਿ ਛਿਟਕਾਈ' ਤਕ ਵਿਚ ਮਾੜੇ ਵਪਾਰ ਦਾ, ਜਿਸ ਵਿਚ ਜੀਵ ਭੁੱਲ ਨਾਲ ਲਗ ਰਹੇ ਹਨ, ਦਾਰੂ ਦੱਸਿਆ ਹੈ ਤੇ ਉੱਚ ਜੀਵਨ ਦਾ ਉਪਦੇਸ਼ ਕੀਤਾ ਹੈ।

ਪਰ ਜੇ ਏਹ ਵੀਚਰਾਂ ਛੋੜਕੇ ਪੂਰਬ ਅਪਰ ਮੇਲਣ ਤੋਂ ਅਤੇ ਕਬੀਰ ਸੀ ਦੇ ਅੱਖਰਾਂ ਦੇ ਵਰਤਾਉ ਤੋਂ ਸੁਤੰਤ੍ਰ ਹੋ ਕੇ ਅੱਖਰੀ ਅਰਥ ਹੀ ਲਾਈਏ ਤਾਂ ਐਉਂ ਕੁਛ ਲੱਗ ਸਕਣਗੇ:—

(ਰਹਾਉ ਦਾ ਅਰਥ ਪਹਿਲੋਂ ਲੱਗੇਗਾ) ਸਾਡਾ ਰਾਮ ਐਸਾ ਨਾਇਕ (ਵਣਜਾਰਿਆਂ ਦਾ ਸ਼ਾਹ) ਹੈ (ਕਿ ਉਸ ਨੇ) ਸਾਰਾ ਸੰਸਾਰ (ਅਪਣਾ) ਵਣਜਾਰਾ (ਛੋਟਾ ਵਪਾਰੀ) ਬਣਾ ਛਡਿਆ ਹੈ। (ਜੀਵ) ਸੁਆਸਾ ਦੀ ਪੂੰਜੀ ਲੈ ਕੇ (ਜਗਤ ਵਿਚ) ਪ੍ਰਗਾਸਿਆ (=ਜੰਮਿਆ)। ਹਿਰਦੇ ਵਿਚ (ਇਸ ਨੇ) ਤ੍ਰਿਸ਼ਨਾ ਦੀ ਗੂਣ ਭਰ ਲਈ (ਤੋਂ) ਇਸੀ ਪ੍ਰਕਾਰ ਦਾ (ਭਾਵ ਤ੍ਰਿਸ਼ਨਾ ਮਈ ਹੋਰ) ਮਾਲ (ਬੀ) ਖ੍ਰੀਦਿਆ (ਇਸ ਨੇ) ਪਾਪ ਤੇ ਪੁੰਨ ਦੋ ਬੈਲ ਬੀ ਖਰੀਦ ਕਰ ਲਏ ਹਨ॥੧॥

(ਘਟ ਵਿਚ ਬੈਠੀ ਤ੍ਰਿਸ਼ਨਾ ਦੀ ਪ੍ਰੇਰਨਾ ਨਾਲ ਜੋ ਮਾਇਆ ਕੱਠੀ ਕੀਤੀ ਉਸ ਨੇ ਭੋਗਾਂ ਵਲ ਪ੍ਰੇਰਿਆ ਸੋ ਜੀਵ ਲਈ) ਦੋਵੇਂ ਕਾਮ ਕ੍ਰੋਧ (ਤੇ ਤਿੰਨੇ ਲੋਭ ਮੋਹ ਹੰਕਾਰ, ਪੰਜੇ ਮਾਨੋ) ਮਸੂਲੀਏ ਬਣ ਗਏ। (ਭਾਵ ਸੁਆਸਾਂ ਦੀ ਪੂੰਜੀ ਭੋਗਾਂ ਵਿਕਾਰਾਂ ਵਿਚ ਖਰਚ ਹੋਣ ਲੱਗ ਪਈ ਅਤੇ) ਮਨੋ ਰਾਜ ਬਟਵਾਰੇ ਬਣ ਗਏ (ਸੁਆਸਾਂ ਦੀ ਪੂੰਜੀ ਦੇ ਵੰਡਾਉਣ ਵਾਲੇ, ਭਾਵ ਭਾਈਵਾਲ ਯਾ ਲੁੱਟਣ ਵਾਲੇ ਧਾੜਵੀ ਯਾ ਕੱਰ ਲੈਣ ਵਾਲੇ ਬਣ ਗਏ, ਇਉਂ ਕਰਦਿਆਂ ਸਾਰੀ ਸੁਆਸਾਂ ਰੂਪੀ ਮਿਲੀ) ਦਾਤ ਦਾਸ ਪੰਜ ਤਤ ਨਿਬੇੜਾ (ਹੀ) ਕਰ ਦੇਂਦੇ ਹਨ (ਕਿ ਪੰਜ ਤਤ ਪਰਿਣਾਮੀ ਹੋਣ ਕਰਕੇ ਅਪਣਾ ਸੰਮਿਲਤ ਕੰਮ ਸਰੀਰ ਟੋਰਨ ਦਾ-ਛੋੜ ਦੇਂਦੇ ਹਨ,

ਭਾਵ ਸਰੀਰ ਮਰ ਜਾਂਦਾ ਹੈ; ਐਉਂ ਰਾਸ ਪੂੰਜੀ ਸਾਰੀ ਮੁੱਕ ਜਾਂਦੀ ਹੈ। ਹੁਣ ਰਾਸ ਤਾਂ ਮੁੱਕ ਗਈ ਪਰ ਰਾਸ ਨਾਲ ਖਰੀਦਿਆ) ਟਾਂਡਾ (= ਖ਼ੇਪ = ਮਾਲ ਤੇ ਬਲਦ) ਪਾਰ ਉੱਤਰ ਜਾਂਦੇ ਹਨ, (ਭਾਵ ਜੀਵ ਦੇ ਸੰਸਕਾਰ ਬਣ ਕੇ ਮੌਤੋਂ ਬੀ ਪਾਰ ਨਾਲ ਜਾਂਦੇ ਹਨ)॥੨॥

ਕਹਿੰਦੇ ਹਨ ਕਬੀਰ ਜੀ, ਹੇ ਸੰਤੋ ਸੁਣੋ ! (ਇਹ ਬੁਰੀ ਹਾਲਤ ਆਮ ਵਣਜਾਰਿਆਂ ਦੀ ਦੇਖ ਕੇ) ਹੁਣ (ਮੁਨਾਸਬ ਤੇ) ਢੁੱਕਵੀਂ ਗੱਲ (ਸਾਨੂੰ) ਇਹ ਕਰਨੀ ਬਣ ਆਈ (ਕਿ ਅਸਾਂ ਰਾਮ ਨਾਮ ਨੂੰ ਪਕੜ ਲਿਆ, ਸੋ ਇਸ ਰਾਮ ਨਾਮ ਰੂਪੀ) ਘਾਟੀ ਤੇ ਚੜ੍ਹਦਿਆਂ ਇਕ ਬੈਲ (ਪਾਪ ਰੂਪੀ ਤਾਂ) ਥੱਕ ਗਿਆ (ਭਾਵ ਰਹਿ ਚੁਕਾ ਤੇ ਇਕ ਬੈਲ ਪੁੰਨ ਰੂਪ ਤ੍ਰਿਸ਼ਨਾ ਦੀ) ਗੂਣ ਨੂੰ (ਹੀ) ਸੱਟ ਕੇ (ਰਾਮ ਦੀ ਘਾਟੀ ਨੂੰ) ਚਲਾ ਗਿਆ*। (ਕਿਉਂਕਿ ਰਾਮ ਨਾਮ ਨਾਲ ਪਹਿਲੋਂ ਪਾਪ ਦੂਰ ਹੁੰਦੇ ਹਨ ਫੇਰ ਕਰਮਾਂ ਤੇ ਟੇਕ ਰੱਖ ਕੇ ਜੋ ਤ੍ਰਿਸ਼ਨਾ ਕਰਮ ਕਰਨ ਵਿਚ ਲਗੀ ਹੁੰਦੀ ਹੈ ਉਹ ਬੀ ਮੁੱਕ ਜਾਂਦੀ ਹੈ, ਕਿਉਂਕਿ ਸਮਝ ਪੈ ਜਾਂਦੀ ਹੈ ਕਿ ਮੁਕਤੀ ਨਾਮ ਨੇ ਕਰਨੀ ਹੈ, ਕਰਮਾਂ ਨੇ ਨਹੀਂ ਕਰਨੀ, ਇਨ੍ਹਾਂ ਨੇ ਤਾਂ ਅਹੰਮੇਵ ਵਧਾਉਣਾ ਹੈ)॥੩॥

ਨਿਰੁਕ੍ਤ—**ਬਿਸਾਹੇ**—[ਸੰਸ: ਵ੍ਯਵਸਾਯ: = ਬਿਉਪਾਰ। ਹਿੰਦੀ, ਬਿਸਾਹਨਾ] ਖਰੀਦੇ, ਮੁੱਲ ਲੀਤੇ। ਪਾਪ ਪੁੰਨ ਆਦਿ ਮਿਸ਼੍ਰਤ ਕਰਮਾ ਕਰਕੇ ਸ਼ਰੀਰ ਬਣਦਾ ਹੈ। ਬਿਸਾਹੇ ਦਾ ਅਰਥ ਹੈ, ਖਰੀਦੇ। ਪਰ ਏਥੇ ਭਾਵ ਹੈ ਪਾਪ ਪੁੰਨ ਕਰਕੇ ਸ਼ਰੀਰ ਰਚੇ ਜਾਂਦੇ ਹਨ।

ਪਵਨੁ—[ਸੰਸ:, ਪਵਨ: = ਹਵਾ] ਪੌਣ, ਹਵਾ। ਮੁਰਾਦ ਹੈ ਸੁਆਸਾਂ ਤੋਂ ਜੈਸੇ ਕਬੀਰ ਜੀ ਨੇ ਹੀ ਕਿਹਾ ਹੈ:— 'ਸੰਤਹੁ ਮਨ ਪਵਨੈ ਸੁਖੁ ਬਨਿਆ॥' [ਸੋਰਠਿ ਕਬੀਰ ਜੀ-੧੦]

ਪੂੰਜੀ—[ਸੰ:, ਪੁਂਜਿ: = ਢੇਰ, ਸਮੂਹ। ਹਿੰਦੀ, ਪੂੰਜੀ] ਮੂੜੀ, ਰਾਸ। ਉਹ ਧਨ ਜਿਸ ਨਾਲ ਕੋਈ ਮਾਲ ਖਰੀਦਿਆ ਜਾਏ ਯਾ ਵਪਾਰ ਕੀਤਾ ਜਾਏ।

ਪਰਗਾਸਿਓ—[ਸੰਸ:, ਪ੍ਰਕਾਸ਼। ਹਿੰਦੀ, ਪ੍ਰਕਾਸ਼ਨਾ] ਪ੍ਰਕਾਸ਼ ਪਾ ਗਿਆ, ਪ੍ਰਗਟਿਆ (ਭਾਵ ਜੀਵ) ਜੰਮਿਆ। (ਅ) 'ਪਵਨੁ ਪੂਜੀ ਪਰਗਾਸਿਓ' ਦਾ ਅਰਥ ਪਵਨ ਪੂੰਜੀ ਨੂੰ ਕਰਤਾ ਕਾਰਕ ਮਿਥਕੇ ਐਉਂ ਬੀ ਕਰਦੇ ਹਨ ਕਿ—ਸੁਆਸਾਂ ਦੀ ਪੂੰਜੀ ਪ੍ਰਕਾਸ਼ ਰਹੀ ਹੈ। ਪਰ ਪਹਿਲਾ ਅਰਥ ਪ੍ਰਸੰਗਕ ਵਧੀਕ ਹੈ।

ਗੂਣਿ } **ਗੋਨਿ** } [ਸੰ:, ਗੋਣੀ = ਬੋਰੀ। ਹਿੰਦੀ, ਗੋਨਿ, ਗੋਣ। ਪੰਜਾਬੀ, ਗੂਣ] ਤ੍ਰੱਪੜ ਦੀ ਬਣੀ ਹੋਈ ਦੁਪਾਸੜ ਬੋਰੀ। ਛੱਟ। ਜੋ ਬੈਲ, ਖੋਤੇ, ਖੱਚਰ ਆਦਿ ਤੇ ਲੱਦਦੇ ਹਨ।

ਟਾਂਡ } **ਟਾਂਡਾ** } —[ਹਿੰਦੀ, ਟਾਂਡਾ] ਖੇਪ। ਅੰਨ ਆਦਿ ਮਾਲ ਜੋ ਵਣਜਾਰੇ ਖਰੀਦ ਕੇ ਬੈਲ ਆਦਿਕਾਂ ਤੇ ਲੱਦਕੇ ਚਲਦੇ ਹਨ, ਇਕ ਥਾਂ ਤੋਂ ਦੂਜੀ ਥਾਂ ਪੁਚਾਉਂਦੇ ਤੇ ਉਥੇ ਜਾ ਕੇ ਵੇਚਦੇ ਤੇ ਨਫੇ ਖੱਟਦੇ ਹਨ।

(੨) ਅੰਨ ਆਦਿ ਮਾਲ ਨਾਲ ਲੱਦੇ ਬੈਲ ਆਦਿ ਪਸ਼ੂਆਂ ਦਾ ਝੁੰਡ, ਜੋ ਇਕ ਥਾਂ ਤੋਂ ਦੂਸਰੀ ਥਾਂ ਜਾਂਦੇ ਹਨ।

(੩) ਕਦੇ ਕਦੇ ਵਪਾਰੀਆਂ ਦੇ ਚਲ ਰਹੇ ਸਮੂਹ ਨੂੰ ਬੀ ਕਹਿ ਲੈਂਦੇ ਹਨ।

ਦੂਸਰੀ ਸਤਰ ਵਿਚ 'ਟਾਂਡ' ਦਾ ਮਤਲਬ 'ਖੇਪ' ਹੈ, ਅਰਥਾਤ ਖਰੀਦਿਆ ਮਾਲ। ਛੇਵੀਂ ਸਤਰ ਵਿਚ 'ਟਾਂਡਾ' ਦਾ ਅਰਥ ਹੈ:—ਲੱਦਿਆ ਮਾਲ, ਲੱਦੇ ਗਏ ਜਾਨਵਰਾਂ ਤੇ ਲੱਦਣ ਵਾਲੇ ਵਣਜਾਰੇ ਸਮੇਤ ਸਾਰਾ ਕੁਛ !

---

*ਅਥਵਾ ਪਾਪ ਰੂਪੀ ਬੈਲ ਰਾਮ ਦੀ ਘਾਟੀ ਚੜ੍ਹਦਾ ਥੱਕ ਗਿਆ ਹੁਣ ਨਹੀਂ ਟੁਰਦਾ। ਭਾਵ ਪਾਪ ਕਰਮ ਨਹੀਂ ਹੁੰਦੇ, ਹੁਣ ਤੁਸਾਂ ਨੂੰ ਤ੍ਰਿਸ਼ਨਾਂ ਨੂੰ ਬੀ ਤਿਆਗਕੇ ਉਪਰ ਨੂੰ ਟੁਰ ਪੈਣਾ ਚਾਹੀਏ।

ਨਾਇਕੁ—[ਸੰਸ:, ਨਾਯਕ:] ਆਗੂ। ਨੇਤਾ। ਆਪਣੇ ਮਗਰ ਟੋਰਨ ਵਾਲਾ ਵਡਕਾ। (੨) ਸੁਆਮੀ ਮਾਲਕ। (੩) ਵਣਜਾਰਿਆਂ ਦਾ ਸ਼ਾਹ ਵਣਜਾਰਾ। ਜੋ ਛੋਟੇ ਛੋਟੇ ਵਣਜਾਰਿਆਂ ਨੂੰ ਉਧਾਰ ਦੇਂਦਾ ਤੇ ਵਪਾਰ ਕਰਾਉਂਦਾ ਹੈ। ਆਪ ਬੀ ਵਪਾਰ ਕਰਦਾ ਹੈ, ਪਰ ਵਣਜਾਰੇ ਉਸ ਤੋਂ ਮਾਲ ਲੈ ਕੇ ਦਿਸੌਰਾਂ ਵਿਚ ਜਾ ਵੇਚਦੇ ਹਨ ਯਾ ਦਿਸੌਰਾਂ ਤੋਂ ਖ਼ਰੀਦ ਕੇ ਉਸ ਪਾਸ ਲੈ ਆਉਂਦੇ ਹਨ। ਉਹ ਉਧਾਰ ਬੀ ਦੇਂਦਾ ਹੈ, ਵਪਾਰ ਦੀ ਅਗੁਵਾਨੀ ਬੀ ਕਰਦਾ ਹੈ। ਸ਼ਾਹ ਵਪਾਰੀ। (੪) ਉਂਞ ਇਸ ਪਦ ਦੇ 'ਸ੍ਰੇਸ਼ਟ ਪੁਰਖ', 'ਇਕ ਰਾਗ', 'ਇਕ ਛੰਦ' ਆਦਿ ਅਰਥ ਬੀ ਹਨ।

ਬਨਜਾਰਾ—[ਸੰਸ:, ਵਾਣਿਜ = ਬਿਉਪਾਰੀ] ਵਣਜ ਵਪਾਰ ਕਰਨ ਵਾਲਾ। ਪਰ ਅਕਸਰ ਛੋਟੇ ਵਪਾਰੀ ਨੂੰ ਕਹਿੰਦੇ ਹਨ। ਵਿਸ਼ੇਸ਼ ਕਰਕੇ ਓਹ ਜੋ ਫਿਰ ਟੁਰਕੇ ਵਣਜ ਵਪਾਰ ਕਰੇ ਤੇ ਟਿਕ ਕੇ ਨਾ ਬਹੇ। ਇਸੇ ਕਰਕੇ ਵਣਜਾਰੇ ਦਾ ਕਈ ਵੇਰ ਭਾਵ ਪਰਦੇਸੀ, ਨਾ ਟਿਕਣ ਵਾਲਾ ਬੀ ਹੁੰਦਾ ਹੈ।

ਜਗਾਤੀ—[ਅ: ਜ਼ਕ੍ਰਾਤ] ਚਾਲੀਸਵਾਂ ਹਿੱਸਾ ਆਮਦਨ ਦਾ ਜੋ ਖ਼ੈਰਾਯਤ ਵਿਚ ਦਿੱਤਾ ਜਾਂਦਾ ਹੈ। ਧਰਮ ਅਰਥ ਦਿੱਤਾ ਰੁਪੱਯਾ। ਹਿੰਦੀ, ਜਗਾਤ। ਪੰਜਾਬੀ, ਜਗਾਤ ਮਸੂਲ ਨੂੰ ਆਖਦੇ ਹਨ। ਮਹਸੂਲ ਲੈਣ ਵਾਲਾ। ਮਸੂਲੀਆ।

ਮਨ ਤਰੰਗ—ਮਨ ਦੇ ਤ੍ਰੰਗ, ਮਨ ਦੀਆਂ ਲਹਿਰਾਂ। ਮਨ ਵਿਚ ਜੋ ਵਿਚਲੇ ਖਜਾਲ ਯਾ ਸੰਕਲਪ ਵਿਕਲਪ ਉਠਦੇ ਰਹਿੰਦੇ ਹਨ।

ਬਟਵਾਰਾ—[ਹਿੰਦੀ] ਬਟਾਈ ਕਰਾਉਣ ਵਾਲਾ। ਵੰਡਾਈ ਕਰਾ ਲੈਣ ਵਾਲਾ। ਭਾਈਵਾਲ। (੨) ਅਥਵਾ 'ਕਰ ਲੈਣ ਵਾਲਾ, ਜੋ ਪੁਰਾਣੇ ਸਮੇਂ ਫਸਲ ਦਾ ਹਿੱਸਾ ਵੰਡਾ ਕੇ ਸਰਕਾਰੀ 'ਕਰ' ਮਾਮਲਾ ਲੈਂਦਾ ਹੁੰਦਾ ਸੀ। (੩) [ਸੰਸ:, ਵਾਟ: = ਰਸਤਾ, ਮਾਰਗ। ਹਿੰਦੀ, ਬਾਟ ਮਾਰ = ਧਾੜਵੀ, ਰਸਤੇ ਜਾਂਦਿਆਂ ਲੁੱਟ ਲੈਣ ਵਾਲਾ]।

ਪੰਚ ਤਤੁ— ਤਤ ਨੂੰ ਜਾਣਨ ਵਾਲੇ (ਪੰਚ =) ਸ੍ਰੇਸ਼ਟ ਪੁਰਖ। ਮਹਾਤਮਾ। ਇਸ ਦਾ ਅਰਥ 'ਪੰਜ ਤਤ' ਢੁਕਦਾ ਨਹੀਂ ਕਿਉਂਕਿ 'ਤਤੁ' ਪਦ ਨੂੰ ਔਂਕੁੜ ਹੋਣ ਕਰਕੇ ਉਹ ਇਕ ਵਚਨ ਹੈ ਤੇ 'ਪੰਚ' ਪਦ ਦਾ 'ਚ' ਮੁਕਤਾ ਹੋਣ ਕਰਕੇ ਬਹੂ ਬਚਨ ਹੈ। 'ਤਤ ਨੂੰ (ਜਾਣਨ ਵਾਲੇ) ਪੰਚ' ਇਹ ਅਰਥ ਵਧੀਕ ਵਜਾਕਰਣਿਕ ਹੈ। 'ਤਤੁ' ਤੋਂ ਮੁਰਾਦ 'ਤਤ ਦੇ ਜਾਣਨ ਵਾਲੇ' ਲੈਣੀ ਇਸ ਕਰਕੇ ਬੀ ਵਧੀਕ ਢੁਕਦੀ ਹੈ। (ਅ) ਪੰਜ ਤਤ- [ਸੰਸ:, ਪੰਚਭੂਤ = ਪੰਜ ਤੱਤ] ਅਕਾਸ਼, ਵਾਯੂ, ਜਲ, ਅਗਨੀ, ਪ੍ਰਿਥਵੀ। (ੲ) ਪੰਜਾਂ ਤਤਾਂ ਦੀ ਰਹਿਤ। ਜਿਸ ਦਾ ਵੇਰਵਾ ਪਿਛੇ ਇਸੇ ਸ਼ਬਦ ਦੀ ਵਜਾਖਜਾ ਵਿਚ ਆ ਚੁਕਾ ਹੈ। (ਸ) ਪੰਜ ਗੁਣ—ਪਿਛੇ ਵਜਾਖਜਾ ਵਿਚ ਗੇਣਤੀ ਆ ਚੁਕੀ ਹੈ।

ਦਾਨ—(ਦੇਖੋ ਪੰਨਾ ੧੦੫ 'ਦਾਨੁ') ਦਿੱਤੀ ਹੋਈ ਸ਼ੈ। ਬਿਨਾ ਕੀਮਤ ਲੀਤੇ ਖ਼ੁਸ਼ੀ ਨਾਲ ਦਿੱਤਾ ਧਨ ਯਾ ਸ਼ੈ। ਇਸ਼ਾਰਾ 'ਪਵਨ ਪੂੰਜੀ' ਵਲ ਹੈ ਜੋ ਦਾਨ ਵਿਚ ਮਿਲੀ ਸੀ। (ਅ) ਦਾਨ ਦਾ ਅਰਥ ਏਥੇ ਦੇਣਾ ਬੀ ਲਾਉਂਦੇ ਹਨ। (ੲ) ਦਾਨ ਦਾ ਅਰਥ ਡੰਨ ਯਾ ਜੁਰਮਾਨਾ ਬੀ ਲਾਉਂਦੇ ਹਨ।

ਨਿਬੇਰਹਿ ਮੁਕਾਉਂਦੇ ਹਨ। ਉਤਰਿਓ ਪਾਰਾ-ਪਾਰ ਉਤਰਿਆ। ਗੁਰਬਾਣੀ ਤੇ ਕਬੀਰ ਜੀ ਦੇ ਮੁਹਾਵਰੇ ਮੂਜਬ ਖੇਪ ਲੈ ਕੇ ਵਣਜਾਰੇ ਦਾ ਪਾਰ ਉਤਰਨਾ 'ਕਲਜਾਣ' ਸੂਚਕ ਅਰਥਾਂ ਵਿਚ ਠੀਕ ਬੈਠਦਾ ਹੈ। (ਅ) ਨਿਰਾ ਪਾਰ ਜਾਣਾ ਅਰਥ ਲਾਕੇ 'ਆਸੁਰੀ ਸੰਪਦਾ ਦਾ ਟਾਂਡਾ ਲੈਕੇ ਪਰਲੋਕ ਚਲੇ ਜਾਣਾ' ਲਾ ਲੈਂਦੇ ਹਨ, ਪਰ ਇਹ ਅਰਥ ਮੁਹਾਵਰੇ ਨਾਲ ਢੁੱਕਦਾ ਨਹੀਂ।

ਘਾਟੀ—[ਹਿੰਦੀ] ਪਹਾੜ ਦੀ ਨਿਵਾਣ ਤੋਂ ਉਪਰ ਨੂੰ ਚੜ੍ਹਾਈ। ਘਾਟੀ ਦਾ ਪਤਾ ਕਬੀਰ ਜੀ ਨੇ ਹੋਰਥੇ ਬੀ ਦਿੱਤਾ ਹੈ :—

ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ। [ਸਲੋਕ ਕਬੀਰ ਜੀ—੧੯੫]

ਛਿਟਕਾਈ— ਛੁਡਾਕੇ, ਪਰੇ ਸੱਟਕੇ। ਤ੍ਰਿਸ਼ਨਾ ਦੀ ਛੱਟ ਪਰੇ ਸੱਟਕੇ, ਭਾਵ ਵੈਤ੍ਰਿਸ਼ਨ ਹੋ ਕੇ ਨਿਰਵਾਣ ਹੋ ਗਿਆ।

[ਗਉੜੀ ਕਰੀਬ ਜੀ, ਪੰਚਪਦਾ-੫੦]

ਪ੍ਰਾਕ੍ਕਥਨ—ਸੰਸਾਰ ਦਾ ਜੀਵਨ ਥੋੜੇ ਦਿਨ ਹੈ। ਏਹ ਦਿਨ ਬਿਰਥਾ ਜਾ ਰਹੇ ਹਨ। ਹਰੀ ਦੇ ਚਰਨੀ ਲੱਗਕੇ ਦਿਨ ਸਫਲੇ ਕਰੋ।

ਮੂਲ

ਗਉੜੀ ਪੰਚਪਦਾ ॥
ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ ॥ ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ ॥ ੧ ॥
ਕਹੁ ਡਡੀਆ ਬਾਧੈ ਧਨ ਖੜੀ ॥ ਪਾਹੂ ਘਰਿ ਆਏ ਮੁਕਲਾਊ ਆਏ ॥ ੧ ॥ ਰਹਾਉ ॥
ਓਹ ਜਿ ਦਿਸੈ ਖੂਹੜੀ ਕਉਨ ਲਾਜੁ ਵਹਾਰੀ ॥ ਲਾਜੁ ਘੜੀ ਸਿਉ ਤੂਟਿ ਪੜੀ ਉਠਿ ਚਲੀ ਪਨਿਹਾਰੀ ॥ ੨ ॥

ਅਰਥ

[ਅਰਥ ਰਹਾਉ ਤੋਂ ਤੁਰੇਗਾ, ਫੇਰ ਦੂਜੇ ਪਦੇ ਪਿਛੋਂ ਪਹਿਲੇ ਪਦੇ ਦਾ ਅਰਥ ਲਗੇਗਾ] ਦੱਸੋ (ਜੀ ! ਸਾਹਮਣੇ) ਸਾੜ੍ਹੀ ਬੰਨ੍ਹੀ ਹੋਈ ਬੀਬੀ (ਕਿਉਂ) ਖੜ੍ਹੋਤੀ ਹੈ ? [ਕਿਸੇ ਮੋਏ ਪ੍ਰਾਣੀ ਨੂੰ ਮੁਕਲਾਵੇ ਦੀ ਸਾੜ੍ਹੀ ਵਿਚ ਵਰਣਨ ਕਰਦੇ ਹਨ ਜੋ ਪ੍ਰਲੋਕ ਨੂੰ ਜਾ ਰਿਹਾ ਹੈ। ਉੱਤਰ:] (ਇਕ ਤਾਂ) ਮੁਕਲਾਵਾ ਲੈਣ ਵਾਲੇ (ਭਾਵ ਜਮਦੂਤ ਪਰਲੋਕ ਲੈ ਜਾਣ ਵਾਸਤੇ) ਆਏ ਹਨ, (ਦੂਜੇ ਮੁਕਲਾਵੇ ਵਿਚ ਟੋਰਨ ਵਾਲੇ) ਮਾਨੁਖ* (ਪੇਕੇ ਘਰ ਦੇ ਸਾਕ ਸਨਬੰਧੀ ਟੋਰਨ ਲਈ) ਘਰ ਵਿਚ ਆਏ ਹੋਏ ਹਨ, (ਭਾਵ ਨੜੋਆ ਬਣਕੇ ਟੋਰਨ ਵਾਲੇ ਤਾਂ ਪ੍ਰਾਹੁਣੇ ਹਨ ਤੇ ਜਮ ਮਾਨੋ ਮੁਕਲਾਵਾ ਲੈਕੇ ਨਾਲ ਲੈ ਜਾਣ ਵਾਲੇ ਹਨ)॥੧॥

ਔਹ ਜੋ (ਸਾਮ੍ਹਣੇ ਸੰਸਾਰ ਰੂਪੀ) ਖੂਹੀ ਦਿੱਸਦੀ ਪਈ ਹੈ (ਜਿਸ ਵਿਚੋਂ ਲੋਕੀ ਵਿਸ਼ੇ ਰੂਪੀ ਜਲ ਭਰ ਰਹੇ ਹਨ ਉਸ ਵਿਚੋਂ ਜਲ ਭਰਨ ਲਈ) ਕਉਣ ਲੱਜ ਵਹਾ ਰਹੀ ਸੀ ? (ਹਾਂ ਇਹੋ ਸੀ ਬੀਬੀ, ਅਜ ਇਸ ਦੀ ਸੁਆਸਾਂ ਰੂਪੀ) ਲੱਜ ਟੁਟ ਪਈ ਹੈ, (ਅਤੇ ਸਰੀਰ ਰੂਪੀ) ਘੜੀ (ਬੀ) ਨਾਲੇ (ਟੁਟ ਗਈ ਹੈ ਸੋ) ਪਾਣੀ ਭਰਨ ਵਾਲੀ (ਇਹ ਜਿੰਦੜੀ ਰੂਪ ਇਸਤ੍ਰੀ ਲੱਜ ਤੇ ਘੜੀ ਵਿੱਚੇ ਸੱਟਕੇ) ਉਠਕੇ ਟੁਰ ਪਈ ਹੈ॥੨॥

†(ਇਸ ਕੁੜੀ ਵਾਂਙੂ ਜੀਵ ਰੂਪ ਇਸਤ੍ਰੀ ਦਾ) ਪੇਕੇ ਘਰ (=ਸੰਸਾਰ ਵਿਚ ਰਹਿਣਾ) ਚਾਰ (ਭਾਵ ਥੋੜੇ) ਦਿਨਾਂ ਦਾ ਹੈ, (ਇਸ ਨੇ ਅੰਤ) ਸਾਹੁਰੇ (ਘਰ ਅਰਥਾਤ ਪਰਲੋਕ ਨੂੰ ਚਲੇ) ਜਾਣਾ ਹੈ। (ਪਰ ਸੰਸਾਰ ਦੇ ਕਈ) ਲੋਕੀ (ਮਾਇਆ ਤੇ ਵਿਕਾਰਾਂ ਦੇ ਭੁਲਾਏ ਹੋਏ ਇਸ ਗੱਲ ਦੇ ਸਮਝਣ ਵਲੋਂ) ਅੰਨ੍ਹੇ ਹੋਏ ਹੋਏ ਮੂਰਖ (ਬਣ ਰਹੇ ਤੇ ਕਈ ਮੂਲੋਂ) ਅਜਾਣ ਹੋ ਰਹੇ ਹਨ॥੧॥

---

*ਪਾਹੂ=ਮਾਨੁਖ। ਦੇਖੋ ਨਿਰੁਕਤ।

†ਪਹਿਲੇ ਪਦੇ ਦਾ ਅਰਥ ਚਲਿਆ।

ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ ਅਪੁਨਾ ਕਾਰਜੁ ਸਵਾਰੇ ॥ ਤਾ ਸੋਹਾਗਣਿ ਜਾਣੀਐ ਗੁਰ ਸਬਦੁ ਬੀਚਾਰੇ ॥੩॥

*[ਪ੍ਰਸ਼ਨ: ਇਹ ਅਗਜਾਨਤਾ ਕਿਵੇਂ ਦੂਰ ਹੋਵੇ ? ਉੱਤਰ] (ਜਿਸ ਉੱਤੇ) ਸਤਿਗੁਰੂ ਦਿਆਲ ਹੋ ਜਾਏ (ਤੇ ਉਹ) ਕਿਰਪਾ ਕਰ ਦੇਵੇ (ਓਹੀ ਫੇਰ ਇਸ ਜਨਮ ਨੂੰ ਸਫਲ ਕਰਨ ਦਾ) ਆਪਣਾ ਕੰਮ ਪਿਆ ਸੁਆਰਦਾ ਹੈ। [ਕੀਕੂੰ ? ਉੱਤਰ:] ਗੁਰੂ (ਦਿਆਲ ਹੋ ਕੇ ਸ਼ਬਦ ਦੇਂਦਾ ਹੈ ਉਸ)ਸ਼ਬਦ(ਉਪਦੇਸ਼) ਦਾ (ਜਦ) ਵੀਚਾਰ (ਦ੍ਰਿੜ) ਕਰੇ ਤਾਂ ਹੀ (ਉਹ ਵਾਹਿਗੁਰੂ ਰੂਪ ਪਤੀ ਦੀ ਸੱਚੀ) ਸੁਹਾਗਣ ਸਮਝੀਦੀ ਹੈ॥ ੩॥

ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ ॥ ਏਸ ਨੋ ਕਿਆ ਆਖੀਐ ਕਿਆ ਕਰੇ ਵਿਚਾਰੀ ॥੪॥

ਵਿਚਾਰ ਕਰਕੇ ਦੇਖ ਲਵੋ (ਕਿ ਗੁਰੂ ਸ਼ਬਦ ਵਿਹੂਣੀ) ਸਾਰੀ (ਸ੍ਰਿਸ਼ਟੀ ਆਪਣੇ ਪਿਛਲੇ) ਕੀਤੇ ਕਰਮਾਂ ਦੀ ਬੱਧੀ ਹੋਈ ਭਟਕ ਰਹੀ ਹੈ। (ਇਸ ਲਈ ਇਹ ਸ੍ਰਿਸ਼ਟੀ) ਬੇਚਾਰੀ (=ਬੇਬਸੀ ਹੈ) ਇਹ ਕੀਹ ਕਰੇ ਤੇ ਇਸ ਨੂੰ ਕੀਹ ਕਹੀਏ (ਭਾਵ ਕਾਸਨੂੰ ਉਲਾਂਭਾ ਦੇਈਏ)॥ ੪॥

ਭਈ ਨਿਰਾਸੀ ਉਠਿ ਚਲੀ ਚਿਤ ਬੰਧਿ ਨ ਧੀਰਾ ॥ ਹਰਿ ਕੀ ਚਰਣੀ ਲਾਗਿ ਰਹੁ ਭਜੁ ਸਰਣਿ ਕਬੀਰਾ ॥੫॥੬॥੫੦॥

(ਸਾਹਮਣੇ ਤੱਕੋ ਕਿ ਔਹ ਜੀਵ ਰੂਪੀ ਇਸਤ੍ਰੀ ਜਗਤ ਵਿਚ ਆਕੇ) ਨਿਰਾਸੀ ਹੋਕੇ (ਖਾਲੀ ਹੱਥ) ਟੁਰ ਪਈ ਹੈ, ਤੇ ਇਸ ਦਾ ਦਿਲ ਧੀਰਜ ਨਹੀਂ ਬੰਨ੍ਹਦਾ ਪਿਆ (ਭਾਵ ਇਸ ਦੀ ਰੂਹ ਬੇਚੈਨ ਹੋਕੇ ਜਾ ਰਹੀ ਹੈ ਕਿ ਅੱਗੇ ਜਾਕੇ ਕੀਹ ਹੋਵੇਗਾ। ਤਾਂਤੇ) ਹੇ ਕਬੀਰ (ਤੂੰ) ਹਰੀ ਦੀ ਸ਼ਰਣ ਵਿਚ ਪਿਆ ਰਹੁ (ਤੇ ਉਸੇ ਦੇ) ਚਰਨਾਂ ਨੂੰ (ਪਜਾਰ ਨਾਲ) ਲੱਗਾ ਰਹੁ (ਜੇ ਤੂੰ ਸ਼ਾਂਤਿ ਤੇ ਧੈਰਯ ਵਾਲੇ ਮਨ ਨਾਲ ਟੁਰੇਂ)॥ ੫॥ ੬॥ ੫੦॥

ਵਜਾਖਜਾ— ਇਸ ਸ਼ਬਦ ਦੇ ਰਹਾਉ ਤੇ ਅੰਕ ੨ ਵਿਚ ਸ੍ਰੀ ਕਬੀਰ ਜੀ ਨੇ ਇਕ ਸਾਈਂ ਵੱਲੋਂ ਗਾਫ਼ਲ ਤੇ ਭੋਗਾਂ ਵਿਚ ਭੁੱਲੇ ਰਹੇ ਜੀਵ ਦੀ ਮੌਤ ਵੇਖਕੇ ਉਸ ਦਾ ਨਕਸ਼ਾ ਇਕ ਮੁਕਲਾਊ ਇਸਤ੍ਰੀ ਦੇ ਰੂਪਕ ਵਿਚ ਬੱਧਾ ਹੈ।

ਇਉਂ ਅੰਕ ੧, ੩, ੪ ਤੇ ੫ ਵਿਚ ਉਸ ਦਾ ਅੰਤ ਨਿਰਾਸਤਾ ਤੇ ਅਧੈਰਯਤਾ (ਵਜਾਕੁਲਤਾ) ਵਿਚ ਹੋਇਆ ਦਿਖਾਕੇ ਉਪਦੇਸ਼ ਦੇਂਦੇ ਹਨ ਕਿ ਗੁਰੂ ਤੋਂ ਉਪਦੇਸ਼ ਲਓ ਉਸ ਨੂੰ ਦ੍ਰਿੜ ਕਰੋ ਤੇ ਹਰੀ ਦੀ ਚਰਣ ਸ਼ਰਣ ਪ੍ਰਾਪਤ ਰਹੋ। ਗੁਰੂ ਦੇ ਉਪਦੇਸ਼ ਵਿਚ 'ਨਾਮ ਸਿਮਰਣ' ਮੁੱਖ ਵਸਤੂ ਹੁੰਦੀ ਹੈ, ਇਸ ਕਰਕੇ ਉਹ ਇਸ ਦੇ ਵਿਚ ਆ ਜਾਂਦਾ ਹੈ।

ਅੰਕ ੪ ਵਿਚ ਇਕ ਗਲ ਵੀਚਾਰ ਗੋਚਰੀ ਹੈ ਕਿ ਇਹ ਗ਼ਾਫ਼ਲ ਦੁਨੀਆਂ, ਪਿਛਲੇ ਕੀਤੇ ਕਰਮਾਂ ਤੋਂ ਬਣੇ ਸੁਭਾਵ ਤੇ ਰੁਚੀਆਂ ਦੀਆਂ ਮਨ ਵਿਚ ਪਈਆਂ ਲੀਹਾਂ ਵਿਚ ਟੁਰਦੀ ਹੈ ਤੇ ਉਹਨਾਂ ਕਰਮਾਂ ਤੋਂ ਬਣੀ ਪ੍ਰਾਰਬਧ ਦੇ ਦੁਖ ਸੁਖ ਭੋਗਦੀ ਹੈ। ਇਸ ਲਈ ਤਰਸ ਕਰਕੇ ਆਖਦੇ ਹਨ ਕਿ ਇਹ ਬੇਚਾਰੀ ਹੈ। ਇਸ ਲਈ ਉਲਾਂਭਾ ਦੇਣ ਦੀ ਥਾਂ ਜਗਤ ਨੂੰ ਉਪਾਉ ਦੱਸਦੇ ਹਨ ਕਿ ਗੁਰੂ ਕੀ ਸ਼ਰਣ ਲੈ ਲਓ ਤੇ ਉਸ ਤੋਂ ਉਪਦੇਸ਼ ਪ੍ਰਾਪਤ ਕਰਕੇ ਉਸਦੀ ਵੀਚਾਰ ਕਰੋ ਤੇ ਉਸ ਨੂੰ ਦ੍ਰਿੜਾ ਲਓ, ਭਾਵ ਕਰਨੀ ਵਿਚ ਲੈ ਆਓ। ਉਹ ਦ੍ਰਿੜਤਾ ਅਖੀਰਲੀ ਤੁਕ ਵਿਚ ਦਿਖਾਈ ਹੈ। ਹਰੀ ਦੀ ਸ਼ਰਣ ਵਿਚ ਪੈ ਜਾਹ ਤੇ ਚਰਨਾ ਨੂੰ ਚੰਬੜਿਆ ਰਹੁ। ਭਾਵ ਹਰੀ ਦੀ ਯਾਦ ਤੇ ਪ੍ਰੇਮ ਵਿਚ ਜੀਵਨ ਬਸਰ ਕਰ

ਨਿਰੁਕ੍ਤ—ਅੰਧਾ—(ਦੇਖੋ ਪੰਨਾ ੧੬੧੧) ਅੰਨ੍ਹਾ ਜੋ ਦੇਖ ਨਾ ਸਕੇ। ਭਾਵ ਹੈ ਅਕਲ ਦਾ

*ਤੀਜੇ ਪਦੇ ਦਾ ਅਰਥ ਸ਼ੁਰੂ ਹੈ।

ਅੰਨ੍ਹਾ। ਜੋ ਅਕਲ ਤਾਂ ਰਖਦਾ ਹੈ ਪਰ ਮੋਹ ਮਾਇਆ ਕਰਕੇ ਉਸ ਦਾ ਗ਼ਲਤ ਵਰਤਾਉ ਕਰਦਾ ਹੈ। ਛਿਨ ਭੰਗਰ ਦੇ ਲਾਭਾਂ ਵਿਚ ਰੱਤਾ ਸਾਈਂ ਵਲੋਂ ਗ਼ਾਫ਼ਲ ਹੈ। ਯਥਾ:—

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥

[ਵਾਰ ਰਾਮਕਲੀ ਮਹਲਾ ੩—੧੬]

ਮੂਰਖੁ—[ਸੰਸ:, ਮੂਰਖ: = ਬੇਵਕੂਫ਼] ਜਿਸ ਦੀ ਸਮਝ ਹੀ ਦਰੁਸਤ ਫੈਸਲੇ ਨਹੀਂ ਕਰਦੀ।

ਏਆਨਾ—[ਸੰਸ:, ਅਗਿਆਨੀ = ਬੇਸਮਝ] ਜੋ ਬੱਚੇ ਵਾਂਗੂ ਅਜਾਣ ਹੈ।

ਡਡੀਆ—[ਹਿੰਦੀ, ਡੰਡਿਯਾ = ਸਾੜ੍ਹੀ, ਜਿਸ ਪਰ ਲੰਮੀਆਂ ਲਕੀਰਾਂ ਆਦਿ ਪਈਆਂ ਯਾ ਕੱਢੀਆਂ ਹੋਣ। ਡੰਡਿਆਂ ਵਾਲੀ ਜ਼ਰੀਦਾਰ ਸਾੜ੍ਹੀ। ਛਬਿਦਾਰ ਸਾੜ੍ਹੀ] ਸਾੜ੍ਹੀ ਜੋ ਸੁਹਣੀ ਕਾਢ ਵਾਲੀ ਹੋਵੇ। ਕੁੜੀਆਂ ਅਕਸਰ ਡੰਡੀਆਂ ਪੇਕੇ ਘਰ ਪਹਿਨਦੀਆਂ ਸਨ, ਇਸ ਕਰਕੇ ਕਬੀਰ ਜੀ ਨੇ ਇਹ ਪਦ ਵਰਤਿਆ ਹੈ ਕਿ ਪੇਕੇ ਘਰ ਸਾੜ੍ਹੀ ਪਹਿਨੇ ਤਿਆਰ ਖੜੀ ਹੈ। ਡੰਡੀਏ ਦੀ ਨਕਲ ਤੇ ਹਰਿਦੁਆਰ ਧੋਤੀਆਂ ਛਾਪਿਆ ਕਰਦੇ ਸਨ ਜੋ ਲੋਕ ਸੁਗਾਤਾਂ ਲਿਆਇਆ ਕਰਦੇ ਸਨ।

(ਅ) ਕਈ ਦਾਨੇ 'ਡਡੀਆ ਬਾਧੈ ਧਨ ਖੜੀ' ਨੂੰ ਸ਼ਲੇਸ਼ ਲੈਕੇ ਦੁਇ ਸ਼ਲੇਸ਼ ਅਰਥ ਐਉਂ ਢੁਕਾਉਂਦੇ ਹਨ:-ਡਡੀਆ ਪਹਿਨੇ ਇਸਤ੍ਰੀ (ਤਿਆਰ) ਖੜੀ ਨੂੰ ਡਡਿਆਂ ਵਾਲੇ ਜਮ (ਬਾਧੈ=) ਬੰਨ੍ਹਕੇ ਲੈ ਜਾਣਗੇ।

ਪਾਹੂ—ਇਸ ਪਦ ਨੂੰ ਜੇ ਹਿੰਦੀ 'ਪਾਹੁਨਾ' ਤੋਂ ਬਣਿਆ ਸਮਝੀਏ ਤਾਂ ਇਸ ਦਾ ਅਰਥ ਹੈ ਪ੍ਰਾਹੁਣਾ। ਇਸ ਦਾ ਸੰਸਕ੍ਰਿਤ ਰੂਪ ਹੈ ਪ੍ਰਾਧੂਰ੍ਣ। ਪ੍ਰਾਹੁਣਾ ਕਹਿਣ ਤੋਂ ਅਰਥ ਭਾਵ ਜੁਆਈ (ਕਾਕੀ ਦਾ ਪਤੀ) ਹੋ ਸਕਦਾ ਹੈ ਕਿਉਂਕਿ ਹਿੰਦੀ ਵਿਚ ਪਦ 'ਪਾਹੁਨਾ' ਤੇ ਪੰਜਾਬੀ ਵਿਚ ਪਦ 'ਪ੍ਰਾਹੁਣਾ' ਤੇ 'ਮਿਹਮਾਨ' ਦੋਹਾਂ ਪਦਾਂ ਦਾ ਅਰਥ ਜੁਆਈ ਬੀ ਹੈ। ਪਰ ਏਥੇ ਜੁਆਈ ਅਰਥ ਨਹੀਂ ਲਗੇਗਾ ਕਿਉਂਕਿ ਇਸ ਦੀ ਕ੍ਰਿਯਾ 'ਆਏ ਬਹੁ ਬਚਨ ਵਿਚ ਹੈ ਤੇ ਜੁਆਈ ਇਕ ਬਚਨ ਪਦ ਹੈ। ਉਂਵ ਜੋ ਹਿੰਦੀ ਵਿਚ 'ਪਾਹੂ' ਪਦ ਤ੍ਰੈ ਕੋਸ਼ਾਂ ਵਿਚ ਮਿਲਦਾ ਹੈ, ਤਿੰਨਾਂ ਵਿਚ ਉਸ ਦਾ ਅਰਥ ਹੈ 'ਮਾਨੁਖ, ਮਰਦ, ਸ਼ਖ਼ਸ'*। ਜਦ ਕੋਈ ਮਰਦਾ ਹੈ ਤਾਂ ਜਮ ਤਾਂ ਮੁਕਲਾਵੇ ਲੈਣ ਵਾਂਙੂ ਆਉਂਦੇ ਹਨ, ਕਿਉਂਕਿ ਜੀਵ ਰੂਪ ਇਸਤ੍ਰੀ ਨੂੰ ਲੈ ਹੀ ਜਾਂਦੇ ਹਨ, ਪਰ ਸਾਕ ਅੰਗ ਮਾਨੁਖ ਨੜੋਏ ਤੇ ਆਉਂਦੇ ਮਾਨੋ ਵਿਦਾ ਕਰਦੇ ਹਨ, ਜਿਸ ਤਰ੍ਹਾਂ ਮੁਕਲਾਵਾ ਟੋਰਨ ਵੇਲੇ ਪੇਕੇ ਘਰ ਦੇ ਸਾਕ ਸਨਬੰਧੀ ਸਜਣ ਆਉਂਦੇ ਹਨ।ਮਸਾਣਾਂ ਤਕ ਮਾਨੋ ਟੋਰਨ ਜਾਂਦੇ ਹਨ। ਸੋ ਪਾਹੂ ਦਾ ਭਾਵ ਇਹ ਸਹੀ ਜਾਪਦਾ ਹੈ।

ਖੂਹੜੀ—[ਸੰਸ:, ਕੂਪੀ = ਛੋਟਾ ਖੂਹ'। ਪੰ:, ਖੂਹੀ। ਖੂਹ ਪਦ ਦਾ ਨਿੰਮ੍ਰੀ ਵਾਚਕ] ਛੋਟੀ ਖੂਹੀ। ਖੂਹੀ। ਭਾਵ ਵਿਚ ਸੰਸਾਰ।

ਲਾਜੁ—[ਸੰਸ:, ਰਜੂ: = ਰੱਸੀ] ਲੱਜ। ਜਿਸ ਨਾਲ ਖੂਹ ਵਿਚੋਂ ਪਾਣੀ ਕੱਢੀਦਾ ਹੈ। ਲੱਜ ਪਦ ਸੁਆਸਾਂ ਲਈ ਤੇ ਉਮਰਾ ਲਈ ਗੁਰਬਾਣੀ ਵਿਚ ਕਈ ਵੇਰ ਆਇਆ ਹੈ, ਯਥਾ:—

ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ॥ [ਮਾਲੀ ਗਉੜਾ ਮ:੪—੬]
ਅਨਦਿਨੁ ਮੂਸਾ ਲਾਜੁ ਟੁਕਾਈ॥ [ਆਸਾ ਮਹਲਾ ੫-੬੧]

ਵਹਾਰੀ—ਵਹਾ ਰਹੀ ਸੀ।

ਘੜੀ—[ਸੰਸ:, ਘਟੀ = ਛੋਟਾ ਪਾਣੀ ਦਾ ਘੜਾ] ਮਿੱਟੀ ਦਾ ਚਿਲਿਯਾ। ਝੱਜਰ। ਭਾਵ ਹੈ ਸ਼ਰੀਰ। ਗੁਰਬਾਣੀ ਵਿਚ ਸਰੀਰ ਨੂੰ ਕਈ ਵੇਰ ਭਾਂਡਾ, ਆਦਿ ਕਿਹਾ ਹੈ।

---

*ਜਾਪਦਾ ਹੈ 'ਪਾਹੂ' ਪਦ 'ਪੁਰਖ' ਤੋਂ ਬਣਿਆ ਹੈ।

ਪਨਿਹਾਰੀ—[ਹਿੰਦੀ.] ਪਾਣੀ ਭਰਨ ਵਾਲੀ।

ਕਿਰਤ—(ਦੇਖੋ ਪੰਨਾ ੧੬੧੫) ਪਿਛਲੇ ਜਨਮਾਂ ਦੀ ਕੀਤੀ ਹੋਈ ਕਮਾਈ। ਪਿਛਲੇ ਕਰਮ ਤੇ ਉਨ੍ਹਾਂ ਤੋਂ ਬਣੀਆਂ ਰੁਚੀਆਂ, ਸੁਭਾਵ ਤੇ ਪ੍ਰਾਰਬਧ।

ਵਿਚਾਰੀ—[ਫਾ:, ਬੇਚਾਰਹ] ਗ਼ਰੀਬ। ਤਰਸ ਯੋਗ।

ਬੰਧਿ ਨ ਧੀਰਾ—ਧੀਰਜ ਨਹੀਂ (ਚਿਤ) ਬੰਨ੍ਹਦਾ। ਉਦਾਸ ਮਨ।

ਭਜੁ ਸਰਣਿ—ਸਰਣ ਵਿਚ ਭੱਜ ਕੇ ਜਾਹ। ਸ਼ਰਣ ਵਿਚ ਸੇਵਾ ਕਰ। ਭਾਵ ਹੈ ਸ਼ਰਣ ਵਿਚ ਪਿਆ ਰਹੁ।

ਚਰਣੀ ਲਾਗਿ ਰਹੁ—ਰਚਨਾ ਨੂੰ ਲੱਗਾ ਰਹੁ—ਪ੍ਰੇਮ ਕਰ।

[ਗਉੜੀ ਕਬੀਰ ਜੀ, ਪੰਚਪਦਾ—੫੧]

ਪ੍ਰਾਕ੍ਕਥਨ— ਪਿਛਲੇ ਸ਼ਬਦ ਵਿਚ ਅੰਨ੍ਹੇ ਮੂਰਖ ਤੇ ਇਆਣੇ ਜੀਵਾਂ ਦਾ ਜ਼ਿਕਰ ਸੀ। ਇਸ ਅਗਲੇ ਸ਼ਬਦ ਵਿਚ ਅਨੇਕ ਭੇਖਾਂ ਵਾਲੇ ਸਾਧੂਆਂ, ਵਿਦਵਾਨਾਂ ਤੇ ਗੁਣੀ ਲੋਕਾਂ ਦਾ ਜ਼ਿਕਰ ਹੈ, ਜੋ ਹੰਕਾਰ ਫਾਥੇ ਹੋਣ ਕਰਕੇ ਭਰਮ ਵਿਚ ਭੁੱਲੇ ਹੀ ਦਿਨ ਬਿਤੀਤ ਕਰਦੇ ਹਨ।

ਮੂਲ	**ਅਰਥ**
ਗਉੜੀ ॥ **ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ ॥ ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ ॥੧॥**	ਜੋਗੀ ਕਹਿੰਦੇ ਹਨ ਕਿ ਜੋਗ (ਦਾ ਭੇਖ ਹੀ ਸਭ ਤੋਂ) ਚੰਗਾ ਤੇ ਮਿੱਠਾ ਹੈ, ਹੇ ਭਾਈ ! ਹੋਰ ਕੋਈ (ਐਸਾ ਉੱਤਮ ਭੇਖ) ਨਹੀਂ ਹੈ। ਰੁੰਡਿਤ (ਲੋਕ), ਮੁੰਡਿਤ (ਮੁੰਨੇ ਹੋਏ) ਲੋਕ ਤੇ ਇਕ ਸ਼ਬਦ (ਅਲਖ ਅਲਖ ਆਖ ਕੇ ਭਿਖਿਆ ਮੰਗਣਵਾਲੇ) ਏਹ (ਸਾਰੇ ਬੀ) ਇਹੋ ਆਖਦੇ ਹਨ ਕਿ (ਅਸਾਂ ਹੀ) ਸਿਧੀ ਪ੍ਰਾਪਤ ਕੀਤੀ ਹੈ॥੧॥
ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥ ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ ॥੧॥ ਰਹਾਉ ॥	(ਪਰ ਏਹ ਸਾਰੇ) ਹਰੀ (ਦੇ ਪਾਏ) ਬਿਨਾਂ ਭਰਮ ਦੇ ਭੁਲਾਏ ਹੋਏ ਅੰਨ੍ਹੇ (ਖਸਮੋ ਘੁੱਥੇ ਜਾਂ ਵਿਚਾਰ ਨੇਤ੍ਰਾਂ ਤੋਂ ਖਾਲੀ) ਹਨ। ਜਿਸ ਜਿਸ ਪਾਸੇ (ਮੈਂ) ਜਾਂਦਾ ਹਾਂ ਅਪਣੇ ਆਪ ਨੂੰ (ਮਾਇਆ ਬੰਧਨਾਂ ਤੋਂ) ਛੁਡਾਉਣ ਲਈ, ਓਹ (ਅੱਗੋ ਸਗੋਂ) ਬਹੁਤੇ ਫਾਹੀਆਂ ਵਿਚ ਫਸੇ ਹੋਏ ਹੁੰਦੇ ਹਨ॥੧॥ਰਹਾਉ॥
ਜਹ ਤੇ ਉਪਜੀ ਤਹੀ ਸਮਾਨੀ ਇਹ ਬਿਧਿ ਬਿਸਰੀ ਤਬ ਹੀ ॥ ਪੰਡਿਤ ਗੁਣੀ ਸੂਰ ਹਮ ਦਾਤੇ ਏਹਿ ਕਹਹਿ ਬਡ ਹਮ ਹੀ ॥੨॥	(ਇਨ੍ਹਾਂ ਸਾਰਿਆਂ ਨੂੰ ਕਲਜਾਣ ਦੀ) ਇਹ ਵਿਧੀ (ਕਿ ਜੀਵਕਲਾ) ਜਿਥੋਂ ਉਪਜੀ ਸੀ ਉਸੇ ਵਿਚ ਸਮਾਉਣੀ ਹੈ, ਤਦੋਂ ਭੁੱਲ ਜਾਂਦੀ ਹੈ (ਜਦੋਂ ਕਿ ਏਹ) ਇਹੋ ਹੀ ਆਖਦੇ ਹਨ ਪੰਡਿਤ, ਗੁਣੀ, ਸੂਰਮੇ, ਦਾਤੇ ਅਸੀਂ ਹਾਂ, ਤੇ ਅਸੀਂ ਹੀ ਵੱਡੇ ਹਾਂ (ਇਹ ਹੰਕਾਰ ਹੈ ਤੇ ਇਹੋ ਬ੍ਰਹਮ ਵਿਚ ਸਮਾਉਣ ਨਹੀਂ ਦੇਂਦਾ)॥੧॥
ਜਿਸਹਿ ਬੁਝਾਏ ਸੋਈ ਬੂਝੈ ਬਿਨ ਬੂਝੇ ਕਿਉ ਰਹੀਐ ॥	(ਇਹ ਵਿਸਰੀ ਹੋਈ ਬਿਧਿ ਕਿਵੇਂ ਫੇਰ ਸਮਝ ਵਿਚ ਆਵੇ ? ਉੱਤਰ:) ਜਿਸ ਨੂੰ (ਉਹ ਪਰਮਾਤਮਾ ਆਪ) ਬੁਝਾ ਦੇਵੇ ਉਹੋ ਸਮਝ ਸਕਦਾ ਹੈ, ਬਿਨਾ (ਉਹ ਬਿਧਿ) ਬੁੱਝੇ ਦੇ (ਕਿ ਨਿਰ-

ਹੰਕਾਰ ਹੋ ਕੇ ਨਿਰੰਕਾਰ ਵਿਚ ਸਮਾਈਦਾ ਹੈ ਹੰਕਾਰ ਆਦਿ ਹਨੇਰਿਆਂ ਤੋਂ) ਕਿਵੇਂ (ਬਚ) ਰਹੀਏ ? (ਭਾਵ ਨਹੀਂ ਬਚ ਸਕੀਦਾ। ਪ੍ਰਸ਼ਨ:—ਪਰਮਾਤਮ ਦੇਵ ਕੀਕੂੰ ਸਾਨੂੰ ਆਪ ਬੁਝਾਵੇ ?

ਸਤਿਗੁਰੁ ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕ ਲਹੀਐ ॥੩॥

ਉੱਤਰ) ਸਤਿਗੁਰੂ ਮਿਲ ਪਵੇ (ਉਸ ਦੀ ਮੇਹਰ ਨਾਲ ਅਭਿਮਾਨ ਦਾ ਹਨੇਰਾ ਦੂਰ ਹੋ ਜਾਵੇ, (ਤਾਂ ਬੁੱਝ ਸਕੀਦਾ ਹੈ) ਇਸ ਵਿਧੀ ਨਾਲ (ਪਰਮਾਤਮ ਰੂਪ) ਮਾਣਕ ਪ੍ਰਾਪਤ ਕਰੀਦਾ ਹੈ॥ ੩॥

ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜੁ ਕਰਿ ਰਹੀਐ ॥
ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥੪॥੭॥੫੧॥

(ਸਤਿਗੁਰੂ ਸੁਮੱਤਿ ਦੇਂਦਾ ਹੈ ਕਿ ਸਿਧੀ ਸੇਧ ਮਨ ਵਿਚ ਬੰਨ੍ਹ 'ਹਰੀ ਪਦ' (ਦੀ ਇਸੇ ਸੇਧ) ਨੂੰ ਪੱਕਿਆਂ ਕਰਕੇ (ਫੜੀ) ਰਖੀਓ (ਅਤੇ) ਸੱਜੇ ਖੱਬੇ ਝਾਕਣਾ ਛੱਡ ਦੇਵਿਓ (ਤੇ ਛੱਡ ਦਿਓ ਸਾਰੇ) ਵਿਕਾਰਾਂ ਨੂੰ। [ਪ੍ਰਸ਼ਨ:—ਹਰੀ ਪਦ ਦਾ ਥਹੁ ਦਸੋਂ ? ਉੱਤਰ:](ਉਹ ਹਰੀ ਪਦ ਐਸਾ ਰਸ ਦਾਇਕ ਹੈ ਤੇ ਸ੍ਵੈਸੰਵੇਦਜ ਹੈ ਕਿ ਜੀਕੂੰ) ਗੂੰਗੇ ਨੇ ਗੁੜ ਖਾਧਾ ਹੋਵੇ) ਤੇ ਉਸ ਨੂੰ ਸੁਆਦ) ਪੁਛੀਏ (ਤਾਂ ਉਹ) ਕੀਹ ਦੱਸ ਸਕਦਾ ਹੈ, ਆਖਦੇ ਹਨ ਕਬੀਰ ਜੀ॥ ੪॥ ੭॥ ੫੧॥

ਵਜਾਖਜਾ— ਜੋਗੀ, ਰੁੰਡਤ, ਮੁੰਡਤ, ਏਕ ਸ਼ਬਦੀ ਤੇ ਹੋਰ ਭੇਖਾਂ ਵਾਲੇ ਲੋਕ ਆਪ ਆਪਣੇ ਭੇਖਾਂ ਦੇ ਮਾਨ ਵਿਚ ਅਪਣੇ ਅੰਦਰੋਂ ਅਭਿਮਾਨ ਨੂੰ ਦੂਰ ਨਹੀਂ ਹੋਣ ਦੇਂਦੇ। ਇਸ ਕਰਕੇ ਜਿਵੇਂ ਪਿਛਲੇ ਸ਼ਬਦ ਵਿਚ 'ਮਾਇਆ ਮੋਹ ਵਾਲੇ ਜੀਵ' ਫਾਥੇ ਹੋਏ ਦੱਸੇ ਸਨ, ਹੁਣ ਭੇਖਧਾਰੀ, ਗੁਣੀ ਤੇ ਵਿਦਵਾਨ ਲੋਕ ਬੀ ਫਾਥੇ ਹੋਏ ਦੱਸੇ ਹਨ: ਕਿ ਜੋ ਘਰ ਬਾਰ ਛੱਡਕੇ ਸਾਧੂ ਤੇ ਗੁਣੀ ਕਹਾਉਂਦੇ ਹਨ ਓਹ ਆਪੋ ਆਪਣੇ ਭੇਖ ਦਾ ਤੇ ਗੁਣਾਂ ਦਾ ਅਹੰਕਾਰ ਕਰਕੇ ਫੰਧਿਆਂ ਵਿਚ ਫ਼ਸੇ ਪਏ ਹਨ ਤੇ ਇਹ ਬੀ ਪਰਮ ਪਦ ਤੇ ਨਹੀਂ ਅੱਪੜਦੇ। ਏਹ ਲੋਕ ਪਰਮਾਰਥ ਵਿਚ ਲੱਗਕੇ ਬੀ ਮੂਲਕ ਗਲ ਭੁੱਲ ਜਾਂਦੇ ਹਨ ਅਤੇ ਸਾਂਈਂ ਪ੍ਰਾਪਤੀ ਦੀ ਸਿੱਧੀ ਸੇਧ ਛੋੜਕੇ ਸਜੇ ਖਬੇ ਦੀਆਂ ਗਲੀਆਂ ਪਹਿਆਂ ਵਿਚ ਭਟਕ ਜਾਂਦੇ ਹਨ। ਮੂਲਕ ਗਲ ਇਹ ਸੀ ਕਿ ਜਿਸ ਪਰਮਾਤਮ ਦੇਵ ਤੋਂ ਉਪਜੇ ਹਾਂ ਉਸੇ ਨੂੰ ਮਿਲਕੇ ਉਸੇ ਵਿਚ ਸਮਾ ਕੇ ਸੁਖੀ ਹੋਣਾ ਹੈ। ਇਹ ਗਲ ਤਾਂ ਭੁੱਲਦੀ ਜਾਂਦੀ ਹੈ ਤੇ ਭੇਖਾਂ ਦੇ ਮਾਨ ਵਿਚ ਪੈ ਕੇ ਹੰਕਾਰ ਤੇ ਈਰਖਾ ਵਿਚ ਹੋ ਜਾਂਦੇ ਹਨ। ਅੰਕ ਦੋ ਦੇ ਅਖੀਰ ਤਕ ਇਹ ਵਿਸ਼ਯ ਚੱਲਦਾ ਹੈ।

ਅੰਕ ੩ ਵਿਚ ਇਸ 'ਹਉਂ' ਤੇ 'ਈਰਖਾ' ਦਾ ਦਾਰੂ ਦੱਸਦੇ ਹਨ ਤੇ ਹਰਿ ਪਦ ਤੇ ਪਹੁੰਚਣ ਦੀ ਜਾਚ ਦੱਸਦੇ ਹਨ ਸਤਿਗੁਰੂ ਨੂੰ ਮਿਲਣਾ, ਉਸ ਦੇ ਬੁਝਾਏ ਉਪਦੇਸ਼ਾਂ ਨੂੰ ਸਮਝਣਾ, ਇਸ ਨਾਲ ਅਗਜਾਨ ਦਾ ਅੰਧਕਾਰ ਦੂਰ ਹੋਕੇ ਗਜਾਨ ਦਾ ਚਾਨਣ ਮਿਲੇਗਾ ਉਸ ਚਾਨਣੇ ਵਿਚ ਪ੍ਰਯੋਜਨੀਯ ਮਾਣਕ (ਅਮੋਲਕ ਵਸਤੂ=) ਪਰਮ ਆਤਮਾ ਪ੍ਰਾਪਤ ਹੋ ਜਾਏਗਾ।

ਅੰਕ ੪ ਵਿਚ ਖ਼ਬਰਦਾਰ ਕਰਦੇ ਹਨ ਕਿ ਸਿੱਧੀ ਸੇਧ ਵਿਚ ਤੁਰੋ। ਗੁਰੂ ਨੇ ਜੋ ਪਰਮਾਤਮਾ ਵਿਚ ਧਜਾਨ ਜੋੜੀ ਰੱਖਣ ਦੀ ਸੇਧ ਤੁਸਾਡੇ ਹਿਰਦੇ ਵਿਚ ਬੰਨ੍ਹ ਦਿਤੀ ਹੈ, ਨੱਕ ਦੀ ਸੇਧੇ ਉਸ ਪਰ ਟੁਰੋ। ਸੱਜੇ ਖੱਬੇ ਨਾ ਤੱਕੋ ਨਾ ਲਾਂਭੇ ਲੈ ਜਾਣ ਵਾਲੇ ਰਾਹਾਂ ਵਿਚ ਜਾਓ। ਜੇ ਭੇਖਾਂ ਦੇ ਮਾਨ ਰਿਧੀਆਂ ਸਿੱਧੀਆਂ, ਮਾਯਕ ਪ੍ਰਾਪਤੀਆਂ ਦੀ ਝਾਕ ਅੰਦਰ ਵਸਾ ਲਓਗੇ ਤਾਂ ਸੇਧ ਤੋਂ ਉੱਕ ਕੇ ਭਟਕ ਜਾਓਗੇ; ਉਹੋ ਹਉਮੈਂ ਮੁੜਕੇ ਭਟਕਾਵੇਗੀ।

ਫੇਰ ਦੱਸਦੇ ਹਨ ਕਿ ਉਹ ਜੋ ਸਿੱਧੀ ਸੇਧੇ ਟੁਰਕੇ ਹਰੀ ਦੀ ਪ੍ਰਾਪਤੀ ਹੁੰਦੀ ਹੈ ਓਸਦਾ ਸੁਆਦ ਅਕਥਨੀਯ ਹੈ। ਫੇਰ ਉਹ ਪ੍ਰਾਪਤੀ ਅਪਣੇ ਕਰਕੇ ਆਪ ਹੀ ਜਾਣੀ ਜਾ ਸਕਦੀ ਹੈ। ਜਿਸ ਨੂੰ ਸ੍ਵੈਸੰਵੇਦਜ

ਆਖਦੇ ਹਨ। ਜਿਵੇਂ ਗੂੰਗਾ ਗੁੜ ਖਾਕੇ ਆਪ ਤਾਂ ਜਾਣਦਾ ਹੈ ਰਸ ਨੂੰ ਪਰ ਦੱਸ ਨਹੀਂ ਸਕਦਾ ਕਿਸੇ ਹੋਰ ਨੂੰ। ਗੂੰਗੇ ਪਾਸ ਦੱਸਣ ਵਾਲੀ ਰਸਨਾ ਨਹੀਂ। 'ਹਰਿ' ਪਦ ਦੇ ਆਨੰਦ ਮਾਣਨ ਵਾਲੇ ਦੀ ਮਾਨੁੱਖੀ ਬੋਲੀ ਵਿਚ ਵਰਣਨ ਦੀ ਸ਼ਕਤਿ ਨਹੀਂ ਕਿਉਂਕਿ ਉਸ ਜੈਸਾ ਕੋਈ ਹੋਰ ਇਨਸਾਨੀ ਤਜਰਬੇ ਵਿਚ ਘਟ ਸਕਣ ਵਾਲਾ ਰਸ ਨਹੀਂ ਹੈ। ਉਹ ਰਸ ਨਿਰੇ ਤਜਰਬੇ ਦੀ ਵਸਤੂ ਹੈ ਅਨੁਭਵ ਦੀ ਸ਼ੈ ਹੈ। ਆਤਮਾ ਮਾਣਦਾ ਹੈ, ਮਨ ਤੋਂ ਉੱਚਾ ਹੋਕੇ, ਮਨ ਓਥੇ ਨਾਲ ਨਹੀਂ ਜਾਂਦਾ, ਜੋ ਮਨ ਅਪਣਾ ਤਜਰਬਾ ਉਥਾਨ ਹੋਕੇ ਦੱਸ ਸਕੇ। ਮਨ ਨੂੰ ਆਤਮਾ ਤੋਂ ਛੁਹ ਮਾਤ੍ਰ ਮਿਲਦੀ ਹੈ ਤੇ ਓਹ 'ਵਾਹ ਵਾਹ, ਵਾਹ ਵਾਹ' ਕਰਦਾ ਤੇ ਆਖਦਾ ਹੈ:'ਅਕਹਿ ਸੁਆਦ ਸੀਂ'। ਜੋ ਸ਼ੈ ਆਤਮਾ ਨੇ ਪਰਮਾਤਮਾ ਨਾਲ ਮਿਲਕੇ ਚੱਖੀ ਹੈ ਉਹ ਵਜਾਖਜਾ ਸੁਣਨ ਨਾਲ ਸਮਝੇ ਨਹੀਂ ਪੈਂਦੀ। ਦੁੱਧ ਦਾ ਵੇਰਵਾ ਸੁਣਨਾ ਹੋਰ ਗਲ ਹੈ ਦੁੱਧ ਦਾ ਪੀ ਕੇ ਸੁਆਦ ਮਾਣਨਾ ਹੋਰ ਗਲ ਹੈ।

ਨਿਰਕੁ—ਜਗੁ—[ਸੰਸ:, ਯੋਗ:] ਜੋਗ। ਜੋਗ ਮਾਰਗ। ਇਥੇ ਮੁਰਾਦ ਹਠ ਯੋਗੀਆਂ ਤੋਂ ਹੈ ਜੋ ਭੇਖ ਧਾਰਕੇ ਖੱਪਰ ਲਈ ਰੱਸੇ ਬੱਧੀ ਮੰਗਦੇ ਫਿਰਦੇ ਹਨ। ਯਾ ਉਹ ਜੋਗੀ ਜੋ ਕਹਾਉਂਦੇ ਤਾਂ ਯੋਗੀ ਹਨ ਪਰ ਚਲਦੇ ਵਾਮ ਮਾਰਗ ਤੇ ਹਨ। ਤਜਾਗ ਵੈਰਾਗ ਭਗਤੀ ਕੁਛ ਨਹੀਂ ਭੇਖ ਹੀ ਭੇਖ ਦੇ ਮਾਨ ਵਿਚ ਤੇ ਦੂਜਿਆਂ ਨੂੰ ਨੀਵਾਂ ਕਹਿਣ ਵਿਚ ਪ੍ਰਸੰਨ ਹੁੰਦੇ ਹਨ ਤੇ ਰਿੱਧੀਆਂ ਸਿੱਧੀਆਂ ਦੀ ਪਕੜ ਵਿਚ ਮਾਇਆ ਵਿਚ ਹੀ ਖੇਲਦੇ ਹਨ।

ਰੁੰਡਿਤ—[ਸੰਸ:, ਰੁੰਡ: = ਬਿਨਾ ਸਿਰ ਦੇ ਧੜ, ਯਾ ਹਥ ਪੈਰ ਕੱਟਿਆ ਸਰੀਰ] ਅੰਗ ਭੰਗ ਸਰੀਰ। ਪਰ ਮੁਹਾਵਰੇ ਵਿਚ ਸ੍ਰੇਵੜਿਆਂ ਨੂੰ ਕਹਿੰਦੇ ਹਨ ਜੋ ਸਿਰ ਤਾਂ ਨਹੀਂ ਕਟਵਾਂਦੇ ਪਰ ਸਿਰ ਦੇ ਵਾਲ ਹਥਾਂ ਨਾਲ ਪੁੱਟ ਪੁੱਟਕੇ ਖੋਹਦੇ ਹਨ।

(ਅ) ਕਈ ਦਾਨੇ 'ਸੁੰਨਤ ਕਰਾਉਣ' ਤੇ 'ਕੰਨ ਪੜਾਉਣ ਵਾਲੇ' ਬੀ ਭਾਵ ਲੈਂਦੇ ਹਨ।

(ੲ) ਇਕ ਪ੍ਰਕਾਰ ਦੇ ਸਾਧੂ ਜਿਨ੍ਹਾਂ ਨੂੰ ਕਾਪਾਲਕ ਕਹਿੰਦੇ ਹਨ, ਏਹ ਹੱਥ ਵਿਚ ਖੋਪਰੀ ਰਖਦੇ ਹਨ ਤੇ ਉਸ ਵਿਚ ਮਾਸ ਮਦਰਾ ਆਦਿ ਖਾਂਦੇ ਪੀਂਦੇ ਹਨ। ਏਹ ਭੈਰਵ ਦੀ ਉਪਾਸ਼ਨਾਂ ਕਰਦੇ ਹਨ। ਇਨ੍ਹਾਂ ਤ੍ਰੈ ਹੀ ਅਰਥ ਭਾਵਾਂ ਵਿਚੋਂ 'ਸ੍ਰੇਵੜੇ' ਅਰਥ ਵਧੀਕ ਢੁੱਕਦਾ ਹੈ।

ਮੁੰਡਿਤ—[ਸੰਸ:, ਮੁੰਡਿਤ = ਮੁੰਨਿਆ ਹੋਇਆ] ਜਿਸ ਦਾ ਸਿਰ ਮੁੰਨਿਆਂ ਹੋਵੇ। ਇਹ ਵਾਲ ਖੋਹਣ ਵਾਲੀ ਹਾਲਤ ਤੋਂ ਜੁਦਾ ਹੈ। ਸਿਰ ਮੂੰਹ ਮੁੱਛਾਂ ਦਾੜ੍ਹੀ ਸਭ ਕੁਛ ਸਫਾ ਚੱਟਮ। ਭਾਵ ਹੈ ਸਨਜਾਸੀ ਤੇ ਅਕਸਰ ਸ੍ਰੀ ਸੰਕਰਾਰਚਾਰਯ ਦੇ ਸਨਜਾਸੀ ਜੋ ਸਦਾਉਂਦੇ ਹਨ ਤੇ ਦਾੜ੍ਹੀ ਮੁਛ ਸਿਰ ਸਭ ਕੁਛ ਮੁਨਵਾ ਦੇਂਦੇ ਹਨ; ਵਾਲ ਪੁੱਟਦੇ ਨਹੀਂ।

ਏਕੈ ਸਬਦੀ—[ਹਿੰਦੀ, ਇਕ ਸ਼ਬਦ ਕਹਿਣ ਵਾਲਾ] ਇਕ ਸ਼ਬਦ ਬੋਲਣ ਵਾਲਾ। ਇਕ ਸ਼ਬਦ 'ਆਲਖ' ਆਦਿ ਬੋਲਕੇ ਅੱਗੇ ਅੱਗੇ ਤੁਰੀ ਜਾਣ ਵਾਲੇ। 'ਦੱਤਿ ਮਤਿ' ਦੇ ਸਾਧੂ ਜੋ ਇਕ ਸ਼ਬਦ ਕਹਿਕੇ ਟੁਰੀ ਜਾਂਦੇ ਹਨ ਤੇ ਭਿਖਜਾ ਕਿਤੇ ਠਹਿਰ ਉਡੀਕ ਕੇ ਨਹੀਂ ਲੈਂਦੇ, ਜੋ ਟੁਰਦੇ ਜਾਂਦਿਆਂ ਮਿਲੇ ਲੈਂਦੇ ਹਨ। ਅਵਧੂਤ ਗੁਸਾਂਈ।

ਫੰਧਾ—[ਸੰਸ:, ਬੰਧ = ਬੰਧਨ, ਫੰਧਾ, ਜ਼ੰਜੀਰ। ਹਿੰਦੀ ਫੰਧ=ਫੰਧਾ। ਪੰਜਾ:, ਫੰਧਾ, ਫਾਹਾ, ਫਾਂਸੀ] ਫੰਧਿਆਂ ਵਿਚ। ਭਾਵ ਕਈ ਰਸਮਾਂ ਤੇ ਅਫ੍ਰੋਈ ਗਲਾਂ ਵਿਚ ਜੋ ਕਲਜਾਣਕਾਰੀ ਨਹੀਂ। ਜਿਵੇਂ ਕੱਪੜੇ ਕਿਸ ਰੰਗ ਦੇ ਪਹਿਨਣੇ ਟਿੱਕਾ ਕਿਸ ਸ਼ੈ ਦਾ ਤੇ ਕਿਸ ਸ਼ਕਲ ਦਾ ਲਾਉਣਾ, ਮਾਲਾ ਕਿਸ ਸ਼ੈ ਦੀ ਕਿਨੇ ਮਣਕਿਆਂ ਦੀ ਫੇਰਨੀ ਹੈ, ਆਦਿ।

ਜਹ ਤੇ—ਜਿਸ ਤੋਂ। ਭਾਵ ਪਰਮਾਤਮਾ ਤੋਂ। **ਸੂਰ**—[ਸੰਸ, ਸ਼ੂਰ] ਸੂਰਮਾ। ਬਹਾਦੁਰ।

ਮਾਣਕੁ—[ਸੰਸ:, ਮਾਣਿਕਜ] ਲਾਲ ਰੰਗ ਦਾ ਰਤਨ। ਭਾਵ ਹੈ ਕੀਮਤੀ ਸ਼ੈ। ਮੁਰਾਦ ਹੈ

'ਗਜਾਨ ਰਤਨ' ਤੋਂ।

ਬਾਵੇ—[ਸੰਸ:, ਵਾਮ=ਖੱਬਾ, ਹਿੰ:, ਬਾਯਾਂ=ਖਬੇ] ਖੱਬੇ ਪਾਸੇ ਦੇ।

ਦਾਹਨੇ—ਸਜੇ। ਸਜੇ ਪਾਸੇ। ਭਾਵ ਹੈ ਸਿਧੀ ਸੇਧ ਛੱਡਕੇ ਗੌਣ ਗਲਾਂ ਤੇ ਤਰੀਕਿਆਂ ਨੂੰ ਮੁੱਖ ਸਮਝ ਲੈਣਾ ਤੇ ਮੁੱਖ ਵਸਤੂ ਲਾਂਭੇ ਰਹਿ ਜਾਣੀ।

ਮਨ ਵਿਚ ਸੇਧ ਪਰਮਾਤਮਾ ਦੀ ਬੰਨ੍ਹਕੇ ਉਸੇ ਦਾ ਸਿਮਰਣ, ਉਸੇ ਅੱਗੇ ਬੇਨਤੀ, ਉਸੇ ਦਾ ਧਜਾਨ ਮੁੱਖ ਰਖਣਾ ਤੇ ਹਜ਼ੂਰੀ ਵੱਸਣਾ, ਇਹ ਇਕ ਸੇਧੇ ਟੁਰਨਾ ਹੈ। ਵਿਸ਼ੇਸ਼—ਜੇ ਕੋਈ ਇਕ ਟਿਕਾਣੇ ਪਹੁੰਚਣ ਲਈ ਸੇਧ ਬੰਨ੍ਹ ਟੁਰੇ, ਤੇ ਰਸਤੇ ਵਿਚ ਮਿਲਦੇ ਸੱਜੇ ਖੱਬੇ ਦੇ ਲਾਗਲੇ ਰਸਤਿਆਂ ਤੇ ਪੈ ਜਾਵੇ ਤਾਂ ਟਿਕਾਣੇ ਨਹੀਂ ਅੱਪੜਦਾ, ਖੁੰਝ ਜਾਂਦਾ ਹੈ। ਜੇ ਕਿਸੇ ਨਦੀ ਤੇ ਅਤਿ ਤੰਗ ਪੁਲ ਹੋਵੇ ਉਸ ਉਤੇ ਤੁਰਨ ਵਾਲਾ ਨਜ਼ਰ ਪੁਲ ਦੀ ਸੇਧ ਉਤੇ ਰਖੇ, ਸਜੇ ਖਬੇ ਨਜ਼ਰ ਨਾ ਦੁੜਾਵੇ, ਸਰੀਰ ਬੀ ਸਿੱਧਾ, ਰਖੇ ਤਾਂ ਪਾਰ ਪਹੁੰਚਦਾ ਹੈ, ਨਹੀਂ ਤਾਂ ਨਦੀ ਵਿਚ ਢੈ ਪੈਂਦਾ ਹੈ।

ਸਜੇ ਪਾਸੇ ਨੂੰ ਲੋਕੀ ਵਿਸ਼ੇਸ਼ ਚੰਗਾ ਖੱਬੇ ਨੂੰ ਘੱਟ ਚੰਗਾ ਸਮਝਦੇ ਹਨ। ਯਾ ਪਾਸਿਆਂ ਤੋਂ ਸ਼ਗਨ ਵੀਚਾਰਦੇ ਹਨ। ਯਥਾ:—

ਸਜਾ ਖਬਾ ਸਉਣੁ ਨ ਮੰਨਿ ਵਸਾਇਆ॥ [ਭਾਈ ਗੁਰਦਾਸ ਵਾਰ ੨੦—੮]

ਚੰਗੇ ਮੰਦੇ ਤੋਂ ਨਿਕਲਕੇ ਨਿਰਪੇਖਕ ਚੰਗਿਆਈ-ਸੇਧ-ਹੈ ਜੋ 'ਹਰੀ ਪਦ' ਤੇ ਨਜ਼ਰ ਬੰਨ੍ਹਿਆਂ ਪ੍ਰਾਪਤ ਹੁੰਦੀ ਹੈ। ਕਈ ਮੰਨਦੇ ਹਨ ਕਿ ਕੀਤੇ ਪਾਪ ਖੱਬੇ ਪਾਸੇ ਰਹਿੰਦੇ ਹਨ, ਕੀਤੇ ਪੁੰਨ ਸਜੇ ਪਾਸੇ; ਦੋਹਾਂ ਤੋਂ ਨਜ਼ਰ ਉੱਚੀ ਕਰਕੇ-ਹਰੀ ਪਦ-ਦੀ ਸੇਧ ਬੰਨ੍ਹਕੇ ਟੁਰਿਆ ਰਹੇ।

[ਗਉੜੀ ਕਬੀਰ ਜੀ, ਚਉਪਦਾ—੫੨]

ਰਾਗੁ ਗਉੜੀ ਪੂਰਬੀ ਕਬੀਰ ਜੀ

੧

੧ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਥਨ—ਇਸ ਸ਼ਬਦ ਵਿਚ ਕਬੀਰ ਜੀ ਹਰੀ ਦੇ ਚਰਨਾਂ ਵਿਚ ਲਿਵ ਲਗ ਰਹੀ ਦੀ ਪ੍ਰੌਢਤਾ ਦਿਖਾਲਦੇ ਹਨ ਤੇ ਯੋਗ ਆਦਿ ਹੋਰ ਸਾਧਨਾ ਦੀ ਗਉਣਤਾ ਇਕ ਵੈਰਾਗਮਈ ਸੁਰ ਵਿਚ ਵਰਣਨ ਕਰਦੇ ਹਨ। ਉਥਾਨਕਾ ਐਉਂ ਹੈ ਕਿ ਕਬੀਰ ਜੀ ਦਾ ਸੱਜਣ ਕੋਈ ਯੋਗੀ ਮਰ ਗਿਆ ਸੀ; ਆਪ ਜੀਉਂਦਾ ਸਮਝਕੇ ਮਿਲਣ ਗਏ ਤਾਂ ਅਗੋਂ ਪਤਾ ਲੱਗਾ ਕਿ ਉਹ ਤਾਂ ਬਾਹਰ ਮਠ ਵਿਚ ਲਿਜਾ ਕੇ ਦਬਿਆ ਬੀ ਜਾ ਚੁਕਾ ਹੈ ਜਿਥੇ ਜੋਗੀਆਂ ਨੂੰ ਲੂਣ ਪਾਕੇ ਦੱਬਦੇ ਹਨ। ਓਥੇ ਕੁਛ ਵੈਰਾਗਵਾਨ ਹੋ ਕੇ ਤੇ ਕੁਛ ਯੋਗੀ ਦੇ ਦਾਅਵੇ ਯਾਦ ਕਰ ਕਰਕੇ ਇਹ ਸ਼ਬਦ ਉਚਾਰਿਆ।

ਮੂਲ	ਅਰਥ
ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ ॥	ਜਿਥੇ (ਸਚ ਮੁਚ) ਕੁਛ ਹੁੰਦਾ ਸੀ, ਓਥੇ (ਹੁਣ) ਕੁਛ ਬੀ ਨਹੀਂ, ਓਥੇ (ਤਾਂ ਹੁਣ) ਪੰਜ ਤਤ (ਦਾ ਬਣਿਆ ਸਰੀਰ ਬੀ) ਨਹੀਂ।
ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ ॥੧॥	ਜੋ ਸਰੀਰ ਕਿ ਇੜਾ ਪਿੰਗਲਾ (ਤੇ) ਸੁਖਮਨਾਂ ਦੇ ਬੰਧਾਨ ਬੰਨ੍ਹਦਾ ਸੀ (ਉਸਦੇ) ਏਹ ਰੋਕੇ ਰੁਕਾਏ* (ਬੰਧ ਤੇ ਮੁਦ੍ਰਾ ਆਦਿ) ਕਿੱਥੇ ਚਲੇ ਗਏ ਹਨ ? ॥੧॥

*ਅਗਵਨ=ਆ+ਗਮਨ=ਨਾ ਜਾਣਾ। ਟਿਕ ਜਾਣਾ। ਬੱਝਾ ਬੰਧਾਨ ਹੋ ਜਾਣਾ। ਪਾਠਾਂਤ੍ਰ 'ਅਵਗਨ' ਬੀ ਹੈ, ਉਸ ਲਈ ਦੇਖੋ ਨਿਰੁਕਤ।

ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ ॥ ਏਹ ਸੰਸਾ ਮੋ ਕਉ ਅਨਦਿਨੁ ਬਿਆਪੈ ਮੋ ਕਉ ਕੋ ਨ ਕਹੈ ਸਮਝਾਈ॥੧॥ ਰਹਾਉ ॥	ਇਨ੍ਹਾਂ ਨਾੜੀਆਂ ਵਿਚ ਬੰਧਾਨ ਵਾਲਾ ਪ੍ਰਾਣਾਂ ਰੂਪੀ) ਤਾਗਾ ਤੁਟ ਗਿਆ ਹੈ, ਦਸਮ ਦੁਆਰ (ਜਿਥੇ ਪ੍ਰਾਣ ਬੱਝਦੇ ਸਨ) ਵਿਨਾਸ਼ ਹੋ ਗਿਆ ਹੈ, (ਉਹ ਜੋ) ਤੇਰਾ ਬੋਲਦਾ (ਬੋਲਣਹਾਰ ਤੇਰੇ ਵਿਚ ਸੀ, ਭਾਵ ਤੇਰੀ ਚੇਤਨਾ ਸਤਜਾ) ਕਿਥੇ ਜਾ ਸਮਾਈ ਹੈ ? ਇਹ ਸੰਸਾ ਮੈਨੂੰ ਦਿਨ ਰਾਤ ਪਿਆ ਰਹਿੰਦਾ ਹੈ, ਮੈਨੂੰ ਕੋਈ ਸਮਝਾ ਕੇ ਨਹੀਂ ਦੱਸਦਾ (ਕਿ ਇਹ ਸੰਸਾ ਐਉਂ ਨਵਿਰਤ ਹੁੰਦਾ ਹੈ)॥੧॥ਰਹਾਉ॥
ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ ॥ ਜੋੜਨਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ ॥੨॥	[ਸੰਸਾ ਆਪ ਦਾ ਅਜੇ ਚੱਲ ਰਿਹਾ ਹੈ] ਜਿਥੇ (ਦਸਮ ਦੁਆਰ ਵਿਚ ਜੋਗੀ) ਬ੍ਰਹਮੰਡ (ਦੇਖਦਾ ਹੁੰਦਾ ਸੀ) ਓਥੇ (ਦਸਮ ਦੁਆਰ ਵਾਲਾ) ਸ਼ਰੀਰ ਹੀ ਨਹੀਂ ਹੈ (ਸਾਰੀਆਂ ਰਚਨਾ) ਰਚਣ ਵਾਲਾ (ਮਨ) ਬੀ ਓਥੇ ਨਹੀਂ ਹੈ (ਏਸ ਸਾਰੀ ਕਲਾ ਨੂੰ) ਜੋੜਨ ਵਾਲਾ (ਪਰਮਾਤਮਾ ਤਾਂ) ਸਦਾ ਹੀ ਅਤੀਤ (ਅਲੇਪ) ਹੈ, (ਸੋ ਹੁਣ ਇਹ ਜੋ ਬੋਲਣਹਾਰ ਜੋਗੀ ਵਿਚ ਸੀ) ਇਹ ਦੱਸੋ (ਹੁਣ) ਕਿਸ ਵਿਚ (ਚਲਾ ਗਿਆ) ਹੈ ? ॥੨॥
ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ ॥ ਕਾ ਕੋ ਠਾਕੁਰੁ ਕਾ ਕੋ ਸੇਵਕੁ ਕੋ ਕਾਹੂ ਕੈ ਜਾਸੀ ॥੩॥	(ਉਸ ਜੋੜਨਹਾਰ ਪਰਮਾਤਮਾ ਤੋਂ ਬਿਨਾ ਇਹ ਕਿਸੇ ਦੀ) ਜੋੜੀ ਜੁੜਦੀ ਨਹੀਂ (ਕਿਸੇ ਦੀ) ਤੋੜੀ ਤ੍ਰੁੱਟਦੀ ਨਹੀਂ ਜਦੋਂ ਤਕ ਕਿ (ਇਹ ਉਸੇ ਦੀ ਕੀਤੀ) ਵਿਨਾਸ਼ ਹੁੰਦੀ ਹੈ, (ਭਾਵ ਜਦੋਂ ਉਸ ਨੇ ਇਹ ਨਾਸ਼ ਕਰਨੀ ਹੈ ਤਦੋਂ ਤਕ ਕੋਈ ਤੋੜ ਨਹੀਂ ਸਕਦਾ। ਇਹ ਕਿਸੇ ਦਾ ਠਾਕਰ ਸੀ ਕਿਸੇ ਦਾ ਇਹ ਸੇਵਕ ਸੀ, ਕਈ ਨਵੇਂ ਚੇਲੇ ਬਣਨ ਨੂੰ ਆਉਂਦੇ ਸਨ ਸੋ ਹੁਣ ਇਹ) ਕਿਸ ਦਾ ਠਾਕੁਰ (=ਸੁਆਮੀ) ਹੈ ? ਕਿਸ ਦਾ ਸੇਵਕ ਹੈ, ਕੌਣ ਕਿਸੇ ਦੇ ਪਾਸ (ਯਾਚਕ ਹੋ ਕੇ) ਜਾਵੇਗਾ ? ॥੩॥
ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ ॥ ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ ਤਉ ਸਦਾ ਅਬਿਨਾਸੀ ॥੪॥੧॥੫੨॥	ਕਬੀਰ ਜੀ ਆਖਦੇ ਹਨ (ਕਿ ਮੇਰੀ ਤਾਂ) ਲਿਵ ਲਗ ਰਹੀ ਹੈ ਜਿੱਥੇ (ਕਿ ਮੇਰਾ ਜੋੜਨਹਾਰ ਪ੍ਰਭੂ) ਸਦੀਵ ਵੱਸਦਾ ਹੈ। ਉਸ ਦਾ ਭੇਦ ਠੀਕ ਤਰ੍ਹਾਂ ਨਾਲ ਉਹੀ (ਆਪ) ਜਾਣਦਾ ਹੈ (ਕਿਉਂਕਿ) ਉਹ ਤਾਂ ਸਦਾ ਹੀ ਨਾਸ਼ ਰਹਿਤ ਹੈ॥੪॥੧॥੫੨॥

ਵਯਾਖਯਾ— ਸ਼ਬਦ ਦੀ ਵਯਾਖਯਾ ਕਠਨ ਮੰਨੀ ਜਾਂਦੀ ਹੈ। ਇਸ ਸ਼ਬਦ ਦੀ ਕੁੰਜੀ ਅਖੀਰਲੇ ਅੰਕ ੪ ਵਿਚ ਹੈ। ਉਸ ਅੰਕ ਵਿਚ ਉਹ ਗਲ ਦੱਸੀ ਹੈ ਜਿਸ ਨੂੰ ਸ੍ਰੀ ਕਬੀਰ ਜੀ ਸਭ ਤੋਂ ਉੱਤਮ ਸਮਝਦੇ ਹਨ ਤੇ ਅਪਣੇ ਤਜਰਬੇ ਨਾਲ ਦਰੁਸਤ ਨਿਸਚਿਤ ਕਰ ਚੁਕੇ ਹਨ। ਉਹ ਇਕ ਤਾਂ ਇਹ ਕਿ ਪ੍ਰਭੂ ਦੀ ਭਗਤੀ ਐਤਨੀ ਤਰ੍ਹਾਂ ਕਰਨੀ ਕਿ ਲਿਵ ਲਗ ਜਾਏ ਤੇ ਲਗੀ ਰਹੇ, ਦੂਸਰੇ ਇਹ ਕਿ ਪ੍ਰਭੂ ਦੇ ਭੇਤਾਂ ਨੂੰ ਪ੍ਰਭੂ ਆਪ ਹੀ ਜਾਣਦਾ ਹੈ ਹੋਰ ਕੋਈ ਨਹੀਂ। ਤੀਸਰੀ ਗਲ ਕਾਰਣ ਦੀ ਸ਼ਕਲ ਵਿਚ ਕਹਿ ਗਏ ਹਨ ਕਿ ਓਹ ਅਬਿਨਾਸ਼ੀ ਹੈ ਇਸ ਕਰਕੇ ਜਾਣਦਾ ਹੈ। ਨਾਸ਼ਮਾਨ ਨਹੀਂ ਜਾਣ ਸਕਦੇ। ਇਸ ਕਰਕੇ ਓਸੇ ਅਵਿਨਾਸ਼ੀ ਦੀ ਲਿਵ ਸਰਵੋਤਮ ਕੰਮ ਹੈ।

ਇਸ ਅੰਕ ਤੋਂ ਪਤਾ ਲਗ ਜਾਂਦਾ ਹੈ ਕਿ ਪਹਿਲਿਆਂ ੩ ਅੰਕਾਂ ਵਿਚ ਦੱਸੀਆਂ ਗਲਾਂ ਵੈਰਾਗ

ਦੀਆਂ ਹਨ, ਯਾ ਜੋਗੀ ਦੇ ਅਪਣੇ ਆਪੇ ਕੀਤੇ ਦਾਅਵਿਆਂ ਨੂੰ ਨਾ-ਪਸੰਦ ਕਰਨੇ ਵਿਚ ਹਨ, ਜੋ ਪ੍ਰਸ਼ਨ ਵਾਚੀ ਪਦਾਂ ਵਿਚ ਅਦਾ ਹੋਈਆਂ ਹੈਨ।

ਸ਼ਬਦ ਵਿਚ ਅਤਿ ਸੰਖੇਪਤਾ ਤੋਂ ਕੰਮ ਲਿਆ ਜਾਣ ਕਰਕੇ ਉਪਰਲੀ ਅੰਤਲੀ ਤੁਕ ਤੋਂ ਮਿਲੀ ਕੁੰਜੀ ਦੱਸਦੀ ਹੈ ਕਿ ਪਹਿਲੇ ਅੰਕ ਵਿਚ ਕੁਛ ਦੇਖਕੇ, ਉਸ ਉਤੇ ਟੀਕਾ ਟਿਪਣੀ ਕਰ ਰਹੇ ਹਨ। ਜੋ ਕੁਛ ਦੇਖ ਰਹੇ ਹਨ ਉਹ ਕੁਛ ਕਦੇ ਹੈ ਸੀ ਤੇ ਹੁਣ ਨਹੀਂ ਹੈ, ਤੇ ਨਾਲ ਆਪ ਹੀ ਦੱਸਦੇ ਹਨ ਕਿ ਪੰਜ ਤੱਤ ਓਥੇ ਨਹੀਂ ਹਨ। ਇਸ ਤੋਂ ਸੁਖੱਲੇ ਹੀ ਸੰਭਾਵਨਾ ਹੋ ਜਾਂਦੀ ਹੈ ਕਿ ਕੋਈ ਮਰ ਗਿਆ ਹੈ, ਉਸ ਦਾ ਟਿਕਾਣਾ ਦੇਖ ਰਹੇ ਹਨ, ਓਥੇ ਕੁਛ ਸੀ, ਕੋਈ ਸ਼ੋਭਾ ਐਸ਼੍ਵਰਜ ਦਾ ਸਾਮਾਨ ਸੀ, ਉਹ ਹੁਣ ਓਥੇ ਨਹੀਂ ਤੇ ਜਿਸ ਦੇ ਸਰੀਰ ਕਰਕੇ ਉਹ ਸਭ ਕੁਛ ਸੀ ਉਹ ਬੀ ਨਹੀਂ ਹੈ, ਇਥੋਂ ਤਾਂਈਂ ਕਿ ਉਸ ਦੀ ਮੜ੍ਹੀ ਮਠ ਬੀ ਕਿਤੇ ਦੂਰ ਬਣਿਆ ਹੈ, ਜਿਸ ਵਿਚ ਪੰਜ ਤਤ ਵਿਸਰਜਨ ਹੋ ਰਹੇ ਯਾ ਹੋਏ ਪਏ ਹਨ, ਪਰ ਓਸ ਟਿਕਾਣੇ ਵਿਚ ਜਿੱਥੇ ਕੁਛ ਸੀ ਤੇ ਉਸ ਦਾ ਸ਼ਰੀਰ ਹੁੰਦਾ ਸੀ ਹੁਣ ਓਸ ਸ਼ਰੀਰ ਦੇ ਪੰਜ ਤਤ੍ਵ ਬੀ ਓਥੇ ਨਹੀਂ ਪਏ ਹੋਏ। ਅਗਲੀ ਤੁਕ ਤੋਂ ਪਤਾ ਲਗਦਾ ਹੈ ਕਿ ਉਹ ਕੋਈ ਜੋਗੀ ਸੀ ਜੋ ਇੜਾ ਪਿੰਗਲਾ ਸੁਖਮਨਾਂ ਦੁਆਰਾ ਅਨੇਕ ਤਰ੍ਹਾਂ ਦੇ ਪ੍ਰਾਣਾਯਾਮ ਕਰਦਾ ਹੁੰਦਾ ਸੀ। ਕਰਦਾ ਹੀ ਨਹੀਂ ਉਹ ਪ੍ਰਾਣ ਵਾਯੂ ਨੂੰ ਇਨ੍ਹਾਂ ਤਿੰਨਾ ਨਾੜੀਆਂ ਦੁਆਰਾ ਸਾਧ ਕੇ ਦਸਮ ਦੁਆਰ ਵਿਚ ਬੰਨ੍ਹ ਲੈਂਦਾ ਹੁੰਦਾ ਸੀ। ਇਕ ਪਦ 'ਬੰਦੇਂ' ਤੋਂ ਇਹ ਪਤਾ ਲਗ ਜਾਂਦਾ ਹੈ। ਫੇਰ ਪਿਆ ਹੈ ਪਦ 'ਅਗਵਨ' ਜਿਸ ਦੇ ਅਰਥ ਹਨ=ਅ+ਗਵਨ=ਨਾ ਜਾਣਾ, ਟਿਕ ਜਾਣਾ, ਬੱਝਾ ਬੰਧਾਨ ਹੋ ਜਾਣਾ। ਹੁਣ ਭਾਵ ਇਹ ਸਹੀ ਹੁੰਦਾ ਹੈ ਕਿ ਇਸ ਜੋਗੀ ਨੇ ਤਾਂ ਪ੍ਰਾਣ ਦਸਮ ਦੁਆਰ ਬੰਨ੍ਹ ਲਏ ਸਨ ਉਹਨਾਂ ਦੇ ਟਿਕਾਉ ਆਦਿ ਮੁਦ੍ਰਾ ਤੇ ਬੰਧ ਕਰਦਾ ਹੋਇਆ ਕਾਲ ਬੰਚਨ ਕ੍ਰਿਯਾ ਕਰ ਕਰਕੇ ਆਪ ਨੂੰ ਅਮਰ ਹੁੰਦਾ ਦੱਸਦਾ ਹੁੰਦਾ ਸੀ, ਓਹ 'ਅਗਮਨ'=(ਅ+ਗਮਨ) ਉਹ ਪ੍ਰਾਣਾਂ ਦਾ 'ਬੱਝਾ ਬੰਧਾਨ' ਕਿੱਥੇ ਚਲਾ ਗਿਆ ? ਇਹ ਅਗਵਨ ਕੀਕੂੰ ਯਾ ਕਿੱਥੇ ਗਿਆ ? ਭਾਵ ਉਸਦਾ ਦਾਅਵਾ ਕਿ ਮੈਂ ਕਾਲ ਸਾਧ ਲਿਆ ਹੈ, ਜਿਸਦਾ ਮੂਲ ਪ੍ਰਾਣਾਂ ਨੂੰ ਦਸਮ ਦੁਆਰ ਵਿਚ ਬੰਨ੍ਹ ਕੇ ਅਗਵਨ (ਟਿਕਾ ਲੈਣਾ) ਸੀ। ਉਹ ਫੇਰ ਹੈਰਾਨ ਹੋਕੇ ਪੁੱਛਦੇ ਹਨ:-ਹੈਂ ਹੇ ਜੋਗੀ ! ਉਹ ਕਿਥੇ ਗਿਆ ? ਤੇਰੀ ਤਾਂ ਪ੍ਰਾਣ ਰੂਪੀ ਡੋਰੀ ਹੀ ਤ੍ਰੁਟ ਗਈ ਤੇਰਾ ਦਸਮ ਦੁਆਰ ਜਿੱਥੇ ਪ੍ਰਾਣ ਬੰਨ੍ਹਦਾ ਹੁੰਦਾ ਸੈਂ ਉਹ ਬੀ ਬਿਨਸ ਗਿਆ ਤੇ ਉਹ ਜੋ ਤੇਰੇ-ਵਿਚ ਬੋਲਦਾ ਸੀ ਮੈਂ ਪ੍ਰਾਣਾਯਾਮ ਕਰਦਾ ਹਾਂ, ਮੈਂ ਮੁੱਦ੍ਰਾ ਤੇ ਬੰਧ ਬੰਨ੍ਹਦਾ ਹਾਂ, ਉਹ ਨਾਤਕ ਹਿੱਸਾ, ਗਲਾਂ ਕਰਨ ਵਾਲਾ ਹਿੱਸਾ, ਕਿੱਥੇ ਹੁਣ ਜਾ ਸਮਾਇਆ ਹੈ ? ਜਿਨ੍ਹਾਂ ਤੱਤਾਂ ਕਰਕੇ ਤੇ ਤੱਤਾਂ ਤੋਂ ਬਣੇ ਅੰਗਾਂ ਵਿਚ ਸਮਾਇਆ ਬੋਲਦਾ ਸੈਂ, ਉਹ ਤਾਂ ਰਹੇ ਨਹੀਂ, ਤੂੰ ਹੁਣ ਕਿਸ ਵਿਚ ਜਾ ਸਮਾਇਆ ਹੈਂ ?

ਇਹ ਖਿਆਲ ਸੰਸੇ ਦੀ ਸ਼ਕਲ ਵਿਚ ਦੱਸਕੇ ਕਹਿੰਦੇ ਹਨ ਕਿ ਕੋਈ ਮੈਨੂੰ ਖੋਹਲਕੇ ਠੀਕ ਤਰ੍ਹਾਂ ਨਹੀਂ ਸਮਝਾਉਂਦਾ ਕਿ ਜੀਵ ਮਰਕੇ ਕਿੱਥੇ ਜਾਂਦਾ ਹੈ ? ਇਹ ਪ੍ਰਸ਼ਨ ਪਿੱਛੇ ਕਰਕੇ* ਪਿੰਡਿ ਮੂਐ ਜੀਉ ਕਿਹ ਘਰਿ ਜਾਤਾਂ ਦਾ ਉੱਤਰ ਦੇ ਆਏ ਹਨ ਤੇ ਭਗਤ ਗਜਾਨੀ ਦੇ ਜੀ ਦੇ ਅੰਤ ਮਗਰੋਂ ਹਾਲ ਦਾ ਪਤਾ ਦੇ ਆਏ ਹਨ; ਪਰ ਜੋ ਭਗਤ ਗਜਾਨੀ ਨਹੀਂ ਉਸ ਬਾਬਤ ਇਥੇ ਸੰਸਾ ਕਰਦੇ ਹਨ। ਭਗਤ ਗਜਾਨੀ ਤਾਂ ਸਾਰੀ ਉਮਰ ਜਿਸ ਦੇ ਪਜਾਰ ਵਿਚ ਰਿਹਾ ਸੁਤੇ ਹੀ ਉਸ ਪਾਸ ਗਿਆ, ਪਰ ਨਾਸਤਕ ਯਾ ਆਪਣੇ ਆਪ ਤੇ ਭਰੋਸਾ ਰੱਖਣ ਵਾਲੇ ਭਗਤੀ ਤੋਂ ਖਾਲੀ ਆਸਤਕ ਕਿੱਥੇ ਜਾਣਗੇ ?

ਅੰਕ ੨-ਇਸ ਕਹਿਣ ਵਿਚ ਕੋਈ ਸੰਸਾ ਨਾ ਰਹੇ ਅਗਲੀ ਤੁਕ ਵਿਚ ਹੋਰ ਸਪਸ਼ਟ ਕਰਦੇ ਹਨ ਕਿ ਹੁਣ ਪੰਜਾਂ ਤੱਤਾਂ ਦਾ ਬਣਿਆ ਬ੍ਰਹਮੰਡ ਜਿੱਥੇ ਹੈ ਉਥੇ ਤੇਰਾ ਪੰਜਾਂ ਤੱਤਾਂ ਦਾ ਸਰੀਰ ਹੀ ਨਹੀਂ ਹੈ। ਉਸ ਸਰੀਰ ਵਿਚ ਜੋ ਤੇਰਾ ਮਨ ਸੀ, ਜੋ ਨਾਨਾਂ ਖਿਆਲ ਸੋਚਾਂ ਵਿਦਯਾ ਤੇ ਵੀਚਾਰਾਂ ਦਾ ਰਚਨ-ਹਾਰ ਸੀ, ਉਹ ਬੀ ਨਹੀਂ ਹੈ ਤੇ ਇਸ 'ਪੰਜ ਤਤ ਤੇ ਮਨ ਨੂੰ' ਜੋੜਨੇ ਵਾਲਾ (ਪਰਮਾਤਮਾ) ਜੋ ਜੀਵ

---

*ਗਉੜੀ ਕਬੀਰ ਜੀ ਦਾ ਅਠਾਰ੍ਹਵਾਂ ਸ਼ਬਦ ਜੋ ਪਿੱਛੇ ਆ ਚੁਕਾ ਹੈ, ਦੇਖੋ ਪੰਨਾ ੧੯੯੦।

ਸ੍ਰੇਣੀ ਬਣਾ ਦੇਂਦਾ ਹੈ, ਉਹ ਆਪ ਤਾਂ ਸਦਾ ਅਤੀਤ ਹੈ, ਤੱਤਾਂ ਤੇ ਤੱਤਾਂ ਦੀ ਸਾਜਨਾ, ਅਤੇ ਮਨ ਤੇ ਮਨ ਦੀਆਂ ਹਦਬੰਦੀਆਂ ਤੋਂ ਉਪਰ ਹੈ। ਹੁਣ ਦੱਸੋ ਇਹ ਜੀਵ ਕਿਸ ਵਿਚ ਸਮਾਇਆ ਹੈ ? ਇਨ੍ਹਾਂ ਪ੍ਰਸ਼ਨਾਂ ਵਿਚ ਰੱਦ ਕਰ ਗਏ ਹਨ ਉਹਨਾਂ ਨੂੰ ਜੋ ਜੋਗ ਸਾਧਨਾਂ ਕਰਦੇ ਬੋਲੀਆਂ ਬੋਲਦੇ ਹਨ ਕਿ ਸਰੀਰ ਪੰਜਾਂ ਤੱਤਾਂ ਦਾ ਮੇਲ ਹੈ ਤੇ ਇਸ ਨੂੰ ਕਾਲ ਬੰਚਨ ਆਦਿ ਕ੍ਰਿਯਾ ਨਾਲ ਆਪ ਅਮਰ ਕਰ ਸਕੀਦਾ ਹੈ।

ਅੰਕ ੩- ਜੋਗੀ ਦੇ ਦਾਅਵੇ ਤੇ ਉਹਨਾਂ ਦੇ ਨਾ ਪੂਰੇ ਹੋਣ ਦੇ ਇਸ਼ਾਰੇ ਦੇਕੇ ਹੁਣ ਸਿੱਟੇ ਵਲ ਝੁਕਦੇ ਹਨ: ਕਹਿੰਦੇ ਹਨ ਕਿ ਕੋਈ ਨਹੀਂ ਦਿਸੱਦਾ ਜਿਸ ਪਾਸੋਂ ਇਹ ਮਨ, ਸ਼ਰੀਰ, ਜੀਵ ਦੀ ਕਲਾ ਜੋੜਿਆਂ ਜੁੜ ਸਕੇ; ਭਾਵ 'ਚੇਤਨ ਵਜਕਤੀਆਂ ਕੋਈ ਪੈਦਾ ਨਹੀਂ ਕਰ ਸਕਦਾ' ਤੇ ਨਾ ਹੀ ਇਸ ਨੂੰ ਕੋਈ ਨਾਸ਼ ਕਰ ਸਕਦਾ ਹੈ*। ਜਦ ਇਹ ਗੱਲ ਹੈ ਤਾਂ ਏਥੇ ਜੋ ਜੋਗੀ ਰਾਜ ਕਿਸੇ ਦੇ ਠਾਕੁਰ ਬਣੇ ਹੋਏ ਸਨ, ਤੇ ਕਿਸੇ ਜੋਗੀ ਦੇ ਪਹਿਲੋਂ ਆਪ ਦਾਸ ਸਨ ਤੇ ਚੇਲੇ ਕਈ ਹੋਰ ਚੇਲੇ ਬਣਨ ਲਈ ਘਰਾਂ ਤੋਂ ਟੁਰਕੇ ਸ਼ਰਧਾ ਨਾਲ ਆਉਣ ਜਾਣ ਵਾਲੇ ਸਨ; ਸਾਰੀ ਖੇਡ ਏਥੇ ਮੁੱਕ ਚੁਕੀ ਹੈ। ਹਰ ਥਾਂ ਇਹ ਖੇਡ ਇਸੀ ਤਰ੍ਹਾਂ ਮੁੱਕ ਜਾਂਦੀ ਹੈ। ਇਸ ਲਈ ਵੈਰਾਗ ਦੀ ਇਕ ਲੰਮੀ ਨਦਰ ਪਾਕੇ ਕਹਿੰਦੇ ਹਨ ਕਿ ਠਾਕਰ ਸੇਵਕ ਚੇਲਾ ਸਾਰੇ ਸਨਬੰਧ ਸੁਪਨੇ ਮਾਤ੍ਰ ਹਨ, ਜਿਸ ਦੇ ਜੀਉਂਦੇ ਜੀ ਬੜੇ ਬੜੇ ਮਾਨ ਦਾਅਵੇ ਬੰਨ੍ਹੀਦੇ ਹਨ। ਹੋ ਸਕਦਾ ਹੈ ਦੂਰ ਦਾ ਅਭਿਪ੍ਰਾਯ ਕਬੀਰ ਜੀ ਦਾ ਇਹ ਬੀ ਹੋਵੇ -

ਉਹੋ ਪ੍ਰਭੂ ਠਾਕਰ ਹੈ, ਉਸ ਦੇ ਸੇਵਕ ਹਾਂ, ਉਸੇ ਦੀ ਸ਼ਰਣ ਜਾਣਾ ਹੀ ਉੱਤਮ ਹੈ।

ਅੰਤ ਅੰਕ ੪ ਵਿਚ ਆਪਣਾ ਅਮਲੀ ਸਿਧਾਂਤ ਦੱਸਦੇ ਹਨ ਕਿ ਨਾਂ ਤਾਂ ਕਿਉਂ ਤੇ ਕਿਵੇਂ ਵਿਚ ਹੋਵੋ, ਨਾ ਜੋੜਨ ਤੋੜਨ ਵਿਚ ਲੱਗੋ, ਉਹ ਜੋ 'ਤੱਤਾਂ, ਜੀਵਾਂ, ਤੇ ਮਨਾ' ਦਾ ਜੋੜਨਹਾਰ ਹੈ ਜਿਥੇ ਉਹ ਵਸਦਾ ਹੈ ਉਸ ਵਿਚ ਲਿਵ ਲਾਓ।

ਲਿਵ ਲਾਵਹੁ ਤਿਸੁ ਰਾਮ ਸਨੇਹੀ॥   [ਗਉੜੀ ਮਹਲਾ ੫ ਸੁਖਮਨੀ, ੬-੩]

ਤੇ ਇਹ ਗਲ ਕਿ ਕਿਉਂ ਤੇ ਕੀਕੂੰ ਹੋਇਆ ਉਸੇ ਪਰ ਛਡੋ, ਉਹੋ ਜਾਣਦਾ ਹੈ। ਤੁਸੀਂ ਨਾਸ਼ਮਾਨ ਹੋ, ਅੰਤ ਵਿਚ ਹੋ। ਦਾਅਵੇ ਬੰਨ੍ਹਣ ਵਾਲੇ ਕਾਲ ਬੰਚਨ ਕ੍ਰਿਯਾ ਤੇ ਪ੍ਰਾਣਾਯਮ ਆਦਿ ਕਰਨ ਕਰਕੇ ਉਮਰਾਂ ਵਧਾ ਵਧਾ ਕੇ ਕਾਲ ਜਿੱਤ ਜਿੱਤ ਅੰਤ ਮਰ ਜਾਂਦੇ ਹਨ, ਤਾਂ ਤੇ ਇਹ 'ਕਾਲ ਦੀ ਮਿਤਿ' ਵਿਚ ਹਨ, 'ਦੇਸ ਦੀ ਮਿਤਿ' ਵਿਚ ਹਨ; ਇਸ ਕਰਕੇ ਸਰੀਰ ਤੇ ਦਸਮ ਦੁਆਰ ਮਰ ਮੁੱਕ ਜਾਂਦੇ ਹਨ, ਇਸੇ ਕਰਕੇ ਇਹ ਅਮਰ ਨਹੀਂ ਤੇ ਸਰਵੱਗ ਨਹੀਂ ਹਨ, ਉਹ ਅਬਿਨਾਸੀ ਹੈ, ਸਰਵੱਗ ਹੈ ਉਹੀ ਜਾਣਦਾ ਹੈ। ਤੁਸੀਂ ਉਸ ਨਾਲ ਪਿਆਰ ਪਾਓ, ਉਸ ਵਿਚ ਲਿਵ ਲਾਓ, ਉਸ ਨੂੰ ਇਉਂ ਪ੍ਰਾਪਤ ਹੋਕੇ ਅਵਿਨਾਸ਼ੀ ਹੋ ਜਾਓ। ਅਮਲੀ ਜੀਵਨ, ਅਮਲੀ ਤਰੀਕਾ ਕਲਜਾਣ ਦਾ ਇਹ ਹੈ।

ਇਹ ਤਾਂ ਸ਼ਬਦ ਵਿਚ ਦਿੱਤੇ ਪਦਾਂ ਪਦਾਰਥਾਂ ਤੇ ਸ੍ਰੀ ਕਬੀਰ ਜੀ ਦੇ ਹੋਰ ਬਾਣੀ ਵਿਚ ਦੱਸੇ ਖਿਆਲਾਂ ਤੋਂ ਅਰਥ ਤੇ ਭਾਵ ਇਸ ਦੇ ਸ਼ਬਦ ਦੇ ਵਿਚੋਂ ਲੱਝਦੇ ਹਨ। ਇਨ੍ਹਾਂ ਤੋਂ ਛੁੱਟ ਵੇਦਾਂਤ ਪੱਖ ਦੇ ਵੇਤਾ ਸਜਣ ਸਾਰੇ ਸ਼ਬਦ ਨੂੰ ਵੇਦਾਂਤ ਦੇ ਪਦਾਂ ਪਦਾਰਥਾਂ ਵਿਚ ਥੋੜੇ ਥੋੜੇ ਫਰਕ ਤੇ ਵਰਣਨ ਕਰਦੇ ਹਨ। ਉਹਨਾਂ ਦਾ ਨਮੂਨਾ ਇਸ ਪ੍ਰਕਾਰ ਹੈ :—

ਇਸ ਸ਼ਬਦ ਵਿਚ ਓਹ ਦੱਸਦੇ ਹਨ ਕਿ 'ਗਿਆਨਵਾਨ ਦੀ ਦ੍ਰਿਸ਼ਟੀ' ਕਥਨ ਕੀਤੀ ਗਈ ਹੈ :-

---

*ਜੇ ਕੋਈ ਕਹੇ ਕਿ ਇਕ ਦੂਜੇ ਯਾ ਆਪੇ ਜ਼ਹਿਰ ਯਾ ਹਥਿਆਰ ਨਾਲ ਚੇਤਨਾ ਕਲਾ ਸਰੀਰ ਤੋਂ ਤੋੜ ਸਕੀਦੀ ਹੈ ਤਾਂ ਅਸੀਂ ਮਰਨ ਦੇ 'ਜ਼ਰੀਏ' ਨੂੰ ਵਰਣਨ ਕਰ ਰਹੇ ਹਾਂ ਕਾਰਣ ਨੂੰ ਨਹੀਂ। ਜੀਮਣ ਮਰਨ ਤਾਂ ਹੁਕਮ ਹੈ, ਚਾਹੋ ਕਿਸੇ ਵਸੀਲੇ ਹੋ ਜਾਏ। ਜੇ ਕੋਈ ਮਰਦਾ ਹੈ ਜੋੜਨ ਤੋੜਨਹਾਰ ਪ੍ਰਭੂ ਦੇ ਹੁਕਮ ਨਾਲ ਮਰਦਾ ਹੈ। ਚਾਹੋ ਬੀਮਾਰੀ ਨਾਲ, ਚਾਹੋ ਹਥਿਆਰ ਨਾਲ, ਆਤਮਘਾਤ ਨਾਲ। ਗੁਰੂ ਜੀ ਦਾ ਵਾਕ ਹੈ:—

ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ...........॥   [ਵਾਰ ਵਡਹੰਸੁ ਮਹਲਾ ੪-੨੧]

ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ ॥

ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ ॥ ੧ ॥

ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ ॥ ਏਹ ਸੰਸਾ ਮੋ ਕਉ ਅਨਦਿਨੁ ਬਿਆਪੈ ਮੋ ਕਉ ਕੋ ਨ ਕਹੈ ਸਮਝਾਈ ॥੧॥ ਰਹਾਉ ॥

ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ ॥ ਜੋੜਨਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ ॥੨॥

ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ ॥ ਕਾ ਕੋ ਠਾਕੁਰੁ ਕਾ ਕੋ ਸੇਵਕੁ ਕੋ ਕਾਹੂ ਕੈ ਜਾਸੀ ॥੩॥

ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ ॥ ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ ਤਉ ਸਦਾ ਅਬਿਨਾਸੀ ॥੪॥੧॥੫੨॥

ਜਿਥੇ ਪਹਿਲੋਂ ਅਗਜਾਨ ਕਾਲ ਵਿਚ ਮਿਥਜਾ ਗਿਆਨ ਕਰਕੇ) 'ਕੁਛ ਸਚ ਮੁਚ ਹੈ' ਭਾਸਦਾ ਸੀ (ਹੁਣ ਗਿਆਨ ਹੋ ਜਾਣ ਤੇ) 'ਕੁਛ ਬੀ ਨਹੀਂ' ਭਾਸਦਾ (ਹੁਣ 'ਕੇਵਲ ਸ਼ੁੱਧ ਆਪਾ' ਅਨੁਭਵ ਹੁੰਦਾ ਹੈ। ਪਹਿਲਾਂ) ਪੰਜਾਂ ਤਤਾਂ (ਦੀ ਰਚਨਾ ਦਿੱਸਦੀ ਸੀ ਹੁਣ ਪੰਜੇ ਤਤ ਅਪਣੇ ਕਾਰਣ ਮਹਿਤਤ੍ਵ ਆਦਿ ਸਮੇਤ) ਨਹੀਂ ਰਹੇ (ਭਾਵ ਸ਼ੁੱਧ ਚੇਤਨ ਹੀ ਚੇਤਨ ਦਿੱਸਦਾ ਹੈ ਹੋਰ ਸਭ ਕੁਛ ਜੋ ਪਹਿਲੇ 'ਹੈ' ਦਿੱਸਦਾ ਸੀ ਉਸੇ ਵਿਚ ਵਿਲੈ ਹੋ ਗਿਆ ਹੈ) ਇਨਾਂ ਪੰਜਾਂ ਤੱਤਾਂ ਦੀ ਦੇਹੀ ਨੂੰ ਅਮਰ ਕਰਨੇ ਲਈ ਜੋ) ਇੜਾ ਪਿੰਗਲਾ ਸੁਖਮਨਾ ਵਿਚ ਪ੍ਰਾਣ ਵਾਯੂ ਬੰਨ੍ਹਦੇ ਸਾਂ ਉਹ ਬਧੇ ਬੰਧਾਏ (ਮੁਦ੍ਰਾ ਬੰਧ ਆਦਿ) ਕਿਤੇ ਦੇ ਕਿਤੇ ਚਲੇ ਗਏ ਹਨ। ਤਾਗਾ (=ਮੋਹ) ਟੁਟ ਗਿਆ ਗਗਨ (=ਲੋਭ) ਨਾਸ਼ ਹੋ ਗਿਆ ਹੈ; 'ਤੇਰਾ ਮੇਰਾ' (ਜੋ ਸਾਡੇ) ਬੋਲਣ ਵਿਚ ਆਉਂਦਾ ਸੀ (ਹੁਣ ਸ਼ੁਧ ਸਰੂਪ ਵਿਚ) ਕਿਥੇ ਸਮਾ ਸਕੇ (ਭਾਵ ਉਹ ਬੀ ਨਹੀਂ ਰਿਹਾ)। ਇਹ ਜੋ (ਬ੍ਰਿਤੀ ਵਿਚ) ਸੰਸਾ' ਹੈ (ਇਹ) ਮੈਨੂੰ ਦਿਨ ਰਾਤ ਵਜਾਪਦਾ ਸੀ ਤੇ ਮੈਨੂੰ ਕੋਈ ਨਹੀਂ ਸੀ ਕਹਿੰਦਾ (ਇਸ ਨੂੰ ਦੂਰ ਨਹੀਂ ਸੀ ਕਰਦਾ। ਉਸ ਦੀ ਹੁਣ ਮੈਨੂੰ ਗੁਰੂ ਤੋਂ ਸਮਝ+ਆਈ=) ਸਮਝ ਆ ਗਈ ਹੈ। ਜਿਥੇ (ਅੱਗੇ) ਬ੍ਰਹਮੰਡ (ਕਲਪਿਆ ਹੋਇਆ ਸੀ ਕਿ ਪਰਮਾਤਮਾ ਵਿਚ ਹੈ) ਓਥੇ (ਹੁਣ ਅਪਣਾ) ਸ਼ਰੀਰ ਬੀ ਨਹੀਂ (ਦਿੱਸ ਆਂਵਦਾ; ਭਾਵ ਸਮਸ਼ਟੀ ;ਵਜਸ਼ਟੀ ਦੋਹਾਂ ਪ੍ਰਕਾਰਾਂ ਦੀ ਰਚਨਾ ਦਾ ਅਭਾਵ ਹੋ ਗਿਆ ਹੈ। ਫੇਰ ਅਗੇ ਅਸੀਂ 'ਮਹਿਤਤ੍ਵ ਤੇ ਮਨ' ਨੂੰ ਜੋੜਕੇ ਸਾਰੇ ਪਦਾਰਥਾਂ ਦੀ ਰਚਨਾ ਕਰਦੇ ਹੁੰਦੇ ਸੀ) ਉਹ ਰਚਣਹਾਰ (ਬ੍ਰਿਤੀ) ਬੀ ਨਹੀਂ ਰਹੀ। (ਜਿਸ ਨੂੰ ਤੁਸੀਂ) ਜੋੜਨਹਾਰ (ਆਖਦੇ ਹੋ ਉਹ ਬ੍ਰਹਮ ਤਾਂ) ਸਦਾ ਅਤੀਤ ਹੈ (ਤਦ) ਇਹ (ਬ੍ਰਹਮਾਂਡ ਆਦਿਕ) ਕਿਸ ਵਿਚ ਹੈ ਆਖ ਹੀ ਨਹੀਂ ਸਕੀਦਾ। (ਅਰਥਾਤ ਬ੍ਰਹਮੰਡ ਆਦਿ ਉਪਾਧੀ ਆਖ ਹੀ ਨਹੀਂ ਸਕੀਦੀ ਕਿ ਉਸ ਵਿਚ ਹੈ)। (ਐਸੀ ਦ੍ਰਿਸ਼ਟੀ ਵਾਲੇ ਬ੍ਰਹਮ ਗਿਆਨੀ ਦੀ ਬ੍ਰਿਤੀ ਅਭਜਾਸ ਦੁਆਰਾ) ਜੋੜੀ ਹੋਈ (ਐਸੀ) ਜੁੜੀ ਹੁੰਦੀ ਹੈ (ਕਿ ਕਿਸੇ ਪ੍ਰਤਿਬੰਧਕ ਸਾਮਾਨ ਨਾਲ) ਤੋੜੀ ਹੋਈ ਫੁੱਟ ਹੀ ਨਹੀਂ ਸਕਦੀ (ਇਹ ਜੁੜੀ ਹੋਈ ਬ੍ਰਿਤੀ ਦੀ ਸਦਾ ਜੁੜੀ ਦਸ਼ਾ) ਬਿਨਾਸ ਤਕ ਰਹਿੰਦੀ ਹੈ (ਭਾਵ ਮਰਨੇ ਤਕ ਕਾਇਮ ਰਹਿੰਦੀ ਹੈ)। (ਹੁਣ ਜੋ ਭੇਦ ਬੁਧੀ ਹੁੰਦੀ ਸੀ) ਕੋਈ ਠਾਕਰ ਹੈ ਕੋਈ ਸੇਵਕ ਹੈ, ਕੋਈ ਪੂਜਜ ਬਣਕੇ ਬੈਠਾ ਹੈ ਕੋਈ (ਦਰਸ਼ਨ ਨੂੰ) ਗਿਆ ਹੈ (ਦੂਰ ਹੋ ਜਾਂਦੀ ਹੈ ਇਕ ਸਰਬ ਵਜਾਪੀ ਬ੍ਰਹਮ ਹੀ ਬ੍ਰਹਮ ਦਿੱਸ ਆਂਵਦਾ ਹੈ)। ਕਬੀਰ ਜੀ ਆਖਦੇ ਹਨ (ਕਿ ਐਸੇ ਬ੍ਰਹਮ ਗਜਾਨੀ) ਪੁਰਖ ਦੀ ਬ੍ਰਿਤੀ ਲਿਵ=) ਅਖੰਡਾਕਾਰ ਉਸ ਬ੍ਰਹਮ ਵਿਚ ਲਗ ਜਾਂਦੀ ਹੈ ਜਿਥੇ ਕਿ (ਹੁਣ ਉਹ) ਸਦੀਵ ਹੀ ਵਸਦੀ ਹੈ। (ਅਥਵਾ ਜਿਥੇ ਯਾ ਜਿਸ ਵਿਚ ਦਿਨ ਰਾਤ ਆਦਿ ਕਲਪਤ ਵੇਰਵੇ ਰਹਿ ਚੁਕੇ ਹਨ ਉਸ ਬ੍ਰਹਮ ਵਿਚ ਸਦਾ ਬ੍ਰਿਤੀ ਲਿਵਲੀਨ ਰਹਿੰਦੀ ਹੈ। ਹੁਣ ਦੱਸਦੇ ਹਨ ਕਿ) ਉਸ (ਬ੍ਰਹਮ) ਦਾ ਮਰਮ (=ਸਰੂਪ) ਓਹੀ (ਬ੍ਰਹਮ ਗਜਾਨੀ) ਜਾਣਦਾ ਹੈ (ਕਿਉਂਕਿ) ਉਹ ਤਾਂ ਹੁਣ (ਉਸ ਸਦਾ ਬ੍ਰਹਮ ਸਰੂਪਤਾ ਵਿਚ ਆਪ) ਨਾਸ਼ ਰਹਿਤ (ਬ੍ਰਹਮ ਸਰੂਪ) ਹੋ ਗਿਆ ਹੈ।

ਏਹ ਅਰਥ ਸਨਾਤਨ ਸੰਪ੍ਰਦਾਈ ਨਹੀਂ; ਅਦ੍ਵੈਤ ਵਾਦੀ ਵੇਦਾਂਤੀਆਂ ਦੇ ਆਪਣੇ ਸਿਧਾਂਤ ਨਾਲ ਢੁਕਾਏ ਅਰਥ ਭਾਵ ਹਨ। ਪਰ ਹੁਣ ਸੰਪ੍ਰਦਾਈ ਗਜਾਨੀ ਇਨ੍ਹਾਂ ਅਰਥਾਂ ਨੂੰ ਦੂਸਰਾ ਅਰਥ ਕਹਿਕੇ ਕਈ ਵੇਰ ਸੁਣਾਦਿਆ ਕਰਦੇ ਹਨ।

ਇਹ ਅਰਥ ਵਜਾਕਰਣ ਤੇ ਕੋਸ਼ ਦੀ ਬੰਦਸ਼ ਤੋਂ ਬੀ ਬਹੁਤ ਥਾਂਈ ਸੁਤੰਤ੍ਰ ਹਨ। ਜੋ ਕੁਛ ਪਦਾਂ ਤੇ ਪਦਾਰਥਾਂ ਦੇ ਪੂਰਬ ਅਪਰ ਮੇਲਿਆਂ ਸਿੱਟੇ ਨਿਕਲਦੇ ਹਨ ਉਸ ਦੀ ਬੀ ਵਿਵੇਚਨਾ ਇਸ ਵਿਚ ਨਹੀਂ ਸਫਲ ਹੁੰਦੀ।

ਸੂਚਨਾ— ਕਬੀਰ ਜੀ ਦਾ ਅਪਣਾ ਆਸ਼ਯ ਸਮਝਣੇ ਲਈ ਇਸ ਸ਼ਬਦ ਦੀ ਮੁਤਾਲਿਆ ਵੇਲੇ ਆਪਦੇ ਦੋ ਸ਼ਬਦ ਹੋਰ ਪੜ੍ਹਨੇ ਚਾਹੀਏ:-(੧) ਗਉੜੀ ਕਬੀਰ ਜੀ, ਸ਼ਬਦ ੧੮ 'ਪਿੰਡਿ ਮੂਐ ਜੀਉ ਕਿਹ ਘਰਿ ਜਾਤਾ।। (੨) ਗੌਂਡ ਕਬੀਰ ਜੀ ਸ਼ਬਦ ਤੀਸਰਾ-ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ।।

ਨਿਰੁਕ੍ਤ—**ਪੰਚ ਤਤੁ**—ਪੰਜ ਤਤ। ਤਤ ਏਥੇ 'ਇਕ ਬਚਨ' ਪਿਆ ਹੈ। ਇਸ ਕਰਕੇ ਪੰਜੇ ਤਤ ਅਰਥ ਨਹੀਂ ਲੈਣੇ ਪਰ 'ਪੰਚ ਤਤ ਵਾਲਾ ਸਰੀਰ' ਮੁਰਾਦ ਲੈਣੀ ਹੈ।

ਬੰਦੇ—ਬੰਨ੍ਹਦਾ ਸੀ। ਭਾਵ ਪ੍ਰਾਣ ਵਾਯੂ ਨੂੰ ਤ੍ਰੈ ਨਾੜੀਆਂ ਦ੍ਵਾਰਾ ਸਾਧਕੇ ਕਈ ਤਰ੍ਹਾਂ ਦੀਆਂ ਮੁੱਦ੍ਰਾ ਤੇ ਬੰਧਾ ਦੇ ਬੰਧਾਨ ਬੰਨ੍ਹਦਾ ਹੁੰਦਾ ਸੀ। ਪ੍ਰਾਣ ਵਾਯੂ ਨੂੰ ਦਸਮ ਦੁਆਰ ਦੇ ਮੁੱਢ ਵਿਚ ਬੰਨ੍ਹਦਾ ਸੀ।

(ਅ) 'ਹੇ ਬੰਦੇ' ਬੀ ਅਰਥ ਕਰਦੇ ਹਨ।

ਅਗਵਨ—ਅ+ਗਵਨ = ਅ+ਗਮਨ [ਸੰਸ:, ਗਮਨਮ੍] = ਚਾਲ, ਗਤਿ: ਪਹੁੰਚ, ਟੋਰ। ਜਿਥੇ ਯਾ ਜਿਸ ਦਾ ਗਮਨ (=ਜਾਣਾ) ਨਾ ਹੋਵੇ। ਰੋਕੇ ਰੁਕਾਏ। ਤ੍ਰੈ ਨਾੜੀਆਂ ਵਿਚ ਅਭਿਆਸ ਕਰਦਿਆਂ ਦਸਮ ਦੁਆਰ ਵਿਚ ਜੋ ਪ੍ਰਾਣ 'ਅਗਮਨ' ਕਰ ਲਏ ਸਨ, ਬੰਨ੍ਹ ਲਏ ਸਨ। ਗਮਨ ਕਰਨੋ ਰੋਕ ਲਏ ਸਨ।

(ਅ) ਇਸ ਪਦ ਦਾ ਅਕਸਰ ਪਾਠ 'ਅਵਗਨ' ਬੀ ਮਿਲਦਾ ਹੈ ਤਦ ਅਰਥ (ਅਵ=) ਅਬ, ਹੁਣ ਯਾ ਵਿਸ਼ੇਸ਼ ਕਰਕੇ, (ਗਨ=) ਗਣਨ (=ਗਿਣਤੀ) ਕਰ ਲਿਆ ਜਾਂਦਾ ਹੈ ਕਿ ਇੜਾ ਆਦਿ ਨਾੜੀਆਂ ਵਿਚ ਪ੍ਰਾਣਾਂ ਦੇ ਲਿਜਾਣ ਲਿਆਉਣ ਦੀ ਪ੍ਰਮਾਣਾਂ ਦੀ ਗੇਣਤੀ ਕਰਨੀ ਤੇਰੀ ਕਿੱਥੇ ਚਲੀ ਗਈ। ਪ੍ਰਾਣ ਵਾਯੂ ਨੂੰ 'ਕਿਤਨੇ ਪ੍ਰਮਾਣ' ਰੋਕਿਆ ਹੈ, ਇਹ ਗਿਣਤੀ ਪ੍ਰਾਣਾਂ ਰੋਕਣ ਵਿਚ ਵਰਤੀ ਜਾਂਦੀ ਹੈ। ਤਾਗਾ ਧਾਗਾ। ਪ੍ਰਾਣਾ ਰੂਪੀ ਧਾਗਾ।

ਗਗਨੁ-ਆਕਾਸ਼। ਭਾਵ ਦਸਮ ਦੁਆਰ ਤੋਂ ਹੈ।

ਬੋਲਤੁ-ਜੋ ਬੋਲਦਾ ਸੀ। ਭਾਵ ਬੋਲਣਹਾਰ। ਚੇਤਨ ਸੱਤਾ।

ਬਰਭੰਡੁ—[ਸੰਸ:, ਬ੍ਰਹਮਾਂਡ = ਉਹ ਖ਼ਾਸ ਆਂਡਾ ਜਿਸ ਦੇ ਵਿਚੋਂ ਸਾਰਾ ਜਗਤ ਪੈਦਾ ਹੋਯਾ] ਵਿਸ਼੍ਵ। ਸਾਰਾ ਜਗਤ।

ਪਿੰਡੁ-ਸੰਸ:, ਪਿਡ: ਜਾਂ ਪਿਣ:= ਸਰੀਰ, ਕਾਯਾ] ਸਰੀਰ।

ਡ

ਰਚਨਹਾਰੁ—ਬਨਾਉਣ ਵਾਲਾ। ਏਥੇ ਭਾਵ ਮਨ ਤੋਂ ਹੈ।

ਜੋੜਨਹਾਰ—ਜੋੜਨ ਵਾਲਾ। ਭਾਵ 'ਪਰਮਾਤਮਾ ਤੋਂ ਹੈ ਜੋ ਜੜ੍ਹ ਚੇਤਨ ਜੋੜਕੇ ਸ੍ਰਿਸ਼ਟੀ ਬਣਾਉਂਦਾ ਹੈ। **ਅਤੀਤਾ**—[ਸੰਸ:, ਅਤੀਤ: = ਦੁਨਿਆਵੀ ਬੰਧਨਾਂ ਤੋਂ ਆਜ਼ਾਦ] ਅਲਗ, ਵੱਖਰਾ, ਅਲੇਪ। **ਬਿਨਾਸੀ**—[ਸੰਸ:, ਵਿਨਾਸ਼ਨੰ = ਨਾਸ਼, ਬਰਬਾਦੀ] ਬਿਨਾਸਤਾ। ਨਾਸ਼ ਹੋਣ ਦੀ ਦਸ਼ਾ। ਵਿਨਾਸ਼। **ਕਾਕੋ**-ਕਿਸ ਦਾ ?

ਉਆ ਕਾ—ਉਸ ਦਾ। ਭਾਵ ਉਸ ਜੋੜਨਹਾਰ ਪਰਮਾਤਮਾ ਦਾ।

ਮਰਮੁ—[ਸੰਸ:, ਮਰ੍ਮ=ਗੁਪਤ ਭੇਦ] ਗੁੱਝਾ ਭੇਦ।

ਅਬਿਨਾਸੀ—[ਸੰਸ:, ਅ+ਵਿਨਾਸ਼ੀ=ਵਾਹਿਗੁਰੂ] ਨਾਸ਼ ਰਹਿਤ। ਸਦਾ ਥਿਰ। ਪਰਮਾਤਮ ਦੇਵ ਜੋ ਕਦੇ ਨਾਸ਼ ਨੂੰ ਪ੍ਰਾਪਤ ਨਹੀਂ ਹੁੰਦਾ।

[ਗਉੜੀ ਕਬੀਰ ਜੀ, ਚਉਪਦਾ—੫੩]

ਪ੍ਰਾਕ੍ਕਥਨ— ਇਸ ਸ਼ਬਦ ਦੀ ਉਥਾਨਕਾ ਇਹ ਹੈ ਕਿ ਕਿਸੇ ਹਠ ਯੋਗੀ ਨੇ, ਜੋ ਮੁੰਦਰਾਂ ਆਦਿ ਪਹਿਨਣ ਵਾਲਾ ਗੋਰਖ ਮਤਾਵਲੰਬੀ ਸੀ, ਕਬੀਰ ਜੀ ਨੂੰ ਸੁਮਤਿ ਦਿਤੀ ਕਿ ਭੇਖ ਧਾਰਨ ਕਰੋ; ਭੇਖ ਬਿਨਾ ਸਾਧੂ ਪਨੇ ਦਾ ਪ੍ਰਭਾਵ ਨਹੀਂ ਪੈਂਦਾ। ਆਪ ਨੇ ਕਿਹਾ:ਕੌਣ ਭੇਖ ਧਾਰਨ ਕਰਾਂ ? ਤਾਂ ਉਸ ਨੇ ਅਪਣੇ ਮਤਿ ਦੇ ਸਾਰੇ ਚਿੰਨ੍ਹ ਵਰਣਨ ਕੀਤੇ ਤੇ ਕਿਹਾ ਕਿ ਇਹ ਧਾਰਨ ਕਰਕੇ ਇਸ ਮਾਰਗ ਅਨਕੂਲ ਟੁਰੋ। ਤਾਂ ਸ੍ਰੀ ਕਬੀਰ ਜੀ ਨੇ ਕਿਹਾ ਕਿ ਮੈਂ ਤਾਂ ਹਾਂ ਹੀ ਜੋਗੀ ਤੇ ਜੋਗ ਦੇ ਚਿੰਨ੍ਹ ਧਾਰਨ ਕਰ ਰਖੇ ਹਨ, ਪਰ ਮੈਂ ਵੈਰਾਗਵਾਨ ਜੋਗੀ ਹਾਂ, ਮੇਰੇ ਚਿੰਨ੍ਹ ਮਾਯਾ ਬਿਜਈ ਤੇ ਜਨਮ ਮਰਨ ਜਿੱਤਈ ਹੋਣ ਵਾਲੇ ਹਨ। ਤਦ ਹੈਰਾਨ ਹੋਕੇ ਜੋਗੀ ਨੇ ਪੁੱਛਿਆ: ਦਿੱਸਦੇ ਤਾਂ ਨਹੀਂ ਕਿੱਥੇ ਹਨ ? ਤਦ ਸ੍ਰੀ ਜੀ ਨੇ ਜੋ ਕੁਛ ਉੱਤਰ ਦਿਤਾ ਇਸ ਸ਼ਬਦ ਵਿਚ ਗ੍ਰੰਥਿਤ ਕੀਤਾ ਹੈ।

ਮੂਲ	ਅਰਥ
ਗਉੜੀ ॥ ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ ਬਾਹਰਿ ਖਿੰਥਾ ॥	(ਤੁਸੀਂ ਕੰਨਾਂ ਵਿਚ ਮੁੰਦ੍ਰਾਂ ਕੱਚ ਦੀਆਂ ਪਾਉਣ ਦਾ ਉਪਦੇਸ਼ ਦੇਂਦੇ ਹੋ ਮੈਂ) ਦੋ ਮੁੰਦ੍ਰਾ (ਜੋ) ਕੰਨਾਂ ਵਿਚ ਧਾਰਨ ਕੀਤੀਆਂ ਹਨ, (ਓਹ ਹਨ ਪਰਮਾਤਮਾ ਦਾ) ਧਯਾਨ (ਤੇ ਉਸ ਦਾ) ਸਿਮਰਣ। (ਫੇਰ ਤੁਸੀਂ ਤਨ ਦੇ) ਬਾਹਰ ਪਹਿਨਣੇ ਲਈ (ਖਿੰਥਾ=) ਗੋਦੜੀ (ਦੱਸਦੇ ਹੋ, ਉਸ ਦੀ ਥਾਵੇਂ ਮੈਂ) ਯਥਾਰਥ ਗਯਾਨ ਦੀ (ਗੋਦੜੀ ਪਹਿਨੀ ਹੋਈ ਹੈ)।
ਸੁੰਨ ਗੁਫਾ ਮਹਿ ਆਸਣੁ ਬੈਸਣੁ ਕਲਪ ਬਿਬਰਜਿਤ ਪੰਥਾ ॥੧॥	(ਫੇਰ ਤੁਸੀਂ) ਸੁੰਨਸਾਨ ਗੁਫਾ (ਵਿਚ ਬੈਠ ਕੇ ਕੋਈ ਕਾਲ ਸਮਾਧੀ ਲਾਉਣੀ ਦੱਸਦੇ ਹੋ ਮੈਂ ਸੁੰਨ=) ਅਫੁਰ ਬ੍ਰਹਮ ਵਿਚ (ਬ੍ਰਿਤੀ ਜੋੜ ਰੱਖੀ ਹੈ ਇਹ ਮੇਰਾ) ਆਸਣ ਹੈ (ਅਤੇ ਉਸ ਉਤੇ ਨਿਸ਼ਟ ਹੋ ਕੇ) ਬੈਠਣਾ ਹੈ। (ਤੁਸੀਂ ਜੋਗੀਆਂ ਦੇ ਪੰਥਾਂ ਵਿਚੋਂ ਮੈਨੂੰ ਇਕ ਵਿਚ ਦਾਖ਼ਲ ਹੋਣਾ ਜ਼ਰੂਰੀ ਦੱਸਦੇ ਹੋ ਮੈਂ ਕਈ ਤਰ੍ਹਾਂ ਦੀ) ਕਲਪਣਾ ਨੂੰ (ਅੰਦਰ ਵੜਨੋ) ਰੋਕ ਦੇਣ ਨੂੰ (ਅਪਣਾ) ਪੰਥ ਬਣਾਇਆ ਹੈ॥੧॥
ਮੇਰੇ ਰਾਜਨ ਮੈ ਬੈਰਾਗੀ ਜੋਗੀ ॥ ਮਰਤ ਨ ਸੋਗ ਬਿਓਗੀ ॥੧॥ਰਹਾਉ ॥	ਹੇ ਮੇਰੇ ਸਤਿਕਾਰ ਯੋਗ ਜੀ ! ਮੈਂ (ਇਸ ਪ੍ਰਕਾਰ ਦਾ) ਵੈਰਾਗਵਾਨ ਜੋਗੀ ਹਾਂ। (ਕਿਉਂਕਿ ਤੁਸੀਂ ਜੋਗ ਕਰਦੇ ਹੋ ਤੇ ਵਿਭੂਤੀਆਂ ਵਿਚ ਰਾਗ ਰਖਦੇ ਹੋ ਸੋ ਮੌਤ ਤੇ ਜਨਮ ਨੂੰ ਪ੍ਰਾਪਤ ਹੁੰਦੇ ਹੋ ਪਰ ਮੈਂ ਵੈਰਾਗ ਵਾਲਾ ਜੋਗੀ ਹਾਂ ਇਸ ਕਰਕੇ ਹੁਣ ਮੈਨੂੰ) ਮੌਤ ਦੇ ਵਿਛੋੜੇ ਹੋਣ ਦਾ ਸੋਗ ਨਹੀਂ ਵਾਪਰਦਾ॥੧॥ਰਹਾਉ॥
ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ ਸਭੁ ਜਗੁ ਭਸਮਾਧਾਰੀ ॥	(ਫੇਰ ਤੁਸਾਂ ਨੇ ਸਿੰਙੀ ਦੱਸੀ ਹੈ ਜਿਸ ਨੂੰ ਨਾਦ ਬੀ ਆਖਦੇ ਹੋ ਇਸ ਦੀ ਥਾਂਵੇਂ ਮੈਂ) ਬ੍ਰਹਮੰਡ ਤੇ ਉਸ ਦੇ ਖੰਡਾਂ ਵਿਚ (ਵਯਾਪਕ

ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ ॥੨॥

ਪਰਮਾਤਮਾ ਵਿਚ ਲੱਗੇ ਰਹਿਣ ਰੂਪ) ਸਿੰਙੀ (ਧਾਰਣ ਕੀਤੀ ਹੈ। ਸੁਆਹ ਦਾ ਗੋਲਾ ਜਿਸ ਨੂੰ ਬਟੂਆ ਆਖਦੇ ਹੋ ਉਸ ਦੀ ਥਾਂਵੇਂ ਮੈਂ) ਸਾਰੇ ਜਗਤ ਨੂੰ ਭਸਮ (=ਨਾਸ਼ ਰੂਪ) ਜਾਣਿਆ ਹੈ (ਇਹ) ਮੇਰਾ ਬਟੂਆ ਹੈ। (ਫੇਰ ਤੁਸੀਂ ਝੋਲੀ ਰਖਦੇ ਹੋ ਉਸ ਦੀ ਥਾਵੇਂ ਮੈਂ ਆਧਾਰੀ=) ਝੋਲੀ (ਉਸ ਆਧਾਰੀ=ਸਰਬਾ ਧਾਰ ਨੂੰ) ਬਣਾ ਰਖਿਆ ਹੈ। ('ਆਧਾਰੀ' ਪਦ ਸ਼ਲੇਖ ਵਿਚ ਹੈ)। (ਤੁਸੀਂ ਤ੍ਰਿਕੁਟ ਚੱਕ੍ਰ ਅਰਥਾਤ ਭਵਾਂ ਦੇ ਵਿਚਾਲੇ ਤਾੜੀ ਲਾਉਣੀ ਦੱਸਦੇ ਹੋ, ਪਰ ਮੇਰੀ) ਤਾੜੀ ਲੱਗੀ ਤ੍ਰੈ ਹਾਲਤਾਂ ਨੂੰ ਪਲਟਾ ਗਈ ਹੈ (ਭਾਵ ਜਾਗ੍ਰਤ ਸੁਪਨ ਤੇ ਸੁਖੋਪਤ ਤੋਂ ਤੁਰੀਆ ਵਿਚ ਲੈ ਗਈ ਹੈ। ਤੁਸੀਂ ਤ੍ਰਿਕੁਟ ਦੀ ਤਾੜੀ ਨਾਲ ਰਿੱਧੀਆਂ ਸਿੱਧੀਆਂ ਦੇ ਪਸਾਰੇ ਵਿਚ ਮੁੜ ਕੇ ਫਸਦੇ ਹੋ, ਮੇਰੀ ਤਾੜੀ ਨਾਲ ਸੁਰਤ ਵਿਚ ਜੋ ਤ੍ਰੈ ਗੁਣੀ) ਪਸਾਰਾ ਹੋਇਆ ਹੁੰਦਾ ਹੈ ਛੁਟ ਜਾਂਦਾ ਹੈ* ॥੨॥

ਮਨੁ ਪਵਨੁ ਦੁਇ ਤੂੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ ॥

ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ ॥੩॥

(ਤੁਸੀਂ ਦੋ ਤੂੰਬਿਆਂ ਵਾਲੀ ਕਿੰਗਰੀ ਵਜਾਉਂਦੇ ਹੋ ਮੈਂ) ਮਨ ਤੇ ਸੁਆਸ ਦੋ ਤੂੰਬੇ ਬਨਾ ਲਏ ਹਨ। ਇਨ੍ਹਾਂ (ਜੁਗ=) ਦੋਹਾਂ ਦੇ ਮੇਲ ਨੂੰ (ਮੈਂ ਤੂੰਬਿਆਂ ਨੂੰ) ਜੋੜਨ ਵਾਲੀ (ਕਿੰਗਰੀ) ਦੀ ਡੰਡੀ ਬਣਾ ਲਿਆ ਹੈ। (ਇਹ ਮੇਰੀ ਤੰਤੀ ਦੀ ਤਾਰ ਵਾਲਾ ਸਾਜ਼ ਭਾਵ) ਕਿੰਗਰੀ (ਇਕ ਵੇਰ ਦੀ) ਬਣੀ ਹੋਈ ਤ੍ਰਟਦੀ ਨਹੀਂ ਤੇ ਇਕ ਰਸ ਵਜਦੀ ਰਹਿੰਦੀ ਹੈ॥੩॥

ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ ॥ ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ ਖੇਲਿ ਗਇਓ ਬੈਰਾਗੀ ॥੪॥੨॥੫੩॥

(ਇਸ ਦਾ ਅਸਰ ਇਹ ਹੈ ਕਿ ਮੇਰੇ) ਮਨ ਜੀ (ਇਸ ਨੂੰ) ਸੁਣ ਸੁਣ ਕੇ ਪੂਰੀ ਤਰ੍ਹਾਂ ਮਗਨ ਹੋ ਗਏ ਹਨ (ਭਾਵ ਅਖੰਡਾਕਾਰ ਪ੍ਰਵਾਹ ਬ੍ਰਿਤੀ ਦਾ ਚੱਲ ਪਿਆ ਹੈ, ਹੁਣ ਇਸ ਨੂੰ) ਮਾਇਆ ਦਾ ਡੁਲਾਉ ਨਹੀਂ ਲਗਦਾ। ਕਬੀਰ ਜੀ ਕਹਿੰਦੇ ਹਨ, ਉਸ 'ਐਸੇ ਜੋਗੀ) ਨੂੰ ਫੇਰ ਮੁੜਕੇ ਜਨਮ ਨਹੀਂ ਹੁੰਦਾ (ਉਹ ਤਾਂ) ਵੈਰਾਗ ਵਾਲਾ (ਜੋਗੀ ਹੁੰਦਾ ਹੈ ਉਹ ਏਥੋਂ) ਬਾਜ਼ੀ ਜਿੱਤ ਕੇ ਜਾਂਦਾ ਹੈ॥੪॥੨॥੫੩॥

ਵਜਾਖਜਾ—ਇਸ ਸ਼ਬਦ ਦੇ ਪਾਠ ਤੋਂ ਪਤਾ ਲਗਦਾ ਹੈ ਕਿ ਇਸ ਵਿਚ ਹਠ ਜੋਗੀਆਂ ਦੇ ਖਾਸ ਕਰਕੇ ਗੋਰਖ ਮਤਿ ਦੇ ਜੋਗੀਆਂ ਦੇ ਭੇਖ ਦੇ ਪਦ ਵਰਤੇ ਗਏ ਹਨ ਤੇ ਉਨ੍ਹਾਂ ਦੀ ਥਾਂਵੇਂ ਕੋਈ ਹੋਰ ਚਿੰਨ੍ਹਾਂ ਨੂੰ ਧਾਰਨੇ ਦਾ ਜ਼ਿਕਰ ਹੈ ਜਿਨ੍ਹਾਂ ਨੂੰ ਕਿ ਜੋਗੀਆਂ ਦੇ ਭੇਖਿਕ ਚਿੰਨ੍ਹਾਂ ਤੋਂ ਸ੍ਰੇਸ਼ਟ ਦੱਸਿਆ ਹੈ। ਕਈ ਜਗਾ ਅਪਣੀ ਬਾਣੀ ਵਿਚ ਕਬੀਰ ਜੀ ਜੋਗ ਨੂੰ ਨੀਵਾਂ ਦਸ ਜਾਂਦੇ ਹਨ, ਕਈ ਜਗਾ ਜੋਗ ਦੀਆਂ ਕੁਛ ਪ੍ਰਕ੍ਰਿਆਂ ਨੂੰ ਸਲਾਹੁੰਦੇ ਬੀ ਹਨ, ਏਥੇ ਅਸਾਂ ਦੇਖਣਾ ਹੈ ਕਿ ਕੋਈ ਕੁੰਜੀ ਸ਼ਬਦ ਵਿਚ ਹੈ ਕਿ ਜਿਸ ਤੋਂ ਸਮਝ ਪਵੇ ਕਿ ਜਿਸ ਜੋਗ ਦਾ ਤਿਸਕਾਰ ਕਰ ਰਹੇ ਹਨ ਤੇ ਜਿਸ ਨੂੰ ਸਲਾਹ ਰਹੇ ਹਨ। ਐਸੇ ਕਰਨੇ ਦਾ ਕਾਰਣ ਕੀ ਹੈ ? ਤਦ ਸਾਨੂੰ ਦੋ ਜਗਾ ਇਕ ਪਦ ਮਿਲਦਾ ਹੈ 'ਬੈਰਾਗੀ'। ਪਹਿਲੀ

*ਸੰਪ੍ਰਦਾ ਵਿਚ ਐਉਂ ਬੀ ਲਾਉਂਦੇ ਹਨ:—ਪਸਾਰੇ (ਪਸ਼ਾਰੇ ਵਿਚ) ਹੁੰਲਿਆਂ ਛੂਟੈ (=ਮੁਕਤੀ) ਹੋ ਜਾਂਦੀ ਹੈ।

ਵੈਰ ਬੈਰਾਗੀ ਪਦ ਰਹਾਉ ਵਿਚ ਆਇਆ ਹੈ; ਓਥੇ ਨਾਲ ਮੈਂ ਪਦ ਵਰਤਿਆ ਹੈ। ਗੋਯਾ ਜਿਸ ਜੋਗੀ ਨਾਲ ਗੱਲਾਂ ਕਰ ਰਹੇ ਹਨ, ਉਹ ਜੋਗੀ ਹੈ ਪਰ 'ਵੈਰਾਗ ਸ਼ੂਨਯ' ਹੈ। 'ਵੈਰਾਗ ਸ਼ੂਨਜ' ਜੋਗੀ ਰਾਗ ਵਿਚ ਹੋਇਆ। ਸੋ ਜੋਗੀ ਜਿਸ ਨਾਲ ਗੱਲਾਂ ਕਰ ਰਹੇ ਹਨ, ਰਾਗ ਵਿਚ ਹੈ। ਕਿਉਂਕਿ 'ਮੈਂ' ਨੂੰ ਵੈਰਾਗਵਾਨ ਦੱਸ ਕੇ ਫਰਕ ਜਣਾ ਰਹੇ ਹਨ। ਮਾਇਆ ਡੋਲ ਨ ਲਾਗੀ ਵਿਚ ਸੈਨਤ ਸਿੱਟ ਰਹੇ ਹਨ ਕਿ ਤੈਨੂੰ ਮਾਇਆ ਵਾਪਰ ਰਹੀ ਹੈ। ਗੋਯਾ ਜੋਗੀ ਰਿੱਧੀ ਸਿਧੀ ਵਿਚ ਹੈ, ਕਿਉਂਕਿ ਚਿੰਨ੍ਹ ਧਾਰਨ ਕਰਦਾ ਤਾੜੀ ਲਾਉਂਦਾ ਦੱਸਿਆ ਹੈ। ਤਾੜੀ ਲਾਉਂਦੇ ਹਨ-ਤ੍ਰਾਟਕਾਂ ਸਾਧਦੇ ਹਨ-ਦੂਸਰਿਆਂ ਤੇ ਰਿਧੀਆਂ ਸਿਧੀਆਂ ਦਾ ਅਸਰ ਪਾਉਣ ਵਾਸਤੇ। ਸ੍ਰੀ ਗੁਰੂ ਅਮਰਦਾਸ ਜੀ ਨੇ ਫਰਮਾਇਆ ਹੈ,—

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥ [ਵਾਰ ਵਡਹੰਸ ਮ: ੩—੧੯]

ਸੋ ਯੋਗੀ ਇਸ ਦਸ਼ਾ ਵਿਚ ਹੈ। ਫੇਰ ਸਮਝ ਪੈਂਦੀ ਹੈ ਕਿ ਓਹ ਭੇਦ ਦੇ ਚਿੰਨ੍ਹਾਂ ਨੂੰ ਮੁੱਖਤਾ ਦੇ ਰਿਹਾ ਹੈ। ਦੋਹਾਂ ਗੱਲਾਂ ਨੂੰ ਲੈ ਕੇ ਅਪਨੇ ਆਪ ਨੂੰ 'ਬੈਰਾਗੀ ਜੋਗੀ' ਕਹਿ ਰਹੇ ਹਨ। ਕਿ ਮੈਂ ਬੀ ਜੋਗੀ ਹਾਂ ਪਰ ਵੈਰਾਗਵਾਨ ਤੂੰ ਜੋਗੀ ਹੈਂ ਰਿਧਿ ਸਿਧਿ ਵਿਚ ਫਾਥਾ, ਰਿਧੀ ਸਿਧੀ ਦੁਆਰਾ ਮੋਹ ਦਾ ਜਕੜਿਆ ਤੇ ਨਾਮ ਤੌਂ ਸ਼ੂਨ।

ਹੁਣ ਸ੍ਰੀ ਕਬੀਰ ਜੀ ਨੇ ਜੋ ਅਪਣੀ ਧਾਰਨਾ ਦੱਸੀ ਹੈ ਉਹ ਵੈਰਾਗਵਾਨ ਤੇ ਪਰਮਾਤਮਾ ਵਿਚ ਜੁੜੇ ਹੋਏ ਜੋਗੀ ਦੀ ਹੈ। ਇਹ ਹੈ ਭਾਵ 'ਬੈਰਾਗੀ ਜੋਗੀ' ਪਦਾ ਵਿਚ ਰਖਿਆ ਹੋਇਆ।

ਅੰਕ ੧ ਜੋਗੀ ਦੇ ਕੰਨਾਂ ਵਿਚ ਮੁੰਦ੍ਰਾਂ ਹੁੰਦੀਆਂ ਹਨ, ਕਬੀਰ ਜੀ ਆਪਣੀਆਂ ਮੁੰਦ੍ਰਾਂ ਦੱਸਦੇ ਹਨ ਅੰਤ੍ਰੀਵ ਧਾਰਨਾ ਦੀਆਂ: ਪਰਮਾਤਮ ਦੇਵ ਦਾ ਧਜਾਨ ਤੇ ਨਾਮ ਦਾ ਸਿਮਰਣ ਉਸ ਪਰਮਾਤਮਾ ਵਿਚ ਧਜਾਨ ਨੂੰ ਰੱਖ ਕੇ ਨਾਮ ਦਾ ਸਿਮਰਣ ਕਰਨਾ। ਕੰਨੀ ਮੁੰਦਰਾਂ ਇਸ ਕਰਕੇ ਕਿਹਾ ਕਿ ਏਹ ਦੋ ਕਰਤਵਜ ਸ੍ਰੇਸ਼ਟ ਹਨ। ਜੇ ਕੋਈ ਕਿਸੇ ਹੋਰ ਸਾਧਨ ਨੂੰ ਇਸ ਤੋਂ ਸ੍ਰੇਸ਼ਟ ਕਹੇ ਤਾਂ ਮੈਂ ਸੁਣਨ ਨੂੰ ਤਜਾਰ ਨਹੀਂ। ਗੋਯਾ ਕੰਨਾਂ ਨੂੰ ਮੈਂ ਅਯਥਾਰਥ ਗਿਆਨ ਸੁਣਨੋ ਮੁਦ੍ਰਿਤ ਕਰ ਰਖਿਆ ਹੈ, ਵਰਜ ਛੱਡਿਆ ਹੈ। 'ਮੁੰਦ੍ਰਾਂ' ਪਦ ਦੇ ਮੂਲ ਅਰਥ ਵਲ ਸੈਨਤ ਸੱਟ ਰਹੇ ਹਨ। ਨਾਲ ਕਹਿੰਦੇ ਹਨ ਕਿ 'ਪਰਮਿਤਿ ਬਾਹਰਿ ਖਿੰਥਾ' ਕਿ ਮੈਂ, 'ਪ੍ਰਮਾ' ਦੀ ਗੋਦੜੀ ਪਹਿਨੀ ਹੈ। ਪਰਮਿਤਿ ਨਾਮ ਹੈ 'ਪ੍ਰਮਾ' ਦਾ; 'ਪ੍ਰਮਾ' ਨਾਮ ਹੈ 'ਯਥਾਰਥਥ ਗਜਾਨ' ਦਾ।

'ਬਾਹਰਿ ਖਿੰਥਾ' ਕਿਉਂ ਕਿਹਾ ? ਕਿ ਖਿੰਥਾ (=ਗੋਦੜੀ) ਬਾਹਰੋਂ ਲਗਦੇ ਸੀਤ ਨੂੰ ਨਿਵਾਰਦੀ ਹੈ, ਸੋ ਇਸਤ੍ਰੀ ਦੀ ਖਿੱਚ ਤੇ ਮੋਹ ਮਾਯਾਂ ਦੇ ਬਾਹਰੋਂ ਪੈਂਦੇ ਅਸਰਾਂ ਨੂੰ ਮੈਂ 'ਪ੍ਰਮਾ' ਨਾਲ ਰੋਕ ਲੈਣ ਦਾ ਪ੍ਰਬੰਧ ਕਰ ਰਖਿਆ ਹੈ।

ਜੋਗੀ ਪਹਾੜੀ ਕੰਦਰਾ-ਗੁਫਾ ਵਿਚ ਜਾ ਜਾ ਚਲੀਹੇ ਤੇ ਵਰ੍ਹੇ ਕੱਟਦੇ ਹਨ। ਉਸ ਦੀ ਥਾਂਵੇ ਮੈਂ ਅਪਣੇ ਅੰਦਰ ਅਫੁਰ—ਨਿਰਗੁਣ ਬ੍ਰਹਮ—ਵਿਚ ਟਿਕਾਉ ਕਰਦਾ ਹਾਂ, ਇਹ ਹੈ ਮੇਰਾ ਸੁੰਨ ਗੁਫਾ ਵਿਚ ਆਸਣ ਲਾ ਕੇ ਬੈਠਣਾ। ਜਿਹੜਾ ਤੁਸੀਂ ਜੋਗੀਆਂ ਦੇ ੧੨ ਪੰਥਾਂ ਵਿਚੋਂ 'ਆਈ' ਆਦਿ ਕਿਸੇ ਪੰਥ ਵਿਚ ਮੈਨੂੰ ਪ੍ਰਵੇਸ਼ ਕਰਨ ਲਈ ਪ੍ਰੇਰਦੇ ਹੋ, ਉਹ ਮੈਂ ਅਪਣੇ ਮਨ ਵਿਚ ਕਲਪਨਾ ਨੂੰਨਾ ਵੜਨ ਦੇਣਾ ਇਹ ਅਪਣਾ ਪੰਥ ਹੀ ਬਣਾ ਲਿਆ ਹੈ। ਕਿਸੇ ਮਤਿ ਮਤਾਂਤਰ ਨਾਲ ਕਿਸੇ ਜੋਗ ਸਨਜਾਸ ਦੇ ਦੂਸਰੇ ਪੰਥ ਨਾਲ ਦ੍ਵੇਖ ਆਦਿ ਕਰਨਾ ਇਸ ਦਾ ਤਜਾਗ ਰੱਖਣਾ ਇਹ ਮੈਂ ਆਪਣਾ ਮਾਰਗ ਬਣਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੀ 'ਆਈ ਪੰਥੀ ਸਗਲ ਜਮਾਤੀ' ਵਾਕ ਉਚਾਰੇ ਹਨ ਕਿ ਸਭ ਮਤ ਮਤਾਂਤਰਾ, ਸੰਪ੍ਰਦਾਵਾਂ ਪੰਥਾ ਨਾਲ ਇਕ ਜਮਾਤੀ ਹੋਣਾ, ਸਮ ਭਾਵ ਵਰਤਣਾ ਦਰੁਸਤ ਤ੍ਰੀਕਾ ਹੈ।

ਰਹਾਉ- ਰਹਾਉ ਵਿਚ ਅਪਣੇ ਆਪ ਨੂੰ ਬੈਰਾਗੀ ਜੋਗੀ ਕਹਿੰਦੇ ਹਨ ਤੇ ਜਿਸ ਨੂੰ ਸੰਬੋਧਨ ਕਰ ਰਹੇ ਹਨ ਉਸ ਨੂੰ 'ਮੇਰੇ ਰਾਜਨ' ਆਖ ਰਹੇ ਹਨ। ਬੈਰਾਗੀ ਜੋਗੀ' ਦਾ ਭਾਵ ਉੱਤੇ ਦੱਸ ਆਏ ਹਾਂ।

ਰਾਜਨ੍ ਪਦ ਸੰਸਕ੍ਰਿਤ ਹੈ, ਅਰਥ ਹੈ ਰਾਜਾ। ਜਿਵੇਂ ਪਤਵੰਤੇ ਤੇ ਸਨਮਾਨ ਯੋਗ ਨੂੰ 'ਮਹਾਰਾਜ' ਕਰਕੇ ਸੰਬੋਧਨ ਕਰਨ ਦਾ ਰਿਵਾਜ ਪੰਜਾਬੀ ਵਿਚ ਹੁਣ ਤਕ ਆਮ ਹੈ ਤਿਵੇਂ ਕਦੇ 'ਰਾਜਨ' ਪਦ ਬੀ ਇਸੇ ਭਾਵ ਵਿਚ ਵਰਤਿਆ ਜਾਂਦਾ ਸੀ। ਉੱਂਞ ਇਸ ਤੋਂ ਇਹ ਸਪਸ਼ਟ ਹੈ ਕਿ ਉਹ ਸ਼ਖ਼ਸ ਮਾਮੂਲੀ ਦਰ ਦਰ ਕਿੰਗ ਵਜਾ ਕੇ ਆਟਾ ਮੰਗਣ ਵਾਲਾ ਜੋਗੀ ਨਹੀਂ ਸੀ, ਜੋਗੀਆਂ ਵਿਚੋਂ ਕੋਈ ਸਨਮਾਨ ਜੋਗ ਪਦਵੀ ਦਾ ਜੋਗੀ ਸੀ। ਸੋ ਉਸ ਨੂੰ ਸਨਮਾਨ ਦੇਣ ਲਈ ਰਾਜਨ ਉਚਾਰ ਰਹੇ ਹਨ।

ਰਹਾਉ ਵਿਚ ਉਸ ਨੂੰ ਆਦਰ ਦਾ ਵਾਕ ਕਹਿ ਕੇ ਦੱਸਦੇ ਹਨ ਕਿ ਮੈਂ ਬੀ ਜੋਗੀ ਹਾਂ ਪਰ ਮੈਂ ਵੈਰਾਗਵਾਨ ਜੋਗੀ ਹਾਂ। ਜਿਸ ਵਿਚ ਧ੍ਵਨੀ ਇਹ ਹੈ ਕਿ ਮੈਨੂੰ ਵਿਭੂਤੀਆਂ ਤੋਂ ਬੀ ਉਤਨਾ ਹੀ ਵੈਰਾਗ ਹੈ, ਜਿਤਨਾ ਪਦਾਰਥਾਂ ਤੋਂ। ਹਾਂ, ਭੇਖ ਤੇ ਭੇਖ ਦੇ ਮਾਣ ਤੋਂ ਬੀ ਮੈਂ ਬੈਰਾਗੀ ਹਾਂ; ਇਸ ਕਰਕੇ ਮੈਨੂੰ ਮੌਤ ਤੇ ਵਿਛੋੜੇ ਦਾ ਸੋਗ ਨਹੀਂ ਹੁੰਦਾ। ਭਾਵ ਇਹ ਕਿ ਮੈਂ ਪਦਾਰਥਾਂ ਤੋਂ ਅਤੇ ਵਿਭੂਤੀਆਂ ਤੋਂ ਅਤੇ ਮਾਨ ਆਦਿ ਤੋਂ ਵੈਰਾਗੀ ਹਾਂ ਤਿਵੇਂ ਮੈਂ ਮਿੱਤ੍ਰਾਂ ਸਨਬੰਧੀਆਂ ਤੋਂ ਬੀ ਹਾਂ। ਉਨ੍ਹਾਂ ਦੇ ਵਿਛੁੜ ਜਾਣ ਯਾ ਮਰ ਜਾਣ ਨਾਲ ਮੈਨੂੰ ਸੋਗ ਨਹੀਂ ਸਤਾਉਂਦਾ। ਇਸ ਵਿਚ ਇਹ ਭਾਵ ਬੀ ਹੈ ਕਿ ਮੈਨੂੰ ਪਦਾਰਥ ਸਨਬੰਧੀਆਂ ਮਿੱਤ੍ਰਾਂ ਤੋਂ ਆਪ ਵਿਛੁੜਾਂ ਤਾਂ ਬੀ ਸੋਗ ਨਹੀਂ ਤੇ ਨਾ ਹੀ ਮੈਨੂੰ ਅਪਣੀ ਮੌਤ ਚਿਤਵ ਕੇ ਸੋਗ ਹੁੰਦਾ ਹੈ। ਇਸ ਵਿਚ ਇਸ਼ਾਰਾ ਇਹ ਬੀ ਜਾਪਦਾ ਹੈ ਕਿ ਯੋਗ ਮਾਰਗ ਵਿਚ ਜੋ ਪੰਜਵਾਂ ਕਲੇਸ਼ ਮੰਨਿਆ ਹੈ, ਜਿਸ ਨੂੰ 'ਅਭਿਨਿਵਸ਼* ਆਖਦੇ ਹਨ, ਮੇਰਾ ਉਹ ਕਲੇਸ਼ ਵੀ ਨਵਿਰਤ ਹੋ ਗਿਆ ਹੈ, ਇਸ ਲਈ ਮੈਂ ਪੂਰਾ ਵੈਰਾਗੀ ਹਾਂ, ਤੇ ਜੁੜ ਰਿਹਾ ਹਾਂ ਸਾਈ ਨਾਲ, ਜਿਸ ਕਰ ਕੇ ਇਹ ਅਵਸਥਾਂ ਪ੍ਰਾਪਤ ਹੋਈਆਂ ਹੋਈਆਂ ਹਨ, ਇਸ ਕਰ ਕੇ ਮੈਂ ਜੋਗੀ ਹਾਂ ਰਬ ਜੀ ਨਾਲ ਜੁੜਿਆ ਹੋਇਆ।

ਅੰਕ ੨—ਹੁਣ ਜੋਗੀਆਂ ਦੇ ਹੋਰ ਚਿੰਨ੍ਹ ਲੈਂਦੇ ਹਨ। ਇਨ੍ਹਾਂ ਜੋਗੀਆਂ ਪਾਸ ਇਕ ਸਿੰਙੀ ਹੁੰਦੀ ਹੈ, ਜਿਸ ਨੂੰ ਓਹ ਵਜਾਉਂਦੇ ਹਨ। ਸੋ ਆਪ ਉਸ ਦੀ ਥਾਂ ਬ੍ਰਹਮੰਡ ਤੇ ਉਸ ਦੇ ਖੰਡਾਂ ਵਿਚ ਜੋ ਵਜਾਪਕ ਬ੍ਰਹਮ-ਸ਼ਬਦ ਬ੍ਰਹਮ—ਹੋ ਕੇ ਮੌਜੂਦ ਹੈ, ਉਸਨੂੰ ਵਜਾਪਕ ਅਨੁਭਵ ਕਰਨਾ ਮਾਨੋ ਸਿੰਙੀ ਧਾਰਨ ਕਰਨਾ ਦੱਸ ਰਹੇ ਹਨ।

ਜੋਗੀਆਂ ਪਾਸ ਇਕ ਛੋਟਾ ਥੈਲਾ ਜਿਹਾ ਹੁੰਦਾ ਹੈ, ਉਸ ਨੂੰ ਬਟੂਆ ਆਖਦੇ ਹਨ, ਇਸ ਵਿਚ ਓਹ ਭਸਮ ਰਖਦੇ ਹਨ। ਕਬੀਰ ਜੀ ਕਹਿੰਦੇ ਹਨ ਸਾਰੇ ਜਗਤ ਨੂੰ ਮਨ ਵਿਚ ਨਾਸ਼ਮਾਨ ਸਮਝਣਾ ਇਹ ਬਟੂਏ ਵਿਚ ਸਾਡੀ ਭਸਮ ਹੈ। ਭਸਮ ਦਾ ਅਰਥ ਹੈ ਸੁਆਹ ਜੋ ਜੋਗੀ ਰੱਖਦੇ ਹਨ, ਭਸਮ ਦਾ ਭਾਵ ਅਰਥ ਹੈ ਨਾਸ਼ਮਾਨ। ਦੁਇ ਸ਼ਲੇਖ ਅਰਥ ਲੱਗਦੇ ਹਨ ਏਥੇ।

'ਭਸਮਾਧਾਰੀ ਨੂੰ 'ਭਸਮ†ਅਧਾਰੀ ਕਰਕੇ ਭਾਵ ਲਈਦਾ ਹੈ। 'ਅਧਾਰੀ' (=ਝੋਲੀ) ਮੇਰੀ ਹੈ (ਪ੍ਰਭੂ ਦੇ) ਆਧਾਰੀ ਹੋ ਜਾਣਾ। ਦੋਏ ਅਰਥ ਇਕੋ ਪਦ ਆਧਾਰੀ ਤੋਂ ਦਾਨਿਆਂ ਨੇ ਲਏ ਹਨ। ਆਧਾਰੀ ਨਾਮ ਝੋਲੀ ਦਾ ਹੈ ਜੋ ਜੋਗੀ ਰੱਖਦੇ ਹਨ।

ਕਬੀਰ ਜੀ ਨੇ ਇਹ ਪਦ ਹੋਰਥੇ ਬੀ ਵਰਤਿਆ ਹੈ। ਯਥਾ:-

ਡੰਡਾ ਮੁੰਦ੍ਰਾ ਖਿੰਥਾ ਆਧਾਰੀ॥ [ਬਿਲਾਵਲ ਕਬੀਰ ਜੀ-੮]

ਤਾੜੀ—ਜੋਗੀ ਭਵਾਂ ਦੇ ਵਿਚਾਲੇ ਤ੍ਰਿਕੁਟ ਚੱਕ੍ਰ ਤੇ ਨਜ਼ਰ ਬੰਨ੍ਹਦੇ ਹਨ। ਇਸ ਨਾਲ ਧਿਆਨ ਜੁੜਦਾ ਤੇ ਸ਼ਕਤੀ ਉਪਜਦੀ ਮੰਨਦੇ ਹੈਨ ਕਰਾਮਾਤਾਂ ਵਾਲੀ। ਤਾੜੀ ਦਾ ਆਮ ਅਰਥ ਸਮਾਧੀ ਹੈ, ਕਬੀਰ ਜੀ ਆਖਦੇ ਹਨ ਕਿ ਸਾਡੀ ਤਾੜੀ ਸਮਾਧੀ ਹੈ, ਉਸ ਦੇ ਲੱਗਿਆਂ ਤਿਕੜੀਂ ਦੀ ਹਾਲਤ ਹੀ ਉਲਟ ਜਾਂਦੀ ਹੈ।

ਤ੍ਰੈਗੁਣਾਂ ਤੋਂ ਪਲਟਕੇ ਤ੍ਰਿਗੁਣਾਤੀਤਤਾਈ ਆ ਜਾਂਦੀ ਹੈ। ਧ੍ਯਾਤਾ, ਧ੍ਯਾਨ, ਧ੍ਯੇਯ ਦੀ ਏਕਤਾ ਵਾਪਰ ਜਾਂਦੀ ਹੈ ਜਾਗ੍ਰਤ ਸ੍ਵਪਨ ਸੁਖੋਪਤ ਤ੍ਰੈਏ ਪਲਟਾ ਖਾਕੇ ਤੁਰੀਆ ਆ ਜਾਂਦੀ ਹੈ। ਉਸ ਦਾ ਫਲ

*ਅਭਿਨਿਵੇਸ਼ ਦਾ ਭਾਵ ਹੈ ਮੌਤ ਦਾ ਭੈ ਤੇ ਜੀਵਨ ਨਾਲ ਚੰਬੜ।

ਇਹ ਹੁੰਦਾ ਹੈ ਕਿ ਸੁਰਤ ਵਿਚ ਜੋ ਤਿਕੜੀ ਦਾ ਪਸਾਰਾ ਹੋਇਆ ਹੁੰਦਾ ਹੈ ਛੁਟ ਜਾਂਦਾ ਹੈ।

ਅੰਕ ੩- ਜੋਗੀ ਲੋਕ ਸਾਜ਼ ਵਜਾਉਂਦੇ ਹਨ, ਕੋਈ ਇਕ ਤੂੰਬੇ ਵਾਲੀ ਇਕ ਤਾਰ ਵਾਲੀ ਹੁੰਦੀ ਹੈ, ਕੋਈ ਦੋ ਤੂੰਬੇ ਵਾਲੀ। ਉਸ ਦੀ ਥਾਵੇਂ ਆਪ ਜੀ ਮਨ ਤੇ ਸੁਆਸ ਦੇ ਦੋ ਤੂੰਬੇ ਦੱਸਦੇ ਹਨ। ਭਗਤ ਜਨ ਸੁਆਸਾਂ ਨਾਲ ਮੇਲਕੇ ਜਦ ਨਾਮ ਜਪਦੇ ਹਨ ਤਾਂ ਮਨ ਸਥਿਰਤਾ ਪਕੜਦਾ ਹੈ। ਸੋ ਦੱਸਦੇ ਹਨ ਕਿ ਮਨ ਤੇ ਸੁਆਸ ਤਾਂ ਦੋ ਤੂੰਬੇ ਹਨ ਜੋ ਉਵ ਵੱਖ ਵੱਖ ਅਪਣਾ ਵਿਹਾਰ ਕਰਦੇ ਹਨ ਪਰ ਮੈਂ (ਜੁਗ=) ਇਨ੍ਹਾਂ ਦੋਹਾਂ ਨੂੰ (ਜੁਗ=ਯੁਕਤ ਕੀਤਾ ਹੈ) ਜੋੜਿਆ ਹੈ। ਇਹ ਦੋਹਾਂ ਨੂੰ ਜੋੜਨਾ ਇਹ ਮੈਂ ਜੋੜਨਹਾਰ ਡੰਡੀ ਬਣਾਈ ਹੈ। ਭਾਵ ਮਨ ਤੇ ਪਵਨ ਦਾ ਪ੍ਰਵਾਹ ਇਕ ਕਰ ਦਿਤਾ ਹੈ। ਸੁਆਸ ਧੀਮੇ ਇਕ ਤਾਰ ਤੇ ਲਯ ਵਿਚ ਮਨ ਨੂੰ ਏਕਾਗ੍ਰ ਕਰੀ ਚਲ ਰਹੇ ਹਨ। ਵਿਚ ਗਲ ਜੋ ਲੁਪਤ ਹੈ ਉਹ ਹੈ ਨਾਮ ਤੇ ਸੁਆਸਾਂ ਦੇ ਮੇਲ ਨਾਲ ਮਨ ਸੁਆਸ਼ਾਂ ਨਾਲ ਮਿਲਕੇ ਏਕਾਗ੍ਰਤਾ ਦੀ ਲੈ ਵਿਚ ਟੁਰਦਾ ਹੈ। ਇਉਂ ਬ੍ਰਿਤੀ ਦਾ ਪ੍ਰਵਾਹ ਈਸ਼੍ਵਰਾਕਾਰ ਟੁਰਿਆ ਰਹਿੰਦਾ ਹੈ ਤੇ ਤ੍ਰੁਟਦਾ ਨਹੀਂ। ਇਹ ਜੋ ਤੰਤੀ=ਤੰਤੀ ਵਾਲਾ ਸਾਜ਼, ਵੀਣਾ ਯਾ ਕਿੰਗਰੀ ਮੈਂ ਬਣਾਈ ਹੈ 'ਥਿਰ ਭਈ ਹੈ ਅਰਥਾਤ ਇਹ ਤ੍ਰੁੱਟਦੀ ਨਹੀਂ। ਬ੍ਰਿਤੀ ਦਾ ਇਹ ਪ੍ਰਵਾਹ ਇਕ ਸੰਗੀਤਕ ਲਯ ਹੁੰਦੀ ਹੈ ਇਸ ਕਰਕੇ ਇਸ ਨੂੰ ਤੰਤੀ=ਬੀਨਾ ਯਾ ਕਿੰਗਰੀ (=ਕਿੰਕਣੀ) ਕਿਹਾ ਹੈ।

ਅੰਕ ੪- ਇਸ ਬ੍ਰਿਤੀ ਦੇ ਇਕ ਰਸ ਪ੍ਰਵਾਹ ਨਾਲ ਮਨ ਮਗਨ ਹੁੰਦਾ ਹੁੰਦਾ ਪੂਰਾ ਮਗਨ ਹੋ ਜਾਂਦਾ ਹੈ, ਐਸਾ ਕਿ ਫੇਰ ਮਾਇਆ ਦੀ ਡੋਲ (=ਹਿਲਾਉ) ਇਸ ਸਹਜਾ ਬ੍ਰਿਤੀ ਨੂੰ ਡੁਲਾਉਂਦੀ ਹਿਲਾਉਂਦੀ ਨਹੀਂ।

ਅੰਤ ਵਿਚ ਦਸਦੇ ਹਨ ਕਿ ਇਸ ਅਵਸਥਾ ਨੂੰ ਫਲ ਕੀਹ ਲਗਦਾ ਹੈ ਕਿ ਜਨਮ ਮਰਨ ਮਿਟ ਜਾਂਦਾ ਹੈ, ਭਾਵ ਕਿ ਜੀਵ ਪੂਰਨ ਪਦ ਨੂੰ ਪਹੁੰਚ ਜਾਂਦਾ ਹੈ। ਸੈਨਤ ਇਹ ਸੱਟੀ ਕਿ ਮੈਂ ਹੀ ਕੀਹ ਜੋ ਬੀ ਇਹ ਜੋਗ ਕਮਾਏਗਾ ਸਿਰੇ ਚੜ੍ਹੇਗਾ। ਇਸੇ ਕਰਕੇ 'ਤਾਕਉ' ਕਹਿੰਦੇ ਹਨ ਤੇ ਏਥੇ 'ਮੈਂ ਬੈਰਾਗੀ ਜੋਗੀ' ਨਹੀਂ ਆਖਦੇ। ਸੋ ਦੱਸਦੇ ਹਨ ਕਿ ਇਸ ਜਗਤ ਦੀ ਲੀਲਾ ਵਿਚ ਜੋ ਉਹ ਖੇਡ ਕਰਨ ਆਇਆ ਸੀ ਉਸ ਵਿਚ ਉਹ ਹਾਰ ਕੇ ਨਹੀਂ ਜਾ ਰਿਹਾ, ਉਹ ਜਿੱਤ ਕੇ ਚਲਿਆ ਹੈ, ਕਿਉਂਕਿ ਉਹ ਵੈਰਾਗਵਾਨ ਹੁੰਦਾ ਹੈ, ਉਹ ਰਾਗ (ਪਕੜ ਯਾ) ਮਾਇਆ ਦੇ ਕਿਸੇ ਦਾਉ ਘਾਉ ਦੀ ਲਪੇਟ ਵਿਚ ਨਹੀਂ ਆਇਆ, ਹਰ ਵੇਰ ਜਿੱਤਦਾ ਜਿੱਤਦਾ ਖੇਲ ਗਿਆ ਹੈ। ਭਾਵ ਸਫਲ ਖੇਲ ਖੇਡ ਗਿਆ ਹੈ। ਮੁਰਾਦ ਹੈ ਉਹ 'ਜਿਣ ਬਾਜੀ ਘਰਿ ਆਇਆ' ਹੈ।

ਆਪ ਜੀ ਦੱਸ ਰਹੇ ਹਨ ਕਿ ਪੂਰਨ ਵੈਰਾਗਵਾਨ ਹੋਏ ਬਿਨਾਂ ਆਪ ਦੇ ਜੋਗੀ ਜਨਮ ਮਰਨ ਨਹੀਂ ਜਿੱਤ ਸਕਦੇ, ਵੈਰਾਗਵਾਨ ਜੋਗੀ ਅਪਣੇ ਵੈਰਾਗ ਵਾਲੇ ਸਾਧਨ ਕਰਦਾ ਕਰਾਉਂਦਾ ਅੰਤ ਜਗਤ ਦੀ ਬਾਜੀ ਜਿੱਤਕੇ ਜਨਮ ਮਰਨ ਰਹਿਤ ਅਮਰ ਆਤਮ ਅਵਸਥਾ ਨੂੰ ਪੁੱਜ ਜਾਂਦਾ ਹੈ।

ਨਿਰੁਕ੍ਤ—**ਸੁਰਤਿ**—[ਹਿੰਦੀ, ਸੁਰਤ] ਧਯਾਨ। ਸੁਧ, ਯਾਦ।

ਯਥਾ:-ਤਹ ਅਖੰਡ ਲਾਗੀ ਸੁਰਤ ਯਥਾ ਤੈਲ ਕੀ ਧਾਰ। [ਰਘੁਰਾਜ]

(ਅ) ਜੇ ਸੁਰਤਿ ਨੂੰ ਸ੍ਰੁਤਿ ਪਦ ਦਾ ਦੂਸਰਾ ਰੂਪ ਸਮਝਿਆ ਜਾਵੇ ਤਾਂ ਸ੍ਰੁਤਿ ਦੇ ਅਰਥ ਹੈਨ--ਸੁਣਨ, ਸੁਣਨਾ, ਕੰਨ, ਸੁਣੀ ਹੋਈ ਗੱਲ, ਸ਼ਬਦ, ਆਵਾਜ਼। ਉਹ ਗਯਾਨ ਜੋ ਰਿਖੀ ਸੁਣਦੇ ਆਏ ਤੇ ਉਨ੍ਹਾਂ ਤੋਂ ਸੁਣਿਆ ਗਿਆ ਭਾਵ—ਵੇਦ।

ਸਿਮ੍ਰਿਤਿ—[ਸੰਸ:, ਸ੍ਮ੍ਰਿਤਿ=ਜੋ ਯਾਦ ਹੋਵੇ।] ਯਾਦ, ਸਿਮਰਣ।

ਯਥਾ—ਯਿਹ ਏਕ ਬਾਂਤ ਬੀ ਸ੍ਮਿਰਿਤ ਰਖੋ...। [ਸੁਧਾ ਰਾਮ]

(ਅ) [ਸ੍ਮ੍ਰਿਤਿ = ਓਹ ਸ਼ਾਸਤ੍ਰ ਜੋ ਵੇਦਾਂ ਨੂੰ ਯਾਦ ਕਰਕੇ ਰਿਸ਼ੀਆਂ ਨੇ ਰਚੇ] ਸਿੰਮ੍ਰਤੀਆਂ ਜੋ ੨੭ ਦੱਸੀਦੀਆਂ ਹਨ (ਦੇਖੋ ਪਹਿਲੀ ਸੰਥਯਾ ਪੋਥੀ ਦਾ ਪੰਨਾ ੧੯੭)।

ਇਨ੍ਹਾਂ ਦੋਹਾਂ ਪਦਾਂ ਦੇ ਅਰਥ ਭਾਸ਼ਾ ਵਿਚ ਜੋ ਹਨ ਸੋ 'ਧਯਾਨ' ਤੇ 'ਯਾਦ' ਹੈਨ, ਜੈਸਾ ਕਿ ਉੱਪਰ ਦੱਸਿਆ ਹੈ ਤੇ ਇਹੋ ਅਰਥ ਇਸ ਸ਼ਬਦ ਵਿਚ ਦਾਨੇ ਲੈਂਦੇ ਆਏ ਹਨ। ਪਰੰਤੂ ਕੋਈ ਵਿਦਵਾਨ ਦੋਹਾਂ ਪਦਾ ਨੂੰ 'ਸ੍ਰੁਤਿ, ਸਿਮ੍ਰਤੀ' ਤੋਂ ਬਣੇ ਲੈ ਕੇ ਅਰਥ 'ਸ੍ਰੀ ਸਿਮਰਤੀ' ਬੀ ਕਰਦੇ ਹਨ। ਤਦੋਂ ਭਾਵ ਏਹ ਲੈਂਦੇ ਹਨ ਕਿ ਸ੍ਰੁਤੀ ਤੇ ਸਿਮ੍ਰਤੀ ਦੋ ਮੁੰਦਰਾਂ ਪਾਈਆਂ ਹਨ। ਵੇਦ ਤੇ ਧਰਮ ਸ਼ਾਸਤ੍ਰਾਂ ਦੇ ਵਾਕ ਕੰਨਾਂ ਨਾਲ ਸੁਣੇ ਹਨ ਏਹ ਮੁੰਦਰਾਂ ਹਨ। ਐਸਾ ਅਰਥ ਕਰਨੇ ਤੇ ਨਾ ਤਾ ਵੇਦ ਦੀ ਅਨੁਕੂਲਤਾ ਭਾਵ ਲੈਕੇ ਡਰਨਾ ਚਾਹੀਏ, ਨਾ ਇਹ ਅਰਥ ਇਸ ਕਰਕੇ ਤ੍ਰਿਸਕਾਰਨੇ ਚਾਹੀਏ; ਯਥਾਰਥ ਬਾਤ ਲੈਣੀ ਚਾਹੀਏ ਜੋ ਕਬੀਰ ਜੀ ਦਾ ਸਿੱਧਾਂਤ ਹੈ। ਵੇਦ ਬਾਬਤ ਓਹ ਕਹਿੰਦੇ ਹਨ:-

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥ [ਪ੍ਰਭਾਤੀ ਕਬੀਰ ਜੀ-੪]

ਫੇਰ ਕਹਿੰਦੇ ਹਨ:-

ਬੇਦ ਕਤੇਬ ਇਫਤਰਾ ਭਾਈ ਦਿਲ ਦਾ ਫਿਕਰੁ ਨ ਜਾਇ॥ [ਤਿਲੰਗ ਕਬੀਰ ਜੀ-੧]

ਨਾ ਪਹਿਲੇ ਕਥਨ ਵਿਚ ਓਹ ਸ੍ਰੁਤੀ ਸਿਮ੍ਰਤੀ ਤੇ ਕਰਮ ਕਾਂਡ ਦੇ ਅਨੁਯਾਈ ਆਪ ਨੂੰ ਦੱਸ ਰਹੇ ਹਨ, ਨਾ ਦੂਜੇ ਕਥਨ ਵਿਚ ਵੇਦ (ਸ੍ਰੁਤੀ ਸਿਮਰਤੀ) ਦੀ ਨਿੰਦਾ ਕਰ ਰਹੇ ਹਨ। ਇਹ ਵਾਕ ਉਸੇ ਭਾਵ ਵਿਚ ਕਬੀਰ ਜੀ ਨੇ ਕਹੇ ਲੈਣੇ ਚਾਹੀਏ ਜਿਸ ਵਿਚ ਕਿ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਵਿਚ ਕਿਹਾ ਹੈ:—

ਤ੍ਰੈ ਗੁਣ੍ਯ ਵਿਖਯਾ ਵੇਦਾ ਨਿਸ੍ਤ੍ਰੈ ਗੁਣਜੋ ਭਵਾਰ੍ ਜੁਨ॥
ਨਿਰ੍ਦ੍ਵੰ ਦ੍ਵੋ ਨਿਤਜ ਸੱਤਵਸ੍ਥੋ ਨਿਰ੍ਯੋਗ ਕਸ਼ੇਮ ਆਤ੍ਮ ਵਾਨ੍॥੪੫॥
ਯਾਵਾਨਰ੍ਥ ਉਦਪਾਨੇ ਸਰ੍ਵਤ:ਸਪ੍ਲੁ ਤੋਦਕੇ॥
ਤਾਵਾਨ੍ਸਰ੍ ਵੇਖੁ ਵੇਦੇਖੁ ਬ੍ਰਾਹਮਣਸਜ ਵਿਜਾਨਤ:॥੪੬॥ (੨-੪੫, ੪੬)

ਅਰਥਾਤ—ਤੀਨ ਗੁਣੋਂ ਕੇ ਵਿਖਯ ਵਾਲੇ ਵੇਦ ਹੈਂ, ਹੇ ਅਰਜੁਨ ! ਤੂੰ ਇਨ ਤੀਨ ਗੁਣੋਂ ਸੇ ਪਰੇ ਹੋ, ਨਿਰਦ੍ਵੰਦ ਸਦਾ ਸਤ੍ਵ ਮੇਂ ਸਥਿਤ, ਯੋਗ ਖੇਮ ਸੇ ਰਹਿਤ ਔਰ ਆਤਮਵਾਨ ਹੋ॥੪੫॥

ਜਿਤਨਾ ਕੁ ਲਾਭ ਏਕ ਛੰਭਕਾ ਹੈ ਉਸ ਜਗਹ ਜਹਾਂ ਜਲਾਸ਼ਯ (ਹੜ੍ਹ ਸਮਾਨ ਜਲ) ਉਛਲ ਰਹਾ ਹੈ, ਉਤਨਾ ਪ੍ਰਯੋਜਨ ਗਯਾਨੀ ਬ੍ਰਹਮਣ ਕਾ ਵੇਦਾਂ ਕੇ ਸਾਥ ਹੈ॥੪੬॥

ਸੋ ਜੇ ਏਥੇ ਉਨ੍ਹਾਂ ਦਾ ਭਾਵ ਸ੍ਰੁਤੀ ਸਿਮ੍ਰਤੀ ਹੈ ਤਾਂ ਭਾਵ ਉਹੋ ਹੈ ਕਿ ਇੰਨ੍ਹਾਂ ਨੂੰ ਵੀਚਾਰੋ, ਸਾਰ ਗ੍ਰਹਣ ਕਰੋ, ਕਿਉਂਕਿ ਅਗਲੀ ਤੁਕ ਵਿਚ ਫੁਰਮਾ ਰਹੇ ਹਨ ਕਿ 'ਪਰਮਿਤਿ ਬਾਹਰਿ ਖਿੰਥਾ' ਕਿ ਯਥਾਰਥ ਗਯਾਨ (ਪ੍ਰਮਾ) ਨੂੰ ਮੈਂ ਧਾਰਨ ਕੀਤਾ ਹੈ। ਜਿਵੇਂ ਕ੍ਰਿਸ਼ਨ ਜੀ ਦਾ ਭਾਵ ਹੈ ਕਿ ਤ੍ਰੈਗੁਣੀ ਸਿਖ੍ਯਾ ਤੋਂ ਉੱਚਾ ਉਠਕੇ ਯਥਾਰਥ ਗਯਾਨ ਵਿਚ ਆ। ਸੋ ਕਬੀਰ ਜੀ ਦਾ ਭਾਵ ਬੀ ਇਹੋ ਹੀ ਹੋ ਸਕਦਾ ਹੈ ਕਿ ਸ੍ਰੁਤਿ ਸਿਮਰਤੀ ਨੂੰ ਕੰਨਾਂ ਦਾ ਵਿਸ਼ਾ ਬਣਾ=ਸੁਣ, ਪਰ ਪ੍ਰਮਾ (ਪਰਮਿਤਿ) ਨੂੰ ਧਾਰਨ ਕਰ।

ਪਰਮਿਤਿ-(ਦੇਖੋ ਪੰਨਾ ੧੬੩੨) ਪ੍ਰਮਾ। ਯਥਾਰਥ ਗਯਾਨ।

(ਅ) ਪਰ+ਮਿਤਿ=ਮੇਣਤੀ ਤੋਂ ਪਰੇ। ਅਮਾਪ। ਹਦਬੰਦੀ ਤੋਂ ਦੂਰ। ਜੋ ਸਿਆਣੇ ਏਹ ਅਰਥ ਲਾਉਂਦੇ ਹਨ, ਓਹ ਫੇਰ ਤੁਕ ਨੂੰ ਐਉਂ ਢੁਕਾਉਂਦੇ ਹਨ ਕਿ ਮੈਂ ਅਮਾਪ (ਪ੍ਰਭੂ) ਵਿਚ ਆਪਣੇ ਆਪੇ ਨੂੰ ਸਮਾਇਆ ਤੇ ਸੁਖੀ ਐਉਂ ਪ੍ਰਤੀਤ ਕਰਦਾ ਹਾਂ ਜਿਵੇਂ ਗੋਦੜੀ ਵਿਚ ਸਰੀਰ।

ਕਲਪ—[ਸਸ:, ਕਲ੍ਪਨੰ=] ਕਲਪਣਾ। ਦੁਖੀ ਹੋ ਹੋ ਕੇ ਵਿਖਾਦ ਕਰਨਾ। ਦੁਖੀ ਹੋਣ ਦੀ ਦਸ਼ਾ। ਤੁਕ ਦਾ ਭਾਵ:-ਸਾਡੇ ਮਾਰਗ ਵਿਚ ਝਗੜੇ, ਇਕ ਦੂਜੇ ਨਾਲ ਈਰਖਾ, ਵੈਰ ਭਾਵ ਵਿਚ ਕਲਪਨਾ ਬਿਬਰਜਤ ਹੈ।

ਬਿਬਰਜਿਤ—[ਸੰਸ:, ਵਿਵਰ੍ਜਨੰ=ਮਨਾਹੀ] ਰੋਕ ਹੈ। ਮਨ੍ਹਾਂ ਹੈ।

ਰਾਜਨ—[ਸੰਸ: ਰਾਜਨ] ਰਾਜਾ। ਭਾਵ ਹੈ ਸਤਿਕਾਰ ਯੋਗ। ਏਥੇ ਏਹ ਪਦ ਸੰਬੋਧਨ ਹੈ ਜਿਵੇਂ ਅਜ ਕਲ ਬੀ ਬਹੁਤੇ ਸਤਿਕਾਰ ਲਈ 'ਮਹਾਰਾਜ' ਪਦ ਸੰਬੋਧਨ ਕਰਕੇ ਵਰਤੀਦਾ ਹੈ।

ਬੈਰਾਗੀ—[ਸੰਸ:, ਵੈਰਾਗਿਨ੍ ਜਾਂ ਵੈਰਾਗੀ] ਵੈਰਾਗਵਾਨ। ਵੈਰਾਗ ਕਰਨੇ ਵਾਲਾ। ਜੋ ਰਾਗ (=ਮੋਹ) ਨੂੰ ਤਜਾਗੇ। ਮਰਤ—[ਸੰਸ:, ਮ੍ਰਿਤ੍ਯੁ:] ਮੌਤ ਦਾ।

ਬਿਓਗੀ—[ਵਿਯੋਗਨਿ੍ ਜਾਂ ਵਿਯੋਗੀ] ਵਿਛੁੜਿਆ ਹੋਇਆ।

ਮਰਤ ਸੋਗ—ਮੌਤ ਦਾ ਸੋਗ। } 'ਸੋਗ' ਪਦ

ਸੋਗ ਬਿਓਗੀ—ਵਿਛੋੜੇ ਹੋਣ ਦਾ ਸੋਗ। } ਦੇਹੁਲੀ ਦੀਪਕ ਹੈ।

ਖੰਡ ਬ੍ਰਹਮੰਡ—[ਸੰਸ:, ਖੰਡ:=ਟੁਕੜਾ, ਭਾਗ ਬ੍ਰਹ੍ਮਾਂਡ:=ਸਾਰਾ ਵਿਸ਼੍ਵ] ਬ੍ਰਹਮੰਡ ਵਿਚ ਅਤੇ ਉਸ ਦੇ ਹਰ ਹਿੱਸੇ ਵਿਚ। ਬ੍ਰਹਮੰਡਾਂ ਤੇ ਖੰਡਾਂ (ਵਿਚ ਵਜਾਪਕ ਪ੍ਰਭੂ)। ਤੁਕ ਦਾ ਅਰਥ ਮੇਰੀ ਸਿੰਙੀ ਖੰਡ ਬ੍ਰਹਮੰਡ ਵਿਚ ਵਜਾਪਕ ਪ੍ਰਭੂ ਹੈ।

(ਅ) ਖੰਡ ਬ੍ਰਹਮੰਡ ਵਿਚ ਜੋ ਬ੍ਰਹਮੰਡੀ ਨਾਦ ਹੋ ਰਿਹਾ ਹੈ ਉਹ ਮੇਰੀ ਸਿੰਙੀ ਹੈ।

ਸਿੰਙੀ—ਸਿੰਗ ਤੋਂ ਬਣੀ ਤੁਰੀ ਵਰਗੀ ਸ਼ੈ, ਜਿਸ ਨੂੰ ਮੂੰਹ ਨਾਲ ਵਜਾਉਂਦੇ ਹਨ। ਜੋਗੀਆਂ ਪਾਸ ਇਕ ਨਿੱਕੀ ਜੇਹੀ ਵੱਜਣ ਵਾਲੀ ਸ਼ੈ ਹੁੰਦੀ ਹੈ, ਉਸ ਨੂੰ ਨਾਦ ਤੇ ਨਾਦੀ ਬੀ ਆਖਦੇ ਹਨ। ਉਸੇ ਨੂੰ ਸਿੰਙੀ ਬੀ ਕਹਿ ਲੈਂਦੇ ਹਨ।

ਬਟੂਆ—[ਹਿੰਦੀ ਪੰਜਾਬੀ] ਛੋਟੀ ਝੋਲੀ, ਜਿਸ ਵਿਚ ਜੋਗੀ ਭਸਮ ਰਖਦੇ ਹਨ।

ਭਸਮ—[ਸੰਸ: ਭਸਮਨ੍=ਰਾਖ, ਸੁਆਹ। ਖਾਕ, ਸੁਆਹ। ਦੂਜਾ ਅਰਥ ਹੈ ਸੁਆਹ ਵਾਂਙੂ ਵਿਨਾਸ਼ ਸਮਝਣਾ। ਜਗਤ ਨੂੰ ਭਸਮ ਹੋਇਆ ਹੋਇਆ ਸਮਝਣਾ ਇਹ ਮੇਰੀ ਭਸਮ ਹੈ।

ਧਾਰੀ—ਧਾਰਨਾ।

ਭਸਮਾ ਧਾਰੀ—ਭਸਮ+ਆਧਾਰੀ ਭਸਮ। (ਸਮਝਣਾ ਸਭ ਜਗਤ ਨੂੰ)। ਆਧਾਰੀ (ਨਾਮ ਹੈ ਝੋਲੀ ਦਾ) ਸੋ ਅਰਥ ਹੋਇਆ:—ਝੋਲੀ ਸਮਝਦੇ ਹਾਂ ਸਰਬ ਦੇ ਆਧਾਰ ਹੋ ਰਹੇ (ਪ੍ਰਭੂ) ਨੂੰ।

ਤਾੜੀ—[ਹਿੰ:, ਪੰਜਾਬੀ] ਸਮਾਧੀ। ਪਰ ਖਾਸ ਕਰ ਅੱਖਾਂ ਦੀ ਨਜ਼ਰ ਭਵਾਂ ਵਿਚ ਬੰਨ੍ਹਣ ਨੂੰ ਆਖਦੇ ਹਨ। ਤਾੜਨਾ ਦਾ ਅਰਥ ਹੈ ਗ਼ੌਰ ਨਾਲ ਦੇਖਣਾ। ਉਸ ਤੋਂ ਤਾੜੀ ਦੇ ਏਹ ਅਰਥ ਬਣਦੇ ਹਨ। ਉਂਞ ਗੁਰਬਾਣੀ ਵਿਚ ਸਮਾਧੀ ਅਰਥਾਂ ਵਿਚ ਕਈ ਵੇਰ ਆਇਆ ਹੈ। ਯਥਾ:-

ਨਾਨਕ ਨਾਮ ਰਤੇ ਬੈਰਾਗ ਨਿਜ ਘਰ ਤਾੜੀ ਲਾਵਣਿਆ॥

[ਮਾਝ ਮਹਲਾ ੩, ਅਸਟਪਦੀ ੪]

ਤ੍ਰਿਪਲੁ—[ਫਾ:—'ਸਿਹਪਹਿਲੂ' ਦਾ ਹਿੰਦਵੀ ਰੂਪ 'ਤ੍ਰਿਪਹਿਲੂ' ਹੈ ਉਸ ਦਾ ਸੰਖੇਪ ਹੈ ਤ੍ਰਿਪਲੁ] ਜਿਸਦੇ ਤਿੰਨ ਪਾਸੇ ਹੋਣ। ਕੋਈ ਸ਼ੈ ਜਿਸਦੇ ਤ੍ਰੈ ਦਰਜੇ, ਤ੍ਰੈ ਰੁਖ਼, ਤ੍ਰੈ ਪਾਸੇ, ਤ੍ਰੈ ਦੀ ਕੋਈ ਗੇਣਤੀ ਹੋਵੇ। ਤਿਕੜੀ। ਮੁਰਾਦ ਹੈ ਤ੍ਰੈ ਗੁਣ: ਰਜ ਤਮ ਸਤ। ਤ੍ਰੈ ਹਾਲਤਾਂ: ਜਾਗ੍ਰਤ ਸ੍ਵਪਨ ਸੁਖੋਪਤ। ਤ੍ਰੈ ਵੰਡਾਂ: ਧਜਾਤਾ, ਧਜਾਨ, ਧਜੇਯ।

(ਅ) ਤ੍ਰਿਪਲੁ ਨੂੰ 'ਤ੍ਰੈ ਪਦ' ਸਮਝਕੇ ਤ੍ਰੈ : ਜਾਗ੍ਰਤ, ਸ੍ਵਪਨ ਸੁਖੋਪਤ ਬੀ ਭਾਵ ਲੈ ਲੈਂਦੇ ਹਨ।

(ੲ) ਕਈ ਅਰਥ ਤ੍ਰੈ ਗੁਣ ਕਰਦੇ ਹਨ, ਪਰ ਵਿਤਪਤੀ ਦੱਸੇ ਬਿਨਾ।

(ਸ) ਤ੍ਰਿਪਲੁ ਦਾ ਅਰਥ—ਘਬਰਾ—ਬੀ ਕਰਦੇ ਹਨ।

ਛੂਟੇ ਹੋਇ ਪਸਾਰੀ—ਪਸਾਰੀ ਹੋਈ ਹੈ ਜੋ ਉਹ ਛੁੱਟ ਜਾਂਦੀ ਹੈ, ਸੁਰਤ ਵਿਚ ਜੋ ਮਾਇਕ ਰਚਨਾ ਪਸਾਰੀ ਹੋਈ ਹੁੰਦੀ ਹੈ ਸੋ ਛੁਟ ਜਾਂਦੀ ਹੈ।

(ਅ) ਦਾਨੇ ਇਉਂ ਬੀ ਅਰਥ ਲਾਉਂਦੇ ਆਏ ਹਨ ਕਿ ਇਸ ਤਰ੍ਹਾਂ ਤ੍ਰਿਪਲ ਪਲਟਣ ਨਾਲ ਅਸੀਂ

ਛੂਟੇ ਹੋਏ=ਤਜਾਗੀ (ਨਿਰਲੇਪ) ਬੀ ਹਾਂ ਤੇ ਪਸਾਰੇ ਵਾਲੇ (ਗ੍ਰਿਹਸਤੀ) ਬੀ ਹਾਂ।

ਪਵਨੁ—ਹਵਾ, ਭਾਵ ਸੁਆਸਾਂ ਤੋਂ ਹੈ। ਪ੍ਰਾਣ।

ਤੂੰਬਾ—[ਸੰ:, ਤੁੰ ਬ:] ਘੀਏ ਦੀ ਜਾਤ ਦਾ ਇਕ ਫਲ, ਜੋ ਸੁੱਕ ਜਾਏ ਤਾਂ ਬੀਨਾ, ਸਤਾਰ ਕਿੰਗੁਰੀ, ਤੰਬੂਰ ਆਦਿ ਦੇ ਹੇਠਾਂ ਲਾਉਂਦੇ ਹਨ।

ਸਾਰਦ—[ਸੰਸ:, ਸ਼ਾਰਦਾ] ਦੋ ਤੂੰਬਿਆਂ ਵਾਲੇ ਸੰਗੀਤਕ ਸਾਜ਼ ਦੇ ਵਿਚ ਲੱਗੀ ਹੋਈ ਡੰਡੀ ਯਾ ਲਕੜੀ ਦੀ ਨਾਲੀ, ਜਿਸ ਪਰ ਤਾਰ ਤੇ ਤਰਬਾਂ ਦਾ ਠਾਠ ਹੁੰਦਾ ਹੈ।

ਸਾਰਦਾ ਨਾਮ 'ਵੀਣਾ' ਦਾ ਹੈ, ਇਥੇ ਪਾਠ ਸਾਰਦ ਹੈ, ਸੋ ਅਰਥ ਤੰਤੀ ਦੇ ਠਾਠ ਵਾਲੀ ਨਾਲੀ ਯਾ ਡੰਡੀ ਦਾ ਲੈਂਦੇ ਹਨ। ਇਥੇ ਸਾਰਦ ਦਾ ਅਰਥ ਸ਼ਾਰਦਾ ਨਹੀਂ ਲੈਂਦੇ ਕਿਉਂਕਿ ਅਗੇ ਪਦ ਤੰਤੀ ਪਿਆ ਹੈ।

ਤੰਤੀ—[ਸੰਸ:, ਤੰਤ੍ਰੀ=ਵੀਣਾਂ ਦੀਆਂ ਤਾਰਾਂ। ਹਿੰਦੀ ਤੰਤੁ, ਤੰਤੀ] ਤਾਰ। ਉਹ ਸਾਜ਼, ਜਿਸ ਵਿਚ ਤਾਰਾਂ ਲਗੀਆਂ ਹੋਣ। ਏਥੇ ਮੁਰਾਦ ਕਿੰਗਰੀ ਤੋਂ ਹੈ ਜੋ ਪਦ ਕਿ ਇਸੇ ਸਤਰ ਵਿਚ ਵਰਤਕੇ ਤੰਤੀ ਦਾ ਅਰਥ ਆਪ ਹੀ ਸਪਸ਼ਟ ਕਰ ਦਿਤਾ ਹੈ।

ਕਿੰਗੁਰੀ—[ਸੰਸ:, ਕਿੰਕਣੀ=ਘੁੰਗਰੂ, ਛੋਟੀਆਂ ਛੋਟੀਆਂ ਘੰਟੀਆਂ] ਇਕ ਸਾਜ਼ ਜੋ ਜੋਗੀ ਵਜਾਉਂਦੇ ਹਨ। ਕਦੇ ਤਾਂ ਇਹ ਕਿੰਗਰੀ ਇਕ ਤਾਰ ਤੇ ਇਕ ਤੂੰਬੇ ਵਾਲੀ ਹੁੰਦੀ ਹੈ। ਪੰਜਾਬੀ ਵਿਚ ਉਸ ਨੂੰ ਕਿੰਗ ਬੀ ਆਖਦੇ ਹਨ। ਕਦੇ ਏਹ ਦੋ ਤੂੰਬਿਆਂ ਵਾਲੀ ਹੁੰਦੀ ਹੈ। ਚਿਕਾਰੇ ਨੂੰ ਬੀ ਕਿੰਗਰੀ ਕਹਿ ਲੈਂਦੇ ਹਨ। ਕਦੀ ਵਧੇਰੇ ਤਾਰਾਂ ਵਾਲੀ ਬੀ ਹੁੰਦੀ ਹੈ।

ਡੋਲ ਨ ਲਾਗੀ—ਮਾਇਆ ਦੀ ਡੋਲ 'ਹਿਲਾਉ' ਨਹੀਂ ਲਗਦਾ। ਭਾਵ ਮਾਯਾ ਹੁਣ ਭਰਮਾ ਨਹੀਂ ਸਕਦੀ। ਕਦੀ ਦਾਨੇ 'ਡੋਲ ਨ' ਨੂੰ 'ਡੋਲਨ' ਵਾਚਦੇ ਹਨ। ਅਰਥ ਕਰਦੇ ਹਨ ਮਾਇਆ ਕੰਬਣ ਲਗ ਪਈ ਹੈ।

ਪੁਨਰਪਿ—[ਸੰਸ:, ਪੁਨਰ੍] ਫੇਰ, ਮੁੜਕੇ।

ਖੇਲਿ ਗਇਓ—ਖੇਡਿ ਗਿਆ, ਪਰ ਭਾਵ ਹੈ ਜਿੱਤ ਗਿਆ; ਜਿਵੇਂ ਕਹੀਦਾ ਹੈ 'ਜੂਝ ਗਿਆ' ਅੱਖਰੀ ਅਰਥ ਹੈ ਲੜਾਈ ਕਰ ਗਿਆ, ਪਰ ਭਾਵ ਹੁੰਦਾ ਹੈ ਲੜਾਈ ਕਰਦਾ ਮਰ ਗਿਆ। ਇਸ ਤਰ੍ਹਾਂ ਖੇਲ ਗਿਆ ਦਾ ਭਾਵ ਹੈ ਬਾਜ਼ੀ ਜਿੱਤ ਗਿਆ।

[ਗਉੜੀ ਕਬੀਰ ਜੀ, ਚਉਪਦਾ-੫੪]

ਪ੍ਰਾਕ੍ਥਨ— ਪਿਛੇ ਵਿਸ਼ਯ ਇਹ ਚਲਦਾ ਆਇਆ ਹੈ:—

ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ॥
ਏਹ ਸੰਸਾ ਮੋਕਉ ਅਨਦਿਨੁ ਬਿਆਪੈ ਮੋਕਉ ਕੋ ਨ ਕਹੈ ਸਮਝਾਈ॥

[ਗਉੜੀ ਕਬੀਰ ਜੀ—੫੨]

ਮਰਨ ਦੇ ਬਾਅਦ ਕੀ ਹੁੰਦਾ ਹੈ ? ਜਿਸ ਸੰਸੇ ਸੰਬੰਧੀ ਮੁੜ ਇਸ ਵਿਚ ਜ਼ਿਕਰ ਹੈ ਤੇ ਸਿਧਾਂਤਕ ਉਪਦੇਸ਼ ਹੈ।

ਗੀਤਾ ਵਿਚ ਲਿਖਿਆ ਹੈ-'ਕਿ ਜਿਸ ਪ੍ਰਕਾਰ ਮਨੁੱਖ ਪੁਰਾਣੇ ਕੱਪੜੇ ਛੱਡ ਕੇ ਨਵੇਂ ਪਹਿਨਦਾ ਹੈ ਉਸੇ ਪ੍ਰਕਾਰ ਦੇਹ ਵਾਲਾ ਆਪਣੀ ਪੁਰਾਣੀ ਦੇਹ ਛੱਡ ਕੇ ਨਵੇਂ ਸਰੀਰ ਨੂੰ ਧਾਰਨ ਕਰਦਾ ਹੈ।'

[ਗੀਤਾ—੨, ੨੨]

ਇਸ ਵਿਚ ਦੇਹ ਨੂੰ ਕੱਪੜਾ ਕਿਹਾ ਹੈ, ਕਬੀਰ ਜੀ ਏਥੇ ਦ੍ਰਿਸ਼ਟਾਂਤ ਦਾ ਬੇਉਰਾ ਕਰਦੇ ਹਨ ਤੇ ਦੱਸਦੇ ਹਨ ਕਿ ਮਨੁੱਖਾ ਦੇਹ ਇਕ ਬਸਤ੍ਰ ਹੈ। ਇਹ ਛੋਟਾ ਮੋਟਾ ਕੱਪੜੇ ਦਾ ਟੁਕੜਾ ਨਹੀਂ, ਸਬੂਤੀ

ਤਾਣੀ ਹੈ, ਜੋ ਮਿਣਤੀ ਵਿਚ ਪੂਰੀ ਚਾਲੀ ਗਜ਼ ਹੈ।

ਇਸ ਤਾਣੀ ਯਾ ਥਾਨ ਦੇ ਚਾਲੀ ਗਜ਼ਾਂ ਦਾ ਤਾਣਾ ਇਸ ਹਿਸਾਬ ਸਿਰ ਹੈ: ਨੌ ਗਜ਼ ਤਾਂ ਜਿਸਮ ਦੀਆਂ ਨੌ ਗੋਲਕਾਂ ਹਨ (ਦੋ ਨੇਤ੍ਰ, ਦੋ ਨਾਸਕਾ, ਦੋ ਕੰਨ, ਇਕ ਮੂੰਹ, ਦੋ ਮਲ ਮੂਤ੍ਰ ਦੀਆਂ ਇੰਦ੍ਰੀਆਂ)। ਦਸ ਗਜ਼ ਦਸ ਇੰਦ੍ਰੇ ਹਨ (ਪੰਜ ਕਰਮ ਇੰਦ੍ਰੀਆਂ ਤੇ ਪੰਜ ਗਿਆਨ ਇੰਦ੍ਰੀਆਂ)। ਇਕੀ ਗਜ਼ ਇਕੀ ਤੱਤ ਹਨ (ਪੰਜ ਸਥੂਲ, ਪੰਜ ਸੂਖਮ, ਦਸ ਪ੍ਰਾਣ ਤੇ ਇਕ ਮਨ)। ਏਸ ਤਰ੍ਹਾਂ ਇਹ ਚਾਲੀ ਗਜ਼ ਤਾਣੇ ਦਾ ਥਾਨ ਹੈ, ਜਿਸ ਦੇ ਪੇਟੇ ਵਿਚ ਸੱਠ ਮੋਟੀਆਂ ਨਾੜਾਂ ਹਨ। ਇਹ ਬਸਤ੍ਰ ਨੌ ਖੰਡ ਜੋੜ ਕੇ ਬਣਾਇਆ ਹੈ (ਚਾਰ ਟੋਟੇ ਦੋ ਬਾਹਵਾਂ ਦੇ, ਚਾਰ ਟੋਟੇ ਦੋ ਲੱਤਾਂ ਦੇ, ਤੇ ਇਕ ਸਿਰ ਦਾ)। ਏਸ ਬੁਣਤ ਵਿਚ ਸੱਠ ਮੋਟੀਆਂ ਨਾੜਾਂ ਤੋਂ ਵਧੀਕ ਬਹੱਤ੍ਰ ਹੋਰ ਸੂਖਮ ਨਸਾਂ ਪਟੇ ਵਿਚ ਖਰਚ ਹੋਈਆਂ ਹਨ।

ਇਸ ਕੱਪੜੇ ਨੂੰ ਬੁਣਨ ਲਈ ਪਾਣ ਦੀ ਵੀ ਲੋੜ ਹੈ। ਜਿਸ ਤਰ੍ਹਾਂ ਕਪੜਾ ਮਿਣਤੀ ਵਿਚ ਚਾਲੀ ਗਜ਼ ਹੈ, ਏਸੇ ਤਰ੍ਹਾਂ ਪਾਣ ਵੀ ਤੋਲੀ ਨਾਪੀ ਚੀਜ਼ ਹੈ, ਇਹ ਢਾਈ ਸੇਰ ਹੈ*। ਪਾਣ ਬਗ਼ੈਰ ਕੱਪੜਾ ਨਹੀਂ ਬੁਣਿਆ ਜਾਂਦਾ, ਤੰਦਾਂ ਉਲਝ ਜਾਂਦੀਆਂ ਹਨ। ਐਸ ਤਰ੍ਹਾਂ ਸਰੀਰ ਨੂੰ ਕੱਪੜੇ ਦੇ ਰੂਪਕ ਵਿਚ ਪੂਰਾ ਉਤਾਰ ਕੇ ਕਬੀਰ ਜੀ ਨੇ ਉਪਦੇਸ਼ ਦਿੱਤਾ ਹੈ ਜੋ ਅੱਗੇ ਵਜਾਖਜਾ ਵਿਚ ਨਿਰੂਪਣ ਕੀਤਾ ਹੈ।

ਮੂਲ	ਅਰਥ
ਗਉੜੀ ॥ ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ ॥ ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ ॥੧॥	(ਇਸ ਸਰੀਰ ਰੂਪੀ ਕੱਪੜੇ ਦੀ) ਨੌ ਗਜ, ਦਸ ਗਜ ਤੇ ਇੱਕੀ ਗਜਾਂ ਦੀ ਪੂਰੀ ਇਕ ਤਾਣੀ ਹੈ। (ਇਸ ਵਿਚ) ਸੱਠ (ਮੋਟੇ) ਸੂਤ ਹਨ ਤੇ) ਨੌ ਟੋਟੇ (ਜੋੜੇ ਹੋਏ ਹਨ) (ਇਸ ਤੋਂ) ਵਧੀਕ ਪਟ ਵਿਚ ਬਹੱਤਰ† (ਹੋਰ ਤੰਦਾਂ) ਲੱਗੀਆਂ ਹਨ॥੧॥
ਗਈ ਬੁਨਾਵਨ ਮਾਹੋ ॥ ਘਰ ਛੋਡਿਐ ਜਾਇ ਜੁਲਾਹੋ ॥੧॥ ਰਹਾਉ ॥	(ਐਸਾ ਬਸਤ੍ਰ) ਉਣਵਾਉਣ ਲਈ 'ਮਾਹੋ' (ਮਤਿ) ਗਈ। (ਜਿਸ ਵਲੇ ਜੀਵ ਰੂਪ) ਜੁਲਾਹਾ ਸਰੀਰ ਤਿਆਗ ਕੇ ਜਾ ਰਿਹਾ ਸੀ॥੧॥ ਰਹਾਉ॥
ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ ॥ ਜੌ ਕਰਿ ਪਾਚਨੁ ਬੇਗਿ ਨ ਪਾਵੈ ਝਗਰੁ ਕਰੈ ਘਰਹਾਈ ॥੨॥	(ਕੀ ਇਹ ਸਰੀਰ ਰੂਪੀ ਕੱਪੜਾ) ਗਜਾਂ ਨਾਲ ਮਿਣਿਆਂ ਨਹੀਂ ਜਾਂਦਾ ਹੈ ? (ਭਾਵ, ਹਾਂ ਮਿਣਿਆਂ ਜਾਂਦਾ ਹੈ। ਕੀ ਇਹ) ਤੱਕੜੀ ਨਾਲ ਤੋਲਿਆਂ ਨਹੀਂ ਜਾਂਦਾ ਹੈ ? (ਭਾਵ, ਹਾਂ ਤੋਲਿਆ ਜਾਂਦਾ ਹੈ। ਇਸ ਵਿਚ ਤੋਲ ਕੇ) ਪਾਣ ਢਾਈ ਸੇਰ ਲਗਦੀ ਹੈ। ਜੇਕਰ (ਇਹ) ਪਾਣ (ਜ਼ਰਾ ਵੀ ਘਟੇ ਤੇ) ਜਲਦੀ ਨਾ ਮਿਲੇ (ਤਾਂ ਜੀਵ ਰੂਪੀ ਜੁਲਾਹਾ) ਝਗੜਦਾ ਹੈ (ਤੇ) ਘਰ ਨੂੰ ਹਾਨੀ ਪਹੁੰਚਦੀ ਹੈ॥੨॥
ਦਿਨ ਕੀ ਬੈਠ ਖਸਮ ਕੀ ਬਰਕਸ ਇਹ ਬੇਲਾ ਕਤ ਆਈ ॥ ਛੂਟੇ ਕੂੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ ॥੩॥	(ਮਨੁਖ ਦੀ ਮਤਿ) ਮਾਲਕ ਦੇ ਉਲਟ ਚਲਦੀ ਹੈ; ਇਹ ਵੇਲਾ (ਫੇਰ ਹੱਥ) ਨਹੀਂ ਆਉਣਾ, (ਜਦੋਂ ਇਹ 'ਦਿਨ ਕੀ ਬੈਠ' ਭਾਵ) ਜ਼ਿੰਦਗੀ ਦਾ ਅਵਸਰ (ਖ਼ਤਮ ਹੋ ਗਿਆ, ਉਸ ਵੇਲੇ ਜੀਵ ਰੂਪੀ) ਜੁਲਾਹਾ ਖਿਝਕੇ ਟੁਰ ਜਾਏਗਾ (ਵਿਸ਼ਯ ਰੂਪ ਕੂੰਡੇ ਛੁਟ

*ਦੁਇ ਸੇਰ ਮਾਂਗਉ ਚੂਨਾ........।।ਅਧ ਸੇਰ ਮਾਂਗਉ ਦਾਲੇ।। [ਸੋਰਠ ਕਬੀਰ ਜੀ—੧੧]

†ਯੋਗੀ ਸ਼ਰੀਰ ਵਿਚ ੭੨ ਹਜ਼ਾਰ ਨਸਾਂ ਮੰਨਦੇ ਹਨ।

ਜਾਣਗੇ (ਤੇ ਵਾਸ਼ਨਾ ਰੂਪ) ਨਲੀਆਂ ਭਿੱਜੀਆਂ ਰਹਿ ਜਾਣਗੀਆਂ॥ ੩॥

ਛੋਛੀ ਨਲੀ ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ ॥
ਛੋਡਿ ਪਸਾਰੁ ਈਹਾ ਰਹੁ ਬਪੁਰੀ ਕਹੁ ਕਬੀਰ ਸਮਝਾਈ ॥੪॥੩॥੫੪॥

(ਪ੍ਰਾਣ ਨਾਲੀ) ਖਾਲੀ ਨਲਕੀ (ਰਹਿ ਗਈ ਹੈ ਉਸ ਵਿਚੋਂ ਸੁਆਸ ਰੂਪੀ) ਤੰਦ ਨਹੀਂ ਨਿਕਲਦਾ ਤੇ ਨਤਰੁ (ਤਾਣਾਂ ਦੇ ਨਿਖੜੇ ਹੋਏ ਧਾਗੇ) ਉਲਝ ਗਏ ਹਨ। ਹੇ ਬਪੁੜੀ (ਮਤਿ !) ਪਸਾਰਾ ਛੱਡ ਕੇ ਤ੍ਰਿਸ਼ਨਾ ਰਹਿਤ ਹੋ ਜਾ, ਕਬੀਰ ਤੈਨੂੰ ਸਮਝਾ ਕੇ ਆਖਦਾ ਹੈ॥ ੪ ॥ ੩ ॥ ੫੪ ॥

ਵਯਾਖਯਾ— ਜੀਵ ਜਨਮ ਮਰਨ ਦੀ ਕੈਦ ਵਿਚ ਹੈ। ਹਰ ਜਨਮ ਵਿਚ ਨਵੀਂ ਦੇਹ ਮਿਲਦੀ ਹੈ। ਇਹ ਨਵੇਂ ਕੱਪੜੇ ਵਾਕੁਣ ਹੈ। ਜਿਸ ਤਰ੍ਹਾਂ ਬਸਤ੍ਰ ਪਹਿਨਣ ਦੀ ਲਾਲਸਾ ਬਣੀ ਰਹਿੰਦੀ ਹੈ ਇਸ ਤਰ੍ਹਾ ਮਨੁੱਖ ਦੀ ਮੱਤਿ ਸਰੀਰ ਦੀ ਪਕੜ ਨਹੀਂ ਛਡਦੀ। ਜੇ ਇਹ ਸਰੀਰ ਦੀ ਪਕੜ ਛੱਡੇ ਤਾਂ ਇਸ ਦੀ ਗਤਿ ਹੋਵੇ। ਏਸੇ ਕਰਕੇ ਕਿਹਾ ਹੈ:-

ਮੇਰੀ ਮਤਿ ਬਉਰੀ ਮੈ ਰਾਮ ਬਿਸਾਰਿਓ॥ ਕਿਨ ਬਿਧਿ ਰਹਨਿ ਰਹਉ ਰੇ॥

[ਆਸਾ ਕਬੀਰ ਜੀ-੨੫]

ਏਸੇ ਬਉਰੀ ਮਤਿ ਨੂੰ ਇਸ ਸ਼ਬਦ ਵਿਚ 'ਮਾਹੋਂ' ਕਿਹਾ ਹੈ। ਜੇ ਇਹ ਬਉਰੀ ਮਤਿ ਅਪਣੇ ਮਾਲਕ 'ਆਤਮਾ' ਦੇ ਉਲਟ ਨਾ ਜਾਵੇ ਤੇ ਇਹ ਸਮਝੇ ਕਿ ਇਹ ਦੇਹ ਵਾਲੀ ਜਿੰਦਗੀ ਤਾਂ ਇਹ ਅਵਸਰ ਸੀ ਤੇ ਇਸ ਦਾ ਖਾਸ ਪ੍ਰਯੋਜਨ ਸੀ ਜੋ ਇਹ ਸੀ:—

ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥

[ਭੈਰਉ ਕਬੀਰ ਜੀ—੯]

ਤਾਂ ਇਹ ਮੌਕਿਆ ਹੱਥੋਂ ਨਾ ਜਾਣ ਦੇਵੇ ਤੇ ਇਸ ਦਾ ਪੂਰਾ ਲਾਭ ਉਠਾ ਲਵੇ, ਜਿਸ ਨਾਲ ਜਨਮ ਮਰਨ ਦੀ ਬਿਪਤਾ ਕੱਟੀ ਜਾਵੇ ਪਰ ਇਹ ਗੱਲ ਹੁੰਦੀ ਨਹੀਂ। ਇਹ 'ਮਾਹੋਂ' ਵੇਲਾ ਗੁਆ ਲੈਂਦੀ ਹੈ, ਅਪਣੇ ਪਤੀ (ਆਤਮਾ) ਦੇ ਉਲਟ ਚਲਦੀ ਹੈ, ਜਿਸਦਾ ਨਤੀਜਾ ਵਾਸ਼ਨਾ ਵੱਸ ਪੁਨਰ ਜਨਮ ਹੁੰਦਾ ਰਹਿੰਦਾ ਹੈ। ਏਸ ਲਈ ਮਤਿ ਨੂੰ ਸਮਝਾਇਆ ਹੈ ਕਿ ਹੇ ਬਪੁੜੀ ਤੂੰ ਏਥੋਂ ਦੇ ਤਾਣੇ ਪੇਟੇ ਦੇ ਪਸਾਰੇ (ਜਿਸ ਦੇਹ ਰੂਪੀ ਬਸਤ੍ਰ) ਦੀ ਈਹਾ (ਤ੍ਰਿਸ਼ਨਾ) ਨੂੰ ਤਿਆਗ ਦੇਹ। ਜੇ ਇਹ ਗੱਲ ਸਿਰੇ ਚੜ੍ਹ ਜਾਏ ਤਾਂ ਜੈਸਾ ਪਿਛੇ ਕਹਿ ਆਏ ਹਨ:—

ਕਹੁ ਕਬੀਰ ਤਾਕਉ ਪੁਨਰਪਿ ਜਨਮੁ ਨਹੀ ਖੇਲਿ ਗਇਓ ਬੈਰਾਗੀ॥

[ਗਉੜੀ ਕਬੀਰ ਜੀ—੫੩]

ਨਿਰੁਕ੍ਤ—**ਗਜ ਨਵ ਗਜ ਦਸ**—ਪਿਛੇ ਪ੍ਰਾਕ੍ਕਥਨ ਵਿਚ ਆ ਚੁਕਾ ਹੈ।

ਪੁਰੀਆ—[ਸੰਸ:, ਪੂਰਣ (ਇਸਤ੍ਰੀ ਲਿੰਗ ਪੂਰਣੀ)=ਪੂਰੀ। ਹਿੰ:, ਪੰ:, ਪੂਰੀ] ਮੁਕੰਮਲ। ਯਥਾ:- 'ਪੁਰੀਆ ਏਕ ਤਨਾਈ'। ਭਾਵ ਹੈ ਪੂਰੀ ਇਕ ਤਾਣੀ ਤਣੀ।

(੨) [ਹਿੰ:, ਪੁਰਿਯਾ] ਜੁਲਾਹੇ ਦੀ ਨਲੀ, ਜਿਸ ਨਾਲ ਪੇਟੇ ਦੇ ਧਾਗੇ ਫੈਲਾਉਂਦੇ ਹਨ। ਪੁਰੀਆਂ=ਨਲੀਆਂ। ਯਥਾ:—'ਭਾਗੈ ਪੁਰੀਆ'।

ਤਨਾਈ—[ਸੰਸ:, ਧਾਤੂ—ਤਨ=ਫੈਲਾਉਣਾ, ਪਸਾਰਨਾ। ਹਿੰ:, ਪੰ:, ਤਨਨਾ=ਤਾਨਾ ਤਨਨਾ] ਤਣੀ। ਤਾਣੀ ਤਣੀ।

ਮਾਹੋ—ਮਤਿ, ਬੁੱਧੀ।

ਪਾਚਨ—ਪਾਣ। ਤਾਣੀ ਦੇ ਧਾਗਿਆਂ ਨੂੰ ਲਾਉਣ ਵਾਸਤੇ ਪਕਾਈ ਹੋਈ ਆਟੇ ਦੀ ਲੇਵੀ ਜੋ

ਜੁਲਾਹੇ ਵਰਤਦੇ ਹਨ। ਭਾਵ ਇਨਸਾਨ ਦੀ ਰੋਜ਼ਾਨਾ ਖੁਰਾਕ ਜੋ ਉਸ ਵੇਲੇ ਢਾਈ ਸੇਰ ਕੱਚੇ* ਦੀ ਹੁੰਦੀ ਸੀ।

ਬੇਗਿ—[ਸੰਸ:, ਵੇਗ:=ਤੇਜ਼ੀ, ਗਤਿ] ਜਲਦੀ, ਛੇਤੀ, ਬਿਨਾ ਦੇਰ ਦੇ।

ਘਰ ਹਾਈ-ਘਰ+ਹਾਈ [ਸੰਸ:, ਧਾਤੂ ਹਨ੍=ਨਾਸ਼ ਕਰਨਾ, ਮਾਰਨਾ। ਇਸ ਤੋਂ ਬਣਿਆ ਹਾਨਿ:=ਨੁਕਸਾਨ, ਘਾਟਾ। ਹਿੰ:, ਹਾਯ=ਕਸ਼ਟ, ਪੀੜ, ਦੁਖ] ਘਰ ਨੂੰ ਨੁਕਸਾਨ ਪਹੁੰਚਾਉਣ ਵਾਲਾ। ਭਾਵ ਦੇਹ ਰੂਪੀ ਘਰ ਨੂੰ ਨੁਕਸਾਨ ਦੇਣ ਵਾਲਾ।

ਬਰਕਸ—[ਫ਼ਾ:, ਬਰਅਕਸ=ਉਲਟਾ] ਉਲਟਾ, ਖ਼ਿਲਾਫ਼, ਬਿਪ੍ਰੀਤ।

ਰੀਸਾਈ—[ਸੰਸ:, ਧਾਤੂ-ਰੁਖ੍=ਰੁੱਸਣਾ, ਨਾਰਾਜ਼ ਹੋਣਾ। ਹਿੰ:, ਰੂਸਨਾ, ਪੰ:, ਰੁੱਸਣਾ] ਰੁੱਸਕੇ, ਨਾਰਾਜ਼ ਹੋਕੇ। ਖਿਝਕੇ।

ਤੰਤੁ—[ਸੰਸ:, ਤੰਤੁ=ਡੋਰਾ, ਸੂਤ] ਧਾਗਾ, ਸੂਤ। ਸੁਆਸ ਰੂਪੀ ਤੰਦ।

ਨਤਰ—ਤਾਣੀ ਵਿਚ ਨਿਖੜੇ ਹੋਏ ਧਾਗੇ।

ਈਹਾ—[ਸੰਸ:, ਈਹਾ=ਖ਼ਾਹਿਸ਼] ਇੱਛਾ, ਖਾਹਿਸ਼, ਤ੍ਰਿਸ਼ਨਾ।

[ਗਉੜੀ ਕਬੀਰ ਜੀ, ਚਉਪਦਾ—੫੫]

ਮੂਲ	ਅਰਥ
ਗਉੜੀ ॥ ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ ॥ ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ ॥੧॥	[ਕਬੀਰ ਜੀ ਪ੍ਰਤੀ ਵਾਦੀ ਦਾ ਵਾਕ:] ਇਕ ਜੋਤ ਇਕ (ਜੋਤ) ਵਿਚ ਮਿਲ ਗਈ (ਭਾਵ ਮਿਲਕੇ ਇਕ ਹੋ ਜਾਂਦੀ ਹੈ, ਤੁਸੀਂ ਦੱਸੋ ਇਹ ਗੱਲ) ਹੁੰਦੀ ਹੈ ਅਥਵਾ ਨਹੀਂ ਹੁੰਦੀ ? (ਇਸੀ ਤਰ੍ਹਾਂ ਜੀਵ ਦੀ ਆਤਮਾ ਪਰਮਾਤਮਾ ਵਿਚ ਮਿਲ ਜਾਂਦੀ ਹੈ) ? [ਕਬੀਰ ਜੀ ਦਾ ਉੱਤਰ] ਜਿਸ ਹਿਰਦੇ ਵਿਚ (ਪਰਮੇਸਰ ਦਾ) ਨਾਮ ਨਹੀਂ ਉਪਜਦਾ (ਚਾਹੀਦਾ ਹੈ ਕਿ) ਉਹ ਪੁਰਖ ਫੁੱਟ ਕੇ ਮਰ ਜਾਏ।
ਸਾਵਲ ਸੁੰਦਰ ਰਾਮਈਆ ॥ ਮੇਰਾ ਮਨੁ ਲਾਗਾ ਤੋਹਿ ॥੧॥ ਰਹਾਉ ॥	[ਇਹ ਉਚਾਰਦੇ ਅਰਦਾਸ ਵਿਚ ਚਲੇ ਜਾਂਦੇ ਹਨ:] ਹੇ ਸੁਹਣੇ ਤੇ ਸਲੋਨੇ ਰਾਮ ! ਮੇਰਾ ਮਨ ਤਾਂ ਤੇਰੇ (ਪ੍ਰੇਮ ਵਿਚ) ਲਗ ਰਿਹਾ ਹੈ।
ਸਾਧੁ ਮਿਲੈ ਸਿਧਿ ਪਾਈਐ ਕਿ ਏਹੁ ਜੋਗੁ ਕਿ ਭੋਗੁ ॥ ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ ॥੨॥	[ਹੁਣ ਵਾਦੀ ਵੱਲ ਫੇਰ ਰੁਖ ਕਰਕੇ ਉਸ ਨੂੰ ਉਪਦੇਸ਼ਦੇ ਹਨ] (ਸੁਣ ਭਾਈ!) ਚਾਹੋ (ਕੋਈ ਹੋਵੇ) ਤਜਾਗੀ ਤੇ ਚਾਹੋ ਗ੍ਰਿਹਸਤੀ†, ਸਾਧੂ (ਗੁਰੂ) ਦੇ ਮਿਲਨੇ ਤੇ ਹੀ ਸਿਧੀ ਪ੍ਰਾਪਤ ਹੁੰਦੀ ਹੈ। (ਸੋ ਭਾਈ ! ਪੂਰਨ ਗੁਰੂ ਤੇ ਸ਼੍ਰਧਾ ਵਾਲੇ ਜਗਜਾਂਸੂ) ਦੋਹਾਂ ਦੇ ਮਿਲਨੇ ਨਾਲ ਰਾਮ ਦੇ ਨਾਮ ਦਾ ਸੰਜੋਗ ਕਾਰਜ ਪੈਦਾ ਹੁੰਦਾ ਹੈ।
ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥ ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥੩॥	ਇਨ੍ਹਾਂ (ਮੇਰੇ ਉਚਾਰੇ ਸ਼ਬਦਾਂ ਨੂੰ) ਲੋਕੀ ਗੀਤ (ਮਾਤ੍ਰ) ਸਮਝਦੇ ਹਨ ਪਰ ਇਹ ਤਾਂ ਬ੍ਰਹਮ ਦਾ ਗਜਾਨ ਹੈ (ਬ੍ਰਹਮ ਗਜਾਨ ਹੀ ਮੁਕਤੀ ਕਰਦਾ ਹੈ। ਜਿਵੇਂ (ਲੋਕਾਂ ਦੀ ਮਨੌਤ ਹੈ ਕਿ) ਕਾਸ਼ੀ ਵਿਚ (ਮਰਨ ਵਾਲੇ) ਪ੍ਰਾਣੀ ਨੂੰ (ਜੇ) ਅੰਤ ਸਮੇਂ (ਤਾਰਕ ਮੰਤ੍ਰ ਦਾ) ਉਪਦੇਸ਼ ਹੋ ਜਾਵੇ (ਤਾਂ ਮੁਕਤ ਹੋ ਜਾਂਦਾ ਹੈ। ਇਹ ਤਾਂ ਹੈ ਸੰਸੇ ਵਾਲੀ ਬਾਤ ਪਰ ਜੇ)
ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥	ਕੋਈ (ਮੇਰੀ ਉਚਾਰੀ ਹਰੀ ਨਾਮ (ਦੀ ਮਹਿੰਮਾ) ਚਿਤ ਲਾ ਕੇ

*ਕੱਚਾ ਸੇਰ=ਪੱਕੇ ਸੇਰ ਦਾ ਪੰਜ ਦੁਵੰਜੀ ਹਿੱਸਾ। ਢਾਈ ਸੇਰ ਕੱਚਾ ਇਕ ਸੇਰ ਪੱਕੇ ਦੇ ਬਰਾਬਰ ਹੁੰਦਾ ਹੈ।

†ਜੋਗੁ=ਜੋਗ ਵਾਲਾ, ਜੋਗੀ, ਭਾਵ ਤਜਾਗੀ। ਭੋਗੁ=ਭੋਗ ਵਾਲਾ, ਭਾਵ ਹੈ, ਗ੍ਰਿਹਸਤੀ।

ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ ॥੪॥੧॥੪॥੫੫॥	ਸੁਣ ਯਾ ਗਾਵੇਗਾ ਤਾਂ ਉਹ ਅੰਤ ਨੂੰ ਪਰਮ ਗਤੀ ਪਾ ਲਏਗਾ, ਇਸ ਵਿਚ (ਰਤਾ ਭਰ) ਸੰਸਾ ਨਹੀਂ, ਕਬੀਰ ਆਖਦਾ ਹੈ॥ ੪॥ ੧॥ ੪॥ ੫੫॥

ਵਜਾਖਜਾ—ਜਾਪਦਾ ਹੈ ਕਿ ਕੋਈ ਨਾਮ ਹੀਣ ਪੁਰਖ ਨਾਮ ਦੀ ਅਰਾਧਨਾ ਤੋਂ ਬਿਨਾ ਕਹਿ ਰਿਹਾ ਹੈ ਕਿ ਜੀਵ ਬੀ ਜੋਤਿ ਹੈ ਤੇ ਬ੍ਰਹਮ ਬੀ ਜੋਤਿ ਹੈ, ਜਿਵੇਂ ਇਕ ਦੀਵੇ ਪਾਸ ਦੂਸਰੇ ਦੀਵੇ ਦੇ ਆਇਆਂ ਇਕ ਦਾ ਪ੍ਰਕਾਸ਼ ਦੂਏ ਵਿਚ ਮਿਲ ਜਾਂਦਾ ਹੈ ਤਿਵੇਂ ਸਰੀਰ ਦਾ ਆਵਰਣ ਹਟੇ ਤੇ 'ਜੀਵ ਜਯੋਤਿ' 'ਬ੍ਰਹਮ ਜਯੋਤਿ' ਵਿਚ ਆਪੇ ਮਿਲ ਜਾਏਗੀ ਤੇ ਪੁੱਛਣਾ ਹੈ ਦੱਸੋ ਐਸਾ ਹੁੰਦਾ ਹੈ ਕਿ ਨਹੀਂ ਹੁੰਦਾ ? ਮੁਰਾਦ ਉਸ ਦੀ ਪ੍ਰਸ਼ਨ ਦੀ ਨਹੀਂ, ਮਿਸਾਲ ਦੇਕੇ ਆਪਣੀ ਗਲ ਪ੍ਰਸ਼ਨ ਵਿਚ ਦਾਵੇ ਵਾਂਙੂ ਕਹਿ ਰਿਹਾ ਹੈ। ਕਬੀਰ ਜੀ ਇਹ ਉੱਤਰ ਨਹੀਂ ਦੇਂਦੇ ਕਿ ਐਸਾ ਹੁੰਦਾ ਹੈ ਕਿ ਨਹੀਂ । ਉਸ ਦੀ ਕਥਨੀ ਨੂੰ ਮਹਾਂ ਅਗਜਾਨ ਸਮਝਕੇ ਤਨਕ ਕੇ ਆਖਦੇ ਹਨ ਕਿ ਜਿਸ ਸਰੀਰ ਵਿਚ ਨਾਮ ਨਹੀਂ ਉਪਜਦਾ ਉਹ ਫੱਟ ਮਰੇ ਤਾਂ ਚੰਗਾ ਹੈ। ਜਿਸ ਦਾ ਭਾਵ ਇਹ ਹੈ ਕਿ ਨਾਮ ਦੇ ਹਿਰਦੇ ਵਿਚ ਉਪਜੇ ਬਿਨਾਂ ਜੀਵ ਜਯੋਤੀ ਬ੍ਰਹਮ ਜਯੋਤੀ ਵਿਚ ਨਹੀਂ ਮਿਲ ਸਕਦੀ, ਨਾਮ ਵਿਹੂਣੀ ਆਤਮਾਂ ਤਾਂ ਵਾਸ਼ਨਾਂ ਤ੍ਰਿਸ਼ਨਾਂ ਦੇ ਰੌਂ ਵਿਚ ਕਾਲ ਚੱਕ੍ਰ ਵਿਚ ਟੁਰੀ ਰਹੇਗੀ, ਪਰ ਨਾਮ ਨਾਲ ਪ੍ਰੇਮੀ ਦਾ ਮਨ ਸੁਹਣੇ ਰਾਮ ਵਿਚ ਲਗ ਜਾਵੇਗਾ, ਭਾਵ ਪ੍ਰੇਮ ਮਈ ਹੋ ਜਾਏਗਾ। ਪ੍ਰੇਮ ਨਾਲ ਮਲ ਵਿਖੇਪ ਦੀਆਂ ਮੈਲਾਂ ਦੂਰ ਹੋ ਕੇ ਸ਼ੁੱਧ ਹੋਈ ਜੋਤਿ 'ਜੋਤੀ' ਵਿਚ ਮਿਲੇਗੀ। ਜਿਵੇਂ ਕੋਈ ਮੋਰੀ ਦਾ ਪਾਣੀ, ਪਾਣੀ ਪਾਣੀ ਦੀ ਏਕਤਾ ਕਰਕੇ ਮਾਨਸਰੋਵਰ ਵਿਚ ਪਾਉਣਾ ਚਾਹੇ ਤਾਂ ਸਭ ਕਿਸੇ ਨੂੰ ਗੁੱਸਾ ਆਵੇਗਾ, ਪਰ ਜੇ ਗੰਗੋਤ੍ਰੀ ਦਾ ਜਲ ਮਾਨ ਸਰੋਵਰ ਵਿਚ ਪਾਵੇ ਤਾਂ ਠੀਕ ਸਮਝਿਆ ਜਾਵੇਗਾ। ਇਹ ਗੱਲ ਦੱਸਕੇ ਕਿ ਨਾਮ ਨਾਲ ਸਾਂਈ ਨੂੰ ਪ੍ਰੇਮ ਕੀਤੇ ਬਿਨਾਂ ਤੇਰਾ ਕਹਿਣਾ ਬਕਵਾਸ ਹੈ, ਆਪ ਫੇਰ ਦਇਆ ਦੇ ਘਰ ਵਿਚ ਆਕੇ ਰਸਤਾ ਦੱਸਦੇ ਹਨ ਕਿ ਨਾਮ ਲਈ ਸਾਧ (=ਗੁਰੂ) ਦੀ ਲੋੜ ਹੈ। ਦੋਹਾਂ ਦੇ ਮੇਲ ਨਾਲ ਨਾਮ ਦੁਆਰਾ ਪਰਮ ਜਯੋਤੀ ਨਾਲ ਸੰਯੋਗ ਦਾ ਕਾਰਜ ਹੁੰਦਾ ਹੈ।

ਜਾਪਦਾ ਹੈ ਕਿ ਉਸ ਵਾਦੀ ਨੇ ਕਿਹਾ ਹੈ ਕਿ ਰਾਮ ਨਾਮ ਤੇ ਹਰੀ ਜਸ ਦੇ ਗੀਤ ਤੂੰ ਬਣਾ ਬਣਾ ਕੇ ਗ੍ਰਾਮੀਨ ਲੋਕਾਂ ਨੂੰ ਭੁਤਲਾ ਛਡਦਾ ਹੈਂ, ਇਨ੍ਹਾਂ ਵਿਚ ਕੀਹ ਪਿਆ ਹੈ ? ਤਾਂ ਆਪ ਨੇ ਫੁਰਮਾਇਆ ਕਿ ਭਾਈ ਏਹ ਗ੍ਰਾਮੀਨ ਗੀਤ ਨਹੀਂ, ਏਹ ਤਾਂ ਬ੍ਰਹਮ ਬੀਚਾਰ ਦੇ ਸ਼ਲੋਕ ਹਨ, ਤੇ ਤਾਰਕ ਮੰਤ੍ਰ ਨੂੰ ਜਿਵੇਂ ਲੋਕਾਂ ਨੇ ਤਾਰਨਹਾਰ ਮੰਨ ਰਖਿਆ ਹੈ ਜਿਸ ਪਰ ਸੰਸਾ ਹੁੰਦਾ ਹੈ*, ਇਹ ਗੀਤ ਤਾਰਕ ਤਾਂ ਉਸੇ ਤਰ੍ਹਾਂ ਹਨ, ਪਰ ਨਿਰਸੰਸੇ ਤਾਰਕ ਹਨ। ਇਨ੍ਹਾਂ ਨੂੰ ਜੋ ਕੋਈ ਗਾਵੇ ਯਾ ਸੁਣੇਗਾ ਓਹ ਅੰਤ ਨੂੰ ਪਰਮ ਪਦ ਪਾਏਗਾ, ਪਰ ਸ਼ਰਤ ਇਹ ਹੈ ਕਿ ਮਨ ਚਿਤ ਲਾਕੇ ਗਾਵੇਂ ਤੇ ਮਨ ਚਿਤ ਲਾ ਕੇ ਸੁਣੇ। ਸੈਨਤ ਇਹ ਹੈ ਕਿ ਜੋ ਕੋਈ ਮਨ ਲਾਕੇ ਨਾਮ ਜਪੇ ਤੇ ਹਰੀ ਜਸ ਕਹੇ ਸੁਣੇਗਾ ਉਹ ਨਿਸਚੇ ਤਰੇਗਾ। ਕਿਉਂ ? ਇਨ੍ਹਾਂ ਦੋਹਾਂ ਨਾਲ ਉਸ ਦੇ ਤੇ ਪਰਮ ਜਯੋਤੀ ਦੇ ਵਿਚਕਾਰ ਜੋ ਆਵਰਣ ਹੈ ਉਹ ਦੂਰ ਹੋ ਜਾਏਗਾ।

ਪਹਿਲੀ ਸਤਰ ਵਿਚ ਦ੍ਰਿਸ਼ਟਾਂਤ ਤੇ ਦਾ-ਦ੍ਰਿਸ਼ਟਾਂਤ ਦੁਇ ਹਨ ਜੋ ਸ਼ਲੇਖ ਤੋਂ ਪ੍ਰਤੀਤ ਦੇ ਜਾਂਦੇ ਹਨ। ਇਕ ਦੀਵੇ ਦਾ ਪ੍ਰਕਾਸ਼ ਦੂਏ ਵਿਚ ਘੁਲ ਮਿਲ ਜਾਂਦਾ ਹੈ, ਇਹ ਦ੍ਰਿਸ਼ਟਾਂਤ ਹੈ। ਤਿਵੇਂ 'ਜੀਵ ਜਯੋਤੀ' 'ਬ੍ਰਹਮ ਜਯੋਤੀ' ਵਿਚ ਮਿਲ ਜਾਣੀ ਚਾਹੀਏ, ਇਹ ਦਾ-ਦ੍ਰਿਸ਼ਟਾਂਤ ਹੈ। ਕਬੀਰ ਜੀ ਵਾਦੀ ਨੂੰ ਇਹ ਗਲ ਨਹੀਂ ਦੱਸਦੇ ਤੇ ਨਿਰੁੱਤਰ ਕਰਦੇ ਕਿ ਓਥੇ ਪ੍ਰਕਾਸ਼ ਤਾਂ ਘੁਲ ਮਿਲਦਾ ਹੈ, ਪਰ ਦੀਵੇ ਨਹੀਂ ਘੁਲ ਮਿਲਦੇ,ਕਿਉਂਕਿ ਬਹਿਸ ਕਰਕੇ ਨਿਰੁੱਤਰ ਕਰਨਾ ਕਬੀਰ ਜੀ ਦਾ ਮਤਾ ਨਹੀਂ। ਸੋ ਪ੍ਰਕਾਸ਼ ਵਿਚ

*ਅਗਲੀ ਤੁਕ ਵਿਚ ਜੋ 'ਸੰਸਾ ਨਹੀਂ। ਕਿਹਾ ਹੈ, ਉਸ ਤੋਂ ਸੰਭਾਵਨਾ ਹੁੰਦੀ ਹੈ ਕਿ ਤਾਰਕ ਮੰਤ੍ਰ ਦੇ ਕੇਵਲ ਅੰਤ ਸਮੇਂ ਉਚਾਰਨ ਕਾਰਨ ਗਤੀ ਹੋਣੀ ਸੰਸੇ ਵਾਲੀ ਗੱਲ ਹੈ।

ਪ੍ਰਕਾਸ਼ ਦਾ ਮਿਲਨਾ ਇਕੋ ਪੱਖ ਹੀ ਲੈ ਕੇ ਉਸ ਦੇ ਸੁਧਾਰ ਨਮਿਤ ਉਸ ਨੂੰ ਦੱਸਦੇ ਹਨ ਕਿ ਦੋਹਾਂ ਪ੍ਰਕਾਸ਼ਾਂ ਦੇ ਵਿਚ ਪਰਦਾ ਹੈ 'ਮਲ ਤੇ ਵਿਖਜਪ' ਦਾ, ਉਹ ਦੂਰ ਕਰ, ਉਹ ਵਾਚ ਗਜਾਨ ਨਾਲ ਨਹੀਂ ਦੂਰ ਹੁੰਦਾ, ਉਹ ਦਿਲ ਲਾਕੇ ਸਿਮਰਨ ਕਰਨ ਤੇ ਪ੍ਰੇਮ ਨਾਲ ਭਗਤੀ ਦੇ ਕਮਾਇਆਂ ਦੂਰ ਹੁੰਦਾ ਹੈ, ਤਦ 'ਜੀਵ ਜਯੋਤੀ' 'ਬ੍ਰਹਮ ਜਜੋਤੀ' ਨੂੰ ਮਿਲ ਜਾਂਦੀ ਹੈ।

ਨਿਰੁਕ੍ਤ— **ਕਿੰਬਾ**—ਪਹਿਲੀ ਤੁਕ ਵਿਚ ਪਿਆ ਹੈ ਪਦ 'ਕਿੰਬਾ' ਜੋ ਸੰਸਕ੍ਰਿਤ ਪਦ 'ਕਿੰਵਾ' ਦਾ ਦੇਸ਼ ਭਾਸ਼ਾ ਵਿਚ ਇਕ ਰੂਪ ਹੈ। 'ਕਿੰਵਾ' ਦਾ ਕੋਸ਼ ਅਰਥ ਹੈ:—ਯਾ, ਜਾਂ, ਅਥਵਾ। ਇਸ ਅਰਥ ਨਾਲ ਅੱਖਰੀ ਅਰਥ ਉਹੋ ਬਣਦਾ ਹੈ ਜੋ ਉਪਰ ਕਰ ਆਏ ਹਾਂ। ਫਿਰ ਇਹ ਸਾਰੀ ਸਤਰ ਵਾਦੀ ਦਾ ਵਾਕ ਬਣਦੀ ਹੈ ਤੇ ਅੱਗੋਂ ਉੱਤਰ ਹਨ ਸ੍ਰੀ ਕਬੀਰ ਜੀ ਦੇ। ਇਹ ਅਰਥ ਜੋ ਠੀਕ ਹੈ ਸੋ ਠੀਕ ਢੁੱਕਦਾ ਹੈ। ਪਰੰਤੂ ਗੁਣੀ ਜਨਾਂ ਨੇ ਕਿੰਬਾ ਦੇ ਅਰਥ ਹੋਰਵੇਂ ਹੋਰਵੇਂ ਬੀ ਲਾ ਲਏ ਹਨ, ਜਿਨ੍ਹਾਂ ਅਨੁਸਾਰ ਸਤਰ ਦੇ ਅਰਥ ਬੀ ਹੋਰ ਹੋਰ ਰੂਪ ਲੈ ਲੈਂਦੇ ਹਨ, ਯਥਾ:—

(ੳ) ਕਿੰਬਾ=ਕਿਆ। ਤੁਕ ਦਾ ਅਰਥ:—ਇਕ (=ਗਜਾਨਵਾਨ) ਦੀ ਜੋਤ ਏਕਾ (=ਅਦੁਤੀ ਬ੍ਰਹਮ) ਦੀ ਜੋਤ ਵਿਚ ਜਾ ਰਹੀ ਹੈ, ਕਿਆ ਉਸ ਦਾ ਬੀ ਜਨਮ ਹੁੰਦਾ ਹੈ ? ਉੱਤਰ ਮਹੋਇ=ਨਹੀਂ ਹੁੰਦਾ।

(ਅ) ਕਿੰਬਾ=ਅਲੱਗ। ਤੁਕ ਦਾ ਅਰਥ—ਜਿਸ ਦਾ ਜੋਤਿ (ਪਰਮ) ਜੋਤਿ ਵਿਚ ਰਲਗਈ ਹੈ ਉਹ ਫੇਰ ਅਲੱਗ ਹੋ ਸਕਦੀ ਹੈ ? ਉੱਤਰ—ਮਹੋਇ=ਨਹੀਂ ਹੋ ਸਕਦੀ।

(ੲ) ਕਿੰਬਾ=ਕੀਹ। ਤੁਕ ਦਾ ਅਰਥ:—ਜਿਸ ਦੀ ਜੋਤਿ ਇਕ ਨਿਰੰਕਾਰ ਵਿਚ ਇਕ (=ਨਿਰੰਤਰ) ਜਾ ਰਲੀ ਹੈ, ਕੀਹ ਉਹ ਫੇਰ ਜੰਮਦਾ ਹੈ ਕਿ ਨਹੀਂ ਜੰਮਦਾ ? ਉੱਤਰ ਫੇਰ ਅਗਲੀ ਤੁਕ ਵਿਚ ਲੈਂਦੇ ਹਨ।

(ਸ) ਕਿੰਬਾ = ਚਾਹੋ। ਤੁਕ ਦਾ ਅਰਥ:—ਜਦੋਂ ਇਕ ਜੋਤਿ (=ਆਤਮਾ) ਏਕਾ (ਪਰਮਾਤਮਾ ਜੋ ਇਕੋ ਹੈ ਉਸ) ਵਿਚ ਮਿਲ ਗਈ ਚਾਹੋ ਸਰੀਰ ਹੋਵੇ ਯਾ ਨਾ ਹੋਵੇ (ਪਰਵਾਹ ਨਹੀਂ)।

(ਹ) ਕਿੰਬਾ=ਕਿੰਤੂ, ਸੰਸਾ। ਤੁਕ ਦਾ ਅਰਥ—ਜਦ ਜੋਤਿ ਵਿਚ ਜੋਤਿ ਰਲ ਗਈ ਕੀ ਫੇਰ ਕੋਈ ਸੰਸਾ ਹੋ ਸਕਦਾ ਹੈ ? ਉੱਤਰ: ਮਹੋਇ=ਨਹੀਂ ਹੋ ਸਕਦਾ। **ਘਟਿ**—ਹਿਰਦੇ ਵਿਚ।

ਫੂਟਿ ਮਰੈ—ਫੁੱਟਕੇ ਮਰ ਜਾਏ। ਪਦਾਂ ਦੇ ਅਭਿਧਾ ਬ੍ਰਿਤੀ ਵਿਚ ਤਾਂ ਅਰਥ ਹਨ ਕਿ ਉਹ ਸਰੀਰ ਫੁੱਟ ਕੇ ਮਰ ਜਾਏ। ਇਹ ਉਸ ਤਰਾਂ ਦਾ ਵਾਕ ਹੈ ਜੀਕੂੰ ਕਬੀਰ ਜੀ ਨੇ ਫੁਰਮਾਇਆ ਸੀ:-

ਬਿਧਵਾ ਕਸ ਨ ਭਈ ਮਹਤਾਰੀ॥ [ਗਉੜੀ ਕਬੀਰ ਜੀ—੨੫]

ਪਰ ਇਸ ਵਿਚ ਇਕ ਧੁਨੀ ਹੈ ਜੋ ਸ਼ਲੇਖ ਤੋਂ ਨਿਕਲਦੀ ਹੈ। 'ਫਟਣਾ' ਦਾ ਅਰਥ ਹੈ:-

੧. ਟੁੱਟਣਾ, ੨. ਪੁੰਗਰਨਾ, ਉੱਗਣਾ, ਜੰਮਣਾ। 'ਮਰੈ' ਦਾ ਅਰਥ ਹੈ ਮਰਦਾ ਹੈ। ਦੋਹਾਂ ਦਾ ਅਰਥ ਬਣਿਆਂ (ਕਿ ਉਹ) ਜੰਮਦਾ ਮਰਦਾ ਹੈ।

(ਅ) ਫੂਟ ਮਰੈ ਨੂੰ ਫਿੱਟ ਮਰ ਸਮਝਕੇ ਕਈ ਵੇਰ ਇਸ ਦਾ ਅਰਥ 'ਭ੍ਰਿਸ਼ਟ ਹੋਕੇ ਮਰਦਾ' ਬੀ ਕਰ ਲਿਆ ਜਾਂਦਾ ਹੈ, ਪਰ 'ਫੂਟ' ਦਾ ਧਾਤੂ ਹੈ ਫੂਟਣਾ ਤੇ ਫਿਟ ਦਾ ਧਾਤੂ ਹੈ ਫਿੱਟਣਾ। ਅਰਥ ਜੁਦਾ ਜੁਦਾ ਹੈਨ।

ਸਾਵਲ—[ਸੰਸ:, ਸ਼ਜਾਮਲ] ਸਾਂਵਲਾ। ਕਾਲੀ ਝਾਲ ਵਾਲਾ। ਸਲੋਨਾ ਰੰਗ, ਜੋ ਸੁੰਦਰ ਤੇ ਮਨੋਹਰ ਸਮਝਿਆ ਜਾਂਦਾ ਹੈ। ਸ੍ਰੀ ਰਾਮ ਕ੍ਰਿਸ਼ਨ ਆਦਿ ਅਵਤਾਰਾਂ ਦਾ ਰੰਗ ਸਾਂਵਲਾ ਸਮਝਿਆ ਜਾਂਦਾ ਹੈ। ਆਮ ਭਾਵ ਸੁਹਣੇ ਦਾ ਹੀ ਹੁੰਦਾ।

ਜੋਗੁ
ਭੋਗੁ } (ਸੰਸ:, ਯੋਗੀ) ਯੋਗ ਮਾਰਗ। ਏਥੇ ਮੁਰਾਦ ਜੋਗੀ ਤੋਂ ਹੈ ਤੇ ਭੋਗ ਤੋਂ ਮੁਰਾਦ ਗ੍ਰਿਹਸਤੀ ਹੈ। ਜੋ ਐਉਂ ਬਣਦੀ ਹੈ: ਜੋਗ ਮਾਰਗ=ਚਾਹੋ ਕੋਈ ਯੋਗ ਮਾਰਗ

ਵਿਚ ਹੋਵੇ ਚਾਹੇ ਭੋਗ ਮਾਰਗ ਵਿਚ। ਭੋਗ ਤੋਂ ਭਾਵ ਗ੍ਰਿਹਸਤੀ ਦਾ ਹੈ।

ਕਾਸੀ ਉਪਦੇਸੁ—[ਸੰਸ:, ਕਾਸ਼ੀ = ਬਨਾਰਸ ਸ਼ਹਿਰ; ਉਪਦੇਸ਼:—ਗੁਰੁ ਮੰਤ੍ਰ] ਕਾਸ਼ੀ ਵਿਚ ਉਪਦੇਸ਼। ਇਸ ਦੀ ਵਿਥਜਾ ਇਹ ਹੈ ਕਿ ਆਮ ਲੋਕਾਂ ਵਿਚ ਇਕ ਮਨੌਤ ਹੈ ਕਿ ਜੇ ਕੋਈ ਕਾਸ਼ੀ ਵਿਚ ਮਰੇ, ਚਾਹੇ ਕੈਸਾ ਪਾਪੀ ਹੋਵੇ, ਜੇ ਉਹਦੇ ਕੰਨਾਂ ਵਿਚ ਸ਼ਿਵਜੀ ਦਾ ਤਾਰਕ ਮੰਤ੍ਰ ਅੰਤ ਸਮੇਂ ਪੈ ਜਾਵੇ ਤਾਂ ਉਸ ਦੀ ਮੁਕਤੀ ਹੋ ਜਾਂਦੀ ਹੈ।

[ਗਉੜੀ ਕਬੀਰ ਜੀ, ਚਉਪਦਾ—੫੬]

ਪ੍ਰਾਕ੍ਥਨ— ਵਾਸ਼ਨਾ, ਤ੍ਰਿਸ਼ਨਾ, ਵਿਕਾਰ, ਇੰਦ੍ਰੀ ਰਸਾਂ ਦੀ ਫਾਹੀ ਤੇ ਇਨ੍ਹਾਂ ਤੋਂ ਛੁੱਟਣੇ ਦੇ ਗ਼ਲਤ ਉਪਾਵਾਂ ਦੀਆਂ ਫਸੌਤੀਆਂ ਦਿਖਲਾ ਕੇ ਪ੍ਰੇਮਾ ਭਗਤੀ ਦੇ ਉਪਦੇਸ਼ ਦੇਂਦੇ ਹਨ।

ਮੂਲ	**ਅਰਥ**
ਗਉੜੀ ॥ ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ ॥ ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ ॥੧॥	ਹੇ (ਭਾਈ) !) ਜਿਤਨੇ ਲੋਕ (ਹੋਰ ਹੋਰ) ਜਤਨ ਕਰਦੇ ਰਹੇ ਓਹ (ਸਭ) ਡੁੱਬੇ, (ਜਤਨਾ ਨੇ ਉਨ੍ਹਾਂ ਨੂੰ) ਭਾਵ ਸਾਗਰ ਤੋਂ ਨਹੀਂ ਤਾਰਿਆ। (ਪ੍ਰਸ਼ਨ: ਕੈਸੇ ਜਤਨ ? ਉੱਤਰ:) ਹੇ (ਭਾਈ ! ਕਰਮ ਕਾਂਡ ਦੇ ਦੱਸੇ) ਕਰਮ, ਧਰਮ, ਬਹੁਤ ਸੰਜਮ, (ਇਨ੍ਹਾਂ ਦੇ) ਕਰਦਿਆਂ (ਸਗੋਂ) ਅਹੰਬੁਧੀ ਨੇ (ਉਨ੍ਹਾਂ ਦੇ) ਮਨ ਨੂੰ ਸਾੜ ਦਿੱਤਾ॥੧॥
ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ ॥ ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ ॥ ੧॥ ਰਹਾਉ ॥	ਹੇ (ਭਾਈ !) ਪ੍ਰਾਣਾਂ (ਤੇ ਪਰਾਣਾਂ ਦੇ ਆਧਾਰ) ਭੋਜਨ ਦਾ ਦਾਤਾ (ਜੋ) ਠਾਕੁਰ ਹੈ ਉਸ ਨੂੰ (ਤੂੰ) ਕਿਉਂ ਮਨ ਤੋਂ ਵਿਸਾਰਿਆ ਹੈ ? (ਐਸਾ-ਕਰਨੇ ਵਿਚ ਤੂੰ ਇਹ ਮਾਨੁਖਾ) ਜਨਮ ਜੋ ਅਮੋਲਕ ਹੀਰਾ ਤੇ ਲਾਲ ਹੈ ਕਉਡੀ ਬਦਲੇ ਹਾਰ ਦਿੱਤਾ ਹੈ, ਹੇ (ਭਾਈ !)॥੧॥ਰਹਾਉ॥
ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ ॥ ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ ॥੨॥	ਹੇ (ਭਾਈ)! (ਤੂੰ ਆਪਣੇ) ਹਿਰਦੇ ਵਿਚ (ਕਦੇ ਸੋਚ ਨਾ ਕੀਤੀ (ਕਿ ਤੇਰੇ ਅੰਦਰ) ਤ੍ਰਿਸ਼ਨਾ ਦੀ ਤ੍ਰੇਹ ਭਰਮ ਦੀ ਭੁੱਖ ਕਰਕੇ ਲੱਗ ਰਹੀ ਹੈ। (ਨਾਲ) ਮਾਨ ਦੀ ਮਸਤੀ ਨੇ (ਤੈਨੂੰ) ਠੱਗ ਲਿਆ (ਜਿਸ ਮਾਨ ਦੀ ਮਸਤੀ ਵਿਚ ਤੂੰ ਕਦੇ) ਮਨ ਵਿਚ ਗੁਰੂ ਦਾ ਉਪਦੇਸ਼ ਧਾਰਨ ਨਾ ਕੀਤਾ (ਸੁਣ)ਹੇ ਭਾਈ!)॥੨॥
ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ ॥ ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ ॥੩॥	ਇੰਦ੍ਰੀਆਂ ਦੇ ਰਸਾਂ ਦਾ ਪ੍ਰੇਰਿਆ, ਸੁਆਦਾਂ ਵਿਚ ਲੁਭਾਇਮਾਨ ਹੋਇਆ ਹੋਇਆ ਵਿਕਾਰਾਂ ਦੇ ਰਸ ਨੂੰ ਤੂੰ ਮਦਮੱਤਾ ਹੋ ਕੇ ਲੈ ਰਿਹਾ ਹੈਂ। (ਪਰ ਦੇਖ) ਹੇ (ਭਾਈ !) ਜੋ (ਇਨ੍ਹਾਂ ਕਰਮ ਕਾਂਡੀ) ਕਰਮਾਂ ਤੋਂ ਭੱਜ ਕੇ ਸੰਤਾਂ ਦੇ ਸੰਗੀ ਹੋ ਗਏ (ਉਹ ਜੋ) ਲੋਹੇ (ਵਰਗੇ ਡੁੱਬਣਹਾਰ ਸਨ) ਕਾਠ (= ਬੇੜੇ ਵਰਗੇ ਸਤਿਸੰਗ ਨੇ ਉਨ੍ਹਾਂ ਨੂੰ) ਉਧਾਰ ਲਿਆ (ਭਾਵ, ਭਵ ਸਾਗਰ ਤੋਂ ਪਾਰ ਕਰ ਦਿੱਤਾ)॥੩॥
	[ਪ੍ਰਸ਼ਨ:—ਓਹ ਤਰ ਜਾਣੇ ਵਾਲੇ ਗੁਰੂ ਨੂੰ ਕੀਕੂੰ ਮਿਲੇ ਸਨ ?

ਧਾਵਤ ਜੋਨਿ ਜਨਮ ਭ੍ਰਮਿ ਥਾਕੇ ਅਬ ਦੁਖ ਕਰਿ ਹਮ ਹਾਰਿਓ ਰੇ ॥ ਕਹਿ ਕਬੀਰ ਗੁਰ ਮਿਲਤ ਮਹਾ ਰਸੁ ਪ੍ਰੇਮ ਭਗਤਿ ਨਿਸਤਾਰਿਓ ਰੇ ॥੪॥੧॥੫॥੫੬॥	ਉੱਤਰ:] (ਉਨ੍ਹਾਂ ਨੇ ਗੁਰੂ ਕੀ ਸ਼ਰਣ ਲੈ ਕੇ ਬੇਨਤੀ ਕੀਤੀ ਕਿ ਹੇ ਗੁਰੋ।) ਭ੍ਰਮ ਵਿਚ (ਪੈਕੇ) ਜਨਮ (ਲੈਂਦੇ) ਜੂਨਾਂ ਵਿਚ ਭਜਦੇ ਦੁਖਾਂ ਨੂੰ ਭੋਗਦੇ ਅਸੀਂ ਹੁਣ ਹਾਰ ਗਏ ਹਾਂ (ਸਾਨੂੰ-ਕਿਵੇਂ ਤਾਰ ਲਓ)! ਕਹਿੰਦੇ ਹਨ ਕਬੀਰ ਜੀ, (ਇਸ ਪ੍ਰਕਾਰ) ਗੁਰੂ ਨੂੰ ਮਿਲਕੇ(ਉਨ੍ਹਾਂ ਨੂੰ) ਮਹਾਂਰਸ (ਬ੍ਰਹਮਾਨੰਦ ਮਿਲ ਗਿਆ, ਸੋ)ਹੇ (ਭਾਈ! ਸਮਝ ਲੈ ਕੇ ਕਿ ਗੁਰੂ ਦੀ ਦਿੱਤੀ) ਪ੍ਰੇਮਾ ਭਗਤੀ ਨੇ (ਹੀ ਸਭ ਦਾ) ਨਿਸਤਾਰਾ ਕੀਤਾ ਹੈ॥੪॥੧॥੫॥੫੬॥

ਵਯਾਖਯਾ—ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਨੇ ਸਪਸ਼ਟ ਪਦਾਂ ਵਿਚ ਨਿਰੂਪਣ ਕੀਤਾ ਹੈ ਕਿ ਜਿਤਨੇ ਜਤਨ: ਹੋਮ, ਜੱਗ, ਜਪ, ਤਪ, ਬ੍ਰਤ ਆਦਿ ਕਰਮ ਧਰਮ ਸੰਜਮ, ਸ਼ਾਸਤ੍ਰਾਂ ਦੇ ਦੱਸੇ ਕਰਦੇ ਰਹੇ, ਭਵਜਲ ਨਾਤਾਰਸਕੇ,ਕਿਉਂਕਿ ਇਨ੍ਹਾਂ ਕਰਮਾਂ ਨਾਲ ਹੰਕਾਰ ਵਧਦਾ ਹੈ ਤੇ ਅਤਹਕਰਨ ਨੂੰ ਠੰਢ ਪੈਣ ਦੀ ਥਾਂ ਅਹੰਕਾਰ ਅਭਿਮਾਨ ਦੀ ਤਪਸ਼ ਲੱਭਦੀ ਹੈ, ਕਬੀਰ ਜੀ ਨੇ ਹੋਰ ਥੇ ਫੁਰਮਾਇਆ ਹੈ:—

ਕਰਮ ਕਰਤ ਬਧੇ ਅਹੰਮੇਵ॥ [ਗਉੜੀ ਕਬੀਰ ਜੀ-੪]

ਇਕ ਪਾਸੇ ਕਰਮਾਂ ਨੇ ਹੰਕਾਰ ਵਧਾਇਆ ਦੂਜੇ ਪਾਸੇ ਗੁਰ ਉਪਦੇਸ਼ ਨਾ ਹੋਣ ਕਰਕੇ ਭਰਮ ਦੂਰ ਨਾ ਹੋਇਆ, ਤ੍ਰਿਸ਼ਨਾ ਨਾ ਘਟੀ। ਅਹੰਕਾਰ ਨੇ ਉਨਮੱਤ ਕਰ ਦਿਤਾ, ਭੋਗਾਂ ਵਲ ਸ਼ੌਕ ਪੈ ਗਿਆ ਤੇ ਵਿਕਾਰਾਂ ਨੇ ਹੋਰ ਮਨ ਮੈਲਾ ਕਰ ਦਿਤਾ, ਸੋ ਕਲਜਾਣ ਹੋਣੀ ਹੋਰ ਔਖੀ ਹੋ ਗਈ।

ਅੰਕ ੩ ਦੇ ਅੰਤ ਵਿਚ ਦੱਸਦੇ ਹਨ ਕਿ ਜੋ ਇਨ੍ਹਾਂ ਕਰਮਾਂ ਤੇ ਟੇਕ ਧਾਰਨੋਂ ਭੱਜ ਪਏ ਤੇ ਸਤਿ-ਸੰਗ ਵਿਚ ਚਲੇ ਗਏ ਉਹਨਾਂ ਨੂੰ ਕਰਤਾ ਪੁਰਖ ਨਾਲ ਪ੍ਰੇਮਾ ਭਗਤੀ ਦਾ ਉਪਦੇਸ਼ ਮਿਲ ਗਿਆ ਤੇ ਓਹ ਬ੍ਰਹਮਾਨੰਦ ਰੂਪੀ ਮਹਾਂ ਰਸ ਨੂੰ ਪ੍ਰਾਪਤ ਹੋ ਗਏ।

ਨਿਰੁਕ੍ਤ—**ਜਤਨ**—[ਸੰਸ:,=ਕੋਸ਼ਿਸ਼, ਮਿਹਨਤ, ਧੁਨ] ਕੋਸ਼ਸ਼ਾਂ। ਮੁਰਾਦ ਹੈ ਨਾਮ ਤੋਂ ਛੁਟ ਹੋਰ ਕਰਮ ਕਾਂਡੀ ਜਤਨ।

ਅਹੰਬੁਧਿ—ਹੰਕਾਰ ਵਾਲੀ ਬੁੱਧੀ। ਹਉਮੈਂ, ਹੰਕਾਰ।

ਉਨਮਤ—[ਸੰਸ:, ਉਨਮਤ੍ਤ=] ਮਸਤ ਹੋਇਆ ਹੋਇਆ।

ਹਿਰਿਓ—[ਸੰਸ:, ਹਰਣੰ=ਚੁਰਾਉਣਾ, ਲੈ ਜਾਣਾ] ਠਗਿਆ ਗਿਆ।

ਮਦ ਰਸ—[ਸੰਸ:, ਮਦਜ਼+ਰਸ] ਮਦ ਦਾ ਰਸ। ਸ਼ਰਾਬ ਦਾ ਸੁਆਦ। (ਅ) ਮਸਤੀ ਦਾ ਸੁਆਦ।

ਕਾਸਟ—ਕਾਠ। ਮੁਰਾਦ ਬੇੜੇ ਤੋਂ ਹੈ। ਭਾਵ ਬੇੜੇ ਵਰਗੇ ਤਾਰਨਹਾਰ ਬਿਰਦ ਵਾਲੇ ਸਤਿਸੰਗ ਤੋਂ ਹੈ।

ਕਰਮ ਭਾਗਾ—[ਸੰਸ:, ਕਰ੍ਮ ਯੋਗ:=ਕਰਮ ਮਾਰਗ] ਕਰਮ ਮਾਰਗ ਤੋਂ ਨੱਸ ਕੇ।

(ਅ) 'ਜਿਨ੍ਹਾਂ ਦੇ ਕਰਮ ਤੇ ਭਾਗ ਸਨ', ਇਉਂ ਬੀ ਅਰਥ ਲਾਉਂਦੇ ਹਨ, 'ਪਰੰਤੂ ਜੋ ਪ੍ਰਸੰਗ, ਚਲ ਰਿਹਾ ਹੈ ਉਸ ਮੂਜਬ ਪਹਿਲੇ ਅਰਥ 'ਕਰਮਾਂ ਤੋਂ ਨੱਸ ਕੇ' ਠੀਕ ਹਨ।

ਲੋਹ—[ਸੰਸ:, ਲੋਹ] ਲੋਹਾ। ਮੁਰਾਦ ਹੈ ਲੋਹੇ ਵਰਗੇ ਪੀਡੇ ਜੋ ਡੁੱਬਣਹਾਰ ਹਨ, ਭਾਵ ਪਾਪੀ।

ਧਾਵਤ ਜੋਨਿ...—ਜੂਨਾਂ ਵਿਚ ਧਾਉਂਦੇ ਭਰਮ ਦੇ ਕਾਰਣ।

(ਅ) ਐਉਂ ਬੀ ਕਰਦੇ ਹਨ:—ਜੂਨਾਂ ਵਿਚ ਭਜਦੇ ਤੇ ਜਨਮਾਂ ਵਿਚ ਭਟਕਦੇ।

[ਗਉੜੀ ਕਬੀਰ ਜੀ, ਚਉਪਦਾ-੫੭]

ਮੂਲ	ਅਰਥ
ਗਉੜੀ ॥ ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ ॥ ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ ਸੀਸ ॥੧॥	ਹੇ (ਮੇਰੇ) ਬਾਵਲੇ ਮਨ ! (ਦੇਖ) ਜਗਤ ਦੇ ਮਾਲਕ ਨੇ (ਇਕ) ਅਚਰਜ ਖੇਲ ਰਚਿਆ ਹੈ (ਜਿਵੇਂ ਕਿ ਹਾਥੀ ਪਕੜਨੇ ਵਾਲੇ ਇਕ) ਹਥਨੀ ਦਾ ਢਾਂਚਾ (ਬਣਾ ਕੇ ਇਕ ਘਾਸ ਫੂਸ ਨਾਲ ਕੱਜੇ ਟੋਏ ਤੇ ਖੜਾ ਕਰ ਦੇਂਦੇ ਹਨ)। ਹਾਥੀ ਕਾਮ ਦੇ ਸੁਆਦ ਦਾ ਮਾਰਿਆ (ਭੱਜਾ ਆਉਂਦਾ ਟੋਏ ਵਿਚ ਡਿੱਗ ਕੇ ਪਕੜਨ ਵਾਲਿਆਂ ਦੇ) ਵੱਸ ਵਿਚ ਪੈ ਜਾਂਦਾ ਹੈ, ਹੇ (ਮੇਰੇ) ਬਾਵਲੇ ਮਨ ! (ਫੇਰ ਉਸ ਨੂੰ ਸਾਰੀ ਉਮਰਾ) ਸਿਰ ਉਤੇ ਅੰਕੁਸ (ਦੀ ਮਾਰ) ਸਹਾਰਨੀ ਪੈਂਦੀ ਹੈ॥੧॥
ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ ॥ ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ ਗਹਿਓ ਨ ਰਾਮ ਜਹਾਜੁ ॥੧॥ ਰਹਾਉ ॥	ਹੇ (ਮੇਰੇ) ਬਾਵਲੇ ਮਨ ! ਵਿਸ਼ਿਆਂ ਤੋਂ ਬਚ, ਹਰੀ ਵਿਚ (ਪ੍ਰੇਮ ਨਾਲ) ਰਚ ਜਾਹ (ਤੇ ਇਹ ਗੱਲ) ਸਮਝ: (ਕਿ ਤੂੰ ਹੁਣ ਤਾਈਂ ਸਾਰੇ) ਡਰ ਲਾਹ ਕੇ ਹਰੀ ਨੂੰ ਨਹੀਂ ਭਜਿਆ ਤੇ ਹੇ (ਮੇਰੇ) ਬਾਵਲੇ ਮਨ ! ਰਾਮ (ਰੂਪੀ) ਜਹਾਜ ਦੀ ਸ਼ਰਣ ਨਹੀਂ ਲੀਤੀ॥੧॥ ਰਹਾਉ॥
ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ ॥ ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ ॥੨॥	(ਲੋਭ ਵਿਚ ਤੂੰ ਐਸਾ ਗ੍ਰਸਿਆ ਗਿਆ) ਹੇ (ਮੇਰੇ) ਬਾਵਲੇ ਮਨ ! (ਕਿ ਜਿਵੇਂ) ਬਾਂਦਰ (ਦੱਬੀ ਕੁੱਜੀ ਵਿਚ ਪਏ) ਅਨਾਜ ਦੀ ਮੁਠੀ ਹੱਥ ਪਸਾਰ ਕੇ ਭਰ ਲੈਂਦਾ ਹੈ (ਮੁੱਠ ਛੱਡਦਾ ਨਹੀਂ ਤੇ) ਛੁਟਣੇ ਦੇ ਫਿਕਰਾਂ ਵਿਚ ਪਿਆ ਹੀ (ਪਕੜਿਆ ਜਾਂਦਾ ਹੈ ਤੇ ਫੇਰ ਮਦਾਰੀ ਦੇ ਵਸ ਪਿਆ) ਬੂਹੇ ਤੇ ਘਰ ਘਰ ਨਚਦਾ ਫਿਰਦਾ (ਦੁਖ ਭਰਦਾ) ਹੈ॥੨॥
ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰੁ ॥ ਜੈਸਾ ਰੰਗੁ ਕਸੁੰਭ ਕਾ ਮਨ ਬਉਰਾ ਰੇ ਤਿਉ ਪਸਰਿਓ ਪਾਸਾਰੁ ॥੩॥	ਹੇ (ਮੇਰੇ) ਬਾਵਲੇ ਮਨ ! (ਹੋਰ ਦੇਖ ਕਿ) ਜਿਵੇਂ ਨਲਨੀ ਦੁਆਰਾ ਤੋਤਾ ਪਕੜਿਆ ਜਾਂਦਾ ਹੈ (ਕਿ ਓਹ ਆਪ ਹੀ ਅਪਣੇ ਫਸਾਉਣੇ ਵਾਲੀ ਨਲਨੀ ਨੂੰ ਨਹੀਂ ਛੋੜਦਾ) ਮਾਯਾ ਦਾ (ਜੀਵਾਂ ਨੂੰ ਫਸਾਉਣ ਦਾ) ਇਹੋ ਤ੍ਰੀਕਾ ਹੈ। ਹੇ ਬਾਵਲੇ ਮਨ ! (ਇਸ ਮਾਇਆ ਦਾ ਹੋਰ ਛਲ ਵੇਖ ਕਿ ਜੋ ਤੈਨੂੰ ਜਗਤ ਦਾ) ਪਸਾਰਾ ਪਸਰਿਆ (ਦਿੱਸ ਰਿਹਾ) ਹੈ ਇਹ ਕੁਸੁੰਭੇ ਦੇ ਰੰਗ ਵਰਗਾ ਹੈ (ਭਾਵ ਬਹੁਤ ਥੋੜਾ ਚਿਰ ਰਹਿੰਦਾ ਹੈ ਜਿਵੇਂ ਕਸੁੰਭੇ ਦਾ ਰੰਗ ਛੇਤੀ ਉਡ ਜਾਂਦਾ ਹੈ)॥੩॥
ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ ॥ ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ ॥੪॥੧॥੬॥੫੭॥	[ਹੁਣ ਮਾਇਆ ਤੋਂ ਬਚਣ ਦੇ ਝੂਠੇ ਤੇ ਸੱਚੇ ਉਪਾਵ ਦੱਸਦੇ ਹਨ:] ਹੇ ਬਾਵਲੇ ਮਨ। ਨਹਾਉਣ ਲਈ (ਜਲ ਦੇ) ਬਹੁਤੇਰੇ ਤੀਰਥ ਹਨ ਤੇ ਪੂਜਣ ਲਈ (ਮਿੱਟੀ ਪੱਥਰ ਧਾਤੂ ਆਦਿ ਦੇ) ਦੇਵਤੇ ਬਥੇਰੇ ਹਨ, ਪਰ ਕਬੀਰ (ਤੈਨੂੰ)ਦੱਸਦਾ ਹੈ, ਹੇ ਬਾਵਲੇ ਮਨ ! (ਇਨ੍ਹਾਂ ਦੁਆਰਾ ਮਾਇਆ ਦੀ ਬੰਦੀ ਤੋਂ) ਛੁਟਕਾਰਾ ਨਹੀਂ (ਮਿਲਦਾ), ਛੁਟਕਾਰਾ ਹਰੀ ਦੀ ਸੇਵਾ (=ਭਗਤੀ) ਨਾਲ ਹੀ (ਮਿਲਦਾ) ਹੈ॥੪॥੧॥੬॥੫੭॥

ਵਜਾਖਜਾ—ਪਿਛਲੇ ਸ਼ਬਦ ਵਿਚ ਦੱਸਿਆ ਸੀ ਕਿ ਜੀਵ ਤ੍ਰਿਸ਼ਨਾਂ ਦੇ ਵੱਸ ਹੋਕੇ ਕੀਕੂੰ ਵਿਕਾਰਾਂ ਵਿਚ ਜੀਵਨ ਬਸਰ ਕਰਦਾ ਹੈ ਤੇ ਜਦ ਇਨ੍ਹਾਂ ਤੋਂ ਛੁਟਣ ਦਾ ਜਤਨ ਕਰਦਾ ਹੈ ਤਾਂ ਉਹਨਾਂ ਜਤਨਾਂ ਨਾਲ ਅਹੰਬੁਧਿ ਵਧਾਉਂਦਾ ਤੇ ਉਸ ਅਹੰਬੁਧਿ ਵਿਚ ਜਲਦਾ ਧੁਖਦਾ ਰਹਿੰਦਾ ਹੈ। ਹੁਣ ਮਿਸਾਲਾਂ ਦੇਕੇ ਕਾਮ ਤੇ ਲੋਭ ਆਦਿ ਵਿਕਾਰਾਂ ਦੁਆਰਾ ਮਾਇਆ ਕਿਵੇਂ ਫਸਾਉਂਦੀ ਹੈ, ਇਸ ਦੇ ਫੰਧੇ ਤੋਂ ਛੁੱਟਣ ਲਈ, ਉਹ ਜਤਨ ਜੋ ਛੁਟਕਾਰਾ ਨਹੀਂ ਦੇਂਦੇ, ਸਗੋਂ ਹਉਂ ਵਧਾਉਂਦੇ ਹਨ, ਦੱਸਦੇ ਹੋਏ 'ਹਰੀ ਦੀ ਭਗਤੀ ਹੀ ਅਸਲੀ ਜਤਨ ਛੁੱਟਣੇ ਦਾ ਹੈ' ਨਿਰੂਪਣ ਕਰਦੇ ਹਨ।

ਨਿਰੁਕ੍—ਕਾਲਬੂਤ—[ਫਾ:, ਕਾਲਬੁਦ] ਢਾਂਚਾ, ਕਲਬੂਤ, ਤਨ, ਬਦਨ।

ਕਾਲਬੂਤ ਕੀ ਹਸਤਨੀ—ਕਾਗਜ਼ਾਂ ਆਦਿ ਦੀ ਬਣਾਈ ਹੋਈ ਬਨਾਵਟੀ ਹਥਨੀ।

ਚਲਤੁ—[ਸੰਸ:, ਚਰਿਤ੍ਰ] ਤਮਾਸ਼ਾ, ਖੇਲ, ਅਚਰਜ ਕੌਤਕ।

ਜਗਦੀਸ—[ਸੰਸ:, ਜਗਤ੍ +ਈਸ:] ਜਗਤ ਦਾ ਮਾਲਕ। ਅਕਾਲ ਪੁਰਖ।

ਸੁਆਇ—ਸੁਆਦ। **ਗਜ**—(ਸੰਸ:) ਹਾਥੀ।

ਅੰਕਸੁ—[ਸੰਸ:, ਅਙ੍ਕੁਸ਼:] ਇਕ ਲੋਹੇ ਦਾ ਅਗੋਂ ਤ੍ਰਿਖਾ ਕੁੰਡਾ ਜੇਹਾ ਜਿਸ ਨਾਲ ਹਾਥੀ ਨੂੰ ਟੋਰਦੇ ਹਨ, ਜਿਵੇਂ ਚਾਬੁਕ ਨਾਲ ਘੋੜਾ।

ਬਾਚੁ—['ਬਚ' ਦਾ ਦੂਸਰਾ ਰੂਪ] ਬਚਾ ਅਪਣੇ ਆਪ ਨੂੰ।

ਰਾਮ ਜਹਾਜੁ—ਰਾਮ ਰੂਪੀ ਜਹਾਜ਼ ਜੋ ਤਾਰਨੇ ਵਾਲਾ ਹੈ, ਰਾਮ ਨਾਮ ਰੂਪੀ ਜਹਾਜ਼।

ਮਰਕਟ—[ਸੰਸ:, ਮਰ੍ਕਟ] ਬਾਂਦਰ, ਲੰਗੂਰ।

ਮੁਸਟੀ—[ਸੰਸ:, ਮੁਸ਼੍ਟਿ:] ਮੁੱਠ, ਮੁੱਠੀ।

ਮਦਾਰੀ ਜਾਂ ਕਲੰਦਰ ਜਦ ਬਾਂਦਰ ਫੜਨਾ ਹੋਵੇ ਤਾਂ ਬਾਂਦਰਾਂ ਵਾਲੇ ਥਾਂ ਇਕ ਤੰਗ ਮੂੰਹ ਦੀ ਕੁੱਜੀ ਦੱਬ ਦੇਂਦੇ ਹਨ ਵਿਚ ਦਾਣੇ ਭਰ ਦੇਂਦੇ ਹਨ। ਇਸ ਦਾ ਮੂੰਹ ਇੰਨਾ ਤੰਗ ਹੁੰਦਾ ਹੈ ਕਿ ਖਾਲੀ ਹਥ ਤਾਂ ਵਿਚ ਚਲਾ ਜਾਂਦਾ ਹੈ ਪਰ ਜੇ ਦਾਣਿਆਂ ਦੀ ਮੁੱਠ ਭਰਕੇ ਕੱਢੋ ਤਾਂ ਮੁੱਠ ਨਹੀਂ ਨਿਕਲਦੀ। ਆਲੇ ਦੁਆਲੇ ਦਾਣੇ ਖਿਲਾਰ ਦੇਂਦੇ ਹਨ, ਆਪ ਲੁਕ ਬੈਠਦੇ ਹਨ। ਬਾਂਦਰ ਆਕੇ ਦਾਣੇ ਚੁਣ ਚੁਣ ਖਾਂਦਾ ਦੱਬੇ ਭਾਂਡੇ ਦੇ ਮੂੰਹ ਕੋਲ ਆਉਂਦਾ ਹੈ ਤਾਂ ਹੱਥ ਵਿਚ ਪਾਕੇ ਮੁੱਠ ਭਰ ਲੈਂਦਾ ਹੈ, ਮੁੱਠ ਛੱਡਦਾ ਨਹੀਂ ਤੇ ਹੱਥ ਜ਼ੋਰ ਨਾਲ ਖਿੱਚਦਾ ਚੀਂ ਚੀਂ ਕਰਦਾ ਆਪੇ ਫਸਿਆ ਰਹਿੰਦਾ ਹੈ; ਕਲੰਦਰ ਆ ਕੇ ਫਸੇ ਨੂੰ ਪਕੜ ਲਿਜਾਂਦਾ ਹੈ ਤੇ ਫੇਰ ਖੇਡਾਂ ਸਿਖਾਕੇ ਘਰ ਘਰ ਤਮਾਸ਼ੇ ਦਿਖਾਉਂਦਾ ਵਿਚਾਰੇ ਨੂੰ ਅਪਣੀ ਕੈਦ ਵਿਚ ਲਈ ਫਿਰਦਾ ਹੈ।

ਬਾਰਿ—ਬਾਰ ਬਾਰ, ਬੂਹੇ ਬੂਹੇ, ਦਰ ਦਰ। **ਸੂਅਟਾ**—(ਦੇਖੋ 'ਸੁਆ' ਪੰਨਾ ੧੬੨੧) ਤੋਤਾ।

ਨਲਨੀ—(ਦੇਖੋ ਪੰਨਾ ੧੬੨੧) ਨਲਨੀ ਤੋਤੇ ਫੜਨ ਦਾ ਇਕ ਸੰਦ ਜੋ ਨਾਲੀ ਤੋਂ ਬਣਦਾ ਹੈ। ਇਕ ਵਾਂਸ ਦੀ ਟੋਰੀ ਸੀਖ ਤੇ ਚਾੜ੍ਹਕੇ ਪਾਣੀ ਦੇ ਕੁੰਡ ਯਾ ਕੁੰਭ ਉਤੇ ਲਾਉਂਦੇ ਹਨ ਕਿ ਜਦ ਤੋਤਾ ਉਸ ਤੇ ਆਕੇ ਬੈਠੇ ਤਾਂ ਉਹ ਭਉਂ ਜਾਵੇ। ਉਪਰ ਭਿੱਤੀ ਲਾਈ ਹੁੰਦੀ ਹੈ। ਤੋਤਾ ਜਦ ਭਿੱਤੀ ਦੇ ਲੋਭ ਵਿਚ ਆਕੇ ਟੋਰੀ ਤੇ ਬੈਠਦਾ ਹੈ ਤਾਂ ਉਹ ਟੋਰੀ ਯਾ ਨਲਕੀ ਭਉਂ ਜਾਂਦੀ ਹੈ, ਤੋਤਾ ਹੇਠਾਂ ਪਾਣੀ ਦੇਖਕੇ ਡੁੱਬਣ ਤੋਂ ਡਰਦਾ ਨਲਕੀ ਨੂੰ ਘੁਟ ਘੁਟ ਫੜਦਾ ਹੈ ਤੇ ਛਡਦਾ ਨਹੀਂ, ਫਾਹੀ ਲਾਉਣ ਵਾਲਾ, ਆਕੇ ਉਸ ਨੂੰ ਫੜ ਪਿੰਜਰੇ ਵਿਚ ਪਾ ਲੈਂਦਾ ਹੈ। ਉਹ ਇਕ ਤਰ੍ਹਾਂ ਆਪੇ ਦੇ ਫਿਕਰ ਵਿਚ ਆਪੇ ਫਸਦਾ ਹੈ, ਨਲਨੀ ਛੱਡੇ ਤਾਂ ਉੱਡ ਜਾਵੇ। ਮਾਇਆ ਭਿੱਤੀ ਇਸੇ ਤਰ੍ਹਾਂ ਲਾਉਂਦੀ ਹੈ ਕਿ ਜੀਵ ਭਰਮ ਵਸ ਆਪੇ ਮਾਇਆ ਵਿਚ ਫਾਥਾ ਰਹਿੰਦਾ ਹੈ।

ਕਸੁੰਭ—[ਸੰਸ:. ਕਸੁਮ੍ਭ ਜਾਂ ਕੁਸੁੰ ਭ:] ਇਕ ਬੂਟਾ ਜਿਸ ਦੇ ਲਾਲ ਫੁੱਲਾਂ ਵਿਚੋਂ ਸੂਹਾ ਰੰਗ ਨਿਕਲਦਾ ਹੈ, ਇਸ ਨਾਲ ਕਪੜੇ ਰੰਗਦੇ ਹਨ। ਪਰ ਇਹ ਰੰਗ ਧੁੱਪੇ ਛੇਤੀ ਉਡ ਜਾਂਦਾ ਹੈ, ਪਾਣੀ ਨਾਲ ਬੀ ਉੱਤਰ ਜਾਂਦਾ ਹੈ, ਇਸ ਕਰਕੇ ਮਾਇਆ ਦੇ ਪਸਾਰੇ ਨਾਲ ਇਸ ਦੀ ਮਿਸਾਲ ਗੁਰਬਾਣੀ ਵਿਚ ਬਹੁਤ ਥਾਂਈਂ ਦਿੱਤੀ ਹੈ।

[ਗਉੜੀ ਕਬੀਰ ਜੀ, ਚਉਪਦਾ-੫੮]

ਪ੍ਰਾਕ੍ਕਥਨ— ਇਸ ਸ਼ਬਦ ਵਿਚ ਕਬੀਰ ਜੀ 'ਸਾਰ ਧਨ' ਦਾ ਪਤਾ ਦੇਂਦੇ ਹਨ ਜੋ ਰਾਮ ਨਾਮ ਹੈ। ਜਿਸ ਧਨ ਦੇ ਮਗਰ ਦੁਨੀਆਂ ਹੈ ਉਹ ਅਸਾਰ ਧਨ ਹੈ, ਜੋ ਸਦਾ ਨਹੀਂ ਰਹਿੰਦਾ।

ਮੂਲ	ਅਰਥ
ਗਉੜੀ ॥ ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ ॥ ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤ ਹੀ ਨ ਜਾਵੈ ॥੧॥	ਰਾਮ ਨਾਮ ਰੂਪੀ ਧਨ ਇਕੱਠਾ ਕਰ, ਉਹ ਧਨ (ਸਦਾ ਪਾਸ ਰਹਿੰਦਾ ਹੈ, ਸਾਥ ਛੱਡ ਕੇ ਹੋਰ) ਕਿਤੇ ਨਹੀਂ ਜਾਂਦਾ, (ਉਸ ਨੂੰ) ਅੱਗ ਸਾੜਦੀ ਨਹੀਂ, ਜਲ ਡੋਬਦਾ ਨਹੀਂ, ਚੋਰ ਉਸ ਦੇ ਨੇੜੇ ਨਹੀਂ ਆਉਂਦਾ।।੧।।
ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ ॥ ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥੧॥ ਰਹਾਉ ॥	(ਹਾਂ), ਸਾਡਾ ਧਨ ਹੈ (ਨਾਮ, ਉਹ ਨਾਮ ਹੈ) ਮਾਧਉ ਗੋਬਿੰਦ ਧਰਣੀਧਰ ਦਾ, ਇਸੇ ਨੂੰ ਸਾਰ ਧਨ (=ਸ੍ਰੇਸ਼ਟ ਧਨ, ਯਾ ਅਸਲੀ ਧਨ) ਕਹੀਦਾ ਹੈ। (ਕਿਉਂਕਿ) ਜੋ ਸੁਖ ਪ੍ਰਭੂ ਗੋਬਿੰਦ ਦੀ ਭਗਤੀ ਕਰਕੇ ਪ੍ਰਾਪਤ ਹੁੰਦਾ ਹੈ ਉਹ ਸੁਖ ਰਾਜ ਵਿਚ (ਬੀ) ਨਹੀਂ ਪਾ ਸਕੀਦਾ।।੧।।ਰਹਾਉ।।
ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ ॥ ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ ॥੨॥	(ਹਾਂ ਜੀ, ਜੇ) ਮਨ ਵਿਚ ਮੁਕੰਦ (ਮੁਕਤੀ ਦਾਤਾ ਪ੍ਰਭੂ ਦੀ ਯਾਦ ਵਸਦੀ (ਹੋਵੇ ਅਤੇ) ਜੀਭ ਉਤੇ ਨਾਰਾਇਣ (ਪ੍ਰਭੂ ਦੇ ਨਾਮ ਦਾ ਵਾਸਾ ਹੋਵੇ ਤਾਂ ਉਸਨੂੰ) ਜਮ ਦੀ ਫਾਸ ਨਹੀ ਪੈਂਦੀ। (ਪ੍ਰਤੱਖ ਦੇਖੋ ਕਿ ਸਾਰੇ) ਸ਼ਿਵ (ਤੇ ਚਾਰੇ) ਸਨਕ ਆਦਿ ਇਸ ਧਨ ਨੂੰ ਖੋਜਦੇ ਹੋਏ (ਧਨ ਤੋਂ) ਉਦਾਸੀ ਹੋ ਗਏ ਸਨ।।੨।।
ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥ ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥	[ਪੁਰਾਤਨਾਂ ਦਾ ਤਜਰਬਾ ਦੱਸ ਕੇ ਹੁਣ ਅਪਣੀ ਹੱਡ ਵਰਤੀ ਦੱਸਦੇ ਹਨ:—] ਗੁਰੂ ਨੇ (ਮੈਨੂੰ ਇਕ) ਨਿਜ ਧਨ ਬਖਸ਼ਿਆ (ਉਹ ਸੀ) ਭਗਤੀ (ਤੇ ਇਸ ਤੋਂ ਉਪਜਣ ਵਾਲਾ) ਗਿਆਨ। (ਗੁਰੂ ਦੀ ਦਿੱਤੀ) ਉਸ ਸੁਮਤੀ ਵਿਚ (ਮੇਰਾ) ਮਨ ਲੱਗ ਗਿਆ (ਭਾਵ ਪਤੀਜ ਕੇ ਉਸ ਵਿਚ ਦ੍ਰਿੜ ਹੋ ਗਿਆ ਹੈ। ਉਸ ਦਾ ਫਲ ਇਹ ਹੋਇਆ ਹੈ ਕਿ ਤ੍ਰਿਸ਼ਨਾ ਆਦਿ ਨਾਲ) ਸੜ ਰਹੇ (ਮਨ ਪਰ ਉਹ) ਪਾਣੀ (ਦਾ ਕੰਮ ਕਰ ਗਿਆ ਹੈ, ਅਰ ਚਾਰੇ ਪਾਸੇ) ਧਾਂਵਦੇ ਮਨ ਨੂੰ (ਸਥਿਰ ਕਰਨੇ ਲਈ ਉਹ) ਥੰਮ੍ਹੇ (ਦਾ

	ਕੰਮ ਕਰ ਗਿਆ ਹੈ), ਭਰਮ ਦਾ ਸੰਸ਼ਜ (ਵਿਪਰਯਯ ਰੂਪੀ) ਬੰਧਨ (ਪਿਆ ਹੋਇਆ ਸੀ) ਦੂਰ ਹੋ ਗਿਆ ਹੈ (ਤੇ ਜਨਮ ਮਰਨ ਆਦਿ ਦਾ ਤੇ ਹੋਰ ਸਭ ਪ੍ਰਕਾਰ ਦਾ) ਡਰ (ਬੀ) ਦੂਰ ਹੋ ਗਿਆ ਹੈ॥ ੩॥
ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ ॥ ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ ॥੪॥੧॥੭॥੫੮॥	ਕਬੀਰ ਜੀ ਆਖਦੇ ਹਨ (ਸੁਣ ਹੇ ਅਸਾਰ ਧਨ ਦ੍ਵਾਰਾ ਰਾਜ ਆਦਿਕ) ਮਦ ਦੀ ਮਸਤੀ ਦੇ ਮਸਤੇ ਹੋਏ) (ਰਾਜਨ ! ਆਪਣੇ) ਹਿਰਦੇ ਵਿਚ ਵਿਚਾਰ ਕੇ ਦੇਖ ਕਿ ਤੇਰੇ ਘਰ ਵਿਚ ਤਾਂ ਲੱਖਾਂ ਕ੍ਰੋੜਾਂ (ਰੁਪੈ ਤੇ) ਘੋੜੇ ਹਾਥੀ ਹਨ, ਸਾਡੇ ਘਰ ਇਕੋ ਮੁਰਾਰੀ (=ਪ੍ਰਭੂ) ਹੈ॥ ੪॥ ੧॥ ੭॥ ੫੮॥

ਵ੍ਯਾਖ੍ਯਾ—ਅੰਕ ੪ ਤੋਂ ਪਤਾ ਚਲਦਾ ਹੈ ਕਿ ਇਹ ਸ਼ਬਦ ਕਿਸੇ ਲੱਖਾਂ ਕ੍ਰੋੜਾਂ ਦੇ ਮਾਲਕ, ਹਾਥੀ ਘੋੜਿਆਂ ਵਾਲੇ ਰਾਜੇ ਪਰਥਾਇ ਹੋਇਆ ਹੈ। ਰਾਜਾ ਆਪਣੇ ਮਾਲ ਧਨ ਐਸ੍ਵਰਜ ਦੇ ਮਦ ਵਿਚ ਮੱਤਾ ਹੋਇਆ ਹੈ। ਉਥਾਨਕਾ ਬੀ ਇਹੋ ਚਲੀ ਆਉਂਦੀ ਹੈ ਕਿ ਕਿਸੇ ਰਾਜਾ ਨੇ ਰਾਜ ਯਾ ਰਾਜ ਦਾ ਕੋਈ ਹਿੱਸਾ ਕਿ ਧਨ ਸੰਪਦਾ ਕਬੀਰ ਜੀ ਨੂੰ ਅਰਪਣ ਕਰਨ ਦਾ ਸੰਕਲਪ ਦੱਸਿਆ, ਉਸ ਸੰਬੰਧ ਵਿਚ ਸ੍ਰੀ ਜੀ ਨੇ ਇਹ ਸ਼ਬਦ ਉਚਾਰਿਆ ਹੈ।

ਰਹਾਉ ਵਿਚ ਇਕ ਪਦ ਵਰਤਿਆ ਹੈ 'ਸਾਰ ਧਨ'; ਪ੍ਰਭੂ ਦੇ ਨਾਮ ਨੂੰ 'ਸਾਰ ਧਨ' ਕਿਹਾ ਹੈ। ਇਸ ਤੋਂ ਸੰਭਾਵਨਾ ਹੋ ਗਈ ਕਿ ਰਾਜੇ ਨੂੰ ਉਸ ਦਾ ਧਨ 'ਅਸਾਰ ਧਨ' ਜਣਾਇਆ ਹੈ। ਫਿਰ ਸਾਰ ਧਨ ਦੇ ਵਾਧੇ ਦਿਖਾਏ ਹਨ, ਐਵੇਂ ਨਹੀਂ ਉਸ ਨੂੰ ਸਾਰ ਧਨ ਕਿਹਾ। ਵਾਧੇ ਏਹ ਦਰਸਾਏ ਹਨ: ਪਹਿਲਾ ਵਾਧਾ ਇਹ ਹੈ ਕਿ ਅਸਾਰ ਧਨ ਪ੍ਰਾਪਤ ਹੋਕੇ ਅਪ੍ਰਾਪਤ ਹੋ ਸਕਦਾ ਹੈ ਇਹ ਪ੍ਰਾਪਤ ਹੋ ਕੇ ਅਪ੍ਰਾਪਤ ਨਹੀਂ ਹੁੰਦਾ। ਨਕਦੀ, ਸੋਨੇ ਹੀਰੇ ਪੰਨੇ ਨੂੰ ਚੋਰ ਲਿਜਾ ਸਕਦੇ ਹਨ, ਮਹਲ ਮਾੜੀਆਂ ਦਾਣੇ ਫੱਕੇ ਨੂੰ ਅੱਗ ਜਲ ਪੌਣ ਤਬਾਹ ਕਰ ਸਕਦੇ ਹਨ; ਪਰ ਇਸ ਧਨ ਨੂੰ ਨਾ ਚੋਰ ਲਿਜਾ ਸਕਦੇ ਹਨ ਨਾਂ ਅੱਗ ਜਲ ਪੌਣ ਤਬਾਹ ਕਰ ਸਕਦੀ ਹੈ। ਦੂਜਾ ਵਾਧਾ ਇਹ ਦੱਸਦੇ ਹਨ ਕਿ ਸਾਰ ਧਨ ਦੀ ਪ੍ਰਾਪਤੀ ਤੇ ਸੁਖ ਹੀ ਸੁਖ ਮਿਲਦਾ ਹੈ ਤੇ ਉਹ ਸੁਖ 'ਆਤਮ ਸੁਖ' ਹੁੰਦਾ ਹੈ ਜੋ ਆਤਮਾ ਤੋਂ ਵੱਖ ਨਹੀਂ ਹੋ ਸਕਦਾ। ਇਸ ਦੇ ਟਾਕਰੇ ਤੇ ਅਸਾਰ ਧਨ ਦੇ ਸੁਖ ਧਨ ਦੇ ਵਿਣਛਿਆਂ ਹੀ ਟੁਰ ਜਾਂਦੇ ਹਨ। ਧਨ ਕੱਠਾ ਕਰਦਿਆਂ ਕਸ਼ਟ ਹੁੰਦੇ ਹਨ, ਕੱਠੇ ਕੀਤੇ ਨੂੰ ਬਚਾਉਣ ਲਈ ਯਤਨ ਕਰਨਾ ਪੈਂਦਾ ਤੇ ਫਿਕਰ ਖਾਂਦਾ ਰਹਿੰਦਾ ਹੈ। ਫੇਰ ਜੋ ਸੁਖ ਮਿਲਦੇ ਹਨ ਓਹ ਭੋਗਾਂ ਤੇ ਵਿਚਾਰਾਂ ਵਿਚ ਪਾ ਕੇ ਪਾਪਾਂ ਵਿਚ ਲੈ ਜਾਂਦੇ ਹਨ। ਇਹ ਵੇਰਵਾ ਨਹੀਂ ਦਿਤਾ। ਪਰ "ਸੋ ਸੁਖੁ ਰਾਜਿ ਨ ਲਹੀਐ" ਕਹਿਣ ਵਿਚ ਇਹੋ ਭਾਵ ਸੰਖੇਪ ਕਰਕੇ ਦਰਸਾ ਦਿੱਤਾ ਹੈ।

ਅੰਕ ੨ ਦੀ ਅਖੀਰਲੀ ਤੁਕ ਵਿਚ ਸਾਰ ਧਨ ਦਾ ਉਹ ਵਾਧਾ ਦਿਖਲਾਇਆ ਹੈ ਜੋ ਅੰਤ ਸਮੇਂ ਯਾ ਮੌਤ ਦੇ ਮਗਰਲਾ ਸੁਖ ਹੈ। ਉਹ ਇਤਨੇ ਅੱਖਰਾਂ ਵਿਚ ਦੱਸ ਦਿੱਤਾ ਹੈ: 'ਪਰੈ ਨ ਜਮ ਕੀ ਫਾਸੀਂ'; ਭਾਵ ਸਾਰ ਧਨ ਵਾਲੇ ਨੂੰ ਮੌਤ ਦੇ ਮਗਰੋਂ ਦੁਖ ਨਹੀਂ ਹੋਣਾ, ਸੁਖ ਹੋਣਾ ਹੈ। ਰਾਜ ਆਦਿ ਦੇ ਅਸਾਰ ਧਨ ਨੇ ਏਥੇ ਰਹਿ ਜਾਣਾ ਹੈ ਤੇ ਇਸ ਨਾਲ ਕਮਾਏ ਵਿਕਾਰਾਂ ਤੇ ਪਾਪਾਂ ਕਰਕੇ ਅੱਗੇ ਦੁੱਖ ਹੋਣਾ ਹੈ।

ਅੰਕ ੨ ਵਿਚ ਹੀ ਦੱਸਦੇ ਹਨ ਕਿ ਮੈਂ ਹੀ ਨਹੀਂ, ਜੋ ਅੱਗੇ ਵੱਡੇ ਵੱਡੇ ਹੋਏ ਹਨ ਉਨ੍ਹਾਂ ਦੀ ਉਗਾਹੀ ਏਹੀ ਹੈ। ਕਈ ਸ਼ਿਵ ਹੋਏ ਹਨ, ਬ੍ਰਹਮਾ ਦੇ ਪੁਤ੍ਰ ਸਨਕਾਦਿਕ ਹੋਏ ਹਨ, ਸਭ ਨੇ ਖੋਜਾਂ ਕਰ ਕਰਕੇ ਅੰਤ ਸਿੱਧ ਕੀਤਾ ਕਿ ਹਰੀ ਨਾਮ ਹੀ ਸਾਰ ਧਨ ਹੈ ਤੇ ਇਸੇ ਕਰਕੇ ਉਨ੍ਹਾਂ ਨੇ ਅਸਾਰ ਧਨਾਂ

ਤੋਂ ਵਿਰਕਤ ਜੀਵਨ ਬਸਰ ਕੀਤੇ। ਯਾ ਇਉਂ ਕਿ ਸਾਰ-ਧਨ ਦੀ ਪ੍ਰਾਪਤੀ ਕਿਥੋਂ ਤੇ ਕਿਵੇਂ ਹੋਵੇ ਇਸ ਖੋਜ ਵਿਚ ਉਦਾਸੀ ਹੋ ਗਏ।

ਅੰਕ ੩ ਵਿਚ ਅਪਣੀ ਉਗਾਹੀ ਅਪਣੇ ਤਜਰਬੇ ਦੀ ਦੱਸਦੇ ਹਨ ਕਿ ਮੈਂ ਨਿਰੀ ਪੜ੍ਹੀ ਸੁਣੀ ਬਾਤ ਨਹੀਂ ਕਹਿ ਰਿਹਾ, ਮੈਂ ਅਪਣੇ ਤੇ ਵਰਤੀ ਗੱਲ ਦੱਸ ਰਿਹਾ ਹਾਂ। ਇਸ ਧਯਾਨ ਵਿਚ ਪਾਠਕ ਨੂੰ ਰਾਹ ਦੱਸ ਗਏ ਹਨ ਕਿ ਤੁਸੀਂ ਬੀ ਐਉਂ ਕਰੋ ਤਾਂ ਸਾਰ ਧਨ ਪਾ ਲਓਗੇ। ਇਸ ਵਿਚ ਪਹਿਲੀ ਗੱਲ ਦੱਸਦੇ ਹਨ 'ਗੁਰੂ'। ਗੁਰੂ ਨੇ ਦਿੱਤੀ ਭਗਤੀ, ਭਗਤੀ ਕਹਿਣ ਵਿਚ ਨਾਮ, ਹਰੀ ਕੀਰਤਨ ਆਦਿ ਸਾਰੇ ਭਗਤੀ ਦੇ ਕੰਮ ਆ ਗਏ, ਭਗਤੀ ਨੇ ਪਰਮਾਤਮ ਦੇਵ ਦੇ ਗਜਾਨ ਵਿਚ ਲੈ ਜਾਣਾ ਹੈ। ਜਦ ਭਗਤ ਕਬੀਰ ਜੀ 'ਭਗਤੀ ਗਜਾਨ' ਵਾਲੇ ਹੋ ਗਏ ਤਾਂ ਦੱਸਦੇ ਹਨ ਕਿ ਜੋ ਸੁਮਤੀ ਗੁਰੂ ਜੀ ਨੇ ਦਿੱਤੀ ਸੀ ਸਿਰੇ ਚੜ੍ਹ ਗਈ। ਉਸ ਦਾ ਪ੍ਰਤੱਖ ਫਲ ਕੀਹ ਹੋਇਆ ? ਅੰਦਰ ਮਨ ਵਿਚ ਜੋ ਜਲਨ ਸੀ; ਜੈਸੇ ਤ੍ਰਿਸ਼ਨਾ ਦੀ ਜਲਨ, ਹੋਰ ਕਾਮ ਆਦਿ ਆਸੁਰੀ ਪਖ ਦੀ ਤੱਪਸ਼ ਸੀ ਉਸ ਪਰ ਪਾਣੀ ਪੈ ਗਿਆ, ਠੰਢ ਵਰਤ ਗਈ। ਮਨ ਦਾ ਆਵਰਣ, ਮਨ ਦੀ ਮੈਲ, ਦੂਰ ਹੋ ਗਈ। ਫੇਰ ਮਨ ਖਿੰਡਿਆ ਰਹਿੰਦਾ ਸੀ, ਵਿਖਜੇਪ ਵਿਚ ਵੱਸਦਾ ਸੀ, ਉਸ ਮਨ ਦੀ ਭੱਜ ਤ੍ਰਕ ਹਟ ਕੇ ਏਕਾਗ੍ਰਤਾ ਆ ਗਈ, ਮਾਨੋ ਨਾਮ ਨੇ ਮਨ ਨੂੰ ਸਾਂਈਂ ਰੂਪ ਥੰਮ੍ਹ ਨਾਲ ਬੰਨ੍ਹ ਦਿੱਤਾ। ਹੁਣ ਜਦ ਮਨ ਸਾਂਈਂ ਪਜਾਰ ਵਿਚ ਖੜੋ ਗਿਆ ਤੇ ਸੁਧ ਹੋ ਗਿਆ ਤਾਂ ਜੋ ਭ੍ਰਮ ਖਾ ਰਿਹਾ ਸੀ ਦੂਰ ਹੋ ਗਿਆ, ਕਿਉਂਕਿ ਪਹਿਲੋਂ 'ਆਪਾ' ਸਰੀਰ ਅਤੇ 'ਮਨ' ਤੋਂ ਵੱਖਰਾ ਭਾਸ ਗਿਆ, ਫੇਰ 'ਪਰਮ ਆਪੇ' ਨਾਲ ਮੇਲ ਖਾ ਕੇ ਅਸਲੀਅਤ ਰੌਸ਼ਨ ਹੋ ਗਈ। 'ਭਰਮ ਬਿਲਾ ਗਿਆ ਦਾ ਅਰਥ ਹੈ: ਜਦ 'ਅਮਰ ਪਰਮਾਤਮ ਦੇਵ' ਨੂੰ 'ਅਮਰ ਆਪਾ' ਸ਼ੁਧ ਹੋ ਕੇ ਮਿਲ ਪਿਆ ਤਾਂ ਜਨਮ ਮਰਨ ਦਾ ਭੈ ਬੀ ਬਿਲਾ ਗਿਆ। ਇਸ ਦੇ ਨਾਲ 'ਮਰਕੇ ਨਰਕ ਆਦਿਕਾਂ ਦੇ ਭੈਂ ਬੀ ਨਾ ਰਹੇ।

ਅੰਕ ੪ ਵਿਚ ਫੁਰਮਾਉਂਦੇ ਹਨ ਕਿ "ਹਿਰਦੇ ਦੇਖੁ ਬੀਚਾਰੀ"। ਉਸ ਨੂੰ ਆਪ ਬੀਚਾਰ ਦੱਸਦੇ ਨਹੀਂ, ਕਟਾਖਜ ਸੱਟਦੇ ਹਨ ਕਿ ਆਪ ਦੇ ਹਿਰਦੇ ਵਿਚ ਕੰਘੀ ਮਾਰੇ ਤੇ ਭਾਵ ਸਮਝ ਜਾਵੇ। ਕਬੀਰ ਜੀ ਕਹਿੰਦੇ ਹਨ ਕਿ ਤੇਰੇ ਘਰ ਤਾਂ ਅਨੇਕਤਾ ਹੈ ਪਰ ਉਹ ਹੈ ਲੱਖਾਂ ਕ੍ਰੋੜਾਂ ਰੁਪੈ, ਹਾਥੀ ਘੋੜੇ ਮਾਲ ਆਦਿ ਦੀ, ਕਿੰਤੂ ਸਾਡੇ ਘਰ ਏਕਤ੍ਵ ਹੈ, ਉਹ ਹੈ ਇੱਕੋ ਪ੍ਰਭੂ। ਕਟਾਖਜ ਵਿਚ ਇਹ ਹੈ ਕਿ ਜੋ ਸਾਡੇ ਘਰ ਇਕੋ ਹੈ ਉਹ ਤ੍ਰੈ ਲੋਕੀ ਦਾ ਮਾਲਕ ਹੈ, ਸਾਰੇ ਸਾਰ ਧਨ ਤੇ ਅਸਾਰ ਧਨ ਦਾ ਮਾਲਕ ਹੈ, ਸਾਰੀ ਮਾਯਾ ਉਸ ਦੀ ਹੈ। ਉਹ ਮਾਲਕ ਜਦ ਸਾਡੇ ਘਰ ਹੈ ਤਾਂ ਉਸ ਇਕ ਦਾ ਹੋਣਾ ਵਿਸ਼ੇਸ਼ ਹੈ।

ਦੂਸਰੀ ਸੈਨਤ ਇਹ ਹੈ ਕਿ ਤੇਰੇ ਘਰ ਉਹ ਧਨ ਬਹੁਤਾ ਹੈ ਜਿਸ ਦੀ ਬਹੁਤੈਤ ਚਿੰਤਾ ਬੀ ਨਾਲ ਲਿਆਉਂਦੀ ਹੈ। ਸਾਡੇ ਘਰ ਇਕ ਮੁਰਾਰੀ ਹੈ ਜੋ ਇਕ ਚਿੰਤਾ ਕੀ ਸਾਰੀ ਆਸੁਰੀ ਸੰਪਦਾ ਤੇ ਸਾਰੇ ਆਸੁਰੀ ਵਿਕਾਰਾਂ ਦਾ ਕੱਟਣੇ ਵਾਲਾ ਹੈ ਤੇ ਅਚਿੰਤ-ਤਾਈ ਤੋਂ ਵਧਕੇ 'ਸਦਾ ਸੁਖ' ਦਾ ਦਾਤਾ ਬੀ ਹੈ।

ਨਿਰੁਕ੍ਤ—ਦਹੈ—[ਸੰਸ:, ਧਾਤੂ-ਦਹ੍ =ਸਾੜਨਾ, ਜਲਾਨਾ, ਨਾਸ਼ ਕਰਨਾ] ਸਾੜਦੀ।

ਪਵਨੁ ਨਹੀਂ ਮਗਨੈ—[ਸੰਸ:, ਪਵਨ:=ਹਵਾ+ਮਗਨ=ਡੁੱਬਾ ਹੋਇਆ, ਲਿਵਲੀਨ] ਪਉਣ ਨਹੀਂ ਡੋਬਦੀ। ਪਉਣ ਨਹੀਂ ਡੋਬਦੀ ਦਾ ਭਾਵ ਲੈਂਦੇ ਹਨ: ਪਵਨ ਨਹੀਂ ਆਪਣੇ ਵਿਚ ਗ੍ਰੀਮ ਕਰਦੀ। ਹਰ ਧਨ ਨੂੰ ਪਵਨ ਉਡਾ ਲਿਜਾਏ ਇਹ ਮੁਹਾਵਰਾ ਹੈ ਨਹੀਂ। 'ਹਰਿ ਧਨ ਨੂੰ ਅੱਗ ਸਾੜਦੀ ਨਹੀਂ ਪਾਣੀ ਡੋਬਦਾ ਨਹੀਂ' ਇਹ ਮੁਹਾਵਰਾ ਤਾਂ ਹੈ, ਜੈਸੇ ਪੰਚਮ ਪਾਤਸ਼ਾਹ ਜੀ ਨੇ ਫੁਰਮਾਇਆ ਹੈ:-

ਐਸਾ ਹਰਿ ਧਨੁ ਸੰਚੀਐ ਭਾਈ॥ ਭਾਹਿ ਨ ਜਾਲੈ ਜਲਿ ਨਹੀਂ ਡੂਬੈ
ਸੰਗੁ ਛੋਡਿ ਕਰਿ ਕਤਹੁ ਨ ਜਾਈ॥੧॥ [ਆਸਾ ਮਹਲਾ ੫-੧੮]
ਪੁਨਾ: ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੈ॥
[ਧਨਾਸਰੀ ਮ: ੫-੩੨]

ਇਸ ਹਿਸਾਬ 'ਪਵਨ, ਦਾ ਅਰਥ ਪਾਣੀ ਕਰੀਦਾ ਹੈ ਕਿ ਅੱਗ ਸਾੜਦੀ ਨਹੀਂ ਪਾਣੀ ਡੋਬਦਾ ਨਹੀਂ। ਸੰਸਕ੍ਰਿਤ ਕੋਸ਼ਾਂ ਵਿਚ 'ਪਵਨ' ਦਾ ਅਰਥ ਪਾਣੀ ਬੀ ਦਿੱਤਾ ਹੈ।

ਤਸਕਰੁ–[ਸੰਸ: ਤਸ੍ਕਰ:] ਚੋਰ। ਨੇਰਿ–ਨੇੜੇ।

ਸੰਚਉਨੀ–[ਸੰ:, ਸੰਚਯਨੰ = ਜਮ੍ਹਾ ਕਰਨਾ, ਇਕੱਠਾ ਕਰਨਾ] ਇਕੱਠਤਾ। ਜਮ੍ਹਾਂ।

ਕਰਿ ਸੰਚਉਨੀ–ਧਨ ਦੀ ਇਕੱਠਤਾ ਕਰ, ਭਾਵ ਹੈ ਇਕੱਠਾ ਕਰ।

ਰਾਮ, ਮਾਧਉ, ਗੋਬਿੰਦ, ਧਰਣੀਧਰੁ, ਪ੍ਰਭੂ, ਗੋਬਿੰਦ, ਮੁਕੰਦ, ਨਾਰਾਇਨੁ, ਮੁਰਾਰੀ ਸਾਰੇ ਪਦਾਂ ਦੇ ਅਰਥ ਪਰਮਾਤਮਾ ਹੈ। ਕਬੀਰ ਜੀ 'ਰਾਮ ਨਾਮ' ਨੂੰ ਸਾਰ ਧਨ ਆਖ ਕੇ ਫੇਰ ਅਨੇਕ ਨਾਮ ਲੈਕੇ ਦੱਸ ਰਹੇ ਹਨ ਕਿ ਇਸ ਨੂੰ ਗੋਬਿੰਦ ਧਨ ਕਹਿ ਲਓ, ਨਾਰਾਇਣ ਧਨ ਆਦਿ, ਕੁਛ ਕਹਿ ਲਓ, ਨਾਵਾਂ ਕਰਕੇ ਫਰਕ ਨਹੀਂ ਪੈਂਦਾ। ਪਹਿਲੇ ਕਹਿੰਦੇ ਹਨ: 'ਰਾਮ ਨਾਮ ਧਨੁ' ਫੇਰ ਕਹਿੰਦੇ ਹਨ। 'ਹਮਰਾ ਧਨੁ ਮਾਧਉ ਗੋਬਿੰਦੁ........। ਨਾਮ ਨਾਮੀ ਦੀ ਅਭੇਦਤਾ ਕਰਕੇ ਰਾਮ ਨਾਮ ਧਨ ਕਹਿਣਾ, ਰਾਮ ਧਨ ਕਹਿਣਾ, ਮਾਧਉ ਧਨ ਕਹਿਣਾ ਇਕੋ ਭਾਵ ਰਖਦਾ ਹੈ।

ਸਾਰ–(ਦੇਖੋ ਪੰਨਾ ੨੯੪) ਅਸਲੀ, ਸ੍ਰੇਸ਼ਟ। ਭਾਵ ਹੈ ਸੁੱਚਾ ਤੇ ਚੰਗਾ ਸਦਾ ਰਹਿਣ ਵਾਲਾ। ਸਿਵ–ਸ਼ਿਵਜੀ। ਸ਼ਿਵ ਕਈ ਹੋਏ ਹਨ, ਅਕਸਰ ੧੧ ਗਿਣਦੇ ਹਨ।

ਸਨਕਾਦਿਕ–ਬ੍ਰਹਮਾ ਦੇ ਪੁਤ੍ਰ ਸਨਕ ਆਦਿ।

ਮੁਕੰਦੁ–[ਸੰਸ:, ਮੁਕੁੰਦ:] ਮੁਕਤੀ ਦਾਤਾ। ਪਰਮੇਸ਼ੁਰ ਦਾ ਇਕ ਨਾਮ ਹੈ।

ਨਿਜ–[ਸੰਸ:, ਨਿਜ = ਸੁਭਾਵਿਕ, ਪ੍ਰਾਕ੍ਰਿਤਕ] ਅਪਣਾ।

ਅੰਭ–[ਸੰਸ:, ਅੰਭਸ੍ = ਜਲ] ਪਾਣੀ।

ਧਾਵਤ–ਦੌੜਦਾ, ਭਾਵ ਖਿੰਡਿਆ ਹੋਇਆ, ਵਿਖੇਪ ਵਾਲਾ।

ਮਦਨ–[ਸੰਸ:, ਮਦਨੰ = ਜਿਸ ਤੋਂ ਮਦ ਚੜ੍ਹੇ] ਕਾਮ। ਮਦ। ਇਥੇ ਇਸ਼ਾਰਾ ਗਜ ਮਦ ਵਲ ਹੈ। ਕਾਮ ਵਿਚ ਮੱਤਾ ਕਹਿਣਾ ਉਸ ਨੂੰ ਨਹੀਂ ਬਣਦਾ ਜੋ ਦੌਲਤ ਅਰਪਨ ਕਰ ਰਿਹਾ ਹੈ।

ਲਾਖ ਕੋਟਿ–ਤੋਂ ਮੁਰਾਦ ਲੱਖਾਂ ਕ੍ਰੋੜਾਂ ਰੁਪਏ ਮੁਹਰਾਂ ਹਨ।

(ਅ) ਪਰ ਐਉਂ ਬੀ ਕਰ ਲੈਂਦੇ ਹਨ:–ਲੱਖਾਂ ਘੋੜੇ, ਕ੍ਰੋੜਾਂ ਹਾਥੀ।

ਮੁਰਾਰੀ–[ਸੰਸ:, ਮੁਰਾਰਿ:, ਮੁਰ ਰਾਖ਼ਸ਼ ਦੇ ਮਾਰਨ ਵਾਲਾ, ਹੰਕਾਰ ਦੇ ਮਾਰਨ ਵਾਲਾ, ਪਰਮੇਸ਼ੁਰ।

[ਗਉੜੀ ਕਬੀਰ ਜੀ, ਚਉਪਦਾ–੫੯]

ਪ੍ਰਾਕ੍ਥਨ– ਭਗਤੀ ਵਿਹੂਣੇ ਲਾਲਚਾਂ ਵਿਚ ਫਸੇ ਜੀਵਾਂ ਦੇ ਜਨਮ ਬਿਰਥੇ ਜਾ ਰਹੇ ਦਾ ਨਕਸ਼ਾ ਖਿੱਚਕੇ ਸਤਿਗੁਰੂ ਦੀ ਸ਼ਰਣ ਨੂੰ ਜਨਮ ਸਫਲਾਉਣ ਦਾ ਇਲਾਜ ਦੱਸਿਆ ਹੈ।

ਮੂਲ	ਅਰਥ
ਗਉੜੀ ॥ ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ॥	ਜਿਵੇਂ (ਜ਼ਿਮੀਂ ਵਿਚ ਦੱਬੀ ਛੋਲਿਆਂ ਦੀ ਕੁੱਜੀ ਵਿਚ) ਬਾਂਦਰ ਦਾ ਹੱਥ ਛੋਲਿਆਂ ਦੀ ਮੁੱਠ (ਭਰ ਲੈਂਦਾ ਫੇਰ) ਲਾਲਚ ਦਾ ਮਾਰਿਆ ਮੁੱਠ ਨਹੀਂ ਖੋਹਲਦਾ (ਤੇ ਫੜਿਆ ਜਾਂਦਾ ਹੈ, ਤਿਵੇਂ

ਜੋ ਜੋ ਕਰਮ ਕੀਏ ਲਾਲਚ ਸਿਉ ਤੇ ਫਿਰਿ ਗਰਹਿ ਪਰਿਓ ॥੧॥
ਭਗਤਿ ਬਿਨੁ ਬਿਰਥੇ ਜਨਮੁ ਗਇਓ॥
ਸਾਧਸੰਗਤਿ ਭਗਵਾਨ ਭਜਨ ਬਿਨੁ ਕਹੀ ਨ ਸਚੁ ਰਹਿਓ ॥੧॥ ਰਹਾਉ ॥

ਜੀਵ) ਜੋ ਜੋ ਕਰਮ ਲਾਲਚ ਦੇ ਵੱਸ ਹੋਕੇ ਕਰਦਾ ਹੈ ਓ (ਕਰਮ) ਫੇਰ (ਆਪਣੇ ਹੀ) ਗਲੇ ਆ ਪੈਂਦੇ ਹਨ॥ ੧॥ (ਇਨ੍ਹਾਂ ਗਲੇ ਪਏ ਉਲਝਾਵਾਂ ਨੂੰ ਸੁਲਝਾਉਂਦਿਆਂ) ਭਗਤੀ ਵਿਹੂਣੇ (ਰਹਿਣ ਨਾਲ ਮਨੁੱਖਾ) ਜਨਮ (ਜਨਮ ਦਾ ਮਨੋਰਥ ਸਿੱਧ ਕੀਤੇ ਬਿਨਾਂ) ਬਿਰਥਾ ਬਿਤੀਤ ਹੋ ਜਾਂਦਾ ਹੈ। ਸਾਧ ਸੰਗਤ ਤੇ ਭਗਵਾਨ ਦੇ ਭਜਨ ਬਿਨਾਂ ਕਿਧਰੇ ਬੀ ਸੱਚ ਨਹੀਂ ਰਹਿ ਗਿਆ॥ ੧ ॥ ਰਹਾਉ॥

ਜਿਉ ਉਦਿਆਨ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ ॥
ਤੈਸੇ ਭ੍ਰਮਤ ਅਨੇਕ ਜੋਨਿ ਮਹਿ ਫਿਰਿ ਫਿਰਿ ਕਾਲ ਹਇਓ ॥੨॥

ਜਿਵੇਂ ਜੰਗਲ ਵਿਚ ਫੁੱਲ ਖਿੜੇ ਹੁੰਦੇ ਹਨ, (ਪਰ) ਕੋਈ ਉਨ੍ਹਾਂ ਦੀ ਖੁਸ਼ਬੂ ਨਹੀਂ ਲੈਂਦਾ (ਸੋ ਉਹ ਖਿੜਨਾ ਬਿਰਥਾ ਗਿਆ) ਤਿਵੇਂ (ਭਗਤੀ ਹੀਨ) ਅਨੇਕ ਜੋਨੀਆਂ ਵਿਚ ਭਟਕਦੇ ਫਿਰਦੇ ਹਨ (ਉਨ੍ਹਾਂ ਨੂੰ ਮੁੜ ਮੁੜ ਕਾਲ ਮਾਰਦਾ ਹੈ (ਤੇ ਜਨਮ ਬਿਰਥਾ ਚਲਾ ਜਾਂਦਾ ਹੈ)॥ ੨॥

ਇਆ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੁ ਦਇਓ ॥
ਤਿਨ ਹੀ ਮਾਹਿ ਅਟਕਿ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ ॥੩॥

ਇਹ ਧਨ, ਜੁਆਨੀ ਅਤੇ ਪੁੱਤ੍ਰ ਵਹੁਟੀ (ਆਦਿ ਇਹ ਗੱਲ ਦੇਖਣ ਲਈ ਦਿੱਤੇ ਗਏ ਸਨ (ਕਿ ਜੀਵ ਦਾਤ ਨੂੰ ਪਿਆਰ ਕਰਦਾ ਹੈ ਕਿ ਦਾਤਾ ਨੂੰ, ਪਰ ਦੇਖੋ ਜੀਵ) ਉਨ੍ਹਾਂ (ਦਾਤਾਂ ਵਿਚ ਹੀ ਫਸਕੇ ਜੋ ਉਲਝ ਗਏ ਹਨ (ਉਨ੍ਹਾਂ ਨੂੰ ਐਸਾ ਕਰਨੇ ਲਈ) ਇੰਦ੍ਰੀਆਂ ਨੇ ਪ੍ਰੇਰ ਲਿਆ ਹੈ (ਭਾਵ ਹੈ ਕਿ ਓਹ ਈਸ਼੍ਵਰਪਰਾਯਣ ਨਹੀਂ ਰਹੇ, ਇੰਦ੍ਰੇ ਪਰਾਯਣ ਹੋ ਗਏ ਹਨ)। ੩।

ਅਉਧ ਅਨਲ ਤਨੁ ਤਿਨ ਕੋ ਮੰਦਰੁ ਚਹੁ ਦਿਸ ਠਾਟੁ ਠਇਓ ॥
ਕਹਿ ਕਬੀਰ ਭੈ ਸਾਗਰ ਤਰਨ ਕਉ ਮੈ ਸਤਿਗੁਰ ਓਟ ਲਇਓ ॥੪॥੧॥੮॥੫੯॥

(ਓਹ ਹੁਣ ਕਿਸ ਹਾਲਤ ਵਿਚ ਹਨ ? ਦ੍ਰਿਸ਼ਟਾਂਤ ਦੇ ਕੇ ਦੱਸਦੇ ਹਨ ਕਿ) (ਇਨ੍ਹਾਂ ਜੀਵਾਂ ਦੀ) ਉਮਰਾ (=ਕਾਲ ਤਾਂ) ਅਗਨੀ ਹੈ (ਤੇ) ਸਰੀਰ (ਇਨ੍ਹਾਂ ਦਾ ਇਕ) ਕੱਖਾਂ ਦਾ ਮੰਦਰ ਹੈ, ਚੁਪਾਸੇ ਇਹ (ਕਾਲ ਦਾ) ਠਾਟ ਠਟਿਆ ਹੋਇਆ ਹੈ (ਭਾਵ ਕਾਲ ਸਰੀਰ ਨੂੰ ਸਨੇ ਸਨੇ ਕਮਜ਼ੋਰ ਕਰਦਾ ਖਾਈ ਜਾ ਰਿਹਾ ਹੈ। ਕਬੀਰ ਜੀ ਆਖਦੇ ਹਨ (ਕਿ ਇਹ ਸਾਰਾ ਕੁਛ ਵੇਖਕੇ) ਮੈਂ (ਇਸ ਸੰਸਾਰ ਰੂਪੀ) ਭੈ ਸਾਗਰ ਨੂੰ ਤਰਨੇ ਲਈ ਸਤਿਗੁਰੂ ਦੀ ਓਟ ਲਈ ਹੈ॥ ੪ ॥ ੧ ॥ ੮ ॥ ੫੯ ॥

ਵਜਾਖਜਾ—ਅੰਕ ੧ ਵਿਚ ਲਾਲਚ ਕਰਕੇ ਫਸਣ ਤੇ ਫਸਕੇ ਨਾ ਛੁੱਟਣ ਦਾ ਨਕਸ਼ਾ ਜੀਵ ਦੀ ਅਧੋਗਤੀ ਦਾ ਦੱਸਿਆ ਹੈ। ਜੋ ਨਕਸ਼ਾ ਕਿ ਅੰਕ ੫੭ ਪਿਛਲੇਰੇ ਸ਼ਬਦ ਵਿਚ ਬਾਂਦਰ ਦੇ ਅਤੇ ਹੋਰ ਕਈ ਦ੍ਰਿਸ਼ਟਾਂਤਾ ਨਾਲ ਦੱਸ ਆਏ ਹਨ।

ਰਹਾਉ ਵਿਚ ਸਿੱਟੇ ਦੀ ਗਲ ਦੱਸੀ ਹੈ ਕਿ ਸਤਿਸੰਗ ਤੇ ਭਗਤੀ ਬਿਨਾ ਜਨਮ ਬਿਰਥਾ ਚਲਾ ਜਾ ਰਿਹਾ ਹੈ। ਜੀਵ ਦੇ ਮੁੜ ਮੁੜ ਜੰਮਣ ਤੇ ਮਰ ਜਾਣ ਨੂੰ ਬਨ ਵਿਚ ਖਿੜੇ ਫੁੱਲਾਂ ਦੇ ਬਿਰਥੇ ਚਲੇ ਜਾਣ ਨਾਲ ਮਿਸਾਲ ਦਿੱਤੀ ਹੈ। ਓਹ ਬਿਰਥੇ ਕਿਵੇਂ ਗਏ ? ਕਿ ਕਿਸੇ ਨੇ ਉਹਨਾਂ ਦੀ ਸੁਗੰਧੀ ਨਾ ਲਈ। ਇਥੇ ਜਨਮ ਬਿਰਥਾ ਗਿਆ ਹੈ ਓਹ ਨਾਮ ਨਾਲ ਸੁਗੰਧਿਤ ਨਾ ਹੋਏ, ਨਾਂ ਉਹਨਾਂ ਦੀ ਪ੍ਰੇਮਾ ਭਗਤੀ ਦੀ ਸੁਗੰਧਿ ਪ੍ਰੀਤਮ ਵਾਹਿਗੁਰੂ ਨੇ ਲਈ, ਨਾਂ ਉਹਨਾਂ ਦੀ ਸੁਗੰਧੀ ਨਾਲ ਚੰਦਨ ਵਤ ਆਲੇ ਦੁਆਲੇ ਦੇ ਲੋਕ ਸੁਗੰਧਤ ਹੋਏ। ਅਰਥਾਤ:-

ਜਨ ਆਵਨ ਕਾ ਇਹੈ ਸੁਆਉ॥ ਜਨਕੈ ਸੰਗਿ ਚਿਤਿ ਆਵੈ ਨਾਉ॥

[ਗਉੜੀ ਮਹਲਾ ੫, ਸੁਖਮਨੀ, ੨੩—੮]

ਵਾਲਾ ਉਪਕਾਰ ਨਾ ਹੋਇਆ।

ਅੰਕ ੩ ਵਿਚ ਦੱਸਦੇ ਹਨ ਕਿ ਏਹ ਲੋਕ ਜੋ ਭਗਤੀ ਵਿਹੂਣੇ ਹਨ, ਅਪਣੇ ਇੰਦ੍ਰਿਆਂ ਦੇ ਦਾਸ ਹਨ। ਇੰਦ੍ਰੇ ਤਾਂ ਇਸ ਦੇ ਦਾਸ ਸਨ*, ਇਹ ਦਾਸਾਂ ਦਾ ਦਾਸ ਹੋ ਗਿਆ ਹੈ। ਕਿਉਂਕਿ ਧਨ, ਜੋਬਨ, ਪੁਤ੍ਰ ਇਸਤ੍ਰੀ ਆਦਿ ਜੋ ਸਾਮਾਨ ਦਿੱਤੇ ਗਏ ਸਨ ਇਸ ਲਈ ਸਨ ਕਿ ਏਹ ਦੇਖੇ, ਸ਼ੁਕਰ ਕਰੇ ਤੇ ਭਗਤੀ ਕਰੇ।

'ਪੇਖਨ ਕਉ ਜੁ ਦਇਓ' ਇਸ ਵਿਚ ਸ਼ਲੇਖ ਭਾਵ ਹੈ। ੧. ਇਸ ਜੀਵ ਦੇ ਦੇਖਣ ਲਈ ਕਿ ਦੇਖੇ, ਖਿੜੇ, ਸ਼ੁਕਰ ਕਰੇ ਤੇ ਭਗਤੀ ਵਿਚ ਆਵੇ। ੨. ਦਾਤੇ ਨੇ ਅਪਣੇ ਦੇਖਣ ਲਈ ਭਾਵ ਪਰਤਾਵਾ ਲੈਣ ਲਈ ਦਿਤੇ ਸਨ ਕਿ ਜੀਵ 'ਦਾਤਾ ਪ੍ਰਭੂ' ਦਾ ਪ੍ਰੇਮੀ ਬਣਦਾ ਹੈ ਕਿ ਦਾਤਾਂ ਲੈ ਕੇ ਦਾਤਾਂ ਦੇ ਵਿਚ ਉਰਝ ਜਾਂਦਾ ਹੈ। ਸੋ ਫੁਰਮਾਉਂਦੇ ਹਨ ਕਿ ਜੋ ਲੋਕ ਇਨ੍ਹਾਂ ਵਿਚ ਫਸ ਗਏ, ਓਹ ਇੰਦ੍ਰਿਆਂ ਨੇ ਪ੍ਰੇਰ ਲਏ, ਆਪਣੇ ਵੱਸ ਕਰ ਲਏ ਹਨ। ਇਨ੍ਹਾਂ ਦਾ ਹਾਲ ਕੀ ਹੈ ਇਹ ਅੰਕ ੪ ਵਿਚ ਦੱਸਦੇ ਹਨ।

ਅਉਧ = ਉਮਰਾ, ਜੋ ਖਿਨ ਖਿਨ ਕਰਕੇ ਬੀਤ ਰਹੀ ਹੈ, ਭਾਵ ਹੈ ਕਾਲ ਦੀ ਗਤੀ ਜੋ ਚੱਲ ਰਹੀ ਹੈ ਅਗਨੀ ਸਮਾਨ ਹੈ, ਸਰੀਰ ਇਕ ਕੱਖਾਂ ਦਾ ਮੰਦਰ ਹੈ। ਛਿਨ ਛਿਨ ਚਲਦਾ ਕਾਲ ਇਸ ਨੂੰ ਖੀਨ ਕਰ ਰਿਹਾ ਹੈ। ਇਸ ਖੀਣਤਾ ਦੇ ਠਟੇ ਠਾਟ ਵਿਚ ਅਰਥਾਤ ਬੱਝੇ ਪ੍ਰਬੰਧ ਵਿਚ—ਜੀਵ ਖੁਸ਼ ਹੋ ਬੈਠਾ ਹੈ, ਇੰਦ੍ਰੇ ਰਸਾਂ ਵਿਚ ਰੁੱਝਿਆ ਹੋਇਆ ਨਹੀਂ ਸਮਝਦਾ ਕਿ ਇਨ੍ਹਾਂ ਇੰਦ੍ਰਿਆਂ ਨੇ ਜੀਰਣ ਹੋ ਜਾਣਾ ਹੈ। ਅੱਖਾਂ ਨੱਕ, ਕੰਨ ਦੰਦ ਸਾਰੇ ਅੰਗ ਸਿਥਲ ਹੋ ਜਾਣਗੇ ਤੇ ਇੰਦ੍ਰਿਆਂ ਦੇ ਮਾਣੇ ਰਸ ਜੀਉਂਦੇ ਜੀ ਕਉੜੇ ਹੋ ਜਾਣਗੇ। ਜਗਤ ਜੀਵਾਂ ਦੀ ਇਹ ਹਾਲਤ ਦੇਖ ਕੇ ਜਿਉ ਕਪਿ ਕੇ ਕਰ 'ਮੁਸਟਿ ਚਨਨ ਕੀਂ', ਤੇ 'ਸਰੀਰ ਤ੍ਰਿਣ ਦਾ ਮੰਦਰ ਅੱਗ ਵਿਚ ਖੀਨ ਹੋ ਰਿਹਾ' ਤੱਕ ਕੇ ਮੈਂ ਅਪਣਾ ਬਚਾਉ ਕੀਤਾ। ਉਹ ਇਹ ਕਿ ਸਤਿਗੁਰ ਦੀ ਸ਼ਰਣ ਲੈ ਲਈ ਹੈ। ਭਗਤੀ ਗਜਾਨ ਆਦਿ ਸਭ ਕੁਛ ਗੁਰੂ ਦੇਵੇਗਾ ਇਹ ਗੱਲ ਵਿਚ ਸੰਭਾਵਤ ਹੈ।

ਨਿਰੁਕ੍ਤ—ਕਪਿ—(ਸੰਸ:, ਕਪਿ:= ਬਾਂਦਰ, ਲੰਗੂਰ) ਬਾਂਦਰ।

ਗਰਹਿ ਪਰਿਓ—ਗਲੇ ਪੈ ਗਏ। ਗਲੇ ਦਾ ਹਾਰ ਹੋ ਗਏ।

ਉਦਿਆਨੁ-(ਸੰਸ:, ਉਦਜਾਨੰ) ਬਨ। **ਕੁਸਮ**—(ਸਸ:, ਕੁਸੁਮੰ) ਫੁੱਲ।

ਘ੍ਰਾਉ—(ਸੰਸ:, ਘ੍ਰਾਣੰ) ਖੁਸ਼ਬੋਈ।

ਹਇਓ—ਹਤ ਕਰਦਾ ਹੈ, ਮਾਰਦਾ ਹੈ।

ਅਉਧ—ਉਮਰਾ। ਛਿਨ ਛਿਨ ਉਮਰਾ ਲੰਘਣ ਕਰਕੇ ਭਾਵ ਹੈ—ਕਾਲ।

ਅਨਲ—(ਸੰਸ:, ਅਨਲ:) ਅਗਨੀ।

ਠਾਟੁ ਠਇਓ—ਪ੍ਰਬੰਧ ਬਣਿਆ ਹੋਇਆ ਹੈ।

[ਗਉੜੀ ਕਬੀਰ ਜੀ, ਚਉਪਦਾ—੬੦]

ਪ੍ਰਾਕ੍ਥਨ—ਮੈਂ ਮੇਰੀ ਤੋਂ ਉੱਚਾ ਕਰਨੇ ਲਈ ਸਰੀਰ ਦੀ ਬਨਾਵਟ ਦਾ ਨਾਸ਼ਵਤ ਹੋਣਾ ਦੱਸ ਕੇ ਗੋਬਿੰਦ ਦਾ ਸਭ ਕੁਛ ਜਾਣ ਕੇ ਭਗਤੀ ਕਰਨੇ ਦੀ ਪ੍ਰੇਰਨਾ ਕਰਦੇ ਹਨ।

*ਤੂੰ ਠਾਕੁਰੁ ਇਹੁ ਗ੍ਰਿਹੁ ਸਭ ਤੇਰਾ।। ਕਹੁ ਨਾਨਕ ਗੁਰਿ ਕੀਆ ਨਿਬੇਰਾ।।

(ਪ੍ਰਭਾਤੀ ਮਹਲਾ : ੫ ਅਸ਼ਟ:-੧)

ਮੂਲ	ਅਰਥ
ਗਉੜੀ ॥ ਪਾਨੀ ਮੈਲਾ ਮਾਟੀ ਗੋਰੀ ॥ ਇਸ ਮਾਟੀ ਕੀ ਪੁਤਰੀ ਜੋਰੀ ॥੧॥ ਮੈ ਨਾਹੀ ਕਛੁ ਆਹਿ ਨ ਮੋਰਾ ॥ ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥੧॥ ਰਹਾਉ ॥ ਇਸ ਮਾਟੀ ਮਹਿ ਪਵਨੁ ਸਮਾਇਆ॥ ਝੂਠਾ ਪਰਪੰਚੁ ਜੋਰਿ ਚਲਾਇਆ ॥੨॥	(ਅਰਥ ਰਹਾਉ ਤੋਂ ਚਲੇਗਾ) ਹੇ ਗੋਬਿੰਦ ! ਮੈਂ ਕੁਛ ਨਹੀ ਮੇਰਾਂ ਕੁਛ ਨਹੀਂ, (ਇਹ ਜੋ) ਤਨ ਧਨ (ਮੇਰਾ ਕਹੀਦਾ ਹੈ ਅਤੇ ਇਸ ਤਨ ਦੇ ਜੋ) ਰਸ (ਸੁਆਦ ਹਨ) ਸਭੋ (ਕੁਛ) ਤੇਰਾ ਦਿੱਤਾ ਹੋਇਆ) ਹੈ। ਮੈਲਾ ਪਾਣੀ ਤੇ ਗੋਰੀ ਮਿਟੀ (ਗੁੰਨ੍ਹੀ ਗਈ) ਇਸ (ਗੁੰਨੀ ਹੋਈ) ਮਿੱਟੀ ਦੀ (ਤੂੰ ਮਾਨੁਖ ਸਰੀਰ ਦੀ ਪੁਤਲੀ ਰਚੀ। (ਫੇਰ) ਇਸ ਮਿੱਟੀ (ਦੀ ਪੁਤਲੀ) ਵਿਚ ਸੁਆਸ ਭਰ ਦਿੱਤੇ। (ਇਸੇ ਪ੍ਰਾਣਾਂ ਵਾਲੀ ਸਜੀਵ ਹੋਈ ਪੁਤਲੀ ਨੇ ਝੂਠਾ ਪਸਾਰਾ ਜੋਰ ਨਾਲ ਚਲਾ ਲਿਆ॥੨॥
ਕਿਨਹੂ ਲਾਖ ਪਾਂਚ ਕੀ ਜੋਰੀ ॥ ਅੰਤ ਕੀ ਬਾਰ ਗਗਰੀਆ ਫੋਰੀ ॥੩॥	ਕਿਸੇ ਨੇ ਲਖ ਦੀ (ਕਿਸੇ ਨੇ) ਪੰਜ (ਲਖ) ਦੀ (ਮਾਇਆ ਇਕੱਠੀ ਕੀਤੀ, ਅੰਤ ਕਾਲ (ਉਨ੍ਹਾਂ ਦੀ ਬੀ ਅਧ ਮਾਰਗ ਵਿਚ ਇਕ (ਮਿੱਟੀ ਦੀ) ਘੜੀ (ਮਾਤ੍ਰ ਹੀ) ਫੋੜੀ ਗਈ (ਭਾਵ ਨਾਲ ਕੁਛ ਨਹੀਂ ਗਿਆ, ਸਨਬੰਧੀਆਂ ਨੇ ਮਿੱਟੀ ਦੀ ਘੜੀ ਹੀ ਉਸ ਲਈ ਭੰਨੀ)॥੩॥
ਕਹਿ ਕਬੀਰ ਇਕ ਨੀਵ ਉਸਾਰੀ ॥ ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥੪॥੧॥ ੯॥੯੦॥	ਕਹਿੰਦੇ ਹਨ ਕਬੀਰ ਜੀ (ਤੂੰ ਜੋ ਜੀਵਨ ਰੂਪੀ ਮਹਿਲ ਨੂੰ ਸਦੈਵੀ ਜਾਣਕੇ ਉਸ ਦੀ) ਇਕ ਨੀਂਹ (ਇਹ ਦੇਹ) ਉਸਾਰੀ ਸੀ (=ਪਾਲੀ ਪੋਸੀ ਸੀ, ਸੋ) ਹੇ (ਮਾਇਆ ਦੇ) ਹੰਕਾਰੀ (ਜੀਵ) ! ਖਿਨ ਵਿਚ ਵਿਨਾਸ਼ ਹੋ ਜਾਏਗੀ॥੪॥੧॥੯॥੯੦॥

ਵਜਖਜਾ—ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਸੁਮਤਿ ਦੇਂਦੇ ਹਨ ਕਿ ਹੇ ਜੀਵ ! ਤੂੰ ਜੋ ਤਨ, ਧਨ, ਸਰੀਰਕ ਰਸਾਂ ਕਸਾਂ ਵਿਚ 'ਮੈਂ ਤੇ ਮੇਰੀ' ਧਾਰਨ ਕੀਤੀ ਹੋਈ ਹੈ ਇਹ ਠੀਕ ਨਹੀਂ। ਇਸ ਨੂੰ ਤਿਆਗ ਤੇ ਸੋਚ ਕਰ ਕਿ ਸਭ ਕੁਛ ਗੋਬਿੰਦ ਦਾ ਹੈ। ਜੇ ਤੇਰਾ ਕੁਛ ਹੁੰਦਾ ਤੇਰੇ ਨਾਲ ਜਾਂਦਾ। ਅੰਤ ਸਮੇਂ ਜਦ ਪ੍ਰਾਣੀ ਨੂੰ ਮਸਾਣਾਂ ਵਲ ਲੈ ਜਾਂਦੇ ਹਨ ਤਾਂ ਅਧ ਮਾਰਗ ਵਿਚ ਘੜੀ ਫੋੜਦੇ ਹਨ ਉਹ ਬੀ ਨਾਲ ਨਹੀਂ ਜਾਂਦੀ। ਉਸ ਤੋਂ ਸੁਮਤੀ ਲੈ ਕਿ ਤੇਰੀ ਦੇਹ ਨੂੰ ਤੇਰੇ ਸੰਬੰਧੀ ਇਕ ਮਿੱਟੀ ਦੀ ਘੜੀ ਸਮਝਦੇ ਹਨ ਤੇ ਤੇਰੀ ਦੇਹ ਦੇ ਮਰ ਜਾਣ ਨੂੰ ਇਕ ਮਿੱਟੀ ਦੀ ਘੜੀ ਦੇ ਟੁੱਟ ਜਾਣ ਤੁੱਲ ਸਮਝਕੇ ਸ਼ੋਕ ਨਿਵਰਤ ਕਰਦੇ ਹਨ। ਤੂੰ ਜੀਉਂਦੇ ਜੀ ਹੀ ਸਮਝ ਲੈ ਕਿ ਦੇਹਿ ਮਿਟੀ ਦੀ ਘੜੀ ਤੁੱਲ ਹੈ।

ਰਹਾਉ ਵਿਚ ਇਸ ਦੀ ਅਸਲ ਦੱਸ ਆਏ ਹਨ ਕਿ ਇਹ ਮਿੱਟੀ ਤੋਂ ਬਣਦੀ ਹੈ, ਉਹ ਮਿਟੀ ਪਾਣੀ ਨਾਲ ਗੁਨ੍ਹੀ ਜਾਂਦੀ ਹੈ ਤੇ ਪੁਤਲੀ ਬਣਾਕੇ ਉਸ ਵਿਚ ਸੁਆਸ ਫੂਕੇ ਜਾਂਦੇ ਹਨ। ਇਹ ਪੁਤਲੀ ਅਪਣੇ ਨਾਸ਼ਮਾਨ ਤੇ ਨੀਵੇਂ ਅਸਲੇ ਨੂੰ ਨਹੀਂ ਦੇਖਦੀ, ਇਹ ਹੰਕਾਰੀ ਹੋ ਜਾਂਦੀ ਹੈ ਤੇ ਮਾਇਆ ਕੱਠੀ ਕਰਨ ਵਿਚ ਉਮਰਾ ਲੰਘ ਜਾਂਦੀ ਹੈ।

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ॥

[ਸੋਰਠਿ ਕਬੀਰ ਜੀ ੯]

ਸੋ ਪਰਪੰਚ ਕਰਕੇ ਕੋਈ ਲਖ ਕੋਈ ਪੰਜ ਲਖ ਕੱਠਾ ਕਰਦਾ ਹੈ, ਓਹ ਸੰਚੀ ਮਾਇਆ ਏਥੇ ਹੀ ਰਹਿ ਜਾਂਦੀ ਹੈ, ਨਾਲ ਨਹੀਂ ਜਾਂਦੀ। ਸੋ ਹੇ ਜੀਵ ! ਤੂੰ ਜੋ ਜੀਵਨ ਨੂੰ ਸਦੈਵੀ ਜਾਣ ਕੇ ਭੁਲੇਵੇ ਵਿਚ ਇਸ ਜੀਵਨ ਦੀ ਸਰੀਰ ਰੂਪ ਨੀਂਹ ਨੂੰ ਭਰਦਾ, ਭਾਵ ਪਾਲਦਾ ਪੋਸਦਾ ਰਹਿੰਦਾ ਹੈਂ, ਹੇ ਮਾਇਆ ਦੇ ਹੰਕਾਰੀ ਇਸ ਨੂੰ ਬਿਨਸਦਿਆਂ ਦੇਰ ਨਹੀਂ ਲੱਗਣੀ। ਬਰਸਾਂ ਦੀ ਪਾਲੀ ਪੋਸੀ ਇਕ ਛਿਨ ਵਿਚ

ਬਿਨਸ ਜਾਂਦੀ ਹੈ।

ਇਸ ਵਿਚ ਸ੍ਰੀ ਕਬੀਰ ਜੀ ਦਾ ਕਟਾਖਸ਼ ਇਹ ਹੈ ਜੋ ਰਹਾਉ ਤੋਂ ਸਪਸ਼ਟ ਹੋ ਜਾਂਦਾ ਹੈ ਕਿ 'ਮੈਂ ਮੇਰੀ' ਨੂੰ ਸਮਝ। ਮੈਂ ਨੂੰ ਹਉਂ ਸਮਝ ਤੇ ਇਸ ਤੋਂ ਉਪਜੀ 'ਮੇਰੀ' ਨੂੰ ਫਸਾਉਣ ਵਾਲੀ ਫਾਹੀ ਸਮਝ। ਉਪਾਉ ਸਮਝਣੇ ਦਾ ਸੌਖਾ ਹੈ ਕਿ ਅਪਣੀ ਦੇਹ ਤੂੰ ਨਹੀਂ ਸੀ ਬਣਾਈ ਇਹ ਗੋਬਿੰਦ ਨੇ ਬਣਾਈ ਸੀ। ਮਿੱਟੀ ਪਾਣੀ ਤੋਂ ਤੈਨੂੰ ਸਾਜਿਆ ਸੀ, ਕਿ ਤੂੰ ਸਾਜਣਹਾਰ ਨਾਲ ਪ੍ਰੇਮ ਕਰਕੇ ਆਤਮ ਰਸ ਮਾਣੇਂ। ਤੂੰ ਸੱਭੋ ਕੁਛ ਉਸ ਦਾ ਦਿੱਤਾ ਸਮਝ ਕੇ ਉਸ ਨੂੰ ਪਿਆਰ ਕਰ ਤਾਂ ਤੇਰੀ ਕਲਜਾਣ ਹੋਵੇ।

ਨਿਰੁਕ੍ਤ—ਪਾਨੀ ਮੈਲਾ ਮਾਟੀ ਗੋਰੀ ਮੈਲਾ ਪਾਣੀ ਤੇ ਗੋਰੀ (=ਚਿੱਟੀ) ਮਿਟੀ। ਮੈਲੇ ਪਾਣੀ ਤੋਂ ਭਾਵ ਮਾਨੁਖ ਦਾ 'ਬੀਰਯ' ਲੈਂਦੇ ਹਨ; ਜਿਸ ਦਾ ਰੰਗ ਭੂਸਲਾ ਜੇਹਾ ਹੁੰਦਾ ਹੈ। ਗੋਰੀ ਮਿਟੀ ਤੋਂ ਭਾਵ ਇਸਤ੍ਰੀ ਦੀ ਰਕਤ ਲੈਂਦੇ ਹਨ; ਪਰ ਰਕਤ ਦਾ ਰੰਗ ਲਾਲ ਹੁੰਦਾ ਹੈ। ਇਹ ਅਰਥ ਢੁੱਕ ਪੈਣ ਇਸ ਕਰਕੇ ਗੋਰੀ ਦਾ ਅਰਥ ਲਾਲ ਕੀਤਾ ਜਾਂਦਾ ਹੈ। ਕੋਸ਼ਾਂ ਵਿਚ 'ਗੌਰੀ' ਪਦ ਦਾ ਅਰਥ ਜੋ 'ਗ਼ੌਰੀ' ਪਦ ਦਾ ਮੂਲ ਹੈ, ਚਿੱਟੇ ਤੋਂ ਇਲਾਵਾ ਪੀਲਾ ਜੇਹਾ ਤੇ ਬਹੁਤ ਹਲਕਾ ਲਾਲ ਬੀ ਲਿਖਿਆ ਹੈ। ਗੋਰੇ ਰੰਗ ਵਿਚ, ਜੋ ਚਿੱਟਾ ਹੁੰਦਾ ਹੈ, ਦੁਏ ਝਾਲਾਂ ਹੁੰਦੀਆਂ ਹਨ। ਪਰ ਗੋਰੀ ਦਾ ਪ੍ਰਸਿਧ ਅਰਥ ਚਿੱਟਾ ਹੈ। ਇਸ ਕਰਕੇ ਹੋ ਸਕਦਾ ਹੈ ਕਿ ਸ੍ਰੀ ਕਬੀਰ ਜੀ ਦਾ ਭਾਵ ਇਸਤ੍ਰੀ ਦੀ ਰਕਤ ਤੋਂ ਨਾਂ ਹੋਵੇ ਪਰ ਉਸ ਬੇਰੰਗ ਦ੍ਰਵ (fluid) ਤੋਂ ਹੋਵੇ ਜੋ ਇਸਤ੍ਰੀ ਦੇ ਗਰਭਾਸ਼ਜ (uterus) ਤੋਂ ਉਸ ਦੇ ਸਿਰ ਨ੍ਹਾਉਣੀ ਦੇ ਦਿਨ ਤੋਂ ਬਾਰਵੇਂ ਤੇ ਸੋਲਵੇਂ ਦਿਨਾਂ ਦੇ ਵਿਚ ਨਿਕਲਦਾ ਹੈ, ਜੋ ਅੰਡਾਸ਼ਯ (ovary) ਦੀ ਸਤਹ (surface) ਤੋਂ ਨਿਕਲਕੇ ਗਰਭਾਸ਼ਜ ਦੀ ਨਾਲੀ (ovum fallopian tube) ਵਿਚ ਆ ਜਾਂਦਾ ਹੈ ਤੇ ਓਥੋਂ ਗਰਭਾਸ਼ਯ ਵਿਚ ਆਉਂਦਾ ਹੈ। ਮਰਦ ਦੇ ਬੀਰਯ ਵਿਚ ਜੋ ਵੀਰਯ ਸਜੀਵ ਕਣ (Spermatozoa) ਹੁੰਦੇ ਹਨ ਓਹ ਤਾਂ ਗਰਭਾਸ਼ਜ ਵਿਚ ਆਪ ਪਹੁੰਚ ਜਾਂਦੇ ਹਨ ਤੇ ਓਥੇ ਪਏ ਗਰਭਾਸ਼ਯ ਨੂੰ ਗਰਭ ਵਾਲਾ ਕਰ ਦਿੰਦੇ ਹਨ, ਜਿਸ ਤੋਂ ਇਨਸਾਨੀ ਸ਼ਰੀਰ ਬਣਦਾ ਹੈ। ਏਹੋ ੧੨, ੧੬ ਵਾਲੇ ਦਿਨਾਂ ਵਿਚ, ਜਿਨ੍ਹਾਂ ਨੂੰ ਅੰਡੇ ਬਣਨ (ovulation) ਦੇ ਦਿਨ ਕਹਿੰਦੇ ਹਨ ਅਕਸਰ ਗਰਭ ਧਾਰਨ ਹੁੰਦਾ ਹੈ। ਇਸ ਸਾਰੀ ਕੁਦਰਤੀ ਕ੍ਰਿਯਾ ਨੂੰ ਕਬੀਰ ਜੀ ਮੈਲੇ ਤੇ ਗੋਰੇ ਪਾਂਣੀਆਂ ਤੋਂ ਪੁਤਲੀ (ਇਨਸਾਨੀ ਦੇਹ) ਬਨਦੀ ਦੱਸ ਰਹੇ ਹਨ।

ਪੁਤਰੀ—[ਸੰਸ:, ਪੁਤਲੀ=ਮੂਰਤੀ, ਪ੍ਰਤਿਮਾ] ਪੁਤਲੀ। ਮਿਟੀ ਪੱਥਰ, ਕਾਗ਼ਜ਼ ਆਦਿ ਤੋਂ ਬਣਾਈ ਇਨਸਾਨੀ ਸ਼ਕਲ ਦੀ ਮੂਰਤੀ। **ਜੋਰੀ**—ਜੋੜੀ। ਭਾਵ ਰਚੀ, ਬਣਾਈ।

ਰਸੁ—[ਸੰਸ:, ਰਸ:] ਸੁਆਦ। ਭਾਵ ਹੈ ਤਨ, ਤਨ ਨੇ ਕਮਾਇਆ ਧਨ, ਧਨ ਨੇ ਪੈਦਾ ਕੀਤੇ ਭੋਗਾਂ ਰਸਾਂ ਦੇ ਸਾਮਾਨ, ਸਰੀਰ ਵਿਚ ਰਸ ਮਾਣਨ ਦੀ ਰੁਚੀ ਆਦਿ ਜੋ ਕੁਛ ਸੁਆਦ ਮਈ ਸਾਮਾਨ ਹੈ ਇਹ ਅਪਣਾ ਨਾ ਸਮਝ। **ਪਵਨੁ**—ਪੌਣ। ਭਾਵ ਹੈ ਸੁਆਸ।

ਝੂਠਾ ਪਰਪੰਚ—[ਦੇਖੋ 'ਪਰਪੰਚ' ਪੰਨਾ ੧੬੩੨] ਬਨਾਵਟੀ ਪਸਾਰਾ। ਇਸ ਪੁਤਲੀ ਨੇ ਜਿੰਦ ਪਾ ਕੇ ਮਾਇਆ ਤੇ ਭੋਗਾਂ ਦਾ ਝੂਠਾ ਸਾਜ ਸਾਜ ਲਿਆ ਹੈ। ਝੂਠਾ ਇਸ ਕਰਕੇ ਕਿ ਸਦੈਵੀ ਨਹੀਂ।

(ਅ) ਕਈ ਐਉਂ ਬੀ ਅਰਥ ਲਾਉਂਦੇ ਹਨ ਕਿ ਰਚਣਹਾਰ ਨੇ ਮਿੱਟੀ ਦੀ ਪੁਤਲੀ ਵਿਚ ਸੁਆਸ ਭਰਕੇ ਨਾਸ਼ਵੰਤ ਸਰੀਰ ਬਣਾ ਦਿਤਾ ਜੋ (ਜੋਰਿ=) ਜੋਰ ਵਾਲਾ ਬੀ ਹੋ ਗਿਆ।

ਲਾਖ ਪਾਂਚ—ਲਖ ਯਾ ਪੰਜ ਲਖ। ਲਖ ਕਹਿਣ ਤੋਂ ਮੁਰਾਦ ਇਕ ਲਖ ਦੀ ਸਹੀ ਹੁੰਦੀ ਹੈ। (ਪੰਜ' ਕਹਿ ਕੇ ਤੇ 'ਲਖ ਨਾ ਕਹਿਣ ਤੋਂ ਮੁਰਾਦ ਪੰਜ ਲਖ ਦੀ ਹੈ। ਦੋਹਾਂ ਦੀ ਮੁਰਾਦ ਹੈ ਕਿਸੇ ਵਧੀਕ ਕਿਸੇ ਉਸ ਤੋਂ ਵਧੀਕ। (ਅ) ਕਈ ਦਾਨੇ ਲਾਖ ਪਾਂਚ ਦਾ ਅਰਥ ਪੰਜ ਲਖ ਕਰਦੇ ਹਨ ਐਸਾ ਕਰਨੇ ਵਿਚ ਕਿਨਹੂੰ ਪਦ ਦੀ ਸਫਲਤਾ ਨਹੀਂ ਹੁੰਦੀ।

ਗਗਰੀਆ—(ਸੰਸ:, ਗਰਗਰੀ = ਗਾਗਰ (ਮਿੱਟੀ ਦੀ)) ਗਾਗਰ। ਘੜੀ। ਮੁਰਦੇ ਸਾੜਨ ਗਿਆਂ ਅਧ ਮਾਰਗ ਤੇ ਜੋ ਘੜੀ ਭੰਨਦੇ ਹਨ। ਸ਼ਾਯਦ ਇਹ ਦੱਸਣ ਲਈ ਕਿ ਦੇਹ ਫੁੱਟ ਗਈ ਘੜੀ ਵਾਂਙੂ, ਸ਼ੋਕ ਨਾ ਕਰੋ ਜਿਵੇਂ ਘੜੀ ਫੁਟੀ ਦਾ ਨਹੀਂ ਕਰੀਦਾ। ਆਤਮਾ ਅੱਗੇ ਚਲੀ ਗਈ ਹੈ।

(ਅ) ਗਗਰੀਆ ਫੋਰੀ ਦਾ ਅਰਥ ਕਰਦੇ ਹਨ ਸਰੀਰ ਰੂਪੀ ਘੜੀ ਫੁੱਟ ਗਈ, ਭਾਵ ਮਰ ਗਿਆ ਪ੍ਰਾਣੀ। **ਨੀਵ**—ਨੀਂਹ। ਸਰੀਰ ਰੂਪੀ ਨੀਂਹ।

[ਗਉੜੀ ਕਬੀਰ ਜੀ, ਚਉਪਦਾ—੬੧]

ਪ੍ਰਾਕ੍ਕਥਨ—ਪਿਛਲੇ ਸ਼ਬਦ ਵਿਚ ਵੈਰਾਗ ਦਾ ਉਪਦੇਸ਼ ਦੇਕੇ ਤਨ ਧਨ ਈਸ਼੍ਵਰ ਦਾ ਸਮਝ ਕੇ ਮੈਂ ਮੇਰੀ ਦੇ ਬੰਧਨ ਤੋਂ ਛੁੱਟਣੇ ਦਾ ਉਪਦੇਸ਼ ਸੀ। ਹੁਣ ਈਸ਼੍ਵਰ ਭਗਤੀ ਦਾ ਉਪਦੇਸ਼ ਤੇ ਪ੍ਰਕਾਰ ਦੱਸਦੇ ਹਨ, ਜਿਸ ਕਰਕੇ ਮੈਂ ਮੇਰੀ ਤਿਆਗਣ ਦੀ ਸਤਜਾ ਪੈਦਾ ਹੁੰਦੀ ਹੈ ਤੇ ਈਸ਼੍ਵਰ ਪ੍ਰਾਪਤੀ ਹੋਕੇ ਸਦਾ ਸੁਖ ਮਿਲਦਾ ਹੈ।

ਮੂਲ	ਅਰਥ
ਗਉੜੀ ॥ ਰਾਮ ਜਪਉ ਜੀ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥	ਹੇ ਜੀਵ ! ਰਾਮ ਨੂੰ ਇਸ ਤਰ੍ਹਾਂ ਜਪੋ ਜਿਸ ਤਰ੍ਹਾਂ ਧ੍ਰੂ ਨੇ ਹਰੀ ਜਪਿਆ (ਫੇਰ) ਇਸ ਤਰ੍ਹਾਂ (ਜਪੋ, ਜਿਵੇਂ) ਪ੍ਰਹਿਲਾਦ ਨੇ (ਜਪਿਆ ਸੀ)॥੧॥
ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥	[ਹੁਣ ਅਰਦਾਸ ਕਰਦੇ ਹਨ !] ਹੇ ਦੀਨਾ ਤੇ ਦਇਆ ਕਰਨੇ ਵਾਲੇ (ਰਾਮ ! ਮੈਂ) ਤੇਰੇ ਭਰਮ ਤੇ ਸਾਰਾ ਪਰਵਾਰ (ਰਾਮ-ਜਪ ਦੇ) ਬੇੜੇ ਚਾੜ੍ਹ ਦਿੱਤਾ ਹੈ॥੧॥ਰਹਾਉ॥
ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥੨॥	[ਹੁਣ ਈਸ਼੍ਵਰ ਕ੍ਰਿਪਾ ਦੀ ਸਹਾਯਤਾ ਮੰਗਦੇ ਹਨ:] ਜਦੋਂ ਉਸ (ਰਾਮ) ਨੂੰ ਭਾਵੇਗਾ ਤਾਂ (ਸਾਥੋਂ ਆਪਣਾ) ਹੁਕਮ ਮਨਾਵੇਗਾ (ਤੇ ਤਦੋਂ) ਇਸ ਬੇੜੇ ਨੂੰ ਪਾਰ ਬੀ ਪਚਾ ਦੇਵਗਾ। (ਭਾਵ ਹੈ ਕਿ ਹੇ ਰਾਮ ! ਤੇਰੇ ਹੁਕਮ ਦੀ ਮਦਦ ਬੇੜੇ ਨੂੰ ਪਾਰ ਕਰੇਗੀ ਓਹ ਸਾਨੂੰ ਦੇਹ)॥੨॥
ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ ਚੂਕਿ ਗਈ ਫਿਰਿ ਆਵਨ ਜਾਨੀ ॥੩॥	[ਹੁਣ ਗੁਰੂ ਦੀ ਹੋ ਗਈ ਕ੍ਰਿਪਾ ਤੇ ਪ੍ਰਾਪਤੀ ਦਾ ਪਤਾ ਦੇ ਕੇ ਉਪਦੇਸ਼ ਕਰਦੇ ਹਨ:-] ਗੁਰੂ ਦੀ ਕ੍ਰਿਪਾ ਕਰਕੇ (ਮੇਰੇ ਵਿਚ) ਐਸੀ ਬੁੱਧੀ ਸਮਾ ਗਈ ਹੈ। (ਕੈਸੀ ਬੁੱਧੀ ? ਐਸੀ ਜੋ ਉਪਰ ਕਹੀ ਹੈ ਕਿ ਈਸ਼੍ਵਰ ਕ੍ਰਿਪਾ ਤੇ ਭਰੋਸਾ ਕਰਨਾ ਤੇ ਧ੍ਰੂ ਪ੍ਰਹਿਲਾਦ ਵਾਂਙੂ ਦ੍ਰਿੜ ਹੋ ਕੇ ਨਾਮ ਜਪਣਾ। ਇਸ ਬੁਧੀ ਕਰਕੇ) ਮੁੜਕੇ ਜਨਮ ਮਰਨ ਹੋਣਾ ਮਿਟ ਗਿਆ ਹੈ॥੩॥
ਕਹੁ ਕਬੀਰ ਭਜੁ ਸਾਰਿਗਪਾਨੀ ॥ ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੨॥੧੦॥੬੧॥	ਕਬੀਰ ਆਖਦਾ ਹੈ ਕਿ (ਹੇ ਜੀਵ !) ਪਰਮੇਸੁਰ ਦਾ ਭਜਨ ਕਰ। ਲੋਕ ਪ੍ਰਲੋਕ ਸਭ (ਥਾਂਵਾਂ ਦਾ ਸਹਾਈ ਉਸ) ਇੱਕੋ ਨੂੰ ਜਾਣ ! (ਭਾਵ ਜਗਤ ਦੇ ਸੁਖ ਤੇ ਪਰਲੋਕ ਵਿਚ ਮੁਕਤੀ ਦੇਣ ਵਾਲਾ ਉਹ ਇੱਕੋ ਹੈ)॥੪॥੨॥੧੦॥੬੧॥

ਵਜਾਖਜਾ— ਪਹਿਲੇ ਅੰਕ ਵਿਚ ਉਪਦੇਸ਼ ਦੇਂਦੇ ਹਨ ਕਿ ਧ੍ਰੂ ਤੇ ਪ੍ਰਹਿਲਾਦ ਭਗਤਾਂ ਵਾਂਙੂ ਨਾਮ ਜਪੋ। ਇਨ੍ਹਾਂ ਦੋਹਾਂ ਨੇ ਬੜੇ ਔਖੇ ਤੇ ਕਠਨ ਹਾਲਾਤ ਵਿਚ ਪਰਮ ਦ੍ਰਿੜਤਾ ਨਾਲ ਨਾਮ ਜਪਕੇ ਪਰਮ ਪਦ ਪਾਏ ਸਨ। ਇਹ ਕਹਿ ਕੇ ਇਸ ਭਾਵ ਵਿਚ ਜਾਂਦੇ ਹਨ ਕਿ ਮੈਂ ਯਾ ਕੋਈ ਹੋਰ ਆਪੇ ਤੇ ਮਾਨ ਕਰਕੇ ਕਿਵੇਂ ਨਾਮ ਜਪ ਸਕਦਾ ਹੈ; ਇਸ ਗੱਲ ਵਾਸਤੇ ਤਾਂ ਈਸ਼੍ਵਰ ਦੀ ਮੇਹਰ ਦੀ ਲੋੜ ਹੈ। ਇਸ ਲਈ ਅਰਦਾਸ ਵਿਚ ਪੈ ਜਾਂਦੇ ਹਨ ਕਿ ਹੇ ਗ੍ਰੀਬਾਂ ਤੇ ਮੇਹਰਾਂ ਕਰਨ ਵਾਲੇ ਰਾਮ ! ਮੈਂ ਤਾਂ ਤੇਰੇ ਭ੍ਰੋਸੇ ਨਾਮ ਜਪ ਰਿਹਾ ਹਾਂ, ਤੇ ਇਸੇ ਭ੍ਰੋਸੇ ਤੇ ਮੈਂ ਸਾਰੇ ਪਰਵਾਰ ਨੂੰ ਨਾਮ ਸਿਮਰਣ ਰੂਪੀ ਜਹਾਜ਼ ਤੇ ਚਾੜ੍ਹ ਦਿੱਤਾ ਹੈ। ਪਰਵਾਰ ਤੋਂ ਭਾਵ ਨਿਜ ਦਾ ਪਰਵਾਰ ਇਸਤ੍ਰੀ ਪੁਤ੍ਰ ਭਰਾ-ਭਾਈ ਆਦਿ ਬੀ ਹੈ, ਤੇ ਸਾਰੀ ਸਾਧ ਸੰਗਤਿ ਬੀ ਹੈ ਜੋ ਆਪ ਦੇ ਅਨੁਯਾਈ ਸੇ। ਓਹ ਉਨ੍ਹਾਂ ਦਾ ਨਾਦੀ ਪਰਵਾਰ ਸੀ। ਸ੍ਰੀ ਨਰੋਤਮ ਤਾਰਾ ਸਿੰਘ ਜੀ ਏਥੇ ਪਰਵਾਰ ਦਾ ਹੋਰ ਇਕ ਅੰਤ੍ਰੀਵ ਭਾਵ ਲਿਆ ਕਰਦੇ ਸਨ, ਉਹ ਸੀ:-ਅੰਤਹ ਕਰਣ, ਸਾਰੇ ਇੰਦ੍ਰੇ ਇਹ ਪਰਵਾਰ ਹੈ ਜੋ ਨਾਮ ਦੇ ਬੇੜੇ ਚਾੜ੍ਹਿਆ ਹੈ। ਪ੍ਰਸ਼ਨ ਹੁੰਦਾ ਹੈ ਕੀਕੂੰ ? ਉੱਤਰ ਹੈ:-ਰਸਨਾ ਨਾਲ ਨਾਮ ਜਪਣਾ, ਕੰਨਾਂ ਨਾਲ ਹਰੀ ਕੀਰਤਨ ਸੁਣਨਾ, ਨੇਤ੍ਰਾਂ ਨਾਲ ਨਾਮੀ ਪੁਰਖਾਂ ਦੇ ਦਰਸ਼ਨ ਕਰਨੇ, ਹੱਥਾਂ ਨਾਲ ਸੇਵਾ, ਪੈਰਾਂ ਨਾਲ ਸਤਿਸੰਗ ਵਿਚ ਟੁਰ ਕੇ ਜਾਣਾ। ਇੰਦ੍ਰਿਆਂ ਨੂੰ ਤਾਂ ਐਉਂ ਜਹਾਜ਼ੇ ਚਾੜ੍ਹਿਆ ਹੈ। ਅੰਤਹਕਰਣ ਨੂੰ ਐਉਂ ਚਾੜ੍ਹਿਆ ਹੈ—ਮਨ ਨਾਲ ਨਾਮ ਸਿਮਰਣ ਕਰਨਾ, ਬੁੱਧੀ ਨਾਲ ਸਿਮਰਨ ਨੂੰ ਨਿਸਚੇ ਤੇ ਦ੍ਰਿੜ ਕਰਨਾ, ਚਿਤ ਨਾਲ ਸਿਮਰਣ ਦਾ ਅਜਪਾ ਰੂਪ ਵਿਚ ਰਹਿਣਾ, ਹੋਰ ਚਿਤਵਨੀ ਨਾ ਫੁਰਨ ਦੇਣੀ, ਸੂਖਮ ਹੰਕਾਰ ਵਿਚ ਨਾਮ ਨੇ ਜਾ ਕੇ ਨਾਮੀ ਦੀ ਲੈ ਵਿਚ ਲੈ ਟੁਰਨਾ ਹੈ ਤੇ 'ਮੈਂ' ਨੂੰ ਲੀਨ ਕਰ ਦੇਣਾ ਹੈ। ਬਾਕੀ ਰਹੇ ਸ੍ਵਾਸ। ਸੋ ਮੈਂ, ਸੁਆਸ ਬੀ ਨਾਮ ਵਿਚ ਸਫਲੇ ਕਰਨੇ ਹਨ, ਅਰਥਾਤ ਵਿਸ਼ੇਸ਼ ਲੋੜ ਪਈ ਤੇ ਨਾਮ ਨੂੰ ਸੁਆਸਾਂ ਨਾਲ ਮੇਲ ਕੇ ਜਪਣਾ ਤੇ ਸਿਮਰਨਾ ਹੈ। ਇਹ ਸੁਆਸਾਂ ਦਾ ਜਹਾਜ਼ੇ ਚੜ੍ਹਨਾ ਹੈ।

ਅੰਕ ੨ ਵਿਚ ਫੁਰਮਾਉਂਦੇ ਹਨ ਕਿ ਉਪਰਲੇ ਅੰਕਾਂ ਵਿਚ ਕਥੀ ਸੁਮਤੀ ਕਿਥੋਂ ਪ੍ਰਾਪਤ ਹੋਈ ? ਤਾਂ ਦੱਸਦੇ ਹਨ ਕਿ ਗੁਰੂ ਤੋਂ ਐਸੀ ਬੁੱਧੀ ਮਿਲੀ ਤੇ ਸਾਡੇ ਅੰਦਰ ਸਮਾ ਗਈ। ਸਮਾ ਗਈ ਦਾ ਭਾਵ ਹੈ ਕਿ ਸੁਭਾਵ ਰੂਪ ਹੋ ਗਈ, ਅਮਲ ਵਿਚ ਆ ਗਈ। ਜੋ ਬੁੱਧੀ ਅੰਦਰ ਸਮਾ ਜਾਵੇ ਉਹ ਜੀਵ ਤੋਂ 'ਸਮਝੀ ਹੋਈ' ਬਾਤ ਤੇ ਅਮਲ ਕਰਵਾਉਂਦੀ ਹੈ। ਉਸ ਅੰਦਰ ਸਮਾਈ ਬੁਧੀ ਤੇ ਉਸ ਤੋਂ ਅਮਲ ਵਿਚ ਆਈ ਸਾਰੀ ਕਰਨੀ ਨੇ ਜਨਮ ਮਰਨ ਚੁਕਾ ਦਿੱਤਾ, ਭਾਵ ਪਰਮ ਪਦ—ਨਿਹਚਲ ਪਦ—ਤੇ ਪੁਚਾ ਦਿੱਤਾ।

ਅੰਕ ਚਾਰ ਵਿਚ ਉਪਦੇਸ਼ ਕਰਦੇ ਹਨ ਕਿ ਪਰਮੇਸ਼ੁਰ ਦਾ ਭਜਨ ਕਰ, ਲੋਕ ਪ੍ਰਲੋਕ ਵਿਚ ਤੇਰੇ ਲਈ ਕੀਹ ਭਲਾ ਹੈ, ਇਸ ਗੱਲ ਦੇ ਜਾਣਨੇ ਵਾਲਾ ਉਹੀ ਹੈ, ਸੋ ਉਸੇ ਨੂੰ ਅਪਣਾ ਸਹਾਇਕ ਸਮਝ। (ਅ) ਅਥਵਾ—ਸਰੀਰਕ ਲੋੜਾਂ ਦਾ ਫਿਕਰ ਨਾ ਕਰ, ਲੋਕ ਪ੍ਰਲੋਕ ਸਭ ਥਾਂਵਾਂ ਵਿਚ ਦਾਨੀ (=ਦਾਤਾ) ਉਹੋ ਇਕੋ ਪ੍ਰਭੂ ਹੈ। ਸਾਰੇ ਸ਼ਬਦ ਦਾ ਤੱਤ ਇਹ ਹੈ:—ਪਹਿਲੇ ਅੰਕ ਵਿਚ-ਜੀਵ ਨੂੰ ਉੱਦਮ ਦਾ ਉਪਦੇਸ਼ ਦਿਤਾ ਹੈ ਕਿ ਤਕੜਾ ਹੋ ਕੇ ਦ੍ਰਿੜਤਾ ਨਾਲ ਲੱਗ ਤੇ ਦੁਖ ਸੁਖ ਦੀ ਪਰਵਾਹ ਨਾ ਕਰ ਕੇ ਨਾਮ ਨਾਲ ਏਕਾਂਕੀ ਪ੍ਰੀਤ ਕਰ।

ਰਹਾਉ ਤੇ ਅੰਕ ੨ ਵਿਚ ਈਸ਼੍ਵਰ ਦੇ ਆਸਰੇ ਪਰਨੇ ਹੋ ਕੇ ਨਾਮ ਜਪਣ ਦੀ ਸੁਮਤਿ ਦਿੱਤੀ ਤੇ ਦੱਸਿਆ ਹੈ ਕਿ ਨਾਮ ਨੇ ਹੁਕਮ ਯਾ ਰਜ਼ਾ ਤੇ ਲੈ ਜਾਣਾ ਹੈ ਪਰ ਈਸ਼੍ਵਰ ਅਨੁਗ੍ਰਹੁ ਨਾਲ।

ਅੰਕ ੩ ਵਿਚ ਨਾਮ ਜਪਣ ਦੀ ਪ੍ਰੇਰਨਾ, ਇਸ ਦੇ ਲਾਭ, ਇਸ ਦਾ ਪ੍ਰਕਾਰ, ਹੁਕਮ ਦੀ ਸੋਝੀ, ਇਨ੍ਹਾਂ ਗੱਲਾਂ ਲਈ ਗੁਰੂ ਦੇ ਸਤਿਸੰਗ ਦੀ ਲੋੜ ਦੱਸੀ ਹੈ।

ਅੰਕ ੪ ਵਿਚ ਨਾਮ ਸਿਮਰਦਿਆਂ ਜੋ ਸੰਸਾਰਕ ਲੋੜਾਂ ਯਾ ਪਰਲੋਕ ਦੇ ਭੈ ਆਦਿ ਹੁੰਦੇ ਹਨ ਉਨ੍ਹਾਂ ਦਾ ਦਾਰੂ ਦੱਸਿਆ ਹੈ ਕਿ ਏਹ ਨਾਮ ਤੇ ਈਸ਼੍ਵਰ ਤੇ ਛੱਡ, ਉਸ ਤੇ ਸਿਦਕ ਧਾਰ ਕੇ ਭਜਨ

ਕਰ ਓਹ ਆਪੇ ਸਭ ਕੁਛ ਤੇਰੇ ਲਈ ਕਰੇਗਾ।

ਨਿਰੁਕ੍ਤ—**ਧ੍ਰੂ**—(ਸੰਸ:, ਧ੍ਰਵ: =ਰਾਜਾ ਉਤ੍ਰਾਨਪਾਦ ਦੇ ਪੁਤਰ ਦਾ ਨਾਮ) ਇਕ ਭਗਤ ਹੋਇਆ ਹੈ। ਇਹ ਰਾਜੇ ਉੱਤ੍ਰਾਨਪਾਦ ਦਾ ਪੁਤ੍ਰ ਸੀ। ਇਕ ਦਿਨ ਇਹ ਪਿਤਾ ਦੀ ਝੋਲੀ ਵਿਚ ਆ ਬੈਠਾ ਤਾਂ ਖੁਣਸ ਦੀ ਮਾਰੀ ਮਤ੍ਰੇਈ ਮਾਂ ਨੇ ਝੋਲੀਓਂ ਪਟਕ ਕੇ ਪਰੇ ਧੱਕ ਦਿੱਤਾ। ਡਿਡੋਲਿਕਾ ਹੋ ਕੇ ਮਾਂ ਪਾਸ ਆਇਆ ਤਾਂ ਮਾਂ ਨੇ ਕਿਹਾ: ਪੁਤ੍ਰ ਰਾਜ ਤੇ ਰਾਜ ਦੇ ਆਨੰਦ ਭਗਤੀ ਨਾਲ ਪ੍ਰਾਪਤ ਹੁੰਦੇ ਹਨ, ਤੂੰ ਨਹੀਂ ਕੀਤੀ ਹੋਣੀ ਜੋ ਵਾਂਜਿਆ ਚਲਿਆ ਹੈਂ। ਇਹ ਸੁਣਕੇ ਧ੍ਰੂ ਬਨਾਂ ਨੂੰ ਚਲਾ ਗਿਆ, ਓਥੇ ਨਾਰਦ ਮੁਨੀ ਮਿਲ ਪਿਆ, ਉਸ ਨੇ ਸਾਰੀ ਵਿਥਿਆ ਸੁਣਕੇ ਉਸ ਨੂੰ ਈਸ਼੍ਵਰ ਭਗਤੀ ਵਿਚ ਲਗਾ ਦਿਤਾ। ਭਗਤੀ ਵਿਚ ਧ੍ਰੂ ਐਸਾ ਲੱਗਾ ਕਿ ਅਟੱਲ ਪਦਵੀ ਨੂੰ ਪ੍ਰਾਪਤ ਹੋਇਆ, ਜਿਥੇ ਪਹੁੰਚਕੇ ਉਸਨੂੰ ਰਾਜ ਭਾਗ ਦੀ ਲਾਲਸਾ ਹੀ ਮਿਟ ਗਈ। ਭਗਤੀ ਵਿਚ ਇਸਦੀ ਦ੍ਰਿੜਤਾ ਕਮਾਲ ਦੀ ਹੈ।

ਪ੍ਰਹਿਲਾਦ—(ਸੰਸ:, ਪ੍ਰਹਲਾਦ:ਜਾਂ ਪਹ੍ਲਾਦ:) ਹਰਣਾਖਸ਼* ਦੈਂਤ ਦਾ ਪੁਤ੍ਰ ਸੀ। ਜੋ ਮੁਲਤਾਨ ਹੋਇਆ ਦੱਸੀਦਾ ਸੀ। ਪਿਤਾ ਨਾਸਤਕ ਸੀ, ਪੁਤ੍ਰ ਭਗਤੀ ਵਾਲਾ ਸੀ। ਪਿਤਾ ਨੇ ਇਸ ਨੂੰ ਬੜੇ ਬੜੇ ਦੁੱਖ ਦਿਤੇ ਕਿ ਕਿਵੇਂ ਭਗਤੀ ਛੋੜ ਦੇਵੇ, ਪਰ ਇਹ ਨਾ ਡੋਲਿਆ ਤੇ ਸਾਰੇ ਕਸ਼ਟ ਸਹਾਰ ਕੇ ਭਗਤੀ ਵਿਚ ਲਗਾ ਰਿਹਾ। ਦੁਖਾਂ ਦੇ ਟਾਕਰੇ ਤੇ ਨਾ ਡੋਲਣਾ ਤੇ ਭਗਤੀ ਤੋਂ ਮੂੰਹ ਨਾ ਮੋੜਨਾ ਇਸ ਸਾਵਧਾਨਤਾ ਤੇ ਜੇਰੇ ਲਈ ਪ੍ਰਹਿਲਾਦ ਦੀ ਭਗਤੀ ਇਕ ਮਿਸਾਲ ਹੈ।

ਸਾਰਿਗ ਪਾਨੀ—[ਦੇਖੋ ਪੰਨਾ ੩੨੮] ਪਰਮੇਸ਼ੁਰ।

[ਗਉੜੀ ਕਬੀਰ ਜੀ, ਚਉਪਦਾ—੬੨]

ਪ੍ਰਾਕ੍ਥਨ—ਜੀਵ ਦੇ ਜਨਮ ਤੋਂ ਪਹਿਲੋਂ ਦੇ ਹਾਲ ਦੱਸਕੇ ਤੇ ਗਰਭ ਵਿਚ ਦੀ ਯਾਦ ਵਾਲੀ ਦਸ਼ਾ ਤੇ ਜਠਰਾਗਨੀ ਵਿਚ ਪਲਣ ਦੀ ਯਾਦ ਦਿਵਾਕੇ 'ਹਰੀ ਗੁਣ' ਗਾਉਣ ਦਾ ਉਪਦੇਸ਼ ਦੇਂਦੇ ਹਨ।

ਮੂਲ	ਅਰਥ
ਗਉੜੀ ੯ ॥ ਜੋਨਿ ਛਾਡਿ ਜਉ ਜਗ ਮਹਿ ਆਇਓ ॥ **ਲਾਗਤ ਪਵਨ ਖਸਮੁ ਬਿਸਰਾਇਓ॥੧॥** **ਜੀਅਰਾ ਹਰਿ ਕੇ ਗੁਨਾ ਗਾਉ ॥੧॥ ਰਹਾਉ ॥** **ਗਰਭ ਜੋਨਿ ਮਹਿ ਉਰਧ ਤਪੁ ਕਰਤਾ॥** **ਤਉ ਜਠਰ ਅਗਨਿ ਮਹਿ ਰਹਤਾ ॥੨॥**	[ਰਹਾਉ ਦਾ ਅਰਥ ਪਹਿਲੇ, ਫੇਰ ਅੰਕ ੨ ਦਾ ਤੇ ਫੇਰ ਅੰਕ ੧ ਦਾ] ਹੇ (ਮੇਰੇ) ਜੀਅਰੇ ! (ਤੂੰ) ਹਰੀ ਦੇ ਗੁਣ ਗਾਉ, (ਦੇਖ ਤੂੰ ਜਦੋਂ ਮਾਤਾ ਦੀ). ਗਰਭ ਜੋਨਿ ਵਿਚ (ਸੈਂ ਤਾਂ ਓਥੇ) ਪੁਠਾ (ਲਟਕਿਆ ਹੋਇਆ ਸੈਂ। ਮਾਨੋ ਪੁਠੇ ਲਟਕਣ ਵਾਲਾ) ਤਪ ਕਰਦਾ ਸੈਂ। ਤਦੋਂ ਤੂੰ (ਮਾਤਾ ਦੇ) ਪੇਟ ਦੀ ਅਗਨ ਵਿਚ (ਸਲਾਮਤ) ਰਹਿੰਦਾ ਸੈਂ, [ਅੰਕ ੧—] ਜਦ (ਤੂੰ ਮਾਤਾ ਦਾ) ਗਰਭ ਛੱਡ ਕੇ ਜਗਤ ਵਿਚ ਆਇਆ (ਤਾਂ ਜਗਤ ਦੀ) ਹਵਾ ਲਗਦਿਆਂ ਹੀ (ਤੂੰ ਅਪਣੇ) ਸੁਆਮੀ (ਪ੍ਰਭੂ) ਨੂੰ ਭੁਲਾ ਦਿੱਤਾ। (ਇਸੀ ਤਰ੍ਹਾਂ ਤੂੰ ਇਸ ਜਨਮ ਤੋਂ ਪਹਿਲੋਂ) ਚੁਰਾਸੀ ਲਖ ਜੂਨਾਂ

*ਲੋਕ ਕਥਾ ਤੇ ਆਮ ਪ੍ਰਵਿਰਤੀ ਵਿਚ ਸਾਰੇ ਹਿੰਦ ਵਿਚ ਇਸ ਦਾ ਨਾਉਂ ਹਰਣਾਖਸ਼ ਸੀ ਪਰ ਸੰਸਕ੍ਰਿਤ ਵਾਲਿਆਂ ਜਦ ਏਹ ਕਥਾ ਲਈ ਤਾਂ ਇਸ ਦਾ ਨਾਉਂ ਹਰਿਨਕਸ਼ਜਪ ਲਿਖਿਆ; ਵਿਸ਼ੇਸ਼ ਲਈ ਦੇਖੋ ਖਾਲਸਾ ਟੈਕਟ ਸੁਸਾਇਟੀ ਦਾ ਕੋਸ਼।

ਲਖ ਚਉਰਾਸੀਹ ਜੋਨਿ ਭ੍ਰਮਿ ਆਇਓ॥ ਅਬ ਕੇ ਛੁਟਕੇ ਠਉਰ ਨ ਠਾਇਓ ॥੩॥ ਕਹੁ ਕਬੀਰ ਭਜੁ ਸਾਰਿਗਪਾਨੀ ॥ ਆਵਤ ਦੀਸੈ ਜਾਤ ਨ ਜਾਨੀ ॥੪॥੧॥੧੧॥੬੨॥	ਵਿਚ ਫਿਰਦਾ ਆਇਆ ਹੈਂ, (ਜੇ) ਹੁਣ ਬੀ (ਤੂੰ ਜੀਅਰੇ ਹਰਿ ਕੇ ਗੁਣ ਗਾਉਣੋਂ) ਥਿੜਕ ਗਿਆ (ਤਾਂ ਫੇਰ ਤੇਰਾ) ਕੋਈ ਠਿਕਾਣਾ ਨਹੀਂ ਲੱਗਣਾ॥ ੩॥ (ਇਸ ਲਈ) ਕਬੀਰ ਆਖਦਾ ਹੈ (ਇਸ ਜੀਅਰੇ ਨੂੰ ਕਿ ਤੂੰ) ਪਰਮੇਸੁਰ ਦਾ ਭਜਨ ਕਰ, (ਕਿਉਂਕਿ ਜਗਤ ਵਿਚ) ਜੰਮ ਪੈਂਦਾ (ਤਾਂ ਤੂੰ) ਦਿਸਦਾ ਹੈ, (ਪਰ) ਮਰਦੇ ਦਾ ਪਤਾ ਨਹੀਂ ਲਗਦਾ (ਕਿ ਤੂੰ ਕਿਥੇ ਜਾਂਦਾ ਤੇ ਕੀ ਬਣ ਜਾਂਦੀ ਹੈ ਤੇਰੇ ਨਾਲ;ਸੋ ਏਥੇ ਹੁੰਦੇ ਹੁੰਦੇ ਨਾਮ ਜਪ ਲੈ)॥ ੪॥ ੧॥ ੧੧॥ ੬੨॥

ਵਜਾਖਜਾ—ਰਹਾਉ ਤੇ ਅੰਤਲੀ ਤੋਂ ਪਹਿਲੀ ਤੁਕ ਵਿਚ ਹਰੀ ਦੇ ਗੁਣ ਗਾਉਣੇ ਦਾ ਉਪਦੇਸ਼ ਹੈ।

ਅੰਕ ੩ ਵਿਚ ਜੀਵ ਦੀਆਂ ਪਿਛਲੀਆਂ ਹਾਲਤਾਂ ਦੱਸਦੇ ਹਨ, ਪਹਿਲੋਂ ਲੱਖ ਚਉਰਾਸੀ ਜੂਨਾਂ ਵਿਚ ਫਿਰਦਾ ਆਇਆ, ਫੇਰ ਮਾਤਾ ਦੇ ਗਰਭ ਵਿਚ ਆਇਆ। ਓਥੇ ਉਰਧ ਤਪ ਕਰਦਾ ਸੀ, ਉਹ ਤਪ ਜੋ ਪੁੱਠਾ ਲਟਕ ਕੇ ਕਰੀਦਾ ਹੈ। ਕਬੀਰ ਜੀ ਦੱਸਦੇ ਹਨ ਕਿ ਮਾਤਾ ਦੇ ਗਰਭ ਵਿਚ ਪੁੱਠਾ ਪਿਆ ਜੀਵ ਪ੍ਰਭੂ ਨੂੰ ਸਿਮਰਦਾ ਸੀ। ਫੇਰ ਦੇਖੋ ਕਿ ਜਠਰ ਅਗਨੀ, ਜੋ ਮਾਤਾ ਦੇ ਪੇਟ ਵਿਚ ਹੈ, ਉਹ ਜੋ ਕੁਛ ਪੇਟ ਵਿਚ ਜਾਵੇ ਹਜ਼ਮ ਕਰ ਸਟਦੀ ਹੈ, ਪਰ ਤੂੰ ਬਚਿਆ ਰਿਹਾ।

ਪੇਟ ਵਿਚ ਪਰਦੇ ਹੁੰਦੇ ਹਨ, ਪੇਟ ਇੱਕੋ ਹੁੰਦਾ ਹੈ, ਬੀਰਯ ਦੀ ਕਣੀ ਗਰਭਾਸ਼ੇ ਵਿਚ ਜਾਂਦੀ ਹੈ। ਓਥੇ ਉਹੋ ਅਗਨੀ ਬੱਚੇ ਨੂੰ ਪਾਲਦੀ ਹੈ। ਉਹੋ ਅਗਨੀ ਮੇਅਦੇ ਵਿਚ ਹੈ, ਓਥੇ ਉਹ ਅਗਨੀ ਸਭ ਕੁਛ ਨੂੰ ਹਜ਼ਮ ਕਰ ਲੈਂਦੀ ਹੈ, ਪਰ ਗਰਭਾਸ਼ੇ ਵਿਚ ਉਹ ਅਗਨੀ ਬੀਰਯ ਦੇ ਕਿਣਕੇ ਨੂੰ ਭਸਮ ਨਹੀਂ ਕਰਦੀ। ਜੋ ਇਹੋ ਗਰਭਾਸ਼ੇ ਵਿਚ ਜਾਕੇ ਜੀਵ ਬਣਨ ਵਾਲੀ ਕਣੀ ਮੇਅਦੇ ਵਿਚ ਜਾਵੇ ਤਾਂ ਮਰ ਜਾਵੇ। ਪਰ ਗਰਭਾਸ਼ੇ ਵਿਚ ਨਿੱਕਾ ਬੀਰਯ ਦਾ ਕਿਣਕਾ ਵਧਕੇ ਬੱਚਾ ਬਣ ਜਾਂਦਾ ਹੈ। ਸੋ ਕਰਤਾਰ ਦੀ ਕੁਦਰਤ ਵਲ ਧਜਾਨ ਦੁਆ ਕੇ ਦੱਸਦੇ ਹਨ ਕਿ ਦੇਖ ਤੂੰ ਓਥੇ ਬਚਿਆ ਰਿਹਾ। ਉਸ ਕਰਤਾਰ ਵਲ ਧਜਾਨ ਕਰ ਜਿਸ ਦੀ ਰਚਨਾ ਕੇਡੀ ਦਾਨੀ ਤੇ ਸਿਆਣਪ ਦੀ ਹੈ ਕਿ ਇਕੋ ਪੇਟ ਵਿਚ ਬੱਚੇ ਦੀ ਪਾਲਣਾ ਦੀ ਸਾਮਾਨ ਹੈ ਓਸੇ ਵਿਚ ਗ਼ਜ਼ਾ ਤੇ ਹੋਰ ਗਏ ਕਿਣਕਿਆਂ ਨੂੰ ਹਜ਼ਮ ਕਰ ਜਾਣ ਦਾ ਸਾਮਾਨ ਹੈ।

ਅੰਕ ੧ ਵਿਚ ਹੋਰ ਅਸਚਰਜ ਦੱਸਦੇ ਹਨ ਕਿ ਗਰਭ ਦੇ ਅੰਦਰ ਤਾਂ ਤੂੰ ਹੇ ਜੀਵ ! ਪ੍ਰਭੂ ਦੀ ਯਾਦ ਵਿਚ ਸੈਂ ਪਰ ਬਾਹਰ ਆਉਂਦਿਆਂ ਹੀ ਜਗਤ ਦੀ ਹਵਾ ਲੱਗੀ ਤਾਂ ਭੁੱਲ ਗਿਆ ਸਿਰਜਣਹਾਰ ਨੂੰ।

ਅੰਕ ੪ ਤੇ ਤਿੰਨ ਦੀ ਅੰਤਲੀ ਤੁਕ ਵਿਚ ਦੱਸਦੇ ਹਨ ਕਿ ਜੇ ਤੂੰ ਇਸ ਮਾਨੁੱਖਾ ਜਨਮ ਵਿਚ ਬੀ ਨਾਮ ਨਾ ਜਪਿਆ, ਸਮਾਂ ਅਕਾਰਥ ਗੁਆ ਲਿਆ, ਤਾਂ ਫੇਰ ਤੂੰ ਭਟਕਦਾ ਫਿਰੇਂਗਾ, ਪੱਕਾ ਟਿਕ ਕੇ ਰਹਿਣ ਦਾ ਟਿਕਾਣਾ ਪਰਮ ਪਦ—ਤੈਨੂੰ ਨਹੀਂ ਮਿਲੇਗਾ, ਇਸ ਲਈ ਹੁਣ ਭਜਨ ਕਰ। ਕਿਉਂਕਿ ਜੰਮਦਾ ਤਾਂ ਤੂੰ ਸਭ ਨੂੰ ਦਿੱਸ ਪਿਆ ਹੈਂ, ਮਰਕੇ ਪਤਾ ਨਹੀਂ ਲਗਣਾ ਤੂੰ ਕਿਥੇ ਚਲਾ ਗਿਆ ਹੈਂ। ਭਾਵ ਇਹ ਕਿ ਕਿਸੇ ਨੇ ਤੇਰੀ ਮਦਦ ਨਹੀਂ ਕਰ ਸਕਣੀ, ਜਿਵੇਂ ਕਿ ਦੇਹ ਵਿਚ ਹੁੰਦਿਆਂ ਮਿੱਤ੍ਰ ਸਜਣ ਕਰਦੇ ਸਨ, ਦੇਹ ਬਿਨਸਨ ਤੇ ਜਦ ਪਤਾ ਹੀ ਨਹੀਂ ਲਗਣਾ ਤੂੰ ਕਿਥੇ ਗਿਆ ਹੈਂ ਤਾਂ ਮਦਦ ਕਿਸੇ ਕੀਹ ਕਰਨੀ ਹੋਈ।

ਕਈ ਸਜਣ ਅੰਤਲੀ ਤੁਕ ਦਾ ਭਾਵ ਅਨ੍ਵਯ ਕਰਕੇ ਐਉਂ ਲੈਂਦੇ ਹਨ: ਆਵਤ (ਨ) ਦੀਸੈ ਜਾਤ ਨ ਜਾਨੀ। ਯਾ ਐਉਂ—''ਆਵਤ ਜਾਤ ਨ ਦੀਸੈ ਜਾਨੀ''। ਤੁਕ ਦਾ ਅਰਥ:—ਉਸ ਸਾਰੰਗ ਪਾਨੀ

ਨੂੰ ਭਜ ਜੋ ਨਾ ਆਉਂਦਾ ਦਿਸਦਾ ਹੈ ਨਾ ਜਾਂਦਾ ਜਾਣਿਆ ਜਾਂਦਾ ਹੈ, ਭਾਵ ਜੋ ਜੰਮਦਾ ਮਰਦਾ ਨਹੀਂ।

ਨਿਰੁਕਤ—ਜੋਨਿ } [ਸੰਸ: ਯੋਨਿ:—ਉਤਪਤਿ ਅਸਥਾਨ, ਗਰਭਾਸ਼ਯ, ਭਗ, ਜਨਨ
ਗਰਭ ਜੋਨਿ } [ਇੰਦ੍ਰੀ। ਪ੍ਰਾਂ: ਜੋਨਿ, ਜੂਨ=ਜੀਵਾਂ ਦੀਆਂ ਕਿਸਮਾਂ ਜੋ ੮੪ ਲਖ ਮੰਨੀ ਦੀਆਂ ਹਨ] ਭਾਵ ਹੈ ਮਾਤਾ ਦਾ ਗਰਭ; ਯਾ ਗਰਭਾਸ਼ਯ।

ਲਾਗਤ ਪਵਨ—ਹਵਾ ਲਗਦਿਆਂ। ਮੁਹਾਵਰੇ ਵਿਚ ਕਿਸੇ ਦੇ ਸੁਭਾਗ ਵਿਗੜਨ ਨੂੰ ਬੀ 'ਹਵਾ ਲਗ ਜਾਣੀ' ਆਖਦੇ ਹਨ।

ਜਠਰ ਅਗਨਿ—[ਸੰਸ:, ਜਠਰਾਗਨਿ] ਪੇਟ ਦੀ ਅੱਗ, ਸਰੀਰ ਦੀ ਅੱਗ ਹਰਾਰਤ ਗਰੀਜ਼ੀ।

[ਗਉੜੀ ਕਬੀਰ ਜੀ, ਚਉਪਦਾ—੬੩]

ਪ੍ਰਾਕ੍ਥਨ—ਹਰਖ ਸ਼ੋਕ ਤੋਂ ਬਚਕੇ ਪ੍ਰੇਮਾ ਭਗਤੀ ਕਰੀਏ ਤੇ ਹਰੀ ਦੇ ਗੁਣ ਗਾਈਏ। ਚਿਤ ਦੀ ਇਕ ਸਮ ਅਵਸਥਾ ਵਿਚ ਰਹਿਕੇ ਪ੍ਰੇਮਾ ਭਗਤੀ ਦੀ ਸਫਲਤਾ ਦਰਸਾਉਂਦੇ ਹਨ।

ਮੂਲ	ਅਰਥ
ਗਉੜੀ ਪੂਰਬੀ ॥ ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥ ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥੧॥ ਰਮਈਆ ਗੁਨ ਗਾਈਐ ॥ ਜਾ ਤੇ ਪਾਈਐ ਪਰਮ ਨਿਧਾਨੁ ॥੧॥ਰਹਾਉ॥	ਸੁਰਗ ਵਿਚ ਵਾਸੇ ਦੀ ਇੱਛਾ ਨਾ ਕਰੀਏ ਤੇ ਨਰਕਾਂ ਵਿਚ ਵਾਸਾ (ਮਿਲਣ) ਤੋਂ ਡਰੀਏ ਨਾ, ਜੋ ਕੁਛ ਹੋਣਾ ਹੈ ਸੋ ਹੋ ਹੀ ਜਾਣਾ ਹੈ ਮਨ ਵਿਚ (ਕੋਈ) ਆਸਾ ਨਾ ਕਰੀਏ। (ਇਕੋ ਗੱਲ ਕਰੀਏ ਕਿ) ਪਰਮੇਸ਼ੁਰ ਜੀ ਦੇ ਗੁਣ ਗਾਉਂਦੇ ਰਹੀਏ, ਜਿਸ ਤੋਂ ਕਿ ਪਾ ਲਈਦਾ ਹੈ ਪਰਮ ਨਿਧਾਨ (ਸਭ ਤੋਂ ਵੱਡਾ ਉੱਤਮ ਖਜ਼ਾਨਾ, ਭਾਵ ਪਰਮਪਦ)॥੧॥ਰਹਾਉ॥
ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥ ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ ॥੨॥	ਜਦ ਤਕ ਭਗਵਾਨ ਦੀ ਭਾਉ ਭਗਤੀ (ਪ੍ਰੇਮਾ ਭਗਤੀ) ਦੀ ਜੁਗਤੀ ਨਹੀਂ ਜਾਣੀ, (ਤਦ ਤਕ) ਜਪ ਕੀਹ, ਤਪ ਕੀਹ,ਸੰਜਮ ਕੀਹ, ਬ੍ਰਤ ਕੀਹ ਤੇ ਇਸ਼ਨਾਨ ਕੀਹ ? (ਭਾਵ ਸਾਰੇ ਕਿਸੇ ਕੰਮ ਨਹੀਂ ਹਨ)॥੨॥
ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥ ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ ॥੩॥	ਖੁਸ਼ਹਾਲੀ ਨੂੰ ਵੇਖਕੇ ਖੁਸ਼ ਨਾ ਹੋਈਏ (ਭਾਵ ਹੰਕਾਰ ਵਿਚ ਫੁੱਲ ਫੁੱਲ ਨਾ ਬਹੀਏ) ਤੇ ਬਿਪਤਾ ਦੇਖਕੇ ਰੋਣ ਨਾ ਬਹਿ ਜਾਈਏ; ਜਿਵੇਂ ਖੁਸ਼ਹਾਲੀ ਹੈ ਤਿਵੇਂ ਬਿਪਤਾ ਹੈ (ਭਾਵ ਦੁਹਾਂ ਨੂੰ ਤੁੱਲ ਸਮਝੀਏ, ਕਿਉਂਕਿ) ਰਚਣਹਾਰ ਨੇ (ਜੋ ਕੁਛ) ਰਚਿਆ ਹੈ ਉਹੋ (ਕੁਛ) ਹੋਣਾ ਹੈ॥੩॥
ਕਹਿ ਕਬੀਰ ਅਬ ਜਾਨਿਆ ਸੰਤਨ ਰਿਦੈ ਮਝਾਰਿ ॥ ਸੇਵਕ ਸੋ ਸੇਵਾ ਭਲੇ ਜਿਹ ਘਟ ਬਸੈ ਮੁਰਾਰਿ ॥੪॥੧॥੧੨॥੬੩॥	ਕਹਿੰਦੇ ਹਨ ਕਬੀਰ ਜੀ, ਹੁਣ ਸਮਝ ਪਈ (ਕਿ ਉੱਪਰ ਕਥੀ ਇਸ ਸਮ ਅਵਸਥਾ ਵਿਚ ਰਹਿਕੇ ਰਮਈਆਂ ਦਾ ਸਿਮਰਣ) ਸੰਤਾਂ ਦੇ ਹਿਰਦੇ ਵਿਚ (ਹੁੰਦਾ ਹੈ, ਸੋ ਸੰਤਾਂ ਦੀ ਸੇਵਾ ਕਰਨੀ ਚਾਹੀਏ, ਪਰ ਇਹ ਬੀ ਸਮਝ ਲਓ ਕਿ ਉਨ੍ਹਾਂ ਸੰਤਾਂ ਦੀ) ਸੇਵਾ ਵਿਚ ਲਗੇ ਉਹੀ ਸੇਵਕ ਭਲੇ (=ਉੱਤਮ) ਹੁੰਦੇ ਹਨ, ਜਿਨ੍ਹਾਂ

ਦੇ ਹਿਰਦੇ ਵਿਚ (ਉਸੀ ਸਮ ਅਵਸਥਾ ਦੇ ਵਿਚ) ਵਾਹਿਗੁਰੂ ਵਸ ਜਾਂਦਾ ਹੈ॥੪॥੧॥੧੨॥੬੩॥

ਵਯਾਖਯਾ—ਰਹਾਉ ਵਿਚ ਉਪਦੇਸ਼ ਕਰਦੇ ਹਨ ਕਿ ਪ੍ਰਭੂ ਦੇ ਗੁਣ ਗਾਓ, ਐਸਾ ਕਰਨੇ ਨਾਲ ਪਰਮ ਨਿਧਾਨ ਮਿਲੇਗਾ, ਸਭ ਪ੍ਰਕਾਰ ਦੀਆਂ ਨਿਧੀਆਂ ਤੋਂ ਉੱਚੇ ਦਰਜੇ ਦੀ ਨਿਧੀ ਮਿਲੇਗੀ, ਉਹ ਹੈ ਪਰਮ ਪਦ ਵਾਹਿਗੁਰੂ ਜੀ ਦਾ ਮਿਲਾਪ।

ਅੰਕ ੨-੧—ਇਸ ਦੇ ਟਾਕਰੇ ਤੇ ਜਪ, ਤਪ, ਸੰਜਮ, ਕਈ ਪ੍ਰਕਾਰ ਦੀਆਂ ਰੋਕਾਂ, ਬ੍ਰਤ, ਇਸ਼ਨਾਨ, ਆਦਿ ਕਰਮਾਂ ਦਾ ਕੁਛ ਮੁੱਲ ਨਹੀਂ ਹੈ, ਕਿਉਂਕਿ ਇਨ੍ਹਾਂ ਕਰਮਾਂ ਦੇ ਕਰਨੇ ਵਾਲਿਆਂ ਦੇ ਅੰਦਰ ਨਰਕਾਂ ਦਾ ਭੈ ਹੁੰਦਾ ਹੈ ਤੇ ਸੁਰਗਾਂ ਵਿਚ ਜਾਣੇ ਦਾ ਲਾਲਚ ਹੁੰਦਾ ਹੈ। ਸੋ ਪਾਰਲੌਕਿਕ ਭੈ, ਤੇ ਲਾਲਚ ਦੋਹਾਂ ਵਿਚ ਨਾਂ ਫਸੀਏ ਤੇ ਫੇਰ ਰਮਈਆ ਦੇ ਗੁਣ ਗਾਈਏ, ਨਾਮ ਸਿਮਰੀਏ ਮਨ ਨੂੰ ਜੇ ਡਰ ਲਾਲਚ ਫੁਰਨ ਤਾਂ ਇਸ ਨੂੰ ਸਮਝਾਈਏ ਕਿ ਜੋ ਹੋਣਾ ਹੋਊ ਹੋ ਜਾਊ ਹੇ ਮਨ ! ਤੂੰ ਕੋਈ ਆਸਾ ਨਾ ਧਾਰ, ਆਸਾ ਤਿਆਗ ਕੇ ਪ੍ਰੇਮ ਕਰ। ਇਸ ਵਿਚ ਧੁਨੀ ਇਹ ਹੈ ਕਿ ਜਿਸ ਪ੍ਰੇਮ ਵਿਚ ਪ੍ਰੀਤਮ ਤੋਂ ਕੁਛ ਹੋਰ ਆਸ ਰਖੀ ਦੀ ਹੈ ਉਹ ਪ੍ਰੇਮ 'ਸ੍ਵਾਰਥ ਪ੍ਰੇਮ' ਹੋ ਜਾਂਦਾ ਹੈ, ਪ੍ਰੀਤਮ ਤੋਂ ਪ੍ਰੀਤਮ ਦਾ ਮਿਲਾਪ ਸਭ ਤੋਂ ਨਿਰਵਾਸ ਵਾਸ਼ਨਾ ਹੈ। ਫੇਰ, ਜੇ ਪ੍ਰੀਤਮ ਤੋਂ ਨਿਰਾ ਡਰ ਹੀ ਵਾਪਰੇ ਕਿ ਨਰਕਾਂ ਵਿਚ ਨਾ ਪਾ ਦੇਵੇ ਤਾਂ ਪ੍ਰੇਮ ਪਲਦਾ ਨਹੀਂ, ਤੇ ਨਿਰਸੰਸੇ ਹੋ ਕੇ ਮਨ ਪ੍ਰੇਮਲੀਨ ਨਹੀਂ ਹੁੰਦਾ।

ਅੰਕ ਦੋ ਵਿਚ ਪਹਿਲਾਂ ਕਰਮ ਕਾਂਡੀ ਕਰਮਾਂ ਦੀ ਨਯੂਨਤਾ ਦਰਸਾਈ, ਫੇਰ ਦੱਸਿਆ ਕਿ ਪ੍ਰੇਮਾ ਭਗਤੀ ਦੀ ਜੁਗਤਿ ਜਾਣਨੀ ਚਾਹੀਦੀ ਹੈ। ਉਹ ਪ੍ਰੇਮਾ ਭਗਤੀ ਦੀ ਜੁਗਤ ਇਦੰ ਕਰਕੇ ਨਹੀਂ ਦੱਸੀ, ਪਰ ਸ਼ਬਦ ਸ਼ੁਰੂ ਹੀ ਉਸ ਜੁਗਤ ਤੋਂ ਹੋਇਆ ਹੈ, ਜਿਸ ਵਿਚ ਦੱਸ ਆਏ ਹਨ ਕਿ ਪਾਰਲੌਕਿਕ ਪ੍ਰਾਪਤੀਆਂ ਦੇ ਭੈ ਲਾਲਚ ਦੂਰ ਕਰੋ। ਰਹਾਉ ਵਿਚ ਦੂਜੀ ਗਲ ਦੱਸੀ ਹੈ ਕਿ ਰਮਈਆ ਦੇ ਗੁਣ ਗਾਓ, ਗੁਣ ਗਾਉਣ ਵਿਚ ਸਿਮਰਣ ਸ਼ਾਮਲ ਸਮਝੀਦਾ ਹੈ।

ਹੁਣ ਅੰਕ ੩ ਵਿਚ ਪ੍ਰੇਮਾ ਭਗਤੀ ਦੀ ਦੂਜੀ ਜੁਗਤ ਦੱਸਦੇ ਹਨ ਕਿ ਇਸ ਜੀਵਨ ਵਿਚ ਹਰਖ ਸ਼ੋਕ ਨੇ ਵਯਾਪਣਾ ਹੈ, ਉਸ ਵਿਚ ਸਮ ਰਹੋ। ਦੁਨੀਆਂ ਵਿਚ ਜੇ ਖੁਸ਼ਹਾਲੀ ਮਿਲ ਜਾਏ, ਪਦਾਰਥ, ਸਨਬੰਧੀ, ਮਿਤ੍ਰ, ਬਾਹੂ ਬਲ ਆਦਿ ਹਰ ਪ੍ਰਕਾਰ ਦੀ ਸੰਪੈ ਪ੍ਰਾਪਤ ਹੋਵੇ ਤਾਂ ਉਸ ਵਿਚ ਆਕੇ ਫੁੱਲ ਫੁੱਲ ਨਾ ਬਹੀਏ, ਹੰਕਾਰ ਨਾ ਕਰੀਏ, ਕਿਉਂਕਿ ਹੰਕਾਰ ਵਾਲੇ ਅਮੀਰ ਆਦਮੀ ਅਨੇਕ ਪਾਪ ਕਰ ਬੈਠਦੇ ਹਨ ਜੋ ਪਰਮਾਰਥ ਦੇ ਵਧੀਕ ਪ੍ਰਤਿਬੰਧਕ ਹੋ ਜਾਂਦੇ ਹਨ। ਇਸੀ ਤਰ੍ਹਾਂ ਜੇ ਬਿਪਤਾ ਆ ਪੈਣ, ਗਰੀਬੀ ਮਿਲੇ, ਮਿਤ੍ਰ ਸਨਬੰਧੀ ਵਿਛੁੜਨ ਯਾ ਵੈਰੀ ਹੋ ਖੜੋਨ, ਅਨਾਦਰ ਪੱਲੇ ਪਵੇ ਤਦ ਰੋਵੋ ਨਾ, ਦੁੱਖ ਨਾ ਕਰੋ। ਜਗਤ ਦੇ ਜੋ ਦੁਖ ਸੁਖ ਆ ਬਣਨ ਉਹਨਾਂ ਦੇ ਦੇਣ ਵਾਲਿਆਂ ਨੂੰ ਉਲਾਂਭੇ ਦੇ ਦੇ ਰੋਵੋ ਪਿੱਟੋ ਨਾ। ਕਾਰਣਾਂ ਦੇ ਕਾਰਣ ਪ੍ਰਭੂ ਵੱਲ ਤੱਕੋ ਕਿ ਉਸ ਬਿਧਾਂ ਬਨਾਉਣ ਵਾਲੇ, ਉਸ ਰਚਣਹਾਰ ਨੇ ਇਹ ਸਭ ਕੁਛ ਰਚਿਆ ਹੋਣਾ ਹੈ ਤਾਂ ਹੀ ਆ ਵਾਪਰਿਆ ਹੈ। ਸੋ ਦੋਹਾਂ ਹਾਲਤਾਂ ਵਿਚ ਬ੍ਰਿਤੀ ਨੂੰ ਸਮ ਅਵਸਥਾ ਵਿਚ ਰੱਖੋ। ਯਥਾ:—

ਜੋ ਹੋਆ ਹੋਵਤ ਸੋ ਜਾਨੈ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ॥

[ਗਉੜੀ ਮਹਲਾ ੫, ਸੁਖਮਨੀ, ੧੭-੭]

ਹੁਣ ਸੁਤੇ ਪ੍ਰਸ਼ਨ ਹੁੰਦਾ ਹੈ ਕਿ ਲੋਕ ਪ੍ਰਲੋਕ ਦੇ ਹਰਖ ਸ਼ੋਕ ਤੇ ਭੈ ਲਾਲਚ ਤੋਂ ਬਚਕੇ ਸਮ ਅਵਸਥਾ ਵਿਚ ਪ੍ਰੇਮਾ ਭਗਤੀ ਕਰਨੀ ਬੜੀ ਕਠਨ ਖੇਡ ਹੈ। ਤੁਸੀਂ ਬੀ ਭਗਤੀ ਦਾ ਆਦਰਸ਼ ਹੀ ਦੱਸਦੇ ਹੋ ਕਿ ਅਸਲ ਵਿਚ ਬੀ ਕੋਈ ਐਸਾ ਭਗਤ ਡਿੱਠਾ ਨੇ ? ਤਾਂ ਉੱਤਰ ਦੇਂਦੇ ਹਨ:-

ਅੰਕ ੪—ਕਿ ਅਸਾਂ ਸੰਤਾਂ ਦੇ ਹਿਰਦੇ ਵਿਚ 'ਇਹ ਸਮ ਅਵਸਥਾ, ਤੇ ਇਸ ਵਿਚ ਰਹਿ ਕੇ ਪ੍ਰੇਮਾ ਭਗਤੀਂ ਹੋ ਰਹੀ ਦੇਖੀ ਹੈ। ਇਹ ਪ੍ਰੇਮਾ ਭਗਤੀ ਸਾਨੂੰ ਜੀਵਾਂ ਨੂੰ ਕਿਵੇਂ ਪ੍ਰਾਪਤ ਹੋਵੇ ? ਤਾਂ ਸਫਾ ਨਹੀ

ਦੱਸਿਆ ਪਰ ਲੁਪਤੀ ਰਖੀ ਹੈ ਕਿ ਉਹਨਾਂ ਸੰਤਾਂ ਦੀ ਸੇਵਾ ਕਰੋ। ਜੈਸਾ ਕਿ ਆਪ ਜੀ ਦਾ ਵਾਕ ਹੈ:-

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥ [ਸਲੋਕ ਕਬੀਰ ਜੀ-੧੬੪]

ਪਰ ਦੱਸਦੇ ਹਨ ਕਿ ਸੇਵਾ ਵਿਚ ਲਗੇ ਉਹ ਸੇਵਕ ਹਨ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਵੱਸਦਾ ਹੈ। ਪਿਛਲੇ ਚਲੇ ਆਏ ਪ੍ਰਸੰਗ ਤੋਂ ਕਬੀਰ ਜੀ ਦਾ ਭਾਵ ਸਮਝ ਲੈਣਾ ਚਾਹੀਏ ਕਿ ਜੋ ਲੋਕ ਵਿਚ ਹਰਖ ਸੋਕ ਤੋਂ ਅਤੀਤ ਤੇ ਪ੍ਰਲੋਕ ਦੇ ਭੈ ਲਾਲਚ ਤੋਂ ਆਸਾ ਰਹਿਤ ਹੋ ਕੇ ਸੰਤਾਂ ਦੀ ਸੇਵਾ ਕਰਕੇ ਹਿਰਦੇ ਵਿਚ ਪ੍ਰਭੂ ਨੂੰ ਵਸਾਉਂਦੇ ਪ੍ਰੇਮਾ ਭਗਤੀ ਕਰਦੇ ਹਨ ਓਹ ਭਲੇ ਯਾ ਉੱਤਮ ਹਨ।

ਵਿਸ਼ੇਸ਼—ਇਸ ਸ਼ਬਦ ਵਿਚ ਜੋ 'ਹੋਨਾ ਹੈ ਸੋ ਹੋਈ ਹੈ' ਤੇ 'ਬਿਧ ਨੇ ਰਚਿਆ ਸੋ ਹੋਇ ਇਨ੍ਹਾਂ ਤੁਕਾਂ ਦਾ ਭਾਵ ਜਗਜਾਸੂ ਨੂੰ ਢਿਲਿਆਂ ਤੇ ਉੱਦਮ ਹੀਨ ਦਰਿਦ੍ਰੀ ਬਣਾ ਦੇਣ ਤੋਂ ਨਹੀਂ। ਕਿਉਂਕਿ ਉਦਮ ਦਾ ਉਪਦੇਸ਼ ਤਾਂ ਵਿਚ ਮੌਜੂਦ ਹੈ, ਜੈਸਾ ਕਿ ਫੁਰਮਾ ਰਹੇ ਹਨ: 'ਰਮਈਆ ਗੁਨ ਗਾਈਐ' ਅਤੇ ਪ੍ਰੇਮਾ ਭਗਤੀ ਦੀ ਜੁਗਤ ਨੂੰ ਜਾਣੋ ਆਦਿ। ਕਬੀਰ ਜੀ ਦਾ ਭਾਵ ਹੈ ਚਿਤ ਨੂੰ ਅਡੋਲ ਰਖਣ ਦਾ ਜਤਨ ਕਰੋ, ਸੰਸਾਰ ਵਿਚ ਵਸਦਿਆਂ ਮਨ ਨੂੰ ਸੱਟਾਂ ਵਾਪਰਨ ਵਾਲੇ ਦੁਖ ਕਲੇਸ਼ ਵਾਪਰਦੇ ਹਨ, ਅਪਣੇ ਮਾੜੇ ਕਰਮ ਦੇਖਕੇ ਪ੍ਰਲੋਕ ਦਾ ਭੈ ਤੇ ਚੰਗੇ ਕਰਨ ਵੇਲੇ ਸੁਰਗ ਪ੍ਰਾਪਤੀ ਦਾ ਲੋਭ ਆਦਿ ਵਾਪਰਦੇ ਹਨ! ਇਨ੍ਹਾਂ ਵਿਚ ਮਨ ਦੀ ਤਵੱਜੋ ਲਗਕੇ ਸਾਂਈ ਪ੍ਰੇਮ ਵਲੋਂ ਉੱਖੜਦੀ ਹੈ। 'ਸਾਈਂ ਪ੍ਰੇਮ ਵਾਲੀ ਬ੍ਰਿਤੀ ਨੂੰ ਅਨਿੰਨ ਲਗੇ ਰਹਿਣ ਲਈ ਕਬੀਰ ਜੀ ਨੇ ਏਹ ਉਪਦੇਸ਼ ਦਿਤੇ ਹਨ ਕਿ ਹਰ ਹਾਲ ਅਡੋਲ ਰਹੋ। ਇਹ ਉਪਦੇਸ਼ ਪ੍ਰੇਮਾ ਭਗਤੀ ਦੀ ਅਨਿੰਨਤਾਈ ਲਈ ਹੈ, ਜੋ ਸਤੋ ਗੁਣੀ ਸ਼ੈ ਹੈ ਤੇ ਪਰਮ ਨਿਧਾਨ ਪ੍ਰਾਪਤੀ ਜਿਸ ਦਾ ਫਲ ਹੈ। 'ਸਾਡੇ ਕੁਛ ਵੱਸ ਨਹੀਂ ਆਪੇ ਹੋ ਰਹੂ ਜੋ ਹੋਣਾ ਹੈ' ਏਹ ਵੀਚਾਰ ਢਹਿੰਦੀਆਂ ਕਲਾਂ ਵਿਚ ਪੈਕੇ ਤਮੋਗੁਣੀ ਆਲਸ ਵਿਚ ਸੁੱਟਣੇ ਵਾਲੇ ਹਨ।

ਨਿਰੁਕਤ—**ਬਾਸੁ**, **ਨਿਵਾਸੁ** } [ਸੰਸ:, ਵਾਸ:=ਨਿਵਾਸ, ਘਰ, ਮਕਾਨ, ਰਿਹਾਇਸ਼] ਵਾਸ, ਵਸੇਬਾ, ਰਿਹਾਇਸ਼।

ਪਰਮ ਨਿਧਾਨੁ—[ਸੰ:, ਪਰਮ=ਸਭ ਤੋਂ ਵਡਾ। ਨਿਧਾਨ=ਖਜ਼ਾਨਾ] ਵਡਾ ਖਜ਼ਾਨਾ ਯਾ ਭੰਡਾਰ। ਸਭ ਤੋਂ ਉੱਤਮ ਨਿਧੀਆਂ ਦੀ ਨਿਧੀ। ਭਾਵ ਹੈ ਪਰਮਪਦ, ਈਸ਼੍ਵਰ ਪ੍ਰਾਪਤੀ।

ਸੰਜਮੋ—(ਦੇਖੋ ਪੰਨਾ ੩੨੮) ਇੰਦ੍ਰਿਆਂ ਦਾ ਰੋਕਣਾ।

ਭਾਉ ਭਗਤਿ—ਪ੍ਰੇਮਾ ਭਗਤੀ।

ਸੰਪੈ—[ਸੰਸ:, ਸਂਪਤ੍ਤਿ:] ਸੰਪਦਾ। ਖੁਸ਼ਹਾਲੀ ਦੀ ਅਵਸਥਾ। ਧਨ ਦੌਲਤ, ਸਨਬੰਧੀ, ਬਲ ਆਦਿ

ਬਿਪਤਿ—[ਸੰਸ:, ਵਿਪਤ੍ਤਿ:] ਬਿਪਤਾ। ਮੁਸੀਬਤ। ਕਸ਼ਟ, ਕਲੇਸ਼, ਦੁੱਖ ਆਦਿ।

ਬਿਧ—[ਸੰਸ:, ਵਿਧਸ੍=ਬ੍ਰਹਮਾ] ਬ੍ਰਹਮਾ, ਰਚਣਹਾਰ। ਪ੍ਰਭੂ। ਪਰਮੇਸ਼ੁਰ।

ਮੁਰਾਰਿ—(ਦੇਖੋ ਪੰਨਾ ੧੫੯੧) ਮੁਰਾਰੀ। ਪਰਮੇਸ਼ੁਰ।

[ਗਉੜੀ ਕਬੀਰ ਜੀ, ਚਉਪਦਾ—੬੪]

ਪ੍ਰਾਕ੍ਥਨ— ਰਾਮ ਸਿਮਰਨ ਤੇ ਰਾਮ ਰਸ ਪੀਣ ਦਾ ਉਪਦੇਸ਼ ਅਪਣੇ ਆਪ ਨੂੰ ਦੇ ਰਹੇ ਹਨ। ਫਸੋਤੀਆਂ ਵਿਚ ਮੱਲੋ ਮੱਲੀ ਫਸਣ ਤੋਂ ਵਰਜਦੇ ਹਨ ਤੇ ਮਰਨੇ ਵਾਲੇ ਸਜਣਾਂ ਸਨਬੰਧੀਆਂ ਆਦਿ ਦੇ ਸ਼ੋਕ ਵਿਚ ਸ਼ੋਕਾਤੁਰ ਹੋਕੇ ਰਾਮ ਰਸ ਗੁਆ ਬੈਠਣ ਤੋਂ ਮਨ੍ਹਾਂ ਕਰਦੇ ਹਨ।

ਮੂਲ	ਅਰਥ
ਗਉੜੀ ॥ ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ ॥ ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ ॥੧॥	ਹੇ ਮਨ ! ਤੇਰਾ ਕੋਈ ਨਹੀਂ, (ਤੂੰ) ਖਿੱਚ ਕੇ (ਮਲੋ ਮਲੀ ਕਿਸੇ ਦਾ) ਬੋਝ (=ਜ਼ਿੰਮੇਵਾਰੀ ਆਪਣੇ ਉੱਤੇ) ਨਾ ਲੈ। ਇਹ ਸੰਸਾਰ (ਮਾਨੁੱਖਾਂ ਲਈ) ਪੰਖੀਆਂ ਦੇ ਬਿਰਛ ਦੇ (ਰੈਣ-) ਬਸੇਰੇ ਦੀ ਤਰ੍ਹਾਂ ਹੈ॥੧॥
ਰਾਮ ਰਸੁ ਪੀਆ ਰੇ ॥ ਜਿਹ ਰਸ ਬਿਸਰਿ ਗਏ ਰਸ ਅਉਰ ॥੧॥ਰਹਾਉ॥	(ਏਹ ਜ਼ਿੰਮੇਵਾਰੀਆਂ ਤੇਰੇ ਭਜਨ ਦੀਆਂ ਬਾਧਕ ਹਨ, ਤੂੰ) ਰਾਮ ਰਸ ਪੀਆ ਕਰ, ਹੇ (ਭਾਈ !) ਜਿਸ (ਦੇ ਪੀਤਿਆਂ ਪੀਣ ਵਾਲਿਆਂ ਨੂੰ) ਹੋਰ ਰਸ ਭੁੱਲ ਗਏ॥੧॥ਰਹਾਉ॥
ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ॥ ਜੋ ਉਪਜੈ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ ॥੨॥	(ਇਸੀ ਤਰ੍ਹਾਂ ਤੂੰ ਕਿਸੇ ਦੇ ਮਰਨ ਦਾ ਦੁਖ ਬੀ ਨਾ ਕਰਿਆ ਕਰ, ਕਿਉਂਕਿ) ਹੋਰ ਕਿਸੇ ਦੇ ਮਰਨੇ ਤੇ ਕੀਹ ਰੋਈਏ ਜਦ (ਆਪਣਾ) ਆਪਾ (ਹੀ ਏਥੇ ਜਗਤ ਵਿਚ ਸਦਾ) ਥਿਰ ਨਹੀਂ ਰਹਿੰਦਾ। (ਜਦ) ਜੋ ਉਪਜਿਆ ਹੈ ਉਸ ਨੇ ਬਿਨਸਨਾ ਹੈ (ਫੇਰ ਸਾਡੀ) ਬਲਾ ਦੁਖੀ ਹੋ ਕੇ ਰੋਵੇ (ਭਾਵ ਅਸੀਂ ਕਾਸ ਨੂੰ ਰੋਈਏ ?)॥੩॥
ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ ॥ ਕਹਿ ਕਬੀਰ ਚਿਤਿ ਚੇਤਿਆ ਰਾਮ ਸਿਮਰਿ ਬੈਰਾਗ ॥੩॥੨॥੧੩॥੬੪॥	(ਸਾਡੀ ਬ੍ਰਿਤੀ ਤਾਂ) ਜਿਥੋਂ ਦੀ ਪੈਦਾਇਸ਼ ਹੈ ਉਸ (ਪ੍ਰਭੂ) ਵਿਚ ਰਚ ਗਈ ਹੈ ਤੇ ਸੰਤਾਂ (ਦੇ ਸੰਗ) ਵਿਚ ਲਗ ਰਹੀ ਹੈ (ਤੇ ਉਪਰ ਕਹੇ ਰਾਮ ਰਸ ਨੂੰ) ਪੀ ਰਹੀ ਹੈ। ਕਹਿੰਦਾ ਹੈ ਕਬੀਰ (ਅਸਾਂ) ਚਿਤ ਵਿਚ (ਉਸੇ ਰਸਦਾਤਾ ਨੂੰ) ਸਿਮਰਿਆ ਹੈ, (ਤੂੰ ਬੀ ਉਸੇ) ਰਾਮ ਨੂੰ (ਸੰਸਾਰ ਤੋਂ) ਵੈਰਾਗ ਕਰਕੇ ਸਿਮਰ॥੩॥੨॥੧੩॥੬੪॥

ਵਯਾਖਯਾ— ਅੰਕ ੧ ਵਿਚ ਸੰਸਾਰ ਨਾਲ ਇਨਸਾਨਾਂ ਦੇ ਇਕੱਠ ਨੂੰ ਬ੍ਰਿਛ ਉਤੇ ਰੈਣ ਬਸੇਰੇ ਲਈ ਇਕੱਠੇ ਹੋਏ ਪੰਛੀਆਂ ਨਾਲ ਮਿਸਾਲ ਦੇ ਕੇ ਇਸ ਦੀ ਅਸਾਰਤਾ ਦੱਸਦੇ ਹਨ ਕਿ ਜਿਉਂ ਜਿਉਂ ਅਉਧ ਰੂਪੀ ਰਾਤ ਬੀਤੇਗੀ ਸਭ ਉਡਦੇ ਜਾਣਗੇ*। ਫੇਰ ਦੱਸਦੇ ਹਨ ਕਿ ਜਿਨ੍ਹਾਂ ਨੂੰ ਤੂੰ ਅਪਣੇ ਸਮਝ ਲਿਆ ਹੈ ਓਹ ਤੇਰੇ ਨਹੀਂ, ਆਪ ਆਪਣੀ ਗ਼ਰਜ਼ ਦੇ ਸਾਰੇ ਹਨ। ਇਸ ਲਈ ਮੱਲੋ ਮੱਲੀ ਜ਼ਿੰਮੇਵਾਰੀਆਂ ਲੋਕਾਂ ਦੀਆਂ ਗਲੇ ਨਾ ਪਾ ਲਿਆ ਕਰ। ਭਾਵ ਰਾਹ ਜਾਂਦੇ ਗਲਾਵੇਂ ਨਾ ਗਲ ਪਾ ਲਿਆ ਕਰ।

ਪਰ ਜਾਪਦਾ ਹੈ ਕਿ ਅਪਣੇ ਜੀਅੜੇ ਨੂੰ ਸੰਬੋਧਨ ਕਰ ਕੇ ਜਿਸ ਪੁਰਖ ਨੂੰ ਉਪਦੇਸ਼ ਦੇ ਰਹੇ ਹਨ, ਉਹ ਕੋਈ ਸਾਧਨਾ ਕਰਨੇ ਵਾਲਾ ਸਾਧੂ ਹੈ, ਜਿਸ ਨੇ ਕੁਛ ਚੇਲੇ ਬਣਾਏ ਹਨ, ਕਿਸੇ ਚੇਲੇ ਦਾ ਪੁਤ ਯਾ ਕੋਈ ਅਜ਼ੀਜ਼ ਮਰ ਗਿਆ ਹੈ, ਓਹ ਚੇਲਾ ਸਾਧੂ ਪਾਸ ਰੋਇਆ ਪਿਟਿਆ ਹੈ ਕਿ 'ਮੇਰਾ ਅਜ਼ੀਜ਼ ਰੱਬ ਨੇ ਕਿਉਂ ਮਾਰ ਲਿਆ ਹੈ, ਤੁਸੀਂ ਸੰਤ ਸੋ ਤੁਹਾਡੀ ਰੱਬ ਨੇ ਕਿਉਂ ਨਾ ਸੁਣੀਂ। ਉਹ ਘਬਰਾ ਕੇ ਕਬੀਰ ਜੀ ਪਾਸ ਆਇਆ ਹੈ, ਕਬੀਰ ਜੀ ਉਸ ਨੂੰ ਕਹਿ ਰਹੇ ਹਨ, ਭਲੇ ਲੋਕ ! ਨਾਮ ਜਪ ਤੇ ਨਾਮ ਜਪ ਦੀ ਸੁਮਤੀ ਦਿਆ ਕਰ, ਪਰ ਲੋਕਾਂ ਦੇ ਦੀਨ ਦੁਨੀ ਦੇ ਬੋਝ ਨਾ ਚਾਇਆ ਕਰ। ਦੇਖ, ਤੂੰ ਕੋਈ

*ਯਥਾ:—ਬਿਰਖੈ ਹੇਠਿ ਸਭਿ ਜੰਤ ਇਕਠੇ॥ ਇਕਿ ਤਤੇ ਇਕਿ ਬੋਲਨਿ ਮਿਠੇ॥
ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ। [ਮਾਰੂ ਮਹਲਾ ੫, ਸੋਲਹਾ—੮]

ਉਮੈਦਾਂ ਦਿਵਾਈਆਂ, ਓਹ ਸਾਂਈਂ ਨੇ ਪੂਰੀਆਂ ਨਹੀਂ ਕੀਤੀਆਂ, ਤੇਰੇ ਚੇਲੇ, ਜਿਨ੍ਹਾਂ ਦੀ ਤੂੰ ਪੰਡ ਚਾ ਲਈ ਸੀ, ਓਹ ਬੀ ਰੋਂਦੇ ਹਨ ਤੇ ਤੂੰ ਬੀ ਦੁਖੀ ਹੋ ਰਿਹਾ ਹੈ। ਸੋ ਤੂੰ ਮੱਲੋ ਮੱਲੀ ਲੋਕਾਂ ਦੀਆਂ ਪਾਪ ਪੰਡਾਂ ਨਾਂ ਚਾਇਆ ਕਰ, ਇਹ ਭਾਵ ਕਬੀਰ ਜੀ ਦੇ ਇਸ ਵਾਕ ਤੋਂ ਖੁੱਲ੍ਹਦਾ ਹੈ:—

ਕਬੀਰ ਭਾਰ ਪਰਾਈ ਸਿਰ ਚਰੈ ਚਲਿਓ ਚਾਹੈ ਬਾਟ॥
ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ॥ [ਸਲੋਕ ਕਬੀਰ ੮੯]

ਫੇਰ ਇਸ ਭਾਵ ਨੂੰ ਹੋਰ ਸਪਸ਼ਟ ਕਰਦੇ ਹਨ:—

ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥ [ਸਲੋਕ ਕਬੀਰ—੯੬]

ਰਹਾਉ ਵਿਚ ਦਸਦੇ ਹਨ ਕਿ ਰਾਮ ਰਸ ਪੀਆ ਕਰ ਜੋ ਸਰਬ ਰਸਾਂ ਦਾ ਸ਼ਿਰੋਮਣੀ ਰਸ ਹੈ ਤੇ ਹੋਰ ਰਸ, ਜੈਸੇ ਕਿ ਪੰਜਾਂ ਇੰਦ੍ਰਿਆਂ ਦੇ ਰਸ, ਮਾਨ ਵਡਾਈ ਆਦਿ ਦੇ ਰਸ, ਸਾਰਿਆਂ ਨੂੰ ਭੁਲਾ ਦੇਣ ਵਾਲਾ ਹੈ।

ਅੰਕ ੨ ਵਿਚ ਇਕ ਨੇਮ ਦੱਸਦੇ ਹਨ ਮਾਇਕ ਪਦਾਰਥਾਂ ਆਦਿ ਦਾ ਕਿ ਜੋ ਉਪਜਦਾ ਹੈ ਉਸ ਲਈ ਬਿਨਸਨਾ ਲਾਜ਼ਮੀ ਹੈ। ਇਸ ਮੂਜਬ ਸਮਝ ਕਰ ਕਿ ਤੂੰ ਬੀ ਮਰਨਾ ਹੈ। ਜਦ ਆਪ ਮਰਨਾ ਹੈ ਤਾਂ ਹੋਰ ਦੇ ਮਰਨੇ ਤੇ ਵਾਲੇਵੇ ਕਾਰਨ ਦੁਖੀ ਹੋ ਹੋ ਰੋਣ ਦਾ ਕੀ ਲਾਭ ? ਭਾਵ ਹੈ ਪ੍ਰੇਮ ਦੇ ਅੱਥਰੂ, ਜੋ ਫੇਰ ਸਾਂਈਂ ਵਲ ਲਾ ਦੇਣ, ਮਨ੍ਹਾਂ ਨਹੀਂ, 'ਦੁਖ ਕਰ' ਰੋਣਾ ਮਾੜਾ ਹੈ, ਕਿਉਂਕਿ ਉਸ ਵਿਚ ਮਨ ਤਪਦਾ ਤੇ ਨਾ ਸ਼ੁਕਰੀ ਪੈਦਾ ਹੁੰਦੀ ਹੈ*।

ਅੰਕ ੨ ਵਿਚ ਆਪਣਾ ਤਜਰਬਾ ਦੱਸਦੇ ਹਨ ਕਿ ਅਸਾਂ ਹਰ ਉਪਜੀ ਸ਼ੈ ਦੇ ਬਿਨਸਨਹਾਰ ਦੇ ਨੇਮ ਨੂੰ ਸਮਝ ਕੇ ਜੋ ਬ੍ਰਿਤੀ ਸਾਈਂ ਵਲੋਂ ਸਾਡੇ ਵਿਚ ਉਪਜੀ ਸੀ ਉਸ ਨੂੰ ਸੰਸਾਰ ਵਿਚ ਦੇ ਮੋਹ ਮਾਇਆ ਵਿਚ ਨਹੀਂ ਲਾਇਆ, ਉਸ ਨੂੰ ਅਸਾਂ ਇਸ ਦੇ ਉਪਜਾਵਣਹਾਰ ਪ੍ਰਭੂ ਵਿਚ ਲਾ ਦਿੱਤਾ ਹੈ ਤੇ ਸੰਤਾਂ ਦੇ ਸੰਗ ਵਿਚ ਲੱਗ ਗਏ ਹਾਂ, ਤੇ ਪੀ ਰਹੇ ਹਾਂ ਉਹ ਰਸ, ਜਿਸ ਨੂੰ ਅਸਾਂ ਰਹਾਉ ਵਿਚ ਦੱਸਿਆ ਹੈ ਕਿ 'ਰਾਮ ਰਸ' ਕਹੀਦਾ ਹੈ ਤੇ ਉਸ ਵਰਗਾ ਹੋਰ ਕੋਈ ਰਸ ਨਹੀਂ ਹੈ।

ਹੁਣ ਕਬੀਰ ਜੀ ਆਖਦੇ ਹਨ ਜਿਸ ਨੂੰ ਸਮਝਾ ਰਹੇ ਸਨ ਕਿ ਭਾਈ ਅਸਾਂ ਤਾਂ ਸਾਰਾ ਚਿਤ ਦੇ ਕੇ ਉਸ ਸਿਰਜਣਹਾਰ ਨੂੰ ਸਿਮਰਿਆ ਹੈ, ਤੂੰ ਬੀ ਮੋਹ ਮਾਇਆ ਤੋਂ ਵੈਰਾਗ ਕਰ ਤੇ ਉਸ ਦਾ ਸਿਮਰਨ ਕਰ।

ਇਸ ਅੰਕ ਦੇ ਅਰਥ, ਐਉਂ ਬੀ ਹੁੰਦੇ ਹਨ:—ਸ੍ਰਿਸ਼ਟੀ ਜਿਸ (ਮਾਇਆ) ਤੋਂ ਉਪਜੀ ਸੀ ਉਸੇ ਵਿਚ ਲੱਗ ਰਹੀ ਹੈ, (ਪਰ ਸਾਡੀ ਬ੍ਰਿਤੀ ਨੇ ਉਸ ਮਾਇਆ ਨੂੰ ਮਰਦਨ) ਚੂਰਾ ਚੂਰਾ ਕੀਤਾ ਹੈ ਤੇ ਉਪਰ ਕਥੇ ਰਾਮ ਰਸ ਨੂੰ ਪੀ ਰਹੇ ਹਾਂ।

ਨਿਰਕੁ—**ਖਿੰਚ ਲੇਇ**—[ਸੰਸ:, ਕਰ੍ਖਣਮ੍ =ਖਿੱਚਣਾ, ਤਾਨਨਾ] ਖਿੱਚ ਲਵੇਂ, ਮੱਲੋਮੱਲੀ ਲੈ ਲਵੇਂ (ਅਪਣੇ ਉਤੇ)।

ਜਿਨਿ—ਮਤਾਂ। ਨਾ। ਇਨ੍ਹਾਂ ਅਰਥਾਂ ਵਿਚ ਇਹ ਪਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰ ਥਾਂਈਂ ਬੀ ਆਇਆ ਹੈ। ਯਥਾ:—

ਉਨ ਕੀ ਗੈਲਿ ਤੋਹਿ ਜਿਨਿ ਲਾਗੈ॥ [ਆਸਾ ਕਬੀਰ—੩੪]
ਪੁਨਾ:- ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ॥
[ਸਲੋਕ ਮਹਲਾ ੯—੫]

*ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ।। **[ਵਡਹੰਸ ਮਹਲਾ ੧, ਅਲਾਹਣੀ—੧]**

(ਅ) ਪਰ ਗੁਰਬਾਣੀ ਵਿਚ ਜਿਨਿ ਪਦ 'ਜਿਸਨੇ' ਦੇ ਅਰਥਾਂ ਵਿਚ ਬੀ ਆਇਆ ਹੈ; ਯਥਾ:-

ਜਿਨਿ ਜਿਨਿ ਨਾਮੁ ਧਿਆਇਆ॥ [ਬਾਰਹ ਮਾਹਾ ਮਾਂਝ ਮਹਲਾ ੫—੧੪]

ਇਸ ਕਰਕੇ ਇਸ ਤੁਕ ਵਿਚ ਬੀ ਯਤਨ ਹੁੰਦਾ ਹੈ ਕਿ 'ਜਿਸਨੇ' ਅਰਥ ਲਗੇ,ਪਰ ਓਹ ਅਰਥ ਤਾਂ ਲਗਦੇ ਹਨ ਜੇ ਜਿਨਿ ਦਾ ਅਰਥ 'ਜਿਨ੍ਹਾਂ ਦੇ' ਕਰੀਏ।ਪਰ ਜਿਨਿ ਦਾ ਅਰਥ ਹੈ ਜਿਸਨੇ। 'ਜਿਸ ਨੇ' ਕਰਨ ਨਾਲ ਅਰਥ ਢੁੱਕਦਾ ਨਹੀਂ। ਇਸ ਕਰਕੇ ਏਥੇ ਜਿਨਿ ਦੇ ਅਰਥ 'ਨਾ' ਵਧੇਰੇ ਢੁੱਕਦੇ ਹਨ।

ਭਾਰ—ਬੋਝ ਭਾਵ ਹੈ ਪਾਲਣ ਪੋਸਣ ਤੇ ਹੋਰ ਸਹਾਇਤਾ ਦੇਣ ਦੀ ਜ਼ਿੰਮੇਵਾਰੀ।

ਬਿਰਖ ਬਸੇਰੋ—[ਸੰਸ: ਵ੍ਰਿਕ੍ਸ਼: =ਦਰਖਤ, ਰੁਖ। ਹਿੰ:, ਬਸੇਰਾ ਕਰਨਾ=ਕਿਸੇ ਥਾਂ ਠਹਿਰ ਕੇ ਆਰਾਮ ਕਰਨਾ] ਬ੍ਰਿਛ ਦਾ ਬਸੇਰਾਂ। ਪੰਛੀਆਂ ਦਾ ਰਾਤ ਕਿਸੇ ਬ੍ਰਿਖ ਦੀਆਂ ਟਾਹਣੀਆਂ ਵਿਚ ਆ ਵਸਣਾ। ਭਾਵ ਪਿਛੇ ਵਜਾਖਜਾ ਵਿਚ ਆ ਚੁਕਾ ਹੈ।

ਬਲਾਇ—[ਅ:, ਬਲਾਇ] ਭੂਤ, ਪ੍ਰੇਤ, ਚੁੜੇਲ, ਸ਼ੈਤਾਨ। ਦੁਖ ਵਿਪਦਾ। 'ਮੇਰੀ ਬਲਾਇ ਰੋਵੇ' ਮੁਹਾਵਰਾ ਹੈ ਮੈਂ ਕਿਉਂ ਰੋਵਾਂ ਮੇਰੇ ਤੇ ਪੈਣ ਵਾਲੀ ਬਲਾ ਰੋਵੇ। ਮਤਲਬ ਹੁੰਦਾ ਹੈ ਮੈਂ ਨਹੀਂ ਰੋਣਾ।

ਮਰਦਨ—[ਅ:, ਮਰਦ] ਮਾਨੁਖ, ਇਨਸਾਨ। ਨਰ ਮਰਦ। ਮਰਦ ਦੀ ਹਿੰਦੀ ਜਮਅ ਹੈ ਮਰਦਨ। ਮੁਹਾਵਰੇ ਵਿਚ ਮਰਦ ਦੇ ਭਾਵ, ਜਵਾਂ ਮਰਦ, ਬਹਾਦਰ, ਉੱਚੇ ਇਖਲਾਕ ਵਾਲਾ ਜੋ ਦੁਖ ਪਿਆਂ ਨਾ ਡੋਲੇ ਫਕੀਰ ਤੇ ਸੰਤ*, ਬੀ ਹਨ। ਏਥੇ ਸੰਤ ਅਰਥ ਹੈ ਜੋ ਬਹੁ ਬਚਨ ਵਿਚ ਹੈ। ਮਰਦਨ ਲਾਗ=ਸੰਤਾਂ ਦੇ ਸੰਗ ਨੂੰ ਲਗ ਰਹੀ ਹੈ। (ਅ) [ਸੰਸ:, ਸਰ੍ਮਨੰ = ਕੁਚਲਨਾ, ਪੀਸਣਾ।ਮਾਲਿਸ਼ ਕਰਨਾ। ਪਰ ਮਰਦਨ ਦਾ ਅਰਥ ਮਧੋਲਣਾ, ਚੂਰਾ ਚੂਰਾ ਕਰਨਾ, ਨਾਸ਼ ਕਰਨਾ, ਬੀ ਹੈ, ਯਥਾ:-

ਚਾਰਿ ਬਰਨ ਚਉਹਾ ਕੇ ਮਰਦਨ॥ [ਆਸਾ ਮਹਲਾ ੫—੧੩੨]

ਇਹ ਅਰਥ ਐਉਂ ਢੁਕਾਈਦਾ ਹੈ:—

ਸ੍ਰਿਸ਼ਟੀ ਜਿਸ (ਮਾਇਆ) ਤੌਂ ਉਪਜੀ ਸੀ ਉਸੇ ਵਿਚ ਲਗ ਰਹੀ ਹੈ (ਪਰ ਸਾਡੀ ਬ੍ਰਿਤੀ ਨੇ ਉਸ ਮਾਇਆ ਨੂੰ) ਚੂਰਾ ਚੂਰਾ ਕਰ ਦਿਤਾ ਹੈ ਤੇ ਪੀਣ ਵਿਚ ਲਗ ਰਹੀ ਹੈ (ਉੱਪਰ ਕਥੇ ਰਾਮ ਰਸ ਵਿਚ)। (ੲ) ਮਰਦਨ=ਮਲੇ ਜਾਣ ਦੀ ਕ੍ਰਿਯਾ, ਮਰੋੜ, ਖੇਚਲ। (ਸਾਡੀ ਬ੍ਰਿਤੀ) ਜਿਸ ਬ੍ਰਹਮ ਤੌਂ ਉਪਜੀ ਸੀ ਉਸ ਵਿਚ ਰਚੀ (ਰਾਮ ਰਸ ਪੀ ਰਹੀ ਹੈ, ਇਸ ਦੇ) ਪੀਂਦਿਆਂ ਮਾਇਆ ਦੀ ਮਰੋੜ ਨਹੀਂ ਲਗਦੀ।

[ਗਉੜੀ ਕਬੀਰ ਜੀ, ਚਉਪਦਾ—੬੫]

ਮੂਲ	ਅਰਥ
ਰਾਗੁ ਗਉੜੀ ॥ ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥ ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ ॥੧॥	(ਜਿਵੇਂ ਇਕ ਪਤਿਬ੍ਰਤਾ) ਇਸਤ੍ਰੀ (ਆਪਣੇ ਪਤੀ ਦਾ) ਰਾਹ ਤੱਕ ਰਹੀ ਹੈ(ਕਿ ਕਦੋਂ ਆਉਂਦਾ ਹੈ, ਅੱਖਾਂ (ਹੰਝੂਆਂ ਨਾਲ) ਭਰੀ (ਖੜੀ ਹੈ, ਤੇ) ਲੰਮੇ (ਠੰਢੇ) ਸਾਹ ਲੈ ਰਹੀ ਹੈ। (ਇਸ ਦਾ) ਦਿਲ (ਖਾਣ, ਪੀਣ, ਪਹਿਰਣ, ਖੇਲ, ਤਮਾਸ਼ੇ, ਕਿਸੇ ਪਰਚਾਵੇ ਯਾ ਪਦਾਰਥ ਵਿਚ) ਨਹੀਂ ਭਿੱਜਦਾ (ਤੇ ਪਜਾਰੇ ਦੇ ਰਾਹ ਤੋਂ) ਪੈਰ (ਪਿਛੇ ਨੂੰ) ਨਹੀਂ ਖਿਸਕਦਾ, (ਤਿਵੇਂ ਮੈਨੂੰ ਲੱਗ ਰਹੀ ਹੈ ਆਪਣੇ ਪਿਆਰੇ) ਹਰੀ ਦੇ ਦਰਸ਼ਨ ਦੀ ਆਸਾ॥੧॥

*ਯਥਾ:' ਕਲੀ ਕਾਲ ਮਰਦਾਨ ਮਰਦ ਨਾਨਕ ਗੁਣ ਗਾਏ॥
ਵਹ ਪ੍ਰਗਟਿਓ ਮਰਦ ਅਗੰਮੜਾ ਵਰਿਯਾਮ ਇਕੇਲਾ॥ [ਵਾਰ ਦੂਜੇ ਭਾਈ ਗੁਰਦਾਸ ਜੀ ਦੀ]

ਉਡਹੁ ਨ ਕਾਗਾ ਕਾਰੇ ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥੧॥ ਰਹਾਉ ॥

ਹੇ ਕਾਲੇ ਕਾਂ ! (ਤੂੰ ਉਡਦਾ (ਕਿਉਂ) ਨਹੀਂ (ਜਾਹ ਖਬਰ ਲਿਆ ਕਿ ਆ ਰਹੇ ਹਨ ਤੇਰੇ ਪ੍ਰੀਤਮ ਜੋ ਅਸੀਂ ਬੀ) ਛੇਤੀ ਮਿਲੀਏ ਆਪਣੇ ਪਿਆਰੇ ਰਾਮ ਨੂੰ॥੧॥ਰਹਾਉ॥

ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ ॥ ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ ॥੨॥੧॥੧੪॥੬੫॥

ਕਬੀਰ ਜੀ ਆਖਦੇ ਹਨ (ਕਿ ਇਸ ਬਿਰਹਨੀ ਵਾਂਙੂ ਅਸੀਂ ਬੀ ਹਰੀ ਦੀ ਭਗਤੀ ਕਰੀਏ। (ਹਰੀ ਦੇ ਮਿਲਾਪ ਰੂਪੀ) ਜੀਵਨ ਪਦ ਦੀ ਪ੍ਰਾਪਤੀ ਲਈ। (ਅਤੇ ਜਦ ਤਕ ਪਿਆਰੇ ਜੀ ਨਹੀਂ ਆਉਂਦੇ ਇਸ ਇਸਤ੍ਰੀ ਦੀ ਉਡੀਕ ਵਾਂਙੂ ਅਸੀਂ ਆਪਣੇ ਪਜਾਰੇ) ਨਾਰਾਇਣ ਦੇ ਨਾਮ ਦਾ ਇਕੋ ਆਸਰਾ (ਰੱਖੀਏ ਤੇ) ਰਸਨਾ ਨਾਲ (ਉਸੇ) ਰਾਮ (ਦਾ ਨਾਮ) ਸਿਮਰਦੇ ਰਹੀਏ॥੨॥੧॥੧੪॥੬੫॥

ਵਜਾਖਜਾ—ਅੰਕ ੧ ਵਿਚ ਸ੍ਰੀ ਕਬੀਰ ਜੀ ਪਤਿਬ੍ਰਤਾ ਬਿਰਹਣੀ ਇਸਤ੍ਰੀ ਦੀ ਦਿਲੀ ਪ੍ਰੀਤ ਤੇ ਅਥੱਕ ਉਡੀਕ ਦਾ ਨਕਸ਼ਾ ਖਿੱਚਦੇ ਹਨ। ਇਹ ਨਕਸ਼ਾ 'ਪਗ ਨਾ ਖਿਸੈਂ' ਤੇ ਮੁੱਕ ਜਾਂਦਾ ਹੈ ਅਗੋਂ ਇਸ ਵਾਂਙੂ ਅਸੀਂ ਹਰੀ ਦੇ ਦਰਸ਼ਨ ਦੇ ਮਿਲਣ ਦੀ ਆਸਾ ਵਿਚ ਸਾਵਧਾਨ ਰਹੀਏ ਇਹ ਦਾ ਦਰਿਸ਼ਟਾਂਤ ਸ਼ੁਰੂ ਹੋ ਜਾਂਦਾ ਹੈ ਕਿ ਸਾਨੂੰ ਹਰੀ ਦਰਸ਼ਨ ਦੀ ਆਸਾ ਐਸੀ ਲਗੀ ਰਹੇ। 'ਹਰਿ ਦਰਸ਼ਨ ਦੀ ਆਪਣੀ 'ਆਸਾ' ਏਥੋਂ ਸ਼ੁਰੂ ਹੋ ਜਾਂਦੀ ਹੈ। ਹਰਿ ਦਰਸ਼ਨ ਦੀ ਆਸਾ ਕਾਮਨੀ ਤੇ ਨਹੀਂ ਘਟਦੀ ਕਿਉਂਕਿ ਉਸ ਦਾ ਪ੍ਰੀਤਮ ਮਾਨੁੱਖ ਹੈ, ਹਰੀ ਨਹੀਂ ਹੈ।

ਰਹਾਉ ਵਿਚ ਬੀ ਰਾਮ ਪਿਆਰੇ ਦਾ ਜ਼ਿਕਰ ਹੈ, ਸੋ ਇਹ ਭਗਤ ਜੀ ਦੀ ਆਪਣੀ ਭਗਤੀ ਪਰਥਾਇ ਹੈ। ਕਾਂ ਨੂੰ ਵੰਗਾਰਦੇ ਹਨ ਕਿ ਜਾਹ ਮੇਰੇ ਪ੍ਰੀਤਮ ਦੇ ਆਉਣੇ ਦੀ ਖ਼ਬਰ ਲਿਆ, ਸੁਆਲ ਵਿਚ ਆਖਦੇ ਹਨ ਕਿ ਹੇ ਕਾਲੇ ਕਾਂ ਕਿਉਂ ਤੂੰ ਉਡ ਕੇ ਨਹੀਂ ਜਾਂਦਾ ਤੇ ਆਗਮਨ ਦੀ ਖ਼ਬਰ ਨਹੀਂ ਲਿਆਉਂਦਾ। ਭਾਵ ਇਹ ਕਿ ਉਡ ਤੇ ਛੇਤੀ ਖ਼ਬਰ ਲਿਆ। ਬਿਰਹਣੀਆਂ ਕੰਤ ਪਿਆਰੀਆਂ ਕਾਂਵਾਂ ਨੂੰ ਕਿਹਾ ਕਰਦੀਆਂ ਹਨ:—"ਉਡ ਉਡ ਕਾਂਵਾਂ, ਤੈਨੂੰ ਚੂਰੀ ਪਾਵਾਂ, ਕੰਤ ਕਦੋਂ ਘਰ ਆਉਂਦਾ ਏ, ਉਡ ਸਾਰ ਲਿਆ ਦੇ ਕਾਵਾਂ"। ਉਸ ਵਰਤਾਰੇ ਨੂੰ ਲੈ ਕੇ ਕਾਂ ਨੂੰ ਕਹਿੰਦੇ ਹਨ: ਖ਼ਬਰ ਲਿਆ, ਚਿਤ ਉਤਾਵਲਾ ਹੈ ਮਿਲਣੇ ਨੂੰ ਕਿ ਆਵੇ ਤਾਂ ਛੇਤੀ ਮਿਲੀਏ।

ਅੰਕ ੩ ਸਵਾਲ ਹੁੰਦਾ ਹੈ ਕਿ ਤੁਸੀਂ ਹਰੀ ਦੀ ਭਗਤੀ ਕਿਉਂ ਕਰਦੇ ਹੋ ? ਤਾਂ ਜੁਆਬ ਦੇਂਦੇ ਹਨ ਕਿ ਸੁਰਗ ਵਾਸ ਲਈ ਨਹੀਂ, ਉਤਮ ਜਨਮ ਵਾਸਤੇ ਨਹੀਂ, ਕਿਸੇ ਹੋਰ ਮਨੋਰਥ ਲਈ ਨਹੀਂ, ਪਰ ਕੇਵਲ ਮਿਲਣੇ ਲਈ, ਉਸ ਦੇ ਵਸਲ-ਮਿਲਾਪ ਲਈ, ਜੋ ਰਹਾਉ ਵਿਚ ਦੱਸ ਆਏ ਹਨ: "ਬੇਗਿ ਮਿਲੀਜੈਂ"। ਉਸ ਦਾ ਮਿਲਾਪ ਸਾਨੂੰ ਜੀਵਨ ਪਦਵੀ ਹੈ। ਬਿਨਾ ਮਿਲੇ ਜੀਵਨ ਮੌਤ ਤੁੱਲ ਹੈ, ਮਿਲਾਪ ਦਾ ਜੀਵਨ ਜੀਵਨ ਪਦ ਹੈ। ਯਥਾ:—

ਬਿਛੁਰਤ ਮਰਨੁ ਜੀਵਨੁ ਹਰਿ ਮਿਲਤੇ ਜਨ ਕਉ ਦਰਸ਼ਨੁ ਦੀਜੈ॥ [ਮਲਾਰ ਮ:੫-੯]

ਮੁਰਾਦ ਹੈ ਸਾਡੀ ਭਗਤੀ ਦਾ ਪ੍ਰਯੋਜਨ ਭਗਤ ਵੱਛਲ ਦਾ ਮਿਲਾਪ ਹੈ, ਹੋਰ ਕੋਈ ਪ੍ਰਯੋਜਨ ਨਹੀ।

ਅਖੀਰਲੀ ਤੁਕ ਵਿਚ ਉਡੀਕ ਯਾ ਇੰਤਜ਼ਾਰ ਦੇ ਸਮੇਂ ਦੀ ਸਫਲਤਾ ਦਾ ਜ਼ਿਕਰ ਹੈ, ਜਿਸ ਤਰ੍ਹਾ ਦ੍ਰਿਸ਼ਟਾਂਤ ਵਿਚ ਦੱਸੀ ਪ੍ਰਤਿਬ੍ਰਤਾ ਆਪਣੇ ਪ੍ਰੇਮ ਤੇ ਮਿਲਣ ਦੀ ਆਸਾ ਵਿਚ ਸਾਵਧਾਨ ਉਡੀਕ ਵਿਚ ਕਾਂਪ ਨਹੀਂ ਖਾਂਦੀ, ਇਸ ਤਰ੍ਹਾਂ ਸਾਡੀ ਇੰਤਜ਼ਾਰ ਸਾਡੇ ਪ੍ਰੀਤਮ ਦੇ ਨਾਮ ਜਪ ਦਾ ਸਰੂਪ ਰੱਖਦੀ ਹੈ, ਇਹੋ ਸਾਡਾ 'ਉਡੀਕ-ਕਾਲ' ਦਾ ਆਸਰਾ ਹੈ ਸੋ ਰਸਨਾ ਨਾਲ ਨਾਮ ਸਿਮਰਦੇ ਰਹੀਏ। ਇਸ ਸਾਡੀ

ਸਾਵਧਾਨ ਉਡੀਕ ਨੂੰ ਮਿਲਾਪ ਦਾ ਫਲ ਲਗੇਗਾ। ਗੋਯਾ 'ਸਾਵਧਾਨ ਸਿਮਰਨ' ਪ੍ਰੀਤਮ ਦਾ 'ਸਾਵਧਾਨ ਉਡੀਕ' ਤੁੱਲ ਹੈ। ਇਸ ਦਾ ਰੂਪਕ ਕਬੀਰ ਜੀ ਨੇ ਐਉਂ ਬੀ ਖਿੱਚਿਆ ਹੈ:—

ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥
ਰਾਤਿ ਦਿਵਸ ਕੈ ਕੂਕਨੇ ਕਬਹੂ ਕੇ ਸੁਨੈ ਪੁਕਾਰ॥ [ਸ਼ਲੋਕ ਕਬੀਰ ਜੀ-੨੨]

ਨਿਰੁਕ੍ਤ—**ਕਾਮਨੀ**—[ਸੰਸ:, ਕਾਮਿਨੀ=ਪਜਾਰ ਕਰਨ ਵਾਲੀ ਇਸਤ੍ਰੀ] ਇਸਤ੍ਰੀ। ਭਾਵ ਹੈ ਪਤਿਬ੍ਰਤਾ ਇਸਤ੍ਰੀ। (ਦੇਖੋ ਪੰਨਾ ੧੫੫੮) ਪ੍ਰੋਖਿਤ ਪਤਿਕਾ, ਜਿਸ ਦਾ ਪਤੀ ਪਰਦੇਸ ਹੈ।

ਲੋਚਨ—[ਸੰਸ:, ਲੋਚਨ] ਅੱਖਾਂ।

ਉਸਾਸਾ [ਸੰਸ:, ਉਤ+ਸ਼੍ਵਾਸ:] ਲੰਮੇ ਸਾਹ, ਠੰਢੇ ਸਾਹ।

ਉਰ—[ਸੰਸ., ਉਰਸ੍] ਦਿਲ, ਹ੍ਰਿਦਾ।

ਨ ਭੀਜੈ—ਭਿਜਦਾ ਨਹੀਂ। ਪਰਚਦਾ ਨਹੀਂ। ਲਗਦਾ ਨਹੀਂ

ਪਗੁ—ਪੈਰ। **ਕਾਗਾ**—ਹੇ ਕਾਂ !

ਕਾਰੇ—ਕਾਲੇ। ਅੰਤ੍ਰੀਵ ਭਾਵ ਬਿਰਹਾ ਹੈ। ਬਿਰਹੇ ਨੂੰ ਕਹਿ ਰਹੇ ਹਨ ਤੂੰ ਉਡਦਾ ਕਿਉਂ ਨਹੀਂ। ਉਡ ਜਾ ਜੋ ਮੈਂ ਆਪਣੇ ਪ੍ਰੀਤਮ ਨੂੰ ਛੇਤੀ ਮਿਲਾਂ।

ਜੀਵਨ ਪਦ—ਭਾਵ ਵਿਆਖਿਆ ਵਿਚ ਆ ਚੁਕਾ ਹੈ।

ਹਰਿ, ਰਾਮ, ਨਾਰਾਇਣੁ—ਤ੍ਰੈਏ ਪਦ ਅਕਾਲ ਪੁਰਖ ਦੇ ਵਾਚਕ ਹਨ।

[ਗਉੜੀ ਕਬੀਰ ਜੀ, ਚਉਪਦਾ—੬੬]

ਪ੍ਰਾਕ੍ਕਥਨ— ਪਿਛਲੇ ਸ਼ਬਦ ਵਿਚ ਪਰਦੇਸ ਗਏ ਪਤੀ ਦੀ ਪਤਿਬ੍ਰਤਾ ਸੁਪਤਨੀ ਦੀ ਉਡੀਕ ਦਾ ਰੂਪਕ ਲੈਕੇ ਅਪਣੀ ਪ੍ਰੇਮਾ ਭਗਤੀ ਵਾਲੀ ਨਾਮ ਅਰਾਧਨਾ ਨੂੰ ਉਸ ਦੀ ਉਡੀਕ ਨਾਲ ਮਿਸਾਲ ਦਿਤੀ ਸੀ, ਇਸ ਸ਼ਬਦ ਵਿਚ ਰਾਧਾਂ ਜੀ ਦੇ ਸ੍ਰੀ ਕ੍ਰਿਸ਼ਨ ਨਾਲ 'ਨਵੇਂ ਲਗੇ ਪ੍ਰੇਮ' ਦੀ ਮਿਸਾਲ ਦੇਕੇ ਅਪਣੇ ਆਪ ਨੂੰ ਰਾਧਕਾਂ ਤੇ ਪਰਮਾਤਮ ਦੇਵ ਨੂੰ ਅਪਣਾ ਸੁਆਮੀ ਵਰਣਨ ਕਰਦੇ ਹਨ ਤੇ ਕਦੇ ਨਾ ਵਿਛੁੜਨ ਦੀ ਅਰਦਾਸ ਧੁਨੀ ਵਿਚ ਕਰਦੇ ਹਨ।

ਮੂਲ	ਅਰਥ
ਰਾਗੁ ਗਉੜੀ ੧੧ ॥ ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ ॥ ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂ ਰੇ ॥੧॥	ਆਲੇ ਦੁਆਲੇ ਘਣੇ ਤੁਲਸੀ ਦੇ ਪੇੜ ਹਨ, (ਉਸ ਤੁਲਸੀ ਬਨ ਦੇ) ਵਿਚਾਲੇ ਰਸ ਵਿਚ (ਮੱਤਾ) ਗਾਉਂ ਰਿਹਾ ਹੈ (ਸ੍ਰੀ ਕ੍ਰਿਸ਼ਨ)। ਉਸ ਦਾ (ਉਹ ਰਸਿਕ) ਰੂਪ ਦੇਖਕੇ ਗੁਆਲਨ (=ਰਾਧਿਕਾ) ਮੋਹੀ ਗਈ (ਤੇ ਬੇਨਤੀ ਕਰਨ ਲੱਗੀ ਕਿ) ਹੇ (ਪਿਆਰੇ!) ਮੈਨੂੰ ਛੱਡਕੇ ਹੁਣ (ਹੋਰ ਕਿਤੇ) ਆਵੀਂ ਜਾਵੀਂ ਨਾ।।੧।।
ਤੋਹਿ ਚਰਨ ਮਨੁ ਲਾਗੋ ਸਾਰਿੰਗਧਰ ॥ ਸੋ ਮਿਲੈ ਜੋ ਬਡਭਾਗੋ ॥੧॥ ਰਹਾਉ ॥	(ਉਸ ਰਾਧਿਕਾਂ ਵਾਂਙੂ) ਹੇ ਪਰਮਾਤਮ ਦੇਵ ! (ਮੇਰਾ) ਮਨ ਤੇਰੇ ਚਰਨਾਂ ਵਿਚ ਲੱਗ ਗਿਆ ਹੈ(ਇਸ ਕਰ ਕੇ ਮੈਂ ਵਡਭਾਗੀ ਹੋ ਗਿਆ ਹਾਂ, ਕਿਉਂਕਿ ਲਿਖਿਆ ਹੈ ਕਿ ਤੈਨੂੰ) ਉਹੀ ਮਿਲ ਸਕਦਾ ਹੈ ਜੋ ਵਡੇ ਭਾਗਾਂ ਵਾਲਾ ਹੋਵੇ।।੧।। ਰਹਾਉ।।

ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ ॥ ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ ॥੨॥੨॥੧੫॥੬੬॥	ਜਿਵੇਂ ਰਾਧਕਾ ਦੇ ਪ੍ਰੇਮ ਦਾ ਬੱਧਾ) ਮਨ ਹਰਨੇ ਵਾਲਾ ਸੁੰਦਰ ਕ੍ਰਿਸ਼ਨ ਗਊਆਂ ਚਾਰਦਾ ਪਿਆ ਹੈ ਬਿੰਦ੍ਰਾਬਨ ਦਾ (ਹੀ ਬਾਸੀ ਹੋਕੇ, ਉਸੀ ਤਰ੍ਹਾਂ) ਜਿਸ ਪ੍ਰੇਮਣ, ਦਾ ਠਾਕੁਰ ਤੂੰ (ਬਣ) ਗਿਆ ਹੈਂ ਹੇ ਪਰਮਾਤਮ ਦੇਵ ! (ਉਸ ਪ੍ਰੇਮਣ ਦਾ) ਨਾਉਂ ਕਬੀਰਾ ਹੈ (ਜੋ) ਮੈਂ ਹਾਂ॥ ੨॥ ੨॥ ੧੫॥ ੬੬॥

ਵਯਾਖਯਾ— ਜੈਸਾ ਕਿ ਪ੍ਰਾਕਥਨ ਵਿਚ ਦੱਸ ਆਏ ਹਾਂ ਕਿ ਪਿਛਲੇ ਸ਼ਬਦ ਵਿਚ 'ਨਾਮ ਸਿਮਰਣ ਦੀ ਸਾਵਧਾਨਤਾ ਨੂੰ ਪ੍ਰੋਖਿਤ ਪਤਿਕਾ ਇਸਤ੍ਰੀ ਦੀ ਪਰਦੇਸ ਗਏ ਪਤੀ ਦੇ ਪ੍ਰੇਮ ਵਿਚ 'ਸਾਵਧਾਨ ਉਡੀਕ' ਦੇ ਰੂਪਕ ਵਿਚ ਵਰਣਨ ਕੀਤਾ ਹੈ, ਇਸ ਸ਼ਬਦ ਵਿਚ ਰਾਧਕਾਂ ਜੀ ਦੇ ਦਰਸ਼ਨ ਕਰਦਿਆਂ ਸਾਰ ਮੋਹੇ ਜਾਣ ਦੀ ਦਸ਼ਾਂ ਤੇ ਉਸ ਦੀਆਂ ਮਿੰਨਤਾਂ ਕਰਨ ਦੀ ਹਾਲਤ ਦਰਸਾਕੇ ਆਪਣੇ ਪ੍ਰਭੂ ਅੱਗੇ ਆਪਣੇ ਮੋਹੇ ਜਾਣ ਦੀ ਸਦਰਸ਼ਤਾ ਤੇ ਮਿੰਨਤਾਂ ਕਰਨ ਦੀ ਮਿਸਾਲ ਦੇਕੇ ਬੇਨਤੀ ਕਰਦੇ ਹਨ ਕਿ ਮੈਨੂੰ ਛਡ ਨਾ ਦਿਆ ਜੇ। ਤੁਸੀਂ ਹੇ ਪ੍ਰਭੋ ! ਮੇਰੇ ਮਾਲਕ ਹੋ, ਪਤੀ ਹੋ ਤੇ ਮੈਂ ਆਪ ਦੇ ਦਰਸ਼ਨ ਝਲਕੇ ਨਾਲ ਮੋਹੀ ਗਈ ਉਸ ਗੁਆਰਨ ਵਰਗੀ ਹਾਂ। ਗੁਆਰਨ ਤੋਂ ਅਪਣੇ ਆਪ ਨੂੰ ਗੁਆਲਨ ਹੀ ਨਿਰਾ ਨਹੀਂ ਕਹਿ ਰਹੇ ਪਰ ਗੁਆਰ ਇਸਤ੍ਰੀ, ਮੂਰਖ ਇਸਤ੍ਰੀ, ਦਾ ਇਸ਼ਾਰਾ ਬੀ ਦੇ ਰਹੇ ਹਨ। ਤੇ ਮੇਰਾ ਨਾਮ ਹੈ ਕਬੀਰਾ। ਕਬੀਰ ਪਦ ਪੁਲਿੰਗ ਹੈ ਪਰ ਕਬੀਰਾ ਆਪਨੇ ਇਸਤ੍ਰੀ ਲਿੰਗ ਬਣਾਇਆ। ਜਿਵੇਂ 'ਇੰਦ' ਪੁਲਿੰਗ ਤੋਂ 'ਇੰਦ੍ਰਾ' ਇਸਤ੍ਰੀ ਲਿੰਗ ਬਣਦਾ ਹੈ। ਰਾਧਕਾ ਦੇ ਮੋਹੇ ਜਾਣ ਨਾਲ ਅਪਣੇ ਮੋਹੇ ਜਾਣ ਦੀ ਸਦਰਸ਼ਤਾ ਲਈ ਆਪਣੇ ਨਾਮ ਨੂੰ ਇਸਤ੍ਰੀ ਲਿੰਗ ਰੂਪ ਵਿਚ ਦੱਸਿਆ ਹੈ। ਕਬੀਰਾ ਕਹਿਣ ਵਿਚ ਆਪਣਾ ਛੋਟੇ ਹੋਣਾ ਬੀ ਜਣਾਇਆ ਹੈ। ਜੈਸੇ ਆਪ ਹੀ ਨੇ ਹੋਰਥੇ ਫੁਰਮਾਇਆ ਹੈ:—

ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥ ਰਾਮ ਬਡੇ ਮੈ ਤਨਕ ਲਹੁਰੀਆ॥

[ਆਸਾ ਕਬੀਰ ਜੀ ੩੦]

ਇਥੇ ਹਰੀ ਨੂੰ ਪਤੀ, ਆਪ ਨੂੰ ਇਸਤ੍ਰੀ, ਉਸ ਨੂੰ ਵੱਡਾ ਤੇ ਆਪ ਨੂੰ ਰਤਾ ਕੁ ਛੋਟੀ ਦੱਸਿਆ ਹੈ। ਕਬੀਰ ਨਾਮ ਵਡੇ ਦਾ ਹੈ ਪਰ ਕਬੀਰਾ ਕਹਿਣ ਵਿਚ ਛੁਟੱਤਣ ਆ ਗਈ ਤੇ ਛੁਟੱਤਣ ਤਨਕ ਹੀ ਆਈ, ਕਿਉਂਕਿ ਕਬੀਰ ਨੂੰ ਛੋਟਾ ਕਰੋ ਤਾਂ ਜਰਾ ਕੁ ਹੋਊ ਨਾ, ਅਤੇ ਰਾਧਕਾਂ ਦੀ ਸਦਰਸ਼ਤਾ ਦੇਣ ਵਿਚ ਆਪ ਨੂੰ ਇਸਤ੍ਰੀ ਲਿੰਗ ਬੀ ਜਣਾ ਕੇ ਰੂਪਕ ਪੂਰਾ ਕਰ ਦਿੱਤਾ। ਉਂਵ ਅਪਣੀ ਰਚਨਾ ਵਿਚ ਅਨੇਕ ਥਾਂਈਂ ਕਬੀਰ ਜੀ ਆਪ ਨੂੰ 'ਕਬੀਰਾ' ਆਖਦੇ ਹਨ, ਕਦੇ ਭਾਵ ਸੰਬੋਧਨ ਹੁੰਦਾ ਹੈ, ਪਰ ਕਈ ਵੇਰ ਕੰਨਾਂ ਕੇਵਲ ਸੁਆਰਥ ਪ੍ਰਤੇ ਹੁੰਦਾ ਹੈ ਤੇ ਭਾਵ ਨਿਰਾ 'ਕਬੀਰ' ਹੀ ਹੁੰਦਾ ਹੈ।

ਵਿਸ਼ੇਸ਼— ਏਹ ਅਰਥ ਜੋ ਅਸਾਂ ਉਪਰ ਮੂਲ ਸ਼ਬਦ ਦੇ ਸਾਹਮਣੇ ਲਾਏ ਹਨ, ਸ਼ਬਦ ਦੇ ਪਦ ਪਦਾਰਥਾਂ ਤੇ ਪ੍ਰਸੰਗ ਮੂਜਬ ਲਾਏ ਹਨ। ਪਿਛਲੇ ਸ਼ਬਦ ਨੇ ਜੋ ਰਾਹਨੁਮਾਈ ਕੀਤੀ ਹੈ ਤੇ ਕਬੀਰ ਜੀ ਦੇ ਨਿਸਚੇ ਨੇ ਜੋ ਉਹਨਾਂ ਦੀ ਬਾਨੀ ਤੋਂ ਹੋਰ ਥਾਂਈਂ ਪ੍ਰਗਟ ਹੁੰਦਾ ਹੈ ਏਹਨਾਂ ਤਿੰਨਾਂ ਵੀਚਾਰਾਂ ਤੋਂ ਲਾਏ ਹਨ।

ਜੇ ਸਮਝੀਏ ਕਿ ਇਸ ਸ਼ਬਦ ਦਾ ਭਾਵ ਸ੍ਰੀ ਕ੍ਰਿਸ਼ਨ ਜੀ ਨਾਲ ਸਰਗੁਣ ਭਗਤੀ ਹੈ ਤਾਂ ਸਾਰੇ ਸ਼ਬਦ ਦਾ ਅਰਥ ਕੁਛ ਖੈਂਚ ਨਾਲ ਐਉਂ ਢੁਕਾਇਆ ਜਾ ਸਕਦਾ ਹੈ :—

ਜਿਸ (ਬਿੰਦ੍ਰਾ ਬਨ) ਗਾਉਂ ਦੇ ਉਦਾਲੇ ਤੁਲਸੀ ਦੇ ਘਨੇ ਪੇੜ ਹਨ (ਓਥੇ) ਰਸ ਵਿਚ (ਆਕੇ) ਬਨ ਰਿਹਾ ਹੈ। (ਵਿਸ਼ਨੂੰ ਤੋਂ ਕ੍ਰਿਸ਼ਨ ਅਥਵਾ ਓਥੇ ਬਨਾ = ਫਬ ਰਿਹਾ ਹੈ ਕ੍ਰਿਸ਼ਨ। ਅਥਵਾ ਬਰਸਾਨੇ ਪਿੰਡ ਵਿਚ ਜੋ ਰਾਧਾਂ ਦਾ ਗਾਉਂ ਸੀ ਕਿਸ਼ਨ ਗਿਆ ਤਾਂ) ਉਸ ਦਾ ਰੂਪ ਦੇਖ ਕੇ ਮੋਹੀ ਗਈ ਹੈ

ਗੁਆਲਨੀ (ਰਾਧਿਕਾ), ਉਹ ਰਾਧਕਾਂ ਬੇਨਤੀ ਕਰਦੀ ਹੈ ਕਿ ਹੇ ਸਾਰਿੰਗ ਧਰ ! (=ਕ੍ਰਿਸ਼ਨ !) ਤੇਰੇ ਚਰਨਾਂ ਵਿਚ ਲਗ ਗਿਆ ਹੈ ਮੇਰਾ ਮਨ, ਹੁਣ ਮੈਨੂੰ ਛੱਡਕੇ (ਕਿਤੇ ਹੋਰਥੇ) ਨਾ ਜਾਈਓ ਆਈਓ। ਮੈਨੂੰ ਪਤਾ ਲਗ ਗਿਆ ਹੈ ਕਿ ਤੁਸਾਂ ਨੂੰ ਉਹੀ ਮਿਲ ਸਕਦਾ ਹੈ ਜੋ ਵਡੇ ਭਾਗਾਂ ਵਾਲਾ ਹੋਵੇ, (ਇਸੇ ਕਰਕੇ ਤੈਨੂੰ ਮਿਲ ਕੇ ਮੈਂ ਆਪ ਨੂੰ ਵਡਭਾਗਣ ਸਮਝਦੀ ਹਾਂ)॥੧॥ਰਹਾਉ॥

(ਦੇਖੋ ਇਹ ਪ੍ਰਾਰਥਨਾ ਸੁਣਕੇ ਸਭ ਦੇ) ਮਨ ਨੂੰ ਹਰ ਲੈਣ ਵਾਲਾ ਮਨੋਹਰ ਕ੍ਰਿਸ਼ਨ (ਰਾਧਿਕਾਂ ਦੇ ਪ੍ਰੇਮ ਵਸ਼ ਹੋਇਆ) ਬਿੰਦ੍ਰਾ ਬਨ ਵਿਚ ਗਊਆਂ ਚਾਰ ਰਿਹਾ ਜੇ। (ਕਬੀਰ ਬੀ ਬੇਨਤੀ ਕਰਦਾ ਹੈ ਕਿ) ਹੇ ਸਾਰਿੰਗਧਰ (=ਕ੍ਰਿਸ਼ਨ) ਜਿਸ (ਮੈਂ) ਦਾ ਤੂੰ ਠਾਕਰ ਬਣ ਗਿਆ ਹੈਂ ਉਸਦਾ ਨਾਉਂ (ਬੀ ਤੇਰੇ ਠਾਕੁਰ ਬਣ ਜਾਣ ਕਰਕੇ) 'ਵਡਾ' ਪੈ ਗਿਆ ਹੈ। (ਭਾਵ ਕਿ ਰਾਧਾ ਵਾਂਙੂ ਤੂੰ ਮੇਰਾ ਬੀ ਸ੍ਵਾਮੀ ਬਣ ਗਿਆ ਹੈਂ, ਤੇ ਰਾਧਾਂ ਵਾਂਙੂ ਮੈਂ ਬੀ ਵਡਭਾਗਾ ਹੋ ਗਿਆ ਹਾਂ, ਇਸੇ ਕਰਕੇ ਮੇਰਾ ਨਾਮ 'ਕਬੀਰ' ਪੈ ਗਿਆ ਹੈ। ਕਬੀਰ ਦਾ ਅਰਥ ਹੈ—ਵਡਾ)

ਇਸ ਪ੍ਰਕਾਰ ਦੇ ਸਰਗੁਣ ਭਗਤੀ ਵਿਚ ਕੀਤੇ ਅਰਥਾਂ ਦੇ ਅੱਗੇ ਇਕ ਮੁਸ਼ਕਲ ਆ ਜਾਂਦੀ ਹੈ ਕਿ ਇਨ੍ਹਾਂ ਅਰਥਾਂ ਵਿਚ ਸ੍ਰੀ ਕਬੀਰ ਜੀ ਦੇ ਇਸ਼ਟ ਸ੍ਰੀ ਕ੍ਰਿਸ਼ਨ ਜੀ ਬਣਦੇ ਹਨ ਤੇ ਵਾਸਤਵ ਵਿਚ ਉਨ੍ਹਾਂ ਦੇ ਇਸ਼ਟ ਸ੍ਰੀ ਰਾਮ ਜੀ ਸਨ। ਉਨ੍ਹਾਂ ਦੇ ਗੁਰੂ ਸ੍ਰੀ ਰਾਮਾਨੰਦ ਜੀ ਨੇ ਉਨ੍ਹਾਂ ਨੂੰ ਉਪਦੇਸ਼—'ਰਾਮ ਕੇ ਰਾਮ ਕਹੁ' ਦਿੱਤਾ ਸੀ। ਇਸ਼ਟਾਪਤੀ ਦੇ ਆਪ ਜੀ ਵਿਰੁੱਧ ਜਾ ਨਹੀਂ ਸਕਦੇ। ਫੇਰ ਇਕ ਹੋਰ ਕਿੰਤੂ ਆ ਜਾਂਦਾ ਹੈ, ਉਹ ਇਹ ਹੈ ਕਿ ਇਸੇ ਰਾਗ ਵਿਚ ਇਸ ਸ਼ਬਦ ਤੋਂ ਅੱਗੇ ਚਲ ਕੇ ਇਕ ਸ਼ਬਦ ਆਉਂਦਾ ਹੈ, ਉਸ ਦਾ ਅੰਕ ਹੈ ੭੦; ਉਸ ਵਿਚ ਕਬੀਰ ਜੀ ਆਪਣਾ ਸੁਆਮੀ (=ਇਸ਼ਟ) ਦਾ ਪਤਾ ਨਿਰਗੁਨ ਦੇ ਰਹੇ ਹਨ ਤੇ ਫੁਰਮਾ ਰਹੇ ਹਨ :—

ਸੰਕਟ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨੁ ਜਾਕੋ ਰੇ॥
ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾਕੇ ਮਾਈ ਨਾ ਬਾਪੋ ਰੇ॥

[ਗਉੜੀ ਕਬੀਰ ਜੀ-੭੦]

ਦੇਖੋ ਇਸ ਵਿਚ ਉਸ ਨੂੰ ਨਿਰ+ਅੰਜਨ, 'ਜੋਨਿ ਨਹੀ ਆਵੈ' ਦੱਸ ਰਹੇ ਹਨ। ਇਹ ਪ੍ਰਸਿਧ ਹੀ ਹੈ ਕਿ ਆਪ ਨਿਰਗੁਣ ਦੇ ਉਪਾਸ਼ਕ ਸਨ। ਪਿਛਲੇ ਦਾਨਿਆਂ ਨੇ ਏਸ ਸ਼ਬਦ ਦੇ ਅੰਤ੍ਰੀਵ ਅਰਥ ਬੀ ਕੀਤੇ ਹਨ, ਤੇ ਕੁਛ ਲਾਕਸ਼ਣਿਕ ਢੰਗ ਵਰਤਿਆ ਹੈ, ਜਿਸ ਕਰਕੇ ਓਹ ਅਰਥ ਇਕ ਤਰ੍ਹਾਂ ਦੇ ਨਹੀਂ ਰਹੇ। ਨਮੂਨੇ ਲਈ ਅਗੇ ਦੇਂਦੇ ਹਾਂ :—

੧. ਸੰਪ੍ਰਦਾ ਵਿਚ 'ਬਨਾਰਸਿ ਗਾਊ' ਤੋਂ ਸੰਤਾਂ ਦਾ ਹਿਰਦਾ ਮੁਰਾਦ ਲਈ ਹੈ, ਤੇ ਸਾਰੇ ਅਰਥ ਐਉਂ ਕੀਤੇ ਹਨ:—(ਜਿਨ੍ਹਾਂ ਸੰਤਾਂ ਦੇ ਮਾਝ=)ਹਿਰਦੇ ਵਿਚ ਬਨ ਰਿਹਾ ਹੈ ਆਨੰਦ ਦਾ ਗਾਉਂ (=ਪੁੰਜ) ਭਾਵ ਆਤਮਾਨੰਦ, (ਉਸ ਦੇ) ਆਸ ਪਾਸ (=ਉਦਾਲੇ ਭਾਵ ਇੰਦ੍ਰਿਆਂ ਵਿਚ ਲਹਿ ਲਹਿ ਕਰ ਰਹੇ ਹਨ ਤੁਲਸੀ ਸਮਾਨ) ਦੈਵੀ ਗੁਣ। ਐਸੇ ਸੰਤਾਂ ਦਾ ਰੂਪ ਦੇਖਕੇ ਗੁਆਰਨਿ (=ਬੁਧੀ) ਮੋਹੀ ਗਈ ਹੈ (ਜੋ ਹੁਣ ਚਾਹੁੰਦੀ ਹੈ ਕਿ ਮੈਨੂੰ ਹੁਣ ਲੀਨ ਕਰ ਲਓ, ਇਕੱਲਿਆਂ) ਮੈਨੂੰ ਛੱਡਕੇ ਨਾ ਵਿਚਰੋ। (ਐਸੇ ਸਤਿਸੰਗ ਵਿਚ) ਉਹ ਮਿਲਦਾ ਹੈ ਜੋ ਵਡੇ ਭਾਗਾਂ ਵਾਲਾ ਹੋਵੇ, (ਜਿਸ ਵਿਚ ਮਿਲਨ ਕਰਕੇ ਮੇਰਾ ਮਨ) ਹੇ ਸਾਰਿੰਗਧਰ=(ਪਰਮਾਤਮ ਦੇਵ) ਤੇਰੇ ਵਿਚ ਲੱਗ ਗਿਆ ਹੈ।(ਬ੍ਰਿੰਦਾਬਨ=ਤੁਲਸੀ ਦੇ ਬਨ ਤੁੱਲ) ਦੈਵੀ ਗੁਣਾਂ ਦਾ ਬਨ (=ਸਮੁਦਾਇ) ਮਨ ਨੂੰ ਹਰ ਲੈਣ ਵਾਲਾ ਕੈਸਾ ਸੁੰਦਰ ਹੈ (ਕਿ ਜਿਸ ਦੇ ਵਿਚਾਲੇ ਬੈਠਾ) ਕ੍ਰਿਸ਼ਨ (=ਸ਼ੁੱਧ ਆਤਮਾ, ਨਿਰਲੇਪ ਤੇ ਫੇਰ ਸਰੀਰ ਦੀਆਂ ਸਭ ਗਾਊ=) ਇੰਦ੍ਰੀਆਂ ਨੂੰ ਚਲਾ ਰਿਹਾ ਹੈ।) ਅਥਵਾ ਕ੍ਰਿਸ਼ਨ=(ਜਗਜਾਸੂ ਉਸ ਸਤਿਸੰਗ ਵਿਚ ਬੈਠਾ ਆਪਣੇ (ਗਾਊ=) ਇੰਦ੍ਰੀਆਂ ਨੂੰ (ਸ਼ੁਭ ਗੁਣਾਂ ਤੇ ਆਤਮ ਰਸ ਰੂਪੀ ਘਾਹ) ਚਾਰਦਾ ਹੈ। (ਐਸੇ ਸਤਿਸੰਗ ਵਿਚ ਮਿਲਣ ਕਰਕੇ) ਹੇ ਪਰਮਾਤਮ ਦੇਵ ਜਿਸ (ਸਤਿਸੰਗ ਦਾ ਤੂੰ ਠਾਕੁਰ ਹੈਂ (ਮੇਰਾ ਨਾਮ ਬੀ ਕਬੀਰ(=ਵੱਡਾ ਪੈ ਗਿਆ ਹੈ)।

ਸ੍ਰੀ ਪੰਡਤ ਤਾਰਾ ਸਿੰਘ ਜੀ ਨਰੋਤਮ ਨੇ ਐਉਂ ਅੰਤ੍ਰੀਵ ਅਰਥ ਕੀਤਾ ਹੈ 'ਰਸਿ ਗਾਊਂ' ਤੇ ਭਾਵ 'ਸਾਖੀ' ਦਾ ਲਿਆ ਹੈ:—

(ਜਿਸ ਥਾਂ ਭਾਵ ਸ਼ੁੱਧ ਅੰਤਹਕਰਣ ਦੇ ਆਸ ਪਾਸ=) ਆਲੇ ਦੁਆਲੇ (ਘਨ ਤੁਰਸੀ ਕ ਬਿਰਵਾ=) ਦੈਵੀ ਗੁਣਾਂ ਦੇ ਸਮੂਹ ਹਨ, (ਉਸ ਸ਼ੁਧ ਅੰਤਹਕਰਣ ਦੇ ਮਾਝ)=) ਵਿਚ (ਬਨਾ=)ਫਬ ਰਿਹ ਹੈ, ਪ੍ਰਕਾਸ਼ ਪਾ ਰਿਹਾ ਹੈ (ਰਸਿ ਗਾਉਂ ਰੇ=) ਆਨੰਦ ਦਾ ਪੁੰਜ ਭਾਵ 'ਸਾਖੀਂ'। (ਉਆ ਕਾ ਸਰੂਪੁ= ਉਸ ਸਾਖੀ ਦਾ ਸ਼ੁੱਧ ਸਤਿ ਚਿਤ ਆਨੰਦ ਸਰੂਪ (ਦੇਖਿ ਮੋਹੀ ਗੁਆਰਨਿ=)ਦੇਖ ਕੇ ਮੋਹੀ ਗਈ ਹੈ ਬ੍ਰਿਤੀ (ਭਾਵ ਤਦਾਕਾਰ ਹੋ ਗਈ ਹੈ ਅੰਤਹਕਰਣ ਦੀ ਬ੍ਰਿਤੀ ਦੇ ਸਾਖੀ ਸਰੂਪ ਦਾ ਦਰਸ਼ਨ ਕਰਕੇ ਆਨੰਦ ਹੋਈ ਕਹਿ ਰਹੀ ਹੈ ਕਿ 'ਮੋਕਉ ਛੋਡਿ ਨਾ ਆਉ ਨ ਜਾਹੂ ਰੇ'=) ਮੈਨੂੰ ਛੱਡ ਕੇ ਹੋਰਸ ਦ੍ਰਿਸ਼ਜ ਨੂੰ ਨਾਂ ਪ੍ਰਕਾਸ਼ੋ। (ਤੋਹਿ ਚਰਨ ਮਨੁ ਲਾਗੋ=) ਤੁਹਾਡੇ (ਚਰਨਾ=) ਸਰੂਪ ਨੂੰ ਉਹ ਬ੍ਰਿਤੀ ਅਨੁਭਵ ਕਰਦੀ ਹੈ (ਸਾਰਿੰਗ ਧਰ=) ਹੇ ਸਾਖੀ ! (ਸੋ ਮਿਲ ਜੋ ਬਡਭਾਗੋ=) ਜੋ ਸ਼ੁਧ ਅੰਤਹ ਕਰਣ ਦੀ ਉੱਤਮ ਬ੍ਰਿਤੀ ਹੈ (ਬ੍ਰਿੰਦਾਬਨ ਮਨ ਹਰਨ ਮਨੋਹਰ=)ਉਹ ਦੈਵੀ ਸੰਪਤਾ ਦੇ ਗੁਣਾਂ ਦਾ ਬਨ(=ਸਮੂਹ) ਬਡਾ ਮਨੋਹਰ ਹੈ, ਜਿਸ ਬਨਕਾਲੀ ਭੂਮੀ ਰੂਪ ਅੰਤਹਕਰਣ ਵਿਚ ਇਸਥਿਤ ਹੋਇਆ ਤੂੰ ਸਭ ਦੇ ਚਿੱਤ ਨੂੰ ਅਪਣੇ ਵੱਲ ਖਿੱਚ ਕੇ ਹਰ ਲੈਣ ਵਾਲਾ (ਕ੍ਰਿਸਨ ਚਰਾਵਤ ਗਾਉ ਰੇ=) ਸਾਖੀ ਇੰਦ੍ਰੀਆਂ ਨੂੰ (ਅਪਣੇ ਅਪਣੇ ਵਿਸ਼ਿਆਂ ਵਿਚ) ਚਲਾ ਰਿਹਾ ਹੈਂ। (ਤਿਸ ਐਸੇ ਸਾਖੀ ਸਰੂਪ ਨੂੰ ਅਨੁਭਵ ਕਰਕੇ ਚਿਦਾ ਭਾਸ ਕਹਿੰਦਾ ਹੈ: 'ਜਾਕਾ ਠਾਕੁਰੁ ਤੁਹੀ ਸਾਰਿੰਗਧਰ'=) ਹੇ (ਸਾਰਿੰਗਧਰ=) ਸਰਬਅਨਾਤਮ ਵਰਗ ਦੇ ਧਾਰਨੇ ਵਾਲੇ ਸਾਖੀ ਸਰੂਪ ਕ੍ਰਿਸ਼ਨ ! ਜਿਸ (ਮੈਂ) ਦਾ ਤੂੰ ਸੁਆਮੀ ਹੈਂ (ਮੇਰੀ ਸਹਾਇਤਾ ਕਰਦਾ ਹੈਂ ਇਸ ਕਰਕੇ 'ਮੋਹਿ ਕਬੀਰਾ ਨਾਊ ਰੇ'=) ਮੇਰਾ ਨਾਉ ਵੱਡਾ ਹੈ (ਕਿਉਂ ਕਿਸਾਰੇ ਵਿਵਹਾਰਾਂ ਨੂੰ ਮੈਂ ਸਿੱਧ ਕਰਦਾ ਹਾਂ)।

(੨) ਸੰਤ ਸੰਪੂਰਨ ਸਿੰਘ ਜੀ 'ਬਨਾਰਸਿ ਗਾਊਂ' ਨੂੰ ਮਨੁੱਖ ਦਾ ਸਰੀਰ ਲੈ ਕੇ ਅੰਤ੍ਰੀਵ ਅਰਥ ਕੁਝ ਐਉਂ ਦੇ ਲਾਉਂਦੇ ਹਨ; ਯਥਾ:—

ਆਲੇ ਦੁਆਲੇ ਤੁਰਸੀ ਦੇ ਬੂਟੇ ਹਨ ਭਾਵ ਤਲਖ ਜੀਵਨ ਹੈ (ਘਨ=) ੧ ਘਟ ਚੁਰਾਸੀ ਲੱਖ ਜੂਨਾਂ ਦਾ। (ਇਸ ਤਿਰਾਸੀ ਲਖ ਨੜਿੰਨਵੇ ਹਜ਼ਾਰ ਨੌ ਸੌ ਨੜਿੰਨਵੇਂ ਜੂਨਾਂ ਦੇ) ਵਿਚਾਲੇ ਫਬ ਰਿਹਾ ਹੈ ਰਸ ਪ੍ਰਾਪਤੀ ਵਾਲਾ ਮਾਨੁਖ ਸਰੀਰ। ਉਸ ਦਾ ਸਰੂਪ ਦੇਖ ਕੇ (ਗੁਆਰਨਿ=) ਬੁੱਧੀ ਮੋਹੀ ਗਈ ਤੇ ਲੋਚਣ ਲੱਗ ਪਈ ਕਿ ਇਹ ਸਰੀਰ ਮੈਨੂੰ ਛੱਡ ਕੇ ਨਾ ਜਾਵੇ, ਭਾਵ ਦੇਹ ਨੂੰ ਅਮਰ ਕਰਨ ਦੇ ਫੁਰਨੇ ਵਿਚ ਲੱਗ ਪਈ। (ਪਰ ਅੰਤ ਇਸੇ ਬੁੱਧੀ ਨੂੰ ਸਾਰੰਗ ਧਰ ਦਾ ਤੇ ਅਵਿਨਾਸ਼ੀ ਆਤਮ ਜੀਵਨ ਦਾ ਪਤਾ ਲੱਗ ਗਿਆ ਤਾਂ ਅਰਦਾਸ ਕਰਨ ਲੱਗੀ ਕਿ) ਹੇ ਸਾਰਿੰਗ ਧਰ ! (=ਭਗਵਾਨ ਜੀ) ਮੈਨੂੰ ਤੁਸੀ ਅੰਤਰ ਆਤਮੇ ਦੇ ਸਹਜ ਭਾਵ ਵਿਚ ਲਾਈ ਰੱਖੋ। ਇਸ ਦਸ਼ਾ ਨੂੰ ਵੱਡੇ ਭਾਗਾਂ ਵਾਲਾ ਹੀ ਮਿਲ ਸਕਦਾ ਹੈ। (ਇਹ ਮਾਨੁਖੀ ਸਰੀਰ ਹੀ) ਬ੍ਰਿੰਦਾਬਨ ਹੈ ਜੋ ਮਨ ਹਰਨ ਵਾਲਾ ਹੈ, (ਇਸ ਦੇ ਅੰਦਰ ਬੈਠਾ) (ਮਨੋਹਰ=) ਸੁੰਦਰ ਅੰਤਰ ਆਤਮਾ ਹੈ ਜੋ ਸਰੀਰ ਦੀਆਂ ਸਭ (ਗਾਊ=) ਇੰਦ੍ਰੀਆਂ ਨੂੰ ਚਲਾਉਂਦਾ ਹੈ। ਹੇ (ਸਾਰਿੰਗ ਧਰ=) ਸਰਬ ਅੰਗਾਂ ਦੇ ਆਧਾਰ (ਮੇਰਾ ਠਾਕੁਰ ਤੂੰ ਹੀ ਹੈਂ) ਮੇਰਾ ਨਾਉ ਕਬੀਰ ਕਬੀਰ ਕਹਿੰਦੇ ਹਨ (ਜੋ ਰਾਧਕਾ ਤੁੱਲ ਤੇਰਾ ਪ੍ਰੇਮੀ) ਹੋ।

ਇਸ ਪ੍ਰਕਾਰ ਦੇ ਅਰਥ ਹੋਰ ਬੀ ਲਾਏ ਜਾ ਸਕਦੇ ਹਨ, ਪਰੰਤੂ ਉਨ੍ਹਾਂ ਵਿਚ ਦੀ ਅਨੇਕਤਾ ਵਿਦਵਾਨਾਂ ਦੀ ਵਿੱਦਵਤਾ ਦੇ ਪ੍ਰਵਾਜ਼ ਦੀ ਲਖਾਯਕ ਹੀ ਹੁੰਦੀ ਹੈ।

ਨਿਰੁਕਤ—**ਆਸ-ਪਾਸ**—ਆਲੇ ਦੁਆਲੇ। ਨੇੜੇ, ਕੋਲ।

ਘਨ—[ਸੰਸ:,] ਸੰਘਣਾ। ਸੰਘਣੇ।

ਤੁਰਸੀ—ਤੁਲਸੀ [ਸੰਸ:, ਤੁਲਸੀ] ਇਕ ਛੋਟੀ ਝਾੜੀ ਹੈ ਜਿਸ ਦੇ ਪੱਤੇ ਤੇ ਮੁੰਜਰਾਂ ਸੁਗੰਧਤ ਹੁੰਦੀਆਂ ਹਨ। ਹਿੰਦੂ ਇਸ ਨੂੰ ਪੂਜਦੇ ਹਨ। ਔਖਧੀਆਂ ਦੇ ਕੰਮ ਬੀ ਆਉਂਦੀ ਹੈ। ਮਥਰਾ ਦੇ ਨੇੜੇ ਜੋ ਪ੍ਰਸਿਧ ਤੀਰਥ ਹੈ, ਬ੍ਰਿੰਦਾ ਬਨ ਜਿਸ ਨੂੰ ਆਖਦੇ ਹਨ, ਉਸ ਦਾ ਨਾਉਂ ਬੀ ਤੁਲਸੀ ਕਰਕੇ ਪਿਆ ਹੈ। ਬਿਰਵਾ—[ਸੰ:, ਵਿਰੂਹ੍ (ਧਾ:) ਉਗਣਾ, ਪੌਦਾ ਲਾਉਣਾ] ਪੇੜ। ਬੂਟਾ।

ਬਨਾਰਸਿ ਗਾਊਂ—ਇਸ ਦਾ ਇਕ ਪਾਠ ਇਸ ਤਰ੍ਹਾਂ ਕਰਦੇ ਹਨ:—ਬਨਾਰਸਿ ਗਾਊਂ = ਬਨਾਰਸਿ ਨਾਮੇ ਪਿੰਡ। ਕਾਸ਼ੀ ਨਾਮੇ ਪਿੰਡ। ਇਹ ਅਰਥ ਅਢੁੱਕਵਾਂ ਹੈ ਕਿਉਂਕਿ ਬਨਾਰਸ ਜੋ ਕਾਸ਼ੀ ਦਾ ਨਾਮ ਹੈ ਉਹ ਬੜਾ ਭਾਰੀ ਸ਼ਹਰ ਹੈ, ਗਾਉਂ ਨਹੀਂ ਹੈ।

ਦੂਸਰਾ ਅਰਥ ਕੀਤਾ ਜਾਂਦਾ ਹੈ—'ਬਰਸਾਨਾ ਗਾਉਂ'। ਬਰਸਾਨਾ ਇਕ ਗਾਉਂ ਹੈ ਜੋ ਬ੍ਰਿੰਦਾ ਬਨ ਤੋਂ ਚੌਵੀ ਪੰਝੀ ਕੋਹ ਤੇ ਹੈ। ਇਹ ਸ੍ਰੀ ਕ੍ਰਿਸ਼ਨ ਜੀ ਦੀ ਪ੍ਰੇਮਣ ਸ੍ਰੀ ਰਾਧਕਾਂ ਦਾ ਵਤਨ ਹੈ। ਜੋ ਮਥਰਾ ਦੇ ਜ਼ਿਲੇ ਛਤਾ ਤਸੀਲ ਵਿਚ ਬ੍ਰਿਜ ਦੀ ਭੂਮੀ ਵਿਚ ਹੈ।

ਪਰ ਇਹ ਅਗ਼ਲਬ ਘੱਟ ਹੈ ਕਿ ਸ੍ਰੀ ਕਬੀਰ ਜੀ ਬਰਸਾਨਾ ਨੂੰ ਬਨਾਰਸ ਆਖਣ ਤੇ ਏਥੇ ਬਨਾਰਸ ਦੇ 'ਸ' ਨੂੰ ਸਿਹਾਰੀ ਲਗੀ ਹੈ; ਸ਼ਹਰ ਬਨਾਰਸ ਦੇ 'ਸ' ਨੂੰ ਸਿਹਾਰੀ ਨਹੀਂ ਹੁੰਦੀ। ਇਸ ਲਈ 'ਬਨਾ ਰਸਿ ਗਾਊਂ' ਜੋ ਇਸ ਦਾ ਪਾਠ ਕਰੀਦਾ ਹੈ ਤਾਂ ਅਰਥ ਸੁਹਣੇ ਫਬਦੇ ਹਨ ਕਿ ਵਿਚਾਲੇ 'ਰਸ ਵਿਚ ਰਤਾ' (ਕ੍ਰਿਸ਼ਨ ਗੀਤ) ਗਾਉਣ ਵਾਲਾ ਹੈ ਯਾ ਗਾਉਂ ਰਿਹਾ ਹੈ। 'ਬਨਾ ਰਸਿ ਗਾਊਂ ਦਾ ਅਰਥ ਰਸ ਵਿਚ ਬਣਿਆਂ (ਫਬਿਆ ਗਾਉਂ) ਅਰਥ ਢੁੱਕ ਸਕਦਾ ਹੈ। 'ਗਾਉਂ' ਵਾਸਤੇ ਬੀ 'ਗਾਉਂ' ਹੋ ਸਕਦਾ ਹੈ ਤੇ ਗਾਇਨ ਅਰਥਾਂ ਵਾਲੇ 'ਗਾਊਂ' ਵਾਸਤੇ ਬੀ।

ਗੁਆਰਨਿ—[ਸੰ:, ਗੋਪਾਲਿਕਾ। ਹਿੰ:, ਗ੍ਵਾਲਿਨ] ਗੁਆਲਨਿ, ਗੁਆਲਿਨੀ ਦਾ ਸੰਖੇਪ। ਗੁਆਲਾ ਪਦ ਦਾ ਇਸਤ੍ਰੀ ਲਿੰਗ ਜਿਸ ਦਾ ਅਰਥ ਹੈ ਗਊਆਂ ਪਾਲਣ, ਚਰਾਉਣ ਵਾਲਾ, ਗੁੱਜਰ। ਏਥੇ ਭਾਵ ਸ੍ਰੀ ਰਾਧਿਕਾਂ ਜੀ ਨਾਮੇ ਪ੍ਰਸਿੱਧ ਕ੍ਰਿਸ਼ਨ ਪ੍ਰੇਮਣ ਤੋਂ ਲੈਂਦੇ ਹਨ।

ਆਉ ਨ ਜਾਹੂ—ਨਾ ਆਉਣਾ ਜਾਣਾ।

ਜਾਊ— ਜਾਹੂ = ਜਾਓ = ਜਾਵੀਂ। ਜਾਵਾਂ ਤੋਂ ਜਾਵੀਂ।

ਸਾਰਿੰਗਧਰ—[ਸੰਸ:, ਸਾਰੰਗਧਰ:= ਧਨੁਖ ਧਾਰੀ। ਪ੍ਰਿਥਵੀ ਧਾਰਨ ਵਾਲਾ ਸ੍ਰਿਸ਼ਟੀ ਸੰਭਾਲਣ ਵਾਲਾ] ਪਰਮਾਤਮ ਦੇਵ। ਪਿਛੇ ਸ਼ਬਦ ਇਕਾਠਵੇਂ ਵਿਚ ਆਪ ਪਦ ਸਾਰੰਗ ਪਾਣੀ ਦਾ ਅਰਥ 'ਉਰਵਾਰਿ ਪਾਰਿ ਸਭ ਏਕੋ ਦਾਨੀ ਵਜਾਪਕ ਪ੍ਰਭੂ ਦਾ ਵਾਚਕ ਆਪ ਦੱਸ ਆਏ ਹਨ ਅਤੇ ਸ਼ਬਦ ਅਠਵੰਜਵੇਂ ਵਿਚ—ਪਦ—ਰਾਮ, ਮਾਧਉ, ਗੋਬਿੰਦ, ਧਰਣੀ ਧਰ (ਜੋ ਸਾਰਿੰਗਧਰ ਦਾ ਪ੍ਰਯਾਯਵਾਚੀ ਹੈ), ਪ੍ਰਭੂ, ਮੁਕੰਦ, ਨਾਰਾਇਣ, ਮੁਰਾਰੀ, ਏਹ ਸਾਰੇ ਪਦ, ਇੱਕੋ ਪਰਮਾਤਮ ਦੇਵ ਦੇ ਅਰਥਾਂ ਵਿਚ ਵਰਤ ਆਏ ਹਨ।

ਬਿੰਦ੍ਰਾਬਨ—[ਸੰਸ:, ਵ੍ਰਿੰਦਾਵਨੰ = ਮਥੁਰਾ ਵਿਚ ਇਕ ਤੀਰਥ ਸਥਾਨ ਦਾ ਨਾਮ। ਵ੍ਰਿੰਦਾ = ਤੁਲਸੀ। ੨. ਗੋਕੁਲ ਦੇ ਨੇੜੇ ਦੇ ਇਕ ਬਨੰ ਦਾ ਨਾਮ] ਇਕ ਤੀਰਥ ਅਸਥਾਨ ਜਮਨਾ ਦੇ ਕਿਨਾਰੇ ਮਥਰਾ ਦੇ ਜ਼ਿਲੇ ਵਿਚ ਜਿੱਥੇ ਤੁਲਸੀ ਦਾ ਬਨ ਸੀ ਅਤੇ ਜਿਥੇ ਕੇਦਾਰ ਦੀ ਪੁਤ੍ਰੀ ਬ੍ਰਿੰਦਾ ਨੇ ਤਪ ਕੀਤਾ ਸੀ। ਜਿਥੇ ਸ੍ਰੀ ਕ੍ਰਿਸ਼ਨ ਜੀ ਸ੍ਰੀ ਰਾਧਿਕਾਂ ਤੇ ਹੋਰ ਗੋਪੀਆਂ ਨਾਲ ਕ੍ਰੀੜਾ ਕਰਦੇ ਰਹੇ; ਯਥਾ:—

ਬਿੰਦ੍ਰਾ ਬਨ ਮਹਿ ਰੰਗੁ ਕੀਆ॥ [ਵਾਰ ਆਸਾ ਮਹਲਾ ੧-੧੩]

ਮਨ ਹਰਨ—[ਸੰਸ:,] ਮਨ ਨੂੰ ਚੁਰਾ ਲੈਣ ਵਾਲਾ। ਅਪਣੇ ਪਰ ਮੋਹਿਤ ਕਰ ਲੈਣ ਵਾਲਾ।

ਮਨੋਹਰ—[ਸੰਸ:,] ਮਨ ਨੂੰ ਖਿੱਚ ਲਵੇ ਜੋ। ਭਾਵ ਐਨਾਂ ਸੁੰਦਰ ਕਿ ਮਨ ਮੋਹਿਆ ਜਾਵੇ। ਜਾਪਦਾ ਹੈ ਕਿ ਮਨ ਹਰਨ ਵਿਸ਼ੇਸ਼ਨ ਹੈ 'ਬਿੰਦ੍ਰਾਬਨ' ਦਾ ਅਤੇ ਮਨੋਹਰ ਵਿਸ਼ੇਸ਼ਣ ਹੈ 'ਕ੍ਰਿਸ਼ਨ' ਦਾ।

ਗਾਊ—ਗਊਆਂ। **ਠਾਕੁਰੁ**—ਦੇਖੋ ਪੰਨਾ ੧੯੮੫) ਸੁਆਮੀ, ਮਾਲਕ, ਪਤੀ। **ਮੋਹਿ**—ਮੇਰਾ।

ਕਬੀਰਾ—[ਫਾ:, ਕਬੀਰ = ਵੱਡਾ] ਇਸ ਦਾ ਪੰਜਾਬੀ ਸੰਬੋਧਨ ਕਬੀਰਾ। ਕਬੀਰ ਪਦ ਦਾ ਇਸਤ੍ਰੀ ਲਿੰਗ, ਜਿਵੇਂ ਇੰਦੂ ਦਾ ਇੰਦ੍ਰਾ ਤਿਵੇਂ ਕਬੀਰ ਤੋਂ ਕਬੀਰਾ, ਕਬੀਰ ਜੀ ਆਪ ਨੂੰ ਰਾਧਕਾਂ ਦੀ ਤਰ੍ਹਾਂ ਪਰਮਾਤਮਾ ਦੀ ਪ੍ਰੇਮਣ ਦੱਸ ਰਹੇ ਹਨ, ਇਸ ਕਰਕੇ ਇਸਤ੍ਰੀ ਲਿੰਗ ਬਨਾਇਆ ਕਬੀਰ ਪਦ ਨੂੰ। ਕਬੀਰ ਦਾ ਕੰਨਾ ਸ੍ਵਾਰਥ ਪ੍ਰਤ ਬੀ ਹੁੰਦਾ ਹੈ; ਅਰਥ ਕੇਵਲ ਕਬੀਰ ਹੀ ਹੈ। ਕਈ ਜਗਾ ਕਬੀਰ ਜੀ ਨੇ 'ਕਬੀਰਾ' ਪਦ ਕੇਵਲ 'ਕਬੀਰ' ਦੀ ਥਾਵੇਂ ਵਰਤਿਆ ਹੈ। ਕਈ ਥਾਂ ਮੁਰਾਦ ਵਡਾ ਬੀ ਹੁੰਦੀ ਹੈ ਕਿ ਤੇਰੇ ਪ੍ਰੇਮ ਕਰਕੇ ਮੇਰਾ ਨਾਮ 'ਵਡਾ' = ਕਬੀਰ ਪੈ ਗਿਆ। **ਨਾਊ**—ਨਾਉਂ, ਨਾਮ।

[ਗਉੜੀ ਕਬੀਰ ਜੀ, ਚਉਪਦਾ—੬੭]

ਪ੍ਰਾਕ੍ਕਥਨ—ਸੁਚ ਸੰਜਮੀ, ਤਿਆਗੀ,ਬਨਬਾਸੀ, ਦੇਵਾਂ ਦੇ ਪੂਜਕ, ਤੀਰਥਾਂ ਦੇ ਇਸ਼ਨਾਨੀ ਆਦਿ ਧਰਮੀ ਲੋਕ, ਦੁਨੀਆਂਦਾਰ ਮਾਇਆ ਨੂੰ ਲਿਪਟੇ ਲੋਕ, ਵਿਦਵਾਨ ਗਜਾਨੀ ਧਜਾਨੀ ਉਪਦੇਸ਼ਕ ਸਭ ਮਾਇਆ ਤੇ ਭੁਲਾਵੇ ਹੋਏ ਹਨ ਤੇ ਸਾਰੇ ਧੰਦਿਆਂ ਵਿਚ ਫਾਥੇ ਪਏ ਹਨ, ਇਕ ਰਾਮ ਨਾਮ ਹੈ ਜਿਸ ਨਾਲ ਮਾਇਆ ਦੇ ਭੁਲੇਵੇਂ ਦੂਰ ਹੋਕੇ ਗਿਆਨ ਨੇਤ੍ਰ ਖੁੱਲ੍ਹਦੇ ਹਨ।

ਮੂਲ	ਅਰਥ
ਗਉੜੀ ਪੂਰਬੀ ੧੨ ॥ ਬਿਪਲ ਬਸਤ੍ਰ ਕੇਤੇ ਹੈ ਪਹਿਰੇ ਕਿਆ ਬਨ ਮਧੇ ਬਾਸਾ॥ ਕਹਾ ਭਇਆ ਨਰ ਦੇਵਾ ਧੋਖੇ ਕਿਆ ਜਲਿ ਬੋਰਿਓ ਗਿਆਤਾ ॥੧॥	(ਜੇ ਪੱਟ ਪਸ਼ਮੀਨੇ ਆਦਿ ਦੇ ਸੁੱਚੇ ਸਮਝਕੇ) ਬਹੁਤ (ਤੇ ਕੇਤੇ=) ਕਈ ਪ੍ਰਕਾਰ ਦੇ ਬਸਤ੍ਰ ਪਹਿਨ ਲਏ ਤਾਂ ਕੀਹ ਬਣਿਆ (ਤੇ) ਕੀਹ ਬਣਿਆ (ਜੇ ਕਿਸੇ ਨੇ ਇਹ ਬੀ ਤਜਾਗ ਕੇ ਭੋਜ ਪੱਤ੍ਰ, ਮ੍ਰਿਗਛਾਲਾ ਆਦਿ ਪਹਿਨਕੇ) ਬਨ ਵਿਚ ਜਾ ਵਾਸਾ ਕੀਤਾ। ਕੀਹ ਬਣਿਆਂ ਜੇ ਬ੍ਰਾਹਮਣ ਪੂਜੇ ਪਾਲੇ ਕੀਹ ਬਣਿਆ ਜੇ (ਤੀਰਥ-) ਜਲ ਵਿਚ ਸ਼ਰੀਰ ਜਾ ਡੋਬਿਆ॥ ੧॥
ਜੀਅਰੇ ਜਾਹਿਗਾ ਮੈ ਜਾਨਾਂ ॥ ਅਬਿਗਤ ਸਮਝੁ ਇਆਨਾ ॥ ਜਤ ਜਤ ਦੇਖਉ ਬਹੁਰਿ ਨ ਪੇਖਉ ਸੰਗਿ ਮਾਇਆ ਲਪਟਾਨਾ ॥੧॥ ਰਹਾਉ ॥	ਹੇ (ਮੇਰੇ ਮਨ ! ਇਹ ਤਾਂ ਮੈਂ ਜਾਣਦਾ ਹਾਂ (ਕਿ ਤੂੰ ਏਥੋਂ) ਚਲੇ ਜਾਣਾ ਹੈ (ਪਰ) ਹੇ ਮੂਰਖ ! ਸਮਝ ਲੈ (ਕਿ ਤੂੰ ਅਬਿਗਤ=) ਬਿਨਾ ਮੁਕਤ ਹੋਏ ਦੇ (ਜਾਣਾ) ਹੈ (ਕਿਉਂਕਿ ਜਿਸ) ਮਾਯਾ ਨਾਲ ਤੂੰ ਲਿਪਟ ਰਿਹਾ ਹੈਂ (ਉਹ ਨਾਲ ਨਹੀਂ ਜਾਂਦੀ, ਉਹ ਐਸੀ ਚੰਚਲ ਹੈ ਕਿ) ਜਿਥੇ ਜਿਥੇ ਇਸ ਨੂੰ ਦੇਖੀ ਦਾ ਹੈ ਫੇਰ (ਸਮਾਂ ਪਾ ਕੇ ਓਥੇ) ਨਜ਼ਰ ਨਹੀਂ ਆਉਂਦੀ (ਭਾਵ ਜੋ ਅੱਜ ਅਮੀਰ ਹੈ ਕੱਲ ਕੰਗਾਲ ਹੈ)॥ ੧॥ ਰਹਾਉ॥
ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥ ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ ॥੨॥੧॥੧੬॥੬੭॥	(ਤੂੰ ਹੀ ਨਹੀਂ ਹੇ ਮਨ ! ਵਿਦਵਾਨ ਬੀ ਮਾਯਾ ਨੂੰ ਲਿਪਟ ਰਹੇ ਹਨ ਦੇਖ) ਗਜਾਨੀ ਧਿਆਨੀ, ਬਹੁਤ (ਪ੍ਰਕਾਰ ਦਾ) ਉਪਦੇਸ਼ਕ (ਬਣ ਜਾਣਾ ਇਹ ਬੀ ਸਾਰਾ ਜਗਤ ਧੰਦਾਲ ਹੈ (ਭਾਵ ਹੋਰ ਜਗਤ ਦੇ ਧੰਦਿਆਂ ਵਾਂਙੂ ਇਹ ਬੀ ਮਾਇਆ ਪ੍ਰਾਪਤੀ ਦਾ ਇਕ ਧੰਦਾ ਬਣ ਰਿਹਾ ਹੈ)। ਆਖ ਹੇ ਕਬੀਰ ! ਇਕ ਰਾਮ ਦੇ ਨਾਮ (ਦੁਆਰਾ ਕੀਤੀ ਭਗਤੀ) ਤੋਂ ਬਿਨਾਂ ਇਹ (ਸਾਰਾ) ਜਗਤ

ਮਾਇਆ (ਦੇ ਕਾਰਣ) ਅੰਨ੍ਹਾ (ਹੋ ਰਿਹਾ) ਹੈ। (ਭਾਵ ਮਾਇਆ ਨੇ ਸਤਜ ਵੀਚਾਰ ਦੇ ਨੇਤ੍ਰ ਬੰਦ ਕਰ ਰਖੇ ਹਨ ਜੋ ਰਾਮ ਨਾਮ ਦੇ ਅਭਜਾਸ ਨਾਲ ਖੁੱਲ੍ਹਦੇ ਹਨ)॥੨॥੧॥੧੬॥੬੭॥

ਵਜਾਖਜਾ— ਸ੍ਰੀ ਕਬੀਰ ਜੀ ਇਸ ਸਬਦ ਵਿਚ ੧. ਪਰਮਾਰਥੀ ਕਹਿਲਾਉਣ ਵਾਲਿਆਂ ਨੂੰ, ੨. ਮਾਇਆ ਪ੍ਰੇਮੀਆਂ ਨੂੰ, ੩ ਵਿਦਵਾਨਾਂ ਨੂੰ, ਮਾਇਆ ਦੇ ਪਾਏ ਅੰਧਕਾਰ ਵਿਚ ਫਾਥੇ ਵੇਖ ਕੇ ਅਪਣੇ ਮਨ ਨੂੰ ਉਪਦੇਸ਼ ਕਰਦੇ ਹਨ ਕਿ ਤੂੰ ਬੀ ਮਾਇਆ ਵਿਚ ਜੇ ਰਿਹਾ ਤਾਂ ਇਨ੍ਹਾਂ ਵਾਂਙੂ ਅਬਿਗਤ ਜਾਏਂਗਾ। ਅਬਿਗਤ ਤੋਂ ਮੁਰਾਦ ਐਸੀ ਮਾੜੀ ਹਾਲਤ ਵਿਚ ਮਰਨੇ ਦੀ ਹੁੰਦੀ ਹੈ ਕਿ ਮਰਕੇ ਕੋਈ ਠੌਰ ਠਾਉਂ ਨਾ ਲੱਭੇ। ਆਮ ਬੋਲ ਚਾਲ ਵਿਚ ਬੋਲਦੇ ਹਨ 'ਫਲਾਣਾ ਵਿਹੁ ਖਾ ਕੇ ਮੋਇਆ ਹੈ, ਭੈੜਾ ਅਬਿਗਤਿ ਗਿਆ'। ਹੇ ਮਨ ! ਤੂੰ ਮਰਨਾਂ ਤਾਂ ਸਹੀ ਜਾਣਦਾ ਹੈਂ, ਪਰ ਅਵਿਗਤਿ ਮਰਨੇ ਦਾ ਕੀਹ ਲਾਭ ? ਤੈਨੂੰ ਭੁਲਾ ਰਹੀ ਹੈ ਮਾਇਆ। ਜੇਹੜੀ ਭੁਲਾ ਰਹੀ ਹੈ ਵਿਦਵਾਨਾਂ ਨੂੰ ਜੋ ਗਜਾਨ ਪੜ੍ਹੇ ਹਨ, ਜੋ ਧਜਾਨੀ ਹਨ, ਜੋਗ ਕਮਾਉਂਦੇ ਹਨ, ਹੋਰ ਨਾਨਾ ਪ੍ਰਕਾਰ ਦੇ ਉਪਦੇਸ਼ ਕਰਨ ਵਾਲੇ ਹਨ, ਸਭ ਨੇ ਅਪਣੇ ਇਨ੍ਹਾਂ ਕੰਮਾਂ ਨੂੰ ਬੀ ਮਾਇਆ ਪ੍ਰਾਪਤੀ ਦਾ ਵਸੀਲਾ ਬਣਾ ਰਖਿਆ ਹੈ। ਮਾਇਆ ਨੇ 'ਗਜਾਨ ਵੀਚਾਰ ਦੇ ਨੇਤ੍ਰ' ਇਨ੍ਹਾਂ ਦੇ ਬੰਦ ਕਰ ਰਖੇ ਹਨ। ਤੂੰ ਨਾ ਅਪਣੇ ਨੇਤ੍ਰ ਬੰਦ ਰੱਖ ਕੇ ਏਥੋਂ ਜਾਈਂ। ਕਿਵੇਂ ਖੁੱਲ੍ਹਦੇ ਹਨ ਮਾਇਆ ਦੇ ਮੋਤੀਆ ਬਿੰਦ ਵਾਲੇ ਨੈਣ ? ਫੁਰਮਾਉਂਦੇ ਹਨ 'ਇਕ' 'ਰਾਮ ਨਾਮ' ਨਾਲ। ਰਾਮ ਨਾਮ ਦਾ ਅਭਜਾਸ ਜੋ ਸਾਂਈਂ ਦੀ ਪ੍ਰੇਮਾ ਭਗਤੀ ਦਾ ਸਾਧਨ ਹੈ ਸਾਂਈਂ ਦੇ ਨੇੜੇ ਲੈ ਜਾਂਦਾ ਹੈ, ਹਜ਼ੂਰੀ ਵਾਸ ਦੇਂਦਾ ਹੈ। ਹਰਿ ਰਸ, ਹਰਿ ਧਨ ਪ੍ਰਾਪਤ ਕਰਾ ਦੇਂਦਾ ਹੈ ਅੰਤ ਨਾਮੀ ਵਿਚ ਪੁਚਾ ਦੇਂਦਾ ਹੈ, ਐਉਂ ਸਦਾ ਥਿਰ ਵਿਚ ਪਹੁੰਚ ਕੇ ਸੁਭਗਤੀ ਵਾਲਾ ਹੋ ਕੇ ਮੁਕਤ ਹੋ ਜਾਂਦਾ ਹੈ।

ਨਿਰੁਕ—ਬਿਪਲ—[ਸੰਸ, ਵਿਪੁਲ = ਬਹੁਤ] ਬਹੁਤੇ।

ਕੇਤੇ—ਕਈ, ਕਈ ਪ੍ਰਕਾਰ ਦੇ: ਪਟ, ਪਸ਼ਮੀਨਾ, ਰੰਗਾ ਰੰਗੀ ਗੋਦੜੀ, ਮ੍ਰਿਗਛਾਲਾ, ਭੋਜਪੱਤ੍ਰ ਆਦਿ। (ਅ) ਸੰਪ੍ਰਦਾ ਵਿਚ ਵਿਪਲ ਪਦ 'ਬਲਕਲ' ਦਾ ਦੂਸਰਾ ਰੂਪ ਮੰਨਿਆ ਹੈ। ਬਲਕਲ ਨਾਮ ਹੈ ਭੋਜ ਪੱਤ੍ਰ ਆਦਿ ਬ੍ਰਿਛਾਂ ਦੀ ਛਿੱਲ, ਜਿਨ੍ਹਾਂ ਤੋਂ ਬਸਤ੍ਰ ਬਣ ਜਾਂਦਾ ਹੈ।

ਕਿਆ—[ਹਿੰਦੀ] ਕੀਹ। ਭਾਵ ਹੈ ਕੀ ਲਾਭ, ਕੀ ਬਣਿਆ। 'ਕਿਆ' ਪਦ ਏਥੇ ਦੇਹੁਰੀ ਦੀਪਕ ਹੈ।ਮੁਹਰਲੀ ਸਤਰ ਤੇ ਮਗਰਲੀ ਸਤਰ ਦੋਹਾਂ ਦੇ ਵਿਚਾਲੇ ਦੋਹਾਂ ਨੂੰ ਪ੍ਰਕਾਸ਼ਦਾ ਹੈ।

ਨਰ ਦੇਵਾ—[ਸੰਸ:, ਨਰ:+ਦੇਵ:] ਮਾਨੁਖ (ਤੇ) ਦੇਵਤੇ। ਮੁਰਾਦ ਹੈ ਆਪੂੰ ਬ੍ਰਹਮ ਕਹਾ ਕੇ ਪੂਜਣ ਯੋਗ ਬਣੇ ਬੈਠੇ ਮਾਨੁੱਖ ਤੇ ਮਿੱਟੀ, ਪੱਥਰ, ਕਾਸ਼ਟ ਆਦਿ ਦੇ ਬਣਾਏ ਹੋਏ ਤੇ ਪੂਜੇ ਜਾ ਰਹੇ ਦੇਵਤੇ। (ਅ) ਐਉਂ ਬੀ ਕਰਦੇ ਹਨ:—ਨਰਾਂ ਦੇ ਦੇਵਤੇ (ਪੂਜੇ ਤਾਂ ਕੀ ਹੋਇਆ)। (ੲ) ਭੂਸੁਰ ਦਾ ਅਰਥ ਹੈ ਧਰਤੀ ਦਾ ਦੇਵਤਾ, ਪਰ ਇਸ ਸ਼ਬਦ ਦਾ ਵਰਤਾਉ ਹੈ 'ਬ੍ਰਾਹਮਣ' ਤੇ। ਭੂਸਰ =) ਬ੍ਰਾਹਮਣ, ਇਹੋ ਮਿਸਾਲ ਲੈਕੇ ਨਰ ਦੇਵਾ ਦਾ ਅਰਥ—ਨਰਾਂ ਦਾ ਦੇਵਤਾ='ਬ੍ਰਾਹਮਣ' ਲੈਣ ਦਾ ਖਿਆਲ ਕੀਤਾ ਜਾਂਦਾ ਹੈ। ਗਿਆਤਾ—[ਸੰਸ:, ਗਾਤਮ੍ = ਸਰੀਰ] ਸ਼ਰੀਰ ਨੂੰ (ਅ) ਗਿਆਤਾ ਨੂੰ 'ਗਜਾਤ੍ਰੀ' ਸਮਝਕੇ ਜਾਣਨ ਵਾਲਾ ਅਰਥ ਬੀ ਲਾਉਂਦੇ ਹਨ। ਗਜਾਤਾ = ਸ਼ਾਸਤ੍ਰਾਂ ਦੁਆਰੇ ਜਾਣਨ ਵਾਲਾ ਹੋਕੇ ਕਿ ਤ੍ਰਿਬੇਣੀ (ਪ੍ਰਯਾਗ ਵਿਚ) ਡੁੱਬਣਾ ਕਲਜਾਣ ਕਰਦਾ ਹੈ, (ਆਪਣੇ ਆਪ ਨੂੰ) ਜਲ (ਪ੍ਰਯਾਗ ਤ੍ਰੈ ਨਦੀਆਂ ਦੇ) ਸੰਗਮ ਵਿਚ ਡੋਬ ਦਿੱਤਿਆਂ ਕੀ ਬਣਦਾ ਹੈ। ਪਰ ਇਸ ਅਰਥ ਵਿਚ 'ਅਪਣੇ ਆਪ ਨੂੰ' ਯਾ ਸ਼ਰੀਰ ਨੂੰ' ਏਹ ਪਦ ਉਤੋਂ ਲਾਉਣੇ ਪੈਂਦੇ ਹਨ। 'ਗਿਆਤਾ' ਪਦ ਦਾ 'ਸ਼ਰੀਰ' ਅਰਥ ਲਾਉਣ ਵਿਚ ਹੋਰ ਕੁਛ ਕੋਲੋਂ ਨਹੀਂ

ਲਾਉਣਾ ਪੈਂਦਾ।

ਜਾਹਿਗਾ—ਚਲਾ ਜਾਏਗਾ, (ਸਰੀਰ ਛੋੜਕੇ) ਟੁਰ ਜਾਏਗਾ।

ਅਬਿਗਤੁ—[ਸੰਸ., ਵਿਗਤ = ਅਪਗਤਿ] ਮੰਦ ਗਤੀ, ਜਿਸ ਦੀ ਮਰਕੇ ਹਾਲਤ ਮਾੜੀ ਹੋਵੇ। 'ਅਬਿਗਤ ਮੌਤ' ਪਦ ਪ੍ਰਸਿੱਧ ਹੈ ਭੈੜੀ ਕਿਸਮ ਦੀਆਂ ਮੌਤਾਂ ਲਈ, ਜਿਵੇਂ ਕਿ ਖ਼ੁਦਕੁਸ਼ੀ ਹੈ। (ਅ) ਅਬਿਗਤ [ਅਵਿਗਜੇਯ = ਜੋ ਜਾਣਿਆ ਨਾ ਜਾ ਸਕੇ, ਜੋ ਨਾਸ਼ ਨਾ ਹੋਵੇ। (ਅ) ਅਵ੍ਯਕ੍ਤ = ਦੇਹ ਰਹਿਤ, ਨਿਰਗੁਣ] ਪਰਮੇਸ਼ੁਰ। ਇਹ ਅਰਥ ਲਾਉਣ ਵੇਲੇ ਤੁਕ ਦੇ ਅਰਥ ਐਉਂ ਕਰੀਦੇ ਹਨ:- ਹੇ ਇਆਣੇ ! ਪਰਮਾਤਮਾ ਨੂੰ ਸਮਝ।

ਗਿਆਨੀ—ਗਿਆਨ ਵਾਲੇ। ਸਾਖੀ, ਵੇਦਾਂਤੀ, ਬੋਧੀ ਆਦਿ।

ਧਿਆਨੀ—ਧ੍ਯਾਨ ਲਾਉਣ ਵਾਲੇ। ਯੋਗੀ।

ਬਹੁ ਉਪਦੇਸੀ—ਹਰ ਰਹੁ ਤੇ ਉਪਦੇਸ਼ ਕਰਨ ਵਾਲੇ। ਏਹ ਸਾਰੇ ਪ੍ਰਕਾਰ ਦੇ ਵਿਦਵਾਨ ਬਣ ਜਾਣਾ ਬੀ ਇਕ ਜਗਤ ਦਾ ਧੰਦਾ ਬਣ ਜਾਂਦਾ ਹੈ। ਭਾਵ ਏਹ ਪ੍ਰਾਪਤੀਆਂ ਪਾਕੇ ਇਨ੍ਹਾਂ ਤੋਂ ਬੀ ਮਾਯਾ ਕਮਾਉਣ ਦਾ ਕੰਮ ਲੀਤਾ ਜਾਂਦਾ ਹੈ। ਗ੍ਯਾਨੀਆਂ, ਧ੍ਯਾਨੀਆਂ, ਉਪਦੇਸ਼ੀਆਂ ਨੂੰ ਬੀ ਮਾਯਾ ਲਿਪਟ ਰਹੀ ਹੈ ਤੇ ਓਹ ਮਾਯਾ ਨੂੰ ਲਿਪਟ ਰਹੇ ਹਨ। (ਅ) ਐਉਂ ਬੀ ਲਾਉਂਦੇ ਹਨ ਕਿ ਗ੍ਯਾਨੀ ਧ੍ਯਾਨੀ ਉਪਦੇਸ਼ੀ ਬੀ ਇਹੋ ਗੱਲ ਆਖਦੇ ਹਨ ਕਿ ਇਹ ਸਾਰਾ ਸੰਸਾਰ ਧੰਦਾ ਹੀ ਹੈ। 'ਇਹੋ ਗੱਲ ਆਖਦੇ ਹਨ' ਦਾ ਅਧ੍ਯਾਹਾਰ ਕਰਨਾ ਪੈਂਦਾ ਹੈ ਤੇ ਪ੍ਰਸੰਗ ਦਾ ਵੇਗ ਜੋ ਚਲਾ ਆ ਰਿਹਾ ਹੈ ਉਸ ਨੂੰ ਖਿੱਚ ਨਾਲ ਮੋੜਨਾ ਪੈਂਦਾ ਹੈ।

ਅੰਧਾ—ਨੇਤ੍ਰਹੀਨ। ਭਾਵ ਹੈ ਗਿਆਨ ਦੇ ਨੇਤ੍ਰਾਂ ਤੋਂ ਹੀਨ। ਮਾਯਾ ਦੇ ਗੁਬਾਰ ਕਰਕੇ ਅਗ੍ਯਾਨ ਦੇ ਅੰਧਕਾਰ ਹੇਠ ਆਇਆ ਹੋਇਆ।

[ਗਉੜੀ ਕਬੀਰ ਜੀ, ਚਉਪਦਾ—੬੮]

ਪ੍ਰਾਕ੍ਥਨ—ਉਪਦੇਸ਼ ਹੈ ਕਿ ਅੰਦਰੋਂ ਤਾਂ ਮਨ ਦੇ ਸੰਸੇ ਭਰਮ ਤੇ ਬਾਹਰੋਂ ਲੋਕ ਲਾਜ ਦਾ ਭੈ, ਏਹ ਦੋਏ ਭੈ ਤੇ ਭਰਮ ਤ੍ਯਾਗ ਕੇ ਭਗਤੀ ਕਰੇ ਤਾਂ ਸਿੱਧੀ ਪ੍ਰਾਪਤ ਹੁੰਦੀ ਹੈ।

ਮੂਲ	**ਅਰਥ**
ਗਉੜੀ ੧੨ ॥ ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ ॥ ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥੧॥	ਹੇ ਮਾਇਆ ਦੇ ਦੰਡੇ (= **ਸਜ਼ਾਵਾਰ ਵਾਂਙੂ ਆਪਣੀ ਕੈਦ ਵਿਚ** ਰਖੇ ਹੋਏ ਮੇਰੇ) ਮਨ! ਭਰਮ ਨੂੰ ਛਡ ਦੇਹ (ਤੇ ਬਾਹਰੋਂ ਲੋਕ ਲਾਜ ਨੂੰ ਛੱਡਕੇ) ਪਰਗਟ ਹੋ ਕੇ ਨੱਚ ਪੌ। (ਦੇਖ ਉਹ) ਸੂਰਮਾ ਕਾਹਦਾ ਹੋਇਆ ਜੋ ਸਨਮੁਖ (= ਸਾਹਮਣੇ) ਰਣ ਵੇਖ ਕੇ ਡਰਨ ਲੱਗ ਜਾਏ (ਤੇ ਉਹ) ਸਤੀ ਕਾਹਦੀ (ਜੋ ਸਤੀ ਹੋਣ ਲੱਗੀ) ਭਾਂਡੇ ਇਕੱਠੇ ਕਰਨ ਲੱਗ ਪਵੇ॥ ੧ ॥
ਡਗਮਗ ਛਾਡਿ ਰੇ ਮਨ ਬਉਰਾ ॥ ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥੧॥ ਰਹਾਉ ॥	ਹੇ (ਮੇਰੇ) ਬਾਵਲੇ ਮਨ ! ਡੱਕੋ ਡੋਲੇ ਖਾਣੇ ਛੱਡ ਦੇਹ, (ਜਦ) ਹਥ ਵਿਚ ਸੰਧਉਰਾ ਚਾ ਲਿਆ ਹੈ ਤਾਂ ਹੁਣ (ਸਤੀ ਵਾਂਙੂ) ਸੜਕੇ (ਤੇ ਸੂਰਮੇ ਵਾਂਙੂ) ਮਰਕੇ ਹੀ ਸਿੱਧੀ ਪ੍ਰਾਪਤ ਹੋਣੀ ਹੈ॥ ੧ ॥ ਰਹਾਉ॥

ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ ॥	ਹੇ ਕਾਮ ਕ੍ਰੋਧ ਤੇ ਮਾਯਾ ਵਿਚ ਗਰਕੇ ਹੋਏ ! ਇਸੇ ਤਰ੍ਹਾਂ ਸਾਰਾ ਜਗਤ ਖ਼ਰਾਬ ਹੁੰਦਾ ਹੈ।
ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ ॥੨॥੨॥੧੭॥੬੮॥	ਆਖ ਹੇ ਕਬੀਰ ! (ਹੁਣ ਜੋ ਹੋਵੇ ਸੋ ਹੋਵੇ) ਮੈਂ ਰਾਮ ਨਹੀਂ ਛਡਣਾਂ ਜੋ ਸਾਰੇ ਉੱਚਿਆਂ ਤੋਂ (ਬੀ) ਉੱਚਾ ਹੈ॥੨॥੨॥੧੭॥੬੮॥

ਵ੍ਯਾਖ੍ਯਾ—ਇਸ ਸ਼ਬਦ ਦੀ ਕੋਈ ਉਥਾਨਕਾ ਸੁਣੀ ਪੜ੍ਹੀ ਨਹੀਂ, ਪਰ ਅਨੁਮਾਨ ਹੁੰਦਾ ਹੈ ਕਿ ਇਹ ਸ਼ਬਦ ਅਪਣੀ ਸਿਰ ਬੀਤੀ ਦਾ ਹੈ। ਆਪ ਜੀ ਮੁਸਲਮਾਨ ਘਰ ਪਲੇ, ਮੁਸਲਮਾਨੀ ਸਿਖਾਏ ਗਏ ਸਨ, ਪਰ ਸ਼ੌਕ ਲੱਗ ਗਿਆ ਭਗਤੀ ਦਾ। ਸ੍ਰੀ ਰਾਮਾਨੰਦ ਜੀ ਨੂੰ ਗੁਰੂ ਧਾਰਨ ਕੀਤਾ ਤੇ ਰਾਮ ਨਾਮ ਦੀ ਦੀਖ੍ਯਾ ਲੈ ਕੇ ਭਗਤੀ ਮਾਰਗ ਵਿਚ ਲੱਗ ਪਏ। ਪਹਿਲੋਂ ਗੱਲ ਚੁਪ ਚਾਪ ਰਹੀ ਪਰ ਮਗਰੋਂ ਲੱਗੇ ਧੂੰ ਨਿਕਲਣ ਤਦ ਨਿਸੰਗ ਹੋ ਕੇ ਭਗਤੀ ਮਾਰਗ ਦੇ ਇਕਰਾਰ ਕਰਨੋ ਲੋਕ ਲਾਜ ਆ ਖਲੋਤੀ। ਮੁਸਲਮਾਨੀ ਸ਼ਰਾ ਦੇ ਮਸਲੇ ਹਿੰਦੂ ਕਰਮ ਕਾਂਡੀ ਸ਼ਾਸਤ੍ਰਾਂ ਦੇ ਲੇਖਾਂ ਤੋਂ ਸੰਸੇ ਉਪਜੇ ਤੇ ਨਿਰਸੰਸੇ ਹੋ ਭਗਤੀ ਵਿਚ ਲੱਗ ਪੈਣਾ ਇਕ ਦੁਚਿਤਾਈ ਹੋ ਗਈ। ਓਸ ਅਵਸਥਾ ਵਿਚ ਜਦ ਮਨ ਨੇ ਫੈਸਲਾ ਕੀਤਾ ਕਿ ਜੋ ਹੋ ਸੋ ਹੋ ਸਭ ਕੁਛ ਛੱਡ ਕੇ ਭਗਤੀ ਹੀ ਕਰਨੀ ਹੈ, ਤਦ ਦੀ ਦੁਚਿਤਾਈ ਤੇ ਫੇਰ ਪੱਕੇ ਫੈਸਲੇ ਦਾ ਇਹ ਸ਼ਬਦ ਸਹੀ ਹੁੰਦਾ ਹੈ। ਤਦੋਂ ਹੀ ਸ਼ਾਇਦ ਇਹ ਵਾਕ ਕਹੇ ਹੋਣ:—

ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥
ਪੰਡਿਤ ਮੁਲਾ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥੩॥

[ਭੈਰਉ ਕਬੀਰ ਜੀ ੭]

ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿ ਹਾਰਿ॥

ਅੰਕ ੧—ਅਪਣੇ ਮਨ ਦੀ ਦੁਚਿਤਾਈ ਵੇਖ ਕੇ ਦੁਚਿਤਾਈ ਦੇ ਕਾਰਣਾਂ ਨੂੰ ਮਾਯਕ ਸਮਝ ਕੇ ਮਨ ਨੂੰ ਮਾਯਾ ਦੇ ਦੰਡੇ ਹੋਏ ਕਹਿ ਕੇ ਸੰਬੋਧਨ ਕਰਦੇ ਹਨ। ਦੰਡਿਆਂ ਦੇ ਅਰਥ ਹਨ ਸਜ਼ਾ-ਦਿੱਤੀ ਗਈ। ਗੋਯਾ ਮਾਯਾ ਵਿਚ ਫਸੇ ਹੋਣ ਨੂੰ ਮਾਯਾ ਦੀ ਸਜ਼ਾ ਵਾਂਙੂ-ਦਿੱਤੀ ਕੈਦ-ਦੱਸ ਰਹੇ ਹਨ ਤੇ ਕਹਿ ਰਹੇ ਹਨ ਭ੍ਰਮ ਛੱਡ। ਨਵੇਂ ਭਗਤੀ ਮਾਰਗ ਵਿਚ ਤੂੰ ਜੋ ਧਾਰਨ ਕੀਤਾ ਹੈ, ਉਠ ਰਹੇ ਭ੍ਰਮ ਛੱਡ ਦੇਹ ਤੇ ਮੁਸਲਮਾਨੀ ਮਾਰਗ ਛੱਡ ਕੇ, ਜੋ ਭਗਤੀ ਮਾਰਗ ਲਿਆ ਹੈ ਇਸ ਤੋਂ ਭਾਈਚਾਰੇ, ਬਰਾਦਰੀ ਦੀ ਲੋਕ ਲਾਜ ਤਜਾਗ ਦੇ ਖੁੱਲਮ-ਖੁੱਲਾ ਇਕਰਾਰ ਕਰ ਉਸ ਮਾਰਗ ਦਾ ਜੋ ਤੈਂ ਧਾਰਨ ਕੀਤਾ ਹੈ। ਪ੍ਰਗਟ ਹੋਣਾ ਹੈ ਛਿਪਾ ਨੂੰ ਛੱਡਣਾ, ਛਿਪਾ ਸੀ ਲੋਕ ਲਾਜ ਕਰਕੇ। ਨੱਚਣਾ ਪਦ ਦਾ ਵਰਤਾਉ-ਏਸ ਪ੍ਰਸਿੱਧ ਅਖੌਤ ਵਲ ਲੈ ਜਾਂਦਾ ਹੈ:—'ਅੰਦਰ ਹੋਵੇ ਸੱਚ ਤਾਂ ਬਾਹਰ ਹੋਕੇ ਨੱਚ।" ਜਦ ਜੋ ਤੂੰ ਧਾਰਨ ਕੀਤਾ ਹੈ ਸੱਚ ਹੈ ਤਾਂ ਸੱਚ ਨੂੰ ਕੀਹ ਛਿਪਾ, ਕਰ ਪ੍ਰਗਟ। ਜੇ ਤੂੰ ਸੱਚ ਧਾਰਨ ਕੀਤਾ ਹੈ, ਤਾਂ ਸੱਚ ਨਿਸਚੇ ਵਸਤੂ ਹੈ, ਉਸ ਤੇ ਕਾਹਦਾ ਭ੍ਰਮ। ਇਸ ਪਰ ਮਿਸਾਲ ਦੇਂਦੇ ਹਨ ਕਿ ਸਤੀ ਜੋ ਅਪਣੇ ਨਿਸਚੇ ਵਿਚ ਸੱਚ ਧਾਰ ਲੈਂਦੀ ਹੈ ਤਾਂ ਉਹ ਸਤੀ ਹੁੰਦੀ ਹੈ ਕਿ ਸੰਸੇ ਕਰਦੀ ਹੈ ਕਿ ਮੇਰੇ ਮਗਰੋਂ ਘਰ ਕੌਣ ਸੰਭਾਲੂ ਤੇ ਓਸ ਵੇਲੇ ਘਰ ਦਾ ਵਲੇਵਾ ਕੱਠਾ ਕਰਦੀ ਹੈ ? ਓਹ ਐਸਾ ਨਹੀਂ ਕਰਦੀ, ਸਤੀ ਹੁੰਦੀ ਹੈ। ਇਸੀ ਤਰ੍ਹਾਂ ਸੂਰਮਾ ਰਣ ਦੇ ਸਾਹਮਣੇ ਜਾ ਕੇ ਡਰਦਾ ਹੈ ਕਿ ਚਾ ਭਰਕੇ ਸ਼ਹੀਦ ਹੋਣ ਨੂੰ ਅੱਗੇ ਹੁੰਦਾ ਹੈ ? ਨਿਸਚੇ ਸੱਚਾ ਸੂਰਮਾ ਅੱਗੇ ਵਧਦਾ ਹੈ।

ਰਹਾਉ—ਤਾਂ ਤੇ ਹੇ ਮਨ ਜਿਵੇਂ ਏਹ ਦੁਇ ਡੋਲਦੇ ਨਹੀਂ, ਤੂੰ ਬੀ ਨਾ ਡੋਲ; ਹੁਣ ਤਾਂ ਸਤੀ ਵਾਂਙੂ ਇਸ ਧਾਰਨ ਕੀਤੇ ਮਤੇ ਉਤੇ ਜੋ ਲੋੜ ਪਏ ਤਾਂ ਸਤੀ ਹੋ ਜਾਣਾ ਯਾ ਸੂਰਮੇ ਵਾਂਙੂ ਸ਼ਹੀਦ ਹੋ

ਜਾਣਾ ਹੈ, ਇਹੋ ਸਿਧੀ ਦਾਤਾ ਹੈ। 'ਲੀਨੋ ਹਾਥਿ ਸੰਧਉਰਾ' ਦਾ ਭਾਵ ਹੈ ਕਿ ਜਿਵੇਂ ਸਤੀ ਜਦ ਤਾਈ ਸੰਧਉਰਾ ਹਥ ਵਿਚ ਨਹੀਂ ਲੈਂਦੀ ਸਤੀ ਹੋਣੋ ਰੁਕ ਸਕਦੀ ਹੈ ਪਰ ਜਦ ਸੰਧਉਰਾ ਹੱਥ ਲੈ ਲਵੇ ਤੇ ਫੇਰ ਕਹੇ ਸਤੀ ਨਹੀਂ ਹੁੰਦੀ ਹਾਂ ਤਾਂ ਲੋਕ ਮੱਲੋ ਮੱਲੀ ਚਿਖਾ ਵਿਚ ਵਗਾਹ ਮਾਰਦੇ ਹਨ। ਇਸੀ ਤਰ੍ਹਾਂ ਸੂਰਮਾ ਜੇ ਮੈਦਾਨ ਵਿਚੋਂ ਨੱਸੇ ਤਾਂ ਪਿਛੇ ਖੜੇ ਪਹਿਰੂਏ ਭੱਜੇ ਜਾਂਦੇ ਨੂੰ ਮਾਰ ਘੱਤਦੇ ਹਨ। ਸੋ ਚਾਹੇ ਖੁਸ਼ੀ ਨਾਲ ਚਾਹੋ ਧੱਕੇ ਨਾਲ ਮਰਨਾ ਹੀ ਪੈਂਦਾ ਹੈ। ਹੁਣ ਜਦ ਭਗਤੀ ਮਾਰਗ ਦਾ ਸੰਧਉਰਾ—ਦੀਖਜਾ ਸੰਸਕਾਰ ਤੂੰ ਲੈ ਲਿਆ ਹੈ, ਫੇਰ ਹੁਣ ਉਸੇ ਤੇ ਪਹਿਰਾ ਦਿੱਤਿਆਂ ਸਿੱਧੀ ਮਿਲੇਗੀ। ਦੁਨੀਆਂ ਵਿਚ ਚਾਹੋ ਹਿੰਦੂਆਂ ਵੱਲੋਂ, ਚਾਹੋ ਮੁਸਲਮਾਨਾਂ ਵਲੋਂ, ਕਸ਼ਟ ਮਿਲਨ ਯਾ ਸ਼ਹਾਦਤ ਮਿਲੇ, ਪਿਛੇ ਨਹੀਂ ਹਟਣਾ।

ਅੰਕ ੨—ਪਹਿਲੇ ਅੰਕ ਵਿਚ ਅਪਣੀ ਡਗਮਗਾਹਟ ਦਾ ਕਾਰਣ ਮਾਇਆ ਨੂੰ ਦੱਸਿਆ ਸੀ ਹੁਣ ਫੇਰ ਓਸੇ ਨੂੰ ਦੁਹਰਾਉਂਦੇ ਹਨ ਕਿ ਮਾਇਆ ਵਿਚ ਡੁੱਬਿਆਂ ਰਿਹਾਂ ਹੀ ਜਗਤ ਖ਼ਰਾਬ ਹੁੰਦਾ ਹੈ। ਤੇ ਮਾਯਾ ਵਿਚ ਡੁੱਬਣ ਦਾ ਰੂਪ ਦੱਸਦੇ ਹਨ ਕਾਮ ਤੇ ਕ੍ਰੋਧ ਵਿਚ ਗ਼ਰਕੇ ਰਹਿਣਾ। ਏਥੇ ਕਾਮ ਦਾ ਭਾਵ ਕਾਮਨਾ ਹੈ। ਕਾਮਨਾ ਦੇ ਵੱਸ ਹੋ ਜਾਣਾ। ਜੇ ਕਾਮਨਾ ਪੂਰਨ ਨਾ ਹੋਣ ਤਾਂ ਕ੍ਰੋਧ ਵਿਚ ਜਾਣਾ। ਮਨ ਨੂੰ ਇਹ ਆਖਰੀ ਡਾਂਟ ਦੇਕੇ ਅਪਣਾ ਨਿਰਦ੍ਵੰਦ, ਨਿਰਸੰਸੇ, ਨਿਸ਼-ਭਰਮ ਤੇ ਨਿਰਭੈ ਫੈਸਲਾ ਕਰਦੇ ਹਨ ਕਿ ਮੈਂ ਰਾਮ ਦੀ ਭਗਤੀ ਨੂੰ ਨਹੀਂ ਛੱਡਣ ਲਗਾ ਚਾਹੇ ਜੋ ਹੋ ਸੋ ਹੋ। ਮੇਰਾ ਰਾਮ ਪਰਮਾਤਮਾ ਹਿੰਦੂ ਮੁਸਲਮਾਨਾਂ ਸਾਰਿਆਂ ਦੇ ਵਡਿਆਂ ਤੋਂ ਬੀ ਵਡਾ ਹੈ। ਜਿਸ ਦੀ ਭਗਤੀ ਵਿਚ ਲੱਗ ਕੇ ਮੈਂ ਸਭ ਤੋਂ ਉੱਚਾ ਕੰਮ ਕੀਤਾ ਹੈ।

ਨਿਰੁਕ੍ਤ—**ਭਰਮੁ**—ਪਿਛੇ ਪੰਨਾ ੨੦੨੪ ਪਰ ਭਰਮ ਦਾ ਵੇਰਵਾ ਦੇ ਆਏ ਹਾਂ। ਵਿਸ਼ੇਸ਼ ਭਾਵ ਏਥੇ ਇਹ ਹੈ ਕਿ ਮੁਸਲਮਾਨੀ ਸ਼ਰਹ ਤੇ ਹਿੰਦੂ ਸ਼ਾਸਤ੍ਰਾਂ ਦੇ ਕਰਮ ਕਾਂਡੀ ਰਸਤੇ ਠੀਕ ਹਨ ਕਿ ਭਗਤੀ ਵਿਸ਼ੇਸ਼ ਹੈ ? ਅਖੀਰਲੀ ਸਤਰ ਫੈਸਲੇ ਵਾਲੀ ਹੈ, ਉਸ ਵਿਚ ਭਗਤੀ ਨੂੰ ਸਭ ਤੋਂ ਉੱਚਾ ਦੱਸਦੇ ਹਨ; ਤਾਂ ਤੇ ਡਗਮਗਾਹਟ ਜਦੋਂ ਸੀ ਤਦੋਂ ਭਰਮ ਸੀ।

ਪ੍ਰਗਟੁ ਹੋਇ—ਇਹ ਪਦ ਲੁਕਾਉ ਦਾ ਸੂਚਕ ਹੈ, ਲੁਕਾਉ ਲੋਕਾਂ ਤੋਂ, ਬਿਰਾਦਰੀ ਤੋਂ ਕਿ ਪਤਾ ਲਗ ਗਿਆ ਤਾਂ ਸ਼ਰਮ ਆਊ। ਸੋ ਪ੍ਰਗਟ ਹੋਇਆ ਦਾ ਭਾਵ ਹੈ ਕਿ ਲੋਕ ਲਾਜ ਦਾ ਤਿਆਗ ਕਰਕੇ ਛਿਪਾ ਛੋੜ ਦੇਹ।

ਨਾਚਹੁ—ਸੱਚ ਧਾਰਨ ਕੀਤੇ ਦਾ ਇਕਰਾਰ ਕਰ। ਵਜਾਖਜਾ ਵਿਚ ਵੀਚਾਰ ਆ ਚੁਕੀ ਹੈ।

ਸੰਧਉਰਾ—[ਸੰਸ:, ਸਧਜਾਰਾਗ:=ਸੰਧੂਰ। ਹਿੰਦੀ, ਸਿਧਉਰਾ। ਸੰਧੂਰ ਵਾਲੀ ਸ਼ੈ] ਸੰਧੂਰ ਵਾਲੀ ਸ਼ੈ। ਸੰਧੂਰ ਵਾਲਾ ਨਾਲੀਏਰ। ਜੋ ਇਸਤ੍ਰੀ ਪਤੀ ਨਾਲ ਸਤੀ ਹੋਣ ਦਾ ਸੰਕਲਪ ਕਰਦੀ ਹੈ ਉਹ ਇਕ ਥਾਲੀ ਵਿਚ ਨਾਲੀਏਰ ਪਾਕੇ ਸੰਧੂਰ, ਫੁੱਲ ਚਾਵਲ ਤੇ ਸੁਪਾਰੀ ਰੱਖਕੇ ਟੁਰ ਪੈਂਦੀ ਸੀ, ਜਦ ਤਕ ਏਹ ਸਿਧਉਰਾ ਨਹੀਂ ਲੈਂਦੀ ਸੀ ਅਪਣਾ ਸੰਕਲਪ ਮੋੜ ਸਕਦੀ ਹੁੰਦੀ ਸੀ। ਪਰ ਜਦ ਲੈ ਲਵੇ ਫੇਰ ਸਤੀ ਹੋਣਾ ਹੀ ਪੈਂਦਾ ਸੀ। ਸਿਧਉਰਾ ਲੈ ਕੇ ਚਿਖਾ ਤੇ ਧਰੀ ਪਤੀ ਦੀ ਲੋਥ ਨੂੰ ਸੰਧੂਰ ਦਾ ਤਿਲਕ ਲਾ ਕੇ ਤੇ ਸਭ ਕੁਛ ਅਰਪਕੇ, ਮਾਨੋ ਪੂਜਨ ਕਰਕੇ, ਚਿਖਾ ਦੀ ਪਰਕਰਮਾਂ ਕਰਦੀ ਸੀ ਤੇ ਸਾਕਾਂ ਤੇ ਲੋਕਾਂ ਤੇ ਸੰਧੂਰ ਛਿੜਕਦੀ ਤੇ ਅਸੀਸਾਂ ਦੇਂਦੀ ਚਿਤਾ ਚੜ੍ਹ ਪਤੀ ਦਾ ਸਿਰ ਗੋਦੀ ਵਿਚ ਰੱਖਕੇ ਆਖਦੀ ਸੀ ਲਾ ਦਿਓ ਅਗਨੀ।

ਇਸ ਤੁਕ ਵਿਚ ਪਦ 'ਜਰੇਂ' ਤੇ 'ਮਰੇਂ' ਦੋ ਪਏ ਹੋਣ ਕਰਕੇ ਸੰਪ੍ਰਦਾਈ ਦਾਨੇ ਸੰਧਉਰੇ ਨੂੰ ਦੇਹੁਲੀ ਦੀਪਕ ਲੈਂਦੇ ਸਨ। ਜਰੇ ਦਾ ਇਸ਼ਾਰਾ ਸਤੀ ਵਲ ਹੈ ਤਦ ਸੰਧਉਰੇ ਦਾ ਅਰਥ ਹੈ ਜੋ ਸੰਧੂਰਿਆ ਨਾਰੀਅਲ ਆਦਿ ਸਤੀ ਨੇ ਹੱਥ ਵਿਚ ਲੈ ਲਿਆ ਹੈ। ਜਦ ਮਰੇ ਨਾਲ ਸੰਧਉਰੇ ਦਾ ਸੰਬੰਧ ਜੋੜੀਏ

ਤਾਂ ਸੰਧਉਰੇ ਦਾ ਅਰਥ ਖੰਡਾ ਹੈ। ਜਦ ਸੂਰਮੇ ਨੇ ਬੀੜੇ ਵਾਲਾ ਖੰਡਾ ਚਾ ਲਿਆ ਤਦ ਉਸ ਦਾ ਧਰਮ ਹੋ ਗਿਆ ਹੁਣ ਲੜਨਾ ਤੇ ਪਿੱਛੇ ਨਾ ਮੁੜਨਾ ਚਾਹੋ ਮਰਨਾ ਪਵੇ। ਇਉਂ ਭੀ ਭਾਵ ਦੱਸਦੇ ਹਨ ਕਿ ਲੋਕ ਲਾਜ ਤੇ ਭਰਮ ਦਾ ਛਡਣਾ 'ਸਤੀ ਹੋਣਾ' ਹੈ ਤੇ ਅਹੰਭਾਵ ਦਾ ਤਜਾਗਣਾ 'ਮਰਨਾ' ਹੈ।

ਸੰਧਉਰਾ—(ਸਤੀ ਹਥ ਵਾਲਾ ਨਾਲੀਏਰ=) ਵੈਰਾਗ } ਦਾਨੇ ਅੰਤ੍ਰੀਵ ਅਰਥ ਐਉਂ
ਸੰਧਉਰਾ—(ਸੂਰਮੇ ਦੇ ਹਥ ਵਾਲਾ—ਖੰਡਾ=) ਬਿਬੇਕ } ਕਰਦੇ ਹਨ।

[ਗਉੜੀ ਕਬੀਰ ਜੀ, ਚਉਪਦਾ—੬੯]

ਪ੍ਰਾਕ੍ਥਨ—ਜਿਸ ਪ੍ਰਕਾਸ਼ ਸਰੂਪ ਪਰਮਾਤਮਾ ਨੂੰ, ਪਿਛਲੇ ਸ਼ਬਦ ਵਿਚ ਸਭ ਤੋਂ ਉੱਚਾ ਕਿਹਾ ਸੀ: ਉਸ ਅੱਗੇ ਹੁਣ ਬੇਨਤੀ ਕਰਦੇ ਹਨ ਅਤੇ ਆਪ ਨੂੰ ਉਸ ਦੀ ਰਜ਼ਾ ਪਰ ਛੋੜਦੇ ਹਨ।

ਮੂਲ	ਅਰਥ
ਗਉੜੀ ੧੩ ॥ ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ ॥ ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ ॥੧॥	ਤੇਰਾ ਹੁਕਮ (ਮੈਂ) ਸਿਰ ਮੱਥੇ ਉਤੇ (ਧਰ ਲਿਆ ਹੈ) ਫੇਰ (ਹੁਣ ਮੈਂ) ਵੀਚਾਰ ਨਹੀ ਕਰਦਾ (ਕਿ ਉਹ ਯੋਗ ਹੈ ਕਿ ਅਯੋਗ ਹੈ)। ਤੂੰ ਹੀ ਤਾਂ (ਸੰਸਾਰ ਰੂਪੀ) ਸਮੁੰਦ੍ਰ ਹੈਂ, ਤੂੰ ਹੀ ਮਲਾਹ ਹੈਂ, ਤੇਰੇ ਤੋਂ ਹੀ (ਮੇਰਾ) ਪਾਰ ਉਤਾਰਾ ਹੋਣਾ ਹੈ॥੧॥
ਬੰਦੇ ਬੰਦਗੀ ਇਕਤੀਆਰ ॥ ਸਾਹਿਬੁ ਰੋਸੁ ਧਰਉ ਕਿ ਪਿਆਰੁ ॥੧॥ਰਹਾਉ॥	[ਆਪਣੇ ਮਨ ਨੂੰ ਕਹਿੰਦੇ ਹਨ:] ਹੇ (ਕਬੀਰ) ਬੰਦੇ ! (ਤੂੰ ਸਾਹਿਬ ਦੀ) ਬੰਦਗੀ (=ਭਗਤੀ) ਧਾਰਨ ਕਰ। ਮਾਲਕ ਚਾਹੇ ਗੁੱਸੇ ਹੋਵੇ ਚਾਹੇ ਪਿਆਰ ਕਰੇ॥੧॥ਰਹਾਉ॥
ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ ॥ ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ ॥੨॥੧੮॥੬੯॥	(ਹੇ ਸਾਹਿਬ !) ਤੇਰਾ ਨਾਮ (ਹੀ) ਮੇਰਾ (ਹੁਣ) ਆਧਾਰ ਹੈ, ਜਿਵੇਂ ਪਾਣੀ ਵਿਚ ਫੁਲ ਜੀਉਂਦਾ ਹੈ (ਮੈਂ ਤਿਵੇਂ ਤੇਰੇ ਆਸਰੇ ਜੀਉਂਦਾ ਹਾਂ)। ਕਬੀਰ ਆਖਿ (ਹੇ ਸਾਹਿਬ ! ਕਬੀਰ ਤੇਰਾ) ਘਰ ਦਾ ਗ਼ੁਲਾਮ ਹੈ ਭਾਵੇਂ ਜੀਉਂਦਾ ਰੱਖ ਭਾਵੇਂ ਮਾਰ॥੨॥੧੮॥੬੯॥

ਵ੍ਯਾਖ੍ਯਾ—ਇਸ ਸ਼ਬਦ ਵਿਚ ਅਰਦਾਸ ਹੈ ਤੇ ਭਾਣੇ ਤੇ ਟਿਕਣ ਦੀ ਅਰਦਾਸ ਹੈ, ਪਰ ਭਾਣਾ ਮੰਨਣ ਦੀ ਪੂਰਨ ਭਗਤੀ ਤੇ ਰਜ਼ਾ ਵਿਚ ਮਰਜ਼ੀ ਮੇਲਕੇ ਟੁਰਨ ਦੀ ਪੂਰਨ ਹਉਂ ਅਭਾਵਤਾ ਨੂੰ ਆਦਰਸ਼ਕ ਭਗਤੀ ਦਰਸਾਇਆ ਹੈ।

ਨਿਰੁਕ੍ਤ—**ਫੁਰਮਾਨ**—[ਫਾ:, ਫ਼ਰਮਾਨ] ਹੁਕਮ, ਪਾਤਸ਼ਾਹੀ ਆਗਜਾ ਪੱਤ।

ਸਿਰੈ ਊਪਰਿ—ਸਿਰ ਮੱਥੇ ਤੇ। ਪਰਵਾਨ।

ਫਿਰਿ—ਫੇਰ। ਫਿਰ ਪਦ ਦੱਸਦਾ ਹੈ ਕਿ ਪਹਿਲੇ ਫਿਕਰੇ ਵਿਚ 'ਜਦ' ਪਦ ਦੀ ਲੁਪਤੀ ਹੈ। ਮੁਰਾਦ ਹੈ ਜਦ ਹੁਕਮੀ ਬੰਦੇ ਹੋ ਗਏ ਫੇਰ ਆਪਣੀਆਂ ਸੋਚਾਂ ਕੀਹ, ਜੋ ਕਰੇ ਸੋ ਸਿਰ ਮੱਥੇ ਤੇ ਮਨਜ਼ੂਰ।

ਦਰੀਆ—[ਫ਼ਾ:, ਦਰਯਾ = ਨਦੀ, ਸਮੁੰਦਰ] ਸਮੁੰਦਰ।

ਕਰੀਆ—[ਸੰਸ:, ਕਰਣਧਾਰ:। ਹਿੰਦੀ, ਕਰਿਯਾ] ਮਲਾਹ।

ਇਕਤੀਆਰ—[ਅ:, ਇਖ਼ਤਯਾਰ] ਧਾਰਨ ਕਰ।

ਰੋਸੁ—ਗੁੱਸਾ। ਰੋਹੁ। **ਧਰਉ***—[ਪੰ:, ਹਿੰਦੀ, ਧਾਰਨਾ, ਧਰਨਾ] ਧਰੇ। ਪਿਆਰ ਧਰੇ। ਕਰੇ

ਫੂਲੁ ਜਈ ਹੈ ਨਾਰਿ—[ਸੰਸ:, ਨਾਰੰ। 'ਨਾਰੰ' ਨਾਮ ਪਾਣੀ ਦਾ ਹੈ। ਨਾਰਿ=ਪਾਣੀ ਵਿਚ ਜਈ ਹੈ ਜਾਈ ਹੈ=ਜੀਉਂਦਾ ਹੈ। ਫੁਲੁ—ਫੁਲ, ਪੁਸ਼ਪ] ਜਿਵੇਂ ਪਾਣੀ ਵਿਚ ਫੁੱਲ ਜੀਉਂਦਾ ਹੈ।

(ਅ) 'ਨਾਰਿ' ਪਦ ਰਸਤਾ ਦੇਂਦਾ ਹੈ ਕਿ ਇਹ ਨਾਰੀ ਦਾ ਸੰਖੇਪ ਹੈ, ਜਿਵੇਂ ਨਾਰੀ ਪ੍ਰਫੁੱਲਤ ਹੋ ਜਾਂਦੀ ਹੈ (ਪਤੀ ਦੇ ਆਸਰੇ ਵਿਚ)।

ਗੁਲਾਮ—[ਅ:, ਗ਼ੁਲਾਮ] ਮੁੱਲ ਲੀਤਾ ਦਾਸ। ਗੋਲਾ।

ਘਰ ਕਾ—ਤੁਸਾਡੇ ਘਰ ਦਾ, ਭਾਵ ਹੈ ਤੁਹਾਡਾ ਆਪਣਾ।

[ਗਉੜੀ ਕਬੀਰ ਜੀ, ਚਉਪਦਾ—੭੦]

ਪ੍ਰਾਕ੍ਥਨ—ਅਗਲੇ ਸ਼ਬਦ ਇਹ ਗੱਲ ਸੰਸੇ ਰਹਤ ਪ੍ਰਗਟ ਕਰ ਦੇਂਦੇ ਹਨ ਕਿ ਸ੍ਰੀ ਕਬੀਰ ਜੀ ਨਿਰਗੁਣ ਦੇ ਉਪਾਸ਼ਕ ਸਨ ਅਤੇ ਪਰਮੇਸ਼ੁਰ ਦਾ ਗਰਭ ਜੋਨਿ ਵਿਚ ਆਉਣਾ ਆਦਿ ਨਹੀਂ ਮੰਨਦੇ।

ਮੂਲ	ਅਰਥ
ਗਉੜੀ ॥ ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ ॥ ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ ॥੧॥	ਹੇ (ਭਾਈ ! ਤੁਸੀਂ ਆਖਦੇ ਹੋ ਕਿ) ਚੁਰਾਸੀ ਲੱਖ ਜੀਵਾਂ ਦੀਆਂ ਜੂਨਾਂ ਵਿਚ ਭ੍ਰਮਦਾ ਨੰਦ ਬਹੁਤ ਥੱਕ ਗਿਆ ਸੀ (ਤਦ ਉਸ ਦੀ) ਭਗਤੀ ਦੇ ਕਾਰਣ (ਉਸ ਦੇ ਘਰ ਭਗਵਾਨ ਨੇ) ਜਨਮ ਲੀਤਾ ਸੀ, (ਇਸ ਹਿਸਾਬ) ਉਸ ਗ੍ਰੀਬ ਦੇ ਭਾਗ ਬੜੇ ਵੱਡੇ ਹੋਣੇ ਹਨ (ਜਿਸ ਦੇ ਘਰ ਆਪ ਆ ਜੰਮਿਆ)॥੧॥
ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ ॥	[ਉਨ੍ਹਾਂ ਦਾ ਕਹਿਣਾ ਦੱਸ ਕੇ ਉਸ ਉਪਰ ਹੁਣ ਉਟੰਕਣ ਕਰਦੇ ਹਨ:] ਤੁਸੀਂ ਜੋ (ਪਰਮਾਤਮਾ ਨੂੰ) ਨੰਦ ਦਾ ਪੁਤ੍ਰ ਆਖਦੇ ਹੋ, ਉਹ ਨੰਦ ਕਿਸ ਦਾ ਸਪੁਤ੍ਰ ਹੈ ? (ਭਾਵ ਨੰਦ ਦੇ ਪਿਉ ਦੇ ਪਿਉ ਨੂੰ ਲੱਭਦੇ ਚੱਲੋ ਤਾਂ ਅਖੀਰ 'ਪਿਤਾ' ਭਗਵਾਨ ਨਿਕਲੂ ਸੋ ਪਿਤਾ ਤਾਂ ਹੋਇਆ ਭਗਵਾਨ ਉਸ ਨੂੰ ਪੁਤ੍ਰ ਤੇ ਪੁਤ੍ਰ ਸ਼੍ਰੇਣੀ ਦੇ ਬੀ ਅੰਤ ਬੰਦੇ ਦਾ ਪੁਤ੍ਰ ਕਹਿਣਾ ਨਿੰਦਾ ਕਰਨੀ ਹੈ। ਫੇਰ ਦੇਖੋ ਕਿ ਜਦੋਂ ਰਚਨਾ ਨਹੀਂ ਸੀ ਰਚੀ ਗਈ ਭਗਵਾਨ ਤਾਂ ਤਦੋਂ ਬੀ ਹੈਸੀ, ਯਥਾ:-)
ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ ॥੧॥ ਰਹਾਉ ॥	ਧਰਤੀ ਅਕਾਸ਼ ਤੇ ਦਸੋ ਦਿਸ਼ਾ (ਭਾਵ ਸਾਰੀ ਰਚਨਾ) ਹੈ ਨਹੀਂ ਸੀ (ਤਦ ਭਗਵਾਨ ਤਾਂ ਹੈ ਸੀ ਪਰ) ਏਹ ਨੰਦ ਤਦੋਂ ਕਿੱਥੇ ਸੀ ?॥੧॥ ਰਹਾਉ॥

*ਗੁਰਬਾਣੀ ਵਿਚ 'ਉ' ਅੰਤਕ ਕ੍ਰਿਯਾ ਉਤਮ ਪੁਰਖ ਵਾਚਕ ਹੁੰਦੀਆਂ ਹਨ, ਜੈਸੇ ਕਰਉ=ਮੈਂ ਕਰਦਾ ਹਾਂ। ਹੁਣ ਅਸੀਂ ਇਸ ਨੂੰ ਅਨੁਸ੍ਵਰ ਨਾਲ ਬੋਲਦੇ ਹਾਂ, ਯਥਾ ਕਰਉਂ=ਮੈਂ ਕਰਦਾ ਹਾਂ। ਪਰ ਕਈ ਵੇਰ 'ਉ' ਔਂਕੜ ਅਨਜ ਪੁਰਖ ਦਾ ਵਾਚਕ ਬੀ ਹੁੰਦਾ ਹੈ, ਪਰ ਕੇਵਲ ਇਹ ਅਰਥ ਦੇਂਦਾ ਹੈ: ਕਰੇ, ਪਿਆ ਕਰੇ, ਜਿਵੇਂ ਇਥੇ ਆਇਆ ਹੈ ਧਰਉ=ਸਾਹਿਬ ਰੋਸ ਧਰੇ ਚਾਹੇ ਪਯਾਰ ਕਰੇ।

ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ ॥ ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥੨॥੧੯॥੭੦॥	(ਇਸ ਕਰਕੇ ਮੈਂ ਤੁਹਾਡੀ ਉਸਤਤੀ ਨੂੰ ਨਿੰਦਾ ਸਮਝਦਾ ਹਾਂ ਤੇ ਮੈਂ ਨੰਦ ਨੂੰ ਅਪਣੇ ਨਿਰੰਜਨ ਦਾ ਪਿਤਾ ਨਹੀਂ ਮੰਨਦਾ, ਮੇਰਾ ਮਤਾ ਇਹ ਹੈ ਕਿ) ਜਿਸ ਦਾ ਨਾਮ ਹੈ ਨਿਰੰਜਨ (ਮਾਇਆ ਤੋਂ ਰਹਿਤ ਉਹ ਮਾਤਾ ਦੇ ਗਰਭ ਦੇ) ਸੰਕਟ ਵਿਚ ਨਹੀਂ ਪੈਂਦਾ, ਨਾ (ਉਹ) ਜੋਨੀ ਵਿਚ ਆਉਂਦਾ ਹੈ,ਨਾ ਉਸ ਦਾ ਕੋਈ ਮਾਂ ਹੈ ਨਾ ਪਿਤਾ ਹੈ, ਕਬੀਰ ਦਾ ਮਾਲਕ ਐਸਾ ਠਾਕੁਰ ਹੈ॥੨॥੧੯॥੭੦॥

ਵ੍ਯਾਖ੍ਯਾ—ਅੰਕ ੧ ਤੇ ਰਹਾਉ ਵਿਚ ਦੱਸਿਆ ਕਿ ਕਬੀਰ ਸਰਗੁਣ ਦਾ ਉਪਾਸਕ ਨਹੀਂ ਤੇ ਅੰਕ ੨ ਵਿਚ ਦੱਸਿਆ ਹੈ ਕਿ ਕਬੀਰ ਨਿਰਗੁਣ ਦਾ ਉਪਾਸਕ ਹੈ।

ਅੰਕ ੧ ਤੇ ਰਹਾਉ ਵਿਚਕਾਰ ਜੋ ਵਾਕ ਹੈ—'ਤੁਮ ਜੁ ਕਹਤ ਹਉ' ਦੋਹੀਂ ਪਾਸੀਂ ਲਗਦਾ ਹੈ ਕਿ 'ਪਿਛਲੇ ਜਨਮਾਂ ਵਿਚ ਨੰਦ ਤਪ ਕਰਦਾ ਰਿਹਾ ਕਿ ਮੇਰੇ ਘਰ ਭਗਵਾਨ ਜਨਮ ਲਵੇ' ਤੁਸੀ ਇਹ ਗਲ ਕਹਿੰਦੇ ਹੋ। ਅਤੇ ਤੁਸੀਂ ਜੁ ਕਹਿੰਦੇ ਹੋ ਕਿ 'ਨੰਦ ਦਾ ਨੰਦਨ ਹੈ (ਪਰਮਾਤਮਾ)' ਇਹ ਖਿਆਲ ਅਪਣੀ ਮਖ਼ੌਲ ਵਾਲੀ ਸੁਰ ਵਿਚ ਸੱਟਿਆ ਹੈ,'ਭਗਤਿ ਹੇਤਿ ਅਵਤਾਰੁ ਲੀਓ ਹੈ।' ਇਹ ਫੇਰ ਉਹ ਉਹਨਾਂ ਦੀ ਸ਼ਰਧਾ ਵਾਲੀ ਬੋਲੀ ਵਿਚ ਹੈ ਤੇ ਫੇਰ 'ਭਾਗੁ ਬਡੋ ਬਪੁਰਾ ਕੋ' ਮੁੜ ਹੰਸੀ ਵਾਲੀ ਬੋਲੀ ਵਿਚ ਉਚਾਰਿਆ ਹੈ।

ਰਹਾਉ ਵਿਚ ਪ੍ਰਸ਼ਨ ਹੈ, ਪ੍ਰਸ਼ਨ ਵਿਚ ਹੀ ਉਨ੍ਹਾਂ ਦੇ ਖਿਆਲ ਦਾ ਖੰਡਨ ਹੈ।ਨੰਦ ਦਾ ਜੇ ਪਿਤਾ ਗਿਣੀਏ ਕਿ ਕੌਣ ਸੀ ਤੇ ਪਿਛੋਂ ਪਿਛੇ ਗਿਣਦੇ ਚੱਲੀਏ ਤਾਂ ਅੰਤ ਪਿਤਾ ਪਰਮੇਸ਼ਰ ਨਿਕਲੇਗਾ ਜਿਸ ਪਰਮੇਸ਼ੁਰ ਨੇ ਉਹ ਪਹਿਲਾ ਆਦਮੀ ਪੈਦਾ ਕੀਤਾ,ਜਿਸ ਦੀ ਵੰਸ਼ ਤੋਂ ਨੰਦ ਜੰਮਿਆ। ਹੁਣ ਨਾਲੇ ਤਾਂ ਨੰਦ ਨੂੰ ਜਨਮ ਦੇਣ ਵਾਲੇ ਦਾ ਪਿਤਾ ਪਰਮੇਸ਼ੁਰ, ਨਾਲੇ ਪਰਮੇਸ਼ੁਰ ਨੂੰ ਜਨਮ ਦੇਣ ਵਾਲਾ ਉਹ ਨੰਦ ਪਿਤਾ ! ਫੇਰ ਜਦ ਰਚਨਾ ਨਹੀਂ ਰਚੀ ਗਈ ਸੀ ਤਦ ਪਰਮੇਸ਼ੁਰ ਤਾਂ ਹੈਗਾ ਸੀ ਪਰ ਨੰਦ ਕੋਈ ਨਹੀਂ ਸੀ। ਇਨ੍ਹਾਂ ਪ੍ਰਸ਼ਨਾਂ ਵਿਚ ਸਿੱਧ ਕੀਤਾ ਕਿ ਪਰਮੇਸ਼ੁਰ ਜਨਮ ਮਰਨ ਬਿਹੀਨ ਹੈ, ਓਹ ਜੀਵਾਂ ਦੀ ਤਰ੍ਹਾਂ ਮਾਤਾ ਦੇ ਗਰਭ ਵਿਚ ਆਕੇ ਜਨਮ ਨਹੀਂ ਲੈਂਦਾ।

ਅੰਕ ੨ ਵਿਚ ਆਪਣਾ ਮਤਾ ਦੱਸਿਆ ਹੈ ਕਿ ਮੈਂ ਉਸ ਪਰਮੇਸ਼ੁਰ ਦਾ ਉਪਾਸਕ ਹਾਂ, ਜੋ ਨਿਰ+ਅੰਜਨ ਹੈ=ਮਾਇਆ ਦੇ ਫੇਰ ਵਿਚ ਨਹੀਂ ਆਉਂਦਾ, ਮਾਇਆ ਦਾ ਬੀ ਮਾਲਕ ਹੈ। ਉਹ ਜਨਮ ਮਰਨ ਵਿਚ ਨਹੀਂ ਆਉਂਦਾ। ਸਦਾ ਜਾਗਤੀ ਜੋਤਿ ਇਕ ਰਸ ਅਨੰਤ ਅਬਦਲ ਹੈ।

ਨਿਰੁਕ੍ਤ—ਨੰਦ—[ਸੰਸ:, ਨੰਦ:] ਗੋਕਲ ਦੇ ਗੁਆਲਿਆਂ ਦਾ ਮੁਖੀਆ, ਵਸੁਦੇਵ ਦਾ ਮਿਤ੍ਰ ਤੇ ਸ੍ਰੀ ਕ੍ਰਿਸ਼ਨ ਜੀ ਦਾ ਪਾਲਣਹਾਰ ਪਿਤਾ। ਨੰਦਨ—ਪੁਤ੍ਰ।

[ਗਉੜੀ ਕਬੀਰ ਜੀ, ਚਉਪਦਾ—੭੧]

ਪ੍ਰਾਕ੍ਕਥਨ—ਨਿੰਦਿਆ ਹੋਵੇ ਤਾਂ ਸਮਚਿਤ ਰਹਿਣ ਦੇ ਕੀਹ ਉਪਾਉ ਹਨ ? ਸਮਚਿਤ ਰਹਿਣ ਵਾਲੇ ਭਗਤ ਨੂੰ ਕੀਹ ਫਲ ਮਿਲਦਾ ਹੈ ਤੇ ਨਿੰਦਕ ਨੂੰ ਕੀਹ ਫਲ ਲਗਦਾ ਹੈ ?

ਮੂਲ	ਅਰਥ
ਗਉੜੀ ॥ ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥ ਨਿੰਦਾ ਜਨ ਕਉ ਖਰੀ	ਲੋਕ ਮੈਨੂੰ ਪਿਆ ਨਿੰਦੇ, ਪਿਆ ਨਿੰਦੇ (ਹਾਂ ਬੇਸ਼ਕ) ਪਿਆ ਨਿੰਦੇ। (ਪਰਮੇਸ਼ੁਰ ਦੇ) ਦਾਸ ਨੂੰ ਨਿੰਦਾ ਬਹੁਤੀ ਪਿਆਰੀ

ਪਿਆਰੀ ॥ ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ ਰਹਾਉ ॥

(ਲਗਦੀ) ਹੈ। (ਹਾਂ) ਨਿੰਦਾ ਬਾਪ ਹੈ, ਨਿੰਦਾ ਮਾਤਾ (ਦੋਹਾ ਵਰਗੀ ਪਜਾਰ ਕਰਨੇ ਵਾਲੀ) ਹੈ॥੧॥ ਰਹਾਉ॥

ਨਿੰਦਾ ਹੋਇ ਤ ਬੈਕੁੰਠਿ ਜਾਈਐ ॥
ਨਾਮੁ ਪਦਾਰਥੁ ਮਨਹਿ ਬਸਾਈਐ ॥
ਰਿਦੈ ਸੁਧ ਜਉ ਨਿੰਦਾ ਹੋਇ ॥
ਹਮਰੇ ਕਪਰੇ ਨਿੰਦਕੁ ਧੋਇ ॥੧॥

(ਨਾ ਨਿਰਾ ਮਾਤਾ ਪਿਤਾ ਵਰਗਾ ਪਜਾਰ ਨਿੰਦਾ ਤੋਂ ਏਥੇ ਮਿਲਦਾ ਹੈ ਸਗੋਂ ਜੇ) ਨਿੰਦਾ ਹੋਵੇ ਤਾਂ (ਅਗੇ) ਬੈਕੁੰਠ ਨੂੰ ਜਾਈਦਾ ਹੈ। (ਕਿਉਂ ਕਿ ਤਦੋਂ) ਨਾਮ ਪਦਾਰਥ ਨੂੰ ਹਿਰਦੇ ਵਿਚ (ਜ਼ੋਰ ਨਾਲ) ਵਸਾਈਦਾ ਹੈ। ਜੇ (ਅਪਣੇ) ਹਿਰਦੇ ਦੇ ਸਫਾ ਹੁੰਦਿਆਂ ਹੋਇਆਂ ਨਿੰਦਿਆ ਹੋਵੇ ਤਾਂ ਨਿੰਦਕ ਸਾਡੇ ਕੱਪੜੇ ਧੋ ਦੇਂਦਾ ਹੈ॥੧॥

ਨਿੰਦਾ ਕਰੈ ਸੁ ਹਮਰਾ ਮੀਤੁ ॥
ਨਿੰਦਕ ਮਾਹਿ ਹਮਾਰਾ ਚੀਤੁ ॥
ਨਿੰਦਕੁ ਸੋ ਜੋ ਨਿੰਦਾ ਹੋਰੈ ॥
ਹਮਰਾ ਜੀਵਨੁ ਨਿੰਦਕੁ ਲੋਰੈ ॥੨॥

(ਇਸ ਪ੍ਰਕਾਰ ਜੋ ਸਾਡੀ) ਨਿੰਦਾ ਕਰਦਾ ਹੈ ਉਹ (ਤਾਂ) ਸਾਡਾ ਮਿਤ੍ਰ ਹੈ। ਸਾਡਾ ਚਿੱਤ ਨਿੰਦਕ ਵਿਚ ਲੱਗਾ ਰਹਿੰਦਾ ਹੈ (ਜਿਵੇਂ ਕਿ ਮਿਤ੍ਰਾਂ ਵਲ ਲੱਗਾ ਰਹਿੰਦਾ ਹੈ।ਅਸਲੀ) ਨਿੰਦਕ ਉਹ ਹੈ ਜੋ (ਸਾਡੀ) ਨਿੰਦਾ ਨੂੰ ਰੋਕਦਾ ਹੈ, ਨਿੰਦਕ (ਤਾਂ ਸਾਡੇ (ਦੀਰਘ) ਜੀਉਣ ਦਾ ਚਾਹਵਾਨ ਹੈ॥੨॥

ਨਿੰਦਾ ਹਮਰੀ ਪ੍ਰੇਮ ਪਿਆਰੁ ॥
ਨਿੰਦਾ ਹਮਰਾ ਕਰੈ ਉਧਾਰੁ ॥
ਜਨ ਕਬੀਰ ਕਉ ਨਿੰਦਾ ਸਾਰੁ ॥
ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥

(ਹਮਰੀ=) ਸਾਡੀ ਨਿੰਦਾ ਵਿਚ (ਜਿਸ ਦਾ) ਪ੍ਰੇਮ ਹੈ, (ਉਸ ਵਿਚ ਸਾਡਾ) ਪਿਆਰ ਹੈ (ਕਿਉਂਕਿ) ਨਿੰਦਾ ਸਾਡਾ ਉਧਾਰ (=ਪਾਰ ਉਤਾਰਾ) ਕਰਦੀ ਹੈ।(ਇਸ ਕਰ ਕੇ ਨਿੰਦਕ ਨਾਲ ਬੀ ਸਾਡਾ ਪਜਾਰ ਹੈ)। ਦਾਸ ਕਬੀਰ ਨੂੰ (ਤਾਂ) ਨਿੰਦਾ ਸ੍ਰੇਸ਼ਟ ਵਸਤੂ (ਲਗਦੀ) ਹੈ, (ਕਿਉਂਕਿ ਨਿੰਦਾ ਕਰ ਕਰਕੇ) ਨਿੰਦਕ ਤਾਂ ਡੁਬ ਜਾਂਦਾ ਹੈ (ਪਰ) ਅਸੀਂ ਭਵ ਸਾਗਰ ਤੋਂ) ਪਾਰ ਉੱਤਰ ਜਾਂਦੇ ਹਾਂ॥੩॥੨੦॥੭੧॥

ਵਯਾਖਯਾ— ਇਸ ਸ਼ਬਦ ਵਿਚ ਨਿੰਦਾ ਹੋਣ ਤੇ ਘਬਰਾਉਣਾ ਨਾ, ਸਗੋਂ ਪ੍ਰਸੰਨ ਹੋਣਾ ਸਿਖਾਇਆ ਹੈ। ਉਸ ਦਾ ਮੂਲ ਕਾਰਣ ਗਿਆਨ ਮਾਰਗ ਵਿਚ ਦੱਸਿਆ ਇਕ ਨਿਯਮ ਹੈ। ਉਹ ਇਹ ਹੈ ਕਿ ਗਯਾਨਵਾਨ ਦੇ ਕਰਮ ਗਯਾਨਵਾਨ ਨੂੰ ਨਹੀਂ ਪੋਹੰਦੇ, ਨਿੰਦਕ ਉਸ ਦੇ ਮਾੜੇ ਕਰਮਾਂ ਦੇ ਫਲ ਨੂੰ ਆਪਣੀ ਵੱਲ ਖਿੱਚ ਲੈਂਦੇ ਹਨ। ਸ੍ਰੀ ਕਬੀਰ ਜੀ ਇਸ ਖਿਆਲ ਦੇ ਨਾਲ ਪ੍ਰਤੱਖ ਲਾਭ ਬੀ ਰਲਾ ਕੇ ਨਿੰਦਾ ਵਿਚ 'ਸਮ-ਚਿਤ' ਰਹਿਣੇ ਦਾ ਉਪਦੇਸ਼ ਰਹਾਉ ਵਿਚ ਦੇਂਦੇ ਹਨ ਅਤੇ ਰਹਾਉ ਮੁੱਢ ਵਿਚ ਰਖਦੇ ਹਨ ਤੇ ਦੱਸਦੇ ਹਨ ਕਿ ਮੈਨੂੰ ਨਿੰਦਾ ਬਹੁਤ ਪਜਾਰੀ ਹੈ; ਖਰੀ—ਠੀਕ ਠੀਕ—ਬਹੁਤੀ ਪਜਾਰੀ ਹੈ। ਇਸ ਲਈ ਲੋਕ ਪਏ ਨਿੰਦਾ ਕਰਨ। 'ਲੋਗੁ' ਪਦ ਨੂੰ ਔਂਕੜ ਹੈ, ਇਸ ਕਰਕੇ 'ਲੋਗ' ਪਦ 'ਨਿੰਦਉ' ਕ੍ਰਿਯਾ ਕਰ ਕਰਤਾ ਕਾਰਕ ਹੈ, ਜੇ ਔਂਕੁੜ ਨਾ ਹੁੰਦਾ ਤਾਂ ਅਰਥ ਹੁੰਦਾ: ਹੇ ਲੋਕੋ ! ਨਿੰਦਾ ਕਰੋ। ਪਰ ਹੁਣ ਅਰਥ ਹੈ-ਲੋਕ ਪਿਆ ਨਿੰਦਾ ਕਰੇ, ਪਰਵਾਹ ਨਹੀਂ, ਸਗੋਂ ਨਿੰਦਾ ਮੈਂ ਦਾਸ ਨੂੰ (ਯਾ ਦਾਸਾਂ) ਨੂੰ ਪਿਆਰੀ ਸ਼ੈ ਹੈ, ਕਿਉਂਕਿ ਨਿੰਦਾ ਮਾਤਾ ਪਿਤਾ ਵਾਂਙੂ ਪਜਾਰ ਕਰਨੇ ਵਾਲੀ ਸ਼ੈ ਹੈ। ਸੋ ਜਿਵੇਂ ਬੱਚੇ ਨੂੰ ਮਾਪੇ ਪਜਾਰੇ ਲੱਗਦੇ ਹਨ, ਨਿੰਦਾ ਮੈਨੂੰ ਪਜਾਰੀ ਲੱਗਦੀ ਹੈ। ਕਿਉਂਕਿ ਇਕ ਤਾਂ ਨਿੰਦਕ ਭਗਤ ਦੇ ਪਾਪਾਂ ਦੀ ਮੈਲ ਮਾਨਸਿਕ ਤਰੀਕੇ ਨਾਲ ਆਪਣੇ ਤੇ ਲੈ ਲੈਂਦੇ ਹਨ, ਜਿਵੇਂ ਕਿ ਮਾਂ ਬੱਚੇ ਦੀ ਸਰੀਰਕ ਮੈਲ ਆਪ ਧੋ ਦੇਂਦੀ ਹੈ। ਪਰਤੱਖ ਹੈ ਕਿ ਆਪ ਨਿੰਦਾ ਕਰਕੇ ਵੇਖੋ ਪਿਛੋਂ ਮਨ ਮੈਲਾ ਮੈਲਾ ਲੱਗਦਾ

ਹੈ। ਦੂਜੇ ਭਗਤ ਨਿੰਦਾ ਸਣਕੇ ਦੇਖਦਾ ਹੈ ਕਿ ਮੇਰੇ ਵਿਚ ਸਚਮੁਚ ਨਿੰਦਕ ਦਾ ਦੱਸਿਆ ਅਵਗੁਣ ਹੈ ਕਿ ਨਹੀਂ ? ਜੇ ਦੇਖੇ ਕਿ ਹੈ ਤਾਂ ਅਵਗੁਣ ਦੂਰ ਕਰ ਲੈਂਦਾ ਹੈ। ਐਉਂ ਨਿੰਦਕ ਮਾਤਾ ਪਿਤਾ ਵਤ ਰਖਜਕ ਬੀ ਹੋ ਢੁੱਕਦਾ ਹੈ, ਕਿਉਂ ਜੋ ਨਿੰਦਕ ਵੇਲੇ ਸਿਰ ਹਾਨੀਕਾਰਕ ਗੱਲ ਦਾ ਪਤਾ ਦੇ ਦੇਂਦਾ ਹੈ।

ਅੰਕ ੧— ਨਿੰਦਾ ਹੋਵੇ ਤਾਂ ਬੈਕੁੰਠ ਨੂੰ ਜਾਈਦਾ ਹੈ। ਕਾਰਣ ਦੱਸਦੇ ਹਨ ਕਿ ਨਿੰਦਾ ਹੋਣ ਨਾਲ ਨਾਮ ਪਦਾਰਥ ਹਿਰਦੇ ਵਿਚ ਵਸਾਈਦਾ ਹੈ ? ਕਿਵੇਂ ? ਇਸ ਦਾ ਉਤਰ ਇਹ ਹੈ ਕਿ ਉਸਤਤਿ ਹੋਣ ਨਾਲ ਭੀੜਾਂ ਦੁਆਲੇ ਰਹਿੰਦੀਆਂ ਹਨ ਤੇ ਨਾਮ ਸਿਮਰਨ ਦੇ ਸਮੇਂ ਵਿਚੋਂ ਸਮਾਂ ਵੰਡ ਲੈਂਦੀਆਂ ਹਨ ਤੇ ਜੋ ਸਮਾਂ ਉਨ੍ਹਾਂ ਦੀ ਸਹਾਇਤਾ ਲਈ ਬਾਹਰਮੁਖ ਹੋਣ ਵਾਲਾ ਲੱਗਦਾ ਸੀ ਉਹ ਬਚਕੇ ਏਕਾਂਤ ਹੋਕੇ ਵਧੇਰੇ ਅੰਤਰਮੁਖ ਹੋਕੇ ਨਾਮ ਜਪਣ ਤੇ ਜੀ ਲੱਗਦਾ ਹੈ। ਕਿਉਂਕਿ ਨਿੰਦਾ ਹੋਣ ਨਾਲ ਨਾਮੀ ਪੁਰਖਾਂ ਦੇ ਦੁਆਲਿਓਂ ਲੋਕੀਂ ਘਟ ਯਾ ਹਟ ਜਾਂਦੇ ਹਨ ਸੋ ਉਸਨੂੰ ਆਪਣੀ ਕਲਜਾਣ ਲਈ ਸਿਮਰਨ ਦਾ ਸਮਾਂ ਬਹੁਤ ਲੱਝਦਾ ਹੈ। ਨਾਮ ਪਦਾਰਥ ਜਿੰਨਾ ਬਹੁਤ ਹਿਰਦੇ ਵਿਚ ਵਸੇਗਾ ਬੈਕੁੰਠ ਜਾਣਾ ਉਤਨਾ ਹੀ ਵਧੀਕ ਨਿਸਚਿਤ ਹੋ ਜਾਏਗਾ ! ਇਹ ਤਾਂ ਬਾਹਰੋਂ ਲਾਹੇਵੰਦਾ ਅਸਰ ਪੈਂਦਾ ਹੈ ਕਿ ਵਕਤ ਲੈਣ ਵਾਲੇ ਲੋਕ ਘਟ ਗਏ, ਭਗਤ ਜਨ ਨਿੰਦਾ ਸੁਣਕੇ ਅੰਦਰੋਂ ਆਪਣੀ ਤਜਾਗ ਬ੍ਰਿਤੀ ਵਿਚ ਵਾਧਾ ਕਰਦੇ ਹਨ। ਹਾਂ ਓਹ ਯਤਨ ਵਧੇਰੇ ਕਰਦੇ ਹਨ ਕਿ ਆਪਣੀ 'ਉਸਤਤੀ ਦੀ ਯਾਚਨਾ ਸਾਡੀ ਸੁਰਤ ਵਿਚ ਜੇ ਹੈ ਤਾਂ ਸਾਨੂੰ ਨਿੰਦਾ ਬੁਰੀ ਲੱਗੇਗੀ ਜੇ ਇਹ ਯਾਚਨਾ ਅੰਦਰੋਂ ਮਿਟ ਗਈ ਹੈ ਤਾਂ ਨਿੰਦਾ ਬੁਰੀ ਨਾ ਲੱਗੇਗੀ। ਸੋ ਨਿੰਦਾ ਸੁਣ ਸੁਣਕੇ ਜੇ ਇਹ ਯਾਚਨਾ ਸੁਰਤ ਵਿਚ ਹੈ ਤਾਂ ਓਹ ਆਪਣੇ ਅੰਦਰ ਨੂੰ 'ਸਤੁਤੀ ਦੀ ਯਾਚਨਾ ਬ੍ਰਿਤੀ' ਤੋਂ ਉੱਚਾ ਕਰ ਲੈਂਦੇ ਹਨ, ਐਸਾ ਕਰਨੇ ਨਾਲ 'ਦਾਤਾ ਪਦ' ਵਿਚ ਹੋ ਜਾਂਦੇ ਹਨ, ਦਾਤਾ ਪਦ ਵਾਲਾ ਜੀਉਂਦੇ ਜੀ ਹੀ ਵੈਕੁੰਠ ਵਾਸੀ ਹੁੰਦਾ ਹੈ; ਮਰਕੇ ਹੋਣ ਵਿਚ ਤਾਂ ਸੰਸਾ ਹੀ ਨਾ ਰਿਹਾ। ਜਦ ਗੁਰਮੁਖ ਦੀ ਸੁਰਤ ਦਾਤਾ ਪਦ ਵਿਚ ਹੋ ਜਾਏ ਜਗਤ ਦਾ ਠੀਕ ਭਲਾ ਤਾਂ ਹੀ ਕਰ ਸਕਦਾ ਹੈ; ਯਥਾ:-

ਓਇ ਦਾਤੇ ਦੁਖ ਕਾਟਨਹਾਰ॥ ਜਾਕੈ ਸੰਗਿ ਤਰੈ ਸੰਸਾਰ॥

[ਗਉੜੀ ਮਹਲਾ ੫, ਸੁਖਮਨੀ, ੧੬-੮]

ਇਸ ਤੋਂ ਅੱਗੇ 'ਰਿਦੈ ਸੁਧ 'ਨਿੰਦਕੁ ਧੋਇ' ਵਾਲੀਆਂ ਤੁਕਾਂ ਵਿਚ ਉਸ ਪਾਸੇ ਧਿਆਨ ਦਿਵਾਉਂਦੇ ਹਨ ਜੋ ਗਿਆਨ ਮਾਰਗ ਦਾ ਇਕ ਅਸੂਲ ਹੈ ਜੋ ਪਿੱਛੇ ਦੱਸ ਆਏ ਹਨ ਕਿ ਜਦ ਸਾਡਾ ਰਿਦਾ ਸ਼ੁੱਧ ਹੋਵੇ ਫਿਰ ਜੇ ਨਿੰਦਾ ਸਾਡੀ ਹੋ ਰਹੀ ਹੋਵੇ ਤਾਂ ਨਿੰਦਕ ਸਾਡੇ ਮਾੜੇ ਕਰਮਾਂ ਦੇ ਫਲ ਲੈ ਜਾਕੇ ਅਨਜਾਣੇ ਧੋਬੀ ਦਾ ਕੰਮ ਕਰ ਰਿਹਾ ਹੁੰਦਾ ਹੈ। ਪ੍ਰਤੱਖ ਵਰਤਾਰੇ ਵਿਚ ਜਦ ਕਿਸੇ ਦਾ ਹਿਰਦਾ ਸ਼ੁੱਧ ਹੁੰਦਾ ਹੈ ਤੇ ਫੇਰ ਨਿੰਦਾ ਹੁੰਦੀ ਹੈ ਤਦ ਵਿਚਾਰ ਕਰਨ ਵਾਲੇ ਦੇ ਮਨ ਤੇ ਕੀਹ ਅਸਰ ਹੁੰਦਾ ਹੈ ? ਉਹ ਸੋਚਦਾ ਹੈ ਕਿ ਮੈਂ ਤਾਂ ਸ਼ੁਧ ਰਹਿਣੀ ਵਿਚ ਰਹਿੰਦਾ ਹਾਂ ਫੇਰ ਨਿੰਦਾ ਹੁੰਦੀ ਹੈ, ਕਿਸੇ ਨੂੰ ਦੁਖਾਉਂਦਾ ਨਹੀਂ, ਨਿੰਦਕ ਨਾਲ ਬੀ ਭਲਾ ਵਰਤਦਾ ਹਾਂ, ਫੇਰ ਨਿੰਦਾ ਹੁੰਦੀ ਹੈ, ਤਾਂ ਤੇ ਮੈਂ ਹੋਰ ਖ਼ਬਰਦਾਰ ਹੋਵਾਂ ਕਿ ਮੇਰੇ ਕੋਲੋਂ ਕੋਈ ਅਸ਼ੁੱਧ ਕਰਮ ਨਾ ਹੋਵੇ, ਕਿਉਂਕਿ ਫੇਰ ਮੇਰੇ ਮਨ ਨੂੰ ਇਹ ਢਾਰਸ ਨਾ ਰਹੇਗੀ ਕਿ 'ਮੈਂ ਨਿਰ ਅਪਰਾਧ ਹਾਂ, ਨਿੰਦਕ ਪਿਆ ਝੂਠਾ ਉਪੱਦਰ ਤੋਲੇ, ਉਸ ਦੀ ਕੀਤੀ ਨਿੰਦਾ ਤੇ ਲਾਏ ਦੂਸ਼ਣ ਕੋਈ ਮੈਨੂੰ ਲੱਗਣ ਲੱਗੇ ਹਨ ! ਤੇ ਜੇ ਮੈਂ ਸਫਾ ਨਾ ਰਿਹਾ ਤਾਂ ਨਿੰਦਕ ਸਚਾ ਹੋ ਗਿਆ, ਹੁਣ ਤਾਂ ਨਿੰਦਕ ਦੀਨ ਦੁਨੀ ਵਿਚ ਤੇ ਇਖ਼ਲਾਕੀ ਤੱਕੜੀ ਵਿਚ ਆਪ ਅਪਣੇ ਮਾੜੇ ਕਰਮ ਦਾ ਜ਼ਿੱਮੇਵਾਰ ਹੈ।' ਐਉਂ ਦੀ ਵੀਚਾਰ ਉਸ ਦੇ ਸ਼ੁੱਧ ਮਨ ਨੂੰ ਸ਼ੁੱਧਤਾ ਵਿਚ ਪ੍ਰਪੱਕ ਰਖਦੀ ਹੈ ਤੇ ਕਿੰਚਤ ਮਾਤ੍ਰ ਮੈਲ ਦਾ ਆਵੇਸ਼ ਨਹੀਂ ਹੋਣ ਦੇਂਦੀ। ਸੋ ਐਸਾ ਕਰਨੇ ਵਿਚ ਨਿੰਦਕ ਦੀ ਹੈਸੀਅਤ ਧੋਬੀ ਦੀ ਹੋਈ ਤੇ ਸਾਡੀ ਹੈਸੀਅਤ ਧੋਤੇ ਕਪੜੇ ਪਹਿਨਣੇ ਵਾਲੇ ਇਨਸਾਨ ਵਾਙੂ ਉੱਜਲਤਾ ਵਾਲੀ ਹੋਈ।

ਅੰਕ ੨— ਇਨ੍ਹਾਂ ਗੱਲਾਂ ਕਰਕੇ ਨਿੰਦਕ ਨੂੰ ਮੈਂ ਵੈਰੀ ਨਹੀਂ ਸਮਝਦਾ, ਉਹ ਚਾਹੋ ਵੈਰ ਕਰਦਾ

ਹੈ। ਉਸ ਦਾ ਪ੍ਰੇਮ ਤਾਂ ਨਿੰਦਾ ਕਰਨ ਵਿਚ ਹੈ ਪਰ ਮੇਰਾ ਪਿਆਰ ਉਸ ਵਿਚ ਹੈ, ਮੈਂ ਉਸ ਨੂੰ ਮਿਤ੍ਰ ਸਮਝਦਾ ਹਾਂ ਤੇ ਸਾਡਾ ਦਿਲ ਨਿੰਦਕ ਵਿਚ ਜਾਂਦਾ ਰਹਿੰਦਾ ਹੈ ਕਿਉਂਕਿ ਸਾਨੂੰ ਉਡੀਕ ਰਹਿੰਦੀ ਹੈ ਕਿ ਹੁਣ ਨੁਕਤਾ ਚੀਨੀ ਦੇ ਪੱਜ ਹੇਠ ਓਹ ਕੀਹ ਕੁਨਸਾਂ ਕੱਢਦਾ ਹੈ, ਅਸੀਂ ਸੁਣੀਏ ਤਦ ਆਪ ਵਿਚ ਪਰਖਣਾ ਕਰੀਏ, ਜੇ ਉਸ ਦਾ ਦੱਸਿਆ ਅਵਗੁਣ ਸਾਡੇ ਵਿਚ ਠੀਕ ਹੋਵੇ ਤਾਂ ਕੱਢ ਲਈਏ। ਕਈ ਵੇਰ ਅਪਣੇ ਨੁਕਸ ਆਪ ਨੂੰ ਦਿੱਸਦੇ ਨਹੀਂ ਤੇ ਮਿੱਤ੍ਰ ਦੱਸਦੇ ਨਹੀਂ, ਕਿਉਂਕਿ 'ਰਾਗੀ ਅਉਗਣ ਨਾ ਗਣੈ' ਇਕ ਮਿਤ੍ਰਤਾ ਦਾ ਅਸੂਲ ਹੈ, ਸੋ ਨਿੰਦਕ ਅਕਸਰ ਤਾਂ ਝੂਠੇ ਦੋਸ਼ ਲਾਉਂਦਾ ਹੈ, ਪਰ ਕਦੇ ਕਦੇ ਸਚਮੁਚ ਦੇ ਅਵਗੁਣ ਬੀ ਦੱਸਦਾ ਹੈ ਕਿਉਂਕਿ ਛਿਦ੍ਰ ਦੇਖਿ ਨਿਦਕ ਓਮਾਹੈ'। ਇਸ ਲਈ ਜੋ ਕੁਛ ਨੁਕਸ ਓਹ ਕੱਢੇ ਅਸੀਂ ਵੇਖਕੇ ਦਰੁਸਤੀ ਕਰ ਲੈਣ ਦੇ ਅਵਸਰ ਵਿਚ ਆ ਜਾਂਦੇ ਹਾਂ। ਤਾਂ ਤੇ ਜੋ ਨਿੰਦਾ ਕਰਦਾ ਹੈ ਸੋ ਨਿੰਦਕ ਨਹੀਂ, ਪਰ ਅਸਲੀ ਨਿੰਦਕ ਉਹ ਹੈ ਜੋ ਨਿੰਦਾ ਹੁੰਦੀ ਨੂੰ ਰੋਕੇ। ਕਿਉਂਕਿ ਨਿੰਦਕ ਨੇ ਸਾਡੇ ਨੁਕਸ ਦੱਸਣੇ ਸਨ, ਸਾਨੂੰ ਉਹਨਾਂ ਦੇ ਸੁਧਾਰ ਦਾ ਸਮਾਂ ਮਿਲਨਾ ਸੀ, ਉਸ ਦੀ ਰੋਕ ਮਾਨੋ ਸਾਡੇ ਸੁਧਾਰ ਦੇ ਮੌਕੇ ਗੁਆਉਂਦੀ ਹੈ।ਅਥਵਾ ਸਾਡੇ ਵਿਚ ਅਵਗੁਣ ਕੋਈ ਹੈ ਤੇ ਨਿੰਦਕ ਨੇ ਦੱਸ ਦਿਤਾ ਹੈ ਤਾਂ ਅਸਾਂ ਉਸ ਨੂੰ ਲਿਆ ਸੁਧਾਰ। ਹੁਣ ਸੁਧਾਰ ਹੋਣ ਮਗਰੋਂ ਕੋਈ ਹੋਰ ਸਾਡੀ ਨਿੰਦਾ ਨਾ ਕਰ ਸਕੇਗਾ, ਐਉਂ ਨਿੰਦਕ ਸਾਡੀ ਨਿੰਦਿਆ ਦੇ ਫੈਲਣ ਨੂੰ ਰੋਕਦਾ ਹੈ।

ਸ੍ਰੀ ਕਬੀਰ ਜੀ ਇਨਸਾਨ ਦੇ ਮਾਨਸਿਕ ਪ੍ਰਕ੍ਰਿਤੀਆਂ ਦੇ ਬੀ ਜਾਣੂ ਹਨ। ਸੋ ਇਕ ਹੋਰ ਕਾਰਣ ਏਸ ਨੁਕਤੇ ਤੋਂ ਬੀ ਨਿੰਦਕ ਨੂੰ ਨਾ ਰੋਕਣੇ ਦਾ ਹੈ। ਜੇ ਤੁਸੀਂ ਨਿੰਦਕ ਦੀ ਨਿੰਦਾ ਦੀ ਪਰਵਾਹ ਨਾ ਕਰੋ ਤਾਂ ਉਹ ਝਈਆਂ ਲੈ ਲੈ ਆਪ ਹੌਲਾ ਹੋ ਰੁਕ ਜਾਂਦਾ ਹੈ। ਪਰ ਜੇ ਮਨ੍ਹਾਂ ਕਰੋ, ਰੋਕੋ, ਮਿੰਨਤਾਂ ਕਰੋ ਤਾਂ ਭੂਏ ਚੜਦਾ ਹੈ। ਸੋ ਰੋਕਣਾ ਕਈ ਵੇਰ ਨਿੰਦਿਆ ਨੂੰ ਵਧਾ ਦੇਂਦਾ ਹੈ, ਨਹੀਂ ਤਾਂ ਕਈ ਵਾਰ ਨਿੰਦਕ ਸੜ ਧੁਖ ਕੇ ਆਪ ਰਹਿ ਜਾਂਦਾ ਹੈ*। ਸੋ ਨਿੰਦਕ ਨੂੰ ਰੋਕਣ ਵਾਲਾ ਮਾਨੋ ਆਪ ਨਿੰਦਕ ਹੈ। ਹੁਣ ਰਹੀ ਇਹ ਗੱਲ ਕਿ ਨਿੰਦਕ ਸਾਡਾ ਜੀਵਨ ਕਿਸ ਤਰ੍ਹਾਂ ਚਾਹੁੰਦਾ ਹੈ ? ਨਿੰਦਕ ਦੀ ਨਿੰਦਾ ਸੁਣ ਕੇ ਅਸੀਂ ਮਾੜੇ ਕਰਮਾਂ ਤੋਂ ਜੋ ਅਸਾਂ ਕੀਤੇ ਹੋਣ ਤੇ ਜੋ ਉਹ ਭੰਡਦਾ ਹੈ, ਸੰਕੋਚ ਕਰਦੇ ਹਾਂ, ਜੋ ਦੋਖ ਅਸਾਂ ਨਹੀਂ ਕੀਤੇ ਉਨ੍ਹਾਂ ਤੋਂ ਰੁਕਦੇ ਹਾਂ ਕਿ ਜੇ ਕੀਤੇ ਤੇ ਨਿੰਦਕ ਨੂੰ ਪਤਾ ਲੱਗ ਗਿਆ ਤਾਂ ਹੋਰ ਨਿੰਦਾ ਕਰੇਗਾ। ਐਉਂ ਅਸੀਂ ਪਾਪ ਕਰਮਾਂ ਤੋਂ ਰੁਕਦੇ ਨਿਸ਼ਪਾਪ ਹੁੰਦੇ ਜਾਂਦੇ ਹਾਂ। ਪਾਪ ਕਰਮਾਂ ਨਾਲ ਉਮਰ ਘਟਦੀ ਹੈ। ਇਹ ਇਕ ਮਾਨਸਿਕ ਵੀਚਾਰ ਹੈ, ਇਉਂ ਪਾਪ ਕਰਮਾਂ ਤੋਂ ਬਚਣ ਨਾਲ ਉਮਰ ਵਧਦੀ ਹੈ। ਸੋ ਨਿੰਦਕ ਸਾਡੇ ਜੀਵਨ ਲਈ ਇਕ ਸ਼ਭੇਸ਼ਕ ਸਮਝਣਾ ਚਾਹੀਏ। ਐਉਂ ਬੀ ਅਰਥ ਕਰਦੇ ਹਨ ਕਿ ਨਿੰਦਕ ਨਿੰਦਾ ਕਰਕੇ ਸਾਡੇ ਨੁਕਸ ਦੂਰ ਕਰਕੇ ਸਾਡਾ ਜੀਵਨ ਸੂਛ ਕਰਨਾ ਲੋੜਦਾ ਹੈ। ਭਾਵ ਸਾਡੇ ਜੀਵਨ ਨੂੰ ਇਖ਼ਲਾਕੀ ਯਾ ਰੂਹਾਨੀ ਜੀਵਨ ਬਣਾਉਂਦਾ ਹੈ।

ਅੰਕ ੩— ਇਨ੍ਹਾਂ ਕਾਰਣਾਂ ਕਰਕੇ ਸਾਡਾ ਪਿਆਰ ਹੈ ਨਿੰਦਕ ਵਿਚ ਤੇ ਉਸ ਨੂੰ ਪ੍ਰੇਮ ਹੈ ਸਾਡੀ ਨਿੰਦਾ ਵਿਚ। ਦੋਹਾਂ ਨੂੰ ਫਲ ਅੱਡੋ ਅੱਡ ਲਗਦੇ ਹਨ। ਅਸੀਂ ਉਸ ਪਰਮ ਸ਼ੱਤ੍ਰੂ ਨੂੰ ਸੱਜਣ ਸਮਝ ਕੇ ਖਿਮਾ ਤੇ ਦਇਆ ਵਰਤੀ ਤੇ ਆਪਾ ਸੂਛ ਰੱਖਿਆ ਯਾ ਕਰ ਲਿਆ, ਇਸ ਦਾ ਫਲ ਹੋਇਆ ਕਿ ਅਸੀਂ ਤਾਂ ਸ਼ੁਧ ਹੋ ਜਾਣ ਕਰਕੇ ਸੰਸਾਰ ਸਾਗਰ ਨੂੰ ਤਰ ਗਏ ਤੇ ਪਾਰ ਉੱਤਰ ਗਏ ਪਰ ਨਿੰਦਕ ਨੇ ਕੁਛ ਅਪਣੇ ਕੀਤੇ ਤੇ ਕੁਛ ਸਾਡੀ ਨਿੰਦਿਆ ਨਾਲ ਪਾਪ ਕਰਮਾਂ ਦੇ ਬੋਝ ਸਿਰ ਤੇ ਲੈ ਲਏ। ਨਿੰਦਾ ਵਿਚ ਵਜਾਪਣ ਕਰਕੇ ਅੰਤਹਕਰਣ ਮੈਲਾ ਤੇ ਆਸੁਰੀ ਸੰਪਦਾ ਨਾਲ ਲਦਿਆ ਗਿਆ, ਐਉਂ ਉਹ ਬਹੁਤੇ ਭਾਰ ਕਰਕੇ ਭਵ ਸਾਗਰ ਵਿਚ ਡੁਬਾ। ਸੋ ਭਾਈ ਸਜਨੋ ! ਕਬੀਰ ਨਿੰਦਾ ਨੂੰ ਅਪਣੇ ਹੱਕ ਵਿਚ ਮਾੜੀ ਸ਼ੈ ਨਹੀਂ ਸਮਝਦਾ, ਸਗੋਂ ਉਹ ਤਾਂ ਇਸ ਨੂੰ ਅਪਣੇ ਲਈ ਸ੍ਰੇਸ਼ਟ ਗੱਲ ਸਮਝਦਾ ਹੈ। ਇਸ ਕਰਕੇ ਕਬੀਰ

*ਬੁਰਾ ਕਰੇ ਸੁ ਕੇਹਾ ਸਿਝੈ॥ ਆਪਣੈ ਰੋਹਿ ਆਪੇ ਹੀ ਦਝੈ॥ [ਸਲੋਕ ਵਾਰਹ ਤੇ ਵਧੀਕ ਮ: ੩-੪੬]

ਜੀ ਦਾ ਅਪਨਾ ਤਜਰਬਾ ਤੇ ਵਰਤਾਉ ਇਸ ਸ਼ਬਦ ਵਿਚ ਉਨ੍ਹਾਂ ਨੂੰ ਉਪਦੇਸ਼ ਦਿੰਦਾ ਹੈ ਕਿ ਜਿਨ੍ਹਾਂ ਦੀ ਸੁਧੀ ਨਿੰਦਾ ਹੁੰਦੀ ਹੈ ਯਾ ਨੁਕਤਾ ਚੀਨੀ ਦੇ ਪੱਜ ਹੇਠ ਨਿੰਦਜਾ ਹੁੰਦੀ ਹੈ, ਐਸਾ ਹੀ ਭਾਵ ਗ੍ਰਹਣ ਕਰਨ ਤੇ ਨਿੰਦਾ ਨਾਲ ਕਦੇ ਨਾ ਘਬਰਾਉਣ ਸਦਾ ਸਮਚਿਤ ਰਹਿਣ।

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥

[ਗਉੜੀ ਮਹਲਾ ੯-੧]

ਵਿਸ਼ੇਸ਼—ਐਉਂ ਸਮਝਣਾ ਕਿ ਕਬੀਰ ਜੀ ਇਸ ਸ਼ਬਦ ਵਿਚ ਨਿੰਦਕ ਦੇ ਗੁਣ ਗਾ ਰਹੇ ਹਨ, ਊਕਾਈ ਹੋਸੀ, ਓਹ ਨਿੰਦਕ ਦੇ 'ਅਵਗੁਣਾਂ' ਤੋਂ ਅਪਣੇ ਮਨ ਦੇ ਉੱਚੇ ਰੁਖ਼' ਨਾਲ 'ਗੁਣਾਂ ਦਾ ਕੰਮ ਲੈ ਰਹੇ ਹਨ, ਉਸ ਦੇ ਤਾਂ ਅਵਗੁਣ ਹੀ ਪ੍ਰਗਟ ਹੋ ਰਹੇ ਹਨ, ਜਦ ਅੰਤ ਵਿਚ ਫੁਰਮਾਇਆ ਕਿ 'ਨਿੰਦਕੁ ਡੂਬਾ ਤਾਂ ਸਪਸ਼ਟ ਹੋ ਗਿਆ ਕਿ ਗੁਣ ਕਰਕੇ ਮੰਨੇ ਉਸ ਦੇ ਵਰਤਾਉ ਸਭ ਅਵਗੁਣ ਸਨ ਕਿਉਂਕਿ ਡੁਬਦੇ ਅਵਗੁਣ ਹੀ ਹੁੰਦੇ ਹਨ। ਗੁਣ ਨਹੀਂ ਕਦੇ ਡੋਬਦੇ। ਸੋ ਵਜੋਗ ਵਿਚ ਨਿੰਦਕ ਨੂੰ ਉਪਦੇਸ਼, ਨਿੰਦਾ ਤਜਾਗਣੇ ਦਾ ਦੇ ਰਹੇ ਹੈਨ। ਇਸ ਤਰ੍ਹਾਂ ਫੇਰ ਇਹ ਖਜਾਲ ਫੁਰੇਗਾ ਕਿ ਕਬੀਰ ਜੀ ਨਿੰਦਕ ਨੂੰ ਨਿੰਦਾ ਤੋਂ ਹੋੜ ਰਹੇ ਹਨ ਤੇ ਅੰਕ ੨ ਵਿਚ ਦੱਸ ਆਏ ਹਨ ਕਿ ਨਿੰਦਾ ਹੋੜਨੇ ਵਾਲਾ ਨਿੰਦਕ ਹੈ। ਇਸ ਦਾ ਵੀਚਾਰ ਇਹ ਹੈ ਕਿ ਕਬੀਰ ਜੀ ਆਪਣਾ ਮਨ ਦਾ ਰੁਖ਼ ਨਿੰਦਕ ਵਲ ਦੱਸ ਰਹੇ ਸਨ ਕਿ ਨਿੰਦੇ ਜਾਣ ਵੇਲੇ ਐਉਂ ਦੇ ਰੁਖ਼ ਨਾਲ ਮੈਂ ਸੁਖ ਪਾਇਆ ਹੈ। ਤਾਂਹੀਓਂ ਓਹ ਨਿੰਦਉ ਨਿੰਦਉ ਕਹਿ ਰਹੇ ਹਨ ਕਿ ਨਿੰਦਾ ਤੋਂ ਬੇਪਰਵਾਹੀ ਹੀ ਇਸਦਾ ਇਲਾਜ ਹੈ। ਨਿੰਦੇ ਜਾਕੇ ਬੀ ਸਮਚਿਤ ਰਹੋ। ਏਥੇ ਹੁਣ 'ਨਿੰਦਕੁ ਡੂਬਾ' ਕਹਿਕੇ ਜੋ ਵਰਜਣ ਦੀ ਇਸ਼ਾਰਤ ਦੇਂਦੇ ਹਨ ਇਸ ਲਈ ਕਿ ਨਿੰਦਕ ਤੋਂ ਨਿੰਦਾ ਦਾ ਫਲ ਗੁੱਝਾ ਨਾ ਰਹੇ, ਇਸ ਵਿਚ ਓਹ ਨਿੰਦਕ ਦਾ ਭਲਾ ਚਾਹੁੰਦੇ ਹਨ। ਕਿਉਂ ਕਿ ਉਹ ਨਿੰਦਕ ਦਾ ਬੀ ਬੁਰਾ ਨਹੀਂ ਲੋਚਦੇ ਤੇ ਉਸ ਨਿੰਦਕ ਨੂੰ ਅਪਣਾ ਬੁਰਾ ਆਪ ਕਰਦੇ ਦੇਖਦੇ ਹਨ ਤਾਂ ਉਸ ਦੇ ਭਲੇ ਲਈ ਉਸ ਦੇ ਕੁਕਰਮ ਦਾ ਫਲ ਦਿਖਲਾ ਕੇ ਉਸਨੂੰ ਨਿੰਦਾ ਵਲੋਂ ਵਰਜਣ ਦਾ ਉਪਦੇਸ਼ ਕਰਦੇ ਹਨ। ਜਿੱਥੇ ਕਿਹਾ ਸੀ 'ਨਾ ਵਰਜੋ' ਓਥੇ ਅਪਣੀ ਰਖਜਾ ਦੇ ਪ੍ਰਯੋਜਨ ਨੂੰ ਅਭਾਵ ਕਰਨਾ ਸੀ। ਏਥੇ ਨਿੰਦਕ ਤੋਂ ਸ੍ਵੈ ਰਖਜਾ ਦਾ ਮਾਮਲਾ ਨਹੀਂ ਚਲ ਰਿਹਾ, ਇਥੇ ਨਿੰਦਕ ਨੂੰ ਬੁਰਾ ਫਲ ਮਿਲਨ ਦਾ ਵਿਸ਼ਯ ਹੈ, ਇਸ ਕਰਕੇ ਸਪਸ਼ਟ ਦੱਸਦੇ ਹਨ ਕਿ ਅਸੀਂ ਤਾਂ ਅਪਣੇ ਮਨ ਦੇ ਉਪਰਲੀ ਗਤ ਮਾਰਨ ਵਾਲੇ ਰੁਖ਼ ਨਾਲ ਤਰ ਜਾਵਾਂਗੇ ਪਰ ਉਹ ਵਿਚਾਰਾ ਡੁੱਬੇਗਾ। ਸੋ ਧੁਨੀ ਵਿਚ ਉਪਦੇਸ਼ ਹੈ ਕਿ ਨਿੰਦਾ ਦਾ ਕੁਕਰਮ ਨਾ ਕਰ ਫਲ ਬੁਰਾ ਹੈ। ਏਥੇ ਪ੍ਰਯੋਜਨ ਹੈ:—

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥ [ਸਲੋਕ ਫਰੀਦ ਜੀ-੭੮]

ਸ਼ਬਦ ਦੀ ਪਹਿਲੀ ਤੁਕ ਪ੍ਰੌਢਤਾ ਕਰਦੀ ਹੈ ਇਸ ਗਲ ਦੀ ਕਿ ਭਾਈ ਲੋਕੋ ਸਾਡੀ ਨਿੰਦਾ ਅਰਥਾਤ ਮੇਰੀ ਕਬੀਰ ਦੀ ਨਿੰਦਾ, ਬੇਸ਼ਕ ਕਰੋ। ਪਰ ਇਹ ਸੁਭਾਵ ਬੁਰਾ ਹੈ, ਇਸ ਦਾ ਫਲ ਡੁੱਬਣਾ ਹੈ, ਅਪਣੇ ਭਲੇ ਲਈ ਇਸ ਤੋਂ ਬਚੋ।

'ਨਿੰਦਕੁ ਡੂਬਾ' ਦ੍ਵੈਖੀ ਦੀ ਬੁਰੀ ਦਸ਼ਾ ਤੇ ਚਿੱਘੀ ਮਾਰ ਕੇ ਨਹੀਂ ਕਹਿ ਰਹੇ ਪਰ ਤਰਸ ਖਾ ਕੇ ਉਸ ਦੇ ਭਲੇ ਲਈ ਉਸ ਨੂੰ ਉਸ ਦੇ ਮਾੜੇ ਕਰਮ ਦਾ ਫਲ ਦਰਸਾ ਰਹੇ ਹਨ।

ਨਿਰੁਕ੍ਤ—(ਨਿੰਦਉ—ਨਿੰਦਾ ਕਰੇ, ਨਿੰਦਾ ਪਿਆ ਕਰੇ। ਨਿੰਦੇ।

ਲੋਗੁ [ਸੰਸ:, ਲੋਕ:=ਸੰਸਾਰ] ਲੋਕ। 'ਲੋਗੁ' ਪਦ ਏਥੇ ਸੰਬੋਧਨ ਨਹੀਂ, ਇਸ ਕਰਕੇ 'ਹੇ ਲੋਕੋ ਨਿੰਦਾ ਕਰੋ' ਅਰਥ ਨਹੀਂ ਬਣਦਾ। 'ਲੋਗੁ' ਕਰਤਾ ਕਾਰਕ ਹੈ 'ਨਿੰਦਉ' ਦਾ; ਇਸ ਕਰਕੇ' ਲੋਕ ਪਿਆ ਨਿੰਦੇ ਮੈਨੂੰ' ਠੀਕ ਅਰਥ ਹੈ। ਖਰੀ—ਚੰਗੀ, ਠੀਕ ਠੀਕ, ਬਹੁਤੀ।

ਮਹਤਾਰੀ—[ਸੰਸ:, ਮਹਤ=ਵਡਾ। ਮਹਤਰਾ=ਬਹੁਤ ਵਡੀ ਪਰ ਇਹ ਪਦ 'ਮਾਤ੍ਰਿ' ਤੋਂ

ਬਣਿਆਂ ਜਾਪਦਾ ਹੈ] ਮਾਂ, ਮਾਤਾ। ਮਹਤਰੀਆ ਮਹਿਤਾਰੀ ਆਦਿ ਦਾ ਅਰਥ ਮਾਤਾ ਹੀ ਹੈ।

ਹੋਰੈ—[ਹਿੰਦੀ, ਪੰਜਾਬੀ, ਹੋੜਨਾ] ਰੋਕਣਾ, ਮਨ੍ਹੇ ਕਰਨਾ।

ਲੋਰੈ—ਲੋੜਦਾ ਹੈ, ਚਾਹੁੰਦਾ ਹੈ।

ਨਿੰਦਾ ਹਮਰੀ-ਹਮਰੀ ਨਿੰਦਾ = ਸਾਡੀ ਨਿੰਦਾ, ਸਾਡੀ ਨਿੰਦਾ ਵਿਚ। ਤੁਕ ਦਾ ਅਰਥ:—ਸਾਡੀ ਨਿੰਦਾ ਵਿਚ (ਨਿੰਦਕ ਦਾ) ਪ੍ਰੇਮ ਹੈ (ਸਾਡਾ) ਪਿਆਰ (ਨਿੰਦਕ ਨਾਲ ਹੈ)।

(ਅ) ਇਸ ਦਾ ਅਰਥ ਐਉਂ ਬੀ ਕਰਦੇ ਹਨ: ਸਾਡਾ ਪ੍ਰੇਮ ਤੇ ਪਿਆਰ ਨਿੰਦਾ ਵਿਚ ਹੈ, ਭਾਵ ਨਿੰਦਾ ਸਹਾਰਨ ਵਿਚ ਹੈ। ਪ੍ਰੰਤੂ ਪਦ ਹਮਾਰੀ 'ਇਸਤ੍ਰੀ ਲਿੰਗ ਹੈ ਤੇ ਪ੍ਰੇਮ ਪਿਆਰ ਦੁਇ ਪੁਲਿੰਗ ਹਨ

ਸਾਰੁ—ਸਰੇਸ਼ਟ। ਬਹੁਤ ਉੱਤਮ ਗਲ।

[ਗਉੜੀ ਕਬੀਰ ਜੀ, ਚਉਪਦਾ—੭੨]

ਪ੍ਰਾਕ੍ਥਨ—ਭਗਤੀ ਕਰਦਿਆਂ ਹਉਮੈਂ ਦੀ ਸਮਾਪਤੀ ਹੋਕੇ ਜੋ ਪਰਮਾਤਮਾਂ ਨਾਲ ਮੇਲ ਹੋਕੇ ਇਕਸੁਰਤਾ ਤੇ ਏਕਤਾ ਹੋ ਜਾਂਦੀ ਹੈ ਵਖੇਵੇਂ ਵਾਲੀ ਬੁੱਧੀ, ਆਤਮ ਵਿਸ਼ੈਣੀ, ਸੁਤੇ ਹੀ ਸਿੱਧਾਂਤ ਅਨੁਭਵਤਾ ਵਾਲੀ ਸਿੱਧੀ ਬਣ ਜਾਂਦੀ ਹੈ।;

ਮੂਲ	ਅਰਥ
ਰਾਜਾ ਰਾਮ ਤੂੰ ਐਸਾ ਨਿਰਭਉ ਤਰਨ ਤਾਰਨ ਰਾਮ ਰਾਇਆ ॥੧॥ਰਹਾਉ ॥	ਹੇ ਪਿਆਰੇ ਪ੍ਰਕਾਸ਼ ਸਰੂਪ (ਪ੍ਰਭੂ!) ਤੂੰ ਭੈ ਤੋਂ ਰਹਿਤ ਹੈਂ ਐਸਾ (ਕਿ ਆਪਣੇ ਪ੍ਰੇਮੀਆਂ ਨੂੰ ਭੈ ਸਾਗਰ ਤੋਂ ਪਾਰ ਕਰਨੇ ਲਈ) ਤਾਰਨੇ ਵਾਲਾ ਜਹਾਜ਼ ਹੈਂ, (ਹਾਂ ਨੂੰ ਸਾਰੇ) ਰਮ ਰਿਹਾ ਪ੍ਰਕਾਸ਼ ਸਰੂਪ ਹੈਂ ॥ ੧ ॥ ਰਹਾਉ ॥
ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥ ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥੧॥	[ਕਿਸ ਤਰ੍ਹਾਂ ਤਾਰਦੇ ਹੋ? ਆਪਣੇ ਤਰਨ ਦਾ ਪ੍ਰਕਾਰ ਨਿਰੂਪਣ ਕਰਕੇ ਦੱਸਦੇ ਹਨ] ਜਦੋਂ (ਮੇਰੇ ਅੰਦਰ) ਅਸੀਂ ਹੁੰਦੇ ਸਾਂ (ਭਾਵ ਅਸੀਂ ਆਪਣੇ ਹਉਂ ਅਹੰਕਾਰ ਵਿਚ ਸਾਂ) ਤਦ ਤੁਸੀਂ (ਮੇਰੇ ਅੰਦਰ ਅਨੁਭਵ ਨਹੀਂ ਸੀ ਹੁੰਦੇ, ਮਾਨੋ ਕਿ) ਅੰਦਰ ਨਹੀਂ ਸਾਓ, ਹੁਣ ਤੁਸੀਂ (ਅੰਦਰ) ਹਓ (ਤਾਂ) ਅਸੀਂ ਨਹੀਂ ਹਾਂ (ਭਾਵ ਤੁਸੀਂ ਅਨੁਭਵ ਹੋ ਗਏ ਹੋ ਤਾਂ ਹਉਂ ਨਹੀਂ ਰਹੀ। ਨਹੀਂ, ਨਾ ਤੁਸੀਂ ਆਏ ਗਏ ਹੋ ਨਾ ਅਸੀਂ, ਅਸਲ ਗੱਲ ਇਹ ਹੈ ਕਿ) ਹੁਣ ਤੁਸੀਂ ਅਸੀਂ ਇੱਕੋ ਹੋ ਗਏ ਹਾਂ (ਇਸ) ਇਕ ਸਰੂਪਤਾ ਨੂੰ ਦੇਖਦਿਆਂ ਹੀ ਮਨ ਪਤੀਜਣਾ ਦੇ ਘਰ ਆ ਗਿਆ ਹੈ (ਕਿ ਯਥਾਰਥ ਗੱਲ ਲੱਭ ਪਈ ਹੈ)॥ ੧ ॥
ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥ ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥	ਜਦੋਂ (ਹਮ ਹੋਤੇ ਵਾਲੀ) ਬੁੱਧੀ ਹੁੰਦੀ ਸੀ ਤਦੋਂ (ਆਤਮ-) ਬਲ ਕੇਹਾ ਹੋਣਾ ਸੀ (ਭਾਵ ਕੁਛ ਨਹੀਂ ਸੀ), ਹੁਣ ਜੋ (ਹਮ ਤੁਮ ਏਕ ਭਏ ਵਾਲੀ) ਬੁੱਧੀ (ਹੋ ਆਈ ਹੈ ਤਾਂ ਆਤਮ-) ਬਲ (ਸਮਾਇਆ) ਨਹੀਂ ਸਮਾਉਂਦਾ (ਭਾਵ ਅਮਿੱਤਾ ਹੋ ਗਿਆ ਹੈ ਅਸਲ ਗੱਲ) ਕਬੀਰ ਕਹਿੰਦਾ ਹੈ (ਇਹ ਹੈ ਕਿ) ਮੇਰੀ ਬੁੱਧੀ (ਤੂੰ ਮੇਰੇ ਨਾਲ ਇਕ ਹੋਣ ਵਾਲੇ ਨੇ) ਚੁਰਾ ਲਈ ਹੈ; (ਨਹੀਂ

ਨਹੀਂ, ਮੇਰੀ ਬੁੱਧੀ ਤੁਸਾਂ ਜੀ ਨੇ) ਬਦਲ ਦਿੱਤੀ ਹੈ (ਜਿਸ ਦੇ ਬਦਲੇ ਮੈਂ) ਸਿੱਧੀ ਪਾ ਲਈ ਹੈ॥੨॥੨੧॥੭੨॥

ਵਯਾਖਯਾ—ਸ੍ਰੀ ਕਬੀਰ ਜੀ ਪਰਮਾਤਮ ਦੇਵ ਜੀ ਨਾਲ ਮਿਲਕੇ ਵਿੱਥਾਂ ਮਿਟਾਕੇ ਇਕ ਹੋ ਜਾਣ ਦਾ ਪ੍ਰਕਾਰ ਦੱਸ ਰਹੇ ਹਨ, ਸਨਮੁਖ ਉਸਤੁਤੀ ਦੇ ਰੂਪ ਵਿਚ।

ਪਹਿਲਾਂ ਦੱਸਦੇ ਹਨ ਕਿ ਤੂੰ ਰਾਮ = ਰਮਜ = ਪਿਆਰਾ ਹੈਂ, ਰਾਜਾ = ਪ੍ਰਕਾਸ਼ ਸਰੂਪ ਹੈਂ (ਅਤੇ) ਐਸਾ ਨਿਰਭੈ ਹੈਂ ਕਿ ਨਿਰਾ ਆਪ ਹੀ ਨਿਰਭੈ ਨਹੀਂ ਸਗੋਂ ਅਪਣੇ ਪ੍ਰੇਮੀਆਂ ਨੂੰ ਭੈ ਸਾਗਰ ਤੋਂ ਪਾਰ ਕਰਨੇ ਦਾ ਜਹਾਜ਼ ਹੈਂ। ਪਜਾਰ ਵਿਚ ਆਏ ਫੇਰ ਅਵਾਜ਼ ਦੇਂਦੇ ਹਨ: 'ਹੇ ਪਜਾਰੇ ਪ੍ਰਕਾਸ਼ ਸਰੂਪ (= ਰਾਮਰਾਇਆ)'॥੧॥ ਰਹਾਉ॥

ਅੰਕ ੧—ਜਦੋਂ ਮੇਰੀ ਹਉਮੈਂ ਕੰਮ ਕਰਦੀ ਸੀ ਤਦੋਂ 'ਮੈਂਮੈਂ' ਕਰੀਦੀ ਸੀ, ਤਦੋਂ ਤੂੰ ਬੀ ਮੇਰੀ 'ਮੈਂ ਦੇ' ਦੇ ਮਗਰ ਮੇਰੇ ਅੰਦਰ ਵਜਾਪਕ ਰੂਪ ਵਿਚ ਮੌਜੂਦ ਸੈਂ ਪਰ ਇਹ ਗਲ ਸਮਝ ਵਿਚ ਨਹੀਂ ਸੀ ਪੈਂਦੀ, ਮਾਨੋਂ ਤੂੰ ਸੈਂ ਹੀ ਨਹੀਂ ਤੇ ਮੈਂ ਹੀ ਮੈ ਸਾਂ। ਹੁਣ ਕਿਤਨਾ ਚਿਰ ਭਗਤੀ ਕਰ ਕਰਕੇ ਜਦ 'ਹਉਂ' ਨਵਿਰਤ ਹੋਈ ਹੈ ਤਦ ਆਪਾ ਭਾਵ ਬਿਲਾ ਗਿਆ ਹੈ, ਤੁਸੀਂ ਹੀ ਤੁਸੀਂ ਦਿਸਦੇ ਹੋ, ਮਾਨੋ ਮੈਂ ਰਿਹਾ ਹੀ ਨਹੀਂ। ਫੇਰ ਦੁਹਰਾਉਂਦੇ ਹਨ ਕਿ ਨਹੀਂ ਤਦੋਂ ਤੁਸੀਂ ਬੀ ਹੈਗੇ ਸੇ ਤੇ ਮੈਂ ਬੀ ਹੈਗਾ ਸਾਂ ਵਿਚ ਐਤਰਾ ਸੀ ਉਹ ਨਹੀਂ ਰਿਹਾ, ਤੁਸੀਂ ਤੇ ਮੈਂ ਹੁਣ ਮਿਲਕੇ ਇਕੋ ਹੀ ਹੋ ਗਏ ਹਾਂ। ਇਹ ਏਕਤਾ ਦੇਖਕੇ ਮਨ ਨੂੰ ਬੀ ਤਸੱਲੀ ਹੋ ਗਈ ਹੈ ਕਿ ਅਸਲੀਅਤ ਇਹੋ ਹੈ। ਸ਼ੰਕਾ ਹੁੰਦੀ ਹੈ ਕਿ ਪਹਿਲੋਂ ਕਿਉਂ ਨਾ ਇਹ ਗਲ ਹੋ ਗਈ ?

ਅੰਕ ੨— ਉੱਤਰ ਦੇਂਦੇ ਹਨ ਕਿ ਜਦੋਂ ਜੀਵ ਵਿਚ ਆਪ ਤੋਂ ਜੁਦਾ ਹੋਣ ਦੀ 'ਹਉਂ ਹਉਂ' ਵਾਲੀ ਅਕਲ ਹੁੰਦੀ ਹੈ ਓਦੋਂ 'ਜੀਵਨ ਭਾਵ' ਵਿਚ ਸਾਡੇ ਜੀਵਾਂ ਵਿਚ ਇਹ ਸ਼ਕਤੀ ਇਹ ਤਾਕਤ ਕਿੱਥੇ ਸੀ ਕਿ ਅੰਤ ਵਿਚ ਗ੍ਰਸੇ ਬੈਠੇ ਤੈਂ ਅਨੰਤ ਵਿਚ ਆਪੇ ਹੀ ਮਿਲ ਜਾਂਦੇ। 'ਅੰਤ ਵਾਲੇ' ਦੀ ਇਹ ਸ਼ਕਤੀ ਹੋ ਹੀ ਨਹੀਂ ਸਕਦੀ। ਹੁਣ ਜਦ ਮਿਲਕੇ ਇਕ ਹੋ ਜਾਣ ਵਾਲੀ ਬੁਧੀ ਆ ਗਈ ਹੈ ਤਾਂ ਅਨੰਤ ਵਿਚ ਮਿਲਕੇ ਅਨੰਤ ਦਾ ਬਲ ਆ ਗਿਆ ਹੈ, ਹੁਣ ਇਸ ਬਲ ਨਾਲ 'ਅਨੰਤ' ਤੋਂ ਮੁੜ 'ਅੰਤ' ਵਿਚ ਗਿਰਾਉ ਨਹੀਂ ਹੋਵੇਗਾ, ਕਿਉਂਕਿ ਇਹ ਬਲ ਇਤਨਾ ਹੈ ਕਿ ਸਮਾਇਆਂ ਸਮਾਂ ਨਹੀਂ ਸਕਦਾ। ਅਨੰਤ ਦਾ ਬਲ ਅਨੰਤ ਹੀ ਹੋਣਾ ਹੋਇਆ। ਪ੍ਰਸ਼ਨ ਹੁੰਦਾ ਹੈ ਕਿ ਉਹ ਜੁਦਾਈ ਵਾਲੀ ਬੁੱਧੀ ਨਾਸ਼ ਹੋਈ ਸੀ ਤਾਂ ਮੇਲ ਹੋਇਆ ਸੀ, ਫੇਰ ਹੁਣ ਕਿਹੜੀ ਬੁੱਧੀ ਕਹਿ ਰਹੇ ਹੋ ਜੋ ਬਲਵਾਨਤਾ ਵਿਚ ਆ ਗਈ?ਤਾਂ ਉੱਤਰ ਦੇਂਦੇ ਹਨ ਲਾਡ ਵਿਚ ਕਿ ਹਾਂ ਸੱਚ ਉਹ ਬੁੱਧੀ ਤਾਂ ਮੇਰੀ ਹੇ ਸੁੰਦਰ ਰਮਈਆ। ਤੁਸਾਂ ਚੁਰਾ ਯਾ ਖੋਹ ਲਈ ਸੀ। ਫਿਰ ਆਪਣੇ ਆਖੇ ਦਰੁਸਤ ਕਰਦੇ ਹਨ ਕਿ ਨਹੀਂ ਤੁਸਾਂ ਮੇਰੀ ਬੁੱਧੀ ਨੂੰ ਚੁਰਾਕੇ ਕੀਹ ਕਰਨਾ ਸੀ, ਤੁਸਾਂ ਉਹ ਬੁੱਧੀ ਵਟਾ ਹੀ ਸੱਟੀ, ਬੁੱਧੀ ਵਟੀਜ ਕੇ ਸਿੱਧੀ ਬਣ ਗਈ। ਮੈ ਬੁਧੀ ਹੀਨ ਨਹੀਂ ਹੋ ਗਿਆ, ਮੇਰੀ ਬੁੱਧੀ ਸਿੱਧੀ ਵਿਚ ਪਲਟਾ ਖਾ ਗਈ ਹੈ। ਸਿੱਧੀ ਤੋਂ ਮੁਰਾਦ ਕਾਰਜ ਦੀ ਕਾਮਯਾਬੀ* ਨਹੀਂ। ਬੁੱਧੀ ਦੇ ਬਦਲੇ ਬੁੱਧੀ ਵਰਗੀ ਕੋਈ ਸ਼ੈ ਮਿਲੀ ਹੈ। ਤਾਂਤੇ ਸਿੱਧੀ ਦਾ ਏਥੇ ਅਰਥ ਹੈ ਸੱਚ ਨੂੰ ਗ੍ਰਹਣ ਕਰਨ ਵਾਲੀ ਸੁਤੇ ਬੁੱਧੀ ਜੋ ਕਾਰਜ ਕਾਰਣ ਦੀ ਲੜੀ ਦੇ ਜਾਣਨ ਨਾਲ ਸਿੱਟੇ ਕਢਦੀ ਹੈ, ਜੋ ਪ੍ਰਮਾਣ ਅਨੁਮਾਨ ਦੇ ਤ੍ਰੀਕਿਆਂ ਨਾਲ ਸਿੱਟਿਆਂ ਤੇ ਅੱਪੜਨ ਦੀ ਹੈ, ਉਹ ਨਾਂ: ਉਹ ਜੁਦਾਈ ਵਿਚ ਰੱਖਣ ਵਾਲੀ ਬੁੱਧੀ ਹੈ। ਪਰ ਸੁਤੇ ਸਿਧ ਸੱਚ ਨੂੰ ਅਨੁਭਵ ਕਰਨ ਵਾਲੀ, ਇਸ ਨੂੰ ਕਹਿ ਲਓ ਆਤਮ ਵਿਸ਼ੈਣੀ ਬੁੱਧੀ ਯਾ ਕਹਿ ਲਓ ਰਿਤੰਭਰਾ, ਯਾ ਕਹਿ ਲਓ ਪ੍ਰਗਜਾ ਅਪਰਮਿਤਾ। ਬੁਧੀ ਦੇ ਕੀਤੇ ਫੈਸਲੇ ਫੇਰ ਵਿਚਾਰੇ ਜਾ ਸਕਦੇ ਹਨ, ਸਿਧਿ ਦੇ ਕੀਤੇ ਫੈਸਲੇ ਨਾਤਕ ਹੁੰਦੇ ਹਨ। ਓਹ 'ਸਚ' ਨੂੰ 'ਸਚ' ਜਾਣਕੇ

*ਸਿਧੀ ਨਾਮ ਕਿਸੇ ਗੱਲ ਦੇ ਸਿਰੇ ਚੜ੍ਹਨ ਯਾ ਪ੍ਰਯੋਜਨ ਦੀ ਕਾਮਯਾਬੀ ਦਾ ਹੈ। ਏਥੇ ਓਹ ਅਰਥ ਨਹੀਂ ਹਨ। ਏਥੇ ਮੁਕਤੀ ਯਾ ਗਜਾਨ ਬੀ ਭਾਵ ਨਹੀਂ।

'ਸਚ' ਵਿਚ ਤਦਰੂਪ ਕਰ ਦੇਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਰਤ ਦੇ ਚਾਰ ਦਰਜੇ ਗਿਣੇ ਹਨ:ਸੁਰਤ, ਮਤਿ, ਮਨ, ਬੁਧਿ। ਇਸ ਤੋਂ ਅੱਗੇ ਦਰਜਾ 'ਸੁਧ' ਦਾ ਦੱਸਿਆ ਹੈ। ਕਬੀਰ ਜੀ ਦਾ ਭਾਵ ਸ਼ਾਇਦ ਇਸ ਸੁਧ ਤੋਂ ਹੈ ਜੋ ਸਾਂਈਂ ਨਾਲ ਅਭੇਦ ਹੋਏ ਸਿਧਾਂ ਪੁਰਖਾਂ ਵਿਚ ਜਾਂ ਸਾਂਈਂ ਨਾਲ ਮਿਲੇ ਦੇਵਤਿਆਂ ਵਿਚ ਹੁੰਦੀ ਹੈ।

ਨਿਰੁਕ੍ਤ—ਰਾਜਾ ਰਾਮ] ਰਾਜਾ, ਰਾਇਆ = ਪ੍ਰਕਾਸ਼ ਸਰੂਪ। ਰਾਮ।। (ਰਮਨਾ) ਸੁੰਦਰ
ਰਾਮ ਰਾਇਆ] ਰਮਣੀਕ, ਪਿਆਰਾ। ਸਭ ਵਿਚ ਕ੍ਰੀੜਾ ਕਰ ਰਿਹਾ ਪ੍ਰੀਤਮ।

ਤਰਨ—ਜਹਾਜ਼। ਤਾਰਨ-ਤਾਰਨ ਵਾਲਾ।

ਪਤੀਆਹੀ—ਪਤੀਜਦਾ ਹੈ। ਪਤੀਜ ਗਿਆ ਹੈ। ਤਸੱਲੀ ਹੋ ਗਈ ਹੈ।

ਨ ਖਟਾਈ—ਖਟੀਣਾ = ਸਮਾਉਣਾ ਤੋਂ, ਸਮਾਉਂਦਾ ਨਹੀਂ। (ਅ) 'ਖੁਟਣਾ' ਨੂੰ 'ਖਟਾਈ' ਸਮਝ ਕੇ ਖੀਣ ਨਹੀਂ ਹੁੰਦਾ ਬੀ ਅਰਥ ਕਰਦੇ ਹਨ।

ਹਰਿ ਲਈ—[ਸੰਸ:, ਹਰਣੰ = ਚੁਰਾਉਣਾ, ਖੋਹ ਲੈਣਾ] ਚੁਰਾ ਲਈ, ਖੱਸ ਲਈ। ਦੂਰ ਕਰ ਦਿਤੀ।

ਸਿਧਿ—ਉਹ ਬੁਧੀ ਜੋ ਸਚ ਨੂੰ ਸੁਤੇ ਹੀ ਅਨੁਭਵ ਕਰ ਲਵੇ। ਵਿਸ਼ੇਸ਼ ਵਿਚਾਰ ਵ੍ਯਾਖ੍ਯਾ ਵਿਚ ਆ ਚੁਕੀ ਹੈ। (ਅ) ਸਿਧਿ ਦਾ ਅਰਥ ਏਥੇ 'ਗ੍ਯਾਨ ਰੂਪੀ ਸਿਧੀ' ਬੀ ਕਰ ਲੈਂਦੇ ਹਨ।

[ਗਉੜੀ ਕਬੀਰ ਜੀ, ਚਉਪਦਾ—੭੩]

ਪ੍ਰਾਕ੍ਕਥਨ—ਯੌਗਕ ਪਰਿਭਾਖਾ ਵਿਚ ਪੰਜਾਂ ਤੋਂ ਸਾਵਧਾਨ ਰਹਿ ਕੇ ਅੰਦਰ ਵੱਸਦੇ ਦਸਮ ਦੁਆਰ ਵਿਚ ਵ੍ਯਾਪਕ ਜ੍ਯੋਤੀ ਦੀ ਪ੍ਰਾਪਤੀ ਦਾ ਪ੍ਰਕਾਰ।

ਮੂਲ	ਅਰਥ
ਗਉੜੀ ॥ ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥ ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥੧॥	(ਇਕ) ਘਰ ਬਣਾਇਆ ਹੈ (ਜਿਸ ਨੂੰ) ਛੇ ਚੱਕ੍ਰਾਕਾਰ ਥੰਮ੍ਹਿਆਂ ਤੇ (ਖੜਾ ਕੀਤਾ ਹੋਇਆ) ਹੈ, (ਉਸ) ਵਿਚ (ਇਕ) ਅਤਿ ਸੁੰਦਰ ਵਸਤੂ ਪਾਈ ਹੋਈ ਹੈ। (ਉਸ ਦੇ ਬੂਹਿਆਂ ਨੂੰ ਜੰਦਰਾ ਲਾਇਆ ਹੈ ਓਹ ਹਨ) ਪ੍ਰਾਣ (ਤੇ ਇਹੋ ਪ੍ਰਾਣ ਉਸ ਦੀ ਕੁੰਜੀ ਹਨ, ਜੋ ਦੋਵੇਂ) ਜੰਦਰਾ ਤੇ ਕੁੰਜੀ ਦਰਵਾਜ਼ਿਆਂ ਨੂੰ ਰਚਣਹਾਰ ਨੇ ਬਣਾਕੇ ਲਾਏ ਹੋਏ ਹਨ॥੧॥
ਅਬ ਮਨ ਜਾਗਤ ਰਹੁ ਰੇ ਭਾਈ ॥ ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥੧॥ ਰਹਾਉ ॥	ਹੇ ਮਨ ! ਹੇ ਭਾਈ ! ਹੁਣ ਜਾਗਦਾ ਰਹੁ। (ਤੂੰ) ਗਾਫਲ ਹੋਕੇ ਜਨਮ (ਬ੍ਰਿਥਾ) ਗੁਆ ਲਿਆ ਹੈ, ਚੋਰ ਤੇਰਾ ਘਰ ਲੁੱਟੀ ਜਾਂਦੇ ਹਨ॥੧॥ ਰਹਾਉ॥
ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥ ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥੨॥	ਪੰਜ ਪਹਿਰੇਦਾਰ ਜੋ ਦਰ ਵਿਚ ਰਹਿੰਦੇ ਹਨ ਉਨ੍ਹਾਂ ਦਾ ਇਤਬਾਰ ਨਹੀਂ। (ਇਹ ਗੱਲ) ਯਾਦ ਰਖਕੇ ਸੁਚੇਤ ਚਿਤ ਵਾਲਾ ਹੋਇਆ ਰਹੁ (ਤੇ ਇਕ) ਚਿਤ ਏਕਾਗਰ) ਹੋ ਜਾਹ। ਤਦ (ਤੂੰ ਘਰ ਵਿਚੋਂ ਹੀ) ਚਾਨਣਾ ਤੇ ਪ੍ਰਕਾਸ਼ ਪਾ ਲਏਂਗਾ॥੨॥
ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥	ਜੋ ਇਸਤ੍ਰੀ (ਬੁੱਧੀ) ਨੌਂ ਘਰ ਦੇਖਕੇ ਭੁੱਲੀ ਰਹੀ ਉਸ ਨੇ (ਦਸਮੇ ਵਾਲੀ) ਅਨੂਪ ਵਸਤੂ ਨਹੀਂ ਪਾਈ। ਕਬੀਰ ਕਹਿੰਦਾ

ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥੩॥੨੨॥੭੩॥	ਹੈ ਜਿਸ ਨੇ ਨਵੇਂ ਘਰ ਖਿੱਚਕੇ ਰਖੇ (ਉਹਨਾਂ ਦੀ) ਸਮਾਈ ਦਸਮੇ ਵਿਚ (ਬੈਠੇ ਆਤਮ) ਤੱਤ ਵਿਚ ਹੋ ਜਾਂਦੀ ਹੈ॥ ੩ ॥ ੨੨ ॥ ੭੩ ॥

ਵਿਆਖਿਆ—ਸਰੀਰ ਇਕ ਘਰ ਹੈ ਇਸ ਦੇ ਥੰਮ੍ਹ ਹਨ ਛੇ ਚੱਕਰ, ਅਰਥਾਤ ਸਨਾਯੂ ਸ੍ਰੇਣੀ ਦੇ ਛੇ ਗੁੱਛੇ (Plexus) ਇਸ ਦੇ ਦਸ ਦਰਵਾਜ਼ੇ ਹਨ। ਓਹ ਨੌਂ ਗੋਲਕਾਂ ਹਨ (ਨੱਕ, ਕੰਨ, ਮੂੰਹ ਆਦਿ। ਤੇ ਇਕ ਦਸਮ ਦੁਆਰ ਹੈ, ਇਸ ਦਸਮੇ ਨੂੰ ਕੋਠੜੀ ਕਿਹਾ ਹੈ। ਇਸ ਵਿਚ ਇਕ ਸੁੰਦਰ ਵਸਤੂ ਹੈ, ਉਹ ਹੈ 'ਆਤਮ ਤਤ'। ਇਸ ਦਸਮੇ ਨੂੰ ਜੰਦਰਾ ਲਗਾ ਹੈ ਤੇ ਕੁੰਜੀ ਜੰਦਰੇ ਦੇ ਵਿਚ ਹੀ ਹੈ, ਉਹ ਹਨ ਪ੍ਰਾਣ। ਪ੍ਰਾਣਾਂ ਦੀ ਗਤੀ ਜੋ ਹਰ ਵਕਤ ਚਲ ਰਹੀ ਹੈ, ਮਨ ਨੂੰ ਚੰਚਲ ਰਖਦੀ ਹੈ ਤੇ ਪ੍ਰਾਣਾਯਾਮ ਨਾਲ ਹੀ ਦਸਮ ਦੁਆਰ ਖੁੱਲ੍ਹਦਾ ਹੈ, ਸੋ ਜੰਦਰਾ ਕੁੰਜੀ ਦੁਇ ਪ੍ਰਾਣ ਹੀ ਹੋਏ। ਇਸ ਲਈ ਮਨ ਨੂੰ ਸੰਬੋਧਨ ਕਰਦੇ ਹਨ ਕਿ ਭਾਈ ਜਾਗਦਾ ਰਹੁ, ਤੂੰ ਗ਼ਾਫ਼ਲ ਹੋਕੇ ਜਨਮ ਗੁਆ ਲਿਆ ਹੈ, ਚੋਰ ਤੇਰਾ ਘਰ ਲੁੱਟੀ ਜਾਂਦੇ ਹਨ। ਪੰਜ ਜੋ ਵਿਸ਼ੇ ਹਨ, ਤੂੰ ਪਹਿਰੇਦਾਰ ਸਮਝੇ ਹੋਏ ਹਨ, ਪਰ ਉਹ ਬੇਇਤਬਾਰੇ ਆਪ ਚੋਰ ਹਨ ਤੈਨੂੰ ਨੌਆਂ ਗੋਲਕਾਂ ਵਿਚ ਪਰਚਾਈ ਤੇ ਰੁਝਾਈ ਰੱਖਦੇ ਹਨ ਤੇ ਤੇਰੇ ਹੀ ਦੁਆਰਾ ਓਹ ਵਿਸ਼ੇ ਭੋਗਦੇ ਮੌਜਾਂ ਮਾਣਦੇ ਹਨ। ਤੈਨੂੰ ਇਸ ਤਰ੍ਹਾਂ ਦਸਵੇਂ ਦਾ ਪਤਾ ਹੀ ਨਹੀਂ ਲਗਦਾ। ਤੂੰ ਸਮਝਦਾ ਹੈਂ ਕਿ ਤੇਰੇ ਪਹਿਰੇਦਾਰ (ਰਾਖੇ) ਹਨ, ਪਰ ਇਹ ਤਾਂ ਤੈਨੂੰ ਅਨੂਪਮ ਵਸਤੂ ਤੋਂ ਰੋਕੀ ਰਖਣ ਦੇ ਪਹਿਰੇਦਾਰ ਹੋਏ। ਹੁਣ ਮਨ ਪੁੱਛਦਾ ਹੈ ਕਿ ਜੀ ਮੈਂ ਕੀਹ ਕਰਾਂ ? ਤਾਂ ਉਪਾਵ ਦੱਸਦੇ ਹਨ ਕਿ ਉਹ ਜੋ ਅਨੂਪਮ ਵਸਤੂ ਦਸਮ ਦੁਆਰ ਵਿਚ ਵੱਸਦੀ ਹੈ, ਉਸ ਨੂੰ ਸਾਵਧਾਨ ਹੋ ਕੇ ਯਾਦ ਕਰ ਤੇ ਇਕ ਚਿਤ ਏਕਾਗਰ ਹੋ ਜਾਹ। ਤਦ ਤੂੰ ਲਵੇਂਗਾ ਉਜੀਆਰਾ 'ਵੀਚਾਰ ਰੂਪੀਂ' ਉਸੇ ਦਸਮ ਦੁਆਰ ਤੋਂ, ਅਤੇ ਤੈਨੂੰ ਪ੍ਰਕਾਸ਼ (ਗਿਆਨ) ਪ੍ਰਾਪਤ ਹੋ ਜਾਏਗਾ ਅੰਤਰ ਬੈਠੇ ਆਤਮ ਤਤ੍ਵ ਦਾ। ਦੇਖ, ਹੇ ਗ਼ਾਫਲ ਮਨ ! ਤੇਰੇ ਸਿਰ ਤੇ ਬੁੱਧੀ ਰਖੀ ਗਈ ਹੈ ਤੇਰੀ ਮਾਤਾ ਵਤ ਰਖਵਾਲੀ ਕਰਨ ਲਈ, ਉਸ ਨੂੰ ਪ੍ਰਬੁੱਧ ਕਰਨਾ ਹੈ ਜੋ ਤੈਨੂੰ ਚਾਨਣ ਵਿਚ ਟੋਰੇ। ਜਿਸ ਸਰੀਰ ਦੀ ਬੁੱਧੀ ਬੀ ਤੇਰੇ ਨਾਲ ਰਲਕੇ ਪੰਜਾਂ ਦੇ ਵੱਸ ਹੋ ਗਈ ਉਹ ਸਰੀਰ ਨਿਸ਼ਫਲ ਗਿਆ; ਕਿਉਂਕਿ ਉਹ ਨੌਂ ਘਰ ਦੇਖਕੇ ਇਨ੍ਹਾਂ ਨੂੰ ਹੀ ਸਭ ਕੁਛ ਸਮਝਕੇ ਦਸਮੇ ਦੇ ਗਿਆਨ ਤੋਂ ਭੁੱਲ ਵਿਚ ਰਹੀ, ਉਸ ਨੇ ਦਸਮੇ ਦੇ ਅੰਦਰ ਬੈਠੀ ਵਿਆਪਕ ਵਸਤੂ ਨੂੰ, ਜੋ ਅਨੂਪਮ ਹੈ, ਨਹੀ ਅਨੁਭਵ ਕੀਤਾ; ਪਰ ਜਿਨ੍ਹਾਂ ਬੁੱਧੀਆਂ ਨੇ ਨੌਆਂ ਹੀ ਗੋਲਕਾਂ ਨੂੰ ਖਿਚਕੇ ਰਖਿਆ (ਵੱਸ ਵਿਚ ਕੀਤਾ) ਹੈ, ਉਹਨਾਂ ਦੀ ਸਮਾਈ ਦਸਮ ਦੁਆਰ ਵਿਚ ਬੈਠੇ (ਵਿਆਪਕ) ਤਤ ਵਿਚ ਹੋ ਜਾਂਦੀ ਹੈ।

ਨਿਰੁਕਤ—ਖਟ—ਛੇ **ਨੇਮ**—[ਸੰਸ:, ਨੇਮਿ: ਪਹੀਏ ਦਾ ਬਾਹਰਲਾ ਚੱਕ੍ਰ] ਚੱਕ੍ਰ। ਚੱਕਰ। ਖਟਨੇ+ਛੇ ਚੱਕ੍ਰ, ਯੋਗ ਦੇ ਮਾਰਗ ਦੇ। ਕੰਗ੍ਰੋੜ ਵਿਚ ਦੇ ਛੇ ਪਲੈਕਸਸ।

ਕੋਠੜੀ—ਛੋਟਾ ਕਮਰਾ। ਭਾਵ ਸਰੀਰ।

ਕੁਲਫੁ—[ਅ:, ਕੁਫ਼ਲ] ਜੰਦਰਾ। **ਕੁੰਜੀ**—ਜੰਦਰਾ ਖੋਹਲਣ ਵਾਲੀ ਸ਼ੈ, ਚਾਬੀ।

ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ—ਕੁੰਜੀ ਤੇ ਕੁਲਫ ਦੋਹਾਂ ਦੀ ਥਾਵੇਂ ਪ੍ਰਾਣ ਬਣਾ ਰਖੇ ਹਨ; ਪ੍ਰਾਣ ਚਲਦੇ ਹਨ ਤਾਂ ਉਸ ਨਾਲ ਮਨ ਚੰਚਲ ਰਹਿੰਦਾ ਹੈ, ਇਹ ਜੰਦਰਾ ਹੈ ਜੋ ਦਸਮ ਦੁਆਰ ਨੂੰ ਲਗਾ ਹੈ। ਪ੍ਰਾਣਾਂ ਦਾ ਹੀ ਪ੍ਰਾਣਾਯਾਮ ਕਰੋ ਤਾਂ ਖਟ ਚੱਕ੍ਰ ਭੇਦੇ ਜਾਂਦੇ ਹਨ ਤੇ ਦਸਮ ਦੁਆਰ ਖੁੱਲ੍ਹਦਾ ਹੈ।

ਬਾਰਨ—[ਦੇਸ਼ ਭਾਸ਼ਾ] ਬੂਹੇ, ਬਾਰ। ਦਰਵੱਜੇ। (ਅ) **ਬਾਰ ਨ ਲਾਈ** = ਦੇਰ ਨਹੀਂ ਲਾਈ। ਕਰਤਾਰ ਨੇ ਦੇਰ ਨਹੀਂ ਲਾਈ। ਐਸਾ ਅਰਥ ਬੀ ਕਰਨ ਦਾ ਜਤਨ ਹੁੰਦਾ ਹੈ।

ਮੂਸੈ-ਮੁਸੈਂ ਲੁੱਟਦੇ ਹਨ, ਚੁਰਾਉਂਦੇ ਹਨ। **ਮੁਸੇ ਜਾਈ** = ਲੁਟਦੇ ਜਾਂਦੇ ਹਨ।

ਪਤੀਆਰਾ—ਇਤਬਾਰ

ਚੇਤਿ ਸੁਚੇਤ—ਸੁਚੇਤ ਹੋਕੇ ਯਾਦ ਕਰ। ਸਾਵਧਾਨ ਰਹੁ ਤੇ ਚੇਤਿ।

ਚਿਤ ਹੋਇ—ਇਕ ਚਿਤ ਹੋਕੇ। ਏਕਾਗਰ ਹੋਕੇ। ਏਕਾਗਰ ਹੋ ਜਾ।

ਪਰਗਾਸੁ—ਪ੍ਰਕਾਸ਼, ਰੌਸ਼ਨੀ।

ਉਜਾਰਾ [ਸੰਸ:, ਉਜੁਵਲ:, ਹਿੰ:, ਉਜਾਲਾ] ਚਾਨਣਾ।

ਮੁਸੈ—[ਹਿੰਦੀ, ਮੋਸਨਾ=ਖਿੱਚਣਾ ਮਰੋੜਨਾ ਤੋਂ] ਖਿੱਚਕੇ ਰਖੇ। ਬੰਨ੍ਹ ਲਵੇ।

(ਅ) ਮੁਸਨਾ ਯਾ ਮੂਸਨਾ,= ਚੁਰਾਉਣਾ। ਮੂਸੇ = ਲੁੱਟੇ ਜਾਂਦੇ ਹਨ।

[ਗਉੜੀ ਕਬੀਰ ਜੀ, ਚਉਪਦਾ—੭੪]

ਪ੍ਰਾਕ੍ਥਨ— ਅਨਿੰਨ ਭਗਤੀ ਦਾ ਪ੍ਰਕਾਰ ਤੇ ਉਸ ਤੋਂ ਹੁੰਦੀ ਪ੍ਰਾਪਤੀ ਦਾ ਵੇਰਵਾ ਦਿੱਤਾ ਹੈ।

ਮੂਲ	ਅਰਥ
ਗਉੜੀ ॥ ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ ॥ ਸਿਵ ਸਨਕਾਦਿ ਜਾਸੁ ਗੁਨ ਗਾਵਹਿ ਤਾਸੁ ਬਸਹਿ ਮੋਰੇ ਪ੍ਰਾਨਾਨਾਂ ॥ ਰਹਾਉ॥	ਹੇ ਭਾਈ ! ਮੈਂ ਹੋਰ ਕਿਸੇ ਦੂਸਰੇ ਨੂੰ (ਆਪਣਾ ਪਰਮੇਸ਼ੁਰ ਕਰਕੇ) ਨਹੀਂ ਜਾਣਿਆ। ਸ਼ਿਵ ਤੇ ਸਨਕ ਆਦਿ ਜਿਸ (ਪ੍ਰਭੂ) ਦੇ ਗੁਣ ਗਾਉਂਦੇ ਹਨ ਮੇਰੇ ਪ੍ਰਾਣ ਉਸ ਵਿਚ ਵਸਦੇ ਹਨ (ਭਾਵ ਮੇਰੀ ਜਿੰਦ ਉਸੇ ਵਿਚ ਵਸਦੀ ਹੈ, ਇਤਨਾ ਪਿਆਰ ਹੈ ਕਿ ਉਹ ਮੇਰੀ ਜਿੰਦਜਾਨ ਹੋ ਰਿਹਾ ਹੈ)॥ ਰਹਾਉ॥
ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਨਾਂ ॥ ਬਿਖੈ ਰੋਗ ਭੈ ਬੰਧਨ ਭਾਗੇ ਮਨ ਨਿਜ ਘਰਿ ਸੁਖੁ ਜਾਨਾਨਾ ॥੧॥	(ਹੁਣ ਮੇਰੇ) ਹਿਰਦੇ ਵਿਚ ਗੁਰੂ ਦੇ ਪ੍ਰਾਪਤ ਕਰਾਏ ਗਿਆਨ ਦਾ ਚਾਨਣਾ ਹੋ ਗਿਆ ਹੈ ਅਤੇ ਦਸਮ ਦੁਆਰ ਵਿਚ (ਯਾ ਚੇਤਨ ਮੰਡਲ ਵਿਚ ਮੇਰਾ) ਧਿਆਨ (ਜੁੜ ਗਿਆ ਹੈ)। ਵਿਸ਼ੇ (ਰੂਪੀ) ਰੋਗ (ਜਨਮ ਮਰਨ ਦਾ) ਡਰ, (ਭ੍ਰਮ ਦੇ) ਬੰਧਨ ਨੱਸ ਗਏ ਹਨ ਮਨ ਨੇ (ਅਪਣੇ) ਨਿਜ ਸਰੂਪ ਵਿਚ ਦੇ ਸੁਖ ਨੂੰ ਜਾਣ ਲਿਆ ਹੈ॥ ੧॥
ਏਕ ਸੁਮਤਿ ਰਤਿ ਜਾਨਿ ਮਾਨਿ ਪ੍ਰਭ ਦੂਸਰ ਮਨਹਿ ਨ ਆਨਾਨਾ ॥ ਚੰਦਨ ਬਾਸੁ ਭਏ ਮਨ ਬਾਸਨ ਤਿਆਗਿ ਘਟਿਓ ਅਭਿਮਾਨਾਨਾ ॥੨॥	(ਇਹ ਪ੍ਰਾਪਤੀ ਤਾਂ ਹੋਈ ਜੋ ਮੈਂ) ਇਕ (ਗੁਰੂ ਦੀ) ਸੁਮਤੀ ਵਿਚ ਪ੍ਰੀਤੀ ਕਰਕੇ ਪ੍ਰਭੂ ਨੂੰ ਜਾਣਿਆ (ਫੇਰ ਉਸੇ ਇਕੋ ਨੂੰ ਪੂਜਜ ਮੰਨਿਆ) ਦੂਸਰਾ (ਹੋਰ ਕੋਈ ਫੇਰ) ਮਨ ਵਿਚ (ਮੈਂ) ਨਾ ਲਿਆਂਦਾ। (ਨਾਮ ਰੂਪੀ) ਚੰਦਨ ਦੀ ਖੁਸ਼ਬੋਈ (ਨਾਲ) ਮਨ ਜੀ ਸੁਗੰਧਿਤ ਹੋ ਗਏ, ਤਦ ਅਭਿਮਾਨ ਘਟ ਥੀਂ (ਹਿਰਦੇ ਤੋਂ) ਦੂਰ ਹੋ ਗਿਆ॥ ੨॥
ਜੋ ਜਨ ਗਾਇ ਧਿਆਇ ਜਸੁ ਠਾਕੁਰ ਤਾਸੁ ਪ੍ਰਭੂ ਹੈ ਥਾਨਾਨਾਂ ॥ ਤਿਹ ਬਡ ਭਾਗ ਬਸਿਓ ਮਨਿ ਜਾ ਕੈ ਕਰਮ ਪ੍ਰਧਾਨ ਮਥਾਨਾਨਾ ॥੩॥	(ਇਸ ਪ੍ਰਕਾਰ ਅਭਿਮਾਨ ਤਜਾਗਕੇ) ਜੋ ਪੁਰਖ (ਰਸਨਾ ਕਰਕੇ) ਠਾਕੁਰ ਦਾ ਜਸ ਗਾਵੇ (ਤੇ ਮਨ ਕਰਕੇ ਠਾਕੁਰ ਦਾ ਹੀ ਸਰੂਪ ਧਿਆਵੇ =) ਚਿੰਤਨ ਕਰੇ ਉਸ ਦਾ ਪ੍ਰਭੂ ਟਿਕਾਣਾ ਹੈ (ਭਾਵ ਉਹ ਪ੍ਰਭੂ ਵਿਚ ਵਸਦਾ ਹੈ)। ਉਸ ਦਾ ਭਾਗ ਵਡੇ ਹਨ ਜਿਸ ਦੇ ਮਨ ਵਿਚ (ਪ੍ਰਭੂ) ਵਸ ਗਿਆ ਹੈ (ਉਸ ਦੇ) ਮੱਥੇ (ਤੇ ਲਿਖੇ) ਕਰਮ ਬੜੇ ਉੱਚੇ (ਸਮਝੋ)॥ ੩॥

ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ ਏਕੈ ਏਕ ਸਮਾਨਾਨਾ ॥ ਕਹਿ ਕਬੀਰ ਗੁਰ ਭੇਟਿ ਮਹਾ ਸੁਖ ਭ੍ਰਮਤ ਰਹੇ ਮਨੁ ਮਾਨਾਨਾਂ ॥੪॥੨੩॥੭੪॥	(ਕਿਉਂਕਿ ਉਸ ਦੀ) ਮਾਇਆ (ਪ੍ਰਭੂ ਨੇ) ਕੱਟ ਦਿਤੀ ਹੈ (ਤੇ ਉਸ ਉਤੇ) ਕਲਜਾਣ ਸਰੂਪ (ਪਰਮਾਤਮ ਦੇਵ) ਦਾ ਗਜਾਨ ਪ੍ਰਗਟ ਹੋ ਗਿਆ ਹੈ (ਉਸ 'ਅਦੁਤੀ) ਇਕ' ਵਿਚ (ਇਸ ਉੱਚੇ ਭਾਗਾਂ ਵਾਲੇ) (ਇਕ' ਦੀ ਸਮਾਈ ਹੋ ਗਈ ਹੈ। ਕਹਿੰਦਾ ਹੈ ਕਬੀਰ ਕਿ ਗੁਰੂ ਨੂੰ ਮਿਲਕੇ ਮਹਾਂ ਸੁਖ (ਪਾਇਆ ਹੈ)। ਇਸ ਤੋਂ ਪਹਿਲੋਂ ਭਾਵ ਗੁਰੂ ਮਿਲਾਪ ਤੋਂ ਪਹਿਲੋਂ ਅਸੀ) ਭਟਕਦੇ ਹੀ ਰਹੇ, (ਹੁਣ ਮਨ ਪਤੀਜ ਗਿਆ ਹੈ। (ਅਥਵਾ ਭ੍ਰਮਣ ਦੀ ਜੋ ਚਿਤ-ਅਵਸਥਾ ਹੁੰਦੀ ਸੀ ਰਹਿ ਗਈ= ਦੂਰ ਹੋ ਗਈ ਹੈ ਤੇ ਮਨ ਪਤੀਜ ਗਿਆ ਹੈ)॥੪॥੨੩॥੭੪॥

ਵਜਾਖਜਾ—ਕਬੀਰ ਜੀ ਅਪਣੀ ਇਕ ਅਦੁਤੀ ਪਰਮਾਤਮਾ ਵਿਚ ਭਗਤੀ, ਉਸਦਾ ਧਿਆਨ, ਉਸਦਾ ਨਾਮ, ਉਸਦਾ ਕੀਰਤਨ ਅਪਣਾ ਨਿਸਚਾ ਦੱਸਦੇ ਹਨ ਤੇ ਉਸ ਦਾ ਫਲ ਮਾਇਆ ਅਗਿਆਨ ਆਦਿ ਦਾ ਕਟੀਜ ਕੇ ਕਲਜਾਣ ਸਰੂਪ ਨੂੰ ਪ੍ਰਾਪਤ ਹੋਕੇ ਪਰਮ ਸੁਖ ਮਾਣਨ ਦਾ ਵੇਰਵਾ ਖੋਲ੍ਹਦੇ ਹਨ। ਇਸ ਸਾਰੀ ਪ੍ਰਾਪਤੀ ਦਾ ਵਸੀਲਾ—'ਗੁਰੁ ਦਾ ਮੇਲ' ਤੇ 'ਗੁਰੂ ਪ੍ਰਾਪਤ ਕਰਾਇਆ ਗਿਆਨ', 'ਉਸਦਾ ਦੱਸਿਆ ਗਗਨ ਮੰਡਲ ਦਾ ਧਜਾਨ' ਤੇ ਅਨਿੰਨ ਭਗਤੀ—ਦੱਸਿਆ ਹੈ।

ਰਹਾਉ ਵਿਚ ਪ੍ਰਭੂ ਦੀ ਅਨਿੰਨ ਭਗਤੀ ਦੱਸੀ ਹੈ ਕਿ ਮੈਂ ਧਾਰਨ ਕੀਤੀ।

ਅੰਕ ੧ ਹਿਰਦੇ ਵਿਚ ਗੁਰੂ ਦੇ ਪ੍ਰਾਪਤ ਕਰਾਏ ਗਏ ਗਿਆਨ ਨੂੰ ਵਸਾਇਆ ਤੇ ਦਸਮ ਦੁਆਰ ਵਿਚ ਗੁਭੂ ਦਾ ਦੱਸਿਆ ਧਜਾਨ ਜੋੜਿਆ। ਵਿਸ਼ੇ, ਵਾਸ਼ਨਾਂ, ਤੇ ਭੈ ਬੰਧਨ ਦੂਰ ਹੋ ਗਏ।

ਅੰਕ ੨— ਇਸੇ ਇਕੋ ਸੁਮਤੀ (ਗੁਰੂ ਦੀ ਦਿੱਤੀ ਹੋਈ) ਨਾਲ ਪ੍ਰੀਤ ਕੀਤੀ, ਇਕੋ ਪ੍ਰਭੂ ਨੂੰ ਅਪਣਾ ਪ੍ਰੀਤਮ ਜਾਨਿਆ, ਉਸ ਨੂੰ ਆਪਣਾ ਪੂਜਜ ਮੰਨਿਆ, ਇਸੇ ਤੋਂ ਮਨ ਸੁਗੰਧਿਤ ਹੋ ਗਿਆ। ਇਹ ਸੁਗੰਧੀ ਉਸਦੇ ਨਾਮ ਤੋਂ ਉਪਜਦੀ ਹੈ। ਇਉਂ ਬੂਹੇ ਜਾਕੇ ਅਭਿਮਾਨ ਦੂਰ ਹੋ ਗਿਆ।

ਅੰਕ ੩ ਵਿਚ ਐਸੇ ਸੁਭਾਗੀ ਪੁਰਖ ਨੂੰ ਬੜੇ ਉੱਚੇ ਕਰਮਾਂ ਵਾਲਾ ਆਖਿਆ ਹੈ।

ਅੰਕ ੪ ਵਿਚ ਗੁਰੂ ਦੀ ਵਡਿਆਈ ਹੈ ਕਿ ਉਸਦੀ ਮੇਹਰ ਨਾਲ ਮਾਇਆ ਬਿਲਾ ਗਈ ਤੇ ਕਲਜਾਣ ਸਰੂਪ ਪ੍ਰਭੂ ਦਾ ਪ੍ਰਕਾਸ਼ ਹੋ ਗਿਆ ਜੋ—ਸਹਜ ਨਾਲ ਹੋਇਆ, ਤੇ ਮਹਾਂ ਸੁਖ—ਪਰਮਾਨੰਦ—ਪ੍ਰਾਪਤ ਹੋ ਗਿਆ ਹੈ। ਜਦੋਂ ਗਜਾਨ ਹੋ ਗਿਆ, ਸਾਖਜਾਤਕਾਰ ਹੋ ਗਿਆ, ਪਰਮਾਤਮ ਮੇਲ ਮਿਲ ਗਿਆ ਉਸ ਤੋਂ ਪਰੇ ਹੋਰ ਸੁਖ ਕੀਹ ਹੋ ਸਕਦਾ ਹੈ! ਇਸ ਕਰਕੇ ਉਸ ਨੂੰ ਮਹਾਂ ਸੁਖ-ਪਰਮ ਆਨੰਦ—ਕਿਹਾ ਹੈ।

ਨਿਰੁਕ੍ਤ— ਨਾ—ਇਸ ਸ਼ਬਦ ਦੀ ਹਰ ਤੁਕ ਦੇ ਅਖੀਰ ਇਕ ਅੱਖਰ 'ਨਾ'—ਵੱਧ ਹੈ। ਇਹ ਇਕ ਤਰ੍ਹਾਂ ਦਾ ਸ੍ਵਾਰਥ ਪ੍ਰਤੇ ਹੈ ਜੋ ਪਦ ਨੂੰ, ਜਿਸ ਦੇ ਅੰਤ ਆਇਆ ਹੈ ਉਸ ਦੇ ਅਪਣੇ ਅਰਥ ਵਿਚ ਹੀ ਕਾਇਮ ਰਖਦਾ ਹੈ। ਪਰੰਤੂ ਦਾਨੇ ਸਜਣ ਇਸ ਦੇ ਦੋ ਅਰਥ ਬੀ ਲਾ ਲੈਂਦੇ ਰਹੇ ਹਨ:—੧. ਨਿਸਚੇ ਕਰਕੇ। ੨. ਨਾ = ਪਰਮਾਤਮਾ। ਪ੍ਰੰਤੂ ਅਸਲ ਵਿਚ ਇਹ ਨ ਪਦ ਇਕ ਗਾਇਨ ਦੀ ਰੀਤੀ ਕਰਕੇ ਅੰਤ ਵਿਚ ਰੱਖਿਆ ਹੈ। ਐਸੇ ਗਾਇਨ ਵਿਚ ਅਕਸਰ ਹੁਲਾਰਾ ਹੁੰਦਾ ਹੈ ਤੇ ਹੱਥ ਦੀ ਤਾਲੀ ਵਜ ਜਾਂਦੀ ਹੈ, ਤੇ ਅੰਤਲੇ ਅੱਖਰ ਦਾ ਦੁਹਰਾਉਣਾ ਤਾਲ ਪੂਰਣਤਾ ਵਿਚ ਸਹਾਈ ਹੁੰਦਾ ਹੈ।

ਅਵਰੁ—ਹੋਰ। ਆਨਾਨਾ—ਆਨ = ਹੋਰ। ਸਿਵ ਸਨਕਾਦਿ—ਦੇਖੋ ਪਿਛੇ ਪੰਨਾ ੨੦੦੯।

ਗੁਰ ਗੰਮਿਤ—[ਸੰਸ: ਗਮਜਤ੍ =ਟੋਰਿਆ ਜਾ ਰਿਹਾ ਹੈ। ਪ੍ਰਾਪਤ ਕਰਾਇਆ ਜਾ ਰਿਹਾ। ਯਾ

ਪ੍ਰਾਪਤ ਕਰਾਉਣਾ। ਗੰਮਿਤ = ਘਲਾਇਆ। ਪ੍ਰਾਪਤ ਕਰਾਇਆ] ਉਹ ਗਜਾਨ ਜੋ ਗੁਰੂ ਨੇ ਸਿਖ ਨੂੰ ਪ੍ਰਾਪਤ ਕਰਾਇਆ। (ਅ) ਇਸਦੇ ਐਉਂ ਬੀ ਅਰਥ ਲਾ ਲੈਂਦੇ ਹਨ:-ਗੁਰੂ ਨੇ ਜੋ ਜਾਣਿਆ ਹੈ ਉਹ ਗਜਾਨ। (ਏ) ਗੁਰੂ ਕੋਲ ਜਾਕੇ ਜੋ ਗਜਾਨ ਮਿਲਦਾ ਹੈ।

ਗਗਨ ਮੰਡਲ—ਦਸਮ ਦੁਆਰ। (ਅ) ਚੇਤਨਤਾ ਦਾ ਮੰਡਲ।

ਧਿਆਨਾਨਾਂ—ਧਿਆਨ। ਆਨਾਨਾ—ਆਨਾ = ਆਂਦਾ।

ਬਾਸੁ—[ਸੰਸ:, ਵਾਸ:] ਸੁਗੰਧੀ। **ਭਏ ਬਾਸਨ**-ਖੁਸ਼ਬੂਦਾਰ ਹੋ ਗਏ।

ਮਥਾਨਾਨਾ—ਮੱਥੇ ਉਤੇ। ਸਕਤਿ-ਸ਼ਕਤੀ, ਮਾਇਆ। ਅਵਿਦਜਾ।

ਸਿਵ—ਕਲਿਆਣ ਸਰੂਪ, ਪਰਮਾਤਮਾ।

ਭ੍ਰਮਤ ਰਹੇ—[ਸ:, ਧਾ:—ਭ੍ਰਮ = ਤੁਰਨਾ ਫਿਰਨਾ, ਭਟਕਨਾ] ਭਟਕਦੇ ਰਹੇ ਸਾਂ (ਪਹਿਲੋਂ)। (ਅ) ਭ੍ਰਮਣ ਦੀ ਹਾਲਤ ਰਹਿ ਗਈ, ਦੂਰ ਹੋ ਗਈ।

ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ

ੴ ਸਤਿਨਾਮ ਕਰਤਾ ਪੁਰਖੁ ਗੁਰ ਪ੍ਰਸਾਦਿ॥

ਪ੍ਰਾਕ੍ਥਨ—ਬਾਵਨ ਅੱਖਰੀ=੫੨ ਅਖਰਾਂ ਵਾਲੀ (ਬਾਣੀ)। ਦੇਵ ਨਾਗਰੀ ਦੀ ਵਰਣ ਮਾਲਾ ਦੇ ੫੨ ਅੱਖਰ ਹਨ ਇਸ ਕਰਕੇ ਉਸ ਨੂੰ ਬਾਵਨ-ਅੱਖਰੀ ਕਹਿੰਦੇ ਹਨ। ਏਹ ਅੱਖਰ ੫੨ ਕਿਵੇਂ ਹਨ, ਇਸ ਦੇ ਵੇਰਵੇ ਲਈ ਦੇਖੋ ਪਿਛੇ ਸੰਥਜਾ ਪੋਥੀ ਚੌਥੀ ਦਾ ਪੰਨਾ ੧੫੯੮।

ਕਬੀਰ ਜੀ ਦੀ ਬਾਵਨ ਅੱਖਰੀ ਵਿਚ ਏਹ ਸਾਰੇ ੫੨ ਅਖਰ ਨਹੀਂ ਵਰਤੇ ਹੋਏ, ਕਾਰਣ ਇਹ ਹੈ ਕਿ ਜਿਵੇਂ ਫਾਰਸੀ ਅਰਬੀ ਵਰਣ ਮਾਲਾ ਦਾ ਨਾਉ 'ਸੀ-ਹਰਫੀ' ਹੈ = ਤੀਹ ਅੱਖਰਾਂ ਵਾਲੀ, ਗੁਰਮੁਖੀ ਵਰਣ ਮਾਲਾ ਦਾ ਨਾਮ ਪੈਂਤੀ ਹੈ, ਤਿਵੇਂ ਬਾਵਨ ਅੱਖਰੀ ਦਾ ਅਰਥ ਵਰਣ ਮਾਲਾ ਹੈ। ਇਹ ਵਰਣ ਮਾਲਾ ਫੇਰ ਕ੍ਰਮ ਅਨੁਸਾਰ ੫੨ ਅੱਖਰਾਂ ਦੀ ਨਹੀਂ, ਸਗੋਂ ਉਸ ਵੇਲੇ ਦੇ ਪਾਂਧਿਆਂ ਦੇ ਵਹੀ ਖਾਤਿਆਂ ਵਿਚ ਵਰਤੇ ਜਾਣ ਵਾਲੇ ਉਨ੍ਹਾਂ ਦੀ ਚੋਣ ਅਨੁਸਾਰ ਜਿਵੇਂ ਅੱਖਰ ਪਰਵਿਰਤ ਸਨ ਤਿਵੇਂ ਦੇ ਲਏ ਹਨ। ਜਾਪਦਾ ਹੈ ਕਿ ਬਾਵਨ ਅੱਖਰੀ ਦੀ ਪ੍ਰੇਰਨਾ ਕਰਨ ਵਾਲਾ ਕੋਈ ਪਾਂਧਾ ਹੈ। ਜੋ ਹਰ ਅਪਣੇ ਅੱਖਰ ਉਤੇ ਇਕ ਇਕ ਵਾਕ ਘੜਕੇ ਮੁੰਡਿਆਂ ਤੋਂ ਮੁਹਾਰਨੀ ਦੁਆਇਆ ਕਰਦੇ ਸਨ। ਕਿਸੇ ਭਗਤੀ ਮਤ ਵਿਚ ਆ ਗਏ ਪਾਂਧੇ ਨੇ ਕਬੀਰ ਜੀ ਨੂੰ ਭਗਤੀ ਭਾਵ ਵਾਲੇ ਗਜਾਨ ਮਯ ਵਾਕ ਰਚ ਦੇਣ ਲਈ ਕਿਹਾ ਤੇ ਇਹ ਬਾਣੀ ਰਚੀ ਗਈ। ਪਾਂਧੇ ਪਦ ਤੋਂ ਜਾਪਦਾ ਹੈ ਕਿ ਪਾਂਧੇ ਕੇਵਲ ਬ੍ਰਾਹਮਣ ਹੁੰਦੇ ਸਨ; ਨਹੀਂ, ਪਾਂਧੇ ਬੋਧੀ, ਜੈਨੀ, ਹਿੰਦੂ, ਬ੍ਰਾਹਮਣ ਮੁਸਲਮਾਨਾ ਤਕ ਹੁੰਦੇ ਰਹੇ ਹਨ। ਮੁਸਲਮਾਨ ਪਾਂਧੇ ਅਸਾਂ ਆਪ ਵੇਖੇ ਹਨ। ਏਹ ਲੋਕ ਧਰਮ ਵਿਦਜਾ ਨਹੀਂ ਪਰ ਚਿੱਠੀ ਚਪੱਠੀ ਤੇ ਵਹੀ ਖਾਤਾ, ਨਫਾ ਨੁਕਸਾਨ, ਮਿਤੀ ਕਾਟੇ ਦਾ ਚਿੱਠਾ ਬਨਾਉਣਾ ਆਦਿ ਵਿਹਾਰਕ ਵਿਦਜਾ ਸਿਖਾਲਦੇ ਹੁੰਦੇ ਸਨ। ਮੁਹਾਰਨੀ ਵਿਚ ਹਰ ਅੱਖਰ ਨਾਲ ਅਪਣੇ ਖਜਾਲ ਅਨੁਸਾਰ ਟੱਪੇ ਜੋੜ ਕੇ ਪਾਇਆ ਕਰਦੇ ਸਨ।

ਕਬੀਰ ਜੀ ਉਸ ਪ੍ਰਵਿਰਤ ਵਰਤਾਰੇ ਅਨੁਸਾਰ ਬਾਵਨ ਅੱਖਰੀ ਪਦ ਉਸ ਵਰਣ ਮਾਲਾ ਲਈ ਵਰਤਦੇ ਹਨ ਜੋ ਉਨ੍ਹਾਂ ਦੇ ਉਦਾਲੇ ਦੇ ਪਾਂਧੇ ਯਾ ਕੋਈ ਨਵਾਂ ਉਨ੍ਹਾਂ ਦਾ ਸ਼ਿਸ਼ ਬਣਿਆਂ ਪਾਂਧਾ ਉਨ੍ਹਾਂ ਤੋਂ ਬਨਵਾਉਣ ਦੀ ਬੇਨਤੀ ਕਰਦਾ ਹੈ, ਯਾ ਕਬੀਰ ਜੀ ਆਪੂੰ ਕਿਸੇ ਵੇਲੇ ਰਉਂ ਵਿਚ ਆਏ ਤੇ ਏਹ ਰਚਨਾ ਰਚਦੇ ਹਨ। ਇਸ ਬਾਵਨ ਅੱਖਰੀ ਦੇ ਅਖੀਰਲੇ ਅੰਕ, ੪੫ ਤੋਂ ਪਤਾ ਲਗਦਾ ਹੈ ਕਿ ਇਸ

ਬਾਣੀ ਦੇ ਰਚੇ ਜਾਣ ਦਾ ਕੋਈ ਨਾ ਕੋਈ ਸੰਬੰਧ ਕਿਸੇ ਪਾਂਧੇ ਯਾ ਪੰਡਿਤ ਨਾਲ ਬੀ ਹੈ। ਇਕ ਉਥਾਨਕਾ ਬੀ ਕਈ ਗਜਾਨੀ ਦੱਸਦੇ ਹਨ ਕਿ ਕਿਸੇ ਪੰਡਤ ਨੇ ਕਬੀਰ ਜੀ ਨੂੰ ਕੁਛ ਤਰਕ ਨਾਲ ਕਿਹਾ ਕਿ ਤੁਸਾਨੂੰ ਕੁਛ ਅੱਖਰ ਬੋਧ ਬੀ ਹੈ ? ਤਾਂ ਉਸਦੇ ਉੱਤਰ ਵਿਚ ਜੋ ਵਾਕ ਉਚਾਰਣ ਹੋਏ ਸੋ ਇਸ ਬਾਣੀ ਵਿਚ ਕਥੇ ਹਨ।

ਪਹਿਲੇ ਪੰਜ ਅੰਕਾਂ ਤੋਂ ਅਨੁਮਾਨ ਹੁੰਦਾ ਹੈ ਕਿ ਕਿਸੇ ਨੇ ਬਾਣੀ ਅੱਖਰਾਂ ਵਿਚ ਰਚ ਦੇਣ ਲਈ ਕਿਹਾ। ਕਿਉਂਕਿ ਇਨ੍ਹਾਂ ਅੰਕਾਂ ਵਿਚ ਸਾਫ ਦੱਸਿਆ ਹੈ ਕਿ ਅੱਖਰ ਵਿਚ ('ਅ + ਖਰ' =) ਪਰਮਾਤਮਾ ਦਾ 'ਸਰੂਪ ਕਥਨ' ਜੋ ਕਠਨ ਹੈ, ਉਹ ਭਗਤੀ ਦਾ ਫਲ ਹੈ। ਪਰ ਲਿਖਣਾ ਪੜਨਾ ਬ੍ਰਹਮ ਵਿਦਜਾ ਦਾ ਲੋੜੀਂਦਾ ਬੀ ਹੈ ਕਿ ਜਿਸ ਨਾਲ ਮਨ ਨੂੰ ਨੀਵੀਆਂ ਰੁਚੀਆਂ ਤੋਂ ਮੁੜਕੇ ਉੱਚੀਆਂ ਰੁਚੀਆਂ ਦੀ ਕੀਮਤ ਕੂਤ ਮਲੂਮ ਹੋ ਕੇ ਨਾਮ ਬਾਣੀ ਵੈਰਾਗ ਵਿਵੇਕ ਦੇ ਅਭਜਾਸ ਵਲ ਪ੍ਰੇਰਨਾ ਹੁੰਦੀ ਹੈ। ਜਿਵੇਂ ਸੜਕ ਤੇ ਲਿਖੇ ਸਿਰਨਾਮੇ (ਸਾਈਨ ਬੋਰਡ) ਥੰਮਲਿਆਂ ਤੇ ਲੱਗੇ ਹੋਏ ਨਾਮ ਪਤੇ ਟਿਕਾਣੇ ਪਹੁੰਚਾ ਦੇ ਦੇ ਹਨ, ਇਸ ਤੋਂ ਇਹ ਨਹੀਂ ਸਮਝਣਾ ਚਾਹੀਏ ਕਿ ਆਪ ਬਾਣੀ ਦੇ ਵਿਰੋਧੀ ਹਨ ਯਾ ਨਾਮ ਨੂੰ ਨਾਮੀ ਨਾਲ ਅਭੇਦ ਨਹੀਂ ਸਮਝਦੇ। ਆਪ ਜੀ ਇਹ ਦੱਸ ਰਹੇ ਹਨ ਕਿ ਓਅੰਕਾਰ ਵਾਚਕ ਹੈ ਪਰਮੇਸ਼ੁਰ ਦੀ ਅਪਣੀ ਜ਼ਾਤ, ਅਪਣੇ ਸਰੂਪ ਦਾ। ਓਹ ਸਰੂਪ 'ਅ+ਖਰ' ਹੈ, ਅਰਥਾਤ (ਨਾ ਖਰਨੇ ਵਾਲਾ =) ਅਬਿਨਾਸ਼ੀ ਹੈ। ਪਰ ਓਅਕਾਰ ਅੱਖਰ ਹੈ, ਇਹ ਉਸ ਨੂੰ ਜਣਾਉਂਦਾ ਹੈ ਤੇ ਇਸ ਦੇ ਅੱਖਰ ਰੂਪ ਤਾਂ ਲਿਖੇ ਮੇਟੇ ਜਾ ਸਕਦੇ ਹਨ, ਪਰ ਇਸਦਾ ਅਭਜਾਸ, ਜੋ ਅਵਿਨਾਸ਼ੀ ਵਿਚ ਲੈ ਜਾਂਦਾ ਹੈ, ਉਹ ਸਾਰ ਵਸਤੂ ਹੈ ਕਿਉਂਕਿ ਨਾਮ ਵਿਚ ਲੈ ਜਾਂਦਾ ਹੈ; ਤੇ ਲੱਖਤਾ ਕਰਾਕੇ ਤਦਰੂਪ ਕਰ ਦੇਂਦਾ ਹੈ, ਲੱਖਤਾ ਅਮਲਾਂ ਨਾਲ, ਭਗਤੀ ਨਾਲ ਪ੍ਰਾਪਤ ਹੁੰਦੀ ਹੈ ਇਸ ਕਰਕੇ ਲਿਖਣ ਪੜਨ ਦੀ ਲੋੜ ਨਹੀਂ, ਪਰ ਲਿਖਜਾ ਪੜਿਆ ਸੁਣਿਆ ਉਸ ਲੱਖਤਾ ਦੀ ਪ੍ਰੇਰਨਾ ਕਰਦਾ ਹੈ ਤੇ ਮਨ ਦਾ ਸੰਸਾਰਾਕਾਰ ਰੁਖ ਈਸ਼੍ਵਾਕਰਾਰ ਕਰ ਦੇਂਦਾ ਹੈ ਇਸ ਕਰਕੇ ਮਨ ਨੂੰ ਸਮਝਾਉਣ ਲਈ ਤੇ ਮਨ ਨਾਲ ਹੀ ਮਨ ਨੂੰ ਪ੍ਰਬੁੱਧ ਕਰ ਦੇਣ ਲਈ ਲਿਖਣਾ ਪੜ੍ਹਨਾ ਸੁਣਨਾ ਲੋੜੀਂਦਾ ਹੈ, ਏਹ ਯੁਕਤੀ ਸਿਧ ਕਰਕੇ—ਪਹਿਲ ਪੰਜਾਂ ਅੰਕਾਂ ਵਿਚ—ਫੇਰ ਅਗੋਂ ਛੇਵੇਂ ਅੰਕ ਤੋਂ ਬਾਵਨ ਅਖਰੀ ਦੀ ਬਾਣੀ ਆਰੰਭ ਕਰ ਦੇਂਦੇ ਹਨ।

ਮੂਲ	ਅਰਥ
ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥ ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥੧॥	(ਇਨ੍ਹਾਂ) ਬਵੰਜਾਂ ਅੱਖਰਾਂ ਵਿਚ ਤ੍ਰਿਲੋਕੀ ਹੈ (ਤੇ ਤ੍ਰਿਲੋਕੀ ਦਾ ਸਭ ਕੁਛ ਇਨ੍ਹਾਂ ਹੀ ਵਿਚ ਹੈ (ਭਾਵ ਕੁੱਲ ਦ੍ਰਿਸ਼ਟਮਾਨ ਸ੍ਰਿਸ਼ਟੀ ਬੋਲੀ ਵਿਚ ਵਰਣਨ ਹੋ ਜਾ ਸਕਣ ਕਰਕੇ ਬੋਲੀ ਯਾ ਅੱਖਰਾਂ ਦਾ ਵਿਸ਼ਯ ਹੈ; ਪ੍ਰੰਤੂ) ਏਹ ਅੱਖਰ (ਦ੍ਰਿਸ਼ਟਮਾਨ ਵਾਂਙੂ) ਖਿਰ ਜਾਣ ਵਾਲੇ (=ਨਾਸ਼ਵੰਤ) ਹਨ (ਤੇ) ਓਹ ਅ+ਖਰ (ਨਾ ਨਾਸ਼ ਹੋਣ ਵਾਲਾ ਅਵਿਨਾਸ਼ੀ ਪ੍ਰਭੂ ਖਿਰਨੇ ਵਾਲਾ ਨਹੀਂ, ਇਸ ਕਰਕੇ ਓਹ) ਇਨ੍ਹਾਂ (ਅੱਖਰਾਂ) ਵਿਚ ਨਹੀਂ। (ਭਾਵ ਇਨ੍ਹਾਂ 'ਨਾਸ਼ਵੰਤ ਅੱਖਰਾਂ ਦਾ' ਵਿਸ਼ਾ ਨਾਸ਼ ਰਹਿਤ ਪ੍ਰਭੂ ਨਹੀਂ ਹੋ ਸਕਦਾ)* ॥ ੧ ॥
ਜਹਾ ਬੋਲਿ ਤਹ ਅਛਰ ਆਵਾ ॥	ਜਿਥੇ ਬੋਲ ਹੈ (ਭਾਵ ਕਥਨੀ ਯਾ ਕਹਿਣ ਕਹਾਵਨ ਹੈ) ਓਥੇ ਅੱਖਰ (ਜ਼ਰੂਰੀ) ਵਰਤਿਆ ਜਾਊ (ਚਾਹੋ ਲਿਖ ਕੇ ਚਾਹੋ ਬੋਲਕੇ;

*ਜੈਸੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ: ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ।। [ਜਪੁਜੀ ੧੯] ਅਰਥਾਤ—ਜਿਸ ਨੇ ਏਹ ਅੱਖਰ—ਲਿਖੇ ਹਨ ਉਸ ਉਤੇ ਏਹ ਹਾਵੀ ਨਹੀਂ ਹਨ।

ਜਹ ਅਬੋਲ ਤਹ ਮਨੁ ਨ ਰਹਾਵਾ ॥

ਪਰ) ਜਿੱਥੇ ਅਬੋਲ ਹੈ (ਭਾਵ ਜੋ ਕਥਨ ਕਹਿਣ ਤੋਂ ਉੱਪਰ ਹੈ) ਓਥੇ ਮਨ ਨਹੀਂ ਰਹਿੰਦਾ, (ਭਾਵ ਮਨ ਉਸ ਨੂੰ ਵਿਸ਼ਯ ਨਹੀਂ ਕਰ ਸਕਦਾ। ਜੇ ਮਨ ਹੀ ਓਥੇ 'ਅ+ਖਰ' ਵਿਚ ਨਾ ਗਿਆ ਤਾਂ ਜੋ ਕੁਛ ਮਨ ਉਥੋਂ ਦਾ ਵਰਣਨ ਕਰੇਗਾ ਉਹ ਸਾਂਗੋ ਪਾਂਗ ਯਥਾਰਥ ਨੂੰ ਵਰਨਣ ਨਹੀਂ ਕਰੇਗਾ (ਫੇਰ ਜੋ) ਬੋਲ ਤੇ ਅਬੋਲ

ਬੋਲ ਅਬੋਲ ਮਧਿ ਹੈ ਸੋਈ ॥
ਜਸ ਓਹੁ ਹੈ ਤਸ ਲਖੈ ਨ ਕੋਈ ॥੨॥

ਦੇ ਵਿਚਾਲੇ (ਬੀ ਹੈ), ਹੈ ਤਾਂ ਉਹੋ (ਅ+ਖਰ=ਅਵਿਨਾਸ਼ੀ, ਪਰ) ਜੈਸਾ ਕਿ ਉਹ (ਯਥਾਰਥ ਵਿਚ) ਹੈ ਓਹੋ ਜੇਹਾ (ਉਸ ਦੇ ਯਥਾਰਥ ਰੂਪ ਵਿਚ) ਕੋਈ ਲਖ ਨਹੀਂ ਸਕਦਾ॥੨॥

[ਪ੍ਰਸ਼ਨ ਜੈਸਾ ਹੈ ਤੈਸਾ ਨਹੀਂ ਕੋਈ ਲਖਦਾ, ਇਸ ਵਿਚ ਸੰਭਾਵਨਾ ਹੈ ਕਿ ਕੁਛ ਕੁਛ ਤਾਂ ਕੋਈ ਲਖਦਾ ਹੈ। ਪ੍ਰਿਥਮੇ ਤੁਸਾਂ ਹੀ ਲਿਖਿਆ ਹੈ ਫੇਰ ਤੁਸੀਂ ਕੁਛ ਤਾਂ ਦੱਸੋ?ਤਾਂ ਉੱਤਰ ਦੇਂਦੇ ਹਨ:](ਜੇ ਮੈਂ) ਅੱਲਾ ਨੂੰ ਲਖ ਲਵਾਂ ਤਾਂ ਕੀਹ ਕਹਿਕੇ

ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ ॥

ਦੱਸਾਂ (ਭਾਵ ਉਹ ਕਥਨੀ ਵਿਚ ਆ ਨਹੀਂ ਸਕਦਾ, ਜੇ)ਕਹਾਂ ਤਾਂ ਕੀਹ ਉਪਕਾਰ ਹੋਊ, (ਕਿਉਂਕਿ ਕਹਿਣੇ ਮਾਤ੍ਰ ਨਾਲ ਕੋਈ ਲੱਖਤਾ ਵਿਚ ਨਹੀਂ ਆਉਂਦਾ, ਸੁਣਕੇ ਕਮਾਈ ਕਰਕੇ ਲੱਖਤਾ ਪ੍ਰਾਪਤ ਹੁੰਦੀ ਹੈ। ਮਿਸਾਲ ਦੇ ਤੌਰ ਤੇ ਫੁਰਮਾਉਂਦੇ ਹਨ ਕਿ ਉਹ ਅਵਿਨਾਸ਼ੀ), ਜਿਸ ਦਾ ਵਿਸਥਾਰ (ਫੈਲਾਉ) ਤਿੰਨਾਂ ਲੋਕਾਂ

ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ ॥੩॥

ਵਿਚ ਹੈ (ਭਾਵ ਜੋ, ਬ੍ਰਹਮੰਡ ਵਿਚ ਵਜਾਪਕ ਹੈ ਇਤਨਾ ਵਿਸ਼ਾਲ ਪ੍ਰਭੂ ਹਰ ਹਿਰਦੇ ਵਿਚ ਹਰ ਜ਼ੱਰੇ ਵਿਚ) ਰਵ ਰਿਹਾ ਹੈ (ਜੀਕੂੰ) ਬੋੜ੍ਹ ਦੇ ਬੀਜ (ਬੀਜ) ਵਿਚ ਸਾਰਾ ਬੋੜ੍ਹ (ਕਿਸੇ ਸੂਖਮ ਰੂਪ ਵਿਚ) ਹੁੰਦਾ ਹੈ॥੩॥

[ਮੈਂ ਇਹ ਗਲ ਦੱਸੀ ਹੈ, ਸੁਣਕੇ ਸੁਣਨ ਵਾਲੇ ਨੂੰ ਪ੍ਰਾਪਤ ਤਾਂ ਨਹੀਂ ਹੋ ਗਈ, ਪ੍ਰਾਪਤ ਕਿਵੇਂ ਹੁੰਦੀ ਹੈ ? ਇਸ ਦਾ ਪ੍ਰਕਾਰ ਦੱਸਦੇ ਹਨ:-]

ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ ॥ ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ ॥੪॥

(ਜਦੋਂ ਜਗਜਾਸੂ ਦੀ) ਭੇਦ ਬੁੱਧੀ ਖਜੈ ਹੋ ਗਈ ਤਦ ਓਹ ਕੁਛ ਕੁਛ ਭੇਤ (ਅਵਿਨਾਸ਼ੀ ਦਾ) ਪਾ ਲੈਂਦਾ ਹੈ(ਉਸ ਨੂੰ ਕਹੀਦਾ ਹੈ) ਅੱਲਾ ਦੀ (ਕੁਛ) ਲੱਖਤਾ ਵਾਲਾ। (ਹਾਂ ਜਦੋਂ)ਮਨ ਭੇਦ (ਬੁੱਧੀ ਵਲੋਂ) ਉਲਟ ਕੇ ਵਿੰਨ੍ਹਿਆਂ ਜਾਂਦਾ ਹੈ (ਭਾਵ ਮਨ ਨਹੀਂ ਰਹਿੰਦਾ ਹਉਮੈ ਦੇ ਰੂਪ ਵਾਲਾ,ਤਦ ਕਹੀਦਾ ਹੈ ਕਿ ਇਸ ਨੇ)ਅਵਿਨਾਸ਼ੀ ਤੇ ਅਖੈ (ਪ੍ਰਭੂ ਨੂੰ) ਪਾ ਲਿਆ ਹੈ॥੪॥

ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ॥

[ਹੁਣ ਮਾਨੋ ਓਹ ਬੇਨਤੀ ਕਰਨ ਵਾਸਤੇ ਆਖਦੇ ਹਨ:-] ਮੁਸਲਮਾਨ ਤ੍ਰੀਕਤ ਜਾਣਕੇ (ਭਾਵ ਪੜ੍ਹ ਸੁਣਕੇ ਤੇ) ਹਿੰਦੂ ਬੇਦ ਪੁਰਾਣ (ਪੜ੍ਹ ਸੁਣਕੇ ਰਾਹੇ ਪੈਂਦੇ ਹਨ ਸੋ ਜਿਵੇਂ ਉਹਨਾਂ ਦੇ ਵਡਿਆਂ ਨੇ ਰਾਹ ਦੱਸਿਆ ਹੈ ਤੁਸੀਂ ਬੀ ਸਾਨੂੰ ਮਗਰ ਲਗਿਆਂ ਨੂੰ ਕੁਛ ਦੱਸੋ ? ਤਦ ਆਪ ਬੋਲੇ:—) ਮਨ ਨੂੰ ਸਮਝਾਉਣ

ਮਨ ਸਮਝਾਵਨ ਕਾਰਨੇ ਕਛੂਅਕ

ਵਾਸਤੇ (ਕਿ ਇਹ ਅਪਣੀਆਂ ਮਨ ਮੰਨੀਆਂ ਛੱਡਕੇ ਸਾਈਂ

ਪੜੀਐ ਗਿਆਨ ॥੫॥

ਮਿਲਾਪ ਦੇ ਰਸਤੇ ਪਵੇ) ਕੁਛ ਕੁ ਗਿਆਨ ਪੜ੍ਹਨਾ ਚਾਹੀਦਾ ਹੈ। (ਸੋ ਇਸ ਮਨੋਰਥ ਸਿੱਧੀ ਲਈ, ਕਬੀਰ ਜੀ ਹੁਣ ਅਗੋਂ ਬਾਵਨ ਅਖਰੀ ਦੀ ਬਾਣੀ ਰਚਦੇ ਹਨ ਤੇ ਇਕ ਇਕ ਅਖਰ ਲੈਂਦੇ ਹਨ:—)।

ਵਜਾਖਜਾ—ਸ੍ਰੀ ਕਬੀਰ ਜੀ ਅੰਕ ੧ ਵਿਚ ਅੱਖਰਾਂ ਦਾ ਵਿਸ਼ਾ ਲੈਂਦੇ ਹੀ ਦੱਸ ਆਏ ਹਨ ਕਿ ਏਹ ਬਵੰਜਾ ਅੱਖਰ ਖਿਰ ਜਾਣ ਵਾਲੇ ਹਨ, ਪਰ ਇਕ ਹਸਤੀ ਹੈ ਜੋ ਖਿਰਨੇ ਵਾਲੀ ਨਹੀਂ ਉਸ ਦਾ ਨਾਮ ਹੈ 'ਅ+ਖ'=ਜੋ ਕਦੇ ਨਾ ਖਰ;ਭਾਵ ਓਹ ਅਵਿਨਾਸ਼ੀ ਹੈ, ਉਹ ਇਨ੍ਹਾਂ ਖਿਰਨ ਵਾਲੇ ਅੱਖਰਾਂ ਦਾ ਵਿਸ਼ਯ ਨਹੀਂ ਹੋ ਸਕਦਾ। ਇਸ਼ਾਰਾ ਇਹ ਜਾਪਦਾ ਹੈ ਕਿ ਮੈਂ ਅੱਖਰਾਂ ਉਤੇ ਬਾਣੀ ਲਿਖਣ ਲੱਗਾ ਹਾਂ, ਇਨ੍ਹਾਂ ਵਿਚ ਮੈ ਉਸ (ਅ+ਖਰ=) ਅਵਿਨਾਸ਼ੀ ਦਾ ਜ਼ਿਕਰ ਕਰਨਾ ਹੈ, ਉਹ ਇਨ੍ਹਾਂ ਅੱਖਰਾਂ ਦਾ ਵਿਸ਼ਯ ਹੋ ਨਹੀਂ ਸਕਦਾ। ਇਸ ਗੱਲ ਦਾ ਕਾਰਣ ਅਗਲੇ ਅੰਕ ਦੇ ਵਿਚ ਦੱਸਦੇ ਹਨ ਕਿ ਅੱਖਰ ਤਾਂ ਓਥੇ ਹੁੰਦੇ ਹਨ ਜਿੱਥੇ ਬਾਣੀ ਹੈ, ਤੇ ਅੱਖਰਾਂ ਦਾ ਵਿਸ਼ਯ ਤਾਂ ਤ੍ਰੈ ਲੋਕੀ ਹੈ ਜਿਥੇ ਕਿ ਬੋਲ ਅਰਥਾਤ ਬਾਣੀ ਕੰਮ ਕਰਦੀ ਹੈ, ਚਾਹੋ ਬੋਲਕੇ ਚਾਹੋ ਲਿਖਕੇ ਕਰੇ। ਤੇ ਮੈਂ ਜਿਸ ਦਾ ਜ਼ਿਕਰ ਕਰਨਾ ਹੈ ਓਹ ਅਬੋਲ ਹੈ, ਜਿੱਥੇ ਬਾਣੀ ਦੀ ਗੰਮਤਾ ਨਹੀਂ, ਬਾਣੀ ਮਨ ਦੇ ਸੰਕਲਪਾਂ ਨੂੰ ਦੱਸਦੀ ਹੈ ਸੋ ਓਥੇ ਮਨ ਦੀ ਗੰਮਤਾ ਹੀ ਨਹੀਂ। ਯਾ ਇਉਂ ਕਹੋ ਕਿ ਜਦ ਧਯਾਨ ਜੋੜਦੇ ਅਬੋਲ ਹੋ ਜਾਓ ਤਾਂ ਮਨ ਹੀ ਨਹੀਂ ਰਹਿੰਦਾ। ਸੋ ਉਸ ਨੂੰ ਮਨ ਤੇ ਬਾਣੀ ਦਾ ਵਿਸ਼ਯ ਬਣਾ ਸਕਣਾ ਹੋ ਨਹੀਂ ਸਕਦਾ।

ਏਥੇ ਖਯਾਲ ਹੁੰਦਾ ਹੈ ਕਿ ਦੋ ਅਵਸਥਾ ਕਥਨ ਕਰ ਰਹੇ ਹਨ: ਬੋਲ ਤੇ ਅਬੋਲ; ਤੇ ਦੱਸ ਰਹੇ ਹਨ ਕਿ ਬੋਲ ਤੇ ਅਬੋਲ ਦੋਹਾਂ ਵਿਚ ਹੀ ਉਹੋ ਹੈ, ਪਰ ਜੈਸਾ ਕਿ ਓਹ (ਅਖਰ=ਅਵਿਨਾਸ਼ੀ ਪ੍ਰਭੂ) ਹੈ ਵੈਸਾ ਉਸ ਨੂੰ ਕੋਈ ਨਹੀਂ ਜਾਣ ਸਕਦਾ। ਭਾਵ ਹੈ ਕਿ ਬੋਲ ਤੇ ਅਬੋਲ ਦੋਹਾਂ ਅਵਸਥਾ ਵਿਚ ਉਹ ਨਾ ਖਰਨੇ ਵਾਲਾ ਜਿਉਂ ਕਾ ਤਿਉਂ ਕਾਇਮ ਹੈ, ਪਰ ਜੈਸਾ ਕਿ ਓਹ ਹੈ; ਵੈਸਾ ਜਾਣਿਆ ਤੇ ਵਰਣਨ ਨਹੀਂ ਕੀਤਾ ਜਾ ਸਕਦਾ।

ਪਰ ਵਧੀਕ ਗਹੁ ਕਰਨ ਤੇ ਜਾਪਦਾ ਹੈ ਕਿ ਕਬੀਰ ਜੀ ਤ੍ਰੈ ਅਵਸਥਾ ਕਹਿ ਰਹੇ ਹਨ:-੧.ਬੋਲ, ੨. ਅਬੋਲ ਤੇ ੩. ਦੋਹਾਂ ਦੇ ਵਿਚਕਾਰ, ਮਧ।ਪਹਿਲੀਆਂ ਦੋ ਉਤੇ ਵਰਣਨ ਹੋ ਚੁਕੀਆਂ ਹਨ, ਤੀਸਰੀ ਮੱਧ ਅਵਸਥਾ ਦੀ ਸੈਨਤ'ਮਨੁ ਨ ਰਹਾਵਾ' ਇਸ 'ਰਹਾਵਾ' ਪਦ ਤੋਂ ਮਿਲਦੀ ਹੈ, ਜੋ ਦੱਸ ਰਿਹਾ ਹੈ ਕਿ ਬੋਲ ਤੋਂ ਅਬੋਲ ਵਲ ਜਾ ਰਹੇ ਸਾਧਕ ਦੇ ਚੜ੍ਹਾਉ ਦਾ ਨਕਸ਼ਾ ਆਪ ਦੀਆਂ ਅੱਖਾਂ ਅਗੇ ਹੈ। ਸਾਧਨ ਕਰਤਾ ਜਦ ਅੰਤ ਦੇ ਅਖੀਰ ਤੇ 'ਅਨੰਤ ਦੀ ਸੰਨ੍ਹ ਤੇ ਪਹੁੰਚਦਾ ਹੈ ਤਾਂ ਅਨੰਤ ਵਿਚ ਪ੍ਰਵੇਸ਼ ਹੁਣ ਤੋਂ ਪਹਿਲੋਂ ਮਨ ਨਹੀਂ ਰਹਿੰਦਾ।'ਜਾਨਣਾ' 'ਸੋਚਣਾ' ਤੇ 'ਪ੍ਰਤੀਤ ਕਰਨਾ' ਸਭ ਖੜੋ ਜਾਂਦੇ ਹਨ, ਤਦੋਂ ਨਿਰੀ ਆਤਮਾ ਪਰਮਾਤਮਾ ਵਿਚ ਜਾਂਦੀ ਹੈ। ਜੋ ਕੁਛ ਤਜਰਬਾ ਆਤਮਾ ਨੂੰ ਪਰਮਾਤਮਾ ਦੀ ਅਨੰਤਤਾ ਵਿਚ ਗਿਆਂ ਮਿਲਦਾ ਹੈ ਉਹ ਉਥਾਨ ਹੋ ਕੇ, ਜਦੋਂ ਕਿ ਮਨ ਫੇਰ ਅਪਣਾ ਕੰਮ ਸ਼ੁਰੂ ਕਰ ਦੇਂਦਾ ਹੈ, ਮਨ ਨੂੰ ਨਹੀਂ ਦੇ ਸਕਦਾ ਕਿਉਂਕਿ ਓਹ ਅਵਸਥਾ ਅਦੇਸ਼ ਅਕਾਲ ਸੀ ਤੇ ਮਨ ਦੇਸ਼ ਕਾਲ ਦਾ ਪੁਤਲਾ ਹੈ। ਹਾਂ ਉਥਾਨ ਹੁੰਦੇ ਸਾਰ ਮਨ ਨੂੰ ਆਤਮਾ ਦੀ'ਆਨੰਦ ਮਈ 'ਛੁਹ' ਮਿਲਦੀ ਹੈ ਤੇ ਉਸ ਵੇਲੇ ਮਨ 'ਆਹਾ', 'ਵਾਹ ਵਾਹ' ਕਰ ਉਠਦਾ ਹੈ, ਕਹਿੰਦਾ ਹੈ, 'ਕੈਸਾ ਆਨੰਦ ਸੀ, ਕੈਸੇ ਰਸਮਯਤਾ ਸੀ'। ਪਰ ਪਤਾ ਨਹੀਂ ਦੱਸ ਸਕਦਾ ਕਿ ਕੀਹ ਸੀ ਕਿਉਂਕਿ ਮਨ ਦੀ ਓਥੇ ਗੰਮਤਾ ਨਹੀਂ ਹੋਈ, ਉਹ ਅਨੰਤ ਵਿਚ ਗਿਆ ਹੀ ਨਹੀਂ ਸੀ। ਇਸੇ ਲਈ ਆਪ ਨੇ ਦੱਸਿਆ ਹੈ ਕਿ ਤਿੰਨਾਂ ਅਵਸਥਾਂ: ਬੋਲ, ਅਬੋਲ ਤੇ ਮੱਧ ਵਿਚ ਸੀ ਤਾਂ ਉਹੋ ਪਰ ਉਹ ਸਾਂਗੋ ਪਾਂਗ ਜਾਣਿਆ ਨਹੀਂ ਗਿਆ। ਜਾਪਦਾ ਤਾਂ ਹੁਣ ਐਉਂ ਹੈ ਕਿ ਆਪ ਜੀ ਜਾਣਨ ਦੀ 'ਅਸੰਭਵਤਾ' ਦੱਸ ਰਹੇ ਹਨ ਪਰ ਨਹੀਂ, ਇਸ ਮਧ ਵਾਲੀ ਅਵਸਥਾ ਵਿਚ ਓਹ

ਅਵਿਨਾਸ਼ੀ ਦੇ ਜਾਣੇ ਜਾਣ ਦਾ ਰਾਹ ਬੀ ਲੱਭ ਦੱਸਦੇ ਹਨ ਕਿ ਜਿਸ ਦੇ ਆਸਰੇ ਅਗਲੀ ਬਾਣੀ ਪਰਮਾਤਮ ਪਰਾਇਣ ਰਚਣ ਦਾ ਕਾਰਜ ਕਰਨਾ ਸਫਲ ਸਮਝਦੇ ਹਨ, ਦੇਖੋ ਏਥੇ ਪਦ ਜਾਣਨਾ ਨਹੀਂ ਵਰਤਦੇ ਪਰ ਲਖੈਂ ਵਰਤਦੇ ਹਨ ਤੇ ਅਗਲੇ ਅੰਕ ਵਿਚ ਇਹੋ ਖਿਆਲ 'ਲਖੈ ਦੇ ਅਰਥਾਂ ਵਾਲਾ 'ਲਹਉ' ਵਰਤਦੇ ਹਨ। ਇੱਥੇ ਤਾਂ ਕਹਿੰਦੇ ਹਨ ਕਿ 'ਜੈਸਾ ਤੇ ਤੈਸਾ ਨਹੀਂ ਲਖਦੇ' ਜਿਸ ਵਿਚ ਧੁਨੀ ਇਹ ਹੈ ਕਿ ਕੁਛ ਤਾਂ ਲਖਦੇ ਹਨ ਤੇ ਅਗਲੇ ਅੰਕ ਵਿਚ ਸਾਫ ਕਹਿੰਦੇ ਹਨ ਕਿ ਜੇ ਮੈਂ ਅੱਲਾ ਨੂੰ 'ਲਖ ਬੀ ਲਵਾਂ' ਤਾਂ ਆਖਾਂ ਕੀਹ ? ਭਾਵ ਇਹ ਕਿ ਉਹ ਲੱਖਤਾ ਵਿਚ ਨਹੀਂ ਆਉਂਦਾ; ਸੋ ਸਪਸ਼ਟ ਹੋ ਗਿਆ ਕਿ 'ਮਧ' ਪਦ ਤੋਂ ਤੀਸਰੀ ਅਵਸਥਾ ਮੁਰਾਦ ਹੈ, ਜਿਸ ਵਿਚ ਲਖਤਾ ਹੋ ਆਉਂਦੀ ਹੈ, ਚਾਹੋ ਉਹ ਅਵਿਨਾਸ਼ੀ ਨੂੰ ਸਾਂਗੋ ਪਾਂਗ ਅਪਣੇ 'ਮਨ ਬਾਣੀਂ' ਦਾ ਵਿਸ਼ਾ ਨਹੀਂ ਬਣਾ ਸਕੀ। ਇਹੋ ਗਲ ਫੇਰ ਅੰਕ ੪ ਵਿਚ ਸਪਸ਼ਟ ਹੋ ਜਾਂਦੀ ਹੈ, ਜਿਥੇ ਸਾਫ ਕਹਿੰਦੇ ਹਨ ਕਿ 'ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ' ਕਿ ਜਦੋਂ ਜਗਜਾਸੂ ਦੀ ਭੇਦ ਬੁੱਧੀ ਖਜੈ ਹੋ ਗਈ ਤੇ ਉਹ ਕੁਛ ਕੁਛ ਭੇਤ ਪਾ ਲੈਂਦਾ ਹੈ (ਉਸ ਨੂੰ) ਅਲਹ ਲਹੰਤਾ=ਪਰਮਾਤਮਾ ਦੀ ਲੱਖਤਾ ਵਾਲਾ (ਕਹੀਦਾ) ਹੈ। ਜਦੋਂਕਿ ਭੇਦ ਬੁੱਧੀ ਵਲੋਂ ਮਨ ਉਲਟ ਕੇ ਆਪ ਵਿੰਨ੍ਹਿਆ ਜਾਂਦਾ ਹੈ, ਭਾਵ ਪ੍ਰੇਮ ਦੁਆਰਾ ਹਉਂ ਮਿਟਕੇ ਸ਼ੁੱਧ ਆਤਮ ਸਰੂਪ ਹੋ ਗਿਆ ਮਨ ਅਨੰਤ ਵਿਚ ਤਦਰੂਪ ਹੋ ਜਾਂਦਾ ਹੈ, ਉਸ ਵੇਲੇ ਸਮਝ ਲਓ ਕਿ ਉਸ ਨੇ ਅਵਿਨਾਸ਼ੀ ਤੇ ਅਖੈ (ਪਰਮਾਤਮਾ) ਨੂੰ ਪਾ ਲਿਆ ਹੈ।

ਹੁਣ ਲਓ ਅੰਕ ੩ ਨੂੰ, ਇਸ ਵਿਚ ਦੱਸਦੇ ਹਨ ਕਿ ਐਉਂ ਜਦ ਮੈਂ (ਪਰਮਾਤਮਾ) ਨੂੰ ਲਖ ਲਿਆ ਤਾਂ ਆਖਾਂ ਕੀਹ, ਜੇ ਆਖਾਂ ਤਾਂ ਉਪਕਾਰ ਕੀ ਹੋਊ। ਕਿਉਂਕਿ ਮੇਰੇ ਆਖਣ ਮਾਤ੍ਰ ਤੇ ਲੋਕਾਂ ਦੇ ਸੁਣਨ ਮਾਤ੍ਰ ਨਾਲ 'ਲੱਖਤਾ ਪ੍ਰਾਪਤ ਨਹੀਂ ਹੁੰਦੀ; ਲੱਖਤਾ ਤਾਂ ਪ੍ਰਾਪਤ ਹੁੰਦੀ ਹੈ ਮਨ ਦੇ ਉਲਟ ਕੇ ਵਿੰਨ੍ਹੇ ਜਾਣ ਤੇ ਭੇਦ ਬੁੱਧੀ ਦੇ ਨਾਸ਼ ਹੋਣ ਨਾਲ। ਸੋ ਕਹਿਣਾ ਸੁਣਨਾ, ਲਿਖਣਾ ਪੜ੍ਹਨਾ, ਧਰਮ ਗ੍ਰੰਥਾਂ, ਮਹਾਤਮਾ ਦਾ ਉਪਦੇਸ਼ ਸਭ ਬੇਲੋੜ ਹੋ ਗਏ। ਇਸ ਲਈ ਆਖਦੇ ਹਨ ਕਿ ਓਹ ਅਵਿਨਾਸ਼ੀ, ਜੋ ਤਿੰਨਾਂ ਲੋਕਾਂ ਵਿਚ ਵਜਾਪਕ ਹੋ ਰਿਹਾ ਹੈ, ਇਤਨਾ ਵਿਸ਼ਾਲ ਹੈ ਕਿ ਵਿਸ਼ਾਲਤਾ ਅਨੰਤ ਹੈ; ਉਹ ਬੋੜ੍ਹ ਦੇ ਬੀਜ ਵਾਂਙੂ ਜਿਸ ਵਿਚ ਉੱਗਕੇ ਬ੍ਰਿਛ ਬਣਨ ਤੋਂ ਪਹਿਲੇ ਬੋੜ੍ਹ ਕਿਸੇ ਸੂਰਤ ਵਿਚ ਮੌਜੂਦ ਹੁੰਦਾ ਹੈ ਤਿਵੇਂ ਉਹ ਵਿਸ਼ਾਲ ਤੇ ਮਨ ਬਾਣੀ ਤੋਂ ਅਵਿਸ਼ਯ ਪ੍ਰਭੂ ਹਰ ਹਿਰਦੇ ਵਿਚ ਹਰ ਸਰੀਰ ਵਿਚ, ਹਰ ਜ਼ੱਰਰੇ ਕਿਣਕੇ ਵਿਚ ਮੌਜੂਦ ਹੈ, ਸੋ ਇਸ ਪ੍ਰਕਾਰ ਦਾ ਗਿਆਨ ਕਿਹਾ ਜਾ ਸਕਦਾ ਹੈ ਤੇ ਅਨੰਤ ਤੇ ਅਮਿਤ ਹੋਣ ਦੀ ਸੋਝੀ ਹੋ ਕੇ ਉਹ ਉਸ ਦੀ ਲੱਖਤਾ ਪ੍ਰਾਪਤੀ ਦੇ ਸਾਧਨਾਂ ਵਲ ਪ੍ਰੇਰਿਤ ਹੋਵੇ; ਜਿਵੇਂ ਕਿ ਸਾਈਨ ਬੋਰਡ (ਨਾਮਾਂ ਤੇ ਪਤਿਆਂ ਦੇ ਤਖਤੇ) ਸੜਕਾਂ ਤੇ ਲਗੇ ਹੁੰਦੇ ਹਨ, ਜਿਨ੍ਹਾਂ ਕਰਕੇ ਵਾਂਛਤ ਟਿਕਾਣੇ ਪੁੱਜਣ ਦੀ ਰਾਹਨੁਮਾਈ ਮਿਲਦੀ ਹੈ।

ਇਹ ਕਹਿਕੇ ਅੰਕ ਪੰਜ ਵਿਚ ਇਕ ਦ੍ਰਿਸ਼ਟਾਂਤ ਦੇਕੇ ਇਕ ਅਪਣਾ ਸਿੱਧਾਂਤ ਕਥਨ ਕਰਦੇ ਹਨ। ਮਿਸਾਲ ਇਹ ਦੇਂਦੇ ਹਨ ਕਿ ਦੇਖੋ ਹਿੰਦੂਆਂ ਵਿਚ ਵੇਦ ਪੁਰਾਣ ਰਸਤਾ ਦੱਸਣ ਵਾਲੇ ਹਨ, ਮੁਸਲਮਾਨਾਂ ਵਿਚ ਤ੍ਰੀਕਤ ਹੈ*, ਜੋ ਮਨ ਦੀ ਸਫਾਈ ਦਾ ਰਾਹ ਦੱਸਦੀ ਹੈ। ਚਾਹੋ ਇਹ ਸਤਰ ਕਬੀਰ ਜੀ ਨੇ ਆਪ ਕਹੀ ਯਾ ਸੁਣਨ ਵਾਲੇ ਨੇ ਕਹੀ ਕਿ ਹਿੰਦੂਆਂ ਦੇ ਸ਼ਾਸਤ੍ਰ ਤੇ ਮੁਸਲਮਾਨਾਂ ਦੀਆਂ ਕਿਤਾਬਾਂ ਰਾਹ ਕੁਛ ਨਾ ਕੁਛ ਦੱਸਦੀਆਂ ਹਨ ਤੁਸੀ ਬੀ ਕੁਛ ਤਾਂ ਦੱਸੋ; ਤਦ ਆਪ ਜੀ ਛੇਕੜਲੀ ਸਤਰ ਉਚਾਰਦੇ ਤੇ ਇਸ ਅਖੀਰਲੀ ਸਤਰ ਵਿਚ ਇਕ ਸਮਝੌਤੀ ਦੇਂਦੇ ਹਨ ਕਿ ਸ਼ਾਸਤ੍ਰਾਂ ਕਿਤਾਬਾਂ ਨੂੰ ਪੜ੍ਹੋ ਮਨ ਨੂੰ ਸਮਝਾਕੇ ਸਾਂਈਂ ਦੇ ਰਸਤੇ ਪਾਉਣ ਲਈ, ਇਤਨਾ ਪੜ੍ਹੋ ਕਿ ਲਾਭ ਲੈ ਲਓ ਤੇ ਰਾਹੇ ਪੈ ਜਾਓ। ਵਿਦ੍ਵਤਾ ਦੀ ਚਾਤੁਰੀ, ਝਗੜੇ ਬਹਿਸਾਂ ਦੀ ਹਾਰ ਜਿਤ ਆਦਿ ਬਖੇੜਿਆਂ ਵਿਚ ਪੈਣ ਲਈ ਨਾ ਪੜ੍ਹੋ। ਜੋ ਕੰਮ

*ਵੇਦ ਪੁਰਾਣ ਤੋਂ ਮਤਲਬ ਹਿੰਦੂਆਂ ਦੇ ਸਾਰੇ ਧਰਮ ਪੁਸਤਕ ਸ੍ਰੁਤੀ ਸਿੰਮ੍ਰਿਤੀ, ਉਪਨਿਸ਼ਦ ਸ਼ਾਸਤ੍ਰ ਲੈਣੇ ਹਨ ਤੇ ਤ੍ਰੀਕਤ ਤੋਂ ਭਾਵ ਸ਼ਰੀਅਤ, ਤ੍ਰੀਕਤ, ਮਾਅਰਫਤ ਤੇ ਹਕੀਕਤ ਦੱਸਣ ਵਾਲੀਆਂ ਸਾਰੀਆਂ ਕਤੇਬਾਂ ਲੈਣੀਆਂ ਹਨ

ਕਿ ਪੰਡਤ ਤੇ ਵਾਚ ਗਜਾਨੀ, ਕਾਜ਼ੀ ਮੁੱਲਾਂ ਤੇ ਵਿਤੰਡਾ ਵਾਦੀ ਕਰਦੇ ਹਨ। ਇਹ ਕਹਿਕੇ ਅਗੋਂ ਹੁਣ ਆਪਣੀ ਬਾਣੀ ਉਚਾਰਦੇ ਹਨ, ਗੋਯਾ ਕਹਿ ਰਹੇ ਹਨ ਕਿ ਮੈਂ ਜੋ ਕੁਛ ਕਹਿਣ ਲਗਾ ਹਾਂ ਮਨ ਸਮਝਾਵਣ ਵਾਸਤੇ ਤੁਹਾਨੂੰ ਦੱਸਣ ਲਗਾ ਹਾਂ, ਇਹੋ ਲਾਭ ਲੈਣਾ, ਵਿਤੰਡਾ ਵਾਦਾਂ ਤੇ ਬਹਿਸਾਂ ਵਿਚ ਨਾ ਜਾ ਪੈਣਾ।

—ਓਅੰਕਾਰ—

ਓਅੰਕਾਰ ਆਦਿ ਮੈ ਜਾਨਾ ॥ ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥ ਓਅੰਕਾਰ ਲਖੈ ਜਉ ਕੋਈ ॥ ਸੋਈ ਲਖਿ ਮੇਟਣਾ ਨ ਹੋਈ ॥੬॥

(ਸਭ ਕੁਛ ਦਾ)ਆਦਿ ਨਿਰੰਕਾਰ ਹੈ। (ਉਸ ਨੂੰ) ਮੈਂ (ਆਪਣਾ ਪੂਜ) ਜਾਣਿਆ ਹੈ, (ਜਿਸ ਨੂੰ ਉਹ) ਲਿਖੇ ਤੇ (ਲਿਖਕੇ) ਮੇਟ ਦੇਵੇ (ਰਚਕੇ ਵਿਨਾਸ਼ ਕਰ ਦੇਵੇ) ਉਸ ਨੂੰ ਮੈਂ ਨਹੀਂ ਮੰਨਿਆ (=ਪੂਜਿਆ)*। (ਪਰ) ਜੋ ਕੋਈ (ਉਸ ਓਅੰਕਾਰ=) ਨਿਰੰਕਾਰ ਨੂੰ ਲਖ ਲਵੇ (=ਅਨੁਭਵ ਕਰ ਲਵੇ; ਤਾਂ) ਉਸੇ ਨੂੰ ਲਖਕੇ (ਫੇਰ ਉਸ ਦਾ) ਮੇਟਣਾ (=ਵਿਨਾਸ਼) ਨਹੀਂ ਹੁੰਦਾ॥ ੬॥

ਵਜਾਖਜਾ—ਸ੍ਰੀ ਕਬੀਰ ਜੀ ਦੱਸਦੇ ਹਨ ਕਿ ਉਹ ਓਅੰਕਾਰ, ਜੋ ਆਦਿ ਹੈ,ਸਭ ਦਾ ਮੂਲ ਹੈ ਸਭ ਤੋਂ ਪਹਿਲੋਂ ਹੈ। ਅਰਥਾਤ ਓਅੰਕਾਰ ਅੱਖਰ ਦਾ ਜੋ ਅਰਥ ਰੂਪ ਹੈ ਜ਼ਾਤ ਰਬ ਦੀ—ਉਸ ਨੂੰ ਮੈਂ ਸਹੀ ਕਰ ਲਿਆ ਹੈ ਕਿ ਉਹ ਹੈ ਤੇ ਮੇਰਾ ਪੂਜਜ ਹੈ ਤੇ ਸਭ ਤੋਂ ਪਹਿਲਾਂ ਦੇ ਸਭ ਦਾ ਮੂਲ ਹੈ।ਹੋਰ ਹੁਣ ਕਿਸੇ ਨੂੰ ਮੈਂ ਉਸ ਜੈਸਾ ਨਹੀਂ ਮੰਨਦਾ; ਪੂਜਜ ਕਰਕੇ ਨਹੀਂ ਸਨਮਾਨਦਾ। ਕਿਉਂਕਿ ਹੋਰ ਸਭ ਉਸ ਦੇ ਰਚੇ ਹੋਏ ਤੇ ਵਿਨਾਸ਼ ਨੂੰ ਪ੍ਰਾਪਤ ਹੁੰਦੇ ਹਨ, ਉਹਨਾਂ ਨੂੰ ਮੈਂ ਪੂਜ ਨਹੀਂ ਮੰਨਿਆ; ਪਰ ਇਕ ਗਲ ਹੈ ਕਿ ਜੋ ਉਸ ਪਰਮੇਸ਼ਰ ਨੂੰ ਅਨੁਭਵ ਕਰ ਲਵੇ ਉਹ ਉਸ ਵਿਚ ਤਦਰੂਪ ਹੋ ਕੇ ਨਾਸ਼ ਰਹਿਤ ਜ਼ਰੂਰ ਹੋ ਜਾਂਦਾ ਹੈ। ਉਹ ਤਦਰੂਪ ਹੋਇਆ ਬੀ ਅਵਿਨਾਸ਼ ਹੈ। ਧ੍ਵਨੀ ਵਿਚ ਇਹ ਹੈ ਇਕ ਤਾਂ ਓਅੰਕਾਰ ਪਰਮਾਤਮ ਦੇਵ ਆਪ ਹੈ, ਦੂਸਰਾ ਓਅੰਕਾਰ ਅੱਖਰ ਹੈ ਜੋ ਉਸ ਦਾ ਲਖਾਯਕ ਹੈ ਤੀਸਰਾ ਇਸ ਓਅੰਕਾਰ ਦੇ ਧਜਾਨ ਵੀਚਾਰ ਨਾਲ ਓਸ ਨਿਰੰਕਾਰ ਨੂੰ ਲਖਣੇ ਵਾਲਾ ਹੈ। ਸੋ ਲਯਾਜਕ ਦੁਆਰਾ ਲਖ ਲਓ ਤੇ ਲੱਖਜ ਵਿਚ ਪਹੁੰਚ ਕੇ ਤਦਰੂਪ ਹੋ ਜਾਓ।

—ਕ—

ਕਕਾ ਕਿਰਣਿ ਕਮਲ ਮਹਿ ਪਾਵਾ ॥ ਸਸਿ ਬਿਗਾਸ ਸੰਪਟ ਨਹੀ ਆਵਾ ॥ ਅਰੁ ਜੇ ਤਹਾ ਕੁਸਮ ਰਸੁ ਪਾਵਾ ॥ ਅਕਹ ਕਹਾ ਕਹਿ ਕਾ ਸਮਝਾਵਾ ॥੭॥

ਕਕੇ (ਦੁਆਰਾ ਕਹਿੰਦੇ ਹਨ ਕਿ ਜਿਸ ਨੇ ਆਪਣੇ ਹਿਰਦੇ) ਕਮਲ ਵਿਚ (ਉਸ ਨਿਰੰਕਾਰ ਰੂਪੀ ਸੂਰਜ ਦੀ) ਕਿਰਣ ਪ੍ਰਾਪਤ ਕਰ ਲਈ ਹੈ,(ਮਾਇਆ ਦੇ) ਚਾਂਦਨੀ (ਰੂਪ ਮਾਂਗਵੇਂ ਚਾਨਣੇ ਦੇ) ਖੇੜੇ ਨਾਲ (ਉਨ੍ਹਾਂ ਦਾ ਰਿਦਾ ਕਮਲ ਫੇਰ) ਬੰਦ ਨਹੀਂ ਹੁੰਦਾ। ਅਰ (ਦੂਜੀ ਗੱਲ ਹੈ ਕਿ) ਜੇ (ਕਿਸੇ ਨੇ) ਓਥੇ (ਰਿਦੇ ਰੂਪੀ ਕੌਲ) ਫੁਲ ਦਾ ਰਸ (=ਆਤਮਨੰਦ)ਪਾ ਲਿਆ ਹੈ (ਤਾਂ ਉਹ ਰਸ) ਕਹਾ (=ਕਥਨੀ ਤੋਂ) ਅਕਹ (=ਅਕਥਨੀਯ) ਹੈ, (ਉਸ ਨੂੰ ਮੈਂ) ਕਹਿਕੇ ਕੀ (ਕਿਸੇ ਨੂੰ) ਸਮਝਾਵਾਂ ?॥ ੭॥

*(ਅ)ਲਿਖਿ ਅਰੁ ਮੇਟੈ=ਪਟੀ ਉਤੇ ਪਾਧੇ 'ਓਂ' ਲਿਖ ਦੇਂਦੇ ਹਨ ਪਟੀ ਧੋਣ ਵੇਲੇ ਮੁੰਡੇ ਉਸ ਨੂੰ ਮੇਟ ਦੇਂਦੇ ਹਨ, ਚੌਕ ਪੂਰਦੇ ਬ੍ਰਾਹਮਣ 'ਓਂ' 'ॐ' ਲਿਖ ਦੇਂਦੇ, ਮਗਰੋਂ ਮੇਟ ਦੇਂਦੇ ਹਨ। ਇਸ ਅੱਖਰ ਰੂਪ 'ਓਂ' ਨੂੰ ਮੈਂ ਨਿਰੰਕਾਰ ਨਹੀਂ ਮੰਨਦਾ। ਮੇਰਾ ਨਿਰੰਕਾਰ ਇਕੋ ਅਦੁਤੀ ਪਰਮਾਤਮਾ ਜਾਗਤੀ ਜੋਤ ਹੈ ਤੇ ਲਿਖਣ ਮੇਟਣ ਤੋਂ ਉਪਰ ਹੈ।

ਵਜਾਖਜਾ— ਕਮਲ ਖਿੜਦਾ ਹੈ ਸੂਰਜ ਦੇ ਪ੍ਰਕਾਸ਼ ਪੈਣ ਨਾਲ, ਚੰਦ੍ਰਮਾਂ ਦੀ ਚਾਂਦਨੀ ਪ੍ਰਕਾਸ਼ ਨਾਲ ਬੰਦ ਹੋ ਜਾਂਦਾ ਹੈ। ਚੰਦ ਦੀ ਚਾਂਦਨੀ ਮਾਂਗਵੀਂ ਰੌਸ਼ਨੀ ਹੈ ਅਸਲ ਸ਼ੈ ਨਹੀਂ। ਮਾਇਆ ਬੀ ਅਸਲੀ ਸ਼ੈ ਨਹੀਂ, ਇਸ ਕਰਕੇ ਚਾਂਦਨੀ ਦਾ ਭਾਵ ਹੈ ਮਾਇਆ। ਸਾਰੇ ਦਾ ਮਤਲਬ ਹੈ ਕਿ ਪਰਮਾਤਮਾ ਰੂਪੀ ਸੂਰਜ ਦੀ ਕਿਰਣ ਪੈ ਕੇ ਮਨ ਰੂਪੀ ਕਮਲ ਖਿੜ ਜਾਂਦਾ ਹੈ ਤੇ ਆਤਮ ਰਸ ਆ ਜਾਂਦਾ ਹੈ, ਇਹ ਰਸ ਪਾਕੇ ਫੇਰ ਪਾਉਣ ਵਾਲਾ ਮਾਯਕ ਰਸਾਂ ਵਿਚ ਖਚਿਤ ਨਹੀਂ ਹੁੰਦਾ। ਜੇ ਕਹੋ ਕਿ ਉਸ ਆਤਮ ਰਸ ਨੂੰ ਦਸੋ ਕੀ ਹੁੰਦਾ ਹੈ ਤਾਂ ਦੱਸਦੇ ਹਨ ਕਿ ਓਹ ਅਕਹਿ ਹੈ, ਕਹਿਣ ਗੋਚਰਾ ਨਹੀਂ, ਮਾਣਨ ਗੋਚਰਾ ਹੀ ਹੈ। ਜਿਨ੍ਹਾਂ ਨੇ ਮਾਣਿਆਂ ਨਹੀਂ ਓਹ ਸਮਝ ਨਹੀਂ ਸਕਦੇ, ਮੈਂ ਸਮਝਾਵਾਂ ਕਿਸ ਨੂੰ, ਕਿਉਂਕਿ ਜਿਨ੍ਹਾਂ ਮਾਣ ਲਿਆ ਹੈ ਓਹ ਤਾਂ ਆਪ ਹੀ ਜਾਣਦੇ ਹਨ।

—ਖ—

ਖਖਾ ਇਹੈ ਖੋੜਿ ਮਨ ਆਵਾ ॥
ਖੋੜੇ ਛਾਡਿ ਨ ਦਹ ਦਿਸ ਧਾਵਾ ॥

[ਪ੍ਰਸ਼ਨ: ਮਾਯਾ ਦੀ ਚਾਂਦਨੀ ਨੂੰ ਉਹ ਕੀਕੂੰ ਨਹੀਂ ਰਿਦੇ ਕਮਲ ਤੇ ਪੈਣ ਦੇਂਦਾ ? ਉੱਤਰ:] ਖਖੇ (ਦੁਆਰਾ) ਇਸ (ਬ੍ਰਹਮ ਸਰੂਪਤਾ ਰੂਪੀ) ਗੁਫਾ ਵਿਚ ਮਨ ਆ ਗਿਆ (ਹੁੰਦਾ ਹੈ, ਕਿ ਉਸ) ਗੁਫਾ ਨੂੰ ਛਡਕੇ (ਮਨ ਫੇਰ) ਦਸੋ ਦਿਸ਼ਾ ਵੱਲ ਭੱਜਾ ਨਹੀਂ ਫਿਰਦਾ। [ਪ੍ਰਸ਼ਨ:-ਰਸ ਮੱਤਾ ਮਨ ਆਪ ਤਾਂ ਨਹੀਂ ਭੱਜਦਾ, ਪਰ ਦੁਨੀਆਂ ਦੇ ਲੋਕ ਨਹੀਂ ਟਿਕਣ ਦੇਂਦੇ ? ਉੱਤਰ:]

ਖਸਮਹਿ ਜਾਨਿ ਖਿਮਾ ਕਰਿ ਰਹੈ ॥
ਤਉ ਹੋਇ ਨਿਖਿਅਉ ਅਖੈ ਪਦੁ ਲਹੈ ॥੮॥ ਗਗਾ

(ਉਹ ਰਸ ਦਾ ਪ੍ਰੇਮੀ ਲੋਕਾਂ ਨੂੰ-ਮਿਤ੍ਰ ਵੈਰੀ-ਸਭ ਨੂੰ) ਮਾਲਕ ਦੇ ਜਾਣਕੇ (ਸਭ ਨਾਲ) ਖਿਮਾਂ ਦਾ ਵਰਤਾਉ ਕਰਦਾ ਹੈ। ਤਦ ਉਹ ਨਿਖਿਅਉ (=ਨਾਸ਼ ਰਹਿਤ ਹੋ ਕੇ) ਅਖੈ (ਨਾਸ਼ ਰਹਿਤ) ਪਦਵੀ ਪ੍ਰਾਪਤੀ ਕਰੀ ਰਖਦਾ ਹੈ॥ ੮॥

ਵਜਾਖਜਾ— ਸੋ ਉਸ ਅਕਹਿ ਰਸ ਮੱਤਾ ਪ੍ਰੇਮੀ ਬ੍ਰਹਮ ਸਰੂਪਤਾ ਵਿਚ ਸਦਾ ਰਹਿੰਦਾ ਹੈ। ਉਸ ਨੂੰ ਗੁਫਾ ਕਿਹਾ ਹੈ। ਗੁਫਾ ਪਹਾੜਾਂ ਵਿਚ ਕੁਦਰਤੀ ਬਚਾਉ ਦੇ ਥਾਉਂ ਨੂੰ ਆਖਦੇ ਹਨ। ਸੋ ਭਾਵ ਵਿਚ ਉਹ ਅਪਣੀ ਬ੍ਰਿਤੀ ਨੂੰ ਬ੍ਰਹਮ ਚਿੰਤਨ ਵਿਚ ਰਖਦਾ ਹੈ, ਉਖੜਨ ਨਹੀਂ ਦੇਂਦਾ। ਜੇ ਬਾਹਰੋਂ ਮਿੱਤ੍ਰ ਵੈਰੀ ਕਿਸੇ ਵਲੋਂ ਬ੍ਰਿਤੀ ਉਖੇੜਨ ਦੇ ਸਾਮਾਨ ਬਣਦੇ ਹਨ ਤਾਂ ਉਹ ਖਿਮਾ ਦਾ ਵਰਤਾਉ ਕਰਦਾ ਹੈ। ਜਿਵੇਂ ਪਜਾਰ ਨਾਲ ਕਿ ਬੇਅਦਬੀ ਨਾਲ ਨੀਂਦ ਤੋਂ ਜਗਾ ਦੇਣ ਵਾਲਾ ਨੀਂਦ ਦੀ ਹਾਨੀ ਕਰਦਾਂ ਹੈ ਤਿਵੇਂ ਪਜਾਰ ਤੇ ਵੈਰ ਵਾਲੇ ਦੋਇ ਬ੍ਰਹਮ ਗੁਫਾ ਤੋਂ ਬਾਹਰ ਕੱਢਦੇ ਹਨ, ਕਬੀਰ ਜੀ ਦੋਹਾਂ ਨਾਲ ਖਿਮਾ ਦਾ ਵਰਤਾਉ ਦਾਰੂ ਦੱਸਦੇ ਹਨ। ਇਸ ਤਰਕੀਬ ਨਾਲ ਓਹ ਅਪਣੇ ਆਤਮਾਨੰਦ ਨੂੰ ਕਾਇਮ ਰਖਦਾ ਹੈ ਤੇ ਕਾਇਮ ਰੱਖਣ ਵਾਲਾ ਅਵਿਨਾਸ਼ੀ ਪਦ ਨੂੰ ਪਹੁੰਚ ਕੇ ਅਮਰ ਹੋ ਜਾਂਦਾ ਹੈ।

—ਗ—

ਗੁਰ ਕੇ ਬਚਨ ਪਛਾਨਾ ॥
ਦੂਜੀ ਬਾਤ ਨ ਧਰਈ ਕਾਨਾ ॥

[ਪ੍ਰਸ਼ਨ: 'ਖ' ਵਿਚ ਕਹੇ ਅਖੈ ਪਦ ਨੂੰ ਕੀਕੂੰ ਲੈਂਦਾ ਹੈ ?] (ਹੁਣ) ਗਗੇ (ਦੁਆਰਾ ਦੱਸਦੇ ਹਨ ਕਿ ਉਸ ਨੇ) ਗੁਰੂ ਦੇ ਬਚਨਾਂ ਦੁਆਰਾ (ਅਖੈ ਪਦ ਨੂੰ) ਪਛਾਣਿਆ ਹੈ, (ਹੁਣ ਉਹ ਗੁਰੂ ਕੇ ਉਪਦੇਸ਼ ਤੋਂ ਛੁਟ ਹੋਰ) ਦੂਜੀ ਗੱਲ ਕੰਨੀਂ ਹੀ ਨਹੀਂ ਸੁਣਦਾ (ਅਤੇ) ਉੱਚਾ ਉੱਡਦਾ ਹੈ, (ਭਾਵ ਬ੍ਰਿਤੀ ਨਿਰਲੇਪ

ਰਹੈ ਬਿਹੰਗਮ ਕਤਹਿ ਨ ਜਾਈ ॥

ਰਖਦਾ ਹੈ ਤੇ) ਕਿਤੇ ਭਟਕਦਾ ਨਹੀਂ, ਨਾ ਫੜੇ ਜਾਣ ਵਾਲੇ

ਅਗਹ ਗਹੈ ਗਹਿ ਗਗਨ ਰਹਾਈ ॥੯॥	ਪਰਮਾਤਮ ਦੇਵ) ਨੂੰ (ਸਿਮਰਨ ਦੁਆਰਾ) ਫੜ ਲੈਂਦਾ ਹੈ (ਤੇ) ਫੜਕੇ (ਦਸਮ ਦੁਆਰ ਰੂਪੀ ਯਾ ਚਿਦਾਕਾਸ਼ ਰੂਪੀ) ਗਗਨ ਵਿਚ ਹੀ ਟਿਕਿਆ ਰਹਿੰਦਾ ਹੈ (ਭਾਵ ਲਿਵ ਧਾਰੀ ਰਹਿੰਦਾ ਹੈ)॥੯॥

ਵਯਾਖਯਾ— ਮੂਲ ਗੱਲ ਇਸ ਰਸਤੇ ਦੀ ਪ੍ਰਾਪਤੀ ਦੀ ਗੁਰੂ ਹੈ, ਗੁਰੂ ਦੇ ਬਚਨ ਯਾ ਉਪਦੇਸ਼ ਵਸੀਲਾ ਹੈ ਬ੍ਰਹਮ ਦੀ ਪਛਾਣ ਦਾ। ਪਰ ਇਹ ਉਪਦੇਸ਼ ਦੀ ਕਮਾਈ ਐਸੀ ਹੋਵੇ ਕਿ ਹੋਰ ਕੋਈ ਉਪਦੇਸ਼ ਸੁਣੇ ਹੀ ਨਾ, ਅਨਿੰਨ ਹੋ ਕੇ ਗੁਰੂ ਤੋਂ ਪਾਏ ਉਪਦੇਸ਼ ਦੀ ਕਮਾਈ ਕਰੇ; ਕਮਾਈ ਕਰਦਿਆ ਸੁਰਤ ਉੱਚੀ ਰੱਖੇ ਕਿਉਂਕਿ ਗੁਰੂ ਨੇ ਨਾਮ ਦੇਣਾ ਹੈ, ਸੁਮਤਿ ਦੇਣੀ ਹੈ, ਇਸ ਨਾਲ ਸੁਰਤ ਨੇ ਉੱਚੇ ਹੋ ਜਾਣਾ ਹੈ। ਦੁਨੀਆਂ ਰਾਗ ਦੁਐਖ ਦੇ ਪੱਧਰ ਤੇ ਵਰਤ ਰਹੀ ਹੈ, ਇਹ ਦੋਹਾਂ ਤੋਂ ਉੱਚਾ ਉੱਠੇਗਾ, ਬਿਹੰਗਮ ਹੋ ਵਰਤੇਗਾ। ਬਿਹੰਗਮ ਦਾ ਅਰਥ ਹੈ ਉਹ ਜੋ ਆਕਾਸ਼ ਵਿਚ ਗਮਨ ਰਖਦਾ ਹੈ, ਇਸ ਕਰਕੇ ਇਸ ਦਾ ਅਰਥ ਪੰਛੀ ਹੈ, ਪੰਛੀ ਤੋਂ ਇਸ ਦਾ ਭਾਵਾਰਥ ਵਿਰਕਤ ਸਾਧੂ ਬੀ ਹੋ ਗਿਆ ਹੈ। ਏਥੇ ਭਾਵ ਇਹ ਹੈ ਕਿ ਪੰਛੀ ਵਾਂਙੂ ਰਾਗ ਦ੍ਵੈਖ ਤੋਂ ਉੱਚਾ ਰਹਿ ਕੇ ਵਿਰਕਤ ਹੋ ਵਰਤੇ। ਰਾਗ ਦ੍ਵੈਖ ਦੇ ਮੰਡਲ ਵਿਚ ਵੱਸਕੇ ਵਿਰਕਤ ਨਾ ਹੋਵੇ ਪਰ ਉੱਚਾ ਉੱਠਕੇ ਹੋਰ ਹੇਠਾਂ ਸੱਜੇ ਖੱਬੇ ਨਾ ਤੱਕੇ। ਇਸ ਤਰ੍ਹਾਂ ਉੱਚ ਸੁਰਤਾ ਹੋਕੇ ਮਨ ਇੰਦ੍ਰਿਆਂ ਕਰਕੇ ਨਾ ਫੜੇ ਜਾਣ ਵਾਲੇ, ਨਾ ਸਮਝੇ ਜਾਣ ਵਾਲੇ ਪਰਮਾਤਮ ਦੇਵ ਨੂੰ ਅਨੁਭਵ ਕਰ ਲਵੇ ਤੇ ਦਸਮ ਦੁਆਰ ਵਿਚ ਟਿਕਿਆ ਰਹੇ ਯਾ ਚਿਦਾਕਾਸ਼ ਵਿਚ ਟਿਕਿਆ ਰਹੇ। ਬ੍ਰਿਤੀ ਨੂੰ ਬ੍ਰਹਮ ਲਿਵਲੀਨਤਾ ਤੋਂ ਉਖੜਨ ਨਾ ਦੇਵੇ। ਭਾਵ ਸਿਮਰਨ ਕਰੇ ਤੇ ਲਿਵ ਵਿਚ ਰਹੇ।

—ਘ—

ਘਘਾ ਘਟਿ ਘਟਿ ਨਿਮਸੈ ਸੋਈ ॥ ਘਟ ਫੂਟੇ ਘਟਿ ਕਬਹਿ ਨ ਹੋਈ ॥	ਘਘੇ (ਦੁਆਰਾ ਉਪਦੇਸ਼ ਹੈ ਕਿ ਉਹ ਜੋ ਅਗਹਿ ਗਹਨ ਹੈ) ਉਹੋ ਹਰ ਸਰੀਰ ਵਿਚ ਨਿਵਾਸ਼ ਰਖਦਾ ਹੈ, (ਪਰ ਜਦ ਕੋਈ) ਸਰੀਰ ਫੁੱਟੇ (=ਮਰ ਜਾਂਦਾ) ਹੈ (ਤਦ ਉਹ ਅੰਦਰ ਵੱਸਣ ਵਾਲਾ ਉਤਨੇ ਮਾਤ੍ਰ ਬੀ) ਕਦੇ ਘਟਿਆ* ਨਹੀਂ ਹੋ ਜਾਂਦਾ (ਭਾਵ ਸਰੀਰ ਮਰਨੇ ਨਾਲ ਅੰਦਰ ਵੱਸਣ ਵਾਲਾ ਵਯਾਪਕ
ਤਾ ਘਟ ਮਾਹਿ ਘਾਟ ਜਉ ਪਾਵਾ ॥ ਸੋ ਘਟੁ ਛਾਡਿ ਅਵਘਟ ਕਤ ਧਾਵਾ ॥੧੦॥	ਪ੍ਰਭੂ, ਜਿੰਨਾ ਕੁ ਸਰੀਰ ਵਿਚ ਵੱਸਦਾ ਸੀ ਉੱਨਾਂ ਆਪਣੇ ਪੂਰਨ ਰੂਪ ਵਿਚੋਂ ਘਟ ਜਾਏਗਾ, ਐਸਾ ਖਯਾਲ ਨਾ ਕਰੇ; ਪਰ) ਜੇਕਰ ਉਸ ਸਰੀਰ ਵਿਚ (ਹੁੰਦਿਆਂ ਮਾਨੁੱਖ ਨੇ) ਰਸਤਾ ਪ੍ਰਾਪਤ ਕਰ ਲਿਆ ਹੈ (ਤਦ) ਉਸ ਸਰੀਰ ਨੂੰ ਛੱਡਣੇ ਮਗਰੋਂ ਉਹ ਅਵੱਤੇ ਰਾਹ ਨਹੀਂ ਪਵੇਗਾ (ਕੁਮਾਰਗ ਨਹੀਂ ਜਾਏਗਾ, ਨਾ ਨਰਕਾਂ ਦੇ, ਨਾ ਹੋਰ ਸਰੀਰਾਂ ਦੇ)॥੧੦॥

ਵਯਾਖਯਾ— ਉਹ ਜੋ ਨਿਰਗੁਣ ਰੂਪ ਤੋਂ ਨਿਆਰਾ ਪ੍ਰਭੂ 'ਮਨ ਇੰਦ੍ਰਿਆਂ ਦੁਆਰਾ ਨਾ ਫੜੇ ਜਾਣ ਵਾਲਾ ਸੀ, ਉਸ ਦਾ ਫੜਨਾ ਅਸੰਭਵ ਬੀ ਨਹੀਂ, ਉਹ ਹਰ ਸਰੀਰ ਵਿਚ ਮੌਜੂਦ ਹੈ। ਸੁਣਨ ਵਾਲਾ ਸ਼ੰਕਾ ਕਰਦਾ ਹੈ ਕਿ ਜੀ ਸਰੀਰ ਮਰ ਗਿਆ ਤਾਂ ਜਿਤਨਾ ਕੁ ਪਰਮਾਤਮਾ ਉਸ ਵਿਚ ਵੱਸਦਾ ਸੀ ਉਹ ਬੀ ਨਾਲ ਮਰ ਗਿਆ ? ਤਦ ਮੁਸਕ੍ਰਾ ਕੇ ਦੱਸਦੇ ਹਨ ਕਿ ਭਾਈ ਉਤਨਾ ਮਾਤ੍ਰ ਬੀ ਪਰਮ ਆਤਮਾ ਸਰੀਰ ਮਰਨੇ ਨਾਲ ਘਟਿਆ ਨਹੀਂ ਹੁੰਦਾ। ਫੇਰ ਪੁੱਛਣ ਵਾਲਾ ਪੁੱਛਦਾ ਹੈ ਜੇ ਸਰੀਰ ਦੇ ਹੁੰਦਿਆਂ ਮਾਨੁਖ ਉਹ ਰਸਤਾ ਲੱਭ ਲਵੇ, ਜਿਸ ਨਾਲ ਕਿ ਅੰਦਰ, ਵਸਦਾ ਲੱਭ ਪਵੇ ਤਦ ਮਰਨੇ ਮਗਰੋਂ

*ਘਟਿ=ਘਟਿਆ।

ਉਹ ਕਿੱਧਰ ਜਾਂਦਾ ਹੈ ? ਉੱਤਰ ਉਹ ਕੁਮਾਰਗ ਨਹੀਂ ਪੈਂਦਾ, ਨਾਂ ਤਾਂ ਨਰਕਾਂ ਨੂੰ ਜਾਂਦਾ ਹੈ ਨਾ ਜੂਨ ਵਿਚ ਭਟਕਦਾ ਹੈ। ਕਈ, ਦਾਨੇ ਤੀਜੀ ਚੌਥੀ ਸਤਰ ਨੂੰ ਮੌਤ ਮਗਰੋਂ ਨਹੀਂ ਲੈਂਦੇ ਪਰ ਜੀਵ ਦੇ ਜੀਉਂਦੇ ਜੀ ਪਰ ਘਟਾਉਂਦੇ ਹਨ ਕਿ ਜਦ ਸਰੀਰ ਦੇ ਹੁੰਦੇ ਕਿਸੇ ਨੇ ਉਹ ਰਸਤਾ ਪਾ ਲਿਆ ਹੈ, ਜਿਸ ਰਸਤੇ ਟੁਰਕੇ, 'ਅਗਹ ਗਹਨ' ਨੂੰ ਅੰਦਰੋਂ ਹੀ ਫੜ ਲੈਂਦਾ ਹੈ; ਤਦ ਉਹ ਉਸ ਰਸਤੇ ਨੂੰ ਛੱਡ ਕੇ, ਜੋ ਨਾਮ ਗਜਾਨ ਦੁਆਰਾ ਅੰਤਹਕਰਣ ਵਿਚੋਂ ਹੀ ਬ੍ਰਹਮ ਤਕ ਲੈ ਜਾਂਦਾ ਹੈ, ਓਹ ਹੋਰ ਸਾਧਨਾ ਵਿਚ ਫੇਰ ਨਹੀ ਭਟਕਦਾ। ਪ੍ਰੰਤੂ ਪਹਿਲਾ ਅਰਥ ਵਧੀਕ ਪ੍ਰਸੰਗਕ ਹੈ।

—ਙ—

ਙੰਙਾ ਨਿਗ੍ਰਹਿ ਸਨੇਹੁ ਕਰਿ ਨਿਰਵਾਰੋ ਸੰਦੇਹ ॥	[ਅਗਹਿ ਨੂੰ ਗਹਿਨ ਦਾ ਰਾਜ ਜੋ ਸਿਮਰਨ ਦੀ ਲਿਵ ਦਾ ਦੱਸ ਆਏ ਹਨ ਉਸ ਨਾਲ ਹੋਰ ਕੀ ਲੋੜਾਂ ਹਨ? ਹੁਣ ਦੱਸਦੇ ਹਨ:] ਙੰਙੇ (ਦੁਆਰਾ ਉਪਦੇਸ਼ ਹੈ) ਇੰਦ੍ਰੀਆਂ ਨੂੰ ਵਿਕਾਰਾਂ ਵਲੋਂ ਰੋਕੋ, (ਜਿਸ ਦਾ ਸਿਮਰਨ ਕਰ ਰਹੇ ਹੋ ਉਸ ਵਿਚ) ਪਜਾਰ ਪਾਓ, ਤੇ ਸੰਸੇ (ਭ੍ਰਮ ਆਦਿ) ਦੂਰ ਕਰੋ। (ਇਨ੍ਹਾਂ ਯਤਨਾਂ ਨੂੰ ਕਰਦਿਆਂ ਜੇ ਇਕ ਦਮ ਕਾਮਯਾਬੀ ਨਹੀਂ ਹੁੰਦੀ, ਮਨ ਨਾਂਹ
ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ ॥੧੧॥	ਹੀ ਨਾਂਹ ਕਰਦਾ ਹੈ ਤਾਂ ਇਹ) ਨਾਂਹ ਦੇਖਕੇ ਨੱਸ ਨਾ ਪਈਏ (ਭਾਵ ਲੱਗੇ ਰਹੀਏ, ਲੱਗੇ ਰਹੀਏ, ਇਕ ਦਿਨ ਮਨ ਹਾਰੇਗਾ ਤੁਸੀਂ ਜਿੱਤੋਗੇ, ਇਹ ਗੱਲ ਸਮਝਕੇ ਲੱਗੇ ਰਹਿਣਾ) ਇਹ ਪੂਰੀ ਸਿਆਣਪ (=ਦਾਨਾਈ) ਹੈ॥੧੧॥

ਵਜਾਖਜਾ— ਇੰਦ੍ਰਿਆਂ ਨੂੰ ਵਿਕਾਰਾਂ ਵੱਲੋਂ ਰੋਕੋ, ਨਾਮ ਦੇ 'ਨਾਮੀ' ਨਾਲ ਪ੍ਰੇਮ ਭਾਵ ਪੈਦਾ ਕਰੋ, ਸ਼ੱਕ, ਸ਼ੁਭੇ, ਸੰਸੇ, ਭਰਮ ਦੂਰ ਕਰੋ। ਜੇ ਕਰ ਕਰ ਕੇ ਹਾਰੋ ਤਾਂ ਹਾਰ ਕੇ ਦਿਲ ਨਾ ਛੱਡ ਬੈਠੋ,ਲੱਗੇ ਰਹੋ, ਅੰਤ ਜਿੱਤੋਗੇ, ਕਿਉਂਕਿ ਸਿਮਰਨ ਮੈਲ ਨੂੰ ਹਰ ਛਿਨ ਘਟਾ ਰਿਹਾ ਹੈ। ਸਿਮਰਨ ਪਹਿਲਾਂ ਮੈਲ ਹਰਦਾ ਹੈ, ਫੇਰ ਰਸ ਦੇਂਦਾ ਹੈ।

ਨਿਰੁਕ੍ਤ— ਨਿਗ੍ਰਹਿ—ਨਿਗ੍ਰਹ ਕਰੋ। ਨਿਗ੍ਰਹ = ਇੰਦ੍ਰੀਆਂ ਨੂੰ ਵਿਕਾਰਾਂ ਵਲੋਂ ਰੋਕ ਪਾਉਣੀ

ਯਥਾ:-ਪਾਂਚਉ ਇੰਦ੍ਰੀ ਨਿਗ੍ਰਹ ਕਰਈ [ਬਾਵਨ ਅਖਰੀ ਕਬੀਰ ਜੀ-੨੯]

—ਚ—

ਚਚਾ ਰਚਿਤ ਚਿਤ੍ਰ ਹੈ ਭਾਰੀ ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ ॥	(ਹਠ ਨਾਲ ਲੱਗੇ ਰਹਿਣ ਦੀ ਲੋੜ ਕਿਉਂ ਹੈ ? ਤੇ ਦਾਰੂ ਕੀ ਹੈ ?) ਚਚੇ (ਅੱਖਰ ਦੁਆਰਾ ਉੱਤਰ ਦੇਂਦੇ ਹਨ:-ਉਸ 'ਅਗਹਿ ਗਹਨ' ਦਾ) ਰਚਿਆ ਹੋਇਆ (ਇਹ ਸੰਸਾਰ ਬੜਾ) ਭਾਰੀ ਚਿਤ੍ਰ (ਮੋਹ ਲੈਣ ਵਾਲੀ ਤਸਵੀਰ) ਹੈ। (ਇਸ ਵਿਚ ਮੋਹੇ ਜਾਣ ਤੋਂ ਬਚਕੇ ਨਿਗ੍ਰਹ ਆਦਿ ਕਰਨੇ ਦਾ ਉਪਾਉ ਇਹ ਹੈ ਕਿ ਇਸ) ਚਿਤ੍ਰ (ਨਾਲ ਮੋਹ ਪਿਆਰ) ਛੱਡ ਕੇ ਚਿਤ੍ਰਕਾਰ ਦਾ ਸਿਮਰਨ ਕਰੋ। [ਫੇਰ ਥੂਣੀ ਖੰਡਨ ਨਜਾਜ ਮੂਜਬ ਤਾਕੀਦ ਕਰਦੇ ਹਨ] (ਇਹ ਸੰਸਾਰ ਰੂਪੀ) ਚਿਤ੍ਰ (ਨਾਨਾ ਪ੍ਰਕਾਰ ਦੀ
ਚਿਤ੍ਰੁ ਬਚਿਤ੍ਰੁ ਇਹੈ ਅਵਝੇਰਾ ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ॥੧੨॥	ਸੁੰਦਰਤਾ ਵਾਲਾ ਹੈ, ਇਹੋ ਹੀ ਤਾਂ ਔਖ ਨਾਲ ਹੱਲ ਹੋਣ ਵਾਲਾ ਝਗੜਾ ਹੈ (ਕਿ ਇਸ ਦੀ ਸੁੰਦਰਤਾ ਆਪਣੇ ਵਿਚੋਂ ਨਿਕਲਣ ਨਹੀਂ ਦੇਂਦੀ ਤੇ ਇਸ ਦਾ ਉਪਾਉ ਇਹ ਹੈ ਕਿ) ਚਿਤ੍ਰ ਨੂੰ

(ਚਿਤ ਵਿਚ ਵਸਾਉਣਾ) ਛਡ ਦੇਹ ਤੇ ਚਿਤ ਵਿਚ ਚਿਤੇਰੇ ਨੂੰ ਰੱਖ॥ ੧੨॥

ਵਯਾਖਯਾ— ਕਿਉਂ ਹਠ ਕਰਕੇ ਲਗੇ ਰਹਿਣ ਦੀ ਲੋੜ ਹੈ ? ਤੇ ਕਿਉਂ ਮਨ ਲਗਾਣੋਂ 'ਨਹੀਂ ਨਹੀਂ' ਕਰਦਾ ਹੈ ? ਮਨ ਦਾ ਰੁਖ਼ ਬਾਹਰਮੁਖ ਹੈ, ਬਾਹਰ ਇਹ ਸੰਸਾਰ ਤੇ ਇਸ ਵਿਚ ਦੇ ਪਦਾਰਥ ਤੇ ਇਸਤ੍ਰੀ ਪੁਤ੍ਰ ਆਦਿ ਸੰਬੰਧੀ ਬੜੇ ਵਚਿਤ੍ਰ ਹਨ,ਮੋਹ ਲੈਂਦੇ ਹਨ ਪਰ ਫਲ ਦੁਖ ਨਿਕਲਦਾ ਹੈ, ਉਸ ਦੁਖ ਤੋਂ ਤਾਂ ਬਚੇ ਜੇ ਇਨ੍ਹਾਂ ਨਾਲ ਮੋਹ ਛੋੜ ਦੇਵੇ। ਮੋਹ ਕੀਕੂੰ ਛੋੜੇ ਕਿ ਚਿਤ੍ਰ ਨੂੰ ਪਿਆਰ ਕਰਨ ਦੀ ਥਾਂ ਚਿਤੇਰੇ ਨੂੰ ਪਜਾਰ ਕਰੇ। ਚਿਤੇਰੇ ਨੂੰ ਪਿਆਰ ਕੀਕੂੰ ਕਰੇ ? ਉਸ ਨੂੰ ਸਿਮਰਨ ਦੁਆਰਾ ਮਨ ਵਿਚ ਵਸਾਵੇ।

ਨਿਰਕ੍ਤ—**ਚਿਤ੍ਰ**—ਮੂਰਤ। ਤਸਵੀਰ। ਭਾਵ ਇਹ ਸੰਸਾਰ।

ਚਿਤਕਾਰੀ—ਚਿਤ੍ਰਕਾਰ। ਤਸਵੀਰ ਬਨਾਉਣ ਵਾਲਾ।

ਬਚਿਤ੍ਰ—ਨਾਨਾ ਪ੍ਰਕਾਰ ਦਾ। ਨਾਨਾ ਪ੍ਰਕਾਰ ਦੀ ਸੁੰਦਰਤਾ ਵਾਲਾ।

ਅਵਝੇਰਾ—ਅਵ+ਝੇਰਾ = ਬਿਖੜਾ ਝਗੜਾ। ਔਖੀ ਗੱਲ। ਔਖ ਨਾਲ ਹੱਲ ਹੋਣ ਵਾਲਾ ਝੇੜਾ।

ਚਿਤੇਰਾ—ਚਿਤ੍ਰਕਾਰ। ਮੂਰਤ ਬਨਾਉਣ ਵਾਲਾ, ਭਾਵ ਪਰਮੇਸ਼ੁਰ

—ਛ—

ਛਛਾ ਇਹੈ ਛਤ੍ਰਪਤਿ ਪਾਸਾ ॥ ਛਕਿ ਕਿ ਨ ਰਹਹੁ ਛਾਡਿ ਕਿ ਨ ਆਸਾ॥

(ਸੰਸਾ ਹੋ ਆਉਂਦਾ ਹੈ ਕਿ ਜੇ ਚਿਤ ਵਿਚ ਇਕੋ ਉਹੋ ਚਿਤ੍ਰਕਾਰ ਵਸਾ ਲਿਆ ਤਾਂ ਸੰਸਾਰ ਲੋੜਾਂ ਕੌਣ ਪੂਰੇਗਾ ? ਇਸ ਦਾ ਉੱਤਰ:)ਛਛੇ (ਅੱਖਰ ਦੁਆਰਾ ਇਕ ਚਮਤਕਾਰੀ ਅੱਖਰਾਂ ਵਿਚ ਦੇਂਦੇ ਹਨ) ਇਹੋ (ਚਿਤ੍ਰਕਾਰ,ਪੈਸੇ ਲੈਣ ਲਈ ਚਿਤ੍ਰ ਬਨਾਉਣ ਵਾਲਾ ਨਹੀਂ, ਓਹ ਤਾਂ) ਪਾਤਸ਼ਾਹ ਹੈ (=ਬੇਲੋੜ ਹੈ ਤੇ ਲੋੜਾਂ ਪੂਰਨਹਾਰ ਹੈ, ਤੂੰ ਮਨ ਵਿਚ ਉਠਦੀਆਂ ਆਸਾਂ ਤੇ ਹੋਰਨਾਂ ਤੇ ਲਗਦੀਆਂ) ਆਸਾਂ ਛਡਕੇ (ਉਸੇ ਇਕੋ ਦੇ ਪ੍ਰੇਮ ਤੇ ਭਰੋਸੇ ਦੀ ਮਸਤੀ ਵਿਚ) ਪ੍ਰਸੰਨ ਹੋਕੇ ਕਿਉਂ ਉਸ ਦੇ ਪਾਸ ਹੀ ਨਹੀਂ ਰਹਿੰਦਾ ?

ਰੇ ਮਨ ਮੈ ਤਉ ਛਿਨ ਛਿਨ ਸਮਝਾਵਾ॥ ਤਾਹਿ ਛਾਡਿ ਕਤ ਆਪੁ ਬਧਾਵਾ ॥੧੩॥

ਹੇ ਮਨ ! ਮੈਂ ਤੈਨੂੰ ਪਲ ਪਲ ਸਮਝਾਉਂਦਾ ਰਹਿੰਦਾ ਹਾਂ; (ਤੂੰ) ਉਸ (ਪਾਤਸ਼ਾਹ) ਨੂੰ ਛਡਕੇ ਕਿਉਂ (ਅਵਰੀ ਆਸਾਂ ਦੀਆਂ ਰੱਸੀਆਂ ਨਾਲ) ਆਪ ਨੂੰ ਬਨ੍ਹਾਉਂਦਾ ਰਹਿੰਦਾ ਹੈਂ ?॥ ੧੩॥

ਵ੍ਯਾਖ੍ਯਾ—ਜੇ ਕੋਈ ਇਕ ਵੇਰੀ ਕਹਿਣੇ ਤੇ ਕੰਮ ਨਾ ਕਰੇ ਤਾਂ ਜ਼ਰਾ ਝਿੜਕ ਕੇ ਪਰ ਮਨ ਵਿਚ ਪਿਆਰ ਰਖ ਕੇ ਪ੍ਰਸ਼ਨ ਵਾਚੀ ਪਦਾਂ ਵਿਚ ਕਹੀਦਾ ਹੈ:—ਤੂੰ ਕਰਦਾ ਕਿਉਂ ਨਹੀਂ ? ਕਿੰਨੀ ਵੇਰ ਸਮਝਾਇਆ ਹੈ। ਉਸ ਤਰ੍ਹਾਂ ਕਬੀਰ ਜੀ ਮਨ ਦੁਆਰਾ ਸੰਸਾਰੀ ਲੋਕਾਂ ਨੂੰ ਸਮੋਧ ਕਰਦੇ ਹਨ। ਭਾਵ ਵਿਚ ਇਹ ਹੈ ਕਿ ਪਰਮਾਤਮ ਦੇਵ ਕੇਵਲ ਜਗਤ ਦਾ ਚਿਤ੍ਰਕਾਰ, ਭਾਵ ਰਚਨਹਾਰ ਹੀ ਨਹੀਂ, ਉਹ ਪਾਲਣਹਾਰ ਤੇ ਰਖਜਾ ਕਰਨਹਾਰ ਬੀ ਹੈ; ਇਸ ਲਈ ਪਾਤਸ਼ਾਹ ਦੱਸਿਆ। ਤੂੰ ਉਸ ਦੇ ਭਰੋਸੇ ਤੇ ਬੰਦਗੀ ਕਰ, ਤੇ ਸਰੀਰ ਯਾਤ੍ਰਾ ਦੀ ਟੇਕ ਉਸੇ ਤੇ ਰੱਖ, ਹੋਰਨੀ ਪਾਸੀਂ ਝਾਕ ਨਾ ਰੱਖ ਤੇ ਨਾ ਆਸਾ ਕਰ ਕਰਕੇ ਆਪ ਨੂੰ ਵਾਸ਼ਨਾ ਤ੍ਰਿਸ਼ਨਾ ਵਿਚ ਬੰਧਾਇਮਾਨ ਕਰ। ਸੋ ਆਸ ਪਰਮਿਤ੍ਰੀ ਛੋਡ ਦੇਹ ਤੇ ਉਸ ਦੇ ਸਿਦਕ ਭਰੋਸੇ ਤੇ ਮਸਤ ਤੇ ਪ੍ਰਸੰਨ ਹੋਇਆ ਰਹੁ। ਛਕਣਾ ਹੁੰਦਾ ਹੈ ਤ੍ਰਿਪਤ ਹੋਣਾ ਤੇ ਮਸਤ

ਹੋਕੇ ਪ੍ਰਸੰਨ ਰਹਿਣਾ।

ਅਖੀਰਲੀ ਤੁਕ ਵਿਚ ਪੁੱਛਦੇ ਹਨ: ਉਸ ਨੂੰ ਕਿਉਂ ਛਡਦਾ ਹੈਂ ? ਉਸ ਨੂੰ ਛਡਣਾ ਆਪ ਨੂੰ ਹੋਰਨਾਂ ਵਿਚ ਬਨ੍ਹਾਉਣਾ ਹੈ, ਤੇ ਓਹ ਹੋਰ ਸਭੇ ਨਾਸ਼ਮਾਨ ਹਨ।

ਨਿਰੁਕ—ਛੰਤ੍ਰਪਤਿ—[ਸੰਸ: ਛਤ੍ਰਪਤਿ:] ਰਾਜਾ। ਪਾਤਸ਼ਾਹ)

ਛਕਿ—ਮਸਤ, ਰੱਜਿਆ, ਤ੍ਰਿਪਤ, ਪ੍ਰਸੰਨ॥

ਕਿਨ, ਕਤ—ਕਿਉਂ, ਕਿਸ ਵਾਸਤੇ। ਕਾਹਨੂੰ।

—ਜ—

ਜਜਾ ਜਉ ਤਨ ਜੀਵਤ ਜਰਾਵੈ ॥ ਜੋਬਨ ਜਾਰਿ ਜੁਗਤਿ ਸੋ ਪਾਵੈ ॥

(ਬੰਧਾਇਮਾਨ ਨਾ ਹੋਣ ਵਾਲੀ ਨਿਰਵਾਸ਼ ਅਵਸਥਾ ਕਿਵੇ ਕਾਇਮ ਰਹੇ ਤੇ ਜੀਵ ਛਤ੍ਰਪਤੀ ਦੇ ਭਰੋਸੇ ਉਸ ਦੀ ਹਜ਼ੂਰੀ ਵਿਚ ਕਿਵੇਂ ਰਹੇ ?) ਜਜੇ (ਦੁਆਰਾ ਉਸ ਦੀ ਜਾਚ ਦੱਸਦੇ ਹਨ—) ਜੇ (ਕੋਈ) ਜੀਉਂਦੇ ਜੀ ਤਨ ਨੂੰ ਸਾੜ ਦੇਵੇ (ਭਾਵ ਆਪਣੇ ਸਰੀਰ ਦੀਆਂ ਵਿਕਾਰੀ ਤ੍ਰੰਗਾਂ ਨੂੰ ਜਿੱਤ ਲਵੇ; ਹਾਂ,) ਜੋ ਜੋਬਨ ਨੂੰ ਸਾੜ ਲਵੇ ਉਹ ਜੁਗਤੀ ਪ੍ਰਾਪਤ ਕਰ ਲੈਂਦਾ ਹੈ (ਜਿਸ ਨਾਲ ਛਤ੍ਰਪਤੀ ਦਾ ਪਾਸਾ ਨਾ ਛੁੱਟੇ ਤੇ ਹੋਰ ਆਸਾ ਨਾ ਬੰਨ੍ਹ ਲੈਣ)।

ਅਸ ਜਰਿ ਪਰ ਜਰਿ ਜਰਿ ਜਬ ਰਹੈ ॥ ਤਬ ਜਾਇ ਜੋਤਿ ਉਜਾਰਉ ਲਹੈ ॥੧੪॥

(ਹਾਂ) 'ਆਪਾ ਭਾਵ' ਸੜ ਜਾਏ ਤੇ ਨਾਲ ਹੀ) 'ਪਰਾਇਆ ਭਾਵ' ਸੜ ਜਾਵੇ, (ਐਉਂ) ਜਦ (ਮੈਂ ਮੇਰੀ ਤੇ ਤੂੰ ਤੇਰੀ ਦੁਇ) ਸਾੜ ਲਵੇ ਤਦ (ਉਹ ਕਿਤੇ) ਜਾ ਕੇ ਨਿਰੰਕਾਰ ਦੀ) ਜੋਤਿ ਦਾ ਚਾਨਣਾ ਪ੍ਰਾਪਤ ਕਰਦਾ ਹੈ॥੧੪॥

ਵਯਾਖਯਾ— ਪਹਿਲੇ ਲੋੜ ਹੈ ਸਰੀਰ ਦੇ ਵਿਕਾਰਾਂ ਤੇ ਵਿਕਾਰੀ ਖਾਹਸ਼ਾਂ ਨੂੰ ਜਿੱਤਣੇ ਦੀ, ਜੁਆਨੀ ਵਿਚ ਜੋ ਕਾਮ ਤੇ ਹੰਕਾਰ ਤੇ ਧਨ ਕਮਾਈ ਤੇ ਜ਼ੋਰ ਤੇ ਪਾਪ ਪੁੰਨ ਦੀ ਬੇਪਰਵਾਹੀ ਆਦਿ ਬਲਕਾਰ ਜੋਬਨ ਦੇ ਹੁੰਦੇ ਹਨ ਓਹ ਜਿੱਤ ਲਵੇ। ਇਹ ਜਿੱਤਣਾ ਇਤਨਾ ਕਠਨ ਹੁੰਦਾ ਹੈ ਕਿ ਉਹ ਮਾਨੋ ਅਪਣੇ ਆਪ ਨੂੰ ਸਾੜਨਾ ਹੁੰਦਾ ਹੈ। 'ਜਰਾਵੈਂ' ਪਦ ਤੋਂ ਭਾਵ ਕਬੀਰ ਜੀ ਦਾ ਹੈ ਦੂਰ ਕਰੇ ਤੇ ਉਸ ਦੀ ਕਠਨਤਾ ਇਸ ਪਦ ਨਾਲ ਦਰਸਾਈ ਹੈ। ਇਸ ਤਰ੍ਹਾਂ ਜਦ ਸਰੀਰ ਤੇ ਮਨ ਮੈਲ ਤੇ ਖਿਡਾਉ ਤੋਂ ਸਾਫ ਹੋ ਜਾਣਗੇ ਤਦ ਉਸ ਨੂੰ ਜੁਗਤੀ ਮਿਲੇਗੀ ਕਿ ਨਾਮ ਇਸ ਰੰਗ ਵਿਚ ਹੋਕੇ ਸਿੱਧੀ ਰੂਪ ਹੋ ਜਾਂਦਾ ਹੈ।

ਇਸੇ ਗਲ ਨੂੰ ਫੇਰ ਹੋਰ ਤਰ੍ਹਾਂ ਦੁਹਰਾਉਂਦੇ ਹਨ: ਕਿ ਆਪਾ ਭਾਵ-ਅਰਥਾਤ ਮੈਂ ਮੇਰੀ ਤੇ ਪਰਾਯਾ ਭਾਵ ਦੋਵੇਂ ਸੜ ਜਾਣ ਤਦ ਪ੍ਰਾਪਤੀ ਹੁੰਦੀ ਹੈ। ਕਿਸੇ ਹੋਰ ਥਾਂ ਆਪ ਨੇ ਫੁਰਮਾਇਆ ਹੈ-

ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥

[ਸਲੋਕ ਕਬੀਰ ਜੀ-੨੦੪]

ਏਸ ਤੁਕ ਵਿਚ ਅਰਥ ਹੈ 'ਅਸਜਰਿ ਪਰਜਰਿ' ਦਾ। ਜਿਵੇਂ ਇਸ ਵਿਚ ਕਿਹਾ ਹੈ:'ਜਤ ਦੇਖਉ ਤਤ ਤੂੰ'। ਤਿਵੇਂ ਏਥੇ ਫੁਰਮਾਇਆ ਹੈ ਕਿ 'ਤਬ ਜਾਇ ਜੋਤਿ ਉਜਾਰਉ ਲਹੈ'।

ਇਸ ਅੰਕ ਦੇ ਹੋਰਵੇਂ ਬੀ ਅਰਥ ਕਰਦੇ ਹਨ:

ਜਜਾ—ਜੋ ਤਨ ਨੂੰ ਜੀਵਤ੍ਰ ਭਾਵ ਵਲੋਂ ਸਾੜਦਾ ਹੈ, (ਸੰਸਾਰ ਰੂਪੀ) ਜੋ ਬਨ ਹੈ ਉਸ ਨੂੰ (ਗਯਾਨ ਯਾ ਵੀਚਾਰ ਅਗਨੀ ਨਾਲ) ਸਾੜਦਾ ਹੈ (ਉਹ ਛਤ੍ਰਪਤੀ ਨੂੰ ਮਿਲਨੇ ਦੀ) ਜੁਗਤੀ ਪ੍ਰਾਪਤ ਕਰਦਾ ਹੈ। ਜਦ ਅਪਣੇ ਧਨ ਦੀ (ਵਾਸ਼ਨਾ) ਸੜ ਜਾਏ ਤੇ ਪਰਾਏ ਧਨ ਦਾ ਲੋਭ ਸੜ ਜਾਏ ਐਉਂ ਜਦ ਸੜ ਕੇ

(ਨਿਰਵਾਸ਼ ਹੋ ਕੇ) ਰਹੇ, ਤਦ ਜੋਤ ਦਾ ਚਾਨਣਾ ਪ੍ਰਾਪਤ ਹੁੰਦਾ ਹੈ।

ਇਹ ਅਰਥ ਕਰਨ ਵਿਚ ਕੁਛ ਜ਼ੋਰ ਲਾਉਣਾ ਪੈਂਦਾ ਹੈ। ਜੋਬਨ ਨੂੰ ਜੋ ਬਨ'ਸਮਝਣਾ ਪੈਂਦਾ ਹੈ। ਜਰਿ ਦਾ ਅਰਥ 'ਧਨ' ਕਰਨਾ ਲਗਦਾ ਹੈ, ਜੋ ਸੰਗਜਾ ਪਦ ਹੈ ਪਰ ਏਥੇ ਸਿਆਰੀ ਹੋਣ ਕਰਕੇ ਇਹ ਕ੍ਰਿਯਾ ਵਾਚੀ ਹੈ='ਸੜਕੇ'। ਜੇ 'ਧਨ' ਅਰਥ ਹੁੰਦਾ ਤਾਂ ਪਦ ਸੰਗਜਾ ਵਾਚੀ ਹੁੰਦਾ ਤੇ ਪਾਠ 'ਜਰੁ' ਹੁੰਦਾ।

—ਝ—

ਝਝਾ ਉਰਝਿ ਸੁਰਝਿ ਨਹੀ ਜਾਨਾ ॥
ਰਹਿਓ ਝਝਕਿ ਨਾਹੀ ਪਰਵਾਨਾ ॥
ਕਤ ਝਖਿ ਝਖਿ ਅਉਰਨ ਸਮਝਾਵਾ ॥
ਝਗਰੁ ਕੀਏ ਝਗਰਉ ਹੀ ਪਾਵਾ ॥੧੫॥

(ਜਿਨ੍ਹਾਂ ਨੂੰ ਉਪਰਲੇ ਅੰਕ ਵਿਚ ਕਹੀ ਜੁਗਤਿ ਨਹੀ ਆਈ ਤੇ ਉਪਦੇਸ਼ ਕਰਨਹਾਰੇ ਬਣ ਗਏ ਹਨ, ਉਨ੍ਹਾਂ ਦੀ ਹਾਲਤ) ਝਝੇ (ਅੱਖਰ ਦੁਆਰਾ ਦੱਸਦੇ ਹਨ ਕਿ ਜਿਨ੍ਹਾਂ ਨੇ ਮੈਂ ਮੇਰੀ ਵਿਚ) ਫਸੇ ਰਹਿ ਕੇ ਨਿਕਲਣ ਦੀ (ਪਿਛੇ ਕਹੀ ਜਾਚ) ਨਹੀਂ ਸਿੱਖੀ (ਤੇ ਉਹ ਕਰਨੀ ਵਲੋਂ) ਝਿਜਕਦੇ ਰਹੇ ਓਹ (ਛਤ੍ਰਪਤੀ ਦੀ ਦਰਗਾਹੇ) ਪਰਵਾਨ ਨਹੀਂ ਹੋਏ। (ਓਹ) ਹੋਰਨਾਂ ਨੂੰ ਖਿਝ ਖਿਝਕੇ ਕਿਉਂ ਸਮਝਾਉਂਦੇ ਰਹੇ (ਤੇ ਬਹਿਸਾਂ ਕਰਦੇ ਰਹੇ) ਝਗੜਾ ਕੀਤਿਆਂ ਤਾਂ ਝਗੜਾ ਹੀ ਪੱਲੇ ਪੈਂਦਾ ਹੈ॥੧੫॥

ਵਜਾਖਜਾ— ਵਿਤੰਡਾ ਵਾਦ ਦੀ ਬਹਿਸ ਮੁੱਕਦੀ ਹੀ ਨਹੀਂ, ਹੁੱਜਤ ਤੇ ਹੁੱਜਤ ਪੇਸ਼ ਹੁੰਦੀ ਰਹਿੰਦੀ ਹੈ। ਸੋ ਗੱਲਾਂ ਦਾ ਗਜਾਨੀ ਹੋਕੇ ਬਹਿਸ ਤੇ ਹੁੱਜਤ ਬਾਜ਼ੀ ਪੱਲੇ ਰਹਿ ਜਾਂਦੀ ਹੈ, ਛਤ੍ਰਪਤੀ ਦਾ ਮਿਲਾਪ ਨਹੀਂ ਹੁੰਦਾ। ਐਉਂ ਬੀ ਦਾਨੇ ਵਜਾਖਜਾ ਕਰਦੇ ਹਨ (ਕਿ ਲੋਕ ਸਕਾਮ ਕਰਮਾਂ ਰੂਪੀ ? ਜਾਲ ਵਿਚ) ਉਲਝੇ ਹਨ, (ਉਨ੍ਹਾਂ ਨੇ ਉਸ ਵਿਚੋਂ) ਸੁਲਝ ਕੇ (ਨਿਸ਼ਕਾਮ ਹਾਲਾਤ ਵਿਚ ਆਉਣਾ) ਨਹੀਂ ਜਾਣਿਆ। (ਤੇ ਜੋ ਨਿਸ਼ਕਾਮ ਹੋਣੋਂ) ਝਿਜਕਦੇ ਰਹੇ, ਓਹ ਪਰਵਾਨ ਨਹੀਂ ਹੁੰਦੇ। (ਉਹ ਸਤਿ ਸੰਗ ਵਿਚ ਗਜਾਨਵਾਨ ਨਹੀਂ ਮੰਨੇ ਜਾਂਦੇ। ਹੁਣ ਓਹ ਅਪ੍ਰਵਾਨ ਗਜਾਨੀ) ਕਿਸ ਲਈ (ਹੋਰਨਾਂ ਨੂੰ) ਬਕ ਤੇ ਖਿਝ ਕੇ ਸਮਝਾਉਂਦੇ ਹਨ। (ਓਹ ਤਾਂ ਸਕਾਮ ਕਰਮ ਕਰਨੇ ਲਈ) ਝਗੜਦੇ ਰਹੇ ਅੰਤ ਓਹਨਾਂ ਨੂੰ ਝਗੜਾ ਹੀ ਮਿਲਦਾ ਹੈ। (ਭਾਵ ਸੂਰਗ ਤੇ ਨਰਕ ਹੀ ਮਿਲਦਾ ਹੈ, ਮੁਕਤੀ ਨਹੀਂ ਮਿਲਦੀ)।

—ਞ—

ਞੰਞਾ ਨਿਕਟਿ ਜੁ ਘਟ ਰਹਿਓ ਦੂਰਿ ਕਹਾ ਤਜਿ ਜਾਇ ॥
ਜਾ ਕਾਰਣਿ ਜਗੁ ਢੂਢਿਅਉ ਨੇਰਉ ਪਾਇਅਉ ਤਾਹਿ ॥੧੬॥

(ਉਹ ਛਤ੍ਰਪਤੀ ਨੇੜੇ ਹੈ, ਝਗੜਾਲੂ ਬਾਹਰਮੁਖ ਹੋ ਦੂਰ ਪੈਂਦੈ ਰਹੇ, ਉਨ੍ਹਾਂ ਪ੍ਰਤਿ) 'ਞਞ' (ਅੱਖਰ ਦੁਆਰਾ ਉਪਦੇਸ਼ ਕਰਦੇ ਹਨ—) ਜੋ ਛਤ੍ਰਪਤੀ ਹਿਰਦੇ ਦੇ ਨੇੜੇ ਵਸਦਾ ਹੈ (ਉਸ ਨੂੰ) ਛੱਡਕੇ ਦੂਰ ਕਿਥੇ ਜਾਂਦਾ ਹੈ ? ਜਿਸ ਵਾਸਤੇ (ਉਸ ਨੇ ਦੂਰ ਦੂਰ) ਜਗਤ ਢੂੰਡਿਆ (ਅੰਤ ਜਦ ਪਾਇਆ ਤਾਂ ਆਪਣੇ ਹਿਰਦੇ ਵਿਚੋਂ) ਨੇੜਿਓਂ ਹੀ ਪਾ ਲਿਆ ਹੈ॥੧੬॥

ਵਜਾਖਜਾ— ਇਹ ਉਪਦੇਸ਼ ਬਨਾਂ ਵਿਚ ਜਾ ਕੇ ਢੂੰਡਣ ਵਾਲੇ ਤਜਾਗੀਆਂ ਨੂੰ ਯਾ ਦੁਆਰਕਾ, ਜਗਨਨਾਥ, ਮੱਕੇ ਆਦਿ ਦੂਰ ਥਾਈਂ ਜਾ ਕੇ ਸਾਂਈਂ ਲੱਭਣ ਵਾਲਿਆਂ ਨੂੰ ਦਿੱਤਾ ਹੈ ਕਿ ਉਹ ਤਾਂ ਹਿਰਦੇ ਵਿਚ ਵੱਸਦਾ ਹੈ, ਅੰਦਰ ਹੀ ਝਾਤੀ ਮਾਰੇ।

—ਟ—

ਟਟਾ ਬਿਕਟ ਘਾਟ ਘਟ ਮਾਹੀ ॥
ਖੋਲਿ ਕਪਾਟ ਮਹਲਿ ਕਿ ਨ ਜਾਹੀ ॥
ਦੇਖਿ ਅਟਲ ਟਲਿ ਕਤਹਿ ਨ ਜਾਵਾ ॥
ਰਹੈ ਲਪਟਿ ਘਟ ਪਰਚਉ ਪਾਵਾ ॥੧੭॥

(ਢੱਡੇ ਵਾਲਾ ਉਪਦੇਸ਼ ਹੀ) ਟੈਂਕੇ (ਵਿਚ ਜਾਰੀ ਹੈ :—) (ਦੇਖੋ ਭਾਈ ਜੋ ਰਸਤਾ ਤੁਹਾਨੂੰ ਔਖਾ ਲਗਦਾ ਹੈ ਓਹ ਹਿਰਦੇ ਵਿਚ ਹੀ ਹੈ ਸੋ ਅੰਤਰਮੁਖ ਹੋ ਕੇ ਦੇਖ) ਬਿਖੜਾ ਘਾਟ (ਪੱਤਣ) ਹਿਰਦੇ (ਅੰਤਹਕਰਣ) ਦੇ ਵਿਚ (ਹੀ) ਹੈ। (ਉਸ ਦਾ) ਦਰਵਾਜ਼ਾ ਖੋਹਲਕੇ (ਉਸ ਦੇ ਅੰਦਰ) ਮਹਲ ਵਿਚ ਕਿਉ ਨਹੀਂ ਜਾਂਦਾ? (ਜੇ ਤੂੰ ਚਲਾ ਜਾਏਂ ਤਾਂ) ਅਟਲ (=ਉਸ ਕਦੇ ਨਾ ਬਦਲਣ ਵਾਲੇ ਇਕ ਰਸ ਸਰੂਪ) ਨੂੰ ਦੇਖ ਕੇ (ਤੂੰ) ਟਲ (=ਭਉ ਕੇ ਫੇਰ ਹੋਰ ਥੇ) ਕਿਤੇ ਨਹੀਂ ਜਾਏਂਗਾ। (ਦੇਖ ਜਿਸ ਕਿਸ ਨੇ ਆਪਣੇ) ਅੰਤਹਕਰਣ ਵਿਚ ਹੀ (ਉਸ ਛਤ੍ਰਪਤੀ ਨਾਲ) ਪਰਚਾ ਪਾ ਲਿਆ ਹੈ (ਉਹ ਸਦਾ ਉਸੇ ਨਾਲ ਹੀ) ਲਪਟਿਆ ਰਹਿੰਦਾ ਹੈ (ਮੁੜ ਫੇਰ ਹੋਰਥੇ ਨਹੀ ਜਾਂਦਾ)॥੧੭॥

—ਠ—

ਠਠਾ ਇਹੈ ਦੂਰਿ ਠਗ ਨੀਰਾ ॥
ਨੀਠਿ ਨੀਠਿ ਮਨੁ ਕੀਆ ਧੀਰਾ ॥
ਜਿਨਿ ਠਗਿ ਠਗਿਆ ਸਗਲ ਜਗੁ ਖਾਵਾ ॥ ਸੋ ਠਗੁ ਠਗਿਆ ਠਉਰ ਮਨੁ ਆਵਾ ॥੧੮॥

(ਪਰ ਜਿਨ੍ਹਾਂ ਨੇ ਅਟੱਲ ਪ੍ਰਭੂ ਨਾਲ ਪਰਚਾ ਨਹੀ ਪਾਇਆ ਤੇ ਅਗਜਾਨ ਦੇ ਵੱਸ ਵਿਚ ਰਹੇ, ਉਨ੍ਹਾਂ ਨੂੰ) ਠਠੇ (ਅੱਖਰ ਦਵਾਰਾ ਉਪਦੇਸ਼ ਦੇਂਦੇ ਹਨ ਕਿ ਐਉਂ ਅਗਜਾਨ ਦੀ ਠੱਗੀ ਵਿਚੋਂ ਨਿਕਲੀਦਾ ਹੈ:-) ਏਹੋ (ਦਿੱਸਦਾ ਵਸਦਾ ਸੰਸਾਰ ਜੋ ਅਸਲ ਭਾਸਦਾ ਹੈ ਮ੍ਰਿਗ ਤ੍ਰਿਸ਼ਨਾ ਦਾ ਜਲ ਹੈ, ਇਸ ਨੂੰ ਜਿਨ੍ਹਾਂ ਨੇ, ਠੱਗੀ ਦਾ ਜਲ ਸਮਝਕੇ ਦੂਰ ਕੀਤਾ ਹੈ (ਭਾਵ ਤਿਆਗਿਆ ਹੈ ਉਨ੍ਹਾਂ ਨੇ) ਮਸੇ ਮਸੇ (ਕਈ ਜਤਨਾਂ ਨਾਲ) ਮਨ ਨੂੰ ਧੀਰਜ ਵਾਲਾ (ਟਿਕਾਉ ਵਾਲਾ) ਬਣਾ ਲਿਆ ਹੈ। (ਇਸ ਪ੍ਰਕਾਰ ਦੇ ਜਿਸ ਠਗ (=ਅਗਜਾਨ) ਨੇ ਸਾਰਾ ਜਗ ਠੱਗਕੇ ਖਾ ਲਿਆ ਹੈ, ਉਸ (ਅਗਜਾਨ ਰੂਪੀ) ਠੱਗ ਨੂੰ ਜਦ ਠਗ ਲਿਆ (ਭਾਵ ਜੈ ਕਰ ਲਿਆ ਤਦ) ਮਨ ਆਪਣੇ ਠਿਕਾਣੇ ਸਿਰ ਆ ਗਿਆ॥੧੮॥

ਵਜਾਖਜਾ— ਇਹੈ=ਇਹ ਸੰਸਾਰ ਠੱਗੀ ਦਾ ਪਾਣੀ ਹੈ ਠੱਗੀ ਦੇ ਪਾਣੀ ਤੋਂ ਮ੍ਰਿਗ ਤ੍ਰਿਸ਼ਨਾ ਦਾ ਜਲ ਮੁਰਾਦ ਹੈ ਜੋ ਨੇੜੇ ਨੇੜੇ ਦਿੱਸਦਾ ਹੈ, ਮਗਰ ਭੱਜੋ ਲੈਣ ਨੂੰ, ਤਾਂ ਦੂਰ ਹੀ ਦੂਰ ਹੁੰਦਾ ਜਾਂਦਾ ਹੈ। ਆਪ ਫੁਰਮਾਉਂਦੇ ਹਨ ਕਿ ਇਸ ਅਗਜਾਨ ਨੂੰ 'ਕਿ ਸੰਸਾਰ ਅਸਲ ਜਲ ਹੈ ਦੂਰ ਕਰੋ, ਇਸ ਨੂੰ ਮ੍ਰਿਗ ਤ੍ਰਿਸ਼ਨਾ ਦਾ ਜਲ ਸਮਝਕੇ ਦਿਲੋਂ ਦੂਰ ਕਰੋ। ਕਟਾਖਜ ਵਿਚ ਇਹ ਹੈ ਕਿ ਜੇ ਤੁਸੀਂ ਇਸ ਦੇ ਮਗਰ ਪਏ ਤਾਂ ਇਹ ਦੂਰ ਹੀ ਦੂਰ ਹੁੰਦਾ ਜਾਏਗਾ ਤੁਸੀ ਆਪ ਇਸ ਨੂੰ ਦੂਰ ਕਰ ਦਿਓ, ਭਾਵ ਇਸ ਦੇ ਲੋਭ ਲਾਲਚ ਵਿਚ ਪੈ ਕੇ ਇਸ ਨੂੰ ਸਤਜ ਜਾਣਕੇ ਇਸ ਦੇ ਧੋਖੇ ਤੋਂ ਬਚੋ। ਜਿਨ੍ਹਾਂ ਨੇ ਗਜਾਨ ਨਾਲ ਇਸ ਨੂੰ ਸਮਝਿਆ ਤੇ 'ਸਚੇ ਜਲ', ਭਗਵੰਤ ਵਲ ਰੁਖ਼ ਕਰਕੇ ਮਨ ਨੂੰ ਉਸ ਤੇ ਟਿਕਾ ਲਿਆ ਉਹਨਾਂ ਦਾ ਮਨ ਯਤਨ ਕਰ ਕਰਕੇ ਟਿਕਾਣੇ ਆ ਗਿਆ, ਭਾਵ ਹੁਣ ਮ੍ਰਿਗ ਵਾਂਙੂ, ਜੋ ਮਾਰੂ ਥਲੇ ਦੇ ਠੱਗੀ ਜਲ ਮਗਰ ਭੱਜਦਾ ਹੈ ਓਹ ਹੁਣ ਪਾਪ ਪੁੰਨ ਤੋਂ ਬੇਪਰਵਾਹ ਹੋ ਕੇ, ਸੰਸਾਰ ਪ੍ਰਾਪਤੀ ਦੇ ਮਗਰ ਇਸਨੂੰ ਸਚਾ ਸਮਝਕੇ ਨਹੀ ਬਾਉਲਾ ਹੋਇਆ ਫਿਰਦਾ। ਕਿਸ ਤਰ੍ਹਾਂ ਕਿ ਜਿਸ ਅਗਜਾਨ

ਰੂਪੀ ਠੱਗ ਨੇ ਜਗਤ ਠਗ ਲਿਆ ਸੀ ਤੇ ਉਹਨਾਂ ਨੂੰ ਮ੍ਰਿਗ ਤ੍ਰਿਸ਼ਨਾ ਮਗਰ ਭਜਦੇ ਮ੍ਰਿਗ ਵਾਙੂ ਮਰਨ ਤੁੱਲ ਕਰ ਦਿਤਾ ਸੀ ਉਸ ਅਗਜਾਨ ਰੂਪੀ ਠੱਗ ਨੂੰ ਉਨ੍ਹਾਂ ਨੇ ਆਪ ਠੱਗ ਲਿਆ। ਭਾਵ ਅਗਜਾਨ ਨੂੰ ਦੂਰ ਕਰ ਲਿਆ ਤਦ 'ਗਜਾਨਜ ਦੇ ਚਾਨਣੇ ਵਿਚ ਉਨ੍ਹਾਂ ਨੇ ਅਸਲੀ ਜਲ—ਭਗਵੰਤ—ਨੂੰ ਪਾ ਲਿਆ ਤਾਂ ਮਨ ਠਿਕਾਣੇ ਹੋ ਗਿਆ। ਯਥਾ:—

ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥ [ਬਸੰਤ ਮ: ੯-੩]

ਵਿਸ਼ੇਸ਼— ਏਥੇ ਠੱਗ ਅਗਜਾਨ ਹੈ ਯਾ ਮਾਇਆ; ਪਰ ਪਿਛੇ ਸ਼ਬਦ '੩੯ ਵਿਚ ਸ੍ਰੀ ਕਬੀਰ ਜੀ ਹਰੀ ਨੂੰ 'ਠੱਗ' ਕਹਿ ਆਏ ਹਨ, ਜਿਸ ਨੇ ਠਗਮੂਰੀ ਮਾਇਆ ਦੀ ਲਾ ਰੱਖੀ ਹੈ। ਯਥਾ:—'ਹਰਿ ਠਗ ਜਗ ਕਉ ਠਗਉਰੀ ਲਾਈ'। ਪਰ ਏਥੇ ਠੱਗ ਦਾ ਭਾਵ 'ਹਰੀ' ਨਹੀਂ ਲਗਦਾ। ਉਥੇ 'ਹਰੀ ਠੱਗ ਨਾਲ ਮਨ ਨੂੰ ਮਨਾਇਆ, ਉਸ ਨੂੰ ਪਛਾਣਿਆ, ਉਸ ਦੇ ਵਿਯੋਗ ਵਿਚ ਨਾਮ ਜਪਿਆ ਏਥੇ ਮਾਇਆ ਯਾ ਅਗਜਾਨ ਠੱਗ ਨੂੰ ਆਪ ਠੱਗਿਆ, ਸੋ ਫਰਕ ਸਪਸ਼ਟ ਹੈ।

—ਡ—

ਡਡਾ ਡਰ ਉਪਜੇ ਡਰੁ ਜਾਈ ॥ ਤਾ ਡਰ ਮਹਿ ਡਰੁ ਰਹਿਆ ਸਮਾਈ ॥ ਜਉ ਡਰ ਡਰੈ ਤਾ ਫਿਰਿ ਡਰੁ ਲਾਗੈ ॥ ਨਿਡਰ ਹੂਆ ਡਰੁ ਉਰ ਹੋਇ ਭਾਗੈ ॥੧੯॥

ਪਿਛੇ ਕਹੇ ਅਗਜਾਨ ਦੀ ਉਪਜ ਦਾ ਮੂਲ ਕਾਰਣ ਕੀਹ ਹੁੰਦਾ। ਹੈ? ਤਾਂ) ਡਡੇ (ਅੱਖਰ ਦੁਆਰਾ ਦੱਸਦੇ ਹਨ ਕਿ ਉਹ ਹੈ ਡਰ ਜੋ ਅਗਜਾਨ ਕਾਲ ਵਿਚ ਵੱਸਦਾ ਹੈ, ਉਹ ਡਰ ਕਿਵੇਂ ਦੂਰ ਹੁੰਦਾ ਹੈ ? ਜਦ ਪਰਮੇਸ਼ਰ ਦਾ) ਡਰ ਉਪਜਦਾ ਹੈ (ਤਦ ਹੋਰ ਸਾਰਾ) ਡਰ ਦੂਰ ਹੋ ਜਾਂਦਾ ਹੈ, (ਕਿਉਂਕਿ) ਉਸ (ਇਕ ਡਰ ਵਿਚ(ਹੋਰ ਸਾਰਾ) ਡਰ ਸਮਾਇਆ ਹੁੰਦਾ ਹੈ। ਜੋ (ਇਸ ਡਰ = ਪਰਮੇਸ਼ੁਰ ਦੇ) ਡਰ ਤੋਂ(ਜੀਵ) ਡਰਦਾ ਹੈ(ਭਾਵ ਇਹ ਡਰ ਨਹੀਂ ਮੰਨਦਾ) ਤਾਂ (ਇਸ ਨੂੰ) ਫੇਰ (ਸਾਰਾ) ਡਰ ਆ ਲੱਗਦਾ ਹੈ! (ਪਰ ਜੋ ਪਰਮੇਸ਼ੁਰ ਦੇ ਡਰ ਨਾਲ ਹੋਰ ਡਰ ਤੋਂ) ਅਭੈ ਹੋ ਗਿਆ (ਤਦ) ਹਿਰਦੇ ਤੋਂ (ਹੋਰ ਸਾਰਾ) ਡਰ (ਜੋ ਪਰਮੇਸ਼ੁਰ ਦਾ ਡਰ ਛੱਡਣ ਤੇ) ਹੋ ਆਇਆ ਸੀ ਨੱਠ ਜਾਏਗਾ॥੧੯॥

ਵਯਾਖਯਾ— ਪਰਮੇਸ਼ੁਰ ਦਾ ਭੈ ਮਨ ਦੇ ਭੈ ਨੂੰ ਦੂਰ ਕਰਦਾ ਹੈ। ਮਨ ਵਿਚ ਇਕ ਭੈ ਨਹੀਂ ਕਈ ਭੈ ਹਨ: ਮਰਨ ਦਾ ਭੈ, ਜਮ ਦਾ ਭੈ, ਅਪਣੇ ਤੋਂ ਬਲੀ ਦਾ ਭੈ, ਪਦਾਰਥ ਹਾਨੀ ਦਾ ਭੈ, ਬੀਮਾਰ ਹੋ ਜਾਣਦਾ ਭੈ, ਸੰਬੰਧੀਆਂ ਪਿਆਰਿਆਂ ਦੇ ਮਰਨ, ਬੀਮਾਰ ਹੋਣ ਦਾ ਭੈ। ਜੋ ਪਰਮੇਸ਼ੁਰ ਦਾ ਸਿਮਰਨ ਕਰਦੇ ਹਨ ਓਹ ਪ੍ਰਭੂ ਦਾ ਭੈ ਮੰਨਕੇ ਲਗਦੇ ਹਨ, ਉਨ੍ਹਾਂ ਨੂੰ ਅਭੈ ਪਦ ਮਿਲਦਾ ਹੈ:—

ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ॥

[ਜੈਤਸਿਰੀ ਮ: ੫-੯]

ਅਭੈ ਪਦ ਵਾਲੇ ਬੰਦੇ ਨੂੰ ਉਪਰ ਕਹੇ ਭੈ ਕੋਈ ਨਹੀਂ ਰਹਿੰਦੇ। ਇਸ ਕਰਕੇ ਤੁਕ ਵਿਚ ਕਿਹਾ ਹੈ: ਡਰ ਚਲਾ ਜਾਏਗਾ, ਭਾਵ ਹਰ ਪ੍ਰਕਾਰ ਦਾ ਡਰ ਦੂਰ ਹੋ ਜਾਏਗਾ। ਉਸ ਡਰ ਵਿਚ ਸਾਰਾ ਹੋਰ ਹੋਰ ਪ੍ਰਕਾਰ ਦਾ ਡਰ ਸਮਾ ਜਾਂਦਾ ਹੈ, ਭਾਵ ਲੀਨ ਹੋ ਜਾਂਦਾ ਹੈ, ਮਨ ਦੀ ਬਿਵਸਥਾ ਜੁ ਅਭੈਤਾ ਦੀ ਹੋ ਜਾਂਦੀ ਹੈ। ਦੂਜਾ ਕਟਾਖਜ 'ਸਮਾਈ' ਪਦ ਵਿਚ ਇਹ ਬੀ ਹੈ ਕਿ ਪਰਮੇਸ਼ੁਰ ਦੇ ਭਉ ਵਾਲਾ ਨਿਡਰਾਂ ਵਾਂਙ ਮਾੜੇ ਕਰਮ ਨਹੀਂ ਕਰਦਾ। ਉਹ ਚੋਰੀ, ਯਾਰੀ, ਮਿਥਜਾ, ਨਿੰਦਾ, ਬਖੀਲੀ ਸਾਰੇ ਆਸੁਰੀ ਸੰਪਦਾ ਦੇ ਕਰਮ ਕਰਨੋ ਡਰੇਗਾ, ਭਾਵ ਜਚੇਗਾ, ਵਾਹਿਗੁਰੂ ਦੇ ਡਰ ਵਿਚ ਐਉਂ ਬੀ

ਸਾਰੇ ਡਰ ਸਮਾਏ ਹੁੰਦੇ ਹਨ।

'ਜਉ ਡਰ ਡਰੈਂ' ਜੋ ਪਰਮੇਸ਼ੁਰ ਦੇ ਡਰ ਤੋਂ ਡਰੇਗਾ, ਸੰਕੋਚ ਕਰੇਗਾ, ਭਾਵ ਪਰਮੇਸ਼ੁਰ ਦਾ ਭੈ ਨਹੀਂ ਮੰਨੇਗਾ ਉਸ ਤੋਂ ਨਿਡਰ ਹੋਕੇ ਵਰਤੇਗਾ ਤਾਂ ਉਸ ਨੂੰ ਹੋਰ ਸਾਰੇ ਭੈ ਪਏ ਖਾਣਗੇ। ਪਰ ਜੇ ਪਰਮੇਸ਼ੁਰ ਦਾ ਭੈ ਮੰਨ ਕੇ, ਸਤਿਸੰਗ ਕਰਕੇ, ਨਾਮ ਸਿਮਰ ਕੇ, ਸਾਂਈਂ ਨੂੰ ਅਨੁਭਵ ਕਰਕੇ 'ਨਿਡਰ ਹੂਆ'=ਭਾਵ ਅਭੈ ਪਦ ਤੇ ਪਹੁੰਚ ਗਿਆ ਤਦ ਉਪਰ ਦੱਸੇ ਸਾਰੇ ਭੈ ਉਸਦੇ ਦੂਰ ਹੋ ਜਾਣਗੇ

ਨਿਰਭਉ ਜਪੈ ਸਗਲ ਭਉ ਮਿਟੈ॥ [ਗਉੜੀ ਮ:੫, ਸੁਖਮਨੀ, ੨੨-੭]

ਦੂਸਰੇ ਸਤਿਗੁਰੂ ਸ੍ਰੀ ਗੁਰੂ ਅੰਗਦ ਜੀ ਦਾ ਵਾਕ ਹੈ:—

ਜਿਨਾ ਭਉ ਤਿਨ ਨਾਹਿ ਭਉ ਮੁਚੁ ਭਉ ਨਿਭਵਿਆਹ॥
ਨਾਨਕ ਏਹੁ ਪਟੰਤਰਾ ਤਿਤੁ ਦੀਬਾਨਿ ਗਇਆਹ॥੧॥

[ਸੂਹੀ ਵਾਰ ਮ: ੨-੮]

—ਢ—

ਢਢਾ ਢਿਗ ਢੂਢਹਿ ਕਤ ਆਨਾ ॥ ਢੂਢਤ ਹੀ ਢਹਿ ਗਏ ਪਰਾਨਾ ॥ ਚੜਿ ਸੁਮੇਰਿ ਢੂਢਿ ਜਬ ਆਵਾ ॥ ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ ॥੨੦॥

ਬਾਵਨ ਅਖਰੀ ਵਿਚ ਮੂਲ ਉਪਦੇਸ਼ ਜੋ ਕਰਦੇ ਆਏ ਹਨ ਕਿ 'ਪਰਮਾਤਮਾ ਨੇੜੇ ਹੈ, ਅੰਦਰੇ ਹੈ' ਉਸੇ ਨੂੰ ਫੇਰ ਦੁਹਾਰਾਉਂਦੇ ਹਨ:) ਢਢੇ (ਅੱਖਰ ਦੁਆਰਾ; ਓਹ ਛਤ੍ਰਪਤੀ ਪਰਮਾਤਮਾ ਜਿਸ ਦਾ ਜ਼ਿਕਰ ਛਛੇ ਅੱਖਰ ਵਿਚ ਕਰ ਆਏ ਹਾਂ, ਹੇ ਜੀਵ ! ਉਹ ਤੇਰੇ) ਪਾਸ ਹੀ ਹੈ, (ਤੂੰ) ਹੋਰਥੇ ਕਿਸ ਲਈ ਢੂੰਡਦਾ ਪਿਆ ਹੈਂ ? (ਅਗੇ ਕਈਆਂ ਦੇ) ਢੂੰਡ ਕਰਦਿਆਂ ਹੀ ਪ੍ਰਾਣ ਸਮਾਪਤ ਹੋ ਗਏ। (ਰਿਸ਼ੀ ਮੁਨੀ ਜੋਗੀ ਆਦਿ ਵਰਗਾ ਕੋਈ ਮਨੁੱਖ) ਸੁਮੇਰ ਤੇ ਚੜ੍ਹ ਕੇ ਗਿਆ ਤੇ ਜਦ ਢੂੰਡ ਕੇ ਵਾਪਸ ਆਇਆ ਤਾਂ ਜਿਸ (ਪ੍ਰਭੂ ਨੇ ਇਹ) ਕਿਲ੍ਹਾ (ਰੂਪੀ ਸਰੀਰ) ਰਚਿਆ ਹੈ ਉਹ ਸਰੀਰ ਵਿਚ ਹੀ ਪ੍ਰਾਪਤ ਹੋ ਗਿਆ॥੨੦॥

ਵਿਆਖਿਆ— ਸੁਗਮੈ।

ਨਿਰੁਕਤ— ਗੜਿਓ—ਗੜ ਦਾ ਕ੍ਰਿਯਾ ਰੂਪ = ਕਿਲ੍ਹਾ ਘੜਿਆ। (ਅ) ਘੜਿਓ ਦਾ ਦੂਸਰਾ ਰੂਪ ਗੜਿਆ, ਗੜਿਓ

—ਣ—

ਣਾਣਾ ਰਣਿ ਰੂਤਉ ਨਰ ਨੇਹੀ ਕਰੈ ॥ ਨਾ ਨਿਵੈ ਨਾ ਫੁਨਿ ਸੰਚਰੈ ॥

[ਜੋ ਅਥੱਕ ਘਾਲਾਂ ਪਹਾੜਾਂ, ਤੀਰਥਾਂ ਤੇ ਬਨਾਂ ਵਿਚ ਢੂੰਡਿਦਿਆਂ ਕਰਨੀਆਂ ਹਨ ਤੇ ਜੋ ਬਿਰਥਾ ਜਾਂਦੀਆਂ ਹਨ ਉਨ੍ਹਾਂ ਦੀ ਥਾਂਵੇਂ ਅੰਦਰ ਬੈਠੇ 'ਛਤ੍ਰਪਤੀ' ਦੀ ਪ੍ਰਾਪਤੀ ਅੰਦਰੋਂ ਹੀ ਕਿਉਂ ਨਾ ਕਰੇ ਤੇ ਅਜਿੱਤ ਸੂਰਮੇ ਵਾਂਙੂ ਆਸੁਰੀ ਸੰਪਦਾ ਦੇ ਜਿੱਤਣ ਵਿਚ ਕਿਉਂ ਨਾ ਲਗੇ ਜੋ ਫਲ ਪ੍ਰਾਪਤੀ ਹੋਵੇ। ਏਹ ਉਪਦੇਸ਼] 'ਣ' (ਅੱਖਰ ਦੁਆਰਾ ਦੇਂਦੇ ਹਨ: ਉਪਰ ਕਥੇ ਕਿਲ੍ਹੇ ਦੇ ਵੱਸ ਵਿਚ ਕਰਨ ਲਈ ਪਰਮਾਰਥੀ) ਨਰ ਰਣ ਵਿਚ ਰੁਝੇ ਹੋਏ (ਸੂਰਮੇ ਵਾਂਙੂ) ਹਠ ਕਰੇ। ਨਾ (ਤਾਂ ਕਾਮਾਦਿਕ ਸ਼ੱਤ੍ਰੂਆਂ ਅੱਗੇ) ਝੁਕੇ; ਨਾ ਹੀ ਫੇਰ (ਮੈਦਾਨ ਛਡਕੇ) ਭੱਜ ਜਾਵੇ। (ਜੇ ਉਹ ਇਸ ਤਰ੍ਹਾਂ

ਧੰਨਿ ਜਨਮੁ ਤਾਹੀ ਕੋ ਗਣੈ ॥ ਮਾਰੈ ਏਕਹਿ ਤਜਿ ਜਾਇ ਘਣੈ ॥੨੧॥	ਡਟਿਆ) ਇਕ ਨੂੰ ਮਾਰ ਲਏਗਾ (ਤਾਂ) ਘਣੇ (ਵੈਰੀ ਆਪੇ ਹੀ ਮੈਦਾਨ) ਛੱਡ ਜਾਣਗੇ। ਐਸੇ (ਪੁਰਖ) ਦਾ ਜਨਮ ਧੰਨਤਾ ਯੋਗ ਗਿਣੀਦਾ ਹੈ॥ ੨੧॥

ਵਯਾਖਯਾ— ਅਜਿੱਤ ਸੂਰਮੇ ਦੇ ਰੂਪਕ ਵਿਚ ਪਰਮਾਰਥੀ ਪੁਰਖ ਨੂੰ ਆਸੁਰੀ ਸੰਪਦਾ ਨਾਲ ਲੜਨੇ ਦੀ ਸਿਖਯਾ ਦਿਤੀ ਹੈ। 'ਮਾਰੈ ਏਕਹਿ'। ਇਸ ਇਕ ਨੂੰ, ਭਾਵ ਮਨ, ਅਹੰਕਾਰ, ਅਗਯਾਨ, ਮੋਹ ਨੂੰ, ਮਾਰੇ। ਘਣੇ ਤੋਂ ਮੁਰਾਦ ੧. ਪੰਜ ਵਿਕਾਰ, ੨. ਮਨੋ ਵਾਸ਼ਨਾ, ੩, ਆਸੁਰੀ ਗੁਣ। ਭਾਵ ਇਕੋ ਹੈ ਕਿ ਪਰਮਾਰਥ ਦੇ ਜੋ ਬੀ ਸਾਮਾਨ ਵਿਘਨਕਾਰੀ ਤੇ ਪ੍ਰਤਿਬੰਧਕ ਹਨ ਉਹਨਾਂ ਨੂੰ ਜੈ ਕਰੇ, ਨਾ ਹਾਰੇ, ਨਾ ਨੱਸੇ, ਨਾ ਈਨ ਮੰਨੇ, ਨਾ ਸ਼ਰਣ ਲਵੇ ਉਹਨਾਂ ਦੀ।

ਨਿਰੁਕਤੁ— ਨੇਹੀ—[ਸੰਸ:, ਨਹ = ਬੰਨ੍ਹਣਾ। ਪੰਜਾ:, ਨੇਹਣਨਾ = ਬੰਨ੍ਹ ਲੈਣਾ] ਕਾਬੂ ਕਰ ਲੈਣ ਦੀ ਕ੍ਰਿਯਾ। ਹਠ। ਦ੍ਰਿੜ੍ਹਤਾ।

ਸੰਚਰੈ—ਨਾਲ ਚਲੇ = ਮੇਲ ਕਰੇ। ਸੁਲਹ ਕਰੇ। ਪ੍ਰਵੇਸ਼। ਪਰ ਜਾਪਦਾ ਹੈ ਕਿ ਇਹ ਪਦ ਸੰਚਾਰ ਤੋਂ ਬਣਿਆ ਹੈ ਤੇ ਅਰਥ ਹੈ 'ਤੁਰ ਨਾ ਜਾਏ' ਭਾਵ ਨੱਸ ਨਾ ਜਾਏ।

—ਤ—

ਤਤਾ ਅਤਰ ਤਰਿਓ ਨਹ ਜਾਈ ॥ ਤਨ ਤ੍ਰਿਭਵਣ ਮਹਿ ਰਹਿਓ ਸਮਾਈ॥ ਜਉ ਤ੍ਰਿਭਵਣ ਤਨ ਮਾਹਿ ਸਮਾਵਾ ॥ ਤਉ ਤਤਹਿ ਤਤ ਮਿਲਿਆ ਸਚੁ ਪਾਵਾ ॥੨੨॥	ਤਤੇ (ਦੁਆਰਾ ਉਪਦੇਸ਼ ਕਰਦੇ ਹਨ:) ਸੰਸਾਰ ਸਾਗਰ ਤਰਨੇ ਲਈ ਬੜਾ ਬਿਖੜਾ ਹੈ, (ਬਾਹੁਲੀਆਂ ਮਾਰਕੇ) ਤਰ ਨਹੀਂ ਹੁੰਦਾ, (ਕਿਉਂਕਿ ਜੀਵ ਦਾ) ਤਨ (ਮਨ ਸਮੇਤ) ਤ੍ਰਿਭਵਣ ਵਿਚ ਸਮਾ ਰਿਹਾ ਹੈ। ਜਦੋਂ ਤ੍ਰਿਭਵਣ ਤਨ ਵਿਚ ਆ ਸਮਾਇਆ ਤਦੋਂ ਤਤ ਵਿਚ ਤਤ ਮਿਲ ਗਿਆ ਤੇ ਸੱਚ ਪਾ ਲਿਆ॥ ੨੨॥

ਵਯਾਖਯਾ— ਜਦੋਂ ਜੀਵ ਦਾ ਤਨ ਸੰਸਾਰ ਪ੍ਰਾਪਤੀ ਦੇ ਉਪਰਾਲਿਆਂ ਵਿਚ ਤੇ ਮਨ ਉਪਰਾਲਿਆਂ ਦੀਆਂ ਸੋਚਾਂ ਵਿਚ ਖਚਿਤ ਹੈ, ਤਦ ਤਾਂਈਂ ਇਹ ਸੰਸਾਰ ਦੇ ਸਮੁੰਦਰ ਨੂੰ ਤਰ ਨਹੀਂ ਸਕਦਾ। ਜਦ ਸੰਸਾਰ ਇਸ (ਮਨ ਵਾਲੇ) ਤਨ ਵਿਚ ਸਮਾ ਗਿਆ, ਅਰਥਾਤ ਮਨ ਸੰਸਾਰ ਪ੍ਰਾਪਤੀ ਦੀਆਂ ਸੋਚਾਂ ਵਿਚੋਂ ਤੇ ਤਨ ਉਪਰਾਲੇ ਕਰਨ ਵਲੋਂ ਹਟ ਖਲੋਤਾ ਤਦ ਸੰਸਾਰ ਇਸੇ ਵਿਚ ਲੀਨ ਹੋ ਗਿਆ, ਕਿਉਂਕਿ ਜਦ ਬ੍ਰਿਤੀਆਂ ਖਿੱਚ ਹੋ ਗਈਆਂ ਤਾਂ ਬਾਕੀ ਰਹਿ ਗਿਆ ਜੀਵਾਤਮਾ ਤਦੋਂ ਇਹ ਜੀਵ ਤਤ ਬ੍ਰਹਮ ਤਤ ਵਿਚ ਸਮਾ ਗਿਆ। ਜਦ ਇਹ ਗਲ ਹੋ ਗਈ ਤਦ ਸਤਯ ਵਸਤੂ ਪ੍ਰਾਪਤ ਹੋ ਗਈ। ਸੰਸਾਰੋ ਅਸੱਤਿ ਸੀ ਅਸੱਤਿ ਹੋ ਗਿਆ, ਤਰਨੇ ਦੀ ਲੋੜ ਹੀ ਨਾ ਰਹੀ ਕਿਉਂ ਕਿ ਸਤਿ ਭਾਸਦਾ ਸੰਸਾਰ ਸਾਗਰ ਜੁ ਅਸੱਤਿ ਹੋ ਗਿਆਂ। 'ਤਨ' ਏਥੇ ਜੀਉਂਦੇ ਮਾਨੁਖ ਦਾ ਕਿਹਾ ਹੈ, ਜੀਉਂਦੇ ਦੇ ਤਨ ਵਿਚ ਮਨ ਸ਼ਾਮਲ ਹੁੰਦਾ ਹੈ, ਇਸ ਕਰਕੇ ਸੰਪ੍ਰਦਾਈ ਦਾਨੇ ਤਨ ਦਾ ਅਰਥ ਮਨ ਯਾ ਸੂਖਮ ਮਨ ਕਰ ਲਿਆ ਕਰਦੇ ਹਨ। ਕਈ ਸਿਆਣੇ ਅਤਰ ਦਾਅਰਥ ਤਰਨਾਨਾ ਜਾਣਨ ਵਾਲਾ = ਅਣਤਾਰੂ ਜੀਵ ਕਰ ਲਿਆ ਕਰਦੇ ਹਨ। ਅਤਰ ਜੀਵ ਤੋਂ ਤਰਿਆ ਨਹੀਂ ਜਾਂਦਾ

—ਥ—

	[ਪਰ ਜੀਵ ਬ੍ਰਹਮ ਤਤ ਵਿਚ ਜੀਵ ਤਤ ਮੇਲਕੇ ਸੁਖੀ ਹੋਣ ਦੀ ਥਾਂ ਸਰੀਰਕ ਕਾਰਜਾਂ ਵਿਚ ਬਿਰਥਾ ਯਤਨ ਕਰਦਾ ਹੈ, ਇਹ

ਥਥਾ ਅਥਾਹ ਥਾਹ ਨਹੀ ਪਾਵਾ ॥
ਓਹੁ ਅਥਾਹ ਇਹੁ ਥਿਰੁ ਨ ਰਹਾਵਾ ॥

ਥੋੜੈ ਥਲਿ ਥਾਨਕ ਆਰੰਭੈ ॥
ਬਿਨੁ ਹੀ ਥਾਭਹ ਮੰਦਿਰੁ ਥੰਭੈ ॥੨੩॥

ਉਪਦੇਸ਼] ਥੱਥੇ [ਅੱਖਰ ਦੁਆਰਾ ਦੇਂਦੇ ਹਨ:—] (ਉਹ ਪ੍ਰਭੂ ਸਾਗਰ ਵਾਂਙੂ) ਅਤਿ ਡੂੰਘਾ ਹੈ, (ਉਸ ਦਾ) ਥਾਹ ਨਹੀਂ (ਕਿਸੇ ਨੇ) ਪਾਇਆ। ਓਹ ਤਾਂ ਅਥਾਹ ਹੈ ਹੀ, (ਪਰ ਇਹ ਜੀਵ ਜਦ ਥਾਹ ਲੈਣ ਜਾਵੇ ਬੀ ਤਾਂ ਪਾਣੀ ਵਿਚ ਗਿਆਂ ਸਾਹ ਖਿੜਕਦਾ ਹੈ, ਇਸ ਕਰਕੇ) ਇਹ (ਉਸ ਵਿਚ)ਟਿਕਕੇ ਨਹੀਂ ਰਹਿ ਸਕਦਾ; (ਸੋ ਥਾਹ ਲੈ ਹੀ ਨਹੀਂ ਸਕਦਾ। ਫਿਰ ਏਹ ਉਸ ਦੇ ਕਿਨਾਰੇ) ਥੋੜੇ (ਥਲਿ=) ਖੁਸ਼ਕੀ (ਦੇਖਕੇ ਥਾਨਕ=) ਵਸੇਬੇ (ਬਨਾਉਣੇ) ਸ਼ੁਰੂ ਕਰ ਦੇਂਦਾ ਹੈ ਤੇ ਥੰਮਾਂ ਤੋਂ ਬਿਨਾਂ ਹੀ ਮੰਦਰ ਨੂੰ ਖੜਾ ਕਰਦਾ (ਹੈ, ਜੋ ਖੜੇ ਨਹੀਂ ਰਹਿੰਦੇ, ਮਿਹਨਤ ਅਫਲ ਜਾਂਦੀ ਹੈਸੁ)॥੨੩॥

ਵਯਾਖਯਾ— ਪਿਛਲੇ ਅੰਕ ਵਿਚ ਸਾਗਰ ਨੂੰ ਵਿਸ਼ਾਲ ਕਿਹਾ ਸੀ ਹੁਣ ਡੂੰਘਾ ਕਿਹਾ ਹੈ ਇਸ ਦੀ ਡੂੰਘਾਈ ਲੱਭਦੀ ਨਹੀਂ। ਜੇ ਕੋਈ ਲੱਭਣ ਜਾਵੇ ਤਾਂ ਛੇਤੀ ਮੁੜ ਆਉਂਦਾ ਹੈ ਕਿਉਂਕਿ ਜਿਤਨੇ ਟਿਕਾਉ ਦੀ ਓਥੇ ਲੋੜ ਹੈ ਕੋਈ ਟਿਕਦਾ ਨਹੀਂ। ਟਿਕਾਉ ਇਤਨਾ ਚਾਹੀਏ ਕਿ ਮਨ ਇਕ ਚਿੱਤ ਹੋ ਜਾਵੇ। ਸੋ ਇਹ ਜੀਵ ਉਸ ਮਹਾਨ ਸੁਖ ਸਾਗਰ ਨੂੰ ਛੱਡ ਕੇ ਕਿਨਾਰੇ ਥੋੜੀ ਥਾਂ ਤੇ ਹੀ ਜਿਥੇ ਟੁੱਭੀਆਂ ਲਾਉਣ ਵਾਲੇ ਵਾਂਙੂ ਦਮ ਸਾਧਣ ਦੀ ਲੋੜ ਨਹੀਂ, ਭਾਵ ਦੇਹ ਅਧਯਾਸ ਵਿਚ ਲੱਗ ਕੇ ਘਰ ਬਾਰ ਅਨੇਕ ਮੰਦਰ ਸਾਜਣ ਲੱਗ ਪੈਂਦਾ ਹੈ ਅਤੇ ਪਰਮਾਤਮ ਦੇਵ ਦੀ ਪ੍ਰਾਪਤੀ ਦੇ ਯਤਨ ਨਾ ਕਰਦਾ ਹੋਇਆ ਸੰਸਾਰ ਵਿਚ ਛਿਨ ਭੰਗਰ ਦੇਹੀ ਨਾਲ ਅਨੇਕ ਪਦਾਰਥ ਤੇ ਸੰਬੰਧ ਬਣਾ ਲੈਂਦਾ ਹੈ ਜੋ ਥਿਰ ਨਹੀਂ ਰਹਿਣ ਵਾਲੇ। ਇਹ ਥਿਰ ਸਮਝਕੇ ਉਨ੍ਹਾਂ ਵਿਚ ਲੱਗਾ ਰਹਿੰਦਾ ਹੈ। ਸੈਨਤ ਇਹ ਹੈ ਕਿ ਓਹ ਥਿਰ ਰਹਿੰਦੇ ਨਹੀਂ ਇਸਦਾ ਸ਼੍ਰਮ ਬਿਰਥਾ ਜਾਂਦਾ ਹੈ। ਜਿਸ ਸਾਗਰ ਵਿਚ ਸੁਖ ਸੀ ਉਸ ਦੇ ਕਿਨਾਰੇ ਬੈਠਾ ਇਹ ਅਮਰ ਸੁਖ ਤੋਂ ਵਾਂਜਿਆਂ ਰਹਿਕੇ ਮਰ ਜਾਂਦਾ ਹੈ।

ਨਿਰੁਕ੍ਤ— **ਅਥਾਹ**—ਅਸਗਾਹ। ਜਿਸਦਾ ਥਾਹ ਨ ਲੱਭੇ, ਐਨਾ ਡੂੰਘਾ।

ਥਲਿ—ਖੁਸ਼ਕੀ। ਖੁਸ਼ਕੀ ਤੋਂ ਭਾਵ ਸਰੀਰ ਜੋ ਛਿਨ ਭੰਗਰ ਹੈ ਯਾ ਦੇਹ ਅਧਯਾਸ। ਥੋੜੈ ਥਲਿ ਦਾ ਭਾਵ ਅਲਪ ਉਮਰਾ ਬੀ ਕਰੀਦਾ ਹੈ।

ਥਾਨਕ—ਕਈ ਥਾਂ, ਭਾਵ ਪਦਾਰਥ ਤੇ ਸੰਬੰਧ। **ਬਿਨੁ ਥਾਭਹ**—ਥੰਮਾਂ ਤੋਂ ਬਿਨਾ।

—ਦ—

ਦਦਾ ਦੇਖਿ ਜੁ ਬਿਨਸਨਹਾਰਾ ॥
ਜਸ ਅਦੇਖਿ ਤਸ ਰਾਖਿ ਬਿਚਾਰਾ ॥
ਦਸਵੈ ਦੁਆਰਿ ਕੁੰਚੀ ਜਬ ਦੀਜੈ ॥
ਤਉ ਦਇਆਲ ਕੋ ਦਰਸਨੁ ਕੀਜੈ ॥੨੪॥

ਦਦੈ (ਅੱਖਰ ਦੁਆਰਾ ਹੁਣ ਸਫਲ ਯਤਨ ਦਾ ਪ੍ਰਕਾਰ ਦੱਸਦੇ ਹਨ:—) ਦੇਖ ਜੋ (ਦਿੱਸਦਾ ਹੈ ਉਹ ਸਭ) ਬਿਨਸਨੇ ਵਾਲਾ ਹੈ (ਪਰ) ਜੋ ਦਿੱਸਦਾ ਨਹੀਂ (ਉਹ ਸਦਾ ਥਿਰ ਹੈ) ਉਸ ਨੂੰ (ਆਪਣੀ) ਸੁਰਤ ਯਾ ਖਯਾਲ ਵਿਚ ਰੱਖ। (ਉਹ ਐਉਂ ਕਰੀਦਾ ਹੈ ਕਿ) ਜਦੋਂ ਦਸਮੇਂ ਦੁਆਰ ਵਿਚ (ਲਗੇ ਜੰਦਰੇ ਨੂੰ ਕੁੰਜੀ ਲਾਈਦੀ ਹੈ ਤਦੋਂ (ਪਿਛੇ ਕਹੇ) ਦਇਆਲੂ (ਛਤ੍ਰਪਤੀ ਦਾ ਦਰਸ਼ਨ ਕਰੀਦਾ ਹੈ॥੨੪॥

ਵਯਾਖਯਾ— ਫੁਰਮਾਉਂਦੇ ਹਨ ਕਿ ਜੋ ਦਿਸਦਾ ਹੈ ਬਿਨਸਦਾ ਹੈ। ਜੈਸੇ ਗੁਰੂ ਵਾਕ ਹੈ:

'ਦ੍ਰਿਸ਼ਟਿਮਾਨ ਹੈ ਸਗਲ ਮਿਥੇਨਾ'॥ [ਮਾਰੂ ਮਹਲਾ ੫, ਸੋਲਹਾ-੧]

ਇਸ ਤੋਂ ਆਪੇ ਸਿੱਟਾ ਨਿਕਲ ਆਇਆ ਕਿ ਜੋ ਅਦ੍ਰਿਸ਼ਜ ਹੈ ਸੋ ਮਿਥਜਾ ਨਹੀਂ, ਇਸ ਕਰਕੇ ਕਹਿੰਦੇ ਹਨ ਕਿ ਅਪਣੀ ਵੀਚਾਰ ਸ਼ਕਤੀ ਨੂੰ, ਬ੍ਰਿਤੀ ਨੂੰ, ਸੁਰਤ ਨੂੰ ਉਸ ਵਿਚ ਲਾਈ ਰੱਖ। ਉਸ ਦੇ ਲਾਉਣ ਦੀ ਤਰਕੀਬ ਕੀਹ ਹੈ ਕਿ ਦਸਮ ਦੁਆਰ ਦੇ ਜੰਦਰੇ ਨੂੰ ਕੁੰਜੀ ਲਾਈ ਦੀ ਹੈ। ਇਸ ਦਾ ਪ੍ਰਕਾਰ ਪਿੱਛੇ ਦੱਸ ਆਏ ਹਨ। ਸ਼ਬਦ ੭੩ ਵਿਚ (ਪ੍ਰਾਣੀ ਨੂੰ ਹਰੀ ਨਾਮ ਨਾਲ ਮੇਲ ਕੇ) ਸਿਮਰਨ ਕਰਨਾ ਕੁੰਜੀ ਹੈ। ਇਸ ਤਰ੍ਹਾਂ ਜਦ ਇਸਥਿਤੀ ਦਸਮ ਦੁਆਰ ਵਿਚ ਹੋਏਗੀ ਤਦ ਸਦਾ ਥਿਰ ਦਾ ਮੇਲ ਹੋ ਜਾਏਗਾ। ਗਜਾਨ ਮਾਰਗ ਵਿਚ ਇਸ ਦਾ ਭਾਵ ਐਉਂ ਕੱਢ ਲੈਂਦੇ ਹਨ ਕਿ ਦਸਮ-ਦੁਆਰ ਰੂਪੀ ਹ੍ਰਿਦੇ ਸਥਲ ਵਿਚ ਗੁਰਉਪਦੇਸ਼ ਦੀ ਕੁੰਜੀ ਲਾਈਏ ਤਾਂ ਦਇਆਲ ਸਰੂਪ ਪਰਮਾਤਮ ਦੇਵ ਸਾਖਜਾਤਕਾਰ ਦਰਸ਼ਨ ਦੇਂਦੇ ਹਨ।

—ਧ—

ਧਧਾ ਅਰਧਹਿ ਉਰਧ ਨਿਬੇਰਾ ॥
ਅਰਧਹਿ ਉਰਧਹ ਮੰਝਿ ਬਸੇਰਾ ॥
ਅਰਧਹ ਛਾਡਿ ਉਰਧ ਜਉ ਆਵਾ ॥
ਤਉ ਅਰਧਹਿ ਉਰਧ ਮਿਲਿਆ ਸੁਖ ਪਾਵਾ ॥੨੫॥

[ਹੁਣ ਨੀਵੇਂ ਜੀਵ ਤੇ ਉੱਚੇ ਬ੍ਰਹਮ ਦਾ ਮੇਲ ਦੱਸਦੇ ਹਨ ਕਿ ਜਨਮ ਮਰਨ ਦਾ ਮੁੱਕਣਾ ਇਸੇ ਵਿਚ ਹੈ, ਇਹ ਉਪਦੇਸ਼) ਧਧੇ (ਅੱਖਰ ਦੁਆਰਾ ਦੇ ਰਹੇ ਹਨ:—] ਨੀਵੇਂ ਪਾਸਿਓਂ ਉਪਰਲੇ ਪਾਸੇ ਜਾਣ ਵਿਚ ਹੀ ਗੱਲ ਸਿਰੇ ਚੜ੍ਹਨੀ ਹੈ,(ਐਉਂ ਫੇਰ ਅਰਧ ਉਰਧ ਨਹੀਂ ਰਹਿੰਦੀ ਸਗੋਂ) ਅਰਧ (ਨੀਵੇਂ) ਦਾ (ਉਰਧ=) ਉੱਚੇ ਵਿਚ ਵਾਸਾ ਹੀ ਹੋ ਜਾਂਦਾ ਹੈ।(ਹਾਂ) ਜਦ ਹੇਠਲੇ ਪੱਖ ਨੂੰ ਛੱਡਕੇ ਉਤਲੇ ਵਿਚ ਆ ਗਿਆ, ਤਦ ਹੇਠਲੇ ਨੇ ਉਤਲੇ ਨੂੰ ਮਿਲਕੇ (ਪੂਰਨ=) ਸੁਖ ਪਾ ਲਿਆ (ਸਮਝੋ)॥੨੫॥

ਵਜਾਖਜਾ—ਇਸ ਦਾ ਭਾਵ ਬੰਦਗੀ ਵਾਲੇ ਪਾਸੇ ਐਉਂ ਹੈ:—ਮਾਨੁਖ ਦਾ ਮਨ ਨੀਵਾਂ ਹੈ, ਇਹ ਜਦ ਸਿਮਰਨ ਨਾਲ ਉੱਚਾ ਹੋ ਗਿਆ ਤਦ ਉੱਚੇ ਵਿਚ ਸਮਾ ਗਿਆ। ਅੱਖਰਾਂ ਤੋਂ ਐਉਂ ਭਾਵ ਕਢਦੇ ਹਨ: ਅਰਧਹ (=ਅਰਾਧਨੇ ਵਾਲੇ ਦਾ ਕੰਮ) ਉਰਧ (ਅਰਾਧਨੇ ਯੋਗ ਵਿਚ ਪਹੁੰਚਿਆਂ) ਸਿਰੇ ਚੜ੍ਹਦਾ ਹੈ। ਫੇਰ ਅਰਾਧਨੇ ਵਾਲੇ ਦਾ ਅਰਾਧਜ ਵਿਚ ਵਾਸਾ ਹੋ ਜਾਂਦਾ ਹੈ। (ਜਦੋਂ ਅਰਾਧਨ ਵਾਲਾ) ਅਰਾਧਨਾ ਤੋਂ ਉੱਠਕੇ ਆਰਾਧਯ ਵਿਚ ਆ ਗਿਆ, ਤਦ ਆਰਾਧਕ ਤੇ ਆਰਾਧਜ ਦੇ ਮਿਲਾਪ ਹੋਣ ਨਾਲ ਸੁਖ ਹੋ ਗਿਆ।

ਗਜਾਨ ਮਾਰਗ ਦੇ ਪੱਖ ਦੁਆਰਾ ਇਹ ਭਾਵ ਹੈ :-

ਅਰਧਹ = ਨੀਵੇਂ ਭਾਵ ਜੀਵ ਦੇ ਉਰਧ = ਉਚੇ ਬ੍ਰਹਮ ਵਿਚ ਜਾਣ ਨਾਲ ਹੀ ਗੱਲ ਸਿਰੇ ਚੜ੍ਹਨੀ ਹੈ, ਭਾਵ ਜਨਮ ਮਰਨ ਮੁੱਕਣਾ ਹੈ। ਜੀਵ ਦਾ ਬ੍ਰਹਮ ਵਿਚ ਬ੍ਰਹਮ ਚਿੰਤਨ ਨਾਲ ਵਾਸਾ ਜਦ ਹੋ ਜਾਏਗਾ ਤਦ ਜੀਵ ਬ੍ਰਹਮ ਨੂੰ ਮਿਲਕੇ ਸੁਖ ਪਾਏਗਾ।

ਯੋਗ ਪਖ ਦੁਆਰਾ ਭਾਵ ਐਉਂ ਕੱਢਦੇ ਹਨ:-

ਸੁਰਤ ਜਦ ਦਸਮ ਦੁਆਰ ਦੇ ਹੇਠਾਂ ਇੰਦ੍ਰੀਆਂ ਵਿਚ ਵਿਚਰਨਾ ਛੱਡਕੇ ਉੱਪਰ ਦਸਮ ਦੁਆਰ ਨੂੰ ਰੁਖ਼ ਕਰੇਗੀ, ਉਪਰਲੇ ਹੇਠਲੇ ਟਿਕਾਣਿਆਂ ਦੇ ਵਿਚਕਾਰ ਦਸਮ ਦੁਆਰ ਵਿਚ ਆਕੇ ਵਸ ਪਵੇਗੀ ਅਤੇ ਹੇਠਾਂ ਨੌਂ ਦਰਵਾਜ਼ਿਆਂ ਯਾ ਇੰਦ੍ਰੀਆਂ ਵਿਚ ਤਦਰੂਪ ਰਹਿਣ ਦੀ ਥਾਂ ਉਪਰ ਦਸਮ ਦੁਆਰ ਵਿਚ ਪਰਪੱਕ ਕਰ ਲਏਗੀ ਅਭਜਾਸ ਟਿਕੇ ਰਹਿਣ ਦਾ, ਤਦ ਸੁਖ ਮਿਲੇਗਾ ਉਰਧ ਦਾ ਦਸਮ ਦੁਆਰ ਵਿਚ ਤੇ ਅਰਧ ਦੀ (ਸਰੀਰਕ) ਕ੍ਰਿਯਾ ਪਈ ਚੱਲੇਗੀ ਸੁਤੇ ਹੀ। ਅਰਥਾਤ ਸਰੀਰਕ ਮੰਡਲ ਜੋ ਸੁਰਤ ਦਾ ਹੇਠਲਾ ਥਾਂ ਹੈ ਤੇ ਮਾਨਸਿਕ ਮੰਡਲ ਜੋ ਉਪਰਲਾ ਹੈ, ਦੋਹਾਂ ਦੇ ਦਸਮ ਦੁਆਰ ਵਿਚ ਮੇਲ ਨਾਲ ਆਤਮ ਆਨੰਦ ਪ੍ਰਾਪਤ ਹੋਵੇਗਾ।

—ਨ—

ਨੰਨਾ ਨਿਸਿ ਦਿਨੁ ਨਿਰਖਤ ਜਾਈ ॥ ਨਿਰਖਤ ਨੈਨ ਰਹੇ ਰਤਵਾਈ ॥ ਨਿਰਖਤ ਨਿਰਖਤ ਜਬ ਜਾਇ ਪਾਵਾ॥ ਤਬ ਲੇ ਨਿਰਖਹਿ ਨਿਰਖ ਮਿਲਾਵਾ ॥੨੬॥	[ਨੀਵਾਂ ਕਿਵੇਂ ਉੱਚੇ ਨੂੰ ਜਾ ਮਿਲੇ ਉਸ ਦਾ ਉਪਾਉ] ਨਨੇ [ਅੱਖਰ ਦੁਆਰਾਂ ਨਿਰਖਨਾ = ਧਜਾਨ ਦੱਸਦੇ ਹਨ:)] (ਪ੍ਰੇਮੀਆਂ ਦਾ) ਦਿਨ ਰਾਤ (ਪ੍ਰੀਤਮ ਦਾ ਰਾਹ) ਤੱਕਦਿਆਂ ਹੀ ਬੀਤਦਾ ਹੈ, (ਐਥੋਂ ਤਾਈਂ ਕਿ) ਤੱਕਦਿਆਂ ਤੱਕਦਿਆਂ ਨੈਣ ਲਾਲੋ ਲਾਲ ਹੋ ਜਾਂਦੇ ਹਨ। (ਇਉਂ ਸਦਾ) ਤੱਕਦਿਆਂ ਤੱਕਦਿਆਂ ਜਦ (ਉਹ ਪ੍ਰੀਤਮ) ਮਿਲ ਪੈਂਦਾ ਹੈ ਤਦ ਉਸ ਨੇ ਜਿਸ ਨੂੰ ਤੱਕਦਾ ਸੀ (ਆਪਣੇ) ਤੱਕਣ ਵਾਲੇ ਨੂੰ ਆਪਣੇ ਨਾਲ ਮਿਲਾ ਲਿਆ॥ ੨੬

ਵਜਾਖਜਾ— ਭਾਵ ਸਪਸ਼ਟ ਹੈ ਕਿ ਪ੍ਰੇਮੀ ਪ੍ਰਭੂ ਦੇ ਪਜਾਰ ਵਿਚ ਲੱਗਾ ਰਹੇ ਐਸਾ ਕਿ ਕਦੇ ਅੱਕੇ ਥਕੇ ਨਾ, ਸਦਾ ਪ੍ਰੇਮ ਮਜ ਰਹੇ, ਇਸ ਪ੍ਰੇਮ ਦੀ ਪ੍ਰਬਲਤਾ ਨਾਲ ਪ੍ਰੀਤਮ ਆ ਮਿਲੇਗਾ ਤੇ ਅਪਣੇ ਨਾਲ ਮਿਲਾ ਲਏਗਾ।

ਧਿਆਨ ਪੱਖ ਵਿਚ ਐਉਂ ਭਾਵ ਲਈਦਾ ਹੈ ਕਿ ਅਪਣੇ ਅਰਾਧਨੇ ਯੋਗ ਪਜਾਰੇ ਦੇ ਦਿਨ ਰਾਤ ਧਿਆਨ ਵਿਚ ਰਹੇ, ਧਿਆਨ ਦੀ ਪ੍ਰਬਲਤਾ ਹੋਣ ਤੇ ਧਿਆਨ ਕਰਨੇ ਵਾਲਾ ਧਜੇਯ ਦਾ ਸਰੂਪ ਹੋ ਜਾਏਗਾ। ਧਜੇਯ (ਪਰਮਾਤਮਾ) ਉਸ ਨੂੰ ਮੇਲ ਲਏਗਾ। ਗਿਆਨ ਮਾਰਗ ਦਾ ਭਾਵ ਐਉਂ ਕੱਢਦੇ ਹਨ - ਬੁਧੀ ਰੂਪ ਨੇਤ੍ਰਾਂ ਨਾਲ ਅਪਣੇ ਵਾਂਛਤ ਪ੍ਰਭੂ ਨੂੰ ਵਿਚਾਰ ਦੁਆਰਾ ਦੇਖਦਾ ਰਹੇ ਤਾਂ ਉਹ ਅਪਣੇ ਰਿਦੇ ਸਥਲ ਵਿਚੋਂ ਨਿਧਜਾਸਨ ਦੁਆਰਾ ਅਪਣਾ ਜੀਵਪਨਾ ਤਿਆਗ ਕੇ ਉਸ ਦੀ ਬ੍ਰਹਮ ਸਰੂਪਤਾ ਵਿਚ ਇਕ ਹੋਇਆ ਉਸ ਨੂੰ ਅਨੁਭਵ ਕਰ ਲਏਗਾ।

ਨਿਰੁਕ੍ਤ—ਨਿਰਖਤ—ਦੇਖਦਿਆਂ। ਭਾਵ ਵਜਾਖਜਾ ਵਿਚ ਵਿਦਤ ਹੋ ਚੁਕਾ ਹੈ।

ਰਤਵਾਈ—ਲਹੂ ਵਰਗੇ ਲਾਲ। ਭਾਵ ਪ੍ਰੇਮ ਨਾਲ ਭਰੇ ਹੋਏ।

ਨਿਰਖਹਿ—ਦੇਖਿਆ ਜਾਣ ਵਾਲਾ। ਜਿਸ ਨੂੰ ਤੱਕਦਾ ਸੀ।

ਨਿਰਖ—ਜੋ ਦੇਖਦਾ ਸੀ। ਦੇਖਣ ਵਾਲਾ।

—ਪ—

ਪਪਾ ਅਪਰ ਪਾਰੁ ਨਹੀ ਪਾਵਾ ॥ ਪਰਮ ਜੋਤਿ ਸਿਉ ਪਰਚਉ ਲਾਵਾ ॥ ਪਾਂਚਉ ਇੰਦ੍ਰੀ ਨਿਗ੍ਰਹ ਕਰਈ ॥ ਪਾਪੁ ਪੁੰਨੁ ਦੋਊ ਨਿਰਵਰਈ ॥੨੭॥	[ਪਰਮ ਜਜੋਤੀ ਪਰਮਾਤਮਾ ਵਿਚ ਪਜਾਰ ਨਾਲ ਲਗੇ ਦੀ ਦ੍ਵੰਦਾਤੀਤ ਅਵਸਥਾ] ਪਪੇ [ਅੱਖਰ ਦੁਆਰਾ ਨਿਰੂਪਣ ਕਰਦੇ ਹਨ:-] ਉਹ ਪਰਮ ਜਜੋਤਿ ਪਾਰ ਰਹਿਤ ਹੈ (ਕਦੇ ਕਿਸੇ ਨੇ ਉਸ ਦਾ) ਪਾਰ ਨਹੀਂ ਪਾਇਆ, (ਪਰ ਜਿਸ ਨੇ ਉਸ) ਨਾਲ ਪ੍ਰੇਮ ਪਾ ਲਿਆ (ਉਹ) ਪੰਜਾਂ ਇੰਦ੍ਰੀਆਂ ਨੂੰ ਵੱਸ ਕਰ ਲੈਂਦਾ ਹੈ ਤੇ ਪਾਪ ਪੁੰਨ ਦੋਹਾਂ ਨੂੰ ਨਿਰਵਾਰ ਲੈਂਦਾ ਹੈ॥ ੨੭॥

ਵਜਾਖਜਾ— ਪਰਮੇਸ਼ੁਰ ਦੇ ਪਿਆਰਿਆਂ ਦਾ ਜਗਤ ਜੀਵਨ ਵਰਣਨ ਕਰਦੇ ਹਨ ਕਿ ਅੰਦਰ ਤਾਂ ਉਹਨਾਂ ਦੇ ਪਰਮ ਜੋਤਿ ਨਾਲ ਪਿਆਰ ਹੁੰਦਾ ਹੈ, ਓਹ ਪਰਮ ਜੋਤਿ ਦਾ ਅੰਤ ਲੈਣ ਦਾ ਖਿਆਲ ਛੱਡ ਦੇਂਦੇ ਹਨ ਪਰ ਉਸ ਦੇ ਪ੍ਰੇਮ ਵਿਚ ਲਗੇ ਰਹਿੰਦੇ ਹਨ, ਯਾ ਇਉਂ ਕਹੋ ਕਿ ਮਨ ਨੂੰ ਉਸ ਵਿਚ ਲਾਈ ਰਖਦੇ ਹਨ। ਬਾਹਰ ਜਗਤ ਵਿਚ ਉਹਨਾਂ ਦਾ ਵਰਤਾਵ ਨਿਸ਼ਪਾਪ ਹੁੰਦਾ ਹੈ, ਕਿਉਂਕਿ

ਪੰਜੇ ਇੰਦ੍ਰੇ ਉਹਨਾਂ ਨੇ ਵੱਸ ਕਰ ਲਏ ਹੁੰਦੇ ਹਨ। ਓਹ ਉਸ ਨੂੰ ਚਲਾਇਮਾਨ ਕਰਨੋਂ ਅਸਮਰਥ ਹੋ ਜਾਂਦੇ ਹਨ। ਫਿਰ ਉਹਨਾਂ ਨੇ ਪਾਪ ਪੁੰਨ ਅਪਣਾ ਦੂਰ ਕਰ ਲਿਆ ਹੁੰਦਾ ਹੈ ਕਿਉਂਕਿ ਓਹ ਪਰਮ ਜ਼ੋਯਤਿ ਦੇ ਪਰਚੇ ਵਿਚ ਹੁੰਦੇ ਹਨ, ਪਾਪ ਪੁੰਨ ਦੇ ਹਿਸਾਬ ਕਿਤਾਬ ਦੀ ਮਨ ਨੂੰ ਵਿਹਲ ਕਿੱਥੇ ਹੁੰਦੀ ਹੈ ਤੇ ਫੇਰ ਲੋੜ ਬੀ ਕੀਹ। ਜਦੋਂ ਇੰਦ੍ਰੇ ਵੱਸ ਹੋ ਚੁੱਕੇ ਹਨ, ਤਦ ਪਾਪ ਹੋਣੇ ਹੀ ਨਹੀਂ, ਜਦ ਪਰਮ ਜੋਤਿ ਨਾਲ ਪ੍ਰੇਮ ਹੈ ਤਾਂ ਪੁੰਨ ਕਰਮਾਂ ਦੀ ਵੀਚਾਰ ਕਿਥੇ ਦੋਇ ਸੰਸੇ ਬ੍ਰਿਤੀਆਂ ਹਨ:-

ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥

[ਗਉੜੀ ਰਵਿਦਾਸ ਜੀ ਅਸਟ:—੧]

ਉਹ ਤਾਂ ਪਾਪ ਪੁੰਨ ਦ੍ਵੰਦ ਤੋਂ ਉੱਚੇ ਹੋਕੇ ਨੇਕੀ ਕੁੱਲ ਦਾ ਰੂਪ ਹੋ ਜਾਂਦੇ ਹਨ।;

—ਫ—

ਫਫਾ ਬਿਨੁ ਫੂਲਹ ਫਲੁ ਹੋਈ ॥
ਤਾ ਫਲ ਫੰਕ ਲਖੈ ਜਉ ਕੋਈ ॥
ਦੂਣਿ ਨ ਪਰਈ ਫੰਕ ਬਿਚਾਰੈ ॥
ਤਾ ਫਲ ਫੰਕ ਸਭੈ ਤਨ ਫਾਰੈ ॥੨੮॥

[ਜੋ ਪਰਮ ਜਜੋਤ ਨੂੰ ਮਿਲ ਗਿਆ ਹੈ, ਕਰਮ ਮਾਰਗ ਨਾਲ ਨਹੀਂ, ਪਰ ਪ੍ਰੇਮ ਕਰਦਾ ਉਸ ਦੀ ਅਨੁਗ੍ਰਹੁ ਨਾਲ ਗਜਾਨ ਨੂੰ ਪ੍ਰਾਪਤ ਹੋਇਆ ਹੈ, ਉਸ ਦੀ ਪ੍ਰਾਪਤੀ ਦਾ ਰੂਪ ਦੱਸਦੇ ਹਨ) ਫਫੇ (ਅੱਖਰ ਦੁਆਰਾ:-] ਬਿਨਾ ਫੁੱਲ ਪਏ ਦੇ (ਜਿਸ ਬ੍ਰਿੱਛ ਨੂੰ) ਫਲ ਲੱਗ ਜਾਂਦਾ ਹੈ ਉਸ ਫਲ ਦੀ (ਇਕ) ਫਾੜੀ ਨੂੰ ਜੋ ਕੋਈ ਚੱਖ ਲੈਂਦਾ ਹੈ ਉਸ ਫਾੜੀ (ਦੇ ਸੁਆਦ) ਨੂੰ (ਵੀਚਾਰਦਾ=) ਚਖਦਾ (ਉਹ ਮਾਨੋ ਪਹਾੜ ਦੀ ਟੀਸੀ ਤੇ ਚੜ੍ਹਿਆ ਫੇਰ ਹੇਠਾਂ) ਘਾਟੀ ਵਿਚ ਨਹੀਂ ਡਿੱਗ ਪੈਂਦਾ, (ਕਿਉਂਕਿ) ਉਸ ਫਲ ਦੀ ਫਾੜੀ ਨੇ ਸਾਰੇ ਸਰੀਰ ਫਾੜ ਸੁੱਟੇ ਹੁੰਦੇ ਹਨ॥ ੨੮॥

ਵਜਾਖਜਾ— ਕਰਮਾਂ ਦੀ ਵਿਵੇਚਨਾ ਤੇ ਸਾਧਨਾ ਰੂਪੀ ਫੱਲ ਦੇ ਪਏ ਬਿਨਾ ਪ੍ਰੇਮੀ ਭਗਤ ਨੂੰ ਜੇ ਪਰਮ ਜਜੋਤਿ ਦੀ ਦਇਆ ਮਇਆ ਨਾਲ ਆਤਮ ਗਜਾਨ ਰੂਪੀ ਫਲ ਲੱਗ ਪੈਂਦਾ ਹੈ ਉਹ ਅਤਿ ਸ੍ਵਾਦੀ ਹੁੰਦਾ ਹੈ, ਉਸ ਦੀ ਇਕ ਫਾੜੀ ਚੱਖਕੇ ਉਹ ਜਨਮ ਮਰਨ ਤੋਂ ਉਪਰ ਹੋ ਜਾਂਦਾ ਹੈ। ਉਹ ਮਾਨੋ ਉਚਾਣ ਨਿਵਾਣ ਤੋਂ ਉੱਚਾ ਹੋ ਜੀਵਨ ਦੀ ਟੀਸੀ ਤੇ ਜਾ ਪੁੱਜਾ ਹੈ; ਹੁਣ ਉਸ ਦੇ ਘਾਟੀਆਂ ਵਾਦੀਆ ਦੂਣਾਂ ਵਿਚ ਡਿੱਗਣ ਦਾ ਡਰ ਨਹੀਂ, ਕਿਉਂਕਿ ਉਸ ਵਲ ਉਸ ਦੀ ਵੀਚਾਰ ਯਾ ਸੁਆਦ ਉਸ ਨੂੰ ਸਦੈਵੀ ਅਨੰਦ ਵਿਚ ਲੈ ਗਈ ਹੈ। ਦੂਣ ਵਿਚ ਡਿੱਗਣ ਦਾ ਭਾਵ ਹੈ ਕਿ ਉਸ ਫਲ ਦੀ ਫਾੜੀ ਦੇ ਪਰਮਾਨੰਦ ਨੇ ਉਸ ਨੂੰ ਮਿਲਣ ਵਾਲੇ ਸਾਰ ਸਰੀਰ ਨਸ਼ਟ ਕਰ ਦਿੱਤੇ ਹਨ, ਭਾਵ ਪਾਪ ਪੁੰਨ ਦੇ ਨਤੀਜੇ ਵਿਚ ਜੋ ਜਨਮ ਮਰਨ ਦੁਆਰਾ ਸਰੀਰ ਮਿਲਨੇ ਸਨ ਉਹ ਸਾਰੇ ਦੂਰ ਹੋ ਗਏ ਹਨ। ਕਿਉਂਕਿ ਸਰੀਰਾਂ ਦੇ ਕਾਰਣ ਜੋ 'ਕਰਮ' ਸਨ ਨਸ਼ਟ ਹੋ ਗਏ ਹਨ।

ਗਿਆਨੁ ਭਇਆ ਤਹ ਕਰਮਹ ਨਾਸੁ॥ ੩॥ [ਭੈਰਉ ਰਵਿਦਾਸ ਜੀ ੧]

ਇਹ ਬੀ ਧੁਨੀ ਵਿਚ ਹੋ ਸਕਦੀ ਹੈ ਕਿ ਜਦ ਓਹ ਚੋਲਾ ਛੋੜੇਗਾ ਤਾਂ ਉਸ ਦੇ ਸਾਰੇ ਸਰੀਰ ਸਥੂਲ, ਸੂਖਮ, ਕਰਮ ਜਨਜ ਇਕ ਦਮ ਮਰ ਜਾਣਗੇ। ਤ੍ਰੈਏ ਮਰ ਜਾਣ ਤਾਂ ਜਨਮ ਨਹੀਂ ਹੁੰਦਾ। ਜੀਉਂਦੇ ਜੀ ਬੀ ਉਹ ਤਿੰਨਾਂ ਤੋਂ ਉਪਰ ਤੁਰੀਆ ਵਿਚ ਖੇਲਦਾ ਹੈ। ਫੰਕ ਦਾ ਭਾਵ ਤੁਰੀਆਂ ਪਦ ਲੈਂਦੇ ਹਨ।

ਕਈ ਦਾਨੇ 'ਫੰਕ' ਪਦ ਹੋਣ ਕਰ ਕੇ ਸੰਭਾਵਨਾ ਕਰਦੇ ਹਨ ਕਿ ਫਲ ਦੀਆਂ ਕਈ ਫਾੜੀਆਂ ਚਾਹੀਏ। ਇਸ ਕਰਕੇ ਓਹ ਫਾੜੀ ਤੋਂ ਮੁਰਾਦ ਚੌਥੀ ਭੂਮਿਕਾ ਲੈਂਦੇ ਹਨ। ਗਜਾਨ ਫਲ ਦੀਆਂ ਓਹ

ਸੱਤ ਭੂਮਿਕਾ ਗਿਣਦੇ ਹਨ। ਜੋ ਪੁਰਖ ਚਉਥੀ ਭੂਮਿਕਾ ਵਿਚ ਅੱਪੜ ਜਾਂਦਾ ਹੈ ਉਹਦਾ ਜਨਮ ਮਰਨ ਕੱਟ ਹੋ ਜਾਂਦਾ ਹੈ ਤੇ ਓਹ ਜਗਤ ਵਿਚ ਵਿਚਰਦਾ ਆਤਮ ਆਨੰਦ ਨੂੰ ਮਾਣਦਾ ਹੈ।

—ਬ—

ਬਬਾ ਬਿੰਦਹਿ ਬਿੰਦ ਮਿਲਾਵਾ ॥
ਬਿੰਦਹਿ ਬਿੰਦਿ ਨ ਬਿਛੁਰਨ ਪਾਵਾ ॥
ਬੰਦਉ ਹੋਇ ਬੰਦਗੀ ਗਹੈ ॥
ਬੰਦਕ ਹੋਇ ਬੰਧ ਸੁਧਿ ਲਹੈ ॥੨੯॥

[ਗਜਾਨ ਪ੍ਰਾਪਤੀ ਦਾ ਮੂਲ ਬੰਦਗੀ ਹੈ ਇਹ ਉਪਦੇਸ਼] ਬਬੇ [ਅੱਖਰ ਦੁਆਰਾ ਦੇਂਦੇ ਹਨ:-] (ਜਦ ਸਰਵੱਗ) ਜਾਣਨਹਾਰ ਵਿਚ (ਅਲਪੱਗ) ਜਾਣਨਹਾਰ ਨੇ (ਆਪ ਨੂੰ) ਮਿਲਾ ਲਿਆ (ਤਦ ਫੇਰ ਸਰਬਗ) ਜਾਣਨਹਾਰ ਤੋਂ (ਅਲਪੱਗ) ਜਾਣਨਹਾਰ ਨਾ ਵਿਛੜਿਆ(ਭਾਵ ਫੇਰ ਤਦਰੂਪ ਹੋ ਗਏ)। [ਪ੍ਰਸ਼ਨ: ਇਸ ਮਿਲਣੇ ਦਾ ਉਪਾਵ ਕੀ ਹੈ ? ਉੱਤਰ:] (ਜਿਸ ਨੂੰ ਐਸੇ ਮੇਲ ਦਾ ਪ੍ਰੇਮ ਹੋਵੇ ਉਹ) ਬੰਦਾ ਹੋਕੇ ਬੰਦਗੀ (ਨੂੰ ਪੱਕੀ ਤਰ੍ਹਾਂ) ਫੜੇ (ਭਾਵ ਅਨਿੰਨ ਭਗਤੀ ਕਰੇ। ਜਦ ਇਹ ਬੰਦਾ) ਬੰਦਗੀ ਕਰਨੇ ਵਾਲਾ ਬਣ ਜਾਏ ਤਦ (ਸਰਬੱਗ) ਜਾਣਨਹਾਰ ਇਸ ਦੀ ਖ਼ਬਰ ਸੁਰਤ ਸਨਬੰਧੀ ਵਾਂਙੂ ਲੈਂਦਾ ਹੈ॥੨੯॥

ਵਯਾਖਯਾ— 'ਵਿੰਦੁ:' ਪਦ ਸੰਸਕ੍ਰਿਤ ਦਾ ਹੈ, ਅਰਥ ਹੈ ਜਾਣਨ ਵਾਲਾ। ਉਪਰਲੇ ਅਰਥ ਬਿੰਦ ਦਾ ਇਹ ਅਰਥ ਲੈਕੇ ਕੀਤੇ ਹਨ ਤੇ ਪੁਰਾਤਨ ਹਨ। ਬਿੰਦ ਦਾ ਅਰਥ ਪਾਣੀ ਦੀ ਬੂੰਦ ਬੀ ਹੈ, ਤਦ ਅਰਥ ਕਰੀਦੇ ਹਨ:-(ਕਿ ਸਾਗਰ ਰੂਪ ਪ੍ਰਭੂ-) ਬੂੰਦ ਵਿਚ (ਜੀਵ ਰੂਪ-) ਬੂੰਦ ਨੂੰ ਮਿਲਾ ਦਿਤਿਆਂ ਫੇਰ ਪ੍ਰਭੂ ਤੋਂ ਜੀਵ ਵਿਛੁੜ ਨਹੀਂ ਸਕਦਾ। ਇਸ ਅਵਿਛੜ ਮੇਲ ਦਾ ਤ੍ਰੀਕਾ ਹੈ ਕਿ ਜੀਵ) ਬੰਦਾ ਬਣਕੇ ਬੰਦਗੀ ਕਰੇ। ਜਦ ਇਹ ਬੰਦਾ (=ਭਗਤ) ਹੋ ਜਾਏਗਾ (ਤਾਂ ਪ੍ਰਭੂ) ਇਸ ਦੀ ਸੁਰਤ ਸੰਭਾਲ (ਬੰਧੂ=) ਸਨਬੰਧੀ ਵਾਂਙੂ (ਆਪ) ਕਰੇਗਾ।

ਦੋਹਾਂ ਅਰਥਾਂ ਦਾ ਭਾਵ ਇੱਕੋ ਹੈ। ਮੁਰਾਦ ਇਹ ਹੈ ਕਿ ਪ੍ਰਭੂ ਤੇ ਭਗਤ ਦੁਇ ਸਜਾਤੀ ਹਨ, ਕਿਉਂਕਿ ਦੁਇ 'ਜ਼ੀਰੂਹ' ਯਾ ਆਤਮ ਵਸਤੂ-ਜੀਉਂਦੀ ਜਾਗਦੀ ਹਸਤੀ ਹਨ। ਪਰ ਦੁਇ ਵੱਖ ਹਨ ਕਿਉਂਕਿ ਜੀਵ ਹਉਮੈਂ ਕਰਕੇ ਆਪ ਨੂੰ ਵੱਖਰਾ ਪ੍ਰਤੀਤ ਕਰਦਾ ਹੈ, ਪਰ ਹੈ ਫੇਰ ਬੀ 'ਜ਼ੀਰੂਹ'। ਦੋ 'ਜ਼ੀਰੂਹ' ਵਜਕਤੀਆਂ ਨੂੰ ਪ੍ਰੇਮ ਮੇਲਦਾ ਹੈ। ਜਿਵੇਂ ਇੱਟਾਂ ਨੂੰ ਚੂਨਾ ਜੋੜਦਾ ਹੈ, ਲੱਕੜੀ ਦੇ ਟੁਕੜੇ ਨੂੰ ਲੱਕੜੀ ਨਾਲ ਸਰੇਸ਼ ਜੋੜਦੀ ਹੈ, ਤਿਵੇਂ ਰੂਹ ਨੂੰ ਰੂਹ ਨਾਲ ਪ੍ਰੇਮ ਜੋੜਦਾ ਹੈ; ਜਿਸ ਨੂੰ ਬੰਦਗੀ ਯਾ ਭਗਤੀ ਕਿਹਾ ਹੈ। ਹੋਰ ਕੋਈ ਦੂਰਵੇਂ ਸਾਧਨ ਨਹੀਂ ਜੋੜ ਸਕਦੇ। ਏਥੇ ਕੁ ਇਕ ਪ੍ਰਸ਼ਨ ਉਪਜਦਾ ਹੈ ਕਿ ਜਦ ਬੰਦਗੀ ਕਰਦਾ ਬੰਦਾ ਉਸ ਵਿਚ ਅਭੇਦ ਹੋ ਗਿਆ ਐਸਾ ਕਿ ਵਿਛੁੜਦਾ ਹੀ ਨਹੀਂ ਤਾਂ ਉਸ ਦੀਆਂ ਸਰੀਰਕ ਲੋੜਾਂ ਕੌਣ ਪੂਰੇਗਾ ਤੇ ਜਗਤ ਦੇ ਦੁਖ ਸੁਖ ਕੌਣ ਮੇਟੇਗਾ ? ਤਦ ਦੱਸਦੇ ਹਨ ਕਿ ਉਸਦੀ ਸਾਰੀ ਸਾਰ ਸੰਭਾਲ ਖ਼ਬਰ ਸੁਰ ਪ੍ਰਭੂ ਲਏਗਾ। ਜਿਵੇਂ ਨੌਕਰ ਦੀ ਲਈਦੀ ਹੈ ਓਦਾਂ ਦੀ ਨਹੀਂ ਸਗੋਂ ਐਦਾਂ ਦੀ ਕਿ ਜਿੰਦਾਂ ਨਿਜ ਸਨਬੰਧੀ ਦੀ ਖਬਰ ਸੁਰਤ ਸਨਬੰਧੀ ਲੈਂਦਾ ਹੈ।

—ਭ—

ਭਭਾ ਭੇਦਹਿ ਭੇਦ ਮਿਲਾਵਾ ॥
ਅਬ ਭਉ ਭਾਨਿ ਭਰੋਸਉ ਆਵਾ ॥

ਭਭੇ [ਅੱਖਰ ਵਿਚ ਉਹੋ ਜੀਵ ਬ੍ਰਹਮ ਦੇ ਮੇਲ ਦੀ ਅਵਸਥਾ ਨਿਰੂਪਣ ਕਰਦੇ ਹਨ:-] (ਪਿਛੇ ਕਹੇ ਅਨੁਸਾਰ ਮੇਰੇ ਤੇ ਛਤ੍ਰਪਤੀ ਦੇ ਵਿਚਾਲੇ ਜੋ ਵਿੱਥ ਸੀ ਉਸ) ਭੇਦ (=ਫਰਕ) ਨੂੰ ਭੇਦ (=ਪਾੜਕੇ) ਮੇਲ ਕਰ ਲਿਆ। ਹੁਣ (ਸਭ ਪ੍ਰਕਾਰ ਦਾ) ਡਰ (ਭਾਨਿ—) ਦੂਰ ਹੋ ਕੇ ਭਰੋਸਾ ਆ ਗਿਆ ਹੈ।

ਜੋ ਬਾਹਰਿ ਸੋ ਭੀਤਰਿ ਜਾਨਿਆ ॥ ਭਇਆ ਭੇਦੁ ਭੂਪਤਿ ਪਹਿਚਾਨਿਆ ॥੩੦॥	ਕੀਹ? ਕਿ) ਜੋ ਬਾਹਰ (ਵਜਾਪਕ ਪ੍ਰਭੂ) ਹੈ ਉਸ ਨੂੰ ਅੰਦਰ ਪਛਾਣ ਲਿਆ ਹੈ। (ਇਸ ਪ੍ਰਕਾਰ ਜਦ) ਭੇਤ ਪ੍ਰਾਪਤ ਹੋ ਗਿਆ(ਤਦ ਛਤ੍ਰਪਤੀ ਨੂੰ) ਪਛਾਣ (ਲਿਆ ਕਿ ਉਸ ਨੂੰ ਪ੍ਰਾਪਤ ਹੋਇਆ ਮੈਂ ਬੀ) ਭੂਪਤੀ ਹਾਂ॥ ੩੦॥

ਵਜਾਖਜਾ— ਜੈਸੇ ਕਿਹਾ ਹੈ:-

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥

[ਸੋਰਠਿ ਰਵਿਦਾਸ ਜੀ-੧]

ਉਹ ਨਰਪਤ ਜਾਗ ਕੇ ਫਿਰ ਭੂਪਤ ਹੋ ਗਿਆ। ਪਿੱਛੇ ਛਛੇ ਅੱਖਰ ਵਿਚ ਅਪਣੇ ਪ੍ਰੀਤਮ ਨੂੰ ਛਤ੍ਰਪਤਿ ਕਹਿ ਆਏ ਹਨ, ਹੁਣ ਉਹੋ ਖਜਾਲ ਜਾਪਦਾ ਹੈ, ਏਥੇ ਉਸੇ ਨੂੰ 'ਭੂਪਤਿ' ਆਖਦੇ ਹਨ।

ਇਸ ਅੰਕ ਵਿਚ ਭੇਦ ਦੇ ਤਿੰਨ ਅਰਥ ਹਨ, ਪਹਿਲਾ ਹੈ ਭੇਦ=ਫਰਕ, ਵਿੱਥ; ਦੂਜਾ ਹੈ ਭੇਦ= ਛੇਦ ਕੇ। ਤੀਜਾ ਹੈ ਭੇਦ=ਭੇਤ, ਲੁਕੀ ਗਲ, ਮਰਮ; ਉਂਵ ਤਿੰਨੇ ਥਾਈਂ ਇਕੋ ਭੇਤ ਅਰਥ ਬੀ ਲਾ ਲੈਂਦੇ ਹਨ, ਯਥਾ- ਜਦੋਂ ਭੇਤ ਵਿਚ ਭੇਤ ਮਿਲ ਗਿਆ; ਭਾਵ ਪਰਸਪਰ ਇਕ ਦੂਜੇ ਦੇ ਭੇਤੀ ਹੋ ਗਏ ਤਦ ਭਉ ਦੂਰ ਹੋਕੇ ਭਰੋਸਾ ਬੱਝ ਗਿਆ, ਸੋ ਅੰਦਰ ਬਾਹਰ ਉਹੋ ਪਛਾਣ ਲਿਆ। ਇਉਂ ਜਦ ਭੇਦ (ਇਕ) ਹੋ ਗਿਆ, ਤਦ ਅਪਣੇ ਆਪ ਨੂੰ ਬੀ ਭੂਪਤੀ ਹੀ ਪਛਾਣ ਲਿਆ। ਪਰ ਕਬੀਰ ਜੀ ਅਕਸਰ ਇਕੋ ਪਦ ਦੇ ਅਨੇਕ ਅਰਥਾਂ ਵਾਲੇ ਕਾਵਜ ਦੇ ਕਟਾਖਜ ਵਰਤਦੇ ਹਨ ਇਸ ਕਰਕੇ ਭੇਦ ਦੇ ਤ੍ਰੈ ਵਖੋ ਵੱਖ ਅਰਥਾਂ ਵਾਲੇ, ਅਰਥ ਠੀਕ ਹਨ।

—ਮ—

ਮਮਾ ਮੂਲ ਗਹਿਆ ਮਨੁ ਮਾਨੈ ॥ ਮਰਮੀ ਹੋਇ ਸੁ ਮਨ ਕਉ ਜਾਨੈ ॥	ਮਮੇ (ਅੱਖਰ ਦੁਆਰਾ ਕਹਿੰਦੇ ਹਨ:) ਆਪਣੇ ਮੂਲ (ਜਜੋਤਿ ਸਰੂਪ)*ਨੂੰ ਪਕੜਿਆਂ (ਭਾਵ ਲੱਭ ਲਿਆਂ) ਮਨ ਪਤੀਜਦਾ ਹੈ।(ਮਨ ਦੇ ਇਸ) ਭੇਤ ਨੂੰ ਜੋ ਕੋਈ ਜਾਣਦਾ ਹੋਵੇ ਉਹੀ ਮਨ ਨੂੰ ਜਾਣ ਸਕਦਾ ਹੈ (ਕਿ ਮਨ ਕੀਹ ਵਸਤੂ ਹੈ)। [ਹੁਣ ਮਨ
ਮਤ ਕੋਈ ਮਨ ਮਿਲਤਾ ਬਿਲਮਾਵੈ ॥ ਮਗਨ ਭਇਆ ਤੇ ਸੋ ਸਚੁ ਪਾਵੈ ॥੩੧॥	ਦਾ ਮਰਮ ਦੱਸਦੇ ਹਨ:] ਮਨ ਜਦ (ਜਯੋਤੀ ਸਰੂਪ ਨੂੰ) ਮਿਲਣ ਲਗੇ ਤਾਂ (ਖ਼ਬਰਦਾਰ) ਮਤ ਕੋਈ ਢਿੱਲ ਕਰੀਓ, (ਕਿਉਂਕਿ ਮਨ ਦੇ ਉਸ ਵਿਚ) ਮਗਨ ਹੋ ਗਿਆਂ ਹੀ ਉਹ ਸਤਜ ਸਰੂਪ ਪ੍ਰਾਪਤ ਹੁੰਦਾ ਹੈ॥ ੩੧॥
ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥ ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥੩੨॥	ਮੰਮਾ—ਮਨ ਨਾਲ ਹੀ (ਸਾਡਾ ਕੰਮ =) ਵਾਸਤਾ ਹੈ, (ਪਰ) ਸਿੱਧੀ ਮਨ ਨੂੰ ਸਾਧਿਆਂ ਪ੍ਰਾਪਤ ਹੁੰਦੀ ਹੈ। ਹੇ ਕਬੀਰ ! ਮਨ ਹੀ ਮਨ ਨੂੰ ਆਖਦਾ ਹੈ (ਕਿ ਹੇ) ਮਨ ! ਤੇਰੇ) ਵਰਗਾ (ਪਰਮ ਮਿਤ੍ਰ ਯਾ ਸਿਖਜਾ ਦਾਤਾ) ਕੋਈ ਨਹੀ ਮਿਲਿਆ॥ ੩੨॥
ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥ ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥	[ਹੁਣ ਮਨ ਦਾ ਹੋਰ ਮਰਮ ਦੱਸਦੇ ਹਨ] ਇਸ ਮਨ ਦੇ ਤ੍ਰੈ ਸਰੂਪ ਹਨ—੧.) ਇਹ ਮਨ ਸ਼ਕਤੀ (ਰੂਪ) ਹੈ, ਇਹ ਮਨ ਸ਼ਿਵ (ਕਲਜਾਣ ਸਰੂਪ) ਹੈ, ਇਹ ਮਨ ਪੰਜਾਂ ਤਤਾਂ ਦਾ ਜ਼ੀਉ ਹੈ। ਇਸ ਮਨ ਨੂੰ ਲੈ ਜਾਕੇ ਜੇ (ਕੋਈ) ਉਨਮਨੀ (ਅਵਸਥਾ) ਵਿਚ ਰਹੇ ਤਦ (ਉਹ) ਤਿੰਨਾ ਲੋਕਾਂ ਦੀਆਂ ਗੱਲਾਂ ਦੱਸਦਾ ਹੈ॥ ੩੩॥

ਵਜਾਖਜਾ— ਇਨ੍ਹਾਂ ਤ੍ਰੈ ਅੰਕਾਂ ਦਾ ਭਾਵ ਸਮਝਣ ਤੋਂ ਪਹਿਲਾਂ ਪਿਛੇ ਆਏ ਕਬੀਰ ਜੀ ਦੇ ਗਉੜੀ ਰਾਗ ਦੇ '੨੯—ਵੇਂ' ਸ਼ਬਦ ਨੂੰ ਸਮਝ ਲੈਣਾ ਚਾਹੀਏ; ਜਿੱਥੇ ਦੱਸ ਆਏ ਸਨ ਕਿ ਮਨ ਨੂੰ ਮੂਲੋਂ ਅਭਾਵ ਨਹੀਂ ਕਰ ਦੇਣਾ। ਜੇ ਮੂਲੋਂ ਮਰ ਗਿਆ ਤਾਂ ਕਲਜਾਣ ਕਿਸ ਦੀ ਹੋਣੀ ਹੈ ਤੇ ਕਿਸ ਨੇ ਕਰਨੀ ਹੈ, ਕਿਉਂਕਿ ਮਾਇਆ ਮਗਨਤਾ ਤੇ ਵਿਕਾਰਾਂ ਵਿਚੋਂ, ਹਰ ਪ੍ਰਕਾਰ ਦੇ ਅਗਜਾਨ ਵਿਚੋਂ ਤਾਂ ਮਨ ਹੀ ਕੱਢਦਾ ਹੈ। ਜਿਸ ਦਾ ਭਾਵ ਹੋਇਆ ਕਿ ਨੀਵੀਆਂ ਰੁਚੀਆਂ ਮਨ ਦੀਆਂ ਦੂਰ ਕਰਨੀਆਂ ਹਨ ਤੇ ਉੱਚੀਆਂ ਰੁਚੀਆਂ ਧਾਰਨੀਆਂ ਹਨ, ਫੇਰ ਮਨ ਨੂੰ ਸਰਵ ਮਾਇਆ ਕਹੋ, ਹਉਮੈਂ ਕਹੋ, ਇਸ ਤੋਂ ਸੁਤੰਤ੍ਰ ਹੋ ਕੇ ਜਗਤ ਜੀਵਨ ਵਿਚ ਲੀਨ ਹੋ ਜਾਣਾ ਹੈ, ਯਥਾ:-

ਮਨੁ ਭਇਆ ਜਗ ਜੀਵਨ ਲੀਣਾ॥ [ਪ੍ਰਭਾਤੀ ਕਬੀਰ ਜੀ—]

ਲੀਨ ਹੋ ਕੇ ਇਸ ਨੇ ਨਾਸ਼ ਨਹੀਂ ਹੋ ਜਾਣਾ, ਜਿਸ ਵਿਚ ਲੀਨ ਹੋਣਾ ਹੈ ਉਸ ਨਾਲ ਤਦਰੂਪ ਹੋ ਜਾਣਾ ਹੈ, ਜੈਸੇ ਉਥੇ ਹੀ ਫੁਰਮਾਇਆ ਹੈ:-ਮਨੁ ਮਧੁਸੂਦਨੁ ਤ੍ਰਿਭਵਣ ਦੇਉ॥ [ਗਉੜੀ ਕਬੀਰ ਜੀ ੨—]

ਓਥੇ ਹੀ ਅਪਣੇ ਵਾਦੀ ਨੂੰ ਕਹਿੰਦੇ ਹਨ:-"ਕਹੁ ਕਬੀਰ ਜੋ ਜਾਨੈ ਭੇਉ"॥

ਉਹ ਭੇਉ ਏਥੇ ਮਮੇ ਅੱਖਰ ਵਿਚ ਖੋਹਲਿਆ ਹੈ। ਮਨ ਦੇ ਤ੍ਰੈ ਸਰੂਪ ਦੱਸੇ ਹਨ, ਪੰਜਾਂ ਤੱਤਾਂ ਦੇ ਸ਼ੁੱਧ ਅੰਸ਼ ਤੋਂ ਮਨ ਬਣਦਾ ਹੈ, ਇਸ ਕਰਕੇ ਇਸ ਨੂੰ 'ਪੰਚ ਤਤ ਕੋ ਜੀਉ' ਕਿਹਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੀ ਇਸੇ ਤਰ੍ਹਾਂ ਫੁਰਮਾਇਆ ਹੈ:—'ਇਹ ਮਨੁ ਪੰਚ ਤਤੁ ਤੇ ਜਨਮਾ' [ਆਸਾ ਮ: ੧,ਅਸ਼ਟ—]

ਇਸ ਕਰਕੇ ਇਸ ਨੂੰ ਪੰਚਮ ਸਤਿਗੁਰੂ ਜੀ ਨੇ 'ਪੰਚ ਭੂ-ਆਤਮਾ' ਕਿਹਾ ਹੈ। ਪੰਜਾਂ ਤਤਾਂ ਦਾ ਸੂਖਮ ਅੰਸ਼, ਯਥਾ:—ਪੰਚ ਭੂ ਆਤਮਾ ਹਰਿ ਨਾਮ ਰਾਸ ਪੋਖੈਂ॥ [ਗਉੜੀ ਥਿਤੀ ਮ:-੧—]

ਇਸ ਮਨ ਨੂੰ ਵੱਸ ਕਰਨਾ, ਜਿਸ ਨੂੰ ਹਰੀ ਨਾਮ ਨਾਲ ਰੰਗਣਾ ਉਪਰਲੀ ਤੁਕ ਵਿਚ ਕਿਹਾ ਹੈ। ਤੀਸਰੇ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਇਸ ਪੰਚ ਭੂ-ਆਤਮਾ ਮਨ ਨੂੰ ਪਹਿਲੋਂ ਵੱਸ ਕਰਨਾ ਹੈ, ਯਥਾ:-

ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ॥੨॥

[ਗੂਜਰੀ ਮ: ੩—]

ਦੂਸਰਾ ਮਨ ਸ਼ਿਵ ਰੂਪ ਹੈ। ਇਹ ਮਨ ਆਤਮ ਜਜੋਤਿ ਹੈ। ਜਿਸ ਨੂੰ ਤੀਸਰੇ ਸਤਿਗੁਰਾਂ ਨੇ ਜਜੋਤਿ ਸਰੂਪੁ ਕਿਹਾ ਹੈ: ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ [ਆਸਾ ਮ: ੩, ਛੰਦ—]

ਕਬੀਰ ਨੇ ਮਨ ਦਾ ਇਹ ਅਸਲੀ ਤੇ ਆਦਿ ਸਰੂਪ, ਜਿਸ ਨੂੰ ਹੁਣ 'ਸੀਉ' ਕਿਹਾ ਨੇ, ਐਉਂ ਆਪ ਦੱਸਿਆ ਹੈ:—ਅਬ ਮਨੁ ਉਲਟਿ ਸਨਾਤਨੁ ਹੂਆ॥ ਤਬ ਜਾਨਿਆ ਜਬ ਜੀਵਤ ਮੂਆ॥

[ਗਉੜੀ ਕਬੀਰ ਜੀ-੧.]

ਭਾਵ ਹੈ ਕਿ ਜਦ ਜੀਵਤ ਭਾਵ ਤੋਂ ਹਟ ਗਿਆ ਤਦ ਮਨ ਜੋ ਸ਼ਕਤੀ ਤੇ ਪਚੀਂ ਭੂ-ਆਤਮਾ ਰੂਪ ਸੀ 'ਸੀਉ' ਰੂਪ ਹੋ ਗਿਆ। ਇਸ ਸ਼ਬਦ ਵਿਚ ਦੱਸਦੇ ਹਨ ਕਿ ਇਹ ਅਵਸਥਾ ਸਹਜ ਸੁਖ ਵਿਚ ਸਮਾਏ ਜਾਣ ਦੀ ਹੈ।

ਤੀਸਰਾ ਮਨ ਹੈ, ਸ਼ਕਤੀ। ਇਹ ਦੋਹਾਂ ਦੇ ਵਿਚਕਾਰ ਹੈ। ਸ਼ਕਤੀ ਰੂਪ ਮਨ ਤੇ ਪੰਜ ਤਤ ਦੇ ਜੀਉ ਰੂਪੀ ਮਨ ਦਾ ਪ੍ਰਕਾਸ਼ਕ 'ਸੀਉ' ਰੂਪੀ ਮਨ ਹੈ—[ਸਿਉ = ਸਿਵ = ਕਲਜਾਣ ਸਰੂਪ ਯਾ ਜੋਜਤਿ ਸਰੂਪ]। ਮਨ ਦਾ ਪ੍ਰਭਾਵ ਜਦ ਸ਼ਕਤੀ ਰੂਪ ਮਨ ਲੈਂਦਾ ਹੈ ਤਾਂ ਸੰਕਲਪ ਉੱਚੇ ਪਾਸੇ ਦੇ ਉਪਜਦੇ ਹਨ ਤੇ ਇਹੋ ਸ਼ਕਤੀ ਰੂਪੀ ਮਨ ਪੰਜ ਤਤ ਹਾਲੇ ਮਨ ਨੂੰ ਪੰਜ ਤਤਾਂ ਦੀ ਖਿੱਚ ਵਿਚ ਜਾ ਕੇ ਵਿਕਾਰਾਂ ਤੇ ਤੇ ਮਾੜੇ ਸੰਕਲਪਾਂ ਤੋਂ ਹੋੜਦਾ ਹੈ। ਪੰਚ ਤਤ੍ਵੀ ਮਨ ਜਦ ਵਿਕਾਰਾਂ ਭੋਗਾਂ ਵਿਚ ਜਾਂਦਾ ਹੈ ਤਾਂ ਸ਼ਕਤੀ ਸਾਰੀ ਇਸੇ ਸ਼ਕਤੀ ਰੂਪ ਮਨ ਦੀ ਹੁੰਦੀ ਹੈ। ਹੁਣ ਸਾਧਨਾ ਇਸੇ ਮਨ ਨੂੰ ਹੈ ਕਿ ਇਹ ਨੀਵੀਆਂ

ਰੁਚੀਆਂ ਵਾਲੇ ਨੂੰ ਜਿੱਤ ਲਵੇ, ਮਨਿ ਜੀਤੈ ਜਗੁ ਜੀਤੁ ਹੋ ਜਾਏ। ਇਹ ਸ਼ਕਤੀ ਰੂਪ ਮਨ ਜਦ ਪੰਚ ਤਤ੍ਰੀ-ਮਨ ਨੂੰ ਵੱਸ ਕਰ ਲੈਂਦਾ ਹੈ ਤਾਂ ਉੱਪਰ ਨੂੰ ਉੱਚਾ ਉਠਦਾ ਹੈ ਤੇ ਅਪਣੀ ਸਾਰੀ ਸ਼ਕਤੀ ਇੰਦ੍ਰਿਆਂ ਨੂੰ ਕਾਬੂ ਰੱਖਣ ਵਿਚ ਭਲੇ ਆਚਰਣ ਵਿਚ ਜੀਵਨ ਬਸਰ ਕਰਨ ਵਿਚ ਤੇ ਨਾਮ ਸਿਮਰਨ, ਹਰੀ ਕੀਰਤਨ ਕਰਨ, ਸਤਿਸੰਗ ਤੇ ਗਜਾਨ ਵੀਚਾਰ ਵਲ ਖਰਚ ਕਰਦਾ ਹੈ; ਅੰਤ ਜਦ ਇਸ ਵਿਚੋਂ ਦਵੈਤ ਭਾਵਨਾਂ ਨਿਕਲ ਜਾਂਦੀ ਹੈ ਤਾਂ ਇਹ ਦੁਇ ਮਨ ਸਿਵ ਸਰੂਪੀ ਮਨ ਵਿਚ ਲੀਨ ਹੋ ਜਾਂਦੇ ਹਨ ਤੇ ਸਿਵ ਸਰੂਪੀ ਮਨ ਸਿਵ (=ਕਲਜਾਣ ਸਰੂਪ ਪਰਮ ਜੋਤਿ) ਵਿਚ ਤਦਰੂਪ ਹੋ ਜਾਂਦਾ ਹੈ।

ਜਦ ਤਕ ਸ਼ਰੀਰ ਰਹਿੰਦਾ ਹੈ ਤਦ ਤਕ ਮਨ ਤਿੰਨੇ ਰਹਿੰਦੇ ਹਨ, ਨਹੀਂ ਤਾਂ ਸਰੀਰ ਦੀ ਕ੍ਰਿਯਾ ਖੜੋ ਜਾਂਦੀ ਹੈ। ਪਰ ਪੰਜ ਤਤੀ ਮਨ ਫੇਰ ਨੀਵੇਂ ਪਾਸੇ ਨਹੀਂ ਲਿਜਾਂਦਾ ਸੁਖ ਪੂਰਬਕ ਸਰੀਰ ਦੀ ਕ੍ਰਿਯਾ ਸਾਧਦਾ ਹੈ ਤੇ ਉੱਚੇ ਪਾਸੇ ਦੇ ਕਾਰਜਾਂ ਵਿਚ ਸੱਤਜਾ ਦੇਂਦਾ ਹੈ।

ਸ਼ਕਤੀ ਰੂਪ ਮਨ ਫੇਰ ਅਪਣੇ ਸਰੀਰ ਨੂੰ ਸੁਸਥ ਰਖਦਾ ਹੈ, ਸਰੀਰ ਰਖਜਾ ਪਾਲਣਾ ਆਦਿ ਕਰਦਾ ਹੋਇਆ ਇੰਦ੍ਰਿਆਂ ਨੂੰ ਭੋਗਾਂ ਵੱਲ ਨਹੀਂ ਜਾਣ ਦੇਂਦਾ। ਭਜਨ ਬੰਦਗੀ, ਉਪਕਾਰ ਵਿਚ ਸਰੀਰ ਨੂੰ ਰੱਖਦਾ ਹੈ, ਤੇ ਅੰਦਰ ਸਰਬ ਵਜਾਪੀ ਜਜੋਤਿ ਸਰੂਪ ਨਾਲ ਅਪਣੇ ਸ਼ਿਵ ਸਰੂਪ ਮਨ ਨੂੰ ਲੱਗੇ ਰਹਿਣ ਤੋਂ ਉੱਠਣ ਨਹੀਂ ਦੇਂਦਾ। ਇਹ ਇਕ ਲਿਵ ਦਾ ਰੂਪ ਬਣਾਈ ਰਖਦਾ ਹੈ, ਜਿਸ ਕਰਕੇ ਇਕ ਪਾਸੇ ਅਪਣੀ ਚੇਤਨਤਾਪਰਮ ਚੇਤਨਤਾ ਨਾਲ ਮਿਲੀ ਰਹਿੰਦੀ ਹੈ, ਦੂਜੇ ਪਾਸੇ ਸਰੀਰ ਦੇ ਕਾਰਜ ਪਵਿਤ੍ਰਤਾ ਵਿਚ ਭੁਗਤਦੇ ਜਾਂਦੇ ਹੈਨ।

ਇਹ ਅਵਸਥਾ ਜਦ ਹੋ ਜਾਵੇ ਕਿ ਏਹ ਦੋਇ ਮਨ ਜਦ ਲੈਕੇ ਭਾਵ ਅਪਣੇ ਅਧੀਨ ਕਰਕੇ ਉੱਚੇ ਮਨ(=ਸ਼ਿਵ ਸਰੂਪ ਮਨ) ਵਿਚ ਰਹੇ ਤਦ ਤਿੰਨਾ ਲੋਕਾਂ ਦੀਆਂ ਗੱਲਾਂ ਕਰੇ। ਭਾਵ ਜੀਕੂੰ ਸ਼ਿਵ ਤਿੰਨਾ ਲੋਕਾਂ ਦਾ ਜਾਣੂ ਹੈ ਉਹ ਬੀ ਸ਼ਿਵ ਸਮਾਇਆ ਤ੍ਰੈ ਲੋਕੀ ਦਾ ਜਾਣਨਹਾਰ ਹੋਵੇਗਾ।

ਇਸ ਤੋਂ ਪਤਾ ਲਗਾ ਕਿ ਮਨ ਦਾ ਮੂਲ (ਸ਼ਿਵ=) ਕਲਜਾਣ ਸਰੂਪਤਾ ਹੈ। ਇਸ ਮੂਲ ਨੂੰ ਪਕੜਿਆਂ ਮਨ ਪਤੀਜਦਾ ਹੈ, ਨਹੀਂ ਤਾਂ ਡੋਲਦਾ ਰਹਿੰਦਾ ਹੈ। ਸੋ ਮਨ ਨੂੰ ਜਾਣਨਾ ਇਸ ਮਰਮ (=ਭੇਤ) ਦੇ ਜਾਣਨ ਉਤੇ ਨਿਰਭਰ ਰਖਦਾ ਹੈ। ਹੁਣ ਇਕ ਖ਼ਬਰਦਾਰੀ ਦਾਨ ਕਰਦੇ ਹਨ ਕਿ ਖ਼ਬਰਦਾਰ ਰਹੋ ਜਦੋਂ ਮਨ ਅਪਣੇ ਮੂਲ ਸਰੂਪ ਵਿਚ ਮਿਲਣ ਲੱਗੇ ਤਾਂ ਦੇਰ ਨਾ ਲਾਵੇ ਕਿ ਇਹ ਕੀ ਹੋਣ ਲਗਾ ਹੈ, ਮੇਰਾ ਵੱਖਰਾ ਪਨ ਨਾ ਰਿਹਾ ਤਾਂ ਮੈਂ ਹੀ ਕੀਹ ਰਿਹਾ; ਐਸਾ ਨਾ ਵੀਚਾਰੇ। ਜਦੋਂ ਮਨ (ਨਾਮ ਸਿਮਰਨ, ਕੀਰਤਨ ਪ੍ਰੇਮ ਆਦਿ ਨਾਲ) ਅਪਣੇ ਆਪ ਵਿਚ ਇਕੱਠਾ ਹੋ ਕੇ ਮਗਨਤਾ ਵਿਚ ਜਾਵੇ ਉਸ ਨੂੰ ਨਾ ਰੋਕੋ, ਕਿਸੇ ਕਾਰਣ ਦੇਰ ਨਾ ਲਾਵੇ। ਕਿਉਂਕਿ ਮਗਨ ਹੋਣ ਨਾਲ ਹੀ ਸਤਜ ਸਰੂਪ (ਪ੍ਰਭੂ) ਦੀ ਪ੍ਰਾਪਤੀ ਹੋਣੀ ਹੈ। ਜੋ ਪ੍ਰੇਮੀ ਸਿਮਰਨ ਕੀਰਤਨ ਦੇ ਆਸਰੇ ਟੁਰਦੇ ਹਨ ਉਹਨਾਂ ਨੂੰ ਆਪੇ ਵਿਚ ਮਗਨ ਹੋਣ ਦੇ ਸਮੇਂ ਆਉਂਦੇ ਹਨ। ਉਸ ਵੇਲੇ ਕੋਲ ਬੈਠਿਆਂ ਦੀ ਸ਼ਰਮ ਕਰਕੇ ਅਥਵਾ ਕਿਸੇ ਹੋਰ ਕਾਰਜ ਦੇ ਪੱਜ ਕਰਕੇ ਮਨ ਨੂੰ ਮਗਨ ਹੋਣ ਵਿਚ ਢਿੱਲ ਨਾ ਲਾਵੇ। ਉਹ ਛਿਨ ਉਹ ਘੜੀ ਸੁਲੱਖਣੀ ਹੁੰਦੀ ਹੈ, ਕੀ ਜਾਣੀਏ ਉਸ ਮਗਨਤਾ ਵਿਚ ਅੰਤ ਵਿਚਲੀ ਜੀਵਾਤਮਾ ਅਨਤ ਪਰਮਾਤਮਾ ਵਿਚ ਲੀਨ ਹੋਣ ਲਗੀ ਹੈ ਤੇ ਉਸ ਵੇਲੇ:-ਬਾਹ ਪਕਰਿ ਪਿਅ ਸੇਜੈ ਆਨੀ।। (ਆਸ ਮਹਲਾ ੫-੭) ਵਾਲੀ ਗਲ ਵਰਤਣ ਲਗੀ ਹੈ। ਮਤੇ ਉਸ ਮਗਨਤਾ ਨੂੰ ਹੋੜਨਾ ਉਸ ਪ੍ਰਿਯ ਦੀ ਬੇਅਦਬੀ ਹੋ ਜਾਵੇ।

ਇਸ ਕਰਕੇ ਅੰਕ ੩੨ ਵਿਚ ਦੱਸਦੇ ਹਨ ਕਿ ਇਸ ਮਨ ਨੂੰ ਕਹੋ ਮਾਰੋ ਨਾ, ਗਮਰੁੱਠ ਨਾ ਕਰੋ, ਇਸੇ ਮਨ ਨਾਲ ਹੀ ਜਗਜਾਸੂ ਨੂੰ ਗਿਆਨੀ ਨੂੰ,ਭਗਤ ਨੂੰ, ਕੰਮ ਹੈ, ਇਸੇ ਨੇ ਜੀਵਨ ਮੁਕਤ ਕਰਨਾਂ ਹੈ, ਇਸੇ ਨੇ ਭਗਤ ਗਿਆਨੀ ਬਨਾਉਣਾ ਹੈ, ਇਸੇ ਨੇ ਨੀਵੀਆਂ ਰੁਚੀਆਂ ਤੋਂ ਕੱਢਕੇ ਉਨਮਨ,

ਉੱਚ-ਸੁਰਤੇ ਕਰ ਦੇਣਾ ਹੈ। ਇਸ ਨੂੰ ਮਾਰਨਾ ਕੁੱਟਣਾ, ਕੋਹਣਾ ਨਹੀਂ ਇਸ ਨੂੰ ਸਾਧਣਾ ਹੈ। ਪੰਚ ਤਤ੍ਵੀ ਸੁਭਾਵ ਤੋਂ, ਪੰਚ ਤਤਮਯ ਸ਼ਕਤੀ ਸੁਭਾਵ ਤੋਂ ਉੱਚਾ ਕਰਕੇ 'ਸ਼ਿਵ ਰੂਪਤਾ' ਵਿਚ ਲੈ ਜਾਣਾ ਹੈ। ਇਸ ਨੂੰ ਕਹੀਦਾ ਹੈ ਮਨ ਦਾ ਸਾਧਣਾ। ਇਸੇ ਦੇ ਸਾਧ ਲੈਣ ਨਾਲ ਸਿਧੀ ਪ੍ਰਾਪਤ ਹੋਣੀ ਹੈ, ਇਸ ਕਰਕੇ ਮਨ ਹੀ ਮਨ ਨੂੰ ਆਖਦਾ ਹੈ ਕਿ ਹੇ ਮਨ ਤੂੰ ਹੀ ਸ਼ੱਤਰੂ ਸੈਂ, ਪਰ ਸੱਜਣਾ ਤੇਰੇ ਵਰਗਾ ਮਿਤ੍ਰ ਬੀ ਸਾਨੂੰ ਹੋਰ ਕੋਈ ਨਹੀਂ ਮਿਲਿਆ। ਪ੍ਰਸ਼ਨ ਹੁੰਦਾ ਹੈ ਕਿ ਸਤਿਸੰਗ, ਗੁਰੂ, ਕੀਰਤਨ, ਨਾਮ ਕਿਆ ਏਹ ਮਿੱਤ੍ਰ ਨਹੀਂ ਹਨ ? ਏਹ ਮਿੱਤ੍ਰ ਹਨ, ਪਰ ਜੇ ਮਨ ਅਵੈੜਾ ਰਹੇ, ਮਨ ਹੀ ਪਲਟਾ ਨਾ ਖਾਵੇ ਤਾਂ ਸਤਿਸੰਗ ਵਿਚ ਕੌਣ ਜਾਵੇ ਗੁਰੂ ਦੀ ਸ਼ਰਣ ਕੌਣ ਲਵੇ, ਪਰਮਾਤਮਾ ਵੱਲ ਸੇਧ ਕੌਣ ਬੰਨ੍ਹੇ, ਨਾਮ ਬਾਣੀ ਦੀ ਸ਼ਰਣ ਕੌਣ ਲਵੇ, ਇਸ ਕਰਕੇ ਮਨ ਵਰਗਾ ਮਿੱਤ੍ਰ ਬੀ ਕੋਈ ਨਹੀਂ ਹੈ।

ਉਪਰਲੇ ਦਰਸਾਏ ਭਾਵ ਗੁਰਬਾਣੀ ਦੇ ਚਾਨਣੇ ਵਿਚ ਤੇ ਗੁਰਮੁਖਾਂ ਦੇ ਤਜਰਬੇ ਵਿਚ ਜੀਕੂੰ ਆਉਂਦੇ ਹਨ ਵਰਣਨ ਹੋਏ ਹਨ।;

ਹੁਣ ਜੀਕੂ ਨਿਰੇ ਗਿਆਨ ਪੱਖ ਵਾਲੇ ਅੰਕ ੩੩ ਦੇ ਅਖਰਾਂ ਨੂੰ ਲਾਉਂਦੇ ਹਨ ਵਰਣਨ ਕਰਦੇ ਹਾਂ:—

੧. ਮਨ ਜਦ ਮਾਇਆ ਨਾਲ ਮਿਲਦਾ ਹੈ ਤਾਂ ਤਦ ਇਹ ਸ਼ਕਤੀ ਵਾਲਾ ਕਹੀਦਾ ਹੈ। ਜਦ ਇਹ ਮਨ ਪਰਮਾਤਮਾ ਨਾਲ ਮਿਲਦਾ ਹੈ ਤਦ ਸ਼ਿਵ ਰੂਪੀ ਕਹੀਦਾ ਹੈ। ਜਦ ਇਹ ਮਨ ਪੰਚ ਤਤਾਂ ਦੇ ਸਰੀਰ ਦਾ ਅਭਿਮਾਨੀ ਹੁੰਦਾ ਹੈ ਤਦ ਜੀਉ ਕਹੀਦਾ ਹੈ। ਜਦ ਜਗਜਾਸੂ ਉਨਮਨ (= ਤੁਰੀਆ ਪਦ) ਵਿਚ ਜਾ ਟਿਕਦਾ ਹੈ ਤਦ ਤਿੰਨਾ ਲੋਕਾਂ ਨੂੰ ਮਿਥਿਆ ਆਖਦਾ ਹੈ ਕਿ ਇਹ ਤਾਂ ਬਾਤ ਮਾਤ੍ਰ ਹਨ, ਵਾਸਤਵ ਵਿਚ ਕੁਛ ਨਹੀਂ।

੨. ਇਹ ਮਨ ਗਜ ਨ ਸਰੂਪ ਬ੍ਰਹਮ ਹੀ ਕਲਪਤ ਵਸਤੂ ਨੂੰ ਅਭਿੰਨ ਨਾ ਰੱਖਕੇ ਸ਼ਕਤੀ ਰੂਪ ਹੈ। ਇਹ ਮਨ ਗਜਾਨ ਸਰੂਪ ਬ੍ਰਹਮ ਹੀ ਅਪਣੇ ਆਪ ਵਿਚ ਕਲਜਾਨ ਸਰੂਪ ਹੈ। ਇਹ ਮਨ ਗਜਾਨ ਸਰੂਪ ਬ੍ਰਹਮ ਹੀ ਮਾਇਆ ਦੇ ਕਾਰਯ ਪੰਜ ਤਤਾਂ ਦਾ ਜੀਉ ਹੈ, ਭਾਵ ਆਸਰਾ ਰੂਪ ਹੈ। ਸੋ ਜੇ ਗਜਾਨ ਸਰੂਪ ਬ੍ਰਹਮ ਨੂੰ ਹੀ ਅਪਣੇ ਅੰਤਹਕਰਣ ਵਿਚਲੇ (= ਗ੍ਰਹਣ) ਕਰਕੇ; ਉਨਮਨਿ (= ਮਨ ਤੋਂ ਉੱਚਾ) ਭਾਵ ਨਿਰਸੰਕਲਪ ਹੋਇਆ ਰਹੇ ਤਾਂ ਤਿੰਨਾਂ ਲੋਕਾਂ ਬਾਬਤ ਐਸ ਤਰ੍ਹਾਂ ਗਲਾਂ ਕਰੇਗਾ ਕਿ ਤਿੰਨੇ ਲੋਕ ਬੀ ਬ੍ਰਹਮ ਸਰੂਪ ਹਨ।

ਧਿਆਨ ਮਾਰਗ ਵਿਚ ਅਰਥ ਦਾਨੇ ਐਉਂ ਲਾਉਂਦੇ ਹਨ:—

੧. ਸਕਤੀ ਦਾ ਧਿਆਨ ਕਰਕੇ ਨਾਲ ਇਹ ਮਨ ਸ਼ਕਤੀ ਰੂਪ ਹੋ ਜਾਂਦਾ ਹੈ। ਸ਼ਿਵ ਦਾ ਧਜਾਨ ਕਰਨੇ ਨਾਲ ਇਹ ਮਨ (ਸ਼ਿਵ) ਕਲਿਆਣ ਸਰੂਪ ਹੋ ਜਾਂਦਾ ਹੈ। ਪੰਜਾਂ ਤਤਾਂ ਦਾ ਧਜਾਨ ਧਰਨੇ ਨਾਲ ਪੰਜਾਂ ਤਤਾਂ ਦਾ ਜੀਵ ਬਣ ਜਾਂਦਾ ਹੈ। ਹੁਣ ਜੇ ਪਰਮਾਤਮਾ ਦਾ ਧਜਾਨ ਪਰਮਾਤਮ ਰੂਪ ਵਿਚ ਟਿਕਿਆ ਰਹੇ ਤਦ ਪਰਮਾਤਮਾ ਵਾਂਙੂ ਹੀ ਸਰਵੱਗ ਹੋ ਜਾਇਗਾ, ਤਿੰਨਾਂ ਲੋਕਾਂ ਦਾ ਜਾਣਨਹਾਰ ਤੇ ਦੱਸਣਹਾਰ ਹੋ ਜਾਏਗਾ।

੨. ਇਹ ਮਨ ਸ਼ਕਤੀ (= ਪ੍ਰਕ੍ਰਿਤੀ) ਹੈ ਯਾ ਮਾਇਆ ਹੈ, ਜੋ ਸੰਸਾਰ ਰਚਦੀ ਹੈ। ਇਹ ਮਨ ਹੀ ਪ੍ਰਕ੍ਰਿਤੀ ਯਾ ਮਾਇਆ ਦਾ ਰਚਣਹਾਰ ਸ਼ਿਵ ਸਰੂਪ ਹੈ। ਇਹ ਮਨ ਹੀ ਪੰਜਾਂ ਤੱਤਾਂ ਦੇ ਰਚੇ ਸਰੀਰਾਂ ਦੇ ਅੰਦਰ ਜੀਵ ਰੂਪ ਹੈ, ਜਿੰਦ ਹੈ। (ਇਹੁ ਮਨੁ =) ਇਸ ਮਨ ਨੂੰ ਲੈ ਕਰਕੇ (ਭਾਵ ਨਿਰੋਧ ਕਰਕੇ) ਉਨ ਮਨੀ ਅਵਸਥਾ ਵਿਚ ਰਹੇ (ਭਾਵ ਟਿਕਿਆ ਰਹੇ ਨਿਰੁੱਧਤਾ ਵਿਚ) ਤਾਂ ਤਿੰਨਾਂ ਲੋਕਾਂ ਦੀਆਂ ਗਲਾਂ (ਅੰਤਰਯਾਮੀ ਹੋ ਕੇ) ਕਰੇਗਾ।

੩. ਇਹ ਮਨ ਸ਼ਕਤੀ ਮਾਇਆ ਮੈਂ ਮਿਲਾ ਹੂਆ ਮਾਇਆ ਹੋ ਜਾਤਾ ਹੈ ਔਰ ਇਹ ਮਨ (ਸੀਉ) ਈਸ਼੍ਵਰ ਮੈਂ ਮਿਲਾ ਈਸ਼੍ਵਰ ਰੂਪ ਹੋ ਜਾਤਾ ਹੈ। ਪੁਨਾ ! ਯਹੀ ਮਨੁ ਪੰਚ ਤਤ ਕਾ ਜੋ ਸਰੀਰ

ਹੈ ਤਿਸ ਮੈਂ ਅਧਿਆਸ ਕਰਕੇ ਸਰੀਰ ਰੂਪ ਹੋ ਜਾਤਾ ਹੈ ਵਾ ਪੰਚ ਤਤੋਂ ਕੀ ਸੋਤ ਅੰਸ ਤੇ ਉਤਪਤਿ ਹੂਆ ਹੈ ਇਸ ਤੇ ਪੰਚ ਤਤੋਂ ਕਾ ਜੀਵ ਕਹਾ ਹੈ। ਜੇਕਰ ਇਸ ਮਨ ਕੋ ਲੇਕਰ ਅਰਥਾਤ ਵੱਸ ਕਰਕੇ (ਉਨਮਨਿ) ਤੁਰੀਆ ਮੈਂ ਰਹੇ ਤਬ ਤੀਨ ਲੋਕ ਕੀ ਬਾਤਾਂ ਕਹਿਤਾ ਹੈ, ਕਿਆ ? ਤ੍ਰਿਲੋਕੀ ਮਿਥਿਆ ਹੈ ਵਾ ਬ੍ਰਹਮ ਰੂਪ ਹੈ ਵਾ ਦੂਰ ਦਰਸ਼ਨ ਆਦਿਕ ਸਿਧੀਆਂ ਪ੍ਰਾਪਤ ਹੋਤੀਆਂ ਹੈਂ।

ਨਿਰੁਕਤ—ਬਿਲਮਾਵੈ—ਬਿਲਮ ਕਰੇ। ਦੇਰ ਕਰੇ।　　**ਕਾਜੁ**—ਕੰਮ, ਵਾਸਤਾ।

ਸਾਧੇ-ਸਾਧਿਆਂ, ਬਾਹਰ ਮੁਖ ਨੂੰ ਅੰਤਰ ਮੁਖ ਕੀਤਿਆਂ।

ਸਿਧਿ—ਕਾਮਯਾਬੀ। ਪਿਛੇ ਕਹੀ ਪਰਮਾਤਮ ਮੇਲ ਦੀ ਸਿੱਧੀ।

—ਯ—

ਯਯਾ ਜਉ ਜਾਨਹਿ ਤਉ ਦੁਰਮਤਿ ਹਨਿ ਕਰਿ ਬਸਿ ਕਾਇਆ ਗਾਉ ॥ ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ ॥੩੪॥

[ਪਿਛਲੇ ਉਪਦੇਸ਼ ਦੇ ਸਿੱਟੇ ਵਿਚ] ਯਯੇ (ਅੱਖਰ ਦੁਆਰਾ ਤਾਕੀਦ ਕਰਦੇ ਹਨ ਕਿ ਪੰਜ ਤਤ ਦੇ ਮਨ ਤੇ ਸਰੀਰ ਨੂੰ ਕਾਬੂ ਵਿਚ ਰੱਖ:) ਜੇ ਤੈਨੂੰ ਗਿਆਨ (ਕੁਛ) ਮਿਲ ਪਿਆ ਹੈ ਤਾਂ (ਪਹਿਲਾ ਕੰਮ ਇਹ ਹੈ ਕਿ) ਖੋਟੀ ਬੁਧੀ ਦਾ ਨਾਸ਼ ਕਰ ਤੇ ਸਰੀਰ ਰੂਪੀ ਪਿੰਡ ਨੂੰ (ਆਪਣੇ) ਕਾਬੂ ਵਿਚ ਕਰ ਲੈ, (ਐਸੇ ਕਰਨੇ ਵਿਚ ਜੋ ਜੁੱਧ ਹੋਏਗਾ ਉਸ ਨੂੰ ਜਿੱਤਣੇ ਵਾਲਾ) ਸੂਰਮਾ ਤੂੰ ਤਦ ਹੀ ਕਹਾਏਂਗਾ ਜੇ ਰਣ ਵਿਚ (ਰੂਤਉ=) ਰੁੱਝਾ ਹੋਇਆ ਤੂੰ ਭੱਜ ਨਾ ਜਾਏਂ॥ ੩੪॥

ਵਜਾਖਜਾ—ਇਸ ਅੰਕ ਵਿਚ ਦਾ ਕਟਾਖਜ ਗਿਰੇ ਹੋਏ ਆਚਰਣ ਵਾਲੇ ਮੁੱਖ ਗਜਾਨੀ ਨੂੰ ਮਤਿ ਦੇਣੇ ਦਾ ਹੈ ਕਿ ਸਰੀਰ ਨੂੰ ਵਿਕਾਰਾਂ ਤੋਂ ਉੱਜਲਾ ਰਖ ਤੇ ਮਤਿ ਨੂੰ ਨਿਰਮਲ ਕਰ। ਨਾ ਖੋਟੇ ਸੰਕਲਪ ਉੱਠਣ ਦੇਹ ਨਾ ਖੋਟੇ ਕੰਮ ਕਰ, ਨਹੀਂ ਤਾਂ ਕਾਇਰ ਤੇ ਭੱਜਾ ਹੋਇਆ ਨਾਲਾਇਕ ਕਹਾਏਂਗਾ।

—ਰ—

ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ ॥ ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥੩੫॥

['ਯਯੇ' ਵਾਲਾ ਉਪਦੇਸ਼ ਹੀ] 'ਰਾਰੇ' [ਵਿਚ ਚਲਦਾ ਹੈ, ਇਸ ਵਿਚ ਇਕ ਮਾਨਸਿਕ ਅਸੂਲ ਦੱਸਦੇ ਹਨ ਕਿ ਸਰੀਰਕ ਰਸਾਂ ਦੇ ਸੁਆਦਾਂ ਨੂੰ ਛੱਡੋਂ ਤਾਂ ਆਤਮ ਰਸ ਦਾ ਸੁਆਦ ਤੈਨੂੰ ਪੈਦਾ ਹੋਵੇ, ਇਸ ਰਸ ਦੇ ਕੁਰਸ ਵਿਚ ਓਹ ਆਤਮ ਰਸ ਪਛਾਣ ਨਹੀਂ ਹੁੰਦਾ:] (ਇਸ ਕਾਂਇਆਂ ਗਾਂਉਂ ਦੇ) ਰਸ ਨੂੰ ਜਦ ਬੇਰਸ ਸਮਝ ਲਿਆ ਤਦੋਂ (ਇਸ ਰਸ ਤੋਂ) ਰਸ ਰਹਿਤ ਹੋ ਕੇ ਉਸ (ਆਤਮ-) ਰਸ ਨੂੰ ਪਛਾਣਿਆ। (ਗੱਲ ਕੀਹ ਜਦੋਂ) ਓਹ (ਕਾਂਇਆਂ ਗਾਉਂ ਦੇ) ਰਸ ਛੱਡੇ ਤਾਂ ਇਹ (ਆਤਮ-) ਰਸ ਆਇਆ। (ਜਦੋਂ) ਉਹ (ਆਤਮ-) ਰਸ ਪੀਤਾ ਤਾਂ ਇਹ (ਕਾਂਇਆਂ ਗਾਉਂ ਦਾ) ਰਸ ਨਾ ਭਾਇਆ (ਭਾਵ ਚੰਗਾ ਨਾ ਲੱਗਾ)॥ ੩੫॥

ਵਜਾਖਜਾ—ਅੰਕ ੩੪ ਵਿਚ ਬੁੱਧੀ ਮਨ ਤੇ ਸ਼ਰੀਰ ਦੇ ਨਿਗ੍ਰਹੁ ਤੇ ਸੁਧ ਕਰਨੇ ਦਾ

ਉਪਦੇਸ਼ ਦਿੱਤਾ ਸੀ। ਹੁਣ ਕਾਰਣ ਦੱਸਦੇ ਹਨ ਕਿ ਜਦੋਂ ਦੁਰਮਤ ਦੂਰ ਹੋਈ ਮਨ ਸ੍ਰਛ ਹੋਇਆ, ਸ਼ਰੀਰ ਵਿਕਾਰ ਰਹਿਤ ਹੋਇਆ, ਤਦ ਸਿਮਰਨ ਵਾਲੇ ਬੰਦੇ ਨੂੰ ਰਾਮ ਰਸ ਪ੍ਰਾਪਤ ਹੋਇਆ।

ਇਕ ਨਿਯਮ ਦੱਸਿਆ ਹੈ ਕਿ ਕਿਸੇ ਤੀਖਣ ਰਸ ਦੇ ਆਇਆਂ ਸੂਖਮ ਰਸ ਨਹੀਂ ਆਉਂਦਾ। ਜਿਵੇਂ ਲੌਂਗ ਚਿੱਥੀਏ ਤਾਂ ਫੇਰ ਅੰਨ ਦਾ ਰਸ ਨਹੀਂ ਆਉਂਦਾ। ਪਰ ਜੇ ਸੂਖਮ ਰਸ ਦਾ ਸੁਭਾ ਪੈ ਜਾਵੇ ਤਾਂ ਤੀਖਣ ਰਸ ਬੁਰੇ ਲਗਦੇ ਹਨ। ਜੀਵਾਂ ਦੇ ਮਨਾਂ ਨੂੰ ਸਰੀਰਕ ਭੋਗਾਂ ਦੇ ਰਸਾਂ ਦਾ ਚਸਕਾ ਹੈ, ਏਹ ਤੀਖਣ ਰਸ ਹੈਨ, ਇਨ੍ਹਾਂ ਦੇ ਭੋਗੀ ਨੂੰ ਨਾਮ ਰਸ, ਪਿਰਮ ਰਸ, ਰਾਮ ਰਸ, ਆਤਮ ਰਸ, 'ਬ੍ਰਹਮਾਨੰਦ' ਰਸ ਰੂਪ ਪ੍ਰਤੀਤ ਨਹੀਂ ਦੇਂਦੇ। ਪਰ ਜਿਨ੍ਹਾਂ ਨੂੰ ਏਹ ਆਤਮਾ ਦੇ ਅੰਤ੍ਰੀਵ ਰਸਾਂ ਦਾ ਸੁਆਦ ਪੈ ਜਾਂਦਾ ਹੈ ਉਨ੍ਹਾਂ ਨੂੰ ਓਹ ਸਰੀਰਕ ਰਸ ਭਾਉਂਦੇ ਹੀ ਨਹੀਂ। ਉਪਦੇਸ਼ ਇਹ ਹੈ ਕਿ ਸਰੀਰਕ ਰਸਾਂ ਦਾ ਤਜਾਗ ਕਰੋ ਤੇ ਜੇ ਏਹ ਰਸ ਤੰਗ ਕਰਨ ਤਾਂ ਯੱਯੇ ਵਿਚ ਕਥੇ ਉਪਦੇਸ਼ ਅਨੁਸਾਰ ਇਨ੍ਹਾਂ ਨਾਲ ਜੁੱਧ ਕਰੋ ਤੇ ਜਿੱਤੋ ਤਦ ਹੀ ਰਸ ਪਾਓਗੇ।

—ਲ—

ਲਲਾ ਐਸੇ ਲਿਵ ਮਨੁ ਲਾਵੈ ॥
ਅਨਤ ਨ ਜਾਇ ਪਰਮ ਸਚੁ ਪਾਵੈ ॥
ਅਰੁ ਜਉ ਤਹਾ ਪ੍ਰੇਮ ਲਿਵ ਲਾਵੈ ॥
ਤਉ ਅਲਹ ਲਹੈ ਲਹਿ ਚਰਨ ਸਮਾਵੈ ॥੩੬॥

[ਜਦੋਂ ਉਹ ਰਸ ਨਾਮ ਰਸ ਯਾ ਆਤਮ ਰਸ ਆਉਣ ਲਗ ਪਿਆ ਤਾਂ ਉਸੇ ਵਿਚ ਲਿਵ ਲਾਵੇ, ਇਹ ਉਪਦੇਸ਼] 'ਲਲੇ' [ਅਖਰ ਦੁਆਰਾ ਦੇਂਦੇ ਹਨ:-] (ਨਾਮ ਪ੍ਰੇਮੀ ਨੂੰ ਜਿਸ ਨੂੰ ਅੰਤਰ ਮੁਖ ਰਸ ਆਉਣ ਲਗ ਪਿਆ ਹੈ ਸੁਮਤਿ ਦੇਂਦੇ ਹਨ ਕਿ ਹੁਣ ਤੇਰਾ) ਮਨ (ਨਾਮ ਤੇ ਨਾਮ ਰਸ ਵਿਚ) ਐਸੀ ਲਿਵ ਲਗਾਵੇ ਕਿ ਹੋਰ ਕਿਸੇ ਪਾਸੇ (ਸੰਕਲਪ ਆਦਿ ਵਿਚ ਬੀ) ਨਾ ਜਾਵੇ (ਤਾਂ) ਪਰਮ ਸੱਚ ਨੂੰ ਪਾ ਲਵੇਗਾ। ਅਤੇ ਜੇ (ਤੇਰਾ ਮਨ ਸਿਮਰਨ ਨੂੰ ਨਿਰਾ ਅਭਜਾਸ ਨਾ ਸਮਝੇ ਸਗੋਂ ਉਸ ਨੂੰ ਪ੍ਰੇਮ ਸਮਝਕੇ) ਓਥੇ ਪ੍ਰੇਮ ਦੀ ਲਿਵ ਲਾਵੇ ਤਦ ਉਹ ਅੱਲਾ ਨੂੰ ਲਖ ਲਏਗਾ (ਭਾਵ ਪ੍ਰਾਪਤ ਕਰ ਲਏਗਾ ਉਸਨੂੰ) ਲਖਕੇ (ਉਸ ਦੇ) ਚਰਨਾਂ (= ਸਰੂਪ) ਵਿਚ ਸਮਾ ਜਾਏਗਾ॥ ੩੬॥

ਵਜਾਖਜਾ— ਪਿਛੇ ਕਿਹਾ ਰਸ ਨਾਮ ਨਾਲ ਪੈਦਾ ਹੁੰਦਾ ਹੈ, ਜਦੋਂ ਨਾਮ ਸਿਮਰਦਾ ਰਸ ਪ੍ਰਤੀਤ ਕਰਨ ਲਗ ਜਾਵੇ ਤਾਂ ਲਿਵ ਲਾਵੇ; ਉਸੇ ਵਿਚ ਚਿੱਤ ਲਾਈ ਰੱਖੇ, ਨਾ ਕੇਵਲ ਅਭਜਾਸ ਮਾਤ੍ਰ ਸਗੋਂ ਪ੍ਰੇਮ ਭਾਵਨਾ ਧਾਰਕੇ ਉਸ ਵਿਚ, ਜਿਸ ਪ੍ਰਭੂ ਦਾ ਨਾਉ ਸਿਮਰ ਰਿਹਾ ਹੈ। ਸਿਮਰਨ ਪ੍ਰੇਮ ਮਈ ਲਿਵ ਬਣ ਜਾਵੇ, ਇਸ ਨਾਲ ਵਜਾਪਕ ਨਾਮੀ, ਜਿਸ ਨੂੰ ਸਿਮਰ ਰਿਹਾ ਹੈ ਉਸਦੇ ਸਰੂਪ ਨੂੰ ਅੰਤਰ ਆਤਮੇ ਹੀ ਲੱਖ ਲਏਗਾ ਤੇ ਅੰਤ ਉਸ ਵਿਚ ਸਮਾ ਜਾਏਗਾ। ਬਾਵਨ ਅਖਰੀ ਦੇ ਪਹਿਲੇ ੪ ਅਖਰਾਂ ਵਿਚ ਜੋ ਅੱਲਾ ਨੂੰ ਲੱਖ ਲੈਣੇ ਦੀ ਗੱਲ ਕਹੀ ਸੀ ਕਿ ਕਹਿਣੇ ਮਾਤ੍ਰ ਨਾਲ ਨਹੀਂ ਪ੍ਰਾਪਤ ਹੁੰਦੀ, ਹੁਣ ਕਰਣੀ ਦਾ ਵਿਸ਼ਯ ਹੈ, ਸੋ ਆਪ ਅੰਕ ੬ ਤੋਂ ਲੈ ਕੇ ਹੁਣ ਤਾਂਈਂ ਉਹ ਜਾਚ ਦੱਸਦੇ ਆਏ ਹਨ ਕਿ ਐਉਂ ਅਮਲ ਕਰਨ ਨਾਲ (ਨਾਮ, ਪ੍ਰੇਮ ਨਿਰਵਿਕਾਰਤਾ ਆਦਿ ਕਰਕੇ) ਪ੍ਰਾਪਤ ਹੁੰਦੀ ਹੈ।

—ਵ—

[ਹੁਣ] 'ਵਵੇਂ' [ਅਖਰ ਦੁਆਰਾ ਦੱਸਦੇ ਹਨ ਕਿ ਮੁੱਖ ਉਪਾਵ ਸਿਮਰਨ ਹੈ, ਜਿਸ ਨਾਲ ਇੱਥੇ ਅੱਪੜੀ ਦਾ ਹੈ ਤੇ ਫੇਰ ਜਦ ਤਕ ਦੇਹ ਹੈ ਹਰੀ ਸਿਮਰਨ ਛੱਡੀਦਾ ਨਹੀਂ:—] (ਕਿ) ਵਾਰ

ਵਵਾ ਬਾਰ ਬਾਰ ਬਿਸਨ ਸਮ੍ਹਾਰਿ ॥ ਬਿਸਨ ਸੰਮ੍ਹਾਰਿ ਨ ਆਵੈ ਹਾਰਿ ॥ ਬਲਿ ਬਲਿ ਜੇ ਬਿਸਨਤਨਾ ਜਸੁ ਗਾਵੈ ॥ ਵਿਸਨ ਮਿਲੇ ਸਭ ਹੀ ਸਚੁ ਪਾਵੈ ॥੩੭॥

ਵਾਰ ਪਰਮੇਸ਼ੁਰ ਨੂੰ ਸਮ੍ਹਾਲ (=ਯਾਦ ਕਰ) ਜੋ ਪਰਮੇਸ਼ੁਰ ਨੂੰ ਯਾਦ ਕਰਦਾ ਹੈ (ਉਸ ਨੂੰ) ਕਦੇ ਹਾਰ ਨਹੀਂ ਆਉਂਦੀ। (ਮੈਂ) ਸਦਕੇ ਹਾਂ (ਉਨ੍ਹਾਂ ਤੋਂ ਜੋ) ਪਰਮੇਸ਼ੁਰ ਦੇ ਪੁਤ੍ਰਾਂ (ਸੰਤਾਂ ਦਾ) ਜਸ ਗਾਉਂਦੇ ਹਨ (ਕਿਉਂਕਿ ਉਨ੍ਹਾਂ ਦੇ ਸਤਿਸੰਗ ਨਾਲ ਉਨ੍ਹਾਂ ਨੂੰ ਉਨ੍ਹਾਂ ਦਾ ਪਿਤਾ) ਪ੍ਰਭੂ ਮਿਲਦਾ ਹੈ ਤੇ ਸਾਰਾ ਹੀ ਸਚ (ਸਤਜ ਸਰੂਪ ਪ੍ਰਭੂ) ਪ੍ਰਾਪਤ ਕਰ ਲੈਂਦਾ ਹੈ (ਜੀਵ)॥ ੩੭॥

ਵ੍ਯਾਖ੍ਯਾ—ਜੈਸੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ:-

ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਬਧ੍ਯੰ ਅਚੁਤ ਤਨਹ॥

[ਸਹਸ਼ਕ੍ਰਿਤੀ ਸਲੋਕ ਮਹਲਾ ੫—੧]

ਅਰਥਾਤ ਵਾਹਿਗੁਰੂ ਦਾ ਸਿਮਰਣ ਵਾਹਿਗੁਰੂ ਦੇ ਪੁੱਤਾਂ (ਸੰਤਾਂ ਪਾਸੋਂ ਲੱਭਦਾ ਹੈ ਹੇ ਨਾਨਕ ! ਇਸ ਅੰਕ ਵਿਚ ਵਾਹਿਗੁਰੂ ਦੇ ਸਿਮਰਨ,ਗੁਣ ਗਾਇਨ ਤੇ ਸੰਤਾਂ ਦੇ ਸੰਗ ਦੀ ਤਾਕੀਦ ਹੈ।

ਕਈ ਦਾਨੇ ਬਿਸਨਤਨਾ ਦਾ ਅਰਥ ਹੋਰਵੇਂ ਬੀ ਲਾਉਂਦੇ ਹਨ:-ਬਲਿਹਾਰ ਹਾਂ ਉਹਨਾਂ 'ਅਚੁਤਤਨਾਂ' ਤੋਂ ਜੋ ਪਰਮੇਸ਼ਰ ਦੇ ਗੁਣ ਗਾਉਂਦੇ ਹਨ, ਪਰ ਪਦ ਜੋਂ ਦੀ ਬ੍ਰਿਤੀ ਇਸ ਅਰਥ ਦੀ ਸਹਾਯਕ ਨਹੀਂ। ਜਾਪਦਾ ਹੈ ਕਿ ਲਲੇ ਅਖਰ ਵਿਚ ਅੱਲਾ ਦੀ ਲੱਖਤਾ ਜਦ ਕਹਿ ਚੁਕੇ ਤਾਂ ਪ੍ਰਸ਼ਨ ਉਠਿਆ ਕਿ ਹੁਣ ਅਕ੍ਰੈ ਹੋ ਗਏ, ਤੇ ਸਿਮਰਣ ਆਦਿ ਛੱਡ ਬੈਠੇ ਤਾਂ ਵਵੇ ਵਿਚ ਕਿਹਾ ਕਿ ਨਹੀਂ ਹੁਣ ਬ੍ਰਿਤੀ ਵਿਚ ਉਸੇ ਪ੍ਰਭੂ ਨੂੰ ਆਰੂੜ ਰਖੋ, ਬ੍ਰਿਤੀ ਨਾਮ ਤੋਂ ਸੱਖਣੀ ਨਾ ਹੋਣ ਦਿਓ, ਨਹੀਂ ਤਾਂ ਬ੍ਰਿਤੀ ਹੋਰ ਚਿੰਤਨਾਂ ਵਿਚ ਪੈ ਜਾਊ। ਨਾਲੇ ਸਤਿਸੰਗ ਦੀ ਤਾਕੀਦ ਕੀਤੀ। ਇਹ ਤਾਕੀਦ ਕਰਕੇ ਫੇਰ ਵਵੇ ਵਿਚ ਹੀ ਅੱਲਾ ਦੀ ਲੱਖਤਾ ਦਾ ਵਿਸ਼ਯ ਕਥਨ ਕਰਦੇ ਹਨ, ਪਹਿਲੇ ੪ ਅੰਕਾਂ ਵਿਚ ਜਿਸ ਲਈ 'ਅਲਹ' ਪਦ ਵਰਤਿਆ ਸੀ ਵਾਵੇ ਵਿਚ ਉਸ ਲਈ 'ਵਿਸਨ' ਪਦ ਵਰਤਿਆ ਹੈ।

ਵਾਵਾ ਵਾਹੀ ਜਾਨੀਐ ਵਾ ਜਾਨੇ ਇਹੁ ਹੋਇ ॥ ਇਹੁ ਅਰੁ ਓਹੁ ਜਬ ਮਿਲੈ ਤਬ ਮਿਲਤ ਨ ਜਾਨੈ ਕੋਇ ॥੩੮॥

(ਫੇਰ) ਵਾਵੇ (ਦੁਆਰਾ ਹੀ ਦੱਸਦੇ ਹਨ ਕਿ:-) ਉਸ (ਵਿਸ਼ਨੁ=ਪ੍ਰਭੂ) ਨੂੰ ਜਾਣ ਲਈਏ (ਭਾਵ ਉਸ ਦਾ ਗਿਆਨ ਪ੍ਰਾਪਤ ਕਰ ਲਈਏ) ਉਸ ਦੇ ਜਾਣਿਆਂ ਇਹ (ਜੀਵ ਉਸ ਨਾਲ ਅਭੇਦ) ਹੋ ਜਾਂਦਾ ਹੈ। ਇਹ (ਜੀਵ ਯਾ ਉਪਾਸ਼ਕ) ਅਤੇ ਓਹ (ਬ੍ਰਹਮ ਯਾ ਉਪਾਸ਼ਜ) ਜਦ ਮਿਲ ਜਾਂਦੇ ਹਨ ਤਦਾ ਮਿਲਦਿਆਂ ਨੂੰ (ਯਾ ਮਿਲਿਆਂ ਅਰਥਾਤ ਇਕ ਹੋਇਆਂ ਨੂੰ) ਕੋਈ ਪਛਾਣ ਨਹੀਂ ਸਕਦਾ (ਕਿ ਏਹ ਦੋ ਹਨ)॥ ੩੮॥

ਵ੍ਯਾਖ੍ਯਾ— ਇਸ ਅੰਤਲੀ ਤੁਕ ਦਾ ਭਾਵ ਕਬੀਰ ਜੀ ਦੇ ਅਪਣੇ ਵਾਕ ਤੋਂ ਸਫੁਟ ਹੋ ਜਾਂਦਾ ਹੈ ਜੋ ਇਹ ਹੈ:—

ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੇ ਪਛਾਨੀ॥ ੬॥ ੩॥

[ਰਾਮਕਲੀ ਕਬੀਰ ਜੀ—੩]

ਰਾਮ ਤੇ ਕਬੀਰ ਲੱਖਤਾ ਵਿਚ—ਅਨੁਭਵਤਾ—ਵਿਚ ਆਕੇ ਇਕ ਹੋਏ ਹਨ, ਹੁਣ ਲੱਖਤਾ ਵਿਹੂਣੇ ਉਸ ਨੂੰ ਕਿਵੇਂ ਜਾਣ ਸਕਦੇ ਹਨ ? ਪਦ ਪਿਆ ਹੈ ਕੋਇ'। ਸੋ ਪ੍ਰਸ਼ਨ ਹੋਇਆ ਕਿ ਲੱਖਤਾ ਵਾਲੇ ਤਾਂ ਜਾਣਦੇ ਹਨ ? ਉੱਤਰ ਇਹ ਹੈ ਕਿ ਜੋ ਰਸਮਯ ਹਾਲਤ ਕਬੀਰ ਤੇ ਗੁਜ਼ਰੀ ਉਸ ਦਾ ਰਸ ਕਬੀਰ ਨੇ ਮਾਣਿਆ, ਉਹ ਰਸ ਰਵਿਦਾਸ ਨੇ ਨਹੀਂ ਮਾਣਿਆ, ਹਾਂ 'ਉਹੋ ਜੇਹਾ' ਰਸ ਉਸ ਨੇ ਮਾਣਿਆ ਹੈ।

ਇਕ ਇਸ਼ਾਰਾ ਇਹ ਬੀ ਹੈ ਕਿ ਜਦ ਗੰਗਾ ਸਮੁੰਦ੍ਰ ਵਿਚ ਮਿਲ ਗਈ, ਓਥੇ ਹੁਣ ਗੰਗਾ ਦੇ ਜਲ ਨੂੰ ਵੱਖ ਕਰਕੇ ਕੌਣ ਕਹਿ ਸਕਦਾ ਹੈ ਕਿ ਆਹ ਹੈ ਗੰਗਾਂ ਤੇ ਆਹ ਹੈ ਸਮੁੰਦਰ ਜਲ।

—ਸ਼—

ਇਹ ਅਖਰ ਸਸਾ ਨਹੀਂ ਪਰ 'ਸ਼' 'ਸ਼' ਦੀ ਥਾਵੇਂ ਹੈ। ਦੇਵ ਨਾਗਰੀ ਵਰਣ ਮਾਲਾ ਵਿਚ ਇਹ ਟਿਕਾਣਾ 'ਸ਼' 'ਸ਼' ਅਖਰ ਦਾ ਹੈ।

**ਸਸਾ ਸੋ ਨੀਕਾ ਕਰਿ ਸੋਧਹੁ ॥
ਘਟ ਪਰਚਾ ਕੀ ਬਾਤ ਨਿਰੋਧਹੁ ॥
ਘਟ ਪਰਚੈ ਜਉ ਉਪਜੈ ਭਾਉ ॥
ਪੂਰਿ ਰਹਿਆ ਤਹ ਤ੍ਰਿਭਵਣ ਰਾਉ ॥੩੯॥**

(ਹੁਣ) ਸ਼ਸ਼ੇ (ਦੁਆਰਾ ਉਪਦੇਸ਼ ਕਰਦੇ ਹਨ:—) ਉਸ (ਮਨ) ਨੂੰ ਚੰਗੀ ਤਰ੍ਹਾਂ ਸੋਧੋ (ਭਾਵ ਵਿਤ੍ਰੇਕ ਵੀਚਾਰ ਨਾਲ ਖੋਜੋ ਤੇ ਨਾਮ ਸਿਮਰਣ ਨਾਲ ਸ਼ੁੱਧ ਕਰੋ)। ਹ੍ਰਿਦੇ ਗਿਆਨ ਦੀ ਗਲ ਤੇ ਦ੍ਰਿੜਤਾ ਕਰੋ; ਹ੍ਰਿਦੇ ਗਜਾਨ ਵਿਚ ਜੇ ਭਾਉ (ਪ੍ਰੇਮ) ਉਪਜ ਪਵੇ ਤਾਂ ਓਥੇ ਤਿੰਨਾਂ ਭਵਨਾਂ ਦਾ ਰਾਜਾ ਪਰੀ ਪੂਰਣ (ਦਿੱਸ ਪਵੇਗਾ)॥ ੩੯॥

ਵਜਾਖਜਾ—ਲਲੇ ਅੱਖਰ ਵਿਚ ਲੱਖਤਾ ਵਾਲੀ ਗੱਲ ਉਤੇ ਹੁਣ ਵਾਰ ਵਾਰ ਖਜਾਲ ਸੱਟ ਰਹੇ ਹਨ। ਪ੍ਰਯੋਜਨ ਇਹ ਜਾਪਦਾ ਹੈ ਕਿ ਪ੍ਰਪੱਕਤਾ ਹੋ ਜਾਏ, ਸਿਥਲਤਾ ਨਾ ਕਿਤੇ ਆ ਜਾਏ। ਇਸ ਲਈ ਤਾਕੀਦ ਕਰਦੇ ਹਨ ਕਿ ਮਨ ਨੂੰ ਸੋਧੋ ਭਾਵ ਚੰਗੀ ਤਰ੍ਹਾਂ ਖੋਜਕੇ ਵਿਤ੍ਰੇਕ ਬੁਧੀ ਨਾਲ ਦੇਖੋ ਕਿ ਮਨ ਕੀ ਵਸਤੂ ਹੈ- ਜੈਸਾ ਕਿ ਕਬੀਰ ਜੀ ਨੇ ਕਿਹਾ ਹੈ:—ਇਸੁ ਮਨ ਕਉ ਕੋਈ ਖੋਜਹੁ ਭਾਈ।।
[ਗਉੜੀ ਕਬੀਰ ਜੀ ੩੬]

ਤਦ ਪਤਾ ਲੱਗੂ ਕਿ ਹਿਰਦੇ ਵਿਚ ਹੀ (ਪਰਚੈ = ਪਰਿਚਯ =) ਜਾਣਨ ਦੀ ਯਾ 'ਗਜਾਨ' ਦੀ ਗੱਲ ਬਾਤ ਹੈ, ਸੋ ਉਸ ਗਜਾਨ ਦੀ ਗੱਲ ਬਾਤ ਉਤੇ (ਨਿਰੋਧਹੁ =) ਦ੍ਰਿੜਤਾ ਕਰੋ। ਜਦ ਹਿਰਦੇ ਗਜਾਨ ਉਪਜ ਪਵੇ ਤਦ ਉਸ ਵਿਚ ਪ੍ਰੇਮ ਹੋ ਜਾਏ ਤਾਂ ਓਥੇ ਆਨੰਦ ਸਰੂਪ ਤ੍ਰਿਲੋਕੀ ਦਾ ਰਾਜਾ, ਪ੍ਰਕਾਸ਼ ਸਰੂਪ ਮਿਲ ਪਏਗਾ; ਬਾਹਰ ਜਾਣੇ ਦੀ ਲੋੜ ਚੁੱਕ ਜਾਏਗੀ। ਇਥੇ ਆਪ ਇਕ ਕਟਾਖਜ ਸਿਟ ਰਹੇ ਹਨ ਕਿ ਮੇਰਾ ਮਾਰਗ ਪ੍ਰੇਮ ਹੈ। ਹ੍ਰਿਦੇ ਵਿਚ ਜਦ ਗਜਾਨ ਉਪਜੇ ਤੇ ਉਸ ਵਿਚ ਪ੍ਰੇਮ ਲੱਗ ਪਵੇ। ਖੁਸ਼ਕ ਗਜਾਨ ਜਾਣਨ ਮਾਤ੍ਰ ਨਹੀਂ ਪਰ ਪਰਮੇਸ਼ੁਰ ਜੀ ਵਿਚ ਪ੍ਰੇਮ ਵਾਲਾ ਭਾਉ ਹੁੰਦਿਆਂ ਤਦਰੂਪਤਾ ਦਾ ਗਜਾਨ ਉਪਜੇ। ਫੇਰ ਇਹ ਇਸ਼ਾਰਾ ਹੈ ਕਿ ਅੰਦਰ ਹੀ ਕੋਈ ਹਿੱਸਾ ਮਾਤ੍ਰ ਸਾਂਈਂ ਦਾ ਨਹੀਂ ਦਿੱਸੇਗਾ ਤ੍ਰਿਲੋਕੀ ਵਿਚ ਵਜਾਪਕ ਪ੍ਰਭੂ ਸਾਰਾ ਹੀ ਅੰਦਰ ਵਜਾਪਕ ਦਿੱਸ ਪਵੇਗਾ; ਅੰਕ ੩ ਵਿਚ ਜੋ ਫੁਰਮਾਇਆ ਸੀ-- 'ਬਟਕ ਬੀਜ ਮਹਿ ਰਵਿ ਰਹਿਓ ਜਾਕੋ ਤੀਨਿ ਲੋਕ ਬਿਸਥਾਰ' ਉਸ ਤੁਕ ਵਲ ਇਸ਼ਾਰਾ ਹੈ।

—ਖ਼—

ਇਹ ਖਖਾ ਅਖਰ ਨਾਗਰੀ ਦਾ 'ਖ' ਨਹੀਂ ਪਰ ਨਾਗਰੀ ਦਾ 'ਸ਼' ਹੈ—ਖ਼। ਗੇਣਤੀ ਵਿਚ ਇਹ ਉਸੇ ਟਿਕਾਣੇ ਹੈ ਜਿਥੇ ਕਿ 'ਸ਼' ਹੁੰਦਾ ਹੈ। ਹੁਣ ਇਸ ਅਖਰ ਦੁਆਰਾ ਉਪਦੇਸ਼ ਕਰਦੇ ਹਨ:-

**ਖਖਾ ਖੋਜਿ ਪਰੈ ਜਉ ਕੋਈ ॥
ਜੋ ਖੋਜੈ ਸੋ ਬਹੁਰਿ ਨ ਹੋਈ ॥
ਖੋਜ ਬੂਝਿ ਜਉ ਕਰੈ ਬੀਚਾਰਾ ॥
ਤਉ ਭਵਜਲ ਤਰਤ ਨ ਲਾਵੈ ਬਾਰਾ ॥੪੦॥**

ਜੇ ਕੋਈ (ਪਿਛਲੇ ਅੱਖਰ ਵਿਚ ਕਹੇ ਤ੍ਰਿਭਵਣ ਰਾਉ ਦੀ) ਖ਼ੋਜ ਵਿਚ ਪਏਗਾ ਤੇ ਜੋ ਕੋਈ ਖੋਜ ਲਏਗਾ, ਉਹ ਮੁੜਕੇ ਨਹੀਂ ਹੋਵੇਗਾ (ਭਾਵ ਸਰੀਰ ਧਾਰੀ ਫੇਰ ਨਹੀਂ ਹੋਵੇਗਾ, ਜਨਮ ਮਰਨ ਮਿਟ ਜਾਏਗਾ। ਉਹ ਆਪ ਹੀ ਨਹੀਂ ਉਸ ਪਾਸੋਂ) ਬੁੱਝਕੇ (ਪੁੱਛਕੇ) ਜੇ (ਕੋਈ) ਖੋਜ ਤੇ ਵੀਚਾਰ ਕਰੇਗਾ, ਤਾਂ (ਉਸਨੂੰ ਬੀ ਭਉਜਲ ਤਰਦਿਆਂ ਦੇਰ ਨਹੀਂ ਲਗੇਗੀ॥ ੪੦॥

ਵ੍ਯਾਖ੍ਯਾ—ਹੁਣ ਤਾਈਂ, ਅੰਕ ੩੯ ਲਲੇ ਵਿਚ ਕਹੇ ਲੱਖਤਾ ਵਾਲੇ ਦੇ ਨਿਜ ਪਹਿਲੂ ਦਰਸਾਏ ਸਨ, ਇਸ ਅੰਕ ਵਿਚ ਦੱਸਦੇ ਹਨ ਕਿ ਉਹ ਲੱਖਤਾ ਵਾਲਾ ਦੂਸਰੇ ਨਾ ਲੱਖਤਾ ਵਾਲੇ ਨੂੰ ਅਪਣੇ ਸਤਿਸੰਗ, ਉਪਦੇਸ਼, ਵੀਚਾਰ, ਅਸੀਸ ਆਦਿ ਨਾਲ ਭਉਜਲੋਂ ਪਾਰ ਕਰਨ ਨੂੰ ਬੀ ਸਮਰਥ ਹੋ ਜਾਂਦਾ ਹੈ।

—ਸ—

ਇਹ ਅਖਰ ਸਸਾ ਹੀ ਹੈ, ਜੋ ਗੁਰਮੁਖੀ ਦੇ ਚੌਥੇ ਅਖਰ ਦੀ ਅਵਾਜ਼ ਰੱਖਦਾ ਹੈ,ਨਾਗਰੀ ਲਿਪੀ ਵਿਚ ਇਸ ਦਾ ਟਿਕਾਂਣਾ 'ਬ' ਤੋਂ ਪਿਛੋਂ ਹੀ ਹੈ।

ਸਸਾ ਸੋ ਸਹ ਸੇਜ ਸਵਾਰੈ ॥
ਸੋਈ ਸਹੀ ਸੰਦੇਹ ਨਿਵਾਰੈ ॥
ਅਲਪ ਸੁਖ ਛਾਡਿ ਪਰਮ ਸੁਖ ਪਾਵਾ॥
ਤਬ ਇਹ ਤ੍ਰੀਅ ਉਹੁ ਕੰਤੁ ਕਹਾਵਾ ॥੪੧॥

(ਹੁਣ ਇਸ) ਸਸੇ (ਅੱਖਰ ਦੁਆਰਾ ਉਪਦੇਸ਼ ਕਰਦੇ ਹਨ:—) ਉਹ (ਜਗਜਾਸੂ ਰੂਪ ਇਸਤ੍ਰੀ ਉਸ ਪਰਮੇਸ਼ੁਰ ਰੂਪ) ਪਤੀ ਦੀ ਛੇਜ ਨੂੰ ਸੰਵਾਰੀ ਰਖੇ (ਪ੍ਰਭੂ ਦੀ ਛੇਜ ਅੰਤਹਕਰਣ ਹੈ, ਉਸ ਨੂੰ ਮਾੜੀਆਂ ਵਾਸ਼ਨਾਂ ਤੇ ਵਿਕਾਰਾਂ ਦੇ ਫੁਰਨਿਆਂ ਤੋਂ ਸਾਫ ਰੱਖੇ)। ਉਹੋ (ਸੁਧ ਹੋਈ) ਸਖੀ (ਬ੍ਰਿਤੀ ਵਿਚੋਂ) ਸੰਸਿਆਂ ਨੂੰ ਦੂਰ ਰੱਖੇ। (ਜਾਣ ਲਓ ਕਿ ਉਸ ਸਖੀ ਨੇ ਸਰੀਰ ਗਾਉਂ ਤੇ ਸੁਰਗ ਆਦਿ ਦੇ) ਅਲਪ ਸੁਖਾਂ ਨੂੰ ਤਜਾਗ ਕੇ (ਪਤੀ ਮਿਲਾਪ ਦੇ) ਪਰਮ ਸੁਖ ਨੂੰ ਪਾ ਲਿਆ ਹੈ, ਤਦ ਓਹ (ਤ੍ਰਿਭਵਣ ਰਾਉ) ਪਤੀ ਕਹਿਲਾਏਗਾ ਤੇ ਇਹ (ਜਗਜਾਸੂ ਰੂਪ ਸਖੀ ਉਸ ਦੀ) ਇਸਤ੍ਰੀ ਕਹਿਲਾਏਗੀ॥੧॥

ਵ੍ਯਾਖ੍ਯਾ—ਕਬੀਰ ਜੀ ਦਾ ਮਾਰਗ ਭਗਤੀ ਹੈ, ਜੋ ਪਰਮੇਸ਼ੁਰ ਦੀ ਲੱਖਤਾ ਤੇ ਗਜਾਨ ਦੀਆਂ ਗਲਾਂ ਲਿਖਦੇ ਹਨ ਓਹ ਖੁਸ਼ਕ ਵੇਦਾਂਤ ਨਹੀਂ ਘੋਟਦੇ, ਓਹ ਪਰਮ ਪ੍ਰੇਮ ਦੀ ਅਵਸਥਾ ਨਾਲ ਪ੍ਰਾਪਤ ਤਦਰੂਪਤਾ ਵਰਣਨ ਕਰਦੇ ਹਨ, ਅਤੇ ਪ੍ਰਾਪਤੀ ਦਾ ਮਾਰਗ ਪਰਮੇਸ਼ੁਰ ਨੂੰ 'ਮਾਲਕ' 'ਪਿਤਾ' 'ਸ੍ਵਾਮੀ' ਜਾਣਕੇ ਪਜਾਰ ਕਰਦੇ ਅੱਪੜਦੇ ਹਨ। ਇਸ ਕਰਕੇ ਕਿ ਕਿਸੇ ਨੂੰ ਭੁਲੇਖਾ ਨਾ ਪਵੇ ਜਗਾ ਜਗਾ ਇਸ਼ਾਰੇ ਦੇ ਜਾਂਦੇ ਹਨ ਕਿ ਮੇਰਾ ਮਾਰਗ ਪ੍ਰੇਮਾ ਭਗਤੀ ਹੈ। ਇਸ ਅੰਕ ਵਿਚ ਉਹੋ ਪ੍ਰਭੂ ਲੱਖਤਾ ਦੀ ਅਵਸਥਾ ਭਗਤੀ ਮਾਰਗ ਦੇ ਆਦਰਸ਼ ਵਿਚ ਵਰਣਨ ਕਰ ਰਹੇ ਹਨ ਤੇ ਦੱਸ ਰਹੇ ਹਨ ਕਿ ਪ੍ਰੇਮੀ ਭਗਤ ਅਪਣੇ ਪ੍ਰੀਤਮ ਨੂੰ ਪਰੀਪੂਰਣ ਅਨੁਭਵ ਕਰ ਲਏਗਾ। ਪ੍ਰਸ਼ਨ ਹੁੰਦਾ ਹੈ ਕਿ ਅਨੁਭਵ ਕਰਕੇ ਕੀ ਫੇਰ ਵੱਖਰਾ ਰਹੇਗਾ ? ਇਸ ਦਾ ਜਵਾਬ ਅਗਲੇ ਅੰਕ ਵਿਚ ਹੈ:-

—ਹ—

ਹਾਹਾ ਹੋਤ ਹੋਇ ਨਹੀ ਜਾਨਾ ॥
ਜਬ ਹੀ ਹੋਇ ਤਬਹਿ ਮਨੁ ਮਾਨਾ ॥
ਹੈ ਤਉ ਸਹੀ ਲਖੈ ਜਉ ਕੋਈ ॥
ਤਬ ਓਹੀ ਉਹੁ ਏਹੁ ਨ ਹੋਈ ॥੪੨॥

ਹਾਹੇ (ਅੱਖਰ ਦੁਆਰਾ ਦੱਸਦੇ ਹਨ ਕਿ 'ਹੈ' ਤਾਂ ਸਹੀ, ਪਰ ਲੱਖਤਾ ਚਾਹੀਏ; ਜੀਵ ਨੇ ਆਤਮ ਸਰੂਪ ਹੋਤ =) ਹੁੰਦਿਆਂ ਹੋਇਆਂ (ਆਪਣੇ ਆਪ ਨੂੰ ਆਤਮ ਸਰੂਪ) ਜਾਨਿਆਂ ਨਹੀਂ। ਜਦੋਂ ਹੋ ਹੀ ਜਾਵੇ ਤਦੋਂ ਹੀ ਮਨ ਮੰਨਦਾ ਹੈ (ਕਿ ਠੀਕ ਮੈਂ ਜੋਤਿ ਸਰੂਪ ਹਾਂ)। ਹੈ ਤਾਂ ਠੀਕ (ਸਭ ਕੋਈ ਆਤਮ ਸਰੂਪ, ਪਰ) ਜੇ ਕੋਈ ਲਖ ਲਵੇ ਤਾਂ (ਭਾਵ ਅਨੁਭਵ ਕਰ ਲਵੇ। ਜਦ ਅਨੁਭਵ ਕਰ ਲਵੇ) ਤਦ ਓਹੀ ਓਹ (ਆਤਮਾ ਹੀ ਆਤਮਾ ਰਹਿ ਜਾਂਦਾ ਹੈ) ਏਹ (ਜੀਵ ਫਿਰ) ਨਹੀਂ ਰਹਿੰਦਾ। (ਭਾਵ ਜਦ

ਆਪਣੀ ਆਤਮ ਸਰੂਪਤਾ ਲਖ ਲੈਂਦਾ ਹੈ ਤਦ ਜੀਵਪਣੇ ਦਾ ਭ੍ਰਾਂਤੀ ਵਾਲਾ ਨਿਸ਼ਚਾ ਨਹੀਂ ਰਹਿੰਦਾ)॥ ੪੨॥

ਵਯਾਖਯਾ—ਪਿਛਲੀਆਂ ਦੋ ਤੁਕਾਂ ਵਿਚ ਦੱਸਿਆ ਹੈ ਕਿ ਜਦ ਤ੍ਰਿਯਾ ਕੰਤ ਬਣ ਗਏ ਤਦ ਕੰਤ ਹੀ ਕੰਤ ਰਹਿ ਜਾਏਗਾ, ਤ੍ਰਿਯਾ ਕੰਤ ਵਿਚ ਲਿਵਲੀਨ ਹੋ ਜਾਏਗੀ।

ਪਹਿਲੀਆਂ ਤੁਕਾਂ ਵਿਚ ਇਕ ਪ੍ਰਸ਼ਨ ਦਾ ਉੱਤਰ ਹੈ: ਕਿ ਇਹ ਹੈ ਤਾਂ ਉਹੀ ਨਾ ਜਾਣਿਆ ਤਾਂ ਕੀਹ ਹੋਇਆ, ਉਸ ਦੇ ਓਹੀ ਹੋਣ ਵਿਚ ਕਸਰ ਤਾਂ ਨਹੀਂ, ਤਾਂ ਖੋਹਲ ਕੇ ਦੱਸਦੇ ਹਨ ਕਿ ਹੈ ਤਾਂ ਸਹੀ ਪਰ 'ਲਖਦਾ' ਕੋਈ ਨਹੀਂ, ਲਖੇ ਬਿਨਾ ਭ੍ਰਾਂਤੀ ਵਿਚ ਰਹਿੰਦਾ ਹੈ ਤੇ ਦੁਖ ਸੁਖ ਭੋਗਦਾ ਹੈ। ਜਦ ਲਖ ਲੈਂਦਾ ਹੈ ਤਾਂ ਹੋਣ ਦਾ ਸੁਖ ਪ੍ਰਗਟ ਹੋ ਜਾਂਦਾ ਹੈ। ਆਪ ਜੋ ਸੁਖ ਸਰੂਪ ਹੈ ਸੁਖ ਸਰੂਪ ਹੋ ਭਾਸਦਾ ਹੈ। ਓਹੀ ਉਹਦਾ ਅਰਥ ਐਉਂ ਬੀ ਦਾਨੇ ਲਾਉਂਦੇ ਹਨ:- ਉਹ (ਜੀਵ ਜੋ ਲਖ ਲੈਂਦਾ ਹੈ ਓਹੀ=) ਆਤਮ ਸਰੂਪ ਹੋ ਜਾਂਦਾ ਹੈ। ਹੋਤ ਹੋਇ ਦਾ ਅਰਥ:-ਹੋਇ=ਜਨਮ ਧਾਰ ਕੇ। ਹੋਤ=ਹੁੰਦੇ ਹੋਏ (ਨਹੀਂ ਜਾਣਿਆ)।

—ਲ—

ਇਹ 'ਲ' ਲਲਾ ਨਹੀਂ ਜੋ 'ਯ ਰ ਲ ਵ' ਦੇ ਵਿਚ ਅੰਕ ੩੬ ਵਿਚ ਜਾ ਚੁਕਾ ਹੈ, ਇਹ ਸੰਸਕ੍ਰਿਤ ਵਰਣਮਾਲਾ ਦੀ 'ਲ੍ਰੀ' ਅਖਰ ਸਥਾਨੀ ਹੈ। ਉਸ ਵਰਣ ਮਾਲਾ ਵਿਚ ਇਸ ਦਾ ਟਿਕਾਣਾ ਸ੍ਵਰ ਅਖਰਾਂ ਵਿਚ 'ਰੀ' ਦੇ ਮਗਰੋਂ ਹੈ। ਇਸ 'ਲ' ਅੱਖਰ ਦੁਆਰਾ ਪਰਮੇਸ਼ਰ ਪ੍ਰਾਪਤੀ ਦਾ ਉਪਦੇਸ਼ ਦੇਂਦੇ ਹਨ ਤੇ ਦੱਸਦੇ ਹਨ ਕਿ ਆਤਮ ਸਰੂਪ ਹੁੰਦੇ ਹੋਏ ਲੋਕ ਸ਼ੋਕ ਵਿਚ ਕਿਉਂ ਹੁੰਦੇ ਹਨ ?

ਲਿਉ ਲਿਉ ਕਰਤ ਫਿਰੈ ਸਭੁ ਲੋਗੁ ॥
ਤਾ ਕਾਰਨਿ ਬਿਆਪੈ ਬਹੁ ਸੋਗੁ ॥
ਲਖਿਮੀ ਬਰ ਸਿਉ ਜਉ ਲਿਉ ਲਾਵੈ॥
ਸੋਗੁ ਮਿਟੈ ਸਭ ਹੀ ਸੁਖ ਪਾਵੈ ॥੪੩॥

ਸਾਰੀ ਲੁਕਾਈ (ਆਹ) ਲਵਾਂ (ਔਹ ਹੋਰ ਲੈ) ਲਵਾਂ ਕਰਦੀ ਫਿਰਦੀ ਹੈ, ਇਸ ਕਾਰਣ ਕਰਕੇ (ਉਸ ਨੂੰ) ਬਹੁਤ ਸ਼ੋਕ ਆ ਵਿਆਪਦਾ (=ਚੰਬੜਦਾ) ਹੈ। ਜੇ ਕਦੀ (ਇਹੁ ਲੁਕਾਈ) ਪਰਮਾਤਮ ਦੇਵ ਨਾਲ ਲਿਵ ਲਾ ਲਵੇ, ਤਦ ਸ਼ੋਕ ਦੂਰ ਹੋ ਜਾਵੇ ਤੇ ਸਾਰਾ ਹੀ ਸੁਖ ਪਾ ਲਵੇ। (ਸਾਰਾ ਸੁਖ ਆਤਮ ਸੁਖ ਹੈ, ਹੋਰ ਸੁਖ ਅਲਪ ਸੁਖ ਹੁੰਦੇ ਹਨ)॥ ੪੩॥

ਵਯਾਖਯਾ—ਇਥੇ ਆਕੇ ਇਕ ਪ੍ਰਸ਼ਨ ਹੁੰਦਾ ਹੈ ਜੋ ਇਨਸਾਨੀ ਦਿਲ ਵਿਚ ਹੁਣ ਬੀ ਉਪਜਦਾ ਤੇ ਸੰਤਾਂ ਸਾਧੂਆਂ ਤੇ ਹੁੰਦਾ ਹੈ ਕਿ ਜੀ ਜਗਤ ਜਦ ਆਤਮ ਸਰੂਪ ਹੈ ਤੇ ਆਤਮਾ ਸੁਖ ਸਰੂਪ ਹੈ ਫੇਰ ਜਗਤ ਦੁਖੀ ਕਿਉਂ ਹੈ ? ਇਸ ਪ੍ਰਸ਼ਨ ਦਾ ਉੱਤਰ ਇਸ ਅੰਕ ਵਿਚ ਆਇਆ ਹੈ। ਤੇ ਜਵਾਬ ਹੈ ਕਿ ਮਾਇਕ ਤ੍ਰਿਸ਼ਨਾਂ ਕਰਕੇ ਦੁਖੀ ਹੈ ਤੇ ਦਾਰੂ ਹੈ ਪਰਮਾਤਮ ਪਤੀ ਨਾਲ ਲਿਵ ਲਾਉਣੀ। ਗੋਯਾ ਉਸੇ 'ਲੱਖਤਾ' ਦੇ ਰਸਤੇ ਪਾ ਰਹੇ ਹਨ।

—ਖ—

ਹੁਣ ਫੇਰ 'ਖ' ਆਇਆ। ਇਹ 'ਖ' ਨਾ 'ਕ ਖ' ਵਾਲੇ ਕਵਰਗ ਦਾ 'ਖਖਾ ਖ' ਹੈ ਨਾ 'ਸ਼' ਹੈ 'ਸ਼ ਖ ਸ ਹ' ਵਾਲੇ ਵਰਗ ਦਾ, ਜੋ ਅੰਕ ੪੦ ਵਿਚ ਆਇਆ ਹੈ। ਇਹ ਹੈ ਸੰਸਕ੍ਰਿਤ ਵਰਣ ਮਾਲਾ ਦਾ 'ਕਸ਼' 'ਕ੍ਸ਼' ਅਖਰ। ਹੁਣ 'ਕਸ਼' ਅਖਰ ਦੁਆਰਾ ਉਪਦੇਸ਼ ਦੇਂਦੇ ਹਨ, ਤੇ ਓਹੋ ਪਿਛਲੇ ਅੰਕ ਵਾਲਾ ਭਾਵ ਜਾਰੀ ਹੈ:-

ਖਖਾ ਖਿਰਤ ਖਪਤ ਗਏ ਕੇਤੇ ॥
ਖਿਰਤ ਖਪਤ ਅਜਹੂੰ ਨਹ ਚੇਤੇ ॥

(ਇਸ ਲੁਕਾਈ ਵਿਚੋਂ) ਬਹੁਤੇ ਹੀ (ਲੈ ਲਵਾਂ, ਲੈ ਲਵਾਂ ਦੇ ਮਗਰ ਲਗੇ) ਖਪਦੇ ਝਖਦੇ (ਖਿਰਤ—ਕਸ਼ਰਤ) ਨਾਸ਼ ਹੁੰਦੇ ਚਲੇ ਗਏ। ਅਜਹੂ (=ਹੁਣ ਬੀ ਜੋ ਜੀਉਂਦੇ ਹਨ ਉਨਾਂ ਨੂੰ ਬੀ

ਕਰਤਾਰ) ਯਾਦ ਨਹੀਂ, (ਉਹ ਬੀ) ਖਪਦੇ ਝਖਦੇ (ਨਾਸ਼ ਹੋ ਰਹੇ) ਹਨ। ਹੁਣ (ਬੀ) ਜਗ ਵਿਚ ਜੋ (ਕੋਈ ਇਹ ਗੱਲ) ਸਮਝੇ (ਕਿ ਲਿਉ ਲਿਉ ਕਰਨਾ ਖਪਣਾ ਹੈ, ਲਿਉ ਲਿਉ ਵਲੋਂ) ਮਨਹ ਹੋਇਆ ਰਹੇ (ਤਦ ਓਹ) ਜਿਸ (ਪਰਮਾਤਮਾ) ਤੋਂ ਵਿਛੁੜਿਆ ਹੈ ਉਸ ਵਿਚ ਟਿਕਾਉ ਪਾ ਕੇ (ਉਸ ਨੂੰ) ਲਖ ਲਏਗਾ॥੪੪॥

ਵਯਾਖਯਾ— ਸੁਗਮੈ। ਪਿਛਲੇ ਅੰਕ ਦਾ ਹੀ ਭਾਵ ਚਲਦਾ ਹੈ। ਵਿਛੁੜੇ ਲੋਕਾਂ ਨੂੰ ਮਿਲਣ ਦੀ ਜਾਚ ਦੁਹਰਾਕੇ ਦੱਸੀ ਹੈ।

ਨਿਰੁਕ੍ਤ—ਖਪਤ—ਖਪਦੇ ਝਖਦੇ।

ਖਿਰਤ—[ਸੰਸ:, ਧਾਤੂ ਕ੍ਸ਼ਰ੍ 'क्षर' = ਨਸ਼ਟ ਹੋਣਾ] ਕਸ਼ਰਤ = ਖੈ ਹੁੰਦੇ, ਨਾਸ਼ ਹੁੰਦੇ।

ਮਨਾ-[ਅ:, ਮਨਅ = ਰੋਕਿਆ] ਮਨਹ, ਰੋਕਿਆ, ਰੁਕਿਆ।

ਬਾਵਨ ਅਖਰ ਜੋਰੇ ਆਨਿ ॥
ਸਕਿਆ ਨ ਅਖਰੁ ਏਕੁ ਪਛਾਨਿ ॥
ਸਤ ਕਾ ਸਬਦੁ ਕਬੀਰਾ ਕਹੈ ॥
ਪੰਡਿਤ ਹੋਇ ਸੁ ਅਨਭੈ ਰਹੈ ॥
ਪੰਡਿਤ ਲੋਗਹ ਕਉ ਬਿਉਹਾਰ ॥
ਗਿਆਨਵੰਤ ਕਉ ਤਤੁ ਬੀਚਾਰ ॥
ਜਾ ਕੈ ਜੀਅ ਜੈਸੀ ਬੁਧਿ ਹੋਈ ॥
ਕਹਿ ਕਬੀਰ ਜਾਨੈਗਾ ਸੋਈ ॥੪੫॥

(ਕਈ ਪਾਂਧੇ ਪੰਡਤ ਆਦਿਕਾਂ ਨੇ ਇਹੀ) ਬਵੰਜਾ ਅੱਖਰ ਹੋਰ ਹੋਰ (ਭਾਵਾਂ ਤੇ) ਜੋੜੇ ਹਨ (ਤੇ ਬਾਵਨ ਅਖਰੀ ਦੀ ਮੁਹਾਰਨੀ ਬਣਾਈ ਹੈ, ਪਰ ਉਨ੍ਹਾਂ ਵਿਚੋਂ ਕੋਈ) 'ਇਕ ਨਾ-ਨਾਸ਼ ਹੋਣੇ ਵਾਲੇ' (ਅਵਿਨਾਸ਼ੀ ਪ੍ਰਭੂ) ਨੂੰ ਪਛਾਣ ਨਹੀਂ ਸਕਿਆ। (ਇਹ) ਵਾਕ ਕਬੀਰ (ਕਿਸੇ ਦੀ ਹੀਣਤਾ ਲਈ ਨਹੀਂ ਕਹਿ ਰਿਹਾ ਪਰ ਜੋ ਵਰਤ ਰਿਹਾ ਹੈ ਸੋ) ਸੱਚ ਸੱਚ ਕਹਿ ਰਿਹਾ ਹੈ (ਕਿ ਜੋ ਅਸਲੀ) ਪੰਡਤ ਹੋਏਗਾ ਉਹ ਤਾਂ (ਇਨ੍ਹਾਂ ਅੱਖਰਾਂ ਦੀ ਵੀਚਾਰ ਤੋਂ ਪਰਮੇਸ਼ੁਰ ਦੇ) ਅਨੁਭਵੀ ਗਯਾਨ ਵਿਚ ਰਹੇਗਾ। (ਆਮ ਤੌਰ ਤੇ ਇਹ ਮੁਹਾਰਨੀ ਜੋੜਨੀ ਤੇ ਵਿਦਯਾਰਥੀਆਂ ਤੋਂ ਉਚਾਰ ਕਰਵਾਉਣੀ ਆਮ) ਪੰਡਤ ਲੋਕਾਂ ਦਾ (ਇਕ) ਵਿਹਾਰ ਮਾਤ੍ਰ ਹੈ (ਜੋ ਪਾਂਧੇ ਧਨੀਆਂ ਦੇ ਘਰ ਸ਼ੁਭ ਅਵਸਰਾਂ ਤੇ ਉਚਰਵਾ ਕੇ ਪਦਾਰਥ ਲੈਂਦੇ ਹਨ; ਪਰ) ਗਿਆਨਵੰਤ ਨੂੰ ਤਤ ਦੇ ਵੀਚਾਰ (ਦਾ ਪ੍ਰਯੋਜਨ ਹੁੰਦਾ ਹੈ ਸੋ ਸਿਧੀ ਬਾਤ) ਕਹਿੰਦਾ ਹੈ ਕਬੀਰ ਕਿ ਜਿਸ ਦੇ ਜੀ ਵਿਚ ਜੈਸੀ ਬੁੱਧੀ ਹੋਵੇਗੀ ਉਹੋ ਹੀ (ਗਲ ਉਹ) ਜਾਣ ਲਵੇਗਾ। (ਭਾਵ ਵਿਹਾਰਕ ਬ੍ਰਿਤੀ ਵਾਲਾ ਵਿਹਾਰਕ ਪ੍ਰਯੋਜਨ ਸਮਝ ਲਏਗਾ। ਚਾਹੋ ਮੈਂ ਤਾਂ ਗਯਾਨ ਪ੍ਰਾਪਤੀ ਲਈ ਏਹ ਬਾਣੀ ਰਚੀ ਹੈ, ਪਰ ਅਗੋਂ ਵਰਤਾਉ ਵਰਤਾਉਣ ਵਾਲੇ ਦੀ ਬੁੱਧੀ ਅਨੁਸਾਰ ਹੋਣਾ ਹੈ)॥੪੫॥

ਵਯਾਖਯਾ— ਹੁਣ ਸਮਾਪਤੀ ਦੇ ਬਚਨ ਆਖਦੇ ਹਨ। ਜਿਵੇਂ ਇਸੇ ਬਾਣੀ ਦੇ ਪਹਿਲੇ ਅੰਕ ਵਿਚ ਕਿਹਾ ਸੀ: 'ਏ ਅਖਰ ਖਿਰ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥' ਤਿਵੇਂ ਸਮਾਪਤੀ ਤੇ ਫੁਰਮਾਉਂਦੇ ਹਨ 'ਬਾਵਨ ਅਖਰ ਜੋਰੇ ਆਨਿ॥ਸਕਿਆ ਨ ਅਖਰੁ ਏਕੁ ਪਛਾਨਿ॥'

ਪਾਂਧੇ ਕਾਕਿਆਂ ਨੂੰ ਇਕ ਇਕ ਅੱਖਰ ਨਾਲ ਟੱਪੇ ਜੋੜ ਕੇ ਇਕ ਮੁਹਾਰਨੀ ਸਿਖਾਲਿਆ ਕਰਦੇ ਹਨ, ਜੋ ਧਨੀ ਵਿਦਯਾਰਥੀਆਂ ਦੇ ਘਰੀਂ ਉਤਸਵਾਂ ਸਮੇਂ ਮੁੰਡਿਆਂ ਤੋਂ ਉਚਰਵਾ ਕੇ ਕੁਛ ਮਾਇਆ

ਲਿਆਇਆ ਕਰਦੇ ਹਨ। ਉਨ੍ਹਾਂ ਦੀਆਂ ਜੋੜੀਆਂ ਬਾਵਨ ਅਖਰੀਆਂ ਦਾ ਪ੍ਰਯੋਜਨ 'ਮਾਇਆ' ਹੁੰਦਾ ਹੈ। ਪਰ ਕਬੀਰ ਜੀ ਦਾ ਪ੍ਰਯੋਜਨ ਜਗਤ ਦੀ ਕਲਜਾਣ ਹੈ, ਜਿਸ ਲਈ ਇਸ ਬਾਵਨ ਅਖਰੀ ਤੋਂ ਭਗਤੀ ਤੇ ਗਜਾਨ ਪ੍ਰਾਪਤ ਹੁੰਦਾ ਹੈ। ਪਰ ਕਬੀਰ ਜੀ ਨੇ ਬੀ ਟੁਰ ਜਾਣਾ ਹੈ, 'ਰਚੀ ਗਈ ਬਾਵਨ ਅਖਰੀ ਨਿਰੇ ਭਗਤਿ ਗਜਾਨ ਦੇ ਅਧਿਕਾਰੀ ਹੱਥਾਂ ਵਿਚ ਜਾਵੇ' ਇਸ ਦਾ ਪ੍ਰਬੰਧ ਹੋ ਨਹੀਂ ਸਕਦਾ, ਇਸ ਕਰਕੇ ਆਪਣਾ ਪ੍ਰਯੋਜਨ ਜਗਤ ਨੂੰ 'ਸਤ ਕਾ ਸਬਦੁ ਕਬੀਰ ਕਹੈ' ਆਖ ਕੇ ਸੂਚਿਤ ਕਰਦੇ ਹਨ ਕਿ ਇਸ ਬਾਵਨ ਅਖਰੀ ਤੋਂ ਮੇਰਾ ਪ੍ਰਯੋਜਨ ਜੋ ਹੈ ਸੋ ਲਾਭ ਲਓ। ਪਰ ਓਹ ਜਾਣਦੇ ਹਨ ਕਿ ਬੁੱਧੀਆਂ ਨਾਨਾ ਪ੍ਰਕਾਰ ਦੀਆਂ ਹਨ, ਪਾਂਧੇ ਲੋਕ ਇਸ ਨੂੰ ਬੀ ਮਾਯਾ ਦਾ ਵਿਚਾਰ ਬਣਾ ਲੈਣਗੇ, ਇਸ ਕਰਕੇ ਕਹਿੰਦੇ ਹਨ ਕਿ ਗਜਾਨਵੰਤ ਤਾਂ ਇਸ ਤੋਂ ਤਤ ਵੀਚਾਰ ਦਾ ਕੰਮ ਲੈਣਗੇ, ਅਸਲੀ ਪੰਡਤ ਪਰਮੇਸ਼ੁਰ ਦੇ ਅਨੁਭਵ ਵਿਚ ਆਉਣਗੇ, ਮਾਯਾ ਪ੍ਰੇਮੀ ਪਾਂਧੇ ਪੰਡਤ ਬਿਉਹਾਰ ਸਿੱਧ ਕਰਨਗੇ, ਆਪੋ ਆਪਣੀ ਬੁੱਧੀ ਅਨੁਸਾਰ।

ਦੂਸਰਾ ਭਾਵ ਇਸ ਅੰਕ ਦਾ ਇਹ ਹੈ ਕਿ ਅੱਖਰ ਪੜ੍ਹਨ ਨਾਲ—ਨਿਰੀ ਵਿਦਜਾ ਪ੍ਰਾਪਤੀ ਨਾਲ—ਕਲਜਾਣ ਪ੍ਰਾਪਤੀ ਨਹੀਂ ਹੁੰਦੀ। ਕਲਜਾਣ—ਅ + ਖਰ = ਨਾ ਖਰਨੇ ਵਾਲੇ = ਅਵਿਨਾਸ਼ੀ ਪ੍ਰਭੂ ਨਾਲ ਪ੍ਰੇਮ ਕਰਕੇ ਗਜਾਨ ਆਰੂੜ ਹੋਣ ਨਾਲ ਹੈ ਤੇ ਵਿਦਵਾਨ ਹੋ ਕੇ ਜੋ ਮਾਯਾ ਪ੍ਰੇਮੀ ਹੋਵੇ ਅਤੇ ਆਪਣੀ 'ਵਿਦਜਾ' 'ਗਜਾਨ' ਨੂੰ ਮਾਯਾ ਕੱਠੀ ਕਰਨੇ ਦਾ ਵਸੀਲਾ ਬਣਾਵੇ ਤਾਂ ਉਹ ਹੋਰ ਘਾਟੇਵੰਦੀ ਗੱਲ ਹੈ।

—:o:—

[ਥਿਤੀ ਕਬੀਰ ਜੀ ਕੀ]

੧ਓ ਸਤਿਗੁਰ ਪ੍ਰਸਾਦਿ॥
ਰਾਗ ਗਉੜੀ ਥਿਤੀਂ ਕਬੀਰ ਜੀ ਕੀਂ॥

ਪ੍ਰਾਕ੍ਕਥਨ— ਇਹ ਕਬੀਰ ਜੀ ਦੀ ਗਉੜੀ ਰਾਗ ਵਿਚ ਥਿੱਤਾਂ ਦੇ ਹਿਸਾਬ ਵਿਚ ਰਚੀ ਬਾਣੀ ਹੈ। ਸੰਸਕ੍ਰਿਤ ਪਦ 'ਤਿਥਿ' ਹੈ, ਇਹ ਨਾਮ ਤਰੀਕਾਂ ਦਾ ਹੈ ਜੋ ਚੰਦ੍ਰਮਾਂ ਦੀ ਚਾਲ ਦੇ ਹਿਸਾਬ ਗਿਣੀ ਦੀਆਂ ਹਨ। ਇਸ ਦੇ ਦੋ ਪੱਖ ਹਨ: ਚਾਨਣਾ ਪੱਖ ਜਦੋਂ ਚੰਦ੍ਰਮਾਂ ਮਸਜਾ ਤੋਂ ਪਿਛੋਂ ਪੂੰਨਜਾਂ ਤਕ ਦਰਸ਼ਨ ਦੇਂਦਾ ਹੈ। ਫੇਰ ਪੂੰਨਜਾਂ ਤੋਂ ਲੈਕੇ ਮੱਸਜਾ ਤਕ ਦੇ ਦਿਨਾਂ ਨੂੰ ਹਨੇਰਾ ਪੱਖ ਆਖਦੇ ਹਨ। ਸੰਸਕ੍ਰਿਤ ਪਦ ਤਿਥੀ ਦਾ ਦੇਸ਼ੀ ਬੋਲੀਆਂ ਵਿਚ ਰੂਪ ਹੈ ਥਿਤ ਯਾ ਥਿਤੀਂ। 'ਥਿਤੀਂ' ਯਾ 'ਥਿਤੀ' ਪਦ ਨੂੰ ਥਿੱਤ ਪਦ ਦਾ ਬਹੁ ਬਚਨ ਸਮਝੀਦਾ ਹੈ। ਗੁਰੂ ਸਾਹਿਬਾਂ, ਅਵਤਾਰਾਂ, ਮਹਾਂ ਪੁਰਖਾਂ ਦੇ ਪਰਬ ਤੇ ਹੋਰ ਤਿਉਹਾਰਾਂ ਤੋਂ ਪਰਬਾਂ ਦੇ ਦਿਨ ਥਿੱਤਾਂ ਦੇ ਹਿਸਾਬ ਹੀ ਗਿਣਦੇ ਤੇ ਮਨਾਉਂਦੇ ਹਨ। ਸ਼ਾਹੂਕਾਰ ਵਿਆਜ ਥਿੱਤਾਂ ਦੇ ਹਿਸਾਬ ਗਿਣਦੇ ਹਨ, ਕਿਉਂਕਿ ਸੂਰਜ ਦੀਆਂ ਤ੍ਰੀਕਾਂ, ਜਿਨ੍ਹਾਂ ਨੂੰ ਪ੍ਰਵਿਸ਼ਟੇ ਕਹਿੰਦੇ ਹਨ, ਨਾਲੋਂ ਤਿੱਥਾਂ ਵਾਲਾ ਚੰਦ੍ਰਮਾਂ ਦੇ ਹਿਸਾਬ ਗਿਣਿਆਂ ਮਹੀਨਾਂ ਤੇ ਵਰਹਾ ਛੋਟਾ ਹੁੰਦਾ ਹੈ। ਇਸ ਹਿਸਾਬ ਨੂੰ ਸੂਰਜ ਦੀ ਚਾਲ ਦੇ ਹਿਸਾਬ ਨਾਲ ਮਿਲਦਾ ਰੱਖਣ ਲਈ ਜਜੋਤਸ਼ੀ ਇਕ ਚੰਦ੍ਰਾਯਣ ਮਹੀਨਾ ਹਰ ਤੀਸਰੇ ਸਾਲ ਵਧਾ ਦੇਂਦੇ ਹਨ, ਉਸ ਮਹੀਨੇ ਨੂੰ 'ਮਲਮਾਸ' ਯਾ 'ਲੌਂਦਮਾਸ' ਆਖਦੇ ਹਨ। ਇਸ ਮਹੀਨੇ ਵਿਚ ਕੋਈ ਸ਼ੁਭ ਕਾਰਜ ਕਰਨੋਂ ਜਜੋਤਸ਼ੀ ਮਨ੍ਹਾ ਕਰਦੇ ਹਨ। ਏਕਾਦਸ਼ੀ ਤੇ ਹੋਰ ਬ੍ਰਤ ਤਿੱਥਾਂ ਦੇ ਹਿਸਾਬ ਹੀ ਗਿਣੀਦੇ ਹਨ, ਤੇ ਇਨ੍ਹਾਂ ਦੇ ਹਿਸਾਬ ਦੇਵਤਿਆਂ ਦੇ ਪੂਜਨ ਹੁੰਦੇ ਹਨ। ਆਮ ਤੌਰ

ਤੇ ਪੰਚਮੀ ਤੇ, ਸਪਤਮੀ, ਪੂੰਨਜਾਂ ਨੂੰ ਸ਼ੁਭ ਸਮਝਦੇ ਹਨ। ਉਨ੍ਹਾਂ ਕਰਮ ਕਾਂਡ ਦੇ ਦੱਸੇ ਤੇ ਭਰਮ ਵਸ ਹੋਏ ਤਿੱਥਾਂ ਵਾਰਾਂ ਦੇ ਮਨਾਉਣ ਦੀ ਥਾਂਵੇਂ ਸਾਰੀਆਂ ਤਿਥਾਂ ਤੇ ਵਾਰਾਂ ਵਿਚ ਇਕ ਅਦੁਤੀ ਪਰਮਾਤਮ ਦੇਵ ਦਾ ਪੂਜਨ ਕਰਨੇ ਹਿਤ ਇਹ ਬਾਣੀ ਰਚੀ ਹੈ। ਵਿਸ਼ੇਸ਼ ਵੇਖੋ ਪਿਛੇ ਪੰਨਾ ੧੭੭੮।

ਸਲੋਕੁ ॥
ਪੰਦ੍ਰਹ ਥਿਤੰੀ ਸਾਤ ਵਾਰ ॥
ਕਹਿ ਕਬੀਰ ਉਰਵਾਰ ਨ ਪਾਰ ॥
ਸਾਧਿਕ ਸਿਧ ਲਖੈ ਜਉ ਭੇਉ ॥
ਆਪੇ ਕਰਤਾ ਆਪੇ ਦੇਉ ॥੧॥

ਕਬੀਰ ਜੀ ਕਹਿੰਦੇ ਹਨ ਕਿ ਪੰਦਰਾਂ ਥਿੱਤਾਂ ਤੇ ਸੱਤ ਵਾਰਾਂ (ਦੇ ਭ੍ਰਮ ਵਿਚ ਆਕੇ ਜੋ ਲੋਕ ਇਨ੍ਹਾਂ ਦਾ ਮਹਾਤਮ ਮੰਨਕੇ ਯਾ ਮਨੋਰਥਾਂ ਦੇ ਵੱਸ ਹੋ ਕੇ ਪੂਜਾ ਬ੍ਰਿਤਿ ਆਦਿ ਕਰਦੇ ਹਨ ਓਹ) ਨਾ ਤਾਂ ਉਰਵਾਰ (=ਬ੍ਰਹਮ ਲੋਕ ਨੂੰ) ਜਾਂਦੇ ਹਨ, ਨਾ ਪਾਰ (=ਮੁਕਤੀ)ਨੂੰ ਪ੍ਰਾਪਤ ਹੁੰਦੇ ਹਨ (ਪਰੰਤੂ ਈਸ਼੍ਵਰ ਪ੍ਰਾਪਤੀ ਦੀ) ਸਾਧਨਾ ਕਰਨੇ ਵਾਲੇ (ਯਾ ਸਾਧਨਾ ਕਰਕੇ) ਸਿਧੀ ਨੂੰ ਪ੍ਰਾਪਤ ਹੋ ਗਏ (ਪੁਰਖ)ਜਦੋਂ ਭੇਤ ਨੂੰ ਲਖ ਲੈਂਦੇ ਹਨ (ਕਿ ਨਿਰੰਕਾਰ) ਆਪ ਹੀ (ਸਭ ਥਿਤਾਂ ਵਾਰਾਂ ਦਾ, ਭਾਵ ਕਾਲ ਦਾ) ਕਰਤਾ ਹੈ ਤੇ ਆਪ ਹੀ ਪ੍ਰਕਾਸ਼ ਸਰੂਪ ਹੈ (ਤਦ ਓਹ ਉਸ ਨਾਲ ਮਿਲਕੇ ਪ੍ਰਕਾਸ਼ ਰੂਪ ਤੇ ਕਰਤ੍ਰੀ ਪਦ ਵਾਲੇ ਹੋ ਜਾਂਦੇ ਹਨ)॥੧॥

ਵਯਾਖਯਾ— ਅਤਿ ਸੰਖੇਪ ਪਦ ਵਰਤੇ ਹਨ। ਪਹਿਲੀਆਂ ਦੋ ਤੁਕਾਂ ਵਿਚ ਪੰਦਰਾਂ ਥਿਤਾਂ ਤੇ ਸੱਤ ਵਾਰਾਂ ਦੇ ਭਰਮ ਵਿਚ ਗ੍ਰਸਿਆਂ ਦੀ ਮਾੜੀ ਦਸ਼ਾ ਦੱਸੀ ਹੈ। ਦੂਜੀਆਂ ਵਿਚ ਕਰਤਾਰ ਦੇ ਭੇਦ ਨੂੰ ਸਮਝ ਲੈਣ ਵਾਲਿਆਂ ਦੀ ਉੱਤਮ ਦਸ਼ਾ ਦਰਸਾਈ ਹੈ।

'ਜਉ' ਪਦ ਹਿੰਦੀ ਦਾ 'ਜੌਂ' ਹੈ ਜੋ 'ਯਦਿ' ਤੋਂ ਬਣਿਆ ਹੈ; ਅਰਥ ਹੈ: ਜੇ, ਜੇਕਰ, ਅਗਰ। ਏਹ ਅਰਥ ਲਈਏ ਤਾਂ ਛੇਕੜਲੀ ਤੁਕ ਦੇ ਅਰਥ ਸਾਰੀ ਤੁਕ ਨੂੰ ਦੇਹੁਲੀ ਦੀਪਕ ਮੰਨ ਲੈਣ ਨਾਲ ਸਾਫ ਖੁਲ੍ਹ ਪੈਂਦੇ ਹਨ, ਜੈਸੇ ਕਿ ਉਪਰ ਕੀਤੇ ਗਏ ਹਨ।

ਪਰ ਜੇ 'ਜਉ' ਦਾ ਅਰਥ ਲਾਈਏ 'ਜੋ' ਤਾਂ ਅਰਥ ਬਣੇਗਾ:—ਸਾਧਿਕ ਸਿਧ ਜੋ ਭੇਦ ਲਖੇਗਾ (ਉਹ) ਆਪੇ ਕਰਤਾ ਆਪੇ ਦੇਉ ਹੋ ਜਾਇਗਾ। ਪਰ 'ਜਉ' ਦਾ ਅਰਥ 'ਜੋ' ਹੈ ਨਹੀਂ।

ਨਿਰੁਕ੍ਤ— **ਪੰਦ੍ਰਹ**— ਏਕਸ ਤੋਂ ਪੂੰਨਜਾਂ ਤਕ ਤੇ ਏਕਸ ਤੋਂ ਮਸਜਾ ਤਕ ੧੫ ਥਿੱਤਾਂ ਹੀ ਹੁੰਦੀਆਂ ਹਨ।ਉਂਞ ਮਸਜਾ ਤੋਂ ਪੂੰਨਜਾਂ ਦੁਇ ਵਿਚ ਪਾਕੇ ਗਿਣੀਏ ਤਾਂ ਸਾਰੀਆਂ ੧੬ ਬਣਦੀਆਂ ਹਨ।

ਉਰਵਾਰ ਨ ਪਾਰ— ਨਾ ਲੋਕ ਨਾ ਪਰਲੋਕ ਸੰਵਰਦਾ ਹੈ।

ਪ੍ਰਾਕ੍ਥਨ—ਅਗੋਂ ਹੁਣ ਕ੍ਰਮਵਾਰ ਥਿਤਾਂ ਦਾ ਉਪਦੇਸ਼ ਸ਼ੁਰੂ ਹੁੰਦਾ ਹੈ। ਅਮਾਵਸ ਲਈ ਉਪਦੇਸ਼ ਹੈ:—

ਅੰਮਾਵਸ ਮਹਿ ਆਸ ਨਿਵਾਰਹੁ ॥
ਅੰਤਰਜਾਮੀ ਰਾਮੁ ਸਮਾਰਹੁ ॥
ਜੀਵਤ ਪਾਵਹੁ ਮੋਖ ਦੁਆਰ ॥
ਅਨਭਉ ਸਬਦੁ ਤਤੁ ਨਿਜੁ ਸਾਰ ॥੧॥

ਅਮਾਵਸ ਦੇ (ਦਿਨ) ਵਿਚ (ਮਨ ਤੋਂ ਦੁਤੀਆ) ਆਸਾ ਨੂੰ ਦੂਰ ਕਰੋ, ਅੰਤਰਯਾਮੀ (=ਅੰਦਰ ਬੈਠੇ) ਰਾਮ ਨੂੰ ਸਿਮਰੋ, (ਉਸੇ ਤੇ ਆਸਾ ਧਾਰਨ ਕਰੋ ਤਦ ਤੁਸੀਂ) ਜੀਉਂਦੇ ਜੀ ਮੁਕਤੀ ਦਾ ਦਰ ਪਾ ਲਓਗੇ। (ਮੁਕਤੀ ਦੇ ਦਰ ਦਾ ਰੂਪ ਦੱਸਦੇ ਹਨ:) ਸਬਦ ਤਤ (=ਬ੍ਰਹਮਤਤ ਤੇ) ਨਿਜ ਤਤ (ਜੀਵ ਤਤ) ਦਾ ਅਨੁਭਵ (ਭਾਵ ਤੁਸਾਨੂੰ ਅਨੁਭਵ ਹੋ ਜਾਇਗਾ ਸ੍ਵੈ ਸਰੂਪ ਦਾ ਤੇ ਬ੍ਰਹਮ ਸਰੂਪ ਦਾ)॥੧॥

ਚਰਨ ਕਮਲ ਗੋਬਿੰਦ ਰੰਗੁ ਲਾਗਾ ॥ ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥੧॥ ਰਹਾਉ ॥	[ਨਿਰਆਸਾ ਹੋ ਕੇ ਰਾਮ ਸਿਮਰਦਿਆਂ ਕਿਵੇਂ ਅਨੁਭਵ ਖੁੱਲ੍ਹਦਾ ਹੈ ? ਉੱਤਰ:] (ਜਿਸ ਦੇ ਮਨ ਨੂੰ ਨਾਮ ਦੇ ਨਾਮੀ) ਗੋਬਿੰਦ ਦੇ ਚਰਨਾਂ ਕਮਲਾਂ (=ਸਰੂਪ) ਦਾ ਪ੍ਰੇਮ ਲਗ ਗਿਆ, (ਨਾਲ ਹੋ ਗਈ) ਸੰਤ ਦੀ ਕ੍ਰਿਪਾ, (ਉਸ ਨਾਲ) ਹੋ ਗਿਆ ਮਨ ਨਿਰਮਲ, (ਤੇ ਜੋ) ਦਿਨ ਰਾਤ ਜਾਗਦਾ ਰਿਹਾ ਹਰੀ ਕੀਰਤਨ ਵਿਚ, (ਉਸ ਨੂੰ ਹੋ ਜਾਏਗਾ ਅਨੁਭਵ)॥੧॥ ਰਹਾਉ॥

ਵ੍ਯਾਖ੍ਯਾ— ਸੰਤ ਦਾ ਸੰਗ, ਉਸਦੀ ਕ੍ਰਿਪਾ, ਹਰੀ ਦਾ ਸਿਮਰਨ, ਹਰੀ ਦਾ ਪ੍ਰੇਮ, ਹਰੀ ਦਾ ਗੁਣ ਗਾਇਨ, ਇਨ੍ਹਾਂ ਗਲਾਂ ਵਿਚ ਸਾਵਧਾਨਤਾ ਤੇ ਮਨ ਦੀ ਨਿਰਮਲਤਾ ਜਿਸ ਨੂੰ ਮਿਲ ਗਈ ਉਹ ਨਿਜ ਤੱਤ ਤੇ ਬ੍ਰਹਮ ਤਤ ਦੇ ਗ੍ਯਾਨ ਨੂੰ ਪਹੁੰਚਦਾ ਹੈ।

ਨਿਰੁਕ੍ਤ—**ਅੰਮਾਵਸ**—ਮਸਿਆ। ਚੰਨ ਲੋਪ ਰਹੇ ਜਿਸ ਰਾਤ। ਵਿਸ਼ੇਸ਼ ਦੇਖੋ ਪੰਨਾ ੧੭੯੩।

ਅੰਤਰਜਾਮੀ—ਅੰਦਰ ਬੈਠਾ, ਅੰਦਰ ਦਾ ਪ੍ਰੇਰਕ, ਅੰਦਰ ਦੀ ਜਾਣਨ ਵਾਲਾ।

ਅਨਭਉ—ਯਥਾਰਥ ਗ੍ਯਾਨ, ਪੂਰਨ ਲੱਖਤਾ ਵਾਲਾ ਗ੍ਯਾਨ। ਸਾਖ੍ਯਾਤਕਾਰ।

ਸ਼ਬਦੁ ਤਤੁ—ਬ੍ਰਹਮ ਤਤ।

ਨਿਜੁ ਸਾਰ—ਅਪਨਾ ਤਤ੍ਵ, ਜੀਵ ਤੱਤ।

ਅਨਦਿਨੁ—ਹਰ ਦਿਨ, ਸਦਾ, ਦਿਨ ਰਾਤ।

[ਏਕਮ ਲਈ ਉਪਦੇਸ਼]

ਪਰਿਵਾ ਪ੍ਰੀਤਮ ਕਰਹੁ ਬੀਚਾਰ ॥ ਘਟ ਮਹਿ ਖੇਲੈ ਅਘਟ ਅਪਾਰ ॥ ਕਾਲ ਕਲਪਨਾ ਕਦੇ ਨ ਖਾਇ ॥ ਆਦਿ ਪੁਰਖ ਮਹਿ ਰਹੈ ਸਮਾਇ ॥੨॥	ਏਕਮ (ਦੀ ਤਿਥਿ ਨੂੰ ਜੇਕਰ ਤੁਸੀਂ) ਪ੍ਯਾਰੇ (ਪ੍ਰਭੂ) ਦਾ ਵੀਚਾਰ ਕਰੋਗੇ (ਤਾਂ ਦੇਖੋਗੇ ਕਿ ਉਹ ਆਪਣੇ) ਹਿਰਦੇ ਵਿਚ ਹੀ ਖੇਲ ਰਿਹਾ ਹੈ (ਤੇ ਫੇਰ) ਬੇਅੰਤ ਹੈ ਤੇ ਸਰੀਰ ਰਹਿਤ ਹੈ; (ਤਦ) ਕਾਲ ਦੀ ਕਲਪਨਾ (ਕਿ ਅਜ ਸ਼ੁਭ ਤਿਥ ਹੈ ਕਿ ਅਸ਼ੁਭ, ਸ਼ੁਭ ਵਾਰ ਹੈ ਕਿ ਅਸ਼ੁਭ) ਕਦੇ ਨਾ ਸਤਾਵੇਗੀ, (ਕਿਉਂਕਿ ਐਸਾ ਪੁਰਖ) ਪਰਮਾਤਮਾ ਵਿਚ (ਜੀਉਂਦੇ ਜੀ ਹੀ ਸਮਾਇਆ ਰਹਿੰਦਾ ਹੈ॥੨॥

ਵ੍ਯਾਖ੍ਯਾ— ਪ੍ਯਾਰੇ ਪ੍ਰਭੂ ਦਾ ਵੀਚਾਰ ਕਰੋ: ਵੀਚਾਰ ਦਾ ਸਰੂਪ ਦੱਸਦੇ ਹਨ: ਘਟ ਘਟ ਵਿਚ ਵ੍ਯਾਪਕ ਸਮਝੋ, ਦੇਸ਼ ਕਾਲ ਤੋਂ ਉੱਪਰ ਪਾਰ ਰਹਿਤ ਅਨੰਤ ਸਮਝੋ ਉਸ ਨੂੰ, ਤੇ ਸਰੀਰ ਰਹਿਤ, ਨਿਰਾਕਾਰ ਸਮਝੋ ਉਸ ਨੂੰ; ਇਸ ਬੀਚਾਰ ਨਾਲ ਜੀਉਂਦੇ ਜੀ ਮੁਕਤ ਹੋ ਜਾਓਗੇ।

ਨਿਰੁਕ੍ਤ— **ਪਰਿਵਾ**—ਪ੍ਰਤਿਪਦਾ। ਏਕਮ ਦੀ ਤਿਥਿ।

ਅਘਟ—ਜਿਸ ਦਾ ਸਰੀਰ ਨਹੀਂ, ਜੋ ਨਿਰਾਕਾਰ ਹੈ ਯਾ ਜੋ ਚੰਚਲ ਨਹੀਂ।

ਅਪਾਰ—ਬੇਅੰਤ।   **ਕਲਪਨਾ**—ਸੰਤਾਪ। ਸਤਾਉਣ ਦੀ ਕ੍ਰਿਆ।

(ਅ) ਕਾਲ ਦਾ ਹਿਸਾਬ। ਭਾਵ ਉਹ ਕਾਲ ਚਕ੍ਰ ਤੋਂ ਪਾਰ ਹੋ ਜਾਂਦਾ ਹੈ।

[ਦੂਜ ਲਈ ਉਪਦੇਸ਼]

ਦੁਤੀਆ ਦੁਹ ਕਰਿ ਜਾਨੈ ਅੰਗ ॥
ਮਾਇਆ ਬ੍ਰਹਮ ਰਮੈ ਸਭ ਸੰਗ ॥

ਨਾ ਓਹੁ ਬਢੈ ਨ ਘਟਤਾ ਜਾਇ ॥
ਅਕੁਲ ਨਿਰੰਜਨ ਏਕੈ ਭਾਇ ॥੩॥

(ਆਪਣਾ) ਸਰੀਰ ਜਾਣੋਂ ਕਿ ਦੁਤੀਆ ਦੋ ਕਰਕੇ (ਬਣਿਆ ਹੈ:ਇਕ) ਮਾਇਆ (ਤੇ ਇਕ) ਬ੍ਰਹਮ, (ਇਕ ਦੁਇ ਆਪਣੇ ਨਾਲ ਹੀ ਨਹੀਂ) ਸਭ ਨਾਲ ਵਰਤ ਰਹੇ ਹਨ। (ਮਾਇਆ ਵਧਦੀ ਘਟਦੀ ਬਦਲਦੀ ਹੈ, ਪਰ) ਉਹ (= ਬ੍ਰਹਮ) ਨਾ ਵਧਦਾ ਹੈ ਨਾ ਘਟਦਾ ਹੈ। (ਭਾਵ ਐਤਨੇ ਸਰੀਰਾਂ ਵਿਚ ਹੋਣ ਕਰਕੇ ਪ੍ਰਛਿੰਨ ਨਹੀਂ ਹੋ ਜਾਂਦਾ, ਨਾ ਹਰ ਜਾਤਿ ਹਰ ਕੁਲ ਦੇ ਮਾਨੁੱਖ ਦੇ ਸਰੀਰ ਵਿਚ ਹੋਣ ਕਰਕੇ ਕਿਸੇ ਕੁਲ ਗਤ ਦਾ ਹੋ ਜਾਂਦਾ ਹੈ, ਉਹ ਸਦਾ) ਅਕੁਲ ਰਹਿੰਦਾ ਹੈ, (ਮਾਇਆ ਦੇ ਨਾਲ ਸਰੀਰ ਨਿਰਅੰਜਨ ਰਹਿੰਦਾ ਹੈ (ਭਾਵ ਮਾਇਆ ਤੋਂ ਅਤੀਤ ਰਹਿੰਦਾ ਹੈ, ਇਸ ਕਰਕੇ ਉਹ ਸਦਾ) ਇਕ ਰਸ ਰਹਿੰਦਾ ਹੈ (ਸਦੀਵ ਇਕੋ ਜਿਹਾ ਅਬਦਲ ਹੈ)॥ ੩॥

ਨਿਰੁਕਤ— ਦੁਤੀਆ—ਦੂਜ। **ਅੰਗ**—ਸਰੀਰ। (ਅ) ਹਿੱਸੇ। ਜਗਤ ਦੇ ਦੋ ਅੰਗ ਹਨ। ਮਾਇਆ ਤੇ ਬ੍ਰਹਮ।

ਅਕੁਲ—ਕੁਲ ਰਹਿਤ। ਜਿਸ ਦੀ ਜਾਤ ਕੁਲ ਨਹੀਂ। ਕਈ ਦਾਨੇ ਪਿਛਲੀਆਂ ਦੋ ਤੁਕਾਂ ਦੇ ਅਰਥ ਐਉਂ ਲਾਉਂਦੇ ਹਨ ਕਿ ਜੋ ਅਕੁਲ ਨਿਰੰਜਨ ਇਕੋ ਭਾਇ (= ਪ੍ਰੇਮ) ਕਰਦਾ ਹੈ, ਨਾ ਓਹ ਵਧਦਾ ਹੈ ਨਾ ਘਟਦਾ ਹੈ ਇਕ ਰਸ ਰਹਿੰਦਾ ਹੈ।

[ਤੀਜ ਤਿਥਿ ਦਾ ਉਪਦੇਸ਼]

ਤ੍ਰਿਤੀਆ ਤੀਨੇ ਸਮ ਕਰਿ ਲਿਆਵੈ ॥
ਆਨਦ ਮੂਲ ਪਰਮ ਪਦੁ ਪਾਵੈ ॥
ਸਾਧਸੰਗਤਿ ਉਪਜੈ ਬਿਸ੍ਵਾਸ ॥
ਬਾਹਰਿ ਭੀਤਰਿ ਸਦਾ ਪ੍ਰਗਾਸ ॥੪॥

ਤੀਜ ਨੂੰ ਤਿੰਨੇ (ਇੜਾ ਪਿੰਗਲਾ ਸੁਖਮਨਾ ਵਿਚ ਸੁਆਸ ਨੂੰ) ਇਕੋ ਜੇਹਾ ਕਰਕੇ ਲਿਆਵੇ, (ਤਾਂ) ਆਨੰਦ ਦੇ ਮੂਲ ਪਰਮ ਪਦ ਨੂੰ ਪਾ ਲਵੇਗਾ। (ਪਰ ਪਹਿਲੋਂ ਉਸ ਨੂੰ) ਸਾਧ ਸੰਗਤ ਵਿਚ ਭਰੋਸਾ ਪੈਦਾ ਹੋਵੇ (ਫਿਰ ਉਸ ਨੂੰ) ਅੰਦਰ ਬਾਹਰ ਸਦਾ ਪ੍ਰਕਾਸ਼ ਰਹੇਗਾ॥ ੪॥

ਨਿਰੁਕਤ— ਤੀਨੇ—ਤਿੰਨੇ। ਕਬੀਰ ਜੀ ਦੱਸਦੇ ਨਹੀਂ ਕਿ ਕਿਹੜੇ ਤਿੰਨ ? ਇਸ ਲਈ ਆਪੋ ਆਪਣੇ ਖਿਆਲ ਮੂਜਬ ਤਿੰਨਾਂ ਨੂੰ ਗਿਣ ਲੈਂਦੇ ਹਨ। (ੳ) ਧਜਾਤਾ, ਧਜਾਨ, ਧਜੇਯ ਵਿਚ ਸਮਤਾ ਕਰੇ। (ਅ) ਤਿੰਨੇ ਗੁਣ ਸਮ ਕਰੇ। ਤਿੰਨਾਂ ਗੁਣਾਂ ਦਾ ਸਮ ਹੋਣਾ ਮਾਇਆ ਦਾ ਨਾਸ਼ ਹੈ। (ੲ) ਜਾਗ੍ਰਤ, ਸ੍ਵਪਨ, ਸੁਖੋਪਤ ਤੋਂ ਤੁਰੀਆ ਵਿਚ ਆਵੇ, ਇਹ ਹੈ ਤਿੰਨਾਂ ਦਾ ਸਮ ਕਰਨਾ। ਆਦਿ।

[ਚੌਥ ਦਾ ਉਪਦੇਸ਼]

ਚਉਥਹਿ ਚੰਚਲ ਮਨ ਕਉ ਗਹਹੁ ॥
ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ॥

ਚਉਥ (ਨੂੰ ਇਹ ਕਰੋ ਕਿ ਆਪਣੇ) ਚੰਚਲ ਮਨ ਨੂੰ ਫੜ ਲਓ (= ਕਾਬੂ ਕਰ ਲਓ, ਇਹ ਤਾਂ ਅੰਦਰ ਰੋਕ ਪਾਓ ਤੇ ਬਾਹਰ ਆਪਣੇ ਤੇ ਇਹ ਰੋਕ ਲਾਓ ਕਿ) ਕਾਮ ਕ੍ਰੋਧ ਵਾਲੀ ਸੰਗਤਿ ਵਿਚ ਕਦੇ ਨਾ ਬੈਠੋ। (ਬ੍ਰਿਤੀਆਂ ਨੂੰ.ਕਾਮ ਵਲ ਨਾ ਜਾਣ ਦਿਓ ਤੇ ਕੁਸੰਗ ਵਿਚ ਬੀ ਨਾ ਜਾਓ, ਦਿਸ਼ਟਾ ਇਹ ਰੱਖੋ ਕਿ ਜਲ

ਜਲ ਥਲ ਮਾਹੇ ਆਪਹਿ ਆਪ ॥ ਆਪੈ ਜਪਹੁ ਆਪਨਾ ਜਾਪ ॥੫॥	ਥਲ ਵਿਚ (ਉਹ ਭਗਵੰਤ) ਆਪ ਹੀ ਆਪ (ਵਸ ਰਿਹਾ) ਹੈ। (ਜਦ ਸਾਰੇ ਵਯਾਪਕ ਆਪਣਾ ਹੀ ਹੈ ਤਾਂ ਤੁਸਾਂ ਵਿਚ ਬੀ ਉਹੀ ਹੈ, ਉਹੀ ਤੁਹਾਡਾ ਆਪਣਾ ਆਪ ਹੈ ਸੋ ਜਦ ਉਸ ਦਾ ਜਾਪ ਕਰੋਗੇ ਤਾਂ ਉਹ) ਜਾਪ ਆਪਣਾ ਜਾਪ ਹੀ ਆਪੇ ਜਪੋਗੇ॥ ੫॥

ਵਯਾਖਯਾ— ਸੁਗਮੰ।

[ਪੰਚਮੀ ਦਾ ਉਪਦੇਸ਼]

ਪਾਂਚੈ ਪੰਚ ਤਤ ਬਿਸਥਾਰ ॥ ਕਨਿਕ ਕਾਮਿਨੀ ਜੁਗ ਬਿਉਹਾਰ ॥ ਪ੍ਰੇਮ ਸੁਧਾ ਰਸੁ ਪੀਵੈ ਕੋਇ ॥ ਜਰਾ ਮਰਣ ਦੁਖੁ ਫੇਰਿ ਨ ਹੋਇ ॥੬॥	ਪੰਚਮੀ ਨੂੰ (ਇਹ ਵੀਚਾਰ ਕਰੋ ਕਿ ਇਹ ਜ਼ਗਤ ਦਾ) ਪਸਾਰਾ ਪੰਜਾਂ ਤਤਾਂ ਦਾ ਹੈ, (ਅਰਥਾਤ ਮਾਇਆ ਦਾ ਖਿਲਾਰਾ ਹੈ। ਮਾਇਆ ਦੋ ਪ੍ਰਕਾਰ ਦੀ ਹੈ, ਜੜ੍ਹ ਤੇ ਜੰਗਮ। ਜੜ੍ਹ ਮਾਇਆ) ਸੋਨਾ (ਧਨ ਦੌਲਤ ਜ਼ਿਮੀਂ ਮਾਲ ਹੈ ਤੇ ਜੰਗਮ ਮਾਇਆ) ਇਸਤ੍ਰੀ ਹੈ; (ਜੁਗ =) ਦੋਹਾਂ ਵਿਚ (ਜਗਤ ਦਾ) ਵਿਵਹਾਰ ਹੈ। ਕੋਈ (ਵਿਰਲਾ) ਹੁੰਦਾ ਹੈ (ਜੋ ਦੋਹਾਂ ਵਿਚੋਂ ਸੁਰਤ ਨੂੰ ਖਿੱਚ ਕੇ ਹਰੀ ਦੇ) ਪ੍ਰੇਮ ਦਾ ਅੰਮ੍ਰਿਤ ਰਸ ਪੀਂਦਾ ਹੈ, ਉਸ ਨੂੰ) ਫੇਰ ਜਨਮ ਮਰਣ ਤੇ ਬੁਢੇਪੇ ਦਾ ਦੁਖ ਨਹੀਂ ਹੁੰਦਾ। (ਇਹ ਵੀਚਾਰ ਕਰਕੇ ਪ੍ਰੇਮ ਸੁਧਾਰਸ ਪੀਓ, ਇਹ ਉਪਦੇਸ਼ ਹੈ॥ ੬॥

ਵਯਾਖਯਾ— ਸੁਗਮੰ।

ਨਿਰੁਕ੍ਤ— **ਕਨਿਕ**—ਸੋਨਾ **ਕਾਂਮਿਨੀ**—ਇਸਤ੍ਰੀ।

ਸੁਧਾ ਰਸੁ—ਅੰਮ੍ਰਿਤ ਰਸ। **ਜਰਾ**—ਬੁਢੇਪਾ !

[ਛਠ ਦਾ ਉਪਦੇਸ਼]

ਛਠਿ ਖਟੁ ਚਕ੍ਰ ਛਹੂੰ ਦਿਸ ਧਾਇ ॥ ਬਿਨੁ ਪਰਚੈ ਨਹੀ ਥਿਰਾ ਰਹਾਇ ॥ ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ ਕਰਮ ਧਰਮ ਕੀ ਸੂਲ ਨ ਸਹਹੁ॥੭॥	ਛਠ (ਵਾਲੇ ਦਿਨ ਵੀਚਾਰ ਕਰੋ ਕਿ) ਛੇਆਂ ਦਾ ਸਮੁਦਾਇ (ਪੰਜ ਗਯਾਨ ਇੰਦ੍ਰੇ ਤੇ ਮਨ) ਛੀਆਂ ਦਿਸ਼ਾ ਵਲ ਧਾਂਵਦਾ ਹੈ (ਭਾਵ ਏਹ ਆਪਣੇ ਆਪਣੇ ਵਿਸ਼ਿਆਂ ਵਲ ਦੌੜਦੇ ਹਨ। ਨਾਮ ਦੇ) ਪਰਚੇ ਬਿਨਾਂ ਥਿਰ ਨਹੀਂ ਰਹਿੰਦੇ। (ਜੇ ਤੁਸੀਂ) ਦੁਬਿਧਾ ਮੇਟਕੇ ਖਿਮਾ ਧਾਰਨ ਕਰੀ ਰਖੋ ਤਦ ਕਰਮ ਧਰਮ (ਤੋਂ ਉਪਜੇ) ਦੁਖ ਨਾ ਸਹਾਰੋਗੇ॥ ੭॥

ਵਯਾਖਯਾ— ਛੇ ਚੱਕ੍ਰਾਂ ਦਾ ਸਮੁਦਾਇ। ਭਾਵ ਹੈ ਪੰਜ ਗਯਾਨ ਇੰਦ੍ਰੇ ਤੇ ਮਨ, ਛੇ ਹੀ ਛੀਆਂ ਦਿਸ਼ਾਂ ਯਾ ਦਸੋ ਦਿਸ਼ਾਂ ਵੱਲ ਦੌੜਦੇ ਹਨ, ਅਥਵਾ ਛੇ ਚੱਕ੍ਰਾਂ ਵਾਲਾ ਸਰੀਰ ਦਸੋ ਦਿਸ਼ਾਂ ਨੂੰ ਧਾਂਵਦਾ ਹੈ। ਪੱਛਮ ਪੂਰਬ ਦੱਖਣ ਉੱਤਰ ਨੂੰ ਆਦਮੀ ਨੱਸਦਾ ਹੈ, ਅਕਾਸ਼ ਪਤਾਲ ਨੂੰ ਕੋਈ ਨਹੀਂ ਨੱਸਦਾ। ਤਦੇ ਹੇਠਾਂ ਉਪਰ ਦੀ ਦਿਸ਼ਾ ਦਾ ਅਰਥ ਕਰ ਲਈਦਾ ਹੈ ਕਿ ਪਹਾੜਾਂ ਉਤੇ ਤੇ ਸਾਗਰਾਂ ਵਲ। ਛੇ ਦੇ ਨਾਲ ਪਤਾ ਨਹੀਂ ਦਿੱਤਾ ਹੋਇਆ ਇਸ ਕਰਕੇ ਪੰਜ ਗਯਾਨ ਇੰਦ੍ਰੇ ਤੇ ਛੇਵਾਂ ਮਨ ਅਰਥ ਕਰ ਲਈਦਾ ਹੈ। 'ਬਿਨ ਪਰਚੇਂ' ਭਾਵ ਹੈ ਨਾਮ ਦੇ ਪਰਚੇ ਬਿਨਾ। ਪਰ ਪਰਚੇ ਦਾ ਅਰਥ 'ਜਾਣਨਾ' 'ਥਹੁ ਪੈ ਜਾਣਾ' ਬੀ ਹੈ, ਸੋ ਬਿਨ ਪਰਚੇ ਦਾ ਅਰਥ 'ਗਿਆਨ ਬਿਨਾ' ਬੀ ਕਰ ਲੈਂਦੇ ਹਨ। ਦੁਬਿਧਾ

ਦੇ ਟਾਕਰੇ ਤੇ ਖਿਮਾ ਕਹਿਣ ਤੋਂ ਭਾਵ ਹੈ ਕਿ ਮਾਨੁਖ ਦੇ ਛੇ ਹੀ ਦਿਸ਼ਾਂ ਵਲ ਧਾਉਣ ਤੋਂ ਹੋਰਨਾਂ ਨਾਲ ਦੁਬਿਧਾ ਦੇ ਸਮੇਂ ਆਉਂਦੇ ਹਨ, ਇਸ ਕਰਕੇ ਉਸ ਦਾ ਦਾਰੂ ਖਿਮਾ ਦੱਸਦੇ ਹਨ; ਪਰ ਵਿਸ਼ਾ ਚਲ ਰਿਹਾ ਹੈ ਥਿਰ ਨਾ ਰਹਿਣੇ ਦਾ। ਇਸ ਕਰਕੇ ਦੁਬਿਧਾ ਦਾ ਅਰਥ ਦੋ ਬਿਧਾਂ ਕਰ ਲੈਂਦੇ ਹਨ ਕਿ 'ਦੁਐਤ ਭਾਵ' ਦਾ ਨਾਸ਼ ਕਰਕੇ ਏਕਤਾ ਦੇ ਭਾਵ ਵਿਚ ਕੁਸ਼ਲਤਾ ਧਾਰਨ ਕਰੀ ਰੱਖੋ। ਯਾ ਐਉਂ ਕਿ ਦੁਬਿਧਾ ਆਸੁਰੀ ਗੁਣਾਂ ਵਿਚੋਂ ਹੈ, ਖਿਮਾ ਦੇਵੀ ਗੁਣਾਂ ਵਿਚੋਂ ਹੈ, ਦੋਹਾਂ ਤੋਂ ਉਪਲਖਤ ਆਸੁਰ ਗੁਣ ਤਜਾਗੋ ਤੇ ਦੈਵੀ ਧਾਰਨ ਕਰੀ ਰੱਖੋ।

ਕਰਮ ਧਰਮ ਦਾ ਮੂਲ ਕਰਮ ਧਰਮ ਜੋ ਸ਼ਾਸਤ੍ਰਾਂ ਮੂਜਬ ਕਰੀਦੇ ਹਨ ਉਨ੍ਹਾਂ ਦੇ ਫਲ ਵਿਚ ਸ਼ਰੀਰ ਮਿਲਦਾ ਹੈ ਤੇ ਕੀਤੇ ਪਾਪ ਪੁੰਨ ਅਨੁਸਾਰ ਦੁਖ ਸੁਖ ਭੋਗਦਾ ਹੈ। ਏਹ ਦੁਖ ਸੁਖ ਪੀੜਾ ਹਨ ਕਰਮ ਧਰਮ ਦੀਆਂ; ਜਿਵੇਂ ਮਿੱਟੀ ਖਾਣਾ ਕਾਰਣ ਬਣ ਜਾਂਦਾ ਹੈ ਪੇਟ ਪੀੜਾ ਦਾ। ਸੋ ਬਚਨ ਕਰਦੇ ਹਨ ਕਿ ਜਨਮ ਮਰਨ ਦੇ ਸਾਰੇ ਦੁਖ ਨਾ ਸਹਾਰੋਗੇ, ਤਾਂ ਤੇ ਊਹ ਖਿਮਾ ਧਾਰਨ ਕਰੋ ਜੋ ਦ੍ਵੈ ਦਾ ਤੀਤ ਕਰ ਦੇਵੇ।

ਨਿਰੁਕ੍ਤ—ਖਟੁ ਚੱਕ੍ਰ—ਛੇਆਂ ਦਾ ਸਮੁਦਾਇ। (ਅ) ਛੇ ਚਕ੍ਰਾਂ ਵਾਲਾ ਸਰੀਰ।

ਛਹੂੰ ਦਿਸ—ਛੇ ਹੀ ਦਿਸ਼ਾਂ ਵਲ, ਪੂਰਬ ਪੱਛਮ ਉੱਤਰ ਦੱਖਣ ਚਾਰ ਤੇ ਇਕ ਹੇਠਾਂ ਇਕ ਉਪਰ ਦੀ ਦਿਸ਼ਾ। ਦਸ ਦਿਸ਼ਾਂ ਵਿਚ ਚਾਰ ਦਿਸ਼ਾਵਾਂ ਦੇ ਵਿਚਕਾਰਲੀਆਂ ਚਾਰ ਕੌਣਾਂ ਬੀ ਗਿਣਦੇ ਹਨ। ਭਾਵ ਦਸ ਦਿਸ਼ਾਂ ਤੋਂ ਹੀ ਹੈ।

[ਸੱਤਮੀ ਲਈ ਉਪਦੇਸ਼]

ਸਾਤੈਂ ਸਤਿ ਕਰਿ ਬਾਚਾ ਜਾਣਿ ॥ ਆਤਮ ਰਾਮੁ ਲੇਹੁ ਪਰਵਾਣਿ ॥ ਛੂਟੈ ਸੰਸਾ ਮਿਟਿ ਜਾਇ ਦੁਖ ॥ ਸੁੰਨ ਸਰੋਵਰਿ ਪਾਵਹੁ ਸੁਖ ॥੮॥	ਸੱਤਮੀ (ਨੂੰ ਇਹ ਗੱਲ ਕਰ ਕਿ ਮੇਰੇ ਯਾ ਸੰਤਾਂ ਦੇ) ਬਚਨ ਨੂੰ ਸਤਿ ਕਰਕੇ ਮੰਨ। (ਉਹ ਬਚਨ ਇਹ ਹੈ ਕਿ ਆਪਣੇ) ਆਤਮਾ ਨੂੰ ਰਾਮ ਕਰਕੇ ਪਛਾਣ ਲੈ। (ਫਲ ਇਹ ਹੋਇਗਾ ਕਿ) ਸੰਸਾ ਦੂਰ ਹੋ ਜਾਏਗਾ, ਸੰਸੇ ਕਰਕੇ ਹੀ ਦੁਖ ਹੁੰਦਾ ਹੈ, ਸੋ ਸੰਸੇ ਦੇ ਮਿਟਣ ਨਾਲ) ਦੁਖ ਬੀ ਮਿਟ ਜਾਏਗਾ। ਸੁੰਨ ਸਰੋਵਰ (ਤੇ ਵਾਸਾ ਹੋ ਜਾਏਗਾ ਜਿਥੇ ਸਦੈਵੀ) ਸੁਖ ਪਾਓਗੇ॥੮॥

ਵਯਾਖਯਾ— ਗੁਰ ਵਾਕ ਹੈ:—

ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ॥

[ਮਾਝ ਵਾਰ ਮ: ੧-੨]

ਇਹ ਸੰਸਾ ਮਿਟ ਜਾਏਗਾ ਜੇ ਆਤਮਾ ਦੀ ਪਛਾਣ ਕਰ ਲਓ:—

'ਕਹੁ ਕਬੀਰ ਇਹੁ ਰਾਮ ਕੀ ਅੰਸੁ' [ਗੋਂਡ ਕਬੀਰ ਜੀ ੫]

ਸੋ ਜਦ (ਅੰਸੁ = ਆਤਮਾ, ਅੰਸੀ = ਪਰਮਾਤਮਾ), ਅੰਸ਼ ਅੰਸ਼ੀ ਵਿਚ ਮਿਲ ਜਾਏ ਤਾਂ ਉਪਰ ਕਿਹਾ ਦੁਖ ਮਿਟ ਜਾਏਗਾ। ਫੇਰ ਕੀਹ ਤੁਸੀਂ ਚੁੱਲ੍ਹੇ ਦੀ ਅੱਗ ਬੁਝਣ ਵਾਂਙੂ ਦੀ ਸ਼ਾਂਤੀ ਵਿਚ ਹੀ ਹੋ ਜਾਓਗੇ ਯਾ ਕੁਛ ਹੋਰ ਗੱਲ ਬੀ ਹੋਏਗੀ ? ਤਾਂ ਦੱਸਦੇ ਹਨ: 'ਸੁੰਨ ਸਰੋਵਰਿ ਪਾਵਹੁ ਸੁਖ' ਜਿਵੇਂ ਸਰੋਵਰ ਤੇ ਪਹੁੰਚ ਕੇ ਘਾਮ ਮਿਟ ਜਾਂਦੀ ਹੈ, ਅਤੇ ਜਲ ਦੇ ਪੀਣ ਦਾ, ਠੰਢੀ ਹਵਾ ਦਾ, ਸੁਹਾਉ ਦਾ ਸੁਖ ਨਾਲ ਪ੍ਰਾਪਤ ਹੁੰਦਾ ਹੈ, ਤਿਵੇਂ ਸੁਖ ਬੀ ਪਾਓਗੇ, ਉਹ ਸੁਖ ਹੈ 'ਬ੍ਰਹਮਾਨੰਦ'। ਸਰੋਵਰ ਜਲ ਦਾ ਨਹੀਂ ਪਰ (ਸੁੰਨ ਦਾ =) ਬ੍ਰਹਮ ਦਾ ਹੈ, ਓਥੇ ਬ੍ਰਹਮ ਸਰੋਵਰ ਤੇ ਬ੍ਰਹਮਾਨੰਦ ਦਾ ਸਚ ਮੁਚ ਦਾ ਸੁਖ ਹੈ।

[ਅਸ਼ਟਮੀ ਲਈ ਉਪਦੇਸ਼]

**ਅਸਟਮੀ ਅਸਟ ਧਾਤੁ ਕੀ ਕਾਇਆ॥ ਤਾ ਮਹਿ ਅਕੁਲ ਮਹਾ ਨਿਧਿ ਰਾਇਆ ॥
ਗੁਰ ਗਮ ਗਿਆਨ ਬਤਾਵੈ ਭੇਦ ॥
ਉਲਟਾ ਰਹੈ ਅਭੰਗ ਅਛੇਦ ॥੯॥**

ਅਸ਼ਟਮੀ (ਨੂੰ ਇਹ ਬੀਚਾਰ ਕਰੇ ਕਿ ਇਹ ਸਾਡਾ) ਸਰੀਰ ਅਠਾਂ ਧਾਤਾਂ ਦਾ ਹੈ, ਉਸ ਵਿਚ ਕੁਲ ਰਹਿਤ ਮਹਾਂ ਖ਼ਜ਼ਾਨਾ (ਸਭ ਵਿਭੂਤੀਆਂ ਰੂਪ) ਪ੍ਰਕਾਸ਼ ਰੂਪ ਵਾਲਾ (ਪਰਮਾਤਮਾ) ਵੱਸਦਾ ਹੈ। (ਜਦੋਂ ਗੁਰੂ ਦਾ ਅਨੁਭਵ ਕੀਤਾ ਨਿਜ) ਗਜਾਨ ਜੋ ਗੁਰੂ ਤੋਂ ਹੀ ਪ੍ਰਾਪਤ ਹੋਣੇ ਯੋਗ ਹੈ (ਉਸ ਦਾ) ਭੇਤ (ਗੁਰੂ) ਦੱਸ ਦੇਂਦਾ ਹੈ (ਤਦ ਮਨ) ਉਲਟਕੇ ਸਦਾ ਥਿਰ ਤੇ ਅਵਿਨਾਸ਼ੀ ਰੂਪ (ਪ੍ਰਭੂ) ਵਿਚ (ਸਮਾਇਆ) ਰਹਿੰਦਾ ਹੈ॥ ੯॥

ਵਜਾਖਜਾ— ਮਾਨੁਖ ਦੀ ਦੇਹ ਤਾਂ ਅੱਠਾਂ ਮਾਇਕ ਯਾ ਪ੍ਰਾਕ੍ਰਿਤੀ ਦੇ ਸਾਮਾਨਾਂ ਦੀ ਬਣੀ ਹੋਈ ਜੜ ਹੈ, ਪਰ ਉਸ ਵਿਚ ਜੀਵਨ ਤਤ ਪ੍ਰਭੂ ਦਾ ਵਸਦਾ ਹੈ। ਚਾਹੀਦਾ ਹੈ ਕਿ ਜਗਜਾਸੂ ਉਸ ਅਵਿਨਾਸੀ ਤਤ੍ਵ ਵਿਚ ਪ੍ਰਾਪਤ ਹੋ ਕੇ ਸਦਾ ਉਸ ਵਿਚ ਲੱਗਾ ਰਹੇ। ਇਸ ਗੱਲ ਦਾ ਭੇਤ ਜੋ ਹੈ ਸੋ ਗੁਰੂ ਦੇ ਪਾਸ ਹੈ, ਉਸ ਤੋਂ ਮਿਲਦਾ ਹੈ। ਉਹ ਭੇਤ ਉਸਦੇ ਅਪਣੇ ਨਿਜ ਤਜਰਬੇ ਦਾ ਹੁੰਦਾ ਹੈ, ਇਸ ਕਰਕੇ ਪੜ੍ਹੇ ਸੁਣੇ ਗਜਾਨ ਨਾਲੋਂ ਵਧੇਰੇ ਤਸੱਲੀ ਬਨ੍ਹਾਉਂਦਾ ਹੈ।

ਨਿਰੁਕ੍ਤ— **ਅਸ਼ਟ ਧਾਤੁ**—ਅਠ ਧਾਤਾਂ: ਖਲੜੀ, ਵਾਲ, ਲਹੂ, ਨਾੜਾਂ, ਹੱਡੀ, ਮਾਸ, ਚਰਬੀ, ਵੀਰਜ।

ਗੁਰਗਮ ਗਿਆਨ—ਗੁਰੂ ਦੀ ਗੰਮਤਾ ਦਾ ਗਜਾਨ, ਉਹ ਗਜਾਨ ਜੋ ਗੁਰੂ ਨੇ ਨਿਜ ਤਜਰਬੇ ਨਾਲ ਪੈਦਾ ਕੀਤਾ ਹੈ। (ਅ) ਉਹ ਗਜਾਨ ਜੋ ਗੁਰੂ ਤੋਂ ਗਮਜ (=ਮਿਲਣੇ ਜੋਗ) ਹੈ।

[ਨੌਮੀ ਲਈ ਉਪਦੇਸ਼]

**ਨਉਮੀ ਨਵੈ ਦੁਆਰ ਕਉ ਸਾਧਿ ॥
ਬਹਤੀ ਮਨਸਾ ਰਾਖਹੁ ਬਾਂਧਿ ॥
ਲੋਭ ਮੋਹ ਸਭ ਬੀਸਰਿ ਜਾਹੁ ॥
ਜੁਗੁ ਜੁਗੁ ਜੀਵਹੁ ਅਮਰ ਫਲ ਖਾਹੁ ॥੧੦॥**

ਨਉਮੀ (ਥਿਤਿ ਨੂੰ ਵੀਚਾਰ ਕਰਕੇ ਇਹ ਸੰਯਮ ਕਰੋ ਕਿ ਸਰੀਰ ਦੇ) ਨਵਾਂ ਦੁਆਰਿਆਂ ਨੂੰ ਸਾਧੋ (ਭਾਵ ਐਸਾ ਉਪਾਉ ਕਰੋ ਕਿ ਓਹ ਆਪਣੇ ਵਿਸ਼ਿਆਂ ਵਲ ਧਾਵਨੋ ਰੁਕੇ ਰਹਿਣ। ਨਾਲ ਹੀ ਮਨ ਦੀ ਬਾਹਰ ਨੂੰ) ਵਹਿ ਰਹੀ ਬ੍ਰਿਤੀ (ਖ੍ਵਾਹਿਸ਼ਾਂ) ਨੂੰ ਬੰਨ੍ਹਕੇ ਰੱਖੋ, (ਐਸਾ ਕਿ) ਲੋਭ ਮੋਹ (ਆਦਿ) ਸਾਰੇ (ਤੁਸਾਨੂੰ) ਵਿਸਰ ਜਾਣ (ਮਾਨੋ ਕਦੀ ਹੈਗੇ ਹੀ ਨਹੀਂ ਸਨ। ਫੇਰ ਤੁਸੀਂ) ਜੁਗਹ ਜੁਗ ਜੀਓਗੇ (ਤੇ ਮੁਕਤੀ ਰੂਪੀ) ਅਮਰ ਫਲ ਖਾਵੋਗੇ॥ ੧੦॥

ਵਜਾਖਜਾ— ਜਦ ਇੰਦ੍ਰੈ ਵੱਸ ਹੋ ਜਾਣਗੇ, ਨਵੇਂ ਦੁਆਰ ਕਾਬੂ ਵਿਚ ਹੋ ਜਾਣਗੇ, ਮਨ ਦੀਆਂ ਬ੍ਰਿਤੀਆਂ ਵਾਂਛਤ ਵਿਸ਼ਿਆਂ ਦੇ ਮਗਰ ਵਹਿ ਵਹਿ ਟੁਰਨੋਂ ਰੁਕ ਜਾਣਗੀਆਂ, ਲੋਭ ਮੋਹ ਆਦਿ ਅਨਹੋਏ ਹੋ ਜਾਣਗੇ, ਤਦੋਂ ਕੀਹ ਹੋਵੇਗਾ ? ਕਿ ਗਜਾਨ ਉਪਜੇਗਾ : ਇਸ ਵਿਚ ਇਹ ਗਲ ਲੁਪਤ ਹੈ ਕਿ ਉਪਦੇਸ਼ ਨਾਮ ਵਿਚ ਲਗੇ ਜਗਜਾਸੂ ਨੂੰ ਹੋ ਰਿਹਾ ਹੈ। ਫੇਰ ਕੀਹ ਹੋਵੇਗਾ? ਕਿ ਤੁਸੀਂ ਸਦਾ ਲਈ ਪਏ ਜੀਵੋਗੇ ਤੇ ਮੁਕਤੀ ਦੇ ਫਲ ਖਾਓਗੇ। ਭਾਵ ਉਹੋ ਹੈ ਜੋ ਪਿੱਛੇ ਦੱਸਦੇ ਆਏ ਹਨ ਕਿ ਪਰਮ ਆਨੰਦ ਸਰੂਪ ਪ੍ਰਭੂ ਵਿਚ ਤਦਰੂਪ ਹੋ ਕੇ ਬ੍ਰਹਮਾਨੰਦ ਤੋਂ ਵਿਛੁੜੋਗੇ ਨਹੀਂ।

[ਦਸਮੀਂ ਦਾ ਉਪਦੇਸ਼]

ਦਸਮੀ ਦਹ ਦਿਸ ਹੋਇ ਅਨੰਦ ॥ ਛੂਟੈ ਭਰਮੁ ਮਿਲੈ ਗੋਬਿੰਦ ॥ ਜੋਤਿ ਸਰੂਪੀ ਤਤ ਅਨੂਪ ॥ ਅਮਲ ਨ ਮਲ ਨ ਛਾਹ ਨਹੀ ਧੂਪ॥੧੧॥	ਦਸਮੀ (ਤਿਥਿ ਨੂੰ ਹੇ ਜੀਵ ! ਤੈਨੂੰ) ਦਸੌਂ ਦਿਸ਼ਾਂ ਵਿਖੇ ਆਨੰਦ ਹੋ ਜਾਵੇਗਾ(ਜੇ ਤੇਰਾ ਭਰਮ ਦੂਰ ਹੋ ਜਾਵੇ ਤੇ ਗੋਬਿੰਦ (ਤੈਨੂੰ) ਮਿਲ ਪਵੇ। (ਉਹ ਗੋਬਿੰਦ ਕੈਸਾ ਹੈ?) ਜੋਤਿ ਸਰੂਪੀ ਹੈ, ਤਤ ਸਰੂਪੀ ਹੈ, ਅਨੂਪਮ (ਅਤਿ ਸੁੰਦਰ) ਹੈ। ਨਿਰਮਲ ਹੈ, ਮੈਲ ਰਹਿਤ ਹੈ, (ਉਸ ਵਿਚ) ਨਾ ਛਾਂ ਹੈ, ਨਾ ਧੁੱਪ ਹੈ (ਭਾਵ ਦ੍ਵੰਦਾਂ ਤੋਂ ਅਤੀਤ ਹੈ॥੧੧॥

ਵ੍ਯਾਖ੍ਯਾ—ਹਰ ਪਾਸੇ ਤੋਂ ਤੈਨੂੰ ਆਨੰਦ ਹੀ ਆਨੰਦ ਪਿਆ ਜੱਫੀਆਂ ਪਾਵੇ, ਜੋ ਤੇਰਾ ਸੰਸੇ ਬ੍ਰਿਤੀ ਆਦਿ ਭਰਮ ਮਿਟ ਜਾਏ ਤੇ ਤੈਨੂੰ ਗੋਬਿੰਦ (ਪਰਮਾਤਮਾ) ਮਿਲ ਜਾਏ। ਉਹ ਗੋਬਿੰਦ ਜਿਸ ਦਾ ਸਰੂਪ ਜ੍ਯੋਤੀ ਮਯ ਹੈ, ਜੋ ਤਤ ਸਰੂਪ (ਪਰਮ ਤਤ ਹੈ) ਤੇ ਇੰਨਾਂ ਸੁੰਦਰ ਹੈ ਕਿ ਕੋਈ ਸ਼ੈ ਉਸ ਦੀ ਉਪਮਾ ਦੇ ਤੁੱਲ ਦੀ ਹੈ ਹੀ ਨਹੀਂ। ਫਿਰ ਉਹ ਅਮੋਲ ਹੈ, ਜਿਸ ਦੀ ਜਾਤ ਮੈਲ ਤੋਂ ਰਹਿਤ ਹੈ, ਜਿਸ ਨੂੰ ਕਦੇ ਮੈਲ ਲਗੀ ਹੀ ਨਹੀਂ। ਮਲ + ਨ = ਨਾ ਜਿਸ ਨੂੰ ਹੁਣ ਕਿ ਅਗੋਂ ਨੂੰ ਕੋਈ ਮੈਲ ਛੂਹ ਸਕਦੀ ਹੈ। ਉਹ ਸੀਤਲ ਹੈ ਤੇਜ ਹੈ, ਪਰ ਸੀਤਲਤਾ ਤੇ (ਧੁੱਪ =) ਤੇਜ ਜੋ ਦ੍ਵੰਦ ਰੂਪ ਵਾਲੀ ਹੈ; ਉਸ ਵਿਚ ਹੈ ਨਹੀਂ। ਉਹ ਦ੍ਵੰਦਾਤੀਤ ਹੈ। ਇਥੇ ਗੋਬਿੰਦ ਪਦ ਦੇ ਅਰਥ ਤੇ ਲੱਛਣ ਕਬੀਰ ਜੀ ਨੇ ਆਪ ਕਰ ਦਿਤੇ ਹਨ।

[ਏਕਾਦਸ਼ੀ ਦਾ ਉਪਦੇਸ਼]

ਏਕਾਦਸੀ ਏਕ ਦਿਸ ਧਾਵੈ ॥ ਤਉ ਜੋਨੀ ਸੰਕਟ ਬਹੁਰਿ ਨ ਆਵੈ ॥	ਏਕਾਦਸ਼ੀ (ਹੈ ਅੱਜ, ਹੇ ਜੀਵ ! ਇਹ ਕਰ ਕਿ ਮਨ ਨੂੰ ਇਕ ਪਾਸੇ ਲਾ ਐਸਾ ਕਿ ਸਦਾ ਉਸੇ) ਇਕੋ ਪਾਸੇ (ਗੋਬਿੰਦ ਵਲ ਨੂੰ) ਧਾਇਆ ਕਰੇ। ਤਦ (ਉਹ ਇਕ ਪ੍ਰਭੂ ਦਾ ਧ੍ਯਾਨੀ) ਜਨਮ (ਮਰਨ) ਦੇ ਕਸ਼ਟ ਵਿਚ ਫੇਰ ਨਹੀਂ ਆਵੇਗਾ, (ਕਿਉਂਕਿ
ਸੀਤਲ ਨਿਰਮਲ ਭਇਆ ਸਰੀਰਾ ॥ ਦੂਰਿ ਬਤਾਵਤ ਪਾਇਆ ਨੀਰਾ ॥੧੨॥	ਜਿਸ ਗੋਬਿੰਦ ਨੂੰ ਅਗ੍ਯਾਨ ਕਾਲ ਵਿਚ) ਦੂਰ ਦੱਸਦਾ ਸੀ ਓਹ ਨੇੜਿਓਂ ਹੀ ਪਾ ਲਿਆ ਹੁੰਦਾ ਹੈ, (ਜਿਸ ਨਾਲ) ਨਿਰਮਲ (ਅਗ੍ਯਾਨ ਮੈਲ ਤੋਂ ਰਹਿਤ, ਤੇ ਤ੍ਰਿਸ਼ਨਾ ਤਪਤ ਤੋਂ ਰਹਿਤ) ਸੀਤਲ ਸਰੀਰ ਹੋ ਗਿਆ ਹੁੰਦਾ ਹੈ॥੧੨॥

ਵ੍ਯਾਖ੍ਯਾ—ਭਾਵ ਇਹ ਹੈ ਕਿ ਨਾ ਕੇਵਲ ਉਸ ਦਾ ਅੰਤਹਕਰਣ ਸ਼ਾਂਤੀ ਵਿਚ; ਨਿਰਮਲਤਾ ਵਿਚ, ਸਹਿਜ ਘਰ ਵਿਚ ਟਿਕਿਆ ਹੁੰਦਾ ਹੈ, ਸਗੋਂ ਮਨ ਸ਼ਰੀਰ ਨੂੰ ਬੀ ਸੀਤਲਤਾ ਤੇ ਨਿਰਮਲਤਾ ਵਿਚ ਪ੍ਰਤੀਤ ਕਰਦਾ ਹੈ। ਸਰੀਰ ਕਹਿਣ ਵਿਚ ਮਨ ਲਾਂਭੇ ਨਹੀਂ ਹੁੰਦਾ, ਕਿਉਂਕਿ ਮਨ ਸ਼ਰੀਰ ਵਿਚ ਸ਼ਾਮਲ ਹੁੰਦਾ ਹੈ। ਜਦ ਕਿਹਾ ਸਰੀਰ ਨਿਰਮਲ ਤੇ ਸੀਤਲ ਹੋ ਗਿਆ ਤਦ ਮਨ ਨਿਰਮਲ ਤੇ ਸੀਤਲ ਹੋ ਗਿਆ ਆਪੇ ਆ ਗਿਆ; ਕਿਉਂਕਿ ਸਰੀਰ ਨੇ ਨਿਰਮਲ ਤੇ ਸੀਤਲ ਮਨ ਦੇ ਹੋਇਆਂ ਹੋਣਾਂ ਹੈ ਤੇ ਮਨ ਸ਼ਰੀਰ ਦੇ ਵਿਚ ਹੈ।

[ਦੁਆਦਸ਼ੀ ਦਾ ਉਪਦੇਸ਼]

ਬਾਰਸਿ ਬਾਰਹ ਉਗਵੈ ਸੂਰ ॥ ਅਹਿਨਿਸਿ ਬਾਜੇ ਅਨਹਦ ਤੂਰ ॥	ਦੁਆਦਸ਼ੀ (ਨੂੰ ਵੀਚਾਰ ਕਰ ਕਿ ਜਿਸ ਨੇ ਆਪਣੇ ਅੰਦਰ) ਤਿੰਨਾਂ ਲੋਕਾਂ ਦਾ ਪਿਤਾ (= ਪਰਮੇਸੁਰ) ਦੇਖ ਲਿਆ, ਉਸ ਦੇ ਅੰਦਰ ਐਸਾ ਪ੍ਰਕਾਸ਼ ਹੁੰਦਾ ਹੈ ਕਿ ਮਾਨੋ ਉਸ ਨੇ) ਬਾਰਾਂ

ਦੇਖਿਆ ਤਿਹੂੰ ਲੋਕ ਕਾ ਪੀਉ ॥
ਅਚਰਜੁ ਭਇਆ ਜੀਵ ਤੇ ਸੀਉ ॥੧੩॥

ਚੜ੍ਹਿਆਂ ਸੂਰਜਾਂ ਦਾ ਪ੍ਰਕਾਸ਼ (ਡਿੱਠਾ ਹੈ, ਫੇਰ) ਦਿਨੇ ਰਾਤ (ਉਸ ਨੂੰ) ਅਨਹਦ ਵਾਜੇ ਵਜਦੇ (ਸੁਣਾਈ ਦੇਂਦੇ) ਹਨ। (ਹੋਰ) ਅਚਰਜ (ਇਹ) ਵਰਤਦਾ ਹੈ (ਕਿ ਓਹ ਆਪ ਨੂੰ) ਜੀਵ ਤੋਂ ਕਲਜਾਨ ਸਰੂਪ (ਪਰਮਾਤਮ ਦੇਵ) ਹੋ ਗਿਆ (ਦੇਖਦਾ ਹੈ)।੧੩

ਵਜਾਖਜਾ—ਪਿਛੇ ਕਹੀ ਇਕ ਦਿਸ਼ਾ ਵੱਲ ਧਾਕੇ ਜਿਸ ਨੇ ਸਾਰੇ ਬ੍ਰਹਮੰਡ ਦੇ ਰਚਣਹਾਰ ਪਿਤਾ ਦਾ ਦਰਸ਼ਨ ਕਰ ਲਿਆ, ਉਸ ਨੂੰ ਐਸਾ ਗਜਾਨ ਪ੍ਰਕਾਸ਼ ਹੁੰਦਾ ਹੈ ਕਿ ਜਿਵੇਂ ਇਕ ਸੂਰਜ ਨਹੀਂ ੧੨ ਸੂਰਜ ਇਕੱਠੇ ਚੜ੍ਹ ਪਏ ਹਨ ਤੇ ਦਿਨ ਰਾਤ ਅਨਹਦ ਵਾਜੇ ਵਜਦੇ ਸੁਣਾਈ ਦੇਂਦੇ ਹਨ। ਵਾਜੇ ਵਜਦੇ ਸੁਣਕੇ ਖੁਸ਼ੀ ਹੁੰਦੀ ਹੈ ਸੋ ਅਨਹਦ ਵਾਜੇ ਸੁਣਕੇ ਅਨ+ਹਦ ਆਨੰਦ ਮਿਲਣ ਦਾ ਭਾਵ ਹੈ। ਸਭ ਤੋਂ ਵਧ ਗਲ ਇਹ ਹੁੰਦੀ ਹੈ ਕਿ ਉਹ, ਜਿਸ ਨੇ ਪੀਉ ਦੇਖਿਆ ਸੀ, ਦੇਖਣ ਤੋਂ ਪਹਿਲੋਂ 'ਜੀਉ' ਸੀ ਦੇਖਣ ਮਗਰੋਂ ਜੀਵ ਤੋਂ 'ਸ਼ਿਵ' ਹੋ ਗਿਆ, ਕਿਉਂਕਿ ਕਲਜਾਣ ਸਰੂਪ ਪਰਮਾਤਮਾ ਵਿਚ ਲੀਨ ਹੋ ਕੇ ਤਦਰੂਪ ਜੁ ਹੋ ਗਿਆ ਸੀ।

ਦ੍ਵਾਦਸ਼ੀ ਨਾਮ ਬਾਰ੍ਹਵੀਂ ਤਿਥਿ ਦਾ ਹੈ, ਬਾਰਾਂ ਸੂਰਜ ਪਦ ਵਰਤ ਕੇ ਕਾਵਜ ਦਾ ਕਟਾਖਜ ਬੀ ਮਨੋਹਰ ਸੱਟਿਆ ਹੈ। ਜੇ ਗਰਮੀ ਬਹੁਤ ਪਵੇ ਤਾਂ ਕਹੀਦਾ ਹੈ ੧੨ ਭੱਠ ਤਪਦੇ ਹਨ, ਜੇ ਰੌਸ਼ਨੀ ਬਹੁਤ ਕਹਿਣੀ ਹੋਵੇ ਤਾਂ '੧੨ ਸੂਰਜ ਚੜ੍ਹੇ ਹਨ' ਕਹੀਦਾ ਹੈ।

[ਤ੍ਰੌਦਸੀ ਦਾ ਉਪਦੇਸ਼]

ਤੇਰਸਿ ਤੇਰਹ ਅਗਮ ਬਖਾਣਿ ॥
ਅਰਧ ਉਰਧ ਬਿਚਿ ਸਮ ਪਹਿਚਾਣਿ॥
ਨੀਚ ਊਚ ਨਹੀ ਮਾਨ ਅਮਾਨ ॥
ਬਿਆਪਿਕ ਰਾਮ ਸਗਲ ਸਾਮਾਨ ॥੧੪॥

ਤ੍ਰਿਔਦਸ਼ੀ (ਨੂੰ ਇਹ ਗੱਲ ਧਾਰਨ ਕਰ ਕਿ) ਤੇਰਹ ਸ਼ਾਸਤ੍ਰ (ਇਹ ਗੱਲ) ਕਥਨ ਕਰਦੇ ਹਨ ਕਿ ਹੇਠਾਂ ਉਪਰ (ਹਰ ਥਾਂ ਵਿਚ (ਹਰੀ ਨੂੰ) ਇਕ ਤੁੱਲ (ਵਜਾਪਕ) ਜਾਣ। ਨੀਚ ਊਚ ਤੇ ਮਾਨ ਅਪਮਾਨ (ਦੇ ਫਰਕ ਨੂੰ) ਨਾ ਧਾਰਨ ਕਰ। ਰਾਮ ਸਭ ਵਿਚ ਇਕੋ ਜੇਹਾ ਵਜਾਪਕ ਹੈ॥੧੪॥

ਸੰਪ੍ਰਦਾ ਦੇ ਦਾਨੇ ਇਸਦੇ ਅਰਥ ਇਕ ਹੋਰ ਤਰ੍ਹਾਂ ਬੀ ਲਾਉਂਦੇ ਹਨ:—ਜੋ ਅਗੰਮ (=ਪ੍ਰਭੂ) ਦਾ ਬਖਾਣ ਕਰਦੇ ਹਨ(ਅਰਥਾਤ ਸਿਮਰਣ ਕਰਦੇ ਹਨ,) (ਤੇ+ਰਹ=) ਓਹ ਰਹਿ ਗਏ ਹਨ (ਭਾਵ ਬਚ ਗਏ ਹਨ ਜਨਮ ਮਰਨ ਤੋਂ, ਓਹ) ਹੇਠਾਂ ਉਪਰ (ਸਾਰੇ) ਇਕ ਤੁੱਲ (ਚੇਤਨ ਸੱਤਾ ਨੂੰ) ਵਜਾਪਕ ਪਹਿਚਾਨਦੇ ਹਨ। (ਓਹ ਕਿਸੇ ਨੂੰ) ਨੀਚ (ਕਿਸੇ ਨੂੰ) ਊਚ ਨਹੀਂ (ਜਾਣਦੇ), ਮਾਨ ਅਪਮਾਨ (ਬੀ ਉਨ੍ਹਾਂ ਨੂੰ ਕੋਈ) ਨਹੀਂ (ਹਿਲਾਉਂਦਾ)। ਓਹ ਵਜਾਪਕ ਰਾਮ ਨੂੰ ਇਕ ਸਮਾਨ ਸਭ ਵਿਚ ਲਖਦੇ ਹਨ (ਐਸੇ ਸਮ ਦ੍ਰਿਸ਼ਟੇ ਹੋ ਜਾਂਦੇ ਹਨ)।

ਵਜਾਖਜਾ— ਤੇਹਰ = ਤੇਰਾਂ
ਅਗਮ = ਸ਼ਾਸਤ੍ਰ } ਤੇਰਾਂ ਸ਼ਾਸਤ੍ਰ। ਤੇਰਾ ਸ਼ਾਸਤ੍ਰਾਂ ਦੀ ਗੇਣਤੀ ਐਉਂ ਗਿਣਦੇ ਹਨ: -੪ ਵੇਦ, ੬ ਸ਼ਾਸਤ੍ਰ, ਤਿੰਨ ਵੇਦਾਂਤ ਦੇ ਭਾਸ਼ਜ (=ਉਪਨਿਖ਼ਧ ਭਾਸ਼ਜ, ਬ੍ਰਹਮ ਸੂਤ੍ਰ ਭਾਸ਼ਜ, ਗੀਤਾ ਭਾਸ਼ਜ)। ਅਥਵਾ ਐਉਂ:-੪ ਵੇਦ+ ਨੌਂ ਵਜਾਕਰਣ=੧੩। (ਅ) ਅਗਮ ਦਾ ਅਰਥ=ਗੀਮਤਾ ਤੋਂ ਪਰੇ ਪਰਮਾਤਮਾ ਕਰਕੇ ਐਉਂ ਲਾਉਂਦੇ ਹਨ ਕਿ ੧੩ ਅਗੰਮ ਪਰਮਾਤਮਾ ਦਾ ਹੀ ਵਰਣਨ ਕਰਦੇ ਹਨ। ਤੇਰਹ ਦਾ ਵੇਰਵਾ ਨਾ ਹੋਣ ਕਰਕੇ ਹਠ ਯੋਗ ਮਾਰਗੀ ਛੇ ਚੱਕ੍ਰ ਤੇ ੭ ਹੋਰ ਥਾਉਂ ਅੰਦਰ ਦੇ ਗਿਣਕੇ ਪੂਰਾ ਕਰਨ ਦਾ ਜਤਨ ਕਰਦੇ ਹਨ। ਇਸੇ ਕਰਕੇ ਸੰਪ੍ਰਦਾ ਵਿਚ ਤੇਰਹ ਦਾ ਅਰਥ ਤੇ+ਰਹ ਬੀ ਕਰ ਲੈਂਦੇ ਹਨ ਕਿ ਓਹ ਰਹਿਤ ਹੋ ਜਾਂਦੇ ਹਨ।

ਨਿਰੁਕ੍ਤ— **ਅਗਮ**—(ਸੰਸ:. ਆਗਮ:=ਵੇਦ) ਵੇਦ। ਸ਼ਾਸਤ੍ਰ)

[ਚੌਦਸ਼ ਦਾ ਉਪਦੇਸ਼]

ਚਉਦਸਿ ਚਉਦਹ ਲੋਕ ਮਝਾਰਿ ॥
ਰੋਮ ਰੋਮ ਮਹਿ ਬਸਹਿ ਮੁਰਾਰਿ ॥
ਸਤ ਸੰਤੋਖ ਕਾ ਧਰਹੁ ਧਿਆਨ ॥
ਕਥਨੀ ਕਥੀਐ ਬ੍ਰਹਮ ਗਿਆਨ ॥੧੫॥

ਚਉਦਸ਼ (ਨੂੰ ਇਹ ਉਪਦੇਸ਼ ਕਮਾਓ ਕਿ) ਚੌਦਾਂ ਲੋਕਾਂ ਵਿਚ (ਅਤੇ ਚੌਦਾਂ ਲੋਕਾਂ ਵਿਚ ਵਸਦੇ ਜੀਵਾਂ ਦੇ) ਰੋਮ ਰੋਮ ਵਿਚ ਪਰਮੇਸ਼ੁਰ ਵੱਸਦਾ ਹੈ। (ਸੋ ਜੇ ਉਸ ਦੀ ਪ੍ਰਾਪਤੀ ਚਾਹੁੰਦੇ ਹੋ ਤਾਂ) ਸੱਚ ਤੇ ਸੰਤੋਖ ਦਾ ਧਜਾਨ ਧਰੋ (ਭਾਵ ਸਤਿ ਸੰਤੋਖ ਤੋਂ ਕਦੇ ਇਧਰ ਉਧਰ ਨਾ ਹੋਵੋ, ਇਹ ਤੁਹਾਡਾ ਧਜਾਨ ਹੋ ਜਾਵੇ ਤੇ) ਜਦ ਗੱਲ ਬਾਤ ਕਰੀਏ ਤਾਂ ਬ੍ਰਹਮ ਗਜਾਨ ਦੀ ਕਰੀਏ, (ਹੋਰ ਬ੍ਰਿਥਾ ਗੱਲਾਂ ਨਾ ਕਰੀਏ)॥੧੫॥

ਵਜਾਖਜਾ— ਸੁਗਮ।

[ਪੂਰਨਮਾਸ਼ੀ ਦਾ ਉਪਦੇਸ਼]

ਪੂਨਿਉ ਪੂਰਾ ਚੰਦ ਅਕਾਸ ॥ ਪਸਰਹਿ ਕਲਾ ਸਹਜ ਪਰਗਾਸ ॥ ਆਦਿ ਅੰਤਿ ਮਧਿ ਹੋਇ ਰਹਿਆ ਥੀਰ ॥ ਸੁਖ ਸਾਗਰ ਮਹਿ ਰਮਹਿ ਕਬੀਰ ॥੧੬॥

ਪੂੰਨਿਆਂ (ਲਈ ਇਹ ਵੀਚਾਰ ਹੈ ਕਿ ਹਿਰਦੇ ਰੂਪੀ) ਅਕਾਸ਼ ਵਿਚ ਪੂਰਾ ਚੰਦ (ਗਜਾਨ) ਹੋਕੇ ਪਸਰ ਰਿਹਾ ਹੈ, (ਉਸ ਦੀਆਂ ੧੬ ਹੀ) ਕਲਾਂ ਤੋਂ ਗਿਆਨ ਦਾ ਪ੍ਰਕਾਸ਼ ਹੋ ਰਿਹਾ ਹੈ, (ਜੋ ਪ੍ਰਕਾਸ਼ ਦੱਸ ਰਿਹਾ ਹੈ ਕਿ ਪਰਮਾਤਮਾ ਸ੍ਰਿਸ਼ਟੀ ਦੇ) ਆਦਿ ਵਿਚ, ਮੱਧ ਵਿਚ ਤੇ ਅੰਤ ਵਿਚ (ਸਦਾ) ਥਿਰ ਹੋ ਰਿਹਾ ਹੈ, (ਉਸ) ਸੁਖ ਸਾਗਰ ਵਿਚ ਕਬੀਰ ਜੀ ਰਮ ਰਹੇ ਹੈਨ*॥੧੬॥

ਵਜਾਖਜਾ—ਸਾਰੀਆਂ ਥਿੱਤਾਂ ਦਾ ਨਿਚੋੜ ਇਹ ਹੈ ਕਿ ਆਚਰਣ ਸ਼ੁੱਧ ਕਰੋ, ਦੈਵੀ ਸੰਪਦਾ ਸੰਚਨ ਕਰੋ, ਹਿਰਦਾ ਸੋਧੋ, ਨਾਮ ਜਪੋ, ਗੁਣ ਗਾਓ, ਟਿਕੋ ਤੇ ਜੀਵ ਤਤ ਨੂੰ ਲਖੋ ਤੇ ਫੇਰ ਬ੍ਰਹਮ ਤਤ ਨੂੰ ਲਖ ਕੇ ਲੀਨ ਹੋਏ ਰਹੋ ਤੇ ਸਦੈਵੀ ਆਨੰਦ ਮਾਣੋ। ਐਉਂ ਦੁਖ ਦਰਿਦ੍ਰ ਜਨਮ ਮਰਨ ਤੋਂ ਰਹਿਤ ਹੋ ਕੇ ਪਰਮਾਤਮ ਦੇਵ ਵਿਚ ਤਦ ਰੂਪ ਹੋ ਜਾਓਗੇ।

[ਗਉੜੀ ਕਬੀਰ ਜੀ—ਸਤ ਵਾਰ]

ੴ ਸਤਿਗੁਰ ਪ੍ਰਸਾਦਿ॥ ਰਾਗੁ ਗਉੜੀ ਵਾਰ ਕਬੀਰ ਜੀਉ ਕੇ ੭॥

ਪ੍ਰਾਕ੍ਕਥਨ—ਸਾਰੇ ਦੇਸ਼ਾਂ ਵਿਚ ਸਤ ਹੀ ਗਿਣੇ ਜਾਂਦੇ ਹਨ। ਇਨ੍ਹਾਂ ਦਿਨਾਂ ਦੀ ਵਰਤੋਂ ਵਿਚ ਵੀ ਸ਼ੁਭ ਅਸ਼ੁਭ ਦੇ ਵਹਿਮਾਂ ਦਾ ਦਖ਼ਲ ਹੋ ਗਿਆ ਸੀ। ਪੰਡਤ ਜਜੋਤਸ਼ੀਆਂ ਨੂੰ ਛੱਡਕੇ ਆਮ ਵਰਤਾਰੇ ਵਿਚ ਬੀ ਇਹ ਖਜਾਲ ਸਨ ਤੇ ਹੁਣ ਬੀ ਹੈਨ। ਮੰਗਲ ਤੇ ਵੀਰ ਨੂੰ ਚੀਹੜਾ ਵਾਰ ਆਖਦੇ ਹਨ, ਆਇਤ ਤੇ ਬੁਧਵਾਰ ਨੂੰ ਸ਼ੁਭ ਗਿਣਦੇ ਹਨ। ਨਵਾਂ ਕਪੜਾ ਪਹਿਨਣਾ ਬੁਧ ਛਨਿਛਰ ਨੂੰ ਚੰਗਾ ਮੰਨਦੇ ਹਨ। ਨਵਾਂ ਗਹਿਣਾ ਐਤਵਾਰ ਪਹਿਨਦੇ ਹਨ। ਐਤਵਾਰ ਧੀ ਨੂੰ ਘਰੋਂ ਨਹੀਂ ਟੋਰਦੇ। ਮੰਗਲਵਾਰ ਜ਼ਨਾਨੀਆਂ ਸਿਰ ਨਹੀਂ ਨ੍ਹਾਉਂਦੀਆਂ, ਇਤਜਾਦਿ।

ਭਗਤ ਜੀ ਨੇ ਏਹ ਵਹਿਮ ਦੂਰ ਕਰਨੇ ਲਈ ਇਹ ਵਾਰਾਂ ਦੀ ਬਾਣੀ ਲਿਖੀ ਹੈ ਕਿ ਹਰ ਦਿਨ ਹਰੀ ਪ੍ਰਭੂ ਨਾਲ ਲਗੇ ਰਹੋ ਤੇ ਸਾਰਿਆਂ ਨੂੰ ਇਕੋ ਜਿਹੇ ਸ਼ੁਭ ਸਮਝੋ।

*ਯਾ ਹੇ ਕਬੀਰ ! ਤੂੰ ਹੁਣ ਉਸ ਸਾਗਰ ਵਿਚ ਰਮ ਰਹਿਆ ਹੈਂ। 'ਰਮਹਿ' ਨੂੰ 'ਰਮਹਿਂ' ਸਮਝਕੇ ਇਹ ਅਰਥ ਲਾਈਦਾ ਹੈ।

ਬਾਰ ਬਾਰ ਹਰਿ ਕੇ ਗੁਨ ਗਾਵਉ ॥ ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥੧॥ ਰਹਾਉ ॥	ਵਾਰ ਵਾਰ (ਮੈਂ) ਹਰੀ ਦੇ ਗੁਣ ਗਾਉਂਦਾ ਹਾਂ। ਹਰੀ ਦਾ ਉਹ (ਸ਼ੁਭ) ਭੇਦ, (ਜੋ) ਗੁਰੂ ਨੇ ਜਾਣਿਆ ਹੈ, (ਗੁਰੂ ਤੋਂ) ਪ੍ਰਾਪਤ ਕਰਦਾ ਹਾਂ॥ ੧ ॥ ਰਹਾਉ॥

ਨਿਰੁਕ੍ਤ— **ਗੁਰ ਗਮਿ**—ਗੁਰ ਗਮਜ = ਗੁਰੂ ਦਾ ਜਾਣਿਆਂ ਹੋਇਆ।

(ਅ) ਗੁਰੂ ਦੁਆਰਾ ਪਾਵਣੇ ਜੋਗ।

[ਆਇਤ ਵਾਰ]

ਪ੍ਰਾਕ੍ਥਨ—ਹੁਣ ਉਹ ਭੇਦ ਦੱਸਦੇ ਹਨ:-

ਆਦਿਤ ਕਰੈ ਭਗਤਿ ਆਰੰਭ ॥ ਕਾਇਆ ਮੰਦਰ ਮਨਸਾ ਥੰਭ ॥ ਅਹਿਨਿਸਿ ਅਖੰਡ ਸੁਰਹੀ ਜਾਇ ॥ ਤਉ ਅਨਹਦ ਬੇਣੁ ਸਹਜ ਮਹਿ ਬਾਇ ॥੧॥	(ਗਹਿਣੇ ਪਹਿਨਣ ਦਾ ਆਰੰਭ ਕਰਨ ਦੀ ਥਾਂ ਤੁਸੀਂ ਜੇ) ਐਤਵਾਰ ਨੂੰ ਭਗਤੀ ਦਾ ਆਰੰਭ ਕਰੋ ਤੇ ਸਰੀਰ ਰੂਪੀ ਮੰਦਰ ਵਿਚ (ਹੀ ਉੱਠ ਰਹੀਆਂ) ਵਾਸ਼ਨਾਂ ਨੂੰ ਰੋਕ ਲਓ (ਐਉਂ ਕਰ ਕਰਕੇ ਜਦ) ਦਿਨੇ ਰਾਤ ਬ੍ਰਿਤੀ (ਦਾ ਪਰਵਾਹ) ਅਟੁੱਟ (ਇਕ ਰਸ) ਟੁਰ ਪਵੇ ਤਦ ਅਨਹਦ ਬੰਸਰੀ ਸਹਜ ਵਿਚ ਵੱਜ ਪਵੇਗੀ॥ ੧ ॥

ਵ੍ਯਾਖ੍ਯਾ— ਭਗਤੀ ਦਾ ਆਰੰਭ ਕਰੋ। ਪਹਿਲੀ ਆਰੰਭਕ ਗਲ ਇਹ ਹੈ ਕਿ ਵਾਸ਼ਨਾ ਨੂੰ ਜੋ ਸੰਕਲਪ ਵਿਕਲਪ ਬਣਕੇ ਉਠਦੀਆਂ ਹਨ ਅੰਦਰੇ ਹੀ ਰੋਕੋ। ਇਸ ਰੋਕ ਥਾਮ ਨਾਲ ਜੋ ਹਰੀ ਸਿਮਰਨ ਵਾਲੀ ਬ੍ਰਿਤੀ ਹੈ ਓਹ ਦਿਨ ਰਾਤ ਅਟੁੱਟ (= ਲਗਾਤਾਰ) ਚੱਲ ਪਵੇ,ਤਦ ਤੁਸੀਂ ਕੋਈ ਹੋਰ ਯੋਗ ਆਦਿ ਦਾ ਯਤਨ ਕੀਤੇ ਬਿਨਾ ਦੇਖੋਗੇ ਕਿ ਸਹਿਜ ਵਿਚ ਹੀ ਅਨਹਦ ਬੇਣ (ਬੰਸਰੀ) ਵੱਜ ਪੈਂਦੀ ਹੈ। ਜੈਸਾ ਕਿ ਗੁਰੂ ਪੰਚਮ ਜੀ ਨੇ ਫੁਰਮਾਇਆ ਹੈ:-

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥ [ਗਉੜੀ ਮਹਲਾ ੫, ਸੁਖਮਨੀ ੧—੭]

ਵਾਸ਼ਨਾ ਨੂੰ ਰੋਕ ਰੋਕ ਕੇ ਸਿਮਰਨ ਦੁਆਰਾ ਜਦ ਬ੍ਰਿਤੀ ਲਗ ਪਵੇ ਤਾਂ ਅਨਹਦ ਝੁਨਕਾਰ ਆਪੇ ਨਿਰਯਤਨ ਪ੍ਰਾਪਤ ਹੋ ਜਾਂਦਾ ਹੈ। ਏਥੇ ਬੇਣੁ ਕਿਹਾ ਹੈ। ਬੇਣੁ ਨਾਮ ਹੈ ਵਾਂਸ ਤੋਂ ਬਣੀ ਬਾਂਸਰੀ ਦਾ। ਬਾਇ ਨਾਮ ਹੈ ਵੱਜ ਪੈਣ ਦਾ। ਤੀਸਰੇ ਸਾਹਿਬਾਂ ਦਾ ਫੁਰਮਾਨ ਹੈ:-

ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ॥ [ਰਾਮਕਲੀ ਮ: ੩-ਆਨੰਦ-੩]

ਜਿਸ ਦੇ ਘਰ ਏਹ ਵਾਜੇ ਵੱਜ ਪੈਣ ਗੁਰੂ ਸਾਹਿਬ ਲੱਛਣ ਦੱਸਦੇ ਹਨ ਕਿ ਉਹਨਾਂ ਦੇ ਪੰਜ ਦੂਤ ਵੱਸ ਹੋ ਜਾਂਦੇ ਹਨ ਤੇ ਕਾਲ ਟਲ ਜਾਂਦਾ ਹੈ:—

ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥ [ਆਨੰਦੁ—੫]

ਨਿਰੁਕ੍ਤ— **ਆਦਿਤ**—[ਸੰਸ:, ਆਦਿਤਜ: = ਸੂਰਜ] ਆਇਤਵਾਰ। ਸੂਰਜ ਦਾ ਵਾਰ।

ਮਨਸਾ—[ਸੰਸ:, ਮਨੀਖ਼ਾ = ਕਾਮਨਾ, ਚਾਹਨਾ] ਵਾਸ਼ਨਾ: ਸੁਤ ਦੀ, ਦੌਲਤ ਦੀ, ਲੋਕ ਦੀ ਤ੍ਰੈ ਪ੍ਰਸਿਧ ਵਾਸ਼ਨਾ ਹਨ। **ਅਹਿਨਿਸਿ**—ਦਿਨ ਰਾਤ।

ਸੁਰਹੀ—[ਸੰਸ:, ਸੁਰਭਿ: = ਗਊ [ਗਊ। (ਅ) [ਸੁ + ਰੀ = ਚੇਤਾ] ਬ੍ਰਿਤੀ। (ੲ) ਸੁ + ਰਹੀ = ਉਹ ਮਨਸ਼ਾ ਜਦ ਰਹਿ ਗਈ।

[ਸੋਮਵਾਰ]

ਸੋਮਵਾਰਿ ਸਸਿ ਅੰਮ੍ਰਿਤੁ ਝਰੈ ॥ ਚਾਖਤ ਬੇਗਿ ਸਗਲ ਬਿਖ ਹਰੈ ॥ ਬਾਣੀ ਰੋਕਿਆ ਰਹੈ ਦੁਆਰ ॥ ਤਉ ਮਨੁ ਮਤਵਾਰੋ ਪੀਵਨਹਾਰ ॥੨॥	ਸੋਮਵਾਰ ਵਿਚ (ਖ਼ਯਾਲ ਕਰੋ ਕਿ:) ਚੰਦ੍ਰਮਾਂ ਤੋਂ ਅੰਮ੍ਰਿਤ ਟਪਕਦਾ ਹੈ, (ਜਿਸ ਦੇ) ਚੱਖਣ ਨਾਲ ਸਾਰੀ ਵਿਹੁ ਛੇਤੀ ਝੜ ਜਾਂਦੀ ਹੈ। (ਜੇ ਨਾਲ) ਬਾਣੀ ਦਾ ਦੁਆਰ (=ਮੂੰਹ ਬਾਣੀ ਬੋਲਣ ਵਲੋਂ) ਰੋਕਿਆ ਰਹੇਗਾ, ਤਦ ਮਨ ਮਸਤ ਹੋਇਆ (ਉਸ ਅੰਮ੍ਰਿਤ ਨੂੰ) ਪੀਂਦਾ ਰਹੇਗਾ॥ ੩॥

ਵਜਾਖਜ— ਪਿਛੇ ਕਹੇ ਲਾਭ:-'ਅਨਹਦ ਬੇਣੁ ਸਹਜ ਮਹਿ ਬਾਇ' ਦੇ ਨਾਲ ਹੋਰ ਲਾਭ ਇਹ ਹੋਵੇਗਾ ਕਿ ਵਾਸ਼ਨਾਯਾਮ ਹੋ ਕੇ। ਬ੍ਰਿਤੀ ਦੇ ਅਖੰਡਾਕਾਰ ਸਿਮਰਨ ਪ੍ਰਵਾਹ ਵਿਚ ਚੱਲ ਪੈਣ ਨਾਲ ਚੰਦ੍ਰਮਾਂ ਤੋਂ ਅੰਮ੍ਰਿਤ ਝਰੇਗਾ। ਯੋਗੀਆਂ ਦੇ ਮਤ ਅਨੁਸਾਰ ਸਹਸ੍ਰ ਦਲ ਕਮਲ ਵਿਚ ਕੋਈ ਨੁਕਤਾ ਅੰਮ੍ਰਿਤ ਦੇਣ ਵਾਲੇ ਚੰਦ ਦਾ ਦੱਸੀਦਾ ਹੈ, ਉਸ ਤੋਂ ਕੋਈ ਸੂਖਮ ਰਸ ਝਰਦਾ ਹੈ ਜੋ ਜੀਵਨ ਨੂੰ ਲੰਮਾ ਯਾ ਅਮਰ ਕਰਨੇ ਦਾ ਅਸਰ ਰਖਦਾ ਹੈ, ਜੋ ਉਮਰਾ ਕੱਟਣ ਵਾਲੇ ਜ਼ਹਰ ਨੂੰ ਝਾੜਦਾ ਹੈ।ਆਪ ਦੱਸਦੇ ਹਨ ਕਿ ਯੋਗਿਕ ਕ੍ਰਿਯਾ ਤੋਂ ਬਿਨਾ ਸਹਜ ਵਿਚ ਹੀ ਨਾਮ ਅਖੰਡ ਚੱਲ ਪੈਣ ਨਾਲ ਨਾਮ ਰਸ ਦਾ ਅੰਮ੍ਰਿਤ ਟਪਕੇਗਾ। ਉਹ ਰਸ ਐਸਾ ਹੈ ਜੋ ਬ੍ਰਿਤੀਆਂ ਵਿਚ ਵਜਾਪੇ ਕਾਮ ਕ੍ਰੋਧ ਆਦਿ ਰੁਚੀਆਂ ਨੂੰ, ਜੋ ਵਿਹੁ ਰੂਪ ਹਨ, ਕੱਟਦਾ ਹੈ। ਜੋ ਨਾਮ ਅਭਜਾਸੀ ਪੁਰਖ ਇਸ ਰਸਮਯ ਅਵਸਥਾ ਵਿਚ ਟਿਕਿਆ ਰਹੇ ਤੇ ਗੱਲਾਂ ਕਰਨ ਵਿਚ ਨਾ ਰੁੱਝ ਜਾਵੇ ਤਦ ਇਸ ਰਸ ਨੂੰ ਉਸ ਦਾ ਮਨ ਮਾਣਦਾ ਹੋਇਆ ਮਗਨ ਹੋਇਆ ਰਹੇਗਾ। ਕਬੀਰ ਜੀ ਯੋਗ ਮਾਰਗ ਦੇ ਚੰਗੇ ਜਾਣੂ ਸਨ, ਹੋ ਸਕਦਾ ਹੈ ਉਨ੍ਹਾਂ ਦਾ ਅਭਿਪ੍ਰਾਯ ਇਹੀ ਹੋਵੇ ਕਿ ਨਾਮ ਅਭਜਾਸ ਤੇ ਵਾਸ਼ਨਾ ਯਾਮ ਤੇ 'ਭਗਤੀ ਯੋਗ' ਨਾਲ ਉਹ ਯੋਗਿਕ ਅੰਮ੍ਰਿਤ ਅਪਣੇ ਆਪ ਸਹਜ ਵਿਚ ਹੀ ਪ੍ਰਾਪਤ ਹੋਣ ਲੱਗ ਜਾਂਦਾ ਹੈ।

ਗਜਾਨ ਮਾਰਗ ਵਿਚ ਇਸਦਾ ਭਾਵ ਅਰਥ ਐਉਂ ਲੈਂਦੇ ਹਨ:—

ਗੁਰੂ ਰੂਪੀ ਚੰਦ੍ਰਮਾ ਤੋਂ ਜੋ ਉਪਦੇਸ਼ ਰੂਪੀ ਅੰਮ੍ਰਿਤ ਟਪਕਦਾ ਹੈ ਉਸ ਨੂੰ ਚਖਦਿਆਂ, ਭਾਵ ਸਮਝਕੇ ਧਾਰਨ ਕਰਦਿਆਂ ਸ਼ਿਸ਼ ਦੀ ਵਿਸ਼ਿਆਂ ਦੀ ਜ਼ਹਿਰ ਛੇਤੀ ਦੂਰ ਹੋ ਜਾਂਦੀ ਹੈ। ਐਉਂ ਜਦ ਉਹ ਬਾਣੀ ਦੇ ਦੁਆਰੇ (=ਮੂੰਹ) ਨੂੰ ਬ੍ਰਿਥਾ ਗੱਲਾਂ ਤੋਂ ਰੋਕ ਰੱਖੇਗਾ ਤਾਂ ਉਹ ਉਸ 'ਉਪਦੇਸ਼-ਅੰਮ੍ਰਿਤ' ਨੂੰ ਪੀਂਦਾ ਰਹੇਗਾ, ਭਾਵ—ਉਸ ਦਾ ਸੁਖ ਮਾਣਦਾ ਰਹੇਗਾ।

[ਮੰਗਲ ਵਾਰ]

ਮੰਗਲਵਾਰੇ ਲੇ ਮਾਹੀਤਿ ॥ ਪੰਚ ਚੋਰ ਕੀ ਜਾਣੈ ਰੀਤਿ ॥	ਮੰਗਲਵਾਰ ਦੀ (ਸਿਖਜਾ ਇਹ ਹੈ ਕਿ ਆਪਣੇ ਮਨ ਦੀਆਂ ਵਾਸ਼ਨਾ ਅਤੇ ਵਿਸ਼ਿਆਂ ਦੀ) ਅਸਲੀਅਤ ਨੂੰ (ਲੈਂਦਾ=) ਪਰਖਦਾ ਰਹੇ। (ਕਾਮ ਕ੍ਰੋਧ ਆਦਿ) ਪੰਜਾਂ ਚੋਰਾਂ ਦੀ (ਸਾਰੀ) ਰੀਤ (ਕਿ ਕਿਵੇਂ ਉਪਜਦੇ, ਕਿਵੇਂ ਸ਼ਮਨ ਹੁੰਦੇ, ਕਿਵੇਂ ਛਿਪੇ ਅੰਦਰ ਬੈਠੇ ਰਹਿੰਦੇ ਹਨ:) ਹੈ ਪਛਾਣ ਲਵੇ। (ਇਹ ਸਮਝਕੇ
ਘਰ ਛੋਡੇਂ ਬਾਹਰਿ ਜਿਨਿ ਜਾਇ ॥ ਨਾਤਰੁ ਖਰਾ ਰਿਸੈ ਹੈ ਰਾਇ ॥੩॥ ॥	ਇਨ੍ਹਾਂ ਵਲੋਂ ਅੰਤ੍ਰੀਵ ਰੁਖ ਮੋੜ ਲਵੇ ਤੇ ਬ੍ਰਿਤੀ ਨੂੰ ਆਪਣੇ) ਸਰੂਪ (ਦੇ ਵਿਚ ਜੜੇ ਰਹਿਣ ਨੂੰ) ਛੱਡਕੇ ਬਾਹਰ ਨਾ ਜਾਣ ਦੇਵੇ। ਨਹੀਂ ਤਾਂ (ਅੰਦਰ ਬੈਠਾ) ਪ੍ਰਕਾਸ਼ ਸਰੂਪ (ਜਿਸ ਵਿਚ ਜੁੜ ਰਿਹਾ ਸੀ) ਚੰਗਾ ਗੁੱਸੇ ਹੋਵੇਗਾ॥ ੩॥

ਵਯਾਖਯਾ—ਮਾਹੀਤ ਅਰਬੀ ਪਦ 'ਮਾਹੀਅਤ' ਦਾ ਸੰਖੇਪ ਰੂਪ ਦੇਸ਼ ਭਾਸ਼ਾ ਵਿਚ ਹੈ, ਜਿਸ ਦਾ ਅਰਥ ਹੈ ਕਿਸੇ ਸ਼ੈ ਦੀ ਅਸਲੀਅਤ ਨੂੰ ਖੋਜ ਪੜਤਾਲ ਕਰਕੇ ਮਾਲੂਮ ਕਰ ਲੈਣਾ। ਇਹ ਅਰਥ ਠੀਕ ਢੁੱਕਦਾ ਹੈ, ਕਿਉਂਕਿ ਅਗਲੀ ਤੁਕ ਉਸ ਦੀ ਪ੍ਰੋੜ੍ਹਤਾ ਕਰਦੀ ਹੈ ਕਿ ਪੰਜਾਂ ਚੋਰਾਂ—ਕਾਮਾਦਿਕਾਂ-ਦੀ ਰੀਤੀ ਨੂੰ ਜਾਣੇ (=ਪਛਾਣ ਲਵੇ)। ਭਾਵ ਹੈ ਅਪਣੇ ਅੰਦਰ ਨੂੰ ਖੋਜਦਾ ਪੜਤਾਲਦਾ ਰਹੇ। ਪਿੱਛੇ ਪ੍ਰਾਪਤੀ ਦੱਸਦੇ ਬਹੁਤ ਬੋਲਣ ਤੋਂ ਰੋਕਦੇ ਆਏ ਹਨ ਤਾਂ ਕਿ ਅੰਤ੍ਰੀਵ ਰਸ ਟਿਕਿਆ ਰਹੇ; ਹੁਣ ਦੱਸਦੇ ਹਨ ਕਿ ਗੱਲਾਂ ਤੋਂ ਤਾਂ ਰੁਕੇ ਪਰ ਅੰਦਰੋਂ ਬੀ ਚੋਰ ਪੈਂਦੇ ਹਨ ਕਾਮ ਕ੍ਰੋਧ ਆਦਿ ਜੋ ਵਿਸ਼ੇ ਵਾਸ਼ਨਾ ਹੋ ਕੇ ਉਸ ਰਸ ਨੂੰ ਖਾ ਜਾਂਦੇ ਹਨ, ਉਨ੍ਹਾਂ ਦੀ ਜਾਚ, ਪੜਤਾਲ, ਖੋਜ ਰੱਖੇ। ਜਿਸ ਨੂੰ ਪੱਛਮੀ ਬੋਲੀ ਵਿਚ (Introspection) (ਆਤਮ ਦਰਸ਼ਨ, ਅੰਤਰ ਅਵਿਲੋਕਨ) ਆਖਦੇ ਹਨ,ਐਸਾ ਭਾਵ ਹੈ। ਇਨ੍ਹਾਂ ਅੰਦਰਲੇ ਚੋਰਾਂ ਦਾ ਉੱਠਣ, ਬਲ ਪਕੜਨ; ਸ਼ਮਨ ਹੋਣ, ਲੁਕੇ ਰਹਿਣ ਦੀ ਸਾਰੀ ਪੜਤਾਲ ਕਰੇ ਤੇ ਇਨ੍ਹਾਂ ਨੂੰ ਫੇਰ ਸਮਝਾ ਸਮਝਾ ਕੇ ਰੋਕ ਲਵੇ। ਜੈਸੇ ਕਿ ਵਾਕ ਹੈ-

ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ॥

[ਸਿਰੀ ਰਾਗੁ ਵਾਰ ਮ: ੩—੧੨]

ਜਦ ਇਹ ਅਖੰਡ ਬ੍ਰਿਤੀ ਦੇ ਪ੍ਰਵਾਹ ਵਿਚ ਵਿਘਨਕਾਰੀ ਅੰਦਰਲੇ ਭਾਵਾਂ ਦਾ ਜਾਣੂ ਹੋ ਜਾਵੇ ਤਾਂ ਫੇਰ ਇਨ੍ਹਾਂ ਤੇ ਕਾਬੂ ਪਾਵੇ, ਇਨ੍ਹਾਂ ਦੇ ਅਸਰ ਨਾਲ ਅੰਤਰਮੁਖ ਬ੍ਰਿਤੀ ਨੂੰ ਬਾਹਰ ਮੁਖ ਨਾ ਕਰ ਲਵੇ, ਨਹੀਂ ਤਾਂ ਪ੍ਰਕਾਸ਼ ਸਰੂਪ ਰਾਜਾ, ਭਾਵ ਪਰਮਾਤਮ ਦੇਵ ਬਹੁਤ ਗੁੱਸੇ ਹੋਵੇਗਾ। ਇਸ ਦਾ ਭਾਵ ਇਹ ਹੈ ਕਿ ਜਦ ਇਨ੍ਹਾਂ ਦੇ ਅਸਰਾਂ ਨਾਲ ਬਾਹਰ ਮੁਖ ਹੋ ਕੇ ਸੁਰਤ ਦੁਖੀ ਹੋ ਜਾਏਗੀ ਤੇ ਮੁੜ ਅੰਤਰ ਮੁਖ ਕਰੇਗਾ ਤਾਂ ਅੰਦਰ ਇਕ ਬੱਝ ਹੋਵੇਗੀ, ਮਾਨੋ ਬ੍ਰਿਤੀ ਨੂੰ ਅੰਤਰ ਮੁਖ ਹੋਣੋਂ ਕੋਈ ਅੰਦਰੋਂ ਧੱਕੇ ਮਾਰਦਾ ਹੈ। ਉਸ ਕਠਨਤਾ ਨੂੰ ਈਸ਼੍ਵਰ ਦਾ ਕੋਪ ਕਿਹਾ ਹੈ। ਇਸ ਅਵਸਥਾ ਨੂੰ ਕਿ ਉੱਖੜੀ ਬ੍ਰਿਤੀ ਨੂੰ, ਮੁੜ ਜੋੜਨਾ ਕਠਨ ਹੁੰਦਾ ਹੈ; ਗੁਰੂ ਨਾਨਕ ਦੇਵ ਜੀ ਨੇ ਐਉਂ ਦਰਸਾਇਆ ਹੈ:—

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥

[ਸਿਰੀ ਰਾਗੁ ਮ: ੧—੧]

ਭਗਤੀ ਮਾਰਗ ਹੋਣ ਕਰ ਕੇ ਭਗਤ ਨੂੰ ਪ੍ਰਭੂ ਦੇ ਮਿਲਨੇ ਦਾ ਰਸ ਆਉਂਦਾ ਹੈ,ਪਰ ਭਗਤੀ ਦਾ ਅਸੂਲ ਹੈ ਕਿ ਉਹ ਭਗਤ ਵਛਲ ਹੈ, ਉਹ ਬੀ ਪਯਾਰ ਕਰਦਾ ਹੈ, ਤਾਂ ਤੇ ਉਸ ਨੂੰ ਬੀ ਕੋਈ ਰਸ ਹੈ ਪਯਾਰ ਕੀਤੇ ਜਾਣ ਦਾ

ਓਤਿ ਪੋਤਿ ਰਵਿਆ ਰੂਪ ਰੰਗ॥ [ਗਉੜੀ ਮਹਲਾ ੫ ਸੁਖਮਨੀ ੧੮-੮]

ਐਸੇ ਵਾਕ ਬੀ ਭਗਤੀ ਦੇ ਅਸੂਲਾਂ ਤੋਂ ਪ੍ਰੇਮੀ ਕਿਹਾ ਕਰਦੇ ਹਨ:-

ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥੧॥
ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ॥

[ਸਰੰਗ ਨਾਮਦੇਵ ਜੀ—੩]

ਸੋ ਇਸ ਨੁਕਤਾ ਨਿਗਾਹ ਨਾਲ ਇਹ ਭਾਵ ਬੀ ਹੈ ਕਿ ਪ੍ਰੇਮੀ ਨੂੰ ਮਿਲਣ ਆਇਆ ਪ੍ਰੀਤਮ ਉਸ ਦੇ ਅਨਾਦਰ ਨਾਲ ਕਿਉਂ ਕੋਪ ਨਾ ਕਰੇਗਾ।

ਵਾਹਿਗੁਰੂ ਜੀ ਵਿਚ ਕੋਪ ਆਦਿ ਭਾਵ ਨਹੀਂ ਹਨ। ਪਰ ਏਥੇ ਭਗਤ ਜੀ ਨੇ ਉਸ ਦੀ ਭਗਤ ਵਤਸਲਤਾ ਨੂੰ ਲੈ ਕੇ ਜੋ 'ਰਿਸੈ ਹੈਂ' ਕਿਹਾ ਹੈ, ਇਹ 'ਰਿਸੈ ਹੈਂ' ਪ੍ਰੇਮ ਦੀ ਹੀ ਅਤਿਸ਼ਯਤਾ ਦਾ ਰੂਪ ਹੈ।

[ਬੁਧਵਾਰ]

ਬੁਧਵਾਰਿ ਬੁਧਿ ਕਰੈ ਪ੍ਰਗਾਸ ॥ | (ਮੰਗਲਵਾਰ ਵਿਚ ਦੱਸੀ ਪੂਜਾ ਨਾਲ ਜਦ ਮਨ ਬਾਹਰ ਧਾਵਨ ਤੋਂ ਹਟ ਜਾਏਗਾ ਤਾਂ ਉਸ ਪੁਰ ਸੁੱਧ) ਬੁਧਵਾਰ ਵਿਚ ਬੁੱਧੀ

ਹਿਰਦੈ ਕਮਲ ਮਹਿ ਹਰਿ ਕਾ ਬਾਸ ॥
ਗੁਰ ਮਿਲਿ ਦੋਊ ਏਕ ਸਮ ਧਰੈ ॥
ਉਰਧ ਪੰਕ ਲੈ ਸੂਧਾ ਕਰੈ ॥੪॥

ਪ੍ਰਕਾਸ਼ ਕਰੇਗੀ ਤੇ ਹਿਰਦੇ ਰੂਪੀ ਕਮਲ ਵਿਚ ਹਰੀ ਦਾ ਵਾਸਾ (ਦਿੱਸੇਗਾ)। ਗੁਰੂ ਨੂੰ ਮਿਲਕੇ (ਹੁਣ ਉਸ ਦੀ ਮਤਿ ਲਵੇ ਤੇ ਜਿੱਥੇ ਹਿਰਦੇ ਕਮਲ ਵਿਚ ਜੀਵ ਤਤ ਬਾਹਰ ਅੰਦਰ ਭੱਜਣੋਂ ਰੁਕਕੇ ਬੈਠਾ ਸੀ ਤੇ ਹੁਣ ਹਰੀ ਦਾ ਵਾਸਾ ਬੀ ਓਥੇ ਹੀ ਦਿੱਸ ਪਿਆ ਹੈ ਤਾਂ) ਦੋਹਾਂ ਨੂੰ ਇਕ ਮਿਕ ਕਰੇ (ਅਰਥਾਤ ਇਕ ਰੂਪ ਸਮਝੇ, ਭੇਦ ਬੁਧੀ ਦੀ ਅੰਸ਼ ਨਾ ਰਹੇ, ਐਉਂ) ਉਲਟੇ ਹੋਏ (ਹਿਰਦੇ) ਕਮਲ* ਨੂੰ ਸਿੱਧਾ ਕਰ ਲਵੇ।

ਵ੍ਯਾਖ੍ਯਾ— ਜਦ ਹਿਰਦਾ ਕਮਲ ਸਿੱਧਾ ਹੁੰਦਾ ਹੈ ਤਾਂ ਖਿੜ ਜਾਂਦਾ ਹੈ, ਜਲ ਦੇ ਕਮਲ ਬੀ ਪਹਿਲੋਂ ਕਲੀ ਦੇ ਰੂਪ ਵਿਚ ਮੂਧੇ ਹੁੰਦੇ ਹਨ, ਸਿੱਧੇ ਹੋਕੇ ਖਿੜਦੇ ਹਨ। ਇਸ ਦਾ ਭਾਵ ਇਹ ਹੈ ਕਿ ਫੇਰ ਪ੍ਰੇਮੀ ਭਗਤ ਦਾ ਮਨ 'ਖਿੜਿਆ ਰਹੇਗਾ'। ਇਹ ਖੇੜਾ ਮਾਯਕ ਨਹੀਂ, ਆਤਮ ਖੇੜਾ ਹੋਵੇਗਾ ਕਿਉਂਕਿ ਹੁਣ ਪ੍ਰੇਮੀ ਜੀਵ ਤਤ ਨੂੰ ਬ੍ਰਹਮ ਤਤ ਵਿਚ ਮਿਲਿਆ ਲਖਦਾ ਹੈ।

[ਵੀਰਵਾਰ]

ਬ੍ਰਿਹਸਪਤਿ ਬਿਖਿਆ ਦੇਇ ਬਹਾਇ॥
ਤੀਨਿ ਦੇਵ ਏਕ ਸੰਗਿ ਲਾਇ ॥
ਤੀਨਿ ਨਦੀ ਤਹ ਤ੍ਰਿਕੁਟੀ ਮਾਹਿ ॥
ਅਹਿਨਿਸਿ ਕਸਮਲ ਧੋਵਹਿ ਨਾਹਿ॥੫॥

ਵੀਰਵਾਰ (ਵਾਲੇ ਦਿਨ ਵਿਚ ਕੀਹ ਕਰੇ? ਕਿ) ਵਿਸ਼ੇ ਵਾਸ਼ਨਾ ਨੂੰ ਰੋੜ ਦੇਵੇ, ਤਿੰਨਾਂ ਦੇਵਤਿਆਂ ਨੂੰ ਬੀ (ਬਿਖ੍ਯਾ ਦੇ) ਇਕੋ ਸੰਗ ਵਿਚ ਰਲਾ ਦੇਵੇ (ਭਾਵ ਇਨ੍ਹਾਂ ਨੂੰ ਬੀ ਨਾਲ ਹੀ ਰੋੜ੍ਹ ਦੇਵੇ)। ਓਥੇ ਤ੍ਰਿਕੁਟੀ (ਦਸਮ ਦੁਆਰ) ਦੀ ਤਲ ਵਿਚ ਤਿੰਨ ਨਦੀਆਂ (ਦਾ ਸੰਗਮ) ਹੈ, (ਉਸ ਸੰਗਮ ਸਥਾਨ ਵਿਚ) ਦਿਨੇ ਰਾਤ ਨ੍ਹਾ ਕੇ ਪਾਪਾਂ (ਦੀ ਮੈਲ ਨੂੰ) ਧੋਂਦਾ ਰਹੇ॥੫॥

ਵ੍ਯਾਖ੍ਯਾ— ਕਮਲ ਫੁੱਲ ਜਦ ਖਿੜਦਾ ਹੈ ਤਾਂ ਉਹ ਖਿੜਦਾ ਤਾਂ ਵਾਯੂ ਮੰਡਲ ਵਿਚ ਹੈ ਉਸ ਦੀ ਨਾਲ ਜਲ ਵਿਚ ਹੁੰਦੀ ਹੈ ਤੇ ਇਸ ਦੇ ਪੈਰ ਚਿੱਕੜ ਵਿਚ ਹੁੰਦੇ ਹਨ। ਇਸੇ ਤਰ੍ਹਾਂ ਜਦ ਹਿਰਦਾ ਕਮਲ ਖਿੜਦਾ ਹੈ ਤਾਂ ਆਤਮ ਮੰਡਲ ਵਿਚ ਹੁੰਦਾ ਹੈ, ਉਸ ਦੀ ਨਾਲ ਬੁੱਧੀ ਵਿਚ ਹੁੰਦੀ ਹੈ ਤੇ ਪੈਰ ਸਰੀਰ ਵਿਚ। ਸਰੀਰ ਮਾਯਕ ਹੈ, ਇਸ ਵਿਚ ਵਿਸ਼ਿਆਂ ਦੀ ਜੜ ਹੁੰਦੀ ਹੈ ਤੇ ਮਾਇਆ ਦਾ ਸਰੂਪ ਤ੍ਰੈ ਗੁਣੀ ਹੈ। ਉਪਦੇਸ਼ ਇਹ ਹੈ ਕਿ ਸਰੀਰ ਮਾਯਕ ਹੈ ਤੇ ਸਰੀਰ ਦੇ ਹੁੰਦਿਆਂ ਮਾਯਾ ਮੂਲੋਂ ਤਾਂ ਨਹੀਂ ਕੱਟੀ ਜਾ ਸਕਦੀ, ਇਸ ਲਈ ਇਸ ਵਿਚ ਜੋ ਵਿਸ਼ੇ ਵਾਸ਼ਨਾ ਹੈ, ਉਸ ਨੂੰ ਅਖੰਡ ਚਲ ਰਹੇ ਨਾਮ ਦੀ ਪ੍ਰਵਾਹ ਰੂਪ ਨਦੀ ਵਿਚ ਰੋੜਨਾ ਹੈ ਤੇ ਤ੍ਰੈ ਗੁਣਾਂ ਦੇ ਪ੍ਰਭਾਵ ਵਿਚ ਜੋ ਸੁਰਤ ਚਲ ਰਹੀ ਹੈ ਉਸ ਨੂੰ ਉਸ ਦੇ ਪ੍ਰਭਾਵ ਤੋਂ ਕੱਢਕੇ ਤ੍ਰਿਗੁਣਾਤੀਤ ਕਰਨਾ ਹੈ। ਇਹ ਹੈ ਤਿੰਨਾਂ ਗੁਣਾਂ ਨੂੰ ਰੁੜ੍ਹੀ ਜਾਂਦੀ ਬਿਖਿਆ ਦੇ ਸਾਥ ਰਲਾ ਦੇਣਾ।

(ਅ) ਯਾ ਬ੍ਰਹਮਾ ਬਿਸ਼ਨੁ ਮਹੇਸ਼ ਦੀ ਉਪਾਸ਼ਨਾ ਨੂੰ ਛੱਡ ਕੇ ਉਹਨਾਂ ਦੇ ਰਚਣਹਾਰ ਵਿਚ ਟਿਕੇ, ਇਹ ਬੀ ਹੈ ਤਿੰਨ ਦੇਵਤਿਆਂ ਨੂੰ ਰੋੜ ਦੇਣਾ।

(ੲ) ਯਾ ਈਸ਼੍ਵਰ, ਹਿਰਣ੍ਯ ਗਰਭ, ਵੈਰਾਟ ਤਿੰਨਾਂ ਨੂੰ ਇਕ ਸਰੂਪ 'ਓਂਕਾਰ' ਵਿਚ ਮੇਲ ਕੇ ਲੈ ਹੋਵੇ। ਭਾਵ ਇਹ ਹੈ ਕਿ ਤ੍ਰੈਹਾਂ ਦੀ ਵੰਡ ਨੂੰ ਚਾਹੋ ਉਹ ਕਿਸੇ ਹਿਸਾਬ ਦੀ ਹੋਵੇ, ਛੱਡ ਕੇ ਸੁਰਤ ਨੂੰ ਇਕ ਨੁਕਤੇ ਤੇ ਟਿਕਾਈ ਰੱਖੇ। ਤ੍ਰਿਕੁਟੀ (ਦਸਮ ਦੁਆਰ) ਵਿਚ ਤ੍ਰੈ ਨਦੀਆਂ ਦੇ ਮੁੱਢ ਵਿਚ ਸੰਗਮ ਹੈ ਗੰਗਾ ਜਮਨ ਸੁਰਸਤੀ ਉਪਲਖਤ ਇੜਾ ਪਿੰਗਲਾ ਸੁਖਮਨਾ ਦਾ, ਸੋ ਤਿੰਨਾਂ ਨਦੀਆਂ ਦੇ ਸੰਗਮ ਸਥਾਨ

*'ਪੰਕ' ਪਦ ਤੋਂ ਏਥੇ ਮੁਰਾਦ 'ਪੰਕਜ' ਦੀ ਹੈ। ਪੰਕਜ [ਸੰਸ:, ਪਕੇਜੰ = ਕਮਲ] ਕਮਲ।

ਦਸਮ ਦੁਆਰ ਵਿਚ ਦਿਨੇ ਰਾਤ ਨ੍ਹਾਉਂਦਾ ਰਹੇ ਤੇ ਪਾਪਾਂ ਦੀ ਮੈਲ ਧੋਂਦਾ ਰਹੇ।

'ਨਾਹਿ' ਪਦ ਦਾ ਅਰਥ 'ਨਹੀਂ ਕਰਕੇ ਪ੍ਰਸ਼ਨਵਾਚੀ ਬਣਾਕੇ ਅਰਥ ਲੈਂਦੇ ਹਨ ਕਿਉਂ ਨਹੀਂ ਧੋਂਦਾ ? ਪਰ ਪ੍ਰਸੰਗ ਦੀ ਚਾਲ ਏਥੇ ਪ੍ਰਸ਼ਨਵਾਚੀ ਵਾਕ ਨਹੀਂ ਮੰਗਦੀ। ਉਹ ਤਾਂ ਵਿਉਂਤ ਦੱਸ ਰਹੇ ਹਨ ਅਤੇ 'ਨਦੀਂ' ਤੇ 'ਧੋਣਾ ਪਦ ਮੌਜੂਦ ਹਨ, ਇਸ ਕਰਕੇ ਨਾਹਿ, 'ਨ੍ਹਾਉਣਾ' ਦਾ ਕੋਈ ਰੂਪ ਹੈ। ਭਾਵ ਇਹ ਹੈ ਕਿ ਸੁਰਤ ਨੂੰ ਲਗਦੀ 'ਪਾਪ ਮਲ' ਸੁਰਤ ਦੇ ਦਸਮ ਦੁਆਰ ਰੂਪੀ ਸੰਗਮ ਸਥਾਨ ਵਿਚ ਨ੍ਹਾਉਣ ਮਾਤ੍ਰ ਨਾਲ ਧੋਤੀ ਜਾਣੀ ਹੈ। ਤ੍ਰਿਕੁਟੀ ਤਿੰਨ ਨਦੀਆਂ ਦਾ ਜ਼ਿਕਰ ਇਸ ਵਾਸਤੇ ਹੈ ਕਿ ਪ੍ਰਯਾਗ ਜਿਥੇ ਨ੍ਹਾਕੇ ਲੋਕੀਂ ਪਾਪ ਧੋਂਦੇ ਹਨ, ਤ੍ਰੈ ਨਦੀਆਂ ਦਾ ਸੰਗਮ ਸਥਾਨ ਹੈ। ਇਸੀ ਤਰ੍ਹਾਂ ਅੰਦਰਲਾ ਪ੍ਰਯਾਗ ਇੜਾ ਪਿੰਗਲਾ ਸੁਖਮਨਾ ਦੀ ਮਾਨੋਂ ਤ੍ਰਿਬੇਣੀ ਹੈ, ਜਿਨ੍ਹਾਂ ਨੂੰ ਗੰਗਾ ਜਮਨਾ ਸੁਰਸਤੀ ਬੀ ਕਹਿ ਲਿਆ ਕਰਦੇ ਹਨ।

[ਸ਼ੁਕ੍ਰਵਾਰ]

ਸੁਕ੍ਰਿਤੁ ਸਹਾਰੈ ਸੁ ਇਹ ਬ੍ਰਤਿ ਚੜੈ ॥
ਅਨਦਿਨ ਆਪਿ ਆਪ ਸਿਉ ਲੜੈ ॥
ਸੁਰਖੀ ਪਾਂਚਉ ਰਾਖੈ ਸਬੈ ॥
ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ ॥੬॥

ਸ਼ੁਕਰਵਾਰ (ਦਾ ਉਪਦੇਸ਼ ਹੈ ਇਹ ਕਿ ਆਪਣੀ) ਸ਼ੁਭ ਕਰਨੀ ਨੂੰ (ਜੋ ਨਾਮ ਅਭਜਾਸੀ) ਸਹਾਰ ਲਵੇ (ਭਾਵ ਸ਼ੁਭ ਕਰਮ ਕਰਕੇ ਜੋ 'ਅਹੰਭਾਵ' ਵਿਚ ਨਾ ਜਾਵੇ, ਨਿਸ਼ਕਾਮ ਰਹੇ) ਉਸ ਦਾ (ਪਿੱਛੇ ਕਿਹਾ ਆਪਣਾ) ਬ੍ਰਤ (ਕਿ ਮੈਂ ਅੰਤ੍ਰੀਵ ਤ੍ਰਿਬੇਣੀ ਤੇ ਇਸ਼ਨਾਨ ਕਰਨਾ ਹੈ) ਸਿਰੇ ਚੜ੍ਹਦਾ ਹੈ। ਉਹ ਹਰ ਦਿਨ ਆਪ ਆਪੇ ਨਾਲ ਲੜਦਾ ਰਹਿੰਦਾ ਹੈ। (ਉਹ) ਪੰਜਾਂ ਇੰਦ੍ਰੀਆਂ ਨੂੰ ਸਭਨਾਂ ਪਾਸਿਓਂ (ਆਪਣੀ =) ਰਾਖੀ ਵਿਚ ਰਖਦਾ ਹੈ, ਤਦ ਓਹ ਦ੍ਵੈਤ ਭਾਵ ਵਿਚ ਕਦੇ ਨਹੀਂ ਪੈਂਦਾ॥ ੬॥

ਵਯਾਖਯਾ— ਪਹਿਲੀ ਤੁਕ ਵਿਚ ਸ਼ਲੇਖ ਹੈ ਜੋ ਦੋ ਅਰਥ ਦੇਂਦਾ ਹੈ ਤੇ ਦੁਇ ਲਗਦੇ ਹਨ: 'ਸੁਕ੍ਰਿਤ'=ਸ਼ੁਕਰਵਾਰ; ਸੁਕ੍ਰਿਤ=ਸ਼ੁਭ ਕਰਨੀ। ਤੁਕ ਦਾ ਅਰਥ ਐਉਂ ਬੀ ਕਰਦੇ ਹਨ ਕਿ ਸੁਕ੍ਰਿਤ ਦੇ ਸਹਾਰੇ ਇਹ ਬ੍ਰਤ ਸਿਰੇ ਚੜ੍ਹਦਾ ਹੈ। ਐਸਾ ਕਰਨੇ ਵਿਚ 'ਸੁ' ਦਾ ਅਰਥ ਰਹਿ ਜਾਂਦਾ ਹੈ। ਦਰੁਸਤ ਅੰਨਵਯ ਐਉਂ ਹੁੰਦਾ ਹੈ (ਜੋ) ਸੁਕ੍ਰਿਤ ਨੂੰ ਸਹਾਰੇ ਸੁ (ਉਹ) ਸਿਰੇ ਚੜ੍ਹਦਾ ਹੈ। 'ਸਹਾਰੇ' ਕ੍ਰਿਯਾ ਪਦ ਹੈ=ਜੋ ਸਹਿ ਲਵੇ, ਜਰ ਲਵੇ। ਭਲੇ ਕੰਮ ਕਰਕੇ ਆਮ ਲੋਕੀ ਪਾਟ ਨਿਕਲਦੇ ਹਨ, ਅਹੰਕਾਰ ਵਿਚ ਚੜ੍ਹ ਜਾਂਦੇ ਹਨ, ਜੋ ਸ਼ੁਭ ਕਰਮ ਨਿਸ਼ਕਾਮ ਹੋ ਕੇ ਕਰਦਾ ਹੈ ਉਹ ਸ਼ੁਭ ਕਰਮਾਂ ਦੀ ਇਸ ਅਜਰਤਾ ਨੂੰ ਜਰ ਜਾਂਦਾ ਹੈ। ਦੂਜਾ ਕੰਮ ਦੱਸਦੇ ਹਨ ਅਪਣੇ ਨਾਲ ਲੜਨਾ, ਜੈਸਾ ਕਿ ਵਾਕ ਹੈ:-

ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ॥

[ਸਿਰੀ ਰਾਗੁ ਵਾਰ ਮਹਲਾ ੩-੧੨]

ਫੇਰ ਉਪਦੇਸ਼ ਹੈ ਕਿ ਮਨ ਨਾਲ ਬੀ ਲੜੇ ਤੇ ਇੰਦ੍ਰੀਆਂ ਨੂੰ ਵੱਸ ਕਰਕੇ ਰੱਖੇ। ਸੰਸਕ੍ਰਿਤ ਪਦ ਹ੍ਰਿਖ਼ੀਕ ਦਾ ਬੋਲ ਚਾਲ ਵਾਲੀ ਬੋਲੀ ਵਿਚ ਰੂਪ ਹੈ ਸੁਰਖੀ; 'ਹ੍ਰਿ' ਦਾ 'ਹਾਹਾ' ਤੇ 'ਰੀ' 'ਸੱਸੇ' ਤੇ ਰਾਰੇ' ਵਿਚ ਤੇ 'ਖ਼' 'ਖ' ਵਿਚ ਬਦਲ ਗਏ ਹਨ; ਯਾ ਸੁ+ਹ੍ਰਿਖ਼ੀਕ ਦਾ ਸੁਰਖੀ ਬਣਿਆ ਹੈ। ਅਰਥਾਤ ਇੰਦ੍ਰੀਆਂ ਨੂੰ (ਸੁ =) ਭਲੀ ਪ੍ਰਕਾਰ ਜੋ ਕਾਬੂ ਕਰੇਗਾ, ਉਹ ਦ੍ਵੈਤ ਭਾਵਨਾ ਵਿਚ ਨਾ ਜਾਏਗਾ। ਕਬੀਰ ਜੀ ਵਾਚ ਗਯਾਨੀਆਂ ਤੇ ਸ਼ੁਭ ਆਚਰਨਾਂ ਤੋਂ ਗਿਰੇ ਹੋਏ 'ਬ੍ਰਹਮ' ਬਣੀ ਬੈਠੇ ਲੋਕਾਂ ਤੋਂ ਸੂਗ ਖਾਕੇ ਅਪਣੇ ਪ੍ਰੇਮੀਆਂ ਨੂੰ ਬਾਰ ਬਾਰ ਤਾਕੀਦ ਕਰ ਰਹੇ ਹਨ ਕਿ ਇੰਦ੍ਰੀਆਂ ਨੂੰ ਵਿਸ਼ਿਆਂ ਨਾਲ ਸਪਰਸ਼ ਨਾ ਹੋਣ ਦਿਓ, ਮਨ ਦੀਆਂ ਵਾਸ਼ਨਾਂ ਨੂੰ ਪਵਿਤ੍ਰ ਕਰੋ, ਫਿਰ ਨਾਮ ਤੇ ਗਯਾਨ ਸਫਲ ਸਮਝੋ।

[ਛਨਿਛਰ ਵਾਰ]

ਥਾਵਰ ਥਿਰੁ ਕਰਿ ਰਾਖੈ ਸੋਇ ॥
ਜੋਤਿ ਦੀ ਵਟੀ ਘਟ ਮਹਿ ਜੋਇ ॥

ਛਨਿਛਰਵਾਰ (ਨੂੰ ਕੀਹ ਕਰੇ ? ਉੱਤਰ ਹੁਣ ਆਪਣੇ ਅੰਦਰ ਉਸ ਨੂੰ (ਪਿਛੇ ਕਹੀ ਦ੍ਵੈਤ ਅਭਾਵਤਾ ਭਾਵ ਏਕਤ੍ਰ ਦੀ ਲੱਖਤਾ ਨੂੰ ਹਿੱਲਣ ਨਾ ਦੇਵੇ) ਪੱਕਿਆਂ ਕਰਕੇ ਰੱਖੇ। (ਤਾਂ ਜੋ ਇਸ ਪ੍ਰਕਾਰ ਨਿਰੰਤਰ ਜਗ ਪਈ) ਜਜੋਤਿ ਦੀ ਦਿਵੱਟਣ ਹਿਰਦੇ

ਬਾਹਰਿ ਭੀਤਰਿ ਭਇਆ ਪ੍ਰਗਾਸੁ ॥
ਤਬ ਹੂਆ ਸਗਲ ਕਰਮ ਕਾ ਨਾਸੁ॥੭॥

ਵਿਚ ਕਾਇਮ ਹੋ ਜਾਏ, (ਤਦ) ਅੰਦਰ ਬਾਹਰ ਚਾਨਣਾ ਹੋ ਗਿਆ (ਸਮਝ, ਤੇ ਇਹ ਬੀ ਸਮਝ ਲਓ ਕਿ ਪਿਛੇ ਕੀਤੇਂ 'ਇਸ ਜਨਮ ਵਿਚ ਕੀਤੇਂ ਤੇ 'ਹੁਣ ਕੀਤੇ ਜਾ ਰਹੇਂ) ਸਾਰੇ ਕਰਮਾਂ ਦਾ ਤਦ ਨਾਸ਼ ਹੋ ਗਿਆ॥ ੭॥

ਵਯਾਖਯਾ— ਜਦੋਂ 'ਦ੍ਵੈਤ ਅਭਾਵਤਾਂ ਆ ਗਈ ਤਾਂ ਉਸ ਨੂੰ ਦ੍ਰਿੜ ਕਰਕੇ ਕਾਯਮ ਰੱਖੇ। ਪਹਿਲੀ ਸਤਰ ਵਿਚ ਸੋਇ ਦਾ ਇਸ਼ਾਰਾ ਹੈ ਪਿਛਲੇ ਅੰਕ ਵਿਚ ਆਈ ਦ੍ਵੈਤ ਅਭਾਵਤਾ ਵੱਲ, ਪਰਮਾਤਮ ਦੇਵ ਦੀ ਲੱਖਤਾ ਜੋ ਏਕਤ੍ਰ ਵਿਚ ਆ ਗਈ ਹੈ, ਉਸ ਨੂੰ ਹਿੱਲਣ ਨਹੀ ਦੇਣਾ। 'ਸੋਇ' ਪਦ ਦਾ ਅਗ੍ਰਗਾਮੀ ਪਦ ਵਿਚ ਨਾ ਹੋਣ ਕਰਕੇ ਵਿਦ੍ਵਾਨ ਸਜਣ ਸੋਇ ਦਾ ਭਾਵ 'ਪਰਮਾਤਮ-ਦੇਵ' ਬੀ ਕਰਦੇ ਹਨ। ਭਾਵ ਲਗ ਪਗ ਇਕੋ ਥਾਂ ਆ ਟਿਕਦਾ ਹੈ।

ਫੇਰ ਦੀਵਟੀ ਪਦ ਬੀ ਦੁਅਰਥਾ ਹੈ। ਦੀਵਟੀ ਨਾਮ ਹੈ ਦਿਵੱਟਣ ਦਾ। ਜਦੋਂ ਮਿੱਟੀ ਦੇ ਦੀਵੇ ਤੇਲ ਤੇ ਵੱਟੀ ਪਾ ਕੇ ਜਗਾਈਦੇ ਸਨ ਤਾਂ ਉਸ ਨੂੰ ਇਕ ਉਸਦੇ ਟਿਕਾਉਣ ਦਾ ਥਾਂ ਬਣਾ ਕੇ ਓਥੇ ਧਰਦੇ ਸਨ, ਉਸ ਨੂੰ ਦੀਵਟੀ ਯਾ ਦਿਵੱਟਣ ਯਾ ਦਿਵਾਖਾ ਆਖਦੇ ਸਨ। ਉਹ ਦੀਵਟੀ ਅਕਸਰ ਦਲ੍ਹੀਜਾਂ ਵਿਚ ਬਣਾਉਂਦੇ ਸਨ ਜੋ ਇਕੋ ਦੀਵੇ ਨਾਲ ਅੰਦਰ ਬਾਹਰ ਦੂਹੀਂ ਥਾਂਈਂ ਚਾਨਣਾ ਮਿਲੇ। ਉਸ ਦਾ ਦ੍ਰਿਸ਼ਟਾਂਤ ਲੈ ਕੇ ਕਹਿ ਰਹੇ ਹਨ ਕਿ ਜਦ ਦਿਲ ਵਿਚ ਦੀਵਟੀ ਲਾ ਲਈ ਤੇ ਉਤੇ ਥਿਰ ਹੋ ਗਈ ਜੋਤਿ; ਸੋ ਜੋਤ ਤਾਂ ਅੰਤਹਕਰਣ ਵਿਚ ਜਗੀ ਹੈ; ਅੰਦਰ ਚਾਨਣਾ ਬੀ ਦੇਵੇਗੀ ਤੇ ਬਾਹਰ ਬੀ ਚਾਨਣਾ ਦੇਵੇਗੀ ਦ੍ਰਿਸਜ ਵਿਚ। ਮੁਰਾਦ ਹੈ ਕਿ ਅੰਤਰ ਸਾਧਨ ਨਾਲ ਜੇ ਅੰਦਰ ਪਰਮਾਤਮ ਦੇਵ ਦਾ ਅਨੁਭਵ ਹੋ ਆਇਆ ਹੈ ਤਾਂ ਬਾਹਰ ਬੀ ਦ੍ਰਿਸ਼ਟਮਾਨ ਵਿਚ ਉਹੀ ਅਨੁਭਵ ਖੁਲ ਪਏਗਾ, ਕੋਈ ਵਖਰਾ ਜਤਨ ਨਹੀਂ ਕਰਨਾ ਪਏਗਾ। ਹਿਰਦੇ ਵਿਚ ਜਜੋਤ ਦੇ ਏਕਤ੍ਰ ਭਾਵ ਦੀ ਦਿਵੱਟਣ ਤੇ ਜਗ ਰਹੀ ਜੋਤ ਅੰਦਰ ਬਾਹਰ ਇਕ ਦ੍ਰਿਸ਼ਟੀ ਕਰ ਦੇਵੇਗੀ:-

ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ ਬਿਆਪਿ ਰਹਿਆ ਭਗਵੰਤ॥

[ਸੁਖਮਨੀ, ੨੩-੨]

ਵਾਲੀ ਦ੍ਰਿਸ਼ਟੀ ਹੋ ਜਾਏਗੀ। ਇਹ ਜਦ ਦ੍ਰਿਸ਼ਟੀ ਹੋ ਗਈ, ਤਦ ਕਰਮਾਂ ਦਾ ਨਾਸ਼ ਹੋ ਜਾਏਗਾ। ਕਰਮਾਂ ਦੇ ਨਾਸ਼ ਹੋਣ ਤੇ ਜਨਮ ਮਰਨ ਫੇਰ ਨਹੀਂ ਹੁੰਦਾ।

ਦੀਵਟੀ ਪਦ ਇਕ ਹੋਰ ਅਰਥ ਵਲ ਬੀ ਲੈ ਜਾਂਦਾ ਹੈ—ਦੀ+ਵਟੀ = ਜੋਤ+ਦੀ+ਵਟੀ। ਜੋਤ ਦੀ ਬੱਤੀ। ਇਸ ਕਰਕੇ ਦਾਨੇ ਇਉਂ ਬੀ ਲਾਉਂਦੇ ਹਨ:—ਜਦ ਜੋਤ ਦੀ ਬੱਤੀ ਹਿਰਦੇ ਵਿਚ (ਬਲ ਰਹੀ) ਹੋਵੇ ਤਾਂ ਉਸ ਨੂੰ ਦ੍ਰਿੜ ਕਰਕੇ ਰੱਖੇ। ਜੋਤ ਦੀ ਵੱਟੀ ਤੋਂ 'ਗਯਾਨ' ਮੁਰਾਦ ਹੈ।

[ਸਿੱਟਾ]

ਜਬ ਲਗੁ ਘਟ ਮਹਿ ਦੂਜੀ ਆਨ ॥
ਤਉ ਲਉ ਮਹਲਿ ਨ ਲਾਭੈ ਜਾਨ ॥

[ਹੁਣ ਸੱਤਾਂ ਵਾਰਾਂ ਦੇ ਉਪਦੇਸ਼ ਦਾ ਸੰਖੇਪ ਸਿੱਧਾਂਤ ਦੱਸਦੇ ਹਨ:—] ਜਦ ਤਾਈਂ ਹਿਰਦੇ ਵਿਚ (ਰਮਤ ਰਾਮ ਤੋਂ ਛੁੱਟ ਕੋਈ) ਹੋਰ ਦੂਜਾ ਪੱਖ (ਅਭਯਾਸੀ ਪੁਰਖ ਲੈ ਰਿਹਾ ਹੈ) ਤਦ ਤਾਈਂ

ਰਮਤ ਰਾਮ ਸਿਉ ਲਾਗੋ ਰੰਗੁ ॥ ਕਹਿ ਕਬੀਰ ਤਬ ਨਿਰਮਲ ਅੰਗ ॥੮॥੧॥	(ਪਰਮਾਤਮ ਦੇਵ ਦੀ) 'ਸਰੂਪ-ਪ੍ਰਾਪਤੀ' ਦਾ ਲਾਭ ਨਹੀਂ ਹੁੰਦਾ, (ਇਹ ਗੱਲ ਪੱਕ) ਜਾਣ ਲੈ। (ਪਰ ਜਦ ਸਭਨਾਂ ਵਿਚ) ਰਮ ਰਹੇ ਰਾਮ ਨਾਲ ਪ੍ਰੇਮ ਲੱਗ ਗਿਆ, ਤਦ (ਸਮਝ ਲੈ ਕਿ ਉਹ) ਨਿਰਮਲ ਅੰਗ (=ਸ਼ੁੱਧ ਸਰੂਪ) ਹੋ ਗਿਆ, ਕਹਿੰਦੇ ਹਨ ਕਬੀਰ ਜੀ।

ਵਜਾਖਜਾ— 'ਆਨ' ਦਾ ਅਰਥ ਪਰਵਾਹ, ਟੇਕ, ਕਨੌਡ, ਪੱਖ ਆਦਿ ਬੀ ਲਾਉਂਦੇ ਹਨ, ਭਾਵ ਇੱਕੋ ਟਿਕਾਣੇ ਆ ਟਿਕਦਾ ਹੈ। ਅੰਗ ਦਾ ਅਰਥ ਹਿਰਦਾ ਬੀ ਲਾਉਂਦੇ ਹਨ ਕਿ ਹ੍ਰਿਦਾ ਸ਼ੁਧ ਰਹਿੰਦਾ ਹੈ, ਵਿਚ ਧੁਨੀ ਇਹ ਹੈ ਕਿ ਸ਼ੁਧ ਹਿਰਦੇ ਵਿਚ ਪਰਮਾਤਮ ਦੇਵ ਸੁਤੇ ਹੀ ਵਸਦੇ ਹਨ। ਪਰ 'ਨਿਰਮਲ ਅੰਗ' ਦਾ ਅਰਥ ਏਥੇ 'ਸ਼ੁਧ ਸਰੂਪ' ਵਧੇਰੇ ਢੁੱਕਦਾ ਹੈ। ਅੰਗ ਨਾਮ ਹੈ ਸਰੀਰ ਦਾ, ਸਰੀਰ ਦੇ ਹਿੱਸੇ ਦਾ, ਹਿਰਦੇ ਦਾ, ਸਰੂਪ ਦਾ, ਗੋਦ ਦਾ, ਪੱਖ ਦਾ, ਸਹਾਇਤਾ ਦਾ, ਆਦਿ।

ਇਸ ਅੱਠਵੇਂ ਅੰਗ ਵਿਚ ਕਬੀਰ ਜੀ ਦਾ ਕਟਾਖਜ ਇਹ ਹੈ ਕਿ ਨਿਰੰਕਾਰ ਪ੍ਰਭੂ ਨਾਲ ਪ੍ਰੇਮ ਲਾਏ ਬਿਨਾ ਨਿਰੇ ਹਿਸਾਬੀ ਕਿਤਾਬੀ ਲੇਖੇ ਪੜਤੇ ਗਿਣਨ ਨਾਲ ਪਰਮਾਤਮਾ ਦੀ ਸਰੂਪ ਪ੍ਰਾਪਤੀ ਨਹੀਂ। ਸਰੂਪ ਪ੍ਰਾਪਤੀ ਫਲ ਹੀ ਪ੍ਰੇਮ ਦਾ ਹੈ। ਪ੍ਰੇਮ ਲਾਉਣ ਦਾ ਤ੍ਰੀਕਾ ਉਸੇ ਪਰਮਾਤਮਾ ਦਾ 'ਨਾਮ ਸਿਮਰਣ' ਹੈ।

—ਇਤਿ ਕਬੀਰ ਬਾਣੀ—

—o—

[ਗਉੜੀ ਨਾਮਦੇਵ ਜੀ]

ਰਾਗੁ ਗਉੜੀ ਚੇਤੀ ਬਾਣੀ ਨਾਮ ਦੇਉ ਜੀਉ ਕੀ

੧ਓ ਸਤਿਗੁਰ ਪ੍ਰਸਾਦਿ॥

ਪ੍ਰਾਕ੍ਕਥਨ— ਨਾਮ ਦੇਵ ਜੀ, ਨਾਮ ਦੇ ਪ੍ਰਤਾਪ ਨਾਲ ਤਰੇ ਪਾਪੀ ਪੁਰਖਾਂ ਦੀ ਮਿਸਾਲ ਦੇ ਕੇ ਅਪਣੇ ਤਾਰੇ ਜਾਣ ਦੀ ਮਾਨੋ ਪ੍ਰਾਰਥਨਾ ਕਰਦੇ ਹਨ:-

ਦੇਵਾ ਪਾਹਨ ਤਾਰੀਅਲੇ ॥ ਰਾਮ ਕਹਤ ਜਨ ਕਸ ਨ ਤਰੇ ॥੧॥ ਰਹਾਉ ॥	ਹੇ ਦੇਵ ! (ਤੁਸਾਂ ਰਾਮ ਨਾਮ ਉਤੇ ਲਿਖ ਲਿਖ ਕੇ ਸਮੁੰਦ੍ਰ ਉਤੋਂ) ਪੱਥਰ ਤਾਰੇ ਸਨ, (ਫੇਰ) ਰਾਮ ਦਾ (ਨਾਮ) ਸਿਮਰਣ ਕਰਨ ਵਾਲੇ ਇਨਸਾਨ ਕਿਸ ਤਰ੍ਹਾਂ ਨਾਂ ਤਰਨਗੇ ? ॥੧॥ ਰਹਾਉ॥
ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ॥ ਚਰਨ ਬਧਿਕ ਜਨ ਤੇਊ ਮੁਕਤਿ ਭਏ॥ ਹਉ ਬਲਿ ਬਲਿ ਜਿਨ ਰਾਮ ਕਹੇ ॥੧॥	(ਤੁਸਾਂ ਰਾਮ ਨਾਮ ਦੇ ਸਿਮਰਣ ਦੇ ਕਾਰਣ) ਵੇਸ਼ਵਾ ਤਾਰ ਲਈ ਸੀ ਰੂਪਹੀਨ ਕੁਬਿਜਾ (ਤਾਰ ਲਈ ਸੀ), ਬਜਾਧ ਅਤੇ ਅਜਾਮਲ (ਵਰਗੇ ਪਾਪੀ) ਤਾਰ ਲਏ ਸਨ। (ਕ੍ਰਿਸ਼ਨ ਜੀ ਦੇ) ਚਰਨਾਂ ਨੂੰ (ਵਿੰਨ੍ਹਣ ਵਾਲਾ) ਸ਼ਿਕਾਰੀ ਸੀ (ਉਹ ਤੇ ਉਸ ਵਰਗੇ ਹੋਰ ਜੋ ਘੋਰ ਪਾਪੀ) ਪੁਰਖ ਸੇ ਓਹ ਬੀ ਮੁਕਤ ਹੋ ਗਏ। (ਇਸ ਲਈ) ਮੈਂ ਬਾਰੰਬਾਰ ਸਦਕੇ ਹਾਂ (ਉਨ੍ਹਾਂ ਤੋਂ) ਜਿਨ੍ਹਾਂ ਨੇ ਰਾਮ ਨਾਮ ਸਿਮਰਿਆ ਹੈ॥੧॥

ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ ॥ ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ ॥੨॥੧॥	(ਤੁਸਾਂ) ਦਾਸੀ ਦਾ ਪੁੱਤ੍ਰ ਦਾਸ ਬਿਦਰ, ਸੁਦਾਮਾ ਆਦਿ ਸਭ ਤਾਰੇ ਤੇ ਉਗ੍ਰਸੇਨ ਨੂੰ (ਛੁਡਾ ਕੇ) ਰਾਜ ਦਿੱਤਾ। (ਗਲ ਕੀਹ ਹੋਰ ਕੋਈ ਜੋ) ਜਪ ਹੀਨ, ਤਪ ਹੀਨ, ਕੁਲ ਹੀਨ, ਕਰਮ ਹੀਨ ਸਨ ਓਹ ਬੀ ਨਾਮੇ ਦੇ ਸੁਆਮੀ (ਦੀ ਅਨੁਗ੍ਰਹ ਨਾਲ) ਤਰ ਗਏ॥ ੨ ॥ ੧ ॥

ਵਜਾਖਜਾ— ਨਾਮ ਦਾ ਪ੍ਰਤਾਪ, ਨਾਮਦੇਵ ਜੀ ਦੱਸ ਰਹੇ ਹਨ।

ਰਹਾਉ— ਪਹਿਲਾਂ ਸ੍ਰੀ ਰਾਮਚੰਦ੍ਰ ਦੇ ਸ੍ਰੇਤਬੰਦ ਰਾਮੇਸ਼ੁਰ ਦੇ ਪੁਲ ਬੰਨ੍ਹਣ ਦੀ ਕਥਾ ਲੈਂਦੇ ਹਨ ਕਿ ਉਹਨਾਂ ਨੇ ਪੱਥਰਾਂ ਤੇ ਰਾਮ ਨਾਮ ਲਿਖ ਕੇ ਸਮੁੰਦਰ ਵਿਚ ਪੱਥਰਾਂ ਨੂੰ ਤਾਰਿਆ ਸੀ*। ਪਰ ਹੋ ਸਕਦਾ ਹੈ ਕਿ ਰਾਮ ਜੀ ਦੇ ਅਹਿੱਲਿਆ ਨੂੰ ਤਾਰਨ ਵੱਲ ਇਸ਼ਾਰਾ ਹੋਵੇ ਕਿਉਂਕਿ ਉਹ ਸ੍ਰਾਪ ਨਾਲ ਪੱਥਰ ਹੋਈ ਪਈ ਸੀ ਤੇ ਰਾਮ ਜੀ ਨੇ ਸ੍ਰਾਪ ਦਾ ਬਲ ਤੋੜਕੇ ਮੁੜ ਮਾਨੁਖ ਬਣਾ ਕੇ ਪਾਪ ਦੇ ਫਲ ਤੋਂ ਬਖਸ਼ਕੇ ਤਾਰ ਦਿੱਤਾ ਸੀ।

ਪਰ ਇਸ ਤੁਕ ਦਾ ਇਸ਼ਾਰਾ 'ਦੇਵਾ' ਨਾਮੇ ਇਕ ਪਖੰਡੀ ਪੁਜਾਰੀ ਵਲ ਬੀ ਖਿਆਲ ਕਰ ਲਿਆ ਜਾਂਦਾ ਹੈ, ਜਿਸ ਦੀ ਕਥਾ ਭਗਤ ਮਾਲ ਵਿਚ ਹੈ। ਜੋ ਇਕ ਮੰਦਰ ਦਾ ਪੁਜਾਰੀ ਸੀ ਤੇ ਰਾਜੇ ਦੇ ਘੱਲੇ ਸਿਹਰੇ ਆਪ ਪਹਿਨਦਾ ਹੁੰਦਾ ਸੀ। ਚੋਰੀ ਜ਼ਾਹਰ ਹੋ ਜਾਣ ਤੇ ਉਸ ਪੱਥਰ ਦੇ ਬੁਤ ਦੀ ਅਰਾਧਨਾ ਕਰਨ ਕਰਕੇ ਉਸ ਦੀ ਪਤ ਬਚ ਗਈ ਸੀ; ਪਰ ਇਹ ਭਾਵ ਲੈਣਾ ਖਿੱਚ ਜਾਪਦੀ ਹੈ। ਪਰ ਜੇ ਇਹ ਅਰਥ ਕਰੀਏ ਤਾਂ ਕਰਨਾ ਪੈਂਦਾ ਹੈ ਕਿ ਦੇਵਾ ਨਾਮੇ ਪਾਂਡੇ ਨੂੰ ਪੱਥਰ ਦੇ ਬਣੇ ਹੋਏ ਬੁੱਤ ਨੇ ਤਾਰ ਲਿਆ। ਪਰ ਪੱਥਰ ਪਦ ਨੂੰ ਕੋਈ ਵਿਭਗਤੀ ਨਹੀਂ ਲਗੀ ਹੋਈ ਤੇ ਨਾਮਦੇਵ ਜੀ ਹੁਣ ਮੂਰਤੀ ਪੂਜਾ ਤੋਂ ਉੱਚੇ ਹੋ ਚੁਕੇ ਸਨ। ਪਹਿਲੀਆਂ ਦੋ ਤੁਕਾਂ ਵਿਚ ਕੈਮਤੁਕ ਨਜਾਯ ਵਰਤਿਆ ਹੈ:—'ਜਿਹਿ ਮਾਰਗ ਗਿਰ ਮੇਰ ਉਡਾਹੀ। ਕਹੋ ਤੂਲ ਕਿਹਿ ਲੇਖੇ ਮਾਹੀ।' ਇਹ ਹੈ ਕੈਮਤੁਕ ਨਜਾਯ ਕਿ ਜੇ ਰਾਮ ਨਾਮ ਪੱਥਰਾਂ ਨੂੰ ਤਾਰ ਲੈਂਦਾ ਹੈ ਤਾਂ ਰਾਮ ਨਾਮ ਮਾਨੁਖਾਂ ਨੂੰ ਕਿਉਂ ਨਹੀਂ ਤਾਰ ਸਕਦਾ !

ਅੰਕ ੧— ਹੁਣ ਨਮੂਨੇ ਦਿਖਾਲਦੇ ਹਨ ਇਨਸਾਨਾਂ ਦੇ ਜੋ ਤਾਰੇ ਗਏ ਸਨ। ਇਨ੍ਹਾਂ ਵਿਚ ਇਕ ਇਕ ਅਸ਼ੰਕਾ ਪਾ ਕੇ ਸੰਪ੍ਰਦਾਈ ਦਾਨੇ ਅਰਥ ਵਿਚ ਇਕ ਲਾਵੰਨਤਾ ਪੈਦਾ ਕਰ ਦੇਂਦੇ ਹਨ। ਯਥਾ:- ੧. ਗਨਿਕਾ ਤਾਰੀਂ। ਇਸ ਪਰ ਆਸ਼ੰਕਾ—ਹਾਂ ਸੁਹਣੀ ਵੇਖ ਕੇ ਰੂਪ ਤੇ ਰੀਝੇ ਹੋਣਗੇ ਤਾਂ ਤਾਰੀ ਹੋਣੀ ਹੈ ? ਉੱਤਰ ਹੈ:—ਕਿ ਨਹੀਂ; ਜੇ ਰੂਪ ਕਾਰਣ ਹੁੰਦਾ ਤਾਂ ਬਿਨ ਰੂਪ ਕੁਬਿਜਾ ਨੂੰ ਕਿਉਂ ਤਾਰਦੇ ? ੨. ਫੇਰ ਆਸ਼ੰਕਾ ਕਰਦੇ ਹਨ ਕਿ ਕੁਬਿਜਾ ਕੰਸ ਦੇ ਬਾਗ ਦੀ ਮਾਲਣ ਸੀ, ਉਹ ਮਾਲਾ ਭੇਟਾ ਕਰਦੀ, ਫੁੱਲ ਦੇਂਦੀ ਤੇ ਸੁਗੰਧੀਆਂ ਤੋਂ ਸੁਗੰਧਿਤ ਵਟਨੇ ਦੇਂਦੀ ਹੋਣੀ ਹੈ ਇਸ ਭੇਟਾ ਤੇ ਰੀਝ ਕੇ ਤਾਰਿਆ ਹੋਣਾ ਹੈ ? ਉੱਤਰ ਹੈ: ਨਹੀਂ, ਜੇ ਭੇਟਾ ਤੇ ਹੀ ਰੀਝਦੇ ਹੁੰਦੇ ਤਾਂ ਬਿਆਧਿ ਨੂੰ ਕਿਉਂ ਤਾਰਦੇ। ਇਸ ਬਜਾਧ (=ਸ਼ਿਕਾਰੀ) ਦਾ ਨਾਉਂ ਲੋਦੀਆ ਸੀ, ਇਹ ਸਤ ਕੁ ਦਿਨ ਭਗਵਾਨ ਦੀ ਤਲਾਸ਼ ਵਿਚ ਘੁੰਮਦਾ ਰਿਹਾ ਕਿ ਮਰ ਮੁਕਟ ਵਾਲਾ ਪੰਛੀ ਫੜਨਾ ਹੈ। ਇਸ ਪਰ ਆਸ਼ੰਕਾ ਕਰਦੇ ਹਨ ਕਿ ਉਸ ਦੀ ਤਲਾਸ਼ ਦੀ ਤੀਖਣਤਾ ਤੇ ਰੀਝੇ ਹੋਣਗੇ ? ਉੱਤਰ ਦੇਂਦੇ ਹਨ ਕਿ ਜੇ ੩. ਪ੍ਰੀਸ੍ਰਮ ਹੀ ਕਾਰਣ ਹੁੰਦਾ ਤਾਂ ਫੇਰ ਸ੍ਰਮ ਹੀਨ ਪਾਪੀ ਅਜਾਮਲ ਨੂੰ ਕਿਉਂ ਤਾਰਦੇ ? ਇਸ ਪਰ ਫੇਰ ਆਸ਼ੰਕਾ ਹੈ ਕਿ ਉਹ ਬ੍ਰਾਹਮਣ ਉੱਤਮ ਜਾਤੀ ਵਾਲਾ ਸੀ, ਇਹ ਲਿਹਾਜ਼ ਆ ਗਿਆ ਹੋਊ। ਇਸ ਪਰ ਉੱਤਰ ਦੇਂਦੇ ਹਨ ਕਿ ੪ ਉੱਚ ਜਾਤ ਹੀ ਕਾਰਨ ਹੁੰਦੀ ਤਾਂ ਨੀਚ ਜਾਤ ਦੇ ਬਧਿਕ ਉੱਤੇ, ਜਿਸਨੇ ਸ੍ਰੀ ਕ੍ਰਿਸ਼ਨ ਦੇ ਪੈਰ ਵਿਚ ਤੀਰ ਮਾਰਨ

*ਸਰਵਰ ਪਰ ਗਿਰਿਵਰ ਧਰਿ ਡਾਰੇ। ਤਰੁਵਰ ਕੇ ਪਾਤਨਿ ਸਮ ਤਾਰੇ॥ ੫੮॥
[ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾ: ਅਧਜਾਯ—੧]

ਦਾ ਅਪ੍ਰਾਧ ਕੀਤਾ ਸੀ ਉਸ ਵਿਰੋਧੀ ਨੂੰ ਕਿਉਂ ਤਾਰਦੇ।

ਤਦ ਦੱਸਦੇ ਹਨ ਕਿ ਕਾਰਣ ਸਿਰਫ ਉਨ੍ਹਾਂ ਦਾ 'ਰਾਮ' ਆਖਣਾ ਸੀ ਹੋਰ ਕੁਛ ਨਹੀਂ, ਇਸ ਕਰਕੇ ਰਾਮ ਕਹਿਣ ਵਾਲਿਆਂ ਤੋਂ ਸਦਕੇ ਹਾਂ।

ਅੱਗੋ ਹੁਣ ਤਰੇ ਹੋਏ ਸਮੁੱਚੇ ਤੌਰ ਤੇ ਗਿਣਦੇ ਹਨ। ਦਾਸੀ ਦਾ ਪੁਤ੍ਰ ਨਾਰਦ, ਟਹਿਲੀਆ ਬਿਦਰ, ਕੰਗਾਲ ਦਾਰਿਦ੍ਰੀ, ਸੁਦਾਮਾ,ਪੁਤ ਦੀ ਕੈਦ ਵਿਚ ਪਿਆ ਕੈਦੀ ਉਗ੍ਰਸੈਣ ਆਦਿ ਅਨੇਕਾਂ ਜਾਤ ਹੀਨ, ਤਨ ਹੀਨ, ਕੁਲ ਹੀਨ, ਕ੍ਰਮ ਹੀਨ ਆਦਿਕ ਨਾਮੇ ਦੇ ਸੁਆਮੀ ਪਰਮਾਤਮ ਦੇਵ ਨੇ ਤਾਰੇ ਹਨ, ਜੋ ਨਾਮ ਦੇ ਪ੍ਰਤਾਪ ਕਰਕੇ ਤਰੇ।

ਨਿਰੁਕ੍ਤ—ਦੇਵਾ—ਹੇ ਦੇਵ ! (ਤੁਸਾਂ ਨੇ)। (ਅ) (ਪੱਥਰ ਨੇ) ਦੇਵਾ ਨਾਮੇ ਪੁਜਾਰੀ ਨੂੰ। ਵੇਰਵਾ ਵਜਾਖਜਾ ਵਿਚ ਆ ਚੁਕਾ ਹੈ। ਪਰ ਪਾਹਨ ਪਦ ਨੂੰ ਨਾ ਸਿਆਰੀ ਹੈ ਨਾ ਔਂਕੁੜ। ਜੇ ਕਰੀਏ 'ਪਥਰ ਦੁਆਰਾ'ਤਾਂ ਪਾਹਨ ਦੇ 'ਨ' ਨੂੰ ਸਿਆਰੀ ਨਹੀਂ। ਜੇ ਦੇਵਾ ਨੂੰ ਪੱਥਰ ਦੁਆਰਾ ਤਾਰ ਲਿਆ ਕਰੀਏ ਤਦ ਕਰਤਾ ਕਾਰਕ ਵਿਚ ਹੈ ਨਹੀਂ। **ਕਸ ਨਾ**—ਕਿਸ ਤਰ੍ਹਾਂ ਨਾ।

ਗਨਿਕਾ—[ਸੰਸ, ਗਣਿਕਾ = ਵੇਸ਼ਵਾ, ਰੰਡੀ] ਇਕ ਵੇਸ਼ਵਾ ਸੀ ਜੋ ਤੋਤੇ ਨੂੰ ਰਾਮ ਨਾਮ ਸਿਖਾਲਦੀ ਸਿਖਾਲਦੀ ਨਾਮ ਪ੍ਰੇਮਣ ਹੋ ਕੇ ਸ਼ੁਧ ਪਵਿਤ੍ਰ ਤੇ ਹਰੀ ਭਗਤ ਹੋ ਗਈ ਸੀ*।

ਕੁਬਿਜਾ—[ਸੰਸ:, ਕੁਬਜ = ਕੰਸ਼ ਦੀ ਇਕ ਜਵਾਨ ਕੁੱਬੀ ਦਾਸੀ ਦਾ ਨਾਮ] ਕੰਸ ਦੀ ਮਾਲਣ ਸੀ, ਕੁਰੂਪ ਤੇ ਕੁੱਬੀ ਸੀ। ਮਾਲਾ ਪੁਰੋਂਦੀ, ਵਟਣੇ ਬਣਾਉਂਦੀ ਤੇ ਖ਼ੁਸ਼ਬੂਆਂ ਤਿਆਰ ਕਰਦੀ ਹੁੰਦੀ ਸੀ। ਇਹ ਸ੍ਰੀ ਕ੍ਰਿਸ਼ਨ ਜੀ ਨੇ ਤਾਰੀ ਸੀ†।

ਬਿਆਧਿ—ਇਕ ਸ਼ਿਕਾਰੀ ਸੀ। ਜ਼ਿਕਰ ਵਜਾਖਜਾ ਵਿਚ ਆ ਚੁਕਾ ਹੈ।

ਅਜਾਮਲੁ—[ਹਿੰ:, ਅਜਾਮਿਲ = ਪੁਰਾਣਾਂ ਅਨੁਸਾਰ ਇਕ ਪਾਪੀ ਬ੍ਰਾਹਮਣ ਦਾ ਨਾਮ] ਇਕ ਪਿਛਲੇ ਜਨਮ ਦਾ ਭਲਾ ਇਸ ਜਨਮ ਵਿਚ ਮੰਦ ਕਰਮੀ ਸੀ, ਅੰਤ ਸਮੇਂ ਪੁਤ੍ਰ ਨਾਰਾਯਨ ਨੂੰ ਵਾਜਾਂ ਮਾਰਦਾ ਮਾਰਦਾ ਨਾਰਾਯਣ ਪ੍ਰਭੂ ਦਾ ਧਜਾਨੀ ਹੋ ਕੇ ਨਾਮ ਸਿਮਰਦਾ ਤਰ ਗਿਆ।

ਚਰਨ ਬਧਿਕ—[ਸੰਸ:, ਚਰਣ: (ਪੈਰ) + ਬੰਧਕ: = ਬਾਂਧਨੇ ਵਾਲਾ, ਪਕੜਨੇ ਵਾਲਾ] ਸ਼ਿਕਾਰੀ ਚਰਨਾਂ ਦਾ, ਜਿਸ ਨੇ ਸ੍ਰੀ ਕ੍ਰਿਸ਼ਨ ਜੀ ਲੇਟੇ ਪਿਆਂ ਦੇ ਚਰਨ ਵਿਚ ਪਦਮ ਨੂੰ ਹਰਨ ਦੀ ਅੱਖ ਸਮਝਕੇ ਤੀਰ ਮਾਰਿਆ ਸੀ।

ਦਾਸੀ ਸੁਤ—ਟਹਿਲਣ ਦਾ ਪੁਤ੍ਰ। ਇਸ ਦਾ ਭਾਵ ਨਾਰਦ ਲੈਂਦੇ ਹਨ।

(ਅ) ਜੋ ਇਸ ਨੂੰ ਬਿਦਰ ਦਾ ਵਿਸ਼ੇਸ਼ਨ ਸਮਝੀਏ ਤਾਂ ਭਾਵ ਹੋਊ ਵਜਾਸ ਦਾ ਪੁਤ੍ਰ ਜੋ ਰਾਜਾ ਵਚਿਤ੍ਰ ਵੀਰਯ ਦੀ ਦਾਸੀ ਸਦੋਸ਼ਨਾ ਦੇ ਉਦਰ ਤੋਂ ਜੰਮਿਆ ਸੀ। ਕੈਰਵਾਂ ਦਾ ਪੱਖੀ ਸੀ ਪਰ ਕ੍ਰਿਸ਼ਨ ਜੀ ਇਸ ਦੇ ਘਰ ਠਹਿਰੇ ਸਨ ਤੇ ਪਿਆਰ ਕਰਦੇ ਸਨ।

ਸੁਦਾਮਾ—[ਸੰਸ:,] ਇਕ ਗਰੀਬ ਬ੍ਰਾਹਮਣ ਸੀ। ਕ੍ਰਿਸ਼ਨ ਜੀ ਦਾ ਬਾਲ ਸਖਾਈ ਮਿੱਤ੍ਰ ਸੀ ਇਸ ਦਾ ਦਰਿਦ੍ਰ ਸ੍ਰੀ ਕ੍ਰਿਸ਼ਨ ਜੀ ਨੇ ਦੂਰ ਕੀਤਾ ਸੀ।

ਉਗ੍ਰਸੈਨ—[ਸੰਸ: ਉਗ੍ਰਸੈਨ:] ਮਥਰਾ ਦਾ ਰਾਜਾ, ਇਸ ਨੇ ਆਪਣੀ ਭਤੀਜੀ ਦੇਵਕੀ ਪੁਤ੍ਰੀ ਕਰਕੇ ਪਾਲੀ। ਜਿਸ ਤੋਂ ਕ੍ਰਿਸ਼ਨ ਜੀ ਹੋਏ। ਉਗ੍ਰਸੈਨ ਦੇ ਪੁਤ੍ਰ ਨੇ ਪਿਤਾ ਨੂੰ ਕੈਦ ਕਰਕੇ ਰਾਜ ਖੋਹ

---

*ਸੂਆ ਪੜਾਵਤ ਗਨਿਕਾ ਤਰੀ॥ [ਗੌਂਡ ਨਾਮਦੇਵ-੫]

†ਕੁਬਿਜਾ ਉਧਰੀ ਅੰਗੁਸਟ ਧਾਰ॥ [ਬਸੰਤ ਮਹਲਾ ੫, ਅਸ਼ਟ:-੧]

ਲਿਆ ਹੋਇਆ ਸੀ। ਸ੍ਰੀ ਕ੍ਰਿਸ਼ਨ ਜੀ ਨੇ ਕੰਸ ਨੂੰ ਮਾਰ ਕੇ ਮੁੜ ਉਗ੍ਰਸੈਨ ਨੂੰ ਰਾਜ ਦਿਤਾ*। ਉਗ੍ਰਸੈਨ ਬੜਾ ਭਗਤ ਹੋਇਆ ਹੈ।

ਕ੍ਰਮਹੀਨ—ਕਰਮ ਹੀਨ ਭਾਵ ਸ਼ੁਭ ਕਰਮਾਂ ਤੋਂ ਸੱਖਣੇ।

[ਗਉੜੀ ਰਵਿਦਾਸ ਜੀ, ਸ਼ਬਦ—੧]

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ

੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥

ਪ੍ਰਾਕ੍ਕਥਨ—ਦਾਸ ਹੋਣ ਦਾ ਮਾਣ ਲੈ ਕੇ ਕਿਸੇ ਸੁਰਤ ਵਿਚ ਪਈ ਬੱਝ ਦੇ ਦੂਰ ਕਰਨੇ ਹਿਤ ਦਰਸ਼ਨ ਦੀ ਅਰਦਾਸ ਕਰਦੇ ਹਨ:-

ਮੂਲ	ਅਰਥ
ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥ ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥	(ਮੇਰਾ) ਜਨਮ ਭੈੜੀ ਤਰ੍ਹਾਂ (=ਨੀਚ ਘਰ) ਦਾ ਹੈ, ਮੇਰਾ ਕਰਮ ਵਿੰਗਾ (=ਭੈੜਾ ਹੈ), ਮੇਰੀ ਸੰਗਤ ਪੋਚ (ਛਲੀਏ ਯਾ ਮਾੜੇ ਆਦਮੀਆਂ ਨਾਲ) ਹੈ, (ਇਸ ਕਰਕੇ ਮੈਨੂੰ) ਦਿਨੇ ਰਾਤ ਸੋਚ ਪਈ ਰਹਿੰਦੀ ਹੈ (ਕਿ ਨਾ ਜਨਮ ਦੀ, ਨਾ ਕਰਮ ਦੀ, ਨਾ ਸੰਗਤਿ ਦੀ ਕੋਈ ਉੱਤਮਤਾ ਮੈਨੂੰ ਪ੍ਰਾਪਤ ਹੈ, ਮੇਰਾ ਕੀਹ ਬਣੇਗਾ ?)॥੧॥
ਰਾਮ ਗੁਸਈਆ ਜੀਅ ਕੇ ਜੀਵਨਾ ॥ ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥੧॥ ਰਹਾਉ ॥	ਹੇ ਰਾਮ ! (ਹੇ ਮੇਰੇ) ਮਾਲਕ ! ਹੇ ਮੇਰੀ ਜਿੰਦ ਦੀ ਜਿੰਦ। ਮੈਨੂੰ ਨਾ ਭੁਲਾਈਓ, ਮੈਂ (ਨੀਵਾਂ ਨੀਚ ਜੋ ਕੁਛ ਹਾਂ ਪਰ) ਤੇਰਾ ਦਾਸ ਹਾਂ॥੧॥ਰਹਾਉ॥
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥ ਚਰਣ ਨ ਛਾਡਉ ਸਰੀਰ ਕਲ ਜਾਈ ॥੨॥	(ਤੁਸੀਂ ਹੀ) ਮੇਰੀ ਬਿਪਤਾ ਨੂੰ ਕੱਟੋ, (ਮੈਨੂੰ ਆਪਣੇ ਚਰਨਾਂ ਨਾਲ) ਸ਼ੁਭ ਪ੍ਰੇਮ ਵਾਲਾ ਦਾਸ ਬਣਾ ਲਓ; (ਐਸੇ ਦ੍ਰਿੜ ਪਿਆਰ ਵਾਲਾ ਕਿ) ਆਪ ਦੇ ਚਰਣ (ਕਦੀ) ਨਾ ਛੱਡਾਂ, (ਹਾਂ, ਮੈਨੂੰ ਅੱਜ ਹੀ ਮਿਲੋ, ਮਤਾਂ) ਕਲ ਸਰੀਰ ਹੀ ਚਲਾ ਜਾਵੇ॥੨॥
ਕਹੁ ਰਵਿਦਾਸ ਪਰਉ ਤੇਰੀ ਸਾਭਾ ॥ ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥੩॥੧॥	(ਹੇ ਰਾਮ ਗੁਸਈਆ !) ਹੁਣ ਛੇਤੀ ਮਿਲੋ, ਦੇਰੀ ਨਾ ਕਰੋ, ਮੈਂ ਤੇਰੀ ਸੰਭਾਲ (ਰੱਖਜਤਾ) ਵਿਚ ਪਿਆ ਹਾਂ, ਕਹਿੰਦੇ ਹਨ ਰਵਿਦਾਸ ਜੀ॥੩॥੧॥

ਵ੍ਯਾਖ੍ਯਾ—ਸ੍ਰੀ ਰਵਿਦਾਸ ਜੀ ਅਪਣੀ ਹਰ ਪਾਸਿਓਂ ਨੀਚਤਾ† ਦੱਸ ਕੇ ਇਹ ਅਰਦਾਸ ਨਹੀਂ ਕਰ ਰਹੇ ਕਿ ਮੈਂ ਨਾ ਤੈਨੂੰ ਭੁੱਲਾਂ ਪਰ ਇਹ ਕਿ ਤੁਸੀਂ ਨਾ ਮੈਨੂੰ ਭੁਲਾਓ, ਕਿਉਂਕਿ ਮੈਂ ਅਪਣੇ

*ਉਗ੍ਰਸੈਣ ਕਉ ਰਾਜ ਅਭੈ ਭਗਤਹ ਜਨ ਦੀਓ।। [ਸਵਈਏ ਮਹਲੇ ੧ ਕੇ-੭]

†ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ।। [ਸੋਰਠ ਰਵਿਦਾਸ ਜੀ-੭]

ਆਪ ਨੂੰ ਚਾਹੇ ਹਰ ਤਰ੍ਹਾਂ ਨੀਚ ਹਾਂ, ਤੁਹਾਡੇ ਹਵਾਲੇ ਕਰ ਦਿੱਤਾ ਹੈ। ਮੈਨੂੰ ਨਾ ਭੁਲਾਓ ਕਹਿਕੇ 'ਮੈ ਜਨ ਤੇਰਾ' ਆਖਦੇ ਹਨ, ਕਿ ਸ਼ੁਭ ਜਨਮ, ਸ਼ੁਭ ਕਰਮ, ਸ਼ੁਭ ਸੰਗ ਆਦਿ ਮੇਰਾ ਕੋਈ ਗੁਣ ਨਹੀਂ, ਮੇਰਾ ਤਾਂ ਇਕੋ ਮਾਣ ਹੈ ਕਿ ਮੈਂ ਤੇਰਾ ਗ਼ੁਲਾਮ ਹਾਂ, ਤੇਰੇ ਹਵਾਲੇ ਹਾਂ, ਇਸ ਗਲ ਦੀ ਆਪ ਲਾਜ ਪਾਲੋ ਤੇ ਮਿਲੋ ਬੀ ਛੇਤੀ, ਹਾਂ ਅੱਜ ਹੀ ਮਿਲੋ। ਫੇਰ ਕਹਿੰਦੇ ਹਨ ਦੇਰ ਨਾ ਕਰੋ: ਭਾਵ ਹੈ ਕਿ ਹੁਣੇ ਹੀ ਮਿਲੋ ਕਿਉਂਕਿ ਪਤਾ ਨਹੀਂ ਕਲ ਸਰੀਰ ਹੀ ਚਲਾ ਜਾਵੇ। ਕਾਹਲੇ ਹੋਕੇ ਕਹਿੰਦੇ ਹਨ।

ਕੀਹ ਰਵਿਦਾਸ ਭਗਤੀ ਵਿਚ ਨਹੀਂ ਸੀ ? ਨਾਮ ਵਿਚ ਨਹੀਂ ਸੀ ? ਰਾਮ ਗੁਸਈਆਂ ਦੇ ਮਿਲਾਪ ਵਿਚ ਸੁਰਤ ਨਹੀਂ ਸੀ ? ਜੇ ਨਹੀਂ ਸੀ ਤਾਂ ਐਸੀ ਪ੍ਰਾਰਥਨਾ ਤੇ ਪ੍ਰੇਮ ਉਚਾਰ ਕਿੰਵ ਕਰ ਸਕਦੇ ਹਨ ? 'ਤੇਰਾ ਜਨ' ਹੋਣ ਦਾ ਮਾਣ ਕਿਉਂ ਕਰ ਰਹੇ ਹਨ ? ਆਪ ਬੜੇ ਉੱਚ ਕੋਟੀ ਦੇ ਨਾਮ ਰਸੀਏ ਸਨ, ਜੈਸੇ ਕਿ ਉਹਨਾਂ ਦੇ ਅਪਣੇ ਵਾਕ ਹਨ:-

ਰਿਦੈ ਰਾਮ ਗੋਬਿੰਦ ਗੁਨ ਸਾਰੰ॥...ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥

[ਮਲਾਰ ਰਵਿਦਾਸ ਜੀ—੧]

ਇਸ ਤੋਂ ਸਹੀ ਹੁੰਦਾ ਹੈ ਕਿ ਅਪਣੇ ਭਜਨ ਸਿਮਰਨ ਕਰਦਿਆਂ ਸੁਰਤ ਵਿਚ ਕੋਈ 'ਥੱਝ' ਆਈ ਹੈ, ਸੁਰਤ ਵਿਚ ਕੋਈ ਛਿਨ ਵਿੱਥ ਪੈਣ ਵਾਲੀ ਲੰਘੀ ਹੈ। ਉਸ ਨੂੰ ਨਾ ਸਹਾਰ ਕੇ ਤੇ ਪ੍ਰੇਮ ਦੀ ਤੀਖਣਤਾ ਵਿਚ ਇਹ ਪ੍ਰਾਰਥਨਾ ਕਰ ਰਹੇ ਹਨ। ਸਾਨੂੰ ਮਤਿ ਲੈਣੀ ਚਾਹੀਏ ਕਿ ਉਹ ਇੰਨੇ ਪਰਵਾਨ ਭਗਤ ਹੋਕੇ, ਜਿਨ੍ਹਾਂ ਦੀ ਬਾਣੀ ਨੂੰ ਪਾਵਨ ਬੀੜ ਵਿਚ ਥਾਂ ਮਿਲਦੀ ਹੈ, ਐਸੀ ਨਿੰਮ੍ਰਤਾ ਭਰੇ ਪ੍ਰੇਮ ਵਿਚ ਹਨ ਤਾਂ ਅਸੀਂ ਬੀ ਪ੍ਰੇਮ ਪ੍ਰਾਰਥਨਾ ਵਿਚ ਰਹੀਏ ਤੇ ਸੁਰਤ ਵਿਚ 'ਥੱਝ' ਆਈ ਤੇ ਐਸੀ ਹੀ ਪ੍ਰਾਰਥਨਾ ਕਰਿਆ ਕਰੀਏ।

ਨਿਰੁਕ੍ਤ

—**ਪੋਚ**—[ਫਾ:, ਪੂਚ = ਨਾਲਾਇਕ,ਬੇਹੂਦਾ, ਖ਼ਾਲ। ਹਿੰ।, **ਪੋਚੀ** = ਬੁਰਿਆਈ, ਨੀਵਾਂ ਪਨ] = ਹੇਠਾਂ ਕੁਛ ਹੋਰ ਧਾਤ ਤੇ ਉਚੇ ਪੋਚਾ ਦਿਤਾ ਹੋਇਆ ਹੋਰ ਧਾਤ ਦਾ। ਬਨਾਵਟ ਵਾਲੀ। ਨਿਕੰਮੀ। ਮਾੜੀ। **ਕੁਟਿਲਤਾ**—[ਸੰਸ:] ਛਲ। ਖੋਟ। ਭਾਵ ਹੈ ਖੋਟਾ, ਨੀਚ, ਮਾੜਾ। ਰਵਿਦਾਸ ਜੀ ਜਾਤ ਦੇ ਚਮਾਰ ਸਨ। ਚਮੜੇ ਦੇ ਕੰਮ ਨੂੰ ਨੀਵਾਂ ਦੱਸ ਰਹੇ ਹਨ।
ਮਲਾਰ ਰਾਗ ਵਿਚ ਰਵਿਦਾਸ ਜੀ ਦੱਸਦੇ ਹਨ:—

ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥

[ਮਲਾਰ ਰਵਿਦਾਸ ਜੀ ੧]

ਦੂਜੇ ਪਾਸੇ ਕੀਤੇ ਕਰਮਾਂ ਨੂੰ ਲੈ ਰਹੇ ਹਨ ਕਿ ਪਿਛਲਾ 'ਕਰਮ ਸੰਗ੍ਰਹ' ਮੇਰਾ ਖੋਟਾ ਸੀ ਤਾਂ ਹੀ ਨੀਚ ਕਰਮ ਕਰਨ ਵਾਲੀ ਚਮਾਰ ਜਾਤੀ ਵਿਚ ਜਨਮ ਹੋਇਆ।

ਕੁਭਾਂਤੀ—[ਹਿੰਦੀ, ਕੁ+ਭਾਂਤਿ:= ਕਿਸਮ, ਪ੍ਰਕਾਰ] ਭੈੜੀ ਕਿਸਮ ਦਾ। ਜਨਮ ਨੂੰ ਚਮਾਰਾਂ ਦੇ ਘਰ ਹੋਣ ਕਰਕੇ ਕਿਹਾ ਹੈ। ਕੁਭਾਂਤੀ ਵਿਚ ਇਸ਼ਾਰਾ ਹੈ ਕਿ ਪਿਛਲੇ ਜਨਮ ਗੁਰੂ ਨੂੰ ਕੁਅੰਸ਼ ਦਾ ਅੰਨ ਖੁਆਉਣ ਤੇ ਗੁਰੂ ਕੋਪ ਦੇ ਸ੍ਰਾਪ ਨਾਲ ਨੀਚ ਘਰ ਜਨਮ ਹੋਇਆ ਸੀ, ਇਸ ਕਰਕੇ ਕੁਭਾਂਤੀ ਪਦ ਵਰਤ ਰਹੇ ਹਨ।

ਜੀਅ ਕੇ ਜੀਵਨਾ—ਮੁਹਾਵਰੇ ਦਾ ਫਿਕਰਾ ਹੈ। ਡਾਢੇ ਪਜਾਰ ਵੇਲੇ ਬੋਲ ਚਾਲ ਵਿਚ ਆਖਦੇ ਹਨ, 'ਹੇ ਮੇਰੀ ਜਿੰਦੇ, ਹੇ ਮੇਰੀ ਜਿੰਦ ਦੀਏ ਜਿੰਦੇ ! ਭਾਵ, ਜਿੰਦ ਜਿਤਨੇ ਪਜਾਰੇ, ਤੇ ਜਿੰਦ ਦੀ ਜਿੰਦ= ਅਤੀ ਪਜਾਰੇ। (ਅ) 'ਜੀਅ ਕੇ ਜੀਵਨਾ' ਦਾ ਇਉਂ ਅਰਥ ਬੀ ਕਰਦੇ ਹਨ:-ਹੇ ਸਭ ਜੀਵਾਂ ਦੇ ਜੀਵਨ ਰੂਪ ! ਬਿਪਤਿ—[ਸੰਸ:, ਵਿਪਤਿ: = ਮੁਸੀਬਤ, ਤਕਲੀਫ, ਆਫ਼ਤ] ਵਿਪਦਾ ਜੋ ਉਪਰ ਦੱਸੀ ਹੈ। ਜਨਮ ਮਰਨ ਰੂਪੀ ਬਿਪਤਾ ਦਾ ਇਸ਼ਾਰਾ ਬੀ ਹੈ ਕਿਉਂਕਿ ਮਾੜੇ ਜੀਵਨ ਕਰਕੇ ਜਨਮ ਮਰਨ ਹੁੰਦਾ ਹੈ।

ਸੁਭਾਈ—[ਸੰਸ:, ਸੁ + ਭਾਵ: = ਪ੍ਰੇਮ, ਪਿਆਰ] ਸੁ + ਭਾਈ = ਸ਼ੁਭ ਪ੍ਰੇਮ ਵਾਲਾ।

ਕਲ = ਕਲ, ਅਜ ਤੋਂ ਅਗਲਾ ਦਿਨ। ਸਰੀਰ ਕਲ ਜਾਈ ਤੋਂ ਪਹਿਲਾਂ ਮਤਾਂ ਪਦ ਦੀ ਲੁਪਤੀ ਹੈ। 'ਮਤਾਂ ਕਲ ਜਾਈਂ' ਕਹਿਣ ਤੋਂ ਭਾਵ ਹੈ ਕਿ ਅੱਜੇ ਮਿਲੋ। ਇਹ ਅਗਲੀ ਤੁਕ ਤੋਂ ਹੀ ਸਪਸ਼ਟ ਹੋ ਜਾਂਦਾ ਹੈ, ਜਦ ਆਖਦੇ ਹਨ 'ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ' = ਛੇਤੀ ਮਿਲੋ ਤੇ ਦੇਰ ਨਾ ਕਰੋ ਅਰਥਾਤ ਹੁਣੇ ਮਿਲੋ। (ਅ) 'ਸਰੀਰ ਕਲ' ਨੂੰ ਇਕਠੀ ਵਾਚਕੇ 'ਸਰੀਰ ਕਲਾ' ਅਰਥਾਤ 'ਪ੍ਰਾਣ ਕਲਾ' ਬੀ ਅਰਥ ਕਰਦੇ ਹਨ। (ੲ) ਕਲ = ਕਲਜ = ਸੁਖ ਦੀ ਅਵਸਥਾ। (ਸ) ਕਲ ਜਾਈ ਦਾ ਸਮੁੱਚਾ ਅਰਥ ਨਾਸ਼ ਹੋ ਜਾਵੇ ਬੀ ਕਰ ਲੈਂਦੇ ਹਨ। ਜਾਈ—ਚਲਾ ਜਾਵੇ। ਮਰ ਜਾਵੇ।

ਸਾਂਬਾ—[ਸੰਸ:, ਸਾਮਨ = ਸੁਲਹ, ਸ਼ਰਣ। ਦੇਸ਼ ਭਾਸ਼ਾ; ਸਾਂਬਾ = ਸਾਂਭ = ਸਪੁਰਦਗੀ] ਸਪੁਰਦਗੀ, ਹਵਾਲਗੀ, ਸ਼ਰਣ।

ਬਿਲਾਂਬਾ—[ਸੰਸ:, ਵਿਲੰਬ:] ਦੇਰੀ। ਲਮਕਾਉ। ਢਿੱਲ।

[ਗਉੜੀ ਰਵਿਦਾਸ ਜੀ, ਸ਼ਬਦ—੨]

ਮੂਲ	ਅਰਥ
ਬੇਗਮ ਪੂਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥ ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥	[ਅਰਥ ਰਹਾਉ ਤੋਂ ਚੱਲਦਾ ਹੈ] ਹੁਣ ਮੈਂ (ਬੜੇ) ਉੱਤਮ ਵਤਨ ਦੀ ਪਕੜ (ਭਾਵ ਵਤਨ ਵਿਚ ਰਹਿਣ ਦੀ ਦ੍ਰਿੜਤਾ) ਪਾ ਲਈ ਹੈ, ਹੇ (ਮੇਰੇ) ਭਾਈ ! ਓਥੇ ਸਦਾ ਹੀ ਕੁਸ਼ਲ (ਵੱਸਦੀ ਹੈ)॥੧॥ ਰਹਾਉ॥ (ਓਸ) ਸ਼ਹਿਰ ਦਾ ਨਾਉਂ ਬੇਗਮ ਪੁਰਾ ਹੈ, ਦੁਖ ਤੇ ਚਿੰਤਾ ਦਾ ਓਥੇ ਥਾਂ ਹੀ ਨਹੀਂ, (ਓਥੇ) ਨਾ ਤਾਂ (ਮਸੂਲ ਲਾਏ ਜਾਣ ਵਾਲਾ) ਮਾਲ ਹੈ (ਇਸ ਕਰਕੇ) ਮਾਮਲਾ (ਲੱਗਣ ਤੇ ਭਰਨ ਦੀ) ਘਬਰਾਹਟ ਹੁੰਦੀ ਹੀ ਨਹੀਂ ਹੈ। ਨਾ ਹੀ (ਓਥੇ ਇਸ ਗੱਲ ਦਾ) ਖੌਫ ਹੈ ਕਿ ਮਤਾਂ ਕੋਈ ਭੁੱਲ (ਯਾ ਪਾਪ ਹੋ ਜਾਏ ਤੇ ਦੰਡ ਮਿਲੇ) ਨਾ (ਓਥੇ ਕਿਸੇ ਹੀ ਪ੍ਰਕਾਰ ਦਾ) ਗਿਰਾਉ ਦਾ ਡਰ ਹੈ॥੧॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥	(ਫੇਰ ਓਥੇ ਰਾਜ ਗਰਦੀ ਦਾ ਭੈ ਬੀ ਨਹੀਂ ਹੈ, ਕਿਉਂਕਿ ਓਥੇ ਜੋ) ਪਾਤਸ਼ਾਹੀ ਹੈ ਉਹ ਸਦਾ ਕਾਇਮ ਹੈ, (ਉਹ) ਹਮੇਸ਼ਾਂ ਰਹਿੰਦੀ ਹੈ, (ਓਥੇ ਕੋਈ ਵਾਸੀ) ਦੂਜਾ ਤੀਜਾ ਨਹੀਂ ਹੁੰਦਾ (ਓਥੇ ਜੋ ਹੈ) ਸੋ ਇਕ ਹੀ ਹੈ (ਭਾਵ ਸਭ ਦਾ ਦਰਜਾ ਸਮ ਹੈ।
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥	(ਉਹ ਸ਼ਹਿਰ) ਸਦਾ ਆਬਾਦ (ਰਹਿੰਦਾ) ਹੈ ਤੇ ਮਸ਼ਹੂਰ ਹੈ, (ਭਾਵ ਮੈਂ ਕੋਈ ਨਵੀਂ ਆਪਣੀ ਕਲਪਣਾ ਨਹੀਂ ਕਹਿ ਰਿਹਾ, ਉਹ ਸਦਾ ਤੋਂ ਵੱਸਦਾ ਹੈ ਤੇ ਮਸ਼ਹੂਰ ਹੈ। ਧਰਮ ਪੁਸਤਕਾਂ ਨੂੰ ਤੇ ਮਹਾਤਮਾਂ ਲੋਕਾਂ ਨੂੰ ਸਭ ਨੂੰ ਉਸ ਦਾ ਪਤਾ ਹੈ।) ਓਥੇ ਰੱਜੇ ਹੋਏ ਧਨੀ ਲੋਕ ਵੱਸਦੇ ਹਨ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ ॥	(ਓਥੇ ਕਿਸੇ ਤੇ ਕੋਈ ਪਾਬੰਦੀ ਯਾ ਬੰਦਸ਼ ਨਹੀਂ) ਜਿਵੇਂ ਜਿਵੇਂ (ਉਨ੍ਹਾਂ ਨੂੰ) ਭਾਵੇ (ਓਹ) ਤਿਵੇਂ ਤਿਵੇਂ ਸੈਰਾਂ ਕਰਦੇ ਫਿਰਦੇ

ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥

ਹਨ। ਓਹ ਮਹਿਰਮ ਹਨ (ਪਾਤਸ਼ਾਹੀ) ਮਹਲ ਦੇ (ਭਾਵ ਮਹਲ ਦੇ ਵੱਸਣ ਵਾਲਿਆਂ ਦੇ ਪਜਾਰੇ ਮਿਤ੍ਰ ਹਨ ਅਰ ਉਨ੍ਹਾਂ ਵਿਚੋਂ ਹੀ ਹਨ, ਇਸ ਕਰਕੇ ਉਨ੍ਹਾਂ ਨੂੰ ਸੈਰ ਕਰਨ ਆਉਂਦੇ ਜਾਂਦੇ) ਕੋਈ ਅਟਕਾਉਂਦਾ ਨਹੀਂ। ਕਹਿੰਦਾ ਹੈ ਰਵਿਦਾਸ ਚੁਮਾਰ ਕਿ ਜੋ (ਉਸ ਸ਼ਹਿਰ ਦੀ) ਆਜ਼ਾਦੀ ਨੂੰ ਪਾ ਚੁਕਾ ਹੈ, ਉਹੀ ਸਾਡਾ ਮਿਤ੍ਰ ਹੈ, ਓਹੀ (ਇਸ ਸ਼ਹਿਰ ਦਾ ਵਾਸੀ) ਸਾਡਾ ਹਮਵਤਨੀ ਹੈ॥ ੩॥ ੨॥

ਵਜਾਖਜਾ— ਪਿਛਲੇ ਸ਼ਬਦ ਵਿਚ ਨਿੰਮ੍ਰਤਾ ਤੇ ਪਿਆਰ ਸੰਗ ਦੀ ਅਰਦਾਸ ਕੀਤੀ ਤੇ ਸਿਖਾਈ ਸੀ। ਹੁਣ ਵਰਣਨ ਹੈ ਉਸ ਅਵਸਥਾ ਦਾ ਜਦੋਂ ਭਗਤ ਉਚ ਸੁਰਤੇ ਹੋਏ ਜਿਸ ਨੂੰ ਛੇਤੀ ਮਿਲਣ ਕਹਿ ਰਹੇ ਸਨ ਉਸਦੇ ਸਰੂਪ ਨੂੰ ਪ੍ਰਾਪਤ ਹੋਏ ਹੋਏ ਹੁੰਦੇ ਹਨ। ਅਰਥਾਤ ਉਸ ਅਵਸਥਾ ਤੋਂ ਉਪਰ ਦੀ ਅਵਸਥਾ ਦਾ ਸ਼ਹਿਰੀਂ ਪਦਾਂ ਵਿਚ ਵਰਣਨ ਕਰ ਰਹੇ ਹਨ। ਉਸ ਨੂੰ ਸਦੈਵੀ, ਅਭੈ, ਅਰੋਕ, ਸਦੈਵੀ ਕੁਸ਼ਲਤਾ ਵਾਲੀ ਵਰਣਨ ਕਰ ਰਹੇ ਹਨ। ਇਸ ਨੂੰ ਵੀਚਾਰ ਸ਼ੀਲ ਪੁਰਖ ਸਰੀਰ ਦੇ ਹੁੰਦਿਆਂ ਤੇ ਸਰੀਰ ਦੇ ਬਾਦ ਦੋਹਾਂ ਹਾਲਤਾਂ ਵਿਚ ਪ੍ਰਾਪਤ ਹੋਈ ਵਰਣਨ ਕਰਦੇ ਹਨ, ਕਿਉਂਕਿ ਭਗਤ ਜੀ, 'ਗਹ ਪਾਈ' ਦਸ ਰਹੇ ਹਨ ਅਰਥਾਤ ਹੁਣੇ ਮੈਂ ਉਸ ਵਤਨ ਦੀ ਰਿਹਾਇਸ਼ ਪਾ ਲਈ ਹੈ; ਤੇ ਨਿਜ ਨੂੰ ਮਹਲ ਦਾ ਮਹਿਰਮ ਹੋਣ ਦਾ ਇਸ਼ਾਰਾ ਸਾਫ ਦੇ ਰਹੇ ਹਨ।

ਨਿਰੁਕ੍ਤ— **ਬੇਗਮ ਪੁਰਾ**—[ਫਾ:, ਬੇ = ਬਗ਼ੈਰ, ਰਹਿਤ] ਗ਼ਮ ਤੋਂ ਰਹਿਤ ਨਗਰੀ। ਅਚਿੰਤਤਾਈ ਦੀ ਅਵਸਥਾ। **ਅੰਦੋਹ**—[ਫਾ:] ਚਿੰਤਾ, ਅੰਦੇਸ਼ਾ।

ਤਸਵੀਸ—[ਅ:, ਤਸ਼ਵੀਸ਼] ਘਬਰਾਹਟ, ਫਿਕਰ। **ਖਿਰਾਜੁ**—[ਅ:, ਖ਼ਿਰਾਜ] ਮਾਮਲਾ ਮਸੂਲ। ਕਰ। **ਖਉਫੁ**—[ਅ:, ਖ਼ੌਫ਼] ਡਰ। ਭੈ।

ਖਤਾ—[ਅ: ਖ਼ਤਾ] ਗ਼ਲਤੀ। ਭੁੱਲ। **ਤਰਸ**—[ਫਾ:] ਡਰ।

ਜਵਾਲੁ—[ਅ:, ਜ਼ਵਾਲ] ਘਾਟਾ, ਘਟਣਾ। ਗਿਰਾਉ।

ਖੈਰ—[ਅ:, ਖ਼ੈਰ] ਕੁਸ਼ਲ। ਸੁਖ।

ਕਾਇਮੁ ਦਾਇਮੁ—[ਅ:, ਕਾਯਮ ਦਾਯਮ] ਸਦਾ ਪੱਕੀ ਰਹਿਣੇ ਵਾਲੀ।

ਦੋਮ ਸੇਮ—[ਫਾ:, ਦੋਮ, ਸਿਵੁਮ] ਦੂਸਰਾ ਤੀਸਰਾ। ਭਾਵ ਦਰਜਿਆਂ ਤੋਂ ਹੈ।

(ਅ) ਦੋਮ ਤੋਂ ਦੁਐਤ ਤੇ ਸੇਮ ਤੋਂ ਤ੍ਰੈ ਗੁਣ ਬੀ ਭਾਵ ਲੈ ਲੈਂਦੇ ਹਨ।

ਆਬਾਦਾਨੁ—[ਫਾ:,] ਆਬਾਦ। ਵਸਦਾ। (ਅ) ਵਸੋਂ। ਆਬਾਦੀ।

ਗਨੀ—[ਅ:, ਗਨੀ] ਧਨੀ। ਜੋ ਇੰਨਾਂ ਧਨੀ ਹੋਵੇ ਕਿ ਹੋਰ ਦੀ ਲੋੜ ਨਾਂ ਰਖੇ।

ਮਾਮੂਰਿ—[ਅ:, ਮੁਅਮੂਰ] ਰੱਜਿਆ ਹੋਇਆ। ਭਰਪੂਰ।

ਮਹਰਮ—[ਅ:,] ਵਾਕਫ। ਜਾਣੂ। ਮਹਰਮ ਮਹਲ = ਜਿਸ ਨੂੰ ਮਹਲ ਵਿਚ ਫਿਰਨ ਦਾ ਹੱਕ ਹਾਸਲ ਹੈ ਤੇ ਉਹ ਸਾਰੇ ਮਹਿਲੀਆਂ ਦਾ ਜਾਣੂ ਹੈ।

ਖਲਾਸ—[ਅ:,] ਖਲਾਸ ਦਾ ਅਰਥ ਛੁਟਿਆ ਹੋਇਆ ਹੈ, ਆਜ਼ਾਦ।

(ਅ) ਪਰ ਪਿਛੇ ਮਹਰਮ ਮਹਲ ਹੋਣ ਕਰਕੇ 'ਖ਼ੁਲੂਸ ਵਾਲਾ' ਵਧੇਰੇ ਢੁੱਕਦਾ ਹੈ। ਖ਼ੁਲੂਸ ਵਾਲਾ ਦਾ ਭਾਵ ਹੈ ਜੋ ਮਹਿਲ ਦੇ ਮਾਲਕ ਦਾ ਨਿਜ ਮਿਤ੍ਰ ਦੇ ਪਜਾਰ ਇਤਬਾਰ ਵਿਚ ਹੈ। ਅਰਬੀ ਵਿਚ

ਖ਼ਲਾਸ ਦਾ ਅਰਥ ਹੈ ਆਜ਼ਾਦ ਤੇ 'ਖ਼ੁਲੂਸ'=ਦਾ ਅਰਥ ਹੈ ਸਫਾਈ, ਮਿਤ੍ਰਤਾ। ਖ਼ਲਾਸ ਦੀ 'ਖ਼ੇ' ਜ਼ਬਰ ਵਾਲੀ ਹੈ ਤੇ ਖ਼ੁਲੂਸ ਦੀ ਖ਼ੇ ਪੇਸ਼ ਵਾਲੀ ਹੈ।

[ਗਉੜੀ ਰਵਿਦਾਸ ਜੀ, ਸ਼ਬਦ—੩]

੧ੴ ਸਤਿਗੁਰ ਪ੍ਰਸਾਦਿ॥ ਗਉੜੀ ਬੈਰਾਗਣਿ ਰਵਿਦਾਸ ਜੀਉ॥

ਪ੍ਰਾਕ੍ਕਥਨ— ਨਾਮ ਰੂਪੀ ਪੂੰਜੀ ਦੀ ਰਖਜਾ ਤੇ ਸਿਰੇ ਚੜ੍ਹਨ ਲਈ ਬੇਨਤੀ।

ਮੂਲ	ਅਰਥ
ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥ ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧॥	(ਪਿਛੇ ਕਿਹਾ ਬੇਗਮਪੁਰਾ ਬੜੇ ਉੱਚੇ ਥਾਂ ਪਰ ਹੈ, ਉਹ ਥਾਂ ਮਾਨੋ ਇਕ) ਬੜਾ (ਉੱਚਾ) ਪਹਾੜ ਹੈ, (ਉਸ ਦਾ ਰਸਤਾ) ਔਖੀਆਂ ਘਾਟੀਆਂ (ਥਾਣੀ ਹੈ; ਉਸ ਉਤੇ ਚੜ੍ਹਨ ਵਾਸਤੇ) ਸਾਡਾ ਇਕ ਬੈਲ (ਪਹਾੜੀ ਰਸਤਿਆਂ ਦੇ ਗੁਣ=) ਜਾਚ ਤੋਂ (ਨਿਰ=) ਅਣਜਾਣ ਹੈ। (ਇਸ ਲਈ ਸਾਂਈ ਦੀ ਮਦਦ ਮੰਗਦੇ ਹਨ ਤੇ) ਰਾਮ ਅੱਗੇ ਇਕ ਬੇਨਤੀ ਕਰਦੇ ਹਨ (ਕਿ:) ਹੇ ਰਾਮ ! ਮੇਰੀ (ਰਾਮ ਨਾਮ) ਪੂੰਜੀ (ਜੋ ਮੈਂ ਨਿਰਗੁਣ ਬੈਲ ਰੂਪ, ਉੱਚ ਜੀਵਨ ਦੇ ਰਾਹਾਂ ਤੋਂ ਨਾਵਾਕਫ ਮਨ ਉਤੇ ਲੱਦੀ ਹੈ ਉਸ ਦੀ ਤੂੰ) ਰਖਜਾ ਕਰ॥੧॥
ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ ॥	(ਦੂਜੀ ਬੇਨਤੀ ਮੇਰੀ ਸੰਤਾਂ ਪਾਸ ਹੈ ਜੋ ਰਾਮ ਨਾਮ ਦੇ ਜਾਣਕਾਰ ਵਣਜਾਰੇ ਹਨ ਕਿ) ਕੋਈ ਰਾਮ (ਨਾਮ) ਦਾ ਵਣਜਾਰਾ (ਐਸਾ ਉਪਕਾਰੀ ਹੋਵੇ ਜੋ ਇਹ ਦੇਖਕੇ ਕਿ) ਮੇਰਾ ਬੈਲ ਲਦਿਆ ਜਾ ਰਿਹਾ ਹੈ (ਜੋ ਅਣਜਾਣ ਹੈ, ਉਹ ਵਣਜਾਰਾ ਮੇਰੀ ਸਹਾਇਤਾ ਕਰੇ)॥੧॥ਰਹਾਉ॥
ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯਾਪਾਰੁ ॥ ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨॥	(ਹੁਣ ਨਜ਼ਰ ਹੋਰਨਾਂ ਵਣਜਾਰਿਆਂ ਵਲ ਪੈਂਦੀ ਹੈ, ਜੋ ਟਾਂਡਾ ਲੱਦੀ ਤੁਰੀ ਜਾ ਰਹੇ ਹਨ ਤੇ ਖਜਾਲ ਕਰਦੇ ਹਨ ਕਿ ਕੋਈ ਸਾਥੀ ਸਹਾਇਕ ਨਾਲ ਟੁਰ ਪਵੇ। ਪਰ ਜਦ ਗਹੁ ਕਰਦੇ ਹਨ ਤਾਂ ਕੀ ਦੇਖਦੇ ਹਨ ਕਿ ਏਹ) ਸੰਸਾਰੀ (ਬ੍ਰਿਤੀ ਵਾਲੇ ਵਪਾਰੀ ਹਨ ਤੇ) ਬਿਖ ਲੱਦੀ ਲਈ ਜਾ ਰਹੇ ਹਨ, (ਇਨ੍ਹਾਂ ਦਾ ਮੇਰਾ ਸਾਥ ਕਾਹਦਾ) ਮੈਂ ਤਾਂ ਰਾਮ ਨਾਮ ਰੂਪੀ ਧਨ ਲਦਿਆ ਹੈ, ਮੈਂ ਸਹਜ (—ਗਜਾਨ) ਦਾ ਵਪਾਰ ਕਰਦਾ ਹਾਂ ਤੇ ਮੈਂ ਰਾਮ (ਰੂਪੀ ਸ਼ਾਹ ਦਾ) ਵਣਜਾਰਾ ਹਾਂ॥੨॥
	[ਬਿਖ ਲਾਦੀ ਵਾਲਿਆਂ ਦੇ 'ਅੰਤ' ਤੇ ਹੁਣ ਨਜ਼ਰ ਪੈਂਦੀ ਹੈ ਕਿ ਇਨ੍ਹਾਂ ਦਾ ਮਾਲ ਮਸੂਲ ਵਾਲਾ ਹੈ, ਮਸੂਲੀਏ ਨੇ ਇਨ੍ਹਾਂ ਨੂੰ ਤਾਂ ਦੰਡ ਲਾਉਣਾ ਹੈ, ਤੇ ਆਪਣੇ ਮਾਲ ਦੇ ਮਾਣ ਵਿਚ ਆਕੇ ਚਿੜ੍ਹ

ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥ **ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥੩॥**	ਗੁਪਤ ਨੂੰ ਵੰਗਾਰ ਕੇ ਕਹਿੰਦੇ ਹਨ:)ਹੇ ਲੋਕ ਪ੍ਰਲੋਕ ਦੇ ਜਾਣਕਾਰੋ ! (ਜੋ ਮਰਜ਼ੀ ਜੇ ਬੇਸ਼ਕ) ਉਲਟਾ ਪੁਲਟ ਲਿਖ ਲਓ, ਮੈਨੂੰ (ਤਾਂ) ਜਮ ਡੰਡ ਲੱਗ ਹੀ ਨਹੀਂ ਸਕਦਾ, (ਕਿਉਂਕਿ ਮੈਂ) ਸਾਰੇ ਫਸੌਤੀਆਂ ਵਾਲੇ ਕੰਮ ਛੱਡ ਦਿੱਤੇ ਹਨ॥ ੩॥
ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥ **ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪॥੧॥**	[ਹੁਣ ਦ੍ਰਿਸ਼ਟਾਂਤ ਤੋਂ ਦਾਰਿਸ਼ਟਾਂਤ ਦੇ ਅੰਗ ਵਿਚ ਸਮੂਲਚਾ ਹੀ ਆ ਜਾਂਦੇ ਹਨ ਤੇ ਕਹਿੰਦੇ ਹਨ:] ਜਿਸ ਤਰ੍ਹਾਂ ਕਸੁੰਭੇ ਦਾ ਰੰਗ (ਕੱਚਾ) ਹੁੰਦਾ ਹੈ, ਤਿਵੇਂ ਇਹ ਸੰਸਾਰ ਹੈ (ਤੇ ਇਸ ਦੇ ਭੋਗ ਤੇ ਆਨੰਦ ਛਿਨ ਭੰਗਰ ਹੈਨ ਪਰ) ਮੇਰੇ ਰਾਮ ਦੇ ਪ੍ਰੇਮ (ਦਾ ਰੰਗ) ਮਜੀਠ ਦਾ ਰੰਗ ਹੈ (ਭਾਵ ਪੱਕਾ ਨਾ ਉਤਰਨੇ ਵਾਲਾ ਹੈ) ਕਹਿੰਦਾ ਹੈ ਰਵਿਦਾਸ ਚਮਾਰ॥ ੪॥ ੧॥

ਵਯਾਖਯਾ— ਪਰਮਾਤਮ ਦੇਵ ਦੀ ਸਰੂਪ ਲੱਖਤਾ ਬੜੀ ਕਠਨ ਪ੍ਰਾਪਤੀ ਦੀ ਵਸਤੂ ਹੈ, ਔਖਾ ਹੈ ਵਿਸ਼ੇ ਵਿਕਾਰਾਂ ਦੀਆਂ ਮੁਸ਼ਕਲਾਂ ਵਿਚੋਂ ਲੰਘ ਲੰਘ ਕੇ ਉੱਪਰ ਆਤਮ ਜੀਵਨ ਵਿਚ ਚੜਨਾ। ਸਾਡਾ ਬੈਲ (ਅਰਥਾਤ ਮਨ) ਪੱਧਰਾਂ ਤੇ ਟੁਰਨ ਦੀ ਜਾਚ ਜਾਣਦਾ ਹੈ, ਭਾਵ ਪੰਜ ਇੰਦ੍ਰਿਆਂ ਦੇ ਰਸਤੇ ਜਾਣਾ ਤਾਂ ਇਸ ਲਈ ਸੌਖਾ ਹੈ ਪਰ ਵਿਕਾਰਾਂ ਦੀਆਂ ਵਾਸ਼ਨਾਂ ਦੀਆਂ ਘਾਟੀਆਂ ਵਿਚੋਂ ਲੰਘ ਕੇ ਉੱਪਰ ਚੜ੍ਹਨ ਦੇ (ਗੁਣ =) ਜਾਚ ਤੋਂ (ਨਿਰ =) ਖਾਲੀ ਹੈ। ਅਰਥਾਤ ਮਨ ਪੰਜ ਗਜਾਨ ਇੰਦ੍ਰਿਆਂ ਤੋਂ ਉਪਰ ਉੱਠਣਾ ਨਹੀਂ ਜਾਣਦਾ। ਮਤਾਂ ਢੈ ਪਵੇ, ਇਸ ਖ਼ਤਰੇ ਕਰਕੇ ਇਕ ਤਾਂ ਰਾਮ ਦੀ ਸਹਾਇਤਾ ਮੰਗਦੇ ਹਨ ਦੂਜੇ ਕਿਸੇ ਹੋਰ ਸਿਆਣੇ ਵਣਜਾਰੇ; ਭਾਵ ਸੰਤਾਂ ਦੀ ਸਹਾਇਤਾ ਮੰਗਦੇ ਹਨ ਕਿ ਕੋਈ ਹੈ 'ਜੋ ਇਸ ਤਰ੍ਹਾਂ ਦਾ ਮਾਲ ਲਈ ਜਾਂਦਾ ਹੋਵੇ' ਇਹ ਵਿਚ ਲੁਪਤੀ ਹੈ, ਉਸ ਨੂੰ ਵਣਜਾਰਿਆਂ ਦੀ ਬੋਲੀ ਵਿਚ ਵੰਗਾਰਦੇ ਹਨ ''ਉਹ ਕੋਈ ਹੈ (ਤਾਂ ਬਹੁੜੇ ਬਈ)', ਪਰ ਚੁਫੇਰੇ ਬਿਖ ਦੇ ਲਾਦੂ ਨਜ਼ਰ ਪੈਂਦੇ ਹਨ। ਉਨ੍ਹਾਂ ਦਾ ਅੰਤ ਦਿੱਸ ਪੈਂਦਾ ਹੈ ਕਿ ਸਾਰੇ ਡੰਨੇ ਜਾਣਗੇ। ਫੇਰ ਅਪਣੇ ਨਾਮ ਦੇ ਸ੍ਵੈ ਸਿਦਕ ਵਿਚ ਆ ਕੇ ਚਿਤ੍ਰ ਗੁਪਤ ਨੂੰ ਵੰਗਾਰਦੇ ਹਨ ਕਿ ਤੂੰ ਜੋ ਲੋਕਾਂ ਦੇ ਜੰਜਾਲਾਂ ਵਾਲੇ ਕੰਮ ਲਿਖਦਾ ਹੈਂ ਲਿਖੀ ਜਾਹ, ਮੇਰੇ ਬੀ ਬੇਸ਼ਕ ਲਿਖ ਲੈ, ਮੈਂ ਉਹ ਵਪਾਰ ਹੀ ਛੱਡ ਦਿੱਤੇ ਹਨ: ਤੂੰ ਮੇਰਾ ਕੀ ਲਿਖੇਂਗਾ ? ਪਰ ਜੇ ਤੂੰ ਕੋਈ ਆਲ ਪਤਾਲ—ਅਗੜਮ ਬਗੜਮ ਬੀ ਲਿਖਣਾ ਚਾਹੇਂ ਤਾਂ ਬੇਸ਼ਕ ਲਿਖ ਲੈ, ਮੈਨੂੰ ਜਮ ਡੰਡ ਲੱਗ ਹੀ ਨਹੀਂ ਸਕਦਾ ਕਿਉਂਕਿ ਨਾਮ ਦੇ ਵਪਾਰੀ ਤਾਂ ਉਸ ਰਸਤੇ ਜਾਂਦੇ ਹੀ ਨਹੀਂ :-

ਦੂਰਿ ਰਹੀ ਉਹ ਜਨ ਤੇ ਬਾਟ॥ [ਆਸ਼ਾ ਮ: ੫-੯੧]

ਅੰਕ ਚਾਰ ਵਿਚ ਉਪਦੇਸ਼ ਦਾ ਤਤ ਹੈ ਕਿ ਸੰਸਾਰ ਦੇ ਭੋਗ, ਬਿਲਾਸ, ਰਸ ਛਿਨ ਭੰਗਰ ਹਨ, ਆਤਮ ਰਸ ਸਦੈਵੀ ਰਸ ਹੈ ਓਹ ਤਜਾਗੋ ਤੇ ਇਹ ਗ੍ਰਹਣ ਕਰੋ।

ਨਿਰੁਕ੍ਤ— **ਘਟ**—[ਸੰਸ:; ਘਟ: = ਘਾਟ] ਇਸ ਪਦ ਦੇ ਕਈ ਅਰਥ ਹਨ। ਇਕ ਹੈ ਹਿਰਦਾ। ਪਰ ਏਥੇ 'ਘਟ' ਦਾ ਅਰਥ ਘਾਟੀ ਲਗਦਾ ਹੈ।

ਅਵਘਟ—[ਸੰਸ:; ਅਵਘਟ:-ਗੁਫ਼ਾ, ਗ਼ਾਰ] ਔਖਾ।

ਘਟ ਅਵਘਟ—ਔਖਾ ਹੈ ਘਾਟੀਆਂ ਵਾਲਾ (ਹੋਣ ਕਰਕੇ)। ਘਾਟੀਆਂ ਥਾਣੀਂ ਲੰਘਦਾ ਹੈ ਇਸ ਕਰਕੇ ਔਖਾ ਹੈ। (ਅ) ਕਈ ਸਜਣ ਏਥੇ ਘਟ ਦਾ ਅਰਥ ਰਸਤਾ ਬੀ ਲਾਉਂਦੇ ਹਨ।

ਡੂਗਰ—(ਦੇਖੋ ਪੰਨਾ ੫੯੭) ਪਹਾੜ।

ਟਾਂਡਾ--[ਹਿੰ:, ਟਾਂੜਾ] ਵਪਾਰ ਕਰਨ ਵਾਸਤੇ ਲੱਦਿਆ ਹੋਯਾ ਰਾਸ਼ਨ ਦਾ ਸਾਮਾਨ ਖੇਪ। (ਅ) ਵਣਜਾਰਿਆਂ ਦਾ ਗ੍ਰੋਹ।

ਸਹਜ ਵਪਾਰੁ--ਸਹਜ ਦਾ ਵਪਾਰ। ਗਿਆਨ ਦਾ ਵਪਾਰ।

ਬਿਖੁ=ਜ਼ਹਿਰ, ਮਾਇਆ। ਮਾਇਆ ਜੋ ਬਿਖ ਤੁੱਲ ਹੈ।

ਉਰਵਾਰ ਪਾਰ ਕੇ ਦਾਨੀਆ--ਲੋਕ ਪ੍ਰਲੋਕ ਦੀ ਜਾਣਨ ਵਾਲਿਓ। ਮੁਰਾਦ ਹੈ ਚਿਤ੍ਰ ਗੁਪਤ ਤੋਂ।

ਆਲ ਪਤਾਲੁ--ਹੇਠਾਂ ਉਪਰ ਦੀਆਂ ਫਜ਼ੂਲ ਗੱਲਾਂ। ਉਲਟ ਪੁਲਟ। ਮੈਂ ਤਾਂ ਮਾੜੇ ਕਰਮ ਕਰਦਾ ਨਹੀਂ ਪਰ ਤੂੰ ਜੋ ਮਰਜ਼ੀ ਹੈ ਲਿਖ ਲੈ, ਅਗੜਮ ਬਗੜਮ ਫਜ਼ੂਲ ਗੱਲਾਂ, ਚਾਹੇ ਉਲਟ ਪੁਲਟ।

ਜੰਜਾਲ--ਜਾਲ ਵਾਂਙੂ ਫ਼ਸਾ ਲੈਣ ਵਾਲੇ ਧੰਦੇ।

ਕਸੁੰਭਾ--[ਸੰਸ:, ਕੁਸੁੰਭ:] ਇਕ ਪੇੜ ਹੈ ਜਿਸ ਦੇ ਫੁਲਾਂ ਦਾ ਰੰਗ ਸੂਹਾ ਹੁੰਦਾ ਹੈ ਪਰ ਧੁੱਪ ਯਾ ਪਾਣੀ ਨਾਲ ਛੇਤੀ ਖਰਾਬ ਹੋ ਜਾਂਦਾ ਹੈ।

ਮਜੀਠ--[ਸੰਸ:, ਮੰਜਿਖ੍ਠਾ] ਇਕ ਲਕੜੀ ਹੈ ਜਿਸ ਦਾ ਲਾਲ ਰੰਗ ਪੱਕਾ ਹੁੰਦਾ ਹੈ।

[ਗਉੜੀ ਰਵਿਦਾਸ ਜੀ, ਸ਼ਬਦ--੪]

ਗਉੜੀ ਪੂਰਬੀ ਰਵਿਦਾਸ ਜੀਉ॥ ੧ੴ ਸਤਿਗੁਰ ਪ੍ਰਸਾਦਿ॥

ਪ੍ਰਕ੍ਥਨ--ਦਰਸ਼ਨਾਂ ਲਈ ਬੇਨਤੀ। ਪਿਛਲੇ ਸ਼ਬਦ ਵਿਚ ਨਾਮ ਲਈ ਬੇਨਤੀ ਸੀ ਹੁਣ ਦਰਸ਼ਨਾਂ ਲਈ ਹੈ।

ਮੂਲ	ਅਰਥ
ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥ ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥੧॥	ਜਿਸ ਤਰ੍ਹਾਂ ਡੱਡੂਆਂ ਦਾ ਭਰਿਆ (ਕੋਈ ਖੂਹ ਹੋਵੇ (ਉਸ ਵਿਚ ਪਏ ਡੱਡੂਆਂ ਨੂੰ ਆਪਣੇ) ਦੇਸ਼ ਯਾ ਪ੍ਰਦੇਸ਼ ਦੀ ਕੋਈ ਸਮਝ ਨਹੀਂ ਹੁੰਦੀ। ਉਸੀ ਤਰ੍ਹਾਂ ਮੇਰਾ ਮਨ (ਸ਼ਬਦ ਸਪਰਸ਼ ਆਦਿਕ) ਵਿਸ਼ਿਆਂ ਦਾ ਮੋਹਿਤ ਕੀਤਾ ਹੋਇਆ ਹੈ, (ਇਸ ਨੂੰ ਆਰ=) ਉਰਾਰ (ਅਰਥਾਤ ਆਪਣੇ ਆਪ ਦੀ ਤੇ ਨਾ) ਪਾਰ (=ਪਰਮਾਤਮ ਦੇਵ ਦੀ ਕੋਈ) ਸੋਝੀ ਨਹੀਂ ਪੈਂਦੀ॥੧॥
ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥	ਹੇ ਸਾਰੇ ਲੋਕਾਂ ਦੇ ਮਾਲਕ ਜੀਓ ! (ਮੈਨੂੰ ਵਿਸ਼ਿਆਂ ਦੇ ਖੂਹ ਪਏ ਡੱਡੂ ਨੂੰ) ਇਕ ਪਲ ਲਈ (ਆਪਣਾ) ਦਰਸ਼ਨ ਦਿਖਲਾਓ॥੧॥ ਰਹਾਉ॥
ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥ ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥੨॥	(ਮੇਰੀ ਤਾਂ) ਮਤਿ (ਹੀ) ਮਲੀਨ ਹੋ ਗਈ ਹੈ, ਹੇ ਮਾਧਵ ! ਤੇਰੀ ਗਤੀ (=ਸਰੂਪ ਦੀ ਹਾਲਤ ਇਸ ਮਲਿਨ ਬੁੱਧੀ ਤੋਂ) ਲਖੀ ਨਹੀਂ ਜਾਂਦੀ। (ਤੁਸੀਂ ਆਪ ਹੀ) ਕ੍ਰਿਪਾ ਕਰੋ (ਕਿ ਮੇਰੇ ਮਨ ਵਿਚੋਂ ਸਗਲ) ਭ੍ਰਮ ਦੂਰ ਹੋ ਜਾਵੇ (ਅਤੇ ਮਲਿਨ ਮਤਿ ਦੀ ਥਾਂ) ਮੈਨੂੰ ਸ਼ੁਭ ਮਤਿ ਸਮਝਾ ਦਿਓ॥੨॥

ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥	(ਮੈਂ ਤਾਂ ਮਲਿਨ ਬੁਧੀ ਵਾਲਾ ਆਪ ਦੇ ਸਰੂਪ ਨੂੰ ਨਹੀਂ ਸਮਝ ਸਕਦਾ ਸੀ, ਸ਼ੁੱਧੀ ਬੁੱਧੀ ਵਾਲੇ) ਜੋਗੀ ਬੀ ਤੇਰੇ ਗੁਣਾਂ ਦਾ (ਜੋ) ਅਪਾਰ ਹਨ ਕਥਨ ਨਹੀਂ ਪਾ ਸਕਦੇ (ਭਾਵ ਵਰਣਨ ਨਹੀਂ ਕਰ ਸਕਦੇ)।
ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩॥੧॥	[ਨਿਜ ਮਨ ਨੂੰ ਕਹਿੰਦੇ ਹਨ:-] ਹੇ ਚਮਿਆਰ ਰਵਿਦਾਸ ! ਆਖ ਕਿ ਪ੍ਰੇਮਾ ਭਗਤੀ ਦੇ ਕਾਰਣ (ਹੀ ਹੇ ਈਸ਼੍ਵਰ ਇਕ ਛਿਨ ਹੀ ਦਰਸ ਦਿਖਾਓ ! ਭਾਵ ਹੈ ਕਿ ਤੁਸੀਂ ਭਗਤਾਂ ਦੇ ਪ੍ਰਿਯ ਹੋ ਤੇ ਭਗਤਾਂ ਦੇ ਪ੍ਰੇਮੀ ਹੋ, ਤੁਹਾਡੇ ਇਸ ਬਿਰਦ ਕਰਕੇ ਬੇਨਤੀ ਹੈ ਕਿ ਦਰਸ਼ਨ ਦਿਖਾਓ)॥੩॥੧॥

ਵਜਾਖਜਾ— ਖੂਹ ਪਏ ਡੱਡੂ ਦਾ ਦ੍ਰਿਸ਼ਟਾਂਤ ਦੇ ਕੇ ਅਪਣੇ ਮਨ ਦੀ ਦਸ਼ਾ ਦੱਸਦੇ ਹਨ ਜੋ ਸ਼ਬਦ ਸਪਰਸ ਆਦਿ ਵਿਸ਼ਿਆਂ ਦੇ ਮਾਨੋ ਖੂਹ ਵਿਚ ਪਿਆ ਹੋਇਆ ਹੈ। ਖੂਹ ਵਿਚ ਪਏ ਡੱਡੂ ਨੂੰ ਖੂਹ ਦੇ ਘੇਰੇ ਦਾ ਹੀ ਪਤਾ ਹੁੰਦਾ ਹੈ, ਖੂਹ ਦੇ ਤਲੇ ਦਾ ਬੀ ਪਤਾ ਨਹੀਂ ਹੁੰਦਾ ਤੇ ਖੂਹ ਦੇ ਬਾਹਰ ਅਪਣੇ ਦੇਸ ਦਾ ਕਿ ਪਰਦੇਸ਼ਾਂ ਦਾਂ ਪਤਾ ਤਾਂ ਮੂਲੋਂ ਕੁਛ ਨਹੀਂ ਹੁੰਦਾ। ਇਸ ਤਰ੍ਹਾਂ ਮੇਰਾ ਮਨ ਪੰਜਾਂ ਵਿਸ਼ਿਆਂ ਦੇ ਘੇਰੇ ਤੋਂ ਬਾਹਰ ਸਮਝਦਾ ਹੈ ਕਿ ਕੁਛ ਨਹੀਂ ਹੈ। ਯਾ ਪੰਜ ਜੋ ਗਜਾਨ ਇੰਦ੍ਰੇ ਹਨ ਇਨ੍ਹਾਂ ਦੁਆਰੇ ਜੋ ਗਜਾਨ ਹੁੰਦਾ ਹੈ ਮੇਰਾ ਮਨ ਉਸ ਗਜਾਨ ਤੋਂ ਪਰੇ ਆਤਮ ਵਿਗਜਾਨ ਨਾਲ ਜਾਣੀ ਜਾਣ ਵਾਲੇ ਆਤਮ ਤੇ ਪਰਮਾਤਮ ਦੀ ਗਜਾਤ ਤੋਂ ਸੱਖਣਾ ਹੈ। ਕਿਉਂਕਿ ਮੈਂ ਇਸ ਘੇਰੇ ਵਿਚ ਘਿਰ ਰਿਹਾ ਹਾਂ, ਮੈਨੂੰ ਆਪ ਹੀ ਸੋਝੀ ਦਿਓ। ਸੋਝੀ ਕੀਹ ਮੰਗਦੇ ਹਨ ਕਿ ਇਕ ਛਿਨ ਦਰਸ਼ਨ ਦਿਖਾ ਦਿਓ। ਏਥੇ ਹੁਣ ਦ੍ਰਿਸ਼ਟਾਂਤ ਤੇ ਉਸ ਦਾ ਲਗਾਉ ਮੁੱਕਦੇ ਹਨ। ਦਰਸ਼ਨ ਕਿਉਂ ਮੰਗਦੇ ਹਨ ਕਿ ਉਸ ਪ੍ਰਕਾਸ਼ ਸਰੂਪ ਦੇ ਦਰਸ਼ਨ ਨਾਲ ਬੁਧੀ ਵਿਚ ਪ੍ਰਕਾਸ਼ ਹੋ ਆਉਂਦਾ ਹੈ। ਬੁੱਧੀ ਮਲੀਨ ਹੋ ਰਹੀ ਹੈ ਵਿਸ਼ਿਆਂ ਕਰਕੇ। ਉਸ ਮੈਲੀ ਬੁੱਧੀ ਨੂੰ ਉੱਜਲ ਬੁੱਧੀ ਦੀ ਜਾਚ ਸਮਝਾ ਕੇ ਮੈਨੂੰ ਉੱਜਲ ਮਤਿ ਵਾਲਾ ਕਰ ਦਿਓ। ਉਜਲ ਮਤਿ ਕੀਹ ਹੋਵੇਗੀ ਕਿ ਭ੍ਰਮ ਜੋ ਕੋਈ ਪ੍ਰਕਾਰ ਦਾ ਪੈ ਰਿਹਾ ਹੈ, ਦੂਰ ਹੋ ਜਾਏਗਾ। ਭ੍ਰਮ ਦੂਰ ਹੁੰਦੇ ਹੀ, ਹੇ ਰੱਬ ਜੀ ! ਤੇਰੀ ਗਤੀ ਦੀ ਸੋਝੀ ਪੈ ਜਾਏਗੀ। ਫੇਰ ਮੈਂ ਤੇਰੇ ਗੁਣ ਗਾਵਾਂ ? ਪਰ ਜਦ ਉੱਜਲ ਬੁਧੀ ਵਾਲੇ ਤੇਰੇ ਸਾਰੇ ਗੁਣਾਂ ਦਾ ਕਥਨ ਨਹੀਂ ਕਰ ਸਕਦੇ ਤਾਂ ਮੈਂ ਮਲੀਨ ਬੁਧੀ ਵਾਲਾ ਤੇਰੇ 'ਕੀਹ' ਤੇ 'ਕਿੰਨੇ ਕੁ' ਗੁਣ ਗਾ ਸਕਦਾ ਹਾਂ। ਸੋ ਮੈਂ ਤਾਂ ਤੇਰੇ ਉਸ ਬਿਰਦ ਕਰਕੇ ਬੇਨਤੀ ਕਰ ਰਿਹਾ ਹਾਂ। ਬੇਨਤੀ ਪਿੱਛੇ ਦੱਸ ਆਏ ਹਨ:-'ਇਕੁ ਛਿਨੁ ਦਰਸੁ ਦਿਖਾਇ' ਤੇ 'ਕਰਹੁ ਕ੍ਰਿਪਾ ਭ੍ਰਮ ਚੂਕਈ ਮੈ ਸੁਮਤਿ ਦੇਹੁ ਸਮਝਾਇ'।

ਨਿਰੁਕਤ— ਕੂਪੁ—[ਦੇਖੋ ਪੰਨਾ ੧੫੯੨ 'ਤਮ ਅੰਧ ਕੂਪ'] ਖੂਹ।

ਦਾਦਿਰਾ—ਡੱਡੂ। **ਭਰਿਓ**—ਭਰਿਆ ਹੋਇਆ। ਡੱਡੂਆਂ ਦਾ ਭਰਿਆ ਹੋਇਆ ਖੂਹ। (ਅ) ਕਿਉਂ ਕਿ ਆਪ ਇਕ ਹਨ ਤੇ ਡੱਡੂ, ਜਿਸ ਨਾਲ ਮਿਸਾਲ ਆਪਣੀ ਦਿੱਤੀ ਹੈ, ਇਕੋ ਚਾਹੀਦਾ ਹੈ ਇਸ ਕਰਕੇ ਸੰਪ੍ਰਦਾਈ ਦਾਨੇ ਐਉਂ ਬੀ ਕਰਦੇ ਹਨ (-'ਜਲ'-ਦਾ ਅਧਜਾਹਾਰ ਕਰਕੇ):— ਜੈਸੇ ਖੂਹ ਭਰਿਆ ਹੈ ਜਲ ਨਾਲ ਵਿਚ ਪਿਆ ਹੈ ਇਕ ਡਡੂ। (ੲ) ਖੂਹ ਵਿਚ ਪਏ 'ਡਡੂ ਵਾਂਙੂ' ਯਾ ਖੂਹ ਵਿਚ ਭਰੇ ਡਡੂ ਵਤ ਅਰਥ ਨਹੀਂ ਲਗਦੇ ਕਿਉਂਕਿ 'ਕੂਪੁ' ਪਦ ਨੂੰ ਔਂਕੜ ਹੈ ਸਿਆਰੀ ਨਹੀਂ।

ਆਰਾ ਪਾਰੁ—ਉਰਾਰ ਪਾਰ (ਲੋਕ ਪ੍ਰਲੋਕ)। ਭਾਵ ਅਪਣੇ ਮਨ ਦੀ ਤੇ ਪਰਮਾਤਮ ਦੇਵ ਦੀ। ਆਤਮਾ ਤੇ ਪਰਮਾਤਮਾ ਦੀ।

ਜੋਗੀਸਰ—[ਸੰਸ:, ਯੋਗੇਸ੍ਵਰ: = ਮਹਾਨ ਯੋਗੀ] ਵਡੇ ਜੋਗੀ। ਨਾਥ ਆਦਿ।

ਕਹੁ—ਲੋਟ ਲਕਾਰ ਵਿਚ ਹੈ। ਆਖ। ਫੇਰ ਜੋ ਆਖ ਕਿਹਾ ਹੈ ਓਹ ਕਿਹਾ ਨਹੀਂ, ਕਿਉਂਕਿ ਪਿਛੇ ਕਹਿ ਆਏ ਹਨ:-'ਇਕੁ ਛਿਨੁ ਦਰਸੁ ਦਿਖਾਇ' ਤੇ 'ਮੈ ਸੁਮਤਿ ਦੇਹੁ ਸਮਝਾਇ'।

[ਗਉੜੀ ਰਵਿਦਾਸ ਜੀ, ਸ਼ਬਦ—੫]

ਗਉੜੀ ਬੈਰਾਗਣਿ॥ ੧ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥ ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥	ਸਤਿਜੁਗ ਵਿਚ 'ਸੱਚ', ਤ੍ਰੇਤੇ ਵਿਚ 'ਯੱਗਜ', ਦੁਆਪਰ ਵਿਚ 'ਪੂਜਾ' (ਆਦਿਕ) ਕਰਮ, (ਏਹ) ਤਿੰਨੇ ਤਿਨਾਂ ਜੁਗਾਂ ਲਈ (ਸਿੰਮ੍ਰਤੀਆਂ ਨੇ ਕਰਮ ਧਰਮ) ਦ੍ਰਿੜ ਕਰਾਏ, (ਪਰ) ਕਲਿਯੁਗ ਵਿਚ (ਜੀਵਾਂ ਨੂੰ) ਕੇਵਲ ਨਾਮ ਦਾ ਆਸਰਾ (ਲੈਣਾ ਦ੍ਰਿੜ ਕਰਾਇਆ)॥੧॥
ਪਾਰੁ ਕੈਸੇ ਪਾਇਬੋ ਰੇ ॥ ਮੋ ਸਉ ਕੋਊ ਨ ਕਹੈ ਸਮਝਾਇ ॥ ਜਾ ਤੇ ਆਵਾ ਗਵਨੁ ਬਿਲਾਇ ॥੧॥ ਰਹਾਉ ॥	ਹੇ ਮੇਰੇ (ਮਨ !) ਪਾਰ ਕੀਕੂੰ ਪਵੇਂਗਾ ? ਮੈਨੂੰ ਕੋਈ ਸਮਝਾਕੇ (ਉਹ ਉਪਾਵ) ਨਹੀਂ ਦੱਸਦਾ ਕਿ ਜਿਸ ਨਾਲ ਆਵਾ ਗਵਨ ਮਿਟ ਜਾਵੇ॥੧॥ਰਹਾਉ॥
ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥ ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥੨॥	(ਕਰਮ ਕਾਂਡ ਦੇ ਸ਼ਾਸਤ੍ਰਾਂ ਆਦਿਕਾਂ ਵਿਚ)ਬਹੁਤ ਤਰ੍ਹਾਂ ਨਾਲ ਧਰਮਾਂ ਦਾ ਨਿਰੂਪਣ ਕੀਤਾ ਹੋਇਆ ਹੈ (ਭਾਵ ਨਿਰਣੇ ਕਰ ਕਰਕੇ ਕਰਮ ਧਰਮ ਦੱਸੇ ਹੋਏ ਹਨ ਤੇ ਉਹਨਾਂ ਕਰਮਾਂ ਨੂੰ) ਸਾਰਾ ਲੋਕ ਕਰਦਾ (ਬੀ) ਦਿੱਸਦਾ ਹੈ। (ਪਰ ਪਤਾ ਨਹੀਂ ਲਗਦਾ ਕਿ) ਕਿਸ ਕਰਮ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ (ਭਾਵ) ਜਿਸ (ਕਰਮ) ਨੂੰ ਕੀਤਿਆਂ ਸਾਰੀ ਸਿਧੀ ਪ੍ਰਾਪਤ ਹੋਵੇ (ਅਰਥਾਤ ਹੋਰ ਕੁਛ ਕਰਨ ਦੀ ਫੇਰ ਲੋੜ ਚੁੱਕ ਜਾਵੇ)॥੨॥
ਕਰਮ ਅਕਰਮ ਬਿਚਾਰੀਐ ਸੰਕਾ ਸੁਨਿ ਬੇਦ ਪੁਰਾਨ ॥ ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥	(ਜੇ ਵਿਧਾਨ) ਕਰਮਾਂ ਤੇ ਨਾ (ਵਿਧਾਨ) ਕਰਮਾਂ ਦਾ ਵੀਚਾਰ ਕਰੀਏ (ਅਥਵਾ) ਵੇਦਾਂ ਪੁਰਾਣਾਂ (ਵਿਚ ਕੀਤੇ ਨਿਰਣਿਆਂ ਨੂੰ) ਸੁਣੀਏਂ (ਤਾਂ ਉਨ੍ਹਾਂ ਦੇ ਪਰਸਪਰ ਵਿਰੋਧ ਦੇ ਕਾਰਣ) ਸੰਸਾ (ਹਾਂ ਉਪਜਦਾ ਹੈ। ਸੋ ਜੇ) ਸੰਸਾ ਹੀ ਸਦਾ ਹਿਰਦੇ ਵਿਚ ਵਸਦਾ ਰਿਹਾ ਤਾਂ (ਮਨ ਵਿਚ ਵਸਦੇ ਤੇ ਕਰਮਾਂ ਨਾਲ ਹੋਰ ਵਧੇ) ਅਭਿਮਾਨ ਨੂੰ ਕੌਣ ਦੂਰ ਕਰੇਗਾ ?॥੩॥
ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥ ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥੪॥	(ਜਿਵੇਂ ਕਰਮਾਂ ਦੀ ਸਿਖਯਾ ਮੂਜਬ ਪਰਬਾਂ ਪਰ ਤੀਰਥਾਂ ਦੇ ਜਲ ਨਾਲ ਨ੍ਹਾਈਦਾ ਹੈ ਤਦ) ਬਾਹਰੋਂ (ਤਾਂ ਸਰੀਰ ਨੂੰ) ਪਾਣੀ ਨਾਲ ਧੋ ਲਈਦਾ ਹੈ (ਪਰ) ਹਿਰਦੇ ਵਿਚ ਨਾਨਾ ਪ੍ਰਕਾਰ ਦੇ ਵਿਕਾਰ (ਭਰੇ ਪਏ ਰਹਿੰਦੇ ਹਨ, ਇਉਂ) ਕਿਸ ਬਿਧੀ (ਦੇ ਕਰਮ) ਉਪਰ (ਚਲਿਆਂ) ਸ਼ੁੱਧੀ ਹੋਇਗੀ ? (ਇਹ) ਸੁੱਚਤਾ ਤਾਂ ਹਾਥੀ (ਦੇ ਇਸ਼ਨਾਨ) ਦੀ ਵਿਧੀ ਵਾਂਙੂ ਵਰਤੇਗੀ। (ਭਾਵ ਓਹ ਨ੍ਹਾ ਧੋ ਕੇ ਫੇਰ ਖੇਹ ਸਿਰ ਪਾ ਲੈਂਦਾ ਹੈ)॥੪॥

ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥੫॥

[ਹੁਣ ਮੁਕਤੀ ਦਾ ਦਰੁਸਤ ਰਸਤਾ ਇਕ ਦੋ ਉੱਤਮ ਦ੍ਰਿਸ਼ਟਾਂਤ ਦੇ ਕੇ ਵਰਣਨ ਕਰਦੇ ਹਨ:) ਜਿਵੇਂ ਸੂਰਜ ਦੇ ਚੜ੍ਹ ਪੈਣ ਨਾਲ ਰਾਤ (ਗਤਿ =) ਚਲੀ ਜਾਂਦੀ ਹੈ, (ਇਹ ਗੱਲ) ਸਭ ਸੰਸਾਰ ਜਾਣਦਾ ਹੈ ਮਾਨੋ (= ਜਿਸ ਤਰ੍ਹਾਂ) ਤਾਂਬੇ ਨੂੰ ਪਾਰਸ ਦੇ ਛੁਹਣ ਨਾਲ ਸੋਨਾ ਬਣਦਿਆਂ ਚਿਰ ਨਹੀਂ ਲੱਗਦਾ (ਐਉਂ ਦਾ ਉਪਾਵ ਮੁਕਤੀ ਲਈ ਚਾਹੀਦਾ ਹੈ)॥੫॥

ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥

[ਹੁਣ ਦਾਰਿਸ਼ਟਾਂਤ ਆਪੇ ਖੋਹਲਦੇ ਤੇ ਉਹੋ ਜੇਹਾ ਉਪਾਵ ਦੱਸਦੇ ਹਨ :-] ਪਿਛਲੇ (ਜਨਮ ਦੀ) ਮੱਥੇ ਤੇ (ਲਿਖੀ) ਲਿਖਤ (ਅਨੁਸਾਰ ਪਾਰਸ ਤੋਂ ਬੀ ਵਧੀਕ ਤੀਖਣ ਅਸਰ ਵਾਲੀ) ਪਰਮ ਪਾਰਸ ਦੀ ਛੁਹਵਾਲੇ ਗੁਰੂ ਨੂੰ ਮਿਲਦੇ (ਸਾਰ = ਮਨ ਤੇ ਲਗੇ) ਪੱਥਰ ਵਰਗੇ ਕਰੜੇ ਕਿਵਾੜ ਖੁੱਲ੍ਹ ਜਾਂਦੇ ਹਨ (ਜਿਵੇਂ ਸੂਰਜ ਚੜ੍ਹੇ ਤੇ ਰਾਤ ਨੱਠ ਜਾਂਦੀ ਹੈ, ਅਗਯਾਨਮਈ ਪੜਦਿਆਂ ਦੇ ਖੁੱਲ੍ਹ ਜਾਣ ਤੇ) ਮਨ (ਅਰਥਾਤ ਸੰਸਾਰਾਕਾਰ ਮਨ) ਆਪਣੀ ਬਿਰਤੀ ਤੋਂ ਉਲਟਕੇ (ਯਾ ਉੱਚਾ ਹੋਕੇ) ਮਨ ਵਿਚ (ਅਰਥਾਤ ਆਤਮਾ ਵਿਚ) ਮਿਲ ਜਾਂਦਾ ਹੈ॥੬॥

ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥੭॥

[ਹੁਣ ਇਸ ਤੁਕ ਦੇ ਭਾਵ ਨੂੰ ਹੋਰ ਖੋਹਲਦੇ ਹਨ) (ਜਦੋਂ ਜਿਸ ਪ੍ਰੇਮੀ ਨੇ) ਭਗਤੀ ਦੀ ਜੁਗਤੀ (ਅਪਣੀ) ਮਤਿ ਵਿਚ ਸਚਮੁਚ ਕਰ ਲਈ (ਭਾਵ ਦ੍ਰਿੜ ਕਰ ਲਈ, ਤਦ ਮਨ ਵਿਚੋਂ ਤਾਂ) ਭ੍ਰਮ ਦੇ ਬੰਧਨ (ਤੇ ਸਰੀਰ ਵਿਚੋਂ) ਬਿਕਾਰਾਂ (ਦੇ ਬੰਧਨ) ਕੱਟ ਹੋ ਗਏ। (ਫੇਰ) ਉਹੀ (ਪ੍ਰੇਮੀ ਪੁਰਸ਼) ਮਨ ਨੂੰ ਵੱਸ ਕਰਕੇ (ਨਾਮ-) ਰਸ ਦੁਆਰਾ (ਪ੍ਰਭੂ ਨੂੰ) ਮਿਲ ਪੈਂਦਾ ਹੈ (ਉਨ੍ਹਾਂ ਹੀ ਗੁਣਾਂ ਵਾਲੇ (ਅਰਥਾਤ 'ਸਰਗੁਣ') ਦੀ ਤੇ 'ਨਿਰਗੁਣ' ਦੀ ਵਿਚਾਰ ਇਕ ਹੋ ਗਈ (ਭਾਵ ਸਰਗੁਣ ਨਿਰਗੁਣ ਉਨ੍ਹਾਂ ਦੇ ਵੀਚਾਰ ਵਿਚ ਇਕ ਹੋ ਗਏ)॥੭॥

[ਸਿੱਧਾਂਤ]

ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥
ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥੮॥੧॥

(ਕਰਮ ਕਾਂਡ ਦੇ ਦੱਸੇ) ਅਨੇਕ ਤਰ੍ਹਾਂ ਦੇ ਜਤਨ (ਅਤੇ ਹਠ ਮਾਰਗ ਦੇ ਦੱਸੇ ਹੋਏ ਇੰਦ੍ਰੀਆਂ ਦੇ ਗ੍ਰਿਹ =) ਸੰਜਮ (ਆਦਿਕ ਦੇ ਸਾਧਨ) ਕੀਤੇ, ਪਰ ਭ੍ਰਮ ਦੀ ਫਾਂਸੀ ਟਾਲੀ ਹੋਈ ਨਹੀਂ ਟਲਦੀ। ਨਾਂ ਹੀ (ਇਨ੍ਹਾਂ ਨਾਲ ਪ੍ਰੇਮਾ ਭਗਤੀ ਉਪਜਦੀ ਹੈ ਇਸ ਕਰਕੇ ਰਵਿਦਾਸ (ਕਰਮ ਕਾਂਡ ਦੇ ਹਠ ਨਿਗ੍ਰਹ ਤੋਂ ਉਦਾਸ ਹੈ, (ਭਾਵ ਉਨ੍ਹਾਂ ਮਾਰਗਾਂ ਦਾ ਤਯਾਗੀ ਹੈ ਤੇ ਪ੍ਰੇਮ ਭਗਤੀ ਦਾ ਅਨੁਯਾਈ ਹੈ)॥੮॥੧॥

ਵਯਾਖਯਾ— ਅੰਕ ੧— ਭਗਤ ਰਵਿਦਾਸ ਜੀ ਇਕ ਸਿੰਮ੍ਰਤੀ ਵਿਚ ਆਖੀ ਗੱਲ ਦੁਹਰਾਉਂਦੇ ਹਨ ਕਿ ਸਤਿਜੁਗ ਵਿਚ ਸੱਚ ਨਾਲ, ਤ੍ਰੇਤਾ ਵਿਚ ਯੱਗਯ ਕਰਨੇ ਨਾਲ, ਦੁਆਪਰ ਯੁਗ ਵਿਚ ਪੂਜਾ ਅਰਚਾ ਕਰਨੇ ਨਾਲ ਸ਼ੁਭਗਤੀ ਸਮਝੀ ਜਾਂਦੀ ਸੀ, ਪਰ ਕਲਿਯੁਗ ਵਿਚ ਮੁਕਤੀ ਲਈ ਨਿਰਾ 'ਨਾਮ' ਦਾ ਆਸਰਾ ਹੈ। 'ਨਾਮ ਹੀ ਕੇਵਲ ਮੁਕਤੀ ਦਾਤਾ ਹੈ'। ਅਪਣੇ ਇਸ ਭਗਤੀ ਦੇ ਅਸੂਲ ਨੂੰ

ਪ੍ਰਤਿਪਾਦਨ ਕਰਦੇ ਆਪ ਇਕ ਉਗਾਹੀ ਵਾਂਗੂ ਸਿੰਮ੍ਰਤੀ ਦਾ ਕਥਨ ਸੁਣਾ ਕੇ ਉਨ੍ਹਾਂ ਸਿੰਮ੍ਰਤੀਆਂ ਦੇ ਦੱਸੇ ਕਰਮ ਕਾਂਡੀ ਕਰਮਾਂ ਨੂੰ ਕਰਨੇ ਵਾਲੇ ਲੋਕਾਂ ਨੂੰ ਉਪਦੇਸ਼ ਦੇਂਦੇ ਹਨ ਕਿ ਭਾਈ ! 'ਨਾਮ ਹੀ ਉਧਾਰ ਕਰਤਾ ਹੈ' ਇਹ ਨਿਰਾ ਮੈਂ ਹੀ ਨਹੀਂ ਕਹਿ ਰਿਹਾ, ਤੁਹਾਡੀਆਂ ਸਿੰਮ੍ਰਤੀਆਂ ਬੀ ਇਹੋ ਸਾਖ ਭਰਦੀਆਂ ਹਨ ਕਿ ਕਲਿਜੁਗ ਵਿਚ ਗਤੀ ਕੇਵਲ ਨਾਮ ਸਿਮਰਨ ਨਾਲ ਹੈ।

ਰਹਾਉ— ਹੁਣ ਪੁੱਛਦੇ ਹਨ:ਉਨ੍ਹਾਂ ਸਿੰਮ੍ਰਤੀਆਂ ਦੇ ਆਖੇ ਲੱਗ ਕੇ ਜੋ ਤੁਸੀਂ ਲੋਕ ਕਲਿਯੁਗ ਵਿਚ ਬੀ ਕਰਮ ਕਾਂਡੀ ਕਰਮਾਂ ਨਾਲ ਮੁਕਤੀ ਸਮਝ ਕੇ ਕਰਮਾਂ ਤੇ ਸਕਾਮ ਕਰਮਾਂ ਦੇ ਮਗਰ ਲੱਗ ਰਹੇ ਹੋ ਮੈਨੂੰ ਸਮਝਾਓ ਕਿ ਤੁਸੀਂ 'ਪਾਰੁ ਕੈਸੇ ਪਾਇਬੋ ਹੇ' ? ਤੁਹਾਡਾ ਆਵਾਗਵਨ ਕੀਕੂੰ ਮਿਟੇਗਾ ? ਕਿਉਂਕਿ ਸਿੰਮ੍ਰਤੀਆਂ ਵਿਚੋਂ ਤਾਂ ਉਹੋ ਹੀ ਅਵਾਜ਼ ਆ ਰਹੀ ਹੈ ਕਿ ਕਲਿਯੁਗ ਵਿਚ ਕੇਵਲ ਨਾਮ ਨਾਲ ਮੁਕਤੀ ਹੈ।

ਅੰਕ ੨- ਕਰਮ ਨਿਰੂਪਣ ਕਰਨ ਵਾਲੀਆਂ ਸਿੰਮ੍ਰਤੀਆਂ ਤੇ ਸ਼ਾਸਤ੍ਰਾਂ ਵਿਚ ਕਰਮ ਅਨੇਕ ਵਿਧਾਂ ਨਾਲ ਵਰਣਨ ਹੋਏ ਹਨ। ਆਮ ਲੋਕਾਂ ਵਿਚ ਉਨ੍ਹਾਂ ਕਰਮਾਂ ਦਾ ਵਰਤਾਰਾ ਬੀ ਹੈ। ਭਾਵ ਲੋਕਾਂ ਨੂੰ ਅਸੀਂ ਉਨ੍ਹਾਂ ਕਰਮਾਂ ਵਿਚ ਫਾਥੇ ਤਾਂ ਦੇਖਦੇ ਹਾਂ ਪਰ ਮੁਕਤਿ ਨੂੰ ਪ੍ਰਾਪਤ ਉਨ੍ਹਾਂ ਵਿਚ ਕੋਈ ਨਜ਼ਰ ਨਹੀਂ ਪੈਂਦਾ। ਸੋ ਦੱਸੋ ਅਨੇਕ ਬਿਧਾਂ ਨਾਲ ਵਰਣਨ ਹੋਏ ਕਰਮਾਂ ਵਿਚ ਕਿਹੜਾ ਕਰਮ ਐਸਾ ਹੈ, ਜਿਸਦੇ ਕੀਤਿਆਂ ਮੁਕਤੀ ਰੂਪ ਸਿੱਧੀ ਪ੍ਰਾਪਤ ਹੋਵੇ ?

ਇਹ ਕਹਿ ਕੇ ਅੰਕ ੩ ਵਿਚ ਦੱਸਦੇ ਹਨ ਕਿ ਲੋਕਾਂ ਦੀਆਂ ਪ੍ਰਵਿਰਤ ਕਰਮ ਕਰਨੀਆਂ ਨੂੰ ਛੱਡ ਕੇ ਵੇਦਾਂ, ਪੁਰਾਣਾਂ, ਸ਼ਾਸਤ੍ਰਾਂ ਵਿਚ ਘੋਖਨਾ ਕਰੋ ਤੇ ਲੱਭ ਲਓ ਐਸਾ ਕਰਮ ਜਿਸ ਦੇ ਕਰਨੇ ਤੇ ਮੁਕਤੀ ਮਿਲੇ।ਤਾਂ ਦੱਸਦੇ ਹਨ ਕਿ ਜਦ ਕਰਮ ਤੇ ਅਕਰਮ ਦੀ ਵੀਚਾਰ ਵੇਦਾਂ ਸ਼ਾਸਤ੍ਰਾਂ ਵਿਚੋਂ ਕਰੀਏ ਤਦ 'ਸੰਸਾ' ਹੀ ਪੱਲੇ ਪੈਂਦਾ ਹੈ। ਕਿਉਂਕਿ ਉਨ੍ਹਾਂ ਵਿਚ ਕਰਮਾਂ ਯਾ ਕਰਮਾਂ ਦੀਆਂ ਵਿਧੀਆਂ ਵਿਚ ਪਰਸਪਰ ਵਿਰੋਧ ਹੋਣ ਕਰਕੇ ਨਿਰਣਾ ਨਹੀਂ ਹੋ ਸਕਦਾ। ਨਿਰਣਾ ਨਾ ਹੋ ਸਕਣ ਕਰਕੇ ਨਿਸ਼ਚਾ ਨਹੀਂ ਹੋ ਸਕਦਾ। ਨਿਸ਼ਚਾ ਨਾ ਹੋ ਸਕਣ ਕਰਕੇ 'ਸੰਸਾ' ਬੱਝਿਆ ਰਹਿੰਦਾ ਹੈ। ਸੋ ਸ਼ਾਸਤ੍ਰ ਸੋਧਨਾ ਨਾਲ 'ਸੰਸਾ' ਪੱਲੇ ਪਿਆ। ਤੇ ਕਰਮ ਕਾਂਡੀ ਕਰਮ ਕਰਨੇ ਨਾਲ ਅਭਿਮਾਨ ਵਧਿਆ। ਜੈਸੇ ਕਿ ਵਾਕ ਹੈ :-

ਕਰਮ ਕਰਤ ਬਧੇ ਅਹੰਮੇਵ॥   [ਗਉੜੀ ਕਬੀਰ ਜੀ—੬]

ਹੁਣ ਸੋਚੋ ਕਿ ਸੰਸਾ ਤੇ ਅਹੰਕਾਰ ਦੋਹਾਂ ਪ੍ਰਤਿਬੰਧਕਾਂ ਦੇ ਹੁੰਦਿਆਂ ਕਲਜਾਣ ਕੀਕੂੰ ਹੋਏਗੀ?

ਅੰਕ ੪ ਵਿਚ ਇਕ ਕਰਮ—ਤੀਰਥ ਇਸ਼ਨਾਨ ਨੂੰ ਲੈਕੇ ਉਸ ਉਪਲਖਤ ਸਾਰੇ ਕਰਮਾਂ ਦੀ ਨਿਖੇਧੀ ਦਿਖਲਾ ਦੇਂਦੇ ਹਨ ਕਿ ਦੇਖੋ ਤੀਰਥਾਂ ਤੇ ਪਰਬਾਂ ਸਮੇਂ ਜਾਕੇ ਨ੍ਹਾਓ ਤਾਂ ਬਾਹਰੋਂ ਤਾਂ ਪਾਣੀ ਨਾਲ ਸ਼ਰੀਰ ਦੀ ਮੈਲ ਉਤਰੇਗੀ, ਪਰ ਉਸ ਨਾਲ ਮਨ ਦੀ ਮੈਲ ਤਾ ਨਹੀਂ ਧੋਪਦੀ, ਓਥੇ ਤਾਂ ਨਾਨਾ ਪ੍ਰਕਾਰ ਦੇ ਵਿਕਾਰ ਜਿਉਂ ਕੇ ਤਿਉਂ ਟਿਕੇ ਰਹਿੰਦੇ ਹਨ। ਸੋ ਇਹ ਬਾਹਰਲੀ ਸੁੱਚ ਤਾਂ ਹਾਥੀ ਦੇ ਇਸ਼ਨਾਨ ਕਰਨ ਵਾਂਙੂ ਹੈ ਜੋ ਨ੍ਹਾ ਕੇ ਫੇਰ ਖੇਹ ਉਡਾਕੇ ਸਿਰ ਪਾ ਲੈਂਦਾ ਹੈ। ਇਸ਼ਨਾਨ ਕੀਤੇ ਪਰ ਅਗਲੀ ਅੰਦਰ ਮੈਲ ਬਣੀ ਰਹੀ ਤੇ ਹੰਕਾਰ ਦੀ ਹੋਰ ਮੈਲ ਚੜ੍ਹ ਗਈ ਕਿ ਮੈਂ ਤੀਰਥਾਟਨੀ ਤੇ ਤੀਰਥ ਇਸ਼ਨਾਨੀ ਹਾਂ। ਕਿ ਮੈਂ ਹਾਜੀ ਹਾਂ। ਮੁਕਤੀ ਦੇਣੋਂ ਅਸਮਰਥ ਕਰਮਾਂ ਦਾ ਵੇਰਵਾ ਦੱਸ ਕੇ ਅੱਗੇ ਮੁਕਤੀ ਦਾ ਸਫਲ ਉਪਾਵ ਦੱਸਦੇ ਹਨ।'

ਅੰਕ ੫— ਦੋ ਦ੍ਰਿਸ਼ਟਾਂਤ ਦੇਂਦੇ ਹਨ ਸਬਲ ਉਪਾਵ ਦੀ ਸਫਲਤਾ ਦੇ ਜਿਵੇਂ ਸੂਰਜ ਚੜੇ ਰਾਤ ਨਹੀਂ ਰਹਿੰਦੀ, ਪ੍ਰਕਾਸ਼ ਹੋ ਜਾਂਦਾ ਹੈ, ਅਤੇ ਤਾਂਬੇ ਨੂੰ ਪਾਰਸ ਦੇ ਛੋਹਿਆਂ ਉਸ ਤਾਂਬੇ ਦਾ ਸੋਨਾ ਬਣ ਜਾਂਦਾ ਹੈ; ਉਪਾਵ ਐਸਾ ਸਬਲ ਚਾਹੀਦਾ ਹੈ।

ਅੰਕ ੬ ਵਿਚ ਦੱਸਦੇ ਹਨ ਕਿ ਪਾਰਸਾਂ ਵਿਚੋਂ ਇਕ ਵੱਡਾ ਪਾਰਸ ਹੈ, ਉਹ ਹੋਵੇ। ਉਹ ਕੌਣ ਹੈ? ਗੁਰੂ। ਪਾਰਸ ਤਾਂ ਤਾਂਬੇ ਦਾ ਸੋਨਾ ਬਣਾਉਂਦਾ ਹੈ, ਪਰ ਗੁਰੂ ਲੋਕਾਂ ਨੂੰ ਅਪਣੇ ਵਰਗਾ 'ਮੁਕਤ' ਬਣਾ ਲੈਂਦਾ ਹੈ, ਇਸ ਕਰਕੇ ਉਹ ਪਰਮ ਪਾਰਸ ਹੈ।

ਪਾਰਸ ਮੈਂ ਅਰ ਸੰਤ ਮੈ ਬਡੋ ਅੰਤਰੋ ਜਾਨ॥
ਉਹ ਲੋਹਾ ਕੰਚਨ ਕਰੈ ਉਹ ਕਰਿਹੈ ਆਪ ਸਮਾਨ॥

ਪਰ ਇਹ ਪੂਰਬਲੀ ਮੱਥੇ ਤੇ ਲਿਖੀ ਲਿਖਤ ਅਨੁਸਾਰ ਹੁੰਦਾ ਹੈ। ਜਦੋਂ ਗੁਰੂ ਪਾਰਸ ਦੀ ਉਪਦੇਸ਼ ਰੂਪ ਛੋਹ ਮਿਲਦੀ ਹੈ ਤਾਂ ਮਨ ਦੇ ਅਗੇ ਅੱਗਜਾਨ ਦੇ ਬੱਜਰ ਵਰਗੇ ਕਿਵਾੜ-'ਆਸਾ ਅੰਦੇਸਾ ਦੁਇ ਪਟ ਜੜੇ' ਖੁਲ੍ਹ ਜਾਂਦੇ ਹਨ ਤੇ ਸੰਸਾਰਾਕਾਰ ਮਨ ਉੱਚਾ ਹੋ ਕੇ ਮਨ (ਆਤਮਾ) ਵਿਚ ਮਿਲ ਜਾਂਦਾ ਹੈ। ਤੇ 'ਉਹ ਲੋਹਾ ਕੰਚਨ ਕਰੈ ਉਹ ਕਰਿ ਹੈ ਆਪ ਸਮਾਨ' ਹੋ ਜਾਂਦਾ ਹੈ।

ਅੰਕ ੭- ਉਸ ਗੁਰੂ ਛੋਹ ਦਾ ਪ੍ਰਕਾਰ ਕੀ ਹੈ ? ਉਹ ਹੈ ਗੁਰੂ ਦੀ ਬਖ਼ਸ਼ੀ ਭਗਤੀ ਦੀ ਜੁਗਤੀ, ਇਸ ਜੁਗਤੀ ਨੂੰ ਦ੍ਰਿੜ ਕਰ ਲਿਆਂ ਵੇਦਾਂ ਸ਼ਾਸਤ੍ਰਾਂ ਦੇ ਘੋਖ ਤੋਂ ਪਏ ਸੰਸੇ ਤੇ ਭਰਮ ਨਾਸ ਹੋ ਜਾਣਗੇ, ਅਤੇ ਹੰਕਾਰ ਆਦਿ ਵਿਕਾਰ, ਜੋ ਕਰਮਾਂ ਨਾਲ ਲਗੇ ਸਨ, ਦੂਰ ਹੋ ਜਾਣਗੇ। ਸੋ ਜਿਨ੍ਹਾਂ ਪੁਰਖਾਂ ਦੀ ਇਹ ਦਸ਼ਾ ਹੋ ਜਾਏਗੀ ਉਹ ਮਨ ਨੂੰ ਵੱਸ ਕੀਤੇ ਹੋਏ ਤੇ ਨਾਮ ਵਿਚ ਰਸੇ ਹੋਏ ਪੁਰਖ ਪਰਮਾਤਮ ਦੇਵ ਨੂੰ ਮਿਲ ਪੈਣਗੇ ਤੇ ਸਰਗੁਣ ਤੇ ਨਿਰਗੁਣ ਦੀ ਏਕਤਾ ਲਖ ਲੈਣਗੇ।

ਅੰਕ ੮- ਇਹ ਉਪਰਲੀ ਜੁਗਤੀ ਭਗਤੀ ਵਾਲੀ ਜੇ ਦ੍ਰਿੜ ਨਾ ਕੀਤੀ ਤੇ ਕਰਮਾਂ ਦੇ ਮਗਰ ਲਗੇ ਰਹੇ ਤਾਂ ਕਰਮ ਕਾਂਡ ਦੇ ਦੱਸੇ ਅਨੇਕਾਂ ਜਤਨ ਤੇ ਹਠ ਯੋਗ ਆਦਿ ਦੇ ਕੀਤੇ ਇੰਦ੍ਰੇ ਰੋਕਣ ਦੇ ਸੰਯਮ ਨਾਮ ਭਰਮ ਦੀ ਫਾਹੀ ਮਨ ਦੇ ਗਲੋਂ ਨਹੀਂ ਉਤਰਨੀ, ਤੇ ਇਨ੍ਹਾਂ ਨਾਲ ਪ੍ਰੇਮਾ ਭਗਤੀ ਨਹੀਂ ਪੈਦਾ ਹੋਣੀ ਤੇ ਪ੍ਰੇਮਾ ਭਗਤੀ ਬਿਨਾ ਕਲਜਾਣ ਨਹੀਂ ਹੋਣੀ।

ਇਸ ਕਾਰਨ ਰਵਿਦਾਸ ਇਨ੍ਹਾਂ ਕਰਮ ਕਾਂਡੀ ਕਰਮਾਂ ਤੇ ਹਠ ਨਿਗ੍ਰਹੁ ਦੇ ਜਤਨਾਂ ਤੋਂ ਉਦਾਸ ਹੈ। ਭਾਵ ਉਹਨਾਂ ਕਰਮਾਂ ਨੂੰ ਮੁਕਤੀ ਦਾਤਾ ਨਾ ਹੋਣ ਕਰਕੇ ਰਵਿਦਾਸ ਜੀ ਕਹਿੰਦੇ ਹਨ ਕਿ ਮੈ ਛਡ ਦਿਤਾ ਹੈ, ਹੋਰ ਮੇਰਾ ਦ੍ਵੈਖ ਭਾਖ ਕਿਸੇ ਨਾਲ ਨਹੀਂ

ਨਿਰੁਕ੍ਤ— ਸਤੁ—ਸੱਚ।

ਤੇਤਾ [ਸੰਸ:, ਤ੍ਰੇਤਾ] ਜੁਗ। ਸਤਜੁਗ ਤੋਂ ਮਗਰਲਾ ਦੂਸਰਾ ਜੁਗ।
ਜਗੀ—ਜਗਾਂ (ਦੇ ਕਰਨੇ) ਨਾਲ।
ਦੁਆਪਰਿ—[ਸੰਸ:, ਦ੍ਵਾਪਰ] ਤ੍ਰੇ ਤੇ ਤੋਂ ਮਗਰਲਾ ਤੀਸਰਾ ਜੁੱਗ।
ਕਲਿ—[ਸੰਸ:, ਕਲਿ] ਕਲਿਜੁਗ। ਦੁਆਪਰ ਤੋਂ ਮਗਰਲਾ ਚੌਥਾ ਯੁਗ।
ਅਕਰਮ—[ਸੰਸ:, ਅਕਰ੍ਮਣਜ] ਨਾ ਕਰਨੇ ਯੋਗ ਕਰਮ। ਅਵਿਹਤ ਕਰਮ।
ਅਭਿਮਾਨੁ—[ਸੰਸ:, ਉਦਕੰ=ਪਾਣੀ] ਪਾਣੀ ਨਾਲ। ਪਖਾਰੀਐ ਧੋਈਏ।
ਬਿਬਿਧਿ—[ਸੰਸ: ਵਿਵਿਧ=ਬਹੁਤ ਕਿਸਮ ਦਾ] ਕਈ ਪ੍ਰਕਾਰ ਦੇ।
ਬਿਕਾਰ—[ਸੰਸ:, ਵਿਕਾਰ:] ਵਿਕਾਰ, ਮਾੜੇ ਕੰਮ, ਭੋਗ ਆਦਿ।
ਕੁੰਚਰ—[ਸੰਸ:, ਕੁੰਜਰ) ਹਾਥੀ। **ਰਵਿ**-[ਸੰਸ:, ਰਵਿ:] ਸੂਰਜ।
ਗਤਿ—[ਸੰਸ:, ਗਤਿ ਹਾਲਤ, ਸਮਾਂ, ਚਾਲ। **ਕਨਕ**—[ਸੰਸ:, ਕਨਕੰ] ਸੋਨਾ।
ਪਰਮ ਪਰਸ—ਪਰਮ ਪਾਰਸ। 'ਪਾਰਸ' ਪਦ ਦਾ ਕੰਨਾਂ ਛੰਦ ਦੇ ਵਜ਼ਨ ਨੂੰ ਪੂਰਾ ਕਰਨੇ ਲਈ

ਘਟ ਕੀਤਾ ਹੈ। ਪਰਮ ਇਸ ਕਰਕੇ ਕਿ ਓਹ ਆਪਣੀ ਛੋਹ (ਉਪਦੇਸ਼ ਤੇ ਮੇਹਰ) ਨਾਲ ਸ਼ਿਸ਼ ਨੂੰ ਆਪਣੇ ਵਰਗਾ ਬਣਾ ਲੈਂਦਾ ਹੈ, ਪਾਰਸ ਕਿਸੇ ਨੂੰ ਪਾਰਸ ਨਹੀਂ ਬਣਾ ਸਕਦਾ !

ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ॥ [ਸਵਈਏ ਮਹਲਾ ੧ ਕੇ—੧੪]

ਲਿਲਾਟ—[ਸੰਸ:, ਲਲਾਟ] ਮਸਤਕ, ਮੱਥਾ।

ਉਨਮਨ—[ਸੰਸ:, ਉਨਮਨੰ = ਉਪਰ ਚੁੱਕਣਾ, ਉਚਾ ਚੜ੍ਹੌਣਾ। ਉਚਾਈ] ਮਨ ਨੂੰ ਉਲਟਾਕੇ, ਮਨ ਨੂੰ ਉਚਾ ਕਰਕੇ। (ਅ) ਉਨਮਨੀ ਯਾ ਉਨਮਨਿ ਇਕ ਅਵਸਥਾ ਹੈ ਜਦੋਂ ਮਨ ਉਚੀ ਅਵਸਥਾ ਵਿਚ ਹੁੰਦਾ ਹੈ। ਪਰ ਏਥੇ ਪਾਠ 'ਉਨਮਨਿ' ਨਹੀਂ 'ਉਨਮਨ' ਹੈ-ਮਨ ਨੂੰ ਉਲਟਕੇ।

ਬਜਰ ਕਪਾਟ—[ਸੰਸ:, ਵਜ੍ਰ = ਇਸਪਾਤ, ਕਠੋਰ ਧਾਤ। ਕਪਾਟ: = ਕਿਵਾੜ, ਦਰਵਾਜ਼ਾ] ਪੱਥਰ ਵਰਗੇ ਕਰੜੇ ਕਿਵਾੜ। ਭਾਵ ਅਹੰਕਾਰ, ਅਗਜਾਨ ਸੰਸੇ ਆਦਿ ਤੇ ਆਸ ਅੰਦੇਸ਼ੇ ਤੋਂ ਹੈ।

ਸਤਿ ਕਰੀ—ਸਚ ਕਰਕੇ ਮੰਨੀ, ਭਾਵ ਦ੍ਰਿੜ ਕਰਕੇ ਧਾਰਨ ਕਰ ਲਈ।

ਸੋਈ—ਤੋਂ ਭਾਵ ਉਹ ਪੁਰਖ ਲਈਦਾ ਹੈ। (ਅ) ਪਰ ਕਈ ਦਾਨੇ 'ਬ੍ਰਹਮ' ਬੀ ਭਾਵ ਲੈਂਦੇ ਹਨ।

ਬਸਿ—ਵੱਸ ਕਰਕੇ। ਅਨਵਯ ਕਰਨਾ ਹੈ: ਮਨ ਬਸਿ ਰਸਿ ਮਿਲੇ। ਮਨ ਨੂੰ ਵੱਸ ਕਰਕੇ ਨਾਮ 'ਰਸ' ਦ੍ਵਾਰਾ ਪ੍ਰਭੂ ਨੂੰ ਮਿਲ ਪੈਂਦਾ ਹੈ।

ਗੁਨ—[ਸੰਸ:, ਗੁਣਵਾਨ੍] ਗੁਣ ਵਾਲਾ, ਭਾਵ ਸਰਗੁਨ ਤੋਂ ਹੈ।

ਨਿਗ੍ਰਹ—[ਸੰਸ:, ਨਿਗ੍ਰਹਣਮ੍] ਇੰਦ੍ਰੀਆਂ ਨੂੰ ਰੋਕਣਾਂ। ਸੰਯਮ ਕਰਨਾ।

ਟਾਰੀ—[ਹਿੰ:, ਟਾਲਨਾ = ਪੰ:, ਟਾਲਨਾ] ਟਾਲੀ ਹੋਈ। ਹਟਾਈ ਹੋਈ।

ਭ੍ਰਮ ਫਾਸ—[ਸੰਸ:, ਭ੍ਰਮ: (= ਭੁਲੇਖਾ, ਗਲਤੀ, ਪਰੇਸ਼ਾਨੀ) + ਪਾਸ਼: ਰੱਸਾ, ਫੰਦਾ] ਭਰਮ ਰੂਪੀ ਫਾਹੀ। ਉਦਾਸ ਤੋਂ ਭਾਵ ਹੈ ਕਿ ਮੈਂ ਕਰਮ ਕਾਂਡੀ ਕਰਮਾਂ ਤੇ ਹਠ ਨਿਗ੍ਰਹੁ ਦੇ ਮਾਰਗ ਨੂੰ ਸ੍ਵੀਕਾਰ ਨਹੀਂ ਕਰਦਾ, ਉਹਨਾਂ ਵਲੋਂ ਉਦਾਸੀ ਯਾ ਤਯਾਗ ਵਿਚ ਹਾਂ।

[ਗਉੜੀ ਰਾਗੁ ਸਮਾਪਤ]

ਰਾਗੁ ਆਸਾ

'ਆਸਾ' ਇਕ ਰਾਗਨੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ-ਮਾਲਾ ਵਿਚ ਮੇਘ ਰਾਗ ਦੀ ਚੌਥੀ ਰਾਗਣੀ ਗਿਣੀ ਹੈ ਅਤੇ ਰਾਗਾਂ ਦੇ ਕ੍ਰਮ ਯਾ ਤਰਤੀਬ ਵਿਚ ਬੀ ਗਉੜੀ ਤੋਂ ਮਗਰੋਂ, ਚੌਥੇ ਥਾਂ, ਪਾਵਨ ਬੀੜ ਵਿਚ ਆਈ ਹੈ। ਵੈਸੇ ਇਹ ਪਾਵਨ ਬੀੜ ਵਿਚ 'ਰਾਗੁ ਆਸਾ' ਕਰਕੇ ਹੀ ਲਿਖੀ ਹੈ, ਜਿਵੇਂ ਕਿ ਹੋਰ ਰਾਗ ਰਾਗਨੀਆਂ 'ਰਾਗੁ' ਕਰਕੇ ਹੀ ਲਿਖੇ ਹਨ; ਕਿਉਂਕਿ ਰਾਗਾਂ ਦੀਆਂ ਕਿਸਮਾਂ ਰਾਗ ਹੀ ਹੁੰਦੇ ਹਨ।

ਇਕ ਰਾਗ ਵਿਦਯਾ ਦੇ ਪ੍ਰਬੀਨ ਪੁਰਖ, ਜੋ ਈਸਾਈ ਸਨ, ਦੱਸਦੇ ਸਨ ਕਿ ਆਸਾ ਰਾਗ ਬਹੁਤ ਪ੍ਰਾਚੀਨ ਗ੍ਰੰਥਾਂ ਵਿਚ ਨਹੀਂ ਮਿਲਦਾ। ਉਨ੍ਹਾਂ ਦਾ ਅਨੁਮਾਨ ਸੀ ਕਿ ਇਹ ਰਾਗ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਪਣਾ ਬਨਾਇਆ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸ ਰਾਗ ਵਿਚ ਬਾਣੀ ਬਹੁਤੀ ਹੈ, ਜਿਸ਼ ਤੋਂ ਅਨੁਮਾਨ ਹੁੰਦਾ ਹੈ ਕਿ ਇਸ ਰਾਗ ਨਾਲ ਆਪਦਾ ਬਹੁਤ ਪਿਆਰ ਸੀ। ਸੂਰਜ ਉਦੈ ਤੋਂ ਪਹਿਲਾਂ ਸਮਾਂ ਜੋ ਚਾਰ ਛੇ ਘੜੀਆਂ ਦਾ ਹੁੰਦਾ ਹੈ, ਉਸ ਨੂੰ ਗੁਰਬਾਣੀ ਵਿਚ 'ਅੰਮ੍ਰਿਤ ਵੇਲਾ' ਲਿਖਿਆ ਹੈ। ਇਸ ਵੇਲੇ ਆਸਾ ਰਾਗ ਗਾਂਵੀਂਦਾ ਹੈ। ਇਸ ਸਮੇਂ ਨੂੰ 'ਅੰਮ੍ਰਿਤ ਵੇਲਾ' ਨਾਮ ਬੀ ਗੁਰੂ ਨਾਨਕ ਦੇਵ ਜੀ ਦਾ ਦਿੱਤਾ ਹੋਇਆ ਸਹੀ ਹੁੰਦਾ ਹੈ, ਸੰਸਕ੍ਰਿਤ ਯਾ ਹਿੰਦੀ ਵਿਚ ਇਸ ਤੋਂ ਪਹਿਲੋਂ ਇਹ ਪਦ ਦੇਖਣ ਵਿਚ ਨਹੀਂ ਆਇਆ। ਸੋ ਅੰਮ੍ਰਿਤ ਵੇਲਾ ਤੇ ਆਸਾ ਰਾਗ ਆਪ ਜੀ ਦੀਆਂ ਪ੍ਰਿਯ ਵਸਤਾਂ ਸਨ।

ਗੁਰਮਤਿ ਵਿਚ ਸ਼ਾਮਾਂ ਵੇਲੇ ਜੋ ਸੋਦਰ ਦੀ ਚੌਂਕੀ ਲਗਦੀ ਹੈ ਉਹ ਆਸਾ ਰਾਗ ਵਿਚ ਲਗਦੀ ਹੈ, ਪਰ ਹੋਰ ਗਾਯਕ ਆਸਾ ਨੂੰ ਸਵੇਰੇ ਹੀ ਗਾਉਂਦੇ ਹਨ। ਇਕ ਫਰਕ ਆਸਾ ਦਾ ਹੋਰਨਾਂ ਮਤਾਂ ਨਾਲ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਾਵਰੀ ਦੇ ਸ਼ਬਦ ਆਸਾ ਰਾਗ ਵਿਚ ਹੀ ਦਿੱਤੇ ਹਨ, ਜੈਸਾ ਕਿ ਸ੍ਰੀ ਮਾਨ ਡਾਕਟਰ ਚਰਣ ਸਿੰਘ ਸਾਹਿਬ ਅਪਨੇ 'ਗੁਰਮਤ ਸੰਗੀਤ ਨਿਰਨੈਂ' ਵਿਚ ਲਿਖਦੇ ਹਨ:-

ਗੁਰਮਤਿ ਵਿਚ ਆਸਾ ਅਤੇ ਆਸਾਵਰੀ ਇਕੱਠੀ ਲਿਖੀ ਹੈ, ਇਹ ਆਸਾਵਰੀ ਮੇਘ ਦੀ ਛਾਇਆ ਕਰਕੇ ਆਸਾ ਨਾਲ ਮਿਲੀ ਹੈ। ਸ਼ਿਰੀ ਰਾਗ ਦੀ ਰਾਗਣੀ ਆਸਾਵਰੀ ਓਥੇ ਹੈ ਜਿਥੇ ਕੇਵਲ ਆਸਾਵਰੀ ਅਥਵਾ, ਸੁਧੰਗ, ਵਾ 'ਸੁਧ' ਦੀ ਸੂਚਨਾ ਹੈ, ਜੋ ਸਾਬਤ ਕਰਦੀ ਹੈ ਸ਼ੁੱਧ ਅਤੇ ਆਸਾਵਰੀ ਮਿਲੀ ਹੋਈ ਹੈ, ਪਰੰਤੂ ਹੋਰਨਾਂ ਮਤਾਂ ਵਿਚ, ਜੈਸਾ ਕਿ ਕਾਲੀ ਨਾਥ ਮਤ ਵਿਚ ਪੰਚਮ ਦੀ ਰਾਗਣੀ ਅਤੇ ਰਾਗਾਰਣਵ ਦੇ ਮਤ ਵਿਚ ਮਲਾਰ ਦੀ ਰਾਗਣੀ ਆਸਾਵਰੀ ਹੈ, ਅਤੇ ਮੇਲ ਵੀ ਆਸਾ, ਭੈਰੋਂ ਪਰਜ ਜੇ ਗੰਧਾਰ ਮਿਲੇ ਤਾਂ ਜੋਗੀਆ ਆਸਾਵਰੀ ਮੰਨੀ ਹੈ। ਆਸਾ ਤੇ ਆਸਾਵਰੀ ਦਾ ਮੇਲ ਕੇਵਲ ਗੁਰਮਤਿ ਸੰਗੀਤ ਵਿਚ ਹੀ ਵਿਦਮਾਨ ਹੈ।'

[ਗੁਰੂ ਗ੍ਰੰਥ ਕੋਸ਼ ਅੰਤਕਾ।]

ਆਸਾਵਰੀ ਬਾਬਤ ਸ੍ਰੀਮਾਨ ਡਾਕਟਰ ਸਾਹਿਬ ਦੀ ਹੋਰ ਖੋਜ 'ਬਾਣੀ ਬਿਉਰੇ 'ਵਿਚ ਹੈ, ਜੋ ਇਸ ਪ੍ਰਕਾਰ ਹੈ:-

ਆਸਾਵਰੀ।

ਚਾਰ ਘਰੀ ਨਿਸ ਰਹੈ ਨਾਕ ਤਿਹ ਕਿੰਨਰ ਜਿਹ ਸੁਰ ਗਾਵਤ।
ਨਾਦ ਨਿਰਾਕਾਸ ਕਾ ਮੁੱਦ੍ਰਾ ਪਾਂਚੋ ਤਾਨ ਮਿਲਾਵਤ।
ਲਲਿਤ ਅਲਾਪ ਅਵਰ ਸੁਰ ਮਿਸ਼੍ਰਤ ਅਰਧ ਤਨਤ ਉਪਸਾਰ।
ਓੜਵ ਸੁਰ, ਸੰਗ੍ਰਹ ਬਨਾ ਸੁ, ਜਿਹ ਧੈਵਤ ਧਰੀ ਸੁਧਾਰ।
ਆਸਾ ਭੈਰਵ ਪਰਜ ਮਿਲਾਈ ਤਬ ਆਸਾਵਰੀ ਪਾਈ।
ਮਿਲੈ ਗੰਧਾਰ ਜੋਗੀਆ ਕੀ ਸੁਰ ਪਹਿਰ ਚੜ੍ਹੇ ਦਿਨ ਗਾਈ।

ਪੁਨਾ:-ਸੁਰ ਤਾਲ ਸਮੂਹ ਵਿਚ ਲਿਖਿਆ ਹੈ:-

ਸੁਰ ਗੁਰੂ	ਖਰਜ ਹੈ	}	ਸੁਰ ਏਹ ਹਨ:—
ਬਾਦੀ	ਧੈਵਤ		ਖਰਜ, ਮਧਮ, ਪੰਚਮ-ਸ਼ੁੱਧ
ਸੰਬਾਦੀ	ਮਧਮ		ਰਿਖਭ ਧੈਵਤ-ਸਕਾਰੀ
ਅਨੁਵਾਦੀ	ਪੰਚਮ		ਗੰਧਾਰ ਨਿਖਾਦ-ਸਕਾਰੀ।
ਬਿਬਾਦੀ	ਗੰਧਾਰ ਰਿਖਭ ਹੈ		
ਪਰੰਤੂ ਸਕਾਰੀ ਲਗਦੇ ਹਨ।			

ਇਹ ਔੜਵ ਹੈ: ਸਾ. ਮਾ. ਧਾ. ਨੀ.; ਪਰੰਤੂ ਕਿਸੇ ਮਤਿ ਵਿਚ ਸੰਪੂਰਨ ਵੀ ਹੈ: ਸਾ, ਰੇ. ਮਾ. ਪਾ. ਨੀ. ਧਾ. ਗਾ.

ਮਲਾਰ ਪਰਜ ਅਤੇ ਬਸੰਤ ਮਿਲਕੇ ਆਸਾਵਰੀ ਬਣਦੀ ਹੈ, ਦੋ ਇਸ ਦੇ ਭੇਦ ਹਨ: ਸ਼ੁਧ ਆਸਾਵਰੀ ੧, ਜੋਗੀਆ ਆਸਾਵਰੀ ੨। ਮੌਸਮ ਹੇਮੰਤ ਰਿਤੂ, ਵੇਲਾ ਪਹਿਰ ਦਿਨ ਚੜ੍ਹੇ ਗਾਉਂਦੇ ਹਨ, ਜਿਸ ਤੋਂ ਖ਼ੁਸ਼ੀ ਪੈਦਾ ਹੁੰਦੀ ਹੈ। ਇਹ ਰਾਗਨੀ ਸ਼ੁੱਧ ਸ਼ੰਕੀਰਨ ਹੈ, ਮੇਘਰਾਜ ਦੀ ਇਸਤ੍ਰੀ ਹੈ।

ਫਿਰ ਆਪ ਜੀ ਲਿਖਦੇ ਹਨ:—

ਆਮ ਲੋਕ ਅਸਾਉਰੀ ਟੋਡੀ ਨੂੰ ਕਹਿੰਦੇ ਹਨ, ਪਰ ਏਹ ਭੇਦ ਮਾਲੂਮ ਹੁੰਦਾ ਹੈ ਕਿ 'ਅਸਾਉਰੀ' ਟੋਡੀ ਨੂੰ ਹੀ ਕਹਿੰਦੇ ਹਨ ਨਾ ਕਿ ਆਸਾਵਰੀ ਨੂੰ। ਗੁਰੂ ਜੀ 'ਆਸਾਵਰੀ' ਕਰਕੇ ਲਿਖਦੇ ਹਨ ਅਤੇ ਆਸਾ ਰਾਗ ਵਿਚ ਮੇਲਕੇ ਲਿਖਿਆ ਹੈ, ਇਸ ਕਰਕੇ ਗੁਰਮਤਿ ਵਿਚ 'ਆਸਾਵਰੀ' ਟੋਡੀ ਨਹੀਂ ਹੈ।

[ਬਾਣੀ ਬਿਉਰਾ]

ਰਾਗ ਆਸਾ

ਬੁਧ ਪ੍ਰਕਾਸ਼ ਦਰਪਣ ਵਿਚੋਂ ਰਾਗ ਆਸਾ ਦਾ ਰੂਪ, ਡਾਕਟਰ ਜੀ ਇਹ ਦੱਸਦੇ ਹਨ:—

ਸਿਰੀ ਰਾਗ ਸੁਰ ਪ੍ਰਥਮ ਹੀ ਦੂਜੇ ਮਾਰੂ ਰਾਗ।
ਬਿਬ ਸੁਰ ਮਿਲ ਆਸਾ ਭਈ ਜੋ ਗਾਵੈ ਵਡਭਾਗ।

ਪਰ ਡਾਕਟਰ ਸਾਹਿਬ ਗੁਰਮਤਿ ਸੰਗੀਤ ਨਿਰਣੈ ਵਿਚ ਦੱਸਦੇ ਹਨ ਕਿ ਸਿਰੀ ਰਾਗ ਤੇ ਮਾਰੂ ਮਿਲਕੇ ਮੇਘ ਦੀ ਛਾਇਆ ਵਿਚ ਮਿਲਦੀ ਹੈ ਤਾਂ ਆਸਾ ਬਣਦੀ ਹੈ, ਇਸੇ ਕਰਕੇ ਮੇਘ ਦੀ ਰਾਗਣੀ ਲਿਖੀ ਹੈ। ਜਦ ਇਸ ਦੀਆਂ ਸੁਰਾਂ ਲੱਭੋ ਤਾਂ ਕਈ ਦਾਨੇ ਐਉਂ ਦੱਸਦੇ ਹਨ ਕਿ ਆਸਾ ਵਿਚ ਸਾਰੇ ਸੁਰ ਸ਼ੁੱਧ ਹਨ, ਰਿਖਭ ਵਾਦੀ ਹੈ, ਮੱਧਮ ਸੰਵਾਦੀ ਹੈ। ਗ੍ਰਹ ਸੁਰ ਖ਼ਰਜ ਹੈ। ਸਰਗਮ ਐਉਂ ਹੈ: ਆਰੋਹੀ ਵਿਚ:-ਸਾਰੇ ਮਾ ਪਾ ਧਾ ਨੀ ਸਾ। ਅਵਰੋਹੀ ਵਿਚ: ਰੇ ਸਾ ਨੀ ਧਾ ਪਾ ਮਾ ਗਾ ਰੇ ਸਾ। ਕਈਆਂ ਨੇ ਧੈਵਤ ਨੂੰ ਵਾਦੀ ਸੁਰ ਮੰਨਿਆ ਹੈ, ਫੇਰ ਗੰਧਾਰ ਸੰਵਾਦੀ ਬਣ ਜਾਂਦਾ ਹੈ। ਫੇਰ ਆਰੋਹੀ ਵਿਚ ਗੰਧਾਰ ਨਹੀਂ ਲਾਉਂਦੇ, ਅਵਰੋਹੀ ਵਿਚ ਲਾ ਲੈਂਦੇ ਹਨ। ਕਈ ਰਿਖਭ ਤੇ ਧੈਵਤ ਕੋਮਲ ਬੀ ਲਾਉਂਦੇ ਹਨ।

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਇਸ ਮੂਲ ਮੰਤ੍ਰ ਦੇ ਅਰਥ ਭਾਵ ਤੇ ਵਰਯਾਖਯਾ ਪਹਿਲੀ ਪੋਥੀ ਦੇ ਮੁੱਢ ਵਿਚ ਆ ਚੁਕੇ ਹਨ।

[ਆਸ ਮਹਲਾ ੧-ਸੋਦਰੁ]

ਰਾਗੁ ਆਸਾ ਮਹਲਾ ੧ ਘਰੁ ੧ ਸੋਦਰੁ॥

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਹਾਲੇ ॥ ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥ ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥ ਗਾਵਨਿ੍ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ ॥ ਗਾਵਨਿ੍ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਵੀਚਾਰੇ ॥ ਗਾਵਨਿ੍ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ ਗਾਵਨਿ੍ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਨਿ੍ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ੍ ਤੁਧਨੋ ਸਾਧ ਬੀਚਾਰੇ ॥ ਗਾਵਨਿ੍ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥ ਗਾਵਨਿ ਤੁਧਨੋ ਪੰਡਿਤ ਪੜੇ ਰਖੀਸੁਰ ਜੁਗੁ ਜੁਗੁ ਬੇਦਾ ਨਾਲੇ ॥ ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥ ਗਾਵਨਿ੍ ਤੁਧਨੋ ਰਤਨ ਉਪਾਏ ਤੇਰੇ ਜੇਤੇ ਅਠਸਠਿ ਤੀਰਥ ਨਾਲੇ ॥ ਗਾਵਨਿ੍ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ੍ ਤੁਧਨੋ ਖਾਣੀ ਚਾਰੇ ॥ ਗਾਵਨਿ੍ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥ ਸੇਈ ਤੁਧਨੋ ਗਾਵਨਿ੍ ਜੋ ਤੁਧੁ ਭਾਵਨਿ੍ ਰਤੇ ਤੇਰੇ ਭਗਤ ਰਸਾਲੇ ॥ ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ ਰੰਗੀ ਰੰਗੀ ਭਾਤੀ ਜਿਨਸੀ ਮਾਇਆ ਜਿਨਿ ਉਪਾਈ ॥ ਕਰਿ ਕਰਿ ਦੇਖੈ ਕੀਤਾ ਅਪਣਾ ਜਿਉ ਤਿਸ ਦੀ ਵਡਿਆਈ ॥ ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥ ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ ॥੧॥

ਆਸਾ ਰਾਗ ਦੀ ਵਿਵੇਚਨਾ ਪਿਛੇ ਆ ਚੁਕੀ ਹੈ। ਇਸ ਸ਼ਬਦ ਦੀ ਵਿਵੇਚਨਾ ਜਪੁਜੀ ਸਾਹਿਬ ਦੀ ੨੭ਵੀਂ ਪਉੜੀ ਵਿਚ ਆ ਚੁਕੀ ਹੈ। ਫੇਰ ਇਹ ਸ਼ਬਦ ਰਹਰਾਸਿ ਵਿਚ ਪਹਿਲਾ ਸ਼ਬਦ ਹੋ ਕੇ ਆ ਚੁਕਾ ਹੈ, ਪਾਠਾਂ ਵਿਚ ਥੋੜਾ ਫਰਕ ਹੈ। ਰਹਿਰਾਸ ਵਾਲੇ ਨਾਲ ਪਾਠਾਂ ਦੇ ਫਰਕ ਇਸ ਪ੍ਰਕਾਰ ਹਨ:—

ਰਹਰਾਸਿ ਵਿਚ ਦਾ ਪਾਠ	ਇਥੇ ਆਸਾ ਰਾਗ ਵਿਚ ਦਾ ਪਾਠ
ਪਵਣੁ	ਪਉਣੁ
ਧਰਮੁ	ਧਰਮ
ਬੀਚਾਰੇ	ਵੀਚਾਰੇ
ਪੜਨਿ	ਪੜੇ
ਵੇਦਾ	ਬੇਦਾ

ਤਰ	ਤੇਰੇ ਜੇਤੇ
ਰੰਗੀ ਰੰਗੀ ਭਾਤੀ ਕਰਿ ਕਰਿ	ਰੰਗੀ ਰੰਗੀ ਭਾਤੀ
ਆਪਣਾ	ਅਪਣਾ

ਏਹ ਫਰਕ ਤਾਂ ਪਾਠਾਂ ਵਿਚ ਹੈਨ, ਇਥੇ ਆਸਾ ਰਾਗ ਵਿਚ 'ਗਾਵਨਿ ਪਦ ਦੇ 'ਨ' ਦੇ ਪੈਰ ਵਿਚ ਬਹੁਤੀ ਥਾਈਂ ਹੱਲ (੍) ਬੀ ਹੈ; ਪਰ ਏਹ ਸਾਰੇ ਫਰਕ ਅਰਥ ਭਾਵ ਵਿਚ ਕੋਈ ਫਰਕ ਨਹੀਂ ਪਾਉਂਦੇ।

ਰਹਰਾਸਿ ਵਾਲੇ ਪਾਠਾਂ ਵਿਚ 'ਤੁਧੁਨੋਂ' ਪਦ ਬਹੁਤ ਵੇਰੀ ਆਇਆ ਹੈ, ਕਿਉਂਕਿ ਰਹਰਾਸਿ ਦਾ ਪਾਠ ਇਸ ਸੋਦਰ ਦੇ ਗਾਇਨ ਤੋਂ ਦੀਵਾਨਾਂ ਵਿਚ ਆਰੰਭ ਹੁੰਦਾ ਆਇਆ ਹੈ; 'ਤੁਧਨੋਂ ਪਦ ਦਾ ਵਾਧਾ ਗਾਇਨ ਵਿਚ ਵਧੇਰੇ ਸੁਖਦਾਈ ਆਧਾਰ ਦੇਂਦਾ ਹੈ, ਗਾਇਨ ਦੀ ਲਯ ਵਿਚ; ਤੇ 'ਤੁਧੁਨੋਂ' ਦਾ ਅਰਥ ਹਜ਼ੂਰੀ ਵੱਲ ਵਧਰੇ ਖਿੱਚਦਾ ਹੈ। ਸਵੇਰੇ ਜਪੁਜੀ ਦਾ ਪਾਠ ਰਾਤ ਦੇ ਆਰਾਮ ਮਗਰੋਂ ਕਰੀਦਾ ਹੈ, ਪਰ ਸੰਝਾਂ ਨੂੰ ਸੋਦਰ ਦਾ ਗਾਯਨ ਦਿਨ ਦੇ ਰੁਝੇਵਿਆਂ ਤੇ ਪ੍ਰਵਿਰਤੀਆਂ ਮਗਰੋਂ ਸਣੀਂਦਾ ਹੈ, ਉਸ ਵੇਲੇ ਤਵਜੋ ਤੇ ਧਿਆਨ ਨੂੰ ਹਜ਼ੂਰੀ ਵੱਲ ਵਧੇਰੇ ਖੈਂਚ ਪਾਉਣ ਦੀ ਲੋੜ ਹੁੰਦੀ ਹੈ।

ਸੋਦਰ ਜੋ ਰਾਗ ਆਸਾ ਦਾ ਆਰੰਭਕ ਸ਼ਬਦ ਹੈ ਇਹ ਬੀ ਰਾਗ ਦੇ ਸਿਰਨਾਮੇ ਹੇਠ ਹੈ, ਇਸ ਕਰਕੇ ਇਸ ਦਾ ਪਾਠ ਰਹਿਰਾਸ ਵਾਲੇ ਪਾਠ ਵਾਂਙੂ ਰਖਿਆ ਹੈ।ਅਰਥ ਵਯਾਖਯਾ ਲਈ ਦੇਖੋ ਪਹਿਲੀ ਸੰਥਯਾ ਪੋਥੀ ਦਾ ਪੰਨਾ ੧੩੩ ਤੇ ੧੮੨।

[ਆਸਾ ਮਹਲਾ ੪-ਸੋ ਪੁਰਖੁ]

ਪ੍ਰਾਕ੍ਕਥਨ—ਇਹ ਸ਼ਬਦ ਵੀ ਰਹਰਾਸਿ ਵਿਚ ਆ ਚੁਕਾ ਹੈ। ਵਿਵੇਚਨਾ ਓਥੇ ਦੇਖੋ।

ਆਸਾ ਮਹਲਾ ੪

ਸੋ ਪੁਰਖ ਨਿਰੰਜਨ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ॥ ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ॥ ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ॥ ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ॥ ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ॥ ੧॥ ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥ ਇਕ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥ ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥ ਤੂੰ ਪਾਰਬ੍ਰਹਮ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥ ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ॥ ੨॥ ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖ ਵਾਸੀ॥ ਸੇ ਮੁਕਤੁ ਸੇ ਮੁਕਤ ਭਏ ਜਿਨ ਹਰਿ ਧਿਆਇਆ ਜੀਉ ਤਿਨ ਟੂਟੀ ਜਮ ਕੀ ਫਾਸੀ॥ ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀਉ ਤਿਨ ਕਾ ਭਉ ਸਭੁ ਗਵਾਸੀ॥ ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀਉ ਤੇ ਹਰਿ ਹਰਿ ਰੂਪਿ ਸਮਾਸੀ॥ ਸੇ ਧੰਨੁ ਸੇ ਧੰਨ ਜਿਨ ਹਰਿ ਧਿਆਇਆ ਜੀਉ ਜਨੁ ਨਾਨਕੁ ਤਿਨ ਬਲਿ ਜਾਸੀ॥ ੩॥ ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬੇਅੰਤ ਬੇਅੰਤਾ॥ ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ॥ ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ॥ ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿੰਮ੍ਰਿਤ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ॥ ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤ॥ ੪॥ ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ॥ ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ

ਕਰਤਾ ਸੋਈ॥ ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ॥ ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥ ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ॥੫॥੧॥੨॥

ਅਰਥ ਤੇ ਵਜਾਖਜਾ ਆਦਿ ਲਈ ਦੇਖੋ ਪਹਿਲੀ ਪੋਥੀ ਵਿਚ ਆਈ 'ਰਹਰਾਸਿ' ਵਿਚ, ਪੰਨਾ ੧੯੪)

[ਆਸਾ ਮਹਲਾ ੧, ਚਉਪਦਾ—੧]

ਪ੍ਰਾਕ੍ਥਨ—ਇਹ ਸ਼ਬਦ ਬੀ ਰਹਰਾਸਿ ਵਿਚ ਆ ਚੁਕਾ ਹੈ। ਵਿਵੇਚਨਾ ਅਰਥ ਵਜਾਖਜਾ ਆਦਿ ਓਥੇ ਹੀ ਪਹਿਲੀ ਪੋਥੀ ਦੇ ਪੰਨਾ ੧੮੫ ਪਰ ਵੇਖੋ।

੧ੴ ਸਤਿਗੁਰ ਪ੍ਰਸਾਦਿ॥ ਰਾਗੁ ਆਸਾ ਮਹਲਾ ੧ ਚਉਪਦੇ ਘਰੁ ੨॥

ਸੁਣਿ ਵਡਾ ਆਖੈ ਸਭ ਕੋਈ॥ ਕੇਵਡੁ ਵਡਾ ਡੀਠਾ ਹੋਈ॥ ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥੧॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥ ਕੋਈ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ਰਹਾਉ॥ ਸਭਿ ਸੁਰਤੀ ਮਿਲਿ ਸੁਰਤਿ ਕਮਾਈ॥ ਸਭ ਕੀਮਤਿ ਮਿਲਿ ਕੀਮਤਿ ਪਾਈ॥ ਗਿਆਨੀ ਧਿਆਨੀ ਗੁਰ ਗੁਰ ਹਾਈ॥ ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥ ਸਭਿ ਸਤ ਸਭਿ ਤਪ ਸਭਿ ਚੰਗਿਆਈਆ॥ ਸਿਧਾ ਪੁਰਖਾ ਕੀਆ ਵਡਿਆਈਆਂ॥ ਤੁਧੁ ਵਿਣੁ ਸਿਧੀ ਕਿਨੈ ਨ ਪਾਈਆਂ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥ ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥ ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ॥ ਨਾਨਕ ਸਚੁ ਸਵਾਰਣਹਾਰਾ॥੪॥੧॥

[ਆਸਾ ਮਹਲਾ ੧, ਚਉਪਦਾ—੨]

ਪ੍ਰਾਕ੍ਥਨ—ਇਹ ਸ਼ਬਦ ਬੀ ਰਹਰਾਸਿ ਵਿਚ ਆ ਚੁਕਾ ਹੈ,ਵਿਵੇਚਨਾ ਓਥੇ ਵੇਖੋ ਪੰਨਾ ਪਹਿਲੀ ਪੋਥੀ ਦਾ ੧੮੭। ਦੁਬਾਰਾ ਆਏ ਏਨ੍ਹਾਂ ਸ਼ਬਦਾਂ ਦੇ ਪਰਸਪਰ ਪਾਠਾਂਤ੍ਰ ਭੇਦ ਅਰਥਾਂ ਵਿਚ ਕੋਈ ਖਾਸ ਫਰਕ ਨਹੀਂ ਰਖਦੇ।

ਆਸਾ ਮਹਲਾ ੧॥

ਆਖਾ ਜੀਵਾ ਵਿਸਰੈ ਮਰਿ ਜਾਉ॥ ਆਖਣਿ ਅਉਖਾ ਸਾਚਾ ਨਾਉ॥ ਸਾਚੇ ਨਾਮ ਕੀ ਲਾਗੈ ਭੂਖ॥ ਤਿਤੁ ਭੂਖੇ ਖਾਇ ਚਲੀਅਹਿ ਦੂਖ॥੧॥ ਸੋ ਕਿਉ ਵਿਸਰੈ ਮੇਰੀ ਮਾਇ॥ ਸਾਚਾ ਸਾਹਿਬੁ ਸਾਚੈ ਨਾਇ॥੧॥ਰਹਾਉ॥ ਸਾਚੇ ਨਾਮ ਕੀ ਤਿਲੁ ਵਡਿਆਈ॥ ਆਖਿ ਥਕੇ ਕੀਮਤਿ ਨਹੀ ਪਾਈ॥ ਜੇ ਸਭਿ ਮਿਲਿਕੈ ਆਖਣ ਪਾਹਿ ਵਡਾ ਨ ਹੋਵੈ ਘਾਟਿ ਨ ਜਾਇ॥੨॥ ਨਾ ਓਹੁ ਮਰੈ ਨ ਹੋਵੈ ਸੋਗੁ॥ ਦੇਂਦਾ ਰਹੈ ਨ ਚੂਕੈ ਭੋਗੁ॥ ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥੩॥ ਜੇਵਡੁ ਆਪਿ ਤੇਵਡ ਤੇਰੀ ਦਾਤਿ॥ ਜਿਨਿ ਦਿਨੁ ਕਰਕੈ ਕੀਤੀ ਰਾਤਿ॥ ਖਸਮੁ ਬਿਸਾਰਹਿ ਤੇ ਕਮਜਾਤਿ॥ ਨਾਨਕ ਨਾਵੈ ਬਾਝੁ ਸਨਾਤਿ॥੪॥੨॥

[ਆਸਾ ਮਹਲਾ ੧, ਚਉਪਦਾ—੩]

ਮੂਲ — **ਅਰਥ**

ਆਸਾ ਮਹਲਾ ੧ ॥

ਜੇ ਦਰਿ ਮਾਂਗਤੁ ਕੂਕ ਕਰੇ ਮਹਲੀ ਖਸਮੁ ਸੁਣੇ ॥ ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ ॥੧॥

ਜੇ (ਕੋਈ) ਮੰਗਤਾ (ਕਿਸੇ ਰਾਜਾ ਦੇ) ਦੁਆਰੇ ਪੁਕਾਰ ਕਰੇ (ਤਾਂ ਮਹਲਾਂ (ਵਿਚ ਬੈਠਾ) ਮਾਲਕ (ਰਾਜਾ) ਸੁਣੇਗਾ (ਸੁਣਕੇ ਉਹ) ਇਕ ਵਡਿਆਈ ਦੇਵੇਗਾ, ਚਾਹੋ (ਪੁਕਾਰ ਸੁਣਕੇ) ਧੀਰਜ (ਬਨ੍ਹਾਵੇ, ਚਾਹੋ) ਧੱਕੇ (ਮਰਵਾਕੇ ਪਰੇ ਹਟਵਾ ਦੇਵੇ)॥੧॥ ਇਸ ਤਰ੍ਹਾਂ ਜੇ ਕੋਈ ਪ੍ਰੇਮੀ ਯਾਚਕ ਬਣ ਕੇ ਵਾਹਿਗੁਰੂ ਦੇ ਦੁਆਰੇ ਪੁਕਾਰ ਕਰੇ ਤਾਂ ਭਾਵੇਂ ਧੀਰਜ ਭਾਵੇਂ ਧੱਕੇ ਇਕ ਵਡਿਆਈ ਅਵਸ਼ਜ ਮਿਲੇਗੀ)। [ਹੁਣ ਪ੍ਰਸ਼ਨ ਹੁੰਦਾ ਹੈ ਕਿ ਧੀਰਜ ਕਿਵੇਂ ਮਿਲੇ?ਤਾਂ ਫੁਰਮਾਉਂਦੇ ਹਨ] (ਉਹ ਜੋਤ ਨੂੰ

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥੧॥ ਰਹਾਉ ॥

ਪਛਾਣ ਕੇ ਧੀਰਜ ਦੇਂਦਾ ਹੈ ਸੋ ਤੁਸੀਂ ਬੀ ਦਾਨ ਦੇਣ ਵੇਲੇ) ਜੋਤਿ ਨੂੰ ਪਛਾਣਿਆ ਕਰੋ ਤੇ ਜਾਤ ਨਾ ਪੁੱਛਿਆ ਕਰੋ (ਕਿਉਂਕਿ) ਅਗੇ(ਉਸ ਸੱਚੇ ਮਾਲਕ ਦੇ ਦੁਆਰੇ) ਜਾਤ (ਦੀ ਪੁੱਛ ਪ੍ਰਤੀਤ ਕੋਈ) ਨਹੀਂ ਹੈ॥੧॥ ਰਹਾਉ॥

ਆਪਿ ਕਰਾਏ ਆਪਿ ਕਰੇਇ ॥ ਆਪਿ ਉਲਾਮ੍ਹੇ ਚਿਤਿ ਧਰੇਇ ॥

(ਕਾਰਣਾਂ ਦਾ ਕਾਰਣ ਖਸਮ ਆਪ ਹੈ) ਆਪ ਹੀ ਕਰਾਉਂਦਾ ਹੈ, ਆਪ ਹੀ ਕਰਦਾ ਹੈ, ਆਪ ਹੀ ਉਲ੍ਹਾਮੇ (ਜੀਵਾਂ ਦੇ) ਚਿਤ ਵਿਚ ਧਰਦਾ ਹੈ। (ਜਦ ਇਹ ਦ੍ਰਿਸ਼ਟੀ ਹੋ ਗਈ ਕਿ ਆਪੇ ਕਰਦਾ ਹੈ, ਆਪੇ ਕਰਾਉਂਦਾ ਹੈ ਤਾਂ ਜੀਵ ਅਰਦਾਸ ਕਰਦਾ ਹੈ

ਜਾ ਤੂੰ ਕਰਣਹਾਰੁ ਕਰਤਾਰੁ ॥ ਕਿਆ ਮੁਹਤਾਜੀ ਕਿਆ ਸੰਸਾਰੁ ॥੨॥

ਕਿ) ਹੇ ਕਰਤਾਰ ! ਜਦ (ਸਭ ਕੁਛ) ਤੂੰ (ਆਪ) ਕਰਣਹਾਰ (= ਕਰਨੇ ਵਾਲਾ) ਹੈਂ (ਫੇਰ) ਸੰਸਾਰ ਚੀਜ਼ ਹੀ ਕੀ ਹੋਇਆ?(ਤੇ ਇਸ ਦੀ) ਮੁਥਾਜੀ ਹੀ ਕੀਹ ਰਹੀ? (ਭਾਵ ਕੁਛ ਨਹੀਂ)॥੨॥ (ਫੇਰ ਅਸੀਂ ਯਾ ਕੋਈ ਹੋਰ ਦਾਤੇ ਬੀ ਕਾਹਦੇ ਹੋਏ ? ਕਿਉਂਕਿ

ਆਪਿ ਉਪਾਏ ਆਪੇ ਦੇਇ ॥ ਆਪੇ ਦੁਰਮਤਿ ਮਨਹਿ ਕਰੇਇ ॥

ਉਹ) ਆਪ ਹੀ (ਜੀਵ) ਪੈਦਾ ਕਰਦਾ ਹੈ, ਆਪ ਹੀ(ਸਭ ਨੂੰ ਰਿਜ਼ਕ) ਦੇਂਦਾ ਹੈ (ਤੇ) ਆਪੇ (ਉਹਨਾਂ ਦੀ) ਖੋਟੀ ਬੁੱਧੀ ਨੂੰ ਵਰਜ ਰਹਾਉਂਦਾ ਹੈ। (ਇਸ ਲਈ ਹੁਣ ਉਸ ਤੋਂ ਧੀਰਜ ਪ੍ਰਾਪਤ ਕਰਨੇ ਦਾ ਰਸਤਾ ਸਾਫ ਦਿੱਸ ਪਿਆ; ਉਹ ਇਹ ਹੈ ਕਿ ਹੋਰ ਤੱਕਾਂ ਛਡਕੇ ਉਸ ਨੂੰ ਮਨ ਵਿਚ ਵਸਾਉਣਾ ਚਾਹੀਦਾ ਹੈ)। [ਪ੍ਰਸ਼ਨ: ਮਨ ਵਿਚ ਓਹ ਕੀਕੂੰ ਆ ਵਸੇ?ਉੱਤਰ:] ਗੁਰੂ ਦੀ

ਗੁਰ ਪਰਸਾਦਿ ਵਸੈ ਮਨਿ ਆਇ ॥ ਦੁਖੁ ਅਨ੍ਹੇਰਾ ਵਿਚਹੁ ਜਾਇ ॥੩॥

ਕ੍ਰਿਪਾ ਨਾਲ (ਓਹ ਅਮਿੱਤ ਖਸਮ ਜੀਵ ਦੇ) ਮਨ ਵਿਚ ਆ ਵਸਦਾ ਹੈ। (ਉਸ ਦੇ ਮਨ ਵਿਚ ਆ ਵੱਸਿਆਂ ਸਾਡੇ ਤੇ ਉਸ ਦੇ) ਵਿਚਾਲੇ (ਜੋ ਅਗਜਾਨ ਦਾ) ਹਨੇਰਾ (ਹੈ ਤੇ ਉਸ ਦਾ ਫਲ) ਦੁਖ ਹੈ, ਦੂਰ ਹੋ ਜਾਂਦਾ ਹੈ॥੩॥

ਸਾਚੁ ਪਿਆਰਾ ਆਪਿ ਕਰੇਇ ॥

(ਹਨੇਰਾ ਤੇ ਦੁਖ ਦੂਰ ਹੋਣ ਨਾਲ ਫੇਰ ਸੱਚ ਦਿੱਸ ਪੈਂਦਾ ਹੈ ਸਚ ਨੂੰ ਦੇਖ ਕੇ ਫਿਰ ਬੀ ਪ੍ਰੇਮ ਵਿਚ ਰਹਿਣਾ ਹੈ ਤੇ ਸਮਝਣਾ ਹੈ ਕਿ ਉਹ ਖਸਮ ਸਾਨੂੰ) ਸਚ ਬੀ ਪਿਆਰਾ ਆਪ ਹੀ ਲਗਾਉਂਦਾ

ਅਵਰੀ ਕਉ ਸਾਚੁ ਨ ਦੇਇ ॥ ਜੇ ਕਿਸੈ ਦੇਇ ਵਖਾਣੈ ਨਾਨਕੁ ਆਗੈ ਪੂਛ ਨ ਲੇਇ ॥੪॥੩॥	ਹੈ। ਹੋਰਨਾਂ ਨੂੰ (ਜੋ ਹਰੀ ਭਗਤੀ ਤੋਂ ਬਾਹਰ ਹਨ) ਸਚ ਨਹੀਂ ਦੇਂਦਾ। ਨਾਨਕ ਵਖਾਣਦਾ ਹੈ ਕਿ ਜੇ ਕਿਸੇ ਨੂੰ (ਸਚ ਦਾ ਪਜਾਰ ਆਪ ਦੇ) ਦੇਂਦਾ ਹੈ ਤਾਂ ਅਗੇ (ਗਿਆਂ ਉਸ ਤੋਂ ਫਿਰ ਖਸਮ ਕੋਈ ਲੇਖਾ) ਨਹੀਂ ਲੈਂਦਾ, ਨਾ ਕੋਈ ਪੁੱਛਣਾ ਕਰਦਾ ਹੈ॥ ੪ ॥ ੩॥

ਵਯਾਖਯਾ— ਇਸ ਸ਼ਬਦ ਦੀਆਂ ਤੁਕਾਂ ਪਰਸਪਰ ਭਾਵ ਸੰਧੀ ਵਿਚ ਮਿਲਦੀਆਂ ਘੱਟ ਦਿੱਸਦੀਆਂ ਹਨ, ਪਰ ਅਸਲ ਵਿਚ ਧਿਆਨ ਦਿੱਤਿਆਂ ਅਨਮੇਲਤਾਈ ਨਹੀਂ ਹੈ। ਸਾਰੀਆਂ ਤੁਕਾਂ ਸੂਤ ਰੂਪ ਹਨ, ਵਿਚ ਲੁਪਤੀਆਂ ਹਨ, ਉਨ੍ਹਾਂ ਦਾ ਖਿਆਲ ਕਰ ਲਓ ਤਾਂ ਸਾਰੇ ਦੀ ਭਾਵ ਲੜੀ ਸੰਗਲੀ ਬੱਧ ਦਿੱਸ ਪੈਂਦੀ ਹੈ।

ਅੰਕ ੧ ਵਿਚ ਪ੍ਰਾਰਥਨਾ ਤੇ ਅਰਦਾਸ ਦਾ ਉਪਦੇਸ਼ ਹੈ ਕਿ ਯਾਚਕ ਬਣ ਕੇ, ਵਾਹਿਗੁਰੂ ਜੀ ਨੂੰ ਦਾਤਾ ਮਾਲਕ ਸਮਝ ਕੇ ਦਰ ਤੇ ਖੜੇ ਮੰਗਦੇ ਰਹੋ। ਮੰਗ ਵਿਚ ਦਾਅਵੇ ਦੀ ਅੰਸ਼ ਨਾ ਰੱਖੋ ਕਿਉਂਕਿ-'ਦਾਵੈ ਦਾਝਨੁ ਹੋਤੁ ਹੈ'*। ਇਸ ਹਦ ਤਕ ਅੰਦਰੋਂ ਦਾਅਵੇ ਦੀ ਪਕੜ ਛੱਡੋ ਕਿ ਜੇ ਧੱਕੇ ਹੀ ਪੈਣ ਤਾਂ ਉਸ ਨੂੰ ਬੀ ਮੇਹਰ ਹੀ ਸਮਝੋ, ਜੈਸੇ ਕਿ ਆਪ ਜੀ ਦਾ ਹੀ ਵਾਕ ਹੈ:-

ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥ [ਜਪੁਜੀ-੨੫]

ਰਹਾਉ— ਇਹ ਮੁੱਢ ਬੰਨ੍ਹ ਕੇ ਇਕ ਹੋਰ ਮਤਿ ਦੇਂਦੇ ਹਨ ਕਿ ਦੇਖੋ ਭਾਈ ਜਿਵੇਂ ਦਾ ਵਰਤਾਉ ਤੁਸੀਂ ਦੂਜਿਆਂ ਨਾਲ ਵਰਤੋਗੇ ਤੇ ਜਿਸ ਮਾਪ ਨਾਲ ਹੋਰਨਾਂ ਨੂੰ ਮਿਣੋਗੇ ਉਸੇ ਤਰ੍ਹਾਂ ਤੇ ਉਸੇ ਪੈਮਾਨੇ ਨਾਲ ਤੁਸੀਂ ਨਾਪੇ ਜਾਓਗੇ। ਹਿੰਦੂਆਂ ਵਿਚ ਦਾਨ ਦਾ ਸਭ ਤੋਂ ਵੱਧ ਅਧਿਕਾਰੀ ਉਹ ਹੈ ਜੋ ਜਾਤ ਦਾ ਬ੍ਰਾਹਮਣ ਹੋਵੇ। ਇਸੀ ਤਰ੍ਹਾਂ ਮਤਿ ਮਤਾਂਤ੍ਰਾਂ ਵਿਚ ਕਿਸੇ ਨ ਕਿਸੇ ਪੱਜ ਹੇਠ ਜਾਤੀ ਦੇ ਵਿਤਕਰੇ ਹਨ ਤੇ ਦਾਨ ਦੇਣ ਵੇਲੇ ਖਾਸ ਵਿਚਾਰ ਹੁੰਦੇ ਹਨ। ਸੋ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਜਾਤਾਂ ਪਰਖ ਕੇ ਨਾਂ ਦਿਆ ਕਰੋ, ਸਭ ਵਿਚ ਵਜਾਪਕ ਜੋਤਿ ਨੂੰ ਬਿਰਾਜਮਾਨ ਸਮਝਕੇ ਹਰੇਕ ਦੀ ਲੋੜ ਪੂਰੀ ਕਰਿਆ ਕਰੋ। ਇਉਂ 'ਜਾਤਿ' 'ਜੋਰ' ਆਦਿ ਕੋਈ ਨਹੀਂ ਪੁੱਛਦਾ। ਯਥਾ:-

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥ [ਵਾਰ ਆਸਾ ਮ:੧-੧੧]

ਪੁਨਾ :-ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ॥
[ਪ੍ਰਭਾਤੀ ਮਹਲਾ ੩, ਅਸਟ:—੧]

ਪੁਨਾ:-ਅਗੈ ਜਾਤਿ ਨ ਪੁਛੀਐ....॥ (ਮਾਰੂ ਵਾਰ ਮ: ੩-੨੨)

ਅੰਕ ੨- ਕੋਈ ਕਰਮਾਂ ਨੂੰ ਅਟੁੱਟ ਮੰਨਣੇ ਵਾਲਾ ਮਾਨੋ ਆਖਦਾ ਹੈ ਕਿ ਜੀ ਅੱਗੇ ਜਾ ਕੇ ਨਬੇੜੇ ਕਰਮਾਂ ਤੇ ਹੋਣੇ ਹਨ ਤੇ ਕਰਮ ਸਾਰੇ ਸ਼ੁਭ ਹੋ ਨਹੀਂ ਸਕਦੇ, ਕੀਕੂੰ ਛੁਟਕਾਰਾ ਹੋਸੀ ? ਤਾਂ ਧੀਰਜ ਬੰਨ੍ਹਾਉਂਦੇ ਹਨ ਕਿ ਭਾਈ ਓਥੇ ਵਿਚਾਲੇ ਕੋਈ ਨਹੀਂ ਨਾ ਕਰਮ ਆਪੇ ਫਲ ਦੇਂਦੇ ਹਨ, ਸਾਰੇ ਨਿਆਂ ਉਸ ਪਾਸ ਜਾਂਦੇ ਹਨ; ਓਹੀ 'ਕਰੇਇ ਕਰਾਏ' ਭਾਵ ਕਰਣ ਕਰਾਉਣ ਵਾਲਾ ਹੈ। ਆਪ ਹੀ ਜੀਵਾਂ ਵਿਚ ਪਸਚਾਤਾਪ ਪੈਦਾ ਕਰਾ ਦੇਂਦਾ ਹੈ। ਇਸ ਵਿਚ ਇਸ਼ਾਰਾ ਇਹ ਹੈ ਕਿ ਪੱਛੋਤਾਵੇ ਵਾਲੇ ਦੇ ਔਗੁਣ ਧੋ ਹੋ ਜਾਂਦੇ ਹਨ। ਉਲਾਮ੍ਹੇ ਦਾ ਭਾਵ ਪਛੋਤਾਵਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਯਾ ਹੈ:-

ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ॥ [ਆਸਾ ਸ਼ੇਖ ਫਰੀਦ ਜੀ—੨]

ਸੋ ਜਦ ਕਰਣਹਾਰ ਕਰਤਾਰ ਹੈ, ਕਰਮਾਂ ਨੇ ਉਸ ਤੋਂ ਪਰ ਬਾਹਰੇ ਹੋਕੇ ਸਾਨੂੰ ਨਹੀਂ ਮਾਰਨਾ, ਕਰਨਹਾਰ ਕਰਤਾਰ ਕੋਲ ਜਾਣ ਤੇ ਫੈਸਲਾ ਉਸ ਨੇ ਕਰਨਾ ਹੈ ਤਾਂ ਸੰਸਾਰ ਵਿਚ ਕਿਸੇ ਹੋਰ ਵਡਕੇ

*ਸਲੋਕ ਕਬੀਰ ਜੀ—੧੬੯।

ਦੀ ਕੀ ਮੁਥਾਜੀ ਜਦ ਨਜ਼ਰ ਉਸ ਉੱਤੇ ਲੱਗ ਗਈ ਤਦ ਸੰਸਾਰ ਦੀ ਕੀਮਤ ਕੂਤ ਹੀ ਕੀਹ ਦਿਲ ਵਿਚ ਰਹਿ ਗਈ।

ਇਨ੍ਹਾਂ ਦੋ ਤੁਕਾਂ ਦੀ ਬ੍ਰਿਤੀ ਐਉਂ ਬੀ ਰਾਹ ਦੇਂਦੀ ਹੈ ਕਿ ਏਥੇ ਬ੍ਰਹਮ ਗਯਾਨ ਵਾਲੀ ਦ੍ਰਿਸ਼ਟੀ ਵਿਚ ਆਪ ਬੋਲ ਰਹੇ ਹਨ ਕਿ ਸਭ ਕਰਮਾਂ ਦੇ ਕਰਾਉਣ ਵਾਲਾ ਤੇ ਕਰਨ ਵਾਲਾ ਨਯੇਤਾ, ਪ੍ਰੇਰਕ, ਸਭ ਕਾਰਣਾਂ ਤੋਂ ਅੱਗੇ ਕਾਰਣਾ ਦਾ ਕਾਰਣ ਆਪ ਹੈ, ਤੇ ਆਪ ਹੀ ਉਲਾਮੇ, ਭਾਵ ਨਾਲਸ਼ਾਂ, ਜੋ ਸਾਡੇ ਤੋਂ ਦੁਖੇ ਲੋਕ ਉਸ ਪਾਸ ਸਾਡੇ ਵਿਰੁੱਧ ਲੈ ਖੜਦੇ ਹਨ ਸੁਣਕੇ ਚਿੱਤ ਤੇ ਧਰਦਾ, ਭਾਵ ਤੋਲਦਾ ਹੈ। ਜਦ ਇਹ ਹਾਲਤ ਹੈ ਤਾਂ ਤਸੱਲੀ ਰੱਖੋ ਕਿ ਕੋਈ ਅਨਜਾਯ ਨਹੀਂ ਹੋਵੇਗਾ, ਅਤੇ ਨਿਆਂ ਜੋ ਹੋਵੇਗਾ ਉਹ ਸੱਕੀ ਮਾਂ ਵਰਗਾ ਮਿਹਰ ਭਰਿਆ ਨਿਆਂ ਹੋਵੇਗਾ। ਇਸ ਤੋਂ ਸਿੱਟਾ ਇਹ ਨਿਕਲਿਆ ਕਿ ਜਦ ਸਭ ਕੁਛ ਉਸ ਦੇ ਹੱਥ ਹੈ ਤਾਂ ਕਰਮਾਂ ਨੂੰ ਅਟੁਟ* ਸਮਝ ਕੇ ਕਰਮਾਂ ਦੇ ਹਥੋਂ ਨਿਰਾਸ ਨਾ ਹੋਵੋ, ਉਸ ਮਾਲਕ ਨਾਲ ਪਿਆਰ ਕਰੋ ਤੇ ਉਸ ਦੇ ਹੋ ਰਹੋ।

ਅੰਕ ੩— ਅੰਕ ੨ ਵਿਚ ਆਖੀ ਗੱਲ ਦੀ ਪ੍ਰੌਢਤਾ ਲਈ ਅੰਕ ੩ ਉਚਾਰਿਆ ਹੈ। ਇਸ ਵਿਚ ਅਕਾਲ ਪੁਰਖ ਵਾਹਿਗੁਰੂ ਜੀ ਦੇ ਤ੍ਰੈ ਬਿਰਦ ਫੁਰਮਾਉਂਦੇ ਹਨ: ਇਕ ਸਿਰਜਣਹਾਰ, ਦੂਜਾ ਪਾਲਣਹਾਰ, ਤੀਜਾ (ਸੁਮਤੀ ਦੇਣ ਵਾਲਾ) ਗੁਰੂ। ਜਿਵੇਂ ਮਨੁੱਖੀ ਪਿਤਾ ਪੁਤਰ ਉਤਪਤ ਕਰਦਾ, ਉਸ ਨੂੰ ਪਾਲਦਾ ਤੇ ਸਿਖਜਾ ਦੇਂਦਾ ਯਾ ਦਿਵਾ ਕੇ ਵਿਦ੍ਵਾਨ ਬਣਾਉਂਦਾ ਹੈ। ਸੋ ਜਦ ਇਨ੍ਹਾਂ ਤ੍ਰੈ ਬਿਰਦਾਂ ਵਾਲੇ ਖਸਮ ਦੇ ਅਸੀਂ ਪ੍ਰੇਮੀ ਹੋ ਜਾਂਦੇ ਹਾਂ ਤਾਂ ਉਹ ਸਾਡਾ ਅਗਜਾਨ ਸਾਡੀ ਮਤਿ ਦੀ ਖੁਟਿਆਈ ਆਪ ਦੂਰ ਕਰਦਾ ਹੈ। ਸਵਾਲ ਪੈਦਾ ਹੁੰਦਾ ਹੈ: ਕਿਵੇਂ, ਉਹ ਆਪ ਤਾਂ ਅਰੂਪ ਹੈ ? ਤਾਂ ਫੁਰਮਾਉਂਦੇ ਹਨ ਕਿ ਗੁਰੂ ਦੁਆਰਾ। ਹਾਂ, ਗੁਰੂ ਦੀ ਸਿੱਖਿਆ ਪਰ ਟੁਰਨੇ, ਉਸ ਦੀ ਦੱਸੀ ਦੀਖਜਾ ਦੀ ਕਮਾਈ ਕਰਨੇ ਤੇ ਉਸ ਦੀ ਅਨੁਗ੍ਰਹ ਦੁਆਰਾ ਉਹ ਮਨ ਵਿਚ ਆ ਵਸਦਾ ਹੈ। ਹੁਣ ਜੋ ਮਨ ਵਿਹਲੇ ਸੰਕਲਪਾਂ ਵਿਕਲਪਾਂ ਤੇ ਮਨੋਰਾਜਾਂ ਵਿਚ ਲੱਗੇ ਰਹਿ ਕੇ ਅਪਣੇ ਦਿਨ ਰਾਤ ਬਿਰਥੇ ਗੁਆ ਦੇਂਦਾ ਸੀ, ਉਸ ਦੀ ਥਾਵੇਂ ਅਪਣੇ ਮਨ ਵਿਚ ਵਾਹਿਗੁਰੂ ਦਾ ਨਾਮ ਵਸਾ ਲੈਂਦਾ ਹੈ ਤੇ ਇਹੋ 'ਨਾਮ' 'ਨਾਮੀਂ' ਬਣ ਜਾਂਦਾ ਹੈ। ਅਰਥਾਤ ਖਸਮ ਆਪ ਅੰਦਰ ਵੱਸ ਜਾਂਦਾ ਹੈ। ਉਹ ਪ੍ਰਕਾਸ਼ ਸਰੂਪ ਹੈ, ਅਰਥਾਤ ਗਜਾਨ ਉਸਦਾ ਰੂਪ ਹੈ; ਸੋ ਉਸ ਦੇ ਅੰਦਰ ਆ ਵੱਸਿਆਂ ਅਗਜਾਨ ਤੇ ਦੁਰਮਤੀ ਆਦਿ ਦੇ ਹਨੇਰੇ ਦੂਰ ਹੋ ਜਾਂਦੇ ਹਨ। ਦੁਰਮਤੀ ਕਰਕੇ ਦੁੱਖ ਪਾਈਦੇ ਹਨ, ਉਸ ਦੇ ਦੂਰ ਹੋਣ ਨਾਲ ਦੁਖ ਬੀ ਦੂਰ ਹੋ ਜਾਂਦੇ ਹਨ। ਕਾਰਣ ਤੇ ਕਾਰਜ ਦੁਇ ਬਿਲਾ ਜਾਂਦੇ ਹਨ।

ਅੰਕ ੪— ਜਦ ਦੁਖ ਹਨੇਰਾ ਦੂਰ ਹੋ ਜਾਂਦਾ ਹੈ, ਅਰਥਾਤ ਜਦ 'ਦੂਖ ਰੋਗ ਬਿਨਸੇ ਭੈ ਭਰਮ'† ਹੋ ਜਾਂਦਾ ਹੈ ਤਦ ਸ਼ੁੱਧ ਆਪਾ ਜੋ 'ਸੱਚ' ਹੈ ਸੱਚ ਹੋ ਦਿੱਸਦਾ ਹੈ। ਵਾਹਿਗੁਰੂ ਸੱਤਜ ਸਰੂਪ ਹੈ ਸੋ ਇਹ ਸੱਚ ਉਸ ਸੱਚ ਨੂੰ ਵਜਾਪਤ ਹੋ ਜਾਂਦਾ ਹੈ, ਕੀਕੂੰ?ਆਪੇ ਦੇ ਸੱਚ ਸਰੂਪ ਨੂੰ ਪਰਮ ਆਪੇ ਦਾ ਸੱਚ ਸਰੂਪ ਪਿਆਰਾ ਲਗਦਾ ਹੈ। ਸੋ ਸਤਯ ਸਰੂਪ, ਸਤਯ ਸਰੂਪ ਨੂੰ ਮਿਲ ਪੈਂਦਾ ਹੈ, ਅਰਥਾਤੁ ਸਤਯ ਸਰੂਪ ਦੀ ਅੰਸ਼' 'ਸਤਜ ਸਰੂਪ ਅੰਸ਼ੀ' ਨੂੰ ਪ੍ਰਾਪਤ ਹੋ ਜਾਂਦੀ ਹੈ। ਪਰ ਏਥੇ ਇਕ ਨੁਕਤਾ ਹੈ ਜਿਸ ਨੂੰ ਹੱਲ ਕਰਦੇ ਹਨ। ਫੁਰਮਾਉਂਦੇ ਹਨ ਕਿ ਇਹ 'ਸੱਚ ਦਾ ਪਿਆਰ' ਬੀ ਉਸ ਦੀ ਦਾਤ ਸਮਝੋ। ਇਹ ਪ੍ਰੇਮ ਦੀ ਅਵਧੀ ਹੈ ਕਿ ਇਸ ਵੇਲੇ ਦੇ ਪਿਆਰ ਨੂੰ ਜੋ ਅੰਸ਼ੀ ਵਿਚ ਲੈ ਜਾਂਦਾ ਹੈ, ਉਸੇ ਦੀ ਹੀ ਦਾਤ ਸਮਝੋ, ਅਪਣੀ ਕਰਨੀ ਕਰਤੂਤ ਜਪ ਤਪ ਕਿਸੇ ਉਪਾਉ ਦਾ ਫਲ ਨਾ ਸਮਝੋ। ਹਾਂ, ਹਉਂ ਦੀ ਅੰਸ਼ ਮਾਤ੍ਰ ਵੀ ਅੰਦਰ ਨਾਂ ਰੱਖੋ। ਜੈਸਾ ਕਿ ਗੁਰ ਵਾਕ ਹੈ :-

ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ॥

[ਜੈਤਸਰੀ ਮਹਲਾ ੫ ਛੰਤ ੧]

ਜਦ ਦਾਰਸ਼ਨਿਕ ਪਹਿਲੂ ਵਿਚ ਲਵੋ ਤਾਂ ਬੀ ਇਹ ਗੱਲ ਪੂਰੀ ਢੁੱਕਦੀ ਹੈ। 'ਅੰਸ਼' ਜੋ 'ਅੰਤ'

---

*Absolute †ਗਉੜੀ ਮ: ੫, ਸੁਖਮਨੀ, ੨੪-੮।

ਦੇ ਘੇਰੇ ਵਿਚ ਹੁੰਦੀ ਹੈ, ਜਦ ਉਹ ਅਪਣੀ ਮੰਜ਼ਲ ਦੇ ਅੰਤ ਤੇ ਅੱਪੜਦੀ ਹੈ ਤਾਂ 'ਅਨੰਤ' ਵਿਚ ਅਪਣੇ ਕਿਸੇ ਸ੍ਰਮ ਨਾਲ ਨਹੀਂ ਜਾ ਸਕਦੀ। ਉਹ 'ਅੰਤ ਦੇ ਅੰਤ' ਅਨੰਤ ਦੇ ਆਰੰਭ' ਵਿਚ ਜਾ ਪੁੱਜਦੀ ਹੈ ਉਥੇ ਕੋਈ ਕ੍ਰਿਸ਼ਮਾ 'ਅਨੰਤ' ਦਾ ਹੁੰਦਾ ਹੈ ਜੋ ਉਸ ਪੁੱਗੀ ਅੰਤ ਵਾਲੀ ਅੰਸ਼ ਨੂੰ ਅਪਣੇ ਵਿਚ ਖਿਚ ਲੈਂਦਾ ਹੈ। ਇਸ ਨੂੰ ਗੁਰਮਤਿ ਦੀ ਬੋਲੀ ਵਿਚ 'ਨਦਰ' ਆਖਦੇ ਹਨ।

ਹੁਣ ਦੱਸਦੇ ਹਨ ਕਿ ਇਹ ਦਾਤ ਉਸੇ ਨੂੰ ਮਿਲਦੀ ਹੈ ਜੋ ਗੁਰੂ ਪ੍ਰਸਾਦ ਨਾਲ ਸਾਂਈਂ ਨੂੰ ਮਨ ਵਿਚ ਵਸਾ ਕੇ, ਹਉ ਅਤੀਤ ਹੋ, ਸ਼ੁੱਧ ਹੁੰਦਾ ਸੱਤਜ ਸਰੂਪ ਦੇ ਪ੍ਰੇਮ ਵਿਚ ਦਰ ਪੁੱਜਦਾ ਹੈ, ਉਸ ਨੂੰ ਮਹਲੀ ਪ੍ਰਭੂ ਆਪ ਸੱਦ ਕੇ ਮਹਲੀਂ ਦਾਖਲ ਕਰ ਲੈਂਦਾ ਹੈ।

ਸਚੈ ਤਖਤਿ ਬੁਲਾਵੈ ਸੋਇ॥ ਦੇ ਵਡਿਆਈ ਕਰੈ ਸੁ ਹੋਇ॥

[ਆਸਾ ਮਹਲਾ ੧—੨੦]

ਇਹ ਸੱਚ ਉੱਪਰਲੇ ਦੱਸੇ ਸਾਂਈ ਨਾਲ ਪਿਆਰ, ਗੁਰੂ ਦੀ ਮਤਿ ਤੇ ਸਾਂਈਂ ਦੀ ਮਿਹਰ ਨਾਲ ਮਿਲਦਾ ਹੈ। ਜੋ ਤ੍ਰੈਹਾਂ ਗਲੋਂ ਵਾਂਞੇ ਹਨ ਓਹ 'ਅਵਰਾ' = ਹੋਰ ਹਨ, ਉਹਨਾਂ ਨੂੰ ਨਹੀਂ ਮਿਲਦਾ। ਓਹ 'ਅੱਵਰੇ ਹੋਏ ਹਨ, ਓਹ ਦੁੱਖ ਤੇ ਹਨੇਰੇ ਨਾਲ ਅਵਰੇ* ਹੋਏ 'ਅਵਰੀ' ਹਨ।

ਫੇਰ ਅਖ਼ੀਰਲੀ ਤੁਕ ਵਿਚ ਸਿੱਟਾ ਦੱਸਦੇ ਹਨ ਕਿ ਜੋ ਪ੍ਰੇਮੀ ਜੀਉਂਦੇ ਜੀ ਦਰ ਪਰਵਾਣ ਹੋ ਜਾਂਦੇ ਹਨ, ਓਹ ਮਰਕੇ ਵੀ ਅੱਗੇ ਮਹਲੀਂ ਦਾਖਲ ਹੁੰਦੇ ਹਨ।ਅਰਥਾਤ ਸਰੂਪ ਨੂੰ ਪ੍ਰਾਪਤ ਹੁੰਦੇ ਹਨ।ਉਹਨਾਂ ਨੂੰ ਦਰ ਠਾਕ ਨਹੀਂ ਪੈਂਦੀ, ਪੁੱਛ ਨਹੀਂ ਹੁੰਦੀ, ਉਹਨਾਂ ਤੋਂ ਕੋਈ ਲੇਖਾ ਨਹੀਂ ਲਿਆ ਜਾਂਦਾ।

ਨਿਰੁਕ੍ਤ

ਨਿਰੁਕ੍ਤ— **ਮਾਂਗਤੁ**—[ਸੰਸ:, ਮਾਰਗ੍ਣ: = ਭਿਖਾਰੀ] ਮੰਗਤਾ, ਯਾਚਕ। ਇਸ ਦਾ ਅਰਥ ਕ੍ਰਿਆ ਵਿਚ 'ਮੰਗਦਿਆਂ' ਕਰਨਾ ਅਸ਼ੁੱਧ ਹੈ।

ਧੀਰਕ—[ਸੰਸ:, ਧੈਰ੍ਜਯ। ਹਿੰਦੀ ਪੰਜਾਬੀ, ਧੀਰਜ। ਲਹਿ: ਪੰ:, ਧੀਰਕ] ਧੀਰਜ।

ਜੋਤਿ—ਵਾਹਿਗੁਰੂ ਦੀ ਜੋਤਿ ਜੋ ਸਭ ਵਿਚ ਹੈ। ਯਥਾ:-

ਸਭ ਮਹਿ ਜੋਤਿ ਜੋਤਿ ਹੈ ਸੋਇ॥ [ਧਨਾਸਰੀ ਮਹਲਾ ੧-੩]

ਉਲਾਮੇ—[ਸੰਸ:, ਉਪਾਲੰਭ:] ਕਿਸੇ ਨੂੰ ਕੀਤੇ ਕੁਕਰਮ ਤੇ ਗਿਲੇ ਯਾ ਤਾਨ੍ਹੇ ਮੇਹਣੇ ਮਿਲਣੇ। (ਅ) ਮੇਹਣੇ। ਭਾਵ ਵਿਚ ਅਪਣੇ ਆਪ ਨੂੰ ਦਿਤੇ ਮੇਹਣੇ। ਪਸਚਾਤਾਪ। ਪਛੁਤਾਵਾ।

ਚਿਤਿ ਧਰੇਇ—ਚਿਤ ਵਿਚ ਧਰਦਾ ਹੈ, ਉਹਨਾਂ ਦੇ ਖਿਆਲ ਚਿਤ ਵਿਚ ਲਿਆਉਂਦਾ ਹੈ।

ਉਲਾਮ੍ਹੇ ਚਿਤਿ ਧਰੇਇ ਜੀਵਾਂ ਦੇ ਹਿਰਦੇ ਵਿਚ ਪਸਚਾਤਾਪ ਪੈਦਾ ਕਰਦਾ ਹੈ।(ਅ) ਉਹਨਾਂ ਦੇ ਉਲ੍ਹਾਮੇ ਭਾਵ ਕੀਤੇ ਕਰਮਾਂ ਦੀਆਂ ਸ਼ਿਕੈਤਾਂ ਅਪਣੇ ਚਿਤ ਤੇ ਧਰਦਾ ਭਾਵ ਸੁਣਦਾ ਤੇ ਤੋਲਦਾ ਜਾਚਦਾ ਹੈ।

ਮੁਹਤਾਜੀ—[ਅ:, ਮੁਹਤਾਜੀ] ਮੁਥਾਜੀ। ਆਪਣੀ ਲੋੜ ਵਾਸਤੇ ਕਿਸੇ ਦੀ ਖ਼ੁਸ਼ਾਮਦ ਕਰਨੀ।

ਮਨਹਿ—[ਅ:, ਮਨਅ] ਵਰਜਣਾ। ਮਨਹਿ ਕਰੇਇ = ਵਰਜ ਦੇਂਦਾ ਹੈ।ਦੂਰ ਕਰ ਦੇਂਦਾ ਹੈ।

ਅਨ੍ਹੇਰਾ—[ਸੰਸ:, ਅੰਧਕਾਰ: = ਰੌਸ਼ਨੀ ਦੇ ਉਲਟ] ਹਨੇਰਾ ਭਾਵ ਹੈ ਅਗਯਾਨ।

ਦੁਖੁ ਅਨ੍ਹੇਰਾ—ਇਸ ਦਾ ਭਾਵ ਹੈ ਅਗਯਾਨ ਤੇ ਉਸ ਦਾ ਫਲ ਦੁਖ। (ਅ) 'ਹਨੇਰੇ ਦਾ ਦੁਖ ਅਰਥ ਕਰਨਾ ਢੁੱਕਦਾ ਨਹੀਂ। ਅਨੇਰਾ ਪਦ ਸੰਬੰਧ ਕਾਰਕ ਵਿਚ ਨਹੀਂ; ਨਾਹੀ ਦੁਖਾਂ ਦਾ ਹਨੇਰੇ ਅਰਥ ਬਣਦਾ ਹੈ, ਕਿਉਂਕਿ 'ਦੁਖੁ' ਨੂੰ ਔਂਕੜ ਹੈ।

ਸਾਚੁ ਪਿਆਰਾ ਆਪਿ ਕਰੇਇ—ਆਪ ਹੀ ਸੱਚ ਪਿਆਰਾ ਲੁਆ ਦੇਂਦਾ ਹੈ। (ਅ) ਇਸ ਦਾ ਅਰਥ 'ਸਚ ਦਾ ਪਿਆਰਾ' ਕਰਨਾ ਨਹੀਂ ਢੁੱਕਦਾ, ਕਿਉਂਕਿ 'ਸਾਚੁ' ਨੂੰ ਔਂਕੁੜ ਹੈ ਤੇ ਉਹ ਸੰਬੰਧ ਕਾਰਕ

*ਆਛਾਦਾਨ ਕੀਤੇ ਹੋਏ। ਢਕੇ ਹੋਏ।

ਵਿਚ ਨਹੀਂ ਹੈ। ਅਵਰੀ—ਦੂਸਰੇ ਨੂੰ। (ਅ) ਅਵਰੇ ਹੋਏ ਨੂੰ। ਦੁੱਖ ਤੇ ਹਨੇਰੇ ਨਾਲ ਆਛਾਦਨ ਹੋਏ ਨੂੰ।

ਵਖਾਣੈ ਨਾਨਕੁ-ਨਾਨਕ ਵਖਾਣਦਾ ਹੈ। [ਸੰਸ:, ਵਜਾਖਜਾਨੰ = ਬਿਆਨ ਕਰਨਾ, ਦੱਸਣਾ, ਚੰਗੀ ਤਰ੍ਹਾਂ ਕਥਨ ਕਰਨਾ। ਹਿੰ: ਬਖਾਨਨਾ, ਵਰਣਨ ਕਰਨਾ, ਕਹਿਣਾ] ਨਾਨਕ ਕਹਿੰਦਾ ਹੈ (ਅ) ਵਖਾਣੈ ਪਦ 'ਨਾਨਕ' ਪਦ ਦੀ ਕ੍ਰਿਆ ਹੈ, ਜੋ ਕਰਤਾ ਕਾਰਕ ਵਿਚ ਹੈ, ਹੋਰ ਕਿਸੇ ਪਦ ਦੀ ਨਹੀਂ, ਪਰ ਕਈ ਸਜਣ ਵਖਾਣੈ ਦਾ ਏਥੇ ਅਰਥ ਨਾਮ ਜਪੈ ਬੀ ਕਰ ਲੈਂਦੇ ਹਨ ਜੋ ਪ੍ਰਸੰਗ ਦੇ ਕ੍ਰਮ ਵਿਚ ਢੁਕਦਾ ਘੱਟ ਹੈ।

[ਆਸਾ ਮਹਲਾ ੧, ਚਉਪਦਾ—੪]

ਪ੍ਰਾਕ੍ਥਨ— ਅਗਲੇ ਸ਼ਬਦ ਵਿਚ ਸ੍ਰੀ ਗੁਰੂ ਜੀ ਨੇ ਲੋਕਾਂ ਦੇ ਅਪਕਰਮਾਂ ਨੂੰ ਇਕ ਰਾਸ ਪੈ ਰਹੀ ਦੇ ਰੂਪ ਵਿਚ ਵਰਣਨ ਕੀਤਾ ਹੈ। ਦਾਨੇ ਦੱਸਦੇ ਹਨ ਕਿ ਕਿਸੇ ਨੇ ਆਪ ਜੀ ਨੂੰ ਰਾਸ ਵੇਖਣ ਦੀ ਪ੍ਰੇਰਨਾ ਕੀਤੀ ਸੀ ਤਾਂ ਇਹ ਸ਼ਬਦ ਉਚਾਰ ਹੋਇਆ ਸੀ।

ਮੂਲ	ਅਰਥ
ਆਸਾ ਮਹਲਾ ੧ ॥	
ਤਾਲ ਮਦੀਰੇ ਘਟ ਕੇ ਘਾਟ ॥ ਦੋਲਕ ਦੁਨੀਆ ਵਾਜਹਿ ਵਾਜ ॥ ਨਾਰਦੁ ਨਾਚੈ ਕਲਿ ਕਾ ਭਾਉ ॥ ਜਤੀ ਸਤੀ ਕਹ ਰਾਖਹਿ ਪਾਉ ॥੧॥	ਦਿਲਾਂ ਦੀ ਜੋ ਘਾੜਤ (ਆਪੇ ਘੜੀਂਦੀ ਰਹਿੰਦੀ ਹੈ ਅਰਥਾਤ ਸੰਕਲਪ ਵਿਕਲਪ, ਏਹ ਦੋਵੇਂ) ਛੈਣੇ ਤੇ ਘੁੰਗਰੂ ਹਨ। ਦੁਨੀਆਂ (ਦਾਰੀ) ਢੋਲਕ ਹੈ, (ਏਹ ਤ੍ਰੈ ਤਾਂ) ਵਾਜੇ ਵਜ ਰਹੇ ਹਨ। (ਇਸ ਵਾਜੇ ਵਜਦਿਆਂ ਦੇ ਤਾਲ ਅਨੁਸਾਰ ਮਨ ਰੂਪੀ) ਨਾਰਦ ਨਚ ਰਿਹਾ ਹੈ(ਇਸ ਤਰ੍ਹਾਂ ਰਾਸ ਦੇਖਣ ਵਾਲਿਆਂ ਉਤੇ) ਕਲਿਜੁਗ ਦਾ (ਭਾਉ =) ਅਸਰ (ਯਾ) ਪ੍ਰਭਾਵ (ਛਾ ਰਿਹਾ ਹੈ)। (ਇਸ ਰਾਸ ਮੰਡਲ ਵਿਚ) ਜਤੀ ਸਤੀ ਕਿਥੇ ਪੈਰ ਰੱਖਣ ?॥੧॥
ਨਾਨਕ ਨਾਮ ਵਿਟਹੁ ਕੁਰਬਾਣੁ ॥ ਅੰਧੀ ਦੁਨੀਆ ਸਾਹਿਬੁ ਜਾਣੁ ॥੧॥ ਰਹਾਉ ॥	ਹੇ ਨਾਨਕ! ਨਾਮ ਤੋਂ ਸਦਕੇ ਹੋ (ਇਹੋ ਟਿਕਾਣਾ ਹੈ ਜਤੀ ਸਤੀ ਦਾ)। ਹੈ ਅੰਧੀ ਦੁਨੀਆਂ ! (ਤੂੰ ਬੀ ਨਾਮ ਦੁਆਰਾ) ਸਾਹਿਬ ਨੂੰ ਪਛਾਣ॥੧॥ਰਹਾਉ॥
	[ਕਲਿਜੁਗ ਵਿਚ ਨੱਚਣ ਕੁੱਦਣ ਵਾਲੀ ਰਾਸ ਮੰਡਲੀ ਦਾ ਪਾਪ ਮਯ ਨਕਸ਼ਾ ਦੱਸ ਕੇ ਹੁਣ 'ਗੁਰੂ ਚੇਲੇ ਬਣੇ ਹੋਇਆਂ ਦਾ ਵਪਾਰਕ ਸੰਬੰਧ' ਦੱਸਦੇ ਹਨ:-]
ਗੁਰੂ ਪਾਸਹੁ ਫਿਰਿ ਚੇਲਾ ਖਾਇ ॥ ਤਾਮਿ ਪਰੀਤਿ ਵਸੈ ਘਰਿ ਆਇ ॥ ਜੇ ਸਉ ਵਰ੍ਹਿਆ ਜੀਵਣ ਖਾਣੁ ॥ ਖਸਮ ਪਛਾਣੈ ਸੋ ਦਿਨੁ ਪਰਵਾਣੁ ॥੨॥	(ਪਹਿਲਾਂ ਚੇਲਾ ਭੇਟਾ ਲਿਆ ਅੱਗੇ ਧਰਦਾ ਹੈ) ਫੇਰ(ਉਹ) ਚੇਲਾ ਗੁਰੂ ਪਾਸੋਂ ਖਾਂਦਾ ਹੈ; ਸੋ ਰੋਟੀਆਂ ਦੀ ਪ੍ਰੀਤ ਮਨ ਵਿਚ ਆ ਵਸਦੀ ਹੈ (ਭਾਵ ਅੱਜ ਕਲ ਦੇ ਚੇਲਿਆਂ ਵਿਚ ਪ੍ਰੇਮ ਨਹੀਂ ਗੁਰੂ ਪਾਸੋਂ ਖਾਣ ਪੀਣ ਦੀ 'ਤੁਆਮ ਪ੍ਰੀਤ' ਹੈ।ਐਉਂ) ਜੇ (ਉਹ) ਸੈਂਕੜੇ ਵਰਹੇ ਜੀਉਂਦਾ (ਤੇ ਗੁਰੂ ਤੋਂ) ਖਾਂਦਾ ਰਹੇ (ਤਾਂ ਬਿਰਥਾ ਹੈ, ਕਿਉਂਕਿ ਤੁਆਮ-ਪ੍ਰੀਤ ਨਾਲ ਕਲਜਾਣ ਨਹੀਂ ਹੋਣੀ। ਹਾਂ, ਜਿਸ ਦਿਨ) ਮਾਲਕ (ਵਾਹਿਗੁਰੂ) ਨੂੰ ਪਛਾਣ ਲਵੇਗਾ ਉਹ ਦਿਨ (ਦਰਗਾਹ) ਲੇਖੇ ਲੱਗੇਗਾ॥੨॥
ਦਰਸਨਿ ਦੇਖਿਐ ਦਇਆ ਨ ਹੋਇ ॥ ਲਏ ਦਿਤੇ ਵਿਣੁ ਰਹੈ ਨ ਕੋਇ ॥	(ਦੇਖ ਲਓ ਕਿ ਲੋੜਵੰਦ ਦਾ) ਦਰਸ਼ਨ ਦੇਖਿਆਂ (ਉਸ ਦੀ ਲੋੜਕੂ ਹਾਲਤ ਤੇ) ਦਇਆ ਨਹੀਂ ਉਪਜਦੀ। ਲਏ ਦਿੱਤੇ ਬਿਨਾ ਕੋਈ ਰਹਿ ਹੀ ਨਹੀਂ ਸਕਦਾ। [ਹੁਣ ਕਲਿਜੁਗ ਦੇ

ਰਾਜਾ ਨਿਆਉ ਕਰੇ ਹਥਿ ਹੋਇ ॥
ਕਹੈ ਖੁਦਾਇ ਨ ਮਾਨੈ ਕੋਇ ॥੩॥

ਰਾਜਿਆਂ ਤੇ ਹਾਕਮਾਂ ਦਾ ਹਾਲ ਦੱਸਦੇ ਹਨ] (ਦੇਖੋ) ਰਾਜਾ (ਤਾਂ) ਨਿਆਂ ਕਰਦਾ ਹੈ (ਜੇ ਨਿਆਂ ਮੰਗਣ ਵਾਲੇ ਦੇ) ਹੱਥ ਵਿਚ (ਵੱਢੀ ਦੇਣ ਲਈ ਧਨ) ਹੋਵੇ। (ਜੇ ਕੋਈ) ਆਖੇ (ਕਿ) ਖ਼ੁਦਾ (ਦੇ ਵਾਸਤੇ ਨਿਆਂ ਕਰ ਤਾਂ) ਕੋਈ (ਰਾਜਾ ਯਾ ਰਾਜਸੀ ਉਹਦੇਦਾਰ) ਮੰਨਦਾ ਨਹੀਂ॥੩॥

ਮਾਣਸ ਮੂਰਤਿ ਨਾਨਕੁ ਨਾਮੁ ॥
ਕਰਣੀ ਕੁਤਾ ਦਰਿ ਫੁਰਮਾਨੁ ॥

[ਜੀਵਾਂ ਦਾ ਸਮੁੱਚਾ ਹਾਲ ਸੰਖੇਪ ਕਰ ਦੱਸਦੇ ਹਨ:] ਹੇ ਨਾਨਕ ! (ਇਸ ਕਲਜੁਗ ਵਿਚ ਜੀਵਾਂ ਦੀ) ਸੂਰਤ ਮਾਨੁਖ ਦੀ ਹੈ ਤੇ ਨਾਮ (ਬੀ ਮਾਨੁਖ ਹੈ ਪਰ) ਕਰਣੀ ਵਿਚ (ਇਨਸਾਨ) ਕੁੱਤਾ (ਹੋ ਰਿਹਾ ਹੈ ਜੋ) ਦਰਵਾਜ਼ੇ ਤੇ (ਖੜਾ) ਹੈ (ਤੇ ਖੜਾ ਰੋਟੀ ਦੀ ਖ਼ਾਤਰ ਹੈ, ਤੇ ਰੋਟੀ ਪਾਉਣ ਵਾਲੇ ਦਾ) ਹੁਕਮ (ਮੰਨ ਰਿਹਾ ਹੈ)।

ਗੁਰ ਪਰਸਾਦਿ ਜਾਣੈ ਮਿਹਮਾਨੁ ॥
ਤਾ ਕਿਛੁ ਦਰਗਹ ਪਾਵੈ ਮਾਨੁ॥੪॥੪॥

[ਹੁਣ ਇਸ ਭੈੜੀ ਹਾਲਤ ਦਾ ਦਾਰੂ ਦੱਸਦੇ ਹਨ:] ਗੁਰੂ (ਨੂੰ ਮਿਲਕੇ ਉਸ ਦੀ) ਮੇਹਰ ਪ੍ਰਾਪਤ ਕਰੇ (ਤੇ ਆਪ ਨੂੰਇਸ ਦੁਨੀਆਂ ਵਿਚ) ਪ੍ਰਾਹੁਣਾ ਸਮਝੇ ਤਾਂ ਦਰਗਾਹ ਵਿਚ ਜਾ ਕੇ ਕੁਛ ਮਾਨ ਪਾਇਗਾ। (ਭਾਵ ਗੁਰੂ ਦੀ ਸੇਵਾ ਕਰਕੇ ਨਾਮ ਪ੍ਰਾਪਤੀ ਦੀ ਮੇਹਰ ਪਾਕੇ ਨਾਮ ਜਪੇ ਪਰ ਜਪਦਾ ਹੋਇਆ ਦੁਨੀਆਂ ਨੂੰ ਸਦੈਵੀ ਜਾਣ ਕੇ ਪਿਆਰ ਨਾ ਕਰੇ, ਆਪ ਨੂੰ ਪ੍ਰਾਹੁਣਾ ਜਾਣ ਕੇ ਸਤਿ ਸੰਤੋਖ ਨਾਲ ਨਿਰਬਾਹ ਕਰੇ)॥੪॥੪॥

ਵਜਾਖਜਾ— ਦੁਨੀਆਂ ਵਿਚ ਵਰਤ ਰਹੀ ਦੁਨਿਯਾਵੀ ਹਵਸ਼ ਦੀ ਨੀਵੀਂ ਗਤੀ ਦਾ ਨਕਸ਼ਾ ਖਿੱਚ ਕੇ ਦੱਸਦੇ ਹਨ।

ਰਹਾਉ ਵਿਚ ਦੱਸਦੇ ਹਨ ਕਿ ਦੁਨੀਆਂ ਅੰਨ੍ਹੀ ਹੋ ਰਹੀ ਹੈ ਜੋ ਵਾਹਿਗੁਰੂ ਜੀ ਨੂੰ ਭੁਲਾ ਰਹੀ ਹੈ। ਉਸ ਨੂੰ ਉਪਦੇਸ਼ ਦੇਂਦੇ ਹਨ ਕਿ ਉਸ ਮਾਲਕ ਦੀ ਸਿਆਣ ਵਿਚ ਜੀਵੇ।

ਅੰਕ ੨ ਤੋਂ ਅੰਧੀ ਹੋਣ ਦੇ ਰੂਪ ਦਿਖਾਲਦੇ ਹਨ। ਪਹਿਲਾਂ ਲੈਂਦੇ ਹਨ ਭਗਤੀ ਮਾਰਗ ਵਾਲਿਆਂ ਨੂੰ, ਜੋ ਰੋਟੀਆਂ ਦਾ ਉਪਾਉ ਬਣ ਰਹੀ ਹੈ। ਰਾਂਸਾਂ ਪੈਂਦੀਆਂ ਹਨ, ਘੁੰਗਰੂ ਛੈਣੇ ਢੋਲਕ ਵਜਦੇ ਹਨ, ਪਰ ਮਨ ਸੰਕਲਪਾਂ ਵਿਕਲਪਾਂ ਵਿਚ ਨਚਦਾ ਰਹਿੰਦਾ ਹੈ ਤੇ ਕਲਿਜੁਗ ਦਾ ਪ੍ਰਭਾਵ ਅਰਥਾਤ ਪਾਪ-ਮਈ ਬ੍ਰਿਤੀ ਪ੍ਰਧਾਨ ਰਹਿੰਦੀ ਹੈ। ਜਤੀ ਸਤੀ ਦਾ ਇਸ ਵਿਚ ਕੋਈ ਥਾਂ ਨਹੀ ਜ਼ੋਰ ਦੇਣ ਲਈ ਪ੍ਰਸ਼ਨ ਵਾਚੀ ਵਾਕ ਕਿਹਾ ਹੈ, ਕਿ ਜਤੀ ਸਤੀ ਪੈਰ ਕਿੱਥੇ ਰੱਖੇ ? ਭਾਵ ਇਨ੍ਹਾਂ ਵਿਚ ਜਤੀ ਸਤੀ ਦਾ ਕੋਈ ਸਤਿਕਾਰ ਨਹੀਂ ਤੇ ਜਤੀ ਸਤੀ ਨੂੰ ਇਨ੍ਹਾਂ ਵਿਚ ਪ੍ਰਵਿਰਤ ਹੋਣੋ ਸੰਕੋਚ ਹੁੰਦਾ ਹੈ, ਕਿਉਂਕਿ ਉਸ ਕੁਸੰਗ ਵਿਚ, ਜੋ ਜ਼ਾਹਰੀ ਦਿਖਾਵੇ ਮਾਤ੍ਰ ਸਤਿਸੰਗ ਹੈ, ਜਤੀ ਸਤੀ ਕੀਕੂੰ ਜਾ ਬੈਠੇ ? ਇਸ ਕਹਿਣ ਵਿਚ ਧ੍ਵਨੀ ਇਹ ਹੈ ਕਿ ਰਾਸਾਂ ਦੇ ਪਰਦਿਆਂ ਵਿਚ ਪਾਪ ਹੁੰਦੇ ਹਨ*।

ਅੰਕ ੨ ਵਿਚ ਦੇਸ਼ ਵਿਚ ਪ੍ਰਵਿਰਤ ਗੁਰੂ ਚੇਲੇ ਦੇ ਸਨਬੰਧ ਨੂੰ ਲੈਂਦੇ ਹਨ ਕਿ ਪਹਿਲੋਂ ਚੇਲਾ ਪ੍ਰਸਾਦ ਲੈ ਕੇ ਮਿਲਦਾ ਹੈ ਤੇ ਮੱਥੇ ਟੇਕਦਾ ਹੈ ਫੇਰ ਗੁਰੂ ਦੇ ਘਰ ਵਿਚ ਹੀ ਰਹਿ ਪੈਂਦਾ ਹੈ। ਗੁਰੂ ਦੇ ਹੋਰ ਸਿਖਾਂ ਵਿਚਾਲੇ ਚੌਧਰੀ ਬਣਦਾ ਹੈ ਤੇ ਅਪਣੀ ਉਪਜੀਵਕਾ ਬਣਾ ਲੈਂਦਾ ਹੈ।ਸੋ ਹੁਣ ਚੇਲਾ ਗੁਰੂ ਤੋਂ ਖਾਂਦਾ ਹੈ। ਇਸ ਕਰਕੇ ਕਿਹਾ ਕਿ ਪਹਿਲੋਂ ਖੁਆਉਂਦਾ ਤੇ ਫੇਰ ਖਾਂਦਾ ਹੈ। ਦੂਜੀ ਸੈਨਤ ਇਹ ਹੈ ਕਿ ਚੇਲੇ ਬਣਕੇ ਲੋਕਾਂ ਵਿਚ ਵਡਿਆਈਆਂ ਕਰਕੇ ਪ੍ਰੇਰ ਪ੍ਰੇਰ ਕੇ ਚੇਲੇ ਲਿਆਉਂਦੇ ਹਨ ਓਹ ਭੇਟਾਂ ਦੇਂਦੇ ਹਨ ਗੋਯਾ ਬੁਲਾਰ ਬਟੇਰੇ ਦਾ ਕੰਮ ਕਰਦੇ ਹਨ। ਉਸ ਆਈ ਭੇਟਾ ਵਿਚੋਂ ਗੁਰੂ ਐਸੇ ਬੁਲਾਰ

*ਇਹ ਲੁਕਵੇਂ ਪਾਪ ਇਸ ਸਮੇਂ ਤਕ ਬੀ ਇਨ੍ਹਾਂ ਜ਼ਾਹਰੀ ਸਤਿਸੰਗਾਂ ਵਿਚ ਹੁੰਦੇ ਸੁਣੀਦੇ ਹਨ।

ਚੇਲਿਆਂ ਨੂੰ ਦਰਮਾਂਹੇ ਦੇਂਦੇ ਹਨ। ਐਉਂ ਚੇਲਾ "ਫਿਰ" ਗੁਰੂ ਤੋਂ ਖਾਂਦਾ ਹੈ ! ਸੋ ਰੋਟੀ ਦੀ ਪ੍ਰੀਤਿ ਕਰਕੇ ਗੁਰੂ ਦੇ ਘਰ ਹੀ ਰਹਿ ਪੈਂਦਾ ਹੈ। ਇਸ ਤੁਕ ਦਾ ਇਹ ਭਾਵ ਬੀ ਹੈ ਕਿ 'ਤਾਮ ਪ੍ਰੀਤ' ਮਨ ਵਿਚ ਆ ਵਸਦੀ ਹੈ, ਆਤਮਕ ਪ੍ਰੀਤ ਕੋਈ ਨਹੀਂ ਹੁੰਦੀ। ਅਗਲੀਆਂ ਦੋ ਤੁਕਾਂ ਵਿਚ ਖਾਣ ਪੀਣ ਦੇ ਲਾਲਚ ਦੀ ਨਖੇਧੀ ਕਰਕੇ ਅਪਣਾ ਉਪਦੇਸ਼ ਦੇਂਦੇ ਹਨ ਕਿ ਸੈਂਕੜੇ ਵਰਹੇ ਜੀ ਕੇ 'ਤਾਮ ਪ੍ਰੀਤ' ਵਾਲਿਆਂ ਦੀ ਕਲਜਾਣ ਨਹੀਂ ਹੋ ਸਕਦੀ। ਦਰਗਾਹ ਵਿਚ ਖਸਮ ਦੀ ਪਛਾਣ ਦਾ ਮੁੱਲ ਪੈਣਾ ਹੈ ਸੋ ਜਿਸ ਦਿਨ ਇਹ ਪਛਾਣ ਮਿਲ ਜਾਏ ਉਹੀ ਪਰਵਾਣ ਹੈ, ਬਾਕੀ ਦਿਨ ਬਿਰਥੇ ਗਏ ਸਮਝੋ।

ਅੰਕ ੩ ਵਿਚ ਆਮ ਵਰਤਾਰਾ ਤੇ ਖਾਸ ਕਰ ਨਿਆਯ ਕਰਨ ਵਾਲੇ ਰਾਜੇ ਆਦਿਕਾਂ ਨੂੰ ਲੈਂਦੇ ਹਨ। ਲੋੜਵੰਦ ਵੇਖ ਕੇ ਵੇਖਣੇ ਮਾਤ੍ਰ ਨਾਲ ਦਇਆ ਕਿਸੇ ਨੂੰ ਨਹੀਂ ਉਪਜਦੀ। ਇਸੇ ਤਰ੍ਹਾਂ ਅਧਿਕਾਰੀ ਜਗਜਾਸੂ ਉਤੇ'ਤਾਮ ਪ੍ਰੀਤੀਂ' ਵਾਲੇ ਗੁਰੂ ਨੂੰ ਦਇਆ ਨਹੀਂ ਉਪਜਦੀ, ਬਹੁਤ ਦੇਣ ਵਾਲੇ ਤੇ ਤ੍ਰੁੱਠਦਾ ਹੈ। ਗੱਲ ਕੀ, ਸਭ ਸਨਬੰਧ ਲੈਣ ਦੇਣ ਹੋ ਗਏ ਹਨ। ਇਸੀ ਤਰ੍ਹਾਂ ਜੇ ਕਿਸੇ ਦੇ ਹੱਥ ਵਿਚ ਵੱਢੀ ਦੇਣ ਲਈ ਮਾਯਾ ਹੋਵੇ ਤਾਂ ਰਾਜਾ ਨਿਆਂ ਕਰਦਾ ਹੈ। ਜੇ ਕੋਈ ਫਰਯਾਦੀ ਕਹੇ ਕਿ ਹੇ ਹਾਕਮ ! ਰੱਬ ਦੇ ਵਾਸਤੇ ਮੇਰਾ ਨਿਆਂ ਕਰ, ਤਾਂ ਖੁਦਾ ਦਾ ਵਾਸਤਾ ਕੋਈ ਹਾਕਮ ਕਿ ਰਾਜਾ ਨਹੀਂ ਮੰਨਦਾ। ਅਜ ਕਲ ਬੀ ਧਨੀ ਪੁਰਖ ਹੀ ਮੁਕੱਦਮੇ ਅਕਸਰ ਜਿੱਤਦੇ ਹਨ। ਉਂਞ ਨਿਆਂ ਲੈਣ ਲਈ ਅਦਾਲਤਾਂ ਦੇ ਜ਼ਾਹਰਾ ਖਰਚ ਬੀ ਮਾਯਾ-ਧਾਰੀ ਹੀ ਕਰ ਸਕਦੇ ਹਨ।

ਅੰਕ ੪ ਵਿਚ ਫੁਰਮਾਉਂਦੇ ਹਨ ਕਿ ਸਿੱਟੇ ਦੀ ਗਲ ਇਹ ਹੈ ਕਿ ਜੀਵਾਂ ਨੇ ਨਾਮ ਤਾਂ ਮਨੁੱਖ ਧਰਾ ਲਿਆ ਹੈ ਤੇ ਸੂਰਤ ਵੀ ਮਾਨੁਖ ਦੀ ਹੀ ਹੈ ਪਰ ਇਨ੍ਹਾਂ ਦੀ ਬ੍ਰਿਤੀ ਵਿਚ'ਤਾਮ ਪ੍ਰੀਤ' ਪ੍ਰਧਾਨ ਹੋਣ ਕਰਕੇ ਇਨ੍ਹਾਂ ਦੀ ਕਰਤੂਤ ਕੁੱਤੇ ਵਾਲੀ ਹੋ ਰਹੀ ਹੈ, ਜੋ ਦਰ ਤੇ ਖੜਾ ਟੁੱਕਰ ਪਾਉਣ ਵਾਲੇ ਦੇ ਫੁਰਮਾਨ (ਹੁਕਮ) ਨੂੰ ਪਿਆ ਮੰਨਦਾ ਹੈ

ਪਿਛਲੀਆਂ ਦੋ ਤੁਕਾਂ ਵਿਚ ਸਾਰੀ ਹਾਲਤ ਦਾ ਉਧਾਰ ਦੱਸਦੇ ਹਨ: ਕਿ 'ਗੁਰੂ ਪ੍ਰਸਾਦਿ' ਪ੍ਰਾਪਤ ਕਰੇ। ਉਹ ਪ੍ਰਾਪਤ ਹੋਣਾ ਹੈ ਗੁਰੂ ਕੋਲ ਜਾ ਕੇ, ਉਸ ਦੀ ਹਿਦਾਯਤ ਲੈ ਕੇ, ਉਸ ਉਤੇ ਅਮਲ ਕਰਨੇ ਨਾਲ। ਉਸ ਨੇ ਸਿਖਯਾ ਦੇਣੀ ਹੈ : ਨੇਕ ਜੀਵਨ ਬਸਰ ਕਰੋ, ਆਪ ਨੂੰ ਮਹਿਮਾਨ ਸਮਝੋ, ਦਿਲ ਦੀ ਪ੍ਰੀਤ, ਸਰਲਤਾ ਤੇ ਸਚਯਾਈ ਸਿੱਖੋ, ਸਾਹਿਬ ਦੀ ਸਿਫਤ ਸਲਾਹ ਕਰੋ, ਉਸ ਦਾ ਨਾਮ ਸਿਮਰੋ, ਤੇ ਸਦਾ ਉਸ ਦੀ ਹਜ਼ੂਰੀ ਵਿਚ ਵੱਸੋ। ਇਸ ਕਰਨੀ ਨਾਲ ਦਰਗਾਹ ਵਿਚ ਮਾਣ ਮਿਲੇਗਾ।

ਨਿਰੁਕ੍ਤ— ਤਾਲ—[ਸੰਸ:, ਤਾਲ:=ਹਥ ਦੀ ਤਾਲੀ। ਤਲੀ ਤੇ ਤਲੀ ਮਾਰਨਾ ਨਾਲ ਜੋ ਅਵਾਜ਼ ਆਵੇ ਸੋ ਤਾਲ। ਖਾਸ ਵਕਤ ਦੀ ਮੇਣਤੀ ਵਿਚ ਹੱਥ ਤੇ ਹੱਥ ਮਾਰ ਕੇ ਗਾਉਣ ਯਾ ਨਚਣ ਦਾ ਮਾਪ ਦੱਸਣਾ ਤਾਲ ਹੈ] ਗਾਉਣ ਵਜਾਉਣ ਨੱਚਣ ਵਿਚ ਵਕਤ ਦਾ ਮਾਪ ਤੇ ਲਯ ਦਾ ਐਦਾਜ਼। (੨) ਝਾਂਜਰਾਂ : ਛੈਣੇ। ਤੁਕ ਵਿਚ ਭਾਵ ਛੈਣਿਆਂ ਤੋਂ ਹੈ।

ਮਦੀਰੇ—[ਸੰਸ:, ਮਞ੍ਜੀਰੰ] ਘੁੰਗਰੂ। **ਘਟ**—ਹਿਰਦਾ। **ਘਾਟ**—ਘਾੜਤ।

ਘਟ ਕੇ ਘਾਟ ਮਨ ਦੀਆਂ ਘਾੜਤਾਂ। ਭਾਵ ਸੰਕਲਪ ਵਿਕਲਪ।

ਦੋਲਕ—[ਫਾ:, ਦੁਹੁਲ (ਕ)] **ਢੋਲਕ। ਢੋਲਕੀ** (ਅ) ਕਈ ਦਾਨੇ ਦੋਲਕ **ਨੂੰ ਏਥੇ ਸ਼ਲੇਖ ਲੈਕੇ** ਅਰਥ ਕਰਦੇ ਹਨ ਕਿ ਦੋਲਕ=**ਦ੍ਵੈਤ ਰੂਪੀ** (ਦੋਲਕ=) **ਢੋਲਕੀ** ਵਜ ਰਹੀ ਹੈ।

ਨਾਰਦੁ—[ਸੰਸ:, ਨਾਰਦ:] ਇਕ ਰਿਖੀ ਦਾ ਨਾਮ ਹੈ, ਜਿਸ ਦੇ ਵਾਕ ਵੇਦਾਂ ਵਿਚ ਹਨ। ਇਕ ਰਿਖੀ ਜੋ ਭਗਤੀ ਮਾਰਗ ਦਾ ਇਕ ਆਚਾਰਯ ਹੋਇਆ ਹੈ। (ਵਿਸ਼ੇਸ਼ ਦੇਖੋ ਦੂਜੀ ਪੋਥੀ ਪੰਨਾ ੫੬੧)। ਨਾਰਦ ਲੜਾਈਆਂ ਕਰਾਉਣ ਤੇ ਦੁਬਿਧਾ ਪਾਉਣ ਵਾਲੇ ਨੂੰ ਬੀ ਕਹਿੰਦੇ ਹਨ। ਉਸ ਦੀ **ਭਗਤੀ ਨੱਚਣ**

ਗਾਉਣ ਵਾਲੀ ਤੇ ਦੁਬਿਧਾ ਪੁਆਉਣ ਦੀ ਵਾਦੀ ਕਰਕੇ ਐਸੇ ਆਦਮੀ ਨੂੰ ਨਾਰਦ ਕਹਿ ਦੇਂਦੇ ਹਨ। ਇਥੇ ਤੁਕ ਵਿਚ ਭਾਵ ਮਨ ਤੋਂ ਹੈ ਜੋ ਸੰਕਲਪ ਵਿਕਲਪ ਵਿਚ ਸਦਾ ਨੱਚਦਾ ਰਹਿੰਦਾ ਹੈ ਤੇ ਦੁਬਿਧਾ ਵਿਚ ਪਿਆ ਰਹਿੰਦਾ ਹੈ।

ਭਾਉ—[ਸੰਸ:, ਭਾਵ:] ਪ੍ਰਭਾਵ, ਅਸਰ।

ਜਤੀ ਸਤੀ—[ਸੰਸ:, ਯਤਿ: ਸਤਜਵਾਦੀ] ਅਪਣੇ ਆਪ ਨੂੰ ਵਿਭਚਾਰ ਤੋਂ ਰੋਕ ਰੱਖਣ ਵਾਲਾ ਜਤੀ ਹੈ। ਸੱਚ ਬੋਲਣ ਵਾਲਾ, ਸੱਚ ਵਰਤਣ ਵਾਲਾ ਤੇ ਹਰ ਪ੍ਰਕਾਰ ਉੱਚੇ ਆਚਰਣ ਵਾਲਾ 'ਸਤੀ' ਹੈ

ਕਹ—[ਪੰ:] ਕਿੱਥੇ। ਇਹ ਪਦ ਇਨ੍ਹਾਂ ਅਰਥਾਂ ਵਿਚ ਹੋਰਥੇ ਵੀ ਗੁਰਬਾਣੀ ਵਿਚ ਆਇਆ ਹੈ।

ਯਥਾ:—ਮਨ ਕਹ ਅਹੰਕਾਰਿ ਅਫਾਰਾ॥ [ਦੇਵ ਗੰਧਾਰੀ ਮ: ੫-੧੧]

ਕੁਰਬਾਣੂ ਤੇ ਜਾਣ ਦੋਨੋਂ ਕ੍ਰਿਯਾ ਪਦ ਹਨ: ਕੁਰਬਾਨ ਹੋ ਤੇ ਜਾਣ ਲੈ।

ਤਾਮਿ [ਅ:, ਤੁਆਮ] ਰੋਟੀ। **ਤਾਮਿ ਪਰੀਤਿ** = ਰੋਟੀਆਂ ਦੀ ਪ੍ਰੀਤ।

ਘਰਿ-ਘਰ ਵਿਚ। ਮਨ ਵਿਚ ਖਾਣ ਪੀਣ ਦੀ ਪ੍ਰੀਤ।

ਹਥਿ ਹੋਇ—ਹੱਥ ਵਿਚ (ਕੁਛ) ਹੋਵੇ ਤਾਂ। ਭਾਵ ਵੱਢੀ ਦੇਣ ਲਈ ਯਾ ਅਦਾਲਤਾਂ ਤੇ ਖਰਚ ਕਰਨ ਜੋਗੀ ਪੱਲੇ ਮਾਯਾ ਹੋਵੇ ਤਾਂ।

ਕਹੈ ਖੁਦਾਇ—ਜੇ ਕੋਈ ਕਹੇ ਕਿ ਖੁਦਾ (ਦੇ ਵਾਸਤੇ ਕਰ ਦੇਹ)।

ਦਰਿ ਫੁਰਮਾਨੁ—[ਫਾ:, ਦਰ (= ਦਰਵਾਜ਼ਾ) ਫੁਰਮਾਨ = ਹੁਕਮ, ਆਗਯਾ] (ਜੋ) ਦਰ ਵਿਚ ਖੜਾ ਹੁਕਮ (ਮੰਨਦਾ ਹੈ)। (ਅ) ਦਰ ਫੁਰਮਾਨ ਦਾ ਅਰਥ 'ਦਰਗਾਹ ਦਾ ਫੁਰਮਾਨ ਹੈ' ਬੀ ਕਰ ਦੇਈਦਾ ਹੈ ਪਰ ਦਰਿ ਨੂੰ ਸਿਆਰੀ ਹੈ ਜੋ ਦੱਸਦੀ ਹੈ ਕਿ 'ਦਰ ਵਿਚ ਫੁਰਮਾਨ' ਠੀਕ ਅਰਥ ਹੈ ਤੇ ਪ੍ਰਸੰਗ ਦੱਸਦਾ ਹੈ ਕਿ ਕੁੱਤੇ ਦੀ ਕਰਣੀ ਇਹ ਹੈ ਕਿ ਦਰ ਵਿਚ ਖੜਾ ਰੋਟੀ ਪਾਉਣ ਵਾਲੇ ਦਾ ਹੁਕਮ ਮੰਨਦਾ ਹੈ।

ਮਿਹਮਾਣੁ—[ਫਾ:, ਮਿਹਮਾਨ = ਜੋ ਆਦਰ ਯੋਗ ਹੋਵੇ] ਪ੍ਰਾਹੁਣਾ। 'ਆਪ ਨੂੰ ਪ੍ਰਾਹੁਣੇ ਜਾਣਨ' ਦਾ ਭਾਵ ਹੈ ਕਿ ਜੀਵ ਮੋਹ ਮਾਯਾ ਵਿਚ ਖਚਿਤ ਨਾ ਹੋਵੇ। 'ਏਥੇ ਸਦਾ ਨਹੀਂ ਰਹਿਣਾ' ਇਹ ਜਾਣ ਕੇ ਜੀਵਨ ਬਸਰ ਕਰੇ ਤਦ ਓਹ ਖਚਿਤ ਹੋ ਕੇ, ਗਾਫਲੀ ਵਿਚ ਪੈ ਕੇ, ਪਾਪ ਕਰਮ ਨਹੀਂ ਕਰੇਗਾ ਤੇ ਸਾਂਈਂ ਦੀ ਹਜ਼ੂਰੀ ਵਿਚ ਰਹੇਗਾ। ਸਹਿਜ ਬੈਰਾਗ ਤੋਂ ਭਾਵ ਹੈ।

[ਆਸਾ ਮਹਲਾ ੧, ਚਉਪਦਾ—੫]

ਮੂਲ	ਅਰਥ
ਆਸਾ ਮਹਲਾ ੧ ॥ ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥	ਜਿਤਨਾ ਰੂਪ ਹੈ (ਅਰਥਾਤ ਰੂਪਵਾਨ ਸੰਸਾਰ ਹੈ ਇਸ ਵਿਚ ਜੋ ਦੇਹ ਹੈ ਅਰਥਾਤ ਦੇਹ ਧਾਰੀ ਰਚਨਾ ਹੈ ਉਸ ਦੇਹ ਵਿਚ) ਜਿਤਨਾ ਕੁ ਸ਼ਬਦ (= ਆਤਮਾ ਹੈ, ਉਸ ਰੂਪ ਤੇ ਸ਼ਬਦ ਦੇ ਮੇਲ ਤੋਂ ਜੋ) ਸੁਰਤਿ (ਬਣੀ) ਹੈ (ਅੱਰਥਾਤ ਜੋ ਮਨ ਬੁਧੀ ਆਦਿ ਚੇਤਨਤਾ ਹੈ। (ਉਸ ਤੋਂ) ਧੁਨਿ (= ਬਾਣੀ ਹੁੰਦੀ ਹੈ ਅਰਥਾਤ ਉਹ ਬਾਣੀ ਕਿ ਜਿਸ ਨਾਲ ਕਾਇਆਂ ਵਾਲੇ ਅਪਣੇ ਕੰਮ ਸਾਰਦੇ ਹਨ ਅਤੇ) ਕਾਇਆਂ (ਭਾਵ ਸਰੀਰ) ਉਤਨਾ (ਸਭ ਕੁਛ) ਤੇਰਾ ਹੈ।
ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥	ਤੂੰ ਆਪ ਹੀ (ਰਸ ਲੈਣ ਤੇ ਮਿੱਠਾ ਬੋਲ ਕੇ ਰਸ ਦੇਣ ਵਾਲੀ) ਜੀਭ ਹੈਂ, ਆਪ ਹੀ ਬਸਨਾ (= ਵਾਸ਼ਨਾ ਲੈਣੇ ਵਾਲਾ ਘ੍ਰਾਣ ਅੰਗ) ਹੈਂ, ਹੇ ਭਾਈ ! (ਮੈਂ) ਹੋਰ ਕੋਈ ਦੂਸਰਾ ਨਹੀਂ ਕਹਿੰਦਾ ਹਾਂ॥ ੧॥

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥	ਮੇਰਾ ਮਾਲਕ (ਵਾਹਿਗੁਰੂ) ਇੱਕੋ ਹੈ, ਹੇ ਭਾਈ! ਇਕੋ ਹੈ, ਇਕੋ ਹੈ॥੧॥ ਰਹਾਉ॥
ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥ ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥੨॥	(ਉਹ ਆਪੇ ਮਾਰਦਾ ਹੈ, ਆਪੇ ਛੱਡ ਦੇਂਦਾ ਹੈ, ਆਪੇ ਲੈਂਦਾ ਹੈ (ਆਪੇ) ਦੇਂਦਾ ਹੈ। ਆਪੇ ਵੇਖਦਾ ਹੈ, ਆਪੇ ਖੁਸ਼ ਹੁੰਦਾ ਹੈ, ਆਪੇ (ਮੇਹਰ ਦੀ) ਨਜ਼ਰ ਕਰਦਾ ਹੈ॥੨॥
ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ॥ ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥੩॥	ਜੋ ਕੁਛ (ਉਸ ਨੇ ਆਪੇ) ਕਰਨਾ ਹੈ ਉਹ ਕਰ ਰਿਹਾ ਹੈ; (ਉਸ ਕਰਨੇ ਤੋਂ ਛੁੱਟ) ਹੋਰ ਕੁਛ ਕੀਤਾ ਨਹੀਂ ਜਾ ਸਕਦਾ। (ਪਰ ਜੋ ਕੁਛ) ਜੇਹੋ ਜੇਹਾ ਵਰਤਦਾ ਹੈ ਉਹੋ ਜੇਹਾ ਆਖੀਦਾ ਹੈ, (ਉਂਵ ਹੈ) ਸਾਰੀ ਤੇਰੀ ਵਡਿਆਈ॥੩॥
ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ ॥ ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥੪॥੫॥	ਕਲਿ (= ਕਲਿਯੁਗ ਕਲਵਾਈ =) ਸ਼ਰਾਬ ਪਿਲਾਉਣ ਵਾਲੀ (ਕਲਾਲਨ ਹੈ), ਮਾਇਆ (ਮਦੁ =) ਸ਼ਰਾਬ ਹੈ, ਮਨ (ਮਤਵਾਲਾ =) ਸ਼ਰਾਬੀ ਹੈ (ਜੋ ਇਸ ਸ਼ਰਾਬ ਨੂੰ) ਮਿਠਾ (ਕਰਕੇ) ਪੀਂਦਾ ਰਹਿੰਦਾ ਹੈ। (ਸੋ) ਨਾਨਕ ਵਿਚਾਰਾ ਇਹ ਆਖਦਾ ਹੈ ਕਿ ਆਪ ਹੀ ਬਹੁਤ ਤਰ੍ਹਾਂ ਦੇ ਰੂਪ ਧਾਰਦਾ ਹੈ॥੪॥੫॥

ਵਜਾਖਜਾ— ਇਸ ਸ਼ਬਦ ਵਿਚ ਇਕ ਦਾਰਸ਼ਨਿਕ ਪੱਖ ਦੀ ਵਿਵੇਚਨਾ ਹੈ। ਪਾਰਸ ਦੇ ਪੁਰਾਣੇ ਮਜੂਸੀ ਮਤਿ ਨੇ ਦੋ ਪ੍ਰਕਾਰ ਦੇ 'ਈਸ਼੍ਵਰ' ਮੰਨੇ ਹਨ, ਇਕ ਜੋ ਨੇਕੀ ਦਾ ਖ਼ੁਦਾ ਹੈ ਉਸ ਨੂੰ 'ਯਜ਼ਦਾਨ' ਆਖਦੇ ਸਨ, ਤੇ ਦੂਜਾ ਬਦੀ ਦਾ ਜਿਸ ਨੂੰ 'ਆਹਰਮਨ' ਆਖਦੇ ਸਨ। ਯਹੂਦੀ ਈਸਾਈ ਤੇ ਮੁਸਲਮਾਨਾਂ ਨੇ ਇਕ ਖ਼ੁਦਾ ਤੇ ਇਕ ਸ਼ੈਤਾਨ ਮੰਨਿਆ ਹੈ। ਖ਼ੁਦਾ ਨੇਕ ਤੇ ਨੇਕੀ ਦੇਣਹਾਰ ਹੈ, ਸ਼ੈਤਾਨ ਬਦੀ ਦਾ ਪ੍ਰੇਰਕ ਤੇ ਕਰਾਉਣ ਵਾਲਾ, ਪਰ ਉਹ ਖ਼ੁਦਾ ਦੇ ਬਰਾਬਰ ਨਹੀਂ, ਉਹ ਖ਼ੁਦਾ ਤੋਂ ਬਾਗ਼ੀ ਹੋਇਆ ਹੋਇਆ ਹੈ ਤੇ ਜੀਵਾਂ ਨੂੰ ਬਾਗ਼ੀ ਬਣਾਉਂਦਾ ਹੈ। ਪਰੰਤੂ ਗੁਰੂ ਜੀ 'ਏਕੋ ਹੈ ਭਾਈ ਏਕੋ ਹੈ' ਦੱਸਦੇ ਹਨ, ਦੂਏ ਨੂੰ, ਦੂਈ ਦੁਐਤ ਨੂੰ ਨਹੀਂ ਮੰਨਦੇ। ਤੇ ਦੁਨੀਆਂ ਵਿਚ ਬਦੀ ਦਿੱਸਦੀ ਹੈ, ਸੋ ਉਹ ਕੀਕੂੰ ਵਰਣਨ ਹੋਵੇ ? ਇਸ ਪਰ ਆਪ ਜੀ ਦੱਸਦੇ ਹਨ ਕਿ ਇਹ ਉਸ ਦਾ ਖੇਲ ਹੈ। ਉਸੇ ਨੇ

ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ [ਵਾਰ ਆਸਾ : ੧-੧]

ਜੋ ਕੁਛ ਇਸ ਵਿਚ ਵਰਤ ਰਿਹਾ ਹੈ ਕਰ ਤਾਂ ਜੀਵ ਰਹੇ ਹਨ ਤੇ ਓਹ ਅਪਣੇ ਕੀਤੇ ਦੇ ਜ਼ਿੰਮੇਵਾਰ ਹਨ, ਕਿਉਂਕਿ ਕੀਤੇ ਦੇ ਫਲ ਵਿਚ ਦੁਖ ਸੁਖ ਭੋਗਦੇ ਦਿੱਸਦੇ ਹਨ, ਪਰ ਕਾਰਣਾਂ ਦਾ ਕਾਰਣ (Ultimate cause) ਉਹੋ ਹੀ ਕਹਿਣਾ ਬਣਦਾ ਹੈ, ਕਿਉਂਕਿ, ਰੂਪ, ਕਾਇਆਂ, ਸੁਰਤ, ਮਤਿ, ਮਨ ਸਭ ਦੇ ਪਿਛੇ ਚੇਤਨ ਸੱਤਾ ਉਸੇ ਦੀ ਹੈ। ਜੇ ਉਹ ਧੁਰ ਅੰਦਰ ਨਾਂ ਰਹੇ ਤਾਂ ਕਾਇਆਂ ਕੁਛ ਕਰ ਹੀ ਨਹੀਂ ਸਕਦੀ। ਇਹ ਗੱਲ ਸਮਝੇ ਤਾਂ ਕੁਛ ਪੈ ਜਾਂਦੀ ਹੈ, ਪਰ ਇਹ ਦ੍ਰਿਸ਼ਟੀ ਹੋ ਜਾਣੀ ਕਿ ਦ੍ਰਿਸ਼ਟੀ ਕਾਰਣਾਂ ਤੋਂ ਉੱਠ ਕੇ ਕਾਰਣਾਂ ਦੇ ਕਾਰਣ ਤੇ ਜਾ ਟਿਕੇ, ਇਹ ਪੂਰਨ ਬ੍ਰਹਮ ਗਯਾਨ ਹੋਏ ਤੇ ਪ੍ਰਾਪਤ ਹੁੰਦੀ ਹੈ। ਗੁਰੂ ਜੀ ਜੋ ਕੁਛ ਫੁਰਮਾ ਰਹੇ ਹਨ ਓਹ ਪੂਰਨ ਬ੍ਰਹਮ ਗਯਾਨੀ ਦੀ ਦ੍ਰਿਸ਼ਟੀ ਵਰਣਨ ਕਰ ਰਹੇ ਹਨ, ਪਰ ਫੇਰ 'ਹਉਂ ਅਤੀਤ' ਹੋਣ ਕਰਕੇ ਕਿਸ ਨਿੰਮ੍ਰਤਾ ਵਿਚ ਹਨ ਕਿ ਆਪ ਨੂੰ 'ਬਪੁਰਾ' ਕਹਿ ਰਹੇ ਹਨ।

ਨਿਰੁਕਤ—ਸਬਦੁ—[ਸੰਸ:, ਧਾਤੂ ਸ਼ਬ੍ਦ-ਅਵਾਜ਼ ਕਰਨੀ, ਬੋਲਣਾ। ਸ਼ਬ੍ਦ: = ਅਵਾਜ਼] ਅਵਾਜ਼, ਨਾਦ। (ਅ) ਬ੍ਰਹਮ,ਆਤਮਾ, ਰੂਹ। ਗੁਰਬਾਣੀ ਵਿਚ ਏਹ ਅਰਥ ਹੋਰ ਥੇ ਬੀ ਆਏ ਹਨ ਯਥਾ:-

ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ॥ [ਵਾਰ ਸੋਰਠਿ ਮ: ੪—੨੯]

'ਜੇਤਾ ਸਬਦੁ' ਵਾਲੀ ਉਪਰਲੀ ਤੁਕ ਵਿਚ ਭਾਵ 'ਸਰੀਰ ਅੰਦਰਲੇ ਆਤਮਾ' ਤੋਂ ਹੈ। (ਅ) ਸਬਦ ਦਾ ਅਰਥ ਸੰਸਾਰ ਬੀ ਏਥੇ ਕਰ ਲੈਂਦੇ ਹਨ। ਜਿੰਨਾ ਸੰਸਾਰ ਹੈ ਇਸ ਵਿਚ ਜੋ ਹੋਸ਼ ਹੈ ਬੋਲਣ ਸੱਤਜਾ ਹੈ, ਤੇਰੀ ਹੈ। (ੲ) ਸ਼ਬਦ:-ਅਵਾਜ਼। ਜਿੰਨਾ ਸਬਦ (ਸੁਰਤ =)ਸੁਣਾਈ ਦਿੰਦਾ ਹੈ ਉਹ ਸਭ ਤੇਰੀ ਧੁਨੀ (ਤੋਰੀ ਹੋਈ ਤੁਰ ਰਹੀ ਹੈ)। (ਸ) ਜਿੰਨਾ ਧੁਨਿ (=ਉਚਾਰਣ) ਹੈ ਸਬਦ (ਅਵਾਜ਼) ਦਾ (ਜੋ) ਸੁਰਤਿ (=ਅੰਦਰਲੀ ਹੋਸ਼ ਕਰਕੇ) ਹੁੰਦਾ ਹੈ, ਸਭ ਤੇਰਾ ਹੈ।

ਸੁਰਤਿ—ਸਰੀਰ ਦੀ ਅੰਦਰਲੀ ਹੋਸ਼। ਗਜਾਤ, ਮਨ ਬੁਧੀ ਵਾਲੀ ਸਮੁੱਚੀ ਚੇਤਨਤਾ। [ਸ੍ਰੁਤਿ] = ਸੁਣਨ ਸੱਤਜਾ। (ਦੇਖੋ ਪੰਨਾ ੧੭੪੨)।

ਧੁਨਿ—[ਸੰਸ: ਧ੍ਵਨਿ:] ਰਉਂ। ੨. ਅਵਾਜ਼। ੩. ਬਾਣੀ। ੪. ਵਜੰਗ ਤੇ ਚਮਤਕਾਰੀ ਅਰਥ ਨੂੰ ਬੀ ਧੁਨੀ ਆਖਦੇ ਹਨ। ਆਦਿ।

ਰਸਨਾ—[ਸੰਸ:, ਰਸ਼ਨਾ, ਰਸਨਾ = ਜ਼ਬਾਨ]। ਰਸ ਲੈਣ ਵਾਲੀ ਜੀਭ।

ਬਸਨਾ—ਵਾਸ਼ਨਾ, ਖੁਸ਼ਬੋ। ਖੁਸ਼ਬੋ ਲੈਣ ਵਾਲਾ ਅੰਗ। ਘ੍ਰਾਣ ਨੱਕ।

ਮਾਈ,ਭਾਈ—ਅੰਕ ੧ ਤੇ ਰਹਾਉ ਵਿਚ ਮਾਈ ਭਾਈ ਦੁਇ ਪਦ ਵਰਤੇ ਹਨ,ਭਾਵ ਹੈ ਹੇ ਸ੍ਰੋਤਾ ਯਾ ਪੜ੍ਹਨ ਵਾਲੇ ! ਹੇ ਭਾਈ।

ਕਲਿ—ਕਲਿਜੁਗ। **ਕਲਵਾਲੀ**—ਕਲਾਲਨ, ਮਦ ਪਿਲਾਉਣ ਵਾਲੀ।

ਮਦ—[ਸੰਸ:, ਮਦ:] ਸ਼ਰਾਬ। **ਮਤਵਾਲਾ**—ਸ਼ਰਾਬੀ, ਸ਼ਰਾਬ ਪੀਣ ਵਾਲਾ, ਪੀਕੇ ਮਸਤ ਹੋਣ ਵਾਲਾ। **ਬਪੁੜਾ**—ਵਿਚਾਰਾ।

[ਆਸਾ ਮਹਲਾ ੧, ਚਉਪਦਾ—੬]

ਮੂਲ	ਅਰਥ
ਆਸਾ ਮਹਲਾ ੧ ॥	
ਵਾਜਾ ਮਤਿ ਪਖਾਵਜੁ ਭਾਉ ॥ ਹੋਇ ਅਨੰਦੁ ਸਦਾ ਮਨਿ ਚਾਉ ॥ ਏਹਾ ਭਗਤਿ ਏਹੋ ਤਪ ਤਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥	ਇਹ (ਅਸਲੀ)ਭਗਤੀ ਹੈ, ਇਹੋ (ਅਸਲੀ) ਤਪ ਤਪਣਾ ਹੈ। ਇਸ ਤਰ੍ਹਾਂ ਪ੍ਰੇਮ ਵਿਚ ਰਹੋ, (ਇਹੋ) ਪੈਰ ਧਰਨੇ ਹਨ(ਸੋ) ਧਰੋ, ਇਹੋ ਨਾਚ ਨੱਚੋ। [ਕਿਵੇਂ ? ਉੱਤਰ:] (ਸਾਰੰਗੀ ਸਤਰ ਆਦਿ) ਵਾਜਾ ਤਾਂ ਹੋਵੇ 'ਅਕਲ' ਤੇ ਤਬਲੇ ਹੋਣ ਪ੍ਰੇਮ ਦੇ (ਜਿਨ੍ਹਾਂ ਕਰਕੇ) ਮਨ ਵਿਚ ਸਦਾ ਚਾਉ ਹੋਵੇ (ਭਗਤੀ ਦਾਤੇ) ਆਨੰਦ ਹੋਵੇ (ਪ੍ਰਾਪਤੀ ਦਾ)॥੧॥
ਪੂਰੇ ਤਾਲ ਜਾਣੈ ਸਾਲਾਹ ॥ ਹੋਰੁ ਨਚਣਾ ਖੁਸੀਆ ਮਨ ਮਾਹ ॥੧॥ ਰਹਾਉ ॥	(ਜੇ ਵਾਹਿਗੁਰੂ ਦੀ) ਸਿਫਤ ਸਲਾਹ (ਕਰਨੀ) ਜਾਣ ਲਵੇਗਾ (ਤਾਂ) ਤਾਲ (ਐਉਂ) ਪੂਰੇਗਾ।ਹੋਰ ਨੱਚਣੀਆਂ ਮਨ ਵਿਚ (ਰਜੋ ਗੁਣੀ) ਖੁਸ਼ੀਆਂ (ਦਾ ਪ੍ਰਭਾਵ ਪਾਉਂਦੀਆਂ ਹੈਨ)॥੧॥ਰਹਾਉ॥
ਸਤੁ ਸੰਤੋਖੁ ਵਜਹਿ ਦੁਇ ਤਾਲ ॥ ਪੈਰੀ ਵਾਜਾ ਸਦਾ ਨਿਹਾਲ ॥ ਰਾਗੁ ਨਾਦੁ ਨਹੀ ਦੂਜਾ ਭਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥	ਸਤੁ ਤੇ ਸੰਤੋਖ (ਦੀ ਧਾਰਨਾ) ਦੋ ਛੈਣੇ ਵੱਜਣ। (ਸਾਂਈਂ ਦੀ ਹਜ਼ੂਰੀ ਵਿਚ) ਸਦਾ ਨਿਹਾਲ ਰਹਿਣਾ (ਇਹ) ਪੈਰਾਂ ਦਾ ਵਾਜਾ (ਭਾਵ ਘੁੰਗਰੂ) ਹੋਣ। ਦੂਜੇ ਭਾਵ ਦਾਨਾ ਹੋਣਾ (ਅਰਥਾਤ ਹਰੀ ਪ੍ਰੇਮ ਬਿਨ ਕੋਈ ਹੋਰ ਪ੍ਰੇਮ ਨਾ ਹੋਵੇ) ਇਹ ਹੈ ਰਾਗ ਤੇ ਨਾਦ। (ਹੇ ਭਾਈ ! ਇਹ ਅਸਲੀ ਨਾਚ ਹੈ) ਇਸ (ਈਸ਼੍ਵਰੀ) ਪ੍ਰੇਮ ਵਿਚ ਪੈਰ ਧਰ ਧਰ (ਭਾਵ ਤੁਰ ਤੁਰਕੇ) ਨੱਚੋ॥੨॥

ਭਉ ਫੇਰੀ ਹੋਵੈ ਮਨ ਚੀਤਿ ॥ ਬਹਦਿਆ ਉਠਦਿਆ ਨੀਤਾ ਨੀਤਿ ॥ ਲੇਟਣਿ ਲੇਟਿ ਜਾਣੈ ਤਨੁ ਸੁਆਹੁ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੩॥	(ਰਾਸ ਧਾਰੀਏ ਨਚਦੇ ਨਚਦੇ ਫੇਰੀਆਂ ਲੈਂਦੇ ਹਨ ਸੋ ਵਾਹਿਗੁਰੂ ਜੀ ਦਾ) ਭਉ ਮਨਚਿਤ ਵਿਚ ਹੋਣਾ ਫੇਰੀ ਹੋਵੇ। (ਹਾਂ ਇਹ ਭਉ) ਬਹਿਦਿਆਂ ਉਠਦਿਆਂ ਨਿਤ ਨਿਤ (ਮਨ ਵਿਚ) ਹੋਵੇ। (ਕਈ ਵੇਰ ਫੇਰੀਆਂ ਲੈਂਦੇ ਰਾਸ ਧਾਰੀਏ ਤਾਲ ਵਿਚ ਹੀ ਲੇਟਣੀ ਲੈ ਜਾਂਦੇ ਹਨ ਸੋ ਇਸ) ਸਰੀਰ ਨੂੰ ਸੁਆਹ (ਨਾਸ਼ਮਾਨ) ਸਮਝਣਾ ਇਹ ਲੇਟਣਾ ਹੈ। ਐਉਂ (ਈਸ਼੍ਵਰੀ) ਪ੍ਰੇਮ ਵਿਚ ਪੈਰ ਧਰ ਧਰ ਨੱਚੋ॥੩॥
ਸਿਖ ਸਭਾ ਦੀਖਿਆ ਕਾ ਭਾਉ ॥ ਗੁਰਮੁਖਿ ਸੁਣਣਾ ਸਾਚਾ ਨਾਉ ॥ ਨਾਨਕ ਆਖਣੁ ਵੇਰਾ ਵੇਰ ॥ ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ॥੪॥੬॥	ਜਿਨ੍ਹਾਂ ਸਿਖਾਂ ਦਾ(ਗੁਰ-) ਦੀਖਿਆ ਵਿਚ ਪ੍ਰੇਮ ਹੈ (ਉਹਨਾਂ ਦੀ) ਸਭਾ ਵਿਚ (ਜਾਵੇ ਇਹ ਅਸਲੀ ਨਾਚ ਦਾ ਅਖਾੜਾ ਹੋਵੇ, ਓਥੇ ਜਾ ਕੇ ਗੀਤ ਸੁਣਨੇ ਦੀ ਥਾਂ) ਗੁਰੂ ਦੁਆਰਾ ਸਚਾ ਨਾਮ ਸੁਣੇ। ਹੇ ਨਾਨਕ ! (ਫੇਰ ਉਸ ਨਾਮ ਨੂੰ) ਬਾਰੰਬਾਰ ਉਚਾਰਣ ਕਰੈ। ਐਉਂ (ਈਸ਼੍ਵਰੀ) ਪ੍ਰੇਮ ਵਿਚ ਪੈਰ ਧਰ ਧਰ ਕੇ ਨੱਚੋ॥੪॥੬॥

ਵ੍ਯਾਖ੍ਯਾ— ਸ੍ਰੀ ਗੁਰੂ ਜੀ ਦੇ ਸਮੇਂ ਜਿਵੇਂ ਜੋਗੀਆਂ ਦਾ ਮਤਿ ਬਹੁਤ ਚਲ ਰਿਹਾ ਸੀ, ਤਿਵੇਂ ਭਗਤੀ ਦਾ ਵਰਤਾਵ ਰਾਸਾਂ ਤੇ ਨਾਚ ਰੰਗਾਂ ਵਿਚ ਇਕ ਸਰੀਰਕ ਖੁਸ਼ੀਆਂ ਤੇ ਤਮਾਸ਼ੇ,ਨਾਟਕ ਮਾਤ੍ਰ ਦੀ ਸ਼ਕਲ ਲੈ ਗਿਆ ਸੀ, ਜਿਸ ਤੋਂ ਪਰਮਾਰਥ ਸਿਧੀ ਕੋਈ ਨਹੀਂ ਸੀ ਹੁੰਦੀ। ਸਗੋਂ ਕਦੇ ਕਦੇ ਤਿਨ੍ਹਾਂ ਦੇ ਪਰਦੇ ਹੇਠ ਮਾੜੀਆਂ ਗੱਲਾਂ ਬੀ ਹੋ ਜਾਂਦੀਆਂ ਸਨ। ਇਸ ਹਾਲਤ ਨੂੰ ਹਾਨੀਕਾਰਕ ਲਖ ਕੇ ਰਾਸਾਂ ਦੇ ਪ੍ਰੇਮ ਵਾਲੀਆਂ ਨੂੰ ਸ਼ੁਭ ਮਤ ਦਿਤੀ ਤੇ ਭਗਤੀ ਅਸਲੀ ਸਿਖਲਾਈ। ਇਸ ਸ਼ਬਦ ਵਿਚ ਰਾਸਾਂ ਦੇ ਸਾਮਾਨ ਤੇ ਪਦ ਵਰਤ ਕੇ ਪ੍ਰੇਮਾ ਭਗਤੀ ਦਾ ਰੂਪ ਦੱਸਿਆ ਹੈ। ਜਿਸ ਦੇ ਅੰਗ ਇਹ ਦੱਸੇ ਹਨ:- -ਸ਼ੁਭ ਮਤਿ, ਪ੍ਰੇਮ, ਸਿਫਤ ਸਲਾਹ, ਸਤਿ, ਸੰਤੋਖ, ਭਉ, ਸਰੀਰਕ ਮੋਹ ਤੋਂ ਨਿਰਮੋਹਤਾ, ਸਾਧ ਸੰਗਤ ਦੇ ਦੀਵਾਨ ਵਿਚ ਹਾਜ਼ਰੀ, ਨਾਮ ਦੀ ਪ੍ਰਾਪਤੀ ਤੇ ਨਾਮ ਦਾ ਦਮ ਬਦਮ ਅਭ੍ਯਾਸ। ਤਪ ਤਾਉ ਪਦ ਅੰਕ ੧ ਵਿਚ ਰੱਖਕੇ ਦੱਸ ਦਿਤਾ ਕਿ ਇਹ ਜੋ ਅਸਾਂ ਸੱਚੀ ਭਗਤੀ ਦੇ ਅੰਗ ਦੱਸੇ ਹਨ ਇਹੋ ਜੋਗ ਆਦਿ ਸਾਧਨ ਤੇ ਤਪ ਕਰਨੇ ਸਮਝ ਲੈਣੇ। ਭਾਵ ਤਪ ਤੇ ਭਗਤੀ ਸਭੋ ਕੁਛ ਇਨ੍ਹਾਂ ਸਾਡੇ ਦੱਸੇ ਅੰਗਾਂ ਵਿਚ ਆ ਜਾਂਦਾ ਹੈ।

ਨਿਰੁਕ੍ਤ— ਵਾਜਾ—[ਸੰਸ:, ਵਾਜ:='ਧੁਨਿ,ਨਾਦ,ਆਵਾਜ਼'।੨.ਬਾਜੂ। ੩. ਪਰ (ਪੰਛੀ ਦੇ)] ਕੋਈ ਸਾਜ਼ ਜੋ ਵਜਾਇਆ ਜਾਵੇ। 'ਪਖਾਵਜ' ਪਦ ਅਗੇ ਪਿਆ ਹੈ, ਇਸ ਕਰਕੇ ਪਖਾਵਜ ਤੋਂ ਇਤਰ ਵਾਜਾ ਭਾਵ ਹੈ। ਸੋ ਬੀਨਾ, ਸਾਰੰਗੀ, ਸਤਾਰ ਕੋਈ ਵਾਜਾ ਭਾਵ ਹੈ।

ਪਖਾਵਜੁ—[ਸੰਸ:, ਪਕਖ+ਵਾਦਜ=ਪਕਸ਼ਵਾਦਜ] ਤਬਲੇ। ਜੋੜੀ। (ਅ) ਇਉਂ ਬੀ ਕਰਦੇ ਹਨ ਕਿ ਪ੍ਰੇਮ ਜੋ ਹੈ ਸੋ ਪਖਾਵਜ ਦਾ ਵਜਾਉਣ ਵਾਲਾ ਹੈ। ਪਖਾਵਜ ਦਾ ਅਰਥ ਪਖਾਵਜੀ ਲੈ ਲੈਂਦੇ ਹਨ।

ਹੋਇ ਅਨੰਦੁ—ਇਹੋ ਭਗਤੀ ਹੈ, ਇਹੋ ਤਪ ਤਾਉ ਹੈ, ਭਾਵ ਤਪਸ੍ਯਾ ਤੇ ਯੋਗ ਆਦਿ ਸਾਧਨ ਹਨ। ਰਖਿ ਰਖਿ ਦਾ ਭਾਵ ਦਾਨੇ ਲੋਕ ਇਹ ਲੈਂਦੇ ਹਨ ਕਿ ਵਿਚਾਰ ਨਾਲ ਬੁੱਧੀ ਰੂਪੀ ਪੈਰ ਧਰ ਧਰਕੇ ਸੰਸਾਰ ਵਿਚ ਟੁਰੋ, ਭਾਵ ਜੀਵਨ ਬਸਰ ਕਰੋ।

ਤਾਲ—ਛੈਣੇ (ਦੇਖੋ ਪਿਛੇ ਪੰਨਾ ੨੨੦੬)।

ਰਾਗੁ ਨਾਦੁ—[ਸੰਸ:+ਨਾਦ:] ਰਾਗ ਤੇ ਅਲਾਪ। (ਅ) ਰਾਗ ਦੀ ਅਵਾਜ਼। (ੲ) ਰਾਗ ਅਨੁਸਾਰ ਸਾਜ਼ ਦਾ ਸੁਰ ਕਰਨਾ ਰਾਗ ਦਾ ਨਾਦ ਕਰਨਾ ਭਾਵ ਲੈ ਲੈਂਦੇ ਹਨ।

ਵੇਰਾ ਵੇਰ—ਵਾਰ ਵਾਰ। ਬਾਰੰਬਾਰ। ਲਗਾਤਾਰ।

[ਆਸਾ ਮਹਲਾ ੧, ਚਉਪਦਾ੭]

ਪ੍ਰਾਕ੍ਥਨ—ਇਸ ਸ਼ਬਦ ਵਿਚ ਸ੍ਰੀ ਗੁਰੂ ਜੀ ਫੁਰਮਾ ਰਹੇ ਹਨ ਕਿ ਅਕਾਲ ਪੁਰਖ ਜੀ ਨੂੰ ਰਾਵਣ ਦਾ ਮਾਰਣ ਵਾਲਾ, ਕਾਲੀ ਨੱਥਣ ਵਾਲਾ, ਕੰਸ ਛੇਦਕ, ਮੋਹਿਨੀ ਅਵਤਾਰ ਕਹਿਣਾ ਉਸ ਦੀ ਉਪਮਾ ਕਰਨੀ ਨਹੀਂ, ਪਰਮ ਉਪਮਾ ਯੋਗ ਨੂੰ ਨਜੂਨ ਉਪਮਾ ਦੇਣੀ ਹੈ ਜੋ ਕਈ ਵੇਰ ਨਿੰਦਾ ਤੁੱਲ ਹੋ ਜਾਂਦੀ ਹੈ; ਸ਼ਬਦ ਵਿਚ ਬੜੇ ਚਮਤਕਾਰੀ ਢੰਗ ਤੇ ਇਹ ਅਸਲ ਗੱਲ ਦਿਖਲਾਈ ਹੈ।

ਮੂਲ	ਅਰਥ
ਆਸਾ ਮਹਲਾ ੧ ॥ ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥ ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥੧॥	(ਹੇ ਅਕਾਲ ਪੁਰਖ ! ਤੂੰ ਜੋ) ਪਉਣ, ਧਰਤੀ, ਜਲ, ਅਗਨੀ (ਆਦਿਕ) ਪੈਦਾ ਕਰਕੇ, (ਜਲ ਅਗਨੀ ਜੈਸੇ ਵਿਰੋਧੀ ਤੱਤਾਂ ਦਾ ਯੋਗ) ਪ੍ਰਬੰਧ ਕਰ ਦਿਤਾ (ਐਉਂ ਧਰੀ ਸਭ =) ਸਾਰੀ (ਸ੍ਰਿਸ਼ਟੀ) ਰਚ ਧਰੀ ਹੈ। (ਹੰਕਾਰ ਵਿਚ) ਅੰਨ੍ਹਿਆਂ ਹੋਕੇ ਰਾਵਣ ਨੇ (ਅਪਣਾ) ਸਿਰ ਕਟਵਾ ਲਿਆ (ਜੇ ਕਹੀਏ ਕਿ ਤੂੰ ਸਿਰ ਕਟਿਆ ਤਾਂ) ਰਾਵਣ ਮਾਰ ਕੇ ਤੂੰ ਵਡਾ ਕੀਕੂੰ ਹੋ ਗਿਆ (ਜੇ ਸਰਵ ਬ੍ਰਹਮੰਡਾਂ ਦਾ ਰਚਣ, ਪਾਲਣ ਤੇ ਸੰਹਾਰ ਕਰਤਾ ਹੈਂ॥੧॥
ਕਿਆ ਉਪਮਾ ਤੇਰੀ ਆਖੀ ਜਾਇ ॥ ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥੧॥ ਰਹਾਉ ॥	(ਅਸਾਂ ਜੀਵਾਂ ਤੋਂ) ਤੇਰੀ ਉਪਮਾਂ ਕੀਹ ਆਖੀ ਜਾਵੇ ! ਤੂੰ ਸਭਨਾਂ ਵਿਚ ਭਰਪੂਰ ਹੋ ਰਿਹਾ ਹੈਂ (ਤੇ ਅਪਣੇ ਆਪ ਅਪਣੇ ਸਰੂਪ ਵਿਚ) ਲਿਵ ਲਾਏ (ਅਖੰਡ ਸਰੂਪ ਵਿਚ ਹੈਂ। ਭਾਵ ਤੇਰਾ ਕਿਸੇ ਨਾਲ ਵੈਰ ਵਿਰੋਧ ਨਹੀਂ ਇਕ ਰਸ ਸਭ ਵਿਚ ਪਰੀਪੂਰਨ ਹੈਂ)॥੧॥ ਰਹਾਉ॥
ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ॥	(ਤੂੰ ਸਾਰੇ ਬ੍ਰਹਮੰਡਾਂ ਦੇ) ਜੀਵ ਪੈਦਾ ਕਰਕੇ (ਸਾਰਿਆਂ ਨੂੰ ਹੁਕਮ ਵਿਚ ਰੱਖਣ ਦੀ) ਜੁਗਤ (ਤੂੰ ਆਪ ਆਪਣੇ) ਹੱਥ ਕੀਤੀ ਹੋਈ ਹੈ, (ਇਕ) ਕਾਲੀ ਨਾਗ ਨੂੰ ਨੱਥਕੇ (=ਆਪਣੇ ਕਾਬੂ ਵਿਚ ਕਰਕੇ) ਤੂੰ ਕਿਵੇਂ ਵੱਡਾ ਹੋ ਗਿਆ। (ਭਾਵ ਇਹ ਵਡਿਆਈ ਕਰਨੀ ਨਹੀਂ ਕਿ ਬ੍ਰਹਮੰਡ ਤੇ ਵਸੀਕਾਰ ਰਖਣ ਵਾਲੇ ਨੂੰ ਇਕ ਨਾਗ ਦਾ ਵੱਸ ਕਰਤਾ ਕਿਹਾ ਜਾਵੇ)।
ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ ॥੨॥	ਕਿਸ (ਇਸਤ੍ਰੀ ਦਾ) ਤੈਨੂੰ ਪਤੀ (ਤੇ) ਕਿਸ (ਪਤੀ) ਦੀ (ਤੈਨੂੰ) ਇਸਤ੍ਰੀ ਆਖੀਏ, (ਤੂੰ ਤਾਂ ਪਤੀ ਪਤਨੀ) ਸਭ ਦੇ ਅੰਤਰ ਵਜਾਪਕ ਹੋ ਰਿਹਾ ਹੈਂ॥੨॥
ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥ ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ ॥੩॥	ਵਰ ਦਾਤਾ(=ਵਰਾਂ ਦੇ ਦੇਣ ਵਾਲਾ) ਬ੍ਰਹਮ ਕੁਟੰਬ ਸਮੇਤ (ਕਮਲ ਦੀ) ਨਾਲ ਵਿਚ ਸ੍ਰਿਸ਼ਟੀ (ਦਾ ਕਰਤਾ ਤੇ ਉਸਦਾ ਅੰਤ) ਭਾਲਣ ਗਿਆ ਪਰ ਅਗੋਂ (ਭਾਵ ਪਰ ਤੋਂ ਪਰੇ ਜਾ ਕੇ ਬੀ) ਉਸ ਦਾ ਅੰਤ ਨਾ ਪਾ ਸਕਿਆ (ਉਸ ਵਿਸ਼ਾਲ ਸ੍ਰਿਸ਼ਟੀ ਦੇ ਕਰਤਾ ਜੇ 'ਕੰਸ ਛੇਦੀ' ਕਹਿ ਦਿੱਤਾ ਤਾਂ ਉਹ ਇਕ) ਕੰਸ ਨੂੰ ਮਾਰਕੇ ਕੀਕੂੰ ਵੱਡਾ ਹੋ ਗਿਆ ?॥੩॥
ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ ॥	(ਜਦੋਂ) ਖੀਰ (ਨਾਮੇ ਸਮੁੰਦਰ) ਨੂੰ ਰਿੜਕਿਆ (ਅਤੇ ਉਸ ਕਰਤਾ ਪੁਰਖ ਦੇ) ਉਪਾਏ ਹੋਏ ਰਤਨ ਬਾਹਰ ਕਢ ਆਂਦੇ (ਤਦ ਰਿੜਕਣ ਵਾਲੇ ਦੈਂਤ ਤੇ ਦੇਵਤੇ ਆਪੋ ਵਿਚ ਵੰਡ ਉਤੇ ਝਗੜ

ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ ॥੪॥੭॥

ਪਏ ਤੇ ਹੋਰ=) ਬਹੁਤ ਗੁੱਸੇ ਵਿਚ ਬੋਲ ਉਠੇ (ਉਹ ਕਹਿਣ ਇਹ ਕੰਮ) ਅਸਾਂ ਕੀਤਾ ਹੈ, (ਉਹ ਕਹਿਣ) ਅਸਾਂ ਕੀਤਾ ਹੈ। (ਤਦ ਮੋਹਨੀ ਅਵਤਾਰ ਨੇ ਦੋਹਾਂ ਨੂੰ ਮੋਹ ਕੇ ਵੰਡ ਕਰ ਦਿੱਤੀ, ਹੁਣ ਰਤਨਾਂ ਦੇ ਅਸਲ ਉਪਜਾਵਨਹਾਰ ਪ੍ਰਭੂ ਨੂੰ ਜੇ ਮੋਹਨੀ ਅਵਤਾਰ ਕਹਿ ਦਿੱਤਾ ਤਾਂ ਕਾਹਦੀ ਉਪਮਾ ਹੋਈ ?)। (ਗੁਰੂ) ਨਾਨਕ ਜੀ ਕਹਿੰਦੇ ਹਨ (ਉਹ ਪ੍ਰਭੂ ਤਾਂ) ਛਿਪਿਆ ਛਿਪ ਨਹੀਂ ਸਕਦਾ, (ਕਿਉਂਕਿ ਵਿਸ੍ਵ ਰਚ ਕੇ ਉਹ ਕੁਦਰਤ ਵਿਚ ਪ੍ਰਗਟ ਹੋ ਰਿਹਾ ਹੈ, ਉਸ ਨੇ ਤਾਂ) ਇਕ ਇਕ ਨੂੰ (ਅਰਥਾਤ ਹਰੇਕ ਜੀਵ ਨੂੰ ਰਿਜ਼ਕ) ਵੰਡ ਦਿੱਤਾ ਹੈ (ਉਹ ਐਸਾ ਅਨੰਤ ਰਿਜ਼ਕ ਵੰਡਣਹਾਰ ਹੈ)॥੪॥੭॥

ਵਯਾਖਯਾ— ਇਸ ਸ਼ਬਦ ਵਿਚ ਸ੍ਰੀ ਗੁਰੂ ਜੀ ਇਹ ਗੱਲ ਦੱਸ ਰਹੇ ਹਨ ਕਿ ਅਕਾਲ ਪੁਰਖ ਅਨੰਤ ਹੈ, ਸਰਬ ਸ਼ਕਤੀਮਾਨ ਹੈ, ਸਰਬੱਗਯ ਹੈ। ਜਗਤ ਵਿਚ ਆਏ ਭਲੇ ਪੁਰਖਾਂ ਦੇ, ਯਾ ਜਿਨ੍ਹਾਂ ਨੂੰ ਅਵਤਾਰ ਆਦਿ ਕਹੀਦਾ ਹੈ ਉਨ੍ਹਾਂ ਦੇ ਸਰੀਰ ਦੀ ਹਦ-ਬੰਦੀ ਵਿਚ ਆ ਕੇ ਕੀਤੇ ਕੰਮਾਂ ਨੂੰ ਉਸ ਬੇਹਦਤੇ ਅਨੰਤ ਦੇ ਕੀਤੇ ਕੰਮ ਸਮਝਕੇ ਉਸ ਅਨੰਤ ਦੇ ਓਹ ਨਾਉਂ ਰੱਖ ਲਈਏ ਯਾ ਉਨ੍ਹਾਂ ਕੰਮਾਂ ਦੁਆਰੇ ਉਸਤੁਤਿ ਕਰਦੇ ਪਾਰਬ੍ਰਹਮ ਦੀ ਉਸਤਤਿ ਸਮਝੀਏ ਤਾਂ ਭੁੱਲ ਹੈ। ਜੈਸੇ ਭਾਈ ਗੁਰਦਾਸ ਜੀ ਨੇ ਕਿਹਾ ਹੈ:—

*ਜਾਕੇ ਏਕ ਫਨ ਪੈ ਧਰਨਿ ਹੈ ਸੋ ਧਰਨੀਧਰ ਤਾਹਿ ਗਿਰਧਰ ਕਹੇ ਕੌਨ ਬਡਿਆਈ ਹੈ।
ਜਾਕੋ ਏਕ ਬਾਵਰੋ ਕਹਾਵਤ ਹੈ ਬਿਸ੍ਵ ਨਾਥ, ਤਾਹਿ ਬ੍ਰਿਜ ਨਾਥ ਕਹੇ ਕੌਨ ਅਧਿਕਾਈ ਹੈ।
ਸਗਲ ਅਕਾਰ ਓਂਕਾਰ ਕੇ ਬਿਥਾਰੇ ਜਿਨਿ, ਤਾਹਿ ਨੰਦ ਨੰਦ ਕਹੈ ਕਉਨੁ ਠਕੁਰਾਈ ਹੈ।
ਉਸਤੁਤਿ ਜਾਨਿ, ਨਿੰਦਾ ਕਰਤ ਅਗਯਾਨ ਅੰਧ, ਐਸੇ ਹੀ ਅਰਾਧਨ ਤੇ ਮੋਨ ਸੁਖਦਾਈ ਹੈ॥ ੬੭੧॥

[ਕਬਿਤ ਭਾਈ ਗੁਰਦਾਸ, ਦੂਸਰਾ ਸਕੰਧ]

ਸ੍ਰੀ ਗੁਰੂ ਜੀ ਉਪਰਲੇ ਸ਼ਬਦ ਦੇ ਅੰਕ ੧ ਵਿਚ ਵਯਾਪਕ ਰਾਮ ਨੂੰ ਜਿਸ ਦੇ ਹੱਥ ਵਿਚ ਮਾਰਨਾ ਜੀਵਾਲਣਾ ਵਿਸ਼ਵ ਦਾ ਹੈ, ਲੈ ਕੇ ਦੱਸਦੇ ਹਨ ਕਿ ਜੇ ਉਸਨੂੰ ਤੁਸੀਂ ਰਾਵਣ ਦਾ ਮਾਰਨ ਵਾਲਾ ਕਹੋ ਤਾਂ ਕੀ ਵਡਿਆਈ ਹੈ।ਜੋ ਸਾਰੇ ਵਯਾਪਕ ਹੈ ਤੇ ਅਪਣੇ ਸਰੂਪ ਵਿਚ ਲਿਵ ਧਾਰੀ=ਅਖੰਡਾ ਕਾਰ ਟਿਕਾਉ ਵਾਲਾ ਹੈ ਉਸ ਦੀ ਉਪਮਾ ਅਸੀ ਜੀਵ ਉਸ ਨੂੰ 'ਰਾਵਣੁ ਮਾਰਿ' ਕਹਿਕੇ ਕੀਕੂੰ ਆਖ ਸਕਦੇ ਹਾਂ?

ਅੰਕ ੨— ਕ੍ਰਿਸ਼ਨ ਜੀ ਦਾ ਕਾਲੀ ਨਾਗ ਨੂੰ ਨੱਥ ਲੈਣਾ ਸੁਣਕੇ ਜੇ ਅਸੀ ਪਾਰਬ੍ਰਹਮ ਨੂੰ ਕਾਲੀ ਨੱਥਣ ਵਾਲਾ ਕਹਿਣ ਲੱਗ ਪਈਏ ਤਾਂ ਕੀਹ ਉਪਮਾ ਕੀਤੀ,ਉਹ ਤਾਂ ਸਾਰੀ ਵਿਸ਼ਵ ਨੂੰ ਅਪਣੇ ਵਸੀਕਾਰ ਵਿਚ ਰੱਖਣ ਵਾਲਾ, ਸਰਬ ਸ਼ਕਤੀਮਾਨ ਤੇ ਸਾਰੀ ਕੁਦਰਤ ਦਾ ਕਾਦਰ ਹੈ। ਫੇਰ ਜੇ ਉਸ (ਅਕਾਲ ਪੁਰਖ) ਨੂੰ ਕੰਸ ਮਾਰਨ ਵਾਲਾ ਆਖੋ ਤਾਂ ਕੀ ਵਡਿਆਈ ਹੈ ਕਿ ਜਿਸ ਕਰਤਾ ਪੁਰਖ ਦਾ ਅੰਤ ਬ੍ਰਹਮਾ ਨਾ ਪਾ ਸਕਿਆ। ਬ੍ਰਹਮਾ ਬਾਬਤ ਕਥਾ ਹੈ ਕਿ ਓਹ ਗਰਬ ਵਿਚ ਆਇਆ ਤਾਂ ਕਮਲ ਦੀ ਉਸ ਨਾਲ ਵਿਚ ਡਿੱਗਾ ਜਿਸ ਤੋਂ ਉਪਜਿਆ ਸੀ, ਓਥੇ ਲੱਗਾ ਕਰਤਾ ਪੁਰਖ ਦੀ ਭਾਲ ਕਰਨ। ਕਿਤਨੇ ਪੈਂਡੇ ਕੀਤੇ ਤੇ ਕਿਤਨੇ ਸਮੇਂ ਲੱਗੇ ਪਰ ਅੰਤ ਨਾ ਪਾ ਸਕਿਆ ਸ੍ਰਿਸ਼ਟੀ ਦਾ ਤੇ ਨਾ ਹੀ ਲੱਭ ਸਕਿਆ ਸ੍ਰਿਸਟੇ ਨੂੰ। ਉਸ ਵਿਸ਼ਾਲ ਵਿਸ਼ਵ ਦਾ ਕਰਤਾ ਕਿਤਨਾ ਅਨੰਤ ਬੇਅੰਤ ਤੇ ਬੇਹੱਦ ਹੋਏਗਾ, ਉਸ ਨੂੰ ਕਹਿਣਾ ਕਿ ਉਸ ਨੇ ਇਕ ਕੰਸ ਨੂੰ ਮਾਰ ਲਿਆ, ਓਹ ਪਾਰਬ੍ਰਹਮ 'ਕੰਸ ਛੇਦੀ' ਹੈ, ਇਹ ਉਪਮਾ ਨਹੀਂ ਹੈ।

ਫੇਰ ਕਥਾ ਕਰਦੇ ਹਨ ਕਿ ਦੈਂਤਾਂ ਤੇ ਦੇਵਤਿਆਂ ਨੇ ਸਮੁੰਦਰ ਰਿੜਕਿਆ ਸੀ, ਉਥੋਂ ਚੌਦਾਂ ਰਤਨ ਨਿਕਲੇ। ਇਨ੍ਹਾਂ ਰਤਨਾਂ ਦੀ ਵੰਡ ਤੇ ਪਰਸਪਰ ਖੂਬ ਝਗੜਾ ਹੋ ਪਿਆ; ਤਦ ਰੱਬ ਜੀ ਨੇ ਮੋਹਨੀ ਅਵਤਾਰ ਹੋ ਕੇ ਰਤਨ ਵੰਡਕੇ ਵਿਖਾਂਦ ਮਿਟਾ ਦਿੱਤੀ। ਹੁਣ '੧੪ ਰਤਨ ਵੰਡਣ ਵਾਲਾ ਮੋਹਿਨੀ' ਕਹਿਕੇ

*ਪਹਿਲੇ ਸਕੰਧ ਵਿਚ ਇਹ ਕਬਿਤ ੫੫੬ ਅੰਕ ਤੇ ਹੈ, ਇਸ ਨਾਲ ਉਸ ਦਾ ਕਛ ਪਾਠਾਂਤਰ ਭੇਦ ਹੈ।

ਉਸ ਪ੍ਰਭੂ ਨੂੰ ਕੀਹ ਵਡਿਆਈ ਦੇਣੀ ਹੋਈ, ਜਿਸ ਨੇ ਕਿ ਸਾਰੀ ਵਿਸ਼੍ਵ ਦੇ ਇਕ ਇਕ ਜੀਵ ਨੂੰ ਰਿਜ਼ਕ ਵੰਡ ਕੇ ਦਿੱਤਾ ਹੋਇਆ ਹੈ ਤੇ ਦੇ ਰਿਹਾ ਹੈ। ਇਸ ਚੌਥੇ ਅੰਕ ਦੀ ਅਖੀਰਲੀ ਤੁਕ ਦੇ ਅਰਥ ਤਾਂ ਖੁੱਲਦੇ ਹਨ ਜੇ ਪਿਛਲੇ ਪ੍ਰਸੰਗ ਨੂੰ ਸਮਝ ਕੇ ਕਰੀਏ ਤਾਂ। ਗੁਰੂ ਸਾਹਿਬ ਬਹੁਤੇ ਮਤਲਬ ਲਈ ਸੂਤ ਰਚਨਾ ਵਾਂਙੂ ਅੱਖਰ ਕਈ ਵੇਰ ਬਹੁਤ ਥੋੜੇ ਵਰਤਦੇ ਹਨ ਤੇ ਪਾਠਕ ਨੂੰ ਅਪਣੀ ਸੋਚ ਵਰਤਣ ਦਾ ਮੌਕਾ ਦੇ ਕੇ ਉਸਦੀ ਬੁੱਧੀ ਨੂੰ ਉੱਚਾ ਕਰਦੇ ਹਨ।

ਪਹਿਲੇ ਤ੍ਰੈ ਅੰਕਾਂ ਵਿਚ ਪ੍ਰਸੰਗ ਇਹ ਹੈ ਕਿ ਰਾਮ ਕ੍ਰਿਸ਼ਨ ਆਦਿ ਦੇ ਕੀਤੇ ਕੰਮਾਂ ਨੂੰ ਲੈ ਕੇ ਅਨੰਤ ਕਰਤਾ ਪੁਰਖ ਦੇ ਨਾਮ ਘੜਨੇ ਉਸਤੁਤਿ ਕਰਨੀ ਨਹੀਂ ਹੈ। ਹੁਣ ਜੇ ਅਖੀਰਲੀ ਤੁਕ ਦੇ ਏਹ ਅਰਥ ਕਰੋ ਕਿ ਮੋਹਨੀ ਅਵਤਾਰ ਕਿਵੇਂ ਛਪਾਇਆ ਛਿਪ ਸਕਦਾ ਹੈ ਜਿਸ ਨੇ ਕਿ ਰਤਨ ਇਕ ਇਕ ਨੂੰ ਵੰਡ ਦਿਤੇ ਤਾਂ ਇਹ ਉਪਰ ਦੱਸੇ ਸ਼ਬਦ ਵਿਚ ਚਲ ਰਹੇ ਪ੍ਰਸੰਗ ਦੇ ਵਿਰੁੱਧ ਹੈ। ਕਿਉਂਕਿ ਏਕੀ ਏਕੀ ਦਾ ਅਰਥ ਹਰ ਇਕ ਨੂੰ ਹੈ, ਨਾਂ ਕਿ ਦੋਹਾਂ ਨੂੰ। ਇਸ ਲਈ ਇਹ ਅਰਥ ਠੀਕ ਨਹੀਂ।

ਠੀਕ ਅਰਥ ਇਹ ਹੈ ਕਿ ਜਿਵੇਂ ਰਾਵਣ ਮਾਰਨ ਵਾਲਾ, ਕਾਲੀ ਨੱਥ ਲੈਣ ਵਾਲਾ,ਕੰਸ ਛੇਦਨ ਵਾਲਾ ਪਾਰਬ੍ਰਹਮ ਨੂੰ ਆਖਣਾ ਵਡਿਆਈ ਨਹੀਂ ਤਿਵੇਂ ਦੇਵਤਿਆਂ ਨੂੰ ਰਤਨ ਵੰਡਣ ਕਰਕੇ ਉਸ ਨੂੰ ਮੋਹਣੀ ਅਵਤਾਰ ਆਖਣਾ ਬੀ ਵਡਿਆਈ ਨਹੀਂ ਹੈ। ਇਸ ਚਲ ਰਹੀ ਯੁਕਤੀ ਨੂੰ ਸਮਝ ਕੇ ਅੰਤਲੀ ਤੁਕ ਦੇ ਅਰਥ ਏਹ ਢੁੱਕਦੇ ਹਨ ਕਿ ਓਹ ਪਾਰਬ੍ਰਹਮ ਪਰਮੇਸੁਰ, ਜਿਸ ਨੂੰ ਤੱਤਾਂ ਤੇ ਉਨ੍ਹਾਂ ਦੇ ਪਰਸਪਰ ਸੰਬੰਧਾਂ ਦੇ ਰਚਨ ਵਾਲਾ ਪ੍ਰਭੂ, ਸਾਰੇ ਪੂਰ ਰਿਹਾ ਪ੍ਰਭੂ ਜੀਆਂ ਦਾ ਤੇ ਉਨ੍ਹਾਂ ਦਾ ਰਚਣਹਾਰ ਪ੍ਰਭੂ ਰਾਵਣ-ਅਰਿ, ਕਾਲੀ ਨੱਥ ਆਦਿ ਉਪਮਾ ਦੇ ਕੇ ਕਿਸੇ ਦੇ ਛਿਪਾਇਆਂ ਛਿਪ ਨਹੀਂ ਸਕਦਾ, ਉਸ ਨੇ ਤਾਂ ਰਤਨ ਵੰਡਣੇ ਕੀਹ, ਸਾਰੇ ਜਗਤ ਦੇ ਜੀਵਾਂ ਵਿਚ ਹਰੇਕ ਨੂੰ ਵੱਖੋ ਵੱਖ ਰਿਜ਼ਕ ਵੰਡ ਕੇ ਦੇ ਦਿੱਤਾ ਤੇ ਦੇ ਰਿਹਾ ਹੈ। ਭਾਵ ਇਹ ਕਿ 'ਏਕੀ ਏਕੀ ਵੰਡਿ ਦੀਆ' ਦਾ ਭਾਵ ਦੈਂਤਾਂ ਦੇਵਤਿਆਂ ਵਿਚ ਰਤਨਾਂ ਦੀ ਵੰਡ ਤੇ ਨਹੀਂ ਘਟਾਉਣਾ, ਕਿਉਂਕਿ ਇਹ ਫਿਕਰਾ 'ਛਪੈ ਕਿਉ ਛਪਿਆ' ਦੇ ਮਗਰੋਂ ਆਇਆ ਹੈ। ਉਹ ਜੋ ਛਪ ਨਹੀਂ ਸਕਦਾ, ਜਿਸ ਦੇ ਪ੍ਰਗਟ ਗੁਣ ਪਿਛਲੇ ਅੰਕਾਂ ਵਿਚ ਦੱਸ ਆਏ ਹਨ, ਉਸ ਨੇ ਤਾਂ ਵੱਖ ਵੱਖ ਵੰਡ ਕਰ ਦਿੱਤੀ ਹੋਈ ਹੈ, ਉਹ ਵੰਡ ਉਸ ਅਨੰਤ ਦੀ ਕੀਹ ਹੋ ਸਕਦੀ ਹੈ ? ਉੱਤਰ: ਹਰ ਜੀਵ ਪ੍ਰਤੀ ਇਕ ਇਕ ਕਰਕੇ ਉਸ ਦੀ ਲੋੜ ਅਨੁਸਾਰ ਰਿਜ਼ਕ ਦੀ ਵੰਡ। ਐਉਂ ਅੰਤਲੇ ਅੰਕ ਦੇ ਅਰਥ ਪਹਿਲੇ ਅੰਕਾਂ ਵਿਚ ਚਲ ਰਹੀ ਪ੍ਰਸੰਗਕ ਯੁਕਤੀ ਤੇ ਧੁਨੀ ਨਾਲ ਸਿੱਧ ਹੋ ਜਾਂਦੇ ਹਨ। ਇਸ ਵਿਚ ਪਦ ਏਕੀ ਏਕੀ ਬੜੀ ਰਾਹਨੁਮਾਈ ਕਰਦਾ ਹੈ। ਜਿਸ ਦਾ ਅਰਥ 'ਦੋਹਾਂ ਧਿਰਾਂ ਨੂੰ ਵੱਖ ਵੱਖ' ਕਿਵੇਂ ਬੀ ਨਹੀਂ ਢੁੱਕਦਾ।

ਜੇ ਅਖੀਰਲੀ ਤੁਕ ਦੇ ਅਰਥ ਉਪਰਲੀਆਂ ਵਿਚਾਰਾਂ ਛੋੜ ਕੇ ਪਹਿਲੀ ਤੁਕ ਨਾਲ ਟੁੰਬਣੇ ਹੋਨ ਤਾਂ ਭਾਵ ਸਫਲਤਾ ਇੰਜ ਹੋ ਸਕਦੀ ਹੈ: ਕਿ ਤੂੰ ਦੋਹਾਂ ਨੂੰ ਵੱਖ ਵੱਖ ਰਤਨ ਵੰਡ ਦਿੱਤੇ, ਤੂੰ ਭਗਤਾਂ ਤੋਂ ਛਿਪਿਆ ਛਪ ਨਹੀਂ ਸਕਦਾ। ਉਪਰ ਰਹਾਉ ਵਿਚ ਦੱਸ ਆਏ ਹਨ ਕਿ ਤੂੰ ਸਰਬ ਵਿਚ ਪੂਰ ਰਿਹਾ ਹੈਂ, ਫੇਰ ਲਿਵ ਲਾਇ (ਅਟੰਕ) ਸ੍ਵੈ ਸਰੂਪ ਵਿਚ ਹੈਂ। ਸਰਬ ਜਗਤ ਵਿਚ, ਸਰਬ ਜੀਵਾਂ ਵਿਚ, ਸਰਬ ਮਹਾਂ ਪੁਰਖਾਂ, ਪੈਗ਼ੰਬਰਾਂ,ਅਵਤਾਰਾਂ ਸਭ ਵਿਚ ਪੂਰ ਰਿਹਾ ਹੈਂ।ਭਗਤਾਂ ਦੀ ਦ੍ਰਿਸ਼ਟੀ ਤੇਰੇ ਅਵਤਾਰ ਸਰੂਪਾਂ ਤੇ ਤੈਨੂੰ ਦੇਸ਼ ਕਾਲ ਵਿਚ ਆ ਗਿਆ ਨਹੀਂ ਸਮਝਦੀ, ਤੇਰੇ ਨਿਰਗੁਣ ਸਰੂਪ ਨੂੰ, ਜੋ ਸਭ ਵਿਚ ਰਵ ਬੀ ਰਹਾ ਦੇਖਦੀ ਹੈ ਤੇ ਉਸ ਸਰੂਪ ਨੂੰ ਕੀਤੇ ਹੋਇਆਂ ਦੇ ਕਰਮਾਂ ਨਾਲ ਯੁਕਤ ਕਰਕੇ ਨਹੀਂ ਵੇਖਦੀ, ਓਹ ਤੈਨੂੰ ਸਮਝਦੀ ਹੈ:—

ਸਾਚਾ ਨਿਰੰਕਾਰੁ ਨਿਜ ਥਾਇ॥ [ਸਿਰੀ ਰਾਗੁ ਮ: ੨-੨]

ਇਉਂ ਬੀ ਭਾਵ ਨਿਰਗੁਣ ਦੀ ਭਗਤੀ ਉਪਾਸ਼ਨਾਂ ਤੋਂ ਸਹੀ ਹੋ ਜਾਂਦਾ ਹੈ।

ਨਿਰੁਕ੍ਤ— **ਪਉਣੁ**— ਪਹਿਲੀ ਸਤਰ ਦਾ ਅਰਥ ਹੋਰਵੇਂ ਬੀ ਲਾਉਣ ਦਾ ਜਤਨ ਹੁੰਦਾ ਹੈ ਯਥਾ—ਜਿਸ ਨੇ ਪੌਣ ਪੈਦਾ ਕੀਤੀ, ਜਿਸ ਨੇ ਧਰਤੀ ਟਿਕਾਈ ਪਾਣੀ ਵਿਚ, ਜਿਸ ਨੇ ਜਲ ਅਗਨੀ

(ਵਿਰੋਧੀ ਤੱਤਾ ਨੂੰ) ਮੇਲ ਕੇ ਰਖਿਆ ਹੈ।

ਧਰੀ—ਰੱਖੀ, ਰਚੀ, ਬਣਾਈ, ਬਣਾ ਕੇ ਟਿਕਾਈ।

ਬੰਧੁ—[ਸੰਸ: ਬੰਧ:=ਬੰਧਨ] ਬੰਧਾਨ, ਪ੍ਰਬੰਧ, ਬੰਦੋਬਸਤ।

ਦਹਸਿਰਿ—(ਸੰਸ:, ਦੁਸ਼ਮੁਖ: ਜਾਂ, ਦਸ਼ (ਦਸ ੧੦)+ਸ਼ਰ੍ਰੀਖ਼ੰ (ਸਿਰ)) ਦਸਾਂ ਸਿਰਾਂ ਵਾਲਾ ਭਾਵ ਰਾਵਣ।   **ਮੂੰਡੁ**—ਸਿਰ।

ਲਿਵ ਲਾਇ—ਇਕ ਰਸ ਹਾਲਤ ਵਿਚ ਹੋ ਜਾਣਾ ਲਿਵ ਲਾਉਣਾ ਹੈ। ਭਾਵ ਹੈ ਭਰਪੂਰ ਹੈਂ ਤੂੰ ਸਭ ਵਿਚ ਹੈਂ ਪਰ ਫੇਰ ਇਕ ਰਸ ਅਪਣੇ ਸਰੂਪ ਵਿਚ ਅਖੰਡ ਟਿਕ ਰਿਹਾ ਹੈਂ। 'ਸਾਚਾ ਨਿਰੰਕਾਰੁ ਨਿਜ ਥਾਇ' ਗੁਰੂ ਜੀ ਦਾ ਵਾਕ ਹੈ,ਇਹੋ ਭਾਵ ਏਥੇ 'ਲਿਵਲਾਇ' ਦਾ ਸਹੀ ਹੁੰਦਾ ਹੈ। (੨) ਦਾਨੇ ਇਸ ਨੂੰ ਇਉਂ ਬੀ ਸਫਲ ਕਰਦੇ ਆਏ ਹਨ ਕਿ ਜੇ 'ਲਿਵ ਲਾ ਕੇ ਵੇਖੀਏ' ਤਾਂ ਉਹ ਸਭ ਵਿਚ ਪਰੀਪੂਰਣ ਦਿੱਸ ਪੈਂਦਾ ਹੈ। ਉਹ ਕੇਵਲ ਰਾਮ ਕਿ ਕ੍ਰਿਸ਼ਣ ਦੇ ਸਰੀਰ ਵਿਚ ਹਦ ਬੰਦ ਨਹੀਂ ਹੋ ਗਿਆ।

ਕਾਲੀ—[ਸੰਸ:, ਕਾਲਿਯ] ਕ੍ਰਿਸ਼ਨ ਜੀ ਦੇ ਹਾਲਾਂ ਵਿਚ ਦੱਸਦੇ ਹਨ ਕਿ ਜਮਨਾ ਕਿਨਾਰੇ ਕੁਛ ਜਲ ਸੀ, ਜਿਸ ਵਿਚ ਕੇਵਲ ਫੁਲ ਸਨ ਤੇ ਵਿੱਚ ਕਾਲੀ ਨਾਮੇ ਨਾਗ ਰਹਿੰਦਾ ਸੀ। ਇਸ ਦਾ ਵਿਹੁ ਜਲ ਵਿਚ ਫੈਲਿਆ, ਦੱਸਦੇ ਸਨ, ਕਿ ਫੁਲ ਕੋਈ ਤੋੜ ਨਹੀਂ ਸੀ ਸਕਦਾ। ਕ੍ਰਿਸ਼ਨ ਜੀ ਫੁੱਲ ਤੋੜਨ ਵੜੇ ਤਾਂ ਕਾਲੀ ਚੰਬੜ ਗਿਆ। ਕ੍ਰਿਸ਼ਨ ਜੀ ਨੂੰ ਨਾ ਕੇਵਲ ਜ਼ਹਿਰ ਨਾ ਚੜ੍ਹੀ ਸਗੋਂ ਉਨ੍ਹਾਂ ਨੇ ਕਾਲੀ ਨੂੰ ਉਸ ਦੇ ਫਨ ਨੂੰ ਪੈਰ ਨਾਲ ਦਬਾ ਕੇ ਨੱਥ ਲਿਆ ਤੇ ਉਸ ਦੀ ਮੁਕਤੀ ਕਰ ਦਿੱਤੀ। ਕ੍ਰਿਸ਼ਨ ਜੀ ਦੇ ਮਾਰਨ ਲਈ ਇਹ ਉਪਰਾਲਾ ਬੀ ਕੰਸ ਨੇ ਹੀ ਕੀਤਾ ਸੀ।

ਪੁਰਖੁ—[ਸੰਸ:, ਪੁਰੁਖ਼:=ਆਦਮੀ] ਪਤੀ।ਖਸਮ।   **ਜੋਰੂ**—[ਹਿੰਦੀ] ਵਹੁਟੀ। ਇਸਤ੍ਰੀ।

ਨਿਰੰਤਰਿ—(ਦੇਖੋ ੧੯੭ ਪੰਨਾ) ਲਗਾਤਾਰ। ਇਕ ਰਸ।   **ਨਾਲਿ**—ਨਾਲੀ ਵਿਚ।

ਕੁਟੰਬ—[ਸੰਸ:, ਕੁਟੰਬ=ਗ੍ਰਿਹਸਤ। ਸੰਤਾਨ, ਔਲਾਦ] ਪਰਵਾਰ, ਪਰਵਾਰ ਸਮੇਤ।

ਕੁਟੰਬ ਸਾਥਿ—ਕੁਟੰਬ ਸਣੇ।

ਵਰਦਾਤਾ—ਵਰ ਦੇਣ ਵਾਲਾ। ਬ੍ਰਹਮ ਦਾ ਵਿਸ਼ੇਸ਼ਣ ਹੈ।

ਬ੍ਰਹਮਾ—ਆਦਿ ਦੇਵਤਾ। ਜਿਸ ਬਾਬਤ ਪੋਰਾਣਕ ਕਥਾ ਹੈ ਕਿ ਸੁੱਤੇ ਪਏ ਵਿਸ਼ਨੂੰ ਜੀ ਦੀ ਨਾਭੀ ਤੋਂ ਇਕ ਕਵਲ ਫੁਲ ਉਗਿਆ, ਇਸ ਵਿਚੋਂ ਬ੍ਰਹਮਾ ਜੀ ਉਪਜੇ, ਜਿਨ੍ਹਾਂ ਨੇ ਸ੍ਰਿਸ਼ਟੀ ਸਾਜੀ ਤੇ ਵੇਦ ਆਦਿ ਰਚੇ। ਇਨ੍ਹਾਂ ਨੂੰ ਖਯਾਲ ਹੋਇਆ ਕਿ ਮੈਂ ਸ੍ਵਯੰਭੂ ਹਾਂ, ਅਪਣੇ ਆਪ ਤੋਂ ਹੋਇਆ ਹਾਂ, ਇਸ ਕਵਲ ਤੋਂ ਨਹੀਂ। ਕਮਲ ਨੂੰ ਲੱਤ ਮਾਰੀ ਤਾਂ ਵਿੱਚ ਡਿੱਗ ਪਏ। ਇਸ ਨਾਲੀ ਵਿਚ ਅੰਤ ਲੈਣ ਚਲੇ ਗਏ, ਪਰ ਨਾ ਲੱਭਾ ਫੇਰ ੧੮ ਜੁਗਾਂ ਪਿਛੋਂ ਵਾਪਸ ਆਏ, ਏਹ ਜੁਗ ਤਲਾਸ਼ ਤੇ ਹਨੇਰੇ ਵਿਚ ਹੀ ਲੰਘੇ।

ਕੰਸੁ—ਮਥੁਰਾ ਦੇ ਰਾਜਾ ਉਗ੍ਰਸੈਨ ਦਾ ਪੁਤ੍ਰ। ਜੋ ਸ੍ਰੀ ਕ੍ਰਿਸ਼ਨ ਜੀ ਦਾ ਮਾਮਾ ਸੀ। ਇਹ ਅਪਣੇ ਪਿਤਾ ਉਗ੍ਰਸੈਨ ਨੂੰ ਗਦੀਓਂ ਲਾਹ ਕੇ ਆਪ ਰਾਜਾ ਬਣ ਬੈਠਾ ਸੀ ਤੇ ਕ੍ਰਿਸ਼ਨ ਜੀ ਨੂੰ ਮਾਰਿਆ ਚਾਹੁੰਦਾ ਸੀ। ਪਰ ਸ੍ਰੀ ਕ੍ਰਿਸ਼ਨ ਜੀ ਨੇ ਇਸ ਨੂੰ ਮਾਰ ਕੇ ਰਾਜ ਫੇਰ ਅਪਣੇ ਨਾਨੇ ਉਗ੍ਰਸੈਣ ਦੇ ਹਵਾਲੇ ਕੀਤਾ ਸੀ।

ਛੇਦਿ—ਛੇਦਨ ਕਰਕੇ। ਮਾਰ ਕੇ।

ਖੀਰੁ—[ਸੰਸ:, ਕਖ਼੍ਰੀਰ] ਇਕ ਸਮੁੰਦਰ ਦਾ ਨਾਮ ਹੈ ਜੋ ਦੁੱਧ ਦਾ ਸਮਝਿਆ ਜਾਂਦਾ ਹੈ। ਇਸ ਦੀ ਕਥਾ ਹੈ ਕਿ ਕਦੇ ਦੈਤਾਂ ਤੇ ਦੇਵਤਿਆਂ ਰਲ ਕੇ ਰਿੜਕਿਆ ਸੀ ਤਾਂ ੧੪ ਰਤਨ ਨਿਕਲੇ ਸਨ। ਇਸ ਪਰ ਝਗੜਾ ਹੋ ਪਿਆ, ਓਹ ਕਹਿਣ ਇਹ ਰਤਨ ਕੱਢਣੇ ਸਾਡੀ ਤਾਕਤ ਹੈ, ਓਹ ਕਹਿਣ ਸਾਡੀ ਹੈ। ਇਸ ਪਰ ਵਿਸ਼ਨੂੰ ਨੇ ਇਸਤ੍ਰੀ ਦਾ ਰੂਪ ਧਾਰਿਆ ਤੇ ਦੋਹਾਂ ਧਿਰਾਂ ਵਿਚ ਉਹਨਾਂ ਨੂੰ ਮੋਹਿਤ ਕਰਕੇ ਰਤਨ ਵੰਡ ਦਿਤੇ। ਇਸ ਇਸਤ੍ਰੀ ਨੂੰ ਵਿਸ਼ਨੂੰ ਦਾ ਮੋਹਨੀ ਅਵਤਾਰ ਆਖਦੇ ਹਨ।

ਏਕੀ ਏਕੀ—ਇਕ ਇਕ ਨੂੰ, ਭਾਵ ਹਰੇਕ ਜੀਵ ਨੂੰ। ਗੁਰੂ ਜੀ ਨੇ ਜਿਸ ਸੰਖੇਪ ਤੋਂ ਇਸ ਤੁਕ ਵਿਚ ਕੰਮ ਲਿਆ ਹੈ ਉਸ ਦੀ ਕੁੰਜੀ ਇਸ ਪਦ 'ਏਕੀ ਏਕੀਂ' ਵਿਚ ਹੈ। ਰਤਨ ਇਕ ਦੈਂਤ ਤੇ ਇਕ ਇਕ ਦੇਵਤੇ ਵਿਚ ਨਹੀਂ ਸਨ ਵੰਡੇ ਗਏ ਉਹ ਤਾਂ ਦੋ ਧਿਰਾਂ ਵਿਚ ਸਮੁੱਚੇ ਵੰਡੇ ਗਏ ਸਨ। ਇਕ ਇਕ ਨੂੰ ਤਾਂ ਸਾਂਈ ਨੇ ਰਿਜ਼ਕ ਵੰਡਿਆ ਹੈ। ਹਰੇਕ ਨੂੰ ਰਿਜ਼ਕ ਵੰਡ ਕੇ ਦੇਣਾ ਉਸ ਦਾ ਜ਼ਾਹਰ ਹੈ, ਜਿਸ ਕਰਕੇ ਓਹ ਆਪ ਛਪ ਨਹੀ ਸਕਦਾ। ਚਾਹੋ ਆਪ ਛਪੇ ਚਾਹੋ ਉਸ ਨੂੰ ਕੋਈ ਛਿਪਾਏ ਭਗਤ ਉਸ ਪਾਰਬ੍ਰਹਮ ਨੂੰ ਉਸ ਦੀ ਕੁਦਰਤ ਤੋਂ ਕਰਤਾ ਕਰਕੇ ਵੇਖਦੇ ਹਨ। ਕਰਤੇ ਕੁਦਰਤੀ ਮੁਸਤਾਕੁ॥ [ਤਿਲੰਗ ਮਹਲਾ ੫-੪]

[ਆਸਾ ਮਹਲਾ ੧, ਚਉਪਦਾ—੮]

ਪ੍ਰਾਕ੍ਕਥਨ—ਇਸ ਸ਼ਬਦ ਵਿਚ ਸ੍ਰੀ ਗੁਰੂ ਜੀ ਸ਼ੁਭ ਕਰਮਾਂ ਤੋਂ ਲੈਕੇ ਪ੍ਰਾਪਤੀ ਤੱਕ ਦੇ ਨੁਕਤਿਆਂ, ਕਰਨੀਆਂ, ਧਾਰਨਾਂ, ਤੇ ਪ੍ਰਾਪਤੀਆਂ ਦਾ ਵਰਣਨ ਕਰਦੇ ਹਨ :—

ਮੂਲ	ਅਰਥ
ਆਸਾ ਮਹਲਾ ੧ ॥ ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥ ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ ॥੧॥	(ਸ਼ੁਭ) ਕਰਮਾਂ ਦੀ ਕਰਨੀ ਦੀ ਵੇਲ (ਉਗਾਕੇ) ਫੈਲਾਈ (ਤਾਂ ਉਸ ਵੇਲ ਨੂੰ) ਰਾਮ ਨਾਮ ਰੂਪੀ ਫਲ ਲੱਗਾ। ਉਸ (ਫਲ) ਦਾ ਨਾ ਰੂਪ ਹੈ ਨਾ (ਕੋਈ) ਨਕਸ਼ ਹੈ (ਉਹ ਰਾਮ ਨਾਮ) ਅਨਾਹਦ ਰੂਪ ਵਿਚ ਵਜਦਾ ਹੈ, (ਇਹ) ਸ਼ਬਦ ਨਿਰੰਕਾਰ ਨੇ ਆਪ ਕੀਤਾ ਹੈ॥੧॥
ਕਰੇ ਵਖਿਆਣੁ ਜਾਣੈ ਜੇ ਕੋਈ ॥ ਅੰਮ੍ਰਿਤੁ ਪੀਵੈ ਸੋਈ ॥੧॥ ਰਹਾਉ ॥	(ਏਸ ਨੂੰ ਹਰ ਕੋਈ ਵਰਣਨ ਨਹੀਂ ਕਰ ਸਕਦਾ, ਹਾਂ) ਜੇ ਕੋਈ ਜਾਣਦਾ ਹੋਵੇ (ਤਾਂ ਉਹ) ਵਰਣਨ ਕਰ ਸਕਦਾ ਹੈ, ਉਹੋ (ਇਸ ਫਲ ਦਾ) ਅੰਮ੍ਰਿਤ ਪੀਂਦਾ ਹੈ (ਭਾਵ ਜੋ ਰਸ ਮਾਣਦਾ ਤੇ ਜਾਣਦਾ ਹੈ ਉਹੀ ਠੀਕ ਵਜਾਖਜਾ ਇਸਦੀ ਕਰ ਸਕਦਾ ਹੈ)॥੧॥ਰਹਾਉ॥
ਜਿਨ੍ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ ॥ ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥੨॥	(ਹਾਂ) ਜਿਨ੍ਹਾਂ ਨੇ ਪੀਤਾ ਹੈ (ਨਾਮ ਅੰਮ੍ਰਿਤ ਫਲ ਦਾ ਰਸ) ਓਹ ਮਸਤ ਹੋ ਗਏ ਹਨ (ਉਨ੍ਹਾਂ ਦੇ ਫੇਰ) ਬੰਧਨ ਤੇ ਫਾਹੇ (ਬੀ) ਟੁੱਟ ਗਏ ਹਨ। (ਐਉਂ ਜਦ ਅੰਮ੍ਰਿਤ ਪੀਂਦਿਆਂ ਉਨ੍ਹਾਂ ਦੀ) ਜੋਤਿ (ਆਤਮਾ) ਜੋਤੀ (ਅਕਾਲ ਪੁਰਖ ਵਿਚ) ਅੰਦਰੋਂ ਸਮਾ ਗਈ ਤਦ (ਉਨ੍ਹਾਂ ਸੁਖੈਨ ਹੀ) ਮਾਯਾ ਦੇ ਲਾਹੇ ਛੋੜ ਦਿੱਤੇ (ਭਾਵ ਲੋੜ ਆਦਿ ਸਭ ਸ਼ਮਨ ਹੋ ਗਏ)॥੨॥
ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥ ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ ॥੩॥	[ਐਉਂ ਜਦ ਉਹਨਾਂ ਦੀ ਜੋਤਿ (ਆਤਮਾ) ਜੋਤੀ (ਪਰਮਾਤਮਾ) ਵਿਚ ਸਮਾ ਗਈ ਤਾਂ ਉਨਾਂ ਦੀ ਦ੍ਰਿਸ਼ਟੀ ਇਹ ਹੋ ਗਈ ਕਿ] ਸਾਰੀਆਂ ਜੋਤੀਆਂ (ਭਾਵ ਆਤਮੇ) ਤੇਰਾ ਹੀ ਰੂਪ ਹੋ ਕੇ ਦਿਸ ਪਏ (ਤੇ) ਸਾਰੇ (ਪੁਰੀਆਂ ਤੇ) ਲੋਕ ਤੇਰੀ ਹੀ ਮਾਇਆ (ਭਾਵ ਮਾਇਕ ਖੇਡ ਦਿੱਸ ਪਏ)। (ਐਉਂ ਉਹਨਾਂ ਨੂੰ ਉਹ ਵਾਹਿਗੁਰੂ ਮਾਇਕ) ਬਖੇੜਿਆਂ ਤੋਂ ਨਿਰਲੇਪ ਰੂਪ ਵਿਚ ਬੈਠਾ (ਅਤੇ ਫੇਰ ਇਸ ਮਾਇਆ) ਵਿਚ (ਅਪਣੀ) ਛਾਇਆ ਪਾ ਰਿਹਾ* (ਤੇ

*ਜਗੁ ਤਿਸਕੀ ਛਾਇਆ ਜਿਸੁ ਬਾਪੁ ਨ ਮਾਇਆ॥ [ਮਾਰੂ ਮਹਲਾ ੧, ਸੋਲਹਾ-੧੮]

	ਅਪਣੇ ਕੀਤੇ ਨੂੰ) ਨਜ਼ਰ ਪਾ (ਭਾਵ ਵੇਖ ਸੰਭਾਲ) ਰਿਹਾ (ਦਿੱਸਦਾ ਰਹਿੰਦਾ) ਹੈ॥੩॥
	[ਪ੍ਰਸ਼ਨ:ਐਸਾ ਪੁਰਖ ਇਸ ਪ੍ਰਾਪਤੀ ਤੇ ਪਹੁੰਚਕੇ ਕੀਹ ਕਰਦਾ ਹੈ ? ਉੱਤਰ:] ਉਹ ਹੁਣ 'ਸਰਬ ਜੋਤਿ ਰੂਪੁ ਤੇਰਾ....'ਦੇ
ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ ॥ ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥੪॥੮॥	ਦਰਸ਼ਨ ਵਿਚ (ਅਤੇ 'ਰਾਰੇ ਰੂਪਿ ਨਿਰਾਲਮੁ ਬੈਠਾ' ਇਸ) ਅਪਾਰ ਸਰੂਪ ਵਿਚ (ਜੁੜਿਆ) ਨਾਮ ਦੀ ਵੀਣਾ ਵਜਾ ਰਿਹਾ ਜੋਗੀ ਹੈ। ਉਹ (ਹੁਣ) ਸ਼ਬਦ ਦੁਆਰਾ ਅਨਾਹਦ (=ਅਨੰਤ ਪ੍ਰਭੂ) ਵਿਚ (ਲੱਗਾ ਹੋਇਆ) 'ਸ਼ਹੁ ਰਾਤਾ' ਹੋ ਰਿਹਾ ਹੈ; (ਇਹ) ਵਿਚਾਰ ਗੁਰੂ ਨਾਨਕ ਦੇਵ ਜੀ (ਪ੍ਰਭੂ ਪ੍ਰਾਪਤੀ ਬਾਬਤ) ਦੱਸ ਰਹੇ ਹਨ॥੪॥੮॥

ਵਜਾਖਜਾ— ਇਸ ਸ਼ਬਦ ਵਿਚ ਸ੍ਰੀ ਗੁਰੂ ਜੀ ਨੇ ਵਾਹਿਗੁਰੂ ਪ੍ਰਾਪਤੀ ਦੇ ਨੁਕਤੇ ਕ੍ਰਮ ਅਨੁਸਾਰ ਦੱਸੇ ਹਨ। ਪਹਿਲਾ ਹੈ ਕਰਮ, ਜਿਸ ਦਾ ਭਾਵ ਹੈ ਸ਼ੁਭ ਕਰਮ ਕੇਵਲ ਖਿਆਲਣੇ ਹੀ ਨਾ ਪਰ ਕਰਨੇ। ਇਸ ਕਰਕੇ ਕਰਤੂਤ ਪਦ ਨਾਲ ਵਰਤਿਆ ਹੈ। ਸ਼ੁਭ ਕਰਮ ਦੋ ਪ੍ਰਕਾਰ ਦੇ ਹੁੰਦੇ ਹਨ— ਸਕਾਮ ਤੇ ਨਿਸ਼ਕਾਮ ਪਹਿਲੋਂ ਸਕਾਮ ਹੁੰਦੇ ਹਨ ਫੇਰ ਸਤਿਸੰਗ ਦੇ ਪ੍ਰਤਾਪ ਨਾਲ ਨਿਸ਼ਕਾਮ ਹੋ ਜਾਂਦੇ ਹਨ। ਇਨ੍ਹਾਂ ਨਾਲ ਮਨ ਨਿਰਮਲ ਹੁੰਦਾ ਹੈ। ਨਿਰਮਲ ਮਨ ਵਿਚ ਨਾਮ ਪ੍ਰਵੇਸ਼ ਕਰ ਜਾਂਦਾ ਹੈ। ਉਹ ਜੋ ਪਹਿਲੋਂ ਨਾਮ ਪ੍ਰਾਪਤ ਕਰਕੇ ਰਸਨਾ ਤੇ ਬਿਠਾਈਦਾ ਸੀ ਮਨ ਵਿਚ ਜਾ ਬੈਠਦਾ ਹੈ। ਫੇਰ ਇਹ ਲਗਾਤਾਰੀ ਹੋ ਜਾਂਦਾ ਹੈ। ਇਹ ਮਨ ਅਕਾਲ ਪੁਰਖ ਦਾ ਲਗਾਤਾਰ ਸਿਮਰੀ ਦਾ ਹੈ। ਇਹ ਸਿਮਰੀ ਦਾ ਨਾਮ, 'ਵਜਾਪਕ ਨਾਮ' ਨਾਲ ਜਾ ਮਿਲਦਾ ਹੈ। ਵਾਹਿਗੁਰੂ ਅਕਾਲ ਪੁਰਖ ਸਰਬ-ਵਜਾਪੀ ਹੈ। ਜੋ ਆਪ ਸਰਵ ਵਜਾਪੀ ਹੋਵੇ ਉਸ ਦਾ ਨਾਮ ਬੀ ਸਰਬ ਵਜਾਪੀ ਹੁੰਦਾ ਹੈ, ਸੋ ਹਿਰਦੇ ਅੰਦਰ ਸਿਮਰੀਂਦਾ ਨਾਮ ਜੋ ਸਰਬ ਵਜਾਪੀ ਦਾ ਨਾਮ ਹੈ 'ਉਸ ਦੇ ਸਰਬ ਵਜਾਪੀ ਨਾਮ' ਨਾਲ ਜਾ ਮਿਲਦਾ ਹੈ, ਨਾਮ ਤੇ ਨਾਮੀ ਆਪੋ ਵਿਚ ਅਭੇਦ ਹੁੰਦੇ ਹਨ, ਸੋ ਨਾਮ ਤੋਂ ਨਾਮੀ ਵਿਚ ਜਾ ਪਹੁੰਚੀਦਾ ਹੈ।

ਜਦ ਤਕ ਸਰੀਰ ਹੈ ਬ੍ਰਿਤੀਆਂ ਕੰਮ ਕਰਦੀਆਂ ਹਨ ਸੋ ਨਾਮ ਦੁਆਰਾ ਨਾਮੀ ਨੂੰ ਪ੍ਰਾਪਤ ਪੁਰਖ ਪ੍ਰਾਪਤ ਹੋ ਕੇ ਕੀਹ ਕਰਦਾ ਹੈ ? ਤੀਸਰੇ ਅੰਕ ਦੇ ਅਖੀਰ ਤੇ ਇਹ ਪ੍ਰਸ਼ਨ ਉਪਜਦਾ ਹੈ। ਉੱਤਰ ਵਿਚ ਫੁਰਮਾਉਂਦੇ ਹਨ ਕਿ ਨਿਰਾਕਾਰ ਦੇ ਸ੍ਵੈ ਸਰੂਪ ਵਿਚ ਇਸਥਿਤ ਰੂਪ ਦਾ ਅਨੁਭਵ ਵਿਚ ਅਤੇ ਉਸ ਦੇ ਸਰਬ ਵਿਚ ਵਜਾਪਕ ਰੂਪ ਦੇ ਅਨੁਭਵ ਵਿਚ ਵਸਦਿਆਂ ਉਸ ਦੀਆਂ ਬ੍ਰਿਤੀਆਂ ਵਿਚ ਉਹ ਨਾਮ ਦਾ ਸਰੂਪ, ਜੋ ਲਗਾਤਾਰੀ ਹੋ ਚੁੱਕਾ ਹੁੰਦਾ ਹੈ, ਵਜਾਪਕ ਨਾਮ ਨਾਲ ਮਿਲਕੇ ਜਾਰੀ ਰਹਿੰਦਾ ਹੈ। ਭਾਵ ਇਹ ਕਿ ਪਹਿਲੋਂ ਜਦ ਸ਼ੁਭ ਕਰਮਾਂ ਨਾਲ ਅੰਤਹਕਰਣ ਸੁਧ ਹੋ ਜਾਂਦਾ ਹੈ ਉਸ ਵਿਚ ਨਾਮ ਦੇ ਨਿਵਾਸ ਦਾ ਅਭਜਾਸ ਕਰੀਦਾ ਹੈ, ਇਸ ਵੇਲੇ ਆਤਮ ਦ੍ਰਿਸ਼ਟੀ ਖੁੱਲ੍ਹੀ ਹੋਈ ਨਹੀਂ ਹੁੰਦੀ। ਸਰਬ ਵਜਾਪੀ ਰੂਪ ਤੇ ਨਿਰਾਲਮ ਬੈਠਾ ਉਸ ਦਾ ਨਿਰਗੁਣ ਸਰੂਪ ਦੁਇ ਅਨੁਭਵ ਵਿਚ ਨਹੀਂ ਹੁੰਦੇ, ਜਦ ਇਹ ਅਨੁਭਵ ਪ੍ਰਾਪਤ ਹੋ ਜਾਂਦਾ ਹੈ ਤਦ ਇਸ ਦੀ ਪ੍ਰਾਪਤੀ ਦੇ ਰੰਗ ਵਿਚ ਰਹਿੰਦਿਆਂ ਉਸ ਦੀਆਂ ਬ੍ਰਿਤੀਆਂ ਹਰੀ ਰਸ ਤੋਂ ਸ਼ੂਨ ਯਾ ਅਨੇਕ ਚਿੰਤਨ ਵਾਲੀਆਂ ਹੋ ਕੇ ਸਿਥਿਲ ਨਹੀਂ ਹੋ ਜਾਂਦੀਆਂ, ਉਨ੍ਹਾਂ ਵਿਚ ਉਹ ਨਾਮ, ਜੋ ਅੰਮ੍ਰਿਤ ਰਸ ਵਾਲਾ ਹੈ, ਜੋ ਵਜਾਪਕ ਨਾਮ ਨਾਲ ਮਿਲ ਕੇ ਰਸਮਯ ਪ੍ਰਵਾਹ ਰੂਪ ਹੈ, ਅਰੂੜ ਰਹਿੰਦਾ ਹੈ।

ਅੰਕ ੧ ਵਿਚ ਸ਼ੁਭ ਕਰਮਾਂ ਦਾ ਉਪਦੇਸ ਉੱਚਾ ਸੁੱਚਾ ਇਖ਼ਲਾਕ ਧਾਰਨ ਕਰਨਾ ਹੈ ਨੇਕ ਕੰਮ ਕਰਨੇ ਹਨ;ਯੋਗਿਕ ਬੋਲੀ ਵਿਚ 'ਯਮ ਨਿਯਮ' ਪਾਲਨ ਕਰਨੇ ਹਨ, ਨਾਲ ਨਾਮ ਜਪਣਾ ਹੈ। ਇਹ ਨਾਮ ਜੋ ਪਹਿਲਾਂ ਅੱਖਰ ਦੁਆਰੇ ਉਚਾਰਣ ਹੁੰਦਾ ਸੀ ਲਗਾਤਾਰੀ ਹੋ ਕੇ ਅੰਦਰ ਇਕ ਭਾਵਰੂਪਤਾ ਅਖਤਜਾਰ ਕਰੇਗਾ ਤੇ ਵਜਾਪਕ ਨਾਮ ਨਾਲ ਮਿਲ ਜਾਏਗਾ ਤੇ ਵਜਾਪਕ ਕਰਤਾਰ ਦਾ ਕੀਤਾ ਹੋਇਆ ਹੈ।

ਰਹਾਉ—ਇਸ ਅਵਸਥਾ ਨੂੰ ਜੋ ਮਾਣੇ ਉਹ ਕੁਛ ਅਤੇ ਪਤੇ ਦੱਸ ਸਕਦਾ ਹੈ। ਕੇਵਲ ਗਜਾਨ ਦੇ ਗਜਾਨੀ ਯਾ ਐਵੇਂ ਪਰਚਿਆਂ ਵਿਚ ਪਰਚਾਉਣ ਲਈ ਭਗਤੀ ਭਗਤੀ ਕਰਨ ਵਾਲੇ ਨਹੀ ਦੱਸ ਸਕਦੇ।

ਅੰਕ ੨—ਇਸ ਨਾਮ ਫਲ ਦਾ ਅਸਰ ਦੱਸਦੇ ਹਨ: ਅਪਣੇ ਆਪ ਵਿਚ ਮਗਨ ਹੋ ਜਾਂਦੇ ਹਨ ਇਸ ਦੇ ਰਸ ਨੂੰ ਪੀਣ ਵਾਲੇ। ਦਾਰੂ ਪੀਤੇ ਹੋਏ ਮਸਤਾਂ ਵਾਙੂ ਬੇਹੋਸ਼ ਨਹੀਂ ਹੋ ਜਾਂਦੇ, ਉਹ ਅਪਣੇ ਵਿਚ ਮਗਨਤਾ ਵਿਚ ਹੁੰਦੇ ਹਨ। ਜਿਵੇਂ ਗੂੰਗਾ ਅਚਾਨਕ ਮਿੱਠਾ ਖਾ ਕੇ ਮਗਨ ਹੁੰਦਾ ਹੈ। ਉਨ੍ਹਾਂ ਦੇ ਲੱਛਣ ਏਹ ਹਨ ਕਿ ਓਹਨਾਂ ਦੀ ਬ੍ਰਿਤੀ ਬੰਧਨਾਂ ਤੇ ਫਾਹਿਆਂ ਵਿਚ ਫਾਬੀ ਨਹੀਂ ਰਹੇਗੀ। ਉਹਨਾਂ ਦੀ ਮਾਯਕ ਨਫਿਆਂ ਤੇ ਲਾਹਿਆਂ ਨਾਲ ਪਕੜ ਨਹੀਂ ਰਹੇਗੀ। ਭਾਵ ਇਹ ਹੈ ਕਿ ਜਗਤ ਨੂੰ ਸੱਤਜ ਤੇ ਸਦੈਵੀ ਸਮਝ ਕੇ ਮਾਯਾ ਪ੍ਰੇਮੀ ਲੋਕ ਜਿਨ੍ਹਾਂ ਫਸੌਤੀਆਂ ਵਿਚ ਰੁੱਝੇ ਰਹਿੰਦੇ ਹਨ ਏਹ ਨਹੀਂ ਹੋਣਗੇ ਬ੍ਰਿਤੀਆਂ ਸਫਾ ਤੇ ਸੁਤੰਤ੍ਰ ਰਹਿਣਗੀਆਂ। ਮਾਯਾ ਵਿਚ ਵਰਤਦੇ ਨਿਰਲੇਪ ਹੋਣਗੇ। ਕਿਉਂ ਕਿ ਨਾਮ ਨੇ ਇਨ੍ਹਾਂ ਦੀ ਆਤਮਾਂ ਨੂੰ ਪਰਮਾਤਮਾ ਨਾਲ ਮੇਲ ਦਿੱਤਾ ਹੈ, ਇਹ ਮਾਯਾ ਜੋ ਭੁਲੇਵਾ ਹੈ ਉਸ ਤੋਂ ਨਿਕਲੇ ਹੋਏ 'ਜੋਤੀ ਸਰੂਪ' ਵਿਚ ਜੋ ਸੱਚ ਤੇ ਸਦਾ ਪਹੁੰਚ ਚੁਕੇ ਹਨ, ਹੁਣ ਅਸਤਿ ਤੇ ਕੱਚ ਉਨ੍ਹਾਂ ਨੂੰ ਫਾਹੁੰਦਾ ਨਹੀਂ।

ਅੰਕ ੩ ਵਿਚ ਦੱਸਦੇ ਹਨ। ਜੋਤੀ ਵਿਚ ਜੋਤਿ ਸਮਾਵੈ ਤਾਂ ਕੀ ਹੁੰਦਾ ਹੈ ? ਉਨ੍ਹਾਂ ਨੂੰ ਤ੍ਰੈ ਦ੍ਰਿਸ਼ਟੀਆਂ ਪ੍ਰਾਪਤ ਹੁੰਦੀਆਂ ਹਨ। ਇਕ ਤਾਂ ਸਰਬ ਵਿਚ ਜੋ ਆਤਮਾ ਹੈ, ਉਸ ਨੂੰ ਪਰਮਾਤਮਾ ਦਾ ਰੂਪ ਕਰਕੇ ਦੇਖਣਾ : ਦੂਸਰੇ, ਨਿਰਗੁਣ ਪਾਰਬ੍ਰਹਮ ਪਰਮੇਸੁਰ, ਜੋ ਅਪਣੇ ਸਰੂਪ ਵਿਚ ਅਡੋਲ ਅਚਲ ਜੁਗ ਜੁਗ ਏਕੋ ਵੇਸ ਹੈ ਉਸ ਨੂੰ ਨਿਰਾਲਮ ਸਥਿਤ ਅਨੁਭਵ ਕਰਨਾ। ਤੀਸਰੇ, ਉਸ ਨੂੰ ਨਿਰਾਲਮ ਬੈਠਾ ਅਨੁਭਵ ਕਰਦਿਆਂ ਸਾਰੀ ਰਚਨਾ ਵਿਚ ਉਸ ਨੂੰ ਛਾਯਾ ਹੋਇਆ, ਸਾਰੇ ਨੂੰ ਵੇਖਦਾ, ਸਾਰੇ ਦੀ ਸੰਭਾਲ ਕਰਦਾ ਫੇਰ ਨਿਰਾਲਮਤਾ ਵਿਚ ਫਰਕ ਨਾ ਪੈਂਦਾ ਅਨੁਭਵ ਕਰਨਾ। ਯਥਾ:

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥

[ਵਾਰ ਆਸਾ ਮਹਲਾ ੧-੩]

ਪੁਨਾ:—ਬਲਿਹਾਰੀ ਕੁਦਰਤਿ ਵਸਿਆ.......॥ [ਵਾਰ ਆਸਾ ਮਹਲਾ ੧—੧੨]

ਅੰਕ ੪ ਵਿਚ ਐਸੇ ਨਾਮੀ ਪੁਰਖ ਨੂੰ ਜੋਗੀ ਕਿਹਾ ਹੈ, ਕਿੰਗਰੀ ਵਜਾ ਕੇ ਭਿਖਿਆ ਮੰਗਣ ਵਾਲਾ ਨਾ, ਖਾਸ ਭੇਖ ਧਾਰਨ ਵਾਲਾ ਨਾ, ਅਪਣੇ ਆਪ ਵਿਚ ਸੁੰਨ ਹੋ ਕੇ ਯਾ ਨਸ਼ੇ ਦੁਆਰਾ ਜੁੜਨ ਵਾਲਾ ਨਾ, ਪਰ ਅਕਾਲ ਪੁਰਖ ਪਰਮਾਤਮ ਦੇਵ ਨਾਲ ਜੁੜਿਆ ਹੋਇਆ ਜੋਗੀ। ਇਸ ਕਰਕੇ ਉਸ ਨੂੰ'ਸਹੁ ਰਾਤਾ' ਖਾਸ ਪਦ ਦਿਤਾ ਹੈ, ਉਸ ਦੀ ਬਿਵਸਥਾ ਦੱਸੀ ਹੈ ਕਿ ਉਪਰ ਦੱਸੇ ਤ੍ਰੈਏ ਅਨੁਭਵਾਂ ਵਿਚ ਰਹਿੰਦਾ ਹੈ, ਤੇ ਬ੍ਰਿਤੀ ਉਸ ਦੀ ਵਿਚ, ਬ੍ਰਹਮ ਦਾ ਉਹ ਨਾਮ ਜੋ ਬ੍ਰਹਮ ਨੇ ਆਪ ਲੀਤਾ ਹੈ ਤੇ ਜਿਸ ਵਿਚ ਇਸ ਜੋਗੀ ਦਾ ਕਮਾਇਆ ਨਾਮ ਸਮਾ ਗਿਆ ਹੈ, ਵੀਣਾ ਦੇ ਵੱਜਣ ਵਾਂਙੂ ਇਕ ਸੰਗੀਤਕ ਲਯ ਤੇ ਮਧੁਰਤਾ ਵਿਚ ਰਹਿੰਦਾ ਹੈ।

ਵਿਸੇਸ਼— ਮਾਰੂ ਸੋਹਲੇ ਮਹਲਾ ੧ ਅੰਕ ੧੮ ਵਿਚ ਸ੍ਰੀ ਗੁਰੂ ਜੀ ਨੇ ਫੇਰ ਇਹੋ ਤੁਕ ਰਤਾ ਕੁ ਫਰਕ ਤੇ ਲਿਖੀ ਹੈ। ਯਥਾ:—

ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ ਹਰਿ ਨਾਮ ਰਤਨੁ ਮਨਿ ਪਾਇਆ॥ ੭॥
ਨਾ ਤਿਸੁ ਭੁਖ ਪਿਆਸ ਮਨੁ ਮਾਨਿਆ॥ ਸਰਬ ਨਿਰੰਜਨ ਘਟਿ ਘਟਿ ਜਾਨਿਆ॥
ਅੰਮ੍ਰਿਤ ਰਸਿ ਰਾਤਾ ਕੇਵਲ ਬੈਰਾਗੀ ਗੁਰਮਤਿ ਭਾਇ ਸੁਭਾਇਆ॥ ੮॥
ਅਧਿਆਤਮ ਕਰਮ ਕਰੇ ਦਿਨੁ ਰਾਤੀ॥ ਨਿਰਮਲ ਜੋਤਿ ਨਿਰੰਤਰਿ ਜਾਤੀ॥
ਸਬਦੁ ਰਸਾਲੁ ਰਸਨ ਰਸਿ ਰਸਨਾ ਬੇਣੁ ਰਸਾਲੁ ਵਜਾਇਆ॥ ੯॥

ਇਸੇ ਸੋਲਹੇ ਨੂੰ ਸਮਝ ਕੇ ਪੜ੍ਹਿਆਂ ਇਸ ਸ਼ਬਦ ਦਾ ਸਾਰਾ ਭਾਵ ਖੁੱਲ੍ਹ ਜਾਂਦਾ ਹੈ ਜੋ ਉਪਰ ਵਜਾਖਜਾ ਗਿਆ ਹੈ।

ਨਿਰੁਕ੍ਤ—ਕਰਮ—[ਸੰਸ:, ਕਰ੍ਮ] ਕੰਮ। ਏਥੇ ਭਾਵ ਸ਼ੁਭ ਕਰਮਾਂ ਤੋਂ ਹੈ ਜਿਸ ਵਿਚ ਸਕਾਮ ਤੇ ਨਿਸ਼ਕਾਮ ਦੁਇ ਸ਼ਾਮਲ ਹਨ। ਸਾਰਾ ਇਖ਼ਲਾਕ। ਯਮ ਨਿਯਮਾਂ ਵਿਚ ਦੱਸੇ ਸੁਹਣੇ ਅਸੂਲ। ਗੁਰੂ ਜੀ ਦਾ ਮਤਿ ਸਫੁਟ ਹੋ ਜਾਂਦਾ ਹੈ ਕਿ ਨਾਮ ਅਰਾਧਨ ਲਈ ਸ਼ੁਭ ਕਰਮ ਪਹਿਲੀ ਲੋੜ ਹੈ।

ਕਰਤੂਤਿ—[ਸੰਸ:, ਕਰ੍ਤ੍ਰਿਤ੍ਵੰ = ਪੰਜਾਬੀ, ਕਰਤੂਤ] ਉਹ ਜੋ ਕਰਨੇ ਵਿਚ ਆ ਜਾਵੇ। ਕਰਨੀ, ਭਾਵ ਇਹ ਹੈ ਕਿ ਉਹ ਕੰਮ ਜੋ ਕੀਤੇ ਜਾਣ।

ਬੇਲਿ—[ਸੰਸ:, ਵੇਲ੍ਲਿ: = ਲਤਾ, ਵੇਲ] ਉਹ ਬੂਟਾ ਜੋ ਸਿੱਧਾ ਖੜਾ ਨਹੀਂ ਹੁੰਦਾ, ਪਰ ਆਸਰੇ ਸਿਰ ਵੱਧਦਾ ਹੈ। ਲਤਾ। ਕਰਮ ਨੂੰ ਵੇਲ ਨਾਲ ਉਪਮਾ ਦਿਤੀ ਹੈ ਕਿਉਂਕਿ ਇਸ ਦਾ ਫੈਲਾਵ ਵਡਾ ਹੁੰਦਾ ਹੈ।

ਬਿਸਥਾਰੀ—[ਸੰਸ:, ਵਿਸਤਾਰ: = ਫੈਲਾਉ] ਫੈਲਾਈ। ਉਗਾਕੇ ਪਾਲ ਪੋਸਕੇ ਵਡੀ ਕੀਤੀ।

ਅਨਾਹਦੁ—ਹੱਦ ਤੋਂ ਬਿਨਾ। **ਨਿਰੰਜਨਿ**—ਮਾਇਆ ਤੋਂ ਰਹਿਤ (ਪ੍ਰਭੂ) ਨੇ।

ਵਖਿਆਣੁ—[ਸੰਸ:, ਵ੍ਯਾਖ੍ਯਾਨੰ] ਵਰਣਨ।

ਮਸਤ—[ਫਾ:,] ਨਸ਼ੇ ਵਿਚ, ਪਰ ਏਥੇ ਭਾਵ ਨਸ਼ੇ ਦੀ ਮਸਤੀ ਤੋਂ ਨਹੀਂ ਪਰਮਗਨਤਾ ਤੋਂ ਹੈ।

ਬੰਧਨ—ਫਾਹੇ। ਬੰਧਨ ਹੱਥਾਂ ਪੈਰਾਂ ਨੂੰ ਹੁੰਦੇ ਹਨ, ਫਾਹੇ ਗਲੇ ਵਿਚ ਪੈਂਦੇ ਹਨ, ਮੁਰਾਦ ਹੈ ਆਪ ਸਹੇੜੇ ਮਾਯਕ ਕੰਮ ਜੋ ਪਰਮਾਰਥ ਵਿਚ ਰੁਕਾਵਟਾਂ ਪਾਉਂਦੇ ਹਨ, ਫਾਹੇ ਓਹ ਗਲਾਵੇਂ ਜੋ ਮਾਯਕ ਜੀਵਨ ਵਿਚ ਮੱਲੋ ਮੱਲੀ ਗਲੇ ਆ ਪੈਂਦੇ ਹਨ ਤੇ ਦੂਰ ਕੀਤਿਆਂ ਦੂਰ ਹੁੰਦੇ ਨਹੀਂ।

ਜੋਤੀ—ਭਾਵ ਹੈ ਪਰਮਾਤਮਾ। **ਜੋਤਿ**—ਭਾਵ ਹੈ ਜੀਵ ਆਤਮਾ।

ਲਾਹੇ—[ਸੰਸ:, ਲਾਭ:=ਮੁਨਾਫਾ, ਫ਼ਾਇਦਾ] ਨਫੇ। ਫਾਇਦੇ। ਮਾਯਕ ਲਾਲਚ ਲੋਭ। ਭਾਵ ਹੈ ਮਾਇਆ ਪਰਾਯਨ ਹੋਇਆਂ ਜੋ ਨਫੇ ਦਿੱਸਦੇ ਹਨ ਉਹਨਾਂ ਤੋਂ ਬ੍ਰਿਤੀ ਗ਼ਨੀ ਹੋ ਜਾਂਦੀ ਹੈ।

ਭਵਨ—[ਸੰਸ:, ਭਵਨੰ = ਘਰ। ਸੰਸ:, ਭੁਵਨ = ਜਗਤ, ਦੁਨੀਆਂ] ਘਰ, ਮੁਰਾਦ ਹੈ ਪੁਰੀਆਂ ਤੇ ਲੋਕ। ਅਕਸਰ ਤ੍ਰੈ ਗਿਣਦੇ ਹਨ: ਮਾਤ ਪਤਾਲ, ਤੇ ਸ੍ਵਰਗ। ਪਰ ਏਥੇ ਮੁਰਾਦ ਸਾਰੀਆਂ ਪੁਰੀਆਂ, ਲੋਕਾਂ, ਬ੍ਰਹਮੰਡਾਂ ਤੋਂ ਹੈ।

ਰਾਰੈ—[ਦੇਖੋ ਪੰਨਾ ੧੬੩੮ 'ਝਾੜਿ'] ਰਾਰ ਤੋਂ, ਝਗੜਿਆਂ ਤੋਂ, ਬਖੇੜਿਆਂ ਤੋਂ।

ਨਿਰਾਲਮੁ—[ਸੰਸ:, ਨਿਰਾਲੰਬ] ਹਰ ਆਸਰੇ ਤੋਂ ਬੇਮੁਹਤਾਜ। ਵਖਰਾ, ਅਲੱਗ।

ਸਹੁਰਾਤਾ—(ਦੇਖੋ ਪੰਨਾ ੩੧੭) ਜੋ ਪਤੀ ਪਰਮੇਸੁਰ ਵਿਚ ਸਮਾਇਆ ਰਹਿੰਦਾ ਹੈ। ਸ਼ਹੁ ਵਿਚ ਰਚਿਆ ਮਿਚਿਆ ਰਹਿੰਦਾ ਹੈ।

[ਆਸਾ ਮਹਲਾ ੧, ਚਉਪਦਾ—੯]

ਪ੍ਰਾਕ੍ਕਥਨ—ਅਚਰਜ ਨਿੰਮ੍ਰਤਾ ਤੇ ਬੇਨਤੀ ਦੇ ਵਲਵਲੇ ਵਿਚ ਸਿਰਜਣਹਾਰ ਦੀ ਸਿਫਤ ਸਲਾਹ ਤੇ ਨਾਮ ਦੀ ਮਹਿਮਾ ਪ੍ਰਗਟ ਕੀਤੀ ਹੈ।

ਮੂਲ	ਅਰਥ
ਆਸਾ ਮਹਲਾ ੧ ॥ **ਮੈ ਗੁਣ ਗਲਾ ਕੇ ਸਿਰਿ ਭਾਰ ॥** **ਗਲੀ ਗਲਾ ਸਿਰਜਣਹਾਰ ॥**	ਮੇਰੇ ਵਿਚ ਗੁਣ (ਕੀ ਹੈ ?) ਗੱਲਾਂ (ਕਰਨੀਆਂ ਤੇ ਉਨ੍ਹਾਂ ਗੱਲਾਂ ਕਰਨ ਵਿਚ ਕੋਈ ਉਸਤਤ ਨਿੰਦਿਆ) ਦਾ (ਰਾਹ ਜਾਂਦਾ) ਭਾਰ (ਅਪਣੇ) ਸਿਰ ਤੇ (ਲੈਣਾ)। (ਗੱਲਾਂ ਬੀ ਮਾੜੀਆਂ ਨਹੀਂ ਪਰ ਸਭ ਪ੍ਰਕਾਰ ਦੀਆਂ) ਗੱਲਾਂ ਵਿਚੋਂ (ਉੱਤਮ) ਗੱਲਾਂ (ਓਹ ਹਨ ਜੋ) ਸਿਰਜਣਹਾਰ (ਸੰਬੰਧੀ) ਹੋਣ। (ਗੱਲ ਕੀਹ, ਹੋਰ ਹੋਰ

ਖਾਣਾ ਪੀਣਾ ਹਸਣਾ ਬਾਦਿ ॥
ਜਬ ਲਗੁ ਰਿਦੈ ਨ ਆਵਹਿ ਯਾਦਿ ॥੧॥

ਤਉ ਪਰਵਾਹ ਕੇਹੀ ਕਿਆ ਕੀਜੈ ॥
ਜਨਮਿ ਜਨਮਿ ਕਿਛੁ ਲੀਜੀ ਲੀਜੈ ॥੧॥
ਰਹਾਉ ॥

ਮਨ ਕੀ ਮਤਿ ਮਤਾਗਲੁ ਮਤਾ ॥
ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥

ਕਿਆ ਮੁਹੁ ਲੈ ਕੀਚੈ ਅਰਦਾਸਿ ॥
ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥

ਜੈਸਾ ਤੂੰ ਕਰਹਿ ਤੈਸਾ ਕੋ ਹੋਇ ॥
ਤੁਝ ਬਿਨੁ ਦੂਜਾ ਨਾਹੀ ਕੋਇ ॥
ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ ॥
ਤੁਧੁ ਆਪੇ ਭਾਵੈ ਤਿਵੈ ਚਲਾਵੈ ॥੩॥

ਰਾਗ ਰਤਨ ਪਰੀਆ ਪਰਵਾਰ ॥
ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥
ਜੇ ਕੋ ਬੂਝੈ ਏਹੁ ਬੀਚਾਰੁ ॥੪॥੯॥

ਗੱਲਾਂ ਕਰਨੀਆਂ), ਖਾਣਾ, ਪੀਣਾ, ਹੱਸਣਾ, (ਸਭ) ਬ੍ਰਿਥਾ ਹੈ, ਜਦ ਤਕ ਕਿ (ਸਿਰਜਣਹਾਰ) ਹਿਰਦੇ ਵਿਚ ਯਾਦ ਨ ਆਵੇ। (ਭਾਵ ਆਉਂਦਾ ਰਹੇ। ਯਾਦ ਤੋਂ ਵਿਛੁੜਕੇ ਸਭ ਕਰਮ ਬਿਰਥੇ ਹਨ॥੧। (ਪਰ ਜਦ ਰਿਦੇ ਵਿਚ ਯਾਦ ਆਵੇ) ਤਦ (ਕਿਸੇ ਹੋਰ ਗੱਲ ਦੀ ਪਰਵਾਹ ਕੇਹੀ ਤੇ ਕੀ ਕਰੀਏ, ਜਨਮ ਜਨਮ ਵਿਚ (ਇਸ ਯਾਦ ਦੁਆਰਾ) ਕੁਛ ਨਾ ਕੁਛ ਲਾਹਾ ਲਈ ਚਲੀਏ॥੧॥ ਰਹਾਉ। (ਇਹ ਤਾਂ ਹੈ ਗੁਰਮਤਿ ਪਰ ਜੇ ਮਨ ਦੇ ਮਗਰ ਲਗੀਏ ਤਾਂ ਮਨ ਦੀ ਮਤਿ ਵਿਚ ਮੱਤਾ ਹੋਇਆ (ਮਨ ਤਾਂ) ਮਸਤ ਹਾਥੀ (ਵਰਗਾ) ਹੁੰਦਾ ਹੈ (ਜੋ ਮਸਤਿਆ ਹੋਇਆ ਵਿਗਾੜ ਹੀ ਵਿਗਾੜ ਕਰਦਾ ਹੈ, ਤਿਵੇਂ ਮਨਮਤੀਏ ਮਨ ਦੇ ਆਖੇ ਲੱਗ ਕੇ) ਜੋ ਕੁਛ ਬੋਲੀ ਦਾ ਹੈ ਉਹ ਭੁੱਲ ਹੀ ਭੁੱਲ ਹੁੰਦੀ ਹੈ। (ਇਸ ਲਈ ਜੀ ਕਰਦਾ ਹੈ ਕਿ ਭੁੱਲਾਂ ਦੀ ਮਾਫੀ ਲਈ ਹੇ ਸਿਰਜਣਹਾਰ ! ਤੇਰੇ ਅੱਗੇ ਅਰਦਾਸ ਕਰੀਏ ਪਰ) ਅਰਦਾਸ (ਬੀ) ਕਿਹੜਾ ਮੂੰਹ ਲੈ ਕੇ ਕਰੀਏ, (ਜਦ ਕਿ ਦੋਵੇਂ) ਪਾਪ ਤੇ ਪੁੰਨ (ਜੋ ਅਸਾਂ ਕੀਤੇ ਹਨ ਸਾਡੀਆਂ ਭੁਲਾਂ ਦੇ) ਦੋਵੇਂ ਉਗਾਹ ਪਾਸ ਖੜੋਤੇ ਹਨ॥੨॥ [ਹੁਣ ਜੀਵ ਦੀ ਕਮਜ਼ੋਰੀ ਤੇ ਸਿਰਜਣਹਾਰ ਦੀ ਸਰਵ ਸ਼ਕਤੀ-ਮਾਨਤਾ ਵਾਲੀ ਕਰਤ੍ਰੀ ਸ਼ਕਤੀ ਦਾ ਧ੍ਯਾਨ ਧਰਕੇ ਅਪੀਲ ਕਰਦੇ ਹਨ:] (ਹੇ ਸਿਰਜਣਹਾਰ !) ਜੇਹੋ ਜੇਹਾ ਤੂੰ ਕਿਸੇ ਨੂੰ ਬਣਾਵੇਂ ਤਿਹੋ ਜੇਹਾ (ਉਹ) ਬਣ ਜਾਂਦਾ ਹੈ, ਤੇਰੇ ਬਿਨਾ (ਕਰਤ੍ਰੀ ਸ਼ਕਤੀ ਵਾਲਾ ਤੇਰੇ ਜੇਹਾ ਹੋਰ) ਦੂਜਾ ਕੋਈ ਨਹੀਂ। ਜੇਹੀ ਤੂੰ ਮਤਿ ਦੇਂਦਾ ਹੈਂ ਉਹੋ ਜੇਹਾ ਕੋਈ ਪਾ ਲੈਂਦਾ ਹੈ, (ਜਿਵੇਂ) ਤੈਨੂੰ ਆਪੇ ਭਾਉਂਦਾ ਹੈ (ਤੂੰ) ਤਿਵੇਂ (ਜੀਵਾਂ ਨੂੰ) ਚਲਾਉਂਦਾ ਹੈਂ॥੩॥ [ਪ੍ਰਸ਼ਨ: ਜੀਵ ਕੀਹ ਕਰੇ ? ਉੱਤਰ:] ਰਤਨ (ਰੂਪੀ ਜੋ) ਰਾਗ ਹਨ (ਉਨ੍ਹਾਂ ਰਾਗਾਂ ਦੀਆਂ) ਇਸਤ੍ਰੀਆਂ (ਭਾਵ ਰਾਗਣੀਆਂ ਹਨ ਅਤੇ ਉਨ੍ਹਾਂ ਦੇ ਪੁਤ੍ਰ ਆਦਿ ਜੋ ਰਾਗਾਂ ਦੀਆਂ) ਕਿਸਮਾਂ ਦਰ ਕਿਸਮਾਂ ਹਨ, (ਉਨ੍ਹਾਂ ਦੇ ਵਿਚ ਪਾ ਕੇ ਹਰੀ ਜਸ ਦਾ ਜੋ ਕੀਰਤਨ ਕਰਨਾ ਹੈ) ਉਸ (ਕੀਰਤਨ) ਵਿਚ ਪੈਦਾ ਹੁੰਦਾ ਹੈ (ਨਾਮ ਰਸ ਰੂਪੀ) ਸ੍ਰੇਸ਼ਟ ਅੰਮ੍ਰਿਤ। ਹੇ ਨਾਨਕ ! ਜੇ ਕੋਈ ਇਹ ਵੀਚਾਰ ਬੁੱਝ ਲਵੇਗਾ (ਤਾਂ ਸਮਝ ਲਵੇਗਾ ਕਿ) ਕਰਤਾਰ ਦਾ ਧਨ ਤੇ ਮਾਲ ਏਹ (ਹਰੀ ਰਸ) ਹੈ (ਜੋ ਕੀਰਤਨ ਤੇ ਨਾਮ ਤੋਂ ਉਪਜਦਾ ਹੈ)॥੪॥੯॥

ਵ੍ਯਾਖ੍ਯਾ— ਸਿਰਜਣਹਾਰ ਦੇ ਕੀਰਤਨ ਤੇ ਨਾਮ ਦੀ ਮਹਿਮਾ ਦਰਸਾਈ ਹੈ, ਪਰ ਅਚਰਜ ਨਿੰਮ੍ਰਤਾ ਤੇ ਬੇਨਤੀ ਦੇ ਵਲਵਲੇ ਨਾਲ ਭਰੀ ਹੋਈ, ਤੇ ਉਤਮ ਉਪਦੇਸ਼ ਦੀ ਰੀਤਿ ਵਿਚ ਕਿਉਂਕਿ ਆਪਣੇ ਉੱਤੇ ਘਟਾਕੇ ਉਤਮ ਪੁਰਖ ਵਿਚ ਉਪਦੇਸ਼ ਕੀਤਾ ਹੈ।

ਅੰਕ ੧ ਵਿਚ ਖਾਣ, ਪੀਣ, ਹੱਸਣ, ਗੱਲਾਂ ਕਰਨ ਨੂੰ ਫ਼ਜ਼ੂਲ ਦੱਸਿਆ ਹੈ ਜਦ ਤਕ ਕਿ ਸਾਂਈ ਹਿਰਦੇ ਦੀ ਸਿੰਮ੍ਰਤੀ ਵਿਚ ਨਿਵਾਸ ਨਾ ਪਾ ਪਵੇ। ਅਰਥਾਤ ਭੁੱਲ ਵਿਚ ਬੰਦਾ ਨਾ ਰਹੇ, ਹਿਰਦੇ ਵਿਚ

ਨਾਮ ਨਿਵਾਸ ਕਰ ਲਵੇ ਤਾਂ ਫੇਰ ਖਾਣਾ ਪੀਣਾ ਹੱਸਣਾ ਆਦਿ ਕਿਸੇ ਸਹਜ ਵਿਚ ਪਏ ਹੋਣਗੇ ਤੇ ਵਿਘਨ ਨਹੀਂ ਕਰਨਗੇ। ਇਸ ਅੰਕ ਵਿਚ ਫ਼ਜ਼ੂਲ ਗੱਲਾਂ ਜੋ ਸਾਂਈ ਤੋਂ ਭੁੱਲ ਵਿਚ ਰਹਿ ਕੇ ਮਨ ਦੀਆਂ ਚੰਚਲ-ਤਾਈਆਂ ਵਿਚ ਹੱਸਣ, ਖੇਡਣ, ਨਿੰਦਾ ਆਦਿ ਲਈ ਕਰੀਦੀਆਂ ਹਨ, ਉਨ੍ਹਾਂ ਤੋਂ ਵਰਜਦੇ ਹਨ ਅਤੇ ਦੱਸਦੇ ਹਨ ਕਿ ਉਸਤੁਤਿ ਨਿੰਦਿਆ ਮਨੋ ਚੰਚਲਤਾਈ ਦੀਆਂ ਗੱਲਾਂ ਨਾਲ ਬੀ ਸਿਰ ਤੇ ਭਾਰ ਚੜ੍ਹਦੇ ਹਨ। ਇਨ੍ਹਾਂ ਗੱਲਾਂ ਨਾਲ ਮਗਰੋਂ ਮਨ ਥੋਥਾ ਤੇ ਮੈਲਾ ਹੋ ਜਾਂਦਾ ਹੈ।

ਰਹਾਉ ਵਿਚ ਫੁਰਮਾਉਂਦੇ ਹਨ ਕਿ ਤਦ ਪਰਵਾਹ ਕੇਹੀ ਕਰੀਏ? 'ਤਉਂ' ਕਹਿਕੇ ਜੇ ਯਾਦ ਹੋਵੇ' ਦੀ ਲੁਪਤੀ ਰੱਖੀ ਹੈ, ਇਹ ਲੁਪਤੀ ਜਬ ਲਗੁ ਰਿਦੈ ਨ ਆਵਹਿ ਯਾਦਿ' ਵਾਲੀ ਤੁਕ ਤੋਂ ਲੱਭ ਪੈਂਦੀ ਹੈ। ਜੇ ਯਾਦ ਹੋਵੇ ਤਾਂ ਹੋਰਨਾਂ ਗੱਲਾਂ ਦੀ ਪਰਵਾਹ ਨਾ ਕਰੋ। ਉਨ੍ਹਾਂ ਗੱਲਾਂ ਵਿਚ ਹਿੱਸਾ ਲੈਣ ਤੋਂ ਲੋਕਾਂ ਦੇ ਨਰਾਜ਼ ਹੋਣ ਦੀ ਪਰਵਾਹ ਨਾ ਕਰੋ। ਹੋਰਨਾਂ ਸਾਧਨਾਂ ਜਪਾਂ ਤਪਾਂ, ਪੂਜਾ ਆਦਿ ਦੀ ਬੀ ਪਰਵਾਹ ਨਾ ਕਰੋ। ਜੇ ਸਿਰਜਣਹਾਰ ਨੂੰ ਸਦਾ ਯਾਦ ਰਖਾਂਗੇ ਤਾਂ ਨਫਾ ਹੀ ਨਫਾ ਹੈ। ਜੇ ਇਕ ਜਨਮ ਦੇ ਸਿਮਰਣ ਨਾਲ ਮੁਕਤੀ ਨਾ ਹੋਈ ਤਾਂ ਉਸ ਜਨਮ ਦੇ ਸਿਮਰਨ ਦਾ ਲਾਹਾ ਜਮਾਂ ਹੁੰਦਾ ਰਹੇਗਾ, ਇਉਂ ਹਰ ਜਨਮ ਦਾ ਲਾਹਾ ਕੱਠਾ ਹੋ ਹੋ ਕੇ ਕਲਜਾਣ ਹੋ ਜਾਏਗੀ। 'ਲੀਜੀ ਲੀਜੈਂ ਵਾਲੀ ਤੁਕ ਦਾ ਭਾਵ ਇਹ ਹੈ।

ਅੰਕ ੨ ਵਿਚ ਤੰਬੀਹ ਕਰਦੇ ਹਨ ਕਿ ਜੇ ਉੱਪਰ ਦੱਸੀ ਗੁਰਮਤਿ ਤੁਸਾਂ ਨਾ ਲਈ ਤੇ ਮਨ ਦੇ ਮਗਰ ਲਗੇ ਤਾਂ ਮਨ ਤਾਂ ਮਸਤ ਹਾਥੀ ਹੈ, ਜੋ ਨਿਰਾਂਕੁਸ ਹੋਇਆ ਨੁਕਸਾਨ ਹੀ ਨੁਕਸਾਨ ਕਰਦਾ ਹੈ। ਇਸ ਤਰ੍ਹਾਂ ਮਨ ਦੀ ਮਤਿ ਦੇ ਮਗਰ ਲਗ ਮਨ ਜੋ ਕੰਮ ਕਰਦਾ ਹੈ ਪਰਮਾਰਥਿਕ ਹਾਨੀ ਦੇ ਹੁੰਦੇ ਹਨ। ਮਨ ਮਤੀਆ ਮਨ ਬੜੇ ਗਜਾਨ ਬੀ ਛਾਂਟਦਾ ਹੈ, ਦਾਰਸ਼ਨਿਕ ਗੱਲਾਂ ਬੀ ਕਰਦਾ ਹੈ ਭਗਤੀ ਤੇ ਕਰਮ ਦੇ ਅਸੂਲ ਬੀ ਬੋਲਦਾ ਹੈ, ਕਥਾ ਵਖਜਾਨ ਬੀ ਕਰਦਾ ਹੈ, ਪਰ ਉਹ ਜੋ ਕੁਛ ਬੋਲਦਾ ਹੈ ਗ਼ਲਤੀ ਹੀ ਗ਼ਲਤੀ ਹੁੰਦੀ ਹੈ। ਅੰਦਰੋਂ ਮਨ ਦਾ ਰਉਂ ਜੋ ਗ਼ਲਤੀ ਵਲ ਹੋ ਗਿਆ, ਉਸ ਦਾ ਬੋਲ ਫੇਰ ਗਲਤੀਆਂ ਨਾਲ ਹੀ ਲਿਬੜਿਆ ਹੋਸੀ।

ਗਲਾਂ ਤੋਂ ਛੁਟ ਮਨ-ਮਤੀਏ ਮਨ ਦੇ ਮਗਰ ਲੱਗ ਕੇ ਜੋ ਕਰਮ ਕਰੀਦੇ ਹਨ ਉਹ ਬੀ ਖ਼ਤਾ ਵਾਲੇ ਹੁੰਦੇ ਹਨ। ਕੰਮ ਦੋ ਪ੍ਰਕਾਰ ਦੇ ਹੁੰਦੇ ਹਨ। ਜਿਵੇਂ ਮਨ-ਮਤੀਏ ਦਾ ਦਾਨ ਲੋਕਾਂ ਵਿਚ ਇਤਬਾਰ ਜਮਾ ਕੇ ਅਪਣੀ ਸ਼ੋਭਾ ਤੇ ਸਾਖ ਨਮਿਤ ਹੁੰਦੇ ਹਨ; ਸੋ ਓਹ ਭਲੇ ਹੋ ਕੇ ਬੀ ਖ਼ਤਾ ਵਾਲੇ ਹੋਏ। ਇਨ੍ਹਾਂ ਕਰਮਾਂ ਦੇ ਨਕਸ਼ ਅਪਣੇ ਅੰਦਰ ਹੁੰਦੇ ਹਨ। ਅੰਦਰੋਂ ਅਵਾਜ਼ ਆਉਂਦੀ ਹੈ, ਕਿ ਫਲਾਣਾ ਕੰਮ ਮਾੜਾ ਹੈ, ਫੇਰ ਕਰ ਗੁਜਰੀਦਾ ਹੈ। ਅੰਦਰੋਂ ਮਨ੍ਹਾਂ ਕਰਨ ਵਾਲੀ ਬਿਰਤੀ ਫੇਰ ਉਸ ਨੂੰ ਯਾਦ ਵਿਚ ਰੱਖ ਲੈਂਦੀ ਹੈ, ਐਉਂ ਕੀਤੇ ਪਾਪ ਪੁੰਨ ਦੀ ਅਪਣੇ ਅੰਦਰ ਉਗਾਹਾਂ ਵਾਂਙੂ ਖੜੇ ਹੁੰਦੇ ਹਨ। ਜੀਵ ਸਮਝਦਾ ਹੈ ਕਿ ਮੈਂ ਪਾਪ ਲੁਕ ਕੇ ਕੀਤੇ ਹਨ, ਪਰ ਅਪਣੇ ਅੰਦਰ ਹੀ ਉਹ ਜ਼ਾਹਰ ਹੁੰਦੇ ਹਨ।

ਇਥੋਂ ਤਾਂਈਂ ਦੱਸ ਕੇ ਇਕ ਭਾਰੀ ਅਸੂਲ ਨੂੰ ਨਿਰੂਪਣ ਕਰਦੇ ਹਨ ਕਿ ਜੀਵ ਕਿਉਂ ਮਾੜੇ ਜੀਵਨ ਵਿਚ ਲੱਗੇ ਹੋਏ ਸਿਰਜਣਹਾਰ ਵੱਲ ਨਹੀਂ ਲਗਦੇ, ਕੀਤੇ ਪਾਪਾਂ ਦੀ ਯਾਦ ਤੇ ਸ਼ਰਮ ਉਹਨਾਂ ਨੂੰ ਹਜ਼ੂਰੀ ਵਿਚ ਆ ਕੇ ਅਰਦਾਸ ਨਹੀਂ ਕਰਨ ਦੇਂਦੀ। ਇਸ ਪਰ ਇਕ ਕਥਾ ਕਰਦੇ ਹਨ ਕਿ ਛੇਤੀ ਸਮਝੇ ਪੈ ਜਾਵੇ: ਇਕ ਚੀਲ ਦਾ ਬੱਚਾ ਬੀਮਾਰ ਹੋ ਗਿਆ, ਮਾਂ ਨੇ ਕਈ ਇਲਾਜ ਕੀਤੇ ਪਰ ਅਰਾਮ ਨਾ ਆਇਆ। ਇਕ ਦਿਨ ਬੱਚੇ ਨੇ ਕਿਹਾ: 'ਮਾਂ ਮੇਰੇ ਨਾਲ ਖੇਡਣ ਵਾਲੇ ਬੱਚੇ ਕਹਿੰਦੇ ਹਨ ਕਿ ਕੋਈ ਰੱਬ ਹੁੰਦਾ ਹੈ, ਉਹ ਹਰ ਥਾਂ ਹੁੰਦਾ ਹੈ, ਤੇ ਸਭ ਦੀ ਸੁਣ ਲੈਂਦਾ ਹੈ; ਤੇਰੀ ਮਾਂ ਜੇ ਅਰਦਾਸ ਕਰੇ ਤਾਂ ਉਹ ਤੈਨੂੰ ਰਾਜੀ ਕਰ ਦੇਵੇਗਾ।' ਮਾਂ ਸੁਣਕੇ ਰੋ ਪਈ ਤੇ ਕਹਿਣ ਲਗੀ: 'ਬੱਚਾ ! ਓਸ ਸਿਰਜਣਹਾਰ ਰੱਬ ਦੇ ਬਣਾਏ ਜੀਵ ਮੈਂ ਐਨੇ ਮਾਰ ਮਾਰ ਕੇ ਖਾਧੇ ਹਨ ਤੇ ਤੈਨੂੰ ਬੀ ਖੁਆਏ ਹਨ ਕਿ ਹੁਣ ਉਸ ਅੱਗੇ ਅਰਦਾਸ ਕਰਦਿਆਂ ਮੈਨੂੰ ਸ਼ਰਮ ਆਉਂਦੀ ਹੈ। ਮੈਂ ਕੀਹ ਮੂੰਹ ਲੈਕੇ ਅਰਦਾਸ ਕਰਾਂ।'

ਸੋ ਠੀਕ ਇਸੇ ਤਰ੍ਹਾਂ ਮਾਨੁਖ ਨੂੰ ਅਪਣੇ ਕੀਤੇ ਮਾੜੇ ਕਰਮਾਂ ਦੇ ਗਜਾਨ,ਸ਼ਰਮ ਤੇ ਸੰਗ ਵਿਚ ਪਾ ਕੇ ਕਰਤਾ ਪੁਰਖ ਦੀ ਸ਼ਰਣ ਲੈਣੋਂ ਵਰਜਦੇ ਹਨ। ਜੇ ਜੀਵ ਇਹ ਸੰਗ ਜਿੱਤ ਕੇ ਅਰਦਾਸ ਵਿਚ ਆ ਜਾਵੇ ਤਾਂ ਅਗੋਂ ਓਹ ਸਦਾ ਬਖਸ਼ਿੰਦ ਹੈ। ਇਹ ਇਸ਼ਾਰਾ ਹੈ ਇਸ ਅੰਕ ਵਿਚ ਕਿ ਇਸ ਸ਼ਰਮ ਤੇ ਸੰਗ ਨੂੰ ਜਿੱਤ ਕੇ ਅਰਦਾਸ ਵਿਚ ਆ ਜਾਓ, ਕਿਉਂਕਿ ਅਗਲੇ ਅੰਕ ਵਿਚ ਅਰਦਾਸ ਦੀ ਸੈਨਤ ਹੈ।

ਅੰਕ ੩— ਵਾਹਿਗੁਰੂ ਜੀ ਅਗੇ ਗੁਰੂ ਜੀ ਜੀਵਾਂ ਲਈ ਆਪ ਅਰਦਾਸ ਕਰਦੇ ਹਨ। ਜੀਵਾਂ ਦੀ ਗਿਰੀ ਹਾਲਤ ਤੇ ਤਰਸ ਖਾ ਕੇ ਉਹਨਾਂ ਦੇ ਨਿਤਾਣ ਪੁਣੇ ਤੇ ਬੇਬਸੀ ਨੂੰ ਲੈ ਕੇ ਬੇਨਤੀ ਕਰਦੇ ਹਨ ਕਿ ਕਾਰਣਾਂ ਦਾ ਕਾਰਣ ਤੂੰ ਹੈਂ, 'ਏਨਾ ਜੰਤਾ ਕੈ ਵਸਿ ਕਿਛੁ ਨਾਹੀਂ'; ਇਸ ਲਈ ਇਨ੍ਹਾਂ ਨਿਤਾਣਿਆਂ ਤੇ ਆਪ ਹੀ ਮੇਹਰ ਕਰੋ।

ਇਹ ਗਲ ਜੋ ਆਪ ਫੁਰਮਾ ਰਹੇ ਹਨ ਅਪਣੀ ਬ੍ਰਹਮ ਦ੍ਰਿਸ਼ਟੀ ਵਿਚ ਕਹਿ ਰਹੇ ਹਨ ਤੇ ਸੈਨਤ ਸੁੱਟ ਰਹੇ ਹਨ ਕਿ ਜਿਸ ਦੇ ਵੱਸ ਸਭ ਕਿਛ ਹੈ, ਜੋ ਕਰਣ ਕਾਰਣ ਹੈ, ਉਸ ਦੀ ਸ਼ਰਣ ਲਓ ਤੇ ਸੰਗੋ ਨਾ। 'ਕਿਉਂਕਿ ਜਦ ਗੁਰੂ ਜੀ ਸਾਡੇ ਲਈ ਅਰਦਾਸ ਕਰ ਰਹੇ ਹਨ ਤਾਂ ਸਾਨੂੰ ਸ਼ਰਨ ਪੈਣਾ ਤੇ ਅਰਦਾਸ ਬਣਦੀ ਹੈ। ਇਸ ਤਰ੍ਹਾਂ ਜੀਵਾਂ ਲਈ ਅਰਦਾਸ ਕਰਕੇ ਤੇ ਅਰਦਾਸ ਸਿਖਾਕੇ ਹੁਣ ਕੀਰਤਨ ਸਿਖਾਉਂਦੇ ਹਨ।

ਅੰਕ ੪ ਵਿਚ ਫੁਰਮਾਉਂਦੇ ਹਨ ਤੇ ਰਾਗ ਇਕ ਅਮੋਲਕ ਵਸਤੂ ਹੈ, ਇਸ ਦੀਆਂ ਕਈ ਕਿਸਮਾਂ ਤੇ ਵੰਡਾਂ ਹਨ, ਉਹਨਾਂ ਸਾਰਿਆਂ ਦੇ ਗਾਉਣ ਯਾ ਗਾਣਾ ਸੁਣਨ ਵਿਚ ਆ ਜਾਓ, ਪਰ ਉਹ ਗਾਇਨ ਹੋਵੇ ਹਰੀ ਕੀਰਤਨ ਦਾ। ਉਸ ਵਿਚ ਅੰਮ੍ਰਿਤ ਦੀ ਧਾਰਾ ਉਪਜਦੀ ਹੈ। ਇਸ ਵਿਚ ਸਪਸ਼ਟ ਇਸ਼ਾਰਾ ਹਰੀ ਕੀਰਤਨ ਦਾ ਹੈ ਕਿਉਂਕਿ ਕਾਮ ਦੇ ਭਰੇ ਛੰਦਾਂ ਵਿਚ ਅੰਮ੍ਰਿਤ ਧਾਰਾ ਨਹੀਂ ਉਪਜਦੀ, ਕ੍ਰੋਧ ਦੇ ਗਾਇਨ ਵਿਚ ਰੌਦਰ ਰਸ ਉਪਜਗਾ; ਪਰ ਅੰਮ੍ਰਿਤ ਕੇਵਲ ਹਰੀ ਕੀਤਰਨ ਵਿਚ ਹੀ ਉਪਜੇਗਾ। ਇਸ ਕਰਕੇ ਭਾਵ ਹਰੀ ਕੀਰਤਨ ਹੈ। ਇਹ ਹਰੀ ਕੀਰਤਨ ਕਰਤਾਰ ਦਾ ਧਨ ਹੈ। ਇਸ ਦਾ ਫਲ ਨਾਮ ਰਸ ਹੈ, ਹਰੀ ਰਸ ਹੈ। ਸੋ ਅੰਤਮ ਬੀਚਾਰ ਸ਼ਬਦ ਵਿਚ ਇਹ ਦੱਸਦੇ ਹਨ ਕਿ ਹਰੀ ਕੀਰਤਨ ਨੂੰ ਹਰੀ ਦੀ ਦੌਲਤ ਸਮਝ ਕੇ ਪ੍ਰਾਪਤ ਕਰੋ, ਇਸ ਨਾਲ ਮਨ ਦ੍ਰਵੇਗਾ, ਪਾਪ ਪੁੰਨ ਤੋਂ ਨਿਕਲੇਗਾ, ਹਰੀ ਦੀ ਅਰਦਾਸ ਵਿਚ ਪਏਗਾ। ਉਸ ਦੀ ਹਜ਼ੂਰੀ ਸਮਝੇਗਾ, ਨਾਮ ਸਿਮਰੇਗਾ, ਹਰੀ ਰਸ ਪ੍ਰਾਪਤ ਕਰੇ ਗਾ ਤੇ ਕਲਜਾਣ ਵਿਚ ਪਹੁੰਚ ਜਾਏਗਾ।

ਨਿਰੁਕ੍ਤ—ਗਲਾਂ—ਬਾਤਾਂ, ਗੁਫਤਗੂਆਂ। ਗਲ ਦਾ ਬਹੁ ਬਚਨ ਹੈ।

ਗਲਾਂ—ਗਲੀਂ= ਗਲਾਂ ਵਿਚੋਂ।

ਬਾਦਿ—[ਸੰਸ:, ਵਾਦ:= ਬਹਸ, ਖੰਡਨ—ਮੰਡਨ, ਵਾਦ ਵਿਵਾਦ] ਵਜਰਥ। ਫ਼ਜ਼ੂਲ।

ਲੀਜੀ ਲੈਣ ਯੋਗ। ਲੀਜੈ= ਲਈਏ। ਲੈਣੇ ਯਗ (ਲਾਹੇ ਨੂੰ) ਲਈਏ ਯਾ ਲਵਾਂਗੇ।

(ਅ) ਲੀਜਾ ਲੀਜੈ= ਲਈ ਹੀ ਲਈਦਾ ਹੈ।

ਮਤਾਗਲੁ—[ਸੰਸ:, ਮਦਕਲ:। ਦੇਸ਼ ਭਾਸ਼ਾ, ਮਦਗਲ। ਪੁ:ਪੰਜਾ:, ਮਤਾਗਲ] ਮਸਤ ਹਾਥੀ।

(ਅ) ਹਾਥੀ ਨੂੰ ਬੀ ਮਤਾਗਲ ਕਹਿ ਲੈਂਦੇ ਹਨ।

ਮਨ ਕੀ ਮਤਿ ਮਤਾਗਲੁ ਮਤਾ—ਮਨ ਦੀ ਮਤ ਵਿਚ ਮੱਤਾ ਹੋਇਆ (ਮਨ) ਮਸਤ ਹਾਥੀ (ਹੁੰਦਾ ਹੈ)। **ਮਤਾ**—ਮਸਤਿਆ ਹੋਇਆ।

ਖਤੋ ਖਤਾ—[ਅ:, ਖ਼ਤਾ ਹੀ ਖਤਾ] ਗ਼ਲਤੀ ਹੀ ਗ਼ਲਤੀ। ਭੁੱਲ ਹੀ ਭੁੱਲ।

ਸਾਖੀ—[ਸੰਸ:, ਸਾਕ੍ਸ਼ੀ= ਗਵਾਹ, ਸ਼ਾਹਦ] ਉਗਾਹੀ ਭਰਨੇ ਵਾਲੇ। ਉਗਾਹ।

ਰਤਨ—(ਦੇਖੋ ਪੰਨਾ ੧੬੭੧) ਜਵਾਹਰ। ਰਤਨ ਵਰਗੀ ਕੀਮਤੀ ਤੇ ਖੁਸ਼ੀ ਦੇਣ ਵਾਲੀ ਸ਼ੈ।

ਪਰੀਆ—ਰਾਗ ਪਰੇ ਹਨ ਤਾਂ ਰਾਗਣੀਆਂ ਪਰੀਆਂ ਹਨ। ਰਾਗਣੀਆਂ।

ਪਰਵਾਰ—ਰਾਗਾਂ ਦੀਆਂ ਕਿਸਮਾਂ ਨੂੰ ਇਸਤ੍ਰੀਆਂ ਤੇ ਅਗੋਂ ਕਿਸਮਾਂ ਨੂੰ ਪੁਤ੍ਰ ਆਦਿ ਆਖਦੇ

ਹਨ। ਪਰਵਾਰ ਤੋਂ ਉਹੋ ਭਾਵ ਹੈ। (ਅ) ਕਈ ਵਿਚਾਰ ਵਾਲੇ ਇਸ ਅੰਕ ਨੂੰ ਗੁਰੂ ਜੀ ਦੇ ਕੀਰਤਨ ਦੇ ਅਰਥਾਂ ਤੋਂ ਵਿਥ ਕਰਕੇ ਇਸ ਦੇ ਭਾਵ ਨੂੰ ਗਜਾਨ ਵਿਚ ਖਿੱਚ ਲੈਂਦੇ ਹਨ ਤੇ ਐਉਂ ਭਾਵ ਕੱਢਦੇ ਹਨ:-

ਰਾਗ—ਤੇਰੀ ਪ੍ਰੀਤੀ ਲਾਉਣ ਵਾਲਾ। **ਰਤਨ**—ਵੈਰਾਗ।

ਪਰੀਆ—ਕਰੁਣਾ, ਮੈਤ੍ਰੀ, ਮੁਦਤਾ ਆਦਿ ਗੁਣ ਜਗਤ ਨਾਲ ਵਰਤਣ ਦੇ।

ਪਰਵਾਰ—ਸੰਤੋਸ਼ ਆਦਿ, ਅਪਣੇ ਆਪੇ ਨਾਲ ਵਰਤਣ ਦੇ ਗੁਣ। ਇਨ੍ਹਾਂ ਨਾਲ ਸ੍ਰੇਸ਼ਟ ਰਸ, ਆਤਮ ਰਸ ਪੈਦਾ ਹੁੰਦਾ ਹੈ। ਪਰ ਇਹ ਖਿੱਚ ਜਾਪਦੀ ਹੈ।

[ਆਸਾ ਮਹਲਾ ੧, ਚਉਪਦਾ—੧੦]

ਮੂਲ	ਅਰਥ
ਆਸਾ ਮਹਲਾ ੧ ॥ ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ॥ ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥੧॥	(ਗੁਰੂ ਦੀ) ਕਿਰਪਾ ਕਰਕੇ (ਮਨ) ਆਪਣੇ ਘਰ (ਜਦ) ਆਇਆ ਤਦ (ਸੰਤ ਰੂਪ) ਸਖੀਆਂ ਨੇ ਰਲਕੇ (ਸਾਡਾ ਪਰਮੇਸ਼ੁਰ ਰੂਪੀ ਸ਼ਹੁ ਨਾਲ) ਵਿਆਹ ਰਚਾ ਦਿੱਤਾ। (ਉਸ ਸਮੇਂ ਦਾ) ਕੌਤਕ ਦੇਖਕੇ ਮਨ ਵਿਚ ਆਨੰਦ ਹੋ ਗਿਆ ਹੈ ਕਿ (ਸਾਨੂੰ) ਵਿਆਹੁਣ ਵਾਸਤੇ ਸ਼ਹੁ (ਆਪ) ਆ ਗਿਆ ਹੈ॥੧॥
ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥ ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥੧॥ ਰਹਾਉ ॥	(ਹੇ ਗਾਉਣ ਆਈਓ) ਬੀਬੀਓ (ਭਾਵ ਸੰਤੋ!) ਗਾਵੋ (ਪਰਤਤ ਮਿਥਯਾ ਦੇ ਵਿਵੇਚਨਾ ਦੇ) ਗਿਆਨ ਦਾ ਵੀਚਾਰ ਗਾਵੋ (ਭਾਵ ਕਥਨ ਕਰੋ)! (ਦੇਖੋ) ਸਾਡੇ (ਘਰਿ=) ਮਨ ਵਿਚ (ਉਹ) ਪਤੀ ਆਗਿਆ ਹੈ (ਜੋ ਸਾਰੇ) ਜਗਤ ਦਾਜੀਵਨ ਹੈ (ਭਾਵ ਜਿਸਦੇ ਆਸਰੇ ਜਗਤ ਜੀਉਂਦਾ ਹੈ)॥੧॥ ਰਹਾਉ॥
ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥ ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥੨॥	(ਜਗ ਜੀਵਨ ਨਾਲ) ਵਿਆਹ ਸਾਡਾ ਜਦ ਗੁਰੂ ਦੁਆਰੇ ਹੋ ਗਿਆ(ਤਾਂ ਸ਼ਹੁ ਮਿਲ ਪਿਆ, ਸੋ) ਜਦ ਸ਼ਹੁ ਮਿਲ ਪਿਆ ਤਾਂ (ਅਸਾਂ)ਜਾਣ ਲਿਆ (ਕਿ ਇਹ ਸ਼ਹੁ ਤਾਂ) ਤਿੰਨਾਂ ਲੋਕਾਂ ਵਿਚ ਬ੍ਰਹਮ ਰਵਿਆ ਹੋਇਆ ਹੈ, (ਇਹ ਦੇਖਕੇ) ਆਪਾ ਭਾਵ (ਮੂਲੋਂ) ਬਿਲਾ ਗਿਆ ਤੇ ਮਨ ਪਤੀਜ ਗਿਆ (ਕਿ ਸ਼ਹੁ ਸਾਰੇ ਵਜਾਪਕ ਹੈ)॥੨॥
ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥ ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥੩॥	(ਅਸਲ ਗੱਲ ਇਹ ਹੈ ਕਿ ਉਹ ਸ਼ਹੁ) ਆਪਣਾ ਕੰਮ ਆਪ ਹੀ ਸੁਆਰਦਾ ਹੈ, ਹੋਰ ਪਾਸੋਂ (ਇਹ) ਕੰਮ ਹੋ ਨਹੀ ਸਕਦਾ। ਜਿਸ ਕੰਮ ਵਿਚ ਕਿ ਸੱਤਿ, ਸੰਤੋਖ, ਦਇਆ ਤੇ ਧਰਮ (ਆਦਿ ਪਦਾਰਥ ਲੋੜੀਦੇ ਹਨ, ਉਸ ਨੂੰ) ਕੋਈ (ਬਿਰਲਾ) ਬੁਝਦਾ ਹੈ (ਉਹ ਵਿਰਲਾ ਜੋ ਗੁਰੂ ਦੀ ਮਤਿ ਤੇ ਟੁਰਕੇ) ਗੁਰਮੁਖ (ਹੋ ਗਿਆ) ਹੈ॥੩॥
ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥	[ਪ੍ਰਸ਼ਨ: ਕੀਹ ਉਹ ਪਤੀ ਨੂੰ ਮਿਲਕੇ ਹੋਰਸ ਦਾ ਪਤੀ ਬੀ ਬਣ ਸਕਦਾ ਹੈ ? ਉੱਤਰ:] ਆਖਦੇ ਹਨ ਗੁਰੂ ਨਾਨਕ ਦੇਵ ਜੀ ਉਹ ਇਕੋ ਹੀ ਸਾਰੀਆਂ (ਜੀਵ ਰੂਪ ਇਸਤ੍ਰੀਆਂ) ਦਾ ਸ਼ਹੁ ਹੈ।

ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥੪॥੧੦॥	ਜਿਸ ਉਤੇ (ਉਹ ਆਪਣੀ) ਕ੍ਰਿਪਾ ਦ੍ਰਿਸ਼ਟੀ ਕਰ ਦੇਂਦਾ ਹੈ ਉਹ ਸੁਹਾਗਣ ਹੋ ਜਾਂਦੀ ਹੈ, (ਭਾਵ ਜਿਸ ਤੇ ਮੇਹਰ ਕਰੇਗਾ। ਉਹ ਜੀਵ ਉਸ ਪਰਮਾਤਮਾ ਨੂੰ ਮਿਲ ਪਵੇਗਾ)॥੪॥੧੦॥

ਵਯਾਖਯਾ— ਇਸ ਸ਼ਬਦ ਵਿਚ ਵਿਆਹ ਦੇ ਅਲੰਕਾਰ ਵਿਚ ਵਾਹਿਗੁਰੂ ਜੀ ਦੀ ਪ੍ਰਾਪਤੀ ਦੱਸੀ ਹੈ, ਉਸ ਵਿਆਹ ਦੇ ਅੰਗ ਦੱਸੇ ਹਨ: ਸਤਿ, ਸੰਤੋਖ, ਦਇਆ, ਧਰਮ, ਗੁਰੂ ਦੀ ਸੰਗਤ, ਉਸ ਦੀ ਦੱਸੀ ਮਤਿ ਤੇ ਤੁਰਨਾ, ਉਸ ਦੀ ਮੇਹਰ, ਸਤਿਸੰਗ (ਸ਼ਬਦ ਅਭਯਾਸ) ਬਿਬੇਕ ਬੀਚਾਰ ਆਦਿ।

ਅੰਕ ੧ ਵਿਚ 'ਕਰਿ ਕਿਰਪਾ ਅਪਨੈ ਘਰਿ ਆਇਆ' ਤੋਂ ਜਾਪਦਾ ਹੈ ਕਿ ਵਾਹਿਗੁਰੂ ਦੇ ਕ੍ਰਿਪਾ ਕਰਕੇ ਆਪੇ ਆ ਜਾਣ ਨੂੰ ਵਰਣਨ ਕਰ ਰਹੇ ਹਨ, ਪਰ ਨਹੀਂ। ਜੇ ਸ਼ਹੁ ਘਰ ਆ ਗਿਆ ਤਾਂ ਵਿਆਹ ਹੋਣਾ ਚਾਹੀਏ, ਪਰ ਇਹ ਵਿਆਹ ਰਚਾਉਣ ਤੋਂ ਪਹਿਲੋਂ ਹੁੰਦਾ ਹੈ। ਇਸ ਦੀ ਘੁੰਡੀ ਅੰਕ ੨ ਵਿਚੋਂ ਖੁਲ੍ਹਦੀ ਹੈ, ਜਿਥੇ ਦੱਸਿਆ ਹੈ ਕਿ ਗੁਰੂ ਦੁਆਰੇ ਵਿਆਹ ਹੋਇਆ, ਸੋ ਗੁਰੂ ਦੀ ਕ੍ਰਿਪਾ ਨਾਲ ਆਇਆ ਭਾਵ ਹੈ। ਕੌਣ ਆਇਆ ? ਇਹ ਅੰਕ ੧ ਦੀ ਤੀਸਰੀ ਤੁਕ ਤੋਂ ਖੁਲ੍ਹਦੀ ਹੈ ਗੱਲ:—ਮਨ। ਫੇਰ ਅੰਕ ਤਿੰਨ ਦੇ ਅਖ਼ੀਰ ਦੱਸਿਆ ਹੈ 'ਗੁਰਮੁਖਿ ਬੂਝੇ' ; ਜਿਸ ਤੋਂ ਸਮਝ ਪਈ ਕਿ ਜਿਸ ਦਾ ਜ਼ਿਕਰ ਮੱਧ ਤੇ ਅੰਤ ਵਿਚ ਹੈ ਉਸੇ ਦਾ ਮੁੱਢ ਵਿਚ ਹੈ। ਇਸ ਵਿਚ ਮਨ ਦੇ ਆਪਣੇ ਆਪ ਵਿਚ ਆ ਜਾਣ ਤੋਂ ਗੱਲ ਸ਼ੁਰੂ ਹੁੰਦੀ ਹੈ; ਪਹਿਲੋਂ ਦੀ ਗੱਲ ਨਹੀਂ ਖੋਹਲੀ। ਮਨ ਦਾ ਆਪੇ ਆਪਣੇ ਆਪ ਵਿਚ ਕਠਨ ਹੀ ਹੈ ਆਉਣਾ; ਗੁਰੂ ਮਤਿ ਅਨੁਸਾਰ ਨਾਮ ਤੇ ਸਿਫਤ ਸਲਾਹ ਨਾਲ ਮਨ ਘਰ ਆਉਂਦਾ ਹੈ। ਜਦੋਂ ਘਰ ਆ ਜਾਂਦਾ ਹੈ, ਭਾਵ ਟਿਕਣ ਲੱਗ ਜਾਂਦਾ ਹੈ, ਤਦੋਂ ਬਿਬੇਕ ਵੀਚਾਰ ਪ੍ਰਾਪਤ ਹੁੰਦੀ ਹੈ, ਤੇ ਗੁਰੂ ਤਦੋਂ ਟਿਕਾਉਣ ਵਾਲੇ ਆਪੇ ਵਿਚ ਆਏ ਮਨ ਨੂੰ ਪਰਮਾਤਮਾ ਦਾ ਗਯਾਨ ਦੇਂਦਾ ਹੈ। ਆਪੇ ਵਿਚ ਆਉਣਾ ਆਤਮ ਸਰੂਪਤਾ ਵਿਚ ਆਉਣਾ ਹੈ। ਤਦ ਆਤਮਾ ਨੂੰ ਪਰਮਾਤਮਾ ਦੇ ਮੇਲ ਵਿਵੇਕਜ ਗਯਾਨ ਨਾਲ ਹੁੰਦਾ ਹੈ, ਇਹ ਗਯਾਨ ਗੁਰੂ ਦੇਂਦਾ ਹੈ। ਇਹ ਹੈ ਗੁਰੂ ਦਾ ਵਿਵਾਹ ਕਰ ਦੇਣਾ। ਫੇਰ ਐਸੇ ਪੁਰਖ ਦਾ ਸਤਿਸੰਗ ਵਿਚ ਰਹਿਣਾ ਜਿਥੇ ਵਿਵੇਕਜ ਗਯਾਨ ਦਾ ਗਾਇਨ ਅਰਥਾਤ ਕਥਨ ਹੁੰਦਾ ਰਹਿੰਦਾ ਹੈ ਸਾਵਧਾਨਤਾ ਰਖਦਾ ਹੈ ਤੇ ਸਿਥਲਤਾ ਨਹੀਂ ਵਾਪਰਨ ਦੇਂਦਾ।

ਜਿਸ ਦਾ ਇਹ ਆਤਮ ਵਿਵਾਹ ਹੋ ਜਾਏ ਉਸ ਦੀ ਦ੍ਰਿਸ਼ਟੀ ਦੱਸਦੇ ਹਨ ਕਿ ਉਸਨੂੰ ਤਿੰਨਾ ਲੋਕਾਂ ਵਿਚ ਉਹੋ ਸ਼ਹੁ ਵਯਾਪਕ ਦਿੱਸਦਾ ਹੈ, ਤੇ ਉਸ ਦਾ ਆਪਾ ਭਾਵ ਫੇਰ ਨਹੀਂ ਸਿਰ ਪੱਟਦਾ।

ਅੰਤ ਵਿਚ ਤ੍ਰੈ ਗੱਲਾਂ ਦੱਸਦੇ ਹਨ ਕਿ ਇਹ ਅਵਸਥਾ,ਇਹ ਵਿਵੇਕਜ ਗਯਾਨ ਸ਼ੁਭ ਆਚਰਣ ਦੀ, ਇਖ਼ਲਾਕ ਦੀ ਲੋੜ ਨਹੀਂ ਚੁਕਾ ਦੇਂਦਾ, ਸਤਿ, ਸੰਤੋਖ, ਦਇਆ, ਧਰਮ ਇਸ ਦੇ ਸਹਾਇਕ ਗੁਣ ਹਨ, ਇਨ੍ਹਾਂ ਦੀ ਲੋੜ ਬਣੀ ਰਹਿੰਦੀ ਹੈ। ਇਖ਼ਲਾਕ ਤੋਂ ਗਿਰਨਾ ਗੁਰੂ ਘਰ ਵਿਚ ਰਵਾ ਨਹੀਂ। ਦੂਜੀ ਗਲ ਇਹ ਦੱਸਦੇ ਹਨ ਕਿ ਇਹ ਵੀਵਾਹ—ਇਹ ਮਾਰਗ—ਸਭ ਲਈ ਖੁੱਲ੍ਹਾ ਹੈ।ਤੀਸਰੀ ਗਲ ਦੱਸਦੇ ਹਨ ਕਿ ਤਕੀਏ ਮੇਹਰਾਂ ਤੇ ਰਖੋ। ਭਾਵ ਨਾਮ ਜਪੋ, ਕੀਰਤਨ ਕਰੋ, ਸ਼ੁਭ ਆਚਰਣੀ ਹੋਵੋ, ਪਰ ਸਾਂਈਆਂ ਜੀ ਨੂੰ ਅੰਗ ਸੰਗ ਸਮਝਦੇ, ਉਸ ਦੀ ਮੇਹਰ ਤੇ ਆਸਰਾ ਰਖੋ ਤੇ ਮੇਹਰ ਲਈ ਅਰਦਾਸ ਕਰਦੇ ਰਹੋ।

ਨਿਰੁਕ੍ਤ—ਕਾਜੁ—[ਸੰਸ:, ਕਾਰ੍ਯ = ਕੰਮ। ਪੰਜਾਬੀ ਕਾਜ = ਵੀਵਾਹ] ਵਿਆਹ।

ਕਾਮਣੀ—[ਸੰਸ:, ਕਾਮਿਨੀ = ਸੁੰਦਰੀ, ਇਸਤ੍ਰੀ] ਇਸਤ੍ਰੀ।

ਬਿਬੇਕ—ਦੇਖੋ ਪੰਨਾ ੧੭੧੭) ਉਹ ਗਯਾਨ ਜੋ ਤਤ ਮਿਥਯਾ ਦੀ ਨਖੇੜਵੀਂ ਵੀਚਾਰ ਨਾਲ ਮਿਲੇ। **ਭਤਾਰੁ**—[ਸੰਸ:, ਭਰਤਾ] ਪਤੀ, ਖਾਵਿੰਦ,

ਸਬਦੁ—ਇਥੇ ਸਬਦੁ ਦਾ ਅਰਥ ਬ੍ਰਹਮ ਹੈ। (ਅ) ਪਰ ਜੇ ਅਰਥ ਸ਼ਬਦ ਲਾਇਆ ਜਾਵੇ ਤਾਂ ਮਤਲਬ ਸ਼ਬਦ ਬ੍ਰਹਮ ਤੋਂ ਹੈ। ਗਲ ਓਥੇ ਹੀ ਆ ਜਾਂਦੀ ਹੈ।

ਹੋਰਨਿ—[ਪੰਜਾਬੀ, ਹੋਰਨੀਂ] ਹੋਰਨਾਂ ਤੋਂ।
ਭਨਤਿ—[ਸੰਸ:, ਧਾ:—ਭਣ੍=ਕਹਿਣਾ, ਬੋਲਣਾ] ਆਖਦਾ ਹੈ।

[ਆਸਾ ਮਹਲਾ ੧, ਚਉਪਦਾ—੧੧]

ਮੂਲ	ਅਰਥ
ਆਸਾ ਮਹਲਾ ੧ ॥ ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ॥ ਦੁਰਮਤਿ ਗਤੁ ਭਈ ਕੀਰਤਿ ਠਾਇ ॥ ਸਚ ਪਉੜੀ ਸਾਚਉ ਮੁਖਿ ਨਾਂਉ ॥ ਸਤਿਗੁਰੁ ਸੇਵਿ ਪਾਏ ਨਿਜ ਥਾਉ ॥੧॥ ਮਨ ਚੂਰੇ ਖਟੁ ਦਰਸਨ ਜਾਣੁ ॥ ਸਰਬ ਜੋਤਿ ਪੂਰਨ ਭਗਵਾਨੁ ॥੧॥ ਰਹਾਉ ॥	(ਹੁਣ) ਸਹਜ ਸੁਭਾਵ ਹੀ ਘਰ ਤੇ ਬਨ ਇਕੋ ਜੇਹੇ (ਲੱਗਦੇ ਹਨ) (ਕਿਉਂਕਿ) ਖੋਟੀ ਬੁੱਧੀ ਨਾਸ਼ ਹੋ ਗਈ ਹੈ (ਤੇ ਉਸ ਦੀ) ਥਾਂ (ਅੰਦਰ ਕਰਤਾਰ ਦੀ) ਕੀਰਤੀ ਨੇ ਮੱਲ ਲਈ ਹੈ। (ਦੁਰਮਤੀ ਦੇ ਨਾਸ਼ ਹੋਣ ਅਤੇ ਅੰਦਰ ਕੀਰਤੀ ਦੇ ਵੱਸ ਜਾਣ ਦਾ) ਸੱਚਾ ਵਸੀਲਾ ਮੂੰਹ ਵਿਚ ਸੱਚੇ ਨਾਉ (ਨੂੰ ਜਪਣਾ) ਹੈ, ਐਉਂ ਨਾਮ ਨੂੰ ਸਿਮਰਕੇ ਅਤੇ) ਸਤਿਗੁਰੂ ਨੂੰ ਸੇਵਕੇ (ਅਪਣੇ) ਸ੍ਵੈਸਰੂਪ ਨੂੰ ਪਾਲਿਆ ਹੈ॥੧॥ ਮਨ ਨੂੰ ਵੱਸ ਕਰ ਲੈਣਾ ਤੇ ਸਰਬਆਤਮਾ (ਭਾਵ ਸਾਰੇ ਪ੍ਰਾਣੀਆਂ ਵਿਚ) ਪਰਮੇਸ਼ੁਰ ਨੂੰ ਪੂਰਨ (ਵੇਖਣਾ ਇਹ ਹੈ) ਛੇ ਦਰਸ਼ਨਾਂ ਦੀ ਜਾਣ ਪਛਾਣ॥੧॥
ਅਧਿਕ ਤਿਆਸ ਭੇਖ ਬਹੁ ਕਰੈ ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥ ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥ ਦੁਬਿਧਾ ਛੋਡਿ ਨਾਮਿ ਨਿਸਤਰੈ ॥੨॥	[ਹੁਣ ਹੋਰ ਸਾਧਨਾਂ ਦੇ ਅਵਗੁਣ ਦਰਸਾਉਂਦੇ ਹਨ:] ਬਹੁਤੇ ਭੇਖ ਧਾਰਨ ਕਰਦਾ ਹੈ ਤਾਂ (ਮਾਯਾ ਦੀ) ਤ੍ਰਿਸ਼ਨਾ ਬਹੁਤੀ ਵਧਦੀ ਹੈ। ਮਾਇਆ (ਕੱਠੀ ਕਰਨੀ ਇਕ) ਦੁਖ ਹੈ (ਜੋ) ਸਰੀਰ ਵਿਚੋਂ ਸੁਖ ਨੂੰ ਦੂਰ ਕਰ ਦਿੰਦੀ ਹੈ, (ਅਤੇ ਕਾਮ ਕ੍ਰੋਧ (ਜੋ ਮਾਯਾ ਹੋ ਜਾਣ ਤੇ ਅਵੱਸ਼ ਨਾਲ ਆਉਂਦੇ ਹਨ) ਅੰਦਰਲੇ ਧਨ ਨੂੰ ਚੁਰਾ ਲੈਂਦੇ ਹਨ। (ਜੋ ਤਰਨਾ ਚਾਹੇ ਓਹ) ਦੁਬਿਧਾ ਨੂੰ ਛਡ ਦੇਵੇ (ਤਦ) ਨਾਮ ਦੁਆਰਾ (ਭਵਜਲ ਨੂੰ) ਤਰ ਜਾਏਗਾ॥੨॥
ਸਿਫਤਿ ਸਲਾਹਣੁ ਸਹਜ ਅਨੰਦ ॥ ਸਖਾ ਸੈਨੁ ਪ੍ਰੇਮੁ ਗੋਬਿੰਦ ॥ ਆਪੇ ਕਰੇ ਆਪੇ ਬਖਸਿੰਦੁ ॥ ਤਨੁ ਮਨੁ ਹਰਿ ਪਹਿ ਆਗੈ ਜਿੰਦੁ ॥੩॥	(ਗੋਬਿੰਦ ਦੀ) ਸਿਫਤ ਤੇ ਸਲਾਹ ਕਰਨੀ ਸਹਜ ਆਨੰਦ (ਦੀ ਦਾਤੀ) ਹੈ, ਗੋਬਿੰਦ ਦਾ ਪ੍ਰੇਮ (ਸੱਚਾ) ਸਾਕ ਤੇ (ਸੱਚਾ) ਮਿੱਤ੍ਰ ਹੈ। (ਐਸਾ ਪ੍ਰੇਮੀ ਜਾਣਦਾ ਹੈ ਕਿ ਗੋਬਿੰਦ) ਆਪੇ ਕਰਦਾ ਹੈ (ਆਪਣੀ ਸਿਫਤ ਸਲਾਹ ਦੀ ਦਾਤ ਤੇ) ਆਪੇ ਸਿਫਤ ਸਲਾਹ ਤੇ ਤ੍ਰੁੱਠ ਕੇ) ਬਖਸ਼ਿਸ਼ ਕਰਦਾ ਹੈ; (ਇਸ ਕਰਕੇ ਪ੍ਰੇਮੀ) ਤਨ ਤੇ ਮਨ ਹਰੀ ਪਾਸ (ਭੇਟਾ ਧਰਦਾ ਹੈ ਤੇ) ਜਿੰਦ (ਉਸ ਦੇ) ਅੱਗੇ (ਅਰਪ ਦੇਂਦਾ ਹੈ)॥੩॥
ਝੂਠ ਵਿਕਾਰ ਮਹਾ ਦੁਖੁ ਦੇਹ ॥ ਭੇਖ ਵਰਨ ਦੀਸਹਿ ਸਭਿ ਖੇਹ ॥ ਜੋ ਉਪਜੈ ਸੋ ਆਵੈ ਜਾਇ ॥ ਨਾਨਕ ਅਸਥਿਰੁ ਨਾਮੁ ਰਜਾਇ ॥੪॥੧੧॥	ਝੂਠ (ਬੋਲਣਾ ਅਤੇ ਹੋਰ) ਵਿਕਾਰ (ਕਮਾਉਣੇ, ਕਰਨ ਵਾਲੇ ਨੂੰ ਅੰਤ) ਬਹੁਤ ਕਸ਼ਟ ਦੇਂਦੇ ਹਨ। ਭੇਖ ਅਤੇ ਵਰਣ ਸਭ ਖੇਹ ਦਿੱਸਦੇ ਹਨ। (ਗ੍ਰਿਹਸਤੀ ਕਿ ਭੇਖੀ*) ਜੋ ਜੰਮਦਾ ਹੈ ਉਹ ਆਵਾਗਵਣ ਵਿਚ ਰਹਿੰਦਾ ਹੈ। ਹੇ ਨਾਨਕ ! ਸਦਾਥਿਰ (ਕਰਨੇ ਵਾਲਾ ਰਜਾਇ = ਰਜ਼ਾਈ =) ਰਜ਼ਾ ਦੇ ਮਾਲਕ(ਹਰੀ ਦਾ ਨਾਮ ਹੈ॥੪॥੧੧॥

*ਭੇਖੀ ਭੇਖ ਦੇ ਅਭਿਮਾਨ ਵਿਚ ਹੈ, ਗ੍ਰਿਹਸਤੀ ਵਰਣ (ਜਾਤ) ਦੇ ਅਭਿਮਾਨ ਵਿਚ ਹੈ।

ਵਜਾਖਜਾ— ਅੰਕ ੪ ਵਿਚ ਫੁਰਮਾਇਆ ਹੈ—"ਭੇਖ ਵਰਨ ਦੀਸਹਿ ਸਭਿ ਖੇਹ"। ਭੇਖ ਤੋਂ ਮੁਰਾਦ ਹੈ ਅਤੀਤ ਮਾਰਗ ਦੇ ਲੋਗ ਜੋ ਨਾਨਾ ਪ੍ਰਕਾਰ ਦੇ ਭੇਖ ਧਾਰਨ ਕਰਦੇ ਹਨ। ਵਰਨ ਤੋਂ ਮੁਰਾਦ ਚਾਰ ਵਰਣਾਂ ਦੇ ਲੋਗਾਂ ਦੀ ਹੈ, ਏਹ ਚਾਰੋਂ ਗ੍ਰਿਹਸਤੀ ਹੁੰਦੇ ਹਨ। ਭੇਖੀ ਅਕਸਰ ਬਨਾਂ ਵਿਚ ਯਾ ਤੀਰਥਾਂ ਤੇ ਰਹਿੰਦੇ ਹਨ ਯਾ ਘੁੰਮਦੇ ਰਹਿੰਦੇ ਹਨ, ਗ੍ਰਿਹਸਤੀ ਘਰਾਂ ਵਿਚ ਰਹਿੰਦੇ ਹਨ, ਇਸ ਅੰਕ ੪ ਵਿਚ ਦੋਹਾਂ ਨੂੰ 'ਖੇਹ' ਦੱਸਿਆ ਹੈ। ਖੇਹ ਦੱਸਣ ਦਾ ਕਾਰਨ ੨ ਵਿਚ ਦੱਸਿਆ ਹੈ ਕਿ ਭੇਖ ਧਾਰਿਆ ਚਾਹੇ ਉਹ ਅਨੇਕਾਂ ਭੇਖਾਂ ਵਿਚ ਕੋਈ ਹੋਵੇ, ਤ੍ਰਿਸ਼ਨਾ ਵਧਦੀ ਹੈ। ਤ੍ਰਿਸ਼ਨਾ ਦੁਖਦਾਤੀ ਹੈ। ਗ੍ਰਿਹਸਤੀ ਬਾਬਤ ਕਿਹਾ ਹੈ ਕਿ ਉਹ ਬਿਖਿਆ (= ਮਾਯਾ) ਵਿਚ ਲਿਪਟਦਾ ਹੈ। ਸੋ ਦੋਇ ਦੁਖ ਦਾਤੀ ਮਾਯਾ ਸਹੇੜਦੇ ਸੁਖ ਮੰਨਦੇ ਹਨ ਪਰ ਦੁਖਦਾਤੀ ਦੇ ਕਾਰਣ ਦੁਇ ਸਰੀਰ ਦਾ ਸੁਖ ਗੁਆ ਬੈਠਦੇ ਹਨ। ਜੋ ਕੁਛ ਸਾਧਨ ਅੰਤਰਮੁਖ ਹੋਣ ਦਾ ਕਰਦੇ ਹਨ ਤਾਂ ਮਾਯਾ ਕਾਰਣ। ਜੋ ਕਾਮ ਵਿਚ ਜਾ ਵਰਤਦੇ ਹਨ ਤਾਂ ਹਉਮੈਂ ਨਾ ਪੁੱਗਣ ਤੇ ਕ੍ਰੋਧ ਕਰਦੇ ਹਨ। ਏਹ ਦੁਇ ਚਾਹੋ ਕਮਾਏ ਹੋਏ, ਚਾਹੋ ਫੁਰੇ ਹੋਏ, ਅੰਦਰ ਦੇ ਕੀਤੇ ਸਾਧਨ ਦੇ ਅਸਰ ਨੂੰ ਗੁਆ ਦੇਂਦੇ ਹਨ। ਅੰਕ ੪ ਦੀ ਪਹਿਲੀ ਤੁਕ ਵਿਚ ਦੱਸਿਆ ਕਿ ਮਾਯਾ ਕੱਠੀ ਕਰਨ ਵਿਚ ਝੂਠ ਦੋਹਾਂ ਨੂੰ ਵਰਤਣਾ ਪੈਂਦਾ ਹੈ ਤੇ ਮਾਯਾ ਆ ਗਈ ਤੇ ਰੁਚੀ ਭੋਗਾਂ ਵਲ ਦੋਹਾਂ ਦੀ ਅਵਸ਼ਜ ਹੁੰਦੀ ਹੈ ਤੇ ਵਿਕਾਰ ਕਮਾਉਂਦੇ ਹਨ। ਏਹ ਦੁਇ ਮਹਾਨ ਦੁਖਾਂ ਦੇ ਦਾਤੇ ਹਨ। ਇਸ ਕਰਕੇ 'ਭੇਖ ਵਰਨ ਦੀਸਹਿ ਸਭਿ ਖੇਹ'। ਕਿਉਂਕਿ ਦੋਹਾਂ ਦਾ ਅੰਤ ਇਹ ਹੈ ਕਿ "ਜੋ ਉਪਜੈ ਸੋ ਆਵੈ ਜਾਇ": ਦੁਏ ਜੰਮਦੇ ਹਨ ਤੇ ਆਵਾਗਵਨ ਵਿਚ ਰਹਿੰਦੇ ਹਨ। ਸੁਤੇ ਹੀ ਪ੍ਰਸ਼ਨ ਹੁੰਦਾ ਹੈ ਕਿ ਬਚਾਉ ਕੀਕੂੰ ਹੋਵੇ ? ਤਾਂ ਅੰਕ ੧ ਵਿਚ ਦੱਸਦੇ ਹਨ ਕਿ ਗ੍ਰਿਹ ਤੇ ਬਨ ਅਰਥਾਤ ਗ੍ਰਿਹਸਤ ਤੇ ਅਤੀਤਤਾਈ ਨੂੰ ਸਮ ਕਰੋ, ਜੋ ਸਹਜ ਸੁਭਾਵ ਪ੍ਰਾਪਤ ਹੈ ਉਸ ਵਿਚ ਵਰਤੋ। ਭੇਖ ਤੇ ਅਭੇਖ ਮਾਤ੍ਰ ਨੂੰ ਕਲਜਾਣਕਾਰੀ ਨਾ ਸਮਝੋ, ਉਹ ਕਰਣੀ ਧਾਰਣ ਕਰੋ ਜੋ ਕਲਜਾਣ ਦਾਤੀ ਹੈ। ਉਹ ਕੀ ਹੈ ? 'ਕੀਰਤਿ' ਹਿਰਦੇ ਵਿਚ ਕੀਰਤਨ ਨੂੰ ਵਸਾਓ, ਕੀਰਤਨ ਕਰੋ। ਹਰੀ ਜਸ ਵਿਚ ਮਨ ਨੂੰ ਉੱਚਾ ਭਾਵ ਲਗਕੇ ਉੱਜਲਤਾ ਦੇਵੇਗਾ। ਕੀਰਤੀ ਦੇ ਨਾਲ ਸੱਚੇ ਨਾਮ ਨੂੰ ਧਾਰਨ ਕਰੋ ਤੇ ਸਤਿਗੁਰੂ ਦੀ ਸੇਵਾ ਕਰੋ। ਆਚਰਣ ਉੱਚਾ ਰਖੋ। ਮਨ ਚੂਰੇ ਦਾ ਇਹ ਭਾਵ ਹੈ। ਇਹ ਸਾਰਾ ਕੁਛ ਈਸ਼੍ਵਰ ਦੇ ਪ੍ਰੇਮ ਭਾਵ ਉਸ ਨੂੰ ਅਰਪ ਦੇਣਾ ਹੈ। ਇਸ ਤਰ੍ਹਾਂ ਦਾ ਨਾਮ ਅਰਾਧਣ ਨਾਲ ਦੁਬਿਧਾ ਮਰ ਜਾਏਗੀ ਤੇ ਨਿਸਤਾਰਾ ਹੋ ਜਾਏਗਾ। ਕੀਕੂੰ ? ਐਉਂ: 'ਨਿਜ ਥਾਉਂ' ਲੱਭ ਪਏਗਾ, ਭਾਵ ਆਪਣੀ ਆਤਮ ਸਰੂਪਤਾ ਦੀ ਲੱਖਤਾ ਹੋ ਜਾਏਗੀ, ਫੇਰ ਸਰਬ ਜੋਤਿ ਪੂਰਨ ਭਗਵਾਨ ਦਿੱਸ ਪਏਗਾ,ਭਾਵ ਸਭ ਆਤਮਾ ਨੂੰ ਪਰਮਾਤਮਾ ਦੀ ਜੋਤਿ ਦਾ ਵਿਕਾਸ ਦੇਖੇਗਾ। ਇਸ ਦ੍ਰਿਸ਼ਟੀ ਵਿਚ ਉਹ 'ਸਹਜ ਅਨੰਦ' ਨੂੰ ਮਾਣੇਗਾ। ਇਸ ਆਨੰਦ ਨੂੰ ਮਾਣਦਾ ਜਦ ਤਕ ਦੇਹ ਹੈ ਰਜ਼ਾਈ (ਪ੍ਰਭੂ) ਦੇ ਨਾਮ ਵਿਚ ਵਰਤਦਾ ਰਹੇਗਾ ਤੇ ਨਾਮ ਵਿਚ ਸਥਿਰ ਹੋ ਜਾਏਗਾ। ਜੈਸਾ ਕਿ ਵਾਕ ਹੈ:—

ਥਿਰੁ ਪਾਰਬ੍ਰਹਮੁ ਪਾਰਮੇਸਰੋ ਸੇਵਕੁ ਥਿਰੁ ਹੋਸੀ॥ [ਮਾਰੂ ਮਹਲਾਂ ੫-੧੯]

ਪੁਨਾ:—ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥ [ਮਾਰੂ ਵਾਰ ਮਹਲਾ ੫-੧੭]

ਇਹ ਸਾਰੀ ਗਲ ਬਾਤ ਸ਼ਬਦ ਵਿਚ ਅਚਰਜ ਸੁਹਣੇ ਢੰਗ ਤੇ ਕਾਵਜ ਰਸ ਵਿਚ ਗੁੱਧੀ ਤੇ ਭਗਤੀ ਭਾਵ ਨਾਲ ਭਰੀ ਲਿਖੀ ਹੈ ਕਿ ਅੰਦਰ ਪੁੜਦੀ ਹੈ। ਵਜਾਖਜਾ ਇਸ ਲਈ ਕੀਤੀ ਗਈ ਹੈ ਕਿ ਵਿਚਾਰ ਪਖ ਦੇ ਖੋਜੀਆਂ ਨੂੰ ਸ਼ਬਦ ਵਿਚ ਰੱਖੇ ਭਾਵਾਂ ਦੀ ਖ਼ੂਬੀ ਤੇ ਸ਼੍ਰੇਣੀ ਬੱਧਤਾ ਦਿੱਸ ਪਵੇ।

ਨਿਰੁਕਤ— ਗ੍ਰਿਹ—[ਸੰਸ:, ਗ੍ਰਿਹੰ] ਘਰ, ਭਾਵ ਗ੍ਰਿਹਸਤੀ ਜੀਵਨ ਤੋਂ ਹੈ।

ਬਨੁ—[ਸੰਸ:, ਵਨੰ] ਜੰਗਲ। ਭਾਵ ਹੈ ਅਤੀਤਤਾਈ ਦਾ ਜੀਵਨ।

ਸਮਸਰਿ ਬਰੱਬਰ। ਤੁੱਲ। ਇਕ ਸਮਾਨ। ਕਿਸੇ ਦੀ ਵਿਸ਼ੇਸ਼ਤਾ ਨਜੂਨਤਾ ਨਾ ਸਮਝਣੀ।

ਸਹਜਿ ਸੁਭਾਇ—ਸੁਤੇ ਸਿਧ। ਪ੍ਰਯਤਨ ਤੋਂ ਬਿਨਾ—ਗਿਹ ਕਿ ਬਨ—ਜੋ ਜੀਵਨ ਪ੍ਰਾਪਤ ਹੋ ਜਾਏ।

ਦੁਰਮਤਿ—[ਸੰਸ:, ਦੁਰ੍ਮਤਿ:] ਖੋਟੀ ਬੁੱਧੀ। **ਗਤੁ ਭਈ**—ਨਾਸ਼ ਹੋ ਗਈ।

ਕੀਰਤਿ ਠਾਇ—ਕੀਰਤੀ ਨੇ ਥਾਂ (ਲੈ ਲਈ ਯਾ ਮੱਲ ਲਈ)। ਕੀਰਤਿ ਤੋਂ ਮੁਰਾਦ ਵਾਹਿਗੁਰੂ ਦੀ ਕੀਰਤੀ ਤੇ ਕੀਰਤਨ ਤੋਂ ਹੈ। ਕੀਰਤੀ ਅੰਦਰ ਤੇ ਕੀਰਤਨ ਰਸਨਾ ਨਾਲ ਹੁੰਦਾ ਹੈ।

ਪਉੜੀ—[ਹਿੰ:, ਪਾਂਵਰੀ=ਪੌੜੀ, ਸੀੜ੍ਹੀ। ਪੰ:, ਪੌੜੀ, ਪਉੜੀ] ਸੀੜੀ, ਜ਼ੀਨਾ ਭਾਵ ਹੈ ਵਸੀਲਾ ਜਿਵੇਂ ਪਉੜੀ ਮਹਲ ਪਹੁੰਚਣ ਦਾ ਵਸੀਲਾ ਹੈ ਤਿਵੇਂ ਕੋਈ ਵਸੀਲਾ (ਸਾਧਨ ਆਦਿ) ਜੋ ਸਰੂਪ ਰੂਪੀ ਮਹਲ ਤੇ ਪੁਚਾਵੇ। **ਨਿਜ ਥਾਉ**—[ਸੰਸ:, ਨਿਜ+ਸ੍ਥਾਨੰ] ਆਪਣਾ ਟਿਕਾਣਾ। ਭਾਵ ਸ੍ਵੈ ਸਰੂਪ। ਜੀਵ ਤਤ ਵਿਚ ਟਿਕਾਉ।

ਚੂਰੇ—ਚੂਰਣ ਕਰੇ। ਮਾਰੇ। ਭਾਵ ਹੈ ਮਨ ਨੂੰ ਵੱਸ ਕਰ ਲਵੇ।

ਖਟੁ ਦਰਸਨ—[ਸੰਸ:, ਸ਼ਡ੍ ਦਰਸ਼ਨ] ਛੇ ਦਰਸ਼ਨ: ਸਾਂਖ, ਨਯਾਯ, ਵੈਸ਼ੇਸ਼ਿਕ, ਮੀਮਾਨਸਾ ਯੋਗ, ਵੇਦਾਂਤ। ਛੇ ਤਰ੍ਹਾਂ ਦੇ ਭੇਖ-ਜੋਗੀ, ਜੰਗਮ, ਸਰੇਵੜਾ, ਸੰਨਿਆਸੀ, ਬੋਧੀ, ਅਵਧੂਤ। ਕਈ ਬੋਧੀ ਦੀ ਥਾਂ ਮਦਾਰੀ ਲੈਂਦੇ ਹਨ। **ਤਿਆਸ** [ਸੰਸ:, ਤ੍ਰਿਖਾ, ਤ੍ਰਿਖ਼ਣਾ] ਤ੍ਰਿਸ਼ਨਾ, ਮਾਇਕ ਤ੍ਰੇਹ। **ਬਿਖਿਆ**—ਮਾਇਆ।

ਪਰਹਰੈ—[ਸੰਸ:, ਪਰਿਹਰਣੰ=ਤਿਆਗ] ਤਿਆਗੇ। ਤਯਾਗਦਾ ਹੈ।

ਅੰਤਰਿ ਧਨੁ—ਅੰਦਰਲਾ ਧਨ। ਕਿਸੇ ਅੰਤਰਮੁਖ ਸਾਧਨ ਤੋਂ ਅੰਦਰ ਪੈਦਾ ਹੋਇਆ ਸੁਖ।

ਹਿਰੈ—ਚੁਰਾ ਲੈਂਦਾ ਹੈ। ਹਿਰੈਂ—ਖੋਹ ਲੈਂਦੇ ਹਨ।

ਨਿਸਤਰੈ [ਸੰਸ:, ਨਿਸ੍ਤਰਣਮ੍=ਛੁਟਕਾਰਾ, ਉਧਾਰ] ਤਰਦਾ ਹੈ।

ਸੈਨੁ—ਸੰਬੰਧੀ, ਸਾਕ। **ਪਹਿ ਆਗੈ**—ਪਾਸ ਅੱਗੇ, ਕ੍ਰਿਯਾ ਪਦ ਵਿਚ ਨਹੀਂ ਹੈ, ਭਾਵ ਹੈ ਤਨ ਮਨ ਹਰੀ ਦੇ ਪਾਸ ਧਰ ਦੇਵੇ ਤੇ ਜਿੰਦ ਹਰੀ ਦੇ ਅੱਗੇ ਧਰ ਦੇਵੇ।

ਅਸਥਿਰੁ [ਸੰਸ:, ਸ੍ਥਿਰ] ਕਾਇਮ। ਟਿਕਿਆ ਹੋਇਆ।

[ਆਸਾ ਮਹਲਾ ੧, ਚਉਪਦਾ—੧੨]

ਮੂਲ	ਅਰਥ
ਆਸਾ ਮਹਲਾ ੧ ॥ ਏਕੋ ਸਰਵਰੁ ਕਮਲ ਅਨੂਪ ॥ ਸਦਾ ਬਿਗਾਸੈ ਪਰਮਲ ਰੂਪ ॥ ਊਜਲ ਮੋਤੀ ਚੂਗਹਿ ਹੰਸ ॥ ਸਰਬ ਕਲਾ ਜਗਦੀਸੈ ਅੰਸ ॥੧॥	(ਸਤਿਸੰਗ ਰੂਪੀ) ਇਕ ਸਰੋਵਰ ਹੈ, (ਉਸ ਵਿਚ ਗੁਰਮੁਖਾਂ ਰੂਪੀ) ਸੁੰਦਰ ਕਮਲ (ਅਨੇਕ ਜਨ ਜੋ ਸਦਾ ਖਿੜੇ ਰਹਿੰਦੇ ਹਨ ਤੇ ਸੁਗੰਧੀ ਦਾ ਰੂਪ ਹੋ ਰਹੇ ਹਨ, ਯਾ ਜਿਨ੍ਹਾਂ ਨੂੰ ਸਰੋਵਰ) ਸਦਾ ਖਿੜਾਈ ਰਖਦਾ ਤੇ ਸੁਗੰਧੀ ਰੂਪ ਰਖਦਾ ਹੈ। (ਇਸ ਸਰੋਵਰ ਵਿਚ) ਉੱਜਲ ਮੋਤੀ (ਰੂਪ ਸ਼ੁਭ ਗੁਣ ਬੜੇ) ਹਨ (ਸੋ ਦੂਰੋਂ ਆ ਆ ਕੇ ਸੰਤਾਂ ਰੂਪੀ) ਹੰਸ ਚੁਗਦੇ ਹਨ। (ਜੋ) ਸਾਰੀਆਂ ਸ਼ਕਤੀਆਂ (ਤੇ ਵਿਦਯਾ ਵਿਗਯਾਨਾਂ ਵਾਲੇ ਹਨ, ਕਿਉਂਕਿ ਸਰਬ ਕਲਾ ਦੇ ਮਾਲਕ) ਪ੍ਰਭੂ ਦੀ (ਓਹ) ਅੰਸ਼ ਹਨ॥੧॥
ਜੋ ਦੀਸੈ ਸੋ ਉਪਜੈ ਬਿਨਸੈ ॥ ਬਿਨੁ ਜਲ ਸਰਵਰਿ ਕਮਲੁ ਨ ਦੀਸੈ ॥੧॥ ਰਹਾਉ ॥	ਜੋ ਦਿੱਸਦਾ ਹੈ ਸੋ ਪੈਦਾ ਹੁੰਦਾ ਤੇ ਨਾਸ਼ ਹੁੰਦਾ ਹੈ। (ਇਨ੍ਹਾਂ ਆਵਾਗਵਨੀ ਲੋਕਾਂ ਨੂੰ ਸਤਿਸੰਗ ਰੂਪੀ) ਸਰੋਵਰ ਵਿਚ (ਗੁਰਮੁਖ ਰੂਪੀ) ਕਮਲ ਦਿੱਸਦਾ ਨਹੀਂ, (ਕਿਉਂਕਿ ਇਹ ਸਰੋਵਰ ਪਦਾਰਥਾਂ ਰੂਪੀ) ਜਲ ਤੋਂ ਬਿਨਾਂ (ਹੁੰਦਾ) ਹੈ॥੧॥ ਰਹਾਉ॥

ਬਿਰਲਾ ਬੂਝੈ ਪਾਵੈ ਭੇਦੁ ॥ ਸਾਖਾ ਤੀਨਿ ਕਹੈ ਨਿਤ ਬੇਦੁ ॥	(ਇਸ) ਭੇਦ ਨੂੰ (ਕੋਈ) ਵਿਰਲਾ ਬੁੱਝਦਾ ਯਾ ਪਾਉਂਦਾ ਹੈ, (ਜੇ ਕਹੋ ਵੇਦ ਤਾਂ ਜਾਣਦਾ ਹੋਸੀ ਤਾਂ ਦੱਸਦੇ ਹਨ ਕਿ) ਵੇਦ ਤਾਂ ਤ੍ਰਿਗਆਤਮਕ ਵਿਦਯਾ ਨੂੰ ਸਦਾ ਦੱਸਦਾ ਰਹਿੰਦਾ ਹੈ। (ਹਾਂ)
ਨਾਦ ਬਿੰਦ ਕੀ ਸੁਰਤਿ ਸਮਾਇ ॥ ਸਤਿਗੁਰੁ ਸੇਵਿ ਪਰਮ ਪਦੁ ਪਾਇ ॥੨॥	ਸਤਿਗੁਰੂ (ਜਾਣਦਾ ਹੈ ਜੋ ਉਸ ਦੀ) ਸੇਵਾ ਕਰੇ (ਉਹ) ਪਰਮ ਪਦ ਪਾਉਂਦਾ ਹੈ। (ਪਰਮ ਪਦ ਕੀ ਹੈ ?) ਨਾਦ ਬਿੰਦ ਦੀ ਸ਼ੁਰਤ ਵਿਚ ਸਮਾਈ ਹੋ ਜਾਵੇ। (ਅਥਵਾ ਨਾਦ ਬਿੰਦਰੂਪ ਵਾਲੇ ਸ਼ਬਦ ਬ੍ਰਹਮ ਦੁਆਰਾ ਪਰਮਾਤਮਦੇਵ ਵਿਚ ਸਮਾਈ ਹੋ ਜਾਵੇ)॥੨॥
ਮੁਕਤੋ ਰਾਤਉ ਰੰਗਿ ਰਵਾਂਤਉ ॥ ਰਾਜਨ ਰਾਜਿ ਸਦਾ ਬਿਗਸਾਂਤਉ ॥ ਜਿਸੁ ਤੂੰ ਰਾਖਹਿ ਕਿਰਪਾ ਧਾਰਿ ॥ ਬੂਡਤ ਪਾਹਨ ਤਾਰਹਿ ਤਾਰਿ ॥੩॥	(ਜੋ ਪੁਰਸ਼ ਜੀਵਨ) ਮੁਕਤ (ਗੁਰਮੁਖਾਂ ਨਾਲ) ਰਚ ਜਾਂਦਾ ਹੈ (ਉਸ ਈਸ਼੍ਵਰੀਯ) ਪ੍ਰੇਮ ਵਿਚ ਰੰਗਿਆ ਜਾਂਦਾ ਹੈ। (ਉਹ) ਰਾਜਿਆਂ ਵਿਚ ਰਾਜਾ ਹੈ (ਉਹ) ਸਦਾ ਖਿੜਿਆ ਰਹਿੰਦਾ ਹੈ। (ਹੇ ਕਰਤਾਰ) ਜਿਸ ਨੂੰ ਤੂੰ ਕਿਰਪਾ ਕਰਕੇ ਬਚਾ ਲੈਂਦਾ ਹੈਂ, (ਉਹ ਚਾਹੋ) ਡੁੱਬ ਰਿਹਾ ਪੱਥਰ ਹੋਵੇ (ਤੂੰ ਉਸ ਨੂੰ ਮਾਨੋ) ਬੇੜੀ ਚਾੜ੍ਹ ਕੇ) ਤਾਰ ਲੈਂਦਾ ਹੈਂ॥੩॥
ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਨਿਆ ॥ ਉਲਟ ਭਈ ਘਰੁ ਘਰ ਮਹਿ ਆਨਿਆ॥ ਅਹਿਨਿਸਿ ਗਤਿ ਕਰੇ ਲਿਵ ਲਾਇ ॥ ਨਾਨਕੁ ਤਿਨ ਕੈ ਲਾਗੈ ਪਾਇ ॥੪॥੧੨॥	(ਐਸਾ ਪੁਰਖ ਜਿਸ ਦੀ) ਜੋਤਿ ਤਿੰਨਾਂ ਲੋਕਾਂ ਵਿਚ (ਵਿਆਪਕ) ਹੈ (ਉਸ ਨੂੰ) ਤਿੰਨਾਂ ਭਵਣਾ ਵਿਚ (ਵਯਾਪਕ) ਲਖ ਲੈਂਦਾ ਹੈ। (ਉਸ ਦੀ ਬਿਰਤੀ ਸੰਸਾਰ ਵਲੋਂ) ਉਲਟ ਜਾਂਦੀ ਹੈ (ਤੇ ਉਹ ਅਪਣੇ) ਹਿਰਦੇ ਵਿਚ ਹੀ ਨਿਜ ਸਰੂਪ ਨੂੰ ਪ੍ਰਾਪਤ ਕਰ ਲੈਂਦਾ ਹੈ। (ਐਉਂ ਜੋ) ਦਿਨ ਰਾਤ ਲਿਵ ਲਾ ਕੇ ਭਗਤੀ ਕਰਦਾ ਹੈ ਗੁਰੂ ਨਾਨਕ ਉਸ ਦੇ ਚਰਣੀ ਲਗਦਾ ਹੈ॥੪॥੧੨॥

ਵਯਾਖਯਾ—ਤੇ ਨਿਰੁਕ੍ਤ—ਸੁਗਮ ਹੈ।

[ਆਸਾ ਮਹਲਾ ੧, ਚਉਪਦਾ—੧੩]

ਮੂਲ	ਅਰਥ
ਆਸਾ ਮਹਲਾ ੧ ॥ ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ ਸਿਆਣਪ ਲਾਗੈ ਧੂਰਿ ॥ ਲਾਗੀ ਮੈਲੁ ਮਿਟੈ ਸਚ ਨਾਇ ॥ ਗੁਰ ਪਰਸਾਦਿ ਰਹੈ ਲਿਵ ਲਾਇ ॥੧॥ ਹੈ ਹਜੂਰਿ ਹਾਜਰੁ ਅਰਦਾਸਿ ॥ ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥੧॥ਰਹਾਉ ॥	ਸਚੀ ਗੁਰਮਤਿ (ਇਹ ਹੈ ਕਿ ਚੰਚਲ ਮਤਿ ਨਾਲ) ਹੁੱਜਤ (ਕਰਨ ਦੀ ਬਾਣ) ਦੂਰ ਕਰ ਦਿਓ, ਅਤਿ ਸਿਆਣਪ ਨਾਲ (ਮਨ ਨੂੰ ਹਉਮੈ ਰੂਪੀ) ਮੈਲ ਲੱਗਦੀ ਹੈ (ਇਹ) ਲੱਗੀ ਹੋਈ ਮੈਲ (ਬੀ) ਸੱਚੇ ਨਾਮ ਨਾਲ ਨਾਸ਼ ਹੋ ਜਾਂਦੀ ਹੈ (ਜੇ) ਗੁਰੂ ਦੀ ਕ੍ਰਿਪਾ ਦੁਆਰਾ (ਨਾਮ ਪ੍ਰਾਪਤ ਕਰਕੇ ਉਸ ਵਿਚ) ਲਿਵ ਲਾਈ ਰਖੇ॥੧॥ (ਜਦ ਉਹ ਪ੍ਰਭੂ) ਹਾਜ਼ਰਾ ਹਜ਼ੂਰ ਹੈ (ਤਾਂ ਆਪ ਨੂੰ ਉਸ ਦੀ ਹਾਜ਼ਰੀ (ਵਿਚ ਪ੍ਰਤੀਤ ਕਰਕੇ) ਅਰਦਾਸ ਕਰੋ (ਤੇ ਆਪਣਾ) ਦੁਖ ਸੁਖ (ਉਸ) ਸਤਿ ਸਰੂਪ ਕਰਤਾਰ ਤੇ ਪ੍ਰਭੂ ਦੇ ਪਾਸ ਆਖੋ॥੧॥ਰਹਾਉ॥

ਕੂੜੁ ਕਮਾਵੈ ਆਵੈ ਜਾਵੈ ॥
ਕਹਣਿ ਕਥਨਿ ਵਾਰਾ ਨਹੀ ਆਵੈ ॥
ਕਿਆ ਦੇਖਾ ਸੂਝ ਬੂਝ ਨ ਪਾਵੈ ॥
ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ॥੨॥

ਜੋ ਕੂੜ ਕਮਾਵੇਗਾ ਉਹ ਜੰਮਦਾ ਮਰਦਾ ਰਹੇਗਾ। (ਜੋ ਨਿਰੀਆਂ) ਗੱਲਾਂ ਮਾਰਦਾ ਹੈ (ਕਿ ਨਿਰੀਆਂ) ਕਥਾ ਕਰਨ ਦਾ ਅੰਤ ਨਹੀਂ ਆਉਂਦਾ (ਭਾਵ ਕਥੀ ਜਾਂਦਾ ਹੈ ਤੇ ਟਿਕਾਣਾ ਨਹੀਂ ਲੱਭਦਾ। ਉਸ ਕਥਨੀ ਵਾਲੇ ਨੇ) ਕੀ ਡਿੱਠਾ ਹੁੰਦਾ ਹੈ? (ਭਾਵ ਕੁਛ ਨਹੀਂ ਦੇਖਿਆ ਹੁੰਦਾ, ਇਸ ਕਰਕੇ ਉਸ ਨੂੰ) ਸੂਝ ਬੂਝ (ਅਸਲ ਗਜਾਨ ਕਿ ਲੱਖਤਾ) ਪ੍ਰਾਪਤ ਨਹੀਂ ਹੁੰਦੀ, (ਕਿਉਂਕਿ) ਨਾਮ ਤੋਂ ਬਿਨਾ ਮਨ ਨੂੰ ਤ੍ਰਿਪਤੀ ਨਹੀਂ ਆਉਂਦੀ॥੧॥

ਜੋ ਜਨਮੇ ਸੇ ਰੋਗਿ ਵਿਆਪੇ ॥
ਹਉਮੈ ਮਾਇਆ ਦੂਖਿ ਸੰਤਾਪੇ ॥
ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥੩॥
ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ॥੩॥

ਜੋ (ਦੁਨੀਆਂ ਵਿਚ) ਜੰਮ ਪਏ ਹਨ ਓਹ (ਹਉਮੈ) ਰੋਗ ਨਾਲ ਲਪੇਟੇ ਹੋਏ ਹਨ, (ਉਹ) ਮਾਇਆ ਦੀ ਅਹੰਤਾ ਮਮਤਾ ਕਰਕੇ ਸੰਤਾਪੇ ਹੋਏ ਹਨ (ਭਾਵ) ਦੁਖੀ ਰਹਿੰਦੇ ਹਨ। (ਕੇਵਲ) ਓਹ ਪੁਰਖ ਬਚ ਰਹਿੰਦੇ ਹਨ ਜੋ ਪ੍ਰਭੂਨੇ ਰੱਖ ਲਏ ਹਨ, (ਉਨ੍ਹਾਂ ਨੇ) ਸਤਿਗੁਰੂ ਨੂੰ ਸੇਵਕੇ (ਨਾਮ ਦੇ) ਅੰਮ੍ਰਿਤ ਰਸ ਨੂੰ ਚੱਖਿਆ ਹੈ॥੩॥

ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥
ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ॥ ਸਾਚੈ ਸਬਦਿ ਮੁਕਤਿ ਗਤਿ ਪਾਏ ॥ ਨਾਨਕ ਵਿਚਹੁ ਆਪੁ ਗਵਾਏ ॥੪॥੧੩॥

(ਸਿੱਟੇ ਦੀ ਗੱਲ ਇਹ ਹੈ:-) ਜੋ ਸਤਿਗੁਰੂ ਦੀ ਸੇਵਾ ਕਰਕੇ ਅਮਰ ਕਰਨੇ ਵਾਲੇ ਸ਼ਬਦ (=ਨਾਮ) ਨੂੰ ਉਚਾਰਦਾ ਰਹੇਗਾ (ਅਤੇ ਆਪਣੇ ਸੰਕਲਪਾਂ ਵਿਕਲਪਾਂ ਵਿਚ) ਚਲਾਯਮਾਨ ਰਹਿਣ ਵਾਲੇ ਮਨ ਨੂੰ ਰੋਕਦਾ ਰਹੇਗਾ (ਉਹ ਇਸ ਨਾਮ) ਅੰਮ੍ਰਿਤ ਨੂੰ ਪੀਂਦਾ ਰਹੇਗਾ।(ਅੰਮ੍ਰਿਤ ਪੀਂਦਿਆਂ) ਆਪਾ ਭਾਵ ਨੂੰ ਵਿਚੋਂ ਗੁਆਉਂਦਾ ਰਹੇ ਹੇ ਨਾਨਕ ! (ਉਹ ਪਰਖ) ਸੱਚੇ ਸ਼ਬਦ ਦੁਆਰਾ ਸ਼ੁਭ ਗਤੀ (ਅਰਥਾਤ) ਮੁਕਤੀ ਪਾਏਗਾ॥੪॥੧੩॥

ਵਜਾਖਜਾ— ਅੰਕ ੧— ਇਸ ਸ਼ਬਦ ਵਿਚ ਮੁਕਤੀ ਦਾ ਤ੍ਰੀਕਾ ਦੱਸਿਆ ਹੈ। ਜਾਪਦਾ ਹੈ ਕਿ ਕਿਸੇ ਫੋਕੇ ਦਲੀਲ ਬਾਜ਼ ਨੂੰ ਉਪਦੇਸ਼ ਦੇ ਕੇ ਸ਼ਬਦ ਲਿਖਿਆ ਹੈ। ਦਲੀਲ ਬਾਜ਼ ਯੋਗ ਵਰਤਾਉ ਅਕਲ ਦਾ ਛੱਡ ਕੇ ਫੋਕੀਆਂ ਦਲੀਲਾਂ ਤੇ ਫੇਰ ਹੁੱਜਤਾਂ ਪੜ੍ਹਨ ਤੇ ਹੋ ਜਾਂਦੇ ਹਨ ਹੈ ਤਾਂ 'ਹੁੱਜਤ' ਬੀ ਨਾਮ ਦਲੀਲ ਦਾ ਪਰ ਪੰਜਾਬੀ ਵਿਚ ਇਸ ਦਾ ਅਰਥ ਬਣ ਗਿਆ ਹੈ ਅਯੁਕਤ ਯੁਕਤੀਆਂ, ਜੋ ਨਾਂ ਮੰਗਣ ਯਾ ਰੋੜੇ ਅਟਕਾਉਣ ਨਮਿੱਤ ਵਰਤੀਆਂ ਜਾਣ ਇਸ ਲਈ ਫੁਰਮਾਉਂਦੇ ਹਨ ਕਿ ਬਹੁਤੀਆਂ ਸਿਆਣਪਾਂ ਨਾਲ ਮਨ ਨੂੰ ਮੈਲ ਲਗਦੀ ਹੈ ਕਿਉਂਕਿ ਮਨ ਨਿਰੀ ਵਾਲ ਦੀ ਖੱਲ ਲਾਹੁਣ ਵਾਲਾ ਹੋ ਜਾਂਦਾ ਹੈ। ਸਚ ਕੂੜ ਦੀ ਵਿਤਰੇਕਤਾ ਛੱਡ ਕੇ ਅਪਣੇ ਪੱਖ ਦਾ ਪੱਖੀ, ਨੀਯਤ ਤੇ ਨੇਕੀ ਛੋੜ ਕੇ ਕਰਦਾ ਹੈ:-

ਬਹੁਤੁ ਸਿਆਣਪ ਆਗਲ ਭਾਰਾ॥ [ਗਉੜੀ ਮਹਲਾ ੫-੭੯]

ਇਉਂ ਇਕ ਮੈਲ ਲਗਦੀ ਹੈ, ਦੂਜੇ ਅਪਣੀ ਸਿਆਣਪ ਦਾ ਅਭਿਮਾਨ ਹੋ ਜਾਂਦਾ ਹੈ,ਯਥਾ:-

ਬਹੁਤੁ ਸਿਆਣਪ ਹਉਮੈ ਮੇਰੀ॥ [ਸਾਰੰਗ ਵਾਰ ਮਹਲਾ ੩-੩]

ਫੇਰ ਅਤਿ ਸਿਆਣਪੀ ਭਰਮੀ ਹੋ ਜਾਂਦਾ ਹੈ, ਯਥਾ:-

ਬਹੁਤੁ ਸਿਆਣਪ ਭਰਮੁ ਨ ਜਾਏ॥ [ਮਾਰੂ ਮਹਲਾ ੧, ਸੋਲਹਾ ੫-੮]

ਭਰਮ ਬਣਿਆ ਰਹਿਣ ਕਰਕੇ ਮੁਕਤੀ ਨਹੀਂ ਮਿਲ ਸਕਦੀ, ਯਥਾ:-

ਬਹੁਤੁ ਸਿਆਣਪ ਲਇਆ ਨ ਜਾਈ ਕਰਿ ਥਾਕੇ ਸਭਿ ਚਤੁਰਾਈ॥ [ਵਡਹੰਸੁ ਮਹਲਾ ੪-੨]

ਇਥੇ ਪ੍ਰਸ਼ਨ ਹੁੰਦਾ ਹੈ ਕਿ ਕਿਆ ਹੁੱਜਤੀ ਆਦਮੀ ਸਦਾਲਈ ਮਾਰਿਆ ਗਿਆ ? ਤਦ ਆਪ ਜੀ ਨਿਆਂ ਤੇ ਤਰਸ ਤੋਂ ਕੰਮ ਲੈਂਦੇ ਹਨ।ਮਿਤ ਦੇ ਕਰਮਾਂ ਦੀ ਅਮਿਤ ਸਜ਼ਾ ਨਹੀਂ ਦੇਂਦੇ, ਫੁਰਮਾਉਂਦੇ

ਹਨ ਕਿ ਹੁੱਜਤੀ ਦੇ ਮਨ ਦੀ ਮੈਲ ਬੀ ਸੱਚੇ ਨਾਮ ਨਾਲ ਦੂਰ ਹੋ ਜਾਂਦੀ ਹੈ, ਜੇ ਉਹ ਗੁਰੂ ਨੂੰ ਮਿਲਕੇ ਨਾਮ ਪ੍ਰਾਪਤ ਕਰੇ ਤੇ ਨਾਮ ਜਪਦਾ ਲਿਵ ਵਿਚ ਆਵੇ। ਇਸ ਕਹਿਣ ਤੋਂ ਸੰਭਾਵਨਾ ਹੋ ਸਕਦੀ ਹੈ ਕਿ ਜਿਸ ਨੂੰ ਹੁੱਜਤ ਬਾਜ਼ੀ ਛੱਡਣੋਂ ਰੋਕ ਰਹੇ ਸਨ ਤੇ ਗਰਮਤਿ ਸਮਝਾ ਰਹੇ ਸਨ ਉਹ ਮਨ ਕਰਕੇ ਸੁਧਰ ਗਿਆ ਹੈ ਤੇ ਅਪਨਾ ਦਾਰੂ ਪੁੱਛਦਾ ਹੈ ਤਦ ਉਸ ਨੂੰ ਨਿਰਾਸ ਨਹੀਂ ਕਰਦੇ। ਤੇ ਇਹ ਮਤਿ ਦੇ ਕੇ ਕਿ ਨਾਮ ਜਪ, ਉਸ ਨੂੰ ਅਰਦਾਸ ਤੇ ਹਜ਼ੂਰੀ ਦਾ ਸਬਕ ਰਹਾਉ ਵਿਚ ਦੇਂਦੇ ਹਨ; ਕਿ ਵਾਹਿਗੁਰੂ ਹਾਜ਼ਰਾ ਹਜ਼ੂਰ ਹੈ, ਉਸ ਦੀ ਹਜ਼ੂਰੀ ਦੇ ਅਹਿਸਾਸ ਵਿਚ ਵੱਸੋ। ਦੁਖ ਸੁਖ ਹਰ ਲੋੜ ਵੇਲੇ ਉਸ ਮੂਹਰੇ ਅਰਦਾਸ ਕਰੋ।

ਅੰਕ ੨ ਵਿਚ ਉਹੋ ਵਿਸ਼ਯ ਚਲਦਾ ਹੈ, ਜ਼ੁਬਾਨੀ ਜਮਾ ਖਰਚ ਕਰਨ ਵਾਲੇ ਚਤੁਰ ਵਕਤਿਆਂ ਨੂੰ ਕੂੜ ਦੀ ਕਮਾਈ ਦੇ ਅਸਰਾਂ ਤੋਂ ਵਿਮੁਕਤ ਕਰਨੇ ਲਈ ਨਾਮ ਦਾ ਉਪਦੇਸ਼ ਦੇਂਦੇ ਹਨ।

ਅੰਕ ੩ ਵਿਚ ਆਮ ਲੋਕਾਂ ਨੂੰ, ਜੋ ਹਉਮੈਂ ਵਿਆਪੇ ਵਾਹਿਗੁਰੂ ਜੀ ਤੋਂ ਭੁੱਲ ਰਹੇ ਹਨ, ਬਚਣੇ ਦਾ ਰਾਹ ਦੱਸਦੇ ਹਨ।

ਅੰਕ ੪ ਵਿਚ ਉਹੋ ਵਿਸ਼ਾ ਚਲ ਰਿਹਾ ਹੈ ਜੋ ਅੰਕ ੩ ਵਿਚ ਸ਼ੁਰੂ ਸੀ ਕਿ ਮੁਕਤੀ ਦਾ ਰਾਹ ਕੀ ਹੈ। ਨਾਮ ਜਪਣਾ, ਮਨ ਨੂੰ ਧਾਵਤ ਜਾਣੋਂ ਰੋਕਣਾ, ਸਤਿਗੁਰ ਦੀ ਸੇਵਾ, ਆਪਾ ਭਾਵ ਦਾ ਦੂਰ ਕਰਨਾ।

ਨਿਰੁਕ੍ਤ— **ਹੁਜਤਿ**—[ਅ:, ਹੁੱਜਤ = ਦਲੀਲ। ਪੰਜਾ:, ਅਯੁਕਤ ਯੁਕਤੀ] ਢੁੱਚਰ। ਰੋਕਾਂ ਪਾਉਣ ਵਾਲੀ ਤੇ ਵਿਤੰਡਾ ਵਾਦੀ ਦਲੀਲ।

ਹਜੂਰਿ—[ਅ:, ਹੁਜ਼ੂਰ = ਹਾਜ਼ਰ ਹੋਣਾ] ਸਾਹਮਣੇ, ਪ੍ਰਤੱਖ।

ਹਾਜਰੁ—[ਅ:, ਹਾਜ਼ਿਰ) ਮੌਜੂਦ।

ਵਾਰਾ—[ਪਜਾ:,] ਵਾਰੀ, ਅਤ। ਵਾਰਾ ਨਾ ਆਉਣਾ = ਮੁੱਕਣਾ ਨਾ ਅੰਤ ਨਾ ਆਉਣਾ।

ਚਲਤਉ—ਚਲਦਾ। ਨਾ ਟਿਕਣ ਵਾਲਾ। ਚੰਚਲ।

ਮੁਕਤਿ—ਮੁਕਤੀ।

ਗਤਿ—[ਸੰਸ:, ਗਤਿ:] ਉੱਤਮ ਦਸ਼ਾ। ਮੁਕਤੀ ਤੋਂ ਏਥੇ ਮੁਰਾਦ ਮੋਹ ਮਾਇਆ, ਜਨਮ ਮਰਨ ਤੋਂ ਸਦੈਵੀ ਛੁਟਕਾਰਾ ਹੈ, ਤੇ ਗਤੀ ਤੋਂ ਮੁਰਾਦ ਉਸ ਉੱਤਮ ਅਵਸਥਾ ਦੀ ਹੈ ਜੋ ਪਰਮ ਆਨੰਦ ਰੂਪ ਪ੍ਰਾਪਤ ਹੋਣੀ ਹੈ। ਸਰਬ ਉੱਤਮ ਅਵਸਥਾ ਤੋਂ ਪਰੇ ਯਥਾਰਥ।

[ਆਸਾ ਮਹਲਾ ੧, ਚਉਪਦਾ—੧੪]

ਪ੍ਰਾਕ੍ਥਨ—ਇਸ ਸ਼ਬਦ ਵਿਚ ਨਾਮ ਪ੍ਰਾਪਤ ਪੁਰਖ ਦੀ ਪ੍ਰਾਪਤੀ, ਅਰਦਾਸ ਤੇ ਮਹਿਮਾਂ ਵਰਣਨ ਕੀਤੀ ਹੈ।

ਮੂਲ	ਅਰਥ
ਆਸਾ ਮਹਲਾ ੧ ॥ **ਜੋ ਤਿਨਿ ਕੀਆ ਸੋ ਸਚੁ ਥੀਆ ॥** **ਅੰਮ੍ਰਿਤ ਨਾਮੁ ਸਤਿਗੁਰਿ ਦੀਆ ॥** **ਹਿਰਦੈ ਨਾਮੁ ਨਾਹੀ ਮਨਿ ਭੰਗੁ ॥** **ਅਨਦਿਨੁ ਨਾਲਿ ਪਿਆਰੇ ਸੰਗੁ ॥੧॥**	(ਜਿਸ ਵਡਭਾਗੇ ਨੂੰ) ਸਤਿਗੁਰੂ ਨੇ ਅੰਮ੍ਰਿਤ ਨਾਮ ਦਿੱਤਾ ਹੈ, ਉਸ ਨੇ (ਫੇਰ) ਜੋ ਕੁਛ ਕੀਤਾ ਉਹ ਸੱਚ ਹੋ ਗਿਆ ਹੈ (ਭਾਵ ਸਫਲਿਆ ਹੈ)। (ਉਸ ਦੇ) ਹਿਰਦੇ ਵਿਚ ਨਾਮ (ਵਸ ਜਾਂਦਾ) ਹੈ (ਕਦੇ ਨਾਮ ਵਲੋਂ ਉਸ ਦੇ) ਮਨ ਵਿਚ ਭੰਗ (ਵਿਘਨ) ਨਹੀਂ ਪੈਂਦਾ (ਇਸ ਨਾਮ ਅਰਾਧਣ ਨਾਲ ਹਜ਼ੂਰੀ ਵਾਸ ਹੋ ਜਾਂਦਾ ਹੈ ਸੋ ਉਸ ਦਾ) ਦਿਨ ਪ੍ਰਤਿ ਦਿਨ ਪਿਆਰੇ (ਪ੍ਰਭੂ) ਨਾਲ ਸੰਗ (ਬਣਿਆ ਰਹਿੰਦਾ) ਹੈ॥੧॥

ਹਰਿ ਜੀਉ ਰਾਖਹੁ ਅਪਨੀ ਸਰਣਾਈ॥ ਗੁਰ ਪਰਸਾਦੀ ਹਰਿ ਰਸੁ ਪਾਇਆ ਨਾਮੁ ਪਦਾਰਥੁ ਨਉ ਨਿਧਿ ਪਾਈ ॥੧॥ ਰਹਾਉ ॥	[ਇਹ ਕਹਿਕੇ ਅਰਦਾਸ ਕਰਦੇ ਹਨ:-] ਹੇ ਹਰਿ ਜੀਉ! (ਮੈਨੂੰ) ਆਪਣੀ ਸ਼ਰਣ ਵਿਚ ਰਖੋ! (ਇਹ ਜੋ) ਗੁਰੂ ਦੀ ਕ੍ਰਿਪਾ ਨਾਲ (ਮੈਂ) ਹਰੀ ਰਸ (ਯਾ)ਨਾਮ ਪਦਾਰਥ ਪਾਇਆ ਹੈ ਸੋ (ਮਾਨੋਂ) ਨੌ ਨਿਧਾਂ ਪਾ ਲਈਆਂ ਹਨ(ਇਹ ਹੁਣ ਨਾ ਵਿਛੁੜੇ)॥੧॥ ਰਹਾਉ॥
ਕਰਮ ਧਰਮ ਸਚੁ ਸਾਚਾ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥ ਜੋ ਹਰਿ ਰਾਤੇ ਸੇ ਜਨ ਪਰਵਾਣੁ ॥ ਤਿਨ ਕੀ ਸੰਗਤਿ ਪਰਮ ਨਿਧਾਨੁ ॥੨॥	(ਇੱਕੁਰ ਜਿਸ ਨੇ ਕਰਮ ਧਰਮ ਦੀ ਥਾਂਵੇਂ) ਸੱਚਾ ਨਾਮ ਹੀ ਸੱਚਾ ਕਰਮ ਧਰਮ (ਸਮਝ ਲਿਆ ਹੈ) ਉਸ ਦੇ (ਮੈਂ) ਸਦਾ ਸਦਕੇ ਜਾਂਦਾ ਹਾਂ। (ਹਾਂ ਜੀਓ) ਜੋ ਪੁਰਖ ਹਰੀ (ਨਾਮ) ਵਿਚ ਰੰਗੇ ਗਏ ਹਨ ਓਹ (ਏਥੇ ਓਥੇ) ਪਰਵਾਣ ਹਨ, ਉਨ੍ਹਾਂ ਦੀ ਸੰਗਤ ਪਰਮ ਨਿਧੀਆਂ ਦਾ ਘਰ ਹੈ (ਭਾਵ ਬਹੁਤ ਅਮੋਲਕ ਹੈ)॥੨॥
ਹਰਿ ਵਰੁ ਜਿਨਿ ਪਾਇਆ ਧਨ ਨਾਰੀ॥ ਹਰਿ ਸਿਉ ਰਾਤੀ ਸਬਦੁ ਵੀਚਾਰੀ ॥ ਆਪਿ ਤਰੈ ਸੰਗਤਿ ਕੁਲ ਤਾਰੈ ॥ ਸਤਿਗੁਰੁ ਸੇਵਿ ਤਤੁ ਵੀਚਾਰੈ ॥੩॥	(ਉਹ ਗੁਰਮੁਖ ਰੂਪ) ਇਸਤ੍ਰੀ ਧੰਨ ਹੈ ਜਿਸ ਨੇ (ਇਉਂ) ਹਰੀ ਰੂਪੀ ਵਰ ਪਾ ਲਿਆ ਹੈ, (ਹਰੀ ਨੂੰ ਪਾ ਕੇ ਜੋ) ਹਰੀ ਨਾਲ ਰੱਤੀ ਰਹਿੰਦੀ ਹੈ (ਕਦੇ ਵਿੱਛੁੜਦੀ ਨਹੀਂ ਅਤੇ) ਸ਼ਬਦ ਦੀ ਵੀਚਾਰ-ਵਾਨ (ਰਹਿੰਦੀ) ਹੈ, ਉਹ ਆਪ ਤਰ ਜਾਂਦੀ ਹੈ, (ਆਪਣੀ) ਕੁਲ (ਤੇ ਮਿਲਣ ਵਾਲੀ) ਸੰਗਤ ਨੂੰ ਤਾਰ ਦੇਂਦੀ ਹੈ। (ਕਿਉਂਕਿ ਉਹ ਪਾਰਗਿਰਾਮੀ ਹੋਕੇ ਬੀ) ਸਤਿਗਰ ਦੀ ਸੇਵਾ ਕਰਦੀ ਹੋਈ ਤਤ ਦੀ ਵੀਚਾਰ ਵਿਚ ਰਹਿੰਦੀ ਹੈ॥੩॥
ਹਮਰੀ ਜਾਤਿ ਪਤਿ ਸਚੁ ਨਾਉ ॥ ਕਰਮ ਧਰਮ ਸੰਜਮੁ ਸਤ ਭਾਉ ॥ ਨਾਨਕ ਬਖਸੇ ਪੂਛ ਨ ਹੋਇ ॥ ਦੂਜਾ ਮੇਟੇ ਏਕੋ ਸੋਇ ॥੪॥੧੪॥	ਉਸ ਦੀ ਵੀਚਾਰ ਇਹ ਰਹਿੰਦੀ ਹੈ ਕਿ) ਸਾਡੀ ਜਾਤੀ (ਸਾਡੀ) ਪਤ ਅਬਰੋ ਸੱਚਾ ਨਾਮ ਹੈ, ਕਰਮ ਧਰਮ ਤੇ ਸੰਜਮ (ਸਾਡਾ) ਸੱਚ ਦਾ ਪ੍ਰੇਮ ਹੈ। ਹੇ ਨਾਨਕ ! (ਐਸਲੋਕ) ਬਖਸ਼ੇ ਗਏ (ਸਮਝੋ, ਉਨ੍ਹਾਂ ਨੂੰ ਫੇਰ ਕੋਈ) ਜੁਾਬਦੇਹੀ ਨਹੀਂ ਰਹਿੰਦੀ, (ਕਿਉਂਕਿ) ਓਹੀ ਹੈ (ਜੋ) ਦ੍ਵੈਤ ਨੂੰ ਮੇਟ ਲੈਂਦਾ ਹੈ ਤੇ ਇਕੋ (ਨਾਲ ਮਿਲਕੇ ਇਕੋ ਹੋ ਜਾਂਦਾ) ਹੈ॥੪॥੧੪॥

ਵ੍ਯਾਖ੍ਯਾ— ਅੰਕ ੧ ਵਿਚ ਨਾਮ ਧਾਰਨ ਵਾਲੇ ਦੀ ਸਫਲਤਾ ਦੱਸਦੇ ਹਨ ਕਿ ਉਸ ਨੂੰ ਨਿਰੰਤਰ ਮੇਲ ਰੱਬ ਜੀ ਦਾ ਮਿਲ ਜਾਂਦਾ ਹੈ।

ਰਹਾਉ ਵਿਚ ਨਾਮ ਪਦਾਰਥ ਨੂੰ ਅਮੋਲਕ ਦੱਸਕੇ ਅਰਦਾਸ ਕਰਨ ਦੀ ਜਾਚ ਦੱਸਦੇ ਹਨ ਕਿ ਨਾਮ ਪਾ ਕੇ ਸਦਾ ਸ਼ਰਣ ਵਿਚ ਰਹਿਣ ਦੀ ਅਰਦਾਸ ਕਰਿਆ ਕਰੋ ਤੇ ਇਸ ਪ੍ਰਾਪਤ ਹੋਏ ਨਾਮ ਪਦਾਰਥ ਦੀ ਕੀਮਤ ਕੂਤ ਅਮੋਲਕ ਸਮਝਿਆ ਕਰੋ।

ਅੰਕ ੨— ਇਨ੍ਹਾਂ ਹਰੀ ਰੰਗ ਰਤਿਆਂ ਦੇ ਸਤਿਸੰਗ ਕਰਨ ਦਾ ਉਪਦੇਸ਼ ਦੇਂਦਾ ਹਨ।

ਅੰਕ ੩ ਵਿਚ 'ਕਿਉਂ ਸੰਗਤ ਕਰੋ ?' ਇਸ ਦਾ ਉੱਤਰ ਦੇਂਦੇ ਹਨ ਕਿ ਓਹ ਸਦਾ ਰੰਗ ਰੱਤੇ ਆਪਣੀ ਛੁਹ, ਆਪਣੀ ਸੰਗਤ, ਆਪਣੇ ਉਪਦੇਸ਼ ਨਾਲ ਆਪਣੀ ਕੁਲ ਤੇ ਆਪਣੇ ਦੁਆਲੇ ਆਏ ਸਤਿ-ਸੰਗੀਆਂ ਨੂੰ ਤਾਰਨ ਦੀ ਸਮਰੱਥਾ ਵਾਲੇ ਹੋ ਗਏ ਹੁੰਦੇ ਹਨ।

ਅੰਕ ੪ ਵਿਚ ਐਸੇ ਸਤਿ ਪੁਰਖਾਂ ਦੇ ਵਾਹਿਗੁਰੂ ਨਾਲ ਅਭੇਦ ਮਿਲਾਪ ਦਾ ਕਥਨ ਕਰਕੇ ਇਸ਼ਾਰੇ ਨਾਲ ਉਪਦੇਸ਼ ਦੇਂਦੇ ਹਨ ਕਿ ਉਨ੍ਹਾਂ ਤੋਂ ਇਹ ਜਾਚ ਸਿੱਖੋ ਕਿ ਤੁਹਾਡਾ ਕਰਮ ਧਰਮ ਸੁਚ ਸੰਜਮ ਸਭ ਕੁਛ ਹਰੀ ਦਾ ਨਾਮ ਬਣ ਜਾਵੇ। ਨਾਮ ਤੋਂ ਕਦੇ ਨਾ ਵਿਛੁੜੋ।

ਨਿਰੁਕ੍ਤ— ਭੰਗੁ—[ਸੰਸ:, ਭੰਗ = ਅੜਚਨ, ਰੁਕਾਵਟ] ਤ੍ਰੁੱਟਣਾ। ਟੋਟਾ। ਵਿਘਨ।

ਨਉ ਨਿਧਿ—(ਦੇਖੋ ਪੰਨਾ ੧੭੭) ਨੌ ਨਿਧੀਆਂ ਭਾਵ ਹੈ ਸਭ ਪ੍ਰਕਾਰ ਦੇ ਖ਼ਜ਼ਾਨੇ, ਅਮੋਲਕਤਾਈ। **ਕਰਮ**—ਯਗ, ਪੂਜਾ ਆਦਿ।

ਧਰਮ—[ਸੰਸ:, ਧਰਮ: = ਮੁਕਤੀ ਪ੍ਰਾਪਤੀ ਲਈ ਕਰਨ ਯੋਗ ਕੰਮ] ਵਰਣਾਸ਼੍ਰਮੀ ਤ੍ਰੀਕੇ ਧਾਰਨੇ।

ਸੰਜਮੁ—[ਸੰਸ:, ਸੰਯਮ:] ਇੰਦ੍ਰਿਆਂ ਨੂੰ ਰੋਕਣ ਦੇ ਤਰੱਦਦ।

ਸਤ ਭਾਉ—[ਸੰਸ:, ਸਦ੍ਭਾਵ: = ਸੱਚਾ ਪ੍ਰੇਮ] ਸੱਚ ਦਾ ਪ੍ਰੇਮ)

[ਆਸਾ ਮਹਲਾ ੧, ਚਉਪਦਾ—੧੫]

ਪ੍ਰਾਕ੍ਕਥਨ—ਅਮੁਕਤਿ ਪ੍ਰਾਣੀਆਂ ਦੀ ਮੰਦੀ ਹਾਲਤ ਦੱਸਕੇ ਨਾਮ ਦਾ ਰਸਤਾ ਸਿਖਾਲਦੇ ਹਨ

ਮੂਲ	**ਅਰਥ**
ਆਸਾ ਮਹਲਾ ੧ ॥ ਇਕਿ ਆਵਹਿ ਇਕਿ ਜਾਵਹਿ ਆਈ॥ ਇਕਿ ਹਰਿ ਰਾਤੇ ਰਹਹਿ ਸਮਾਈ ॥ ਇਕਿ ਧਰਨਿ ਗਗਨ ਮਹਿ ਠਉਰ ਨ ਪਾਵਹਿ ॥ ਸੇ ਕਰਮਹੀਣ ਹਰਿ ਨਾਮੁ ਨ ਧਿਆਵਹਿ ॥੧॥	(ਦੇਖੋ ਜਗਤ ਵਿਚ) ਇਕ (ਮਾਨੁਖ) ਆਉਂਦੇ (ਜੰਮਦੇ ਪਏ ਹਨ) ਇਕ ਜਾ ਰਹੇ (ਭਾਵ ਮਰ ਰਹੇ) ਹਨ, (ਇਕ ਮਰ ਕੇ ਗਏ ਹੋਏ ਫੇਰ) ਆ ਰਹੇ ਹਨ (ਭਾਵ ਮੁੜ ਜੰਮ ਰਹੇ ਹਨ)। ਇਕ ਹਰੀ (ਦੇ ਪ੍ਰੇਮ ਵਿਚ) ਰੰਗੇ ਹੋਏ (ਉਸ ਵਿਚ) ਸਮਾਏ ਰਹਿੰਦੇ ਹਨ; ਇਕ (ਐਸੇ ਅਬਿਗਤ ਪੁਰਖ ਹਨ ਜਿਨ੍ਹਾਂ ਨੂੰ) ਨਾਂ ਧਰਤੀ ਉਤੇ ਨਾ ਆਕਾਸ਼ ਵਿਚ ਠਿਕਾਣਾ ਲੱਭਦਾ ਹੈ। (ਸੋ ਭਾਈ !) ਓਹ ਭਾਗ ਹੀਣ ਹਨ ਜੋ ਹਰੀ ਦਾ ਨਾਮ ਨਹੀ ਧਿਆਉਂਦੇ॥੧॥
ਗੁਰ ਪੂਰੇ ਤੇ ਗਤਿ ਮਿਤਿ ਪਾਈ ॥ ਇਹੁ ਸੰਸਾਰੁ ਬਿਖੁ ਵਤ ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ ਲੰਘਾਈ ॥੧॥ ਰਹਾਉ ॥	(ਇਸ ਲਈ ਚਾਹੀਦਾ ਹੈ ਕਿ) ਪੂਰੇ ਗੁਰੂ ਤੋਂ ਮੁਕਤੀ ਦੀ ਮਰਯਾਦਾ (ਤ੍ਰੀਕਾ ਯਾ ਜਾਚ) ਪ੍ਰਾਪਤ ਕੀਤੀ ਜਾਵੇ, (ਕਿਉਂਕਿ) ਇਹ ਸੰਸਾਰ ਵਿਹੁ ਵਰਗਾ (ਮਾਰੂ) ਤੇ ਬਹੁਤ ਡਰਾਉਣੇ ਸਮੁੰਦਰ (ਵਰਗਾ ਡੋਬੂ ਹੈ), ਗੁਰੂ ਦੇ ਉਪਦੇਸ਼ ਦੁਆਰਾ ਹੀ ਹਰੀ ਇਸ ਤੋਂ ਪਾਰ ਲੰਘਾਉਂਦਾ ਹੈ॥੧॥ ਰਹਾਉ॥
ਜਿਨ੍ ਕਉ ਆਪ ਲਏ ਪ੍ਰਭੁ ਮੇਲਿ ॥ ਤਿਨ ਕਉ ਕਾਲੁ ਨ ਸਾਕੈ ਪੇਲਿ ॥ ਗੁਰਮੁਖਿ ਨਿਰਮਲ ਰਹਹਿ ਪਿਆਰੇ ॥ ਜਿਉ ਜਲ ਅੰਭ ਊਪਰਿ ਕਮਲ ਨਿਰਾਰੇ ॥੨॥	ਜਿਨ੍ਹਾਂ ਨੂੰ ਪ੍ਰਭੂ ਆਪ (ਆਪਣੇ ਨਾਲ) ਮੇਲ ਲੈਂਦਾ ਹੈ, ਉਨ੍ਹਾਂ ਨੂੰ ਕਾਲ ਨਪੀੜ ਨਹੀ ਸਕਦਾ, (ਕਿਉਂਕਿ ਇਸ ਮਾਰੂ ਤੇ ਡੋਬੂ ਸੰਸਾਰ ਵਿਚ ਓਹ) ਗੁਰਮੁਖ ਪਿਆਰੇ ਅਸੰਗ ਰਹਿੰਦੇ ਹਨ, ਜਿਸ ਤਰ੍ਹਾਂ ਕਿ ਕਮਲ ਜਲ ਵਿਚ ਜਾਂ ਜਲ ਤੋਂ ਉਪਰ (ਜਲਦੇ ਅਸਰ ਤੋਂ) ਨਿਰਲੇਪ ਰਹਿੰਦੇ ਹਨ॥੨॥
ਬੁਰਾ ਭਲਾ ਕਹੁ ਕਿਸ ਨੋ ਕਹੀਐ ॥ ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥ ਅਕਥੁ ਕਥਉ ਗੁਰਮਤਿ ਵੀਚਾਰੁ ॥ ਮਿਲਿ ਗੁਰ ਸੰਗਤਿ ਪਾਵਉ ਪਾਰੁ ॥੩॥	(ਐਸੇ) ਗੁਰਮੁਖ ਸੱਚ ਨੂੰ ਲਖ ਲੈਂਦੇ ਹਨ (ਉਨ੍ਹਾਂ ਨੂੰ ਫੇਰ ਸਰਵ) ਬ੍ਰਹਮ ਦਿੱਸਦਾ ਹੈ; (ਉਨ੍ਹਾਂ ਦੀ ਫੇਰ ਦ੍ਰਿਸ਼ਟੀ ਇਹ ਹੋ ਜਾਂਦੀ ਹੈ ਕਿ ਅਸੀ) ਬੁਰਾ ਭਲਾ ਦੱਸੋ ਕਿਸ ਨੂੰ ਕਹੀਏ ? (ਇਸ ਲਈ ਮੈਂ) ਗੁਰਮਤਿ ਦੀ ਵੀਚਾਰ, ਜੋ (ਇਕ) ਅਕਥ ਕਥਾ ਹੈ, ਆਖਦਾ ਹਾਂ ਕਿ ਗੁਰੂ ਸੰਗਤ ਵਿਚ ਮਿਲਕੇ (ਮੈਂ) ਪਾਰ ਹੋ ਜਾਂਵਾਂਗਾ (ਭਾਵ ਤੁਸੀਂ ਗੁਰੂ ਦੀ ਸੰਗਤ ਨਾਲ ਪਾਰ ਹੋ ਜਾਓਗੇ)॥੩॥

ਸਾਸਤ ਬੇਦ ਸਿੰਮ੍ਰਿਤਿ ਬਹੁ ਭੇਦ ॥ ਅਠਸਠਿ ਮਜਨੁ ਹਰਿ ਰਸੁ ਰੇਦ ॥ ਗੁਰਮੁਖਿ ਨਿਰਮਲੁ ਮੈਲੁ ਨ ਲਾਗੈ ॥ ਨਾਨਕ ਹਿਰਦੈ ਨਾਮੁ ਵਡੇ ਧੁਰਿ ਭਾਗੈ ॥੪॥੧੫॥

ਸ਼ਾਸਤ੍ਰਾਂ, ਵੇਦਾਂ ਤੇ ਸਿੰਮ੍ਰਤੀਆਂ ਦੇ ਬਹੁਤੇ ਭੇਦਾਂ ਨੂੰ (ਸਮਝ ਲੈਣਾਂ ਹਰੀ ਰਸ ਵਿਚ ਆ ਜਾਂਦਾ ਹੈ ਅਤੇ) ਅਠਾਹਠ (ਤੀਰਥਾਂ ਦਾ) ਇਸ਼-ਨਾਨ ਹਰੀ ਰਸ ਰੂਪੀ ਸਰੋਵਰ (ਦੇ ਇਸ਼ਨਾਨ ਵਿਚ ਆ ਜਾਂਦਾ ਹੈ)। ਹੇ ਨਾਨਕ! ਹਿਰਦੇ ਵਿਚ ਨਾਮ (ਦਾ ਵੱਸਣਾ) ਧੁਰੋਂ ਵਡੇ ਭਾਗਾਂ ਕਰਕੇ ਹੁੰਦਾ ਹੈ, (ਐਸੇ ਨਾਮ ਧਾਰੀਕ) ਗੁਰਮੁਖ ਨੂੰ (ਕੋਈ) ਮੈਲ ਨਹੀ ਲੱਗਦੀ (ਉਹ ਸਦਾ) ਪਵਿਤ੍ਰ ਹੈ॥੪॥੧੫॥

ਵਯਾਖਯਾ— ਅੰਕ ੧ ਵਿਚ ਨਾਮ ਤੋਂ ਭੁੱਲੇ ਮਾਇਆ ਵਿਆਪਿਆਂ ਦੇ ਆਵਾਗਵਨ ਵਿਚ ਕਾਲ ਵਸ ਘੁੰਮਦੇ ਦਰਸਾਇਆ ਹੈ। ਫੇਰ ਉਹਨਾਂ ਅਬਿਗਤ ਪ੍ਰਾਣੀਆਂ ਵਲ ਦ੍ਰਿਸ਼ਟੀ ਪਵਾਈ ਹੈ, ਜਿਨ੍ਹਾਂ ਨੂੰ ਜਨਮ ਮਰਨ ਬੀ ਨਹੀਂ ਮਿਲਿਆ ਤੇ ਬੇ-ਠਉਰੇ ਦੁਖ ਪਾ ਰਹੇ ਹਨ।

ਰਹਾਉ ਵਿਚ ਇਨ੍ਹਾਂ ਦੁਖਦਾਈ ਦਸ਼ਾ ਵਿਚੋਂ ਬਚਣੇ ਦੀ ਜਾਚ ਦੱਸੀ ਹੈ: ਪੂਰੇ ਗੁਰੂ ਤੋਂ ਉਪਦੇਸ਼ ਲੈਣਾ, ਉਸ ਦੀ ਕਮਾਈ ਕਰਕੇ ਗੁਰਮੁਖ ਬਣ ਜਾਣਾ।

ਅੰਕ ੨ ਵਿਚ ਸਾਂਈਂ ਮੇਹਰ ਨੂੰ ਪ੍ਰਾਪਤੀ ਨਾਮੀ ਗੁਰਮੁਖਾਂ ਬਾਬਤ ਦੱਸਿਆ ਹੈ ਕਿ ਉਹਨਾਂ ਨੂੰ ਕਾਲ ਫੇਰ ਨਹੀਂ ਨਪੀੜਦਾ, ਨਾ ਓਹ ਜੰਮਦੇ ਮਰਦੇ ਹਨ, ਨਾ ਬੇ-ਠਉਰੇ ਅਬਿਗਤ ਹੋ ਕੇ ਭਟਕਦੇ ਹਨ। ਓਹ ਕਾਲ ਦੀ ਹੱਦ ਬੰਦੀ ਤੋਂ ਪਾਰ ਹੋ ਜਾਂਦੇ ਹਨ। ਫੇਰ ਫੁਰਮਾਉਂਦੇ ਹਨ ਕਿ ਜੀਉਂਦੇ ਜੀ ਉਹਨਾਂ ਦੀ ਅਵਸਥਾ ਕੌਲ ਫੁੱਲ ਵਰਗੀ ਹੈ:ਜਲ ਵਿਚ ਖੜੇ ਹਨ, ਜਲ ਉਹਨਾਂ ਨੂੰ ਗਾਲਦਾ ਨਹੀਂ ਉਪਰੋਂ ਜਲ ਪੈਂਦਾ ਹੈ ਮੀਂਹ ਦਾ, ਤਾਂ ਬੀ ਨਹੀਂ ਗਲਦੇ।

ਅੰਕ ੩— ਹੁਣ ਉਹਨਾਂ ਦੀ ਦ੍ਰਿਸ਼ਟੀ ਦੱਸਦੇ ਹਨ: ਓਹ ਸਚ ਦੇ ਲਖਣਹਾਰ ਹੋ ਜਾਂਦੇ ਹਨ, ਸਾਰੇ ਬ੍ਰਹਮ ਦੇ ਦੇਖਣਹਾਰ ਹੋ ਜਾਂਦੇ ਹਨ, ਇਸ ਕਰਕੇ ਸਭ ਵਿਚ ਬ੍ਰਹਮ ਹੀ ਦੇਖਦੇ ਹਨ, ਉਹਨਾਂ ਦੀ ਬੁਰਿਆਈ ਭਲਿਆਈ ਤੱਕਣੋਂ ਉਚੇ ਹੋ ਜਾਂਦੇ ਹਨ। ਹੁਣ ਪਾਰ ਪੈਣ ਦਾ ਰਸਤਾ ਦੱਸਦੇ ਹਨ: ਉਤਮ ਪੁਰਖ ਦੁਆਰਾ ਗੁਰੂ ਦੀ ਸੰਗਤਿ ਕਰੋ, ਨਾਮ ਪ੍ਰਾਪਤ ਹੋਵੇ। ਨਾਮ ਅੰਦਰ ਵਸਾਓ, ਜਿਸ ਦੇ ਅੰਦਰ ਨਾਮ ਵਸ ਗਿਆ ਉਸ ਨੇ ਮਾਨੋ ਸਭ ਧਰਮ ਪੁਸਤਕਾਂ ਦਾ ਭਾਵ ਸਮਝ ਲਿਆ ਤੇ ਸਾਰੇ ਇਸ਼ਨਾਨ ਆਦੀ ਕਰਮਾਂ ਧਰਮਾਂ ਤੋਂ ਦਸੇ ਪ੍ਰਾਪਤ ਹੋਣ ਵਾਲੇ ਫਲ ਪਾ ਲਏ।

ਨਿਰੁਕਤ— **ਧਰਨਿ**—[ਸੰਸ:, ਧਰਣਿ:=ਪ੍ਰਿਥਵੀ, ਜ਼ਮੀਨ] ਧਰਤੀ ਵਿਚ।

ਠਉਰ—ਟਿਕਾਣਾ। **ਗਤਿ ਮਿਤਿ**—ਮੁਕਤੀ ਦੀ ਮਰਿਯਾਦਾ। ਮੁਕਤੀਦੀ ਜਾਚ।

ਬਿਖੁ—ਜ਼ਹਿਰ। **ਭਉਜਲੁ**—(ਦੇਖੋ ਪੰਨਾ ੧੬੪੩) ਭੈ ਦਾਇਕ ਸਮੁੰਦਰ।

ਪੇਲਿ—[ਹਿੰਦੀ, ਪੇਲਨਾ=ਦਬਾਉਣਾ] ਨਪੀੜਨਾ। ਦੁੱਖ ਦੇਣਾ। **ਜਲ**—ਪਾਣੀ।

ਅੰਭ—[ਸੰਸ:, ਅਮ੍ਭਸ੍] ਪਾਣੀ। ਜਲ ਤੋਂ ਅਰਥ ਲੈਂਦੇ ਹਨ ਜਲ ਵਿਚ। 'ਜਲ ਉਪਰਿ' ਤੋਂ ਅਰਥ ਲੈਂਦੇ ਹਨ ਜੋ ਉਪਰੋਂ ਜਲ ਪੈਂਦਾ ਹੈ, ਚਾਹੇ ਸਰੋਵਰ ਦੇ ਉਛਲਣ, ਲਹਿਰਾਂ ਆਦਿ ਨਾਲ, ਚਾਹੋ ਮੀਂਹ ਦੇ ਉੱਪਰੋਂ ਪੈਣ ਨਾਲ। ਜਦ ਬੀ ਕਵਲ ਦੇ ਪੱਤੇ ਉਤੇ ਪਾਣੀ ਦੇ ਕਿਣਕੇ ਦੇਖੋਗੇ ਪੱਤਾ ਅਭਿੱਜ ਹੋਵੇਗਾ।

ਰੇਦ—[ਸੰਸ: ਹ੍ਰਦ:=ਡੂੰਘਾ ਛੰਡ] ਵਡਾ ਸਰੋਵਰ। ੨. [ਸੰਸ:, ਰੇਤ:=ਪਾਣੀ,ਜਲ] ਹਰੀ ਰਸ ਰੂਪੀ ਜਲ। (ਅ) ਹ੍ਰਿਦਜ ਤੋਂ ਬਣਿਆ ਪਦ ਰੇਦ ਸਮਝ ਕੇ ਇਸਦਾ ਅਰਥ 'ਹਿਰਦੇ ਵਿਚ' ਬੀ ਸ਼ਿਆਣੇ ਕਰਦੇ ਆਏ ਹਨ। ਯਥਾ:—ਹਰੀ ਰਸ ਦਾ ਹਿਰਦੇ ਵਿਚ (ਸਮਾ ਜਾਣਾ) ਅਠਾਹਠ ਤੀਰਥਾਂ ਦੇ ਇਸ਼ਨਾਨ ਦੇ ਫਲਾਂ ਤੁੱਲ ਹੈ, ਤੇ ਸ਼ਾਸਤ੍ਰਾਂ ਵੇਦਾਂ ਸਿੰਮ੍ਰਤੀਆਂ ਦੇ ਅਨੇਕ ਭੇਦਾਂ ਦੇ ਗਜਾਨ ਤੁੱਲ ਹੈ।

[ਆਸਾ ਮਹਲਾ ੧, ਚਉਪਦਾ—੧੬]

ਮੂਲ	ਅਰਥ
ਆਸਾ ਮਹਲਾ ੧ ॥ ਨਿਵਿ ਨਿਵਿ ਪਾਇ ਲਗਉ ਗੁਰ ਅਪੁਨੇ ਆਤਮ ਰਾਮੁ ਨਿਹਾਰਿਆ ॥ ਕਰਤ ਬੀਚਾਰੁ ਹਿਰਦੈ ਹਰਿ ਰਵਿਆ ਹਿਰਦੈ ਦੇਖਿ ਬੀਚਾਰਿਆ ॥੧॥	(ਮੈਂ) ਆਪਣੇ ਗੁਰੂ ਦੇ ਪੈਰੀਂ ਨਿਉਂ ਨਿਉ ਕੇ ਲੱਗਦਾ ਹਾਂ (ਉਸ ਮੇਰੇ ਗੁਰੂ ਨੇ) ਅਕਾਲ ਪੁਰਖ ਨੂੰ ਦੇਖਿਆ ਹੈ, (ਉਸ ਦੀ ਕਿਰਪਾ ਨਾਲ ਮੈਂ) ਵੀਚਾਰ ਕਰਦਿਆਂ ਹੋਇਆਂ ਹਿਰਦੇ ਵਿਚ ਹਰੀ ਨੂੰ ਸਿਮਰਿਆ (ਤਾਂ ਉਸ ਨੂੰ) ਹਿਰਦੇ ਵਿਚ ਦੇਖ ਲਿਆ (ਫੇਰ ਮੈਂ) ਵੀਚਾਰ ਕੀਤੀ (ਜੋ ਤੁਸਾਂ ਨੂੰ ਦੱਸਦਾ ਹਾਂ)॥੧॥
ਬੋਲਹੁ ਰਾਮੁ ਕਰੇ ਨਿਸਤਾਰਾ ॥ ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥	(ਹੇ ਭਾਈ !) ਰਾਮ ਦਾ ਉਚਾਰਨ ਕਰੋ (ਜੋ ਤੁਸਾਡਾ ਬੀ) ਨਿਸ-ਤਾਰਾ ਕਰੇ, (ਪੱਕ ਜਾਣੋ) ਗੁਰੂ ਦੀ ਕਿਰਪਾ ਨਾਲ ਹਰੀ (ਰੂਪੀ) ਰਤਨ ਲੱਭ ਪੈਂਦਾ ਹੈ, ਅਗਜਾਨ ਮਿਟ ਜਾਂਦਾ ਹੈ (ਤੇ ਗਜਾਨ ਦਾ) ਚਾਨਣਾ ਹੋ ਜਾਂਦਾ ਹੈ॥੧॥ ਰਹਾਉ॥
ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥ ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥੨॥	(ਐਵੇਂ) ਉਚਾਰਨ ਮਾਤ੍ਰ ਨਾਲ ਬੰਧਨ ਨਹੀਂ ਟੁੱਟਦੇ, (ਕਿਉਂਕਿ ਹਉਮੈ ਬਣੀ ਰਹਿੰਦੀ ਹੈ ਤੇ) ਹਉਮੈ ਵਿਚ ਭਰਮ ਨਹੀਂ ਦੂਰ ਹੁੰਦੇ। ਸਤਿਗੁਰੂ ਮਿਲਦਾ ਹੈ ਤਾਂ ਹਉਮੈ ਟੁੱਟਦੀ ਹੈ,ਤਦ (ਕੀਤਾ ਕਰਤਿਆ) ਕੁਛ ਲੇਖੇ ਪੈਂਦਾ ਹੈ॥੨॥
ਹਰਿ ਹਰਿ ਨਾਮੁ ਭਗਤਿ ਪ੍ਰਿਅ ਪ੍ਰੀਤਮੁ ਸੁਖ ਸਾਗਰੁ ਉਰ ਧਾਰੇ ॥ ਭਗਤਿ ਵਛਲੁ ਜਗਜੀਵਨੁ ਦਾਤਾ ਮਤਿ ਗੁਰਮਤਿ ਹਰਿ ਨਿਸਤਾਰੇ ॥੩॥	(ਜੇ) ਸੁਖਾਂ ਦੇ ਸਾਗਰ ਪ੍ਰੀਤਮ ਦੀ ਹਰਿ ਹਰਿ ਨਾਮ (ਸਿਮਰਣ ਰੂਪੀ) ਪ੍ਰੇਮਾ ਭਗਤੀ ਨੂੰ ਦਿਲ ਵਿਚ ਧਾਰਨ ਕਰ ਲਏਗਾ, (ਤਾਂ ਉਹ) ਜਗਤ ਜੀਵਨ (ਤੇ ਸਭ ਦਾ) ਦਾਤਾ ਹਰੀ, ਜੋ ਭਗਤੀ ਦਾ ਪਿਆਰਾ ਹੈ (ਐਸੇ) ਗਰਮਤੀ ਮਤਿ ਵਾਲੇ ਨੂੰ ਤਾਰ ਲਏਗਾ॥੩॥
ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ ॥ ਨਾਨਕ ਕ੍ਰਿਪਾ ਕਰੇ ਜਗਜੀਵਨੁ ਸਹਜ ਭਾਇ ਲਿਵ ਲਾਏ ॥੪॥੧੬॥	ਮਨ ਨਾਲ ਲੜ ਲੜਕੇ (ਜਿਸ ਦਾ ਜੀਵਤ੍ਵ ਭਾਵ) ਮਰ ਜਾਏਗਾ (ਅਤੇ ਮਨੋਂ ਉਠਦੀਆਂ) ਵਾਸ਼ਨਾ ਮਨ ਵਿਚ ਹੀ ਸਮਾ ਲਏਗਾ (ਉਹ) ਪ੍ਰਭੂ ਨੂੰ ਪਾ ਲਏਗਾ। ਹੇ ਨਾਨਕ ! (ਅਰਦਾਸ ਕਰਕਿ) ਜਗਤ ਦਾ ਜੀਵਨ (ਪ੍ਰਭੂ) ਕਿਰਪਾ ਕਰੇ ਤੇ ਸਹਜ ਭਾਵ ਵਿਚ ਲਿਵ ਲੁਆ ਦੇਵੇ॥੪॥੧੬॥

ਵਜਾਖਜਾ— ਅੰਕ ੧ ਵਿਚ ਆਤਮ ਤੱਤ ਦਰਸ਼ੀ ਗੁਰੂ ਦੀ ਮਹਿਮਾ ਤੇ ਲੋੜ ਦਰਸਾਈ ਹੈ।

ਰਹਾਉ ਵਿਚ ਹਰੀ ਨਾਮ ਦੇ ਸਿਮਰਨ ਤੇ ਗੁਰੂ ਦੀ ਕ੍ਰਿਪਾ ਪ੍ਰਾਪਤ ਕਰਨੇ ਦੀ ਸੁਮਤਿ ਦਿੱਤੀ ਹੈ।

ਅੰਕ੨ ਗੱਲਾਂ ਮਾਰਨ ਵਾਲੇ, ਚਪੜ ਚਪੜ ਗਜਾਨ ਘੋਟੀ ਜਾਣ ਵਾਲੇ ਪੁਰਖਾਂ ਦੇ ਕਥਨ ਤੇ ਗਜਾਨ ਦੀ ਨਿਸ਼ਫਲਤਾ ਦਰਸਾਈ ਹੈ।

ਅੰਕ ੩ ਵਿਚ ਜਗਜਾਸੂ ਦੇ ਪ੍ਰੇਮਾ ਭਗਤੀ ਦੇ ਭਾਵ ਵਿਚ ਨਾਮ ਉਚਾਰਣ ਤੇ ਵਾਹਿਗੁਰੂ ਦੇ ਭਗਤ ਵੱਛਲ ਬਿਰਦ ਦੁਆਰਾ ਮੁਕਤੀ ਪ੍ਰਾਪਤੀ ਦੱਸੀ ਹੈ।

ਅੰਕ ੪ ਵਿਚ ਭਗਤੀ ਕਰਦਿਆਂ, ਨਾਮ ਜਪਦਿਆਂ ਮਨ ਦੇ ਸੰਕਲਪ ਵਿਕਲਪ ਤੇ ਨੀਵੀਆਂ ਰੁਚੀਆਂ ਨੂੰ ਕਾਬੂ ਕਰਨ ਤੇ ਸਮਾ ਲੈਣ ਦਾ ਉਪਦੇਸ਼ ਹੈ, ਜਿਸ ਨਾਲ ਹਉਮੈ ਮਰੇਗੀ। ਸਾਂਈਂ ਮੇਹਰ ਲਈ ਅਰਦਾਸ ਹੈ ਤੇ ਸਮਝ ਪਾ ਕੇ ਬੀ ਲਿਵ ਲਾਈ ਰੱਖਣ ਦੀ ਤਾਕੀਦ ਹੈ।

ਨਿਰੁਕਤੁ—**ਆਤਮ ਰਾਮੁ ਨਿਹਾਰਿਆ**—(ਦੇਖੋ ਪੰਨਾ ੧੬੧੮ 'ਆਤਮ ਰਾਮ', ਪੰਨਾ ੨੯੬ 'ਨਿਹਾਰਿਆ'), ਜਿਸ ਨੇ ਆਤਮਾ ਰਾਮ ਨੂੰ ਦੇਖ ਲਿਆ ਹੈ। (ਅ) ਇਸ ਤੁਕ ਦਾ ਦਾਨੇ ਹੋਰਵੇਂ ਬੀ ਅਰਥ ਕਰਦੇ ਹਨ—ਜਿਸ ਨੇ ਆਤਮ (=ਜੀਵ ਨੂੰ ਤੇ ਰਾਮੁ =) ਪਰਮਾਤਮਾ ਨੂੰ (ਇਕ ਕਰਕੇ ਵੇਖ ਲਿਆ ਹੈ)। ਇਸ ਅਰਥ ਲਈ 'ਆਤਮ' ਪਦ ਨੂੰ ਔਂਕੜ ਦੀ ਲੋੜ ਸੀ।

ਹਰਿ ਰਵਿਆ—ਹਰੀ ਨੂੰ ਜਪਿਆ, ਸਿਮਰਿਆ। [ਰਵਣ* ਦੀ ਮੂਲ ਰੁਵ੍=ਸਬਦ ਲਈਏ ਤਾਂ ਅਰਥ ਬੋਲਣਾ, ਜਪਣਾ ਹੁੰਦਾ ਹੈ, ਫਾਰਸੀ ਵਿਚ ਬੀ ਰਵਾਂ ਪਦ ਤ੍ਰਿਖਾ ਬੋਲੀ ਜਾਣ ਲਈ ਵਰਤੀਦਾ ਹੈ। ਜੇ ਇਸ ਦਾ ਮੂਲ 'ਰਮਣ' ਲਈਏ ਤਾਂ ਅਰਥ ਕ੍ਰੀੜਾ ਕਰਨਾ ਹੁੰਦਾ ਹੈ]।

ਰਵਨੀ ਰਵੈ—[ਦੇਖੋ ਉਪਰਲਾ ਪਦ] ਕਥਨੀ ਮਾਤ੍ਰ ਨਾਲ ਬੋਲੀ ਜਾਂਦਾ ਹੈ। ਇਸ਼ਾਰਾ ਜ਼ਬਾਨੀ ਜ਼ੁਬਾਨੀ ਰਵਾਂ ਗਲਾਂ ਕਰਨੇ ਵਲ ਹੈ। (ਅ) ਰਵਨ ਨੂੰ 'ਰਮਣ' ਸਮਝਕੇ ਕਈ ਦਾਨੇ'ਕ੍ਰੀੜਾ ਯਾ ਭੋਗਾਂ ਵਿਚ ਲਗਣਾ' ਬੀ ਅਰਥ ਕਰਦੇ ਹਨ।

ਉਜੀਆਰਾ—[ਹਿੰਦੀ] ਚਾਨਣਾ।

ਸੁਖ ਸਾਗਰੁ—[ਸੰਸ:, ਸੁਖ+ਸਾਗਰ:] ਸੁਖਾਂ ਦੇ ਸਮੁੰਦਰ, ਭਾਵ ਵਾਹਿਗੁਰੂ ਨੂੰ।

ਉਰਧਾਰੇ—ਦਿਲ ਵਿਚ ਧਾਰਨ ਕਰੇ, ਅੰਦਰ ਵਸਾਏ।

ਮਨਸਾ—[ਸੰਸ:, ਮਨੀਸ਼ਾ=ਅਭਿਲਾਖਾ, ਕਾਮਨਾ] ਮਨ ਵਿਚ ਵਾਸ਼ਨਾ ਤ੍ਰਿਸ਼ਨਾ ਉੱਠਣ ਦੇ ਭਾਵ। ਇੱਛਾਵਾਂ।

[ਆਸਾ ਮਹਲਾ ੧, ਚਉਪਦਾ ੧੭]

ਪ੍ਰਾਕ੍ਥਨ—ਕਰਨੀ ਵਾਲੇ ਦੀ ਸੰਤੁਸ਼ਟ ਅਵਸਥਾ ਤੇ ਨਿਰਲੇਪਤਾ ਦਰਸਾਈ ਹੈ।

ਮੂਲ	ਅਰਥ
ਆਸਾ ਮਹਲਾ ੧ ॥ **ਕਿਸ ਕਉ ਕਹਹਿ ਸੁਣਾਵਹਿ ਕਿਸ ਕਉ ਕਿਸੁ ਸਮਝਾਵਹਿ ਸਮਝਿ ਰਹੇ ॥ ਕਿਸੈ ਪੜਾਵਹਿ ਪੜਿ ਗੁਣਿ ਬੂਝੇ ਸਤਿਗੁਰ ਸਬਦਿ ਸੰਤੋਖਿ ਰਹੇ ॥੧॥**	(ਜੋ ਪੁਰਖ ਅਸਲੀਅਤ ਨੂੰ) ਸਮਝ ਰਹੇ ਹਨ (ਓਹ) ਕਿਸ ਨੂੰ (ਕੁਛ) ਆਖਦੇ ਹਨ, ਕਿਸ ਨੂੰ ਸੁਣਾਉਂਦੇ ਹਨ ਤੇ ਕਿਸ ਨੂੰ ਸਮਝਾਉਂਦੇ ਹਨ (ਹਾਂ ਜੋ) ਆਪ ਪੜ੍ਹਕੇ ਗੁੜ੍ਹਕੇ (ਅਸਲੀਅਤ ਨੂੰ) ਬੁੱਝ ਚੁਕੇ ਹਨ ਉਹ ਕਿਸ ਨੂੰ ਪੜ੍ਹਾਉਣ ? (ਉਹ ਤਾਂ) ਗੁਰੂ ਦੇ ਸ਼ਬਦ ਦੁਆਰਾ ਸੰਤੋਖ ਵਿਚ ਰਹਿੰਦੇ ਹਨ॥੧॥
ਐਸਾ ਗੁਰਮਤਿ ਰਮਤੁ ਸਰੀਰਾ ॥ ਹਰਿ ਭਜੁ ਮੇਰੇ ਮਨ ਗਹਿਰ ਗੰਭੀਰਾ ॥੧॥ ਰਹਾਉ ॥	ਹੇ ਮੇਰੇ ਮਨ ! ਐਸੇ ਗਹਿਰ ਗੰਭੀਰ ਹਰੀ ਨੂੰ, (ਜੋ ਸਾਰੇ) ਸਰੀਰ ਵਿਚ ਰਮ ਰਿਹਾ ਹੈ, ਗੁਰੂ ਦੀ ਮਤਿ ਦੁਆਰਾ ਸਿਮਰਦਾ ਰਹੁ॥੧॥ ਰਹਾਉ॥
ਅਨਤ ਤਰੰਗ ਭਗਤਿ ਹਰਿ ਰੰਗਾ ॥ ਅਨਦਿਨੁ ਸੂਚੇ ਹਰਿ ਗੁਣ ਸੰਗਾ ॥	(ਦੇਖ ਮਨ ! ਜਿਨ੍ਹਾਂ ਨੇ) ਬੇਅੰਤ ਲਹਿਰਾਂ ਵਾਲੇ (ਸੰਕਲਪ=ਵਿਕਲਪੀ ਮਨ ਨੂੰ) ਹਰੀ ਦੀ ਭਗਤੀ ਨਾਲ ਰੰਗ ਲਿਆ ਹੈ, ਓਹ ਹਰੀ ਦੇ (ਗੁਣਾਂ ਦਾ ਚਿੰਤਨ ਕਰਦੇ ਹੋਏ ਉਸ ਦੇ) ਗੁਣਾਂ ਦੇ ਸੰਗ ਵਿਚ (ਰਹਿੰਦੇ ਹੋਏ) ਹਰ ਦਿਨ ਸੁਚੇ (ਹੀ ਸੁਚ ਰਹਿੰਦੇ) ਹਨ

*ਸੰਸ:, ਰਵਣ ਉਚੀ ਬੋਲਣ ਵਾਲਾ, ਗਰਜਣ ਵਾਲਾ, ਸ਼ਬਦ ਕਰਨ ਵਾਲਾ।

ਮਿਥਿਆ ਜਨਮੁ ਸਾਕਤ ਸੰਸਾਰਾ ॥
ਰਾਮ ਭਗਤਿ ਜਨੁ ਰਹੈ ਨਿਰਾਰਾ ॥੨॥

ਹਨ। ਪਰ) ਸਾਕਤ ਦਾ ਜਨਮ ਸੰਸਾਰ ਵਿਚ ਮਿਥਿਆ (=ਅਫਲ ਜਾ ਰਿਹਾ) ਹੈ। (ਇਸ ਦੇ ਉਲਟ) ਰਾਮ ਦੀ ਭਗਤੀ ਵਾਲਾ ਪੁਰਖ (ਸੰਸਾਰ ਤੋਂ) ਨਿਰਲੇਪ ਰਹਿੰਦਾ ਹੈ॥ ੨॥

ਸੂਚੀ ਕਾਇਆ ਹਰਿ ਗੁਣ ਗਾਇਆ ॥
ਆਤਮੁ ਚੀਨਿ ਰਹੈ ਲਿਵ ਲਾਇਆ ॥
ਆਦਿ ਅਪਾਰੁ ਅਪਰੰਪਰੁ ਹੀਰਾ ॥
ਲਾਲਿ ਰਤਾ ਮੇਰਾ ਮਨੁ ਧੀਰਾ ॥੩॥

(ਕਿਉਂਕਿ ਏਹ ਨਿਰਲੇਪ ਪੁਰਖ) ਹਰੀ ਦੇ ਗੁਣ ਗਾਉਂਦੇ ਹਨ (ਜਿਸ ਕਰਕੇ ਉਨ੍ਹਾਂ ਦੀ) ਕਾਂਇਆਂ ਸੁੱਚੀ (=ਪਵਿਤ੍ਰ) ਰਹਿੰਦੀ ਹੈ। (ਓਹ ਸੱਚੇ ਪੁਰਖ) ਆਤਮਾ ਨੂੰ ਪਛਾਣ ਲੈਂਦੇ ਹਨ (ਤੇ ਉਸ ਵਿਚ) ਲਿਵ ਲਾਈ ਰਖਦੇ ਹਨ। (ਮੇਰਾ ਗਤੀ ਪੁੱਛੋ ਤਾਂ ਇਕ ਹੈ ਕਿ ਜੋ ਸਭ ਦੀ) ਆਦਿ ਹੈ, ਜਿਸ ਦੇ ਪਾਰ ਦਾ ਪਤਾ ਨਹੀਂ (=ਅਨੰਤ ਹੈ), ਜੋ ਪਰੇ ਤੋਂ ਪਰੇ (ਨਿਰਗੁਣ ਬ੍ਰਹਮ) ਹੈ (ਫੇਰ) ਹੀਰੇ (ਵਾਂਙੂ ਪ੍ਰਕਾਸ਼ ਸਰੂਪ) ਹੈ (ਉਸ) ਪਿਆਰੇ ਵਿਚ ਪ੍ਰੇਮਿਆ ਹੋਇਆ ਮੇਰਾ ਮਨ ਟਿਕ ਰਿਹਾ ਹੈ॥ ੩॥

ਕਥਨੀ ਕਹਹਿ ਕਹਹਿ ਸੇ ਮੂਏ ॥
ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥
ਸਭੁ ਜਗੁ ਦੇਖਿਆ ਮਾਇਆ ਛਾਇਆ॥
ਨਾਨਕ ਗੁਰਮਤਿ ਨਾਮੁ ਧਿਆਇਆ ॥੪॥੧੭॥

[ਹੁਣ ਫੋਕੇ ਕਥਨੀ ਵਾਲਿਆਂ ਦੀ ਦੱਸਦੇ ਹਨ:] ਜੋ ਕਥਨੀਆਂ ਨੂੰ ਹੀ ਕਹਿੰਦੇ ਕਹਿੰਦੇ ਰਹਿੰਦੇ ਹਨ ਓਹ ਮਰਦੇ (ਜੰਮਦੇ) ਰਹਿੰਦੇ ਹਨ। ਹੇ (ਕਥਨੀ ਦੇ ਸੂਰੇ!) ਤੂੰ ਪ੍ਰਭੂ ਨਹੀਂ ਹੈ, ਉਹ ਪ੍ਰਭੂ (ਤੈਥੋਂ) ਦੂਰ ਹੈ। ਹੇ ਨਾਨਕ! (ਜਿਨ੍ਹਾਂ ਨੇ) ਗੁਰੂ ਦੀ ਮਤਿ ਦੁਆਰਾ ਨਾਮ ਨੂੰ ਧਿਆਇਆ ਹੈ, (ਉਨ੍ਹਾਂ ਨੇ) ਸਾਰੇ ਜਗਤ ਨੂੰ ਮਾਇਆ ਦੀ ਛਾਇਆ (ਹੇਠ) ਦੇਖਿਆ ਹੈ। (ਭਾਵ ਮਾਇਆ ਦੇ ਪਰਛਾਵੇਂ ਹੇਠ ਜਗਤ ਨੂੰ ਮਾਇਆ ਵਾਂਙ ਇਕ ਰਸ ਨਾ ਰਹਿਣੇ ਵਾਲਾ ਡਿੱਠਾ ਤੇ ਇਸ ਕਰਕੇ ਪਿਆਰ ਯੋਗ ਨਹੀ ਸਮਝਿਆ)॥ ੪॥ ੧੭॥

ਵਯਾਖਯਾ— ਇਸ ਸ਼ਬਦ ਵਿਚ ਜੋ ਖਯਾਲ ਦਿੱਤਾ ਹੈ ਉਹ ਬ੍ਰਹਮਦਰਸ਼ੀ ਭਗਤ ਦੀ ਨਿਰਲੇਪਤਾ ਦਾ ਹੈ, ਨਾ ਕਿ ਉਸ ਦੇ ਵਿਚ ਜਗਤ ਤੋਂ ਸੂਗ ਹੋਣ ਦਾ ਸੂਚਕ ਹੈ। ਕਥਨੀ ਕਥਨੀ ਦਾ ਰਦ ਕੀਤਾ ਹੈ ਤੇ ਅਮਲੀ ਸ਼ੁਭ ਜੀਵਨ ਦਾ ਉਪਦੇਸ਼ ਹੈ। ਜੋ ਦੂਸਰਿਆਂ ਨੂੰ ਸਮਝਾਉਂਦੇ ਤੇ ਆਪ ਕੋਰੇ ਹਨ,ਉਨ੍ਹਾਂ ਤੇ ਵਯੰਗ ਹੈ। ਦੂਸਰੇ ਜੋ ਕਥਨੀਆਂ ਦੇ ਸ੍ਰੋਤੇ ਮਾਤ੍ਰ ਹਨ, ਉਨ੍ਹਾਂ ਤੇ ਵਯੰਗ ਹੈ ਕਿ ਕੰਨ ਰਸ ਪੈ ਜਾਂਦਾ ਹੈ ਤੇ ਅਮਲ ਨਹੀਂ ਆਉਂਦਾ। ਐਸੇ ਪੁਰਖਾਂ ਨੂੰ ਸਮਝਾਇਆ ਬ੍ਰਿਥਾ ਜਾਂਦਾ ਹੈ। ਇਸ ਕਰਕੇ ਫੁਰਮਾਉਂਦੇ ਹਨ ਕਿ:

ਅੰਕ ੧— ਜੋ ਆਪ ਪ੍ਰਬੁੱਧ ਹੋ ਗਏ ਹਨ ਓਹ ਆਪਣੇ ਆਪ ਨੂੰ ਗਯਾਨੀ, ਕਿ ਵਕਤਾ, ਕਿ ਕੁਛ ਵੱਡਾ ਸਮਝਕੇ ਕਿਸੇ ਨੂੰ ਨਹੀਂ ਸਮਝਾਉਂਦੇ, ਓਹ ਆਪਣੀ ਲਿਵ ਵਿਚ ਟਿਕੇ ਰਹਿੰਦੇ ਹਨ। ਫੇਰ ਓਹ ਆਪਣੀ ਉੱਚ ਦ੍ਰਿਸ਼ਟੀ ਵਿਚ ਕਿਸੇ ਨੂੰ ਭੁੱਲਾ ਸਮਝਦੇ ਨਹੀ, ਸਮਝਾਉਣ ਕਿਸ ਨੂੰ ? ਯਥਾ -

ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥ (ਸੋਰਠਿ ਮਹਲਾ ੫-੬)

ਰਹਾਉ ਵਿਚ ਤਾਕੀਦ ਹੈ ਕਿ ਗੁਰਮਤਿ ਅਨੁਸਾਰ ਹਰੀ ਭਜਨ ਵਿਚ ਰਹੋ।

ਅੰਕ ੨ ਵਿਚ ਭੇਤ ਖੁੱਲ੍ਹਦਾ ਹੈ ਕਿ ਸਾਕਤ ਸੰਸਾਰ ਤੋਂ ਰਾਮ ਦਾ ਭਗਤ ਨਿਰਾਰਾ ਰਹੇ। ਹਰੀ ਦਾ ਭਗਤ ਸੁੱਚਾ ਹੋ ਜਾਂਦਾ ਹੈ, ਸਾਕਤ ਦੇ ਸੰਗ ਵਿਚ ਮੈਲ ਲਗਣ ਦਾ ਡਰ ਰਹਿੰਦਾ ਹੈ।

ਅੰਕ ੩ ਵਿਚ ਕਾਇਆਂ ਦੇ ਸੁੱਚੇ ਰਹਿਣ ਦੀ ਮਹਿਮਾ ਕੀਤੀ ਹੈ। ਕਾਇਆਂ ਤੋਂ ਮੁਰਾਦ ਨਿਰੀ ਖਲੜੀ ਨਹੀਂ, ਪਰ ਮਨ ਬੁਧੀ ਚੇਤਨਾ ਸਮੇਤ ਸਾਰੇ ਮਾਨੁੱਖ ਤੋਂ ਹੈ। ਨਾਮੀ ਪੁਰਖ ਦਾ ਮਨ ਹੀ ਪਵਿਤ੍ਰ ਨਹੀਂ ਹੁੰਦਾ ਉਸ ਦਾ ਸ਼ਰੀਰ ਬੀ ਪਵਿਤ੍ਰ ਹੁੰਦਾ ਹੈ, ਤੇ ਪਵਿਤ੍ਰ ਰਹਿੰਦਾ ਹੈ, ਕਿਉਂਕਿ ਉਹ ਲਿਵ ਵਿਚ ਰਹਿੰਦਾ ਹੈ। ਏਥੇ ਆਪਣੇ ਮਨ ਦੇ ਟਿਕਾਉ ਦਾ ਨਿਜੀ ਤਜਰਬਾ ਦੱਸ ਗਏ ਹਨ। ਆਪਾ ਜਨਾਉਣ ਲਈ ਨਹੀਂ, ਪਰ ਨਿਜ ਦੀ ਗਵਾਹੀ ਦੇਣ ਲਈ, ਕਿਉਂਕਿ ਦ੍ਰਿਸ਼ਟਾਦੇ ਵਿਗਯਾਨ ਵਿਚ ਨਿਜ ਦਾ

ਤਜਰਬਾ ਹੀ ਗਵਾਹੀ ਹੁੰਦਾ ਹੈ। 'ਦ੍ਰਿਸ਼ਟਮਾਨੀ ਵਿਗਜਾਨ' ਵਿਚ ਤਾਂ ਆਪਣੇ ਤੋਂ ਭਿੰਨ ਦ੍ਰਿਸ਼ਟਮਾਨ ਸਮਾਨਾਂ ਦੇ ਤਜਰਬੇ ਕਰਕੇ ਦੱਸੀਦੇ ਹਨ। ਸੋ ਆਪਣੀ ਉਗਾਹੀ ਦੇਂਦੇ ਹਨ ਕਿ ਇਸੇ ਬਿਧੀ ਨੂੰ ਮੈਂ ਮਰਕੇ ਦੇਖਿਆ ਤੇ ਸਫਲ ਪਾਇਆ ਹੈ, ਮੈਂ ਨਿਰੀ ਫੋਕੀ ਕਥਨੀ ਨਹੀਂ ਕਹਿ ਰਿਹਾ।

ਅੰਕ੪— ਇਸ ਵਿਚ ਨਿਰੀ ਕਥਨੀ ਵਾਲੇ ਨੂੰ ਫੇਰ ਰੱਦਿਆ ਹੈ ਤੇ ਉਸ ਦਾ ਅੰਤ ਆਵਾਗਵਨ ਦੱਸਿਆ ਹੈ। 'ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈਂ', ਦਾ ਅਰਥ ਜੋ ਪ੍ਰਸੰਗ ਨਾਲ ਵਧੇਰੇ ਢੁੱਕਦਾ ਹੈ, ਉੱਪਰ ਆ ਚੁਕਾ ਹੈ। ਹੋਰ ਪ੍ਰਯਤਨ ਇਸ ਤੁਕ ਦੇ ਅਰਥ ਲਾਉਣ ਦੇ ਐਉਂ ਹੁੰਦੇ ਹਨ:-(ਅ) ਓਹ ਪ੍ਰਭੂ ਤੋਂ ਦੂਰ ਰਹਿੰਦੇ ਹਨ, ਹੇ ਪ੍ਰਭੂ ਤੂੰ (ਉਨ੍ਹਾਂ ਨੂੰ) ਨਹੀਂ (ਪ੍ਰਾਪਤ ਹੁੰਦਾ)। (ੲ) ਜੋ ਕਥਨੀ ਕਥਦੇ ਕਥਨੀ ਵਿਚ (ਜੀਵਤ ਭਾਵ ਤੋਂ) ਮਰ ਗਏ ਉਨ੍ਹਾਂ ਤੋਂ ਉਹ ਪ੍ਰਭੂ ਦੂਰ ਨਹੀਂ, ਤੂੰ ਹੀ ਪ੍ਰਭੂ ਹੈਂ। (ਸ) ਕਥਨੀ ਕਥਨ ਵਾਲੇ ਐਵੇਂ ਖਪ ਖਪ ਮੋਏ, ਹੇ ਪ੍ਰਭੂ ਤੂੰ ਤਾਂ ਦੂਰ ਨਹੀਂ ਸੈਂ, ਤੂੰ ਹੀ ਤਾਂ ਪ੍ਰਭੂ (ਉਨ੍ਹਾਂ ਦੇ ਪਾਸ ਸੈਂ, ਓਹ ਕਰਨੀ ਵਿਹੂਣੇ ਹੋਣ ਕਰਕੇ ਲਖ ਨਾ ਸਕੇ)।

ਨਿਰੁਕ੍ਤ—ਸੁਗਮ ਹੈਨ ਪਦ ਸਾਰੇ।

[ਆਸਾ ਮਹਲਾ ੧, ਚਉਪਦਾ—੧੮]

ਪ੍ਰਾਕ੍ਥਨ—ਜਗਤ ਲੋਕਾਂ ਦੇ ਰੁਝੇਵੇਂ ਦੱਸਕੇ ਤੇ ਫੇਰ ਪਰਮਾਰਥਕ ਰੁਚੀ ਦੀ ਕਮੀ ਦੱਸਕੇ ਸਾਨੂੰ ਅਪਣੇ ਲਈ ਨਾਮ ਦਾਨ ਮੰਗਣੇ ਦੀ ਜਾਚ ਦੱਸਦੇ ਹਨ ਤੇ ਆਪਾ ਵਾਹਿਗੁਰੂ ਸਮਰਪਨ ਕਰਨਾ ਸਿਖਾਲਦੇ ਹਨ।

ਮੂਲ	ਅਰਥ
ਆਸਾ ਮਹਲਾ ੧ ਤਿਤੁਕਾ ॥	ਇਸ ਸ਼ਬਦ ਵਿਚ ਤਿੰਨਾਂ ਤਿੰਨਾਂ ਤੁਕ-ਜੋਟਿਆਂ ਵਾਲਾ ਇਕ ਇਕ ਪਦਾ ਹੈ।
ਕੋਈ ਭੀਖਕੁ ਭੀਖਿਆ ਖਾਇ ॥ ਕੋਈ ਰਾਜਾ ਰਹਿਆ ਸਮਾਇ ॥ ਕਿਸ ਹੀ ਮਾਨੁ ਕਿਸੈ ਅਪਮਾਨੁ ॥ ਢਾਹਿ ਉਸਾਰੇ ਧਰੇ ਧਿਆਨੁ ॥ ਤੁਝ ਤੇ ਵਡਾ ਨਾਹੀ ਕੋਇ ॥ ਕਿਸੁ ਵੇਖਾਲੀ ਚੰਗਾ ਹੋਇ ॥੧॥	ਕੋਈ (ਇਸ ਦੁਨੀਆਂ ਵਿਚ) ਮੰਗਤਾ ਹੈ (ਜੋ) ਭਿਖਿਆ (ਮੰਗ ਕੇ ਰੋਟੀ) ਖਾ ਰਿਹਾ ਹੈ, ਕੋਈ ਰਾਜਾ (ਹੋ ਕੇ ਆਪਣੇ ਰਾਜਮਦ ਵਿਚ) ਮਗਨ ਹੋ ਰਿਹਾ ਹੈ। ਕਿਸੇ ਨੂੰ (ਤਾਂ) ਆਦਰ (ਹੀ ਮਿਲ ਰਿਹਾ ਹੈ) ਕਿਸੇ ਨੂੰ ਅਨਾਦਰ (ਮਿਲ ਰਿਹਾ ਹੈ)। (ਕੋਈ) ਢਾਹੁਣ ਉਸਾਰਣ ਵਿਚ (ਲੱਗ ਰਿਹਾ ਹੈ, ਕੋਈ ਧਿਆਨੀ ਹੋ ਕੇ) ਧਿਆਨ ਧਰ ਰਿਹਾ ਹੈ। (ਹਰ ਕੋਈ ਆਪ ਨੂੰ ਵੱਡਾ ਸਮਝ ਰਿਹਾ ਹੈ ਪਰ) ਤੇਰੇ ਤੋਂ ਵੱਡਾ ਕੋਈ ਨਹੀਂ ਹੈ, (ਮੈਂ) ਕਿਸ ਨੂੰ ਵਿਖਾਵਾਂ (ਕਿ ਤੈਥੋਂ ਚੰਗਾ ਹੈ ਕੋਈ) ਚੰਗਾ ਹੋਵੇ (ਤਾਂ ਵੇਖਾਲਾਂ)॥੧॥
ਮੈ ਤਾਂ ਨਾਮੁ ਤੇਰਾ ਆਧਾਰੁ ॥ ਤੂੰ ਦਾਤਾ ਕਰਣਹਾਰੁ ਕਰਤਾਰੁ ॥੧॥ ਰਹਾਉ ॥	(ਸੋ) ਮੈਨੂੰ ਤਾਂ (ਇਕ) ਤੇਰੇ ਨਾਮ ਦਾ (ਹੀ) ਆਸਾਰਾ ਹੈ, ਤੂੰ ਹੀ ਕਰਣਹਾਰ ਕਰਤਾ ਪੁਰਖ ਹੈਂ (ਤੂੰ ਹੀ ਮੇਰਾ) ਦਾਤਾ ਹੈਂ॥੧॥ ਰਹਾਉ॥
ਵਾਟ ਨ ਪਾਵਉ ਵੀਗਾ ਜਾਉ ॥ ਦਰਗਹ ਬੈਸਣ ਨਾਹੀ ਥਾਉ ॥ ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥	(ਪਰੰਤੂ ਤੇਰੀ ਪ੍ਰਾਪਤੀ ਦਾ) ਰਸਤਾ (ਮੈਨੂੰ) ਨਹੀਂ ਪਿਆ ਲੱਭਦਾ, (ਸਗੋਂ ਮੈ) ਵਿੰਗਾ ਹੀ ਜਾ ਰਿਹਾ ਹਾਂ। (ਇਸ ਲਈ) ਦੁਰਗਾਹੇ ਬੀ ਬੈਠਣ ਨੂੰ ਥਾਉਂ ਨਹੀਂ ਲੱਭਣੀ। ਮਨ ਦਾ ਅੰਨ੍ਹਾਂ ਤੇ ਮਾਇਆ (-ਬੰਧਨ ਵਿਚ) ਬੱਧਾ ਹੋਇਆ ਹਾਂ, ਸਰੀਰ ਰੋਜ਼ ਰੋਜ਼

ਖੀਨ ਖਰਾਬੁ ਹੋਵੈ ਨਿਤ ਕੰਧੁ ॥
ਖਾਣ ਜੀਵਣ ਕੀ ਬਹੁਤੀ ਆਸ ॥
ਲੇਖੈ ਤੇਰੈ ਸਾਸ ਗਿਰਾਸ ॥੨॥

ਖੀਨ ਹੋ ਰਿਹਾ ਤੇ ਵਿਗੜ ਰਿਹਾ ਹੈ। (ਹੋਰ) ਜੀਉਣ ਦੀ (ਤੇ ਚੰਗਾ) ਖਾਣ ਦੀ ਆਸਾ ਬਹੁਤੀ ਲੱਗੀ ਰਹਿੰਦੀ ਹੈ। (ਇਸ ਤਰ੍ਹਾਂ ਸੁਆਸ ਇਨ੍ਹਾਂ ਗਲਾਂ ਵਿਚ ਲਗਿਆਂ ਐਵੇਂ ਜਾ ਰਹੇ ਹਨ, ਜੋ) ਸੁਆਸ ਤੇ ਗਿਰਾਸ ਕਿ ਤੇਰੇ ਲੇਖੇ ਵਿਚ ਹਨ॥੨॥

ਅਹਿਨਿਸਿ ਅੰਧੁਲੇ ਦੀਪਕੁ ਦੇਇ ॥
ਭਉਜਲ ਡੂਬਤ ਚਿੰਤ ਕਰੇਇ ॥
ਕਹਹਿ ਸੁਣਹਿ ਜੋ ਮਾਨਹਿ ਨਾਉ ॥
ਹਉ ਬਲਿਹਾਰੈ ਤਾ ਕੈ ਜਾਉ ॥
ਨਾਨਕੁ ਏਕ ਕਹੈ ਅਰਦਾਸਿ ॥
ਜੀਉ ਪਿੰਡੁ ਸਭ ਤੇਰੈ ਪਾਸਿ ॥੩॥

[ਹੁਣ ਅਰਦਾਸ ਟੁਰਦੀ ਹੈ,ਗੋਯਾ ਜਾਚ ਦੱਸਦੇ ਹਨ ਅਰਦਾਸ ਕਰਨ ਦੀ] (ਹੇ ਦਾਤਾਰ ! ਇਸ) ਦਿਨ ਰਾਤ ਦੇ ਅੰਨ੍ਹੇ ਤੇ ਭਉਜਲ ਵਿਚ ਡੁਬ ਰਹੇ ਦੀ (ਤੂੰ) ਚਿੰਤਾ ਕਰ (ਤੇ ਇਸ ਨੂੰ ਗਯਾਨ ਦਾ) ਦੀਵਾ ਦੇਹ। (ਧੰਨ ਹਨ ਓਹ ਜੋ ਤੇਰਾ ਨਾਮ ਜਪਦੇ ਹਨ) ਮੈਂ ਤਾਂ ਉਨ੍ਹਾਂ ਤੋਂ ਬਲਿਹਾਰੇ ਜਾਂਦਾ ਹਾਂ (ਉਹਨਾਂ ਤੋਂ ਜੋ ਤੇਰਾ) ਨਾਮ ਜਪਦੇ ਹਨ, ਸੁਣਦੇ ਹਨ (ਤੇ ਉਸ ਦਾ ਮੰਨਣ ਕਰਦੇ ਹਨ। (ਮੈਂ) ਨਾਨਕ (ਤਾਂ) ਇਕੋ (ਇਹੋ) ਅਰਦਾਸ ਕਰਦਾ ਹਾਂ (ਕਿ ਮੇਰਾ) ਜੀਉ ਤੇ ਸਰੀਰ ਤੇਰੇ ਸਮਰਪਨ ਹੈ (ਚਾਹੋ ਇਹ ਚੰਗਾ ਹੈ ਚਾਹੋ ਮਾੜਾ ਹੈ)॥੩॥

ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥
ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥
ਗਿਆਨ ਰਤਨੁ ਮਨਿ ਵਸੈ ਆਇ ॥
ਨਦਰਿ ਕਰੇ ਤਾ ਸਤਿਗੁਰੁ ਮਿਲੈ ॥
ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੯॥

ਜਦ ਤੂੰ (ਮਿਹਰ ਕਰਕੇ ਤਾਣ) ਬਖਸ਼ੇਂਗਾ ਤਾਂ ਤੇਰਾ ਨਾਮ (ਮੈਂ) ਜਪ ਸਕਾਂਗਾ (ਤੇ ਤਾਂ ਹੀ) ਦਰਗਾਹ ਵਿਚ ਬੈਠਣ ਦੀ ਥਾਂ (ਪ੍ਰਾਪਤ) ਹੋਵੇਗੀ। ਹਾਂ ਜਦ ਤੈਨੂੰ ਭਾਵੇਗਾ (ਤੈਨੂੰ ਵਿਸਾਰਕੇ ਹੋਰ ਆਹਰਾਂ ਵਿਚ ਗ਼ਾਫਲ ਰਹਿਣ ਦੀ) ਖੋਟੀ ਬੁੱਧੀ ਦੂਰ ਹੋ ਜਾਏਗੀ, ਅਤੇ ਗਿਆਨ (ਰੂਪੀ) ਰਤਨ ਮਨ ਵਿਚ ਆ ਵੱਸੇਗਾ। (ਤੂੰ ਹੀ) ਮਿਹਰ ਕਰਦਾ ਹੈਂ ਤਾਂ ਸਤਿਗੁਰੂ ਮਿਲ ਪੈਂਦਾ ਹੈ, (ਤਦੋਂ) ਨਾਨਕ ਸੰਸਾਰ ਸਾਗਰ ਨੂੰ ਤਰ ਜਾਏਗਾ (ਇਹ ਨਾਨਕ*) ਬੇਨਤੀ ਕਰਦਾ ਹੈ॥੪॥੧੯॥

ਵ੍ਯਾਖ੍ਯਾ— ਅੰਕ ੧ ਵਿਚ ਦੁਨੀਆਂ ਦੇ ਨੀਵੇਂ ਉੱਚੇ ਆਪੋ ਆਪਣਿਆਂ ਰੁਝੇਵਿਆਂ ਵਿਚ ਰੁੱਝੇ ਤੇ ਆਪੋ ਆਪਣੇ ਆਹਰ ਨੂੰ ਹੋਰਨਾਂ ਤੋਂ ਉੱਤਮ ਜਾਣਦੇ ਦਰਸਾਏ ਹਨ, ਪਰ ਸਾਰੇ ਵਾਹਿਗੁਰੂ ਤੋਂ ਚੰਗੇ ਨਹੀਂ, ਇਸ ਕਰਕੇ ਕਹਿੰਦੇ ਹਨ ਕਿ ਮੈਂ ਕਿਸ ਵੱਲ ਉਂਗਲ ਕਰਾਂ ਕਿ ਇਹ ਹੋਰਨਾਂ ਤੋਂ ਚੰਗਾ ਹੈ, ਤੇ ਆਖਾਂ ਕਿ ਇਸ ਦੀ ਰੀਸ ਕਰੋ। 'ਵਖਾਲੀ' ਦਾ ਭਾਵ ਇਹ ਹੈ।

ਰਹਾਉ ਵਿਚ ਦੱਸਦੇ ਹਨ ਕਿ ਉਪਰ ਕਥਿਆ ਹਾਲ ਵੇਖ ਕੇ ਮੈਂ ਤਾਂ ਟੇਕ ਵਾਹਿਗੁਰੂ ਜੀ ਦੀ ਲਈ ਹੈ, ਕਿਉਂਕਿ ਸਭ ਤੋਂ ਉਪਰ ਕਰਤਾਰ ਕਰਣਹਾਰ ਤੇ ਫੇਰ ਸਭ ਦਾਤਾਂ ਦਾ ਦੇਣਹਾਰ ਦਾਤਾਰ ਤੂੰ ਹੀ ਹੈਂ ਹੇ ਕਰਤਾਰ !

ਅੰਕ ੨ ਵਿਚ ਅਪਣੇ ਦੁਆਰਾ. ਗਾਫ਼ਲ ਲੋਕਾਂ ਦਾ ਹਾਲ ਦੱਸਦੇ ਹਨ: ਕਿ ਜੀਵ ਖਾਣ ਪੀਣ ਵਿਚ ਲਗ ਰਹੇ ਹਨ, ਪਰ ਸਰੀਰ ਖ਼ੀਨ ਤੇ ਖ਼ਰਾਬ ਹੋ ਰਹੇ ਹਨ ਮਾਇਆ ਦੇ ਮੋਹ ਆਦਿ ਬੰਧਨ ਪਏ ਹੋਏ ਹਨ ਪਰ ਅਗਜਾਨੀ ਅੰਧਾ ਸਮਝਦਾ ਨਹੀਂ, ਐਉਂ ਸੁਆਸ ਬਿਰਥੇ ਜਾ ਰਹੇ ਹਨ, ਪਰ ਓਧਰ ਸਾਰੇ ਸੁਆਸ ਤੇ ਕੀਤੇ ਕੰਮ, ਐਥੋਂ ਤਾਂਈ ਕਿ ਖਾਧੀ ਹੋਈ ਗ੍ਰਾਹੀ ਬੀ, ਲੇਖੇ ਵਿਚ ਹੈ। ਹੁਣ ਜੇ ਇਹੋ ਜੇਹੀ ਵੀਚਾਰ ਆ ਬੀ ਜਾਵੇ ਤਾਂ ਰਾਹ ਨਹੀਂ ਲੱਭਦਾ, ਜੇ ਕੁਛ ਸਮਝਕੇ ਟੁਰੀ ਦਾ ਹੈ ਤਾਂ ਕਦਮ ਵਿੰਗਾ ਹੀ ਪੈਂਦਾ ਹੈ, ਇਸ ਕਰਕੇ ਹੁਣ ਦਾ ਵਕਤ ਤਾਂ ਗਿਆ ਹੀ ਸੀ, ਅੱਗੇ ਜਾਕੇ ਦਰਗਾਹ ਵਿਚ ਬੀ ਕਿਸੇ ਸਫਲਤਾ ਦੀ ਆਸ ਨਹੀਂ।

ਅੰਕ ੩ ਵਿਚ ਇਸ ਜੀਵ ਦੀ ਬੇਬਸੀ ਦਾ ਜ਼ਿਕਰ ਕਰਕੇ ਅਰਦਾਸ ਕਰਦੇ ਹਨ ਕਿ ਵਿਚਾਰ

*ਨਾਨਕ ਪਦ ਏਥੇ ਦੇਹੁਲੀ ਦੀਪਕ ਹੈ।

ਦਾ ਦੀਵਾ ਤੂੰ ਹੀ ਦਾਨ, ਕਰ ਹੇ ਪ੍ਰਭੂ! ਉਸ ਚਾਨਣ ਵਿਚ ਫੇਰ ਨਾਮ ਜਪਿਆ ਜਾਣ ਦੀ ਦਾਤ ਕਰ। ਜੀਵਾਂ ਨੂੰ ਨਿਸਚੇ ਵਿਚ ਪੱਕਾ ਕਰਨ ਲਈ ਦੱਸਦੇ ਹਨ ਕਿ ਜੇ ਕੋਈ ਨਾਮ ਨੂੰ ਸੁਣਦਾ ਹੈ, ਜਪਦਾ ਹੈ ਤੇ ਕਮਾਈ ਕਰਦਾ ਹੈ ਉਸ ਤੋਂ ਮੈਂ ਸਦਕੇ ਹਾਂ। ਭਾਵ ਹੈ ਕਿ ਸਭ ਤੋਂ ਉੱਤਮ ਕੰਮ ਇਹ ਹੈ,ਕਰੋ। ਨਾਮ ਜਪਦਿਆਂ ਬੀ ਅਰਦਾਸ ਕਰੋ, ਇਹ ਜਾਚ ਬੀ ਦੱਸਦੇ ਹਨ ਕਿ ਹੇ ਸਾਂਈਂ ! ਚਾਹੋ ਚੰਗੇ ਚਾਹੋ ਮੰਦੇ ਇਹ ਸ਼ਰੀਰ ਤੇ ਜਿੰਦ ਆਪ ਦੇ ਅਰਪਣ ਹੈ, ਭਾਵ ਆਪਾ ਭਾਵ ਭੇਟਾ ਕਰੋ। ਕੀਤੇ ਸ਼ੁਭ ਕਰਮ ਤੇ ਜਪਿਆ ਨਾਮ ਬੀ ਮੇਹਰ ਸਮਝੋ, ਆਪ ਹਉਂ ਨਾ ਧਾਰੋ, ਜੇ ਕੁਛ ਕਰੋ ਉਸ ਨੂੰ ਸਮਰਪਨ ਕਰੋ।

ਅੰਕ ੪ ਵਿਚ ਉਹੋ ਹਉਂ ਤਿਆਗੀ ਅਰਦਾਸ ਜਾਰੀ ਹੈ ਕਿ ਇਹ ਨਾਮ ਜਪਣਾ ਬੀ ਤੇਰੀ ਦਾਤ ਹੈ ਮੇਰੀ ਹਿੰਮਤ ਨਹੀਂ, ਗਜਾਨ ਬੀ ਤੇਰੀ ਦਾਤ ਹੈ, ਨਾਮ ਤੇ ਗਜਾਨ ਦਾ ਦਾਤਾ ਗੁਰੂ ਬੀ ਤੇਰੀ ਮੇਹਰ ਨਾਲ ਮਿਲਦਾ ਹੈ। ਤੇਰੀ ਹੀ ਮੇਹਰ ਨਾਲ ਭਉਜਲ ਤਰਿਆ ਜਾ ਸਕਦਾ ਹੈ। ਇਸ ਲਈ ਨਾਮ ਜਪਦੇ ਅਰਦਾਸ ਵਿਚ ਬੀ ਰਿਹਾ ਕਰੋ।

ਨਿਰੁਕ੍ਤ—**ਭੀਖਕੁ**—[ਸੰਸ:, ਭਿਕ੍ਸ਼ਕ:=ਭਿਖਾਰੀ] ਭਿਖਜਾ ਮੰਗਣ ਵਾਲਾ। ਮੰਗਤਾ।

ਸਮਾਇ—ਮਗਨ ਹੋ ਰਿਹਾ ਹੈ। (ਅਪਨੇ ਰਾਜ ਮਦ ਆਦਿ ਵਿਚ)।

ਅਪਮਾਨ—[ਸੰਸ:, ਅਪਮਾਨ:=ਬੇਇੱਜ਼ਤੀ] ਨਿਰਾਦਰ।

ਢਾਹਿ ਉਸਾਰੇ—ਪੁਰਾਣੇ ਢਾਹੁੰਦਾ ਨਵੇਂ ਬਣਾਉਂਦਾ ਹੈ, ਚਾਹੋ ਮਕਾਨ, ਚਾਹੋ ਵਪਾਰ, ਚਾਹੋ ਮਨ ਦੇ ਜੋੜ ਤੋੜ, ਆਦਿ। (ਅ) ਇਨ੍ਹਾਂ ਤੁਕਾਂ ਵਿਚ 'ਢਾਹਿ ਉਸਾਰੇ' ਤੇ 'ਧਰੇ ਧਿਆਨ' ਨੂੰ ਵਾਹਿਗੁਰੂ ਵੱਲ ਲਾ ਲੈਂਦੇ ਹਨ ਕਿ ਓਹ ਕਿਸੇ ਨੂੰ ਢਾਹੁੰਦਾ (=ਮਾਰਦਾ), ਕਿਸੇ ਨੂੰ ਉਸਾਰੇ (=ਪੈਦਾ ਕਰਦਾ ਹੈ। ਸਭ ਦਾ ਧਜਾਨ ਉਹੀ ਰਖਦਾ ਹੈ। ਯਾ ਮੈਂ ਉਸ ਦਾ ਧਜਾਨ ਧਾਰਦਾ ਹਾਂ, ਪਰ ਪ੍ਰਸੰਗ ਦੀ ਲੜੀ ਧਿਆਨ ਦੇ ਅੰਤ ਤਕ ਜੀਵਾਂ ਵਲ ਸੈਨਤ ਸੱਟਦੀ ਹੈ, ਕਿਉਂਕਿ ਈਸ਼੍ਵਰ ਦਾ ਜ਼ਿਕਰ 'ਤੁਝ ਤੇ ਵਡਾ' ਤੋਂ ਸ਼ੁਰੂ ਹੁੰਦਾ ਹੈ।

ਵੇਖਾਲੀ—ਵੇਖਾਲੀ=ਦਿਖਾਵਾਂ। ਕਿਸ ਵਲ ਉਂਗਲ ਕਰਾਂ ਕਿ ਆਹ ਸਭ ਤੋਂ ਚੰਗਾ ਹੈ।

ਵਾਟ—[ਸੰਸ:,] ਰਸਤਾ। **ਵੀਗਾ**-ਵਿੰਗਾ।

ਖੀਨ—[ਸੰਸ:, ਕਖ਼੍ਰੀਨ=ਦੁਬਲਾ, ਪਤਲਾ] ਘਟਣਾ।

ਖਰਾਬੁ—[ਫ਼ਾ:] ਵਿਗੜਨਾ। **ਕੰਧੁ**-ਭਾਵ ਸਰੀਰ।

ਗਿਰਾਸ—[ਦੇਖੋ ਪੰਨਾ ੧੭੨੧] ਗਿਰਾਹੀ। ਭਾਵ ਹੈ ਇਤਨੀ ਥੋੜੀ ਸ਼ੈ ਬੀ ਜਿਤਨੀ ਗ੍ਰਾਹੀ ਹੈ, ਲੇਖੇ ਵਿਚ ਹੈ। (ਅ) ਸਾਸ ਗਿਰਾਸ ਦਾ ਭਾਵ ਇਉਂ ਬੀ ਹੁੰਦਾ ਹੈ ਕਿ ਸਾਹ ਲੈਂਦਿਆਂ ਤੇ ਗਿਰਾਹੀ ਚਿਥਦਿਆਂ ਜਿੰਨਾਂ ਸਮਾਂ ਬੀ ਨਾਮ ਨਾ ਭੁੱਲੋ। ਬਹੁਤੀ ਥਾਂਈ ਇਹ ਅਰਥ ਲਗਦਾ ਹੈ।

[ਆਸਾ ਮਹਲਾ ੧, ਚਉਪਦਾ-੧੯]

ਮੂਲ	ਅਰਥ
ਆਸਾ ਮਹਲਾ ੧ ਪੰਚਪਦੇ ॥	ਇਥੋਂ ਪੰਜਾਂ ਪਦਿਆਂ ਵਾਲੇ ਸ਼ਬਦ ਸ਼ੁਰੂ ਹੋਏ ਜੋ ੬ ਹਨ ਤੇ ਜੋ ਅੰਕ ੨੩ ਤੇ ਸਮਾਪਤ ਹਨ।
ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ॥ ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥੧॥	(ਜਿਵੇਂ) ਦੁੱਧ ਤੋਂ ਬਿਨਾਂ ਗਊ, ਖੰਭਾਂ ਤੋਂ ਬਿਨਾ ਪੰਛੀ, ਪਾਣੀ ਤੋਂ ਬਿਨਾ ਬਨਸ਼ਪਤੀ ਨਿਕੰਮੇ ਹੋ ਜਾਂਦੇ ਹਨ, (ਅਤੇ ਜਿਵੇਂ ਉਹ) ਪਾਤਸ਼ਾਹ ਕਾਹਦਾ (ਜਿਸ ਨੂੰ ਕਿਸੇ ਪਾਸੋਂ) ਸਲਾਮ ਨਹੀਂ ਮਿਲਦੀ (ਤਿਵੇਂ ਹੇ ਕਰਤਾਰ ! ਜਿਸ ਸਰੀਰ ਵਿਚ) ਤੇਰਾ ਨਾਮ ਨਹੀਂ ਉਹ ਅੰਨ੍ਹੀ ਕੋਠੜੀ ਹੈ॥੧॥

ਕੀ ਵਿਸਰਹਿ ਦੁਖੁ ਬਹੁਤਾ ਲਾਗੈ ॥ ਦੁਖੁ ਲਾਗੈ ਤੂੰ ਵਿਸਰੁ ਨਾਹੀ ॥੧॥ ਰਹਾਉ ॥	(ਹੇ ਕਰਤਾਰ ! ਤੂੰ) ਵਿਸਰਦਾ ਕੀ ਹੈਂ, (ਤੇਰਾ ਵਿਸਰਨਾ ਤਾਂ) ਬਹੁਤਾ ਦੁਖ ਲਗ ਖੜੋਂਦਾ ਹੈ, (ਹੋਰ ਕੋਈ ਬੇਸ਼ਕ) ਦੁਖ ਪਿਆ ਲਗੇ ਪਰ ਤੂੰ ਨਾ ਵਿਸਰ (ਭਾਵ ਤੇਰੇ ਵਿਸਰਨ ਰੂਪੀ ਦੁੱਖ ਨਾ ਲੱਗੇ)॥੧॥ ਰਹਾਉ॥
ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ ॥ ਚਰਣੀ ਚਲੈ ਪਜੂਤਾ ਆਗੈ ਵਿਣੁ ਸੇਵਾ ਫਲ ਲਾਗੇ ॥੨॥	(ਇਕ ਨਿਤਾਣੇ ਬੁੱਢੇ ਵਲ ਵੇਖੋ ਕਿ) ਅੱਖਾਂ ਅੰਨੀਆਂ ਹੋ ਗਈਆਂ ਹਨ, ਪੈਰੀਂ ਚਲਦਾ ਹੈ (ਤਾਂ) ਅੱਗੋਂ (ਹੱਥੋਂ) ਫੜਕੇ (ਕੋਈ ਟੋਰਦਾ ਹੈ), ਜੀਭ ਵਿਚ ਰਸ ਆਸ੍ਵਾਦਨ ਸ਼ਕਤੀ ਘਟ ਗਈ ਹੈ, ਕੰਨਾਂ ਵਿਚ ਅਵਾਜ਼ ਨਹੀਂ ਪਹੁੰਚਦੀ (ਡੋਰਾ ਹੋ ਗਿਆ ਹੈ, ਨਾਮ ਵਿਸਾਰੇ ਨੂੰ ਦੇਖੋ) ਸੇਵਾ ਤੋਂ ਬਿਨ (ਏਹ) ਫਲ ਲੱਗੇ ਹਨ। (ਪਿਛਲੇ ਜਨਮ ਦੇ ਨਾਮ ਵਿਸਾਰੇ ਵਲ ਇਸ਼ਾਰਾ ਹੈ)॥੨॥
ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ ॥ ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ ॥੩॥	(ਪ੍ਰਸ਼ਨ ਹੁੰਦਾ ਹੈ ਕਿ ਏਹ ਦੁਖ ਰੂਪੀ ਫਲ ਨਾਮ ਵਿਸਾਰੇ ਨੂੰ ਲੱਗੇ ! ਹੁਣ ਫੁਰਮਾਓ ਸੁਖ ਰੂਪੀ ਫਲ ਕਿਵੇਂ ਲੱਗਣ ? ਉਸ ਦੀ ਜਾਚ ਦੱਸਦੇ ਹਨ:) (ਗੁਰੂ ਦੇ ਮੂੰਹੋਂ ਉਚਰੇ ਉਪਦੇਸ਼ ਦੇ) ਅੱਖਰ ਬ੍ਰਿਛ (ਦੀ ਨਿਆਈਂ ਹਨ, ਜਗਜਾਸੂ ਦੀ ਮਨ ਰੂਪੀ) ਬਾਗ਼ ਦੀ ਸੰਵਾਰੀ ਹੋਈ ਭੋਂ (ਹੋਵੇ ਉਸ ਵਿਚ) ਪ੍ਰੇਮ (ਰੂਪੀ ਜਲ) ਸਿੰਚਨਾ ਕਰੇ, (ਤਦ) ਸਭਨਾਂ ਨੂੰ ਇਕੋ ਦੇ ਨਾਮ ਦਾ ਫਲ ਲਗਦਾ ਹੈ, ਕਰਮਾਂ ਬਿਨਾਂ (ਨਾਮ ਰੂਪੀ ਫਲ) ਕੀਕੂੰ (ਕੋਈ) ਲਵੇ॥੩॥
ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ॥ ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ॥	(ਚਾਹੋ) ਜਿਤਨੇ ਜੀਵ ਹਨ (ਹੇ ਕਰਤਾਰ !) ਸਭ ਤੇਰੇ ਹਨ (ਤੈਨੂੰ ਕੋਈ ਓਪਰਾ ਨਹੀਂ ਪਰ) ਸੇਵਾ ਤੋਂ ਬਿਨਾ ਫਲ ਕਿਸੇ ਨੂੰ ਨਹੀਂ ਮਿਲਦਾ। ਦੁਖ ਸੁਖ (ਚਾਹੋ) ਤੇਰੇ ਭਾਣੇ ਵਿਚ ਹੁੰਦਾ ਹੈ (ਪਰ ਐਸਾ ਕਰ ਕਿ) ਨਾਮ ਤੋਂ ਬਿਨਾ ਜੀਉ (ਕਦੇ ਸੱਖਣਾ) ਨਾ ਰਹੇ॥੪॥
ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ ਜਾ ਜੀਵਾ ਤਾਂ ਜੁਗਤਿ ਨਾਹੀ ॥ ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ ਤਹ ਰਾਖੁ ਤੁਹੀ ॥੫॥੧੯॥	(ਅੰਕ ੪ ਵਿਚ ਦੱਸੀ) ਮਤਿ ਦੁਆਰਾ (ਜੇ ਆਪਾ ਭਾਵ ਤੋਂ) ਮਰਨਾ ਹੈ (ਇਹੀ ਵਾਂਛਤ) ਜੀਵਨ ਹੈ (ਹੋਰ ਜੀਵਨ) ਕਿਸ (ਕੰਮ) ਹੈ, ਜੋ ਹੋਰ ਤਰ੍ਹਾਂ ਜੀਵਾਂ ਤਾਂ (ਉਹ ਜੀਵਨ ਸਾਂਈ ਨਾਲ) ਜੁੜਿਆ ਜੀਵਨ ਨਹੀਂ। (ਅੰਕ੪ ਵਿਚ ਦੱਸੀ ਸ਼ੁਭ ਮਤਿ ਵਿਚ ਜੋ ਜੀਉਣਾ ਹੈ) ਕਹਿੰਦੇ ਹਨ ਗੁਰੂ ਨਾਨਕ ਦੇਵ ਜੀ (ਤੂੰ ਹੀ) ਜੀਆਂ ਨੂੰ (ਇਸ ਜੀਵਨ ਵਿਚ) ਜਿਵਾਲ, ਜਿਵੇਂ ਭਾਵੀ ਤਿਵੇਂ ਜੀਵਾਂ ਨੂੰ ਤੂੰ ਰੱਖ ਲੈ॥੫॥੧੯॥

ਵਜਾਖਜਾ— ਅੰਕ ੧ ਵਿਚ ਦੁੱਧ ਗਊ, ਖੰਭਾਂ ਬਿਨਾ ਪੰਛੀ, ਪ੍ਰਤਾਪ ਹੁਕਮ ਬਿਨਾ ਰਾਜੇ ਦੇ, ਤੇ ਜਲ ਬਿਨਾ ਬਨਸਪਤੀ ਦੇ ਨਿਕੰਮੇ ਹੋ ਜਾਣ ਦੇ ਨਮੂਨੇ ਦੱਸ ਕੇ ਇਨਸਾਨੀ ਸਰੀਰ ਦੇ ਨਾਮ ਬਿਨਾ ਨਿਕੰਮੇ ਹੋਣ ਦਾ ਰੂਪਕ ਬੱਧਾ ਹੈ।

ਰਹਾਉ ਵਿਚ ਅਭਿਲਾਖ ਹੈ ਕਿ ਤੂੰ ਨਾ ਵਿਸਰ, ਕਿਵੇਂ ਨਾ ਵਿਸਰ ! ਤੇਰਾ ਵਿਸਰਨਾ ਕੀ ਹੈ ਦੁਖੀ ਹੋ ਜਾਣਾ ਹੈ। ਵਿਸਰਨਾ ਹੀ ਦੁੱਖਾਂ ਦਾ ਮੂਲ ਹੈ ਹੋਰ ਦੁਖ ਪਿਆ ਲੱਗੇ ਪਰ ਤੂੰ ਨਾ ਵਿਸਰ। ਭਾਵ ਨਾਮ ਵਿਸਾਰੇ ਦੇ ਦੁਖ ਨਾਲੋਂ ਹੋਰ ਸਾਰੇ ਦੁਖ ਘਟੀਆਂ ਹਨ ਓਹ ਦੁਖ ਤਾਂ ਸਰੀਰ ਮੁੱਕਣ ਨਾਲ ਮਿਟ ਜਾਣਗੇ ਪਰ ਨਾਮ ਵਿਸਾਰੇ ਦਾ ਦੁਖ ਤਾਂ ਅੱਗੇ ਬੀ ਨਾਲ ਜਾਏਗਾ ਤੇ ਕਾਲ ਚੱਕ੍ਰ ਵਿਚੋਂ ਨਿਕਲਣ ਨਹੀਂ ਦੇਵੇਗਾ।

ਅੰਕ੨ਵਿਚ ਨਾਮ ਵਿਸਾਰੇ ਦੇ ਦੁੱਖ ਦੱਸਦੇ ਹਨ। ਇਕ ਬ੍ਰਿਧ ਆਦਮੀ ਜਾ ਰਿਹਾ ਹੈ ਅੱਖਾਂ ਤੋਂ ਅੰਨ੍ਹਾ ਹੈ, ਜੀਭ ਵਿਚ ਰਸ ਨਹੀਂ ਰਿਹਾ, ਕਉੜਾ ਬੋਲਦਾ ਹੈ, ਖਾਣ ਪੀਣ ਦਾ ਸੁਆਦ ਘਟ ਜਾਂਦਾ ਹੈ, ਡੋਰਾ ਹੋ ਜਾਂਦਾ ਹੈ, ਟੁਰਦਾ ਹੈ ਤਾਂ ਅੱਗੇ ਡੰਗੋਰੀ ਫੜਕੇ ਕਿਸੇ ਦੇ ਟੁਰਾਇਆਂ ਮਗਰ ਮਗਰ ਟੁਰਦਾ ਹੈ। ਇਹ ਦੁਖ ਕਿਉਂ ਆਏ ਕਿ ਪਿਛਲੇ ਜਨਮ ਨਾਮ ਨਹੀਂ ਸੀ ਜਪਿਆ, ਮਾੜੇ ਕਰਮ ਕੀਤੇ ਸਨ ਉਸ ਦਾ ਫਲ ਹੈ। ਹੁਣ ਜੇ ਨਾਮ ਜਪਦਾ ਤਾਂ ਜਨਮ ਮਰਨ ਹੀ ਮਿਟ ਜਾਂਦਾ, ਜੇ ਜਨਮ ਮਿਲਦਾ ਤਾਂ ਅਗਲੇ ਜਨਮ ਵਿਚ ਏਹ ਦੁਖ ਨਾ ਵਾਪਰਦੇ।

ਸੋ ਫੁਰਮਾਉਂਦੇ ਹਨ ਕਿ ਜੇ ਨਾਮ ਦੁਆਰਾ ਕਰਤਾਰ ਦੀ ਸੇਵਾ ਨਹੀਂ ਕਰਦਾ ਇਸ ਤਰ੍ਹਾਂ ਜਨਮ ਦਰ ਜਨਮ ਦੁਖ ਪਾਉਂਦਾ ਹੈ।ਇਸ ਜਨਮ ਵਿਚ ਵਿਸਾਰੇ ਵਿਚ ਰਿਹਾਂ ਇਸੇ ਜਨਮ ਵਿਚ ਬੀ ਦੁੱਖ ਵਾਪਰ ਸਕਦੇ ਹਨ, ਜਿਸ ਦਾ ਹਿਸਾਬ ਕਰਤਾ ਪੁਰਖ ਜਾਣਦਾ ਹੈ। ਇਹ ਨਮੂਨੇ ਮਾਤ੍ਰ ਦੁਖ ਦਿਖਾਇਆ ਹੈ ਕਿ ਇਸ ਪ੍ਰਕਾਰ ਦੇ ਦੁੱਖ ਲਗਦੇ ਹਨ। ਬੀਮਾਰੀ ਦਾ ਦੁਖ, ਮਿਤ੍ਰ ਪਜਾਰਿਆਂ ਦੇ ਵਿਛੁੜਨ ਦੇ ਦੁਖ, ਮਾਯਾ ਨਸ਼ਟ ਹੋਣ, ਇੱਜ਼ਤ ਜਾਣ ਦੇ ਦੁਖ, ਇਸ ਅੰਕ ਵਿਚ ਸੰਭਾਵਤ ਸਮਝਣੇ।

ਅੰਕ ੩ ਵਿਚ ਸੁਖ ਰੂਪੀ ਫਲ ਦੀ ਪ੍ਰਾਪਤੀ ਦੀ ਜਾਚ ਦੱਸਦੇ ਹਨ। ਅਖਰ ਦੋ ਸਤਰਾਂ ਵਿਚ ਥੋੜੇ ਹਨ ਭਾਵ ਬਹੁਤਾ ਹੈ। ਗੁਰੂ ਨੇ ਜੋ ਉਪਦੇਸ਼ ਦਿੱਤਾ ਹੈ ਉਸ ਦੇ ਅੱਖਰ ਭਾਵ ਪਦ ਤੇ ਵਾਕ ਬ੍ਰਿੱਛ ਸਮਝਣੇ, ਅਪਣੇ ਮਨ ਨੂੰ ਜ਼ਿਮੀਂ ਸਮਝੋ, ਇਸ ਜ਼ਿਮੀਂ ਨੂੰ ਇਸ ਤਰ੍ਹਾਂ ਘਾਹ ਤ੍ਰਿਣ ਤੋਂ ਸਾਫ ਕਰੋ, ਵਾਹੋ ਤੇ ਸੰਵਾਰੋ ਕਿ ਜਿਵੇਂ ਬਾਗ਼ ਲਈ ਭੋਂ ਵਿਸ਼ੇਸ਼ ਮਿਹਨਤ ਨਾਲ ਤਜਾਰ ਕਰੀਦੀ ਹੈ, ਸੋ ਮਨ ਨੂੰ ਚੋਖਾ ਸਾਫ ਸੁਥਰਾ ਚੰਗਾ ਬਣਾਓ, ਉਸ ਵਿਚ ਗੁਰੂ ਉਪਦੇਸ਼ ਬੂਟਿਆਂ ਵਾਂਙੂ ਲਾ ਲਓ। ਖੇਤੀਆਂ ਵਿਚ ਬੀਜ, ਪਾਈਦੇ ਹਨ, ਪਰ ਬਾਗਾਂ ਵਿਚ ਬੂਟੇ ਗਾਚੀਆਂ ਕੱਢ ਕੇ ਲਗਾਈਦੇ ਹਨ। ਸੋ ਗੁਰੂ ਉਪਦੇਸ਼ ਦੇ ਬੂਟੇ ਲਾਓ। ਓਹ ਉਪਦੇਸ਼ ਇਕ ਤਾਂ ਹੋਵੇਗਾ ਨਾਮ ਸਿਮਰਣ ਦਾ, ਦੂਜੇ ਹੋਵੇਗਾ ਜ਼ਿਮੀ ਨੂੰ ਸਾਫ ਰੱਖਣੇ ਤੇ ਪਾਣੀ ਪਾਣ ਨਾਲ, ਭਾਵ ਕਥਾ ਕੀਰਤਨ ਉੱਚ ਆਚਰਣ ਨਾਲ ਸਿੰਚਨ ਕਰਦੇ ਰਹਿਣਾ। ਇਸ ਸਿੰਚਣ ਵਿਚ ਹਿਰਦੇ ਦਾ ਪ੍ਰੇਮ ਲੋੜੀਏ। ਭਾਵ ਨਾਮ ਜਪਦਿਆਂ, ਕੀਰਤਨ ਕਰਦਿਆਂ ਮਨ ਭਾਵਨਾ ਹੋਵੇ ਪ੍ਰੇਮ ਮਈ, ਇਹ ਹੋਵੇ ਜਲ। ਇਸ ਨੂੰ 'ਇੱਕ' ਦਾ ਨਾਮ ਰੂਪੀ ਫਲ ਲੱਗੇਗਾ। ਇਹ ਫਲ ਸੁਖ ਰੂਪੀ ਰਸ ਨਾਲ ਭਰਿਆ ਹੁੰਦਾ ਹੈ। ਇਹ ਵਿਚ ਧ੍ਰੂਨੀ ਰੱਖੀ ਹੋਈ ਹੈ। ਹੁਣ ਫੁਰਮਾਉਂਦੇ ਹਨ ਕਿ ਇਹ ਫਲ ਕਰਮਾਂ ਬਿਨਾਂ ਕੀ ਕੂੰ ਮਿਲੇ ? ਭਾਵ ਨਹੀਂ ਮਿਲਦਾ। 'ਬਿਨਾ ਕਰਮਾਂ' ਦਾ ਭਾਵ ਦੋਵੇਂ ਤਰ੍ਹਾਂ ਲੈ ਲੈਂਦੇ ਹਨ ਕਿ ਸ਼ੁਭ ਭਾਗਾਂ ਬਿਨਾਂ ਇਹ ਨਾਮ ਰੂਪੀ ਫਲ ਕਿਵੇਂ ਮਿਲੇ। ਦੂਸਰਾ ਹੈ ਅਮਲੀ ਤੌਰ ਤੇ ਉੱਪਰ ਦੱਸੀ ਕਮਾਈ ਕੀਤੇ ਬਿਨਾਂ ਫਲ ਕਿਵੇਂ ਮਿਲਣ।

ਕਰਨ ਵਾਲੇ ਲਈ ਦੁਇ ਗੱਲਾਂ ਇਕ ਟਿਕਾਣੇ ਆ ਢੁਕਦੀਆਂ ਹਨ। ਜੋ ਸਾਡੇ ਭਾਗ ਹਨ ਓਹ ਪਿਛੇ 'ਕੀਤੇ' ਨੇ ਬਣਾਏ ਹਨ, ਤੇ ਜੋ ਅਸਾਂ ਅੱਗੋਂ ਭਾਗਸ਼ੀਲ ਹੋਣਾ ਹੈ ਤਾਂ ਅਮਲੀ ਤੌਰ ਤੇ ਕਮਾਈ ਕਰਨ ਤੇ ਨਾਮ ਦੀ ਕਮਾਈ ਕਰਨ ਨਾਲ, ਸਭ ਤੋਂ ਵਧ ਤੇ ਛੇਤੀ ਸੁਭਾਗ ਹੋਣਾ ਹੈ। ਸੋ ਹਰ ਹਾਲ ਕਮਾਈ ਕਰਨੀ ਚਾਹੀਏ, ਭਾਗਾਂ ਦੇ ਮੱਥੇ ਮਲਕੇ ਦਰਿਦਰੀ ਨਹੀਂ ਹੋ ਜਾਣਾ ਚਾਹੀਏ। ਇਸ ਵਿਚ ਉੱਦਮ ਦਾ ਭਾਵ ਜ਼ਰੂਰ ਹੈ, ਇਹ ਗੱਲ ਅਗਲੇ ਅੰਕ ਵਿਚ ਉਚਾਰੇ ਵਾਕ 'ਵਿਣੁ ਸੇਵਾ ਫਲੁ ਕਿਸੈ ਨਾਹੀ' ਤੋਂ ਸਪਸ਼ਟ ਹੋ ਜਾਂਦਾ ਹੈ। ਇਸ ਅਲੰਕਾਰ ਦੇ ਅਰਥ ਸ੍ਰੀ ਗੁਰੂ ਜੀ ਨੇ ਆਪ ਕੀਤੇ ਹਨ :-

ਅੰਮ੍ਰਿਤ ਤੇਰੀ ਬਾਣੀਆ॥ ਤੇਰਿਆ ਭਗਤਾ ਰਿਦੈ ਸਮਾਣੀਆ॥

[ਸਿਰੀ ਰਾਗੁ ਮਹਲਾ ੧:੧-੧੨]

ਅੰਕ ੪- ਪ੍ਰਸ਼ਨ ਹੁੰਦਾ ਹੈ ਕਿ ਸਾਰੇ ਜੀਵ ਕਰਤਾਰ ਦੇ ਹਨ, ਕਿਸੇ ਨੂੰ ਨਾਮ ਪ੍ਰਾਪਤ ਹੁੰਦਾ ਹੈ ਕਿਸੇ ਨੂੰ ਨਹੀਂ, ਤਾਂ ਦੱਸਦੇ ਹਨ ਕਿ ਇਹ ਗਲ ਠੀਕ ਹੈ ਪਰ ਇਹ ਨਾਮ ਰੂਪੀ ਫਲ ਸੇਵਾ ਵਿਚ ਰਖਿਆ ਹੈ, ਬਿਨਾਂ ਸੇਵਾ ਨਹੀਂ ਮਿਲਦਾ। ਹੋਰ ਥਾਂ ਗੁਰੂ ਜੀ ਨੇ ਫੁਰਮਾਇਆ ਹੈ ਕਿ ਸੇਵਾ ਬਿਨਾ ਸੁਖ ਨਹੀਂ ਚਾਹੋ ਨਿਸਤਾਰਾ ਨਦਰ ਵਿਚ ਹੈ, ਯਥਾ:-

ਸੁਖ ਸੇਵਾ ਅੰਦਰਿ ਰਖਿਐ ਅਪਣੀ ਨਦਰਿ ਕਰਹਿ ਨਿਸਤਾਰਿ ਜੀਉ॥੧੨॥

[ਸਿਰੀ ਰਾਗੁ ਮਹਲਾ ੧, ੧-੧੨]

ਇਕ ਹੋਰ ਗੱਲ ਦੱਸਦੇ ਹਨ ਕਿ ਦੁਖ ਸੁਖ ਜੋ ਵਾਪਰੇ ਉਸ ਨੂੰ ਨਾਮ ਦਾ ਅਭਜਾਸੀ ਭਾਣਾ ਸਮਝੇ, ਪਰ ਹਰ ਹਾਲ ਨਾਮ ਸਿਮਰੇ, ਐਸਾ ਕਿ ਕਿਸੇ ਹਾਲ ਹੋਵੇ ਨਾਮ ਜਪੇ ਬਿਨਾ ਜੀਉ ਰਹਿ ਹੀ ਨਾ ਸਕੇ।

ਦਾਨੇ ਇਸ ਤੁਕ ਵਿਚੋਂ ਐਉਂ ਦਾ ਭਾਵ ਬੀ ਲੈ ਲੈਂਦੇ ਹਨ ਕਿ ਨਾਮ ਤੋਂ ਬਿਨਾ ਜੀਉ ਦੁਖ ਸੁਖ ਤੋਂ 'ਰਹੈ ਨਾਹੀਂ'=ਰਹਿਤ ਨਹੀਂ ਹੋ ਸਕਦਾ।

ਅੰਕ ੫ ਵਿਚ ਪਿਛਲੇ ਦਾ ਸਿੱਟਾ ਦੱਸਿਆ ਹੈ ਕਿ ੪ ਅੰਕਾਂ ਵਿਚ ਦੱਸੀ ਸੁਮਤੀ ਧਾਰਨ ਕਰਕੇ ਅਹੰਤਾਂ ਦੇ ਜੀਵਨ ਤੋਂ ਮਰ ਜਾਓ, ਫੇਰ ਜੋ ਰੂਹਾਨੀ ਜੀਵਨ ਮਿਲੇਗਾ, ਜੋ ਜੀਵਨ ਸਾਂਈਂ ਨਾਲ ਯੁਕਤ (ਜੁੜਿਆ) ਜੀਵਨ ਹੋਵੇਗਾ ਉਹ ਵਾਂਛਿਤ ਜੀਵਨ ਹੈ, ਉਸ ਵਿਚ ਜੀਓ। ਅਹੰਤਾ ਦੇ ਜੀਵਨ ਤੋਂ ਮਰਨਾ, ਨਹੀਂ, ਉਹ ਸਾਂਈਂ ਨਾਲ ਯੁਕਤ ਜੀਵਨ ਹੈ, ਹੋਰ ਜੀਵਨ ਜੋ ਹੈ ਸੋ (ਜੁਗਤਿ = ਯੁਕਤ =) ਜੁੜਿਆ ਜੀਵਨ ਨਹੀਂ, ਉਸ ਜੀਵਨ ਦਾ ਜੀਉਣ ਕਿਸ ਕੰਮ ਹੈ।

ਹੇ ਨਾਨਕ ! ਅਰਦਾਸ ਹੈ ਕਿ ਸਾਂਈਂ ਜੀਵਾਂ ਨੂੰ ਇਸ ਜੀਵਨ ਵਿਚ ਜੀਵਾਲੇ ਤੇ ਜਿਸ ਤਰ੍ਹਾਂ ਤੇ ਜਿਥੇ ਭਾਵੇ ਓਥੇ ਇਹ ਜੀਵਨ ਦਾਨ ਕਰਕੇ ਜਨਮ ਮਰਨ ਤੋਂ ਅਪਣੇ ਜੀਵਾਂ ਨੂੰ ਬਚਾ ਲਵੇ। ਅਰਦਾਸ ਕਰਦੇ ਹਨ ਜਗਤ ਜੀਵਾਂ ਲਈ ਕਿ ਤੂੰ ਹੀ ਇਸ ਅਹੰਸ਼ੁਨ ਪਰ ਅਪਣੇ ਨਾਲ ਯੁਕਤ ਜੀਵਨ ਵਿਚ ਜੀਵ ਨੂੰ ਜੀਵਾਲੇ ਤੇ ਜਿਥੇ ਖੁਸ਼ੀ ਹੋਈ ਰੱਖ ਪਰ ਇਨ੍ਹਾਂ ਦੀ ਰਖਜਾ ਕਰ ਅਯੁਕਤ ਜੀਵਨ ਤੋਂ।

ਦਾਨੇ ਵਿਚ ਅੰਕ ਦਾ ਭਾਵ ਅਰਥ ਐਉਂ ਬੀ ਸਫਲਾਉਂਦੇ ਹਨ:- (ਭਗਤਾਂ) ਦੀ ਮਤਿ ਵਿਚ ਮਰਣ ਜੀਵਣ (ਸਫਲ ਹੈ ਜੇ ਉਪਰ ਦੱਸੀ ਤਰ੍ਹਾਂ ਜੀਵਣ ਜੀਵਿਆ ਜਾਵੇ, ਨਹੀਂ ਤਾਂ) ਹੋਰ ਜੀਵਣ ਕਿਸ ਕੰਮ ਹੈ (ਕਿਉਂਕਿ ਉਹ ਜੀਵਨ ਅਜੋਗ ਹੈ) ਉਹ ਜੀਵਨ ਦੀ ਠੀਕ ਜੁਗਤ (ਤਰਕੀਬ) ਨਹੀਂ ਹੈ।

ਮਤਿ ਵਿਚ ਮਰਣ ਦਾ ਭਾਵ ਐਉਂ ਬੀ ਦਾਨੇ ਲੈਂਦੇ ਹਨ:- (ਜੋ ਬੰਦੇ ਦੀ) ਮਤਿ ਵਿਚ ਮਰਨਾ ਭਾਵ ਮੌਤ (ਵਸਦੀ) ਹੈ (ਤਾਂ ਉਸ ਦਾ ਜੀਉਣਾ) ਜੀਵਨ ਅਖਾ ਸਕਦਾ ਹੈ ਹੋਰ ਜੀਵਨ ਕੈਸਾ (ਭਾਵ ਕਿਸੇਕੰਮ ਨਹੀਂ ਕਿਉਂਕਿ ਓਹ) ਜੀਉਣਾ ਅਜੋਗ ਹੈ।

ਨਿਰੁਕ੍ਤ—ਧੇਨੁ—[ਸੰਸ:,ਧੇਨੁ:] ਲਵੇਰੀ ਗਾਂ, ਗਊ।

ਪੰਖ—[ਸੰਸ:,ਪਕਸ਼।ਪ੍ਰਾਕ੍ਰਿ:, ਪੱਖ। ਪੰਜਾਬੀ, ਪੰਖ] ਪਰ, ਖੰਭ।

ਉਤਭੁਜ—[ਸੰਸ:] ਬਨਸਪਤੀ। ਰੁਖ ਬਿਰਖ, ਸਬਜ਼ੀ ਘਾਹ ਆਦਿ। ਖੇਤੀ।

ਕਾਮਿ ਨਾਹੀ—ਕੰਮ ਵਿਚ ਨਹੀਂ ਆਉਂਦੇ। ਨਿਕੰਮੇ ਹੋ ਜਾਂਦੇ ਹਨ।

ਸੁਲਤਾਨੁ—[ਅ:, ਸੁਲਤਾਨ = ਪਾਤਸ਼ਾਹ] ਪਾਤਸ਼ਾਹ, ਰਾਜਾ।ਕਿਆ ਸੁਲਤਾਨੁ ਸਲਾਮ ਵਿਹੂਣਾ- ਭਾਵ ਹੈ ਜਿਸ ਨੂੰ ਸਲਾਮ ਨਹੀਂ ਕੋਈ ਕਰਦਾ ਉਹ ਰਾਜਾ ਕਾਹਦਾ। ਭਾਵ ਰੋਅਬ ਦਾਬ ਪ੍ਰਤਾਪ ਸਤਿਕਾਰ ਬਿਨਾ ਰਾਜਾ ਕਹਾਉਣਾ ਬ੍ਰਿਥਾ ਹੈ।

ਅੰਧੀ ਕੋਠੀ ਹਨੇਰੀ ਕੋਠੜੀ, ਜਿਵੇਂ ਨਿਕੰਮੀ ਹੈ ਤਿਵੇਂ ਨਾਮ ਵਿਹੂਣਾ ਸਰੀਰ ਕਿਸੇ ਕੰਮ ਨਹੀਂ, ਨਿਕੰਮਾ ਹੈ।

ਕੀ ਵਿਸਰਹਿ—ਤੂੰ ਕੀਹ ਵਿਸਰਦਾ ਹੈਂ ? ਤੇਰਾ ਵਿਸਰਨਾ ਕੀ ਹੈ ਭਾਰੇ ਦੁਖ ਦਾ ਲੱਗਣਾ ਹੈ। (ਅ) ਤੂੰ ਕਿਉਂ ਵਿਸਰਦਾ ਹੈਂ ਤੇਰੇ ਵਿਸਰਿਆਂ ਬਹੁਤਾ ਦੁਖ ਲਗਦਾ ਹੈ।

ਦੁਖੁ ਲਾਗੈ-ਦੁਖ ਪਿਆ ਲੱਗੇ, ਪਰ ਤੂੰ ਨਾ ਵਿਸਰ। ਹੋਰ ਦੁਖ ਦੁਖ ਨਹੀਂ ਰਹਿੰਦੇ ਜੇ ਨਾਮ ਨਾ ਭੁੱਲੇ ਤਾਂ। (ਅ) ਐਉਂ ਬੀ ਅਰਥ ਲਾਈਦਾ ਹੈ ਕਿ ਦੁਖ ਲਗਦਾ ਹੈ ਤਾਂ ਤੂੰ ਨਹੀਂ ਵਿਸਰਦਾ। ਪਰ ਏਹ ਢੁੱਕਦਾ ਨਹੀਂ, ਕਿਉਂਕਿ 'ਵਿਸਰੁ ਨਾਹੀਂ' ਪਾਠ ਹੈ, ਜਿਸ ਦਾ ਅਰਥ ਹੈ 'ਤੂੰ ਨਾ ਵਿਸਰ'।

ਇਸ ਦਾ ਅਰਥ 'ਤੂੰ ਨਹੀ ਵਿਸਰਦਾ' ਠੀਕ ਨਹੀਂ।

ਜੀਭ ਰਸੁ ਨਾਹੀ—ਜ਼ਬਾਨ ਵਿਚ ਸੁਆਦ ਮਾਣਨ ਦੀ ਸ਼ਕਤੀ ਘਟ ਗਈ ਹੈ ਅਤੇ ਜ਼ਬਾਨ ਰਸ-ਮਈ ਬਾਣੀ ਨਹੀਂ ਬੋਲਦੀ, ਕਉੜੇ ਵਾਕ ਬੋਲਦੀ ਹੈ।

ਪਵਣੁ ਨ ਵਾਜੇ—ਆਵਾਜ਼ ਹਵਾ ਦੇ ਜ਼ਰੀਏ ਚਲਦੀ ਹੈ, ਕੰਨਾਂ ਵਿਚ ਹਵਾ ਨਹੀਂ ਵਾਜ ਦੇਂਦੀ। ਭਾਵ ਹਵਾ ਤਾਂ ਅੰਦਰ ਅਵਾਜ਼ ਦੀ ਠੁਹਕਰ ਦੇਂਦੀ ਹੈ ਪਰ ਅੱਗੋਂ ਕੰਨ ਦੇ ਪਰਦੇ ਵਜਦੇ ਨਹੀਂ, ਬੋਲਦੇ ਨਹੀਂ। ਮੁਰਾਦ ਡੋਰੇ ਹੋ ਜਾਣ ਤੋਂ ਹੈ।

ਪਜੂਤਾ—[ਸੰਸ:, ਪ੍ਰਯੁਕ੍ਤ] ਰਹਬਰੀ ਕੀਤਾ ਹੋਇਆ, ਜੋੜਿਆ ਹੋਇਆ। ਫੜਕੇ ਚਲਾਇਆ ਹੋਇਆ, (ਡੰਗੋਰੀ) ਫੜਕੇ ਤੋਰਿਆ।

ਅਖਰ—ਹਰਫ, ਭਾਵ ਹੈ ਪਦ ਤੇ ਵਾਕ ਜੋ ਗੁਰੂ ਉਚਾਰੇ। ਉਪਦੇਸ਼ ਦੇ ਵਾਕ।

ਚੋਖੀ—[ਸੰ:, ਚੋਕ੍ਖਾ = ਸਾਫ਼, ਸੁਥਰੀ, ਸ਼ੁੱਧ] ਚੰਗੀ, ਸਾਫ, ਸੰਵਾਰੀ ਹੋਈ।

ਸਿੰਚਤਿ—[ਸੰਸ:, ਸਿੰਚ = ਛਿੜਕਣਾ, ਪਾਣੀ ਦੇਣਾ] (ਪਾਣੀ) ਸਿੰਜਦਿਆਂ।

ਭਾਉ—[ਸੰਸ;, ਭਾਵ:] ਪ੍ਰੇਮ।

ਸਭਨਾ—(ਉਪਦੇਸ਼ ਦੇ) ਸਾਰੇ ਵਾਕਾਂ ਨੂੰ ਇਕੋ ਦੇ ਨਾਮ ਦਾ ਫਲ ਲਗਦਾ ਹੈ।

(ਅ) ਇਕ ਫਲ ਲਗਦਾ ਹੈ- ਨਾਮ।

ਜੁਗਤਿ—ਯੁਕਤ = ਜੁੜਿਆ ਹੋਇਆ। (ਅ) [ਸੰਸ:, ਯੁਕਤਿ:] ਜੁਗਤੀ, ਤ੍ਰੀਕਾ। ਹੋਰ ਵੀਚਾਰ ਪਦ ੫ ਦੇ ਭਾਵਾਂ ਦੀ ਵਜਾਖਜਾ ਵਿਚ ਆ ਚੁਕੀ ਹੈ।

[ਆਸਾ ਮਹਲਾ ੧, ਚਉਪਦਾ-੨੦]

ਪ੍ਰਾਕ੍ਥਨ—ਇਕ ਆਚਾਰੀ ਪਾਂਡੇ ਪ੍ਰਤੀ ਨਾਮ ਦਾ ਉਪਦੇਸ਼ ਹੈ, ਉਸ ਦੇ ਆਚਾਰ ਦੇ ਇਕ ਇਕ ਅੰਗ ਨੂੰ ਲੈ ਕੇ ਨਾਮ ਤੇ ਹੋਰ ਅੰਤ੍ਰੀਵ ਧਾਰਨਾ ਦੇ ਰੂਪ ਦੱਸੇ ਹਨ।

ਮੂਲ	ਅਰਥ
ਆਸਾ ਮਹਲਾ ੧ ॥ **ਕਾਇਆ ਬ੍ਰਹਮਾ ਮਨੁ ਹੈ ਧੋਤੀ ॥** **ਗਿਆਨੁ ਜਨੇਊ ਧਿਆਨੁ ਕੁਸਪਾਤੀ ॥** **ਹਰਿ ਨਾਮਾ ਜਸੁ ਜਾਚਉ ਨਾਉ ॥** **ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥**	(ਹੇ ਪਾਂਡੇ ! ਮੇਰਾ) ਸਰੀਰ 'ਬ੍ਰਹਮਣ' ਹੈ, ਮਨ 'ਧੋਤੀ' ਹੈ, ਗਜਾਨ 'ਜਨੇਊ 'ਹੈ, ਧਜਾਨ 'ਕੁਸ਼ਾ' ਦਾ ਛੱਲਾ ਹੈ। (ਸੋ ਮੈਂ ਤਾਂ) ਹਰੀ ਦਾ ਨਾਮ (ਤੇ ਹਰੀ ਦੇ) ਨਾਮ ਦੀ ਕੀਰਤੀ ਮੰਗਦਾ ਹਾਂ (ਇਸ ਤਰ੍ਹਾਂ) ਗੁਰੂ ਦੀ ਕ੍ਰਿਪਾ ਦੁਆਰਾ (ਮੈਂ) ਬ੍ਰਹਮ ਵਿਚ ਸਮਾ ਰਿਹਾ ਹਾਂ॥੧॥
ਪਾਂਡੇ ਐਸਾ ਬ੍ਰਹਮ ਬੀਚਾਰੁ ॥ ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥	ਹੇ ਪਾਂਡੇ (ਤੂੰ ਬੀ) ਬ੍ਰਹਮ ਦਾ ਐਸਾ ਵੀਚਾਰ ਕਰ (ਜਿਸ ਤਰ੍ਹਾਂ ਕਿ ਮੈਂ) ਨਾਮ ਦੁਆਰਾ ਹੀ ਸੁਚੀ (ਪਵਿੱਤ੍ਰਤਾ ਪ੍ਰਾਪਤ ਕਰਦਾ ਹਾਂ), ਨਾਮ ਦੁਆਰਾ ਹੀ ਪੜਾਈ ਕਰਦਾ ਹਾਂ (ਭਾਵ ਪਾਠ ਪੂਜਾ ਕਰਦਾ ਹਾਂ) ਨਾਮ ਦੁਆਰਾ ਹੀ (ਕਰਮ ਕਾਂਡ ਦੇ) ਚੱਜ ਤੇ ਆਚਾਰ ਕਰਦਾ ਹਾਂ*॥੧॥ਰਹਾਉ॥

*ਭਾਵ, ਮੇਰੀ ਸੁਚ, ਪਾਠ, ਚੱਜ, ਆਚਾਰ ਸਭ ਨਾਮ ਹੀ ਹੈ, ਨਾਮ ਸਿਮਰਦਿਆਂ ਇਨ੍ਹਾਂ ਦਾ ਅਸਲੀ ਰੂਪ ਅੰਦਰ ਆ ਜਾਂਦਾ ਹੈ।

ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ॥
ਧੋਤੀ ਟਿਕਾ ਨਾਮੁ ਸਮਾਲਿ ॥
ਐਥੈ ਓਥੈ ਨਿਬਹੀ ਨਾਲਿ ॥
ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥

(ਦੇਖ !) ਜਿਨਾਂ ਚਿਰ ਜੋਤ (ਸਰੀਰ ਦੇ) ਨਾਲ (ਅੰਦਰ) ਹੈ (ਤਦ ਤਕ ਇਸ ਦੇ) ਬਾਹਰ ਜਨੇਊ ਧੋਤੀ ਤੇ ਟਿਕਾ ਹੈ (ਇਨ੍ਹਾਂ ਦੀ ਥਾਂਵੇਂ) ਨਾਮ ਸਿਮਰ (ਜੋ) ਐਥੇ ਓਥੇ ਤੇਰੇ ਨਾਲ ਨਿਭੇ, ਨਾਮ ਤੋਂ ਬਿਨਾ ਹੋਰ ਕਰਮਾ ਨੂੰ ਨਾ ਪਿਆ ਢੂੰਡ॥੨॥

ਪੂਜਾ ਪ੍ਰੇਮ ਮਾਇਆ ਪਰਜਾਲਿ ॥
ਏਕੋ ਵੇਖਹੁ ਅਵਰੁ ਨ ਭਾਲਿ ॥
ਚੀਨੈ ਤਤੁ ਗਗਨ ਦਸ ਦੁਆਰ ॥
ਹਰਿ ਮੁਖਿ ਪਾਠ ਪੜੈ ਬੀਚਾਰ ॥੩॥

ਪ੍ਰੇਮ ਨੂੰ 'ਪੂਜਾ' ਬਣਾਓ, ਮਾਇਆ ਨੂੰ ਚੰਗੀ ਤਰ੍ਹਾਂ ਸਾੜਨੇ ਨੂੰ (ਹੋਮ ਬਣਾਓ, ਅੰਤਰ ਮੁਖ) ਦ੍ਰਿਸ਼ਟੀ ਇਕੋ (ਹਰੀ ਤੇ ਰੱਖੋ ਐਸੀ ਕਿ) ਹੋਰ ਨੂੰ ਨਾਂ ਭਾਲੋ, (ਬ੍ਰਹਮ) ਤੱਤ ਨੂੰ (ਬਾਹਰ ਗਗਨਾਂ ਵਿਚ (ਤੇ ਅੰਦਰ) ਦਸਮ ਦੁਆਰ ਵਿਚ (ਤੇ ਦਸਾਂ ਹੀ ਦੁਆਰਿਆਂ ਵਿਚ ਮਨ ਪਿਆ) ਵੇਖੇ। ਮੂੰਹ ਵਿਚ ਹਰੀ ਦੀ ਵੀਚਾਰ (ਇਹ ਮੂੰਹ ਨਾਲ ਵੇਦ) ਪਾਠ ਹੋਵੇ॥੩॥

ਭੋਜਨੁ ਭਾਉ ਭਰਮੁ ਭਉ ਭਾਗੈ ॥
ਪਾਹਰੂਅਰਾ ਛਬਿ ਚੋਰੁ ਨ ਲਾਗੈ ॥
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥
ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥

(ਮੂਰਤੀ ਦੇ ਭੋਗ ਦਾ) ਭੋਜਨ ਸ਼ਰਧਾ ਹੈ (ਜਿਸ ਨਾਲ ਤੇਰਾ ਭਰਮ ਤੇ ਭਉ ਦੂਰ ਹੋਵੇਗਾ, 'ਛਬੀ' ਨੂੰ ਪਹਿਰੇ ਦਾਰ ਬਣਾ (ਜੋ ਕਾਮਾਦਿਕ) ਚੋਰ ਨਾ ਲੱਗੇ। ਪ੍ਰਭੂ ਨੂੰ ਏਕੋ ਏਕਕਰ ਜਾਨਣ ਇਹ ਮੱਥੇ ਦਾ ਤਿਲਕ ਹੋਵੇ। (ਐਉਂ) ਅੰਤਰ (ਮੁਖ) ਵਿਵੇਕਜ ਗਜਾਨ ਨਾਲ ਬ੍ਰਹਮ ਨੂੰ ਲਖ ਲਵੇ॥੪॥

ਆਚਾਰੀ ਨਹੀ ਜੀਤਿਆ ਜਾਇ ॥
ਪਾਠ ਪੜੈ ਨਹੀ ਕੀਮਤਿ ਪਾਇ ॥
ਅਸਟ ਦਸੀ ਚਹੁ ਭੇਦੁ ਨ ਪਾਇਆ ॥
ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥

(ਹੋਰ ਕਰਮ ਕਾਂਡ ਦੇ ਦੱਸੇ) ਕਰਮਾਂ ਨਾਲ (ਮਾਨੁਖ ਜਨਮ) ਨਹੀਂ ਜਿੱਤਿਆ ਜਾਂਦਾ, (ਵੇਦ ਆਦਿ ਦੇ) ਪਾਠਾਂ (ਮਾਤ੍ਰ) ਪੜਨ ਨਾਲ (ਬ੍ਰਹਮ ਦਾ) ਅੰਤ ਨਹੀਂ ਲਿਆ ਜਾ ਸਕਦਾ। (ਦੇਖੋ) ਚਾਰੋਂ ਵੇਦਾਂ ਤੇ ਅਠਾਰਾਂ ਪੁਰਾਣਾਂ (ਦੇ ਪਾਠਾਂ ਨਾਲ ਕਿਸੇ ਨੇ ਬ੍ਰਹਮ ਦਾ) ਭੇਦ ਨਹੀਂ ਪਾਇਆ (ਪਰ) ਹੇ ਨਾਨਕ ! ਸਤਿਗੁਰੂ ਨੇ ਬ੍ਰਹਮ ਦਾ ਸਾਖਜਾਤਕਾਰ ਕਰਾ ਦਿੱਤਾ ਹੈ॥੫॥੨੦॥

ਵਜਾਖਜਾ— ਸਾਰੇ ਸ਼ਬਦ ਵਿਚ ਕਰਮ ਕਾਂਡ ਦੇ ਚੱਜ ਅਚਾਰਾਂ ਦੀ ਥਾਵੇਂ ਨਾਮ ਅਭਜਾਸ ਸਿਫਤ ਸਲਾਹ, ਪ੍ਰੇਮ, ਭਗਤੀ,ਧਜਾਨ, ਗਜਾਨ,ਗੁਰੂ ਦੀ ਮੇਹਰ ਆਦਿ ਆਤਮ ਸਾਧਨ ਸਿਖਾਏ ਹਨ ਤੇ ਉਸ ਦਾ ਫਲ ਬ੍ਰਹਮ ਦੀ ਪ੍ਰਾਪਤੀ ਦੱਸਿਆ ਹੈ, ਨਿਰੇ ਕਰਮ ਕਾਂਡੀ ਕਰਮਾਂ ਨਾਲ ਬ੍ਰਹਮ ਦੀ ਲੱਖਤਾ ਨਹੀਂ ਹੁੰਦੀ। ਇਨ੍ਹਾਂ ਵਾਕਾਂ ਤੋਂ ਇਹ ਨਹੀਂ ਸਮਝਣਾ ਚਾਹੀਏ ਕਿ ਸ਼ੁਭ ਕਰਮ, ਉੱਚੇ ਸੁੱਚੇ ਆਚਰਣ ਨੂੰ ਮਾੜਾ ਕਹਿ ਰਹੇ ਹਨ, ਪਰ ਕੇਵਲ ਕਰਮ ਕਾਂਡੀ ਕਰਮ, ਜੋ ਬਾਹਰਮੁਖੀ ਕਰਮ ਮਾਤ, ਰਹਿ ਜਾਂਦੇ ਹਨ, ਉਹਨਾਂ ਦੀ ਨਿਸ਼ਫਲਤਾ ਦਿਖਾਲਦੇ ਹਨ, ਬ੍ਰਹਮ ਲੱਖਤਾ ਲਈ। 'ਕਰਮਕਾਂਡ' ਤੋਂ 'ਭਗਤੀ ਗਜਾਨਜ ਦੀ ਵਿਸ਼ੇਸ਼ਤਾ ਕਹਿ ਰਹੇ ਹਨ। ਬਾਕੀ ਸੁਗਮ ਹੈ।

ਨਿਰੁਕਤ— ਕਾਇਆ—[ਸੰਸ:, ਕਾਯ:=ਦੇਹ, ਜਿਸਮ] ਸ਼ਰੀਰ। ਜੀਵਨ ਤੇ ਚੇਤਨਤਾ ਵਾਲਾ ਸ਼ਰੀਰ ਮਨ ਬੁੱਧੀ ਸਮੇਤ। **ਬ੍ਰਹਮਾ**-ਬ੍ਰਾਹਮਣ।

ਕੁਸਪਾਤੀ—ਕੁਸ਼ਾ ਨਾਮੇ ਘਾਸ ਦੀ ਪੱਤੀ ਦਾ ਛੱਲਾ ਜੋ ਦੂਸਰੀ ਉਂਗਲ ਤੇ ਪਾਉਂਦੇ ਹਨ ਕਰਮ ਧਰਮ ਵੇਲੇ। **ਜਸੁ**—[ਸੰਸ:, ਯਸ਼:] ਕੀਰਤੀ। ਸਿਫਤ ਸਲਾਹ। **ਨਾਉ**-ਨਾਮ।

*ਬਾਹਰਿ ਕਹਿ ਕੇ ਜਣਾਇਆ ਕਿ ਏਹ ਚਿੰਨ੍ਹ ਬੀ ਸਰੀਰ ਦੇ ਬਾਹਰ ਧਾਰਨ ਹੁੰਦੇ ਹਨ।

ਸੁਚਿ—[ਸੰਸ:, ਸ਼ੁਚਿ:=ਪਵਿਤ੍ਰਤਾ] ਜੋ ਕਰਮ ਕਾਂਡੀ ਤ੍ਰੀਕੇ ਤੇ ਸੁੱਚਮ ਕੀਤੀ ਜਾਂਦੀ ਹੈ।

ਪੜਉ—ਮੈਂ ਪੜ੍ਹਦਾ ਹਾਂ। ਭਾਵ ਸੰਕੇਤਕ ਪਾਠ ਬੱਧੇਵਾਸ ਕਰਨੇ ਤੋਂ ਹੈ।

ਜੋਤਿ ਹੈ ਨਾਲਿ—ਚੇਤਨ ਸੱਤਾ ਯਾ ਜਿੰਦ ਸਰੀਰ ਵਿਚ ਹੈ। **ਨਾਵੈ**-ਨਾਮ ਤੋਂ।

ਪਰਜਾਲਿ—[ਸੰਸ:, ਪ੍ਰਜ੍ਵਲਨਮ੍ =ਜਲਨਾ, ਸੜਨਾ] ਚੰਗੀ ਤਰ੍ਹਾਂ ਸਾੜ ਭਾਵ ਦੂਰ ਕਰ।

ਚੀਨੈ—ਦੇਖੇ, ਸਮਝੇ। **ਤਤੁ**-ਭਾਵ ਬ੍ਰਹਮ ਤਤ।

ਗਗਨ—[ਸੰਸ:,ਗਗਨਮ੍] ਆਕਾਸ਼, ਦਸਮ ਦੁਆਰ।

ਹਰਿ ਮੁਖਿ-ਹਰੀ (ਦੇ ਨਾਮ ਦਾ) ਮੂੰਹ ਵਿਚ ਹੋਣਾ। **ਭਾਉ**-ਸ਼ਰਧਾ, ਪ੍ਰੇਮ।

ਪਾਹਰੂਅਰਾ—ਪਹਿਰੇਦਾਰ। **ਛਬਿ**-ਸੁੰਦਰਤਾ। ਉਹ ਸੁੰਦਰਤਾ ਦਾ ਅਨੁਭਵ ਜੋ ਨਾਮ ਪ੍ਰੇਮੀ ਦੇ ਅੰਦਰ ਉਦੇ ਹੁੰਦਾ ਹੈ ਤੇ ਬਾਹਰ ਮੁਖ ਬਿਰਤੀ ਕੀਤਿਆਂ ਘਟਦਾ ਹੈ। ਇਸ ਦੇ ਘਟਣ ਦੀ ਤੇ ਹਟਣ ਦੀ ਪੀੜਾ ਪਹਿਰੇਦਾਰ ਬਣ ਜਾਂਦੀ ਹੈ ਤੇ ਮਾੜੇ ਕਰਮ ਤੇ ਬਾਹਰ ਮੁਖ ਹੋਣੋ ਵਰਜਦੀ ਹੈ।

ਲਿਲਾਟਿ—[ਸੰਸ:, ਲਲਾਟੰ=ਮੱਥਾ, ਮਸਤਕ] ਮੱਥੇ ਉਤੇ।

ਬਿਬੇਕੁ—[ਦੇਖੋ ਪੰਨਾ ੧੭੧੧) ਨਿਖੇੜਵਾਂ ਗਜਾਨ, ਜੋ ਜੀਵ ਤਤ ਤੇ ਬ੍ਰਹਮ ਤਤ ਨੂੰ ਨਿਰੋਲ ਲਖਾ ਦੇਵੇ]। **ਅਸਟਦਸੀ**—[ਸੰਸ: ਅਸ਼੍ਟ+ਦਸ਼=ਅਠਾਰਾਂ (੧੮)] ੧੮ (ਪੁਰਾਣਾਂ) ਦੁਆਰਾ

ਚਹੁ—ਚਾਰਾਂ (ਵੇਦਾਂ) ਅਤੇ ੧੮ (ਪੁਰਾਣਾਂ) ਦੁਆਰਾ।

[ਆਸਾ ਮਹਲਾ ੧, ਚਉਪਦਾ-੨੧]

ਮੂਲ	ਅਰਥ
ਆਸਾ ਮਹਲਾ ੧ ॥ ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥ ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥	ਗੁਰਮੁਖ (ਉਹ) ਹੁੰਦਾ ਹੈ (ਜੋ) ਠਾਕੁਰ (=ਵਾਹਿਗੁਰੂ) ਦਾ ਦਾਸ (ਬਣੇ), ਉਹੋ ਦਾਸ ਹੈ, ਸੇਵਕ ਹੈ, (ਉਹੋ) ਭਗਤ ਹੈ, (ਉਹੋ) ਜਨ ਹੈ, (ਉਹੀ ਸਮਝਦਾ ਹੈ ਕਿ) ਜਿਸ (ਠਾਕੁਰ) ਨੇ ਸ੍ਰਿਸ਼ਟੀ ਰਚੀ ਹੈ ਉਸੇ ਨੇ ਫਿਰ (ਇਸ ਨੂੰ) ਵਿਨਾਸ਼ ਕੀਤਾ ਹੈ, ਉਸ ਤੋਂ ਬਿਨਾ (ਉਸ ਵਰਗਾ) ਦੂਜਾ ਹੋਰ ਕੋਈ ਨਹੀ ਹੈ॥੧॥
ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥	(ਓਹੀ) ਗੁਰਮੁਖ ਸੱਚੇ ਦਰਬਾਰ ਵਿਚ ਸੱਚੇ (ਮੰਨੇ ਜਾਂਦੇ) ਹਨ (ਕਿਉਂਕਿ ਜੀਵਨ ਵਿਚ ਓਹ) ਗੁਰੂ ਦੇ ਉਪਦੇਸ਼ ਦੁਆਰਾ ਵੀਚਾਰ ਵਿਚ (ਰਹਿੰਦੇ ਤੇ) ਸੱਚੇ ਨਾਮ (ਨੂੰ ਸਿਮਰਦੇ ਹਨ)॥੧॥ਰਹਾਉ॥
ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥ ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੁ ਹੋਇ ॥੨॥	ਅਰਜ਼ (ਨੂੰ ਸੁਣਨ ਵਾਲਾ) ਸੱਚਾ (ਠਾਕੁਰ) ਸੱਚੀ ਅਰਦਾਸ ਨੂੰ (ਅਪਣੇ) ਸਰੂਪ ਵਿਚ (ਇਸਥਿਤ ਬੈਠਾ) ਸੁਣਦਾ ਹੈ ਤੇ ਸ਼ਾਬਾਸ਼ ਦੇਂਦਾ ਹੈ। (ਹਾਂ ਉਸ ਗੁਰਮੁਖ ਨੂੰ) ਉਹ (ਠਾਕੁਰ ਅਪਣੇ) ਸਚੇ ਤਖਤ (ਪਾਸ) ਬੁਲਾ ਲੈਂਦਾ ਹੈ, (ਉਨ੍ਹਾਂ ਨੂੰ) ਇੱਜ਼ਤ ਬਖਸ਼ਦਾ ਹੈ ਕਿ (ਇਹ) ਜੋ ਕਰੇ ਸੋ ਹੋਵੇ॥੨॥

ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥ ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੩॥	[ਅਰਦਾਸ] (ਹੇ ਠਾਕੁਰ ਗੁਰਮੁਖਾਂ ਨੂੰ) ਤੇਰੇ ਹੀ ਬਲ (ਦਾ ਸਹਾਰਾ ਹੈ), ਤੂੰ ਹੈਂ (ਉਨ੍ਹਾਂ ਦਾ) ਦੀਵਾਨ ਹੈਂ। ਗੁਰੂ ਕਾ ਸਬਦ (ਉਸ ਦੇ ਪਾਸ ਦੀਵਾਨ ਦਾ) ਸੱਚਾ ਪਰਵਾਨਾ ਹੁੰਦਾ ਹੈ। (ਜੋ ਅਪਣੇ ਠਾਕੁਰ ਦਾ) ਹੁਕਮ ਮੰਨਦਾ ਹੈ ਉਹ ਖੁੱਲਾ (ਦਰਬਾਰ ਵਿਚ) ਜਾਂਦਾ ਹੈ। (ਉਸ ਪਾਸ) ਸੱਚ ਪਰਵਾਨਾ ਹੋਣ ਕਰਕੇ (ਉਸ ਨੂੰ ਕੋਈ) ਰੋਕ ਨਹੀਂ ਪੈਂਦੀ॥੩॥
ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥ ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥	[ਗੁਰਮੁਖ ਨੂੰ ਵਰਣਨ ਕਰਕੇ ਹੁਣ ਕੇਵਲ ਪੜ੍ਹਾਕੂ ਪੰਡਿਤ ਦੀ ਦਸ਼ਾ ਦੱਸਦੇ ਹਨ।] ਪੰਡਿਤ ਪੜ੍ਹਦਾ ਹੈ ਤੇ ਵੇਦ ਦੀ ਵਿਆਖਯਾ ਕਰਦਾ ਹੈ; (ਪਰ ਜੋ) ਹ੍ਰਿਦੇ ਦੇ ਅੰਦਰ (ਆਤਮ ਵਸਤੂ ਹੈ ਉਸ ਦਾ ਭੇਤ ਨਹੀਂ ਲਖਦਾ, (ਉਸ ਵਸਤੂ ਦੀ) ਸੋਝੀ ਤੇ ਲੱਖਤਾ ਗੁਰੂ ਦੇ ਬਿਨਾਂ (ਪ੍ਰਾਪਤ) ਨਹੀਂ ਹੁੰਦੀ ਕਿ ਉਹੋ ਸੱਚਾ ਪ੍ਰਭੂ (ਸਾਰੇ) ਵਜਾਪਕ ਹੋ ਰਿਹਾ ਹੈ॥੪॥
ਕਿਆ ਹਉ ਆਖਾ ਆਖਿ ਵਖਾਣੀ ॥ ਤੂੰ ਆਪੇ ਜਾਣਹਿ ਸਰਬ ਵਿਡਾਣੀ ॥ ਨਾਨਕ ਏਕੋ ਦਰੁ ਦੀਬਾਣੁ ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥	(ਹੇ ਠਾਕੁਰ !) ਮੈਂ ਕੀਹ ਆਖਾਂ (ਤੇ) ਆਖ ਕੇ (ਉਸ ਦੀ) ਵਿਆਖਿਆ ਕੀਹ ਕਰਾਂ, ਤੂੰ ਹੇ ਅਚਰਜ ਰੂਪ ! ਆਪ ਹੀ ਸਭ ਕੁਛ ਜਾਣਦਾ ਹੈਂ।(ਸ੍ਰੀ ਗੁਰੂ) ਨਾਨਕ (ਦੇਵ ਜੀ ਆਖਦੇ ਹਨ ਕਿ) ਇਕੋ (ਤੇਰਾ ਹੀ) ਦਰ ਤੇ ਦੀਵਾਨ ਹੈ, ਜਿੱਥੇ (ਲੱਗੇ ਹੋਏ) ਸੱਚੇ ਗੁਰਮੁਖ (ਅਪਣਾ) ਜੀਵਨ ਬਿਤਾਉਂਦੇ ਹਨ॥੫॥੨੧॥

ਵਜਾਖਜਾ— ਅੰਕ ੧ ਰਚਨ, ਪਾਲਣ ਤੇ ਸੰਘਾਰ ਕਰਤਾ ਇਕੋ ਪ੍ਰਭੂ ਹੈ, ਇਸ ਦੇ ਅਨਿੰਨ ਪ੍ਰੇਮੀ ਨੂੰ ਗੁਰਮੁਖ ਕਹੀਦਾ ਹੈ। ਉਸੇ ਨੂੰ ਹਰੀ ਦਾ ਸੇਵਕ, ਹਰਿ ਕਾ ਦਾਸ, ਹਰਿ ਭਗਤ, ਹਰਿ ਜਨਆਦਿ ਪਦ ਦੇਈਦੇ ਹਨ।

ਰਹਾਉ— ਦਾਸ ਬਣਨੇ ਦੀ ਜੁਗਤਿ ਦੱਸੀ ਹੈ, ਗੁਰੂ ਦੇ ਉਪਦੇਸ਼ ਦੀ ਧਾਰਨਾ, ਉਸ ਦਾ ਵੀਚਾਰ; ਉਸ ਉਪਦੇਸ਼ ਵਿਚ ਨਾਮ ਉਪਦੇਸ਼ ਬੀ ਹੁੰਦਾ ਹੈ,ਉਸ ਦੀ ਕਮਾਈ, ਉਸ ਦਾ ਫਲ-ਗੁਰਮੁਖ ਹੋ ਜਾਣਾ, ਅਰਥਾਤ ਸੱਚੇ ਦੇ ਦਰਬਾਰ ਵਿਚ ਸੱਚੇ ਮੰਨੇ ਜਾਣਾ।

ਅੰਕ ੨— ਇਸ ਅੰਕ ਵਿਚ ਅਰਦਾਸ ਦੀ ਕਬੂਲੀਅਤ ਦਾ ਭੇਤ ਦੱਸਿਆ ਹੈ ਕਿ ਸੱਚੀ ਅਰਦਾਸ ਕਬੂਲ ਪੈਂਦੀ ਹੈ। ਜੋ ਸੱਚੇ ਦਿਲੋਂ ਮਨ ਜੋੜ ਕੇ ਕੀਤੀ ਜਾਵੇ ਤੇ ਭਲੇ ਦੀ ਹੋਵੇ ਉਹ ਸੱਚੀ ਅਰਦਾਸ ਕਹੀਦੀ ਹੈ ਉਹ ਸੁਣੀ ਜਾਂਦੀ ਹੈ। ਮਹਲਾਂ ਵਿਚ ਬੈਠਾ, ਅਪਣੇ ਦਰ ਦਰਬਾਰ ਬੈਠਾ,ਅਪਣੇ ਸਰੂਪ ਵਿਚ ਕਾਯਮ ਪ੍ਰਭੂ ਸੁਣਦਾ ਹੈ। ਅਗਲੀ ਤੁਕ ਹੈ 'ਸਚੈ ਤਖਤਿ ਬੁਲਾਵੈ ਸੋਇ'; ਇਸ ਤੋਂ ਪਤਾ ਲੱਗਾ ਕਿ ਸੱਚੀ ਅਰਦਾਸ ਜੋ ਕਹੀ ਸੀ ਉਹ ਅਪਣੇ ਆਤਮਾਂ ਦੇ ਕਲਜਾਣ ਨਮਿਤ ਸੀ, ਕਿਉਂਕਿ ਮਹਲ ਵਿੱਚ ਤਖਤ ਪਾਸ ਬੁਲਾਇਆ ਜਾਣਾ ਉਸੇ ਦਾ ਹੋ ਸਕਦਾ ਹੈ ਜਿਸ ਨੂੰ ਮੰਗ 'ਦਰ ਦਰਸ਼ਨ' ਦੀ ਹੋਵੇ -

ਦਰ ਦਰਸ਼ਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ॥

[ਆਸਾ ਮਹਲਾ ੧-੩੮]

ਉਸ ਨੂੰ ਤਖਤ ਪਾਸ ਬੁਲਾ ਕੇ ਸ਼ਾਬਾਸ਼-ਵਡਿਆਈ ਦੇਂਦਾ ਹੈ ਪ੍ਰਭੂ। ਜੋ ਉਹ ਪ੍ਰਭੂ ਕਰਦਾ ਹੈ ਉਹੀ ਹੋ ਜਾਂਦਾ ਹੈ। 'ਕਰੇ ਸੁ ਹੋਇ' ਵਿਚ ਇਕ ਹੋਰ ਅਰਥ ਭਾਵ ਬੀ ਲਈਦਾ ਹੈ ਕਿ ਉਸ ਨੂੰ ਵਾਹਿਗੁਰੂ ਕਰਤਰੀ ਸ਼ਕਤੀ ਬਖ਼ਸ਼ਦਾ ਹੈ।ਉਸ ਨੂੰ ਅਪਣੀ ਕਰਨੀ ਵਿਚ ਸਫਲਤਾ ਪ੍ਰਾਪਤ ਹੁੰਦੀ ਹੈ, ਉਹ ਵਰ ਪ੍ਰਾਪਤ ਹੁੰਦਾ ਹੈ ਕਿ ਜੋ ਕੁਛ ਤੂੰ ਕਰੇਂਗਾ, ਸਿਰੇ ਚੜ੍ਹੇਗਾ।

ਅੰਕ ੩- ਅਰਦਾਸ ਕਰਦੇ ਹੋਏ, ਅਨਿੰਨ ਪ੍ਰੀਤੀ ਜਣਾਉਂਦੇ ਹੋਏ 'ਹੁਕਮ' ਦਾ ਉਪਦੇਸ਼ ਦੇਂਦੇ

ਹਨ; ਜੋ ਨਾਮ ਜਪੇਗਾ, ਅਰਦਾਸ ਵਿਚ ਜੀਏਗਾ, ਸਿਫਤ ਸਲਾਹ ਵਿਚ ਵਰਤੇਗਾ,ਉਹ ਹੁਕਮੀ ਬੰਦਾ ਹੋ ਜਾਏਗਾ। ਸੋ ਹੁਕਮ ਮੰਨਣ ਵਾਲਾ ਜਦ ਚੋਲਾ ਛੋੜੇਗਾ ਤਾਂ ਦਰਗਾਹ ਵਿਚ ਜ਼ਾਹਰਾ ਸਰੀਹਨ ਜਾਏਗਾ। ਉਸ ਦੇ ਪਾਸ ਹੁਕਮੀ ਬੰਦਾ ਹੋਣ ਦਾ ਪਰਵਾਨਾ ਹੁੰਦਾ ਹੈ, ਇਸ ਕਰਕੇ ਰਾਹ ਵਿਚ ਰੋਕ ਨਹੀਂ ਪਏਗੀ। ਇਸ ਦਾ ਅਰਥ ਮਹਾਰਾਜ ਜੀ ਨੇ ਆਪ ਕੀਤਾ ਹੈ :-

ਮੰਨੈ ਮਾਰਗ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥ [ਜਪੁਜੀ ੧੪]

ਅੰਕ ੪- ਗੁਰਮੁਖ ਦੀ ਸਾਰੀ ਅਵਸਥਾ ਦੱਸਕੇ ਹੁਣ ਥੋੜਾ ਇਸ਼ਾਰਾ ਟਾਕਰ ਲਈ ਮਨਮੁਖ ਵਲ ਹੈ।ਏਥੇ ਆਮ ਮਨਮੁਖ ਨਹੀਂ ਲਿਆ ਪਰ ਨਿਰਾ'ਵਾਚ ਗਜਾਨੀ' ਲਿਆ ਹੈ, ਜਿਸ ਦੀ ਦਿਮਾਗੀ ਵਾਕਫੀ ਯਾ ਕਥਨੀ ਤਾਂ ਵੇਦ ਆਦਿ ਧਰਮ ਪੁਸਤਕਾਂ ਤੇ ਸ਼ਾਸਤ੍ਰਾਂ ਦੀ ਹੈ, ਪਰ ਅੰਦਰ ਲੱਖਤਾ ਪਾਰਬ੍ਰਹਮ ਦੀ ਹੈ ਨਹੀਂ। ਉਸ ਨੂੰ ਸੂਝ ਬੂਝ ਤੋਂ ਖਾਲੀ ਦੱਸਿਆ ਹੈ, ਮਾਨੋ ਜਾਣਦਾ ਹੋਇਆ ਅਗਜਾਨੀ ਹੀ ਹੈ; ਕਿਉਂਕਿ ਸਰਬ ਵਜਾਪੀ ਨੂੰ ਅਨੁਭਵ ਨਹੀਂ ਕਰ ਰਿਹਾ।

ਅੰਕ ੫— ਵਾਹਿਗੁਰੂ ਨੂੰ ਅਸਚਰਜ ਰੂਪ ਆਖਦੇ ਹਨ।ਸਿਫਤ ਸਲਾਹ ਨਾਮ ਤੇ ਪ੍ਰੇਮ ਦੇ ਮਾਰਗ ਵਾਲੇ ਵਿਸਮਾਦ ਦੇ ਰਸਤੇ ਅਨੁਭਵ ਵਿਚ ਜਾਂਦੇ ਹਨ, ਸੋ ਅਪਣੇ ਪ੍ਰੀਤਮ ਨੂੰ ਸਰਬ ਵਿਡਾਣੀ' :-

ਅਸਚਰਜ ਰੂਪ ਰਹੰਤ ਜਨਮੰ॥ [ਸਲੋਕ ਸਹਸਕ੍ਰਿਤੀ ਮਹਲਾ ੫ ੫੭]

ਆਖਦੇ ਅਰਦਾਸੇ ਕਰਦੇ ਹਨ। ਏਥੇ ਅਰਦਾਸ ਕੀਹ ਕਰਦੇ ਹਨ ਕਿ ਮੈਂ ਕੀਹ ਆਖਾਂ ਤੇ ਕੀਹ ਉਸ ਦੀ ਵਜਾਂਖਜਾ ਕਰਾਂ, ਤੂੰ ਤਾਂ ਸਭ ਕੁਛ ਜਾਣਦਾ ਹੈਂ,ਅੰਤਰਯਾਮੀ ਹੈਂ,ਜਿਸ ਵਿਚ ਸੈਨਤ ਇਹ ਹੈ ਕਿ ਇਹ ਕਥਨੀ ਦੇ ਗਜਾਨੀ ਸਾਰੇ ਜਾਣਦੇ ਹੋਏ ਨਹੀਂ ਬੁਝਦੇ, ਇਨ੍ਹਾਂ ਨੂੰ ਸਮਝਾਉਣ ਦਾ ਕੋਈ ਲਾਭ ਨਹੀਂ। ਗੁਰਮੁਖਾਂ ਨੂੰ ਆਖਣ ਦੀ ਲੋੜ ਨਹੀਂ, ਓਹ ਪਏ ਸਮਝਦੇ ਹੀ ਹਨ,ਬਸ ਮੈਂ ਇਕ ਸੰਖੇਪ ਗਲ ਕਹਿੰਦਾ ਹਾਂ ਜੋ ਵਾਚ ਗਜਾਨੀ ਤੇ ਗੁਰਮੁਖ ਦੋਹਾਂ ਲਈ ਹੈ ਕਿ ਹੇ ਭਾਈ ਵਾਚ ਗਜਾਨੀ ! ਵਾਹਿਗੁਰੂ ਦੇਦਰ ਦੀਵਾਨ ਨੂੰ ਪਛਾਣ ਤੇ ਗੁਰਮੁਖ ਬਣ, ਸਚਾ ਗੁਰਮੁਖ, ਕਰਨੀ ਦਾ ਸੂਰਾ, ਤੇ ਜੀਵਨ ਦਰ ਦੀਵਾਨ ਵਿਚ ਹਾਜ਼ਰ ਹਜ਼ੂਰ ਰਹਿ ਕੇ ਬਿਤੀਤ ਕਰ ਅਤੇ ਗੁਰਮੁਖ ਨੂੰ ਆਖਦਾ ਹਾਂ ਕਿ ਭਾਈ ਸ਼ਾਬਾਸ਼ ! ਤੇਰੀ ਸੁਹਣੀ ਗੁਜ਼ਰ ਰਹੀ ਹੈ ਜੋ ਤੂੰ ਜਗਤ ਵਿਚ ਵਿਚਰਦਾ ਆਪ ਨੂੰ ਦਰ ਦੀਵਾਨ ਦੀ ਹਜ਼ੂਰੀ ਵਿਚ ਰੱਖਦਾ ਹੈਂ।ਇਹ ਤੁਕਾਂ ਠਾਕੁਰ ਵਲ ਬੀ ਅਰਦਾਸ ਰੂਪ ਵਿਚ ਲਗਦੀਆਂ ਹਨ ਕਿ ਹੇ ਪ੍ਰਭੂ ! ਤੇਰੇ ਦਰ ਦੇ ਸੱਚੇ ਗੁਰਮੁਖਾਂ ਨੂੰ ਜਗਤ ਵਿਚ ਹੋਰ ਕੋਈ ਆਸਰਾ ਨਹੀਂ, ਓਹ ਜਗਤ ਵਿਚ ਰਹਿੰਦੇ ਹੋਏ ਕੇਵਲ ਤੇਰੇ ਦਰ ਦੀਵਾਨ ਦੇ ਆਸਰੇ ਅਪਣਾ ਜੀਵਨ ਗੁਜ਼ਾਰਦੇ ਹਨ; ਧ੍ਵਨੀ ਹੈ ਕਿ ਉਹਨਾਂ ਦੀ ਸਦਾ ਸਹਾਇਤਾ ਕਰ।

ਨਿਰੁਕ੍ਤ—ਗੁਰਮੁਖਿ—[ਦੇਖੋ ਪੰਨਾ ੧੯੦੫] ਜੋ ਨਾਮ, ਬਾਣੀ, ਬੇਨਤੀ, ਸ਼ੁਕਰ ਸੁੱਚਾ ਜੀਵਨ ਬਸਰ ਕਰਦਾ ਸਾਂਈਂ ਦਰ ਪਰਵਾਨ ਹੋ ਗਿਆ ਹੈ, ਸਾਰਾ ਸ਼ਬਦ ਗੁਰਮੁਖਾਂ ਦੇ ਲੱਛਣਾਂ ਦਾ ਹੈ।

ਸਿਰਿ—[ਸੰਸ:, ਸ੍ਰਿਖਿ:] ਸ੍ਰਿਸ਼ਟੀ ਪਦ ਦਾ ਸੰਖੇਪ। ਸ੍ਰਿਸ਼ਟੀ।

ਅਰਜੁ—[ਅ:, ਅਰਜ਼] ਬਿਨੈ।

ਦੀਬਾਣੁ—[ਅ:, ਦੈਵਾਨ। ਫਾ:, ਦੀਵਾਨ] ਦੀਵਾਨ (ਦਰਬਾਰਾਂ) ਵਾਲਾ। ਦੀਵਾਨ ਵਡੇ ਅਹੁਦੇਦਾਰ ਨੂੰ ਕਹਿੰਦੇ ਹਨ, ਪਰ ਏਥੇ ਦਰਬਾਰ ਦੇ ਮਾਲਕ ਤੋਂ ਮੁਰਾਦ ਹੈ ਵਾਹਿਗੁਰੂ। (ਅ) ਭਾਵ ਆਸਰਾ ਪਰਨਾ ਲੈਂਦੇ ਹਨ।

ਨੀਸਾਣੁ—[ਫਾ:, ਨਿਸ਼ਾਨ=ਚਿੰਨ੍ਹ] ਨਿਸ਼ਾਨੀ, ਜਿਸ ਨਾਲ ਪਛਾਣ ਹੋਕੇ ਰੋਕ ਨਾ ਪਵੇ। ਪਰਵਾਨਾ, ਜਿਵੇਂ ਅਜ ਕਲ ਪਾਸਪੋਰਟ ਹੁੰਦਾ ਹੈ।

ਵਿਡਾਣੀ—[ਹੋਰ ਦੇਖੋ ਪੰਨਾ ੧੯੭ 'ਵਿਡਾਣਾ'] ਅਸਚਰਜ ਹੈ ਰੂਪ ਜਿਸ ਦਾ।

ਦਰੁ ਦੀਬਾਣੁ—[ਦੇਖੋ ਪੰਨਾ ੧੮੧੧ 'ਦੀਬਾਣਿ'] ਕਚਹਿਰੀ ਤੇ ਕਚਹਿਰੀ ਦਾ ਮਾਲਕ, ਹੁਕਮ ਦੇਣ ਵਾਲਾ। ਭਾਵ ਹੈ ਮਾਲਕ ਤੇ ਮੁਕਤੀ ਦਾਤਾ ਤੂੰ ਹੀ ਹੈਂ, ਤੂੰ ਹੀ ਸਭੋ ਕੁਛ ਹੈਂ।

[ਆਸਾ ਮਹਲਾ ੧, ਚਉਪਦਾ—੨੨]

ਪ੍ਰਾਕ੍ਥਨ—ਕਿਵੇਂ ਸੰਸਾਰ ਤਰੀਏ ? ਆਪ ਪ੍ਰਸ਼ਨ ਕਰਕੇ ਆਪ ਹੀ ਉੱਤਰ ਦੇਂਦੇ ਹਨ, ਤੇ ਤੁਰੀਆ ਪਦ ਤਕ ਅੱਪੜਨੇ ਦੀ ਪ੍ਰੇਮਾ ਭਗਤੀ ਵਾਲੀ ਜਾਚ ਸਿਖਾਲਦੇ ਹਨ।

ਮੂਲ	ਅਰਥ
ਆਸਾ ਮਹਲਾ ੧ ॥ ਕਾਚੀ ਗਾਗਰਿ ਦੇਹ ਦੁਹੇਲੀ ਉਪਜੈ ਬਿਨਸੈ ਦੁਖੁ ਪਾਈ ॥ ਇਹੁ ਜਗੁ ਸਾਗਰੁ ਦੁਤਰੁ ਕਿਉ ਤਰੀਐ ਬਿਨੁ ਹਰਿ ਗੁਰ ਪਾਰਿ ਨ ਪਾਈ ॥੧॥	(ਮਾਨੁਖ ਦੀ) ਦੇਹਿ ਕੱਚੀ ਗਾਗਰ (ਵਾਂਙੂ ਛਿਨ ਭੰਗਰ ਹੈ ਤੇ ਇਸ ਦੇ ਅੰਦਰਲੀ ਜੀਵਨ ਕਲਾ ਬੀ) ਦੁਖੀ ਰਹਿੰਦੀ ਹੈ, ਅਤੇ ਜੰਮਣ ਮਰਣ (ਦੇ ਗੇੜ ਵਿਚ) ਦੁੱਖ (ਹੀ ਦੁੱਖ) ਪਾਉਂਦੀ ਹੈ। ਇਹ ਸੰਸਾਰ ਕਠਨਤਾ ਨਾਲ ਤਰਿਆ ਜਾਣ ਵਾਲਾ ਸਮੁੰਦਰ ਹੈ (ਇਸ ਕਚੀ ਗਾਗਰ ਵਰਗੀ ਛਿਨ ਭੰਗਰ ਤੇ ਦੁਖਾਂ ਨਾਲ ਵੇਹੜੀ ਦੇਹ ਨਾਲ) ਕੀਕੂੰ ਤਰੀਏ ? (ਉੱਤਰ:) ਹਰੀ ਤੇ ਗੁਰੂ (ਦੀ ਮੇਹਰ) ਬਿਨਾਂ(ਇਸ ਤੋਂ) ਪਾਰ ਨਹੀਂ ਪਿਆ ਜਾਂਦਾ॥੧॥
ਤੁਝ ਬਿਨੁ ਅਵਰੁ ਨ ਕੋਈ ਮੇਰੇ ਪਿਆਰੇ ਤੁਝ ਬਿਨੁ ਅਵਰੁ ਨ ਕੋਇ ਹਰੇ ॥ ਸਰਬੀ ਰੰਗੀ ਰੂਪੀ ਤੂੰਹੈ ਤਿਸੁ ਬਖਸੇ ਜਿਸੁ ਨਦਰਿ ਕਰੇ ॥੧॥ ਰਹਾਉ ॥	ਹੇ ਮੇਰੇ ਪਿਆਰੇ ! (ਪਾਰ ਕਰਨੇ ਵਾਲਾ)ਤੇਰੇ ਬਿਨਾ ਹੋਰ ਕੋਈ ਨਹੀਂ, (ਹਾਂ) ਹੇ ਹਰੇ ! ਤੇਰੇ ਬਿਨਾ ਹੋਰ ਕੋਈ ਨਹੀਂ ਹੈ। ਸਾਰਿਆਂ ਰੰਗਾਂ ਵਿਚ (ਸਾਰਿਆ) ਰੂਪਾਂ ਵਿਚ ਤੂੰ ਹੀ ਹੈਂ, ਜਿਸ ਉਤੇ ਤੂੰ ਮੇਹਰ ਦੀ ਦ੍ਰਿਸ਼ਟੀ ਪਾਉਂਦਾ ਹੈਂ ਉਸ ਨੂੰ ਬਖਸ਼ ਲੈਂਦਾ ਹੈਂ॥੧॥ਰਹਾਉ॥
ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ ॥ ਸਖੀ ਸਾਜਨੀ ਕੇ ਹਉ ਚਰਨ ਸਰੇਵਉ ਹਰਿ ਗੁਰ ਕਿਰਪਾ ਤੇ ਨਦਰਿ ਧਰੀ॥੨॥	ਸੱਸ ਭੈੜੀ ਹੈ ਜੋ ਘਰ ਵਿਚ ਵੱਸਣ ਨਹੀਂ ਦੇਂਦੀ, ਭੈੜੀ ਪਤੀ ਨਾਲ ਮਿਲਣ ਨਹੀਂ ਦੇਂਦੀ; (ਇਸ ਲਈ) ਮੈਂ (ਸੱਚੀ) ਸੱਜਣੀ (ਗੁਰੂ ਰੂਪ) ਸਹੇਲੀ ਦੇ ਚਰਨ ਸੇਂਵਦੀ ਹਾਂ (ਜਿਸ) ਗੁਰੂ ਦੀ ਕਿਰਪਾ ਕਰਕੇ ਹਰੀ (ਰੂਪ ਮੇਰੇ ਪਤੀ ਨੇ ਮੇਰੇ ਤੇ) ਕਿਰਪਾ ਦ੍ਰਿਸਟੀ ਕੀਤੀ ਹੈ॥੨॥
ਆਪੁ ਬੀਚਾਰਿ ਮਾਰਿ ਮਨੁ ਦੇਖਿਆ ਤੁਮ ਸਾ ਮੀਤੁ ਨ ਅਵਰੁ ਕੋਈ ॥ ਜਿਉ ਤੂੰ ਰਾਖਹਿ ਤਿਵ ਹੀ ਰਹਣਾ ਦੁਖੁ ਸੁਖੁ ਦੇਵਹਿ ਕਰਹਿ ਸੋਈ ॥੩॥	(ਹੇ ਮੇਰੇ ਪਿਆਰੇ ਹਰੀ ! ਮੈਂ ਆਪਣੇ) ਮਨ ਨੂੰ ਆਪ ਵੱਸ ਕਰਕੇ ਜਦ ਵੀਚਾਰ ਕੇ ਦੇਖਿਆ (ਤਾਂ ਕੀਹ ਡਿੱਠਾ ਕਿ) ਤੇਰੇ ਵਰਗਾ ਮਿਤ੍ਰ ਹੋਰ ਕੋਈ ਨਹੀ ਹੈ। (ਸੋ ਹੁਣ ਮੈਂ) ਜਿਵੇਂ ਤੂੰ ਰੱਖੇਂ ਓਵੇਂ ਹੀ ਰਹਿਣਾ (ਸਿਖ ਲਿਆ ਹੈ, ਤੂੰ) ਸੁਖ ਦੇਵੇ (ਚਾਹੇ) ਦੁਖ (ਜੋ ਤੂੰ) ਕਰੇ ਉਸੇ (ਵਿਚ ਰਹਿਣਾ ਠੀਕ ਹੈ)॥੩॥
ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ ॥ ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ ॥੪॥	(ਹਾਂ ਸਮਝ ਪੈ ਗਈ ਕਿ) ਆਸਾ ਤੇ ਇਛਜ ਦੋਵੇਂ ਨਾਸ਼ ਕਰਦੀਆਂ ਹਨ (ਜੀਵ ਦਾ ਇਸ ਕਰਕੇ ਮੈਂ) ਤ੍ਰਿਗੁਣਾਂ (=ਮਾਯਾ) ਵਾਲੀ ਆਸ਼ਾ ਤੋਂ ਨਿਰਾਸ ਹੋ ਗਈ ਹਾਂ। (ਫਿਰ ਸਮਝ ਪੈ ਗਈ ਕਿ) ਚੌਥੀ ਅਵਸਥਾ (ਸਹਜ ਪਦ) ਗੁਰੂ ਦੁਆਰੇ ਪਾਈਦਾ ਹੈ (ਇਸ ਕਰਕੇ ਮੈਂ) ਸੰਤ ਸਭਾ ਦੀ ਓਟ ਲੈ ਲਈ॥੪॥
ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਰਿ ਹਿਰਦੈ ਅਲਖ ਅਭੇਵਾ॥	(ਸਿੱਟੇ ਦੀ ਗੱਲ ਇਹ ਹੈ ਕਿ) ਜਿਸ ਦੇ ਹਿਰਦੇ ਵਿਚ ਅਲਖ ਤੇ ਅਭੇਵ ਹਰੀ (ਆ ਵਸਿਆ ਉਸ ਨੇ) ਸਾਰੇ ਜਪਾਂ ਤੇ ਤਪਾਂ

ਨਾਨਕ ਰਾਮ ਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥੫॥੨੨॥	ਤੇ ਸਾਰੇ ਗਿਆਨਾਂ ਧਿਆਨਾਂ (ਦੇ ਫਲ ਪਾ ਲਏ ਹਨ)। ਹੇ ਨਾਨਕ! (ਜਿਸ ਦਾ) ਮਨ (ਗੁਰੂ ਦੀ ਮਤਿ ਦੁਆਰਾ ਰਾਮ ਦੇ ਨਾਮ ਵਿਚ ਰੰਗਿਆ ਗਿਆ ਹੈ (ਉਹ) ਸਹਜ ਸੇਵਾ ਪ੍ਰਾਪਤ ਕਰ ਲੈਂਦਾ ਹੈ (ਭਾਵ ਹਿਰਦੇ ਵਿਚ ਹਰੀ ਲੱਖਤਾ-ਤੁਰੀਆ ਅਵਸਥਾ ਪਾ ਲੈਂਦਾ ਹੈ)॥੫॥੨੨॥

ਨਿਰੁਕ੍ਤ—**ਕਾਚੀ**—ਕੱਚੀ। ਕੱਚੀ ਮਿੱਟੀ ਦੀ ਬਣੀ ਹੋਈ ਜੋ ਆਵੇ ਵਿਚ ਪਕਾਈ ਨਹੀਂ ਗਈ ਹੈ ਛਿਨ ਭੰਗਰ। ਛੇਤੀ ਨਾਸ਼ ਹੋ ਜਾਣ ਵਾਲੀ।

ਗਾਗਰਿ—[ਸੰਸ:, ਗਰ੍ਗਰੀ] ਗੜਵੇ ਦੀ ਸ਼ਕਲ ਦਾ ਬਰਤਨ ਪਰ ਜਿਸ ਨੂੰ ਪੇਟੀ ਹੁੰਦੀ ਹੈ, ਧਾਂਤ ਦੀ ਬੀ ਗਾਗਰ ਹੁੰਦੀ ਹੈ ਤੇ ਮਿੱਟੀ ਦੀ ਬੀ।

ਦੁਹੇਲੀ—[ਸੰਸ:, ਹੇਲਾ=ਸੁਖ: ਚੈਨ। ਦੁਰ੍+ਹੇਲਾ=ਜਿਥੇ ਸੁਖ ਨਹੀਂ, ਸੁਖ ਹੀਨ] ਦੁਖੀ।

ਦੁਤੁਰ—ਜੋ ਤਰਨਾ ਔਖਾ ਹੋਵੇ।

ਸਰਬੀ ਰੰਗੀ ਰੂਪੀ—ਸਾਰਿਆਂ ਅਕਾਰਾਂ ਵਿਚ ਤੇ ਸਾਰਿਆਂ ਰੰਗਾਂ ਵਿਚ। ਆਕਾਰ ਹਨ ਸਰੂਪ ਰੰਗ ਹਨ: ਚਿੱਟਾ ਕਾਲਾ, ਨੀਲਾ, ਪੀਲਾ ਆਦਿ। ਭਾਵ ਹੈ ਸਾਰੀ ਰਚਨਾ ਵਿਚ।

ਸਾਸੁ—[ਸੰਸ:, ਸ਼੍ਵਸ਼੍ਰੂ:=ਸੱਸ] ਗਭਰੂ ਯਾ ਵਹੁਟੀ ਦੀ ਮਾਂ। ਏਥੇ ਗੱਭਰੂ ਦੀ ਮਾਂ ਹੈ। ਭਾਵ ਅਵਿਦਜਾ ਯਾ ਮਾਇਆ ਤੋਂ ਲੈਂਦੇ ਹਨ। ਗੱਭਰੂ ਏਥੇ ਪਰਮਾਤਮਾ ਹੈ, ਅਵਿਦਜਾ ਉਸ ਦੀ ਮਾਂ ਕਦੇ ਨਹੀਂ ਹੋਈ; ਇਸ ਸ਼ੰਕਾ ਦਾ ਇਹ ਉੱਤਰ ਹੈ ਕਿ ਮਾਇਆਧਾਰੀ ਜੀਵਾਂ ਨੇ ਅਪਣੇ ਵਰਤਾਉ ਵਿਚ ਮਾਇਆ ਯਾ ਭਗਵੰਤ ਵਲੋਂ ਅਵਿਦਜਾ ਨੂੰ ਮੁੱਖਤਾ ਦਿੱਤੀ ਹੋਈ ਹੈ ਤੇ ਪਰਮਾਤਮਾ ਨੂੰ ਗੌਣ ਕੀਤਾ ਹੋਇਆ ਹੈ, ਇਸ ਕਰਕੇ ਮੇਹਣੇ ਨਾਲ ਮਾਇਆ ਨੂੰ ਸਾਸ ਕਹਿ ਰਹੇ ਹਨ ਕਿ ਜੋ ਸ਼ੈ ਗੌਣ ਸੀ ਉਸ ਨੂੰ ਤੁਸਾਂ ਮੁੱਖ ਕੀਤਾ ਹੋਇਆ ਹੈ, ਉਹੋ ਤੁਹਾਡੀ ਮੁੱਖ ਕੀਤੀ ਹੋਈ ਵਸਤੂ ਪਤੀ ਪਰਮੇਸ਼ੁਰ ਨਾਲ ਮਿਲਣ ਨਹੀਂ ਦੇਂਦੀ, ਮਾਨੋਂ ਭੈੜੀ ਸੱਸ ਵਾਂਙੂ ਸਲੂਕ ਕਰ ਰਹੀ ਹੈ। ਭੈੜੀਆਂ ਸੱਸਾਂ ਨੂੰਹਾਂ ਨੂੰ ਪਤੀ ਮੇਲ ਤੋਂ ਵਾਂਜ ਕੇ ਖੁਸ਼ ਹੁੰਦੀਆਂ ਹਨ। ਬੁਰੀ ਪਦ ਸੱਸ ਦਾ ਵਿਸ਼ੇਸ਼ਣ ਹੈ: ਸਾਸ ਬੁਰੀ=ਬੁਰੀ ਸੱਸ।

ਸਖੀ ਸਾਜਨੀ—ਉਹ ਸਖੀ ਜੋ ਸਚ ਮੁਚ ਦੀ ਸਜਨਾਈ ਕਰਨੇ ਵਾਲੀ ਹੈ। ਭਾਵ ਗੁਰੂ ਤੋਂ ਹੈ। ਅਗਲੀ ਅੱਧੀ ਤੁਕ ਵਿਚ ਆਪ ਦੱਸ ਦਿਤਾ ਹੈ 'ਗੁਰ ਕਿਰਪਾ ਤੇ ਨਦਰਿ ਧਰੀ'। 'ਹਰਿ' ਪਦ ਕਰਤਾ ਕਾਰਕ ਵਿਚ ਹੈ। ਹਰੀ ਨੇ ਗੁਰੂ ਕਿਰਪਾ ਦੁਆਰਾ।

ਮਾਰਿ ਮਨੁ—ਮਨ ਮਾਰਿ-ਮਨ ਨੂੰ ਮਾਰਕੇ ਭਾਵ ਮਨ ਵੱਸ ਕਰਕੇ ਵੀਚਾਰ ਕੀਤੀ ਤਾਂ ਉਹ ਵੀਚਾਰ ਸੱਚ ਤੇ ਲੈ ਗਈ, ਅਸਲੀਅਤ ਸਮਝੇ ਪੈ ਗਈ।

ਕਰਹਿ ਸੋਈ—'ਜੋ' ਇਸ ਦੇ ਅੱਗੇ ਲੁਪਤੀ ਹੈ=(ਜੋ ਤੂੰ) ਕਰਦਾ ਹੈਂ ਉਹ। (ਹੁੰਦਾ ਹੈ ਤੇ ਉਸ ਵਿਚ ਰਹਿਣਾ ਠੀਕ ਹੈ)। **ਆਸਾ**—[ਸੰਸ:, ਆਸ਼ਾ=ਇਛਾ, ਚਾਹਨਾ, ਉਮੀਦ] ਉਮੈਦਾਂ।

ਮਨਸਾ—[ਸੰਸ:, ਮਨੀਖ਼ਾ=ਕਾਮਨਾ, ਅਭਿਲਾਖਾ] ਮਨ ਵਿਚ ਉਪਜੀਆਂ ਇੱਛਿਆਂ। ਵਾਸ਼ਨਾ। **ਬਿਨਾਸਤ**—ਵਿਨਾਸ਼ ਕਰਨ ਵਾਲੀਆਂ ਹਨ।

ਤ੍ਰਿਹੁ ਗੁਣ ਆਸ—ਤਿੰਨਾਂ ਗੁਣਾਂ ਵਾਲੀ ਆਸਾ। ਮਾਯਕ ਆਸਾ।

ਤੁਰੀਆਵਸਥਾ—[ਸੰਸ:, ਤੁਰੀਯਾ—ਚੌਥੀ+ਅਵਸ੍ਥਾ] ਤਿੰਨਾਂ ਗੁਣਾਂ ਤੋਂ ਉਪ੍ਰਲੀ ਚੌਥੀ ਅਵਸਥਾ। ਜਾਗ੍ਰਤ ਸੁਪਨ ਸੁਖੋਪਤ ਤਿੰਨਾਂ ਤੋਂ ਉਪਰਲੀ ਚੌਥੀ ਅਵਸਥਾ, ਸਹਜ ਅਵਸਥਾ, ਪਰਮਪਦ, ਸਫਲ ਗਜਾਨ ਅਵਸਥਾ। **ਅਲਖ**—[ਸੰਸ:, ਅਲਕ੍ਖ਼] ਜੋ ਲਖਿਆ ਨਾ ਜਾਵੇ।

ਅਭੇਵਾ—[ਸੰਸ:, ਅਭੇਦਜ] ਜਿਸ ਦਾ ਭੇਦਨ ਨਾ ਹੋ ਸਕੇ।

ਸਹਜ ਸੇਵਾ—ਉਹ ਸੇਵਾ ਜੋ ਸਹਜ ਵਿਚ ਆਪੇ ਹੁੰਦੀ ਹੈ। ਭਾਵ ਹੈ ਸਹਜ ਅਵਸਥਾ। ਏਥੇ ਲੁਪਤੀ ਹੈ:—ਪ੍ਰਾਪਤ ਹੁੰਦੀ ਹੈ।

[ਆਸਾ ਮਹਲਾ ੧, ਚਉਪਦਾ—੨੩]

ਪ੍ਰਾਕ੍ਥਨ—ਇਸ ਸ਼ਬਦ ਵਿਚ ਮੋਹ ਤੋਂ ਛੁੱਟਣੇ ਦਾ ਉਪਦੇਸ਼ ਹੈ। ਪਿਛਲੇ ਵਿਚ ਮਾਇਆ ਯਾ ਅਵਿਦਯਾ ਨੂੰ 'ਸਾਸ' ਕਹਿ ਕੇ ਉਸ ਤੋਂ ਛੁਟਣ ਦੀ ਵਿਧੀ ਦੱਸੀ ਸੀ।

ਮੂਲ	ਅਰਥ
ਆਸਾ ਮਹਲਾ ੧ ਪੰਚਪਦੇ ॥ **ਮੋਹੁ ਕੁਟੰਬੁ ਮੋਹੁ ਸਭ ਕਾਰ ॥ ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥**	ਕੁਟੰਬ (ਦੀ ਪਕੜ) ਮੋਹ ਹੈ, ਸਾਰਾ ਧੰਦਾ ਹੀ ਮੋਹ ਹੈ, ਤੁਸੀ ਮੋਹ ਦਾ ਤਿਆਗ ਕਰੋ; (ਕਿਉਂਕਿ) ਸਾਰੇ ਵਿਗਾੜ (ਮੋਹ ਤੋ ਹੁੰਦੇ) ਹਨ॥੧॥
ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥ ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥	ਹਾਂ, ਹੇ ਭਾਈ ! ਮੋਹ ਤੇ (ਉਸ ਤੋਂ ਉਪਜਣ ਵਾਲਾ) ਭਰਮ ਤੁਸੀ ਛੱਡ ਦਿਓ (ਫੇਰ) ਸੱਚਾ ਨਾਮ (ਤੁਹਾਡੇ) ਸਰੀਰਾਂ ਤੇ ਹਿਰਦਿਆਂ ਵਿਚ ਕ੍ਰੀੜਾ ਕਰੇਗਾ (ਭਾਵ ਮਨ ਤਨ ਵਿਚ ਨਾਮ ਦਾ ਨਿਵਾਸ ਹੋ ਕੇ ਰਸਮਯ ਹਾਲਤ ਰਹੇਗੀ)॥੧॥ ਰਹਾਉ॥
ਸਚੁ ਨਾਮੁ ਜਾ ਨਵ ਨਿਧਿ ਪਾਈ ॥ ਰੋਵੈ ਪੂਤੁ ਨ ਕਲਪੈ ਮਾਈ ॥੨॥	ਸੱਚਾ ਨਾਮ ਨੌ ਨਿਧਾਂ ਹੈ, ਜਦ (ਤੁਸੀ ਏਹ ਨਿਧੀ) ਪਾ ਲਈ (ਤਦ) ਨਾ ਪੁੱਤਰ ਰੋਏ (ਮਾਂ ਨੂੰ) ਨਾ ਮਾਂ ਕਲਪੇਗੀ (ਪੁਤ੍ਰ ਵਿਯੋਗ ਤੇ)॥੨॥
ਏਤੁ ਮੋਹਿ ਡੂਬਾ ਸੰਸਾਰੁ ॥ ਗੁਰਮੁਖਿ ਕੋਈ ਉਤਰੈ ਪਾਰ ॥੩॥	(ਸਾਰਾ) ਸੰਸਾਰ ਇਸੇ ਮੋਹ ਦੇ ਕਾਰਣ (ਭਵ ਸਾਗਰ ਵਿਚ) ਡੁਬ ਰਿਹਾ ਹੈ, ਕੋਈ (ਵਿਰਲਾ ਜੋ) ਗੁਰਮੁਖ ਹੋ ਜਾਏ (ਉਹ) ਪਾਰ ਉਤਰਦਾ ਹੈ॥੩॥
ਏਤੁ ਮੋਹਿ ਫਿਰਿ ਜੂਨੀ ਪਾਹਿ ॥ ਮੋਹੇ ਲਾਗਾ ਜਮ ਪੁਰਿ ਜਾਹਿ ॥੪॥	ਏਸੇ ਮੋਹ ਕਰਕੇ (ਫੇਰ ਮਰਕੇ) ਫੇਰ ਜੂਨੀ ਵਿਚ ਪੈਂਦਾ ਹੈ, ਮੋਹ ਵਿਚ ਲੱਗਾ ਹੋਇਆ ਜਮ ਪੁਰੀ ਨੂੰ ਜਾਂਦਾ ਹੈ॥੪॥
ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥	ਗੁਰ ਦੀਖਿਆ ਲੈ ਕੇ ਜਪ ਤਪ ਕਮਾਉਂਦਾ ਹੈ (ਪਰ) ਮੋਹ ਟੁਟਦਾ ਨਹੀਂ (ਤੇ ਘਾਲ) ਥਾਂ ਪੈਂਦੀ ਨਹੀਂ॥੫॥
ਨਦਰਿ ਕਰੇ ਤਾ ਏਹੁ ਮੋਹੁ ਜਾਇ ॥ ਨਾਨਕ ਹਰਿ ਸਿਉ ਰਹੈ ਸਮਾਇ ॥੬॥੨੩॥	(ਪਰ ਜੇ ਪ੍ਰਭੂ) ਕ੍ਰਿਪਾ ਦ੍ਰਿਸ਼ਟੀ ਕਰੇ ਤਦ ਇਹ ਮੋਹ ਦੂਰ ਹੁੰਦਾ ਹੈ, (ਤਦੋਂ) ਹੇ ਨਾਨਕ (ਜੀਵ) ਹਰੀ ਵਿਚ ਸਮਾਇ ਜਾਂਦਾ ਹੈ॥੬॥੨੩॥

ਵ੍ਯਾਖ੍ਯਾ— ਇਸ ਸ਼ਬਦ ਵਿਚ ਮੋਹ ਦਾ ਵਿਸ਼ਯ ਲਿਆ ਹੈ। ਮੋਹ ਪਦ ਸੰਸਕ੍ਰਿਤ ਦਾ ਹੈ, ਜੋ 'ਮੁਹ੍' ਧਾਤੂ ਤੋਂ ਬਣਦਾ ਹੈ, ਜਿਸਦਾ ਅਰਥ ਹੈ ਮੂਰਛਾ, ਮੂਰਖ ਹੋਣਾ, ਅਗਯਾਨ, ਭ੍ਰਮ, ਹੋਰ ਦਾ ਹੋਰ ਸਮਝਣਾ ਆਦਿ। ਮੋਹ ਦਾ ਆਮ ਅਰਥ ਪਿਆਰ ਹੈ, ਪਰ ਦਾਰਸ਼ਨਿਕ ਤੇ ਪਰਮਾਰਥਿਕ ਪਹਿਲੂ ਵਿਚ ਇਸ ਦਾ ਭਾਵ ਹੈ:—ਚਿਤ ਦੀ ਉਹ ਬ੍ਰਿਤੀ ਜੋ ਪਦਾਰਥਾਂ ਤੇ ਵ੍ਯਕਤੀਆਂ ਤੇ ਭੋਗਾਂ ਨੂੰ ਸਤ੍ਯ ਮੰਨ ਕੇ ਉਨ੍ਹਾਂ ਵਿਚ ਪ੍ਰਵਿਰਤ ਹੁੰਦੀ ਹੈ ਤੇ ਵੈਰਾਗ ਵਿਵੇਕ ਤੋਂ ਦੂਰ ਰਖਦੀ ਹੈ।

ਅੰਕ ੧— ਇਸ ਮੋਹ ਦਾ ਤਯਾਗ ਕਰਨਾ ਸਿਖਾਇਆ ਹੈ ਕਿ ਸਾਰੇ ਵਿਗਾੜ ਇਸ ਤੋਂ ਉਪਜਦੇ ਹਨ। ਮੋਹ ਵਿਚ ਭ੍ਰਮ ਸ਼ਾਮਲ ਹੁੰਦਾ ਹੈ, ਯਾ ਭ੍ਰਮ ਇਸ ਦਾ ਕਾਰਣ ਹੁੰਦਾ ਹੈ ਯਾ ਮੋਹ ਦੇ ਕਾਰਣ ਭ੍ਰਮ ਉਪਜਦਾ ਹੈ, ਇਸ ਕਰਕੇ ਰਹਾਉ ਵਿਚ ਮੋਹ ਅਰ ਭਰਮ ਦੋ ਕਰਕੇ ਦੱਸੇ ਹਨ ਤੇ ਫੁਰਮਾਯਾ ਹੈ ਤੁਸੀ ਦੋਹਾਂ ਨੂੰ ਤਯਾਗੋ। ਮੋਹ ਤੋਂ ਭਰਮ ਉਪਜਦਾ ਹੈ, ਤੁਲਸੀ ਜੀ ਲਿਖਦੇ ਹਨ:—

ਤੁਲਸੀ ਦਾਸ ਪ੍ਰਭੁ 'ਮੋਹ-ਜਨਿਤ ਭ੍ਰਮ' 'ਭੇਦ ਬੁਧਿ', ਕਬ ਬਿਸਰਾਵਹਿਗੋ ?

'ਮੋਹ ਅਰ ਭਰਮ' ਆਖ ਕੇ ਦੋਹਾਂ ਵਿਕਾਰਾਂ ਤੋਂ ਚਿੱਤ ਨੂੰ ਸ਼ੁੱਧ ਕਰਨ ਦਾ ਉਪਾਉ ਤੇ ਫਲ ਦੱਸਿਆ। ਸੱਚ ਨਾਮ ਦਾ ਅਭਯਾਸ ਮੋਹ ਭ੍ਰਮ ਨੂੰ ਦੂਰ ਕਰਦਾ ਹੈ (ਰਵੈ=ਉਚਾਰਣ ਕਰੇ)। ਮੋਹ ਭ੍ਰਮ ਤੋਂ ਦੂਰ ਹੋਏ ਮਨ ਵਿਚ ਸੱਚਾ ਨਾਮ ਰਵੈ=ਰਮੈ=ਕ੍ਰੀੜਾ ਕਰਦਾ ਹੈ। ਭਾਵ ਰਸਦਾਯਕ ਹੋ ਕੇ ਵਰਤਦਾ ਹੈ।

ਅੰਕ ੨ ਵਿਚ ਫੁਰਮਾਯਾ ਹੈ ਕਿ ਸੱਚ ਨਾਮ ਦੀ ਨੌ ਨਿਧੀ ਪਾ ਲਈ, ਭਾਵ ਹਿਰਦੇ ਵਿਚ ਕਾਯਮ ਹੋ ਗਿਆ ਤਾਂ ਸ਼ੋਕ ਦੂਰ ਹੋ ਜਾਂਦਾ ਹੈ। ਸ਼ੋਕ ਦਾ ਵੱਡਾ ਨਮੂਨਾ ਮਾਂ ਪੁਤ ਦੇ ਵਿਛੋੜੇ ਦਾ ਲੈ ਲਿਆ। ਪੁੱਤ ਨਹੀਂ ਰੋਂਦਾ ਮਾਂ ਨੂੰ ਤੇ ਮਾਂ ਨਹੀ ਪਿੱਟਦੀ ਪੁਤ ਵਿਛੋੜੇ ਤੇ।

ਪਰ ਦਾਨੇ ਲੋਕ 'ਰੋਵੈ ਪੂਤੁ ਨ ਕਲਪੈ ਮਾਈ' ਨੂੰ ਅੰਤ੍ਰੀਵ ਭਾਵਾਂ ਤੇ ਬੀ ਘਟਾਉਂਦੇ ਹਨ। ਯਥਾ-

(ਅ) ਬੁਧੀ ਰੂਪੀ ਮਾਈ ਤੇ ਮਨ ਰੂਪੀ ਪੁਤ੍ਰ ਦੁਇ ਨਹੀ ਰੋਂਦੇ ਕਲਪਦੇ।

(ੲ) ਪੁਤ੍ਰ (ਮਨ) ਫੇਰ ਰੋਂਦਾ ਨਹੀਂ, ਮਾਈ (=ਮਾਇਕ ਪਦਾਰਥ) ਨੂੰ ਕਲਪੇ ਹੋਏ ਮਿਥ੍ਯਾ ਜਾਣਦਾ ਹੈ। ਪ੍ਰੰਤੂ ਸਪਸ਼ਟ ਭਾਵ ਦਿੱਸਦਾ ਹੈ ਕਿ ਸ਼ੋਕ ਨਿਵਿਰਤ ਹੋ ਜਾਂਦਾ ਹੈ, ਇਹ ਭਾਵ ਜ਼ਰੂਰ ਹੈ।

ਅੰਕ ੩ ਵਿਚ ਦੱਸਿਆ ਕਿ ਇਹ ਮੋਹ ਨਾਲ ਭਵ ਸਾਗਰ ਵਿਚ ਡੁੱਬੀਦਾ ਹੈ ਤੇ ਉਪਰਾਲਾ ਹੈ ਗੁਰਮੁਖ ਹੋ ਜਾਣਾ।

ਅੰਕ ੪ ਵਿਚ ਮੋਹ ਵਿਚ ਡੁੱਬਣ ਦਾ ਰੂਪ ਦੱਸਿਆ ਹੈ ਮੋਹ ਗ੍ਰਸਿਆ ਜੀਵ ਮਰਕੇ ਜਮਪੁਰੀ ਨੂੰ ਜਾਂਦਾ ਹੈ ਤੇ ਫੇਰ ਜੂਨਾਂ ਭੋਗਦਾ ਹੈ।

ਅੰਕ ੫ ਵਿਚ ਮੋਹ ਫਾਥੇ ਪਰ ਜਪ ਤਪ ਕਰਨ ਵਾਲਿਆਂ ਦਾ ਅੰਤ ਦੱਸਿਆ ਹੈ ਕਿ ਮੋਹ ਨਹੀ ਟੁੱਟਦਾ ਤੇ ਜਪ ਤਪ ਸਫਲ ਨਹੀਂ ਹੁੰਦੇ, ਪਰ ਸੰਪ੍ਰਦਾ ਵਿਚ ਅੰਨਵਯ ਐਉਂ ਬੀ ਕਰਦੇ ਆਏ ਹਨ:-

ਗੁਰ ਦੀਖਿਆ ਲੇ ਜਪੁ ਤਪੁ ਕਮਾਹਿ॥ ਨਾ ਮੋਹੁ ਤੂਟੈ ਨਾ ਥਾਇ ਪਾਹਿ॥

ਵਿਚਲੇ 'ਨਾ' ਨੂੰ ਦੇਹੁਰੀ ਦੀਪਕ ਲੈਂਦੇ ਹਨ। ਇਸ ਵਾਕ ਨੂੰ ਪ੍ਰਸ਼ਨ ਵਾਚੀ ਲੈ ਕੇ ਐਉਂ ਬੀ ਯਤਨ ਹੁੰਦਾ ਹੈ:-

ਕਿਆ ਜੋ ਗੁਰ ਦੀਖਿਆ ਲੈ ਕੇ ਜਪ ਤਪ ਕਮਾਉਂਦੇ ਹਨ ਉਨ੍ਹਾਂ ਦਾ ਮੋਹ ਨਹੀ ਟੁੱਟਦਾ ਤੇ ਕੀਹ ਉਨ੍ਹਾਂ ਦੀ ਘਾਲ ਥਾਂ ਨਹੀ ਪੈਂਦੀ ? ਭਾਵ ਹੈ ਕਿ ਮੋਹ ਟੁੱਟਦਾ ਹੈ ਘਾਲ ਥਾਂ ਪੈਂਦੀ ਹੈ।

ਸਾਰੇ ਯਤਨਾਂ ਵਿਚ ਇਹ ਗੱਲ ਰਹਿ ਹੀ ਜਾਂਦੀ ਹੈ ਕਿ ਇਸ ਅੰਕ ਵਿਚ ਬੀ ਮੋਹ ਦੇ ਤਯਾਗਣ ਦਾ ਹੀ ਉਪਦੇਸ਼ ਹੈ।

ਅੰਕ ੬— ਅੰਤਲੇ ਪਦੇ ਵਿਚ ਸਿੱਟਾ ਇਹ ਦੱਸਿਆ ਹੈ ਕਿ ਸਭ ਗੱਲਾਂ ਦਾ ਮੂਲ ਹਰੀ ਦੀ ਕ੍ਰਿਪਾ ਦ੍ਰਿਸ਼ਟੀ ਹੈ। ਪਰ ਏਥੇ ਬੀ ਇਹੋ ਗੱਲ ਦੱਸੀ ਕਿ ਮੋਹ ਤੁਟਣੇ ਤੇ ਹੀ ਹਰੀ ਵਿਚ ਸਮਾਈ ਹੁੰਦੀ ਹੈ।

ਸਾਰੇ ਸ਼ਬਦ ਵਿਚ ਧੁਨਯਾਤਮਕ ਭਾਵ ਇਹ ਹੈ ਕਿ ਸਰਬ ਅਨਾਤਮਾ ਨਾਲ ਅੰਦਰੋਂ ਮੋਹ ਛੋੜ ਤੇ ਹਰੀ ਨਾਲ ਪ੍ਰੇਮ ਕਰੋ। ਇਹ ਮਾਰਗ ਹੈ, ਸ੍ਰੀ ਗੁਰੂ ਜੀ ਨੇ ਫੁਰਮਾਯਾ ਹੈ:-

---

*ਕਾਵ੍ਯ ਵਿਚ ਮੋਹ ੩੩ ਸੰਚਾਰੀ ਭਾਵਾਂ ਵਿਚ ਗਿਣਿਆ ਹੈ। ਚਿਤ ਦੀ ਵ੍ਯਾਕੁਲਤਾਈ ਜੋ ਡਰ, ਦੁਖ, ਘਬਰਾਹਟ, ਚਿੰਤਾ ਆਦਿ ਤੋਂ ਉਪਜਦੀ ਹੈ।

ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ॥

[ਸਿਰੀ ਰਾਗ ਮਹਲਾ ੧, ਪਹਰੇ ੧]

ਜੇ ਅਨਾਤਮਾ ਨਾਲ ਹਿਤ ਕੀਤਾ ਤਾਂ ਅਗਜਾਨ ਵਸ਼ ਰਹੇ ਤੇ ਆਤਮਾ ਤੋਂ ਦੂਰ ਰਹੇ ਤੇ ਕਾਲ ਚੱਕ੍ਰ ਨਾ ਟੁੱਟਾ। ਜੇ ਪਰਮਾਤਮਾ ਨਾਲ ਹਿਤ ਕੀਤਾ ਤਾਂ ਸਰਬ ਅਨਾਤਮਾ ਤੋਂ ਛੁਟਕਾਰਾ ਮਿਲਿਆ ਤੇ ਪਰਮਾਤਮਾ ਵਿਚ ਸਮਾਈ ਹੋ ਗਈ। ਸੋ ਭ੍ਰਮ ਤੋਂ ਨਿਕਲ ਕੇ ਅਨਾਤਮ ਨੂੰ ਨਾਸ਼ਮਾਨ ਤੇ ਦੁਖਦਾਈ ਸਮਝ ਕੇ ਨਾਮ ਸਿਮਰੋ ਤਦ ਨਾਮੀ ਵਿਚ ਸਮਾ ਜਾਓਗੇ। ਜੈਸਾ ਕਿ ਸ੍ਰੀ ਗੁਰੂ ਜੀ ਨੇ ਫੁਰਮਾਇਆ ਹੈ:-

ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥

[ਵਾਰ ਆਸਾ ਮਹਲਾ ੧-੬]

ਨਿਰੁਕ੍ਤ—ਲਗ ਪਗ ਸਾਰੇ ਪਦਾਂ ਦੀ ਵੀਚਾਰ ਵਜਾਖਜਾ ਵਿਚ ਆ ਚੁਕੀ ਹੈ।

[ਆਸਾ ਮਹਲਾ ੧, ਚਉਪਦਾ—੨੪]

ਪ੍ਰਾਕ੍ਕਥਨ—ਅਰਦਾਸ ਕਰਨ ਦੀ ਜਾਚ ਦੱਸਦੇ ਹਨ, ਪਾਪਾਂ ਦੇ ਬਖਸ਼ੇ ਜਾਣ ਦੀ। ਫੇਰ ਗੁਰੂ ਤੇ ਭਗਤੀ ਤੇ ਨਾਮ ਦਾ ਉਪਦੇਸ਼ ਦੇਂਦੇ ਹਨ।

ਮੂਲ	ਅਰਥ
ਆਸਾ ਮਹਲਾ ੧ ॥	
ਆਪਿ ਕਰੇ ਸਚੁ ਅਲਖ ਅਪਾਰੁ ॥ ਹਉ ਪਾਪੀ ਤੂੰ ਬਖਸਣਹਾਰੁ ॥੧॥	ਹੇ ਅਲਖ (ਪ੍ਰਭੂ ! ਤੂੰ ਜੋ) ਸਤਜ ਸਰੂਪ ਹੈਂ ਤੇ ਪਾਰ ਤੋਂ ਰਹਿਤ ਹੈਂ ਸੱਭੋ ਕੁਛ ਤੂੰ) ਆਪ ਕਰਦਾ ਹੈਂ, ਮੈਂ ਪਾਪੀ ਹਾਂ ਤੂੰ ਬਖ਼ਸ਼ਣੇ ਵਾਲਾ ਹੈਂ (ਮੈਨੂੰ ਬਖ਼ਸ਼ ਲੈ)॥੧॥
ਤੇਰਾ ਭਾਣਾ ਸਭੁ ਕਿਛੁ ਹੋਵੈ ॥ ਮਨਹਠਿ ਕੀਚੈ ਅੰਤਿ ਵਿਗੋਵੈ ॥੧॥ ਰਹਾਉ ॥	ਸਭ ਕਿਛ (ਜੋ) ਹੁੰਦਾ ਹੈ ਤੇਰਾ ਭਾਣਾ (ਹੁੰਦਾ ਹੈ, ਭਾਵ ਜੋ ਤੈਨੂੰ ਭਾਵੇ ਸੋ ਹੁੰਦਾ ਹੈ। ਜੋ ਕਰਮ) ਮਨ ਦੇ ਹਠ ਨਾਲ ਕਰੀਦਾ ਹੈ (ਉਹ) ਅੰਤ ਨੂੰ ਖ਼ਰਾਬ ਕਰਦਾ ਹੈ॥੧॥ਰਹਾਉ॥
ਮਨਮੁਖ ਕੀ ਮਤਿ ਕੂੜਿ ਵਿਆਪੀ ॥ ਬਿਨੁ ਹਰਿ ਸਿਮਰਣ ਪਾਪਿ ਸੰਤਾਪੀ॥੨॥	(ਮਨ ਦੇ ਮਗਰ ਲੱਗਣ ਵਾਲੇ) ਮਨਮੁਖ ਦੀ ਮਤਿ ਝੂਠ ਵਿਚ ਪ੍ਰਵਿਰਤ ਹੁੰਦੀ ਹੈ, ਹਰੀ ਸਿਮਰਣ ਤੋਂ ਸੱਖਣੀ ਹੋਣ ਕਰਕੇ ਪਾਪ ਵਿਚ (ਜਾਂਦੀ ਹੈ ਤੇ ਪਾਪ ਕਰਕੇ) ਦੁਖੀ ਹੁੰਦੀ ਹੈ॥੨॥
ਦੁਰਮਤਿ ਤਿਆਗਿ ਲਾਹਾ ਕਿਛੁ ਲੇਵਹੁ॥ ਜੋ ਉਪਜੈ ਸੋ ਅਲਖ ਅਭੇਵਹੁ ॥੩॥	(ਇਸ ਪ੍ਰਕਾਰ ਦੀ) ਖੋਟੀ ਬੁੱਧੀ ਦਾ ਤਿਆਗ ਕਰਕੇ (ਜਨਮ ਦਾ) ਕੁਛ ਲਾਭ ਲਓ। (ਇਸ ਲੱਖਤਾ ਵਿਚ ਆਓ ਕਿ) ਜੋ (ਕੁਛ) ਉਪਜਦਾ ਹੈ (ਭਾਵ ਇਹ ਸੰਸਾਰ) ਉਹ ਅਲਖ ਤੇ ਅਭੇਵ (ਪ੍ਰਭੂ ਤੋਂ) ਉਪਜਦਾ ਹੈ॥੩॥
ਐਸਾ ਹਮਰਾ ਸਖਾ ਸਹਾਈ ॥ ਗੁਰ ਹਰਿ ਮਿਲਿਆ ਭਗਤਿ ਦ੍ਰਿੜਾਈ॥੪॥	(ਇਉਂ ਇਹ ਪ੍ਰਾਪਤੀ ਹੋਈ ਕਿ) ਗੁਰੂ (ਮਿਲ ਪਿਆ ਓਹ) ਸਾਡਾ ਐਸਾ ਮਿਤ੍ਰ ਤੇ ਸਹਾਯਕ ਹੋ ਗਿਆ (ਕਿ ਉਸ ਨੇ) ਭਗਤੀ ਦ੍ਰਿੜ ਕਰਾ ਦਿੱਤੀ (ਤੇ ਭਗਤੀ ਨਾਲ ਹਰੀ ਮਿਲ ਪਿਆ॥੪॥
ਸਗਲੰੀ ਸਉਦੀ ਤੋਟਾ ਆਵੈ ॥ ਨਾਨਕ ਰਾਮ ਨਾਮੁ ਮਨਿ ਭਾਵੈ ॥੫॥੨੪॥	(ਹੋਰ) ਸਾਰੇ ਵਿਹਾਰਾਂ ਵਿਚ ਘਾਟਾ ਪੱਲੇ ਪੈਂਦਾ ਹੈ, (ਇਸ ਕਰਕੇ) ਹੇ ਨਾਨਕ ! (ਮੈਨੂੰ) ਰਾਮ ਦਾ ਨਾਮ ਮਨ ਵਿਚ ਭਾਉਂਦਾ ਹੈ। (ਕਿਉਂਕਿ ਇਸ ਵਿਚ ਲਾਹਾ ਹੀ ਪੱਲੇ ਪੈਂਦਾ ਹੈ)॥੫॥੨੪॥

ਵਜਾਖਜਾ— ਅੰਕ ੨— ਵਾਹਿਗੁਰੂ ਨੂੰ ਸਰਬ ਸਮਰੱਥ ਦੱਸਕੇ ਪਾਪ ਬਖ਼ਸ਼ਾਉਣ ਦੀ ਅਰਦਾਸ ਕਰਨ ਦੀ ਜਾਚ ਦੱਸਦੇ ਹਨ।

ਰਹਾਉ ਵਿਚ ਮਨ ਦੇ ਹਠ ਨਾਲ ਕੀ ਤੇ ਕਰਮ ਕਾਂਡੀ ਕਰਮਾਂ ਦੀ ਨਿਸ਼ਫਲਤਾ ਦੱਸਦੇ ਹੋਏ ਉਸ ਨੂੰ ਜੋ ਕੁਛ ਭਾਉਂਦਾ ਹੈ ਉਸ ਪਰ ਟਿਕਣੇ ਦਾ ਉਪਦੇਸ਼ ਦੇਂਦੇ ਹਨ।

ਅੰਕ੨— ਕਰਮ ਕਾਂਡੀ ਦੀ ਮਤਿ ਦਾ ਫਲ ਮਾੜਾ ਦੱਸਕੇ ਹੁਣ ਮਨਮੁਖਤਾ ਨਾਲ ਕੀਤੇ ਕਰਮਾਂ ਦੀ ਨਖੇਧੀ ਕਰਦੇ ਹਨ, ਕਿਉਂਕਿ ਮਨਮੁਖ ਕੂੜ ਵਿਚ ਵਰਤਦਾ ਹੈ, ਕੂੜ ਵਿਚ ਵਰਤਣ ਵਾਲਾ ਪਾਪ ਕਰਦਾ ਹੈ, ਪਾਪਾਂ ਦਾ ਫਲ ਸੰਤਾਪ ਆਦਿ ਦੁਖ ਹੁੰਦਾ ਹੈ।

ਅੰਕ ੩ ਵਿਚ ਉਪਦੇਸ਼ ਹੈ ਕਿ ਮਨਮੁਖਤਾ ਵਾਲੀ ਖੋਟੀ ਬੁੱਧੀ ਦਾ ਤਿਆਗ ਕਰੋ ਤੇ ਪਰਮਾਤਮ ਦੇਵ ਨੂੰ ਸਭ ਕੁਛ ਪੈਦਾ ਕਰਨੇ ਵਾਲਾ ਤੇ ਕਰਣ ਕਾਰਣ ਸਮਝੋ। ਇਸ਼ਾਰਾ ਹੈ ਕਿ ਉਸ ਦੀ ਟੇਕ ਧਾਰਣ ਕਰੋ। ਐਉਂ ਬੀ ਭਾਵ ਲੈਂਦੇ ਹਨ ਕਿ ਜੇ ਸੁਆਸ ਉਪਜੇ ਉਸ ਵਿਚ ਅਲਖ ਅਭੇਵ ਨੂੰ ਯਾਦ ਕਰੋ। ਅੰਕ ੪ ਵਿਚ ਗੁਰੂ ਦੀ ਮੇਹਰ ਦਾ ਜ਼ਿਕਰ ਹੈ ਕਿ ਉਸੇ ਨੇ ਅਸਲ ਮਿਤ੍ਰਤਾ ਤੇ ਸਜਨਾਈ ਕੀਤੀ ਕਿ ਸਾਨੂੰ ਭਗਤੀ ਦ੍ਰਿੜ ਕਰਾਈ, ਭਗਤੀ ਕਰਕੇ ਹਰੀ ਮਿਲ ਪਿਆ।

੫— ਸਿੱਟਾ ਦੱਸਦੇ ਹਨ ਕਿ ਹੋਰ ਜੋ ਕੁਛ ਉਪਾਉ ਸਾਧਨ ਕਰਦੇ ਹੋ ਓਹ ਕਾਮਯਾਬ ਨਹੀ ਹੁੰਦੇ। ਹੋਰ ਅਨਾਤਮ ਰੁਝੇਵੇਂ ਘਾਟੇ ਵੰਦੇ ਹਨ। ਇਸ ਕਰਕੇ ਮੈਂ ਰਾਮ ਨਾਮ ਵਿਚ ਲਗ ਰਿਹਾ ਹਾਂ। ਇਹੋ ਪਿਆਰਾ ਲਗਦਾ ਹੈ, ਏਹੋ ਸੌਦਾ ਲਾਹੇਵੰਦਾ ਹੈ।

ਨਿਰੁਕ੍ਤ—ਮਨ ਹਠਿ—ਮਨ ਦੇ ਹਠ ਨਾਲ। ਕਰਮ ਕਾਂਡੀ ਕਰਮ ਹਠ ਨਾਲ ਤੇ ਹਉਂ ਨਾਲ ਕੀਤੇ ਜਾਂਦੇ ਹਨ। **ਹਠਿ**—ਜ਼ਿਦਾਂ ਨਾਲ ਕੀਤੇ ਕਰਮ ਬੀ ਖੁਆਰ ਕਰਦੇ ਹਨ।

ਵਿਗੋਵੈ—[ਸੰਸ:, ਗਤਿ: = ਚੰਗੀ ਹਾਲਤ। ਵਿਗਤ = ਵਿਗੜੀ ਦਸ਼ਾ। ਪੰ:, ਵਿਗੁੱਚਣਾ = ਖ਼ਰਾਬ ਹੋਣਾ, ਜ਼ਲੀਲ ਹੋਣਾ] ਖਰਾਬ ਕਰਦੇ ਹਨ।

[ਆਸਾ ਮਹਲਾ ੧, ਚਉਪਦਾ—੨੫]

ਪ੍ਰਾਕ੍ਥਨ— ਪੰਡਿਤ, ਤੀਰਥ ਵਾਸੀ, ਭਗਤੀਆ, ਸੰਨਿਆਸੀ, ਜੋਗੀ; ਦਿਰੀਬਰ (ਨਾਂਗਾ ਜੈਨੀ) ਆਦਿ ਕੀਹ ਲੱਛਣ ਧਾਰਨ ਕਰਨ ਕਿ ਆਪੋ ਆਪਣੇ ਸਦਾਏ ਜਾ ਰਹੇ ਨਾਵਾਂ ਦੇ ਹਕਦਾਰ ਹੋਣ?

ਮੂਲ	ਅਰਥ
ਆਸਾ ਮਹਲਾ ੧ ਚਉਪਦੇ ॥ **ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥** **ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥**	ਜੇ ਵਿਦਜਾ ਵੀਚਾਰਨ ਵਾਲਾ (ਅਰਥਾਤ ਪੰਡਿਤ ਹੈ ਤਾਂ ਚਾਹੀਦਾ ਹੈ ਕਿ ਉਹ) ਪਰਉਪਕਾਰੀ ਹੋਵੇ, ਜੋ (ਕੋਈ) ਤੀਰਥ ਵਾਸੀ ਹੈ (ਤਾਂ ਚਾਹੀਦਾ ਹੈ ਕਿ ਉਸਦੇ ਕਾਮਾਦਿਕ) ਪੰਜੇ ਰਾਸ ਟੁਰ ਰਹੇ ਹੋਣ(ਭਾਵ ਉਸ ਦੇ ਵੱਸ ਵਿਚ ਹੋਣ)॥੧॥
ਘੁੰਘਰੂ ਵਾਜੈ ਜੇ ਮਨੁ ਲਾਗੈ ॥ **ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥**	ਜੇ (ਕੋਈ) ਘੁੰਗਰੂ ਵਜਾਉਣੇ ਵਾਲਾ (ਭਗਤੀਆ ਹੈ, ਤਾਂ ਚਾਹੀਦਾ ਹੈ ਕਿ ਉਸ ਦਾ) ਮਨ (ਬੀ ਉਪਾਸਜ ਵਿਚ) ਲੱਗੇ ਤਦ (ਉਹ ਭਰੋਸਾ ਕਰ ਸਕਦਾ ਹੈ ਕਿ) ਅੱਗੇ ਗਿਆਂ ਜਮ ਮੇਰੇ ਨਾਲ ਕੀਹ ਕਰੇਗਾ ? (ਭਾਵ ਕੁਛ ਨਹੀ ਕਰ ਸਕੇਗਾ) ॥੧॥ ਰਹਾਉ॥

ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥	(ਜੇ ਕੋਈ) ਸੰਨਿਆਸੀ ਹੈ ਤਾਂ (ਚਾਹੀਦਾ ਹੈ ਕਿ ਉਹ ਸਾਰੀਆਂ ਆਸਾਂ ਤੋਂ ਨਿਰਾਸ ਹੋਵੇ। ਜੇ (ਕੋਈ) ਜਤ ਵਾਲਾ ਜੋਗੀ ਹੈ ਤ (ਚਾਹੀਦਾ ਹੈ ਕਿ ਉਹ ਆਪਣੀ)ਕਾਇਆਂ ਨੂੰ ਖਾ ਲੈਣ ਵਾਲ ਹੋਵੇ, (ਭਾਵ ਦੇਹ ਅਧਜਾਸ ਛੱਡ ਚੁਕਾ ਹੋਵੇ)॥੨॥
ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥੩॥	(ਜੇ ਕੋਈ ਜੈਨੀ) ਨੰਗਾ ਰਹਿਣੇ ਵਾਲਾ ਹੈ (ਤਦ ਚਾਹੀਦਾ ਹੈ ਕਿ (ਉਹ) ਦਇਆਵਾਨ ਹੋਵੇ ਤੇ ਦੇਹ ਦਾ ਵੀਚਾਰਵਾਨ ਹੋਵੇ (ਕਿ ਮੈਂ) ਆਪਾ ਭਾਵ (ਤੇ ਦੇਹ ਅਧਜਾਸ) ਮਾਰਨਾ ਹੈ, (ਉਸ ਦਾ ਇਉ ਮਰਨਾ) ਹੋਰਨਾਂ ਨੂੰ ਨਾ ਮਾਰਨ ਤੁੱਲ ਹੈ (ਭਾਵ ਅਹਿੰਸਾ ਹੈ)॥੩॥
ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ॥੪॥੨੪॥	(ਏਹ ਦਿੱਸਣ ਨੂੰ) ਭੇਖ ਤਾਂ ਬਥੇਰੇ ਹੋਰ (ਬੀ) ਹਨ ਪਰ ਤੂੰ (ਇਕੋ ਦਾ) ਇਕੋ ਹੈ, (ਏਹ ਸਾਰੇ ਤੇਰੇ ਚੋਜ ਹਨ ਪਰ) ਨਾਨਕ ਤੇਰੇ ਚੋਜਾਂ ਨੂੰ ਨਹੀਂ ਜਾਣਦਾ॥੪॥੨੫॥

ਵਜਾਖਜਾ— ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੇ ਮਹਾਂ ਪੁਰਖ ਹਨ ਜਿਨ੍ਹਾਂ ਨੇ ਕਿਸੇ ਅਵਤਾਰ ਪੈਗੰਬਰ, ਫ਼ਕੀਰ, ਮਤਿ, ਸੰਪ੍ਰਦਾ, ਭੇਖ ਨੂੰ ਨਿੰਦਿਆ ਨਹੀਂ, ਓਹ ਸਭ ਵਿਚੋਂ ਸੱਚ ਨੂੰ ਗ੍ਰਹਣ ਕਰਨ ਦੀ ਜਾਚ ਦੱਸਦੇ ਹਨ। ਬਦੀ ਨੂੰ, ਦੰਭ ਨੂੰ ਸਦਾ ਨਾਕਰਦੇ ਹਨ, ਪਰ ਕਿਸੇ ਦੀ ਜ਼ਾਤ ਉਤੇ ਹਮਲਾ ਨਹੀਂ ਕਰਦੇ। ਇਸ ਸ਼ਬਦ ਵਿਚ ਜਿਨ੍ਹਾਂ ਨੂੰ ਲਿਆ ਹੈ, ਉਨ੍ਹਾਂ ਵਿਚ ਜਿਨ੍ਹਾਂ ਗੁਣਾਂ ਦੀ ਆਸ ਚਾਹੀਦੀ ਹੈ, ਜਿਸ ਨਾਲ ਉਹਨਾਂ ਨੂੰ ਅਪਣੇ ਨੁਕਤਾ ਖਿਆਲ ਤੋਂ ਸਫਲਤਾ ਪ੍ਰਾਪਤ ਹੋਵੇ, ਓਹ ਦੱਸਦੇ ਹਨ। ਉਹਨਾਂ ਨਾਲ ਕੋਈ ਬਹਿਸ ਝਗੜਾ ਨਹੀਂ ਛੇੜਦੇ। ਇਥੋਂ ਤਾਈਂ ਕਿ ਇਨ੍ਹਾਂ ਸਾਰਿਆਂ ਨੂੰ ਜੇ ਓਹ ਆਦਰਸ਼ਾਂ ਤੇ ਚੱਲਣ ਵਾਲੇ ਹੋਣ ਤਾਂ ਸਾਂਈ ਦੇ ਚੋਜ ਆਖਦੇ ਹਨ।

ਅੰਕ ੧ ਵਿਚ ਪੰਡਿਤ ਨੂੰ ਲੈਂਦੇ ਹਨ ਕਿ ਵਿਦਿਆ ਵੀਚਾਰਵਾਨ ਪੰਡਿਤ ਪਰਉਪਕਾਰੀ ਚਾਹੀਦਾ ਹੈ। ਜੇ ਪਰਉਪਰਕਾਰੀ ਨਹੀਂ ਤਾਂ ਵਿਦਜਾ ਅਸਫਲ ਹੈ। ਜੇ ਕੋਈ ਤੀਰਥ ਵਾਸੀ ਹੈ ਤਾਂ ਕਾਮ ਕ੍ਰੋਧ ਪੰਜਾਂ ਤੇ ਵਸੀਕਾਰ ਰੱਖਣ ਵਾਲਾ ਚਾਹੀਏ। ਜਦ ਘੋੜਾ ਸਿਧ ਜਾਵੇ ਤਾਂ ਕਹੀਦਾ ਹੈ ਕਿ ਘੋੜਾ ਰਾਸ ਹੋ ਗਿਆ ਹੈ,ਸੋ ਉਹ ਪਦ ਵਰਤਕੇ ਦੱਸਦੇ ਹਨ ਕਿ ਏਹ ਪੰਜੇ ਮੁਤਾਣੇ ਘੋੜੇ ਰਾਸ ਹੋ ਕੇ ਟੁਰ ਪਏ ਹਨ, ਉੱਚ ਬੁੱਧੀ ਦੇ ਵੱਸ ਵਿਚ ਤੁਰ ਪਏ ਹਨ ਤਾਂ ਤੀਰਥ ਤੇ ਵੱਸਣਾ ਸਫਲ ਹੋ ਗਿਆ। ਭਗਤੀਏ ਘੁੰਗਰੂ ਬੰਨ੍ਹਕੇ ਭਗਤ ਪਾਉਂਦੇ ਗਾਉਂਦੇ ਨੱਚਦੇ ਹਨ*। ਜੇਕਰ ਭਗਤੀਏ ਦਾ ਮਨ ਅਪਣੇ ਉਪਾਸਜ ਵਿਚ ਖਚਿਤ ਹੋ ਗਿਆ ਹੈ ਤਾਂ ਉਸ ਦੀ ਭਗਤੀ ਫਲ ਲੈ ਆਈ, ਪਰ ਜੇ ਨੱਚਣ, ਗਾਉਣ, ਜਾਂ ਨਾਰੀ ਪੈਸੇ ਤੇ ਮਾਨ ਪ੍ਰਤਿਸ਼ਠਾ ਵਿਚ ਮਨ ਹੈ ਤਾਂ ਨਿਸ਼ਫਲ ਗਿਆ ਸਾਰਾ ਸ੍ਰਮ। ਮਨ ਲੱਗਣ ਦਾ ਫਲ ਦੱਸਦੇ ਹਨ ਕਿ ਜਮ ਦੀ ਲਾਗ ਲਪੇਟ ਮੁੱਕ ਜਾਏਗੀ।

ਕਈ ਦਾਨੇ ਏਥੇ ਐਉਂ ਵਜਾਖਜਾ ਕਰਦੇ ਹਨ ਕਿ ਕਿ ਘੂੰਗਰੂ ਦਾ ਅਰਥ ਘੋਰੜੂ ਹੈ, ਕਿ ਜਦੋ ਘੋਰੜੂ ਵਜੇ, ਸੁਆਦ ਤਦ ਹੈ ਕਿ ਓਦੋਂ ਬੀ ਮਨ ਸਾਂਈ ਵਿਚ ਲੱਗਾ ਹੋਵੇ। ਫੇਰ ਜਮ ਦੇ ਮਾਰਗ ਆਤਮਾ ਨਹੀਂ ਜਾਏਗੀ। ਇਸੀ ਤਰ੍ਹਾਂ ਸਨਜਾਸੀ ਦਾ ਲੱਛਣ ਪੂਰਨ ਤਜਾਗ ਦੱਸਦੇ ਹਨ, ਇਥੋਂ ਤਾਈਂ ਕਿ ਆਸਾ ਤੋਂ ਬੀ ਨਿਰਾਸ ਰਹੇ।

ਆਸਾ— ਵਾਸ਼ਨਾ ਤ੍ਰਿਸ਼ਨਾ ਸਭ ਦਾ ਬਿਜਈ ਹੋਵੇ।

'ਜਤੁ ਜੋਗੀ' ਦਾ ਲੱਛਣ ਦੱਸਦੇ ਹਨ ਕਿ ਅਪਣੀ ਕਾਇਆਂ ਨੂੰ ਖਾ ਲਵੇ। ਭੋਗੀ ਪਦ ਦਾ ਮੂਲ ਹੈ ਭੁਕਤਿ ਜਿਸ ਦਾ ਅਰਥ ਹੈ ਭੋਜਨ, ਖਾਣਾ, ਦੇਹ ਖਾਣ ਤੋਂ ਭਾਵ ਹੈ ਸਰੀਰ ਤੇ ਕਾਬੂ ਇਤਨਾ

*ਜੰਗਮ ਆਦਿ ਘੁੰਗਰੂ ਬੰਨ੍ਹਦੇ ਤੇ ਵਜਾਉਂਦੇ ਹਨ, ਉਧਰ ਬੀ ਕਈ ਇਸ ਦੀ ਸੈਨਤ ਸਮਝਦੇ ਹਨ।

ਕਿ ਆਪਾ ਭਾਵ ਜਿੱਤ ਲਿਆ ਹੋਵੇ।

ਭੋਗੀ ਦਾ ਅਰਥ ਭੋਗਤਾ, ਯਾ ਆਨੰਦ ਲੈਣ ਵਾਲਾ ਯਾ ਰਸ ਮਾਣਨ ਵਾਲਾ ਬੀ ਹੋ ਸਕਦਾ ਹੈ। ਇਸ ਤੋਂ ਫੇਰ ਇਹ ਅਰਥ ਕਰਦੇ ਹਨ ਕਿ ਉਹ ਜੋਗੀ ਕਾਇਆਂ ਦਾ ਰਸ ਮਾਣਦਾ ਹੈ ਜੋ ਜਤੀ ਹੋਵੇ। ਐਉਂ ਬੀ ਲਾਉਂਦੇ ਹਨ: 'ਜਾਂ ਕਾਇਆ ਭੋਗੀ ਤਾਂ ਜਤੁ ਜੋਗੀ' ਅਨਵਜ ਕਰਕੇ। ਜਦ ਕਾਇਆਂ ਨੂੰ ਮੌਤ ਤੋਂ ਭੋਗੀ ਜਾਣ ਵਾਲੀ ਸ਼ੈ ਸਮਝੇ ਤਾਂ ਹੀ ਜਤ ਵਾਲਾ ਜੋਗੀ ਹੈ।

ਦਿਗੰਬਰ— ਦਿਸ਼ਾ ਹੀ ਹੋਣ ਕੱਪੜੇ ਜਿਸ ਦੇ, ਭਾਵ ਨੰਗਾ। ਜੈਨੀਆਂ ਦੀ ਇਕ ਸੰਪ੍ਰਦਾ, ਜੋ ਨੰਗੇ ਰਹਿੰਦੇ ਹਨ। ਤੁਕ ਦਾ ਭਾਵ ਇਹ ਹੈ ਕਿ ਦਿਗੰਬਰ ਉਹ ਹੈ ਜੋ ਦਇਆਵਾਨ ਹੋਵੇ। ਨੰਗਾ ਰਹਿੰਦਾ ਹੈ ਤਾਂ ਦੇਹ ਨੂੰ ਹਰ ਵੇਲੇ ਦੇਖਦਾ ਹੈ ਨਗਨ, ਇਸ ਦਾ ਵੀਚਾਰ ਕਰੇ। ਵੀਚਾਰ ਕੀਹ ਕਰੇ ? ਉਹ ਅਗਲੀ ਤੁਕ ਵਿਚ ਦੱਸੀ ਹੈ ਕਿ ਹੋਰਨਾਂ ਨੂੰ ਨਹੀਂ ਮਾਰਨਾ, ਇਸ ਗਲ ਵਿਚ ਸਮਝੇ ਕਿ ਮੈਂ ਆਪਾ ਭਾਵ ਮਾਰਨਾ ਹੈ ਅਜੀਬ ਵਜੰਗ ਨਾਲ ਇਹ ਸਤਿਗੁਰਾਂ ਨੇ ਸਤਰ ਉਚਾਰੀ ਹੈ:- 'ਅਵਰਾ ਨਹ ਮਾਰੀਂ'। ਇਹ ਜੈਨੀਆਂ ਦਾ ਇਕ ਅਸੂਲ ਹੈ, ਅਰਥਾਤ ਅਹਿੰਸਾ। ਗੁਰੂ ਜੀ ਆਖਦੇ ਹਨ ਕਿ ਤੇਰੀ ਅਹਿੰਸਾ ਇਹ ਹੋਵੇ ਕਿ ਤੂੰ ਆਪੇ ਨੂੰ ਮਾਰ ਲਵੇਂ। ਮਾਰਨਾ ਜੈਨ ਅਸੂਲਾਂ ਦੇ ਵਿਰੁੱਧ ਹੈ ਪਰ ਆਪਾ ਭਾਵ ਨੂੰ ਮਾਰਨਾ; ਹਉਮੈਂ ਨੂੰ, ਮਾਇਆ ਨੂੰ, ਖੁਦਗਲ ਨੂੰ ਜਿੱਤਣਾ, ਉਹਨਾਂ ਦਾ ਬੀ ਨਿਸ਼ਾਨਾ ਹੈ। ਸੋ ਸਰਬ ਹਉਂ ਦਾ ਬਿਜਈ ਹੋਵੇ।

ਅਖੀਰਲੇ ਅੰਗ ਵਿਚ ਸਾਰੇ ਮਤਾਂ, ਸੰਪ੍ਰਦਾਵਾਂ, ਮਜ਼ਹਬਾਂ ਤੇ ਪਰਮਾਰਥਿਕ ਤਰੀਕਿਆਂ ਨਾਲ ਅਪਣੀ ਨਿਰਵੈਰਤਾ ਇਕ ਅਰਦਾਸ ਦੇ ਵਾਕਾਂ ਵਿਚ ਉਚਾਰਦੇ ਹਨ:-ਕਿ ਤੂੰ ਸਾਰੇ ਰੂਪਾਂ ਰੰਗਾਂ ਭੇਖਾਂ ਸੰਪ੍ਰਦਾਵਾਂ ਵਿਚ ਵਜਾਪਕ ਹੈਂ, ਇਹ ਜੋ ਵਿਲੱਖਣਤਾ ਹੈ ਤੇਰੇ ਚੋਜ ਹਨ। ਇਨ੍ਹਾਂ ਵਿਚ ਕਿਸੇ ਨਾਲ ਮੇਰੀ ਦ੍ਵੈਖ ਬੁੱਧੀ ਨਹੀਂ ਹੈ। ਮੈਂ ਇਸ ਵਿਲੱਖਣਤਾ ਨੂੰ ਤੇਰੇ ਚੋਜ ਦੇਖਦਾ ਹਾਂ, ਪਰ ਕਿਉਂ ਤੇ ਕਿਵੇਂ ਹਨ ਇਹ ਤੂੰ ਜਾਣ, ਮੈਂ ਜਾਣਨ ਦੀ ਲੋੜ ਨਹੀਂ ਰੱਖਦਾ। ਮੇਰੀ ਲੋੜ ਤੇ ਮੇਰਾ ਅਨੁਭਵ ਜੋ ਤੇਰਾ ਦਿੱਤਾ ਹੈ ਇਹ ਹੈ ਕਿ ਇਸ ਸਾਰੀ ਨਾਨਤ੍ਵ, ਵਿਲੱਖਣਤਾ ਤੇ ਅਨੇਕਤਾ ਵਿਚ ਤੂੰ ਇਕੋ ਦਾ ਇਕੋ ਹੈਂ। ਸੈਨਤ ਇਹ ਹੈ ਕਿ ਮੇਰੀ ਦ੍ਰਿਸ਼ਟੀ ਸਭਨਾਂ ਵਿਚ ਇਕੋ ਇਕ ਪਰ ਸਰਬ ਵਜਾਪੀ ਠਾਕੁਰ ਤੇ ਟਿਕ ਰਹੀ ਹੈ।

ਨਿਰੁਕ੍ਤ— ਵਜਾਖਜਾ ਦੇ ਵਿਚੇ ਆ ਗਈ ਹੈ।

[ਆਸਾ ਮਹਲਾ ੧, ਚਉਪਦਾ—੨੬]

ਮੂਲ	ਅਰਥ
ਆਸਾ ਮਹਲਾ ੧ ॥	
ਏਕ ਨ ਭਰੀਆ ਗੁਣ ਕਰਿ ਧੋਵਾ ॥ ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ ॥੧॥	(ਮੈਂ) ਇਕੋ (ਅਵਗੁਣ ਨਾਲ) ਲਿਬੜੀ ਹੋਈ ਨਹੀਂ ਜੋ ਗੁਣਾਂ ਕਰਕੇ (ਉਸ ਇਕ ਅਵਗੁਣ ਨੂੰ) ਧੋ ਲਵਾਂ। (ਦੇਖੋ:) ਮੇਰਾ ਸ਼ਹੁ (ਸਦਾ) ਜਾਗਦਾ ਹੈ ਤੇ ਮੈਂ ਰਾਤ ਭਰ ਸੁੱਤੀ ਰਹਿੰਦੀ ਹਾਂ॥੧॥
ਇਉ ਕਿਉ ਕੰਤ ਪਿਆਰੀ ਹੋਵਾ ॥ ਸਹੁ ਜਾਗੈ ਹਉ ਨਿਸ ਭਰਿ ਸੋਵਾ ॥੧॥ ਰਹਾਉ ॥	ਐਉਂ (ਮੈਂ) ਕੰਤ ਦੀ ਪਿਆਰੀ ਕੀਕੂੰ ਹੋਵਾਂ, (ਮੇਰਾ) ਸ਼ਹੁ ਤਾਂ ਜਾਗੇ ਤੇ ਮੈਂ ਸਾਰੀ ਰਾਤ ਸੁੱਤੀ ਰਹਾਂ॥੧॥ ਰਹਾਉ॥
ਆਸ ਪਿਆਸੀ ਸੇਜੈ ਆਵਾ ॥ ਆਗੈ ਸਹ ਭਾਵਾ ਕਿ ਨ ਭਾਵਾ ॥੨॥	(ਮਿਲਣ ਦੀ) ਪਿਆਸੀ, (ਮੈਂ ਮਿਲਨ ਦੀ) ਆਸਾ ਧਾਰ ਕੇ ਸੇਜੇ ਆਵਾਂ (ਤਾਂ ਪਤਾ ਨਹੀਂ ਕਿ) ਅੱਗੋਂ ਸ਼ਹੁ ਨੂੰ ਭਾਵਾਂ ਕਿ ਨਾ ਭਾਵਾਂ॥੨॥

ਕਿਆ ਜਾਨਾ ਕਿਆ ਹੋਇਗਾ ਰੀ ਮਾਈ ॥ ਹਰਿ ਦਰਸਨ ਬਿਨੁ ਰਹਨੁ ਨ ਜਾਈ ॥੧॥ ਰਹਾਉ ॥	ਹੇ ਮਾਂ ! (ਮੈਂ) ਕੀਹ ਜਾਣਾ ਕੀਹ ਹੋਵੇਗਾ; ਪਰ ਹਰੀ (ਪਤੀ) ਦੇ ਦਰਸ਼ਨ ਬਿਨਾ (ਮੈਥੋਂ) ਰਹਿ (ਹੀ) ਨਹੀਂ ਹੁੰਦਾ॥੧॥ਰਹਾਉ।
ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ ॥ ਗਇਆ ਸੁ ਜੋਬਨੁ ਧਨ ਪਛੁਤਾਨੀ ॥੩॥	ਮੈਂ ਪ੍ਰੇਮ (ਰਸ) ਨਹੀਂ ਚਾਖਿਆ, ਮੇਰੀ (ਬਿਰਹੋਂ ਰੂਪੀ) ਤ੍ਰਿਖਾ ਬੁਝੀ ਨਹੀਂ। (ਇਸੇ ਤਰ੍ਹਾਂ ਵਿਲਕਦਿਆਂ) ਜੋਬਨ ਬੀਤ ਗਿਆ (ਹੁਣ ਇਸਤ੍ਰੀ) ਪਛੁਤਾਉਂਦੀ ਹੈ॥੩॥
ਅਜੈ ਸੁ ਜਾਗਉ ਆਸ ਪਿਆਸੀ ॥ ਭਈਲੇ ਉਦਾਸੀ ਰਹਉ ਨਿਰਾਸੀ ॥੧॥ ਰਹਾਉ ॥	(ਮੈਂ ਦਰਸ਼ਨ ਦੀ) ਪਿਆਸੀ (ਮਿਲਣ ਦੀ) ਆਸਾਵੰਤ ਹੁਣੇ ਹੀ ਜਾਗ ਪਵਾਂ, (ਸਭਨਾਂ ਤੋਂ) ਉਦਾਸੀ ਵਾਲੀ ਹੋ ਕੇ(ਸਭ ਸੰਕਲਪਾਂ ਤੋਂ) ਨਿਰਾਸੀ ਹੋਈ ਰਹਾਂ॥੧॥ਰਹਾਉ॥
ਹਉਮੈ ਖੋਇ ਕਰੇ ਸੀਗਾਰੁ ॥ ਤਉ ਕਾਮਣਿ ਸੇਜੈ ਰਵੈ ਭਤਾਰੁ ॥੪॥	ਹਉਮੈਂ ਨੂੰ ਗੁਆ ਕੇ (ਜੇ ਆਸ ਪਿਆਸੀ) ਸ਼ਿੰਗਾਰ ਕਰੇ, ਤਦ ਇਸਤ੍ਰੀ ਨੂੰ ਪਤੀ ਸੇਜਾ ਤੇ ਆ ਕੇ ਮਾਣੇਂਗਾ॥੪॥
ਤਉ ਨਾਨਕ ਕੰਤੈ ਮਨਿ ਭਾਵੈ ॥ ਛੋਡਿ ਵਡਾਈ ਅਪਣੇ ਖਸਮ ਸਮਾਵੈ ॥੧॥ ਰਹਾਉ ॥੨੬॥	(ਹਾਂ) ਤਦੋਂ ਹੀ ਹੇ ਨਾਨਕ ! (ਇਸਤ੍ਰੀ) ਕੰਤ ਦੇ ਮਨ ਨੂੰ ਪਿਆਰੀ ਲੱਗੇਗੀ; (ਜਦੋਂ) ਵਡਿਆਈ ਛੱਡ ਕੇ ਅਪਣੇ ਪਤੀ ਵਿਚ ਹੀ ਸਮਾਏਗੀ॥੧॥ਰਹਾਉ॥੨੬॥

ਵਜਾਖਜਾ— ਇਸ ਸ਼ਬਦ ਵਿਚ ਅਪਨੀ ਵਡਾਈ ਵਿਚ ਹੋਣ ਕਰਕੇ ਪਤੀ ਨੂੰ ਨਾ ਭਾ ਰਹੀ ਬਿਰਹਨੀ ਦੇ ਰੂਪਕ ਵਿਚ ਹਉਂ ਗਰਬਿਤ ਜਗਜਾਸੂ ਪ੍ਰੇਮੀ ਦਾ ਵਰਣਨ ਹੈ, ਜੋ ਪਰਮਾਤਮ ਦੇਵ ਰੂਪੀ ਪਤੀ ਨੂੰ ਮਿਲਣ ਦੀ ਅਕਾਂਖਜਾ ਵਿਚ ਹੈ। ਅਪਨੇ ਹੋਰ ਅਵਗੁਣਾਂ ਤੋਂ ਜਾਣੂ ਹੈ, ਉਸ ਵਿਚ ਮਿਲਣ ਦੀ ਪਿਆਸ ਬੀ ਹੈ ਤੇ ਆਸਾ ਭਰੀ ਬੀ ਹੈ ਕਿ ਮਿਲੇਗਾ, ਤ੍ਰਿਖਾ ਮਿਲਾਪ ਦੀ ਐਸੀ ਹੈ ਕਿ ਦਰਸ਼ਨ ਬਿਨਾ ਰਿਹਾ ਹੀ ਨਹੀਂ ਜਾਂਦਾ; ਪਰ ਫੇਰ ਤਸੱਲੀ ਨਹੀਂ ਕਿ ਮਿਲੇਗਾ ਕਿ ਨਹੀਂ, ਕਿਉਂਕਿ ਅਪਣੇ ਅਵਗੁਣਾਂ ਦੀ ਗਜਾਤ ਹੈ, ਜੋ ਸੰਸੇ ਬ੍ਰਿਤੀ ਵਿਚ ਰੱਖਦੀ ਹੈ। ਪਰ ਧੁਨੀ ਵਿਚ ਇਹ ਚੱਲਦੀ ਹੈ ਕਿ ਉਸ ਨੂੰ ਅਪਨੀ ਹਉਮੈਂ ਦੇ (ਮਾਨ ਵਡਿਆਈ ਦੇ ਅਹਿਸਾਸ) ਦੇ ਅਵਗੁਣ ਦੀ ਸੋਝੀ ਨਹੀ। ਅੰਕ ਚਾਰ ਵਿਚ ਇਸ ਅਵਗੁਣ ਦੀ ਸੋਝੀ ਪੈਂਦੀ ਹੈ ਤੇ ਹੁਣ ਮਿਲਾਪ ਨਾ ਹੋਣ ਕਰਕੇ ਥੱਕ ਕੇ ਸਾਂਈਂ ਦੀ ਲਟਕ ਲਗਨ ਨਹੀਂ ਛੋੜਦੀ, ਪਰ ਜਗਤ ਦੇ ਮੋਹ ਪਿਆਰਾਂ ਤੋਂ ਉਦਾਸੀ ਧਾਰਦੀ ਹੈ, ਤੇ ਸਾਰੀਆਂ ਉਨ੍ਹਾਂ ਆਸਾਂ ਤੋਂ ਜੋ ਪਤੀ ਮਿਲਾਪ ਦੀ ਆਸਾ ਤੋਂ ਬਿਨਾ ਹੋਰ ਹੋਰ ਹਨ, ਨਿਰਾਸ ਹੋ ਜਾਂਦੀ ਹੈ, ਭਾਵ ਹਉਮੈਂ ਤੋਂ ਉਪਜੀਆਂ ਵਾਸ਼ਨਾ ਤ੍ਰਿਸ਼ਨਾ, ਆਸਾ ਦਾ ਤਜਾਗ ਕਰਦੀ ਹੈ। ਫੇਰ ਅਖੀਰਲੇ ਰਹਾਉ ਵਿਚ ਹਉਮੈ ਹੀ ਦੂਰ ਕਰ ਲੈਂਦੀ ਹੈ, ਉਸ ਦੀ ਆਸਾ ਦਾ ਤਜਾਗ ਕਰਦੀ ਹੈ। ਫੇਰ ਅਖੀਰਲੇ ਰਹਾਉ ਵਿਚ ਹਉਮੈ ਹੀ ਦੂਰ ਕਰ ਲੈਂਦੀ ਹੈ, ਉਸ ਦੀ ਸਮਝੇ ਹੀ ਨਹੀਂ ਪੈ ਜਾਂਦਾ ਕਿ ਇਹੋ ਮੂਲ ਕਾਰਣ ਹੈ ਜੋ ਮੈਂ ਤੇ ਮੇਰੀ ਤੇ ਮੇਰੀ ਤੋਂ ਹੋਰ ਹੋਰ ਆਸਾ ਬੰਨ੍ਹ ਲੈਂਦੀ ਹੈ ਮਨੋਂ ਉਹ ਨਿਰ-ਹਉਮੈ ਹੋ ਜਾਂਦੀ ਹੈ, ਤਦ ਪਤੀ ਨੂੰ ਪਜਾਰੀ ਲਗਦੀ ਹੈ ਤੇ ਖਸਮ ਵਿਚ ਸਮਾ ਜਾਂਦੀ ਹੈ। ਇਸ ਰਹਾਉ ਦੇ ਇਨ੍ਹਾਂ ਪਦਾਂ ਤੋਂ 'ਛੋਡਿ ਵਡਾਈ' ਤੋਂ ਸਮਝ ਪੈ ਜਾਂਦੀ ਹੈ ਕਿ ਇਸ ਦੇ ਨਾ ਮਿਲ ਪੈਣ ਦਾ ਕਾਰਣ ਇਸ ਦੀ ਅਪਨੀ ਵਡਿਆਈ ਦਾ ਅਹਿਸਾਸ ਸੀ, ਇਹ ਅਪਣੇ ਕਿਸੇ ਰੂਪ ਜੋਬਨ ਗੁਣ ਆਦਿ ਦੇ ਗਰਬ ਕਰਕੇ ਹਉਂ ਤੋਂ ਸ਼ੁੱਧ ਨਹੀ ਸੀ ਹੁੰਦੀ। ਉਹ ਅੰਤ ਸਮਝ ਪੈ ਗਿਆ, ਛਡਿਆ ਤੇ ਪਤੀ ਮਿਲ ਪਿਆ।

ਇਸ ਸ਼ਬਦ ਵਿਚ ਚਾਰ ਰਹਾਉ ਹਨ, ਜੋ ਗੁਰਬਾਣੀ ਵਿਚ ਕਿਤੇ ਕਿਤੇ ਹਨ। ਪਹਿਲੇ ਰਹਾਉ ਵਿਚ ਪ੍ਰੇਮੀ ਨੂੰ ਪ੍ਰੇਮ ਦੇ ਹੁੰਦਿਆਂ ਮਿਲਾਪ ਨਾ ਹੋਣ ਦਾ ਕਾਰਣ ਅਪਣਾ ਅਵਗੁਣ ਜਾਪਦਾ ਹੈ। ਉਹ ਅਵਗੁਣ ਗਾਫਲੀ ਸਹੀ ਹੁੰਦਾ ਹੈ ਕਿ ਮੈਂ ਲਗਾਤਾਰ ਹਾਜ਼ਰੀ ਵਿਚ ਨਹੀ ਪਰ ਗਾਫ਼ਲੀ ਵਿਚ ਰਹਿੰਦੀ ਹਾ।

ਦੂਸਰੇ ਰਹਾਉ ਵਿਚ ਅਪਨੇ ਮਿਲਣ ਦੀ ਤਾਂਘ ਪ੍ਰਬਲ ਦਿਸਦੀ ਹੈ, ਇੰਨੀ ਕਿ ਹੁਣ ਦਰਸ਼ਨ ਬਿਨ ਰਹਿ ਨਹੀਂ ਹੁੰਦਾ, ਪਰ ਅੰਦਰ ਸ਼ੰਕਾ ਹੈ ਕਿ ਖਬਰੇ ਮਿਲਸੀ ਕਿ ਨਾ ਕਿਉਂ ਅਪਨੇ ਅਵਗੁਣਾਂ ਦੀ ਯਾਦ ਸ਼ਰਮ ਬਣਕੇ ਸ਼ੱਕ ਸੰਸੇ ਪਾ ਦੇਂਦੀ ਹੈ। ਇਸ ਕਰਕੇ ਸਖਤ ਉਦਾਸੀ ਹੈ ਕਿ ਪਤਾ ਨਹੀਂ ਕੀਹ ਹੋਸੀ।

ਤੀਸਰੇ ਰਹਾਉ ਵਿਚ ਉਮਰਾ ਜਾ ਰਹੀ ਹੈ ਪਰ ਪ੍ਰੇਮ ਦਾ ਰਸ ਨਹੀਂ ਚਖਿਆ,ਭਾਵ ਹੈ ਮਿਲਾਪ ਦਾ ਰਸ ਜੋ ਪ੍ਰੇਮੀ ਨੂੰ ਪ੍ਰੇਮ ਵਿਚ ਮਿਲਣਾ ਚਾਹੀਦਾ ਸੀ ਨਹੀਂ ਮਿਲਿਆ, ਪਰ ਮਿਲਣੇ ਦੀ ਪਿਆਸ ਕਾਇਮ ਹੈ। ਹੁਣ ਨਿਰਾਸਤਾ ਨੇ ਪ੍ਰੇਮ ਵਿਚੋਂ ਕੱਢਕੇ ਸਾਂਈ ਦਰੋਂ ਨਿਰਾਸ ਨਹੀਂ ਕੀਤਾ; ਸਗੋਂ ਹੁਣ ਇਹ ਗਲ ਅੰਦਰ ਪੈਦਾ ਹੋਈ ਹੈ। ਨਾ-ਮਿਲਾਪ ਦੇ ਅਸਲੀ ਕਾਰਣ ਦੀ ਜਾਗ੍ਰਤ ਆਈ ਹੈ, ਕਿ ਸਰਬ ਅਨਾਤਮ ਵਲੋਂ ਉਦਾਸ ਹੋਵਾਂ, ਪਤੀ ਤੋਂ ਛੁੱਟ ਹਰੇਕ ਵਜਕਤੀ, ਪਦਾਰਥ ਭੋਗ ਸਭ ਤੋਂ ਨਿਰਾਸ ਹੋ ਜਾਵਾਂ। ਇਸ ਹਾਲਤ ਵਿਚ ਜਾ ਕੇ ਸੁੱਛ ਤੇ ਸ਼ੁੱਧ ਹੋ ਗਈ ਹੈ।

ਹੁਣ ਚੌਥੇ ਰਹਾਉ ਵਿਚ ਹਉਮੈਂ ਤਿਆਗ ਹੋ ਗਈ ਹੈ, ਇਹ ਹਉਮੈਂ ਦਾ ਤਿਆਗ ਹੀ ਸ਼ਿੰਗਾਰ ਹੈ। ਕਿਉਕਿ ਜਗਜਾਸੂ ਜੇ ਪ੍ਰੇਮੀ ਹੈ ਤਾਂ ਇਹੋ ਉਸ ਦਾ ਸ਼ਿੰਗਾਰ ਹੈ ਕਿ ਸਾਰਾ ਪ੍ਰੇਮ ਸਭ ਥਾਉਂ ਛੁੱਟ ਕੇ ਇਕ ਵਾਹਿਗੁਰੂ ਵਿਚ ਆ ਟਿਕੇ ਤੇ ਹਉ ਲੇਸ਼ ਮਾਤ੍ਰ ਵਿਚਾਲੇ ਨਾ ਰਹੇ। ਫੇਰ ਸੀਗਾਰ ਕਰੇ। ਅਗਲੇ ਸ਼ਬਦ ਵਿਚ ਸੀਗਾਰ ਦੱਸਿਆ ਹੈ ਭੈ ਭਾਵ ਕਾ ਕਰੇ ਸੀਗਾਰੁ। ਹਉਮੈਂ ਛਡੀ ਤਾਂ ਫੇਰ ਭੈ ਭਾਵ ਦੀ ਕੀ ਲੋੜ ਹੈ?

ਉੱਤਰ-ਜੇ ਬ੍ਰਿਤੀ ਵਿਚ ਭੈ ਤੇ ਪ੍ਰੇਮ ਨਾ ਰਹੇਗਾ ਤਾਂ ਹਉਮੈ ਫੇਰ ਪਰਤਕੇ ਪ੍ਰਾਪਤ ਅਵਸਥਾ ਨੂੰ ਸਿਥਲ ਕਰ ਦੇਵੇਗੀ। ਇਹ ਭੈ ਤੇ ਭਾਵ ਸੁਭਾਵਕ ਅਵਸਥਾ ਹੁੰਦੀ ਹੈ; ਬ੍ਰਿਤੀ ਨੂੰ ਬ੍ਰਹਮਾਕਾਰ ਰਖਣੇ ਦੀ। ਪਰ ਇਥੇ ਪਹੁੰਚ ਕੇ ਬੀ ਪਤੀ ਦੀ ਸੇਜਾ ਤੇ ਆਪ ਨਹੀਂ ਜਾ ਸਕਦੀ, ਪਤੀ ਪ੍ਰਸੰਨ ਹੋ ਕੇ ਪ੍ਰਸਾਦ ਕਰਦਾ ਹੈ ਤੇ ਬਾਹ ਪਕਰਿ ਪ੍ਰਿਅ ਸੇਜੈ ਆਨੀ।। [ਆਸਾ ਮਹਲਾ ੫-੭] ਵਾਲੀ ਮੇਹਰ ਵਰਤਦੀ ਹੈ।

ਅੰਤਮ ਸਿਧਾਂਤ ਜਗਤ ਰਹਿਨੁਮਾਈ ਲਈ ਦੱਸਦੇ ਹਨ ਕਿ ਅਪਣੀ ਵਡਿਆਈ, ਭਾਵ ਹਰ ਪ੍ਰਕਾਰ ਦੀ ਅਪਣੱਤ ਦੂਰ ਕਰੋ ਤਦ ਕੰਤ ਦਾ ਪ੍ਰਸਾਦ, ਉਸ ਦੀ ਮੇਹਰ ਨਦਰ ਨਾਲ, ਉਸ ਦੀ ਸ੍ਵੈਛੰਦ ਇੱਛਾ ਨਾਲ ਪ੍ਰਾਪਤ ਹੁੰਦਾ ਹੈ। ਇਹ ਜ਼ਰੂਰੀ ਨਹੀਂ, ਇਹ ਉਸ ਦਾ ਪ੍ਰਸਾਦ ਹੈ, ਉਸ ਦਾ ਬਿਰਦ ਹੈ।

ਦਾਰਸ਼ਨਿਕ ਪਹਿਲੂ ਵਿਚ— ਪਹਿਲਾਂ ਜਗਜਾਸੂ ਨੇ ਅਪਣੇ ਅਵਗੁਣਾਂ ਦੀ ਗਜਾਤ ਪੈਦਾ ਕਰਨੀ ਹੈ, ਫਿਰ ਅਵਗੁਣ ਧੋਣੇ ਹਨ, ਏਹ ਜ਼ਰੂਰੀ ਹਨ ਪਰ ਕਾਫੀ ਨਹੀਂ। ਫੇਰ ਤੀਬਰ ਲਗਨ ਤੇ ਆਤਮ ਦਰਸ਼ੀ ਹੋਣ ਦੇ ਸਾਰੇ ਉਪਾਵ, ਨਾਮ, ਹਰੀ ਕੀਰਤਨ ਆਦਿ ਕਰਨੇ ਹਨ, ਕਈ ਵਿਘਨ ਪੈਣੇ ਹਨ, ਪਰ ਸਾਵਧਾਨ ਹੋ ਕੇ ਲਗੇ ਰਹਿਣਾ। ਫੇਰ ਆਸ ਅੰਦੇਸੇ; ਵਾਸ਼ਨਾ ਤ੍ਰਿਸ਼ਨਾ ਨੂੰ ਜਿੱਤਣਾ ਹੈ, ਅੰਤ ਹਉਮੈਂ ਨੂੰ ਸਮਝਣਾ ਤੇ ਇਸ ਤੋਂ ਸ਼ੁਧ ਤੇ ਸਫਾ ਹੋਣਾ ਹੈ, 'ਅੰਤ' ਵਿਚ ਰਹਿਣ ਵਾਲਾ ਮਾਨੁਖ ਯਤਨ ਕਰਦਾ ਇਥੇ ਅੱਪੜਦਾ ਹੈ, ਇਹ 'ਅੰਤ' ਦਾ 'ਅੰਤਲਾ' ਨੁਕਤਾ ਹੈ, ਹੁਣ ਅਨੰਤ ਵਿਚੋਂ ਕੋਈ ਕ੍ਰਿਸ਼ਮਾ ਹੁੰਦਾ ਹੈ, ਉਹ ਅੰਤ ਤੇ ਅੱਪੜੇ ਨੂੰ ਅਨੰਤ ਵਿਚ ਖਿੱਚ ਲੈਂਦਾ ਹੈ। ਅੰਸ਼ ਜੋ ਸਰਬ ਮਿਲਾਵਟਾਂ ਤੋਂ ਸ਼ੁੱਧ ਹੋ ਗਈ ਹੈ ਅੰਸ਼ੀ, ਉਸ ਨੂੰ ਅਪਣੇ ਕਿਸੇ ਕਾਰਣ ਕਰਕੇ, ਜਿਸ ਨੂੰ ਉਹੋ ਜਾਣਦਾ ਹੈ, ਅਪਣੇ ਵਿਚ ਖਿੱਚ ਲੈਂਦਾ ਹੈ, ਇਸ ਅਨੰਤ ਦੇ ਕ੍ਰਿਸ਼ਮੇ ਨੂੰ ਗੁਰਬਾਣੀ ਵਿਚ 'ਨਦਰ' ਆਖਿਆ ਹੈ, ਇਹ ਉਸ ਦਾ ਬਿਰਦ ਹੈ, ਉਸ ਦਾ ਪ੍ਰਸਾਦ ਹੈ, ਉਸ ਦਾ ਅਪਣਾ ਸ੍ਵੈਛੰਦ ਕਰਤਵ੍ਯ ਹੈ।

ਨਿਰੁਕ੍ਤ—**ਏਕੁ**—ਇਕ, ਭਾਵ ਹੈ ਇਕ ਅਵਗੁਣ ਜੋ ਅੱਗੇ ਪਏ ਪਦ ਗੁਣ ਤੋਂ ਸਪਸ਼ਟ ਹੋ ਜਾਂਦਾ ਹੈ। **ਨਿਸਿ**—[ਸੰਸ:, ਨਿਸ਼ਾ] ਰਾਤ।

ਸੇਜੈ—ਛੇਜਾ ਤੇ। ਹਜ਼ੂਰੀ ਵਿਚ। ਇਸ ਦਾ ਭਾਵ ਸ਼ਰਧਾ ਬੀ ਲਈਦਾ ਹੈ।

ਤਿਸ—[ਸੰਸ:, ਤ੍ਰਿਸ਼ਾ=ਤ੍ਰੇਹ] ਪ੍ਯਾਸ, ਅਕਾਂਖ੍ਯਾ। **ਧਨ**—ਇਸਤ੍ਰੀ, ਭਾਵ ਜਗਜਾਸੂ।

[ਆਸਾ ਮਹਲਾ ੧, ਚਉਪਦਾ—੨੭]

ਪ੍ਰਾਕ੍ਥਨ—ਪਿਛਲੇ ਸ਼ਬਦ ਦਾ ਭਾਵ ਜਾਰੀ ਹੈ ਤੇ ਨਦਰ ਦਾ ਇਸ ਵਿਚ ਸਪਸ਼ਟ ਜ਼ਿਕਰ ਹੈ, ਇਕ ਮੁਗਧਾ ਕਿ ਮਧਜਾ ਇਸਤ੍ਰੀ ਦੇ ਰੂਪਕ ਵਿਚ ਜਗਜਾਸੂ ਦੀ ਪ੍ਰਾਪਤੀ ਦਾ ਵਰਣਨ ਹੈ।

ਮੂਲ	ਅਰਥ
ਆਸਾ ਮਹਲਾ ੧ ॥ ਪੇਵਕੜੈ ਧਨ ਖਰੀ ਇਆਣੀ ॥ ਤਿਸੁ ਸਹ ਕੀ ਮੈ ਸਾਰ ਨ ਜਾਣੀ ॥੧॥	(ਮੈਂ) ਇਸਤ੍ਰੀ ਪੇਕੇ ਘਰ ਵਿਚ ਬਹੁਤ ਹੀ ਅਜਾਣ ਰਹੀ ਹਾਂ (ਕਿਉਂਕਿ) ਓਸ ਪਤੀ ਦੀ ਪਛਾਣ ਮੈਂ ਨਾ ਜਾਣੀ॥੧॥
ਸਹੁ ਮੇਰਾ ਏਕੁ ਦੂਜਾ ਨਹੀ ਕੋਈ ॥ ਨਦਰਿ ਕਰੇ ਮੇਲਾਵਾ ਹੋਈ ॥੧॥ ਰਹਾਉ ॥	(ਮੈਂ ਨਾਂ ਜਾਤਾ ਕਿ) ਮੇਰਾ (ਜੋ) ਸ਼ਹੁ ਹੈ ਸੋ ਇਕੋ ਹੈ, ਹੋਰ ਦੂਜਾ ਕੋਈ(ਉਸ ਤੁੱਲ) ਨਹੀਂ (ਤੇ ਨਾ ਮੇਰਾ ਸ਼ਹੁ ਹੈ ਓਹ ਤੇ ਜੇ ਆਪੂੰ ਮੇਰੇ ਉਤੇ) ਨਦਰ ਕਰੇ ਤਾਂ ਮਿਲਾਪ ਹੋ ਸਕਦਾ ਹੈ॥੧॥ ਰਹਾਉ॥
ਸਾਹੁਰੜੈ ਧਨ ਸਾਚੁ ਪਛਾਣਿਆ ॥ ਸਹਜਿ ਸੁਭਾਇ ਅਪਣਾ ਪਿਰੁ ਜਾਣਿਆ ॥੨॥	(ਹੁਣ ਮੈਂ) ਇਸਤ੍ਰੀ ਨੇ (ਇਹ) ਸੱਚ ਪਛਾਣ ਲਿਆ ਹੈ ਕਿ (ਮੈਂ) ਸਾਹੁਰੇ ਘਰ (ਜ਼ਰੂਰ ਜਾਣਾ ਹੈ, ਤਾਂ ਮੈਂ) ਸੁਭਾਵਕ ਹੀ ਸਹਜ (ਦੇ ਰਸਤੇ) ਅਪਣੇ ਪਤੀ ਨੂੰ ਜਾਣ ਲਿਆ ਹੈ(ਕਿ ਉਹ ਮੇਰੇ ਅੰਗ ਸੰਗ ਹੈ)॥੨॥
ਗੁਰ ਪਰਸਾਦੀ ਐਸੀ ਮਤਿ ਆਵੈ ॥ ਤਾਂ ਕਾਮਣਿ ਕੰਤੈ ਮਨਿ ਭਾਵੈ ॥੩॥	(ਇਸ ਲਈ ਹੋਰ ਜਗਜਾਸੂ ਰੂਪ ਇਸਤ੍ਰੀਆਂ ਪ੍ਰਤਿ ਉਪਦੇਸ਼ ਹੈ ਕਿ) ਗੁਰੂ ਦੀ ਕ੍ਰਿਪਾ ਨਾਲ (ਜਿਸ ਨੂੰ ਜਦੋਂ) ਐਸੀ ਮਤਿ ਆ ਜਾਵੇਗੀ, ਤਦੋਂ (ਉਹ ਜਗਜਾਸੂ ਰੂਪੀ) ਇਸਤ੍ਰੀ (ਪਰਮਾਤਮਾ ਰੂਪੀ) ਕੰਤ ਦੇ ਮਨ ਨੂੰ ਭਾ ਜਾਵੇਗੀ॥੩॥
ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ ॥ ਸਦ ਹੀ ਸੇਜੈ ਰਵੈ ਭਤਾਰੁ ॥੪॥੨੭॥	ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ ਜੋ ਜਗਜਾਸੂ ਰੂਪੀ) ਇਸਤ੍ਰੀ ਭੈ ਤੇ ਪ੍ਰੇਮ ਦਾ ਸ਼ਿੰਗਾਰ ਕਰੇਗੀ (ਉਹ) ਸਦਾ ਹੀ ਸੇਜ, ਤੇ ਪਤੀ ਨੂੰ ਮਾਣੇਗੀ (ਯਾਂ ਪਤੀ ਸੇਜਾ ਤੇ ਉਸ ਨੂੰ ਰਾਵੇਗਾ)।੪।੨੭।

ਵਜਾਖਜਾ—ਅੰਕ ੧ ਤੇ ਰਹਾਉ— ਪੇਕਾ ਘਰ ਇਹ ਲੋਕ ਯਾ ਇਸ ਲੋਕ ਵਿਚ ਪਰਚੇ ਰਹਿਣ ਦੀ ਗ਼ਾਫ਼ਲ ਅਵਸਥਾ ਇਸ ਵਿਚ ਮਾਨੁਖ ਅਜਾਣ ਰਹਿੰਦਾ ਹੈ; ਵਾਹਿਗੁਰੂ ਜੀ ਦੀ ਹੋਂਦ, ਉਸ ਦੀ ਹਜ਼ੂਰੀ ਨਹੀਂ ਸਿਆਣਦਾ, ਇੰਨਾਂ ਬੀ ਨਹੀਂ ਜਾਣਦਾ ਕਿ ਪ੍ਰਭੂ ਇਕੋ ਇਕ ਹੈ ਤੇ ਉਸ ਦਾ ਮਿਲਾਪ ਉਸ ਦੀ ਮੇਹਰ ਨਾਲ ਹੁੰਦਾ ਹੈ।

ਅੰਕ ੨— ਐਸੀ ਪਛਾਣ ਕਿ ਸਾਹੁਰੇ ਜ਼ਰੂਰ ਜਾਣਾ ਹੈ, ਭਾਵ ਪ੍ਰਲੋਕ ਨੂੰ ਇਕ ਦਿਨ ਜਾਣਾ ਹੈ, ਇਹ ਗੱਲ ਸੱਚ ਕਰਕੇ ਮਨ ਨੇ ਦ੍ਰਿੜ ਕਰ ਲਈ ਤਦ ਸਹਜ ਦੇ ਰਸਤੇ ਸੁਖੱਲੇ ਹੀ ਜਗਤ ਪਤੀ ਨੂੰ ਆਪਣਾ ਪਤੀ ਜਾਣ ਲਿਆ। ਭਾਵ ਵਾਹਿਗੁਰੂ ਦੀ ਲੱਖਤਾ ਪ੍ਰਾਪਤ ਹੋ ਗਈ।

ਅੰਕ ੩— ਆਪਣੇ ਦੁਆਰਾ ਉਪਦੇਸ਼ ਕਰਦੇ ਹੋਏ ਸਭ ਨੂੰ ਉਪਦੇਸ਼ ਕਰਦੇ ਹਨ ਤੇ ਸਰਬ ਵਜਾਪੀ ਨਿਯਮ ਦੱਸਦੇ ਹਨ ਕਿ ਜਿਸ ਜਿਸ ਨੂੰ ਐਸੀ ਸੁਮਤਿ ਆ ਜਾਵੇਗੀ। ਕਿ ਓਹ ਸਹਜ ਮਾਰਗ ਤੇ ਟੁਰ ਕੇ ਪਤੀ ਦੀ ਹੋਂਦ ਨੂੰ ਪਛਾਣ ਲਵੇ, ਤਦ ਉਹੋ ਹੀ ਪਰਮੇਸ਼ੁਰ ਪਤੀ ਨੂੰ ਭਾਵੇਗੀ।

ਅੰਕ ੪ ਵਿਚ ਸਹਜ ਮਤ ਦਾ ਸੰਖੇਪ ਵੇਰਵਾ ਦਿੱਤਾ ਹੈ ਕਿ ਭੈ ਤੇ ਭਾਵ ਦਾ ਸ਼ਿੰਗਾਰ ਕਰੇ; ਭਾਵ ਭੈ ਤੇ ਭਾਵ ਦਾ ਜੀਵਨ ਧਾਰੇ।ਪਤੀ ਦਾ ਭੈ ਮੰਨ ਕੇ ਟੁਰੇ ਤੇ ਸਭ ਤੋਂ ਉਪਰ ਉਸ ਦਾ ਪ੍ਰੇਮ

ਅੰਦਰ ਧਾਰਨ ਕਰੇ, ਤਦ ਉਸ ਉਤੇ ਮਾਲਕ ਦੀ ਮੇਹਰ ਹੋਵੇਗੀ। ਉਹਦੇ ਹ੍ਰਿਦੇ ਪ੍ਰੇਮ ਹੋਣ ਕਰਕੇ ਉਹ ਸਰੂਪ ਦੇ ਪ੍ਰੇਮ ਭਾਵ ਵਿਚ ਆ ਜਾਵੇਗਾ। ਮਿਲਾਪ ਹੋ ਜਾਏਗਾ ਤੇ ਉਹ ਸਦੈਵੀ ਮਿਲਾਪ ਹੋਵੇਗਾ। ਮਿਲਾਪ ਨਦਰ ਦੁਆਰਾ ਦੱਸਿਆ, ਪਰ ਨਦਰ ਦੇ ਬਿਰਦ ਨੂੰ ਜੌਲਾਨੀ ਵਿਚ ਲਿਆਉਣ ਲਈ ਭੈ ਤੇ ਭਾਵ ਦਾ ਸੀਗਾਰ ਦੱਸਿਆ।

[ਆਸਾ ਮਹਲਾ ੧, ਚਉਪਦਾ—੨੮]

ਪ੍ਰਾਕ੍ਥਨ—ਪਿਛਲੇ ਸ਼ਬਦ ਵਿਚ 'ਐਸੀ ਮਤਿਆਵੈ' ਵਾਕ ਕਿਹਾ ਸੀ ਤੇ ਐਸੀ ਮਤਿ ਦੀ ਸੈਨਤ ਦਿੱਤੀ ਸੀ, ਹੁਣ ਖੋਹਲ ਕੇ ਐਸੀ ਮਤਿ ਦੱਸਦੇ ਹਨ।

ਮੂਲ	ਅਰਥ
ਆਸਾ ਮਹਲਾ ੧ ॥	
ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥੧॥	ਨਾ (ਕੋਈ) ਕਿਸੇ ਦਾ ਪੁਤ ਹੈ, ਨਾ (ਕੋਈ) ਕਿਸੇ ਦੀ ਮਾਂ ਹੈ, (ਸਾਰੇ) ਝੂਠੇ ਮੋਹ ਵਿਚ ਫਾਥੇ ਭਰਮ ਵਿਚ ਪੈ ਕੇ ਭੁਲੇ ਫਿਰਦੇ ਹਨ॥੧॥
ਮੇਰੇ ਸਾਹਿਬ ਹਉ ਕੀਤਾ ਤੇਰਾ ॥ ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥ ਰਹਾਉ ॥	ਹੇ ਮੇਰੇ ਮਾਲਕ ! ਮੈਂ ਤੇਰਾ ਕੀਤਾ ਹੋਇਆ ਹਾਂ (ਸੋ ਮੈਂ ਤੇਰਾ ਹਾਂ ਮੇਰੇ ਤੇ ਮੇਹਰ ਕਰ) ਤੇਰਾ ਨਾਉਂ ਜਪਾਂ (ਪਰ ਇਹ ਤਾਂ ਹੀ ਹੋ ਸਕਦਾ ਹੈ) ਜੇ ਤੂੰ (ਨਾਮ) ਬਖ਼ਸ਼ੇਂ (ਤਾਂ)॥੧॥ ਰਹਾਉ॥
ਬੌਹੁਤੇ ਅਉਗਣ ਕੂਕੈ ਕੋਈ ॥ ਜਾ ਤਿਸੁ ਭਾਵੈ ਬਖਸੇ ਸੋਈ ॥੨॥	(ਚਾਹੇ ਕੋਈ) ਬਹੁਤ ਔਗੁਣਾਂ ਵਾਲਾ ਹੋਵੇ (ਉਹ ਬੀ ਜੇ) ਕੋਈ (ਉਸ ਅੱਗੇ) ਪੁਕਾਰ ਕਰੇ, ਜੇ ਉਸ ਨੂੰ ਭਾ ਜਾਵੇ ਤਾਂ ਉਸ ਨੂੰ ਬੀ ਬਖਸ਼ ਦੇਵੇਗਾ॥੨॥
ਗੁਰ ਪਰਸਾਦੀ ਦੁਰਮਤਿ ਖੋਈ ॥ ਜਹ ਦੇਖਾ ਤਹ ਏਕੋ ਸੋਈ ॥੩॥	ਗੁਰੂ ਦੀ ਮੇਹਰ ਨਾਲ ਖੋਟੀ ਬੁੱਧੀ (ਜੋ ਪ੍ਰਭੂ ਦੀ ਹਜ਼ੂਰੀ ਤੋਂ ਵਾਂਜਦੀ ਹੈ) ਦੂਰ ਹੋ ਜਾਂਦੀ ਹੈ; (ਫਿਰ) ਜਿਧਰ ਤੱਕੀਏ ਉਹੀ ਇੱਕੋ ਦਿੱਸਦਾ ਹੈ॥੩॥
ਕਹਤ ਨਾਨਕ ਐਸੀ ਮਤਿ ਆਵੈ ॥ ਤਾਂ ਕੋ ਸਚੇ ਸਚਿ ਸਮਾਵੈ ॥੪॥੨੮॥	ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ, ਜੇ ਕਿਸੇ ਨੂੰ) ਐਸੀ ਮਤਿ ਆ ਜਾਵੇ (ਜੋ ਅਸਾਂ ਆਖੀ ਹੈ) ਤਦ ਕੋਈ ਸੱਦੇ ਹਰੀ ਦੇ ਸਤਜ ਸਰੂਪ ਵਿਚ ਸਮਾ ਜਾਂਦਾ ਹੈ॥੪॥੨੮॥

ਵਜਾਖਜਾ ਤੇ **ਨਿਰੁਕ੍ਤ**—ਸੁਗਮ ਹੈ।

[ਆਸਾ ਮਹਲਾ ੧, ਚਉਪਦਾ-੨੯]

ਆਸਾ ਮਹਲਾ ੧ ਦੁਪਦੇ॥ ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥ ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥੧॥ ਮਨ ਏਕੁ ਨ ਚੇਤਸਿ ਮੂੜ ਮਨਾ॥ ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ ਰਹਾਉ॥ ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ॥ ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂੰ ਨਾਹੀ ਵੀਸਰਿਆ॥੨੨੯॥

ਇਸ ਸ਼ਬਦ ਦਾ ਟੀਕਾ ਪਿਛੇ ਰਹਿਰਾਸ ਵਿਚ ਆ ਚੁਕਾ ਹੈ; ਦੇਖੋ ਪਹਿਲੀ ਸੰਥਜਾ ਪੋਥੀ ਦਾ ਪੰਨਾ ੨੦੦।

[ਆਸਾ ਮਹਲਾ ੧, ਚਉਪਦਾ—੩੦]

ਆਸਾ ਮਹਲਾ ੧॥ ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰ ਗੁਰੁ ਏਕੋ ਵੇਸ ਅਨੇਕ॥੧॥ ਜੈ ਘਰਿ ਕਰਤੇ ਕੀਰਤਿ ਹੋਇ॥ ਸੋ ਘਰੁ ਰਾਖੁ ਵਡਾਈ ਤੋਹਿ॥੧॥ ਰਹਾਉ॥ ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਭਇਆ॥ਸੂਰਜੁ ਏਕੋ ਰੁਤਿ ਅਨੇਕ॥ਨਾਨਕ ਕਰਤੇ ਕੇ ਕੇਤੇ ਵੇਸ॥੨॥੩੦॥

ਇਸ ਸ਼ਬਦ ਦਾ ਟੀਕਾ ਪਿਛੇ ਕੀਰਤਨ ਸੋਹਿਲੇ ਵਿਚ ਆ ਚੁਕਾ ਹੈ, ਦੇਖੋ ਪਹਿਲੀ ਸੰਥਜਾ ਪੋਥੀ ਦਾ ਪੰਨਾ ੨੦੮।

[ਦੂਜੇ ਘਰ ਦੇ ੩੦ ਸ਼ਬਦ ਸਮਾਪਤ]

[ਆਸਾ ਮਹਲਾ ੧, ਚਉਪਦਾ—੩੧]

ੴ ਸਤਿਗੁਰ ਪ੍ਰਸਾਦਿ॥ ਆਸਾ ਘਰੁ ੩ ਮਹਲਾ ੧॥

ਪ੍ਰਾਕ੍ਥਨ— ਇਸ ਸ਼ਬਦ ਵਿਚ ਹਕੂਮਤ, ਦੌਲਤ, ਵਿਦਜਾ ਆਦਿ ਨੂੰ ਜੀਵ ਦੀ ਕਲਜਾਣ ਵਿਚ ਅਸਮਰਥ ਦਿਖਾਇਆ ਹੈ। ਇਨ੍ਹਾਂ ਨਾਲ ਜਗਤ ਵਿਚ ਤਾਂ ਪਤਿ ਬਣ ਜਾਂਦੀ ਹੈ, ਪਰ ਅਕਾਲ ਪੁਰਖ ਦੇ ਦਰ ਪਤਿ ਨਹੀਂ ਬਣਦੀ, ਇਹ ਦੱਸ ਕੇ ਨਾਮ ਸਿਮਰਨ ਦੇ ਜੀਵਨ ਨਾਲ ਦਰਗਾਹੇ ਪਤਿ ਬਣਦੀ ਦਿਖਾਈ ਹੈ।

ਮੂਲ	ਅਰਥ
ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ ॥ ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ ॥ ਜਾਂ ਪਤਿ ਲੇਖੈ ਨਾ ਪਵੈ ਤਾਂ ਸਭਿ ਨਿਰਾਫਲ ਕਾਮ ॥੧॥	(ਇਹ ਮੰਨ ਕੇ ਕਿ ਤੇਰੀਆਂ) ਲੱਖਾਂ ਫੌਜਾਂ ਹਨ, ਲੱਖਾਂ ਨੇਜੇ (ਬਾਜ਼) ਹਨ, (ਤੇ ਲੱਖਾਂ) ਵਾਜੇ (ਵਜਾਉਣ ਵਾਲੇ) ਹੈਨ, ਲੱਖਾਂ (ਚਾਕਰ ਆਏ ਨੂੰ) ਉਠ ਉਠ ਕੇ ਸਲਾਮਾਂ ਕਰਨ ਵਾਲੇ ਹੈਨ। ਲੱਖਾਂ ਉਤੇ ਤੇਰਾ ਹੁਕਮ ਚਲਦਾ ਹੋਵੇ, (ਲੱਖਾਂ ਰਈਅਤ ਦੇ ਲੋਕ) ਤੇਰਾ ਉਠ ਕੇ ਸਨਮਾਨ ਕਰਦੇ ਹੈਨ, ਪਰ ਜੇ (ਤੇਰੀ) ਪਤਿ (ਸਾਂਈਂ ਦੇ ਦਰ) ਲੇਖੇ ਨਾ ਪਵੇ ਤਾਂ (ਇਹ ਹੋਏ) ਸਾਰੇ ਕੰਮ ਨਿਹਫਲ ਗਏ॥੧॥
ਹਰਿ ਕੇ ਨਾਮ ਬਿਨਾ ਜਗੁ ਧੰਧਾ ॥ ਜੇ ਬਹੁਤਾ ਸਮਝਾਈਐ ਭੋਲਾ ਭੀ ਸੋ ਅੰਧੋ ਅੰਧਾ ॥੧॥ ਰਹਾਉ ॥	(ਗਲ ਕੀਹ) ਹਰੀ ਦੇ ਨਾਮ ਤੋਂ ਬਿਨਾ (ਸਾਰਾ) ਜਗਤ ਹੀ ਧੰਦਾ ਹੈ (ਭਾਵ ਉਲਝਾਉ ਹੈ)। [ਕੋਈ ਆਖਦਾ ਹੈ:-ਜਗਤ ਅਜਾਣ ਹੈ ਇਸ ਨੂੰ ਸਮਝਾ ਦਿਓ, ਤਾਂ ਉੱਤਰ ਦੇਂਦੇ ਹਨ:] ਭੁੱਲੇ ਤੇ ਭ੍ਰਮ ਵਿਚ ਫਸੇ ਹੋਏ ਨੂੰ ਚਾਹੋ (ਕਿੰਨਾ) ਬਹੁਤਾ ਸਮਝਾਈਏ ਉਹ ਫਿਰ ਭੀ ਅੰਨ੍ਹੇ ਦਾ ਅੰਨ੍ਹਾ ਹੀ ਰਹਿੰਦਾ ਹੈ॥੧॥ਰਹਾਉ॥
ਲਖ ਖਟੀਅਹਿ ਲਖ ਸੰਜੀਅਹਿ ਖਾਜਹਿ ਲਖ ਆਵਹਿ ਲਖ ਜਾਹਿ ॥	[ਪਾਤਸ਼ਾਹ ਰਾਜੇ ਦੀ ਗੱਲ ਕਹਿ ਕੇ ਹੁਣ ਧਨ ਪਾਤ੍ਰਾਂ ਦੀ ਗੱਲ ਕਰਦੇ ਹਨ:] (ਜੇ) ਲੱਖਾਂ ਰੂਪੈ (ਵਪਾਰ ਆਦਿ ਕਰਦੇ) ਕਮਾ ਲਈਏ (ਤੇ) ਲੱਖਾਂ (ਖੱਟ ਕੇ) ਜਮਾਂ ਕਰ ਲਏ ਜਾਣ, (ਲੱਖਾਂ ਖਰਚ ਕਰਕੇ) ਖਾ ਪੀ ਲਏ ਜਾਣ, ਲੱਖਾਂ (ਵਿਆਜਾਂ ਕਿਰਾਇਆਂ

ਜਾਂ ਪਤਿ ਲੇਖੈ ਨਾ ਪਵੈ ਤਾਂ ਜੀਅ ਕਿਥੈ ਫਿਰਿ ਪਾਹਿ ॥੨॥	ਮੁਆਮਲਿਆਂ ਦੇ ਬੈਠੇ ਬਿਠਾਏ) ਪਏ ਆਉਣ, (ਲੱਖਾਂ (ਜਾਇਦਾਦਾਂ ਮਾਲ ਮਿਲਖ ਬਨਾਉਣ ਤੇ) ਖਰਚ ਹੁੰਦੇ ਜਾਣ, ਜੋ (ਵਾਹਿਗੁਰੂ ਦੇ ਦਰ) ਪਤਿ ਨਾ ਲੇਖੇ ਪਵੇ ਤਾਂ (ਦੱਸੋ) ਜੀਉ ਨੂੰ ਫੇਰ ਕਿਥੇ ਪਾਉਣਗੇ ?॥੨॥
ਲਖ ਸਾਸਤ ਸਮਝਾਵਣੀ ਲਖ ਪੰਡਿਤ ਪੜਹਿ ਪੁਰਾਣ ॥ ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ ॥੩॥	ਲੱਖਾ ਸ਼ਾਸਤ੍ਰਾਂ ਦੀ ਸਮਝਾਵਣੀ (ਸੁਣ ਲਈਏ), ਲੱਖਾਂ ਪੁਰਾਣਾ ਨੂੰ ਪੰਡਿਤ ਹੋ ਕੇ ਪੜ੍ਹ ਲਈਏ, ਜੋ (ਸੁਣ ਪੜ੍ਹ ਕੇ ਵਾਹਿਗੁਰੂ ਦੇ ਦਰ) ਪਤਿ ਨਾ ਲੇਖੇ ਪਵੇ ਤਾਂ ਸਭੇ (ਸੁਣੇ ਪੜ੍ਹੇ) ਅਪ੍ਰਵਾਣ ਹੋਏ (ਜਾਣੋ, ਭਾਵ ਨਿਸ਼ਫਲ ਗਏ ਜਾਣੋ)॥੩॥
ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ ॥ ਅਹਿਨਿਸਿ ਹਿਰਦੈ ਜੇ ਵਸੈ ਨਾਨਕ ਨਦਰੀ ਪਾਰੁ ॥੪॥੧॥੩੧॥	[ਹੁਣ ਦਰਗਾਹੇ ਪਤਿ ਪ੍ਰਵਾਣ ਪੈਣ ਦੀ ਜਾਚ ਦੱਸਦੇ ਹਨ:-] ਪਤਿ (ਜੋ ਦਰਗਾਹੇ ਜਾ ਕੇ ਮਿਲਦੀ ਹੈ ਉਹ ਕਰਤਾਰ ਦੇ) ਸੱਚੇ ਨਾਮ ਦੁਆਰੇ ਪੈਦਾ ਹੁੰਦੀ ਹੈ, (ਅਤੇ) ਕਰਤਾਰ ਦਾ ਨਾਮ ਮੇਹਰ ਨਾਲ (ਪ੍ਰਾਪਤ ਹੁੰਦਾ ਹੈ; ਹੋਰ ਪ੍ਰਾਪਤ ਹੋਕੇ) ਜੇ (ਇਹ ਨਾਮ) ਦਿਨ ਰਾਤ ਹਿਰਦੇ ਵਿਚ ਵੱਸ ਜਾਵੇ (ਤਦ ਕਰਤਾਰ ਦੀ) ਕ੍ਰਿਪਾ ਦ੍ਰਿਸ਼ਟੀ ਨਾਲ, ਹੇ ਨਾਨਕ ! (ਨਾਮ ਪ੍ਰੇਮੀ ਭਵ ਸਾਗਰ ਤੋਂ) ਪਾਰ ਲੰਘ ਜਾਏਗਾ॥੪॥੧॥੩੧॥

ਵ੍ਯਾਖ੍ਯਾ— ਅੰਕ ੧ ਵਿਚ ਦੱਸਿਆ ਹੈ ਕਿ ਹਕੂਮਤ ਨਾਲ ਜੋ ਪਾਤਸ਼ਾਹਾਂ ਤੇ ਰਾਜਿਆਂ ਨੂੰ ਇੱਜ਼ਤ ਪ੍ਰਾਪਤ ਹੁੰਦੀ ਹੈ, ਉਹ ਇੱਜ਼ਤ ਦਰਗਾਹੇ ਕੰਮ ਨਹੀਂ ਆਉਂਦੀ।

ਅੰਕ ੨ ਵਿਚ ਉਹ ਇੱਜ਼ਤ ਜੋ ਬਹੁਤ ਧਨ ਕੱਠਾ ਕਰਕੇ ਅਮੀਰੀ ਠਾਠ ਵਿਚ ਪ੍ਰਾਪਤ ਹੁੰਦੀ ਹੈ, ਉਹ ਬੀ ਅੱਗੇ ਗਿਆਂ ਕੰਮ ਨਹੀਂ ਆਉਂਦੀ, ਦੱਸੀ ਹੈ।

ਅੰਕ ੩ ਵਿਚ ਉਸ ਇੱਜ਼ਤ ਤੇ ਮਾਨ ਦੀ ਅੱਗੇ ਗਿਆਂ ਤੇ ਨਿਸ਼ਫਲਤਾ ਦਰਸ਼ਾਈ ਹੈ ਜੋ ਸ਼ਾਸਤ੍ਰਾਂ ਪੁਰਾਣਾਂ ਆਦਿ ਪੜ੍ਹ ਕੇ ਪੰਡਤਾਈ ਨਾਲ ਏਥੇ ਮਿਲਦੀ ਹੈ।

ਅੰਕ ੪ ਵਿਚ ਫੁਰਮਾਉਂਦੇ ਹਨ ਕਿ ਜਿਸ ਇੱਜ਼ਤ ਦੀ ਅੱਗੇ ਗਿਆਂ ਪਰਵਾਨਗੀ ਹੈ, ਉਹ ਨਾਮ ਤੋਂ ਉਪਜਦੀ ਹੈ ਸੋ ਨਾਮ ਜਪਣਾ ਚਾਹੀਏ। ਨਾਮ ਮੇਹਰ ਨਾਲ ਪ੍ਰਾਪਤ ਹੁੰਦਾ ਹੈ। ਮੇਹਰ ਤੋਂ ਮੁਰਾਦ ਏਥੇ ਗੁਰੂ ਦੀ ਮੇਹਰ ਹੈ, ਕਿਉਂਕਿ ਨਾਮ ਗੁਰੂ ਦੀ ਕ੍ਰਿਪਾ ਨਾਲ ਲੱਭਦਾ ਹੈ, ਨਾਲ ਹੀ ਦੱਸਦੇ ਹਨ ਕਿ ਨਾਮ ਲੈ ਕੇ ਗ਼ਾਫ਼ਲ ਹੋ ਜਾਣ ਵਾਲੇ ਨੂੰ ਨਹੀਂ, ਪਰ ਅਭ੍ਯਾਸ ਕਰ ਕਰਕੇ ਹਿਰਦੇ ਅੰਦਰ ਵਸਾ ਲੈਣ ਵਾਲੇ ਨੂੰ, ਉਹ ਇੱਜ਼ਤ ਜੋ ਦਰਗਾਹੇ ਪਰਵਾਣ ਹੁੰਦੀ ਹੈ, ਮਿਲਦੀ ਹੈ। ਰਹਾਉ ਵਿਚ ਉਸ ਪ੍ਰਸ਼ਨ ਦਾ ਉੱਤਰ ਹੈ ਕਿ ਜੀ, ਲੋਕ ਜਪਦੇ ਨਹੀਂ, ਅਨਜਾਣ ਹਨ, ਸਮਝਾ ਦਿਓ, ਤਾਂ ਦੱਸਦੇ ਹਨ ਕਿ ਜਗਤ ਦੇ ਲੋਗ ਅੰਨ੍ਹੇ ਅਗਜਾਨੀ ਹਨ; ਨਿਰੇ ਅਗਜਾਨੀ ਹੀ ਨਹੀਂ ਪਰ ਅੰਨ੍ਹੇ ਦੇ ਅੰਨ੍ਹੇ ਹਨ। ਭਾਵ ਜਿਨ੍ਹਾਂ ਨੂੰ ਪਏ ਸਮਝਾਓ ਪਰ ਓਹ ਸਮਝਣ ਨਾ, ਹਠ ਨਾਲ ਅਪਣੇ ਰਾਹੇ ਟੁਰੇ ਰਹਿਣ, ਉਹ ਅੰਧੋ ਅੰਧਾ ਹਨ।ਓਹ ਜਗਤ ਦੇ ਧੰਦਿਆਂ ਵਿਚ ਫਸੇ, ਵਿਹਲ ਨਹੀਂ ਆਦਿ ਪੱਜ ਘੜ ਕੇ ਸਿਖ੍ਯਾ ਮੰਨਦੇ ਨਹੀਂ। ਪਰ ਇਹ ਜਗਤ ਤੇ ਇਸ ਦੀ ਪ੍ਰਾਪਤੀ ਲਈ ਕੀਤੇ ਧੰਦੇ ਸਭ ਧੰਦੇ ਹਨ, ਆਲ ਜਾਲ ਮਾਇਆ ਜੰਜਾਲ ਹਨ।ਜੋ ਕੁਛ ਮਿਹਨਤਾਂ ਕਰਕੇ ਪੈਦਾ ਕਰੋ, ਛੱਡਣਾ ਪੈਂਦਾ ਹੈ, ਤਦ ਸਮਝ ਪੈਂਦੀ ਹੈ ਕਿ ਇਹ ਤਾਂ ਧੰਦਾ ਹੀ ਪਿੱਟਿਆ।ਐਸੇ ਕਹਿਨ ਵਿਚ ਮਨ ਨੂੰ ਰਗੜ ਦੇ ਕੇ ਉਪਦੇਸ਼ ਦਿੱਤਾ ਹੈ ਕਿ ਹੇ ਅਨਜਾਣ ਲੋਕੋ ! ਭੁੱਲੇ ਹੋਏ ਭੋਲਿਓ ! ਨਾਮ ਵਿਚ ਲੱਗੋ ਤੇ ਅੱਗਾ ਸੰਵਾਰੋ; ਉਹ ਇੱਜ਼ਤ ਬੀ ਪੈਦਾ ਕਰੋ ਸੋ ਅੱਗੇ ਜਾ ਕੇ ਇੱਜ਼ਤ ਮਿਲੇ, ਏਥੇ ਦੀ ਕੋਈ ਇੱਜ਼ਤ ਓਥੇ ਕੰਮ ਨਹੀਂ ਆਉਣੀ।

ਨਿਰੁਕ੍ਤ—**ਲਸਕਰ**—[ਫਾ: ਲਸ਼ਕਰ] ਫੌਜ। ਸੈਨਾ। 'ਲਖ' ਕਹਿਣ ਤੋਂ ਮੁਰਾਦ ਹੈ ਕਿ ਲੱਖ ਫੌਜਾਂ ਕਿਸ ਪਾਸ ਹੁੰਦੀਆਂ ਹਨ, ਪਰ ਫਰਜ਼ ਕਰ ਲਓ ਜੇ ਲੱਖਾਂ ਕਿਸ ਪਾਸ ਹੋਣ ਬੀ, ਅਤਯੋਕਤੀ ਕਹਿ ਕੇ ਫੇਰ ਨਿਸ਼ਫਲਤਾ ਦਰਸਾਉਂਦੇ ਹਨ।

ਸਲਾਮੁ [ਅ:,] ਖੜੋ ਕੇ ਹੱਥ ਮੱਥੇ ਵੱਲ ਲਿਜਾ ਕੇ ਅਦਬ ਕਰਦਾ; ਜੋ ਅਕਸਰ ਨਫਰ, ਚਾਕਰ ਯਾ ਫੌਜੀ ਸਿਪਾਹੀ ਆਦਿ ਵਡਕਿਆਂ ਨੂੰ ਕਰਦੇ ਹਨ।

ਫੁਰਮਾਇਸਿ—[ਫਾ:, ਫੁਰਸਾਇਸ਼] ਹੁਕਮ। (ਅ) ਫੁਰਮਾਇਸ਼ ਦਾ ਕਈ ਵੇਰ ਅਰਥ ਸਿਫਾਰਸ਼ ਬੀ ਹੁੰਦਾ ਹੈ, ਪਰ ਏਥੇ 'ਫੁਰਮਾਨ' ਅਰਥ ਹੈ।

ਮਾਨੁ—ਮਾਨ ਰਖਣ ਦਾ ਇਸ਼ਾਰਾ ਨੌਕਰਾਂ ਤੋਂ ਛੁੱਟੇ ਦੂਜੇ ਲੋਕਾਂ ਵੱਲ ਹੈ ਜੋ ਰਾਜਾ ਸਮਝ ਕੇ ਸਤਿਕਾਰ ਕਰਦੇ ਹਨ। **ਨਿਰਾਫਲ**—(ਸੰਸ:, ਨਿਖ੍ਫਲ) ਨਿਰ = ਖਾਲੀ + ਫਲ। ਫਲ ਹੀਨ ਬਿਰਥਾ। ਪੰਜਾਬੀ ਵਿਚ 'ਨਿਸਫਲ' ਨੂੰ 'ਨਿਫਲ' ਤੇ 'ਨਿਰਾਫਲ' ਬੀ ਬੋਲਦੇ ਹਨ।

ਭੋਲਾ—ਜੋ ਭੁੱਲ ਤੇ ਭਰਮ ਵਿਚ ਪਿਆ ਹੋਵੇ। (ਅ) ਮੂਰਖ।

ਕੁਪਰਵਾਣ—ਅਪਰਵਾਣ, ਜੋ ਕਬੂਲ ਨਾ ਪਵੇ।

ਕਰਮਿ—ਮੇਹਰ ਦੁਆਰਾ, ਭਾਵ ਗੁਰੂ ਕ੍ਰਿਪਾ ਤੋਂ ਹੈ।

ਅਹਿਨਿਸਿ—ਦਿਨੇ ਰਾਤ। (ਦੇਖੋ ਪੰਨਾ ੨੭੭)

[ਆਸਾ ਮਹਲਾ ੧, ਚਉਪਦਾ—੩੨]

ਪ੍ਰਾਕ੍ਥਨ— ਪ੍ਰਾਣੀ ਦੀ ਕਲਯ਼ਾਣ ਹੇਤ, ਹਿੰਦੂ ਧਰਮ ਵਿਚ ਪ੍ਰਵਿਰਤ ਕਰਮ ਕਾਂਡੀ ਕਰਮ ਜੋ ਕੀਤੇ ਜਾਂਦੇ ਹਨ, ਉਹਨਾਂ ਦੀ ਥਾਂਵੇਂ ਭਗਤੀ ਮਾਰਗ ਦੇ ਅੰਗ ਵਰਣਨ ਕਰਦੇ ਹਨ, ਜੋ ਸੱਚਮੁਚ ਕਲਜਾਣ-ਕਾਰੀ ਹਨ, ਤੇ ਕਰਮ ਕਾਂਡੀ ਕਰਮਾਂ ਦੀ ਨਿਸ਼ਫਲਤਾ ਦਿਖਾ ਦੇਂਦੇ ਹਨ।

ਮੂਲ	ਅਰਥ
ਆਸਾ ਮਹਲਾ ੧ ॥ ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥	ਦੀਵਾ (ਜੋ ਪ੍ਰਾਣੀ ਦੇ ਮਰਣ ਸਮੇਂ ਉਸ ਨੂੰ ਦਿਖਾਲਦੇ ਹਨ ਤੇ ਫੇਰ ੧੩ ਦਿਨ ਇਕ ਦੀਵਾ ਅਪਣੇ ਘਰ ਬਾਲੀ ਰਖਦੇ ਹਨ ਉਸ ਦੀ ਥਾਂਵੇਂ) ਮੇਰਾ ਇਕ (ਹਰੀ ਦਾ) ਨਾਮ ਹੈ, (ਉਸ) ਵਿਚ ਦੁਖ (ਰੂਪੀ) ਤੇਲ ਪਾਇਆ ਹੋਇਆ ਹੈ, ਉਸ (ਦੀਵੇ) ਨੇ ਕੀਤਾ ਹੈ ਚਾਨਣਾ ਗਿਆਨ ਦਾ, ਦੂਜੇ ਪਾਸੇ) ਉਹ (ਦੁਖ ਰੂਪ ਤੇਲ) ਸੁੱਕ ਗਿਆ (ਫਲ ਕੀ ਹੋਇਆ ? ਕਿ) ਜਮ ਨਾਲ ਮੇਲ (ਹੋਣਾ) ਹੀ ਮੁੱਕ ਗਿਆ॥੧॥
ਲੋਕਾ ਮਤ ਕੋ ਫਕੜਿ ਪਾਇ ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥੧॥ਰਹਾਉ ॥	ਹੇ ਲੋਕੋ ! ਫ਼ਜ਼ੂਲ ਖਜਾਲਾਂ ਵਿਚ ਨਾ ਪਓ, (ਨਾਮ ਨਾਲ ਪਾਪ ਬਖ਼ਸ਼ੇ ਜਾਂਦੇ ਹਨ ਜਿਵੇਂ) ਲੱਖਾਂ ਢੇਰ ਲੱਕੜੀਆਂ ਦੇ ਕੱਠੇ ਕੀਤੇ ਹੋਏ ਇਕ ਰਤੀ ਅੱਗ ਲੈ ਲੈਂਦੀ ਹੈ, (ਭਾਵ ਭਸਮ ਕਰ ਦੇਂਦੀ ਹੈ)॥੧॥ਰਹਾਉ॥
ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥	[ਦੀਵਾ ਕਹਿ ਕੇ, ਹੁਣ ਹੋਰ ਗੱਲਾਂ ਲੈਂਦੇ ਹਨ:] ਮੇਰੀ ਪਿੰਡ ਤੇ ਪਤਲ ਕੇਸ਼ਵ, ਤੇ ਮੇਰੀ ਕਿਰਿਆ ਕਰਤਾਰ ਦਾ ਸੱਚਾ ਨਾਮ

ਹੈ। ਏਥੇ (=ਇਸ ਲੋਕ ਵਿਚ ਤੇ) ਓਥੇ (=ਪ੍ਰਲੋਕ ਵਿਚ) ਇਕੋ (ਨਾਮ ਹੀ) ਮੇਰਾ ਆਧਾਰ (ਆਸਰਾ) ਹੈ, ਪਾਛੈ (=ਪਿਛਲੇ ਸਮੇਂ ਬੀ ਇਹੋ ਮੇਰਾ ਆਧਾਰ ਸੀ ਤੇ) ਅੱਗੋਂ ਨੂੰ (ਬੀ ਮੇਰਾ ਏਹੋ ਆਧਾਰ ਹੋਵੇਗਾ)॥੨॥

ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥੨॥

ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥

(ਹੇ ਕਰਤਾਰ!) ਤੇਰੀ ਸਿਫਤ (ਸਲਾਹ ਮੇਰੀ) ਗੰਗਾ ਹੈ (ਇਹੋ ਮੇਰੀ) ਕਾਸ਼ੀ ਹੈ, (ਇਸ ਵਿਚ ਲੱਗੇ ਰਹਿ ਕੇ ਮੇਰਾ) ਮਨ ਇਸ਼ਨਾਨ ਕਰਦਾ ਹੈ। (ਪਰ ਜਦ ਨਾਮ ਤੇ ਸਿਫਤ ਸਲਾਹ ਨਾਲ) ਦਿਨ ਰਾਤ ਦਾ ਪ੍ਰੇਮ (ਅਕਾਲ ਪੁਰਖ ਨਾਲ) ਲਗ ਜਾਏਗਾ ਤਦੋਂ ਸੱਚਾ ਇਸ਼ਨਾਨ ਹੋ ਜਾਏਗਾ॥੩॥

ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥੨॥੩੨॥

(ਪਿੰਡ ਜੋ ਭਰਦੇ ਭਰਾਉਂਦੇ ਹਨ) ਇਕ ਤਾਂ ਦੈਉਤਿਆਂ ਨਮਿਤ ਹੁੰਦੇ ਹਨ ਇਕ ਪਿਤ੍ਰਾਂ ਨਮਿਤ, (ਦੋਹਾਂ ਪਿੰਡਾਂ ਨੂੰ) ਬ੍ਰਾਹਮਣ ਵੱਟ ਕੇ ਧਰ ਦੇਂਦਾ ਹੈ (ਤੇ ਆਪ ਸ੍ਰਾਧ ਦੀਆਂ ਪੂਰੀਆਂ ਆਦਿ) ਖਾਂਦਾ ਹੈ। ਪਰ ਹੇ ਨਾਨਕ ! ਜੋ (ਵਾਹਿਗੁਰੂ ਦੀ) ਬਖਸ਼ਿਸ਼ ਦਾ ਪਿੰਡ ਹੈ ਉਹ ਕਦੇ ਮੁੱਕਦਾ ਹੀ ਨਹੀਂ॥੪॥੨॥੩੨॥

ਵ੍ਯਾਖ੍ਯਾ— ਇਸ ਸ਼ਬਦ ਦੀਆਂ ਕਈ ਉਥਾਨਕਾਂ ਦੱਸੀਆਂ ਜਾਂਦੀਆਂ ਹਨ:—

੧. ਗੁਰੂ ਜੀ ਨੇ ਅਪਣੇ ਸਚਖੰਡ ਪਿਆਨੇ ਸਮੇਂ ਅਪਣੇ ਪੁੱਤ੍ਰਾਂ ਨੂੰ ਉਹਨਾਂ ਦੇ ਪੁੱਛਣੇ ਤੇ ਹਿਦਾਇਤ ਕੀਤੀ ਕਿ ਮੇਰਾ ਦੀਵਾ, ਪਿੰਡ, ਪੱਤਲ, ਕਿਰਿਆ ਕਰਮ ਕੁਛ ਨਹੀਂ ਕਰਾਉਣਾ, ਮੇਰਾ ਨਾਮ ਸਭੋ ਕੁਛ ਕਰ ਚੁਕਾ ਹੈ।

੨. ਬਾਬਾ ਕਾਲੂ ਦੇ ਦੇਹਾਂਤ ਸਮੇਂ ਲੋਕਾਂ ਦੇ ਕਹਿਣੇ ਤੇ ਕਿ ਕਿਰਿਆ ਕਰਮ ਕਰਾਓ, ਆਪ ਨੇ ਫੁਰਮਾਇਆ ਕਿ ਸਾਡੀ ਮਰਯਾਦਾ ਨਾਮ ਭਗਤੀ ਦੀ ਹੈ, ਦੀਵਾ, ਕ੍ਰਿਯਾ, ਪਿੰਡ, ਸਭ ਕੁਛ ਨਾਮ ਤੇ ਸਿਫਤ ਸਲਾਹ ਵਿਚ ਹੋ ਜਾਂਦਾ ਹੈ।

੩. ਗਇਆ ਪਰ ਇਹ ਸ਼ਬਦ ਉਚਾਰਿਆ ਬੀ ਦੱਸੀਦਾ ਹੈ; ਪਰ ਇਹ ਤਾਂ ਸਪਸ਼ਟ ਹੈ ਕਿ ਕਰਮ ਕਾਂਡੀ ਕਰਮ ਜੋ ਪ੍ਰਾਣੀ ਦੇ ਨਮਿਤ ਕੀਤੇ ਜਾਂਦੇ ਹਨ, ਇਸ ਸ਼ਬਦ ਵਿਚ ਉਹਨਾਂ ਦੀ ਮਨਾਹੀ ਹੈ, ਤੇ ਹਰੀ ਕੀਰਤਨ ਤੇ ਹਰੀ ਨਾਮ ਨੂੰ ਪ੍ਰਾਣੀ ਦੀ ਸਦਗਤੀ ਦਾ ਸਾਧਨ ਫੁਰਮਾਇਆ ਹੈ।

ਅੰਕ ੧— ਜੋ ਦੀਵਾ ਮਰਨ ਵੇਲੇ ਕਰਮ ਕਾਂਡ ਵਿਚ ਵਿਸ਼ਵਾਸ਼ੀ ਲੋਕ ਤੇ ਆਮ ਹਿੰਦੂ 'ਪ੍ਰਾਣੀ ਨੂੰ ਦਿਖਾਉਂਦੇ ਹਨ, ਜਿਸ ਨੂੰ ਆਖਦੇ ਹਨ: 'ਦੀਵਾ ਵਟੀ ਹੋ ਗਿਆ ਹੈ'; ਫੇਰ ਮਰਨ ਤੋਂ ਲੈ ਕੇ ਕਿਰਿਆ ਵਾਲੇ ਦਿਨ ਤਕ ਜਿਥੇ ਪ੍ਰਾਣੀ ਮਰਦਾ ਹੈ, ਓਥੇ ਦਿਨ ਰਾਤ ਦੀਵਾ ਬਾਲਦੇ ਹਨ, ਇਸ ਵਿਚ ਦੁਇ ਦੀਵੇ ਆ ਜਾਂਦੇ ਹਨ। ਇਨ੍ਹਾਂ ਦੀ ਥਾਂਵੇਂ ਅਸਾਂ ਨਾਮ ਦਾ ਦੀਵਾ ਬਾਲਿਆ ਹੈ, ਹਿਰਦੇ ਦੇ ਅੰਦਰ, ਤੇ ਜੀਉਂਦੇ ਜੀ। ਦੀਵੇ ਦੇ ਬਲਣ ਨਾਲ ਦੋ ਕੰਮ ਹੁੰਦੇ ਹਨ: ਇਕ ਤਾਂ ਚਾਨਣਾ ਹੁੰਦਾ ਹੈ; ਜੈਸਾ ਕਿ ਪੰਜਵੇਂ ਸਤਿਗੁਰਾਂ ਨੇ ਬੀ ਫੁਰਮਾਇਆ ਹੈ: ਮੰਦਰਿ ਮੇਰੈ ਸਬਦਿ ਉਜਾਰਾ॥ [ਆਸਾ ਮਹਲਾ ੫ ੫੩]

ਇਸ ਦੀਵੇ ਦੇ ਬਲਨ ਵਿਚ ਦੁੱਖਾਂ ਦਾ ਤੇਲ ਖਰਚ ਹੁੰਦਾ ਹੈ। ਦੁੱਖਾਂ ਦਾ ਕਾਰਣ ਪਾਪ ਹਨ, ਨਾਮ ਪਾਪਾਂ ਨੂੰ ਦਗਧ ਕਰਦਾ ਹੈ। ਸੋਈ ਗਲ ਦੱਸੀ ਹੈ: ਨਾਮ ਦਾ ਦੀਵਾ ਅੰਦਰ ਬਾਲਿਆਂ ਪਾਪ ਨਸ਼ਟ ਹੁੰਦੇ ਹਨ ਤੇ ਅੰਦਰ ਸ਼ਬਦ ਦੁਆਰਾ ਗ੍ਯਾਨ ਦਾ ਚਾਨਣ ਪੈਦਾ ਹੁੰਦਾ ਹੈ। ਪਾਪਾਂ ਤੇ ਦੁੱਖਾਂ ਦਾ ਬਿਨਸਨਾ ਤੇ ਗ੍ਯਾਨ ਉਦੇ ਹੋਣਾ ਜਨਮ ਮਰਨ ਕਟ ਦੇਂਦਾ ਹੈ, ਮੁਕਤੀ ਦਾਨ ਕਰਦਾ ਹੈ। ਐਸੇ ਪੁਰਖ ਨੂੰ ਸਦਗਤੀ ਆਪੇ ਪ੍ਰਾਪਤ ਹੋ ਜਾਂਦੀ ਹੈ, ਉਸ ਨੂੰ ਕਿਸੇ ਹੋਰ ਉਪਾਉ ਦੀ ਲੋੜ ਹੀ ਚੁਕ ਜਾਂਦੀ

ਹੈ। ਜਮ ਦਾ ਮੇਲ ਹੀ ਉਸ ਲਈ ਹਰਾਮ ਹੋ ਜਾਂਦਾ ਹੈ, ਜੈਸਾ ਕਿ ਵਾਕ ਹੈ ਧਰਮਰਾਜ ਨੇ ਦੂਤਾਂ ਨੂੰ ਕਹਿ ਛਡਿਆ ਹੈ ਕਿ ਨਾਮੀ ਤੇ ਹਰਿ ਕੀਰਤਿ ਪ੍ਰੇਮੀਆਂ ਦੇ ਨੇੜੇ ਬੀ ਤੁਸਾਂ ਨਹੀਂ ਜਾਣਾ:—

ਸਲੋਕੁ॥ ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥੧॥

[ਗਉੜੀ ਬਾਵਨ ਅਖਰੀ ਮਹਲਾ ੫—੩੧]

ਅੰਕ੨— ਦੀਵਾ ਕਹਿ ਕੇ ਹੁਣ ਪਿੰਡ ਪਤਲ ਕੇ ਕਿਰਿਆ ਬਾਬਤ ਬੀ ਦੱਸਦੇ ਹਨ ਕਿ ਓਹ ਬੀ ਮੇਰੇ ਲਈ ਕੇਸਵ (ਵਾਹਿਗੁਰੂ ਤੇ) ਉਸ ਦਾ ਨਾਮ ਹੈ। ਨਾਮ ਦਾ ਆਧਾਰ ਕੇਵਲ ਮਰ ਕੇ ਹੀ ਨਹੀਂ ਜੀਉਂਦੇ ਜੀ ਬੀ ਆਧਾਰ ਹੋ ਖੜੋਂਦਾ ਹੈ।

ਅੰਕ ੩ — ਪ੍ਰਾਣੀ ਦੇ ਮਰ ਜਾਣ ਤੇ ਲੋਕੀ ਫੁੱਲ ਲੈ ਕੇ ਗੰਗਾ ਜਾਂਦੇ ਹਨ, ਗੰਗਾ ਤੋਂ ਮੁਰਾਦ ਹਰਿਦੁਆਰ ਕਨਖਲ ਦੀ ਹੈ, ਜਿੱਥੇ ਫੁੱਲ ਜਾ ਕੇ ਪਾਉਂਦੇ ਹਨ। ਪਰ ਪਾਰਲੇ ਦੇਸ਼ ਦੇ ਕਈ ਲੋਕ ਬਨਾਰਸ ਜਾ ਕੇ ਗੰਗਾ ਵਿਚ ਫੁੱਲ ਪਾਉਂਦੇ ਹਨ: ਯਾ ਬਨਾਰਸ ਮਰੇ ਉਥੇ ਹੀ ਸਾੜ ਕੇ ਸਭ ਕੁਛ ਉਥੇ ਵਹਿ ਰਹੀ ਗੰਗਾ ਵਿਚ ਰੋੜ੍ਹ ਦੇਂਦੇ ਹਨ, ਇਸ ਕਿਰਿਆ ਅਰ ਇਥੋਂ ਦੇ ਇਸ਼ਨਾਨ ਨਾਲ ਜੋ ਲਾਭ ਸਮਝਿਆ ਜਾਂਦਾ ਹੈ ਕਲਪਿਤ ਹੁੰਦਾ ਹੈ; ਪਰ ਅਸਲੀ ਇਸ਼ਨਾਨ ਪਰਮੇਸ਼ੁਰ ਦੀ ਸਿਫਤ ਸਲਾਹ ਹੈ, ਯਥਾ:—

ਗੁਨ ਗਾਵਤ ਤੇਰੀ ਉਤਰਸਿ ਮੈਲੁ॥ [ਗਉੜੀ ਮਹਲਾ ੫, ਸੁਖਮਨੀ ੧੯-੭]

ਇਸ ਮੈਲ ਉਤਰਨ ਨਾਲ ਤੇ ਅੰਦਰ ਨਾਮ ਦੇ ਜਾਰੀ ਰਹਿਣ ਨਾਲ ਨਾਮੀ ਵਾਹਿਗੁਰੂ ਵਿਚ ਪ੍ਰੇਮ ਲਗ ਜਾਂਦਾ ਹੈ, ਇਹ ਪ੍ਰੇਮ ਲਗਾਤਾਰੀ ਹੋ ਗਿਆ'ਸੱਚਾ ਇਸ਼ਨਾਨ' ਹੈ:-

ਅੰਤਰ ਗਤਿ ਤੀਰਥਿ ਮਲਿ ਨਾਉ॥ [ਜਪੁਜੀ-੨੧]

ਜਿਸ ਨਾਲ ਸਾਂਈਂ ਨਾਲ ਵਿਛੋੜੇ ਤੇ ਵਿੱਥਾਂ ਦੀ ਮਲ ਕਟੀਜ ਕੇ ਆਤਮ ਮੇਲ ਹੋ ਜਾਂਦਾ ਹੈ।

ਅੰਕ ੪ ਵਿਚ ਹੁਣ ਜੋ ਪਿੰਡ ਭਰਾਉਂਦੇ ਹਨ; ਜੋ ਜਵਾਂ ਦੇ ਆਟੇ ਕਿ ਸੱਠੀ ਦੇ ਚਉਲਾਂ ਆਦਿ ਦੇ ਹੁੰਦੇ ਹਨ,ਤੇ ਬ੍ਰਾਹਮਣ ਪਿਤ੍ਰਾਂ ਨਮਿਤ ਦੁਆਉਂਦਾ ਹੈ, ਪਰ ਓਹ ਧਰਤੀ ਤੇ ਪਏ ਰਹਿੰਦੇ ਹਨ ਤੇ ਕਬੀਰ ਜੀ ਦੱਸਦੇ ਹਨ ਕਿ:-

ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥੧॥

[ਗਉੜੀ ਕਬੀਰ ਜੀ-੪੫]

ਪਰ ਏਥੇ ਗੁਰੂ ਜੀ ਦੱਸਦੇ ਹਨ ਕਿ ਬ੍ਰਾਹਮਣ ਪਿੰਡ ਵਟ ਵਟ ਕੇ ਪਿਤ੍ਰਾਂ ਨਮਿਤ ਦਿਵਾਉਂਦਾ ਹੈ, ਤੇ ਖਾਇ=ਖਾਂਦਾ ਹੈ। ਬ੍ਰਾਹਮਣ ਕਿਵੇਂ ਖਾਂਦਾ ਹੈ ? ਇਸ ਵਿਚ ਧੁਨੀ ਰੱਖੀ ਹੈ। ਜਿਵੇਂ ਮੁਸਲਮਾਨ ਨੂੰ ਕਿਹਾ ਸੀ ਕਿ ਤੁਹਾਡੀ ਬੀ ਮਿੱਟੀ ਸੜਦੀ ਹੈ:—

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ॥ [ਵਾਰ ਆਸਾ ਮਹਲਾ ੧-੬]

ਉਸੀ ਪ੍ਰਕਾਰ ਦਾ ਇਸ਼ਾਰਾ ਇਸ ਕਥਨੀ ਵਿਚ ਹੈ ਕਿ ਪਿੰਡ ਦੇ ਵੱਟਣ ਵਾਲਾ ਬ੍ਰਾਹਮਣ ਜਦ ਮਰ ਜਾਂਦਾ ਹੈ ਤਾਂ ਉਸ ਦੇ ਪਿਛਲੇ ਉਸ ਲਈ ਪਿੰਡ ਵੱਟ ਕੇ ਦੇਂਦੇ ਹਨ। ਜਦ ਲੋਕਾਂ ਦੇ ਪਿੰਡ ਭਰਾਂਉਂਦਾ ਸੀ ਤਾਂ ਪਿਤਰਾਂ ਨਮਿਤ, ਗੋਯਾ ਉਨ੍ਹਾਂ ਨੂੰ ਇਹ ਖੁਰਾਕ ਦੇਂਦਾ ਸੀ, ਹੁਣ ਜਦ ਆਪ ਪਿਤ੍ਰ ਬਣਿਆਂ ਤਾਂ ਉਸ ਨੂੰ ਪਿੰਡ ਅਰਪੇ ਗਏ, ਤਦ ਅਪਣੇ ਵਿਸ਼ਵਾਸ ਅਨੁਸਾਰ ਤੇ ਸਾਰੀ ਉਮਰ ਦੇ ਕਰਤੱਵ ਅਨੁਸਾਰ ਉਸ ਨੂੰ ਓਹ ਪਿੰਡ ਖਾਣੇ ਪੈਣਗੇ। ਐਉਂ ਬ੍ਰਾਹਮਣ ਪਿੰਡ ਖਾਂਦਾ ਹੈ।

ਪਿੰਡ ਦਾ ਅਰਥ ਹੈ ਪਿੰਨਾ, ਕਿਸੇ ਸ਼ੈ ਦਾ ਗੋਲਾ, ਯਾ ਢੇਰ।ਅਗਲੀ ਤੁਕ ਵਿਚ ਦੱਸਦੇ ਹਨ, ਕਿ ਨਾਮ ਨਾਲ ਜੋ ਬਖਸ਼ਿਸ਼ ਦਾ ਪਿੰਡ ਮਿਲਦਾ ਹੈ ਉਹ ਐਸੀ ਦਿਬਜ ਖ਼ੁਰਾਕ ਹੈ ਕਿ ਕਦੇ ਮੁੱਕਦੀ ਹੀ ਨਹੀਂ। ਨਾਮ ਪ੍ਰੇਮੀ ਨੂੰ ਵਾਹਿਗੁਰੂ ਦੀ ਬਖਸ਼ਿਸ਼ ਪ੍ਰਾਪਤ ਹੁੰਦੀ ਹੈ। ਇਹ ਸਮਝ ਲਓ ਪਿੰਡ ਸਥਾਈ ਕੋਈ ਵਸਤੂ ਹੈ ਜੋ ਸਨਬੰਧੀ ਨਹੀਂ ਦੇਂਦੇ, ਪਰ ਦਾਤਾ ਪ੍ਰਭੂ ਦੇਂਦਾ ਹੈ, ਜੋ ਕਦੇ ਮੁੱਕਦਾ ਹੀ ਨਹੀਂ; ਮੁਰਾਦ ਹੈ ਕਿ ਨਾਮੀ ਪੁਰਖ ਸਾਂਈਂ ਦੇ ਫਜ਼ਲ ਦੇ ਮੰਡਲ ਵਿਚ ਨਿਵਾਸ ਪਾਉਂਦਾ ਹੈ।

ਰਹਾਉ ਵਿਚ ਇਕ ਅਪਣਾ ਭਗਤੀ ਤੇ ਗਜਾਨ ਮਾਰਗ ਦੇ ਧ੍ਰਵੇ ਵਰਗਾ ਕੇਂਦ੍ਰੀ ਅਸੂਲ ਦੱਸਦੇ ਹਨ ਤੇ ਪੁਕਾਰ ਕੇ ਆਖਦੇ ਹਨ ਕਿ ਲੋਕੋ ! ਇਸ ਨਿਕੰਮੀ, ਅਸਾਰ, ਫ਼ਜ਼ੂਲ ਗੱਲ ਵਿਚ ਵਿਸ਼ਵਾਸ ਨਾ ਧਾਰੋ ਕਿ ਪਾਪ ਨਹੀਂ ਬਖ਼ਸ਼ੇ ਜਾਂਦੇ। ਪਾਪ ਬਖ਼ਸ਼ੇ ਜਾਂਦੇ ਹਨ, ਜੀਕੂੰ ਲੱਖਾਂ ਢੇਰ ਲੱਕੜਾਂ ਦੇ ਰਤੀ ਭਰ ਅੱਗ ਯਾ ਇਕ ਚਿਣਗਾਰੇ ਦੇ ਲਗ ਜਾਣ ਨਾਲ ਸੜ ਜਾਂਦੇ ਹਨ; ਉਸੀ ਤਰ੍ਹਾਂ ਪਾਪਾਂ ਦੇ ਮੜੇ ਨਾਮ ਦੀ ਇਕ ਚਿਣਗਾਰੀ ਨਾਲ ਦਗਧ ਹੋ ਜਾਂਦੇ ਹਨ। ਕਰਮ ਕਾਂਡੀ ਲੋਕ ਕੀਤੇ ਕਰਮਾਂ ਦਾ ਫਲ ਭੋਗਣਾ ਅਵੱਸ਼ਮੇਵ ਸਮਝਦੇ ਹਨ, ਪ੍ਰੇਮਾ ਭਗਤੀ ਕਿ ਗਜਾਨ ਨਾਲ ਉਨ੍ਹਾਂ ਦਾ ਦਗਧ ਹੋਣਾ ਨਹੀਂ ਮੰਨਦੇ। ਇਸ ਖ਼ਯਾਲ ਦਾ ਖੰਡਨ ਕਰਦੇ ਹਨ ਤੇ ਅਪਣਾ ਅਸੂਲ ਪ੍ਰਤਿਪਾਦਨ ਕਰਦੇ ਹਨ ਕਿ ਨਾਮ ਦੀ ਅਗਨੀ ਪਾਪਾਂ ਦੇ ਸਮੂਹਾਂ ਨੂੰ ਨਸ਼ਟ ਕਰ ਦੇਂਦੀ ਹੈ। ਫਿਰ ਜੋ "ਪਿੰਡੁ ਬਖਸੀਸ"ਦਾ ਆਖਿਆ, ਉਸ ਵਿਚ ਸੈਨਤ ਕਰਤਾ ਪੁਰਖ ਵਲ ਸਿੱਟੀ ਜਿਸ ਨੂੰ ਅੰਕ ੨ ਵਿਚ ਕਰਤਾਰ ਕਹਿ ਆਏ ਹਨ ਕਿ ਪਾਪ ਨਿਆਂ ਕਰਤਾ ਹਾਕਮ ਨਹੀਂ ਹਨ ਪਾਪ ਹੁਕਮੀ ਕਰਤਾਰ ਪਾਸ ਜਾਂਦੇ ਹਨ। ਓਹ ਦਾਤਾ ਫਲ ਪ੍ਰਦਾਤਾ ਹੈ, ਓਸ ਦਾ ਇਕ ਬਿਰਦ ਬਖਸ਼ਿਸ਼ ਬੀ ਹੈ। ਸੋ ਜਿਸ ਤੇ ਨਾਮ ਦੀ ਮਿਹਰ ਕਰ ਦੇਂਦਾ ਹੈ, ਉਸ ਦੇ ਕਰਮ ਦਗਧ ਹੋ ਜਾਂਦੇ ਹਨ, ਫੇਰ ਓਹ ਮੇਹਰ ਕਰਕੇ ਅਪਣੀ ਗੋਦ ਵਿਚ ਅਪਣੇ ਸਰੂਪ ਵਿਚ ਬਖਸ਼ੇ ਗਿਆਂ ਨੂੰ ਲੈ ਲੈਂਦਾ ਹੈ, ਇਹ ਉਸ ਦੀ ਬਖ਼ਸ਼ਿਸ਼ ਹੈ ਜੋ ਕਦੇ ਨਹੀਂ ਨਿਖੁੱਟਦੀ, ਸਦੈਵੀ ਹੋ ਜਾਂਦੀ ਹੈ। ਪਿੰਡਾਂ ਦੀ ਤ੍ਰਿਪਤੀ ਪਿਤਰਾਂ ਦੀ ਮੁੱਕ ਮੁੱਕ ਜਾਂਦੀ ਹੈ ਮੁੜ ਮੁੜ ਪਿੰਡ ਦੇਣੇ ਪੈਂਦੇ ਹਨ, ਪਰ ਵਾਹਿਗੁਰੂ ਦੇ ਬਖਸ਼ਿਸ਼ ਦੇ ਪਿੰਡ ਤੋਂ ਪ੍ਰਾਪਤ ਹੋਈ ਤ੍ਰਿਪਤੀ ਸਦੈਵੀ ਹੋ ਜਾਂਦੀ ਹੈ।

ਨਿਰਕੁ—ਸੋਖਿਆ—[ਸੰਸ:, ਸ਼ੁਖ਼੍ਕ = ਸੁੱਕਾ ਹੋਇਆ; ਭੁੰਨਿਆ ਹੋਯਾ] ਸੁੱਕ ਗਿਆ। ਮੁੱਕ ਗਿਆ। **ਫਕੜਿ**—ਫ਼ਜ਼ੂਲ ਗੱਲ, ਅਸਾਰ ਗੱਲ, ਜਿਵੇਂ ਫੁਰਮਾਯਾ ਹੈ:-

ਫਕੜ ਜਾਤੀ ਫਕੜੁ ਨਾਉ॥ [ਵਾਰ ਸਿਰੀ ਰਾਗੁ ਮਹਲਾ ੧-੩]

ਕਿ ਜ਼ਾਤ ਤੇ ਨਾਮਣਾ ਫਜ਼ੂਲ (ਵਸਤਾਂ) ਹਨ। ਤਿਵੇਂ ਏਥੇ ਭਾਵ ਹੈ ਕਿ ਇਸ ਫਜ਼ੂਲ ਗੱਲ ਫ਼ਜ਼ੂਲ ਝਗੜੇ ਫ਼ਜ਼ੂਲ ਖ਼ਯਾਲ ਵਿਚ ਨਾ ਪਓ ਕਿ ਪਾਪ ਫਲ ਭੋਗੇ ਬਿਨਾ ਦਗਧ ਨਹੀਂ ਹੁੰਦੇ। (ਅ) ਫਕੜਿ ਦਾ ਅਰਥ ਫਕੜੀ ਸਮਝ ਕੇ ਗੁਰੂ ਸਾਹਿਬ ਤੇ ਲਾਇਆ ਜਾਂਦਾ ਹੈ ਕਿ ਮੇਰੇ ਪ੍ਰਤਿਪਾਦਨ ਕੀਤੇ ਜਾ ਰਹੇ 'ਬਖਸ਼ਿਸ਼' ਦੇ ਅਸੂਲ ਉਤੇ ਹਾਸੀ ਮਖੌਲ ਨਿੰਦਾ ਨਾ ਕਰੋ।

ਮੜਿਆ—ਢੇਰ। **ਭਾਹਿ**—(ਦੇਖੋ ਪੰਨਾ ੨੮੧ 'ਭਾਹਿ') ਅੱਜ।

ਕੇਸਉ [ਸੰਸ:, ਕੇਸ਼ਵ:] ਪ੍ਰਭੂ, ਅਕਾਲ ਪੁਰਖ। **ਗੰਗ**—[ਸੰਸ:, ਗੰਗਾ] ਗੰਗਾ, ਭਾਵ ਹਰਿਦ੍ਵਾਰ। ਬਨਾਰਸਿ—[ਸੰਸ:, ਵਾਰਾਣਸੀ] ਕਾਸ਼ੀ, ਜੋ ਗੰਗਾ ਦੇ ਕਿਨਾਰੇ ਤੀਰਥ ਹੈ।

ਆਤਮ ਰਾਉ—ਆਤਮਾ, ਰੂਹ, ਮਨ। **ਅਹਿਨਿਸਿ**—ਦਿਨ ਰਾਤ।

ਭਾਉ—[ਸੰਸ:, ਭਾਵ,] ਪ੍ਰੇਮ।

ਲੋਕੀ—ਦੇਵ ਲੋਕਾਂ ਵਿਚ ਰਹਿਣ ਵਾਲੇ ਦੇਵਤੇ। ਭਾਵ ਹੈ ਪਿੰਡ ਜੋ ਦੇਵਤੇ ਨਮਿਤ ਦੇਂਦੇ ਹਨ।

ਛਮਿਛਰੀ—[ਸੰਸ:, ਕ੍ਸ਼ਮਾ (ਜ਼ਮੀਨ) + ਚਰ (ਚਲਨ ਵਾਲਾ) ਪ੍ਰਿਥਵੀ ਤੇ ਵਿਚਰਨ ਵਾਲਾ, ਭਾਵ ਮਾਨੁਖ] ਮਨੁਖ ਤੋਂ ਪਿਤ੍ਰ ਭਾਵ ਲੈ ਕੇ ਛਮਿਛਰੀ ਦਾ ਅਰਥ ਬਣਦਾ ਹੈ ਓਹ ਪਿੰਡ ਜੋ ਪਿਤ੍ਰਾਂ ਨਮਿਤ ਦਿੱਤੇ ਜਾਂਦੇ ਹਨ। (ਅ) ਲੋਕੀ ਦਾ ਅਰਥ ਲੋਗ ਲਾ ਕੇ ਐਉਂ ਬੀ ਲਾਉਂਦੇ ਹਨ ਕਿ ਲੋਗ ਇਕ ਪਿੰਡ ਤਾਂ ਦੇਵਤਿਆਂ ਨਮਿਤ ਦੇਂਦੇ ਹਨ ਤੇ ਹੋਰ ਪਿੰਡ ਪਿਤਰਾਂ ਨਮਿਤ ਦੇਂਦੇ ਹਨ*।

ਪਿੰਡੁ ਬਖਸੀਸ ਕਾ—ਬਖ਼ਸ਼ੀਸ਼ ਦਾ ਪਿੰਡ, ਵਾਹਿਗੁਰੂ ਦੀ ਮੇਹਰ ਦਾ ਪਿੰਡ।

*ਐਉਂ ਬੀ ਕਰਦੇ ਹਨ:—ਲੋਕੀ = ਪਿਤ੍ਰਾਂ ਨਮਿਤ ਠੂਠੀਆਂ ਵਿਚ ਜੋ ਪਿੰਡ ਰੱਖੇ ਜਾਂਦੇ ਹਨ। ਛਮਿਛਰੀ = ਇਸਨੂੰ ਆਦਿ ਦੇਵਤਿਆਂ ਨਮਿਤ, ਜੋ ਕੁਸ਼ਾ ਘਾਸ ਵਿਛਾ ਕੇ ਰੱਖੇ ਜਾਂਦੇ ਹਨ।

ਨਿਖੂਟਸਿ ਨਾਹਿ—ਨਿਖੁਟਦਾ ਨਹੀ, ਮੁੱਕਦਾ ਨਹੀ। ਇਹ ਇਸ ਲਈ ਕਿਹਾ ਹੈ ਕਿ ਪ੍ਰੇ- ਕ੍ਰਿਯਾ ਜੋ ਸਾਸਤ੍ਰਾਂ ਵਿਚ ਦੱਸੀ ਹੈ ਉਸ ਅਨੁਸਾਰ ਖ਼ਾਸ ਖਾਸ ਚੀਜ਼ਾਂ ਦੇ ਪਿੰਡ ਦਿੱਤਿਆਂ ਖਾਸ ਖਾਸ ਸਮੇ ਤਕ ਪਿਤ੍ਰ ਤ੍ਰਿਪਤ ਰਹਿੰਦੇ ਹਨ। ਫੇਰ ਤ੍ਰਿਪਤੀ ਦਾ ਅਸਰ ਨਿਖੁੱਟ ਜਾਂਦਾ ਹੈ। ਉਧਰ ਸੈਨਤ ਕਰਕੇ ਫੁਰਮਾਇਆ ਹੈ ਕਿ ਬਖਸ਼ਿਸ਼ ਦਾ ਪਿੰਡ ਕਦੇ ਨਹੀਂ ਮੁੱਕਦਾ। [ਤੀਜੇ ਘਰ ਦੇ ਦੋ ਸ਼ਬਦ ਸਮਾਪਤ।

[ਆਸਾ ਮਹਲਾ ੧ ਚਉਪਦਾ-੩੩]

ਆਸਾ ਘਰੁ ੪ ਮਹਲਾ ੧ ੧ੴ ਸਤਿਗੁਰ ਪ੍ਰਸਾਦਿ॥

ਮੂਲ

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥ ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥

ਤਉ ਕਾਰਣਿ ਸਾਹਿਬਾ ਰੰਗਿ ਰਤੇ ॥ ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥

ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥ ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥

ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥ ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥

ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥

ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥

ਅਰਥ

ਹੇ (ਮੇਰੇ) ਮਾਲਿਕ ! ਤੇਰੇ ਪ੍ਰੇਮ ਵਿਚ ਰੱਤੇ ਹੋਏ (ਤੇਰੇ ਦਰਸ਼ਨ ਲੈਣ ਦੇ) ਕਾਰਣ (ਕਿਤਨੀ ਤਰ੍ਹਾਂ ਦੇ ਤੇਰੇ ਸਾਜੇ ਫਿਰ ਰਹੇ ਹਨ)। ਤੇਰੇ ਨਾਮ ਅਨੇਕ ਹਨ, ਤੇਰੇ ਰੂਪ ਬਿਅੰਤ ਹਨ, ਤੇਰੇ ਗੁਣ (ਇੰਨੇ ਅਨੰਤ ਹਨ ਕਿ ਓਹ) ਕਹੇ ਨਹੀਂ ਜਾਂਦੇ ਕਿ ਕਿਤਨੇ ਹਨ॥ ੧॥ ਰਹਾਉ॥

ਦੇਵਤਿਆਂ (ਵਰਗੇ ਭਲਿਆਂ) ਨੇ (ਤੇਰੇ) ਦਰਸ਼ਨ ਦੀ ਖ਼ਾਤਰ ਤੀਰਥ (ਯਾਤ੍ਰਾ) ਕੀਤੀਆਂ, ਦੁਖ ਤੇ ਭੁੱਖਾਂ ਸਹਾਰੀਆਂ, ਜੋਗੀ (ਲੋਕ) ਜਤੀ (ਸੰਨਜਾਸੀ ਆਦਿ ਜਤ ਪਾਲਣ ਵਾਲੇ ਯੋਗਾ-ਭ੍ਯਾਸ ਇੰਦ੍ਰੇ ਦਮਨ ਆਦਿ) ਜੁਗਤੀਆਂ ਵਿਚ ਹਨ, ਤੇ ਕਈ ਭਗਵੇ ਭੇਖ ਨੂੰ ਧਾਰਨ ਵਾਲੇ ਹੋਏ॥ ੧॥

(ਕਈ ਰਾਜੇ ਪਾਤਸ਼ਾਹ ਤੇਰੇ ਕਾਰਣ) ਘਰ, ਦਰਬਾਰ, ਮਹਲਾ (ਰਾਣੀਆਂ) ਹਾਥੀ, ਘੋੜੇ (ਅਪਣੀਆਂ) ਵਲੈਤਾਂ ਤੇ ਵਤਨਾਂ ਨੂੰ ਛੱਡ ਛੱਡ ਕੇ (ਪਰਦੇਸੀਂ) ਚਲੇ ਗਏ। (ਕਈ) ਪੀਰ ਪੈਗੰਬਰ ਸਾਲਿਕ (ਮਰਯਾਦਾ ਪਰਸ਼ੋਤਮ ਸਾਧੂ) ਸਾਦਿਕ (ਪੱਕੇ ਨਿਸ਼ਚੇ ਵਾਲੇ) ਦੁਨੀਆਂ ਦਾ ਤਜਾਗ ਕਰਕੇ ਪਰਵਾਨ ਹੋ ਗਏ॥ ੨॥

(ਕਈ ਸਰੀਰਕ) ਸੁਆਦ ਨਿਰਯਤਨ ਮਿਲ਼ ਰਹੇ (ਗ੍ਰਿਹਸਤ ਆਸ਼੍ਰਮ ਦੇ)ਸੁਖ ਅਤੇ ਤਰ੍ਹਾਂ ਤਰ੍ਹਾਂ ਦੇ ਰਸ ਤਜਾਗ ਕੇ (ਕਈ) ਕੱਪੜੇ ਪਹਿਨਣੇ ਬੀ) ਛੱਡ ਕੇ ਚਮੜੇ ਉਤੇ ਲੈ ਕੇ ਤੇਰੇ ਦਰਵਾਜ਼ੇ ਤੇ ਦੁਖੀਏ ਤੇ ਦਰਦ-ਰਵਾਣੇ ਹੋ ਕੇ ਤੇਰੇ ਨਾਮ ਵਿਚ ਰੰਗੇ ਹੋਏ ਫ਼ਕੀਰ ਹੋ ਗਏ॥ ੩॥

(ਕਈਆਂ ਨੇ ਸ਼ੇਰ ਦੀ) ਖੱਲ (ਲੈ ਲਈ, ਕਈਆਂ ਨੇ) ਖੱਪਰ (=ਠੂਠੇ ਹੱਥ ਫੜ ਲਏ, ਕਈ) ਡੰਡੀ ਧਾਰਨ ਵਾਲੇ (ਸੰਨਜਾਸੀ ਹੋ ਗਏ ਕਈਆਂ ਨੇ (ਮ੍ਰਿਗਾਣ ਲੈ ਲਈ, (ਕਈਆਂ ਨੇ) ਬੋਦੀ, ਜਨੇਊ ਤੇ ਧੋਤੀ (ਧਾਰਨ) ਕੀਤੀ ਹੋਈ ਹੈ।) ਤਿਵੇਂ ਹੇ ਸਾਹਿਬਾ!) ਤੂੰ (ਸਭ ਦਾ) ਸਾਹਿਬ ਹੈਂ, ਮੈਂ (ਬੀ) ਤੇਰਾ (ਇਕ) ਸੁਆਂਗੀ ਹਾਂ ਨਾਨਕ ਦੀ ਬੇਨਤੀ ਇਹ ਹੈ ਕਿ (ਮੇਰੀ) ਜਾਤਿ (ਆਦਿ ਦੀ ਵਡਿਆਈ) ਕੋਈ ਨਹੀਂ ਹੈ॥ ੪॥ ੧॥ ੩੩॥

ਵਯਾਖਯਾ—ਇਸ ਸਾਰੇ ਸ਼ਬਦ ਵਿਚ ਜਿਤਨੇ ਭੇਖ, ਫ਼ਕੀਰੀ ਬਾਣੇ ਤੇ ਸੰਪ੍ਰਦਾਵਾਂ ਗਿਣੀਆਂ ਹਨ, ਉਹਨਾਂ ਭੇਖਾਂ ਵਾਲਿਆਂ ਆਦਿ ਦੀ ਵਡਿਆਈ ਨਹੀਂ ਕਰ ਰਹੇ, ਨਾ ਹੀ ਉਹਨਾਂ ਭੇਖੀਆਂ ਨੂੰ ਲੈ ਰਹੇ ਹਨ ਜੋ ਪੇਟ ਦੀ ਖਾਤਰ ਭੇਖ ਧਾਰਦੇ ਹਨ; ਸਗੋਂ ਉਹਨਾਂ ਨੂੰ, ਜਿਨ੍ਹਾਂ ਦੇ ਅੰਦਰ ਸਾਂਈਂ ਦੇ ਦਰਸ਼ਨ ਦੀ ਭੁੱਖ, ਉਸ ਦੇ ਪ੍ਰੇਮ ਵਿਚ ਰੱਤੇ ਹੋਣ ਦੀ ਹਾਲਤ, ਉਹਨਾਂ ਦੇ ਸਰੀਰਕ ਸੁਖਾਂ ਦੇ ਤਯਾਗ ਤੇ ਤਿਆਗਾਂ ਵਿਚ ਦੁੱਖ ਦਰਦ ਸਹਿਣ ਦੀ ਤਤਿਖਯਾ, ਇਸ ਦੇ ਨਾਲ 'ਨਾਮ ਰਤੇ' ਹੋਣਾ ਸਾਰਾ ਕੁਛ ਲੈ ਕੇ ਉਹਨਾਂ ਦੀ ਦਿਲੀ ਲਗਨ ਦੀ ਵਡਿਆਈ ਕਰ ਰਹੇ ਹਨ, ਤੇ ਭੇਖ ਆਦਿ ਵਿਖੇਵਿਆਂ ਨੂੰ ਇਸ ਵੇਲੇ ਨਜ਼ਰ ਅੰਦਾਜ਼ ਕਰ ਰਹੇ ਹਨ। ਨਾਂ ਹੀ ਇਨ੍ਹਾਂ ਵਿਚ ਜੋ ਭਿੰਨਤਾ ਹੈ, ਉਸ ਨੂੰ ਲੈ ਰਹੇ, ਸਗੋਂ ਕਰਤਾਰ ਦੇ ਗੁਣਾਂ ਦੀ ਅਨੇਕਤਾ, ਉਸ ਦੇ ਰੂਪਾਂ ਰੰਗਾਂ ਦੀ ਅਨੇਕਤਾ ਨੂੰ ਲੈ ਕੇ ਸੈਨਤ ਸੱਟਦੇ ਹਨ, ਇਨ੍ਹਾਂ ਵਿਚੋਂ ਖਬਰੇ ਕਿਸ ਕਿਸ ਨੂੰ ਸਾਂਈ ਦੇ ਕਿਸ ਕਿਸ ਗੁਣ ਨੇ ਮੋਹਿਆ ਹੈ, ਇਸ ਕਰਕੇ ਜਦ ਏਹ ਅੰਦਰੋਂ ਰੰਗ ਰਤੇ ਹਨ ਨਾਮਿ ਰਤੇ ਹਨ ਤੇ ਸਰੀਰਕ ਰਸ ਕਸ ਇਨ੍ਹਾਂ ਨੇ 'ਤਜੀਅਲੇ' ਹਨ, ਤਾਂ ਇਨ੍ਹਾਂ ਦੀ ਅਨੇਕਤਾ ਬੀ, ਹੇ ਸਾਹਿਬ ! ਤੇਰੀ ਬਹੁਰੰਗੀ ਦੇ ਝਲਕਾਰੇ ਹਨ।

ਜਿਵੇਂ ਇਕ ਗਾਂਧੀ ਲਟਕ ਰਹੇ ਸੰਗਤਰੇ ਦੇ ਮਿੱਠੇ ਰਸ ਨੂੰ ਨਹੀਂ ਪਰ ਉਸ ਦੀ ਛਿੱਲ ਵਿਚ ਦੀ ਖੁਸ਼ਬੂ ਨੂੰ ਲੈ ਰਿਹਾ ਹੁੰਦਾ ਹੈ, ਤਿਵੇਂ ਇਨ੍ਹਾਂ ਸਾਰੇ ਵੇਸਾਂ ਵਿਚ, ਉਹਨਾਂ ਦੇ ਹਿਰਦਿਆਂ ਵਿਚ, ਪ੍ਰੇਮ ਦੀ ਖੁਸ਼ਬੂ ਗੁਰੂ ਜੀ ਲੈ ਰਹੇ ਹਨ। ਵੇਸਾਂ ਨੂੰ ਇਉਂ ਲੈ ਰਹੇ ਹਨ: ਜਿਵੇਂ ਬਹੁਰੂਪੀਏ ਦੇ ਸਾਂਗ ਧਾਰਨ ਵਾਂਙੂ ਹਨ, ਜੋ ਬੀ ਸਮਝੋ ਕਿ ਸਾਹਿਬ ਨੂੰ ਪ੍ਰਸੰਨ ਕਰਨੇ ਲਈ ਹਨ। ਸਾਂਗ ਦਾ ਭਾਵ 'ਰਬ ਦੀਆਂ ਸਾਂਗਾਂ ਲਾਉਣ ਵਾਲੇ' ਕਰਨਾ ਉਕਾਈ ਹੈ। ਸਾਂਗ ਲਾਉਣੇ ਇਕ ਪ੍ਰਕਾਰ ਦੀ ਹੱਤਕ ਕਰਨੀ ਹੁੰਦੀ ਹੈ। ਅਸਲ ਗਲ ਇਹ ਹੈ ਕਿ ਰਾਜਿਆਂ ਪਾਤਸ਼ਾਹਾਂ ਪਾਸ ਵਿਦੂਖਕ ਹੁੰਦੇ ਹਨ ਜੋ ਉਹਨਾਂ ਨੂੰ ਚਿੰਤਾ ਹੌਲੀ ਕਰਨ ਲਈ ਹਸਾਉਂਦੇ ਖਿਡਾਉਂਦੇ ਰਹਿੰਦੇ ਹਨ। ਵਿਦੂਖਕ ਕਈ ਵੇਰ ਕੋਈ ਕੋਈ ਸਾਂਗ ਉਤਾਰਕੇ ਬੀ ਮਾਲਕ ਨੂੰ ਪ੍ਰਸੰਨ ਕਰਦੇ ਹਨ। ਏਥੇ ਇਹ ਭਾਵ ਜਾਪਦਾ ਹੈ ਕਿ ਏਹਨਾਂ ਭੇਖਾਂ ਦੀ ਵਿਲੱਖਣਤਾ ਸਾਂਗ ਧਾਰਨ ਵਾਂਙੂ ਹੈ। ਅਸਲ ਸ਼ੈ ਵਿਚ 'ਤੇਰਾ ਪ੍ਰੇਮ' ਹੈ।

ਭੇਖ ਜੇ ਸਾਰੇ ਛੱਡੀ ਜਾਓ ਤਾਂ ਅੰਤ ਕੋਈ ਤਾਂ ਰਹਿ ਹੀ ਜਾਏਗਾ। ਜੇਕਰ ਸਾਰੇ ਛੱਡਕੇ ਦਿਗੰਬਰੀ ਹੋ ਗਏ ਤਾਂ ਦੇਖੋ ਉਹ ਬੀ ਇਕ ਸਾਂਪ੍ਰਦਾਯਕ ਚਿੰਨ੍ਹ ਬਣਕੇ ਭੇਖ ਹੋ ਗਿਆ। ਇਸ ਕਰਕੇ ਛੇਕੜਲੇ ਅੰਕ ਵਿਚ ਆਪ ਨੂੰ ਲੈਂਦੇ ਹਨ ਕਿ ਮੈਂ ਭੀ ਇਕ ਤੇਰੇ ਦਰ ਦਾ ਸ੍ਵਾਂਗੀ ਹਾਂ। ਚਾਹੇ ਮੈਂ ਕਿਸੇ ਲਿਬਾਸ ਵਿਚ ਰਹਾਂ, ਉਹ ਬੀ ਇਕ ਭੇਖ ਹੀ ਹੋਇਗਾ, ਸੋ ਮੈਂ ਬੀ ਤੇਰਾ ਇਕ ਸ੍ਵਾਂਗੀ ਹਾਂ। ਜੇ ਕੋਈ ਮੈਨੂੰ ਕਹੇ ਕਿ ਮੈਂ ਉੱਚ ਜਾਤੀ 'ਵੇਦੀ ਖਯਤ੍ਰੀ' ਹਾਂ ਤਾਂ ਠੀਕ ਨਹੀਂ; ਮੇਰੀ ਜਾਤ ਕੋਈ ਨਹੀਂ ਹੈ, ਹੈ ਤਾਂ ਨੀਵੀਂ:-

ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ।
ਤਿਨ ਮੰਗਾ ਜਿ ਤੁਝੈ ਧਿਆਇਦੇ॥ [ਵਾਰ ਆਸਾ ਮ: ੧-੯]

ਉਸੇ ਤਰ੍ਹਾਂ ਇਥੇ ਆਪ ਨੂੰ ਜਾਤੀ ਅਭਿਮਾਨ ਤੋਂ ਰਹਿਤ ਇਕ ਪ੍ਰਭੂ ਦੇ ਦਰ ਦੇ ਢਾਢੀ ਵਾਂਗ ਇਕ ਸ੍ਵਾਂਗੀ ਕਹਿ ਰਹੇ ਹਨ।

ਇਹ ਯਾਦ ਰਹੇ, ਜੈਸਾ ਕਿ ਉਪਰ ਕਹਿ ਆਏ ਹਾਂ ਕਿ ਰੱਬ ਜੀ ਦੀਆਂ ਸਾਂਗਾਂ ਲਾਉਣ ਵਾਲਾ ਸ੍ਵਾਂਗੀ ਨਹੀਂ; ਪਰ ਰੱਬ ਪਾਤਸ਼ਾਹ ਦੇ ਦਰ ਤੇ ਉਸ ਨੂੰ ਖੁਸ਼ ਕਰਨੇ ਲਈ ਸ੍ਵਾਂਗ ਧਾਰਨ ਵਾਲਾ ਕਹਿ ਰਹੇ ਹਨ।

ਪੰਜਵੇਂ ਸਤਿਗੁਰਾਂ ਨੇ ਵਾਹਿਗੁਰੂ ਨੂੰ ਸ੍ਵਾਂਗੀ ਕਿਹਾ ਹੈ, ਸਾਰੀ ਰਚਨਾ ਨੂੰ ਉਸ ਦਾ ਸ੍ਵਾਂਗ ਕਿਹਾ ਹੈ। ਯਥਾ:—

ਬਾਜੀ ਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥
ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥ ਤਬ ਏਕੋ ਏਕੰਕਾਰਾ॥੧॥ [ਰਾਗ ਸੂਹੀ ਮਹਲਾ ੫-੨]

ਏਹ ਭਾਵ ਉਤਲੇ ਆਸਾ ਰਾਗ ਦੇ ਸ਼ਬਦ ਵਿਚ ਨਹੀਂ। ਏਥੇ ਗੁਰੂ ਜੀ ਆਪ ਨੂੰ ਵਾਹਿਗੁਰੂ ਦੇ ਦਰ ਦਾ ਸਾਂਗੀ ਕਹਿ ਰਹੇ ਹਨ, ਜਿਵੇਂ ਉਸ ਦੇ ਦਰ ਦਾ ਢਾਢੀ ਆਪ ਨੂੰ ਕਹਿ ਲੈਂਦੇ ਹਨ।

ਵਿਸ਼ਾਲਤਾ— ਇਸ ਸ਼ਬਦ ਵਿਚ ਓਹ ਵਿਸਾਲ ਦ੍ਰਿਸ਼ਟੀ ਦਾ ਅਸੂਲ ਆਪ ਨੇ ਕਾਇਮ ਕੀਤਾ ਹੈ ਜੋ ਇਤਰ ਮਤ ਮਤਾਂਤਰਾਂ ਵਿਚ ਨਹੀਂ ਹੈ। ਹਰ ਮਜ਼ਹਬ ਵਾਲਾ ਤੇ ਹਰ ਮਤਾ ਵਲੰਬੀ ਆਪ ਨੂੰ ਠੀਕ ਤੇ ਉੱਚਾ ਸਮਝਦਾ ਹੈ, ਦੂਸਰੇ ਨੂੰ ਤ੍ਰਿਸਕਾਰਦਾ ਹੈ; ਕਈ ਤਾਂ ਹੋਰਨਾਂ ਨੂੰ ਦੋਜ਼ਖ਼ਾਂ ਦਾ ਅਧਿਕਾਰੀ ਦੱਸਦੇ ਹਨ। ਆਪ ਜੀ ਨੇ ਸਾਰੇ ਭੇਖਾਂ, ਵੇਸਾਂ, ਮਜ਼ਹਬਾਂ, ਸੰਪ੍ਰਦਾਵਾਂ ਭਿੰਨ, ਭਿੰਨ ਮਤਾਂ ਵਾਲਿਆਂ ਨੂੰ ਗਿਣ ਕੇ ਸਭਨਾ ਵਿਚੋਂ, ਜਿਸ ਜਿਸ ਜੀਵ ਵਿਚ ਵਾਹਿਗੁਰੂ ਪ੍ਰੇਮ ਤੇ ਨਾਮ ਦਾ ਰੰਗ ਹੈ, ਵਾਹਿਗੁਰੂ ਦੇ ਪ੍ਰੇਮ ਦੀ ਖ਼ਾਤਰ ਤਿਆਗ, ਵੈਰਾਗ, ਤਤਿੱਖਜਾ ਹੈ, ਉਸ ਨੂੰ ਲੈ ਲਿਆ ਹੈ। ਬਾਹਰਲੇ ਭੇਖ ਆਦਿਕ ਨਾਲ ਬੀ ਨਫ਼ਰਤ ਦੀ ਨਜ਼ਰ ਨਹੀਂ ਪਾਈ, ਇਸ ਨੂੰ ਇਕ ਸ੍ਵਾਂਗ ਦੀ ਸ਼ਕਲ ਵਿਚ ਲੈ ਕੇ ਅਪਣੇ ਹਿਰਦੇ ਦੀ ਪਰਮਕੁਸ਼ਲਤਾ ਵਿਚ ਡਿੱਠਾ ਹੈ, ਤੇ ਆਪਣੇ ਉਤੇ ਅਨੰਤ ਨਿੰਮ੍ਰਤਾ ਦੀ ਦ੍ਰਿਸ਼ਟੀ ਪਾਈ ਹੈ।

ਸ੍ਵੈ ਧਰਮ ਵਿਚ ਇਸ਼ਟਾਪਤੀ ਸਿਖਾਈ ਪਰ ਦੂਜਿਆਂ ਲਈ ਘ੍ਰਿਣਾਂ ਤੋਂ ਵਰਜ ਕੇ ਸੱਚ ਨੂੰ ਹਰ ਥਾਂ ਸਤਿਕਾਰਨਾ ਸਿਖਾਇਆ ਹੈ।

ਨਿਰੁਕ੍ਤ—ਪੀਰ—[ਫ਼ਾ:,] ਬੁੱਢਾ। ਭਾਵ ਬਜ਼ੁਰਗ, ਸਤਿਕਾਰ ਯੋਗ ਹਸਤੀ।

ਪੇਕਾਂਬਰ—[ਫ਼ਾ:, ਪੈਗ਼ੰਬਰ] ਸੁਨੇਹਾ ਲਿਆਉਣ ਵਾਲਾ, ਵਾਹਿਗੁਰੂ ਦਾ ਭੇਜਿਆ ਅਵਤਾਰ।

ਸਾਲਿਕ—[ਅ:,] ਨੇਕੀ ਦੇ ਰਸਤੇ ਟੁਰਨ ਵਾਲਾ। ਗੁਰਮੁਖ। ਮਰਿਯਾਦਾ ਪੁਰਸ਼ੋਤਮ।

ਸਾਦਿਕ—[ਅ:,] ਸੱਚਾ, ਪੱਕੇ ਵਿਸ਼ਵਾਸ਼ ਵਾਲਾ। **ਚਮੜ**—ਮ੍ਰਿਗਛਾਲਾ।

ਖਪਰੀ—ਠੂਠਾ। ਕਾਸਾ। **ਲਕੜੀ**—ਡੰਡੀ। **ਸਿਖਾ**—ਬੋਦੀ।

ਸੂਤੁ—ਜਨੇਊ। **ਪ੍ਰਣਵੈ**—ਬੇਨਤੀ ਕਰਦਾ ਹੈ।

[ਆਸਾ ਮਹਲਾ ੧, ਚਉਪਦਾ—੩੪]

ਆਸਾ ਘਰੁ ੫ ਮਹਲਾ ੧ ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਭੀਤਰਿ ਪੰਚ ਗੁਪਤ ਮਨਿ ਵਾਸੇ ॥ ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ॥੧॥	(ਸਾਡੇ ਸਰੀਰ ਦੇ) ਅੰਦਰ ਹੀ ਪੰਜ ਹਨ ਜੋ ਗੁਪਤ (=ਲੁਕਵੇਂ ਤ੍ਰੀਕੇ ਨਾਲ) ਮਨ ਵਿਚ ਵਸਦੇ ਹਨ,(ਇਸ ਕਰਕੇ ਮੇਰਾ ਮਨ) ਟਿਕਕੇ ਨਹੀ ਰਹਿੰਦਾ, (ਐਉਂ ਭਉਂਦਾ ਰਹਿੰਦਾ ਹੈ ਕਿ) ਜਿਵੇਂ (ਘਰੋਂ ਬਾਰੋਂ) ਉਦਾਸੀਨ (ਹੋਏ ਲੋਕੀ) ਭਉਂਦੇ ਫਿਰਦੇ ਹਨ॥੧॥
ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥ ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥੧॥ ਰਹਾਉ ॥	(ਹਾਂ)ਮੇਰਾ ਮਨ ਦਿਆਲੂ (ਪ੍ਰਭੂ) ਨਾਲ (ਲੱਗ ਕੇ) ਟਿਕਿਆ ਹੋਇਆ ਨਹੀਂ ਰਹਿੰਦਾ, (ਸਗੋਂ) ਮਾਇਆ ਨਾਲ ਬੁਹਤ ਲੱਗਾ ਰਹਿੰਦਾ ਹੈ) ਇਸ ਲਗਾਉ ਵਿਚ ਪ੍ਰਾਪਤੀ ਦੇ ਜਤਨਾਂ ਵਿਚ ਲੱਗਾ ਹੋਇਆ) ਲੋਭੀ, ਕਪਟੀ, ਪਾਪੀ, ਪਾਖੰਡੀ ਹੋਇਆ ਰਹਿੰਦਾ ਹੈ॥੧॥ ਰਹਾਉ॥

ਫੂਲ ਮਾਲਾ ਗਲਿ ਪਹਿਰਉਗੀ ਹਾਰੋ ॥ ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ ॥੨॥	[ਹਾਂ ਮੇਰੇ ਐਸੇ ਮਨ ਨੂੰ ਪ੍ਰੀਤਮ ਕਿਵੇਂ ਮਿਲੇ ? ਉੱਤਰ:—] (ਹਾਂ, ਜਦ ਲੋਭ, ਕਪਟ, ਪਾਪ ਆਦਿ ਦੇ ਚੀਥੜੇ ਲਾਹ ਕੇ ਸੁਹਣੇ) ਸ਼ਿੰਗਾਰ ਕਰਾਂਗੀ, ਫੁਲਾਂ ਦੀ ਮਾਲਾ ਤੇ (ਸੋਨੇ ਦੇ) ਹਾਰ ਗਲੇ ਵਿਚ ਪਹਿਨਾਂਗੀ, (ਮੈਨੂੰ ਬੀ) ਤਦੋਂ ਪ੍ਰੀਤਮ ਮਿਲ ਪਏਗਾ॥੨॥
ਪੰਚ ਸਖੀ ਹਮ ਏਕੁ ਭਤਾਰੋ ॥ ਪੇਡਿ ਲਗੀ ਹੈ ਜੀਅੜਾ ਚਾਲਣਹਾਰੋ ॥੩॥	(ਮੈਂ ਹੁਣ ਸ਼ਿੰਗਾਰ ਜ਼ਰੂਰ ਕਰਾਂਗੀ, ਕਿਉਂਕਿ ਮੈਨੂੰ ਪਤਾ ਲੱਗ ਗਿਆ ਹੈ ਕਿ ਮੇਰੇ ਅੰਦਰ ਬੈਠੀਆਂ) ਪੰਜ ਸਖੀਆਂ ਦਾ (ਤੇ ਦੇਹ ਅਭਿਮਾਨੀ ਜੀਵ) ਸਾਡਾ (ਛਿਆਂ ਦਾ) ਮਾਲਕ ਇਕੋ (ਉਹੋ ਪ੍ਰਭੂ) ਹੈ, (ਪਰ ਇਹ ਗੱਲ ਬੀ) ਮੁੱਢਤੋਂ ਹੀ ਟੁਰੀ ਆਉਂਦੀ ਹੈ (ਕਿ ਇਨ੍ਹਾਂ ਛੀਆਂ ਤੋਂ ਬਣਿਆਂ (ਜੀਵ ਚੱਲਣਹਾਰ ਹੈ (ਸਦਾ ਇੱਥੇ ਰਹਿਣੇ ਵਾਲਾ ਨਹੀਂ)॥੩॥
ਪੰਚ ਸਖੀ ਮਿਲਿ ਰੁਦਨੁ ਕਰੇਹਾ ॥ ਸਾਹੁ ਪਜੂਤਾ ਪ੍ਰਣਵਤਿ ਨਾਨਕ ਲੇਖਾ ਦੇਹਾ ॥੪॥੧॥੩੪॥	(ਸੋ ਜਦੋਂ ਜੀਅੜਾ ਚੱਲ ਬਸੇਗਾ ਤਦ ਇਹ ਸਾਡਾ ਜੀਵ) ਪੰਜਾਂ (ਗੁਪਤ ਵਰਤਣੇ ਵਾਲੀਆਂ) ਸਖੀਆਂ ਨਾਲ ਮਿਲ ਕੇ ਰੋਏਗਾ, (ਕਿਉਂਕਿ ਇਸ ਨੇ ਉਸ ਵੇਲੇ) ਪਕੜਿਆ ਹੋਇਆ (ਜਾਣਾ ਹੈ ਤੇ ਜਾਕੇ) ਸ਼ਾਹ ਨੂੰ ਲੇਖਾ ਦੇਣਾ ਹੈ; (ਹੇ ਜੀਵੋ ! ਹੁਣ ਹੋਸ਼ ਕਰੋ) ਨਾਨਕ (ਸਤਿਗੁਰੂ ਹੁਣ ਤੁਸਾਂ ਨੂੰ) ਦੱਸਦਾ ਹੈ (ਕਿ ਅੰਤ ਗਤੀ ਗ਼ਾਫ਼ਲਾਂ ਦੀ ਇਹ ਹੁੰਦੀ ਹੈ)॥੪॥੧॥੩੪॥

ਵਯਾਖਯਾ— ਰਹਾਉ ਤਕ ਇਨਸਾਨੀ ਮਨ ਦੇ ਮਾਇਆ ਵਿਚ ਖਚਿਤ ਰਹਿਕੇ ਅਟਿਕਵੇਂ ਰਹਿਣ ਤੇ ਲੋਭ ਕਪਟ ਪਾਪ ਪਾਖੰਡ ਵਿਚ ਹੋਣ ਵਾਲੀ ਅਵਸਥਾ ਵਿਚ ਪਹੁੰਚਣੇ ਦਾ ਸੰਖੇਪ ਅੱਖਾਂ ਵਿਚ ਨਕਸ਼ਾ ਬੰਨ੍ਹ ਦਿਤਾ ਹੈ, ਜਿਸ ਕਰਕੇ ਪ੍ਰੀਤਮ ਪ੍ਰਭੂ ਨਹੀਂ ਮਿਲਦਾ।

ਅੰਕ ੨ ਵਿਚ ਪ੍ਰੀਤਮ ਦੇ ਮਿਲਣ ਦਾ ਉਪਚਾਰ ਦੱਸਿਆ ਹੈ।

ਅੰਕ ੩ ਤੇ ਚਾਰ ਵਿਚ 'ਪਾਪ' ਮਈ ਜੀਵਨ ਅੰਤ ਰੋਣ ਵਿਚ ਸੱਟੇਗਾ' ਇਸ ਫਲ ਲਗਣ ਦਾ ਨਕਸ਼ਾ ਬੰਨ੍ਹ ਕੇ ਉਪਦੇਸ਼ ਦੇਂਦੇ ਹਨ, ਜੋ ਧੁਨੀ ਰੂਪ ਵਿਚ ਇਨ੍ਹਾਂ ਹੀ ਅਖਰਾਂ ਵਿਚ ਬੈਠਾ ਹੈ ਕਿ ਹੇ ਜੀਵੋ ! ਇਸ ਅੰਤਮ ਫਲ ਭੋਗਣ ਤੋਂ ਬਚੋ ਤੇ ਜੋ ਕੁਛ ਮੈਂ ਅੰਕ ੨ ਵਿਚ ਕਿਹਾ ਹੈ ਉਸ ਪਰ ਅਮਲ ਕਰੋ।

ਵੇਰਵੇ ਵਿਚ—ਧਯਾਨ ਯੋਗ ਗਲਾਂ ਏਹ ਹਨ:-ਅੰਦਰ ਪੰਜ ਗੁਪਤ ਵੱਸਦੇ ਹਨ ਏਹ ਇਸ਼ਾਰਾ ਪੰਜ ਗਯਾਨ ਇੰਦ੍ਰੀਆਂ ਵਲ ਹੈ, ਜੋ ਅਪਣੇ ਉਦਯਤ ਰੂਪਾਂ ਵਿਚ ਕਾਮ,ਕ੍ਰੋਧ, ਲੋਭ, ਮੋਹ, ਹੰਕਾਰ ਦੇ ਰੂਪ ਵਿਚ ਆਕੇ ਮਾਇਆ ਵੇਸ਼੍ਟਿਤ ਕਰੀ ਰਖਦੀਆਂ ਹਨ। ਇਨ੍ਹਾਂ ਪੰਜ ਵਿਕਾਰਾਂ ਦਾ ਮੂਲ ਪੰਜ ਗਯਾਨ ਇੰਦ੍ਰੀਆਂ ਨੂੰ ਅੰਕ ੩ ਵਿਚ ਸਖੀ ਕਿਹਾ ਹੈ, ਕਿਉਂਕਿ ਭੋਗੀ ਜੀਵ ਇਨ੍ਹਾਂ ਨੂੰ ਮਿੱਤ੍ਰ ਸਮਝਦਾ ਹੈ ਤੇ ਇਨ੍ਹਾਂ ਦਾ ਹੀ ਗ਼ਲਤ ਵਰਤਾਉ ਭੁਲੇਵੇ ਵਿਚ ਪਾਉਣ ਵਾਲਾ ਹੁੰਦਾ ਹੈ। ਇਸ ਅੰਕ ਵਿਚ ਦੋ ਗੱਲਾਂ ਹੋਰ ਖੋਹਲੀਆਂ ਹਨ ਕਿ ਇਕ ਤਾਂ ਮਨ ਭਟਕਦਾ ਰਹਿੰਦਾ ਹੈ ਤ੍ਰਿਸ਼ਨਾ ਕੀਤੇ ਗਏ ਪਦਾਰਥਾਂ ਦੇ ਮਗਰ, ਦੂਸਰੇ ਜੋ ਪ੍ਰੀਤਮ ਪ੍ਰਭੂ ਨਾਲ ਲਾਉਣ ਦਾ ਯਤਨ ਕਰਦਾ ਹੈ ਤਾਂ ਕਾਮਯਾਬੀ ਨਹੀਂ ਹੁੰਦੀ, ਜਿੱਥੇ ਲਗਣਾ ਕਿ ਕੁਸ਼ਲ ਸੀ, ਸਗੋਂ ਮਾਇਆ ਦੇ ਮਗਰ ਲੱਗਾ ਉਸ ਦੀ ਪ੍ਰਾਪਤੀ ਦੇ ਯਤਨਾਂ ਵਿਚ ਇਸ ਦਾ ਲੋਭ ਇਸ ਨੂੰ ਛਲੀਆ, ਅਨੇਕ ਤਰ੍ਹਾਂ ਦੇ ਅਯੋਗ ਕਰਮ ਬੀ ਕਰ ਲੈਣ ਵਾਲਾ ਤੇ ਬਨਾਵਟਾਂ ਬਣਾ ਬਣਾ ਪਾਖੰਡ ਰਚਣ ਵਾਲਾ ਬਣਾ ਕੱਢਦਾ ਹੈ।

ਜੇ ਤਾਂ ਇਹੋ ਮਨੁੱਖਾ ਦੇਹ ਕਾਇਮ ਰਹੇ ਤਾਂ ਹੋਰ ਗਲ ਹੈ ਪਰ ਅੰਕ ੩ ਵਿਚ ਦੱਸਦੇ ਹਨ ਕਿ ਅਫਸੋਸਨਾਕ ਗਲ ਇਹ ਹੈ ਕਿ ਇਹ ਜਨਮ ਸਦੈਵੀ ਨਹੀਂ, ਧੁਰ ਤੋਂ ਇਹ ਨਿਯਮ ਚਲਿਆ ਆ ਰਿਹਾ ਹੈ ਕਿ ਜਨਮ ਮੁੱਕਦਾ ਹੈ, ਸਰੀਰ ਵਿਚ ਆਇਆ ਜੀਵ ਚੱਲ ਵਸਦਾ ਹੈ। ਇਸ ਜੀਵ ਦਾ ਤੇ

ਪੰਜ ਸਖੀਆਂ ਦਾ ਜੋ ਸੁਆਮੀ ਹੈ, ਉਹ ਸਦਾ ਥਿਰ ਹੈ। 'ਜ਼ੀਅੜਾ ਚਾਲਣਹਾਰ' ਕਹਿਕੇ ਏਕ ਭਤਾਰ ਦੀ ਸਦਾਥਿਰਤਾ ਲਖਾਈ ਹੈ। ਇਸ ਅੰਕ ਵਿਚ ਗ਼ਾਫ਼ਲ ਜੀਵ ਨੂੰ ਵੈਰਾਗ ਜਣਾਇਆ ਹੈ ਤੇ ਅਗਲੇ ਅੰਕ ੪ ਵਿਚ ਵਿਸ਼ੇਸ਼ ਵੈਰਾਗ ਵਿਚ ਦ੍ਰਿੜ ਕਰਾਉਣ ਲਈ ਐਸੇ ਪਾਪੀ ਜੀਵ ਨੂੰ ਜੋ ਫਲ ਮਿਲਦਾ ਹੈ ਦੱਸਿਆ ਹੈ ਕਿ ਇਹ ਜੀਵ ਪੰਜ ਗਜਾਨ ਇੰਦ੍ਰਿਆਂ ਸਣੇ ਪਸਚਾਤਾਪ ਕਰਦਾ ਹੈ ਕਿ ਜਿਸ ਮਾਇਆ ਇਕਤ੍ਰ ਕਰਨੇ ਲਈ ਪਾਪ, ਪਾਖੰਡ ਤੇ ਕਪਟ ਕੀਤੇ, ਨਾਲ ਨਹੀ ਆਈ ਤੇ ਕੀਤੇ ਅਵਗੁਣ ਨਾਲ ਆਏ ਹਨ ਤੇ ਜੀਵ ਨੂੰ ਮੈਲ ਕੁਚੈਲ ਤੇ ਮਾੜੇ ਕਰਮ ਕੀਤਿਆਂ ਦੇ ਪਛੁਤਾਵੇ ਨਾਲ ਕਸ਼ਟ ਦੇ ਰਹੇ ਹਨ। ਸਾਰੇ ਕੀਤੇ ਯਾਦ ਆ ਆ ਰੁਆਉਂਦੇ ਹਨ, ਹਰ ਇਕ ਕਰਮ ਦਾ ਲੇਖਾ ਦੇਣਾ ਪੈ ਰਿਹਾ ਹੈ।

ਇਹ ਅਵਸਥਾ ਨਾ ਆਵੇ, ਇਸ ਦਾ ਉਪਰਾਲਾ ਅੰਕ ੨ ਵਿਚ ਫੁਰਮਾ ਆਏ ਹਨ ਕਿ ਲੋਭ, ਕਪਟ ਪਾਪ, ਪਾਖੰਡ ਦੇ ਗੰਦੇ ਮੈਲੇ ਚੀਥੜੇ ਤੇ ਲੀਰਾਂ ਵਰਗੇ ਲਿਬਾਸ ਜੋ ਜੀਵ ਰੂਪ ਇਸਤ੍ਰੀ ਨੂੰ ਪਹਿਨਾਏ ਹਨ ਉਤਾਰ ਦਿਓ; ਉਸ ਦੀ ਥਾਵੇਂ ਪ੍ਰੀਤਮ ਰੀਝ ਕੇ ਮਿਲੇ, ਇਸ ਲਈ ਇਸਤ੍ਰੀਆਂ ਸ਼ਿੰਗਾਰ ਕਰਦੀਆਂ ਹਨ। ਉਸ ਸ਼ਿੰਗਾਰ ਦੀ ਉਪਮਾ ਲੈ ਕੇ ਆਤਮ ਸ਼ਿੰਗਾਰ ਕਰਨੇ ਦਾ ਉਪਦੇਸ਼ ਦੇਂਦੇ ਹਨ। ਅਨਵਯ ਕਰਕੇ ਤੁਕ ਦਾ ਪਾਠ ਐਉਂ ਦਾਨੇ ਕਰਦੇ ਆਏ ਹਨ; (ਜਦ) ਕਰਉਗੀ ਸੀਗਾਰੋ ਤਬ ਮਿਲਗਾ ਪ੍ਰੀਤਮੁ

ਸ਼ਿੰਗਾਰ ਤੋਂ ਆਮ ਅਰਥ ਏਥੇ ਪਰਮਾਤਮ ਦੇਵ ਦੇ ਮਿਲਣ ਲਈ ਆਤਮ ਸੁੰਦਰਤਾ ਦੇ ਪੈਦਾ ਕਰਨੇ ਦਾ ਉਪਦੇਸ਼ ਸਮੁੱਚੇ ਤੌਰ ਤੇ ਦਿੱਤਾ ਹੈ ਤੇ ਵੰਨਗੀ ਮਾਤ੍ਰ ਮਾਲਾ ਤੇ ਹਾਰ ਪਹਿਨਣ ਦੇ ਕਥਨ ਕਰਨ ਤੇ ਬੱਸ ਕੀਤੀ ਹੈ ਇਸ ਲਈ ਕਿ ਅਗਲੇ ਸ਼ਬਦ ਵਿਚ ਇਸ ਹਾਰ ਸ਼ਿੰਗਾਰ ਦਾ ਸਾਰਾ ਵੇਰਵਾ ਦੇ ਦਿਤਾ ਹੈ, ਜਿਸ ਕਰਕੇ ਆਪਾ ਭਾਵ ਕੱਢਣ ਦੀ ਲੋੜ ਨਹੀਂ, ਅਗਲਾ ਸ਼ਬਦ ਹੀ ਸਾਰਾ ਵੀਚਾਰ ਕਰ ਲਿਆ ਜਾਵੇ। ਪਰ ਹੋਰਥੇ ਬੀ ਆਪ ਮਾਲਾ ਦਾ ਭਾਵ ਆਪ ਵਰਣਨ ਕੀਤਾ ਹੈ, ਯਥਾ :-

ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ
ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ॥੧॥

[ਵਾਰ ਸੂਹੀ ਮਹਲਾ ੧-੧੮]

ਸਾਰੇ ਦੈਵੀ ਗੁਣਾਂ ਦੀ ਮਾਲਾ ਬਣਾਵੇ। ਹਾਰ ਦਾ ਪਤਾ ਦਿੱਤਾ ਹੈ,—

ਹਰਿ ਹਰਿ ਹਾਰੁ ਕਠਿ ਲੇ ਪਹਿਰੇ ਦਾਮੋਦਰ ਦੰਤੁ ਲੇਈ॥

[ਆਸਾ ਮਹਲਾ ੧-੩੫]

ਪੁਨਾ:-ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀ ਚੂਰੁ ਵਡ ਗਹਨ ਗਹਨਈਆ

[ਬਿਲਾਵਲੁ ਮਹਲਾ ੪, ਅਸਟ:—੫]

ਅਰਥਾਤ ਸੋਨੇ ਦਾ ਹਾਰ ਯਾ ਸਭ ਤੋਂ ਵੱਡਾ ਮੋਤੀ ਚੂਰ ਹਾਰ ਮੇਰਾ ਕੀ ਹੈ ? 'ਹਰਿ ਹਰਿ ਨਾਮ ਦਾ ਸਿਮਰਨ ਤੇ ਪ੍ਰੇਮ।

ਨਿਰੁਕਤੁ—**ਭੀਤਰਿ**—ਅੰਦਰ, ਸਰੀਰ ਤੇ ਮਨ ਦੇ ਅੰਦਰ।

ਮਨਿ ਵਾਸੇ—ਮਨ ਵਿਚ ਵਸਦੇ ਹਨ।

ਉਦਾਸੇ—[ਸੰਸ:, ਉਦਾਸ:=ਵਿਰਕਤ] ਉਦਾਸੀਨ ਹੋਏ ਹੋਏ ਲੋਕਾਂ ਵਾਂਙੂ।

(ਅ) ਉਦਾਸੀ ਵਾਲੀ ਅਵਸਥਾ ਵਿਚ।

ਲੋਭੀ—[ਸੰਸ:] ਲੋਭ ਵਾਲਾ। ਲੋਭੀ ਅਪਣੀ ਪ੍ਰਾਪਤੀ ਲਈ ਜੋ ਜੋ ਪਾਪ ਵਰਤਦਾ ਹੈ ਤੇ ਜੋ ਕੁਛ ਬਣਦਾ ਜਾਂਦਾ ਹੈ, ਅਗਲੇ ਪਦ ਉਸ ਦੇ ਲਖਾਯਕ ਹਨ: ਪਾਪੀ ਪਖੰਡੀ ਆਦਿ। 'ਲੋਭ' ਜਦ ਸਿੱਧੇ ਰਸਤੇ ਨਾਂ ਪੁੱਗੇ ਤਾਂ ਛਲ ਕਰਦਾ ਹੈ ਸੋ 'ਕਪਟੀ' ਹੋ ਜਾਂਦਾ ਹੈ। ਜਦ 'ਕਪਟ' ਨਾਲ ਨਹੀਂ ਪੁਗਦਾ ਤਾਂ 'ਚੋਰੀ, ਡਾਕਾ, ਠੱਗੀ' ਆਦਿ ਵਡਰੇ 'ਪਾਪ' ਬੀ ਕਰ ਗੁਜ਼ਰਦਾ ਹੈ। ਜਦੋਂ ਕਿਰਤ, ਮਜੂਰੀ, ਠੱਗੀ ਨਾ ਕਰੇ ਤਦ ਧਰਮ ਦੀ ਚਾਦਰ ਤਾਣ ਲੈਂਦਾ ਹੈ ਤਾਂ ਉਸ ਵਿਚ ਬਨਾਵਟ ਕਰ ਕਰ ਕੇ ਧਨ ਜੋੜਦਾ ਹੈ,

ਐਉਂ 'ਪਖੰਡੀਂ' ਹੋ ਜਾਂਦਾ ਹੈ। ਮਾਲਾ ਤੇ ਹਾਰ ਦੀ ਵੀਚਾਰ ਉਪਰ ਆ ਚੁਕੀ ਹੈ, ਮਾਲਾ ਨਾਲ ਪਦ ਫੂਲ ਵਰਤਿਆ ਹੈ, ਇਸ ਲਈ ਹਾਰ ਤੋਂ ਭਾਵ ਸੋਨੇ ਦੀ ਮਾਲਾ ਦਾ ਹੈ; ਜਿਸ ਦੇ ਪ੍ਰਮਾਣ ਉਤੇ ਦਿਤੇ ਹਨ।

ਪੇਡਿ ਲਗੀ ਹੈ—ਮੁੱਢ ਤੋਂ ਲਗੀ ਹੋਈ, ਭਾਵ ਟੁਰੀ ਆਉਂਦੀ ਹੈ। ਸ੍ਰਿਸ਼ਟੀ ਦੇ ਆਦਿ ਕਾਲ ਤੋਂ ਜਨਮ ਥਿਰ ਵਸਤੂ ਨਹੀਂ।

ਸਾਹੁ—ਸ਼ਾਹ ਦੇ ਪਾਸ,ਲੇਖਾ ਲੈਣ ਵਾਲੇ ਭਾਵ ਧਰਮ ਰਾਜ ਪਾਸ।

ਪਜੂਤਾ—[ਸੰਸ:, ਪ੍ਰਯੁਕ੍ਤ] ਫੜਿਆ ਹੋਇਆ।

ਪ੍ਰਣਵਤਿ—[ਸੰਸ:, ਪ੍ਰਣਤ=ਪ੍ਰਨਾਮ ਕਰਦਾ ਹੋਇਆ] ਬਿਨੈ ਕਰਦਾ ਹੈ, ਨਿੰਮ੍ਰਤਾ ਨਾਲ ਦੱਸਦਾ ਹੈ।

[ਆਸਾ ਮਹਲਾ ੧, ਚਉਪਦਾ—੩੫]

੧ੴ ਸਤਿਗੁਰ ਪ੍ਰਸਾਦਿ ਆਸਾ ਘਰੁ ੬ ਮਹਲਾ ੧

ਮੂਲ	ਅਰਥ
ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥ ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥੧॥ ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥	(ਹੇ ਮੇਰੇ) ਪ੍ਰੀਤਮ ! (ਤੇਰੇ) ਬਹੁਤੇ ਗੁਣਾਂ ਕਰਕੇ (ਇਹ) ਇਸਤ੍ਰੀ ਮੋਹੀ ਗਈ ਹੈ (ਹਾਂ) ਤੇਰੇ (ਓਹ) ਗੁਣ ਹੋਰ ਕਿਸੇ ਵਿਚ ਨਹੀਂ ਹਨ॥੧॥ ਰਹਾਉ॥ [ਤੂੰਹੋਂ ਦੱਸ ਇਹ ਇਸਤ੍ਰੀ ਤੈਨੂੰ ਕਿਵੇਂ ਮਾਂਣੇ? ਉੱਤਰ: ਜਿਵੇਂ ਪਿੱਛੇ ਕਿਹਾ ਹੈ 'ਸ਼ਿੰਗਾਰ ਕਰ ਤਾਂ ਮਿਲੇਗਾ ਪ੍ਰੀਤਮ', ਸ਼ਿੰਗਾਰ ਇਸ ਪ੍ਰਕਾਰ ਕਰ:] (ਸੁਆਸਾਂ ਰੂਪੀ) ਪਉਣ ਬਣਾ ਲਈਏ (ਮਾਨੋਂ ਇਕ) ਧਾਗਾ, (ਉਸ ਵਿਚ) ਧਾਰਨ ਕਰੀਏ (ਭਾਵ ਪ੍ਰੋ ਲਈਏ) ਮਨ ਰੂਪੀ ਮੋਤੀ, (ਇਹ) ਜੋ (ਬਣਾ ਲਈਏ ਇਕ) ਗਹਿਣਾ (ਇਸ ਦੇ ਨਾਲ) ਜੇ ਇਸਤ੍ਰੀ ਸਰੀਰ ਉਤੇ (ਭਾਵ ਜਗਤ ਨਾਲ) ਖਿਮਾ (ਰੂਪੀ) ਸ਼ਿੰਗਾਰ ਪਹਿਨ ਲਵੇ ਤਦ (ਲਾਲ ਨੂੰ) ਲਾਲ ਦੀ ਪਿਆਰੀ ਹੋਕੇ ਮਾਣੇਗੀ॥੧॥
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥	(ਇਸੀ ਤਰ੍ਹਾਂ) ਗਲੇ ਦੇ ਉਦਾਲੇ ਹਾਰ ਪਹਿਨੇ ਹਰੀ ਹਰਿ (ਸਿਮਰਨ ਦਾ ਇਹ ਗੁਣ ਵੀਚਾਰਕੇ ਕਿ ਓਹ ਪਾਪਾਂ ਦੇ ਹਰ ਲੈਣ ਵਾਲਾ ਹੈ, ਫਿਰ) ਦੰਤ (ਸ਼ਿੰਗਾਰ ਇਹ ਕਰੇ ਕਿ ਉਸ ਨੂੰ) ਦਾਮੋਦਰ ਸਮਝੇ (ਅਰਥਾਤ ਇਹ ਧਯਾਨ ਧਰੇ ਕਿ ਜਗਤ ਉਸ ਤੋਂ ਵਖਰਾ ਨਹੀ, ਉਸੇ ਦੇ ਮਾਨੋਂ ਪੇਟ ਵਿਚ ਹੈ)।
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥	ਹੱਥਾਂ ਦਾ (ਗਹਿਣਾ) ਕੜਾ ਕਰਤਾਰ ਨੂੰ ਕਰ ਲਵੇ (ਇਹ ਗੁਣ ਗਾਗਾ ਕੇ ਕਿ ਉਹ ਹੀ ਕਰਣ ਕਾਰਣ ਹੈ) ਇਨ੍ਹਾਂ ਤ੍ਰੀਕਿਆਂ ਨਾਲ ਚਿੱਤ (ਆਪਣੀ ਚੇਤਨਤਾ=ਸੁਰਤ) ਨੂੰ ਟਿਕਾਵੇ॥੨॥
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥	(ਫਿਰ ਉਂਗਲਾਂ ਦਾ ਗਹਿਣਾ) ਮੁੰਦ੍ਰੀ ਮਧੁਸੂਦਨ ਨੂੰ ਬਣਾ ਕੇ ਹਥੀਂ ਪਹਿਨ ਲਵੇ (ਭਾਵ ਉਹੀ ਹੈ ਕਿ 'ਨਾਮ ਸਿਮਰੇ'-ਇਹ ਗੁਣ ਚਿੰਤਨ ਕਰਕੇ ਕਿ ਉਹ ਅੰਮ੍ਰਿਤ ਦਾ ਪਿਆਰਾ ਹੈ ਤੇ

ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥

ਕਰਮ ਜਾਲ ਦਾ ਨਾਸ਼ ਕਰਤਾ ਹੈ। ਫੇਰ ਸੁਹਣੇ) ਬਸਤ੍ਰ ਧਾਰਨ ਕਰੇ ਪਰਮੇਸ਼ੁਰ ਦੇ (ਨਾਮ ਸਿਮਰਨ ਦੇ ਹੀ, ਇਹ ਸਿਫਤ ਸਲਾਹ ਕਰਦੇ ਹੋਏ ਕਿ ਓਹ ਸਭ ਸਾਹਿਬਾਂ ਦਾ ਸਾਹਿਬ ਹੈ ਸਿਰ ਪਰ ਜੋ ਮਾਂਗ ਭਰਨ ਦਾ ਸ਼ਿੰਗਾਰ ਕਰੀਦਾ ਹੈ ਉਹ ਧੀਰਜ (ਰੂਪੀ) ਧੜੀ (ਹਿਰਦੇ ਵਿਚ) ਬੰਨ੍ਹੀ ਰਖੇ (ਹਾਂ, ਫਿਰ ਉਹ ਲਾਲ ਪਿਆਰੀ) ਇਸਤ੍ਰੀ ਸੁਰਮਾ ਲਾਵੇ (ਆਪਣੇ ਨੈਣਾਂ ਵਿਚ ਸ਼ੋਭਾ ਦੇ ਪ੍ਰੀਤਮ ਦਾ (ਭਾਵ ਪ੍ਰਭੂ ਨੂੰ ਵਜਾਪਕ ਵੇਖੇ)॥੩॥

ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥

ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥

(ਉਹੋ ਮਨ ਜੋ ਸੁਆਸਾਂ ਦੀ ਚਾਲ ਨਾਲ ਨਾਮ ਪ੍ਰੋ ਕੇ ਅੰਤ੍ਰੀਵ ਸ਼ਿੰਗਾਰ ਬਣਾਯਾ ਸੀ ਉੱਜਲ ਹੋ ਜਾਂਦਾ ਹੈ, ਸੋ ਉਪਰ ਦਸੇ ਤ੍ਰੀਕੇ ਨਾਲ) ਜੇ ਮਨ ਰੂਪੀ ਮੰਦਰ ਵਿਚ (ਨਾਮ ਦਾ) ਦੀਵਾ ਬਾਲ ਲਵੇ ਤੇ ਕਾਂਇਆਂ (ਸਾਰੀ) ਬਣਾ ਲਵੇ ਸੇਜਾ (ਭਾਵ ਇੰਦ੍ਰੇ ਬੀ ਹੋ ਜਾਣ ਈਸ਼੍ਵਰਪਰਾਯਣਤਾਂ) ਜਦੋਂ ਗਜਾਨ ਦਾ ਰਾਜਾ (ਉਹ ਲਾਲ=ਪ੍ਰੀਤਮ ਪ੍ਰਭੂ ਇਸ) ਸੇਜਾ ਤੇ ਆਵੇ ਤਦੈਂ (ਕਾਮਣ ਲਾਲ ਪਿਆਰੀ ਹੋ ਕੇ ਲਾਲ ਨੂੰ) ਭੋਗੇਗੀ, ਹੇ ਨਾਨਕ॥੪॥੧॥੩੫॥

ਵਜਾਖਜਾ— ਅੰਕ ੧— ਇਸ ਸ਼ਬਦ ਵਿਚ ਉਸ ਕੰਤ ਪਿਆਰੀ ਦਾ ਅਲੰਕਾਰ ਲਿਆ ਹੈ ਜੋ ਪ੍ਰੀਤਮ ਦੇ ਅਦੁਤੀ ਗੁਣਾਂ ਤੇ ਮੋਹਿਤ ਹੋ ਕੇ ਉਸ ਨੂੰ ਪ੍ਰਾਪਤ ਹੋਣਾ ਲੋਚਦੀ ਹੈ। ਪ੍ਰੀਤਮ ਕਿਉਂਕਿ ਗੁਣਾਂ ਲਕ੍ਰਿਤ ਹੈ ਗੁਣ ਸਮੂਹ ਹੈ, ਉਹ ਗੁਣਾਂ ਦਾ ਕਦਰਦਾਨ ਹੈ ਸੋ ਇਸਤ੍ਰੀ ਗੁਣ ਧਾਰਨ ਕਰਨ ਦੇ ਉਪਾਵ ਕਰਦੀ ਹੈ ਕਿ ਗੁਣਾਂ ਦਾ ਗੁਣੱਗਜ ਮਤੇ ਕਿਸੇ ਗੁਣ ਤੇ ਰੀਝ ਪਵੇ। ਪਰ ਜਾਣਦੀ ਹੈ ਕਿ ਓਸ ਵਰਗੇ ਗੁਣ ਕਿਸੇ ਵਿਚ ਨਹੀਂ, ਤਾਂ ਤੇ ਓਹ ਖ਼ਾਸ ਤੇ ਸ਼੍ਰੋਮਣੀ ਗੁਣ ਧਾਰਨ ਕਰਦੀ ਹੈ, ਉਸੇ ਗਣ ਸਮੂਹ ਦਾ— 'ਨਾਮ ਅਰਾਧਨ।' ਸੁਆਸਾਂ ਦੀ ਚਾਲ ਬੱਝਵੀਂ ਕਰਕੇ ਉਸ ਚਾਲ ਵਿਚ ਟਿਕਵੇਂ ਤੇ ਟਿਕਾਵੇਂ ਅਸਰ ਨਾਲ ਗੁਣ ਸਮੂਹ ਪ੍ਰੀਤਮ ਦਾ ਨਾਮ ਜਪਦੀ ਉਸ ਦੀ ਹਜ਼ੂਰੀ ਵਿਚ ਵੱਸ ਪੈਂਦੀ ਹੈ।

ਇਸ ਦੇ ਨਾਲ ਨਾਲ ਉਹ ਗੁਣ ਧਾਰਨ ਕਰਦੀ ਹੈ ਗੁਣ ਗਾਇਨ ਤੇ ਸਿਫਤ ਸਲਾਹਾਂ ਦੇ ਕੀਰਤਨ ਕਰਨ ਦੇ। ਇਸ ਕਰਕੇ ਹਰਿ ਹਰਿ, ਦਾਮੋਦਰ, ਕਰਤਾਰ, ਮਧੁਸੂਦਨ ਆਦਿ ਪਦ ਵਰਤ ਕੇ ਪ੍ਰੀਤਮ ਦੇ ਗੁਣ ਗਾਇਨ ਲਈ ਇਸ਼ਾਰੇ ਦਿੱਤੇ ਹਨ। ਕਿਉਂਕਿ ਏਹ ਸਾਰੇ ਨਾਮ ਸਿਫਾਤੀ ਹਨ।

੨— ਜਗਤ ਵਿਚ ਵਸਦਿਆਂ ਪ੍ਰੀਤਮ ਦੇ ਮਿਲਣ ਦੀ ਲਾਲਸਾ ਵਾਲੇ ਨੂੰ ਜਗਤ ਨਾਲ ਹੀ ਵਾਹ ਪੈਣੇ ਹੋਏ ਸੋ ਉਹ ਜਗਤ ਨਾਲ ਪਿਆਰ ਵਰਤਣ ਦਾ ਗੁਣ ਧਾਰਨ ਕਰਦੀ ਹੈ, ਜਿਸ ਕਰਕੇ ਕਿਸੇ ਨੂੰ ਦੁਖਾ ਨਾ ਬੈਠੇ, ਉਹ ਗੁਣ ਹੈ ਖਿਮਾ।

੩— ਏਹ ਦੁਇ ਗੱਲਾਂ ਕਰਦਿਆਂ ਲੋੜ ਪੈਂਦੀ ਹੈ ਅਪਣੀ ਸਾਵਧਾਨਤਾ ਦੀ। ਇਸ ਸਾਵਧਾਨਤਾ ਨੂੰ ਕਾਯਮ ਰੱਖਣੇ ਲਈ ਗੁਣ ਧਾਰਨ ਕਰਦੀ; ਹੈ 'ਧੀਰਜ' ਦਾ। ਕਿਸੇ ਵੇਲੇ ਕਿਸੇ ਗੱਲੇ ਅਧੀਰਜ ਨਹੀਂ ਹੁੰਦੀ, ਹੌਂਸਲਾ ਨਹੀਂ ਹਾਰਦੀ।

ਇਸ ਪ੍ਰਕਾਰ ਦੇ ਉਪਾਵਾਂ ਨਾਲ ਇਸਤ੍ਰੀ ਦਾ ਮਨ ਜੋ ਸ਼ੁਰੂ ਵਿਚ ਗਹਿਣਾ ਮਾਤ੍ਰ ਲਿਆ ਸੀ ਹੁਣ ਉਹ ਵਿਸ਼ਾਲ ਹੋ ਗਿਆ, ਉਹ ਹਰੀ ਦਾ ਮੰਦਰ ਬਣ ਗਿਆ ਹੈ। ਉਹੋ ਨਾਮ ਜੋ ਪਹਿਲੋਂ ਪਉਣ ਦੇ ਸੂਤ ਨਾਲ ਪ੍ਰੋਤਾ ਸੀ ਹੁਣ ਦੀਪਕ ਹੋ ਕੇ ਪ੍ਰਕਾਸ਼ ਦੇ ਰਿਹਾ ਹੈ। ਇਸ ਕਰਕੇ ਏਥੇ ਮਨ ਨੂੰ ਮੰਦਰ ਕਿਹਾ ਹੈ। ਇਸ ਮੰਦਰ ਵਿਚ ਪਤੀ ਬਿਸ੍ਰਾਮ ਦੀ ਸੇਜਾ ਬਣਾਉਂਦੀ ਹੈ, ਓਹ ਬਣਾਉਂਦੇ ਹਨ ਕਾਇਆਂ। ਸੇਜਾ ਤਾਂ ਚਾਹੀਦੀ ਸੀ ਬੁੱਧੀ, ਪਰ ਗੁਰੂ ਜੀ ਪਦ ਵਰਤਦੇ ਹਨ 'ਕਾਇਆਂ'। ਕਟਾਖਜ ਹੈ ਇਸ ਵਿਚ

ਕਿ ਮਨ ਤੇ ਬੁਧੀ ਹੀ ਈਸ਼੍ਵਰ ਪਰਾਯਣ ਨਹੀਂ ਕਰਨੇ ਮਨ ਬੁੱਧੀ ਸਮੇਤ ਕਾਇਆਂ ਈਸ਼੍ਵਰਪਰਾਯਣ ਕਰੋ। ਬੁੱਧੀ ਹੀ ਬ੍ਰਹਮਾਕਾਰ ਨਾ ਹੋਵੇ ਇੰਦ੍ਰੇ ਬ੍ਰਹਮਾਕਾਰ ਹੋ ਜਾਣ। ਮਨ, ਬੁਧੀ, ਸਰੀਰ ਸਾਰੇ ਵਿਚ ਆਤਮ ਰਸ ਪ੍ਰਵੇਸ਼ ਕਰੇ ਤੇ ਡੁੱਲ੍ਹ ਡੁੱਲ੍ਹ ਪਵੇ। ਹਾਂ, ਅਨੁਭਵ ਵੀਚਾਰ ਤੇ ਸਰੀਰ ਦੇ ਅਮਲ ਬੀ ਹੋ ਜਾਣ। ਇਹ ਨਾ ਹੋਵੇ ਕਿ ਮਨ ਤੇ ਸਰੀਰ ਵਿਚ ਅੰਸ਼ ਮਾਤ੍ਰ ਬੀ ਅਜੋੜ ਰਹਿ ਜਾਵੇ। ਕਿਸੇ ਹੋਰ ਥਾਂ ਪੰਚਮ ਗੁਰੂ ਜੀ ਨੇ ਫੁਰਮਾਯਾ ਹੈ:-'ਕਾਇਆ ਕਿਰਦਾਰ', ਕਿ ਸਰੀਰ ਤੁਹਾਡਾ ਨੇਕੀ ਦੀ ਕਿਰਤਕਾਰ ਬਣ ਜਾਵੇ। ਆਦਿ ਗੁਰੂ ਜੀ ਨੇ 'ਕਾਇਆ ਕਾਗਦੁ ਮਨ ਪਰਵਾਣਾ' ਬੀ ਫੁਰਮਾਯਾ ਹੈ।

੪—'ਕਾਇਆਂ ਸੇਜ' ਤਕ ਕਹਿ ਕੇ ਜੀਵ ਦੀ ਪ੍ਰਭ ਮਿਲਣ ਲਈ ਤਿਯਾਰੀ ਦਿਖਲਾਈ ਹੈ। ਹੁਣ ਇਸ ਦੀ ਪ੍ਰਾਪਤੀ ਦੱਸਣੀ ਹੈ, ਉਹ ਅੰਤਲੀ ਤੁਕ ਵਿਚ ਹੈ।

ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥

ਪਦ 'ਜਬ' ਵਿਚ ਮਟਕ ਰੱਖੀ ਹੈ ਕਿ ਉਪਰਲੀ ਸਾਰੀ ਤਿਆਰੀ ਹੋ ਕੇ ਬੀ ਸੇਜ ਤੇ ਆਉਣਾ ਉਸ ਪ੍ਰੀਤਮ ਦੀ ਸ੍ਵੈਛੰਦ ਇੱਛਾ ਤੇ ਹੈ। ਕਾਮਣ ਨੂੰ ਭੋਗ ਦੀ ਪ੍ਰਾਪਤੀ ਉਸ ਦੇ ਸੇਜੇ ਆਉਣ ਤੋਂ ਹੋਣੀ ਹੈ, ਇਹ ਗੱਲ ਪ੍ਰਭੂ ਦੀ ਸ੍ਵੇਛਾ ਤੇ ਹੈ।

ਪਿਛਲੀ ਇਬਾਰਤ ਮੂਜਬ ਜੇ ਮਤਲਬ ਹੁੰਦਾ ਕਿ ਇਤਨਾਂ ਤ੍ਯਾਰੀ ਤੇ ਨਿਸਚੇ ਗ੍ਯਾਨ ਰਾਉ ਸੇਜੇ ਆ ਜਾਏਗਾ ਤਾਂ ਤਾਂ ਏਥੇ ਪਦ 'ਤਬ' ਵਰਤਦੇ, ਪਰ ਆਪ ਨੇ ਪਦ 'ਜਬ' ਵਰਤਿਆ ਹੈ; ਕਿਉਂਕਿ ਗੁਰਮਤਿ ਅਨੁਸਾਰ ਅੰਤਮ ਅਪਣੇ ਸਰੂਪ ਵਿਚ ਲੈ ਲੈਣ ਦੀ ਨਦਰ ਅਨੰਤ ਦੀ ਆਪਣੀ ਮੇਹਰ ਹੈ। ਉਹ ਹੀ ਆਪ ਅਪਣੇ ਵਿਚ ਖਿਚਦਾ ਹੈ, ਯਥਾ:—

ਬਾਹ ਪਕਰਿ ਪ੍ਰਿਅ ਸੇਜੈ ਆਨੀ॥ [ਆਸਾ ਮਹਲਾ ੫-੭]

ਗੁਰਬਾਣੀ ਵਿਚ ਇਹ ਖ੍ਯਾਲ ਜਗਾ ਜਗਾ ਆਯਾ ਹੈ। ਪੰਚਮ ਗੁਰੂ ਜੀ ਫੁਰਮਾਉਂਦੇ ਹਨ:-

ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ॥
ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ॥
ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ॥
ਹਰਿਹਾਂ ਕੰਤੈ ਬਾਝੁ ਸੀਗਾਰ ਸਭੁ ਬਿਰਥਾ ਜਾਈਐ॥

[ਫੁਨਹੇ ਮਹਲਾ ੫-੩]

ਸਿੱਟਾ ਇਹ ਹੈ ਕਿ ਕੰਤ ਪ੍ਰੇਮਣ ਕੰਤ ਦੇ ਗੁਣਗਾਉਂਦੀ, ਨਾਮ ਸਿਮਰਦੀ, ਪ੍ਰੇਮ ਵਿਚ ਖਿਚੀਂਦੀ, ਧੀਰਜ ਖਿਮਾਂ ਆਦਿ ਗੁਣ ਧਾਰਦੀ ਤਕੀਏ ਮਿਹਰਾਂ ਤੇ ਰੱਖੇ, ਮਤੇ ਕਿਤੇ ਅੰਸ਼ ਮਾਤ੍ਰ ਬੀ ਹਉਂ ਲੁਕੀ ਛਿਪੀ ਰਹਿ ਜਾਵੇ।

ਨਿਰੁਕ੍ਤ—ਮਨੁ—[ਸੰਸ:, ਮਨਸ੍ =] ਦਿਲ, ਹ੍ਰਿਦਾ। **ਮੋਤੀ**—[ਸੰਸ:, ਮੁਕ੍ਤਾ] ਇਕ ਰਤਨਾ। ਪਹਿਲੀ ਤੁਕ ਦਾ ਅਰਥ ਐਉਂ ਬੀ ਲਾਈਦਾ ਹੈ:-ਜੇ ਮਨ ਹੋ ਜਾਵੇ ਮੋਤੀ ਵਾਂਙੂ ਉੱਜਲਾ ਤੇ (ਗਹਿਣਾ =) ਫੜਿਆ ਜਾਣ ਵਾਲਾ (ਅਪਣੇ ਕਾਬੂ ਵਿਚ) ਤੇ ਸੁਾਸਾਂ ਰੂਪੀ ਪਉਣ ਹੋਵੇ ਇਸ ਨੂੰ ਅਪਣੇ ਪ੍ਰਬੰਧ ਵਿਚ ਟੋਰਨ ਵਾਲੀ।

ਕਾਮਣਿ—[ਸੰਸ:, ਕਾਮਿਨੀ] ਇਸਤ੍ਰੀ)। **ਲਾਲ**—ਪਿਆਰਾ ਪ੍ਰੀਤਮ।

ਅਵਰੀ—ਹੋਰ ਕਿਸੇ ਵਿਚ।

ਦਾਮੋਦਰੁ, ਮਧੁਸੂਦਨੁ, ਸ੍ਰੀ ਰੰਗ—

ਦਾਮੋਦਰੁ ਮਧੁ ਸੂਦਨ, ਸ੍ਰੀ ਰੰਗੁ ਦੇ ਅਰਥ ਪਹਿਲੋਂ ਤਾਂ ਇਉਂ ਲੈਂਦੇ ਹਨ:—ਜਿਸਦੇ ਪੇਟ ਨੂੰ ਮਾਤਾ ਨੇ ਰੱਸੀ ਬੱਧੀ ਸੀ, ਸੋ ਕ੍ਰਿਸ਼ਨ। ਜਿਸ ਨੇ ਮਧੂ ਨਾਮੇ ਰਾਖਸ਼ ਨੂੰ ਮਾਰਿਆ ਸੀ ਸੋ ਕ੍ਰਿਸ਼ਨ। ਜੋ ਲਛਮੀ ਨੂੰ ਪ੍ਯਾਰ ਕਰਦਾ ਹੈ, ਸੋ ਵਿਸ਼ਨੂੰ; ਪਰ ਗੁਰਬਾਣੀ ਵਿਚ ਐਸੇ ਸਾਰੇ ਪਦ ਅਕਾਲ ਪੁਰਖ

ਵਾਹਿਗੁਰੂ ਜੀ ਦੇ ਵਾਚਕ ਹੈਨ, ਅਵਤਾਰਾਂ ਦੇ ਵਾਚਕ ਨਹੀਂ; ਜੈਸਾ ਕਿ,—

ਮਧਸੂਦਨ ਜਗ ਜੀਵਨ ਮਾਧੋ ਮੇਰੇ ਠਾਕੁਰ ਅਗਮ ਅਪਾਰੇ॥

[ਨਟ ਮਹਲਾ ੪ ਅਸਟ:—੧]

ਸੋ ਏਹ ਸਾਰੇ ਨਾਮ ਅਗਮ ਅਪਾਰ ਦੇ ਹਨ। ਸੰਸਕ੍ਰਿਤ ਗ੍ਰੰਥਾਂ ਵਿਚ ਆਪ ਬੀ ਇਨ੍ਹਾਂ ਦੇ ਅਰਥ ਪਰਮਾਤਮਾ ਕੀਤੇ ਹਨ:—

ਦਾਮੋਦਰੁ—[ਸੰਸ:, ਦਾਮੋਦਰ:] ੧ ਜਿਸ ਦੇ ਪੇਟ ਵਿਚ ਸਾਰਾ ਵਿਸ਼੍ਵ ਹੈ। ੨. ਜਿਸ ਨੇ ਪੇਟ ਰੂਪੀ ਰੱਸੀ ਸਭ ਨੂੰ ਲਾਈ ਹੈ।

ਮਧੁ ਸੂਦਨੁ—[ਸੰਸ:, ਮਧੁਸੂਦਨ:] ੧ ਜਿਸ ਨੂੰ ਅੰਮ੍ਰਿਤ ਪਿਆਰਾ ਹੈ। ੨. ਸ਼ੁਭ ਅਸ਼ੁਭ ਕਰਮ ਦੇ ਤੋੜ ਦੇਣ ਵਾਲਾ।

ਸ੍ਰੀ ਰੰਗੁ—[ਦੇਖੋ ਪੰਨਾਂ ੧੫੯੧] ੧. ਸੋਭਾ ਨੂੰ ਜਿਸ ਨਾਲ ਪਿਆਰ ਹੈ। ੨. ਜੋ ਸ਼ੋਭਾ ਨੂੰ ਪਜਾਰ ਕਰਦਾ ਹੈ। ਰਹਾਉ ਵਿਚ 'ਬਹੁ ਗੁਣਿ' ਕਹੇ ਸਨ ਲਾਲ ਦੇ ਅਤੇ ਪਹਿਲੀ ਤੁਕ ਵਿਚ ਨਾਮ ਸਿਮਰਣ ਦੀ ਆਗਿਆ ਕੀਤੀ ਸੀ। ਹੁਣ ਰਹਾਉ ਤੋਂ ਮਗਰੋਂ ਗੁਣ ਗਾਵਿਣ ਦੀ ਆਗਿਆ ਹੈ, ਇਸ ਕਰਕੇ ਈਸ਼੍ਵਰ ਦੇ ਨਾਮ ਗਿਣੇ ਹਨ, ਜਿਨ੍ਹਾਂ ਦੇ ਅਰਥਾਂ ਵਿਚ ਉਸ ਦੇ ਗੁਣ ਯਾ ਸਿਫਤਾਂ ਹਨ ਤੇ ਸਿਫਤੀ ਰਾਤੇ ਨਾਮ ਜਪਣਾ ਹੈ। ਇਸ ਗੁਣ ਗਾਯਨ ਤੇ ਨਾਮ ਸਿਮਰਨ ਨਾਲ 'ਚਿਤ ਧਰੇਹਿ' ਹੋਣਾ ਹੈ ਤੇ ਦੀਪਕ ਜਗਣਾ ਹੈ, ਭਾਵ ਹੈ ਵਿਖੇਪ ਤੇ ਮੈਲ ਦੂਰ ਹੋ ਜਾਣੀ ਹੈ।

ਦੰਤੁ—ਦੰਤੁ ਦਾ ਅਰਥ ਅਕਸਰ ਦਾਤਣ ਕਰਦੇ ਹਨ ਪਰ ਵਿਸ਼ੇਸ਼ ਭਾਵ, ਦੰਤਾਂ ਨੂੰ ਗਹਿਣਾ ਬਣਾਉਣ ਤੋਂ ਹੈ, ਜੋ ਅਕਸਰ ਇਸਤ੍ਰੀਆਂ ਅਗਲੇ ਦੋ ਦੰਦਾਂ ਉਤੇ ਸੋਨੇ ਦੇ ਕਿੱਲ ਜਿਹੇ ਠੁਕਵਾ ਕੇ ਉਨ੍ਹਾਂ ਦੀ ਸੁੰਦਰਤਾ ਵਧਾ ਲੈਂਦੀਆਂ ਹਨ।

ਕੰਗਨ—[ਸੰਸ:, ਕੰਕਣ: = ਗੁੱਟ ਦਾ ਇਕ ਗਹਿਣਾ] ਹੱਥ ਦਾ ਕੜਾ। ਧੜੀ—[ਹਿੰ:, ਧੜੀ = ਲਕੀਰ] ਮਾਂਗ। **ਗਿਆਨ ਰਾਉ**—ਗਜਾਨ ਦਾ ਰਾਜਾ—ਅਕਾਲ ਪੁਰਖ, ਜੋ ਗਜਾਨ ਸਰੂਪ ਹੈ।

[ਆਸਾ ਮਹਲਾ ੧, ਚਉਪਦਾ—੩੬]

ਪ੍ਰਾਕ੍ਥਨ—ਇਸ ਸ਼ਬਦ ਵਿਚ ਕਿਸੇ ਨੂੰ ਉਸ ਦੇ ਕਰਮ ਵੇਖਕੇ ਮਾੜਾ ਚੰਗਾ ਕਹਿਣੋਂ ਵਰਜਿਆ ਹੈ, ਪਰਮੇਸ਼ੁਰ ਦੀ ਬੰਦਗੀ ਵਾਲੇ ਨੂੰ 'ਬੰਦਾ' ਕਹਿਕੇ ਜਣਾਇਆ ਹੈ ਕਿ ਬੰਦਗੀ ਸਭ ਤੋਂ ਉੱਤਮ ਕਰਮ ਹੈ, ਜਿਸ ਕਰਕੇ ਕਰਮ ਜਾਲ ਤ੍ਰੁਟਦਾ ਤੇ ਪ੍ਰਭੂ ਮਿਲਦਾ ਹੈ।

ਮੂਲ	ਅਰਥ
ਆਸਾ ਮਹਲਾ ੧ ॥ ਕੀਤਾ ਹੋਵੈ ਕਰੇ ਕਰਾਇਆ ਤਿਸੁ ਕਿਆ ਕਹੀਐ ਭਾਈ ॥ ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ ॥੧॥	ਹੇ ਭਾਈ ! (ਜੇ ਕੋਈ) ਹੋਵੇ ਹੀ ਕੀਤਾ ਹੋਇਆ (ਤੇ ਜੋ ਕੁਛ ਉਹ) ਕਰਦਾ ਹੋਵੇ (ਸੋ ਉਸੇ ਕਰਨਹਾਰ ਦਾ) ਕਰਾਇਆ, ਉਸ ਨੂੰ ਕੀਹ ਆਖੀਏ ? (ਕਿ ਇਸ ਦਾ ਕੀਤਾ ਇਸ ਦੀ ਚਤੁਰਾਈ ਦਾ ਫਲ ਹੈ ? ਨਹੀ,) ਜੋ ਕੁਛ (ਉਸ ਨੇ) ਕਰਨਾ ਹੀ ਸੀ ਸੋਈ ਕੁਛ (ਉਹ) ਕਰ ਰਿਹਾ ਹੈ (ਉਸ) ਕੀਤੇ ਹੋਏ ਦੀ (ਉਸ ਦੇ ਕਰਨੇ ਵਿਚ) ਕੀਹ ਚਤੁਰਾਈ ਹੈ? (ਭਾਵ ਕੋਈ ਚਤੁਰਾਈ ਨਹੀਂ ਹੈ)॥੧॥
ਤੇਰਾ ਹੁਕਮੁ ਭਲਾ ਤੁਧੁ ਭਾਵੈ ॥	(ਹੇ ਮੇਰੇ ਕਰਤਾਰ!) ਭਲਾ (ਉਹੀ ਕੁਛ) ਹੈ (ਜੋ) ਤੈਨੂੰ ਭਾਵੇ (ਜੋ ਤੈਨੂੰ ਭਾਉਂਦਾ ਹੈ ਉਹੀ ਤੇਰਾ ਹੁਕਮ ਹੁੰਦਾ ਹੈ ਸੋ) ਤੇਰਾ ਹੁਕਮ (ਭੀ ਭਲਾ) ਹੈ। (ਸ੍ਰੀ ਗੁਰੂ) ਨਾਨਕ (ਦੇਵ ਜੀ

ਨਾਨਕ ਤਾ ਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ ॥੧॥ ਰਹਾਉ ॥	ਫੁਰਮਾਉਂਦੇ ਹਨ ਜੇ ਪੁਰਸ਼) ਸੱਚੇ ਨਾਮ ਦੁਆਰਾ (ਹੁਕਮ ਨੂੰ ਸਿਆਣਦਾ, ਹੁਕਮੀ ਵਿਚ) ਸਮਾ ਜਾਂਦਾ ਹੈ। ਉਸ ਨੂੰ (ਸਚੀ) ਵਡਿਆਈ ਮਿਲਦੀ ਹੈ॥੧॥ਰਹਾਉ॥
ਕਿਰਤੁ ਪਇਆ ਪਰਵਾਣਾ ਲਿਖਿਆ ਬਾਹੁੜਿ ਹੁਕਮੁ ਨ ਹੋਈ ॥ ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ ॥੨॥	(ਜੋ ਕਰਮ ਕੀਤੇ ਸਨ ਉਹਨਾਂ ਅਨੁਸਾਰ ਪਰਵਾਨਾ=) ਹੁਕਮ ਲਿਖਿਆ ਗਿਆ ਸੀ (ਉਸ ਅਨੁਸਾਰ ਹੁਣ ਕਰਨੇ ਵਾਲੀ) ਕਿਰਤ ਪਈ ਹੋਈ ਹੈ, ਫੇਰ (ਦੂਜੀ ਵੇਰ) ਹੁਕਮ ਨਹੀਂ ਹੁੰਦਾ। ਜਿਹੋ ਜਿਹਾ (ਇਕ ਵੇਰੀ) ਲਿਖਿਆ ਗਿਆ ਤਿਹੋ ਜਿਹਾ ਹੀ ਪੜ੍ਹੀਦਾ ਹੈ (ਭਾਵ ਭੋਗਣਾ ਪੈਂਦਾ ਹੈ, ਉਸ ਨੂੰ) ਕੋਈ ਮੇਟ ਨਹੀਂ ਸਕਦਾ॥੨॥
ਜੇ ਕੋ ਦਰਗਹ ਬਹੁਤਾ ਬੋਲੈ ਨਾਉ ਪਵੈ ਬਾਜਾਰੀ ॥ ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ ॥੩॥	(ਇਸ ਨਿਯਮ ਨੂੰ ਛੱਡਕੇ) ਜੇ ਕੋਈ ਬਹੁਤੀਆਂ ਗਲਾਂ ਬਣਾਵੇਗਾ ਤਾਂ ਦਰਗਾਹ ਵਿਚ (ਉਸ ਦਾ) ਨਾਉਂ ਬਾਜਾਰੀ ਪੈ ਜਾਇਗਾ, (ਉਸ ਦੀ ਸੰਸਾਰ) ਬਾਜ਼ੀ (ਜੋ ਉਹ) ਸ਼ਤਰੰਜ (ਵਾਂਙੂ ਖੇਡਦਾ ਹੈ ਚੌਪਟ ਦੀ ਨਜਾਈਂ ਹੈ) ਪੁੱਗਦੀ ਨਹੀ, (ਕਿਉਂਕਿ ਉਸ ਦੀ) ਨਰਦ ਕੱਚੀ (ਹੀ) ਪੈਂਦੀ ਹੈ॥੩॥
ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥ ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥੪॥੨॥੩੬॥	(ਅਸਲ ਗੱਲ ਇਹ ਹੈ ਕਿ) ਨਾ (ਤਾਂ) ਕੋਈ (ਪੂਰਾ) ਪੜ੍ਹਿਆ (ਆਲਮ) ਹੈ, (ਨਾ) ਵਿਦਜਾਵਾਨ ਪੰਡਿਤ ਹੈ (ਤੇ) ਨਾ ਹੀ ਕੋਈ ਮੂਰਖ ਹੈ (ਤੇ ਨਾ ਕੋਈ) ਬੁਰਾ ਹੈ। (ਜਿਸ ਕੋਲੋਂ ਮਾਲਕ) ਬੰਦਗੀ ਵਿਚ ਪਾ ਕੇ (ਆਪਣੀ) ਬੰਦਗੀ ਕਰਾ ਲਵੇ ਉਸ ਨੂੰ ਬੰਦਾ ਕਹੀਦਾ ਹੈ॥੪॥੨॥੩੬॥

ਵਜਾਖਜਾ— ਜਿਵੇਂ ਪਿਛਲੇ ਸ਼ਬਦ ਵਿਚ ਕੰਤ ਪਿਆਰੀ ਬੀਬੀ ਦੀ ਅਨਿੰਨ ਭਗਤੀ ਦਾ ਆਦਰਸ਼ ਲਿਆ ਸੀ, ਤਿਵੇਂ ਇਸ ਸ਼ਬਦ ਵਿਚ 'ਬੰਦੇ' ਦਾ ਆਦਰਸ਼ ਲਿਆ ਹੈ, ਉਸ ਦੀ ਅਨਿੰਨ ਭਗਤੀ ਕਿਵ ਦੀ ਹੁੰਦੀ ਹੈ।

ਬੰਦੇ ਆਦਰਸ਼ ਵਾਲਾ ਭਗਤ ਦੇਖਦਾ ਹੈ ਕਿ ਜੋ ਕਿਸੇ ਦਾ ਬੰਦਾ ਹੁੰਦਾ ਹੈ, ਜੋ ਕੁਛ ਉਹ ਹੁੰਦਾ ਹੈ, ਮਾਲਕ ਦਾ ਬਣਾਇਆ ਹੋਇਆ ਹੁੰਦਾ ਹੈ ਤੇ ਜੋ ਕੁਛ ਕਰਦਾ ਹੈ ਮਾਲਕ ਦੇ ਹੁਕਮ ਦਾ ਕਰਾਇਆ ਕਰਦਾ ਹੈ। ਉਸ ਦਾ ਕੀਤਾ ਕਰਾਇਆ ਉਸ ਦੀ ਚਤੁਰਾਈ ਕਰਕੇ ਨਹੀਂ ਹੁੰਦਾ, ਕਿਉਂਕਿ ਉਸ ਦਾ ਕੰਮ ਹੁਕਮ ਕਮਾਉਣਾ ਹੁੰਦਾ ਹੈ। ਇਹ ਮਿਸਾਲ ਦੇ ਕੇ ਹੁਣ ਰਹਾਉ ਵਿਚ ਰੱਬ ਦੇ ਬੰਦੇ ਤੇ ਘਟਾਉਂਦੇ ਹਨ ਕਿ ਉਸ ਭਗਤ ਨੂੰ ਵਡਿਆਈ ਮਿਲਦੀ ਹੈ ਜੋ ਸੱਚੇ ਮਾਲਕ ਦੇ ਨਾਮ ਦੁਆਰਾ ਹੁਕਮ ਵਿਚ ਸਮਾ ਜਾਂਦਾ ਹੈ। ਕਿਉਂਕਿ ਤੂੰ 'ਨੇਕੀ ਕੁਲ ਹੈਂ'। ਯਥਾ:-

ਆਪਿ ਭਲਾ ਕਰਤੂਤਿ ਅਤਿ ਨੀਕੀ॥ ਆਪੇ ਜਾਨੈ ਅਪਨੇ ਜੀ ਕੀ॥

[ਗਉੜੀ ਮ: ੫, ਸੁਖਮਨੀ ੨੩-੭]

ਨੇਕੀ ਨੂੰ ਜੋ ਕੁਛ ਭਾਵੇ ਸੋ ਨੇਕੀ (ਭਲਜਾਈ) ਹੁੰਦੀ ਹੈ ਹੁਕਮ ਤੇਰਾ ਜੋ ਹੁੰਦਾ ਹੈ ਤੈਨੂੰ ਭਾਉਂਦਾ ਹੈ ਤਾਂ ਹੁੰਦਾ ਹੈ, ਸੋ ਤੇਰਾ ਹੁਕਮ ਬੀ ਭਲਾ ਹੀ ਹੋਇਆ। ਇਹ ਗੱਲ ਅਨਿੰਨ ਭਗਤ, ਜੋ ਬੰਦੇ ਦੇ ਨਮੂਨੇ ਤੇ ਟੁਰਦਾ ਹੈ, ਤੇਰਾ ਨਾਮ ਜਪਦਾ ਹੋਯਾ ਸਮਝ ਜਾਂਦਾ ਹੈ ਤੇ ਤੇਰੇ ਹੁਕਮ ਵਿਚ ਸਮਾਇਆ ਰਹਿੰਦਾ ਹੈ, ਭਾਵ ਇਹ ਕਿ ਲਗਾਤਾਰੀ ਯਾਦ ਦੁਆਰਾ ਉਸ ਵਿਚ ਲੱਗਾ ਰਹਿੰਦਾ ਹੈ ਤੇ ਉਸ ਦੇ ਕੀਤੇ ਨੂੰ ਹੁਕਮ ਤੇ ਭਲਾ ਹੁਕਮ ਸਮਝ ਕੇ ਉਸ ਦੀ ਰਜ਼ਾ ਵਿਚ ਮਿਲਿਆ ਯਾ ਸਮਾਇਆ ਰਹਿੰਦਾ ਹੈ। ਸੋ ਵਡਿਆਈ ਕਥਨੀ ਆਦਿ ਦੀਆਂ ਚਤੁਰਾਈਆਂ ਤੇ ਸਹਸ ਸਿਆਣਪਾਂ ਵਿਚ ਨਹੀਂ ਪਰ ਭਗਤੀ

ਦੁਆਰਾ ਸਾਹਿਬ ਨਾਲ ਇਕ ਸੁਰ ਹੋਏ ਰਹਿਣੇ ਵਿਚ ਹੈ।

ਅੰਕ ੨ ਸੰਸਾ ਉੱਠ ਖੜੋਂਦਾ ਹੈ ਕਿ ਕਿਆ ਹੁਕਮ ਐਵੇਂ ਹੀ ਪਿਆ ਹੁੰਦਾ ਹੈ, ਜਿਸ ਦਾ ਸਿਰ ਪੈਰ ਕੋਈ ਨਹੀ ? ਤਾਂ ਅੰਕ ੨ ਵਿਚ ਇਹ ਸੰਸਾ ਦੂਰ ਕਰਦੇ ਹਨ ਕਿ ਤੂੰ ਇਕ 'ਕਰਨੀ ਕਰਨੇ ਦੇ ਚੱਕ੍ਰ ਵਿਚ ਪਿਆ ਹੋਇਆ ਹੈਂ। ਅਰਥਾਤ ਇਕ ਪ੍ਰਕਾਰ ਦੇ ਕਰਮ ਕੀਤੇ ਉਹਨਾਂ ਦੀ ਤੁਲਨਾ ਹੋ ਕੇ ਹੁਕਮ ਹੋ ਗਿਆ ਕਿ ਅਗਲਾ ਜਨਮ ਇਸ ਪ੍ਰਕਾਰ ਦਾ ਹੋਸੀ, ਉਸ ਜਨਮ ਵਿਚ ਬਣੇ ਸੁਭਾਵ ਮੂਜਬ ਤੇ ਕਰਨੀ ਦੀਆਂ ਪਈਆਂ ਲੀਹਾਂ ਤੇ ਕਰਨ ਤੇ ਬਣ ਰੁਖ਼ ਮੁਜਬ ਫੇਰ ਵੈਸੇ ਕਰਮ ਹੋਣਗੇ। ਉਸ ਆਪਣੇ ਕੀਤੇ ਤੇ ਵਹੀ ਹੋਈ ਕਲਾਮ ਮੁੜਦੀ ਨਹੀਂ।

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥   [ਸਾਰੰਗ ਵਾਰ ਮਹਲਾ ੪-੯]

ਅੰਕ ੩- ਇਸ ਪਰ ਜੋ ਕੋਈ ਬਹੁਤੀਆਂ ਚਤੁਰਾਈ ਦੀਆਂ ਗਲਾਂ ਕਰੇ ਤੇ ਪੰਡਿਤਾਈਆਂ ਸਾੜੇ ਤਾਂ ਉਹ ਬੰਦਾ ਨਹੀਂ ਬਣੇਗਾ, ਉਹ ਤਾਂ ਬਜਾਰੀ ਕਹਾਏਗਾ। ਬਜਾਰੀ = ਬਨਾਵਟੀ ਮਨੁਖ, ਗੱਲਾਂ ਨਾਲ ਘਰ ਪੂਰੇ ਕਰਨ ਵਾਲਾ ਪਰ ਕਰਨੀ ਹੀਨ, ਇਸ ਪ੍ਰਕਾਰ ਦਾ ਬਣੇ ਤੇ ਸਦਾਏਗਾ। ਉਸ ਦਾ ਹਾਲ ਆਪ ਜੀ ਅਗਲੀ ਤੁਕ ਵਿਚ ਇਕ ਤਸਵੀਰ ਖਿੱਚਕੇ ਦੱਸਦੇ ਹਨ।

ਇਸ ਤੁਕ ਪਰ ਅਕਸਰ ਕਿੰਤੂ ਭਰੀਆਂ ਵਿਚਾਰਾਂ ਦਾਨਿਆਂ ਨੂੰ ਫੁਰਦੀਆਂ ਹਨ ਕਿ ਬਾਜ਼ੀ ਤਾਂ ਸ਼ਤਰੰਜ ਦੀ ਕਹੀ ਹੈ ਤੇ ਪਦ 'ਪਕੈਂ ਸਾਰੀ' ਤੇ 'ਕਚੀ' ਚੌਪਟ ਦੇ ਵਰਤੇ ਹਨ। ਇਹ ਅਸੰਗਤੀ ਕਿਉਂ ਹੈ? ਇਹ ਅਸੰਗਤੀ ਨਹੀਂ, ਪਰਮਾਰਥੀ ਸਾਧਕ ਦਾ ਵਦ ਤੋਂ ਵਜਾਘਾਤ ਦਿਖਾਇਆ ਹੈ, ਕਿ ਸਿਦਕ ਭਰੋਸੇਨਾਲ ਸਾਈ ਸਿਮਰ ਕੇ ਸਿਧ ਹੋਣ ਵਾਲਾ ਕੰਮ ਸਿਮਰਨ ਨਾਲ ਕਰੇ, ਸਹਜ ਸਿਆਣਪਾਂ ਨਾਲ ਉਹ ਸਿਧ ਨਹੀਂ ਹੋਵੇਗਾ।

ਪਰਮਾਰਥੀ ਜੀਵ ਜੋ ਪਰਮਾਰਥਿਕ ਜੀਵਨ ਬਸਰ ਕਰ ਰਿਹਾ ਹੈ ਤੇ ਇਸ ਵਿਚ 'ਜਿਨਿ ਬਾਜੀ ਘਰ ਆਇਆ* ਤੇ ਅੱਪੜਿਆ ਚਾਹੁੰਦਾ ਹੈ, ਉਸ ਨੂੰ ਖ਼ਬਰਦਾਰ ਕਰਦੇ ਹਨ ਕਿ ਜੇ ਤੂੰ ਬੰਦਾ ਬਣਕੇ ਰਜ਼ਾ ਵਿਚ ਮਰਜ਼ੀ ਮੇਲਕੇ ਹਜ਼ੂਰੀ ਵਾਸ ਦਾ ਜੀਵਨ ਨਹੀ ਬਸਰ ਕਰਨਾ ਤੇ ਅਪਣੀ ਸਿਆਣਪ ਤੇ ਚਤੁਰਾਈ ਤੇ ਟੁਰਨਾ ਹੈ ਤਾਂ ਤੇਰਾ ਬੰਦਗੀ ਦਾ ਜੀਵਨ ਸਿਰੇ ਨਹੀਂ ਚੜ੍ਹਨਾ। ਸ਼ਤਰੰਜ ਦੀ ਖੇਲ ਚਤੁਰਾਈ ਦੀ ਖੇਲ ਹੈ, ਚੌਪਟ ਦੀ ਖੇਲ ਚਤੁਰਾਈ ਨਿਰੀ ਨਾਲ ਨਹੀਂ ਜਿੱਤੀ ਜਾਂਦੀ, ਉਸ ਵਿਚ ਪਾਸੇ ਢਾਲੀਦੇ ਹਨ, ਜੋ ਦਾਉ ਪੈ ਗਿਆ ਉਸ ਨਾਲ ਚਾਲ ਟੁਰਦੀ ਹੈ; ਨਰਦਾਂ ਪੱਕਦੀਆਂ ਤੇ ਬਾਜ਼ੀ ਜਿੱਤੀ ਦੀ ਹੈ। ਜੋ ਆਦਮੀ ਚੌਪਟ ਨੂੰ ਸ਼ਤਰੰਜ ਸਮਝ ਕੇ ਖੇਡੇ ਤਾਂ ਉਹ ਦੇਖ ਲਏਗਾ ਕਿ ਉਹ ਸਿਰੇ ਨਹੀ ਚੜ੍ਹੇਗਾ। ਇਸ ਦ੍ਰਿਸ਼ਟਾਂਤ ਵਿਚ ਦੱਸਦੇ ਹਨ ਕਿ ਏਹ ਪਰਮਾਰਥੀ ਯਤਨ ਕਰਨ ਵਾਲੇ 'ਬੰਦੇ ਬੰਦਗੀ ਇਕਤੀਆਰ'॥

[ਗਉੜੀ ਕਬੀਰ ਜੀ-੬੯]

ਮੁਰਾਦ ਇਹ ਹੈ ਕਿ ਅਪਣੇ ਜੀਵਨ ਵਿਚ ਵਾਹਿਗੁਰੂ ਦੀ ਯਾਦ ਹਿਰਦੇ ਵਸਾਓ, ਇਸ ਨਾਲ ਹਜ਼ੂਰੀ ਵਾਸ ਹੋ ਜਾਏਗਾ। ਦਿੱਤੀ ਅਕਲ ਮੁਜਬ ਜੀਵਨ ਬਸਰ ਕਰੀ ਚੱਲ, ਹਰਖ ਸ਼ੋਕ ਦੁਖ ਸਭ ਪਏ ਕਿਰਤ ਅਨੁਸਾਰ ਆਉਣਗੇ ਪਰ ਉਹਨਾਂ ਦੇ ਆਉਣ ਨਾਲ ਸਾਂਈ ਦੀ ਯਾਦ ਤੇ ਹਜ਼ੂਰੀ ਦੇ ਕਾਰਨ ਹੁਕਮ ਨਾਲ ਇਕ ਸੁਰ ਹੁੰਦੇ ਜਾਣ ਕਰਕੇ ਕਿਰਤ ਕਰਮ ਦੀ ਸੰਗਲੀ ਨਹੀਂ ਬਣੇਗੀ, ਉਹ ਟੁੱਟਦੀ ਜਾਏਗੀ, ਇਸ ਕਰਕੇ ਅਗਲੇ ਜਨਮ ਦੇ ਦੁਖ ਸੋਗ, ਹਰਖ ਸੋਗ ਟਿੰਡਾਂ ਦੇ ਜੋੜ ਵਾਂਙੂ ਟੁਰੇ ਨਹੀਂ ਰਹਿਣਗੇ। ਕਰਮ ਜਾਲ ਵਿਚੋਂ ਆਤਮਾ ਨਿਕਲ ਜਾਏਗੀ ਤੇ ਸਾਂਈਂ ਚਰਨਾਂ ਵਿਚ ਸਮਾਏਗੀ ਐਉਂ ਬਾਜ਼ੀ ਜਿੱਤ ਹੋ ਜਾਏਗੀ।

ਇਸ ਕਰਕੇ ਅੰਕ ਚਾਰ ਵਿਚ ਫੁਰਮਾਉਂਦੇ ਹਨ ਕਿ ਨਾਂ ਤਾਂ ਕਿਸੇ ਨੂੰ ਮੂਰਖ ਕਹੋ, ਨਾ ਕਿਸੇ ਨੂੰ ਪੰਡਤ, ਤੁਸੀ ਵਾਹਿਗੁਰੂ ਜੀ ਦੀ ਬੰਦਗੀ ਕਰੋ, ਬੰਦਗੀ ਵਿਚ ਉਸ ਦਾ ਨਾਮ ਜਪੋ ਤੇ ਸਿਫਤ ਸਲਾਹ ਕਰੋ ਤਦ ਤੁਸੀ 'ਮੂਰਖ ਪੰਡਤ' ਦੇ ਦ੍ਵੰਦ ਤੋਂ ਨਿਕਲ ਕੇ 'ਬੰਦਾ' ਬਣ ਜਾਓਗੇ। ਬੰਦਾ ਕਲਜਾਣ ਨੂੰ

*ਬਸੰਤ ਮਹਲਾ ੫-੧੯।

ਪ੍ਰਾਪਤ ਹੁੰਦਾ ਹੈ, ਯਥਾ:- ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥

[ਮਾਰੂ ਡਖਣੇ ਵਾਰ ਮਹਲਾ ੫-੧੭]

ਨਿਰੁਕਤੁ—**ਕਿਰਤੁ**—[ਦੇਖੋ ਪੰਨਾ ੧੬੧੫] ਕੀਤੇ ਕਰਮਾਂ ਅਨੁਸਾਰ ਬਣੀ ਪ੍ਰਾਰਬਧ।

ਪਰਵਾਣਾ—[ਫਾ. ਪਰਵਾਨਹ] ਉਹ ਕਾਗਜ਼ ਜਿਸ ਪਰ ਹੁਕਮ ਲਿਖਿਆ ਹੁੰਦਾ ਹੈ। ਹੁਕਮ।

ਪੜਿਆ—ਵਾਚਿਆ ਹੈ, ਵਾਚੀ ਦਾ ਹੈ। ਭਾਵ ਭੋਗਣਾ ਪੈਂਦਾ ਹੈ।

ਦਰਗਹ—[ਫਾ:, ਦਰਗਾਹ] ਦਰਗਾਹ ਵਿਚ, ਸਾਂਈ ਦੇ ਦਰਬਾਰ ਵਿਚ। (ਅ) ਇਸ ਦਾ ਭਾਵ ਸਤਿਸੰਗ ਵਿਚ ਬੀ ਲਈਦਾ ਹੈ,ਕਿ ਸਤਿਸੰਗ ਵਿਚ ਜੇ ਕੋਈ ਬਹੁਤ ਗੱਪਾਂ ਮਾਰੇ, ਤਾਂ ਸਤਿਸੰਗੀ ਸਮਝ ਜਾਂਦੇ ਹਨ ਕਿ ਇਹ ਅਸਲੀ ਬੰਦਾ ਨਹੀਂ, ਬਨਾਵਟੀ ਹੈ, ਗੱਪਾਂ ਮਾਰਦਾ ਤੇ ਕਰਨੀ ਹੀਨ।

ਬਾਜਾਰੀ—[ਫਾ:,ਬਾਜਾਰ] ਬਾਜ਼ਾਰ ਸੰਬੰਧੀ। ਜੋ ਚੀਜ਼ ਨਿੱਗਰ ਪੱਕੀ ਨਾ ਹੋਵੇ ਕੰਮ ਚਲਾਊ ਮਾੜ੍ਹੂ ਤੇ ਕੱਚੀ ਹੋਵੇ, ਉਸਨੂੰ ਬਜ਼ਾਰੀ ਆਖਦੇ ਹਨ। ਇਸੇ ਤਰ੍ਹਾਂ ਬਨਾਵਟੀ ਤੇ ਗੱਪੀ ਆਦਮੀ ਨੂੰ ਬਜ਼ਾਰੀ ਕਹਿੰਦੇ ਹਨ।

ਸਤਰੰਜ—[ਅ:, ਸ਼ਿਤਰੰਜ] ਇਕ ਖੇਡ ਹੈ ਜੋ ਛੇ ਪ੍ਰਕਾਰ ਦੇ ਮੋਹਰਿਆਂ ਨਾਲ ੬੪ ਖਾਨਿਆਂ ਦੀ ਬਸਾਤ ਤੇ ਖੇਲੀਦੀ ਹੈ, ਜਿਸ ਵਿਚ ਬਹੁਤ ਚਤੁਰਾਈ ਦੀ ਲੋੜ ਹੁੰਦੀ ਹੈ।

ਸਾਰੀ—[ਸੰਸ: ਸਾਰਿ:] ਨਰਦ, ਚੌਪਟ ਦੀ ਗੋਟ।

ਇਹ ਪਦ ਗੁਰਬਾਣੀ ਵਿਚ ਬੀ ਚੌਪਟ ਦੀ ਨਰਦ ਲਈ ਵਰਤਿਆ ਗਿਆ ਹੈ, ਯਥਾ :-

ਕਰਮ ਧਰਮ ਤੁਮ ਚਉਪੜਿ ਸਾਜਹੁ ਸਤੁ ਕਰਹੁ ਤੁਮ੍ਹ ਸਾਰੀ।।

[ਬਸੰਤੁ ਮਹਲਾ ੫—੧੯]

ਪੁਨਾ:-ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ।।

[ਰਾਗੁ ਆਸਾ ਮਹਲਾ ੧, ਪਟੀ-੧੯]

'ਪਕੈ' ਤੇ 'ਕਚੀ' ਬੀ ਪਦ ਚਉਪਟ ਦੀ ਖੇਲ ਵਿਚ ਵਰਤੀਂਦੇ ਹਨ, ਯਥਾ:-

ਜੀਅ ਜੰਤ ਸਭਿ ਸਰਣਿ ਤੁਮਾਰੀ॥ ਆਪ ਧਰਿ ਦੇਖਹਿ ਕਚੀ ਪਕੀ ਸਾਰੀ॥

[ਮਾਝ ਮਹਲਾ ੩, ਅਸਟ: ੭]

ਤਥਾ:- ਆਪੇ ਪਾਸਾ ਆਪੇ ਸਾਰੀ॥ [ਮਾਰੂ ਮਹਲਾ ੧, ਸੋਲਹਾ-੧]

ਸੋ ਇਸ ਸ਼ਬਦ ਦੀ ਇਸ ਸਤਰ ਉਤੇ ਇਥੇ ਕਿੰਤੂ ਹੁੰਦਾ ਹੈ ਕਿ ਸ਼ਤਰੰਜ ਦੀ ਬਾਜ਼ੀ ਕਹਿਕੇ 'ਪਕੈ, ਕਚੀ ਸਾਰੀਂ' ਪਦ ਚਉਪੜ ਦੇ ਕਿਉਂ ਵਰਤੇ ਹਨ? ਅਸਲ ਵਿਚ ਇਸੇ ਸਤਰ ਵਿਚ ਸੁਆਦਲਾ ਕਟਾਖਜ ਹੈ। ਸ਼ਤਰੰਜ ਦੀ ਖੇਡ ਅਕਲ ਦੀ ਹੈ, ਚਉਪੜ ਦੀ ਖੇਲ ਪਾਸੇ ਪੈਣ ਤੇ ਹੈ।ਅਕਲ ਦੀਆਂ ਚਾਲਾਂ ਪਾਸੇ ਪੈਣ ਤੇ ਵਸੀਕਾਰ ਨਹੀ ਰੱਖਦੀਆਂ। ਗੁਰੂ ਜੀ ਪਹਿਲੇ ਅੰਕ ਵਿਚ ਪਦ ਚਤੁਰਾਈ ਵਰਤ ਆਏ ਹਨ। ਏਥੇ ਇਕ ਸਤਰ ਵਿਚ ਵਿਸ਼ਾਲ ਮਤਲਬ ਦੇ ਜਾਂਦੇ ਹਨ ਕਿ ਜੋ ਪਰਮਾਰਥਿਕ ਜੀਵਨ ਦੀ ਕਾਮਯਾਬੀ ਸਹਸ ਸਿਆਣਪਾਂ ਯਾ ਚਤੁਰਾਈ ਦੇ ਅਧੀਨ ਸਮਝਦੇ ਹਨ ਓਹ ਭੁੱਲ ਤੇ ਹਨ ਏਹ ਖੇਡ ਸ਼ਤਰੰਜ ਨਹੀਂ, ਚਉਪੜ ਵਤ ਹੈ, ਜਿਸ ਵਿਚ ਕਾਮਯਾਬੀ 'ਪਾਸੇ' ਸਿੱਧੇ ਪੈਣ ਤੇ ਹੈ। ਕਿਉਂਕਿ ਪਾਸੇ ਢਾਲਣ ਵਿਚ ਕਾਮਯਾਬੀ ਚਤੁਰਾਈ ਤੇ ਨਹੀਂ।ਪਰਮਾਰਥਿਕ ਪਾਸੇ ਢਾਲਣ ਦੀ ਕਾਮਯਾਬੀ ਦਾ ਭੇਤ ਦੱਸਿਆ ਹੈ:-

ਬਾਜੀਗਰੀ ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ॥ [ਆਸਾ ਕਬੀਰ ਜੀ-੨੩]

ਪਾਸੇ ਦਾ ਠੀਕ ਪੈਣਾ ਇਤਫਾਕ ਤੇ ਹੀ ਵਿਸ਼ੇਸ਼ ਕਰਕੇ ਰਹਿੰਦਾ ਹੈ।ਜੋ ਆਸਤਕ ਸਿਦਕ ਵਾਲੇ ਹਨ, ਓਹ 'ਇਤਫਾਕ' ਨੂੰ ਅੰਧ ਹੋਣੀ' ਨਹੀਂ ਸਮਝਦੇ, ਉਹ ਕਰਤਾਰ ਦਾ ਹੁਕਮ ਸਮਝਦੇ ਹਨ, ਇਸ ਕਰਕੇ ਸੁਮਤਿ ਦੇਂਦੇ ਹਨ ਕਿ ਪਾਸੇ ਢਾਲਣ ਦੀ ਕਾਮਯਾਬੀ ਲਈ ਕਰਤਾਰ ਦੇ ਸਿਮਰਣ ਵਿਚ ਆ ਜਾਓ, ਉਹ ਦਾਤਾ ਕਾਮਯਾਬੀ ਬਖਸ਼ਦਾ ਹੈ।

ਸੋ ਸਤਿਗੁਰੂ ਜੀ ਦਾ ਇਸ ਸਤਰ ਵਿਚ ਭਾਵ ਸਪਸ਼ਟ ਹੈ ਜੋ ਸੂਤਰ ਰੂਪਤਾ ਦੇ ਸੰਖੇਪ ਤੋਂ

ਬੀ ਵੱਧ ਸੰਖੇਪ ਵਿਚ ਇਕ ਮੂਰਤ ਖਿੱਚ ਕੇ ਦੱਸਿਆ ਹੈ ਤੇ ਮੂਰਤ ਬੀ ਰੰਗ ਭਰਕੇ ਨਹੀ ਇਕ ਦੋ ਸਤਰਾਂ ਖਿੱਚ ਕੇ ਹੀ ਦਿਖਾ ਦਿਤੀ ਹੈ ਕਿ ਸਹਸ ਸਿਆਣਪਾਂ ਦਾ ਖਿਲਾਰੀ ਈਸ਼੍ਵਰੀਯ ਮਿਹਰ ਨਾਲ ਸਿੱਧ ਹੋਣ ਵਾਲੇ ਕੰਮਾਂ ਵਿਚ ਜਦ ਚਾਤੁਰੀ ਉਤੇ, ਜੋ ਹਉਂ ਦਾ ਕੰਮ ਹੈ, ਟੇਕ ਧਾਰਦਾ ਹੈ ਤਾਂ ਨਾਕਾਮਯਾਬ ਹੁੰਦਾ ਹੈ।

ਬੀਨਾ—[ਫਾ.] ਦੇਖਣ ਵਾਲਾ। ਸਿਆਣੇ ਵਿਦਜਾਵਾਨ ਪੁਰਖ ਤੋਂ ਮੁਰਾਦ ਹੈ।

ਬੰਦੀ—[ਫਾ:, ਬੰਦ ਤੋਂ] ਬੰਦੀਪਨਾ। ਦਾਸਾ ਭਾਵ। ਬੰਦਗੀ।

ਬੰਦਾ—[ਫਾ:, ਬੰਦਹ] ਦਾਸ। ਭਗਤ। ਸੇਵਕ।

[ਆਸਾ ਮਹਲਾ ੧, ਚਉਪਦਾ-੩੭]

ਪ੍ਰਾਕ੍ਕਥਨ— ਇਹ ਤੇ ਅਗਲਾ ਸ਼ਬਦ ਭਰਥਰਿ ਜੋਗੀ ਪਰਥਾਇ ਉਚਾਰ ਹੋਏ ਹਨ। ਦੋਹਾਂ ਸ਼ਬਦਾਂ ਦੀਆਂ ਅੰਤਲੀਆਂ ਤੁਕਾਂ ਵਿਚ 'ਭਰਥਰਿ ਜੋਗੀ' ਨੂੰ ਸੰਬੋਧਨ ਮੌਜੂਦ ਹੈ, ਭਰਥਰਿ ਜੋਗੀ ਦੇ ਸਾਰੇ ਲਈ ਪ੍ਰਸੰਗ ਪੜ੍ਹੋ ਗੁਰ ਨਾਨਕ ਚਮਤਕਾਰ ਦਾ ਪ੍ਰਸੰਗ ੬੭ਵਾਂ।

ਮੂਲ	ਅਰਥ
ਆਸਾ ਮਹਲਾ ੧ ॥ **ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥** **ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥**	(ਅਰਥ ਰਹਾਉ ਤੋਂ ਤੁਰੇਗਾ) ਹੇ ਜੁੜਨ ਵਾਲੇ ਬਾਬਾ ਜੀਉ। (ਭਾਵ ਹੇ ਭਰਥਰੀ!) ਪਰਮ ਤੱਤ ਵਿਚ ਜੋ ਜੋਗ ਕਰਨਾ ਹੈ (ਅਰਥਾਤ ਵਾਹਿਗੁਰੂ ਵਿਚ ਜੁੜਨਾ ਹੈ ਇਹ) ਜੁਗੋ ਜੁਗ ਦਾ ਜੋਗੀ (ਬਣਨਾ) ਹੈ। (ਇਸ ਦੀ ਪ੍ਰਾਪਤੀ ਦਾ ਸਾਧਨ ਹੱਠ ਯੋਗ ਨਹੀ ਪਰ) ਨਿਰੰਜਨ (ਪਰਮਾਤਮਾ) ਦਾ ਅੰਮ੍ਰਿਤ ਨਾਮ ਹੈ। (ਹਠ ਯੋਗ ਦਾ ਫਲ) ਕਾਇਆਂ ਦਾ (ਚਿਰੰਜੀਵੀ ਹੋਣਾ ਹੈ, ਪਰ ਇਸ ਨਾਮ ਦਾ ਫਲ) ਗਿਆਨ (ਸਫਲ ਗਿਆਨ) ਦਾ ਰਸ ਭੋਗਣਾ ਹੈ* ॥੧॥ ਰਹਾਉ ॥
ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥ **ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ ਰਹਾਉ ॥**	(ਇਹ ਨਾਮ ਅੰਮ੍ਰਿਤ ਕਿੱਥੋਂ ਪ੍ਰਾਪਤ ਹੁੰਦਾ ਹੈ?) ਗੁਰੂ ਕੇ ਉਪਦੇਸ਼ ਨੂੰ ਮਨ ਵਿਚ (ਐਉਂ ਧਾਰਨ ਕੀਤਿਆਂ ਜਿਵੇਂ ਜੋਗੀ) ਮੁੰਦਾਂ (ਕੰਨਾਂ ਵਿਚ ਪਹਿਨਦੇ ਹਨ ਅਥਵਾ ਮੁੰਦ੍ਰਾ†ਧਾਰਨ ਕਰਦੇ ਹਨ। ਇਹ ਤਾਂ ਅੰਦਰ ਦੀ ਅਪਣੀ ਕਾਰ ਹੋਈ ਜਗਤ ਨਾਲ ਜੋ ਵਿਹਾਰ ਪੈਂਦਾ ਹੈ ਉਸ ਵਿਚ ਅਸੀ) ਖਿਮਾ ਰੂਪੀ ਗੋਦੜੀ ਹਢਾਉਂਦੇ ਹਾਂ। (ਤੁਹਾਡੇ ਜੋਗ ਦੀ ਥਾਂ ਸਾਡਾ) ਸਹਜ ਜੋਗ ਹੈ (ਜਿਸ ਵਿਚ ਸਾਡੀ ਹਉਂ ਰਹਿ ਜਾਂਦੀ ਹੈ ਤੇ ਅਸੀ ਵੇਖਦੇ ਹਾਂ ਕਿ)ਜੋ ਕੁਛ ਵਰਤਦਾ ਹੈ (ਸੋ ਅਕਾਲ ਪੁਰਖ ਵਰਤਾਉਂਦਾ ਹੈ ਤੇ ਉਸ ਦਾ ਕੀਤਾ ਹੈ, ਇਸ ਕਰਕੇ ਉਸ ਨੂੰ) ਭਲਾ ਕਰਕੇ ਮੰਨਦੇ ਹਾਂ, (ਭਾਵ ਰਜ਼ਾ ਵਿਚ ਟਿਕੇ ਰਹਿੰਦੇ ਹਾਂ, ਇਹ ਸਾਡੀ) ਨਿਧੀ ਹੈ॥੧॥

*ਅਥਵਾ ਤੁਸੀਂ ਤਾਂ ਕਾਇਆਂ ਵਿਚ ਖੇਚਰੀ ਆਦਿ ਮੁਦਰਾ ਨਾਲ ਰਸ ਭੋਗਦੇ ਹੋ,ਅਸੀ ਗਿਆਨ ਦਾ ਰਸ ਮਾਣਦੇ ਹਾਂ।

†ਖੇਚਰੀ ਭੂਚਰੀ ਆਦਿਕ।

ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥ ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥

(ਜੋਗ ਦਿਆਂ ਆਸਣਾਂ ਦਾ ਸਾਡਾ ਕਰਨਾ ਇਹ ਹੈ ਕਿ ਅਸੀਂ) ਬ੍ਰਿਥਾ ਕਲਪਣਾ ਦਾ ਤਿਆਗ ਕਰਦੇ ਹਾਂ (ਸੰਕਲਪ ਵਿਕਲਪ ਹੋੜਦੇ ਹਾਂ ਤੇ (ਕਲਿਆਣ ਰੂਪੀ ਨਗਰੀ (ਤੁਰੀਆ ਪਦ) ਵਿਚ ਟਿਕੇ ਰਹਿੰਦੇ ਹਾਂ (ਭਾਵ ਮਰ ਕੇ ਸ਼ਿਵਪਰੀ ਨੂੰ ਜਾਣਾ, ਇਸ ਦੀ ਥਾਵੇਂ ਹੁਣ ਕਲਿਆਣ ਰੂਪ ਅਵਸਥਾ ਵਿਚ ਟਿਕੇ ਹੋਏ ਸੁਖ ਮਾਣਦੇ ਹਾਂ)। ਸਿੰਙੀ ਪੂਰਕੇ ਰਾਤ ਨੂੰ ਤੇ ਦਿਨ ਨੂੰ ਨਾਦ ਕਰਨਾ (ਸਾਡਾ ਇਹ ਹੈ ਕਿ ਸ਼ਬਦ=) ਨਾਮ ਦੀ ਲਿਵ ਸਦਾ ਸੁਹਾ ਰਹੀ ਹੈ* ॥੨॥

ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥ ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥

ਪਾਤ੍ਰ (ਖੱਪਰ ਕਿ ਚਿੱਪੀ ਕਿ ਤੂੰਬਾ ਅਸਾਂ) ਵੀਚਾਰ (ਦਾਲਿਆ ਹੈ, ਮਨ ਉਤੇ) ਮਤਿ (ਤੇ ਮਤਿ ਉਤੇ ਵਾਹਿਗੁਰੂ ਦੇ ਬਖਸ਼ੇ) ਗਜਾਨ (ਦਾ ਕਾਬੂ, ਇਹ ਅਸਾਂ) ਡੰਡਾ ਫੜਿਆ ਹੈ, ਵਰਤਮਾਨ (ਸੰਸਾਰ ਦੇ ਮੋਹ ਨੂੰ ਸੁਆਹ ਵਾਂਙ ਨਿਰਮੋਲ ਜਾਣਨਾ ਇਹ) ਬਿਭੂਤ ਲਾਈ ਹੈ। ਰਹੁਰੀਤਿ ਸਾਡੀ (ਪੁੱਛੋ ਤਾਂ) ਵਾਹਿਗੁਰੂ ਦੀ ਕੀਰਤੀ (ਕਰਨੀ ਤੇ ਗਾਉਣੀ ਹੈ, ਸਾਡਾ ਪੰਥ ਹੈ) ਗੁਰਮੁਖ ਪੰਥ ਤੇ (ਤੁਹਾਡਾ ਹੈ) ਅਤੀਤ (ਪੰਥ, ਭਾਵ ਅਸੀਂ ਮਨ ਮਤਿ ਤੋਂ ਅਤੀਤ ਰਹਿ ਕੇ ਗੁਰਮਤਿ ਦੇ ਰਾਹ ਟੁਰਦੇ ਹਾਂ, ਤੁਸੀ ਗ੍ਰਿਹਸਤ ਤਿਆਗ ਕੇ ਅਤੀਤ ਹੁੰਦੇ ਹੋ) ॥੩॥

ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥ ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥੩॥੩੭॥

ਅਨੇਕਾਂ ਰੰਗਾਂ (ਵਿਚ ਤੇ) ਨਾਨਾ (ਰੂਪਾਂ ਵਿਚ† ਇਕ ਪਾਰਬ੍ਰਹਮ ਦੀ) ਜੋਤਿ ਸਾਰੇ ਸਮਾਈ ਹੋਈ (ਸਮਝਣੀ ਇਹ) ਸਾਡੀ ਜੋਤਿ ਹੈ (ਭਾਵ ਸਾਡੀ ਜਜੋਤਿ ਇਕ ਦੇਸ਼ੀ ਨਹੀਂ, ਸਰਬ ਵਜਾਪੀ ਹੈ, ਅਥਵਾ ਸੰਮਤਾ ਹੈ)। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ:) ਹੇ ਭਰਥਰਿ ਜੋਗੀ, ਸੁਣ ! ਇਕ ਪਾਰਬ੍ਰਹਮ ਨਾਲ ਲਿਵ ਲੱਗ ਰਹੀ ਹੈ (ਸਾਡਾ ਸਹਜ ਜੋਗ ਤਾਂਇਹ ਹੈ) ॥੪॥੩॥੩੭॥

ਵਜਾਖਜਾ— ਰਹਾਉ ਵਿਚ ਜੁਗੋ ਜੁਗ ਦਾ ਜੋਗੀ ਬਣਨ ਦੀ ਜਾਚ ਦੱਸੀ ਹੈ, ਕਿ ਪਰਮ ਤੱਤ ਵਾਹਿਗੁਰੂ ਵਿਚ ਉਸ ਨਿਰੰਜਨ ਦੇ ਨਾਮ ਅੰਮ੍ਰਿਤ ਨਾਲ ਜੁੜਨਾ ਤ੍ਰੀਕਾ ਹੈ ਜੁਗੋ ਜੁਗ ਦਾ ਜੋਗੀ ਬਣਨ ਦਾ। ਭਾਵ, ਉਹ ਨਿੱਤ ਯੋਗੀ ਹੈ ਜੋ ਪਰਮ ਤੱਤ ਵਿਚ ਜੁੜਿਆ ਹੈ, ਯੋਗ ਦਰਸ਼ਨ ਨੇ ਭੀ ਈਸ਼੍ਵਰ ਨੂੰ ਮੰਨਿਆ ਹੈ ਕਿ ਓਹ ਕਦੇ ਕਲੇਸ਼ ਕਰਮ ਵਿਚ ਨਹੀਂ ਆਉਂਦਾ। ਪਰਮ ਤੱਤ ਵਿਚ ਜੜੇ ਜੋਗੀ ਤੋਂ ਮੁਰਾਦ ਇਹ ਹੈ ਕਿ ਜੋ ਆਪੇ ਵਿਚ ਜੁੜਿਆ ਹੈ, ਨਿਰੁੱਧ ਹੋਇਆ ਹੈ, ਉਹ ਅਜੇ ਆਪੇ ਵਿਚ ਹੀ ਹੈ, ਆਪਾ ਉਸ ਦਾ ਮਾਇਆ ਚੱਕ੍ਰ ਵਿਚ ਕਦੇ ਆਇਆ ਸੀ, ਤਜਰਬਾ ਕਰਕੇ ਕਿ ਮਾਇਆ ਦਾ ਮੇਲ ਚੰਗਾ ਨਹੀਂ, ਉਹ ਕੇਵਲ ਹੋਇਆ ਹੈ, ਕਿ ਮੁੜ ਨਹੀਂ ਮਾਇਆ ਵਿਚ ਆਵੇਗਾ, ਪਰ ਮਾਇਆ 'ਚਿਤ੍ਰ ਬਚਿਤ੍ਰ ਬਿਮੋਹਿਤ' ਹੈ, ਇਸ ਦੇ ਦਾਵਾਂ ਦਾ ਚੱਲ ਜਾਣਾ ਅਸੰਭਵ ਨਹੀਂ, ਇਸ ਕਰਕੇ ਚਾਹੀਦਾ ਹੈ ਕਿ ਜੀਵ ਤੱਤ ਅਪਣੇ ਆਪੇ ਦੇ ਜੁੜਨ ਤੋਂ ਅਗੇ ਟੁਰੇ ਤੇ ਪਰਮਤਤ ਪਾਰਬ੍ਰਹਮ ਵਿਚ ਜੁੜੇ ਤਾਂ ਉਹ ਜੋਗੀ ਨਿਤਜ ਮੁਕਤਿ ਅਵਸਥਾ ਵਿਚ ਅੱਪੜੇਗਾ; ਕਿਉਂਕਿ ਪਰਮ ਤੱਤ ਨਿੱਤ ਮੁਕਤਿ ਹੈ, ਇਹ ਬੀ ਉਥੇ ਜਾ ਕੇ ਨਿਤਜ

*ਅਥਵਾ—ਸਿੰਙੀ ਵਜਾ ਕੇ ਸੁਹਣੀ ਧੁਨਿ ਕਢਣੀ (ਸਾਡੀ ਇਹ ਹੈ ਕਿ ਅਸੀਂ) ਸ਼ਬਦ (ਦੀ ਲਿਵ ਵਿਚ) ਸਦਾ ਰਹਿੰਦੇ ਹਾਂ, (ਨਾਦ ਸਾਡਾ ਇਹ ਹੈ ਕਿ), ਦਿਨ ਰਾਤ (ਸਦਾ) ਪੂਰਨ (ਜਾਣਦੇ ਹਾਂ ਪਰਮਾਤਮਾਂ ਨੂੰ)।

†ਅਥਵਾ ਅਨੇਕ ਤੇ ਭਿੰਨ ਭਿੰਨ ਜਾਤੀਆਂ ਵਰਣਾਂ ਵਿਚ।

ਜੁੜਿਆ ਰਹੇਗਾ; ਉਸ ਨੂੰ ਜੋ ਪਰਮ ਤੱਤ ਵਿਚ ਜੁੜੇ ਗੁਰੂ ਸਾਹਿਬ ਜੀ ਕਹਿੰਦੇ ਹਨ ਅਸੀ ਜੁਗੋ ਜੁਗ ਦਾ ਜੋਗੀ; ਸਦਾ ਜੁੜਿਆ, ਨਿਤਜ ਯੋਗੀ, ਅਵਿਛੜ ਭਗਤ ਮੰਨਦੇ ਹਾਂ।

ਬਾਕੀ ਅੰਕਾਂ ਵਿਚ ਜੋਗੀਆਂ ਦੇ ਮਾਰਗ ਦੇ ਮੁੰਦਰਾ, ਖਿੰਥਾ, ਜੁਗਤੀ, ਖਪਰ, ਡੰਡਾ, ਬਿਭੂਤੀ ਆਦਿ ਚਿੰਨ੍ਹਾਂ ਚੱਕ੍ਰਾਂ ਦੇ ਮੁਕਾਬਲੇ ਤੇ ਆਪਣੇ ਗੁਰਮਤ ਦੇ ਸਹਜ ਜੋਗ ਦੇ ਚਿੰਨ੍ਹ ਢੁਕਾ ਕੇ ਦੱਸੇ ਹਨ।

ਨਿਰੁਕ੍ਤ—ਮੁੰਦਾ—[ਸੰਸਾ:, ਮੁਦ੍ਰਾ] ਕੱਚ ਆਦਿ ਦਾ ਗੋਲਾ; ਛੱਲਾ ਜੋ ਜੋਗੀ ਕੰਨਾਂ ਵਿਚ ਪਾਉਂਦੇ ਹਨ, ਵਿਸ਼ੇਸ਼ ਦੇਖੋ ਪਹਿਲੀ ਸੰਥਜਾ ਪੋਥੀ ਦਾ ਪੰਨਾ ੧੪੮।

ਖਿੰਥਾ—[ਸੰਸਾ:, ਕੰਥਾ] ਲੀਰਾਂ ਦੀ ਗੋਦੜੀ (ਦੇਖੋ ਸੰਥਜਾ ਪੋਥੀ ਪਹਿਲੀ ਦਾ ਪੰਨਾ ੧੪੯)

ਸਹਜ ਜੋਗ—[ਸੰਸਾ:, ਸਹਜ+ਯੋਗੀ] ਗਿਆਨ ਯੋਗ, ਉਹ ਯੋਗ ਜੋ ਹੱਠ ਜੋਗ ਤੇ ਰਾਜ ਜੋਗ ਤੋਂ ਅੱਗੇ ਹੈ, ਆਤਮਾਂ ਦਾ ਪ੍ਰਾਰਬ੍ਰਹਮ ਦੇ ਸਰੂਪ ਵਿਚ ਇਸਥਿਤ ਹੋਣਾ।

ਪਰਮ ਤੰਤ—[ਸੰਸਾ:, ਪਰਮ+ਤਤ੍ਵ] ਉਹ ਮੂਲ ਤੱਤ ਜਿਸ ਤੋਂ ਸਾਰੇ ਤੱਤ ਤੇ ਜਗਤ ਬਣਿਆ ਹੈ, ਬ੍ਰਹਮ। ਆਸਣਿ-ਬੈਠਣ ਦੇ ਤ੍ਰੀਕੇ,ਜੋ ਜੋਗੀਆਂ ਵਿਚ ੮੪ ਗਿਣੇ ਜਾਂਦੇ ਹਨ।

ਕਲਪ—[ਸੰਸ:, ਕਲ੍ਪਨਮ੍] ਕਲਪਨਾ, ਸੰਕਲਪ, ਇੱਛਾ, ਫੁਰਨਾ।

ਸਿੰਙੀ—[ਸੰਸ: ਸ਼੍ਰਿੰਗ] ਸਿੰਙ, ਹਰਨ ਆਦਿ ਦਾ ਲੰਮਾ ਵਲਦਾਰ ਸਿੰਙ ਜੋ ਜੋਗੀ ਫੂਕ ਨਾਲ ਵਜਾਉਂਦੇ ਹਨ।

ਨਾਦੰ—[ਸੰਸ:, ਧਾਤੂ-ਨਦ੍=ਸ਼ਬਦ ਕਰਨਾ] ਧੁਨੀ, ਸ਼ਬਦ, ਆਵਾਜ਼। ਜੋਗੀ ਸਿੰਙ ਜੇਹਾ ਲੈ ਕੇ ਪੂਰਦੇ ਤੇ ਉਸ ਦੇ ਸ਼ਬਦ ਨੂੰ ਨਾਦ ਕਹਿੰਦੇ ਹਨ। ਕਈ ਮੁੰਦੇ ਕੰਨਾਂ ਦੀ ਘੂੰ ਘੂੰ ਨੂੰ ਨਾਦ ਕਹਿੰਦੇ ਹਨ, ਪਰ ਗੁਰੂ ਜੀ ਦੱਸਦੇ ਹਨ ਕਿ ਸ਼ਬਦ ਅਭਜਾਸ ਅਰਥਾਤ ਨਾਮ ਸਿਮਰਨ ਦੀ ਕਮਾਈ ਤੋਂ ਉਪਜ ਕੇ ਅੰਦਰ ਇਕ ਸਦਾ ਰਸ ਭਰੀ ਸੰਗੀਤਕ ਅਵਸਥਾ ਹੁੰਦੀ ਹੈ, ਉਹ ਸਾਡਾ ਨਾਦ ਹੈ। ਸਦਾ ਅਨੁਭਵ ਹੋਣ ਵਾਲਾ ਨਾਦ ਸਿੰਙੀ ਦਾ ਨਾਦ ਨਹੀਂ ਹੋ ਸਕਦਾ ਤੇ ਖੁਸ਼ਕ ਪਦਾਰਥਾਂ ਦੇ ਸੇਵਨ ਨਾਲ ਉਪਜੀ ਸਾਂਸਾ ਬੀ ਨਿਤਜ ਵਸਤੂ ਨਹੀਂ ਹੋ ਸਕਦੀ।

ਪਤੁ—[ਸੰਸ:, ਪਾਤ੍ਰ] ਭਾਂਡਾ, ਭਾਵ ਖੱਖਰ। ਵਿਸ਼ੇਸ਼ ਦੇਖੋ ਸੰਥਜਾ ਪੋਥੀ ਪਹਿਲੀ ਪੰਨਾ ੧੪੮।

ਸੰਮਿਆ—[ਸੰ:, ਸੰਗਜਾ] ਨਾਮ, ਅੱਲ। ਸੰਸਕ੍ਰਿਤ 'ਸਮਯਾ' ਪਦ ਦਾ ਅਰਥ 'ਡੰਡਾ' ਪਰ ਡੰਡਾ ਪਹਿਲੇ ਅੰਕ ੩ ਵਿਚ ਆ ਚੁਕਾ ਹੈ। ਜੋਗੀਆਂ ਦੀ ਵੰਡ ੧੨ ਤੇ ਸੰਨਜਾਸੀਆਂ ਦੀ ੧੦ ਹੈ, ਜਿਨ੍ਹਾਂ ਨੂੰ ਸੰਗਜਾ ਕਹਿੰਦੇ ਹਨ। ਸੰਮਿਆ ਦਾ ਅਰਥ ਇਹ ਸੰਗਜਾ ਕਰਦੇ ਹਨ।

[ਆਸਾ ਮਹਲਾ ੧, ਚਉਪਦਾ-੩੮]

ਪ੍ਰਾਕ੍ਥਨ— ਇਹ ਸ਼ਬਦ ਬੀ ਭਰਥਰਿ ਜੋਗੀ ਪਰਥਾਇ ਉਚਾਰ ਹੋਇਆ ਹੈ। ਪਿਛਲਾ ਸ਼ਬਦ ਹਠ ਯੋਗ ਦੇ ਚਿੰਨ੍ਹਾਂ ਬਾਰੇ ਸੀ, ਇਸ ਸ਼ਬਦ ਵਿਚ ਗੁਰੂ ਜੀ ਜੋਗੀਆਂ ਦੇ ਨਸ਼ੇ ਤੇ ਸਮਾਧੀ ਦੀ ਹਰੇਕ ਚੀਜ਼ ਦੇ ਟਾਕਰੇ ਤੇ ਆਪਣੇ ਸਹਜ ਜੋਗ ਦੇ ਅੰਗ ਦੱਸ ਰਹੇ ਹਨ, ਅਨਾਹਤ ਦੀ ਥਾਵੇਂ ਪ੍ਰੇਮ ਤੋਂ ਬਣੀ ਲਗਾਤਾਰ ਲਿਵ ਦੱਸ ਰਹੇ ਹਨ। ਲਿਵ ਲੱਗੀ ਵਿਚ ਅਨਾਹਤ ਦਾ ਅਨੁਭਵ ਹੁੰਦਾ ਹੈ।

ਮੂਲ	ਅਰਥ
ਆਸਾ ਮਹਲਾ ੧ ॥	
ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥	[ਅਰਥ ਰਹਾਉ ਤੋਂ ਤੁਰੇਗਾ] ਹੇ ਬਾਬਾ (ਭਰਥਰਿ ਜੋਗੀ ! ਐਉਂ ਕਰ ਕਿ) ਮਨ ਨਾਮ ਦਾ ਰਸ ਪੀਵੈ (ਤੇ ਐਉਂ) ਮਤਵਾਲਾ ਹੋਵੇ

ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ ਰਹਾਉ ॥

ਕਿ ਸਹਿਜ ਦੇ ਰੰਗ ਵਿਚ ਰਚਿਆ ਰਹੇ (ਭਾਵ ਨਸ਼ੇ ਬੇਹੋਸ਼ੀ ਦੀ ਅਸਹਿਜ ਕੈਫੀਅਤ ਵਿਚ ਮਨ ਨਾ ਜਾਵੇ ਤੇ ਐਸਾ ਮਦ ਨਾ ਪੀਵੇ); ਪ੍ਰੇਮ ਤੋਂ ਬਣੀ ਹੋਈ ਲਿਵ ਦਿਨ ਰਾਤ ਲਗੀ ਰਹੇ (ਇਹ ਸਾਡਾ) ਅਨਾਹਤ ਸ਼ਬਦ ਦਾ ਗ੍ਰਹਣ ਕਰਨਾ ਹੈ॥ ਰਹਾਉ॥ [ਆਪਣੇ ਸਹਜ ਜੋਗ ਦੀ ਪ੍ਰਾਪਤੀ ਦਾ ਤ੍ਰੀਕਾ ਦੱਸਦੇ ਹਨ:-) ਗਿਆਨ ਨੂੰ ਗੁੜ ਬਣਾਕੇ, ਧਿਆਨ ਨੂੰ ਧਾਵ ਦੇ ਫੁੱਲ ਬਣਾਕੇ (ਸ਼ੁਭ)ਕਰਨੀ ਕਰਨ ਰੂਪੀ ਸੱਕ ਪਾਈਏ, ਸਰੀਰ ਨੂੰ (ਅਥਵਾ ਭਾਵਨਾਂ ਨੂੰ) ਭੱਠੀ ਬਣਾਈਏ ਅਤੇ ਪ੍ਰੇਮ ਦਾ ਪੋਚਾ ਦੇਈਏ ਐਉਂ ਅੰਮ੍ਰਿਤ ਰਸ ਚੁਆਈਦਾ ਹੈ॥ ੧॥

ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥

(ਇਹ ਪੂਰਾ=) ਭਰਿਆ ਪਿਆਲਾ ਸੱਚ (ਨਾਮ) ਦਾ ਜਿਸਤੇ (ਵਾਹਿਗੁਰੂ) ਮਿਹਰ ਕਰੇ ਉਸ ਨੂੰ (ਇਹ) ਪਿਲਾਉਂਦਾ ਹੈ, (ਜ਼ੋਰ, ਭਾਵ ਹਠ ਕਸ਼ਟ ਨਾਲ ਨਹੀਂ ਪਰ) ਸਹਜ ਨਾਲ। (ਜੋ ਪ੍ਰੇਮੀ ਇਸ) ਅੰਮ੍ਰਿਤ ਦਾ ਵਪਾਰੀ ਹੋਵੇ (ਉਹ) ਛੂਛੇ ਨਸ਼ੇ ਵਿਚ ਕੀਕੂੰ ਪ੍ਰੇਮ ਕਰ ਸਕਦਾ ਹੈ॥ ੨॥

ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥

ਗੁਰੂ ਕੀ ਸਿਖਜਾ ਦੁਆਰਾ (ਇਹ ਨਾਮ ਰੂਪੀ) ਅੰਮ੍ਰਿਤਬਾਣੀ (ਜਿਸ ਨੇ ਪੀਤੀ ਉਹ) ਪੀਂਦਿਆਂ ਸਾਰ ਪ੍ਰਵਾਣ ਹੋ ਗਿਆ*। (ਜੋ ਵਾਹਿਗੁਰੂ ਦੇ) ਦਰ ਤੇ (ਉਸ ਦੇ) ਦਰਸ਼ਨ ਦਾ ਪ੍ਰੇਮੀ ਹੈ, ਉਹ ਮੁਕਤੀ ਤੇ ਬੈਕੁੰਠ ਨੂੰ ਕੀਹ ਕਰੇ ? (ਭਾਵ ਉਹ ਦਰਸ਼ਨ ਦਾ ਇਛਾਵਾਨ ਹੈ, ਉਹ ਮੁਕਤੀ ਤੇ ਬੈਕੁੰਠ ਦੋਹਾਂ ਦੀ ਲੋੜ ਨਹੀਂ ਰਖਦਾ, ਹੋਛੇ ਮਦ ਦੇ ਨਸ਼ੇ ਦੇ ਸੁਖ ਦੀ ਉਹ ਕਦ ਲੋੜ ਰਖਦਾ ਹੈ)॥ ੩॥

ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥ ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥

(ਜੋ ਵਾਹਿਗੁਰੂ ਦੀ) ਸਿਫਤ ਸਲਾਹ ਵਿਚ ਰਚ ਗਿਆ ਹੈ (ਉਹ) ਸਦਾ ਵੈਰਾਗੀ ਹੈ (ਤੇ ਉਹ ਹੋਛੇਂ ਮਦਾਂ ਨਾਲ ਪ੍ਰਾਪਤ ਮਦਹੋਸ਼ੀ ਆਦਿ) ਜੂਏ (ਸਮਾਨ ਬ੍ਰਿਥਾ ਖੇਡਾਂ ਵਿਚ) ਜਨਮ ਨਹੀ ਗੁਆਉਂਦਾ। ਕਹਿੰਦੇ ਹਨ (ਗੁਰੂ) ਨਾਨਕ ! ਸੁਣ ਹੇ ਭਰਥਰਿ ਜੋਗੀ ! (ਉਹ ਦਰ ਦਰਸ਼ਨ ਦਾ ਪ੍ਰੀਤਮ ਛੂਛੇ ਨਸ਼ੇ ਵਿਚ ਨਹੀਂ ਪਰ ਨਾਮ) ਅੰਮ੍ਰਿਤ ਨੂੰ ਧਾਰਨ ਕਰਕੇ (ਪੀ ਕੇ) ਖੀਵਾ ਰਹਿੰਦਾ ਹੈ॥ ੪॥ ੪॥ ੩੮॥

ਵਜਾਖਜਾ— ਸਤਿਗੁਰੂ ਜੀ ਜੋਗੀਆਂ ਦੇ ਨਸ਼ੇ ਦੇ ਸਮਾਧੀ ਦੀ ਹਰ ਇਕ ਚੀਜ਼ ਦੇ ਟਾਕਰੇ ਤੇ ਆਪਣੇ ਸਹਜ ਜੋਗ ਦੇ ਅੰਗ ਦੱਸ ਰਹੇ ਹਨ। ਜੋਗੀਆਂ ਦੇ ਅਨਾਹਤ ਦੀ ਥਾਂਵੇਂ ਦੱਸ ਰਹੇ ਹਨ ਕਿ ਲਿਵ ਨਸ਼ੇ ਤੋਂ ਨਾ ਬਣੇ ਪਰ ਪ੍ਰੇਮ ਦੇ ਭਾਵ ਵਿਚ ਲੱਗੇ। ਇਹ ਜੋ ਪ੍ਰੇਮ ਭਾਵ ਦੀ ਲਗਨ ਹੋਵੇ ਇਸ ਵਿਚ ਸੰਗੀਤਕ ਲਹਿਰਾਉ ਇਕ-ਰਸਤਾ, ਇਕ-ਸੂਰਤਾ ਹੁੰਦੀ ਹੈ। ਨਿਰਾ ਕੰਨਾਂ ਦੀ ਘੂੰ ਘੂੰ ਭੰਗ ਸ਼ਰਾਬ ਦੇ ਨਸ਼ੇ ਤੋਂ, ਕੰਨਾਂ ਵਿਚ ਉਂਗਲਾਂ ਦੇਣ ਤੋਂ ਜੋ ਹੁੰਦੀ ਹੈ ਉਹ ਜੋਗੀਆਂ ਮੂਜਬ ਬੀ ਠੀਕ ਨਹੀਂ। ਉਹਨਾਂ ਮੂਜਬ ਅਨਾਹਤ ਚੱਕ੍ਰ ਤਕ ਦੇ ਭੇਦਣ ਦੀ ਲੋੜ ਹੈ।

*ਅਥਵਾ ਗੁਰੂ ਜੀ ਨੇ ਅੱਖੀਂ ਡਿਠੀ ਗਲ ਦੱਸੀ ਹੈ ਕਿ ਜਿਸ ਨੇ ਇਹ ਨਾਮ ਅੰਮ੍ਰਿਤ ਪੀਤਾ ਉਹ ਪੀਂਦੇ ਸਾਰ ਵਾਹਿਗੁਰੂ ਦਰ ਪ੍ਰਵਾਣ ਹੋ ਗਿਆ।

ਬਾਕੀ ਪਦਿਆਂ ਵਿਚ ਸਹਿਜ ਜੋਗ ਦੀ ਪ੍ਰਾਪਤੀ ਦਾ ਤ੍ਰੀਕਾ ਦੱਸਿਆ ਹੈ, ਜੋਗੀਆਂ ਦੇ ਛੂਛੇ ਨਸ਼ਿਆਂ ਤੋਂ ਦਰ ਦਰਸ਼ਨ ਦੇ ਪ੍ਰੀਤਮ ਦੀ ਨਾਮ ਅੰਮ੍ਰਿਤ ਦੁਆਰਾ ਲੱਗੀ ਲਿਵ ਨੂੰ ਅਤਿ ਸਰਵੋਤਮ ਦੱਸਿਆ ਹੈ ਕਿ ਐਸੀ ਲਿਵ ਵਾਲਾ ਜਗਤ ਵਲੋਂ ਸਦ ਵੈਰਾਗੀ, ਮੁਕਤਿ ਤੇ ਬੈਕੁੰਠ ਦੀ ਬੀ ਲੋੜ ਨਹੀਂ ਰਖਦਾ। ਉਹ ਵੈਰਾਗ ਜ਼ੋਰ ਜ਼ੋਰ ਨਾਲ ਨਹੀਂ ਧਾਰਦਾ, ਨਾ ਕਾਰਨ ਟੋਲ ਟੋਲ ਕੇ ਵੈਰਾਗ ਲਿਆਉਂਦਾ ਹੈ। ਵਾਹਿਗੁਰੂ ਦੀਆਂ ਸਿਫਤਾਂ ਵਿਚ ਰਚ ਗਿਆ ਵਾਹਿਗੁਰੂ ਅਨੁਰਾਗੀ ਹੈ। ਇਕ ਦਾ ਅਨੁਰਾਗੀ ਦੂਸਰੇ ਤੋਂ ਸੁਤੇ ਵੈਰਾਗੀ ਹੁੰਦਾ ਹੈ। ਨਾਮ ਨਿੱਤ ਜਾਰੀ ਰਹਿਣ ਨਾਲ ਵੈਰਾਗ ਆਪੇ ਲਗਾਤਾਰ ਹੋ ਜਾਂਦਾ ਹੈ ਤੇ ਨਾਮ ਅੰਮ੍ਰਿਤ ਵਿਚ ਸਦਾ ਖੀਵਾ ਰਖਦਾ ਹੈ, ਐਸਾ ਵੈਰਾਗੀ ਫਿਰ ਹੋਛ ਨਸ਼ਿਆਂ ਨਾਲ ਲਿਵ ਯਾ ਸਮਾਧੀ ਵਿਚ ਜਾਣ ਦੀਆਂ ਜੂਏ ਵਰਗੀਆਂ ਖੇਡਾਂ ਵਿਚ ਕਦੀ ਜਨਮ ਨਹੀਂ ਗੁਆਉਂਦਾ।

ਨਿਰੁਕ੍ਤ—**ਧਾਵੈ**—[ਸੰਸ:, ਧਵ: = ਇਕ ਜੰਗਲੀ ਪੇੜ] ਧਾਵਾ। ਧਾਵੇ ਦੇ ਫੁੱਲ ਸ਼ਰਾਬ ਵਿਚ ਮਸਾਲੇ ਵਜੋਂ ਪੈਂਦੇ ਹਨ, ਮਹੂਏ ਦੇ ਫੁਲ ਆਦਿਕ।

ਕਸੁ ਸੱਕ, ਕਿੱਕਰ ਦਾ ਸੱਕ। ਗੁੜ ਵਿਚ ਕਿੱਕਰ ਦਾ ਸੱਕ ਪਾਕੇ ਖ਼ਮੀਰ ਉਠਾਉਂਦੇ ਹਨ।

ਭਾਠ ! ਭੱਠੀ। ਵੱਡਾ ਚੁੱਲਾ। ਪਰ 'ਭਾਠ' ਭੱਠੀ ਪਰ ਧਰੇ ਭਾਂਡੇ ਨੂੰ ਬੀ ਕਹਿ ਸਕਦੇ ਹਾਂ। ਕਿਉਂਕਿ ਸੰਸਕ੍ਰਿਤ ਵਿਚ ਭ੍ਰਾਸ਼ਟ (= ਕੜਾਹੀ) ਤੋਂ ਮੁਰਾਦ ਭੱਠੀ ਤੇ ਧਰੇ ਬਰਤਨ ਦੀ ਹੁੰਦੀ ਹੈ।

ਪੋਚਾ—ਪੋਚਾ। ਜਦ ਕੋਈ ਅਰਕ ਜਾਂ ਸ਼ਰਾਬ ਚੁਆਉਂਦੇ ਹਨ ਤਾਂ 'ਦੇਗ 'ਨਾਲ ਤੇ 'ਘੜਾ' ਤ੍ਰੈ ਚੀਜ਼ਾਂ ਲਾਉਂਦੇ ਹਨ। ਦੇਗ ਵਿਚੋਂ ਭਾਫ ਬਣ ਕੇ ਉਡਦੀ ਹੈ, ਉਹ ਨਾਲ ਬਾਣੀ ਘੜੇ ਵਿਚ ਜਾਂਦੀ ਹੈ, ਉਸ ਨੂੰ ਮੁੜ ਠੰਢਾ ਕਰਨ ਲਈ ਨਾਲ ਤੋਂ ਅਗਲੇ ਭਾਂਡੇ ਦੇ ਉਦਾਲੇ ਪਾਣੀ ਦਾ ਪੋਚਾ ਦੇਂਦੇ ਰਹਿੰਦੇ ਹਨ, ਯਾ ਪਾਣੀ ਭਰੀ ਰਖਦੇ ਹਨ ਤੇ ਉਸ ਨੂੰ ਠੰਢਾ ਕਰਦੇ ਰਹਿੰਦੇ ਹਨ। ਅਮਿਉ-ਅੰਮ੍ਰਿਤ।

ਚੁਆਈਐ—ਇਕ ਬਰਤਨ ਵਿਚੋਂ ਉਬਲਦੇ ਪਾਣੀ ਦਾ ਭਾਫ ਲੈ ਕੇ ਦੂਜੇ ਬਰਤਨ ਵਿਚ ਭਾਫ ਦੇ ਮੁੜ ਪਾਣੀ ਬਣਾ ਲੈਣ ਨੂੰ ਚੁਆਉਣਾ ਕਹਿੰਦੇ ਹਨ। ਅਰਕ ਕੱਢਣਾ।

ਅਨਾਹਦ—(ਦੇਖੋ ਪੰਨਾ ੧੨੯੬) ਓਹ ਬਾਣੀ ਜਾਂ ਸ਼ਬਦ ਜੋ ਬਿਨਾ ਵਜਾਏ ਵੱਜੇ। ਇਸ ਦੇ ਹੋਰ ਅਰਥ ਬੀ ਕਰਦੇ ਹਨ:-ਬੇਹੱਦ ਨਿਰੰਕਾਰ ਦੀ ਪ੍ਰਾਪਤੀ ਹੁੰਦੀ ਹੈ, ਅਥਵਾ ਲਗਾਤਾਰ ਨਾਮ ਨੂੰ ਜਿਨ੍ਹਾਂ ਨੇ ਫੜਿਆ ਹੈ, ਅਥਵਾ ਜਿਸ ਵਿਚ ਅਸਲੀ ਅਨਾਹਦ ਗ੍ਰਹਣ ਹੋਵੇ।

[ਆਸਾ ਮਹਲਾ ੧, ਚਉਪਦਾ-੩੯]

ਪ੍ਰਾਕ੍ਥਨ— ਬਾਬਰ ਨੇ ਜਦੋਂ ਭਾਰਤ ਤੇ ਚੜ੍ਹਾਈ ਕੀਤੀ ਤੇ ਸੈਦਪੁਰ ਸੰਡਜਾਲੀ ਤੇ ਹਮਲਾ ਕੀਤਾ, ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਬੀ ਉਸ ਦੀ ਬੰਦੀ ਵਿਚ ਪਏ। ਦੱਸਿਆ ਜਾਂਦਾ ਹੈ ਕਿ ਇਹ ਸ਼ਬਦ ਸ੍ਰੀ ਗੁਰੂ ਜੀ ਨੇ ਉਸ ਦੀ ਕੈਦ ਵਿਚ ਉਚਾਰਿਆ, ਇਸ ਵਿਚ ਓਥੇ ਵਰਤੀ ਭਯਾਨਕ ਹੋਣੀ ਪਰ ਸਤਿਗੁਰੂ ਜੀ ਨੇ ਤਰਸ ਭਰੀ ਨਜ਼ਰ ਪਾਈ ਹੈ ਤੇ ਇਸ ਦੇ ਭਾਵ ਵਿਚ ਸਿਰਜਣਹਾਰ ਕਰਤਾਰ ਅਗੇ ਅਰਦਾਸ ਕੀਤੀ ਹੈ ਕਿ ਓਹ ਮਿਹਰ ਕਰਕੇ ਠੰਢ ਵਰਤਾਵੇ।

ਮੂਲ	**ਅਰਥ**
ਆਸਾ ਮਹਲਾ ੧ ॥ **ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥**	(ਹੇ ਕਰਤਾਰ ! ਤੂੰ) ਖੁਰਾਸਨ ਨੂੰ ਤਾਂ ਬਚਾ ਲਿਆ (ਪਰ) ਹਿੰਦੁਸਤਾਨ ਨੂੰ ਡਰਾਇਆ। (ਹੇ) ਕਰਤਾ (ਪੁਰਖ ! ਤੂੰ ਕਿਸੇ ਦੇ) ਦੋਸ਼ (ਦੀ ਸਜ਼ਾ) ਆਪ ਨਹੀ ਦਿੰਦਾ (ਇਸੇ ਕਰਕੇ) ਮੁਗਲ (ਬਾਬਰ) ਨੂੰ ਜਮ ਦਾ ਰੂਪ ਬਣਾ ਕੇ ਚੜ੍ਹਾ ਦਿਤਾ। (ਤੇ ਫੇਰ

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥	ਹਿੰਦੁਸਤਾਨੀਆਂ ਪਰ) ਏਨੀ ਮਾਰ ਪਈ ਕਿ ਉਹ ਕੁਰਲਾ ਉਠੇ, ਕੀ ਤੈਨੂੰ (ਉਹਨਾਂ ਦੇ ਕੁਰਲਾ ਉਠਣ ਤੇ) ਦਰਦ ਨਾ ਆਇਆ* ?॥੧॥
ਕਰਤਾ ਤੂੰ ਸਭਨਾ ਕਾ ਸੋਈ ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥	ਹੇ ਕਰਤਾਰ! ਤੂੰ ਸਭਨਾ ਦਾ (ਕਰਤਾ ਹੈਂ ਤੇ) ਓਹ (ਸਾਰੇ ਤੇਰੇ ਕੀਤੇ ਹੋਏ ਹਨ, ਤੈਨੂੰ ਆਪਣੇ ਕੀਤਿਆਂ ਦੀ ਲਾਜ ਹੈ, ਤੇ ਨਾਲੇ ਜੇ) ਤਾਂ ਜ਼ੋਰਾਵਰ ਜ਼ੋਰਾਵਰਾਂ ਨੂੰ ਮਾਰੇ ਤਾਂ ਮਨ ਵਿਚ ਰੋਸ ਨਹੀ ਆਉਂਦਾ (ਪਰ ਏਥੇ ਜ਼ੋਰਾਵਰਾਂ ਨੇ ਨਿਹੱਥੀ ਜਨਤਾ ਉਤੇ ਗਜ਼ਬ ਢਾਇਆ ਹੈ, ਸੋ ਮਿਹਰ ਕਰ ਤੇ ਲਾਜ ਪਾਲ)॥੧॥ ਰਹਾਉ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ ॥ ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥੨॥	ਜੇ ਜ਼ੋਰਾਵਰ ਸ਼ੇਰ (ਗਰੀਬ ਗਊਆਂ ਦੇ) ਵੱਗ ਉਤੇ ਆਕੇ ਝਪਟੇ (ਤੇ ਨਿਰਬਲ ਬੇਕਸੂਰਾਂ ਨੂੰ) ਮਾਰ ਦੇਵੇ ਤਾਂ ਮਾਲਕ ਵੱਲੋਂ ਉਸ ਤੋਂ ਪੁੱਛ ਹੋਣੀ ਚਾਹੀਏ†। (ਏਥੇ ਹੁਣ ਬਾਬਰ ਦੇ ਜ਼ਾਲਮ) ਕੁੱਤਿਆਂ ਨੇ (ਬੜੇ ਬੜੇ ਕੀਮਤੀ) ਰਤਨ ਵਿਗਾੜ ਤੇ ਵਿਨਾਹ ਕਰ ਦਿਤੇ (ਜਿਨ੍ਹਾਂ) ਮੋਇਆਂ ਦਾ (ਹੁਣ) ਕੋਈ ਪਤਾ ਹੀ ਨਹੀ ਲਗਦਾ (ਕਿ ਕੌਣ ਕੌਣ ਮੋਏ, ਪਰ ਦਾਤਾ ! ਤੂੰ) ਆਪ ਹੀ ਜੋੜ ਜੋੜਦਾ ਹੈਂ ਤੇ ਆਪੇ ਹੀ (ਜੁੜਿਆਂ ਨੂੰ) ਵਿਛੋੜ ਦੇਂਦਾ ਹੈਂ (ਮੈਂ ਤਾਂ ਇਸ ਭਯਾਨਕ ਹੋਣੀ ਵਿਚ ਬੀ) ਵੇਖਦਾ ਹਾਂ (ਕਿ ਕੋਈ ਇਸ ਵਿਚ ਬੀ) ਤੇਰੀ ਵਡਿਆਈ ਹੈ॥੨॥
ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥ ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥੩॥੫॥੩੯॥	ਜੇ ਕੋਈ ਨਾਮ ਤਾਂ ਧਰਾ ਲਏ ਵੱਡਾ (ਪਰ) ਕਰਦਾ ਫਿਰੇ ਮਨ ਭਾਉਂਦੇ ਐਸ਼ (ਤਾਂ ਓਹ ਵਾਹਿਗੁਰੂ ਦੀ ਨਜ਼ਰ ਤੋਂ ਉਹਲੇ ਕਦੇ ਨਹੀਂ ਰਹਿ ਸਕਦਾ, ਓਸ) ਮਾਲਕ ਦੀ ਨਜ਼ਰ ਹੇਠ (ਤਾਂ ਵੱਡੇ ਤਾਂ ਕਿਤੇ ਰਹੇ ਨਿੱਕੇ ਤੋਂ ਨਿੱਕਾ) ਕੀੜਾ ਬੀ ਹੁੰਦਾ ਹੈ ਤੇ ਜਿੰਨੇ ਓਹ ਦਾਣੇ ਚੁਗਦਾ ਹੈ (ਓਹ ਬੀ‡ ਓਸ ਕਰਤਾਰ ਦੀ ਨਜ਼ਰੋਂ ਪਰੇ ਨਹੀਂ ਹੁੰਦੇ; ਪਰ) ਹੇ ਨਾਨਕ ! (ਮਾਨੁਖ ਜਨਮ ਦੇ ਲਾਹੇ ਦੀ) ਕੁਛ ਪ੍ਰਾਪਤੀ ਤਾਂ (ਉਸ ਨੂੰ) ਹੁੰਦੀ ਹੈ ਜੋ ਨਾਮ ਸਿਮਰ ਕੇ (ਆਪਣੇ) ਹੰਕਾਰ ਨੂੰ ਮਾਰ ਕੇ ਜੀਵਨ ਬਸਰ ਕਰੇ॥੩॥੫॥੩੯॥

ਵਯਾਖਯਾ— ਏਹ ਸ਼ਬਦ ਇਕ ਤਾਰੀਖ਼ੀ ਘਟਨਾ ਨਾਲ ਸੰਬੰਧ ਰਖਦਾ ਹੈ। ਦਿੱਲੀ ਦੇ ਤਖਤ ਤੇ ਲੋਧੀ ਪਾਤਸ਼ਾਹ ਰਾਜ ਕਰਦਾ ਸੀ, ਪਰ ਉਸ ਦੀ ਹਕੂਮਤ ਨਾਮ ਮਾਤ੍ਰ ਸੀ। ਸਾਰੇ ਹਾਕਮ ਅਸਲ ਵਿਚ ਖ਼ੁਦਸਰ ਸਨ ਅਤੇ ਨਾਮਧ੍ਰੀਕ ਤਾਬੇਦਾਰੀ ਕਰਦੇ ਸਨ।

ਇਸ ਆਪੋ ਧਾਪੀ ਵਿਚ ਭਾਰਤੀ ਪਰਜਾ ਦੀ ਹਾਲਤ ਲਾਵਾਰਸ ਬੱਚੇ ਵਾਂਗ ਕਾਬਲੇ ਰਹਮ ਸੀ। ਮਨਸਬਦਾਰ ਤੇ ਅਹਿਲਕਾਰ ਜ਼ੁਲਮ ਕਰਦੇ ਵੱਢੀਆਂ ਖਾਂਦੇ ਤੇ ਪਰਜਾ ਨੂੰ ਬੇਅੰਤ ਦੁਖ ਦੇ ਕੇ ਦੁਖੀ ਕਰ ਰਹੇ ਸਨ, ਪਠਾਣ ਹੰਕਾਰ ਵਿਚ ਤੇ ਹਿੰਦੂ ਗੁਲਾਮੀ ਵਿਚ ਰੁੜ੍ਹ ਰਹੇ ਹਨ।

*ਕਈ ਦਾਨੇ ਇਨ੍ਹਾਂ ਅਖਰਾਂ ਦਾ ਭਾਵ ਕਰਤਾਰ ਨੂੰ ਪਿਆਰ ਭਰਿਆ ਉਲਾਂਭਾ ਸਮਝਦੇ ਹਨ ਤੇ ਕਈ ਬਾਬਰ ਨੂੰ।

†ਦਾਨੇ ਇਸ ਦਾ ਇਹ ਭਾਵ ਬੀ ਲੈਂਦੇ ਹਨ ਕਿ ਭਾਰਤੀ ਜਨਤਾ ਦੇ ਵੱਗ ਦੇ ਮਾਲਕ ਸਨ ਦਿੱਲੀ ਦੇ ਤਖਤ ਤੇ ਬੈਠੇ ਲੋਧੀ ਪਠਾਣ, ਉਹਨਾਂ ਤੋਂ ਪੁਛ ਹੋਣੀ ਚਾਹੀਦੀ ਸੀ ਕਿ ਉਹਨਾਂ ਨੇ ਭਾਰਤੀ ਜਨਤਾ ਦੀ ਕਿਉਂ ਰਾਖੀ ਨਾਂ ਕੀਤੀ।

‡ਇਨ੍ਹਾਂ ਤੁਕਾਂ ਦਾ ਇਸ਼ਾਰਾ ਐਸ਼ਾਂ ਵਿਚ ਮਸਤ ਹਿੰਦੀਆਂ ਵਲ ਜਾਪਦਾ ਹੈ ਜੋ ਉਸ ਵੇਲੇ ਵਾਹਿਗੁਰੂ ਨੂੰ ਭੁਲ ਰਹੇ ਤੇ ਵਿਸ਼ੇ ਵਿਕਾਰਾਂ ਵਿਚ ਖਚਿਤ ਸਨ।

ਇਹ ਉਹ ਸਮਾਂ ਸੀ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ੧੫੨੧ ਈ: ਦੇ ਕਰੀਬ ਆਪਣੇ ਅਨਿੰ ਭਗਤ ਅਤੇ ਪ੍ਰੇਮੀ ਸਿੱਖ ਭਾਈ ਲਾਲੋ ਦੇ ਪਿੰਡ, ਏਮਨਾਬਾਦ ਆਏ, ਇਸ ਦਾ ਨਾਉਂ ਤਦੋਂ ਸੈਦਪੁ ਸੈਂਡਜਾਲੀ ਸੀ। ਬਾਬਰ ਦੇ ਹਮਲੇ ਤੋਂ ਕੁਛ ਦਿਨ ਪਹਿਲੋਂ ਹੀ ਗੁਰੂ ਸਾਹਿਬ ਭਾਈ ਲਾਲੋ ਦੇ ਘ ਵਿਚ ਆ ਕੇ ਟਿਕੇ ਹੋਏ ਸਨ। ਜਦੋਂ ਬਾਬਰ ਨੇ ਏਸ ਪਿੰਡ ਉਤੇ ਹੱਲਾ ਕੀਤਾ ਅਤੇ ਘੁੱਘ ਵਸਦੇ ਪਿੰ ਵਿਚ ਕਤਲੋ ਗਾਰਤ ਦੀ ਹਨੇਰੀ ਝੁੱਲੀ ਤਾਂ ਸਤਿਗੁਰੂ ਜੀ ਵੀ ਕੈਦੀਆਂ ਨਾਲ ਬਾਬਰ ਦੀ ਜੇਲ ਵਿ ਚਲੇ ਗਏ। ਕੈਦੀਆਂ ਕੋਲੋਂ ਮੁਸ਼ੱਕਤ ਲਈ ਜਾਣ ਲੱਗੀ। ਗੁਰੂ ਸਾਹਿਬ ਅਤੇ ਮਰਦਾਨੇ ਅੱਗੇ ਵ ਚੱਕੀਆਂ ਧਰੀਆਂ ਗਈਆਂ, ਜਿਨ੍ਹਾਂ ਬਾਬਤ ਰਵਾਇਤ ਹੈ ਕਿ ਓਹ ਆਪੇ ਫਿਰਨ ਲੱਗ ਪਈਆਂ। ਇ ਖ਼ਬਰ ਜਾਂ ਬਾਬਰ ਪਾਸ ਪਹੁੰਚੀ ਤਾਂ ਬਾਬਰ ਆਪ ਬੰਦੀ ਖ਼ਾਨੇ ਦੇ ਕੈਦੀਆਂ ਨੂੰ ਦੇਖਣ ਆਯਾ। ਗੁ ਸਾਹਿਬ ਦੇ ਚਿਹਰੇ ਤੇ ਰੱਬੀ ਨੂਰ ਦੇਖਕੇ, ਅਤੇ ਚਲਦੀਆਂ ਚੱਕੀਆਂ ਵੱਲ ਤੱਕ ਕੇ ਗੁਰੂ ਜੀ ਨੂੰ ਬੁਲਾਯ ਪਰ ਓਹ ਨਾਮ ਵਿਚ ਜੁੜੇ ਹੋਏ ਸਮਾਧੀ ਲਾਈ ਬੈਠੇ ਸਨ। ਕੁਛ ਚਿਰ ਮਗਰੋਂ ਜਾਂ ਨੈਣ ਖੁੱਲ੍ਹੇ ਤ ਵਾਹਿਗੁਰੂ ਦੀ ਉਸਤਤਿ ਦਾ ਇਕ ਸ਼ਬਦ ਗੁਰੂ ਸਾਹਿਬ ਨੇ ਉਚਾਰਨ ਕੀਤਾ ਇਸ ਸ਼ਬਦ ਦੇ ਅਸ ਨਾਲ ਬਾਬਰ ਉਤੇ ਵੈਰਾਗ ਦਾ ਐਸਾ ਪ੍ਰਭਾਵ ਪਿਆ ਕਿ ਬਾਬਰ ਨੇ ਆਪਣੇ ਆਪ ਨੂੰ ਕਿਹਾ: ਹੈਫ ਹੈ ਕੋਈ ਐਸਾ ਫਕੀਰ ਇਸ ਨਗਰ ਵਿਚ ਸੀ ਤਾਂ ਇਹ ਨਗਰੀ ਅਸੀਂ ਕਿਉਂ ਮਾਰੀ। ਬਾਬਰ ਨੇ ਬਾਬ ਜੀ ਦੇ ਪੈਰ ਚੁੰਮੇ ਤੇ ਸਾਰੇ ਮੁਗ਼ਲ ਦਰਬਾਰੀਆਂ ਮੱਥਾ ਟੇਕਿਆ। ਬਾਬਰ ਨੇ ਕਿਹਾ: ਹੇ ਰੱਬ ਦੇ ਪਿਆਰੇ ਖਿਮਾ ਕਰ ਤੇ ਸਾਡੀ ਵਲੋਂ ਕੁਛ ਨਜ਼ਰ ਕਬੂਲ ਕਰ। ਤਦੋਂ ਗੁਰੂ ਜੀ ਨੇ ਕਿਹਾ: ਹੇ ਬਾਬਰ ! ਸਾ ਕੁਛ ਲੋੜ ਨਹੀਂ, ਜੇ ਤੂੰ ਨਜ਼ਰ ਦੇਣੀ ਹੈ ਤਾਂ ਇਨ੍ਹਾਂ ਕੈਦੀਆਂ ਦੀ ਬੰਦ ਖਲਾਸੀ ਕਰ, ਇਨ੍ਹਾਂ ਦੇ ਮਾ ਧਨ ਮੋੜ ਦੇਹ। ਉਸੇ ਵੇਲੇ ਕੈਦੀ ਛੱਡ ਦਿੱਤੇ ਗਏ ਤੇ ਉਨ੍ਹਾਂ ਦਾ ਮਾਲ ਮਤਾਅ ਵੀ ਵਾਪਸ ਦੇ ਦਿੱਤਾ ਗਿਆ

ਫੇਰ ਗੁਰੂ ਸਾਹਿਬ ਨੂੰ ਪਤਾ ਲੱਗਾ ਕਿ ਅਜੇ ਬਾਬਰ ਦੀ ਕੈਦ ਵਿਚ ਹੋਰ ਬਹੁਤ ਲੋਕ ਪ ਹਨ। ਰਸਤੇ ਵਿਚ ਜਿਸ ਕਿਸੇ ਤੇ ਸ਼ੱਕ ਪਿਆ, ਬਾਬਰ ਦੇ ਸਿਪਾਹੀ ਉਸ ਨੂੰ ਫੜਕੇ ਕੈਦ ਕਰ ਲੈਂ ਸਨ। ਸਿਪਾਹੀਆਂ ਨੇ ਸੁੰਦਰ ਤ੍ਰੀਮਤਾਂ ਕੈਦ ਵਿਚ ਪਾ ਰੱਖੀਆਂ ਸਨ। ਕਰੁਣਾਮਯ ਬਾਬਾ ਜੀ ਇਹ ਹਾਲ ਦੇਖਕੇ ਫੇਰ ਬਾਬਰ ਦੇ ਡੇਰੇ ਵਲ ਗਏ ਅਤੇ ਇਹ 'ਖੁਰਾਸਨ ਖਸਮਾਨਾ ਕੀਆ' ਵਾਲਾ ਸ਼ਬ ਉਚਾਰਿਆ। ਜਿਸ ਵਿਚ ਕਰਤਾ ਪੁਰਖ ਦੇ ਸਨਮੁਖ ਨਿਰਦੋਸ਼ੀ ਪਰਜਾ ਤੇ ਹੋਏ ਜ਼ੁਲਮ ਵਿਰੁੱਧ ਲਾਡਮਈ ਪ੍ਰਸ਼ਨ ਕੀਤਾ ਹੈ,ਅਤੇ ਨਾਲ ਨਾਲ ਸੱਚ ਕਹਿਣੋਂ ਵੀ ਸੰਕੋਚ ਨਹੀਂ ਕੀਤਾ।

ਸ਼ਬਦ ਦੀ ਦੂਸਰੀ ਤੁਕ ਵਿਚ, ਇਸ ਹੋਏ ਵਾਕਿਆ ਦੀ ਸਾਰੀ ਜ਼ੁੰਮੇਵਾਰੀ ਖ਼ੁਦਗਰਜ਼ ਹਾਕਮ ਉਤੇ ਪਾਈ ਹੈ। ਦੱਸਿਆ ਹੈ ਕਿ ਕਰਤਾ ਪੁਰਖ ਨੇ ਆਪਣੇ ਉਪਰ ਦੋਸ਼ ਨਹੀਂ ਆਉਣ ਦਿੱਤਾ, ਤੇ ਮੁਗ਼ਲ ਬਾਦਸ਼ਾਹ ਬਾਬਰ ਨੂੰ ਪ੍ਰੇਰਕੇ ਮੌਤ ਦਾ ਪਰਵਾਨਾ ਹੱਥ ਫੜਾਕੇ, ਹਿੰਦੁਸਤਾਨ ਦੇ ਗ਼ਾਫ਼ਲ ਹੁਕਮਰਾਨਾਂ ਨੂੰ ਸਜ਼ਾ ਦੇਣ ਲਈ ਹੱਲਾ ਕਰਵਾਇਆ ਹੈ। ਪਰ ਨਾਲ ਹੀ ਇਹ ਸਵਾਲ ਕੀਤਾ ਹੈ, ਕਿ ਹੇ ਕਰਤਾਰ ਜੇ ਫੌਜ ਨਾਲ ਫੌਜ ਲੜੇ ਤਾਂ ਕੋਈ ਗੱਲ ਨਹੀਂ, ਪਰ ਜੇ ਏਹੋ ਮੁਸੱਲਹ ਫੌਜ ਨਿਹੱਥੀ ਪਰਜਾ ਨੂੰ ਆ ਪਵੇ, ਤਾਂ ਮੇਰੇ ਮਨੋਂ ਅਵਸੋਂ ਹੀ ਪ੍ਰਸ਼ਨ ਉਠਦਾ ਹੈ ਕਿ ਉਸ ਫੌਜ ਦੇ ਮਾਲਕ ਨੂੰ ਪੁੱਛਣਾ ਚਾਹੀਦਾ ਹੈ ਭਈ ਤੂੰ ਇਹ ਅਨਰਥ ਕਿਉਂ ਕੀਤਾ ਹੈ, ਜਿਸ ਦੀ ਫੌਜ ਨੇ ਪਾਪੀਆਂ ਤੇ ਦੋਸ਼ੀਆਂ ਦੇ ਨਾਲ ਨਾਲ ਰੱਬ ਦੇ ਨਿਰਦੋਸ਼ ਬੰਦਿਆਂ ਨਾਲ ਵੀ ਘੱਟ ਨਹੀਂ ਕੀਤੀ। ਇਸ ਗੱਲ ਨੂੰ ਸਪਸ਼ਟ ਸਮਝਾਉਣ ਵਾਸਤੇ ਫੌਜ ਨੂੰ ਸ਼ੇਰ ਨਾਲ ਸਮਾਨਤਾ ਦਿੱਤੀ ਹੈ ਅਤੇ ਸ਼ਹਿਰੀਆਂ ਨੂੰ ਗਊਆਂ ਦੇ ਵੱਗ ਨਾਲ।

ਜੋਸ਼ ਵਿਚ ਆ ਕੇ, ਜੋ ਕੁਝ ਨੁਕਸਾਨ ਮੁਗ਼ਲਾਂ ਨੇ ਸੈਦਪੁਰ ਦਾ ਕੀਤਾ, ਅਤੇ ਜੋ ਕੀਮਤੀ ਜਾਨ ਇਸ ਘੱਲੂ ਘਾਰੇ ਵਿਚ ਜ਼ਾਇਆ ਹੋਈਆਂ, ਗੁਰੂ ਸਾਹਿਬ ਨੇ ਦੂਸਰੇ ਅੰਕ ਵਿਚ ਦੱਸਿਆ ਹੈ ਕਿ ਇਨ੍ਹ ਕੁੱਤਿਆਂ ਮੁਗ਼ਲਾਂ ਨੂੰ ਗੁੱਝਿਆਂ ਰਤਨਾਂ ਦੀ ਕੀ ਸਾਰ ਹੈ, ਕਿ ਬੁਰਿਆਂ ਵਿਚ ਭਲੇ ਵੀ ਅਨੇਕ ਹੁੰਦੇ ਹਨ। ਪਰ ਉਸ ਦੇ ਭਾਣੇ ਵਿਚ ਸ਼ੁਕਰ ਕਰਦੇ ਹੋਏ ਕਹਿੰਦੇ ਹਨ ਕਿ ਸੰਜੋਗ ਅਤੇ ਵਿਜੋਗ ਵੀ ਉਸ ਦੀ ਖੇਡ ਹੈ। ਉਸ ਦੇ ਹੁਕਮ ਤੋਂ ਬਿਨਾ ਨਾ ਕੋਈ ਵਿਛੜਦਾ ਹੈ ਅਤੇ ਨਾ ਕੋਈ ਮਿਲਦਾ ਹੈ। ਜੋ ਕੁਛ

ਹੁੰਦਾ ਹੈ ਉਸ ਦੀਆਂ ਨਜ਼ਰਾਂ ਤੋਂ ਉਹਲੇ ਨਹੀਂ।

ਭਾਵੇਂ ਕੋਈ ਆਪਣੇ ਆਪ ਵੱਡਾ ਬਣਕੇ, ਆਪਣਾ ਨਾ ਵੀ ਵੱਡਾ ਧਰਾ ਲਵੇ ਅਤੇ ਮਨਭਾਉਂਦੇ ਰਸਾਂ ਕਸਾਂ ਦੇ ਸੁਆਦ ਮਾਣਦਾ ਫਿਰੇ, ਜ਼ਰੂਰੀ ਨਹੀਂ ਕਿ ਵੱਡਾ ਹੀ ਉਸ ਦੀ ਨਜ਼ਰ ਵਿਚ ਚੰਗਾ ਲੱਗੇ, ਉਸ ਦੀ ਨਜ਼ਰ ਤਾਂ ਏਨੀ ਦੂਰ-ਦਰਸ਼ਕ ਹੈ ਕਿ ਛੋਟੀ ਤੋਂ ਛੋਟੀ ਚੀਜ਼ ਵੀ ਉਹਦੀ ਨਜ਼ਰੋਂ ਉਹਲੇ ਨਹੀਂ, ਉਸ ਦੀ ਵੀ ਓਹ ਪ੍ਰਤਿਪਾਲ ਕਰਦਾ ਹੈ। ਕੀੜਾ, ਜੋ ਦਾਣੇ ਚੁਗ ਚੁਗ ਕੇ ਖਾਂਦਾ ਹੈ। ਉਹ ਜਿੰਨੇ ਦਾਣੇ ਚੁਗ ਕੇ ਖਾਂਦਾ ਹੈ, ਇਕ ਇਕ ਦਾਣੇ ਨੂੰ ਉਹ ਦੇਖਦਾ ਹੈ। ਫੇਰ ਭਲਾ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਇਹ ਘਟਨਾ ਉਸ ਦੇ ਭਾਣੇ ਤੋਂ ਬਾਹਰ ਹੈ।

ਆਖ਼ਰ, ਉਪਦੇਸ਼ ਰੂਪ ਵਿਚ ਕਹਿੰਦੇ ਹਨ ਕਿ ਹੇ ਨਾਨਕ ! ਇਸ ਮਨੁੱਖਾ ਜਨਮ ਦਾ ਲਾਹਾ ਓਹੋ ਪਾ ਸਕਦਾ ਹੈ ਜੋ ਆਪਣੇ ਮਨ ਤੇ ਵਾਸ਼ਨਾਵਾਂ ਨੂੰ ਮਾਰ ਲਵੇ, ਤੇ ਇਸ ਤਰ੍ਹਾਂ ਜੋ ਆਪਾ ਮਾਰ ਲਵੇ ਓਹ ਦਰਗਾਹ ਵਿਚ ਪਰਵਾਨ ਹੋਏਗਾ।

ਨਿਰੁਕ੍ਤ—ਖੁਰਾਸਾਨ—[ਅ:, ਖ਼ੁਰਾਸਾਨ] ਈਰਾਨ ਦੇ ਪੂਰਬ ਤੇ ਅਫ਼ਗਾਨਸਤਾਨ ਦੇ ਪੱਛੋਂ ਦਾ ਇਕ ਦੇਸ਼। ਮਸ਼ਹਦ ਤੇ ਹਰਾਤ ਦੋ ਵਡੇ ਸ਼ਹਿਰ ਇਸ ਵਿਚ ਹਨ। ਬਾਬਰ ਇਸੇ ਖੁਰਾਸਾਨ ਦਾ ਸੀ, ਜੋ ਕਾਬਲ ਦਾ ਬਾਦਸ਼ਾਹ ਬਣਿਆ ਤੇ ਫੇਰ ਉਹ ਹਿੰਦੁਸਤਾਨ ਤੇ ਆ ਪਿਆ ਸੀ।

ਖਸਮਾਨਾ—[ਅ:, ਖ਼ਸਮਾਨਾ=ਗ਼ੌਰ ਕਰਨਾ, ਸੰਵਾਰਨਾ, ਮਾਲਕੀ ਕਰਨੀ। ਅਰਬੀ ਪਦ 'ਖ਼ਸਮ' ਦੇ ਦੋ ਅਰਥ ਹਨ: ੧. ਦੁਸ਼ਮਨ, ਵੈਰੀ। ੨. ਮਾਲਕ, ਸਾਹਿਬ, ਪਤੀ। ਇਕ ਪਦ ਫਾਰਸੀ ਵਿਚ ਆਮ ਵਰਤਿਆ ਜਾਂਦਾ ਹੈ-ਖ਼ਸ਼ਮ', ਉਸ ਦੇ ਅਰਥ ਹਨ, ਗੁੱਸਾ, ਗ਼ਜ਼ਬ] ੧, ਬਚਾਇਆ, ਸੰਵਾਰਿਆ। ੨. ਮਾਲਕੀ, ਸਾਹਿਬੀ। ੩. ਵੈਰ ਕੀਤਾ। ੪. ਗੁੱਸਾ ਕੀਤਾ ਤੇ ਗ਼ਜ਼ਬ ਢਾਇਆ।

ਦੋਸੁ—ਕਸੂਰ। **ਜਮੁ ਕਰਿ**-ਮੌਤ ਦਾ ਰੂਪ ਬਣਾ ਕੇ।

ਦਰਦੁ—ਪੀੜ, ਤਰਸ। **ਸਕਤਾ**—[ਸੰਸ:, ਸ਼ਕਤਿ:=ਬਲ] ਸ਼ਕਤੀਵਾਨ, ਜ਼ੋਰਾਵਰ।

ਰੋਸੁ—ਗੁੱਸਾ, ਅਫਸੋਸ, ਉਲਾਂਭਾ। **ਸੀਹੁ**—[ਸਸ:, ਸਿਹ:] ਸ਼ੇਰ।

ਖਸਮੈ—[ਅ:, ਖ਼ਸਮ=ਦੁਸ਼ਮਨ। ਮਾਲਕ। ਪਤਿ] ਮਾਲਕ ਦੁਆਰਾ ਮਾਲਕ ਵਲੋਂ (ਅ) ਮਾਲਕ ਤੋਂ।

ਸਾ—ਉਸ ਤੋਂ। ਉਸਦੀ। **ਪੁਰਸਾਈ**—[ਫਾ:, ਪੁਰਸਿਸ਼=ਪੁਛ ਗਿੱਛ ਕਰਨੀ] ਪੁੱਛ।

ਕੁਤੀ—ਕੁੱਤਿਆਂ ਨੇ, ਮੁਰਾਦ ਬਾਬਰ ਦੇ ਜ਼ਾਲਮ ਸਿਪਾਹੀਆਂ ਤੋਂ ਹੈ।

ਸਾਦ—[ਦੇਖੋ ਪੰਨਾ ੧੮੯੮] ਸੁਆਦ, ਭਾਵ ਐਸ਼।

ਹੁਣ ਤੀਸਰੀ ਪਾਤਸ਼ਾਹੀ ਦੇ ਦੂਜੇ ਘਰ ਦੇ ਸ਼ਬਦ ਚੱਲੇ।

[ਆਸਾ ਮਹਲਾ ੩, ਚਉਪਦਾ-੪੦]

ਰਾਗੁ ਆਸਾ ਘਰੁ ੨ ਮਹਲਾ ੩ ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਹਰਿ ਦਰਸਨੁ ਪਾਵੈ ਵਡਭਾਗਿ ॥ ਗੁਰ ਕੈ ਸਬਦਿ ਸਚੈ ਬੈਰਾਗਿ ॥ ਖਟੁ ਦਰਸਨੁ ਵਰਤੈ ਵਰਤਾਰਾ ॥ ਗੁਰ ਕਾ ਦਰਸਨੁ ਅਗਮ ਅਪਾਰਾ॥੧॥	ਸਚੇ ਵੈਰਾਗ ਦੁਆਰਾ ਅਤੇ ਗੁਰੂ ਦੇ ਸ਼ਬਦ (ਦੀ ਕਮਾਈ) ਕਰਕੇ ਵਡਭਾਗੀ (ਪੁਰਖ ਹਰੀ ਦੇ ਦਰਸ਼ਨ ਨੂੰ ਪਾਉਂਦਾ ਹੈ। ਛੇ ਦਰਸ਼ਨ ਜੋ ਪ੍ਰਵਿਰਤ ਹੋ ਰਹੇ ਹਨ, ਗੁਰੂ ਦਾ ਦਰਸ਼ਨ (ਉਹਨਾਂ ਦੀ) ਪਹੁੰਚ ਤੋਂ ਪਰੇ ਤੇ ਵੱਡਾ ਹੈ॥੧॥

ਗੁਰ ਕੈ ਦਰਸਨਿ ਮੁਕਤਿ ਗਤਿ ਹੋਇ॥
ਸਾਚਾ ਆਪਿ ਵਸੈ ਮਨਿ ਸੋਇ ॥੧॥
ਰਹਾਉ ॥

ਗੁਰੂ ਦੇ ਦਰਸ਼ਨ ਦੁਆਰਾ ਮੁਕਤੀ ਪ੍ਰਾਪਤ ਹੁੰਦੀ ਹੈ; (ਕਿਉਂਕਿ ਇਸ ਨਾਲ) ਉਹ ਸੱਚਾ (ਪ੍ਰਭੂ) ਆਪ ਮਨ ਵਿਚ ਆ ਵਸਦਾ ਹੈ॥੧॥ ਰਹਾਉ॥

ਗੁਰ ਦਰਸਨਿ ਉਧਰੈ ਸੰਸਾਰਾ ॥
ਜੇ ਕੋ ਲਾਏ ਭਾਉ ਪਿਆਰਾ ॥
ਭਾਉ ਪਿਆਰਾ ਲਾਏ ਵਿਰਲਾ ਕੋਇ ॥
ਗੁਰ ਕੈ ਦਰਸਨਿ ਸਦਾ ਸੁਖੁ ਹੋਇ ॥੨॥

ਗੁਰੂ ਦਰਸ਼ਨ ਦੁਆਰਾ (ਸਾਰੇ) ਸੰਸਾਰ (ਦੇ ਲੋਕ ਚਾਹੇ ਕਿਸੇ ਜਾਤ ਜਨਮ ਮਤ ਦੇ ਹੋਣ) ਉਧਰ ਜਾਂਦੇ ਹਨ (ਪਰ ਤਾਂ) ਜੇ ਕੋਈ (ਇਸ ਨਾਲ) ਸ਼ਰਧਾ ਤੇ ਪ੍ਰੇਮ ਲਾਵੇ। (ਪਰ) ਕੋਈ ਵਿਰਲਾ ਭਾਉ ਤੇ ਪ੍ਰੇਮ ਲਾਉਂਦਾ ਹੈ, (ਪਰ ਜੋ ਬੀ ਲਾਉਂਦਾ ਹੈ ਉਸ ਨੂੰ) ਗੁਰੂ ਕੇ ਦਰਸ਼ਨ ਦੁਆਰਾ ਸਦੀਵੀ ਸੁਖ ਹੋ ਜਾਂਦਾ ਹੈ॥੨॥

ਗੁਰ ਕੈ ਦਰਸਨਿ ਮੋਖ ਦੁਆਰੁ ॥
ਸਤਿਗੁਰੁ ਸੇਵੈ ਪਰਵਾਰ ਸਾਧਾਰੁ ॥
ਨਿਗੁਰੇ ਕਉ ਗਤਿ ਕਾਈ ਨਾਹੀ ॥
ਅਵਗਣਿ ਮੁਠੇ ਚੋਟਾ ਖਾਹੀ ॥੩॥

ਗੁਰੂ ਦੇ ਦਰਸ਼ਨ ਦੁਆਰਾ ਮੁਕਤੀ ਦਾ ਦਰਵਾਜਾ (ਖੁੱਲ੍ਹ ਪੈਂਦਾ ਹੈ, ਨਾ ਕੇਵਲ ਆਪ ਉਤੇ ਸਗੋਂ) ਸਤਿਗੁਰੂ ਨੂੰ (ਜੋ) ਸੇਂਵਦਾ ਹੈ ਪਰਵਾਰ ਦਾ ਉੱਧਾਰ (ਬੀ) ਕਰ ਲੈਂਦਾ ਹੈ। ਨਿਗੁਰੇ ਨੂੰ (ਕਿਸੇ ਤਰ੍ਹਾਂ ਬੀ) ਕੋਈ ਗਤੀ ਨਹੀਂ ਪ੍ਰਾਪਤ ਹੁੰਦੀ, (ਓਹ) ਅਵਗੁਣਾਂ ਦੇ ਠੱਗੇ ਹੋਏ ਠੁਹਕਰਾਂ ਹੀ ਖਾਂਦੇ ਹਨ॥੩॥

ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ ॥
ਗੁਰਮੁਖਿ ਤਾ ਕਉ ਲਗੈ ਨ ਪੀਰ ॥
ਜਮਕਾਲੁ ਤਿਸੁ ਨੇੜਿ ਨ ਆਵੈ ॥
ਨਾਨਕ ਗੁਰਮੁਖਿ ਸਾਚਿ ਸਮਾਵੈ ॥੪॥੧॥੪੦॥

ਗੁਰੂ ਦੇ ਸ਼ਬਦ ਦੁਆਰਾ (ਜੀਉਂਦੇ ਜੀ) ਸਰੀਰ ਵਿਚ ਸੁਖ ਤੇ ਸ਼ਾਂਤੀ (ਬਣੀ ਰਹਿੰਦੀ ਹੈ। ਜੋ) ਗੁਰਮੁਖ ਹੈ ਉਸ ਨੂੰ (ਅੰਤਕਾਲ ਦੀ) ਪੀੜਾ (ਬੀ) ਨਹੀਂ ਲਗਦੀ। ਕਾਲ ਕਰਨੇ ਵਾਲਾ ਯਮ ਉਸ ਦੇ ਨੇੜੇ ਨਹੀਂ ਆਉਂਦਾ (ਕਿਉਂਕਿ) ਗੁਰਮੁਖ ਤਾਂ, ਹੇ ਨਾਨਕ! ਸਤਯ ਸਰੂਪ (ਪ੍ਰਭੂ) ਵਿਚ ਸਮਾ ਜਾਂਦਾ ਹੈ॥੪॥੧॥੪੦॥

ਵਯਾਖਯਾ— ਇਸ ਸ਼ਬਦ ਵਿਚ ਗੁਰੂ ਦਰਸ਼ਨ ਦਾ ਜ਼ਿਕਰ ਹੈ। ਦਰਸ਼ਨ ਪਦ ਦਾ ਅਰਥ ਹੈ ਦੀਦਾਰ। ਫਿਰ ਇਸ ਦਾ ਅਰਥ ਦੀਦਾਰ ਕਰਾ ਦੇਣ ਵਾਲਾ, ਅਰਥਾਤ ਸ਼ੀਸ਼ਾ, ਬੀ ਹੈ। ਸ਼ੀਸ਼ੇ ਤੋਂ ਅਰਥ ਬਣਿਆ ਨਿਰਣਯ ਕਰਾ ਦੇਣ ਵਾਲਾ। ਇਹ ਫਿਲਸਫੇ ਦੇ ਗ੍ਰੰਥਾਂ ਦਾ ਨਾਉ ਪੈ ਗਿਆ, ਅਰਥਾਤ ਦਰਸ਼ਨ ਸ਼ਾਸਤ੍ਰ। ਇਥੋਂ ਹੀ 'ਮਤਿ ਧਰਮ' ਯਾ ਸੰਪ੍ਰਦਾ ਆਦਿ ਅਰਥ ਦੇਣ ਲੱਗ ਪਿਆ।

ਫਿਲਸਫੇ ਦੇ ਪ੍ਰਸਿੱਧ ਜੋ ਗ੍ਰੰਥ ਹਨ, ਉਨ੍ਹਾਂ ਦੇ ਮਤਿ ਜੁਦਾ ਜੁਦਾ ਹਨ, ਪਰਸਪਰ ਮਤਿ ਭੇਦ ਹਨ। ਗੁਰੂ ਜੀ ਅੰਕ ੧ ਵਿਚ ਦੱਸਦੇ ਹਨ ਕਿ ਜੋ ਛੇ ਦਰਸ਼ਨ ਵਰਤਾਰੇ ਵਿਚ ਹਨ, ਉਨ੍ਹਾਂ ਤੋਂ ਗੁਰੂ ਕਾ ਦਰਸ਼ਨ ਵਿਸ਼ੇਸ਼ ਹੈ। ਨਿਰੀ ਮਾਨਸਕ ਸਮਝ ਤੋਂ ਇਹ ਦਰਸ਼ਨ ਅਗੰਮ ਹੈ ਤੇ ਆਪਣੀ ਪ੍ਰਾਪਤੀ ਵਿਚ ਅਪਾਰ ਹੈ, ਕਿਉਂਕਿ ਇਹ ਯਥਾਰਥ ਵਿਚ ਲੈ ਜਾਂਦਾ ਹੈ, ਯਥਾਰਥ ਅਗਮ ਤੇ ਅਪਾਰ ਹੈ। ਫਿਰ ਇਹ ਪੰਛੀ ਮਾਰਗ ਵਾਂਡੂ ਸਿਧੀ ਸੇਧ ਤੇ ਚੱਲਦਾ ਹੈ ਉਹ ਸੇਧ ਮੁੱਢ ਤੋਂ ਹੀ ਪਰਮੇਸ਼ਰ ਜੀ ਦਾ ਪਿਆਰ ਸਿਖਾਲਦੀ ਹੈ। ਇਸ ਪ੍ਰੇਮ ਨਾਲ ਬਿਨਾ ਕਿਸੇ ਹਠ, ਤਪ, ਗੋਰਖ-ਧੰਦਿਆਂ ਵਾਲੀਆਂ ਬਹਸਾਂ ਵਿਚ ਪਏ ਦੇ ਸੱਚਾ ਪ੍ਰਭੂ ਮਨ ਵਿਚ ਆ ਵਸਦਾ ਹੈ। ਇਸੇ 'ਪ੍ਰਭੂ ਨਿਵਾਸ' ਨਾਲ ਕਲਯਾਣ ਹੋ ਜਾਂਦੀ ਹੈ॥੧॥ ਰਹਾਉ॥

ਅੰਕ ੩ ਵਿਚ ਦੱਸਦੇ ਹਨ ਕਿ ਇਹ ਗੁਰੂ ਦਰਸ਼ਨ ਮਜ਼ਹਬ ਯਾ ਦੀਨ ਨੂੰ ਸ਼ਖ਼ਸੀ ਵਸਤੂ ਨਹੀਂ ਸਿਖਾਲਦਾ ਹੈ, ਇਹ ਦੱਸਦਾ ਹੈ ਕਿ ਹਰ ਕੋਈ ਗੁਰ ਦਰਸ਼ਨੀ ਅਪਣੇ ਪਰਵਾਰ ਨੂੰ ਬੀ ਸਿਖਾਵੇ ਤੇ ਉਧਾਰ ਕਰੇ। ਐਉਂ ਹਰੇਕ ਦੇ ਪਰਵਾਰ ਸੁਧਾਰਨ ਨਾਲ ਭਾਈਚਾਰੇ ਦਾ ਕਹੋ, ਕਿ ਸੁਸਾਇਟੀ ਸਾਰੀ ਵਿਚ, ਧਰਮ ਪਰਵਿਰਤ ਹੋ ਕੇ ਸੁਧਾਰ ਦਾ ਕਾਰਣ ਬਣ ਗਿਆ।

ਫਿਰ ਇਸ ਸ਼ਬਦ ਵਿਚ ਕੁਛ ਕੂ ਅੰਗ ਗੁਰ ਦਰਸ਼ਨ ਦੇ ਵਰਣਨ ਕੀਤੇ ਹਨ; ਓਹ ਹਨ, ਗੁਰੂ, ਗੁਰੂ ਦਾ ਸ਼ਬਦ, ਵੈਰਾਗ, ਈਸ਼੍ਵਰ ਦਾ ਪ੍ਰੇਮ, ਈਸ਼੍ਵਰ ਦਾ ਧਯਾਨ। ਗੋਯਾ ਇਹ ਮਤਿ ਸਿਫਤ ਸਲਾਹ ਪ੍ਰੇਮ ਦਾ ਹੋਣ ਕਰਕੇ ਇਕ ਵਿਸਮਾਦੀ ਮਤਿ ਹੈ ਜਿਸ ਵਿਚ, ਗਯਾਨ, ਧਯਾਨ, ਭਗਤੀ; ਜੋਗ, ਕਰਮ, ਵੈਰਾਗ, ਨਾਮ ਅਭਯਾਸ, ਸਿਫਤ ਸਲਾਹ ਆਦਿ ਸਾਰੇ ਮਿਲ ਕੇ ਇਕ ਰੰਗ ਪੈਦਾ ਕਰਦੇ ਹਨ, ਜਿਸਨੂੰ ਵਿਸਮਾਦ ਕਿਹਾ ਜਾਵੇ, ਜਿਸ ਦੁਆਰਾ 'ਸੱਚ'ਵਿਚ ਅਰਥਾਤ ਸਤਯ ਸਰੂਪ ਵਿਚ ਜੋ "ਅਸਚਰਜਰੂਪੰ" ਦਸਿਆ ਹੈ, ਸਮਾਈ ਹੋ ਜਾਂਦੀ ਹੈ। ਅਰਥਾਤ ਇਸ ਦੀ ਪ੍ਰਾਪਤੀ ਇਹ ਦੱਸੀ ਹੈ:— "ਸਾਚਿ ਸਮਾਵੈ "ਸਤਯ ਸਰੂਪ ਵਿਚ ਸਮਾਈ। ਸਦੈਵੀ ਸੁਖ ਦੀ ਪ੍ਰਾਪਤੀ ਤੇ ਜਨਮ ਮਰਨ ਤੋਂ ਖਲਾਸੀ ਦੱਸ ਕੇ ਇਹ ਬੀ ਦੱਸਿਆ ਹੈ ਕਿ ਇਸ ਦੁਆਰਾ ਸ਼ਰੀਰ ਵਿਚ ਸ਼ਾਂਤੀ ਤੇ ਸੁਖ ਵਰਤਦਾ ਹੈ। ਸਰੀਰ ਤੋਂ ਮੁਰਾਦ ਮਨ ਸੰਯੁਕਤ ਸ਼ਰੀਰ ਹੈ। ਭਾਵ ਇਹ ਕਿ ਤਨ ਮਨ ਸੁਖੀ ਰਹਿੰਦਾ ਹੈ। ਇਕ ਇਸ ਦੀ ਵਡਿਆਈ ਇਹ ਦੱਸੀ ਹੈ ਕਿ ਇਸ ਦੁਆਰਾ ਕਿਸੇ ਇਕ ਖਾਸ ਦੇਸ਼ ਵਾਸੀ ਕਿ ਨਸਲ ਕਿ ਮਜ਼ਹਬ ਦਾ ਉਧਾਰ ਨਹੀਂ ਹੁੰਦਾ। ਇਹ ਸਾਰੇ ਸੰਸਾਰ ਲਈ ਖੁੱਲ੍ਹਾ ਹੈ, ਕੇਵਲ ਇਤਨੀ ਸ਼ਰਤ ਹੈ ਕਿ ਇਸ ਦੇ ਅਸੂਲਾਂ ਤੇ ਦੱਸੀਆਂ ਕਰਨੀਆਂ ਨਾਲ ਜੋ ਕੋਈ ਪ੍ਰੇਮ ਕਰੇਗਾ ਸੋਈ ਉਧਾਰ ਨੂੰ ਪ੍ਰਾਪਤ ਹੋਵੇਗਾ। ਇਹ ਦਰਸ਼ਨ ਕਿਸੇ ਨੂੰ ਮਲੇਛ, ਕਿਸੇ ਨੂੰ ਕਾਫਰ ਨਹੀਂ ਆਖਦਾ। ਇਸ ਦੇ ਦੱਸੇ ਵਾਹਿਗੁਰੂ ਜੀ ਦੇ ਨਾਲ ਪ੍ਰੇਮ ਕਰਨ ਵਾਲੇ ਨੂੰ ਉਧਾਰ ਦਾ ਹੱਕਦਾਰ ਦੱਸਦਾ ਹੈ।

ਜੋ ਗੁਰੂ ਤੋਂ ਵਿਰਵੇ ਰਹਿੰਦੇ ਹਨ ਤੇ ਮੋਖ ਮਾਰਗ ਤੇ ਆ ਕੇ ਸਾਂਈਂ ਪ੍ਰੇਮ ਦੇ ਰਾਹੇ ਨਹੀਂ ਟੁਰਦੇ, ਉਨ੍ਹਾਂ ਨੂੰ ਦੱਸਦੇ ਹਨ ਕਿ ਔਗੁਣ, ਪਾਪ, ਅਪ੍ਰਾਧ, ਭੁੱਲਾਂ ਆਦਿ ਮਾੜੇ ਵਸਫ ਗ੍ਰਸ ਲੈਂਦੇ ਹਨ, ਜਿਸ ਕਰਕੇ ਓਹ ਭੁਲੇਵਿਆਂ ਵਿਚ ਪਏ ਠੁਹਕਰਾਂ ਖਾਂਦੇ ਹਨ।

ਨਿਰੁਕ੍ਤ—ਦਰਸ਼ਨ—[ਸੰਸ:, ਦਰ੍ਸ਼ਨ=ਦੇਖਣਾ, ਜਾਨਣਾ। ੨. ਨਿਰਣਯ। ੩. ਦਾਰਸ਼ਨਿਕ ਸਿਧਾਂਤ] ਉੱਪਰ ਦੱਸ ਆਏ ਹਾਂ ਕਿ ਦਰਸ਼ਨ ਦੇ ਅਰਥ ਕਿਵੇਂ ਫਿਲਸਫੇ ਦੇ ਸ਼ਾਸਤ੍ਰ ਧਰਮ ਯਾ ਮਤਿ ਬਣ ਗਏ ਹਨ। ਇਸ ਸ਼ਬਦ ਵਿਚ'ਦਰਸ਼ਨ' ਦਾ ਅਰਥ ਦੀਦਾਰ ਮਾਤ੍ਰ ਨਹੀਂ, ਏਥੇ ਅਰਥ ਉਹ ਧਰਮ ਫਿਲਸਫਾ ਤੇ ਰਹਿਣੀ ਰਹਿਤ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਟੋਰੀ।ਉਸੇ ਨੂੰ 'ਹਰਿ ਦਰਸ਼ਨ' ਕਿਹਾ ਹੈ ਤੇ ਉਸੇ ਨੂੰ'ਗੁਰੂ ਦਰਸ਼ਨ'ਕਿਹਾ ਹੈ। ਸਿਧ ਗੋਸ਼ਟ ਵਿਚ ਸਿਧ ਜਦ ਗੁਰੂ ਨਾਨਕ ਦੇਵ ਜੀ ਅੱਗੇ ਕਾਯਲ ਹੋ ਜਾਂਦੇ ਹਨ ਤਾਂ ਆਖਦੇ ਹਨ:—

ਮਾਗਹਿ ਨਾਮ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ॥

[ਰਾਮਕਲੀ ਮਹਲਾ ੧, ਸਿਧ ਗੋਸਟਿ-੭੩]

ਗੋਯਾ ਗੁਰੂ ਕੇ ਮਤ ਨੂੰ ਉਨ੍ਹਾਂ ਨੇ ਦਰਸ਼ਨ ਆਖਿਆ ਹੈ। 'ਦਰਸ਼ਨ' ਦਾ ਅਰਥ ਇਸ ਸ਼ਬਦ ਵਿਚ ਦੀਦਾਰ ਨਹੀਂ ਲੈਣਾ ਇਸ ਕਰ ਕੇ ਕਿ ਖਟ ਦਰਸ਼ਨ ਦੇ ਮੁਕਾਬਲੇ ਤੇ ਸਤਿਗੁਰ ਜੀ ਨੇ 'ਗੁਰ ਕਾ ਦਰਸਨੁ' ਪਦ ਵਰਤਿਆ ਹੈ, ਸੋ ਸਪਸ਼ਟ ਹੈ ਕਿ ਦਰਸ਼ਨ ਦਾ ਭਾਵ ਦੀਦਾਰ ਨਹੀਂ।

ਵਰਤੈ ਵਰਤਾਰਾ ਜਿਨ੍ਹਾਂ ਦਾ ਵਰਤਾਰਾ ਵਰਤ ਰਿਹਾ ਹੈ। ਭਾਵ ਜੋ ਪ੍ਰਵਿਰਤ ਹਨ।

ਅਗਮ ਅਪਾਰਾ—ਵੀਚਾਰ ਵਯਾਖਯਾ ਵਿਚ ਆ ਚੁਕੀ ਹੈ।

ਮੁਕਤਿ ਗਤਿ—ਮੁਕਤੀ ਦੀ ਪ੍ਰਾਪਤੀ ।(ਅ) ਮੁਕਤੀ ਤੇ ਸ਼ੁਭ ਗਤੀ ਯਾ ਕਲਯਾਣ।

ਸਾਧਾਰੁ—ਸਾਧ ਲੈਂਦਾ ਹੈ ਸੁਧਾਰ ਲੈਂਦਾ ਹੈ। (ਅ) ਸਹਤ ਆਧਾਰ ਦੇ ਕਰ ਲੈਂਦਾ ਹੈ, ਅਰਥਾਤ ਪ੍ਰਭੂ ਪ੍ਰੇਮ ਦਾ ਆਧਾਰ ਦੇ ਦੇਂਦਾ ਹੈ।

ਜਮਕਾਲੁ—(ਸੰਸ:, ਜਮਦੂਤ: (=ਜਮਰਾਜ ਦਾ ਭੇਜਿਆ ਦਾਸ)+ਕਾਲ:=ਮੌਤ) ਜਮ ਜੋ ਮੌਤ ਕਰਨੇ ਵਾਲਾ ਹੈ। ਮੌਤ (ਦਾ ਫਰਿਸ਼ਤਾ ਜਿਸ ਨੂੰ) ਜਮ (ਕਹੀਦਾ ਹੈ)।

[ਆਸਾ ਮਹਲਾ ੩, ਚਉਪਦਾ-੪੧]

ਮੂਲ	ਅਰਥ
ਆਸਾ ਮਹਲਾ ੩ ॥ **ਸਬਦਿ ਮੁਆ ਵਿਚਹੁ ਆਪੁ ਗਵਾਇ॥ ਸਤਿਗੁਰੁ ਸੇਵੇ ਤਿਲੁ ਨ ਤਮਾਇ ॥ ਨਿਰਭਉ ਦਾਤਾ ਸਦਾ ਮਨਿ ਹੋਇ ॥ ਸਚੀ ਬਾਣੀ ਪਾਏ ਭਾਗਿ ਕੋਇ ॥੧॥**	(ਜੋ ਗੁਰੂ ਦੇ) ਸ਼ਬਦ ਦੁਆਰਾ ਮਰ ਜਾਂਦਾ ਹੈ (ਅਰਥਾਤ ਅਪਨੇ ਮਨ) ਵਿਚੋਂ ਆਪਾ ਭਾਵ (=ਹਉਮੈਂ) ਗੁਆ ਲੈਂਦਾ ਹੈ, (ਹਾ ਜੋ) ਸਤਿਗੁਰ ਦੀ ਸੇਵਾ ਕਰਦਾ ਹੈ (ਅਤੇ) ਤਿਲ ਭਰ ਲੋਭ ਅੰਦਰ ਨਹੀ ਰਹਿਣ ਦੇਂਦਾ, (ਉਸ ਦੇ) ਮਨ ਵਿਚ ਨਿਰਭਉ ਦਾਤਾ (ਅਕਾਲ ਪੁਰਖ) ਸਦਾ (ਹੀ ਵੱਸਦਾ) ਹੁੰਦਾ ਹੈ, (ਪਰ ਇਸ) ਸੱਚੀ ਬਾਣੀ ਨਾਲ ਭਾਗਾਂ ਨਾਲ ਹੀ ਕੋਈ (ਨੇਹੁ) ਪ੍ਰਾਪਤ ਕਰਦਾ ਹੈ॥੧॥
ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ॥ ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥	ਗੁਣਾਂ ਨੂੰ ਕੱਠੇ ਕਰੋ (ਜੋ ਮਨ) ਵਿਚੋਂ ਅਉਗਣ ਚਲੇ ਜਾਣ, (ਫੇਰ ਤੁਸੀ) ਪੂਰੇ ਗੁਰੂ ਕੇ ਸ਼ਬਦ ਦੁਆਰਾ(ਪ੍ਰਭੂ ਵਿਚ)ਸਮਾ ਜਾਓਗੇ॥੧॥ਰਹਾਉ॥
ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ ਅੰਮ੍ਰਿਤ ਸਬਦਿ ਨਾਮੁ ਵਖਾਣੈ ॥ ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥੨॥	(ਜੋ) ਗੁਣਾਂ ਦਾ ਗਾਹਕ ਹੁੰਦਾ ਹੈ ਉਹੋ ਗੁਣਾਂ (ਦੀ ਕਦਰ) ਪਛਾਣਦਾ ਹੈ, (ਉਹੋ ਗੁਰੂ ਕੇ) ਸ਼ਬਦ (=ਉਪਦੇਸ਼) ਦੁਆਰਾ ਅੰਮ੍ਰਿਤ ਨਾਮ ਸਿਮਰਦਾ ਹੈ। (ਗੁਰੂ ਕੀ ਉਚਾਰੀ) ਸਚੀ ਬਾਣੀ ਦੁਆਰਾ (ਕਮਾਈ ਕੀਤਿਆਂ ਜੀਵ ਦਾ ਮਨ) ਸੱਚਾ ਹੁੰਦਾ ਹੈ। (ਬਾਣੀ ਦੀ ਵੀਚਾਰ ਤੇ ਬਾਣੀ ਤੋਂ ਪ੍ਰਾਪਤ ਹੋਈ ਸੁੱਚਮ* ਦੇ) ਗੁਣਾਂ ਨਾਲ ਨਾਮ ਪ੍ਰਾਪਤ ਹੁੰਦਾ ਹੈ॥੨॥
ਗੁਣ ਅਮੋਲਕ ਪਾਏ ਨ ਜਾਹਿ ॥ ਮਨਿ ਨਿਰਮਲ ਸਾਚੈ ਸਬਦਿ ਸਮਾਹਿ॥ ਸੇ ਵਡਭਾਗੀ ਜਿਨ੍ ਨਾਮੁ ਧਿਆਇਆ॥ ਸਦਾ ਗੁਣਦਾਤਾ ਮੰਨਿ ਵਸਾਇਆ॥੩॥	(ਏਹ)ਗੁਣ(ਬੜੇ) ਅਮੋਲਕ ਹਨ (ਛੇਤੀ ਛੇਤੀ ਆਪੇ) ਪ੍ਰਾਪਤ ਨਹੀਂ ਹੁੰਦੇ। ਸਚੇ (ਗੁਰੂ ਦੇ) ਉਪਦੇਸ਼ ਨਾਲ ਨਿਰਮਲ ਹੋਏ ਮਨ ਵਿਚ (ਆਪੇ ਆ) ਸਮਾਉਂਦੇ ਹਨ। ਓਹ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਨਾਮ ਦੀ ਅਰਾਧਨਾ ਕੀਤੀ ਹੈ (ਤੇ ਐਉਂ) ਗੁਣਾਂ ਦਾ ਦਾਤਾ (ਪ੍ਰਭੂ) ਸਦਾ ਮਨ ਵਿਚ ਵਸਾਇਆ ਹੈ॥੩॥
ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ॥ ਦਰਿ ਸਾਚੈ ਸਾਚੇ ਗੁਣ ਗਾਉ ॥ ਆਪੇ ਦੇਵੈ ਸਹਜਿ ਸੁਭਾਇ ॥ਨਾਨਕ ਕੀਮਤਿ ਕਹਣੁ ਨ ਜਾਇ ॥੪॥੨॥੪੧॥	ਜੋ (ਉਪ੍ਰੋਕਤ) ਗੁਣਾਂ ਨੂੰ ਕੱਠਿਆਂ ਕਰਦੇ ਹੈਨ (ਤੇ ਜੋ) ਸੱਚੇ ਦੇ ਗੁਣ ਗਾਉਂਦੇ ਹਨ (ਓਹ) ਸਚੇ ਦਰ ਅੱਪੜਦੇ ਹਨ (ਮੈਂ) ਉਹਨਾਂ ਤੋਂ ਸਦਕੇ ਹਾਂ। (ਏਹ ਗੁਣ ਜਿਨ੍ਹਾਂ ਨੂੰ) ਸਹਜ ਸੁਭਾਵਕ ਹੀ (ਪ੍ਰਭੂ) ਆਪੇ ਦੇਂਦਾ ਹੈ (ਉਹਨਾਂ ਦੀ) ਕੀਮਤ, ਹੇ ਨਾਨਕ! ਕਹੀ ਨਹੀਂ ਜਾ ਸਕਦੀ॥੪॥੨॥੪੧॥

ਵਯਾਖਯਾ— ਇਸ ਸ਼ਬਦ ਵਿੱਚ 'ਗੁਣ' ਪਦ ਲਗ ਪਗ ੭ ਵੇਰੀ ਆਇਆ ਹੈ ਤੇ ਅਕਸਰ ਬਹੂ ਬਚਨ ਵਿਚ ਆਇਆ ਹੈ। ਅਕਸਰ ਦਾਨੇ ਖਯਾਲ ਕਰਦੇ ਹਨ ਕਿ ਪਦ ਗੁਣ ਦਾ ਇਸ਼ਾਰਾ "ਵੈਰਾਗ ਤੇ ਵਿਵੇਕ" ਦੇ ਗੁਣਾ ਵੱਲ ਹੈ। ਕਈ ਗੁਣ ਤੋਂ ਭਾਵ "ਇਖ਼ਲਾਕੀ ਗੁਣਾਂ" ਦਾ ਲੈਂਦੇ ਹਨ। ਪਰ ਜੇ ਗਹੁ ਕਰਕੇ ਦੇਖੀਏ ਤਾਂ ਸ਼ਬਦ ਦੇ ਆਦਿ ਵਿਚ ਹੀ ਗੁਰੂ ਜੀ ਨੇ ਓਹ ਗੁਣ ਗਿਣ ਦਿੱਤੇ ਹਨ :-

---

*ਬਾਣੀ ਮਨ ਨੂੰ ਮਲ ਰਹਿਤ ਕਰਦੀ ਹੈ ਤੇ ਵੀਚਾਰ ਬਖ਼ਸ਼ਦੀ ਹੈ।

(ੳ) ਸਤਿਗੁਰ ਦੀ ਸੇਵਾ। (ਅ) (ਸਤਿਗੁਰ ਦੇ ਦਿੱਤੇ) ਸ਼ਬਦ ਦੁਆਰਾ ਮਰਨਾ, ਅਰਥਾਤ ਆਪਾ ਭਾਵ ਮਨ ਵਿਚੋਂ ਗੁਆ ਲੈਣਾ। (ੲ) ਤਿਲ ਜਿੰਨੀ ਤਮਾ ਬੀ ਨਾ ਰੱਖਣੀ, ਅਰਥਾਤ ਮਨ ਕਰਕੇ ਹੀ ਅਸਤੇਯ ਹੋ ਜਾਣਾ। (ਸ) ਵਾਹਿਗੁਰੂ ਨੂੰ ਅੰਦਰ ਵਸਾ ਲੈਣਾ ਐਸਾ ਕਿ ਕਿਸੇ ਵੇਲੇ ਵਿੱਥ ਨਾ ਪਵੇ। (ਹ) ਅੰਦਰ ਵਸਾਉਣਾ ਨਿਰਭੈਤਾ ਆਦਿ ਲੱਛਣਾ ਵਾਲਾ ਜਾਣ ਕੇ।

ਰਹਾਉ ਵਿਚ ਫੁਰਮਾਯਾ ਹੈ ਕਿ ਗੁਣਾਂ ਨੂੰ ਸੰਗ੍ਰਹ ਕਰੋ, ਅਰਥਾਤ ਇਨ੍ਹਾਂ ਉਪ੍ਰੋਕਤ ਗੁਣਾਂ ਨੂੰ ਸੰਗ੍ਰਹ ਕਰੋ, ਇਨ੍ਹਾਂ ਦੇ ਸੰਗ੍ਰਹ ਕਰਨੇ ਨਾਲ ਸਾਰੇ ਅਵਗੁਣ ਦੂਰ ਹੋ ਜਾਣਗੇ, ਅਤੇ ਸ਼ਬਦ ਦੁਆਰਾ ਪ੍ਰਭੂ ਵਿਚ ਤੁਹਾਡੀ ਸਮਾਈ ਹੋ ਜਾਏਗੀ। ਰਹਾਉ ਦੇ ਅੰਤ ਤਕ ਸ਼ਬਦ ਦਾ ਭਾਵ ਇਕ ਤਰ੍ਹਾਂ ਆ ਗਿਆ। ਹੁਣ ਅੰਕ ੨ ਵਿਚ ਕੁਛ ਕੁਛ ਪੁਨਹ ਵੀਚਾਰ ਚੱਲਦੀ ਹੈ।

(ੳ) ਪਹਿਲੀ ਗਲ ਇਹ ਕਿ ਗੁਣਾਂ ਦੇ ਗਾਹਕ ਨੂੰ ਇਹ ਸ਼ੈ ਲੱਭ ਜਾਂਦੀ ਹੈ। ਜਿਸ ਨੂੰ ਲੋੜ ਹੀ ਨਹੀਂ ਪ੍ਰਤੀਤ ਦੇਂਦੀ, ਉਸ ਨੂੰ ਪ੍ਰਾਪਤੀ ਹੋ ਹੀ ਨਹੀਂ ਸਕਦੀ।

(ਅ) ਸੱਚੀ ਬਾਣੀ ਜੋ ਗੁਰੂ ਜੀ ਦੀ ਹੈ ਉਹ ਧਾਰਨ ਕਰੇ ਤਾਂ ਸੁੱਚਾ ਹੋ ਜਾਏਗਾ।

(ੲ) ਤੇ ਇਸ ਬਾਣੀ ਧਾਰਨ ਦੇ ਗੁਣ ਨਾਲ ਨਾਮ ਪ੍ਰਾਪਤ ਹੋਵੇਗਾ:-

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ।।

[ਸਿਰੀ ਰਾਗੁ ਮਹਲਾ ੩-ਅਸਟ: ੨੨]

ਅੰਕ ੩ ਵਿਚ ਫੁਰਮਾਉਂਦੇ ਹਨ ਕਿ ਏਹ ਗੁਣ ਬੜੇ ਅਮੋਲਕ ਹਨ ਪਰ ਸੱਚੇ ਉਪਦੇਸ਼ ਨਾਲ ਯਾ ਸੱਚੇ (ਗੁਰੂ) ਦੇ ਉਪਦੇਸ਼ ਨਾਲ ਮਨ ਵਿਚ ਆ ਸਮਾਉਂਦੇ ਹਨ, ਕਿਉਂਕਿ ਗੁਰ ਉਪਦੇਸ਼ ਨਾਲ ਮਨ ਵਿਸ਼ਵਾਸ਼ ਦੇ ਘਰ ਆ ਜਾਂਦਾ ਹੈ ਤੇ ਵਿਸ਼ਵਾਸ ਵਾਲੇ ਮਨ ਵਿਚ ਨਾਮ ਟਿਕਦਾ ਹੈ। ਇਸੇ ਅੰਕ ਵਿਚ ਇਕ ਹੋਰ ਪੁਨਰ ਵੀਚਾਰ ਹੈ ਕਿ ਜਿਸ ਨੇ ਸਦਾ ਨਾਮ ਧਿਆ ਕੇ ਉਪ੍ਰੋਕਤ ਗੁਣਾਂ ਦੇ ਦਾਤੇ ਪ੍ਰਭੂ ਨੂੰ ਮਨ ਵਿਚ ਵਸਾ ਲਿਆ ਹੈ ਉਹ ਵਡਭਾਗੀ ਹੈ, ਭਾਵ ਸਨਮਾਨ ਯੋਗ ਹੈ।

ਅੰਕ ੪ ਵਿਚ ਬੀ ਉਸੀ ਤਰ੍ਹਾਂ ਐਸੇ ਗੁਣ ਕੱਠੇ ਕਰਨ ਵਾਲੇ ਤੋਂ ਸਦਕੇ ਹੁੰਦੇ ਹਨ ਤੇ ਵਡੇ ਭਾਗਾਂ ਦਾ ਅਰਥ ਕਰਦੇ ਹਨ ਕਿ ਦਾਤਾ ਸੁਤੇ ਸਿਧ ਐਡੀ ਭਾਰੀ ਕੀਮਤੀ ਸ਼ੈ ਜਿਨ੍ਹਾਂ ਨੂੰ ਦਾਨ ਕਰ ਦੇਂਦਾ ਹੈ ਓਹ ਆਪੇ ਵਡੇ ਭਾਗਾਂ ਵਾਲੇ ਹੋ ਗਏ।

ਨਿਰੁਕ੍ਤ—ਤਮਾਇ-[ਅ:, ਤਮਅ] ਲਾਲਚ, ਲੋਭ।

ਤਿਲੁ ਨ ਤਮਾਇ—ਤਿਲ ਜਿੰਨਾ ਬੀ ਲੋਭ ਨਾ ਕਰਨਾ। ਵਿਹਿਤ ਤ੍ਰੀਕਿਆ ਤੋਂ ਛੁੱਟ ਕੁਛ ਨਾ ਲੈਣਾ, ਲੈਣਾ ਹੀ ਨਹੀਂ, ਲੈਣ ਦੀ ਇਛਾ ਹੀ ਨਹੀਂ ਕਰਨੀ।

ਸੰਗ੍ਰਹੁ—[ਸੰਸ:, ਸੰਗ੍ਰਹ = ਕੱਠਾ ਕਰਨਾ, ਗ੍ਰਹਣ ਕਰਨਾ] ਕੱਠੇ ਕਰੋ।

ਸਮਾਹਿ-ਸਮਾਇ। ਸਮਾ ਜਾਂਦਾ ਹੈ।

[ਆਸਾ ਮਹਲਾ ੩, ਚਉਪਦਾ-੪੨]

ਪ੍ਰਾਕ੍ਕਥਨ—ਗੁਰੂ ਦੀ ਵਡਿਆਈ ਮੇਲਣ ਵਿਚ ਤੇ ਅਪਰੰਪਰ ਦੀ ਕੀਮਤ ਪੁਆ ਦੇਣ ਵਿਚ ਹੈ।

ਮੂਲ	ਅਰਥ
ਆਸਾ ਮਹਲਾ ੩ ॥ **ਸਤਿਗੁਰ ਵਿਚਿ ਵਡੀ ਵਡਿਆਈ ॥** **ਚਿਰੀ ਵਿਛੁੰਨੇ ਮੇਲਿ ਮਿਲਾਈ ॥**	ਸਤਿਗੁਰੂ ਵਿਚ (ਇਹ) ਬੜੀ ਭਾਰੀ ਵਡਿਆਈ ਹੈ ਕਿ ਚਿਰਾਂਦੇ ਵਿਛੁੜਿਆਂ ਨੂੰ (ਪ੍ਰਭੂ ਦੇ) ਮੇਲ ਵਿਚ ਮਿਲਾ ਦੇਂਦਾ ਹੈ। (ਪਹਿਲੇ ਵਾਹਿਗੁਰੂ) ਆਪੇ (ਸਤਿਗੁਰੂ) ਮਿਲਾ ਦੇਂਦਾ ਹੈ (ਫੇਰ ਸਤਿਗੁਰੂ

ਆਪੇ ਮੇਲੇ ਮੇਲਿ ਮਿਲਾਏ ॥
ਆਪਣੀ ਕੀਮਤਿ ਆਪੇ ਪਾਏ ॥੧॥

ਵਾਹਿਗੁਰੂ ਦੇ) ਮੇਲ ਵਿਚ ਮਿਲਾ ਦੇਂਦਾ ਹੈ, (ਇਕੁਰ ਵਾਹਿਗੁਰੂ ਅਪਣੀ ਕੀਮਤ ਆਪੇ ਹੀ ਪਿਆ ਪਾਉਂਦਾ ਹੈ॥੧॥

ਹਰਿ ਕੀ ਕੀਮਤਿ ਕਿਨ ਬਿਧਿ ਹੋਇ॥
ਹਰਿ ਅਪਰੰਪਰੁ ਅਗਮ ਅਗੋਚਰੁ ਗੁਰ ਕੈ ਸਬਦਿ ਮਿਲੈ ਜਨੁ ਕੋਇ ॥੧॥ ਰਹਾਉ ॥

(ਪ੍ਰਸ਼ਨ ਹੁੰਦਾ ਹੈ ਕਿ) ਹਰੀ ਤਾਂ ਪਰੇ ਤੋਂ ਪਰੇ ਹੈ, (ਸਾਡੀ ਮਟ ਬੁੱਧੀ ਦੀ) ਪਹੁੰਚ ਤੋਂ ਉਪਰ ਹੈ, ਸਾਡੇ ਇੰਦ੍ਰਿਆਂ ਦਾ ਵਿਸ਼ ਨਹੀਂ, (ਐਸੇ) ਹਰੀ ਦੀ ਕੀਮਤ ਕਿਸ ਵਿਧੀ ਨਾਲ ਪ੍ਰਾਪਤ ਹੋ ਸਕਦੀ ਹੈ ? (ਉੱਤਰ:) ਗੁਰੂ ਦੇ ਸ਼ਬਦ ਦੁਆਰਾ ਕੋਈ (ਵਿਰਲਾ) ਪੁਰਖ (ਹਰੀ ਨੂੰ) ਮਿਲਦਾ ਹੈ (ਇਹ ਮਿਲ ਪੈਣਾ ਹੀ ਕੀਮਤ ਪਾ ਲੈਣਾ ਹੈ)॥੧॥ ਰਹਾਉ॥

ਗੁਰਮੁਖਿ ਕੀਮਤਿ ਜਾਣੈ ਕੋਇ ॥
ਵਿਰਲੇ ਕਰਮਿ ਪਰਾਪਤਿ ਹੋਇ ॥

ਊਚੀ ਬਾਣੀ ਊਚਾ ਹੋਇ ॥
ਗੁਰਮੁਖਿ ਸਬਦਿ ਵਖਾਣੈ ਕੋਇ ॥੨॥

(ਸੋ ਜੋ ਮਿਲ ਪੈਂਦਾ ਹੈ ਐਸਾ) ਕੋਈ ਗੁਰਮੁਖ (ਉਸ ਦੀ) ਕੀਮਤ ਨੂੰ ਜਾਣ ਲੈਂਦਾ ਹੈ, (ਅਤੇ ਇਹ ਮਿਲ ਪੈਣ ਦਾ ਸੁਭਾਗ ਬੀ) ਵਿਰਲੇ ਨੂੰ ਮਿਹਰ ਦੁਆਰਾ ਪ੍ਰਾਪਤ ਹੁੰਦਾ ਹੈ। (ਪ੍ਰਸ਼ਨ- ਉਹ 'ਸੁਭਾਗ' ਕਿਵੇਂ ਪ੍ਰਾਪਤ ਹੁੰਦਾ ਹੈ ? ਉੱਤਰ:) ਉੱਚੀ ਬਾਣੀ (ਜੋ ਗੁਰੂ ਦੇਂਦਾ ਹੈ ਉਸ ਦੀ ਕਮਾਈ ਨਾਲ ਸਿਖ) ਉੱਚਾ ਹੋ ਜਾਂਦਾ ਹੈ, (ਪਰ ਗੁਰੂ ਤੋਂ ਪ੍ਰਾਪਤ ਕਰਕੇ) ਕੋਈ ਹੀ ਸ਼ਬਦ ਦਾ ਉਚਾਰਣ (ਭਾਵ ਸਿਮਰਨ) ਕਰਦਾ ਤੇ (ਉਚਾ ਸਿਖ ਭਾਵ) ਗੁਰਮੁਖ (ਬਣਦਾ) ਹੈ॥੨॥

ਵਿਣੁ ਨਾਵੈ ਦੁਖੁ ਦਰਦੁ ਸਰੀਰਿ ॥
ਸਤਿਗੁਰੁ ਭੇਟੇ ਤਾ ਉਤਰੈ ਪੀਰ ॥
ਬਿਨੁ ਗੁਰ ਭੇਟੇ ਦੁਖੁ ਕਮਾਇ ॥
ਮਨਮੁਖਿ ਬਹੁਤੀ ਮਿਲੈ ਸਜਾਇ ॥੩॥

(ਪਰ ਜੋ ਅਪਣੇ ਮਨ ਦੇ ਮਗਰ ਲੱਗ ਕੇ) ਮਨਮੁਖ (ਰਹਿੰਦਾ ਹੈ, ਉਸ ਨੂੰ) ਬਹੁਤੀ ਸਜ਼ਾ ਮਿਲਦੀ ਹੈ, ਨਾਮ ਵਿਹੂਣਾ ਰਹਿਣ ਕਰਕੇ (ਉਸ ਦੇ) ਸ਼ਰੀਰ ਨੂੰ ਦੁਖ ਤੇ ਦਰਦ ਵਜਾਪਦੇ ਹਨ। ਗੁਰੂ ਵਿਹੂਣਾ (ਉਹ) ਦੁਖ (ਦੇਣ ਵਾਲੇ ਕਰਮ) ਕਮਾਉਂਦਾ ਹੈ (ਕਿਉਂਕਿ ਉਸ ਨੂੰ 'ਸੁਖ ਦਾਤੇ ਕਰਮਾਂ' ਦੀ ਹਿਦਾਇਤ ਪ੍ਰਾਪਤ ਨਹੀਂ ਹੁੰਦੀ। ਐਸਾ ਦੁਖੀ ਮਨਮੁਖ ਬੀ ਜੇ) ਸਤਿਗੁਰੂ ਨੂੰ ਮਿਲ ਪਵੇ ਤਾਂ (ਉਸ ਦੀ ਸਾਰੀ) ਪੀੜਾ ਉਤਰ ਜਾਵੇ॥੩॥

ਹਰਿ ਕਾ ਨਾਮੁ ਮੀਠਾ ਅਤਿ ਰਸੁ ਹੋਇ॥
ਪੀਵਤ ਰਹੈ ਪੀਆਏ ਸੋਇ ॥
ਗੁਰ ਕਿਰਪਾ ਤੇ ਹਰਿ ਰਸੁ ਪਾਏ ॥
ਨਾਨਕ ਨਾਮਿ ਰਤੇ ਗਤਿ ਪਾਏ ॥੪॥੩॥੪੨॥

ਹਰੀ ਦਾ ਨਾਮ ਮਿੱਠਾ ਹੈ, ਅਤਿਦਾ ਸ੍ਵਾਦੀਕ ਹੁੰਦਾ ਹੈ, (ਜੋ ਇਸ ਨੂੰ) ਪੀਂਦਾ ਰਹਿੰਦਾ ਹੈ ਉਹ (ਫੇਰ ਹੋਰਨਾਂ ਨੂੰ) ਪਿਲਾਉਂਦਾ ਹੈ। (ਸਿੱਟੇ ਦੀ ਗਲ ਇਹ ਹੈ ਕਿ (ਗੁਰੂ ਦੀ ਕਿਰਪਾ ਨਾਲ (ਨਾਮ, ਨਾਮ ਰਸ ਤੇ) ਹਰੀ ਰਸ ਮਿਲਦਾ ਹੈ, (ਤੇ ਹਰੀ ਰਸ) ਨਾਮ ਰੱਤਿਆਂ ਮਿਲਦਾ ਹੈ (ਤੇ ਹਰੀ ਰੱਤਿਆਂ ਪੂਰਨ) ਗਤੀ ਪ੍ਰਾਪਤ ਹੁੰਦੀ ਹੈ, ਹੈ ਨਾਨਕ॥੪॥੩॥੪੨॥

ਵਯਾਖਯਾ—ਰਹਾਉ ਵਿਚ ਆਪ ਹੀ ਇਕ ਪ੍ਰਸ਼ਨ ਕੀਤਾ ਹੈ ਕਿ ਹਰੀ ਅਪਰੰਪਰ-ਪਰੇ ਤੋ ਪਰੇ Transcendental ਹੈ। ਉਸ ਦੀ ਕਿਸੇ ਤੋਂ ਕੀਮਤ ਪਾਈ ਨਹੀਂ ਜਾ ਸਕਦੀ, ਅਰਥਾਤ ਉਹ ਕਿਸੇ ਦੇ ਗਯਾਨ ਦਾ ਵਿਸ਼ਯ ਹੋ ਨਹੀਂ ਸਕਦਾ, ਕਿਉਂਕਿ ਕੀਮਤ ਪਾਉਣ ਵਾਲੇ ਮਿਤਿ ਵਿਚ ਹਨ, ਕੀਤੇ ਹੋਏ ਹਨ ਓਹ ਅਮਿਤ ਹੈ ਤੇ ਕਰਤਾਰ ਹੈ। ਉਸ ਦਾ ਉੱਤਰ ਰਹਾਉ ਵਿਚ ਹੀ ਹੈ ਕਿ ਉਹ ਮਿਤਿ ਵਾਲੇ ਦੇ ਗਯਾਨ ਦਾ ਵਿਸ਼ਯ ਤਾਂ ਨਹੀਂ ਹੋ ਸਕਦਾ ਪਰ ਉਸ ਨੂੰ ਮਿਲ ਸਕੀਦਾ ਹੈ ਤੇ ਮਿਲ ਸਕੀਦਾ ਹੈ ਗੁਰੂ ਦੇ ਸ਼ਬਦ ਦੀ ਕਮਾਈ ਨਾਲ। ਮਿਲ ਪਿਆਂ ਅਸਲੀ ਕੀਮਤ ਪੈ ਜਾਂਦੀ ਹੈ। ਜਿਵੇਂ ਸਾਗਰ ਨੂੰ ਮਿਲ ਪਿਆਂ ਸਾਗਰ ਦੀ ਠੰਢ, ਖ਼ੂਬਸੂਰਤੀ, ਵਿਸ਼ਾਲਤਾ, ਤਾਰਨ ਸ਼ਕਤੀ ਆਦਿ ਦਾ ਦਰਸ਼ਨ ਹੋ ਜਾਂਦਾ

ਹੈ। ਚਾਹੋ ਉਸ ਦੀ ਡੂੰਘਾਈ ਲੰਮਾਈ ਚੁੜਾਈ, ਉਸ ਵਿਚ ਦੇ ਜੀਅ ਜੰਤ ਦਾ ਹਿਸਾਬ ਨਹੀ ਲੱਗ ਸਕਦਾ। ਇਸ ਕਰਕੇ ਉੱਤਰ ਵਿਚ ਪਦ "ਮਿਲੈ" ਵਰਤਿਆ ਹੈ।

ਅੰਕ ੧ ਇਕ ਦੱਸਿਆ ਹੈ ਕਿ ਇਹ ਮਿਲਾਪ ਸਤਿਗੁਰੂ ਕਰਾਉਂਦਾ ਹੈ ਤੇ ਇਹ ਮਿਲਾਪ ਐਉਂ ਹੈ ਕਿ ਹਰੀ ਨੇ ਅਪਣੀ ਕੀਮਤ ਆਪ ਪਾ ਲਈ ਹੈ, ਕਿਉਂਕਿ ਜੋ ਪ੍ਰੇਮੀ ਗੁਰੂ ਕੇ ਸ਼ਬਦ ਦੀ ਕਮਾਈ ਕਰਦਾ ਉਸ ਦੀ ਮਿਹਰ ਨਾਲ ਮਿਲ ਪੈਂਦਾ ਹੈ, ਉਹ ਸਰਬ ਅਨਾਤਮ ਤੋਂ ਯਾ ਮਾਯਾ ਤੋਂ ਸਾਫ ਹੋ ਕੇ ਨਿਰੋਲ ਸਤਜ ਸਰੂਪ ਹੋ ਜਾਂਦਾ ਹੈ, ਤਦ ਮਿਲਦਾ ਹੈ। ਜਦ ਸਤਯ ਸਰੂਪ ਹੋਇਆ ਅੰਤ ਵਾਲਾ ਆਤਮ ਅਨੰਤ ਪਰਮਾਤਮਾਂ ਨੂੰ ਮਿਲ ਪਿਆ ਤਾਂ ਉਸ ਵਿਚ ਤਦਰੂਪ ਹੋ ਗਿਆ। ਤਦ ਰੂਪ ਹੋਇਆਂ ਉਹ ਉਸ ਅਨੰਤ ਵਿਚ ਅਨੰਤ ਵਾਂਙੂ ਅਨੰਤਤਾ ਦਾ ਭਾਗੀ ਹੋ ਕੇ ਅਨੰਤ ਗਜਾਨ ਵਿਚ ਗਜਾਨ ਰੂਪ ਹੋ ਗਿਆ।

ਬਾਕੀ ਸ਼ਬਦ ਵਿਚ ਗੁਰੂ, ਗੁਰੂ ਦੇ ਦਿੱਤੇ ਸ਼ਬਦ ਦੀ ਕਮਾਈ ਅਰਥਾਤ ਨਾਮ ਅਭਜਾਸ, ਨਾਮ ਰਸ ਦਾ ਜ਼ਿਕਰ ਹੈ, ਜਿਸ ਨੇ ਪ੍ਰੇਮੀ ਪੁਰਖ ਨੂੰ ਸਾਂਈਂ ਦੇ ਮਿਲਾਪ ਵਿਚ ਲੈ ਜਾਣਾ ਹੈ।

ਨਿਰੁਕ੍ਤ—**ਅਪਰੰਪਰੁ**—[ਸੰਸ:, ਅਪਰ = ਦੂਸਰਾ + ਹਿੰ:, ਪਾਰ = ਪਰਲਾ ਕਿਨਾਰਾ ਹੱਦ, ਹਿੰ:, ਅਪਰੰਪਾਰ = ਜਿਸ ਦਿਾ ਪਾਰਾਵਾਰ ਨਾ ਹੋਵੇ] ਪਰੇ ਤੋਂ ਪਰੇ। ਜੋ ਪਰੇ ਹਨ ਉਨ੍ਹਾਂ ਤੋਂ ਬੀ ਪਰੇ ਹੈ, (Transcendental) **ਅਗਮ**—[ਸੰਸ:,] ਜਿਸ ਤੱਕ ਗੀਮਤਾ ਨਾ ਹੋਵੇ। ਮਨ ਬੁੱਧੀ ਦੀ ਗੀਮਤਾ ਨਹੀਂ ਹੈ ਜਿਸ ਤਕ। ਮਨ ਬੁੱਧੀ ਤੋਂ ਅਵਿਸ਼ਯ।

ਅਗੋਚਰੁ—ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।

ਕਰਮਿ—[ਫਾ: ਕਰਮ] ਬਖ਼ਸ਼ਿਸ਼ ਦੁਆਰਾ।

ਗਤਿ—(ਦੇਖੋ ਪੰਨਾ ੧੯੭੧) ਮੁਕਤੀ।

[ਆਸਾ ਮਹਲਾ ੩, ਚਉਪਦਾ—੪੩]

ਪ੍ਰਾਕ੍ਕਥਨ—ਵਾਹਿਗੁਰੂ ਦੀ ਸੇਵਾ ਦਾ ਫਲ ਤੇ ਪ੍ਰਕਾਰ ਦੱਸਿਆ ਹੈ।

ਮੂਲ	ਅਰਥ
ਆਸਾ ਮਹਲਾ ੩ ॥ **ਮੇਰਾ ਪ੍ਰਭੁ ਸਾਚਾ ਗਹਿਰ ਗੰਭੀਰ ॥** **ਸੇਵਤ ਹੀ ਸੁਖੁ ਸਾਂਤਿ ਸਰੀਰ ॥** **ਸਬਦਿ ਤਰੇ ਜਨ ਸਹਜਿ ਸੁਭਾਇ ॥** **ਤਿਨ ਕੈ ਹਮ ਸਦ ਲਾਗਹ ਪਾਇ ॥੧॥**	ਮੇਰਾ ਪ੍ਰਭੂ ਸਤਜ ਸਰੂਪ ਹੈ, ਡੂੰਘਾ ਤੇ ਅਡੋਲ ਹੈ। ਉਸ ਨੂੰ ਸੇਂਵਦਿਆਂ ਸਰੀਰ ਨੂੰ ਸੁਖ ਤੇ ਸ਼ਾਂਤੀ (ਪ੍ਰਾਪਤ ਹੁੰਦੀ ਹੈ। ਉਸ ਦੀ ਸੇਵਾ ਦਾ ਸਰੂਪ ਉਸ ਦੇ ਨਾਮ ਦਾ ਅਭਜਾਸ ਹੈ, ਇਸ) ਨਾਮ ਦੁਆਰਾ (ਅਨੇਕਾਂ) ਜਨ ਸਹਿਜ ਸੁਭਾਵ ਤਰ ਗਏ ਹਨ(ਭਾਵ ਹਠ ਆਦਿ ਸਾਧਨਾ ਤੋਂ ਬਿਨਾਂ ਕੇਵਲ ਸਿਮਰਣ ਨਾਲ ਤਰ ਗਏ ਹਨ); ਉਹਨਾਂ (ਐਸੇ ਤਰੇ ਹੋਏ ਪੁਰਖਾਂ) ਦੇ ਅਸੀਂ ਸਦਾ ਪੈਰੀਂ ਲਗਦੇ ਹਾਂ॥੧॥
ਮਨਿ ਰਾਤੇ ਹਰਿ ਰੰਗੁ ਲਾਇ ॥ **ਤਿਨ ਕਾ ਜਨਮ ਮਰਣ ਦੁਖੁ ਲਾਥਾ ਤੇ ਹਰਿ ਦਰਗਹ ਮਿਲੇ ਸੁਭਾਇ ॥੧॥ ਰਹਾਉ ॥**	(ਹਾਂ) ਜੋ (ਸ਼ਬਦ ਦੁਆਰਾ) ਮਨ ਵਿਚ ਰੱਤੇ ਹੋਏ ਹੁੰਦੇ ਹਨ (ਓਹ) ਹਰੀ ਪ੍ਰੇਮ ਵਾਲੇ ਹੋ ਜਾਂਦੇ ਹਨ; ਉਹਨਾਂ ਦਾ ਜਨਮ ਮਰਨ ਦਾ ਦੁਖ ਮਿਟ ਗਿਆ ਹੁੰਦਾ ਹੈ, ਉਹ (ਜੀਉਂਦੇ ਜੀ ਹੀ) ਹਰੀ ਦੀ ਦਰਗਾਹ ਵਿਚ ਸੁਭਾਵਕ ਹੀ ਮਿਲੇ ਰਹਿੰਦੇ ਹਨ॥੧॥ ਰਹਾਉ॥
ਸਬਦੁ ਚਾਖੈ ਸਾਚਾ ਸਾਦੁ ਪਾਏ ॥	(ਕਿਸੇ ਇਕ ਦੋ ਲਈ ਹੀ ਨਹੀਂ ਜੋ ਬੀ ਗੁਰੂ ਕੇ) ਸ਼ਬਦ ਉਪਦੇਸ਼) ਨੂੰ ਚੱਖੇਗਾ (ਭਾਵ ਕਮਾਈ ਕਰੇਗਾ) ਉਹ ਸੱਚਾ

ਹਰਿ ਕਾ ਨਾਮੁ ਮੰਨਿ ਵਸਾਏ ॥

ਸੁਆਦ (ਆਤਮ ਰਸ) ਪਾ ਲਏਗਾ। (ਕਿਉਂਕਿ ਉਹ ਗੁਰੂ ਦੇ ਉਪਦੇਸ਼ ਦੁਆਰਾ) ਹਰੀ ਦਾ ਨਾਮ (ਅਪਣੇ) ਮਨ ਵਿਚ ਵਸਾ ਲਏਗਾ।

ਹਰ ਪ੍ਰਭੁ ਸਦਾ ਰਹਿਆ ਭਰਪੂਰਿ ॥
ਆਪੇ ਨੇੜੈ ਆਪੇ ਦੂਰਿ ॥੨॥

(ਉਸ ਨੂੰ ਸਮਝ ਆ ਜਾਏਗੀ ਕਿ) ਹਰੀ ਪ੍ਰਭੂ ਤਾਂ ਸਦਾ (ਤੇ ਹਰ ਥਾਂ) ਭਰਪੂਰ ਹੋ ਰਿਹਾ ਹੈ (ਪਰ ਗੁਰਮੁਖ ਨੂੰ) ਆਪੇ ਹੀ ਨੇੜੇ (ਦਿੱਸਦਾ ਹੈ ਤੇ ਮਨਮੁਖਾਂ ਨੂੰ) ਆਪੇ ਹੀ ਦੂਰ (ਦਿੱਸਦਾ) ਹੈ॥੨॥

ਆਖਣਿ ਆਖੈ ਬਕੈ ਸਭੁ ਕੋਇ ॥
ਆਪੇ ਬਖਸਿ ਮਿਲਾਏ ਸੋਇ ॥
ਕਹਣੈ ਕਥਨਿ ਨ ਪਾਇਆ ਜਾਇ ॥
ਗੁਰ ਪਰਸਾਦਿ ਵਸੈ ਮਨਿ ਆਇ ॥੩॥

ਕਥਨੀ ਕਹਿਣ ਦੁਆਰਾ ਤਾਂ ਸਭ ਕੋਈ ਆਖਦਾ ਹੈ (ਕਿ ਮੈਂ ਮਿਲ ਪਿਆ ਹਾਂ ਪਰ ਮਿਲਿਆ ਉਹ ਹੈ ਜਿਸ ਨੂੰ) ਓਹ ਆਪੇ (ਅਪਣੀ) ਬਖ਼ਸ਼ਿਸ਼ ਦੁਆਰਾ ਮੇਲ ਲੈਂਦਾ ਹੈ। ਨਿਰੇ ਕਹਿਣੇ ਤੇ ਕਥਨ ਕਰਨੇ ਨਾਲ (ਉਹ ਪ੍ਰਭੁ) ਨਹੀਂ ਪਾਇਆ ਜਾ ਸਕਦਾ। (ਉਹ) ਗੁਰੂ ਦੀ ਕ੍ਰਿਪਾ ਦੁਆਰਾ ਮਨ ਵਿਚ ਆ ਵਸਦਾ ਹੈ॥੩॥

ਗੁਰਮੁਖਿ ਵਿਚਹੁ ਆਪ ਗਵਾਇ ॥
ਹਰਿ ਰੰਗਿ ਰਾਤੇ ਮੋਹੁ ਚੁਕਾਇ ॥
ਅਤਿ ਨਿਰਮਲੁ ਗੁਰ ਸਬਦ ਵੀਚਾਰ ॥
ਨਾਨਕ ਨਾਮਿ ਸਵਾਰਣਹਾਰ ॥੪॥੪॥੪੩॥

(ਜਿਨ੍ਹਾਂ ਦੇ ਮਨ ਵਿਚ ਆਪ ਆ ਵਸਦਾ ਹੈ ਓਹ) ਗੁਰਮੁਖ (ਕਹੀਦੇ ਹਨ, ਓਹ ਮਨ) ਵਿਚੋਂ ਆਪਾ ਭਾਵ ਦੂਰ ਕਰ ਲੈਂਦੇ ਹਨ, ਓਹ (ਮਾਇਕ) ਮੋਹ (ਮਨੋਂ) ਮੁਕਾ ਦੇਂਦੇ ਹਨ ਤੇ ਹਰੀ ਦੇ ਪ੍ਰੇਮ ਵਿਚ ਰੱਤੇ ਰਹਿੰਦੇ ਹਨ, (ਓਹ) ਡਾਢੇ ਪਵਿਤ੍ਰ ਹੋ ਜਾਂਦੇ ਹਨ (ਕਿਉਂਕਿ) ਗੁਰੂ ਸ਼ਬਦ ਦੀ ਵੀਚਾਰ (=ਗਜਾਨ ਉਹਨਾਂ ਨੂੰ ਪ੍ਰਾਪਤ ਹੁੰਦਾ ਹੈ) ਹੇ ਨਾਨਕ ! (ਉਹਨਾਂ ਦਾ ਸਭੋ ਕੁਛ (ਸੁਆਰਨ ਵਾਲਾ ਨਾਮੀ (ਆਪ ਹੋ ਜਾਂਦਾ ਹੈ, ਜਿਸ ਦਾ ਕਿ ਨਾਮ ਸਿਮਰਦੇ ਹਨ)* ॥੪॥੪॥੪੩॥

ਵਜਾਖਜਾ— ਅੰਕ ੧ ਵਿਚ ਵਾਹਿਗੁਰੂ ਜੀ ਨੂੰ ਗਹਿਰ ਗੰਭੀਰ ਕਹਿ ਕੇ ਵਿਚ ਸਾਗਰ ਦਾ ਦ੍ਰਿਸ਼ਟਾਂਤ ਵਰਤਿਆ ਹੈ; ਸਾਗਰ ਵਤ ਉਹ ਡੂੰਘਾ ਹੈ, ਇਤਨਾ ਡੂੰਘਾ ਕਿ ਅਡੋਲ ਰਹਿੰਦਾ ਹੈ। ਗੰਭੀਰ ਦਾ ਇਹ ਭਾਵ ਹੈ—ਇੰਨਾ ਡੂੰਘਾ ਕਿ ਜੋ ਡੋਲੇ ਨਾ। ਸਾਗਰ ਜਲ ਰੂਪ ਹੁੰਦਾ ਹੈ ਉਹ ਸਤਜ ਸਰੂਪ ਹੈ। ਫੇਰ ਦੱਸਿਆ ਕਿ ਉਸ ਦੀ ਸੇਵਾ ਨਾਲ ਸ਼ਾਂਤੀ ਤੇ ਸੁਖ ਮਿਲਦਾ ਹੈ। ਸਾਗਰ ਪਾਸ ਗਿਆਂ ਬੀ ਸ਼ਾਂਤੀ ਤੇ ਤਪਸ਼ ਤੋਂ ਸੁਖ ਮਿਲਿਦਾ ਹੈ। 'ਸ਼ਰੀਰ' ਪਦ ਬਹੁ ਬਚਨ ਵਿਚ ਪਿਆ ਹੈ, ਭਾਵ ਹੈ ਸਥੂਲ ਸਰੀਰ ਲਿੰਗ ਸ਼ਰੀਰ ਤੇ ਕਾਰਣ ਸ਼ਰੀਰ ਤ੍ਰੈਹਾਂ ਨੂੰ ਸੁਖ ਸ਼ਾਂਤੀ ਮਿਲਦੀ ਹੈ, ਜਿਸ ਦੀ ਮੁਰਾਦ ਇਹ ਹੈ ਤਨ ਤੇ ਮਨਸਾਰੇ ਸੁਖੀ ਹੋ ਜਾਂਦੇ ਹਨ। ਤੀਸਰੀ ਸਤਰ ਵਿਚ ਸੇਵਾ ਦਾ ਸਰੂਪ ਦੱਸਿਆ, ਸ਼ਬਦ ਦੀ ਕਮਾਈ, ਗੁਰੂ ਦੇ ਦੱਸੇ ਨਾਮ ਦਾ ਅਭਜਾਸ। ਪਹਿਲਾਂ ਵਾਹਿਗੁਰੂ ਜੀ ਨੂੰ ਸੱਚ ਦਾ ਸਾਗਰ ਦੱਸਿਆ, ਤੀਜੀ ਸਤਰ ਵਿਚ 'ਤਰੇ' ਪਦ ਕਹਿ ਕੇ ਭਵ ਸਾਗਰ ਜਣਾਇਆ ਕਿ ਸੇਵਾ ਕਰਕੇ ਭਵ ਸਾਗਰ ਨੂੰ ਤਰਨਾ ਹੈ ਤੇ ਸੱਚ ਸਾਗਰ ਵਿਚ ਅੱਪੜਨਾ ਹੈ, ਜਿਸ ਨਾਲ ਸੁਖੀ ਤੇ ਸ਼ਾਂਤ ਹੋ ਜਾਂਦਾ ਹੈ।

ਚੌਥੀ ਸਤਰ ਤੇ ਰਹਾਉ ਵਿਚ ਸੇਵਾ ਵਿਚ ਲੱਗਿਆਂ ਦਾ ਹਾਲ ਤੇ ਪ੍ਰਾਪਤ ਸੁਖ ਨੂੰ ਦੱਸਿਆ ਹੈ, ਇਹ ਹੀ ਵਿਸ਼ਾ ਅੰਕ ੨ ਵਿਚ ਹੈ।

ਅੰਕ ੩ ਵਿਚ ਕਥਨੀ ਮਾਤ੍ਰ ਨਾਲ ਪ੍ਰਾਪਤੀ ਨਾ ਹੋ ਸਕਣੀ ਦੱਸੀ ਹੈ।

ਅੰਕ ੪ ਵਿਚ ਪ੍ਰਾਪਤ ਪੁਰਖ ਨੂੰ ਗੁਰਮੁਖ ਕਹਿ ਕੇ ਗੁਰਮੁਖਿ ਦੀ ਨਿਰਮੋਹਤਾ ਤੇ ਆਪਾ ਭਾਵ ਦੀ ਸਮਾਪਤੀ ਤੇ ਪਰਮ ਪਵਿਤ੍ਰਤਾ ਦਿਖਾਈ ਹੈ। ਤੇ ਅੰਤਲੀ ਤੁਕ ਵਿਚ ਦੱਸਿਆ ਹੈ ਕਿ ਉਹਨਾਂ ਦੀ

*ਅਥਵਾ, ਨਾਮ ਦੁਆਰਾ ਓਹ ਦੂਜਿਆਂ ਨੂੰ ਸੁਆਰਨ ਵਾਲੇ (ਰਾਹੇ ਪਾਉਣ ਵਾਲੇ) ਹੋ ਜਾਂਦੇ ਹਨ।

ਇਸ ਨਿਰ-ਵਿਕਲਪ ਅਵਸਥਾ ਵਿਚ ਉਹਨਾਂ ਦਾ ਸਭੋ ਕੁਛ ਸਵਾਰਨ ਵਾਲਾ ਹਰੀ ਆਪ ਹੋ ਜਾਂਦਾ ਹੈ।

ਨਿਰੁਕ੍ਤ—ਸਹਜਿ ਸੁਭਾਇ—ਸਹਜੇ ਤੇ ਸੁਭਾਵਕ। ਭਾਵ ਹਠ ਤਪ ਆਦਿ ਕੀਤੇ ਬਿਨਾ। ਬਕੈ—ਆਖਦਾ ਹੈ। ਨਾਮਿ—ਨਾਮੀ। (ਅ) ਨਾਮ ਦੁਆਰਾ ਅਰਥ ਕਰੋ ਤਾਂ ਫੇਰ ਤੁਕ ਦਾ ਅਰਥ ਬਣਦਾ ਹੈ:—ਨਾਮ ਦੁਆਰਾ ਓਹ ਜਗਤ ਨੂੰ ਸੁਆਰਨਹਾਰ ਹੋ ਜਾਂਦਾ ਹੈ।

[ਆਸਾ ਮਹਲਾ ੩, ਚਉਪਦਾ—੪੪]

ਮੂਲ	ਅਰਥ
ਆਸਾ ਮਹਲਾ ੩ ॥	
ਦੂਜੈ ਭਾਇ ਲਗੇ ਦੁਖੁ ਪਾਇਆ ॥ ਬਿਨੁ ਸਬਦੈ ਬਿਰਥਾ ਜਨਮੁ ਗਵਾਇਆ॥ ਸਤਿਗੁਰੁ ਸੇਵੈ ਸੋਝੀ ਹੋਇ ॥ ਦੂਜੈ ਭਾਇ ਨ ਲਾਗੈ ਕੋਇ ॥੧॥	(ਜੋ) ਦੂਜੇ ਭਾਇ ਵਿਚ ਲਗੇ ਹਨ (ਓਹ) ਦੁਖ ਪਾਉਂਦੇ ਹਨ। ਸ਼ਬਦ ਵਿਹੂਣੇ ਹੋਣ ਕਰਕੇ (ਓਹ ਮਾਨੁੱਖਾ) ਜਨਮ ਬਿਰਥਾ ਗੁਆ ਲੈਂਦੇ ਹਨ। (ਪ੍ਰਸ਼ਨ—ਦੂਜਾ ਭਾਇ ਕੀਕੂੰ ਨਿਵਰੇ ? ਉੱਤਰ:) ਸਤਿਗੁਰੂ ਨੂੰ ਸੇਵੇ (ਤਾਂ ਉਸ ਦੇ ਦੱਸੇ ਤਰੀਕੇ ਨਾਲ ਉਹ) ਸੋਝੀ ਹੋ ਆਉਂਦੀ ਹੈ (ਕਿ ਫੇਰ) ਕੋਈ ਦੂਜੇ ਭਾ ਵਿਚ ਨਹੀਂ ਲਗ ਸਕਦਾ॥ ੧॥
ਮੂਲਿ ਲਾਗੇ ਸੇ ਜਨ ਪਰਵਾਣੁ ॥ ਅਨਦਿਨੁ ਰਾਮ ਨਾਮੁ ਜਪਿ ਹਿਰਦੈ ਗੁਰ ਸਬਦੀ ਹਰਿ ਏਕੋ ਜਾਣੁ ॥੧॥ਰਹਾਉ॥	(ਹਾਂ) ਓਹੀ ਪੁਰਖ (ਦਰਗਾਹੇ) ਪਰਵਾਣ ਹੁੰਦੇ ਹਨ (ਜੋ) ਮੂਲ (ਅਸਲੀਅਤ = ਵਾਹਿਗੁਰੂ ਜੀ) ਨੂੰ (ਪਜਾਰ ਨਾਲ) ਲਗੇ ਹੋਏ ਹਨ; (ਇਸ ਲਈ ਹੇ ਜੀਵ ! ਤੂੰ) ਹਰ ਦਿਨ ਰਾਮ ਨਾਮ ਦਾ ਜਪ ਕਰ ਹਿਰਦੇ ਵਿਚ (ਇਉਂ) ਗੁਰੂ ਦੇ ਸ਼ਬਦ ਦੁਆਰਾ ਨਾਮ ਇਕੋ ਹਰੀ ਨੂੰ ਪਛਾਣ ਲੈ॥ ੧ ॥ ਰਹਾਉ॥
ਡਾਲੀ ਲਾਗੈ ਨਿਹਫਲੁ ਜਾਇ ॥	(ਮੂਲ = ਜੜਾਂ ਨੂੰ ਸਿੰਜਣਾਂ ਛੱਡ ਕੇ ਜੋ) ਸ਼ਾਖਾਂ ਨੂੰ (ਸਿੰਜਣ ਵਿਚ) ਲਗ ਪਏ ਹਨ (ਉਹਨਾਂ ਦਾ ਕੀਤਾ ਕਤਰਿਆ) ਨਿਸ਼ਫਲ ਚਲਾ ਜਾਂਦਾ ਹੈ,
ਅੰਧੀ ਕੰਮੀ ਅੰਧ ਸਜਾਇ ॥ ਮਨਮੁਖੁ ਅੰਧਾ ਠਉਰ ਨ ਪਾਇ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ ॥੨॥	ਅੰਧਕਾਰ (= ਅਗਜਾਨ) ਵਾਲੇ ਕਰਮਾਂ ਦੇ ਕਰਨੇ ਨਾਲ ਅੰਧਪਣੇ ਵਾਲੀ ਸਜ਼ਾ ਮਿਲਦੀ ਹੈ (ਭਾਵ ਉਹ ਅੰਧਕਾਰ = ਅਗਜਾਨ ਵਿਚ ਹੀ ਭਟਕਦਾ ਰਹਿੰਦਾ ਹੈ। ਉਸੇ ਨੂੰ) ਮਨਮੁਖ (ਕਹੀਦਾ ਹੈ, ਉਹ ਗਜਾਨ ਨੇਤ੍ਰਾਂ ਤੋਂ ਹੀਨ) ਅੰਨ੍ਹਾ ਹੈ (ਉਸ ਨੂੰ ਟਿਕਣੇ ਲਈ ਕੋਈ) ਟਿਕਾਣਾ ਨਹੀਂ ਮਿਲਦਾ। ਉਹ ਗੰਦ ਦੇ ਕੀੜੇ (ਵਾਂਙੂ) ਗੰਦ ਵਿਚ ਹੀ ਸੜਦਾ ਰਹਿੰਦਾ ਹੈ॥ ੨॥
ਗੁਰ ਕੀ ਸੇਵਾ ਸਦਾ ਸੁਖੁ ਪਾਏ ॥ ਸੰਤਸੰਗਤਿ ਮਿਲਿ ਹਰਿ ਗੁਣ ਗਾਏ ॥ ਨਾਮੇ ਨਾਮਿ ਕਰੇ ਵੀਚਾਰੁ ॥ ਆਪਿ ਤਰੈ ਕੁਲ ਉਧਰਣਹਾਰੁ ॥੩॥	(ਪਰ ਜੇ ਮਨ ਦੇ ਮਗਰ ਲੱਗਣ ਦੀ ਥਾਂ) ਗੁਰੂ ਕੀ ਸੇਵਾ (ਕਰੇ ਤਾਂ) ਸਦੈਵੀ ਸੁਖ ਪਾ ਲਵੇ (ਗੁਰੂ ਦੀ ਸੇਵਾ ਵਿਚੋਂ) ਸਤਿਸੰਗ (ਪ੍ਰਾਪਤ ਹੋਊ ਉਸ ਨੂੰ) ਮਿਲਕੇ ਹਰੀ ਦੇ ਗੁਣ ਗਾਵੇ (ਫੇਰ) ਨਾਮ ਸਿਮਰੇ ਤੇ ਨਾਮੀ ਦਾ ਵੀਚਾਰ ਕਰੇ (ਤਦ ਉਹ) ਆਪ ਬੀ ਤਰੇਗਾ ਤੇ ਕੁਲ ਦਾ ਬੀ ਉਧਾਰ ਕਰਨ ਵਾਲਾ ਬਣ ਜਾਵੇਗਾ॥ ੩॥
ਗੁਰ ਕੀ ਬਾਨੀ ਨਾਮਿ ਵਜਾਏ ॥ ਨਾਨਕ ਮਹਲੁ ਸਬਦਿ ਘਰੁ ਪਾਏ ॥	(ਹਾਂ ਜੋ) ਗੁਰੂ ਕੀ ਬਾਣੀ ਦੁਆਰਾ ਨਾਮ ਅਲਾਪਦਾ ਹੈ, ਹੇ ਨਾਨਕ ! ਉਹ ਸ਼ਬਦ ਦੁਆਰਾ (ਪਹਿਲੋਂ) ਘਰ (= ਨਿਜ ਸਰੂਪ) ਨੂੰ (ਫੇਰ ਨਿਜ ਸਰੂਪ ਵਿਚੋਂ ਮਹਲ =) ਪਰਆਤਮ ਸਰੂਪ ਨੂੰ ਪਾ ਲੈਂਦਾ ਹੈ। (ਐਉਂ ਸਮਝ ਲਓ ਕਿ ਜੋ ਕੋਈ) ਗੁਰਮਤਿ

ਗੁਰਮਤਿ ਸਤ ਸਰਿ ਹਰਿ ਜਲਿ ਨਾਇਆ ॥ ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ ॥੪॥੫॥੪੪॥	ਰੂਪੀ ਪਵਿਤ੍ਰ ਨਦੀ ਦੇ ਹਰੀ ਜਲ ਵਿਚ ਇਸ਼ਨਾਨ ਕਰਦਾ ਹੈ (ਉਹ) ਖੋਟੀ ਬੁਧੀ ਦੀ ਮੈਲ ਨੂੰ ਤੇ ਸਾਰੇ (ਕੀਤੇ) ਪਾਪਾਂ ਨੂੰ ਦੂਰ ਕਰ ਲੈਂਦਾ ਹੈ॥ ੪॥ ੫॥ ੪੪॥

ਵਯਾਖਯਾ— ਰਹਾਉ ਵਿਚ ਦੱਸਿਆ ਹੈ ਕਿ ਜੋ ਮੂਲ ਨੂੰ ਲੱਗੇ ਹਨ ਓਹ ਪਰਵਾਣ ਹਨ ਇਸ ਵਿਚ ਦ੍ਰਿਸ਼ਟਾਂਤ ਵਰਤਿਆ ਹੈ: ਕਿਸੇ ਪੇੜ ਦੀਆਂ ਜੜ੍ਹਾਂ ਨੂੰ ਸਿੰਚਣਾ ਯਾ ਡਾਲੀਆਂ ਨੂੰ ਸਿੰਚਣਾ ਜੜ੍ਹਾਂ ਨੂੰ ਪਾਣੀ ਦਿੱਤਿਆਂ ਫਲ ਪ੍ਰਾਪਤ ਹੁੰਦਾ ਹੈ, ਪਰ ਡਾਲੀਆਂ ਨੂੰ ਸਿੰਜਿਆਂ ਫਲ ਕਦੇ ਨਹੀਂ ਮਿਲਦਾ ਭਾਵ ਹੈ ਕਿ ਸਭ ਪੂਜੇ ਜਾ ਰਿਹਾਂ ਦਾ ਮੂਲ ਪ੍ਰਭੂ ਹੈ, ਉਸ ਦਾ ਪੂਜਨ ਕੀਤਿਆਂ ਉਹ ਸਰਬ ਵਯਾਪਕ ਸਭ ਦਾ ਮੂਲ ਰੂਪ ਸਰਬ ਸਮਰਥ 'ਮੁਕਤੀ' ਰੂਪ ਫਲ ਦੇਵੇਗਾ।

ਅੰਕ ੨ ਵਿਚ ਦੱਸਿਆ ਹੈ ਕਿ ਡਾਲੀਆਂ ਨੂੰ ਸਿੰਚਣ ਲਗਿਆਂ ਸ੍ਰਮ ਵਯਰਥ ਜਾਂਦਾ ਹੈ। ਇਹ ਜੋ ਡਾਲੀ ਪੂਜਨ ਵਿਚ ਲੱਗਣਾ ਹੈ, ਅਰਥਾਤ ਮੂਲ ਪ੍ਰਭੂ ਨੂੰ ਛੱਡ ਕੇ ਇਤਰ ਦੇਵਾਂ ਦੀ ਪੂਜਾ ਕਰਨਾ ਹੈ, ਇਸੇ ਨੂੰ ਅੰਕ ੧ ਵਿਚ ਦੂਜੇ ਭਾਇ ਲੱਗ ਦੱਸਿਆ ਹੈ, ਤੇ ਫਲ ਦੁੱਖ ਦੱਸਿਆ ਹੈ। ਦੂਜੇ ਭਾਇ ਦਾ ਅਰਥ ਭਾਵ ਏਥੇ ਮਾਇਆ ਆਦਿ ਦਾ ਪ੍ਰੇਮ ਲੈਣਾ ਪ੍ਰਸੰਗਕ ਨਹੀ ਹੈ। ਕਿਉਂਕਿ ਮੂਲ ਲਗਦੇ ਆਪ ਹੀ ਅਰਥ ਐਉਂ ਕੀਤੇ ਹਨ ਕਿ 'ਅਨਦਿਨੁ ਰਾਮ ਨਾਮੁ ਜਪਿ ਹਿਰਦੈ ਗੁਰ ਸਬਦੀ ਹਰਿ ਏਕੋ ਜਾਣੁ।। 'ਹਰੀ ਏਕੋ' ਤੇ ਰਾਮ ਨਾਮੁ ਜਪਿ' ਤੋਂ ਸਪਸ਼ਟ ਹੈ ਕਿ ਇਹ ਹੈ ਮੂਲ ਦੀ ਪੂਜਾ, ਤੇ ਇਸ ਦੇ ਟਾਕਰੇ ਤੇ 'ਡਾਲੀ ਦੀ ਪੂਜਾ' ਦਾ ਭਾਵ ਹੈ: ਇਤਰ ਦੇਵ।

ਬਾਕੀ ਅੰਕ ੨ ਵਿਚ ਡਾਲੀ ਲਾਗੇ ਦਾ ਫਲ ਦੱਸਿਆ ਹੈ ਕਿ ਇਕ ਅਟੁੱਟ ਚੱਕ੍ਰ ਬੱਝ ਜਾਂਦਾ ਹੈ, ਜੋ ਇਉਂ ਕਿ ਇਤਰ ਦੇਵਾਂ ਦੀ ਪੂਜਾ ਅਗਯਾਨ ਹੈ। ਅਗਯਾਨ ਵੱਸ ਕੀਤੇ ਕਰਮਾਂ ਦਾ ਫਲ ਅਗਯਾਨ ਦਾ ਵਾਧਾ ਹੈ। ਅਗਯਾਨ ਦੁਖਾਂ ਦਾ ਜਨਕ ਹੈ, ਅੰਨ੍ਹੇ ਦੇ ਜੀਕੂੰ ਨੇਤ੍ਰ ਨਾ ਹੋਣ ਕਰਕੇ ਟਿਕਾਣਾ ਨਹੀਂ ਲੱਭਦਾ, ਅਗਯਾਨੀ ਨੂੰ ਨਿਸਚਿਤ ਤੇ ਨਿਸਚਿੰਤ ਹੋਕੇ ਟਿਕਣ ਦਾ ਟਿਕਾਣਾ ਨਹੀਂ ਮਿਲਦਾ, ਉਹ ਅਗਯਾਨ ਤੋਂ ਪ੍ਰਾਪਤ ਹੋਏ ਗੰਦ ਵਿਚ ਕਰਮ ਕਰਦਾ ਉਸੇ ਵਿਚ ਭਟਕਦਾ ਦੁਖੀ ਰਹਿੰਦਾ ਹੈ।

ਅੰਕ ੩ ਵਿਚ ਪਿੱਛੇ ਕਹੇ ਦੇ ਟਾਕਰੇ ਤੇ ਮੂਲ ਸੇਵਨ ਵਾਲੇ ਦਾ ਫੇਰ ਜ਼ਿਕਰ ਹੈ। ਮੂਲ ਦਾ ਸੇਵਨ ਵਾਲਾ ਮਨਮਤਿ ਤਯਾਗ ਕੇ ਗੁਰਮਤਿ ਵਿਚ ਲਗਦਾ ਹੈ। ਗੁਰੂ ਗਯਾਨਵਾਨ ਹੁੰਦਾ ਹੈ, ਉਸ ਦਾ ਦੱਸਿਆ ਰਾਹ ਗਯਾਨ ਤੇ ਪਹੁੰਚਾਉਂਦਾ ਹੈ। ਜਿਸ ਦਾ ਪ੍ਰਕਾਰ ਦੱਸਦੇ ਹਨ ਕਿ ਗੁਰਮਤੀਆ ਗੁਰਮੁਖ ਸਤਿਸੰਗ ਨੂੰ ਮਿਲਦਾ ਹੈ, ਹਰੀ ਦੇ ਗੁਣ ਗਾਉਂਦਾ ਹੈ, ਨਾਮ ਸਿਮਰਦਾ ਹੈ ਤੇ ਨਾਮ ਦੁਆਰਾ ਨਾਮ ਦੀ ਵੀਚਾਰ ਕਰਦਾ ਹੈ ਵਾਹਿਗੁਰੂ ਦਾ ਗਯਾਨ ਪ੍ਰਾਪਤ ਕਰਦਾ ਹੈ। ਉਹ ਆਪ ਤਰਦਾ ਹੈ ਤੇ ਹੋਰਨਾਂ ਦਾ ਤਾਰਨਹਾਰ ਬਣਦਾ ਹੈ।

ਅੰਕ ੪ ਵਿਚ ਦੱਸਿਆ ਹੈ ਕਿ ਗੁਰੂ ਕੀ ਬਾਣੀ ਦੁਆਰਾ ਉਹ ਨਾਮ ਸਿਮਰਦਾ ਹੈ। ਵਜਾਏ ਦਾ ਮਤਲਬ ਹੈ ਵਜਾ ਕੇ ਪ੍ਰਗਟ ਕਰਨਾ, ਅਲਾਪਣਾ, ਉਚਾਰਨਾ, ਸਿਮਰਨਾ। ਸੋ ਐਸਾ ਪੁਰਖ ਨਾਮ ਸਿਮਰ ਕੇ ਪਹਿਲਾਂ 'ਘਰ' ਲੱਭ ਲੈਂਦਾ ਹੈ, ਭਾਵ ਅੰਤਹਕਰਨ ਵਿਚ ਨਿਜ ਸਰੂਪ ਨੂੰ ਅਨੁਭਵ ਕਰਦਾ ਹੈ ਫੇਰ ਘਰ ਵਿਚ ਮਹਲ ਅਨੁਭਵ ਕਰਦਾ ਹੈ, ਭਾਵ ਪਰਮਾਤਮ ਸਰੂਪ ਦੀ ਲੱਖਤਾ ਪਾ ਲੈਂਦਾ ਹੈ ਨਿਜ ਸਰੂਪ ਪਰਮਾਤਮ ਸਰੂਪ ਤੋਂ ਅਲਪ ਹੈ ਇਸ ਕਰਕੇ 'ਘਰੁ' ਕਿਹਾ, ਘਰ ਛੋਟਾ ਹੁੰਦਾ ਹੈ, ਘਰ ਤੋਂ ਮਹਲ ਵੱਡਾ ਹੁੰਦਾ ਹੈ। ਪਰਮਾਤਮ ਦੇਵ ਵੱਡਾ ਹੈ ਸੋ ਉਸ ਨੂੰ ਮਹਲ ਆਖਿਆ। ਕਟਾਖਯ ਵਿਚ ਇਹ ਸੱਟਿਆ ਕਿ ਅਪਣੇ ਆਤਮਾ ਦੀ ਲੱਖਤਾ ਹੋ ਕੇ ਫੇਰ ਪਰਮਾਤਮਾ ਦੀ ਲੱਖਤਾ ਹੋ ਜਾਂਦੀ ਹੈ, ਅੰਸ਼ ਦੀ ਲਖਤਾ ਅੰਸ਼ੀ ਵਿਚ ਲੈ ਜਾਂਦੀ ਹੈ। ਬੂੰਦ ਦੀ ਲੱਖਤਾ ਸਾਗਰ ਦੀ ਲੱਖਤਾ ਕਰਾ ਦੇਂਦੀ ਹੈ ਅੰਤਲੀਆਂ ਦੋ ਤੁਕਾਂ ਆਤਮਾ ਦੀ ਸੁੱਧਤਾ ਤੇ ਪਵਿਤ੍ਰਤਾ ਦੀਆਂ ਲਖਾਯਕ ਹਨ।

ਨਿਰੁਕ੍ਤ—**ਦੂਜੇ ਭਾਇ**—[ਸੰਸ:, ਦ੍ਵਿਤੀਯ (ਦੂਸਰਾ) + ਭਾਵ: = ਪਿਆਰ, ਭਾਵਨਾ) ਇਸ ਦੇ ਅਰਥ ਹਨ:—੩, ਦ੍ਵੈਤ ਭਾਵਨਾ,ਇਕ ਕਰਕੇ ਨਾ ਜਾਣਨਾ। ੨. ਮਾਇਆ ਵਿਚ ਪ੍ਰੇਮ। ਅਨਾਤਮ ਵਿਚ ਲਗਨ। ੩. ਇਕ ਪ੍ਰਭੂ ਤੋਂ ਛੁਟ ਦੂਜੇ ਕਿਸੇ ਵਿਚ ਇਸ਼ਟ ਭਾਵਨਾ। ਇਸ ਸ਼ਬਦ ਵਿਚ ਇਹ ਅਰਥ ਲਗਦਾ ਹੈ।

ਮੂਲਿ—(ਦੇਖੋ 'ਮੂਲੁ' ਪੰਨਾ ੧੭੦੧)ਜੜਾਂ ਵਿਚ, ਜੜਾਂ ਨੂੰ। ਭਾਵ ਹੈ ਪਰਮਾਤਮ ਦੇਵ ਨੂੰ।

ਡਾਲੀ—ਬ੍ਰਿਛ ਦੀਆਂ ਸਾਖਾਂ। ਭਾਵ ਹੈ ਈਸ਼੍ਵਰ ਤੋਂ ਛੁੱਟ ਹੋਰ ਦੇਵੀ ਦੇਵਤੇ ਆਦਿ।

ਅੰਧ ਸਜਾਇ—ਅੰਧ ਪੁਣੇ ਦੀ ਸਜ਼ਾ, ਅੰਨ੍ਹੇ ਦੀ ਸਜ਼ਾ, ਉਹੋ ਦੁਖ ਹਨ ਜੋ ਅੰਨ੍ਹਾਂ ਹੋਣ ਕਰਕੇ ਵਾਪਰਦੇ ਹਨ। ਭਾਵ ਠੁਹਕਰਾਂ ਠੁਡੇ, ਬੇ-ਠਿਕਾਣੇ ਰਹਿਣਾ, ਡਿੱਗਣਾ, ਢੈਣਾ।

ਨਾਮੇ—ਨਾਮ ਦੁਆਰਾ।   **ਨਾਮਿ**—ਨਾਮੀ ਦੀ।

ਵਜਾਏ—(ਮਨ ਨਾਲ) ਵਾਦਨ ਕਰੇ (= ਵਜਾਵੇ)। ਸਿਮਰੇ। ਉਚਾਰੇ।

ਮਹਲੁ—[ਅ:, ਮਹੱਲ] ਮੰਦਿਰ। ਭਾਵ ਵਾਹਿਗੁਰੂ ਜੀ ਦਾ ਸਰੂਪ।

ਘਟੁ—ਸਰੀਰ ਦੇ ਅੰਦਰ ਸੋਚ ਆਦਿ ਦਾ ਟਿਕਾਣਾ (= ਅੰਤਹਕਰਣ)। (੨) ਨਿਜ ਸਰੂਪ। ਆਤਮਾ।

ਸਤਸਰਿ—ਸਤਜ ਸਰੂਪ ਨਦੀ। ਭਾਵ ਹੈ ਸ਼ੁੱਧ ਪਵਿਤ੍ਰ ਨਦੀ। (ਅ) ਸਤਿਸੰਗ ਰੂਪ ਨਦੀ।

ਦੁਰਤੁ—[ਸੰਸ:, ਦੁਰਿਤ:] ਪਾਪ। ਦੋਸ਼।

[ਆਸਾ ਮਹਲਾ ੩, ਚਉਪਦਾ—੪੫]

ਮੂਲ	ਅਰਥ
ਆਸਾ ਮਹਲਾ ੩ ॥	
ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ॥ ਦੂਜੈ ਭਾਇ ਆਤਮ ਸੰਘਾਰਹਿ ॥ ਮੇਰਾ ਮੇਰਾ ਕਰਿ ਕਰਿ ਵਿਗੂਤਾ ॥ ਆਤਮੁ ਨ ਚੀਨੈ ਭਰਮੈ ਵਿਚਿ ਸੂਤਾ ॥੧॥	ਮਨਮੁਖ ਮਰਦਾ ਹੈ (ਪਰ) ਮਰਕੇ ਮਰਣ ਨੂੰ ਹੀ ਵਿਗਾੜ ਲੈਂਦਾ ਹੈ, (ਕਿਉਂਕਿ ਉਹ) ਦੁਐਤ ਭਾਵਨਾ ਵਿਚ (ਲੱਗ ਕੇ) ਆਤਮ ਘਾਤ ਕਰ ਲੈਂਦਾ ਹੈ। (ਉਹ) ਮੇਰਾ ਮੇਰਾ ਕਰਦਾ (ਹਉਮੈ ਵਿਚ) ਖੁਆਰ ਹੁੰਦਾ ਭਰਮ ਵਿਚ ਸੁੱਤਾ ਰਹਿੰਦਾ ਹੈ (ਤੇ ਅਪਣੀ) ਆਤਮ ਸਰੂਪਤਾ ਨੂੰ ਨਹੀ ਪਛਾਣਦਾ॥੧॥
ਮਰੁ ਮੁਇਆ ਸਬਦੇ ਮਰਿ ਜਾਇ ॥ ਉਸਤਤਿ ਨਿੰਦਾ ਗੁਰਿ ਸਮ ਜਾਣਾਈ ਇਸੁ ਜੁਗ ਮਹਿ ਲਾਹਾ ਹਰਿ ਜਪਿ ਲੈ ਜਾਇ ॥੧॥ ਰਹਾਉ ॥	(ਸਫਲ ਮਰਣਾ) (ਉਸ ਦੀ) ਮੌਤ (ਸਫਲ) ਮਰਣ ਜਾਣੋ ਜੋ ਸ਼ਬਦ (ਦੀ ਕਮਾਈ) ਕਰਕੇ ਮਰਦਾ ਹੈ, (ਉਸ ਨੂੰ) ਗੁਰੂ ਨੇ ਉਸਤੁਤਿ ਨਿੰਦਿਆ ਇਕ ਤੁੱਲ ਕਰਕੇ ਸੁਝਾ ਦਿੱਤੀ ਹੈ, ਉਹ ਹਰੀ (ਨਾਮ) ਨੂੰ ਜਪ ਕੇ ਇਸ ਜੁਗ ਵਿਚ ਲਾਹਾ ਲੈ ਕੇ ਜਾਂਦਾ (ਭਾਵ ਮਰਦਾ ਹੈ)॥੧॥ ਰਹਾਉ॥
ਨਾਮ ਵਿਹੂਣ ਗਰਭ ਗਲਿ ਜਾਇ ॥ ਬਿਰਥਾ ਜਨਮੁ ਦੂਜੈ ਲੋਭਾਇ ॥ ਨਾਮ ਬਿਹੂਣੀ ਦੁਖਿ ਜਲੈ ਸਬਾਈ ॥ ਸਤਿਗੁਰਿ ਪੂਰੈ ਬੂਝ ਬੁਝਾਈ ॥੨॥	[ਅਫਲ ਮਰਨੇ ਵਾਲੇ ਦਾ ਹੋਰ ਵੇਰਵਾ:—] ਨਾਮ ਵਿਹੂਣਾ ਗਰਭਾਂ ਵਿਚ ਪਿਆ ਦੁਖ ਪਾਉਂਦਾ ਹੈ, (ਗਰਭ ਤੋਂ ਬਾਹਰ ਆ ਕੇ ਬੀ) ਦੂਜੇ ਭਾਇ ਵਿਚ ਲੁਭਾਇਮਾਨ ਹੋਣ ਦੇ ਕਾਰਣ ਜਨਮ ਬਿਰਥਾ ਗੁਆ ਲੈਂਦਾ ਹੈ। ਨਾਮ ਤੋਂ (ਵਿਹੂਣੀ) ਸਾਰੀ (ਲੁਕਾਈ) ਦੁਖ ਵਿਚ ਸੜਦੀ ਰਹਿੰਦੀ ਹੈ; (ਇਹ) ਸੋਝੀ ਪੂਰੇ ਸਤਿਗੁਰੂ ਨੇ ਸੁਝਾਈ ਹੈ॥੨॥

ਮਨੁ ਚੰਚਲੁ ਬਹੁ ਚੋਟਾ ਖਾਇ ॥
ਏਥਹੁ ਛੁੜਕਿਆ ਠਉਰ ਨ ਪਾਇ ॥
ਗਰਭ ਜੋਨਿ ਵਿਸਟਾ ਕਾ ਵਾਸੁ ॥
ਤਿਤੁ ਘਰਿ ਮਨਮੁਖੁ ਕਰੇ ਨਿਵਾਸੁ ॥੩॥

(ਦੁਐਤ ਭਾਵ ਵਾਲੇ ਦਾ) ਮਨ ਚੰਚਲ (ਹੁੰਦਾ ਹੈ ਇਸ ਕਰਕੇ ਉਹ) ਬਹੁਤ ਚੋਟਾਂ ਖਾਂਦਾ ਹੈ; ਇਸ (ਮਨੁੱਖਾ ਜਨਮ) ਤੋਂ ਥਿੜਕਿਆ (ਉਸ ਨੂੰ ਠਉਰ) ਠਿਕਾਣਾ ਕੋਈ ਨਹੀਂ ਲੱਭਦਾ। (ਉਸ ਨੂੰ) ਬਾਰ ਬਾਰ ਗਰਭ ਯੋਨੀ ਵਿਚ (ਜਿਥੇ ਪਾਸ ਹੀ) ਵਿਸ਼ਟਾ ਦਾ ਵਾਸਾ ਹੁੰਦਾ ਹੈ, ਮਨ ਮੁਖ ਨੂੰ ਐਸੇ ਥਾਂ ਵਿਚ ਨਿਵਾਸ ਮਿਲਦਾ ਹੈ॥ ੩॥

ਅਪੁਨੇ ਸਤਿਗੁਰ ਕਉ ਸਦਾ ਬਲਿ ਜਾਈ ॥ ਗੁਰਮੁਖਿ ਜੋਤੀ ਜੋਤਿ ਮਿਲਾਈ ॥ ਨਿਰਮਲ ਬਾਣੀ ਨਿਜ ਘਰਿ ਵਾਸਾ ॥ ਨਾਨਕ ਹਉਮੈ ਮਾਰੇ ਸਦਾ ਉਦਾਸਾ ॥੪॥੬॥੪੫॥

(ਮੈਂ) ਅਪਣੇ ਸਤਿਗੁਰੂ ਤੋਂ ਸਦਾ ਸਦਕੇ ਜਾਂਦਾ ਹਾਂ (ਜਿਸ ਨੇ ਮੈਨੂੰ) ਗੁਰਮੁਖ (ਬਣਾ ਕੇ) ਪਰਮਾਤਮਾ ਵਿਚ (ਮੇਰੀ) ਆਤਮਾ ਮਿਲਾ ਦਿੱਤੀ ਹੈ। (ਸ੍ਰੀ ਗੁਰੂ) ਨਾਨਕ (ਦੇਵ ਜੀ ਫੁਰਮਾਉਂਦੇ ਹਨ ਕਿ ਜੋ ਕੋਈ ਬੀ ਸਤਿਗੁਰੂ ਦੀ) ਨਿਰਮਲ ਬਾਣੀ ਨੂੰ ਧਾਰਨ ਕਰਕੇ ਇਸ ਦੁਆਰਾ) ਹਉਮੈ ਨੂੰ ਮਾਰ ਕੇ (ਇਸ ਤੋਂ) ਸਦਾ ਉਦਾਸ ਰਹੇਗਾ (ਉਸ ਦਾ) ਨਿਜ ਸਰੂਪ ਵਿਚ ਵਾਸਾ ਹੋਏਗਾ (ਉਹ ਸਰੀਰਕ ਚੋਲਾ ਛੋੜ ਕੇ ਮੁੜ ਮਰਣ ਜੀਵਣ ਵਿਚ ਨਹੀਂ ਰਹੇਗਾ)॥ ੪॥ ੬॥ ੪੫॥

ਵਯਾਖਯਾ—ਅੰਕ ੧— ਬੜੇ ਸੁਆਦਲੇ ਅੱਖਰਾਂ ਵਿਚ ਮੌਤ ਨੂੰ ਵਿਗਾੜ ਲੈਣਾਂ ਦਰਸਾਇਆ ਹੈ। ਜੀਵਨ ਨੂੰ ਵਿਗਾੜਨਾ ਤਾਂ ਸੌਖਾ ਸਮਝੇ ਪੈ ਜਾਂਦਾ ਹੈ ਪਰ ਮੌਤ, ਜੋ ਸਾਰੇ ਵਿਗਾੜਾਂ ਤੋਂ ਸ਼ੋਮਣੀ ਵਿਗਾੜ ਹੈ, ਉਸ ਨੂੰ ਕਿਸੇ ਕੀਹ ਵਿਗਾੜ ਸਕਣਾ ਹੈ। ਸ੍ਰੀ ਗੁਰੂ ਜੀ ਦਾ ਮੰਤਵ ਇਹ ਹੈ: ਮੌਤ ਦਾ ਮਤਲਬ ਹੈ ਕਿ ਸਰੀਰਕ ਜੀਵਨ ਖਤਮ ਹੋ ਗਿਆ, ਇਸ ਦੇ ਮੁੱਕਣ ਨਾਲ ਸਰੀਰਕ ਜੀਵਨ ਦੇ ਦੁਖ ਸੁਖ ਮੁੱਕ ਜਾਣੇ ਚਾਹੀਏ, ਪਰ ਮਨਮੁਖ ਨੂੰ ਇਹ ਗੱਲ ਪ੍ਰਾਪਤ ਨਹੀਂ ਹੁੰਦੀ, ਓਹ ਕੀਤੇ ਕਰਮਾਂ ਦੇ ਫਲ ਵਿਚ ਤੇ ਬੱਝੀਆਂ ਵਾਸ਼ਨਾਂ ਦੀਆਂ ਰਸੀਆਂ ਨਾਲ ਮੁੜ ਆ ਜੰਮਦਾ ਹੈ ਤੇ ਸਰੀਰ ਧਾਰਕੇ ਸਰੀਰਕ ਦੁਖ ਸੁਖ ਫੇਰ ਭੋਗਦਾ ਹੈ। ਸੋ ਮੌਤ ਦਾ ਫਲ ਜੋ ਸਰੀਰ ਦੇ ਨਾ ਰਹਣੇ ਕਰਕੇ ਦੁਖਾਂ ਸੁਖਾਂ ਦੀ ਸਮਾਪਤੀ ਦਾ ਸੀ, ਪ੍ਰਾਪਤ ਨਾ ਹੋਇਆ; ਉਸ ਦੀ ਮੌਤ ਬੀ ਐਉਂ ਬਿਥਾ ਗਈ। ਐਸਾ ਕਰਨੇ ਵਿਚ ਓਹ ਮਾਨੋ "ਆਤਮ ਸੰਘਾਰਹਿ" = ਖ਼ੁਦਕੁਸ਼ੀ ਕਰਦੇ ਹਨ, ਜੀਵਨ ਭਰ ਮੈਂ ਮੇਰੀ ਵਿਚ ਖੁਆਰ ਹੁੰਦੇ ਰਹਿੰਦੇ ਹਨ ਮਰ ਕੇ ਬੀ ਆਰਾਮ ਨਹੀਂ ਮਿਲਦਾ ਉਹੋ ਮੈਂ ਮੇਰੀ ਲਈ ਫਿਰਦੀ ਹੈ। ਜੇ ਓਹ ਆਪਣੇ ਆਪ ਨੂੰ ਪਛਾਣ ਲੈਂਦੇ, ਭਾਵ ਆਤਮਾ ਆਪੇ ਦੇ ਅਨੁਭਵ ਵਿਚ ਆ ਜਾਂਦੀ, ਤਾਂ ਇਹ ਦਸ਼ਾ ਨਾ ਹੁੰਦੀ, ਇਸ ਦਸ਼ਾ ਵਿਚ ਤਾਂ ਸੁੱਤਿਆਂ ਹੀ ਬੀਤ ਗਈ ਤੇ ਮੋਇਆਂ ਫੇਰ ਫੇਰ ਮਰਨਾ ਪਿਆ।

ਰਹਾਉ ਵਿਚ ਹੁਣ ਸਫਲ ਮਰਨਾ ਦੱਸਦੇ ਹਨ ਕਿ ਗੁਰੂ ਦਾ ਉਪਦੇਸ਼ ਲਵੇ, ਉਸ ਨਾਲ ਸਫਲ ਮਰਨਾ ਸਿੱਖੇ। ਗੁਰੂ ਤੋਂ ਮਿਲੇਗਾ 'ਹਰੀ ਨਾਮ' ਉਸ ਦਾ ਜਪ ਕਰੇ ਤੇ ਜਗਤ ਦੀ ਉਸਤੁਤਿ ਨਿੰਦਾ ਸਮ ਕਰਕੇ ਜਾਣੇ, ਇਹ ਜਾਚ ਬੀ ਗੁਰੂ ਦੱਸਦਾ ਹੈ। ਇਸ ਨਾਲ ਜੋ ਮਰੇਗਾ ਉਸ ਨੂੰ ਮੁੜ ਜਨਮ ਨਹੀਂ ਹੋਵੇਗਾ। ਜਨਮ ਨਾ ਹੋਣ ਕਰਕੇ ਮੁੜ ਮਰਨਾ ਨਾ ਹੋਵੇਗਾ।

ਅੰਕ ੨ ਵਿਚ ਪਕਿਆਈ ਕਰਨ ਲਈ ਖੋਹਲ ਕੇ ਦੱਸਦੇ ਹਨ ਕਿ ਸਤਿਗੁਰੂ ਨੇ ਇਹ ਸਮਝ ਦੇ ਦਿੱਤੀ ਹੈ ਕਿ ਨਾਮ ਵਿਹੂਣੇ ਗਰਭਾਂ ਵਿਚ ਪੈ ਪੈ ਕੇ ਗਲਦੇ ਰਹਿੰਦੇ ਹੈਨ ਭਾਵ ਦੁਖ ਪਾਉਂਦੇ ਰਹਿੰਦੇ ਹੈਨ ਅਥਵਾ ਇਸ਼ਾਰਾ ਹੈ ਉਹਨਾਂ ਅਗੇਤਰੀਆਂ ਜੰਮਣੀਆਂ ਤੇ ਜੋ ਵਕਤ ਪੂਰਾ ਹੋਣ ਤੋਂ ਪਹਿਲੇ ਹੁੰਦੀਆਂ ਹਨ, ਜਿਸ ਨੂੰ ਆਖਦੇ ਹਨ 'ਗਰਭ ਛਣ ਗਿਆ ਹੈ' ਜੈਸਾ ਕਿ ਵਾਕ ਬੀ ਹੈ:—

ਮੁਚੁ ਮੁਚੁ ਗਰਭ ਗਏ ਕੀਨ ਬਚਿਆ॥ [ਗਉੜੀ ਕਬੀਰ ਜੀ—੨੫]

ਅੰਕ ੩ ਵਿਚ ਬੀ ਉਹ ਵਿਸ਼ਯ ਚਲਦਾ ਹੈ: ਮਨਮੁਖ ਦਾ ਮਨ ਚੰਚਲ ਹੁੰਦਾ ਹੈ, ਜੋ ਗੁਰਮਤਿ

ਨਹੀਂ ਲੈਂਦਾ, ਮਨ ਮਤਿ ਦੇ ਮਗਰੇ ਚੱਲਦਾ ਹੈ, ਇਸ ਨਾਲ ਉਸ ਨੂੰ ਟਿਕਾਉ ਨਹੀ ਮਿਲਦਾ, ਭਾਵ ਚਿੱਤ ਟਿਕਕੇ ਸ੍ਵੈ ਸਰੂਪ ਦੇ ਅਨੁਭਵ ਵਿਚ ਨਹੀਂ ਜਾਂਦਾ, ਇਸ ਕਰਕੇ ਮੁੜ ਮੁੜ ਗਰਭ ਵਿਚ ਆਉਂਦਾ ਹੈ।

ਅੰਕ ੪ ਵਿਚ ਮਨਮੁਖ ਦੇ ਉਲਟ ਗੁਰਮੁਖ ਦਾ ਜ਼ਿਕਰ ਹੈ, ਕਿ ਗੁਰਮੁਖ ਗੁਰੂ ਦੀ ਨਿਰਮਲ ਬਾਣੀ ਦੁਆਰਾ ਨਿਜ ਸਰੂਪ ਦਾ ਵਾਸਾ ਪ੍ਰਾਪਤ ਕਰ ਲੈਂਦਾ ਹੈ। ਉਹ ਜੀਉਂਦੇ ਜੀ ਹਉਮੈਂ ਮਾਰਕੇ ਮੋਹ ਮਾਇਆ ਦੀ ਪਕੜ ਤੋਂ ਉੱਚਾ ਉਠ, ਇਕ ਪ੍ਰਕਾਰ ਦੀ ਉਦਾਸੀ ਵਿਚ ਰਹਿੰਦਾ ਹੈ। ਇਉਂ ਉਹ ਅਪਣੀ ਜੋਤ ਪਰਮ ਜੋਤਿ ਨਾਲ ਮਿਲਾ ਲੈਂਦਾ ਹੈ।

ਨਿਰੁਕ੍ਤ—**ਸੰਘਾਰਹਿ**—(ਦੇਖੋ'ਸੰਘਾਰੇਂ' ਪੰਨਾ ੧੬੬੫) ਮਾਰ ਲੈਂਦਾ ਹੈ, ਘਾਤ ਕਰ ਲੈਂਦਾ ਹੈ।

ਵਿਗੂਤਾ—[ਸਸ:; ਵਿਗਤ=ਗਿਆ, ਗੁਜ਼ਰਿਆ। ਆਪਣੀ ਜਗਾ ਤੋਂ ਹਿੱਲਿਆ ਹੋਇਆ] ਖ਼ੁਆਰ ਯਾ ਖ਼ਰਾਬ ਹੁੰਦਾ ਹੈ। **ਚੀਨੈ**—ਪਛਾਣਦਾ ਹੈ।

ਮਰੁ—ਮੌਤ, ਉਹ ਮਰਨਾ ਜੋ ਸਫਲ ਹੈ। **ਸਮ**—ਤੁਲ, ਬਰੱਬਰ। ਇਕੋ ਜੇਹੇ।

[ਆਸਾ ਮਹਲਾ ੩, ਚਉਪਦਾ—੪੬]

ਪ੍ਰਾਕ੍ਥਨ—ਭਗਤ ਦੇ ਲੱਛਣ ਦਿਖਾਏ ਹਨ।

ਮੂਲ	ਅਰਥ
ਆਸਾ ਮਹਲਾ ੩ ॥ **ਲਾਲੈ ਆਪਨੀ ਜਾਤਿ ਗਵਾਈ ॥** **ਤਨੁ ਮਨੁ ਅਰਪੇ ਸਤਿਗੁਰ ਸਰਣਾਈ॥** **ਹਿਰਦੈ ਨਾਮੁ ਵਡੀ ਵਡਿਆਈ ॥** **ਸਦਾ ਪ੍ਰੀਤਮੁ ਪ੍ਰਭੁ ਹੋਇ ਸਖਾਈ ॥੧॥**	(ਜੋ) ਦਾਸ (ਦਾਸਾ ਭਾਵ ਵਿਚ ਆ ਕੇ ਗੁਰੂ ਸੇਵਾ ਵਿਚ) ਅਪਨੇ ਜਾਤ (ਦੇ ਅਭਿਮਾਨ ਨੂੰ) ਗੁਆ ਦੇਵੇ (ਅਤੇ ਅਪਣਾ) ਤਨ ਤੇ ਮਨ (ਬੀ) ਅਰਪ ਕੇ ਸਤਿਗੁਰ ਦੀ ਸ਼ਰਨ ਵਿਚ (ਸਮਾ ਰਿਹਾ) ਹੋਵੇ, (ਅਤੇ ਅਪਣੇ) ਹਿਰਦੇ ਵਿਚ ਨਾਮ (ਸਿਮਰਣ ਨੂੰ ਸਭ ਤੋਂ) ਵੱਡੀ ਵਡਿਆਈ (ਸਮਝ ਰਿਹਾ ਹੋਵੇ) ਪ੍ਰਭੂ ਪ੍ਰੀਤਮ (ਉਸ ਦਾਸ ਦਾ) ਸਦਾ ਹੀ ਸਹਾਯਕ ਹੁੰਦਾ ਹੈ॥੧॥
ਸੋ ਲਾਲਾ ਜੀਵਤੁ ਮਰੈ ॥ **ਸੋਗੁ ਹਰਖੁ ਦੁਇ ਸਮ ਕਰਿ ਜਾਣੈ ਗੁਰ ਪਰਸਾਦੀ ਸਬਦਿ ਉਧਰੈ ॥੧॥ਰਹਾਉ॥**	ਉਹੀ ਦਾਸ (ਹੈ ਜੋ) ਜੀਉਂਦਾ ਮਰ ਜਾਂਦਾ ਹੈ, (ਉਹ) ਗ਼ਮੀ ਤੇ ਖ਼ੁਸ਼ੀ ਤੇ ਦੋਹਾਂ ਨੂੰ ਤੁੱਲ ਕਰਕੇ ਜਾਣਦਾ ਹੈ, (ਉਹੀ) ਗੁਰੂ ਦੀ ਕ੍ਰਿਪਾ ਕਰਕੇ (ਉਸ ਦੇ ਦਿੱਤੇ) ਸ਼ਬਦ (ਦੀ ਕਮਾਈ) ਦੁਆਰਾ (ਸੰਸਾਰ ਸਾਗਰ ਤੋਂ) ਉਧਰ ਜਾਂਦਾ ਹੈ॥੧॥ਰਹਾਉ॥
ਕਰਣੀ ਕਾਰ ਧੁਰਹੁ ਫੁਰਮਾਈ ॥ **ਬਿਨੁ ਸਬਦੈ ਕੋ ਥਾਇ ਨ ਪਾਈ ॥** **ਕਰਣੀ ਕੀਰਤਿ ਨਾਮੁ ਵਸਾਈ ॥** **ਆਪੇ ਦੇਵੈ ਢਿਲ ਨ ਪਾਈ ॥੨॥**	'ਬਿਨਾ ਸ਼ਬਦ ਦੇ ਕੋਈ ਸਿਰੇ ਨਹੀਂ ਚੜੇਗਾ' (ਇਹ ਸ਼ਬਦ ਦੀ) ਕਾਰ ਕਰਣੀ ਧੁਰੋਂ (ਸਾਂਈ ਨੇ) ਫੁਰਮਾਈ ਹੈ। (ਸੋ ਜਿਸ ਨੇ ਬੀ ਵਾਹਿਗੁਰੂ ਦੀ) ਕੀਰਤੀ ਕਰਨੀ (ਅਤੇ) ਨਾਮ ਨੂੰ (ਅੰਦਰ) ਵਸਾ ਲਿਆ ਹੈ (ਉਸ ਨੂੰ ਉਹ ਦਾਤਾ) ਆਪੇ (ਅਪਣੇ ਸਰੂਪ ਵਿਚ ਵਾਸਾ ਦੇਵੇਗਾ, ਦੇਰੀ ਨਹੀਂ ਕਰੇਗਾ॥੨॥
ਮਨਮੁਖਿ ਭਰਮਿ ਭੁਲੈ ਸੰਸਾਰੁ ॥ **ਬਿਨੁ ਰਾਸੀ ਕੂੜਾ ਕਰੇ ਵਾਪਾਰੁ ॥** **ਵਿਣੁ ਰਾਸੀ ਵਖਰੁ ਪਲੈ ਨ ਪਾਇ ॥** **ਮਨਮੁਖਿ ਭੁਲਾ ਜਨਮੁ ਗਵਾਇ ॥੩॥**	ਮਨਮੁਖੀਆ ਸੰਸਾਰ ਭਰਮ ਵਿਚ ਭੁੱਲਾ ਫਿਰਦਾ ਹੈ, (ਉਹ) ਝੂਠਾ ਵਪਾਰ ਕਰ ਰਿਹਾ ਹੈ (ਕਿਉਂਕਿ) ਬਿਨਾ (ਸ਼ਰਧਾ ਰੂਪੀ) ਰਾਸ (ਦੇ ਵਪਾਰ ਕਰਦਾ) ਹੈ। ਰਾਸ ਤੋਂ ਬਿਨਾ ਸੌਦਾ ਪੱਲੇ ਨਹੀਂ (ਕਦੇ) ਪੈਂਦਾ, (ਤਿਵੇਂ ਸ਼ਰਧਾ ਰੂਪੀ ਰਾਸ ਤੋਂ ਬਿਨਾ ਨਾਮ ਰੂਪੀ ਸੌਦਾ ਪ੍ਰਾਪਤ ਨਹੀਂ ਹੁੰਦਾ, ਇਉਂ) ਭੁੱਲ ਵਿਚ ਪਿਆ ਮਨਮੁਖ ਜਨਮ ਗੁਆ ਲੈਂਦਾ ਹੈ॥੩॥

ਮੂਲ	ਅਰਥ
ਸਤਿਗੁਰੁ ਸੇਵੇ ਸੁ ਲਾਲਾ ਹੋਇ ॥ ਊਤਮ ਜਾਤੀ ਊਤਮੁ ਸੋਇ ॥ ਗੁਰ ਪਉੜੀ ਸਭ ਦੂ ਊਚਾ ਹੋਇ ॥ ਨਾਨਕ ਨਾਮਿ ਵਡਾਈ ਹੋਇ ॥੪॥੭॥੪੬॥	(ਜੋ) ਸਤਿਗੁਰੂ ਨੂੰ ਸੇਵੇਗਾ ਓਹ (ਅਸਲੀ) ਦਾਸ (ਅਰਥਾਤ ਭਗਤ) ਹੋਵੇਗਾ। (ਉਹੋ) ਉੱਤਮ ਜਾਤਿ ਵਾਲਾ (ਹੋਵੇਗਾ ਉਸੇ ਦੀ) ਸ਼ੋਭਾ ਉੱਤਮ ਹੋਵੇਗੀ। (ਉਹ ਨੀਵਾਂ ਨਹੀਂ) ਗੁਰੂ (ਰੂਪੀ) ਪਉੜੀ (ਦੁਆਰਾ ਚੜ੍ਹ ਕੇ ਉਹ) ਸਭ ਤੋਂ ਉੱਚਾ ਹੋ ਜਾਂਦਾ ਹੈ, (ਕਿਉਂਕਿ ਇਉਂ ਉਹ ਅਚੁਤ ਗੋਤ੍ਰੀ ਹੋ ਜਾਂਦਾ ਹੈ); ਹੇ ਨਾਨਕ ! (ਅਸਲ) ਵਡਿਆਈ ਨਾਮੁ ਦੁਆਰਾ (ਪ੍ਰਾਪਤ) ਹੁੰਦੀ ਹੈ॥੪॥੭॥੪੬॥

ਵਯਾਖਯਾ— 'ਲਾਲਾ' ਪਦ ਫਾਰਸੀ ਦਾ ਹੈ, ਓਥੇ ਅਰਥ ਹਨ 'ਦਾਸ'। ਇਸ ਸ਼ਬਦ ਵਿਚ 'ਰਬ ਜੀ ਦਾ ਦਾਸ' ਮੁਰਾਦ ਹੈ, ਸੋ ਭਗਤ ਅਰਥ ਹੈ। ਸਾਰੇ ਸ਼ਬਦ ਵਿਚ ਸੱਚੇ ਭਗਤ ਦੇ ਲੱਛਣ ਕਹੇ ਹਨ। ਕਿਉਂਕਿ ਯਵਨੀ ਲੋਕ ਲਾਲਾ ਪਦ ਨਫਰਤ ਨਾਲ ਵਰਤਦੇ ਹਨ ਸੋ ਸ਼ਬਦ ਵਿਚ ਗੂੜ੍ਹ ਅਰਥ ਇਹ ਹੈ ਕਿ ਵਾਹਿਗੁਰੂ ਦਾ ਗ਼ੁਲਾਮ ਹੋਣਾ ਉੱਚੇ ਹੋਣਾ ਹੈ, ਉਚੇ ਦਾ ਪ੍ਰੇਮੀ ਉੱਚਾ ਹੋ ਜਾਂਦਾ ਹੈ, ਸੋ ਅਕਾਲ ਪੁਰਖ ਦਾ ਲਾਲਾ, ਦਾਸ, ਭਗਤ ਕਹਿਲਾਉਣਾ ਮਿਹਣਾ ਨਹੀਂ, ਮਹਿਮਾ ਹੈ।

ਨਿਰੁਕਤ—ਗੁਰ ਪਉੜੀ—ਗੁਰੂ ਰੂਪੀ ਪਉੜੀ, ਭਾਵ ਗੁਰੂ ਦੀ ਸਿਖ੍ਯਾ ਤੇ ਮੇਹਰ ਤੋਂ ਹੈ।

[ਆਸਾ ਮਹਲਾ ੩, ਚਉਪਦਾ—੪੭]

ਪ੍ਰਾਕ੍ਕਥਨ—ਦੁਹਾਗਣ ਤੇ ਸੁਹਾਗਣ ਦੇ ਲੱਛਣ।

ਮੂਲ	ਅਰਥ
ਆਸਾ ਮਹਲਾ ੩ ॥ ਮਨਮੁਖਿ ਝੂਠੋ ਝੂਠੁ ਕਮਾਵੈ ॥ ਖਸਮੈ ਕਾ ਮਹਲੁ ਕਦੇ ਨ ਪਾਵੈ ॥ ਦੂਜੈ ਲਗੀ ਭਰਮਿ ਭੁਲਾਵੈ ॥ ਮਮਤਾ ਬਾਧਾ ਆਵੈ ਜਾਵੈ ॥੧॥	ਮਨਮੁਖ (ਅਪਣੇ ਜੀਵਨ ਵਿਚ) ਝੂਠ ਹੀ ਝੂਠ ਕਮਾਉਂਦਾ ਹੈ (ਇਸ ਕਰਕੇ) ਮਾਲਕ (=ਅਕਾਲ ਪੁਰਖ) ਦਾ ਸਰੂਪ ਕਦੇ ਪ੍ਰਾਪਤ ਨਹੀਂ ਕਰਦਾ। (ਉਸ ਦੀ ਬ੍ਰਿਤੀ) ਦੁਐਤ ਭਾਵਨਾ ਵਿਚ ਲੱਗੀ ਹੋਈ (ਉਸ ਨੂੰ) ਭਰਮ ਵਿਚ ਭੁਲਾਉਂਦੀ ਰਹਿੰਦੀ ਹੈ (ਐਉਂ) ਮਮਤਾ ਵਿਚ ਬੱਧਾ ਹੋਇਆ ਜੰਮਦਾ ਮਰਦਾ ਰਹਿੰਦਾ ਹੈ॥੧॥
ਦੋਹਾਗਣੀ ਕਾ ਮਨ ਦੇਖੁ ਸੀਗਾਰੁ ॥ ਪੁਤ੍ਰ ਕਲਤਿ ਧਨਿ ਮਾਇਆ ਚਿਤੁ ਲਾਏ ਝੂਠੁ ਮੋਹੁ ਪਾਖੰਡ ਵਿਕਾਰੁ ॥ਰਹਾਉ ॥	ਦੁਹਾਗਣੀ ਇਸਤ੍ਰੀ ਦਾ ਸ਼ਿੰਗਾਰ ਦੇਖ (ਕੀ ਹੈ ? ਉਹ) ਪੁਤ੍ਰ ਇਸਤ੍ਰੀ ਮਾਇਆ (ਤੇ) ਧਨ ਵਿਚ ਚਿਤ ਲਾਉਂਦੀ ਹੈ, (ਹਾਂ ਉਸ ਦਾ ਜੀਵਨ ਹੀ ਬਣ ਜਾਂਦਾ ਹੈ) ਝੂਠ, ਮੋਹ, ਪਖੰਡ ਤੇ ਵਿਕਾਰ (ਰੂਪ)॥੧॥ਰਹਾਉ॥
ਸਦਾ ਸੋਹਾਗਣਿ ਜੋ ਪ੍ਰਭ ਭਾਵੈ ॥ ਗੁਰ ਸਬਦੀ ਸੀਗਾਰੁ ਬਣਾਵੈ ॥ ਸੇਜ ਸੁਖਾਲੀ ਅਨਦਿਨੁ ਹਰਿ ਰਾਵੈ ॥ ਮਿਲਿ ਪ੍ਰੀਤਮ ਸਦਾ ਸੁਖੁ ਪਾਵੈ ॥੨॥	(ਇਸ ਦੇ ਉਲਟ ਜੋ ਭਗਤ ਰੂਪ ਇਸਤ੍ਰੀ) ਗੁਰੂ ਦੇ ਸ਼ਬਦ ਦੁਆਰਾ ਸ਼ਿੰਗਾਰ ਬਣਾਉਂਦੀ ਹੈ (ਉਹ) ਸਦਾ ਸੁਹਾਗਣ ਹੈ ਜੋ ਪ੍ਰਭੂ ਨੂੰ ਭਾਉਂਦੀ ਹੈ। (ਉਸ ਦਾ ਹ੍ਰਿਦਾ ਰੂਪ) ਸੇਜਾ ਸਦਾ ਸੁਖ ਵਾਲੀ ਹੁੰਦੀ ਹੈ, (ਜਿਸ ਪਰ ਉਹ) ਹਰ ਦਿਨ (ਪਤੀ) ਪਰਮੇਸ਼ਰ ਨੂੰ ਮਾਣਦੀ ਹੈ, (ਹਾਂ ਉਸ) ਪ੍ਰੀਤਮ ਨੂੰ ਮਿਲੀ ਹੋਈ ਸਦਾ ਸੁਖ ਪਾਉਂਦੀ ਹੈ॥੨॥

ਸਾ ਸੋਹਾਗਣਿ ਸਾਚੀ ਜਿਸੁ ਸਾਚਿ ਪਿਆਰੁ ॥ ਆਪਣਾ ਪਿਰੁ ਰਾਖੈ ਸਦਾ ਉਰ ਧਾਰਿ॥ ਨੇੜੈ ਵੇਖੈ ਸਦਾ ਹਦੂਰਿ॥ ਮੇਰਾ ਪ੍ਰਭੁ ਸਰਬ ਰਹਿਆ ਭਰਪੂਰਿ ॥੩॥	(ਹਾਂ) ਉਹ ਹੈ ਸੱਚੀ ਸੁਹਾਗਣ ਜਿਸ ਨੂੰ ਸੱਚ ਵਿਚ ਪਿਆਰ ਹੈ। (ਜੋ) ਅਪਨੇ ਪਤੀ ਨੂੰ ਸਦਾ ਹਿਰਦੇ ਵਿਚ ਧਾਰਨ ਕਰੀ ਰਖਦੀ ਹੈ, (ਉਸ ਨੂੰ) ਸਦਾ ਨੇੜੇ ਹਾਜ਼ਰਾ ਹਜ਼ੂਰ ਵੇਖਦੀ ਹੈ (ਤੇ ਅਨੁਭਵ ਕਰਦੀ ਹੈ ਕਿ) ਮੇਰਾ ਮਾਲਕ ਸਾਰੇ ਪਰੀ ਪੂਰਣ ਹੋ ਰਿਹਾ ਹੈ॥ ੩॥
ਆਗੈ ਜਾਤਿ ਰੂਪੁ ਨ ਜਾਇ ॥ ਤੇਹਾ ਹੋਵੈ ਜੇਹੇ ਕਰਮ ਕਮਾਇ ॥ ਸਬਦੇ ਊਚੋ ਊਚਾ ਹੋਇ ॥ ਨਾਨਕ ਸਾਚਿ ਸਮਾਵੈ ਸੋਇ ॥੪॥੮॥੪੭॥	(ਹੇ ਭਾਈਓ ! ਹੋਸ਼ ਕਰੋ) ਅੱਗੇ (ਪ੍ਰਲੋਕ ਵਿਚ) ਜਾਤ ਤੇ ਰੂਪ ਨਹੀ ਜਾਂਦਾ, (ਓਥੇ ਸਭ ਕੋਈ) ਉਹੋ ਜੇਹਾ ਹੁੰਦਾ ਹੈ ਜੇਹੋ ਜੇ ਹੇ ਕਰਮ ਕਮਾਕੇ, (ਜਾਂਦਾ ਹੈ, ਉਥੇ ਜਾਤ ਤੇ ਰੂਪ ਦੀ ਉੱਚਤਾ ਨਾਲ ਉੱਚਾ ਨਹੀ ਹੁੰਦਾ ਓਥੇ ਤਾਂ) ਸ਼ਬਦ ਦੁਆਰਾ ਉਚੇ ਤੋਂ ਉਚਾ ਹੁੰਦਾ ਹੈ, (ਤੇ) ਉਹੀ ਸਤਜ ਸਰੂਪ ਵਿਚ ਸਮਾਉਂਦਾ ਹੈ, (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵਜੀ)॥ ੪ ॥ ੮ ॥ ੪੭॥

ਵਜਾਖਜਾ— ਰਹਾਉ ਤਕ ਦੁਹਾਗਣੀ ਦੇ ਲੱਛਣ ਕਹੇ ਹਨ। ਦੁਹਾਗਣ ਦਾ ਭਾਵ ਮਨਮੁਖ ਹੈ, ਇਹ ਗਲ ਪਹਿਲੀ ਤੁਕ ਵਿਚ ਆਪ ਹੀ ਸ੍ਰੀ ਗੁਰੂ ਜੀ ਨੇ ਦੱਸ ਦਿਤੀ ਹੈ।

ਅੰਕ ੨ ਤੇ ੩ ਵਿਚ ਸੁਹਾਗਣ ਤੇ ਲੱਛਣ ਦੱਸੇ ਹਨ। ਓਹ ਲੱਛਣ ਗੁਰਮੁਖ ਪਰ ਘਟਦੇ ਹਨ ਜੋ 'ਪ੍ਰਭ, ਗੁਰ ਸਬਦੀ, ਸਾਚਿ, ਸਰਬ ਭਰਪੂਰਿ' ਆਦਿ ਪਦਾਂ ਤੋਂ ਵਿਦਤ ਹੋ ਜਾਂਦਾ ਹੈ।

ਅੰਕ ੪ ਵਿਚ ਦੱਸਿਆ ਹੈ ਕਿ ਅਗੇ ਜਾ ਕੇ ਜਾਤਿ ਰੂਪਦਾ ਮੁੱਲ ਨਹੀਂ, ਕਰਮਾਂ ਦਾ ਮੁੱਲ ਹੈ। ਇਹ ਸੰਸਾ ਨਾ ਰਹਿ ਜਾਵੇ ਕਿ ਕਰਮਾਂ ਤੋਂ ਮੁਰਾਦ 'ਕਰਮ ਕਾਂਡੀ ਕਰਮ' ਯਾ 'ਹਉ ਬਧੇ ਸ਼ੁਭ ਕਰਮਾਂ' ਦੀ ਹੈ, 'ਸਬਦਿ' ਤੇ 'ਸਾਚਿ' ਪਦ ਵਰਤੇ ਹਨ ਕਿ ਗੁਰੂ ਸ਼ਬਦ ਦੁਆਰਾ, ਜਿਸ ਵਿਚ ਨਾਮ ਬਾਣੀ ਦਾ ਉਪਦੇਸ਼ ਮੁੱਖ ਹੁੰਦਾ ਹੈ ਤੇ ਜਿਸ ਨਾਲ ਜੀਵਨ ਸਚ ਦਾ ਬਣ ਕੇ ਸਤਜ ਸਰੂਪ ਪ੍ਰਾਪਤ ਹੁੰਦਾ ਹੈ, ਵਿਚ ਪ੍ਰਵਿਰਤੀ ਕੀਤਿਆਂ ਜੀਵ ਉੱਚਾ ਹੁੰਦਾ ਹੈ ਜੋ ਉੱਚਤਾ ਅੱਗੇ ਮੁੱਲ ਪਾਉਂਦੀ ਹੈ।

ਨਿਰੁਕ੍ਤ—ਮਮਤਾ—[ਸੰਸ:, ਮਮਤ੍ਵ] ਹਰ ਸ਼ੈ ਵਿਚ ਮੇਰੀ ਦੀ ਦ੍ਰਿੜ ਭਾਵਨਾ, ਮੇਰਾ ਪਨ।

ਕਾਮਨ—ਇਸਤ੍ਰੀ। ਦੋਹਾਗਣੀ ਕਾਮਨ—(ਦੇਖੋ ਦੁਹਾਗਣੀ ਪੰਨਾ ੧੮੧੧) ਦੁਹਾਗਣ ਇਸਤ੍ਰੀ। ਦੁਹਾਗਣੀ ਦੀ ਬਿਹਾਰੀ ਇਸ ਅਰਥ ਦੀ ਪ੍ਰੋੜਤਾ ਕਰਦੀ ਹੈ। (ਅ) ਕਾਮਨ ਨੂੰ ਤੋੜਕੇ 'ਦੁਹਾਗਣੀ ਕਾਂ' ਤੇ 'ਮਨ' ਸੰਬੋਧਨ ਲਾ ਲੈਂਦੇ ਹਨ ਹੇ ਮਨ ! ਦੁਹਾਗਣੀ ਦਾ ਸ਼ਿੰਗਾਰ ਦੇਖ।

ਕਲਤਿ—[ਸੰਸ:, ਕਲਤ੍ਰ] ਇਸਤ੍ਰੀ। ਵਹੁਟੀ ਧੀ ਆਦਿਕ, ਏਥੇ 'ਪੁਤ੍ਰ ਕਲਿਤ' ਤੋਂ ਮੁਰਾਦ ਪੁਤ੍ਰ ਧੀਆਂ ਹਨ।

[ਆਸਾ ਮਹਲਾ ੩, ਚਉਪਦਾ—੪੮]

ਪ੍ਰਾਕ੍ਥਨ— ਗੁਰੂ ਦੀ ਮਿਹਰ ਦਾ ਪ੍ਰਕਾਰ ਤੇ ਫਲ ਨਿਰੂਪਣ ਕੀਤਾ ਹੈ।

ਮੂਲ	ਅਰਥ
ਆਸਾ ਮਹਲਾ ੩ ॥	
ਭਗਤਿ ਰਤਾ ਜਨੁ ਸਹਜਿ ਸੁਭਾਇ ॥ ਗੁਰ ਕੈ ਭੈ ਸਾਚੈ ਸਾਚਿ ਸਮਾਇ ॥ ਬਿਨੁ ਗੁਰ ਪੂਰੇ ਭਗਤਿ ਨ ਹੋਇ ॥	ਸਚੇ ਗੁਰੂ ਦੇ ਭੈ ਕਰਕੇ ਜਨ ਭਗਤੀ ਵਿਚ ਸਹਜ ਸੁਭਾਵਕ ਹੀ ਰਚ ਜਾਂਦਾ ਹੈ (ਤੇ ਫੇਰ) ਸਚ (= ਸਤਜ ਸਰੂਪ) ਵਿਚ ਸਮਾ ਜਾਂਦਾ ਹੈ। (ਸੱਚ ਜਾਣੋਂ) ਪੂਰੇ ਗੁਰੂ ਤੋਂ ਬਿਨਾ ਭਗਤੀ ਹੋ

ਮਨਮੁਖ ਰੁੰਨੇ ਅਪਨੀ ਪਤਿ ਖੋਇ ॥੧॥

ਨਹੀਂ ਸਕਦੀ, (ਗੁਰੂ ਵਿਹੂਣੇ ਮਨਮੁਖ ਅਪਣੀ ਪਤਿ ਗੁਆ (ਅੰਤ) ਰੋਂਦੇ ਹਨ॥੧॥

ਮੇਰੇ ਮਨ ਹਰਿ ਜਪਿ ਸਦਾ ਧਿਆਇ॥
ਸਦਾ ਅਨੰਦੁ ਹੋਵੈ ਦਿਨੁ ਰਾਤੀ ਜੋ ਇਛੈ
ਸੋਈ ਫਲੁ ਪਾਇ ॥੧॥ ਰਹਾਉ ॥

ਹੇ ਮੇਰੇ ਮਨ ! ਹਰੀ (ਨਾਮ) ਨੂੰ ਜਪ (ਤੇ) ਸਦਾ (ਉ ਦੀ) ਆਰਾਧਨਾ ਕਰ, (ਫਿਰ ਤੈਨੂੰ) ਦਿਨੇ ਰਾਤ ਸਦੈਵ ਆਨੰਦ (ਪ੍ਰਾਪਤ) ਹੋਵੇਗਾ, ਜਿਸ ਫਲ ਨੂੰ ਚਾਹੇਂਗਾ ਉਹੀ ਪ ਲਏਂਗਾ॥੧॥ ਰਹਾਉ॥

ਗੁਰ ਪੂਰੇ ਤੇ ਪੂਰਾ ਪਾਏ ॥
ਹਿਰਦੈ ਸਬਦੁ ਸਚੁ ਨਾਮੁ ਵਸਾਇ ॥
ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ॥
ਸਦਾ ਸੂਚੇ ਸਾਚਿ ਸਮਾਏ ॥੨॥

ਪੂਰਾ (ਪ੍ਰਭੂ) ਪੂਰੇ ਗੁਰੂ ਤੋਂ ਪਾਇਆ ਜਾਂਦਾ ਹੈ (ਐਸ ਤਰ੍ਹਾਂ ਕਿ ਹਿਰਦੇ ਵਿਚ (ਪੂਰੇ ਗੁਰੂ ਦੇ) ਉਪਦੇਸ਼ ਨੂੰ (ਉਪਦੇਸ਼ ਦੁਆਰਾ ਮਿਲੇ ਸਚੇ ਨਾਮ ਨੂੰ ਵਸਾਵੇ, (ਅਤੇ ਸਤਿਸੰਗ ਰੂਪੀ) ਅੰਮ੍ਰਿਤ ਸਰੋਵ ਵਿਚ ਨ੍ਹਾਉਂਦਾ ਰਹੇ (ਤਦ ਉਸ ਦਾ) ਅੰਤਹ ਕਰਣ ਨਿਰਮਲ ਹੋ ਜਾਏਗਾ। (ਇਸ ਪ੍ਰਕਾਰ) ਸਦਾ ਲਈ ਸੁਚ ਹੋਏ (ਪੁਰਖ ਹੀ) ਸਚ (=ਸੱਤਜ ਸਰੂਪ) ਵਿਚ ਸਮਾਉਂਦੇ ਹਨ॥੨॥

ਹਰਿ ਪ੍ਰਭੁ ਵੇਖੈ ਸਦਾ ਹਜੂਰਿ ॥
ਗੁਰ ਪਰਸਾਦਿ ਰਹਿਆ ਭਰਪੂਰਿ ॥
ਜਹਾ ਜਾਉ ਤਹ ਵੇਖਾ ਸੋਇ ॥
ਗੁਰ ਬਿਨੁ ਦਾਤਾ ਅਵਰੁ ਨ ਕੋਇ ॥੩॥

(ਓਹ) ਹਰੀ ਪ੍ਰਭੂ ਨੂੰ ਗੁਰੂ ਦੀ ਕ੍ਰਿਪਾ ਦੁਆਰਾ ਸਦਾ ਹਾਜ਼ ਹਜ਼ੂਰ (ਅਤੇ ਸਾਰੇ) ਪਰੀਪੂਰਣ ਹੋ ਰਿਹਾ ਵੇਖਦੇ ਹਨ (ਹਾਂ, ਮੇਰਾ ਤਜਰਬਾ ਬੀ ਇਹੋ ਹੈ ਕਿ ਮੈਂ) ਜਿੱਥੇ ਜਾਂਦਾ ਹੈ ਓਥੇ ਉਸੇ ਨੂੰ (ਪਰੀਪੂਰਣ) ਵੇਖਦਾ ਹਾਂ। ਗੁਰੂ ਤੋਂ ਬਿਨਾ (ਇਸ ਦ੍ਰਿਸ਼ਟੀ) ਦਾ ਦਾਤਾ ਹੋਰ ਕੋਈ ਨਹੀਂ ਹੈ॥੩॥

ਗੁਰੁ ਸਾਗਰੁ ਪੂਰਾ ਭੰਡਾਰ ॥
ਊਤਮ ਰਤਨ ਜਵਾਹਰ ਅਪਾਰ ॥
ਗੁਰ ਪਰਸਾਦੀ ਦੇਵਣਹਾਰੁ ॥
ਨਾਨਕ ਬਖਸੇ ਬਖਸਣਹਾਰੁ ॥੪॥੪੮॥

ਗੁਰੂ ਸਾਗਰ ਹੈ ਜੋ ਉੱਤਮ ਰਤਨਾਂ ਤੇ ਬੇਅੰਤ ਜਵਾਹਰਾਤ ਦਾ ਪੂਰਾ ਭੰਡਾਰ ਹੈ; (ਇਸ ਭੰਡਾਰ ਵਿਚੋਂ) ਗੁਰੂ (ਅਪਣੀ) ਕ੍ਰਿਪਾ ਨਾਲ (ਜਿਸ ਨੂੰ ਦਾਤ) ਦੇਵਣਹਾਰ ਬਣ ਜਾਂਦਾ ਹੈ, ਹੇ ਨਾਨਕ ! ਬਖਸ਼ਣਹਾਰ (ਪ੍ਰਭੂ) ਉਸ ਨੂੰ ਬਖਸ਼ ਲੈਂਦਾ ਹੈ॥੪॥੯॥੪੮॥

ਵ੍ਯਾਖ੍ਯਾ— ਗੁਰੂ ਬਿਨਾਂ ਭਗਤੀ ਨਹੀਂ ਹੋ ਸਕਦੀ, ਇਹ ਗਲ ਦੱਸੀ ਹੈ; ਫੇਰ ਗੁਰੂ ਦੇ ਭੈ, ਉਪਦੇਸ਼, ਉਸ ਦੇ ਦਿੱਤੇ ਨਾਮ ਤੇ ਉਸ ਤੋਂ ਪ੍ਰਾਪਤ ਨਿਰਮਲਤਾ ਦੁਆਰਾ, ਸਦਾ ਹਜ਼ੂਰੀ ਦਾ ਵਾਸਾ ਤੇ ਵ੍ਯਾਪਕ ਦੀ ਲੱਖਤਾ ਤੇ ਬਖਸ਼ੇ ਜਾਣ ਦਾ ਵਰਣਨ ਹੈ।

ਨਿਰੁਕ੍ਤ— ਅੰਮ੍ਰਿਤ ਸਰਿ—[ਸੰਸ:, ਅੰਮ੍ਰਿਤ (ਅੰਮ੍ਰਿਤ ਰਸ, ਅਵਿਨਾਸ਼ੀ) + ਸਰ: (ਸਰੋਵਰ ਝੀਲ)] ਅੰਮ੍ਰਿਤ ਦਾ ਤਲਾਉ। ਭਾਵ ਸਤਿਸੰਗ ਤੋਂ ਹੈ।

[ਆਸਾ ਮਹਲਾ ੩, ਚਉਪਦਾ—੪੯]

ਪ੍ਰਾਕ੍ਕਥਨ— ਗੁਰੂ ਮਹਿਮਾ ਦਾ ਪਿਛਲੇ ਸ਼ਬਦ ਵਾਲਾ ਵਿਸ਼ਯ ਜਾਰੀ ਹੈ।

ਮੂਲ	ਅਰਥ
ਆਸਾ ਮਹਲਾ ੩ ॥ ਗੁਰੁ ਸਾਇਰੁ ਸਤਿਗੁਰੁ ਸਚੁ ਸੋਇ ॥ ਪੂਰੈ ਭਾਗਿ ਗੁਰ ਸੇਵਾ ਹੋਇ ॥	ਉਹ ਸੱਚ ਸਰੂਪ ਸਤਿਗੁਰੁ ਹੀ (ਅਸਲ ਵਿਚ ਸਭ ਤੋਂ) ਵੱਡ ਸਮੁੰਦਰ ਹੈ, (ਉਸ) ਗੁਰੂ ਦੀ ਸੇਵਾ ਵੱਡੇ ਭਾਗਾਂ ਨਾਲ (ਪ੍ਰਾਪਤ ਹੁੰਦੀ ਹੈ। (ਪਰ ਇਸ ਗੱਲ ਨੂੰ) ਉਹ ਸਮਝਦਾ ਹੈ, ਜਿਸ ਨੂੰ

ਸੋ ਬੂਝੈ ਜਿਸੁ ਆਪਿ ਬੁਝਾਏ ॥ ਗੁਰ ਪਰਸਾਦੀ ਸੇਵ ਕਰਾਏ ॥੧॥ ਗਿਆਨ ਰਤਨਿ ਸਭ ਸੋਝੀ ਹੋਇ॥ ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ ॥੧॥ ਰਹਾਉ ॥

ਆਪ (ਪ੍ਰਭੂ) ਬੁਝਾ ਦੇਂਦਾ ਹੈ, (ਉਸ ਸਮਝੇ ਹੋਏ ਪਾਸੋਂ) ਗੁਰੂ ਦੀ ਕ੍ਰਿਪਾ ਦੁਆਰਾ (ਪ੍ਰਭੂ ਫਿਰ ਅਪਣੀ) ਸੇਵਾ ਕਰਾਉਂਦਾ ਹੈ॥੧॥

(ਇਸ ਤਰ੍ਹਾਂ ਕਿ) ਗੁਰੂ ਦੀ ਕ੍ਰਿਪਾ ਨਾਲ ਅਗਜਾਨ ਦਾ ਨਾਸ਼ ਹੁੰਦਾ ਹੈ (ਤੇ) ਗਜਾਨ ਰੂਪੀ ਰਤਨ (ਪ੍ਰਾਪਤ ਹੁੰਦਾ ਹੈ, ਉਸ ਗਜਾਨ ਰਤਨ ਦੁਆਰਾ) ਸਾਰੀ ਸੋਝੀ (ਪ੍ਰਾਪਤ) ਹੁੰਦੀ ਹੈ; (ਜਿਸ ਕਰਕੇ ਜੀਵ ਜਾਗ ਪਏਗਾ ਤੇ ਫੇਰ) ਹੋਰ ਦਿਨ ਜਾਗਦਾ ਰਹੇਗਾ (ਤੇ) ਉਹ ਸੱਚ (=ਸਤਜ ਸਰੂਪ ਵਾਹਿਗੁਰੂ ਨੂੰ) ਪਿਆ ਵੇਖੇਗਾ॥੧॥ ਰਹਾਉ॥

ਮੋਹੁ ਗੁਮਾਨੁ ਗੁਰ ਸਬਦਿ ਜਲਾਏ ॥ ਪੂਰੇ ਗੁਰ ਤੇ ਸੋਝੀ ਪਾਏ ॥ ਅੰਤਰਿ ਮਹਲੁ ਗੁਰ ਸਬਦਿ ਪਛਾਣੈ ॥ ਆਵਣ ਜਾਣੁ ਰਹੈ ਥਿਰੁ ਨਾਮਿ ਸਮਾਣੇ ॥੨॥

[ਪ੍ਰਸ਼ਨ ਮੋਹ ਤੇ ਹੰਕਾਰ ਆਦਿ ਇਹ ਕੁਛ ਕਰਨ ਨਹੀ ਦੇਂਦੇ, ਉਨ੍ਹਾਂ ਦਾ ਕੀਹ ਉਪਾਉ ਹੈ ? ਉੱਤਰ:] ਮੋਹ ਤ ਅਹੰਕਾਰ ਨੂੰ ਬੀ ਗੁਰੂ ਕੇ ਉਪਦੇਸ ਨਾਲ ਸਾੜ ਦੇਵੇ। [ਕੀਕੂੰ ?] (ਇਸ ਗੱਲ ਦੀ) ਸੋਝੀ ਬੀ ਪੂਰੇ ਗੁਰੂ ਤੋਂ ਪ੍ਰਾਪਤ ਕਰੇ, (ਫੇਰ ਇਸ ਸਰੀਰ ਦੇ) ਅੰਦਰ (ਵਾਹਿਗੁਰੂ ਜੀ ਦਾ) ਸਰੂਪ ਹੈ (ਉਸ ਨੂੰ ਬੀ) ਗੁਰੂ ਦੇ ਉਪਦੇਸ਼ ਦੁਆਰਾ ਪਛਾਣੇ, (ਐਸਾ) ਪੁਰਖ ਜੰਮਣ ਮਰਣ ਥੋਂ ਰਹਿਤ ਹੋ ਜਾਂਦਾ ਹੈ (ਅਤੇ) ਨਾਮੀ ਵਿਚ ਸਮਾਇਆ ਹੋਇਆ ਥਿਰ ਹੋ ਜਾਂਦਾ ਹੈ*॥੨॥

ਜੰਮਣੁ ਮਰਣਾ ਹੈ ਸੰਸਾਰੁ ॥ ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ॥ ਪਰ ਨਿੰਦਾ ਬਹੁ ਕੂੜੁ ਕਮਾਵੈ ॥ ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ ॥੩॥

[ਮਨਮੁਖ] ਮਨਮੁਖ ਗ਼ਾਫ਼ਲ ਹੈ (ਉਸ ਨੂੰ) ਮਾਇਆ ਮੋਹ ਦਾ ਗ਼ੁਬਾਰ (ਪਿਆ ਰਹਿੰਦਾ ਹੈ, ਉਸ ਨੂੰ (ਸੰਸਾਰ (ਅਰਥਾਤ) ਜਮਣ ਮਰਣ (ਵਾਪਰਿਆ ਰਹਿੰਦਾ) ਹੈ। (ਹਾਂ ਉਸ ਨੂੰ)ਪ੍ਰਾਈ ਨਿੰਦਾ (ਦੀ ਮੈਲ ਲੱਗੀ ਰਹਿੰਦੀ ਹੈ ਤੇ ਉਹ)ਬਹੁਤੀ ਕਮਾਈ ਝੂਠ ਦੀ ਕਰਦਾ ਹੈ, (ਸੋ) ਉਹ ਗੰਦ ਦਾ ਕੀੜਾ ਗੰਦ ਵਿਚ ਹੀ ਪਿਆ ਰਹਿੰਦਾ ਹੈ॥੩॥

ਸਤਸੰਗਤਿ ਮਿਲਿ ਸਭ ਸੋਝੀ ਪਾਏ ॥ ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ॥ ਭਾਣਾ ਮੰਨੇ ਸਦਾ ਸੁਖੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥੪॥੧੦॥੪੯॥

[ਮਨਮੁਖ ਦਾ ਇਲਾਜ] (ਮਨਮੁਖ ਬੀ ਜੇ) ਸਤਿਸੰਗਤ ਵਿਚ ਮਿਲ ਪਵੇ ਤਾਂ ਸਾਰੀ ਸੋਝੀ ਪਾ ਲੈਂਦਾ ਹੈ, (ਹਾਂ ਉਸ ਨੂੰ ਬੀ) ਗੁਰੂ ਕਾ ਉਪਦੇਸ਼ ਹਰੀ ਦੀ ਭਗਤੀ ਦ੍ਰਿੜ ਕਰਾ ਦੇਂਦਾ ਹੈ। (ਫੇਰ ਭਗਤ ਹੋਕੇ ਉਹ ਵਾਹਿਗੁਰੂ ਦਾ) ਭਾਣਾ ਮੰਨਦਾ ਹੈ, (ਭਾਣਾ ਮੰਨਣ ਕਰਕੇ ਉਸ ਨੂੰ) ਸਦੈਵੀ ਸੁਖ ਹੋ ਜਾਂਦਾ ਹੈ, ਹੇ ਨਾਨਕ ! ਉਹ (ਫੇਰ) ਸੱਚ (=ਸਤਜ ਸਰੂਪ) ਵਿਚ ਸਮਾ ਜਾਏਗਾ॥੪॥੧੦॥੪੯॥

ਵਜਾਖਜਾ— ਅੰਕ ੨ ਤਕ ਪੂਰੇ ਗੁਰੂ ਦਾ ਵਰਣਨ ਹੈ। ਉਸ ਨੂੰ 'ਗੁਰੁ ਸਾਇਰੁ' = ਵਡਾ ਸਮੁੰਦਰ ਆਖਿਆ ਹੈ, ਕਿਉਂਕਿ ਉਸ ਵਿਚ ਦੈਵੀ ਗੁਣਾਂ ਰੂਪੀ ਤੇ ਆਤਮ ਗਜਾਨ ਰੂਪੀ ਰਤਨ ਭਰੇ ਪਏ ਹੁੰਦੇ ਹਨ। ਯਥਾ:— ਗੁਰੁ ਸਾਗਰੁ ਰਤਨੀ ਭਰਪੂਰੇ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥

[ਧਨਾਸਰੀ ਮਹਲਾ ੧, ਅਸਟ :—੧]

*ਥਿਰੁ ਪਾਰਬ੍ਰਹਮ ਪਰਮੇਸਰੋ ਸੇਵਕੁ ਥਿਰੁ ਹੋਸੀ।। [ਵਾਰ ਮਾਰੂ ਡਖਣੇ ਮ: ੫—੧੮]

ਰਹਾਉ ਵਿਚ ਦੱਸਿਆ ਕਿ ਉਸ ਵਡੇ ਸਾਗਰ—ਗੁਰੂ—ਤੋਂ ਰਤਨ ਪ੍ਰਾਪਤ ਹੁੰਦਾ ਹੈ, ਇਹ ਰਤਨ ਗਜ਼ਾਨ ਰੂਪੀ ਹੈ, ਜਿਸ ਨਾਲ ਸਭ ਸੋਝੀ ਹੋ ਜਾਂਦੀ ਹੈ, ਸਾਰੇ ਅਵਗੁਣ ਦੂਰ ਹੋ ਜਾਂਦੇ ਹਨ ਤੇ ਕੋਈ ਪ੍ਰਾਪਤੀ ਅਪ੍ਰਾਪਤ ਨਹੀਂ ਰਹਿੰਦੀ। ਅੰਕ ੩ ਵਿਚ ਸਨਮੁਖ ਦਾ ਰੂਪ ਤੇ ਅੰਤ ਦੱਸਿਆ ਹੈ। ਅੰਕ ੪ ਵਿਚ ਉਸ ਦੀ ਕਲਜਾਣ ਦਾ ਉਪਾ ਦੱਸਿਆ ਹੈ।

ਨਿਰੁਕ੍ਤ—ਗੁਰੁ—[ਸੰਸ:,] ਭਾਰਾ, ਮਹਾਨ, ਵੱਡਾ। ਇਹ ਪਦ ਏਥੇ ਸਾਗਰ ਦਾ ਵਿਸ਼ੇਸ਼ਣ ਹੈ ਤੇ ਅਰਥ ਹੈ—ਵਡਾ।　　**ਅਨਦਿਨੁ**—ਹਰ ਦਿਨ; ਰੋਜ਼, ਸਦਾ।

ਗੁਮਾਨੁ—[ਫਾ:,] ਅਹੰਕਾਰ।　　**ਨਾਮਿ**— ਨਾਮੀ,ਜਿਸ ਦਾ ਨਾਮ ਜਪੀਦਾ ਹੈ। ਪਰਮੇਸ਼ੁਰ।

ਅਚੇਤੁ—ਗ਼ਾਫ਼ਲ। ਬੇਖ਼ਬਰ।　　**ਵਿਸ਼ਟਾ**—ਗੰਦਾ। ਗੰਦਗੀ।

ਸਮਾਵੈ—ਸਮਾਉਂਦਾ ਹੈ, ਭਾਵ ਹੈ ਕਿ ਗੰਦ ਵਿਚ ਹੀ ਪਿਆ ਰਹਿੰਦਾ ਹੈ।

[ਆਸਾ ਮਹਲਾ ੩, ਚਉਪਦਾ—੫੦]

ਪ੍ਰਾਕ੍ਕਥਨ—ਸਤਿਗੁਰ, ਨਾਮ, ਮੇਹਰ ਆਦਿ ਬਿਨਾਂ ਕਲਜਾਣ ਨਹੀਂ ਹੁੰਦੀ।

ਮੂਲ	ਅਰਥ
ਆਸਾ ਮਹਲਾ ੩ ਪੰਚਪਦੇ ॥ ਸਬਦਿ ਮਰੈ ਤਿਸੁ ਸਦਾ ਅਨੰਦ ॥ ਸਤਿਗੁਰ ਭੇਟੇ ਗੁਰ ਗੋਬਿੰਦ ॥ ਨਾ ਫਿਰਿ ਮਰੈ ਨ ਆਵੈ ਜਾਇ ॥ ਪੂਰੇ ਗੁਰ ਤੇ ਸਾਚਿ ਸਮਾਇ ॥੧॥	(ਜੋ ਕੋਈ ਅਹੰ ਭਾਵ ਤੋਂ) ਸ਼ਬਦ ਦੁਆਰਾ ਮਰ ਜਾਏ ਉਸ ਨੂੰ ਸਦਾ ਅਨੰਦ (ਪ੍ਰਾਪਤ ਹੋ ਜਾਂਦਾ ਹੈ)। ਸਤਿਗੁਰੂ ਗੋਬਿੰਦ ਰੂਪ ਹੈ (ਉਸੇ) ਗੁਰੂ ਨੂੰ ਮਿਲਿਆਂ (ਸ਼ਬਦ ਪ੍ਰਾਪਤ ਹੁੰਦਾ ਹੈ, ਐਸਾ ਜੀਵਤ ਮਰਿਆ ਪੁਰਖ) ਮੁੜਕੇ ਨਹੀਂ ਮਰਦਾ, ਨਾ ਉਸ ਦਾ (ਫੇਰ) ਕਦੇ ਜਨਮ ਮਰਨ ਹੁੰਦਾ ਹੈ; (ਉਹ) ਪੂਰੇ ਗੁਰੂ ਦੁਆਰਾ ਸੱਚ (ਸਤਜ ਸਰੂਪ) ਵਿਚ ਸਮਾ ਜਾਂਦਾ ਹੈ॥੧॥
ਜਿਨ੍ ਕਉ ਨਾਮੁ ਲਿਖਿਆ ਧੁਰਿ ਲੇਖੁ॥ ਤੇ ਅਨਦਿਨੁ ਨਾਮੁ ਸਦਾ ਧਿਆਵਹਿ ਗੁਰ ਪੂਰੇ ਤੇ ਭਗਤਿ ਵਿਸੇਖੁ ॥੧॥ ਰਹਾਉ ॥	(ਹਾਂ) ਜਿਨ੍ਹਾਂ ਨੂੰ ਧੁਰੋਂ ਲਿਖਿਆ ਨਾਮ ਦਾ ਲੇਖ (ਪ੍ਰਾਪਤ ਹੁੰਦਾ ਹੈ) ਓਹੀ ਹਰ ਦਿਨ (ਭਾਵ) ਸਦਾ ਨਾਮ ਧਿਆਉਂਦੇ ਹਨ (ਪਰ ਇਹ) ਵਧੀਆ ਭਗਤੀ (ਉਨ੍ਹਾਂ ਨੂੰ ਪ੍ਰਾਪਤ) ਪੂਰੇ ਗੁਰੂ ਤੋਂ ਹੀ ਹੁੰਦੀ ਹੈ॥੧॥ਰਹਾਉ॥
ਜਿਨ੍ ਕਉ ਹਰਿ ਪ੍ਰਭੁ ਲਏ ਮਿਲਾਇ ॥ ਤਿਨ੍ ਕੀ ਗਹਣ ਗਤਿ ਕਹੀ ਨ ਜਾਇ॥ ਪੂਰੇ ਸਤਿਗੁਰ ਦਿਤੀ ਵਡਿਆਈ ॥ ਊਤਮ ਪਦਵੀ ਹਰਿ ਨਾਮਿ ਸਮਾਈ ॥੨॥	(ਇਸ ਪ੍ਰਕਾਰ) ਹਰੀ ਪ੍ਰਭੂ ਜਿਨ੍ਹਾਂ ਨੂੰ (ਅਪਣੇ ਨਾਲ) ਮਿਲਾ ਲੈਂਦਾ ਹੈ, ਉਨ੍ਹਾਂ ਦੀ ਕਠਨ ਗਤੀ ਕਹੀ ਨਹੀਂ ਜਾ ਸਕਦੀ (ਹਰੀ ਪ੍ਰਭੂ ਨੂੰ ਮਿਲਨੇ ਦੀ ਇਹ) ਵਡਿਆਈ (ਉਨ੍ਹਾਂ ਨੂੰ) ਪੂਰੇ ਸਤਿਗੁਰੂ ਨੇ ਹੀ ਦਿੱਤੀ ਸੀ, (ਹਾਂ ਇਹ) ਉੱਤਮ ਪਦਵੀ (ਉਨ੍ਹਾਂ ਨੂੰ ਗੁਰੂ ਦੇ ਦਿੱਤੇ) ਹਰੀ ਨਾਮ ਵਿਚ ਸਮਾਈ ਨਾਲ (ਮਿਲੀ ਸੀ)॥੨॥
ਜੋ ਕਿਛੁ ਕਰੇ ਸੁ ਆਪੇ ਆਪਿ ॥ ਏਕ ਘੜੀ ਮਹਿ ਥਾਪਿ ਉਥਾਪਿ ॥	ਜੋ ਕੁਛ ਕਰਦਾ ਹੈ ਉਹ (ਹਰੀ ਪ੍ਰਭੂ) ਅਪਣੇ ਆਪ ਕਰਦਾ ਹੈ, ਇਕ ਘੜੀ ਵਿਚ ਬਣਾ ਦੇਂਦਾ ਹੈ (ਇਕ ਘੜੀ ਵਿਚ) ਢਾਹ ਦੇਂਦਾ ਹੈ। (ਪਰ ਜੇ ਕੋਈ ਕਿਸੇ ਹੋਰ ਤਰ੍ਹਾਂ ਨਾਲ ਹੁੰਦਾ*)

*ਭਾਵ—ਆਪੇ ਆਪ ਹਰੀ ਨਹੀਂ ਕਰਦਾ, ਪਰ ਹੋਰ ਕਿਸੇ ਤਰ੍ਹਾਂ ਹੁੰਦਾ ਹੈ ਤਾਂ ਐਸਾ ਕਹਿਣ ਵਾਲਾ ਗ਼ਲਤੀ ਤੇ ਹੁੰਦਾ ਹੈ, ਉਹ ਅਪਣੇ ਕਹੇ ਦੀ ਕਮਾਈ ਕਰਕੇ ਦੇਖ ਲਵੇ, ਨੇਪਰੇ ਨਹੀਂ ਚੜ੍ਹੇਗਾ।

ਕਹਿ ਕਹਿ ਕਹਣਾ ਆਖਿ ਸੁਣਾਏ ॥ ਜੇ ਸਉ ਘਾਲੇ ਥਾਇ ਨ ਪਾਏ ॥੩॥	ਕਹਿ ਕਹਿ ਕੇ ਤੇ ਵਜਾਖਜਾ ਕਰ ਕਰ ਸੁਣਾਏ, ਭਾਵੇਂ ਸਉ ਤਰ੍ਹਾਂ ਕਰਕੇ (ਦੇਖ ਲਵੇ) ਟਿਕਾਣੇ ਨਹੀ ਅੱਪੜੇਗਾ॥ ੩॥
ਜਿਨ੍ ਕੈ ਪੋਤੈ ਪੁੰਨੁ ਤਿਨ੍ਾ ਗੁਰੂ ਮਿਲਾਏ॥ ਸਚੁ ਬਾਣੀ ਗੁਰੁ ਸਬਦੁ ਸੁਣਾਏ ॥ ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ ॥ ਗਿਆਨਿ ਰਤਨਿ ਸਾਚੈ ਸਹਜਿ ਸਮਾਏ ॥੪॥	ਜਿਨ੍ਹਾਂ ਦੀ (ਪਿਛਲੀ ਕੀਤੀ ਕਮਾਈ ਦੇ) ਖ਼ਜ਼ਾਨੇ ਵਿਚ ਪੁੰਨ ਹੁੰਦਾ ਹੈ, ਉਨ੍ਹਾਂ ਨੂੰ (ਹਰੀ ਪ੍ਰਭੂ) ਗੁਰੂ ਮਿਲਾ ਦੇਂਦਾ ਹੈ, ਗੁਰੂ (ਉਨ੍ਹਾਂ ਨੂੰ) ਉਪਦੇਸ਼ ਤੇ ਸੱਚੀ ਬਾਣੀ ਸੁਣਾ ਦੇਂਦਾ ਹੈ, (ਸੁਣਕੇ) ਜਿਨ੍ਹਾਂ (ਦੇ ਹਿਰਦੇ) ਵਿਚ ਸ਼ਬਦ ਵੱਸ ਜਾਂਦਾ ਹੈ, ਓਥੋਂ ਦੁਖ ਦੂਰ ਹੋ ਜਾਂਦਾ ਹੈ (ਤੇ ਗਯਾਨ ਪ੍ਰਗਟ ਹੋ ਜਾਂਦਾ ਹੈ, ਉਸ) ਗਯਾਨ ਰਤਨ ਦੁਆਰਾ (ਓਹ) ਸਹਜੇ ਹੀ ਸੱਚ (=ਸਤਯ ਸਰੂਪ) ਵਿਚ ਸਮਾ ਜਾਂਦੇ ਹੈਨ॥ ੪॥
ਨਾਵੈ ਜੇਵਡੁ ਹੋਰੁ ਧਨੁ ਨਾਹੀ ਕੋਇ ॥ ਜਿਸ ਨੋ ਬਖਸੇ ਸਾਚਾ ਸੋਇ ॥ ਪੂਰੈ ਸਬਦਿ ਮੰਨਿ ਵਸਾਏ ॥ ਨਾਨਕ ਨਾਮਿ ਰਤੇ ਸੁਖੁ ਪਾਏ ॥੫॥੧੧॥੫੦॥	ਕੋਈ ਹੋਰ ਧਨ ਨਾਮ ਜੇਹਾ ਵੱਡਾ ਨਹੀਂ ਹੈ,(ਪਰ ਇਹ ਪ੍ਰਾਪਤ ਉਸ ਨੂੰ ਹੁੰਦਾ ਹੈ) ਜਿਸ ਨੂੰ ਉਹ ਸੱਚਾ(ਹਰੀ ਪ੍ਰਭੂ) ਬਖਸ਼ਦਾ ਹੈ। [ਸਿੱਧਾਂਤ]—(ਜੋ ਕੋਈ ਕਲਯਾਣ ਚਾਹੁੰਦਾ ਹੈ ਉਹ) ਪੂਰੇ (ਗੁਰੂ ਦੇ) ਸ਼ਬਦ ਦੁਆਰਾ (ਨਾਮ ਨੂੰ) ਮਨ ਵਿਚ ਵਸਾਏ, ਹੇ ਨਾਨਕ ! ਓਹ ਨਾਮ ਵਿਚ ਰੱਤਿਆਂ ਰਹਿਕੇ (ਆਤਮ--) ਸੁਖ ਪਾਏਗਾ॥ ੫॥ ੧੧॥ ੫੦॥

ਵਜੋਖਜਾ—ਅੰਕ੧— ਸ਼ਬਦ ਦੁਆਰਾ ਮਰਨੇ ਨਾਲ, ਜੋ ਸ਼ਬਦ ਕਿ ਗੁਰੂ ਤੋਂ ਪ੍ਰਾਪਤ ਹੁੰਦਾ ਹੈ, ਅਮਰ ਪਦਵੀ—ਵਾਹਿਗੁਰੂ—ਤੋਂ ਮਿਲਦੀ ਹੈ। ਪੂਰਾ ਗੁਰੂ ਨਾਮ ਵਿਚ ਲਾ ਕੇ ਇਸ ਪਦ ਤੇ ਪਹੁੰਚਾਉਂਦਾ ਹੈ।

ਰਹਾਉ— ਲਗਾਤਾਰ ਨਾਮ ਦਾ ਜਾਰੀ ਹੋਣਾ ਵਿਸ਼ੇਸ਼ ਭਗਤੀ ਹੈ, ਸਭ ਤੋਂ ਵਧੀਆ ਤੇ ਉੱਚੀ ਹੈ, ਇਹ ਨਾਮ ਉਹਨਾਂ ਨੂੰ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਨੂੰ ਧੁਰੋਂ ਲਿਖਿਆ ਹੁੰਦਾ ਹੈ।

ਅੰਕ ੨— ਇਸ ਹਰੀ ਨਾਮ ਨੂੰ ਜਪਦਿਆਂ ਜਦ ਇਸ ਵਿਚ ਸਮਾ ਜਾਈਦਾ ਹੈ ਤਾਂ ਇਹ ਉੱਤਮ ਪਦਵੀ ਮਿਲਦੀ ਹੈ ਕਿ ਹਰੀ ਪ੍ਰਭੂ ਅਪਣੇ ਨਾਲ ਮੇਲ ਲੈਂਦਾ ਹੈ, ਇਸ ਪਦਵੀ ਪ੍ਰਾਪਤ ਪੁਰਖ ਦੀ ਗਤੀ ਵਰਣਨ ਨਹੀਂ ਹੋ ਸਕਦੀ, ਉਹ ਕਹਿਣੀ ਕਠਨ ਹੁੰਦੀ ਹੈ; ਭਾਵ ਹੈ ਉਹ ਅਕਹ ਸ਼ੁਭ ਦਸ਼ਾ ਨੂੰ ਪ੍ਰਾਪਤ ਹੁੰਦਾ ਹੈ।

ਅੰਕ ੩ ਵਿਚ ਦੱਸਦੇ ਹਨ ਕਿ ਪ੍ਰਭੂ ਸਰਬ ਸ਼ਕਤੀਮਾਨ ਹੈ, ਉਹ ਘੜੀ ਵਿਚ ਸਾਜਦਾ ਤੇ ਨਾਸ਼ ਕਰ ਸਕਦਾ ਹੈ, ਸੋ ਇਹ ਸ਼ੰਕਾ ਨਾ ਕਰੋ ਕਿ ਓਹ ਨਾਮ ਕਿਉਂ ਆਪਣੀ ਖ਼ੁਸ਼ੀ ਨਾਲ ਦੇਂਦਾ ਹੈ, ਇਹ ਕਹਿਣਾ ਉਸ ਦੀ ਸ਼ਕਤੀ ਨੂੰ ਹੱਦ ਵਿਚ ਕਰਨਾ ਹੈ।ਜੇ ਕੋਈ ਆਖੇ ਕਿ ਇਉਂ ਨਹੀਂ ਹੋਰਵੇਂ ਹੈ, ਸੋ ਉਹ ਜਿਵੇਂ ਕਹੇ ਉਸ ਨੂੰ ਕਰਕੇ ਦੇਖ ਲਵੇ, ਹਰੀ ਦੀ ਪ੍ਰਾਪਤੀ ਵਿਚ ਕਾਮਯਾਬ ਨਹੀਂ ਹੋਵੇਗਾ।

ਅੰਕ ੪ਵਿਚ ਉਹੋ ਗਲ ਕਹੀ ਹੈ,ਪਹਿਲੋਂ ਕਿਹਾ ਸੀ ਜਿਨ੍ਹਾਂ ਦੇ ਲੇਖਾਂ ਵਿਚ ਲਿਖਿਆ ਹੈ ਉਹਨਾਂ ਨੂੰ ਪ੍ਰਾਪਤੀ ਹੁੰਦੀ ਹੈ, ਹੁਣ ਅੰਕ ੪ ਵਿਚ ਦੱਸਦੇ ਹਨ ਕਿ ਜਿਨ੍ਹਾਂ ਦੇ ਪਿਛਲੇ ਕੀਤੇ ਪੁੰਨ ਹੋਣ ਉਹਨਾਂ ਨੂੰ ਪ੍ਰਾਪਤੀ ਹੁੰਦੀ ਹੈ। ਦੋ ਅੰਕਾਂ ਵਿਚ 'ਪੋਤੈ ਪੁੰਨ' ਤੇ 'ਧੁਰ ਲੇਖ' ਦੱਸ ਕੇ ਦੋਹਾਂ ਦੀ ਯੋਜਨਾ ਜਣਾਈ ਹੈ ਕਿ ਕੀਤੇ ਪੁੰਨਾਂ ਕਰਕੇ ਲੇਖ ਲਿਖੇ ਜਾਂਦੇ ਹਨ। ਅੰਕ ਤਿੰਨ ਵਿਚ ਜੋ ਜਣਾਇਆ ਸੋ ਇਹ ਸੀ ਕਿ ਕਰਮਾਂ ਯਾ ਪੁੰਨਾਂ ਕਰਕੇ ਈਸ਼੍ਰਰ ਦੀ ਸਰਬ ਸ਼ਕਤੀ ਮਾਨਤਾ ਹੱਦ ਬੰਦੀ ਵਿਚ ਨਹੀਂ ਆਜਾਂਦੀ, ਉਹ ਸ੍ਵਛੰਦ ਵਰਤਦੀ ਹੈ।

ਅੰਕ ੫ ਵਿਚ ਸਿੱਧਾਂਤ ਦੀ ਗਲ ਕਹੀ ਹੈ ਕਿ ਨਾਮ ਸਭ ਤੋਂ ਉੱਤਮ ਵਸਤੂ ਹੈ, ਸਾਰੀਆਂ ਪ੍ਰਾਪਤੀਆਂ ਦਾ ਮੂਲ ਪ੍ਰਯਤਨ ਨਾਮ ਹੈ।

ਨਿਰੁਕ੍ਤ—**ਵਿਸੇਖੁ**—[ਸੰਸ:, ਵਿਸੇਖ਼=ਵੱਧੀਆ, ਖ਼ਾਸ।੨.ਬਾਕੀ।੩.ਉੱਤਮ ਆਦਿ] ਵਧੀਆ

ਉੱਤਮ, ਚੰਗ ਚੰਗੇਰੀ। **ਗਹਣ ਗਤਿ**—[ਸਸ਼:, ਗਹਨ (=ਗਹਿਰਾ, ਗੰਭੀਰ)+ਗਤਿ=ਚਾਲ ਹਾਲਤ] ਗੰਭੀਰ ਦਸ਼ਾ, ਰਹਸਜਮਈ ਹਾਲਤ, ਭਾਵ ਹੈ ਕਿ ਉਹਨਾਂ ਦੀ ਗਤੀ ਸਮਝਣਾ ਕਠਿਨ ਹੈ।

ਥਾਪਿ—ਥਾਪਣਾ, ਉਸਾਰਨਾ, ਬਨਾਉਣਾ। **ਉਥਾਪਿ**—ਢਾਹੁਣਾ, ਤੋੜਨਾ।

ਪੋਤੈ—[ਫਾ:, ਪੋਤਹ] ਖ਼ਜ਼ਾਨਾ।

[ਆਸਾ ਮਹਲਾ ੩, ਚਉਪਦਾ—੫੧]

ਪ੍ਰਾਕਥਨ—ਰਾਸ ਲੀਲਾ ਜੋ ਆਮ ਪੈਂਦੀਆਂ ਸਨ ਤੇ ਹੁਣ ਬੀ ਹਨ, ਉਹਨਾਂ ਦੀ ਨਿਸ਼ਫਲਤਾ ਦਰਸਾਈ ਹੈ ਕਿ ਭਗਤੀ ਭਾਵ ਵਾਲੀਆਂ ਨਹੀਂ ਹਨ, ਉਹਨਾਂ ਦੇ ਟਾਕਰੇ ਤੇ ਅਸਲੀ ਭਗਤੀ ਤੇ ਗਜਾਨ ਪ੍ਰਦਾਤੀ ਰਾਸ ਨਿਰੂਪਣ ਕੀਤੀ ਹੈ।

ਮੂਲ	ਅਰਥ
ਆਸਾ ਮਹਲਾ ੩ ॥ **ਨਿਰਤਿ ਕਰੇ ਬਹੁ ਵਾਜੇ ਵਜਾਏ ॥ ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ ॥ ਅੰਤਰਿ ਲੋਭੁ ਭਰਮੁ ਅਨਲ ਵਾਉ ॥ ਦੀਵਾ ਬਲੈ ਨ ਸੋਝੀ ਪਾਇ ॥੧॥**	[ਰਾਸਧਾਰੀਆਂ ਦੀ ਰਾਸ] (ਦੱਸੋ ਇਹ ਰਾਸਧਾਰੀਆ ਜੋ) ਬਹੁਤ (ਪ੍ਰਕਾਰ ਦੇ) ਵਾਜੇ ਵਜਾਉਂਦਾ ਹੈ (ਨਾਲ) ਨਾਚ ਕਰਦਾ ਹੈ (ਤੇ ਮੂੰਹੋਂ ਬੀ ਵਾਕ) ਗਾ ਗਾ ਕੇ ਸੁਣਾਉਂਦਾ ਹੈ ਇਹ ਕਿਸ ਨੂੰ (ਸੁਣਾਉਂਦਾ ਹੈ ਕਿਉਂਕਿ ਇਸ ਦਾ) ਇਹ (ਕੌਤਕ ਕਰਨ ਵਾਲਾ) ਮਨ ਤਾਂ ਅੰਨ੍ਹਾਂ ਹੈ ਤੇ ਬੋਲਾ ਹੈ। (ਕਿਵੇਂ ਅੰਨ੍ਹਾਂ ਬੋਲਾ ਹੈ? (ਉੱਤਰ:) (ਇਸ ਦੇ)ਅੰਦਰ ਲੋਭ (ਰੂਪੀ) ਅੱਗ ਹੈ(ਜੋ ਭੜ ਭੜ ਬਲਦੀ ਵਿਹਤ ਅਵਿਹਤ ਦੀ ਸੱਦ ਨਹੀ ਸੁਣਨ ਦੇਂਦੀ ਤੇ) ਭਰਮ (ਰੂਪੀ) ਹਵਾ (ਝੁੱਲਦੀ ਹੈ ਜਿਸ ਕਰਕੇ ਗਜਾਨ ਰੂਪੀ) ਦੀਵਾ ਬਲਣਾ ਹੀ ਨਹੀਂ ਪਾਉਂਦਾ (ਸੋ ਇਸ ਨੂੰ) ਕੋਈ ਸੋਝੀ (ਸਤਿ ਅਸਤਿ ਦੀ ਬੀ) ਨਹੀਂ ਪੈਂਦੀ॥੧॥
ਗੁਰਮੁਖਿ ਭਗਤਿ ਘਟਿ ਚਾਨਣੁ ਹੋਇ ॥ ਆਪੁ ਪਛਾਣਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥	[ਸੱਚੀ ਭਗਤੀ ਦੀ ਸੱਚੀ ਰਾਸ] ਗੁਰਮੁਖਾਂ ਦੀ (ਭਗਤੀ=) ਰਾਸ ਪਾਉਣੀ (ਇਹ ਹੈ ਕਿ ਕਿਵੇਂ ਅਪਣੇ) ਹਿਰਦੇ ਵਿਚ (ਗਜਾਨਰੂਪੀ) ਚਾਨਣਾ ਹੋ ਜਾਏ (ਜਿਸ ਨਾਲ ਪਹਿਲੋਂ) ਆਪਾ ਪਛਾਣ ਹੋ ਜਾਏ (ਤੇ ਫੇਰ) ਪ੍ਰਭੂ ਨੂੰ ਮਿਲ ਪਵੇ॥੧॥ਰਹਾਉ॥
ਗੁਰਮੁਖਿ ਨਿਰਤਿ ਹਰਿ ਲਾਗੈ ਭਾਉ ॥ ਪੂਰੇ ਤਾਲ ਵਿਚਹੁ ਆਪੁ ਗਵਾਇ ॥ ਮੇਰਾ ਪ੍ਰਭੁ ਸਾਚਾ ਆਪੇ ਜਾਣੁ ॥ ਗੁਰ ਕੈ ਸਬਦਿ ਅੰਤਰਿ ਬ੍ਰਹਮੁ ਪਛਾਣੁ ॥੨॥	ਗੁਰਮੁਖ (ਪੈਰਾਂ ਨਾਲ ਨਹੀ ਨੱਚਦੇ ਉਨ੍ਹਾਂ) ਦੀ ਨਿਰਤਕਾਰੀ (ਇਹ ਹੈ ਕਿ) ਪ੍ਰਭੂ (ਅਪਣੇ) ਨਾਲ ਪ੍ਰੇਮ ਲਗ ਜਾਵੇ। (ਗੁਰਮੁਖਾਂ ਦੀ) ਤਾਲ ਪੂਰਨਾ (ਇਹ ਹੈ ਕਿ ਮਨ) ਵਿਚੋਂ ਆਪਾ ਭਾਵ (=ਹਉਮੈ) ਗੁਆਚ ਹੋ ਜਾਵੇ (ਅਤੇ ਇਹ ਧਾਰਨਾ ਅੰਦਰ ਟਿਕ ਜਾਵੇ ਕਿ) ਮੇਰਾ ਪ੍ਰਭੂ ਸੱਤਜ ਸਰੂਪ ਹੈ (ਤੇ ਓਹ ਮੇਰੀ ਹਰ ਪ੍ਰਕਾਰ ਦੀ ਬਿਧੀ ਨੂੰ) ਆਪੇ ਜਾਣਦਾ ਹੈ। (ਐਉ ਗੁਰਮੁਖ) ਗੁਰੂ ਦੇ ਸ਼ਬਦ ਦੁਆਰਾ (ਅਪਣੇ) ਅੰਦਰ ਹੀ ਬ੍ਰਹਮ ਨੂੰ ਪਛਾਣ ਲੈਂਦਾ ਹੈ॥੨॥
ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ॥ ਗੁਰ ਕਾ ਸਬਦੁ ਸਹਜਿ ਵੀਚਾਰੁ ॥	(ਫੇਰ) ਗੁਰਮੁਖ ਦੀ (ਭਗਤੀ-) ਰਾਸ ਪਾਉਣੀ (ਇਹ ਨਹੀ ਕਿ ਆਪ ਨੂੰ ਬ੍ਰਹਮ ਕਹਿ ਕੇ ਪੱਥਰ ਜੇਹਾ ਹੋ ਜਾਏ ਸਗੋ ਉਸ ਦੇ ਅੰਦਰ (ਬ੍ਰਹਮ ਨਾਲ) ਪ੍ਰੀਤਿ (ਅਤੇ ਉਸ ਦੀ ਸਾਜੀ ਨਾਲ ਪਿਆਰ ਹੋਵੇਗਾ, ਅਤੇ ਗੁਰੂ ਕੇ ਸ਼ਬਦ ਦਾ ਸਹਜ ਵਿਚ

ਗੁਰਮੁਖਿ ਭਗਤਿ ਜੁਗਤਿ ਸਚੁ ਸੋਇ॥
ਪਾਖੰਡਿ ਭਗਤਿ ਨਿਰਤਿ ਦੁਖੁ ਹੋਇ ॥੩॥

ਵੀਚਾਰ(ਉਸਦੇ ਅੰਦਰ ਟਿਕਿਆ ਰਹੇਗਾ। ਫੇਰ ਦੇਖੋ) ਗੁਰਮੁਖ ਦੀ ਰਾਸ ਉਹ ਹੈ (ਜੋ ਉਪਰ ਕਥਨ ਕੀਤੇ) ਸੱਚ ਨਾਲ ਯੁਕਤ ਹੁੰਦੀ ਹੈ (ਭਾਵ ਉਪਰ ਦੱਸੇ ਸਤਜ ਨਾਲ ਸਦਾ ਜੁੜੀ ਰਹਿੰਦੀ ਹੈ। ਇਸ ਦੇ ਉਲਟ) ਪਾਖੰਡ ਦੀ ਰਾਸ ਨਾਲ ਨਾਚ (ਜੋ ਰਾਸ ਧਾਰੀਏ ਪਾਉਂਦੇ ਹਨ, ਉਸ ਤੋਂ) ਦੁਖ ਪ੍ਰਾਪਤ ਹੁੰਦਾ ਹੈ)॥੩॥

ਏਹਾ ਭਗਤਿ ਜਨੁ ਜੀਵਤ ਮਰੈ ॥
ਗੁਰ ਪਰਸਾਦੀ ਭਵਜਲੁ ਤਰੈ ॥
ਗੁਰ ਕੈ ਬਚਨਿ ਭਗਤਿ ਥਾਇ ਪਾਇ॥
ਹਰਿ ਜੀਉ ਆਪਿ ਵਸੈ ਮਨਿ ਆਇ॥੪॥

(ਗੱਲ ਕੀਹ) ਇਹੋ (ਸੱਚੀ) ਰਾਸ ਹੈ (ਕਿ ਵਾਹਿਗੁਰੂ ਦਾ) ਜਨ ਜਾਉਂਦਿਆਂ ਮਰ ਜਾਏ (ਅਰਥਾਤ ਹਉਮੈ ਜਿੱਤ ਲਵੇ ਤੇ) ਗੁਰੂ ਦੀ ਕਿਰਪਾ ਨਾਲ ਭਉਜਲ ਨੂੰ ਤਰ ਨਿਕਲੇ, ਗੁਰੂ ਦੇ ਬਚਨ ਨਾਲ (ਇਹ) ਭਗਤੀ ਕਬੂਲ ਪੈਂਦੀ ਹੈ ਤੇ ਪ੍ਰਭ ਜੀਉ ਆਪ (ਭਗਤ ਦੇ) ਹਿਰਦੇ ਵਿਚ ਆ ਵਸਦਾ ਹੈ॥੪॥

ਹਰਿ ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥
ਨਿਹਚਲ ਭਗਤਿ ਹਰਿ ਸਿਉ ਚਿਤੁ ਲਾਏ ॥
ਭਗਤਿ ਰਤੇ ਤਿਨ੍ ਸਚੀ ਸੋਇ ॥
ਨਾਨਕ ਨਾਮਿ ਰਤੇ ਸੁਖੁ ਹੋਇ ॥੫॥੧੨॥੫੧॥

(ਸਿੱਟਾ) (ਮੂਲਕ ਗਲ ਇਹ ਹੈ ਕਿ) ਹਰੀ (ਆਪ) ਕ੍ਰਿਪਾ ਕਰੇ ਤੇ ਸਤਿਗੁਰੂ ਮਿਲ ਦੇਵੇ, (ਫੇਰ ਗੁਰੂ ਹਰੀ ਨਾਲ) ਅਟੱਲ ਭਗਤੀ (ਲੁਆ ਦੇਵੇ ਐਸੀ ਕਿ ਸਦੀਵ) ਹਰੀ ਨਾਲ ਮਨ ਜੁੜਿਆ ਹੀ ਰਹੇ। (ਜੋ ਇਸ ਸੱਚੀ) ਭਗਤੀ ਵਿਚ ਰੰਗੇ ਜਾਂਦੇ ਹਨ ਉਨ੍ਹਾਂ ਦੀ ਸ਼ੋਭਾ ਸੱਚੀ ਹੁੰਦੀ ਹੈ (ਭਾਵ ਉਨ੍ਹਾਂ ਦੀ ਸ਼ੋਭਾ ਸਦੈਵੀ ਤੇ ਅਸਲੀ ਹੁੰਦੀ ਹੈ ਅਤੇ ਉਨ੍ਹਾਂ ਨੂੰ) ਨਾਮ ਵਿਚ ਰੱਤੇ ਰਹਿਣ ਕਰਕੇ, ਹੇ ਨਾਨਕ ! (ਸਦੈਵੀ—) ਸੁਖ ਪ੍ਰਾਪਤ ਹੁੰਦਾ ਹੈ॥੫॥੧੨॥੫੧॥

ਵਯਾਖਯਾ— ਰਾਸ਼ਧਾਰੀਆਂ ਦੀ ਰਾਸ ਸੱਚੀ ਭਗਤੀ ਨਹੀ ਹੈ। ਸੱਚੀ ਭਗਤੀ ਹੋਰ ਸ਼ੈ ਹੈ। ਇਸ ਗਲ ਦਾ ਨਿਰੂਪਣ ਇਸ ਸ਼ਬਦ ਵਿਚ ਹੈ। ਇਸ ਜਗਤ ਵਿਚ ਇਕ ਅਚਰਜ ਖੇਡ ਵਰਤਦੀ ਹੈ ਕਿ ਉੱਤਮ ਭਾਵਾਂ ਨਾਲ ਕੀਤੀਆਂ ਗਲਾਂ ਮੈਲੇ ਭਾਵਾਂ ਵਾਲਿਆਂ ਹਥ ਜਾ ਕੇ ਮੈਲੀਆਂ ਹੋ ਜਾਂਦੀਆਂ ਹਨ।

ਪੁਰਾਤਣ ਸਮਿਆਂ ਤੋਂ ਸ੍ਰੀ ਕ੍ਰਿਸ਼ਨ ਜੀ ਸ੍ਰੀ ਰਾਮ ਜੀ ਦੇ ਜੀਵਨ ਵਾਕਿਆਤ ਨੂੰ ਉਸੇ ਤਰ੍ਹਾਂ ਹੁੰਦੇ ਵੇਖਣ ਦਾ ਸ਼ੌਂਕ ਰਾਸ ਲੀਲਾ ਦਾ ਜਨਮ ਦਾਤਾ ਹੋਇਆ। ਇਸ ਦੇ ਸੰਚਾਲਕ ਭਗਤ ਜਨ ਸਨ, ਜਿਨ੍ਹਾਂ ਦੇ ਅੰਦਰ ਅਪਣੇ ਬਜ਼ੁਰਗਾਂ ਨਾਲ ਪ੍ਰੇਮ ਸੀ ਤੇ ਸੰਚਾਲਕ ਆਪ ਸੁੱਛ ਜੀਵਨਾਂ ਵਾਲੇ ਸਨ ਤੇ ਭਗਤੀ ਭਾਵ ਵਾਲੇ ਸੁੱਛ ਜਨ ਰਾਸ ਲੀਲਾ ਤੇ ਪਾਤ੍ਰ ਬਣਦੇ ਹੁੰਦੇ ਹਨ। ਪਰ ਸਮਾ ਪਾ ਕੇ ਇਹ ਸ਼ੈ ਬੀ ਅਪਣੇ ਉਸੇ ਅੰਤ ਨੂੰ ਪ੍ਰਾਪਤ ਹੋਈ ਤੇ ਆਮ ਨਾਟਕਾਂ ਵਾਂਕੂ ਇੰਦਰ ਨਾਟਕ ਰਹਿ ਗਿਆ। ਫੇਰ ਨਾਟਕ ਦੀ ਕਲਾ ਕੌਸ਼ਲੀ ਵਿਦਜਕ ਪ੍ਰਬੀਨਤਾ ਬੀ ਘਟ ਗਈ ਤੇ ਪੈਸੇ ਕਮਾਉਣ ਦਾ ਪੇਸ਼ਾ ਮਾਤ੍ਰ ਰਹਿ ਗਈ, ਇਸ ਤੋਂ ਮਗਰੋਂ ਇਸ ਦੇ ਲੁਕਵੇਂ ਪਰਦਿਆਂ ਵਿਚ ਕਈ ਥਾਂ ਵਿਕਾਰ ਬੀ ਆ ਘੁਸੇ।

ਚੂੰਕਿ ਇਹ ਸ਼ੈ ਜਾਰੀ ਭਗਤੀ ਭਾਵ ਵਾਲਿਆਂ ਨੇ ਕੀਤੀ ਸੀ, ਉਸ ਨੂੰ 'ਭਗਤਿ' ਯਾ 'ਭਗਤੀ' ਬੀ ਕਿਹਾ ਕਰਦੇ ਸਨ ਇਸ ਦੇ ਪਾਤ੍ਰ ਨੂੰ 'ਭਗਤ ਬੀ ਕਹਿ ਲਿਆ ਕਰਦੇ ਸਨ। ਬਹੂ ਬਚਨ ਵਿਚ ਰਾਸ ਧਾਰੀਆਂ ਨੂੰ 'ਭਗਤੀਆਂ' ਕਿਹਾ ਕਰਦੇ ਸਨ, ਰਾਸ ਪਾਉਣ ਨੂੰ 'ਭਗਤਿ ਪਾਉਣੀ' ਯਾ 'ਭਗਤੀ ਪਾਉਣੀ' ਬੀ ਕਿਹਾ ਕਰਦੇ ਸਨ, ਜੈਸਾ ਕਿ ਭਾਈ ਗੁਰਦਾਸ ਜੀ ਲਿਖਦੇ ਹਨ:—

ਭਗਤੀਆਂ ਪਾਈ ਭਗਤਿ ਆਨਿ॥ [ਵਾਰ੧—੩੯]

ਨਾਮ ਤਾਂ 'ਭਗਤ' ਪਦ ਵਾਲੇ ਹੀ ਸਨ, ਮੰਤਵ ਭਗਤੀ ਤੋਂ ਗਿਰ ਕੇ ਪੈਸੇ ਕਮਾਉਣਾ ਹੋ ਚੁਕਾ ਸੀ ਤੇ ਆਚਰਣ ਨੀਵੇਂ ਪੈ ਚੁਕੇ ਸਨ। ਇਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ

ਵਿਚ ਇਨ੍ਹਾਂ ਦੇ ਅਣਲਾਭ ਨੂੰ ਨਿਰੂਪਣ ਕੀਤਾ ਹੈ, ਉਸੀ ਤਰ੍ਹਾਂ ਏਥੇ ਤੀਸਰੇ ਪਾਤਸ਼ਾਹ ਨੇ ਵੀ ਨਿਸ਼ਫਲਤਾ ਦੱਸੀ ਤੇ ਸੱਚੀ ਭਗਤੀ ਭਾਵ ਵਾਲਿਆਂ ਦੀ ਰਾਸ ਨਿਰੂਪਣ ਕੀਤੀ ਹੈ। ਇਸ ਸ਼ਬਦ ਵਿਚ ਪਦ 'ਭਗਤਿ' ਬੜੀ ਕੁਸ਼ਲਤਾ ਨਾਲ ਵਰਤਿਆ ਹੈ। ਉਹ ਰਾਸ ਦੇ ਅਰਥ ਬੀ ਦੇਂਦਾ ਹੈ ਤੇ ਭਗਤੀ ਦੇ ਬੀ ਤੇ ਦੋਹੀ ਪਾਸੀਂ ਲੱਗਕੇ ਮਨੋਰਥ ਇਕੋ ਰੱਖਦਾ ਹੈ। ਜਿਵੇਂ :-

'ਗੁਰਮੁਖਿ ਭਗਤਿ ਘਟਿ ਚਾਨਣੁ ਹੋਇ।।' :-(ੳ) ਗੁਰਮੁਖ ਦੀ 'ਰਾਸ' ਇਹ ਹੁੰਦੀ ਹੈ ਕਿ ਕਿਵੇਂ ਉਸ ਦੇ ਹਿਰਦੇ ਵਿਚ ਗਯਾਨ ਪ੍ਰਕਾਸ਼ ਹੋਵੇ। (ਅ) ਗੁਰਮੁਖ ਦੀ 'ਭਗਤੀ' ਇਹ ਹੈ ਕਿ ਉਸਦੇ ਹਿਰਦੇ ਵਿਚ ਗਯਾਨ ਦਾ ਪ੍ਰਕਾਸ਼ ਹੋਵੇ।

'ਏਹਾ ਭਗਤਿ ਜਨ ਜੀਵਤ ਮਰੈ॥' :-(ੳ) (ਸੱਚੀ) 'ਰਾਸ' ਇਹੋ ਹੈ ਕਿ ਜਨ ਜੀਉਂਦਿਆਂ ਮਰੇ। (ਅ) 'ਭਗਤੀ' ਅਸਲ ਇਹੋ ਹੈ ਕਿ ਜਨ ਜੀਉਂਦਾ ਮਰ ਜਾਏ।

ਰਾਸ ਅਰਥ ਕੀਤਿਆਂ ਜਾਣ ਵਿਚ ਕਟਾਖਯ ਜਾਪਦਾ ਹੈ ਕਿ ਕੂੜੀ ਰਾਸ ਦੇ ਟਾਕਰੇ ਤੇ ਸੱਚੀ ਰਾਸ ਦੱਸਕੇ ਭਗਤੀ ਦੇ ਅੰਗ ਨਿਰੂਪਣ ਕਰ ਰਹੇ ਹਨ। ਨਿਰੀ ਭਗਤੀ ਦਾ ਰੂਪ ਪਿਛੇ ਸ਼ਬਦ ੪੮ ਵਿਚ ਵਰਣਨ ਕਰ ਆਏ ਹਨ।

ਅੰਕ ੧ ਵਿਚ ਆਮ ਵਰਤ ਰਹੀ ਵਿਹਾਰਕ ਭਾਵਨਾ ਵਾਲੀ ਰਾਸ ਲੀਲਾ ਦਾ ਜ਼ਿਕਰ ਹੈ। ਅਰਥ ਸੁਗਮ ਹਨ, ਭਾਵ ਹੈ ਕਿ ਇਸ ਰਾਸ ਪਾਉਣ ਵਾਲਿਆਂ ਦੇ ਦਿਲ ਲੋਭ ਤੇ ਭਰਮ ਵਾਲੇ ਹਨ,ਜਦ ਇਨ੍ਹਾਂ ਕਰਤਿਆਂ ਦੇ ਦਿਲਾਂ ਪਰ ਰਾਸ ਦਾ ਪਰਮਾਰਥਿਕ ਅਸਰ ਨਹੀਂ ਪਿਆ ਤਾਂ ਸੁੱਤਿਆਂ ਤੇ ਕੀਹ ਪਏਗਾ। ਇਨ੍ਹਾਂ ਦੇ ਮਨ ਹੀ ਸੁਣਦੇ ਹੋਏ ਨਹੀਂ ਸੁਣ ਰਹੇ ਤਾਂ ਦੂਜੇ ਕੀਕੂੰ ਸੁਣਕੇ ਅਸਲੀ ਭਗਤੀ ਭਾਵ ਵਾਲੇ ਬਣਨਗੇ।

ਰਹਾਉ ਵਿਚ ਗੁਰਮੁਖ ਰਾਸ ਦਾ ਜ਼ਿਕਰ ਹੈ ਕਿ ਜੋ ਅਸਲੀ ਭਗਤੀ ਭਾਵ ਵਾਲੇ ਪੁੱਜੇ ਹੋਏ ਸਤਿ ਪੁਰਖ ਹਨ, ਉਹਨਾਂ ਦੀ ਰਾਸ ਲੀਲਾ ਕੀ ਹੈ। ਅੰਕ ੪ ਦੇ ਅੰਤ ਤਕ ਇਹੋ ਭਾਵ ਚਲਦਾ ਹੈ। ਗੁਰਮੁਖ ਰਾਸ ਲੀਲਾ ਦੇ ਅੰਗ ਦੱਸੇ ਹਨ :-

੧. ਹਿਰਦੇ ਦਾ ਚਾਨਣਾ = ਸ੍ਵਛ ਸਮਝ ਤੇ ਸ਼ੁਧ ਗਿਆਨ। ਆਪੇ ਦੀ ਪਛਾਣ ਤੇ ਪ੍ਰਭੂ ਦੀ ਸਿਆਣ।

ਅੰਕ੨- ਗੁਰਮੁਖ ਰਾਸ ਦੇ ਲੱਛਣ ਜਾਰੀ ਹਨ:- ੨. ਹਰੀ ਨਾਲ ਪ੍ਰੇਮ ਭਾਵਨਾ। ੩. ਆਪਾ ਭਾਵ ਦੀ ਨਵਿਰਤੀ। ੪. ਪ੍ਰਭੂ ਵਿਚ ਕਰਤਾਪਨ ਦੀ ਸਿਆਣ। ੫. ਬ੍ਰਹਮ ਦੀ ਪਛਾਣ। ੬. ਏਹ ਪਛਾਣ ਹੋਕੇ ਫੇਰ ਅੰਦਰ ਪ੍ਰੇਮ ਦਾ ਪ੍ਰਕਾਸ਼ ਰਹਿਣਾ, ਤੇ ੭. ਸਹਿਜ ਵੀਚਾਰ ਨਾਲ ਦੂਸਰਿਆਂ ਦਾ ਉਧਾਰ ਕਰਨਾ।

ਅੰਕ ੫ ਵਿਚ ਉਹੋ ਚਉਪਦਾ ੪੮. ਵਾਲਾ ਸਿੱਧਾਂਤ ਦਿੱਤਾ ਹੈ ਕਿ ਸੱਚੀ ਭਗਤੀ ਇਹ ਹੈ ਕਿ ਸੱਚ ਤੇ ਦ੍ਰਿੜਤਾ ਵਾਲਾ ਤਤਜ ਸਰੂਪ ਵਿਚ ਪਹੁੰਚਾ ਗੁਰੂ ਮਿਲੇ, ਹਰੀ ਨਾਲ ਪ੍ਰੇਮ ਪਵੇ, ਚਿਤ ਪ੍ਰੇਮ ਵਿਚ ਲੱਗਾ ਰਹੇ ਤੇ ਭਗਤੀ ਫੇਰ ਅਚੱਲ ਹੋ ਜਾਵੇ, ਸਦੈਵੀ ਰੂਪ ਵਾਲੀ, ਜੋ ਫੇਰ ਹਟੇ ਘਟੇ ਵਟੇ ਨਾ ਪਰਮ ਸੁਖ, ਆਤਮ ਸੁਖ ਪ੍ਰਾਪਤ ਹੋ ਜਾਏ।

ਨਿਰੁਕ੍ਤ— ਨਿਰਤਿ—[ਸੰਸ:, ਨ੍ਰਿਤ = ਨੱਚਣਾ] ਨਾਚ।

ਅਨਲ—[ਸੰਸ:, ਅਨਲ:] ਅਗਨੀ। ਇਥੇ ਪਾਠ ਹੈ 'ਅਨਲ' ਤੇ ਅਰਥ ਹੈ ਅਗਨੀ। ਸੰਸਕ੍ਰਿਤ ਵਿਚ 'ਅਨਿਲ' ਨਾਮ ਪੌਣ ਦਾ ਹੈ। ਸੋ ਏਥੇ ਮੁਰਾਦ ਹੈ ਲੋਭ ਦੀ ਅਗਨੀ ਤੇ ਭਰਮ ਦੀ ਹਵਾ। ਅਗ ਭੜ ਭੜ ਬਲਦੀ ਮਨ ਨੂੰ ਅਵਾਜ਼ ਨਹੀ ਸੁਣਨ ਦੇਂਦੀ ਕਿ ਜੋ ਮੈਂ ਲੋਭ ਕਰਕੇ ਲੈ ਰਿਹਾ ਹਾਂ ਵਿਹਿਤ ਹੈ ਜਾਂ ਅਵਿਹਿਤ, ਇਸ ਦਾ ਲੈਣਾ ਧਰਮ ਹੈ ਕਿ ਅਧਰਮ। ਇਸੀ ਤਰ੍ਹਾਂ ਹਵਾ ਤ੍ਰਿਖੀ ਚੱਲੇ ਤਾਂ ਦੀਵਾ ਬਲ ਨਹੀ ਸਕਦਾ, ਬੁਝਾਉਂਦਿਆਂ ਬੁਝ ਜਾਂਦਾ ਹੈ, ਬਲ ਪਵੇ ਤਾਂ ਝੱਟ ਬੁਝ ਜਾਂਦਾ ਹੈ, ਇਹ ਰੂਪਕ ਭਰਮ ਤੇ ਵਰਤਿਆ ਹੈ ਜੋ ਬੁੱਧੀ ਨੂੰ ਨਿਸ਼ਚੇ ਦੇ ਘਰ ਨਹੀਂ ਜਾਣ ਦੇਂਦਾ, ਨਿਸ਼ਚੇ ਬਿਨਾ ਗਯਾਨ ਕਦੇ ਪ੍ਰਾਪਤ ਨਹੀ ਹੁੰਦਾ, ਝਲਕਾ ਵੱਜੇ ਤਾਂ ਦ੍ਰਿੜਤਾ ਨਹੀਂ ਪਕੜਦਾ।

ਗੁਰਮੁਖਿ ਭਗਤਿ—ਗੁਰਮੁਖ ਦੀ ਰਾਸ। 'ਭਗਤਿ' ਦਾ ਅਰਥ 'ਰਾਸ' ਬੀ ਹੈ, ਉਪਰ ਵਯਾਖ੍ਯਾ ਦੇ,ਮੁੱਢ ਵਿਚ ਦੱਸ ਆਏ ਹਾਂ। **ਪੂਰੇ ਤਾਲ**-ਤਾਲ ਪੂਰਨਾ। ਜੋੜੀ ਢੋਲਕ ਆਦਿ ਦੇ ਤਾਲ ਦੇਣਾ, ਜਿਸ ਤਾਲ ਨਾਲ ਫੇਰ ਨੱਚਦੇ ਹਨ।

ਭਗਤਿ ਜੁਗਤਿ ਸਚੁ— ਭਗਤੀ ਉਹ ਹੈ ਜੋ 'ਸਚ ਯੁਕ੍ਤ' ਹੈ, ਭਾਵ ਸੱਚ ਨਾਲ ਜੁੜੀ ਹੋਈ ਹੈ।

(ਅ) ਇਸ ਨੂੰ ਹੋਰਵੇਂ ਬੀ ਲਾਈਦਾ ਹੈ:-ਜੋ ਸਚੀ ਭਗਤੀ ਨਾਲ ਯੁਕਤ (ਜੁੜੇ) ਹਨ ਉਹੀ ਭਗਤ ਹਨ। ਯਾਂ ਗੁਰਮੁਖ ਦੀ ਭਗਤੀ ਹੀ ਠੀਕ ਜੁਗਤੀ ਹੈ ਤੇ ਉਹ ਸਤਿ ਹੁੰਦੀ ਹੈ।

(ੲ) ਉਪਰ ਕਥੀ ਭਗਤੀ ਦੀ ਜੁਗਤੀ (ਤ੍ਰੀਕੇ) ਨਾਲ ਗੁਰਮੁਖ ਨੇ ਸੱਚ ਨੂੰ ਪਾ ਲਿਆ ਹੈ।

ਬਚਨਿ—[ਸੰਸ:, ਵਚਨੰ] ਵਾਕ, ਉਪਦੇਸ਼। (ਅ) ਅਸੀਸਾਂ ਵਾਲਾ ਬਚਨ। (ਹ) ਨਾਮ ਅਭ੍ਯਾਸ ਕਰਨੇ ਦਾ ਬਚਨ ਯਾ ਹੁਕਮ।

[ਆਸਾ ਮਹਲਾ ੩, ਚਉਪਦਾ-੫੨]

ਆਸਾ ਘਰੁ ੮ ਕਾਫੀ ਮਹਲਾ ੩ ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਹਰਿ ਕੈ ਭਾਣੈ ਸਤਿਗੁਰੁ ਮਿਲੈ ਸਚੁ ਸੋਝੀ ਹੋਈ ॥ ਗੁਰ ਪਰਸਾਦੀ ਮਨਿ ਵਸੈ ਹਰਿ ਬੂਝੈ ਸੋਈ ॥੧॥	ਹਰੀ ਨੂੰ ਭਾਵੇ ਤਾਂ ਸਤਿਗੁਰੂ ਮਿਲਦਾ ਹੈ ਤਾਂ ਸੱਚ ਦੀ ਸੋਝੀ ਹੋ ਆਉਂਦੀ ਹੈ। [ਕਿਵੇਂ ? ਉੱਤਰ:] ਗੁਰੂ ਦੀ ਕਿਰਪਾ ਨਾਲ (ਨਾਮ) ਮਨ ਵਿਚ (ਆ) ਵਸਦਾ ਹੈ ਤਾਂ ਉਹ (ਲੱਗਾ ਹੋਇਆ ਪ੍ਰੇਮੀ) ਹਰੀ ਨੂੰ ਸਿਆਣ ਲੈਂਦਾ ਹੈ॥੧॥
ਮੈ ਸਹੁ ਦਾਤਾ ਏਕੁ ਹੈ ਅਵਰੁ ਨਾਹੀ ਕੋਈ॥ ਗੁਰ ਕਿਰਪਾ ਤੇ ਮਨਿ ਵਸੈ ਤਾ ਸਦਾ ਸੁਖੁ ਹੋਈ ॥੧॥ ਰਹਾਉ ॥	ਮੇਰਾ ਪਤੀ (ਉਹ) ਦਾਤਾ (ਹੈ ਜੋ) ਇਕੋ ਹੈ (ਉਸ ਵਰਗਾ ਹੋਰ ਕੋਈ ਨਹੀ ਹੈ।(ਹੇ ਜਗਯਾਸੂ ! ਉਹ ਜੇ) ਗੁਰੂ ਦੀ ਕਿਰਪਾ ਨਾਲ (ਤੇਰੇ ਬੀ) ਮਨ ਵਿਚ ਵੱਸ ਜਾਵੇ ਤਾਂ (ਤੈਨੂੰ ਬੀ) ਸਦੈਵੀ ਸੁਖ ਹੋ ਜਾਵੇ॥੧॥ਰਹਾਉ॥
ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ ॥ ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ ॥੨॥	ਇਸ ਜੁਗ ਵਿਚ (ਜਨਮ ਮਰਨ, ਜਮ ਆਦਿ ਦੇ ਸਾਰੇ) ਡਰਾਂ ਤੋਂ ਨਿਰਭਉ ਕਰ ਦੇਣ ਵਾਲਾ ਹਰੀ ਦਾ ਨਾਮ ਹੈ,(ਉਹ ਨਾਮ) ਗੁਰੂ ਦੀ (ਬਖਸ਼ੀ) ਵੀਚਾਰ ਨਾਲ ਪ੍ਰਾਪਤ ਹੁੰਦਾ ਹੈ। (ਐਸੇ ਗੁਰੂ ਲਕਸ਼ ਤੇ ਨਿਰਭਉ ਕਰਨ ਵਾਲੇ)ਨਾਮ ਤੋਂ ਬਿਨਾਂ (ਜੀਵ) ਜਮ ਦੇ ਵੱਸ ਵਿਚ ਰਹਿੰਦਾ ਹੈ (ਕਿਉਂਕਿ ਉਹ ਆਪਣੇ) ਮਨ ਦੇ ਮਗਰ ਟੁਰਨ ਵਾਲਾ ਹੁੰਦਾ ਹੈ, (ਗਯਾਨ ਨੇਤ੍ਰਾਂ ਤੋਂ) ਅੰਨ੍ਹਾਂ ਰਹਿੰਦਾ ਹੈ, ਤੇ ਗੰਵਾਰਤਾ ਵਿਚ (ਜੀਵਨ ਬਸਰ ਕਰਦਾ ਹੈ)॥੨॥
ਹਰਿ ਕੈ ਭਾਣੈ ਜਨੁ ਸੇਵਾ ਕਰੈ ਬੂਝੈ ਸਚੁ ਸੋਈ ॥ ਹਰਿ ਕੈ ਭਾਣੈ ਸਾਲਾਹੀਐ ਭਾਣੈ ਮੰਨਿਐ ਸੁਖੁ ਹੋਈ ॥੩॥	(ਜੋ) ਜਨ ਹਰੀ ਦੇ ਭਾਣੇ ਵਿਚਿ (ਹਰੀ ਦੀ) ਸੇਵਾ ਕਰਦਾ ਹੈ ਉਹੋ ਸੱਚ (=ਸਤਯ ਸਰੂਪ) ਨੂੰ ਬੁੱਝਦਾ ਹੈ। (ਹਾਂ ਹਰੀ ਦੇ ਭਾਣੇ ਵਿਚ (ਵਾਹਿਗੁਰੂ ਦੀ) ਸਿਫਤ ਸਲਾਹ ਕਰੀਏ ਤੇ ਭਾਣੇ ਦੇ ਮੰਨਿਆਂ ਹੀ ਸੁਖ ਹੁੰਦਾ ਹੈ॥੩॥

ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ ॥ ਨਾਨਕ ਨਾਮੁ ਸਲਾਹਿ ਤੂੰ ਗੁਰਮੁਖਿ ਗਤਿ ਹੋਈ ॥੪॥੩੯॥੧੩॥੫੨॥	ਹਰੀ ਦੇ ਭਾਣੇ ਵਿਚ ਹੀ (ਮਾਨੁਖਾ) ਜਨਮ ਰੂਪੀ ਪਦਾਰਥ ਪਾਇਆ ਸੀ (ਤੇ ਜਨਮ ਪਾ ਕੇ ਹਰੀ ਦੇ ਭਾਣੇ ਵਿਚ ਹੀ) ਮਤਿ ਉੱਤਮ ਹੋ ਗਈ ਸੀ (ਜਿਸ ਨੇ ਸਤਿਸੰਗ ਵਿਚ ਲਾ ਦਿੱਤਾ ਹੈ)। ਹੇ ਨਾਨਕ ! ਤੂੰ ਬੀ ਨਾਮ ਦੀ ਸਲਾਹੁਤ ਕਰ (ਤੇ ਗੁਰਮੁਖ ਹੋ ਜਾ ਕਿਉਂਕਿ) ਗੁਰਮੁਖ (ਹੋਇਆਂ ਹੀ) ਗਤੀ ਹੁੰਦੀ ਹੈ॥ ੪॥ ੩੯॥ ੧੩॥ ੫੨॥

ਵਜਾਖਜਾ— ਅੰਕ ੧-ਹਰੀ ਦੇ ਭਾਣੇ ਨਾਲ ਗੁਰੂ ਮਿਲਦਾ ਹੈ, ਗੁਰੂ ਦੀ ਮਿਹਰ ਨਾਲ ਹਰੀ ਦਾ ਗਜਾਨ ਮਿਲਦਾ ਹੈ; ਪਰ ਇਹ ਗਜਾਨ ਇਕ ਅਕਾਲ ਪੁਰਖ ਦਾ ਹੈ ਤੇ ਇਹ ਗਜਾਨ ਹਰੀ ਦੇ ਮਨ ਵਿਚ ਨਿਵਾਸ ਕਰਣ, ਅਰਥਾਤ ਪ੍ਰੇਮ ਭਾਵਨਾ ਨਾਲ ਮਿਲਦਾ ਹੈ।

ਅੰਕ ੨-ਜਨਮ ਮਰਨ ਦਾ ਭੈ, ਹੋਰ ਸੰਸਾਰ ਦੇ ਭੈ ਇਸ ਗਜਾਨ ਪ੍ਰਾਪਤੀ ਦੇ ਪ੍ਰਤਿਬੰਧਕ ਹਨ, ਇਨ੍ਹਾਂ ਦਾ ਦਾਰੂ ਹਰੀ ਨਾਮ ਹੈ।

ਅੰਕ ੩-ਹਰੀ ਨਾਮ ਦਾ ਸਿਮਰਨ ਤੇ ਹਰੀ ਦੀ ਸਿਫਤ ਸਲਾਹ ਫੇਰ ਹਰੀ ਦੇ ਭਾਣੇ ਨਾਲ ਹੀ ਹੁੰਦੀ ਹੈ। ਇਸ ਵਿਚ ਸੈਨਤ ਇਹ ਹੈ ਕਿ :-

ਨਾਨਕ ਭਜੁ ਹਰਿ ਸਰਣਾਗਤੀ ਮੇਰੀ ਜਿੰਦੁੜੀਏ ਵਡਭਾਗੀ ਨਾਮੁ ਧਿਆਵੈ ਰਾਮ॥

[ਬਿਹਾਗੜਾ ਮਹਲਾ ੪, ਛੰਤ ੧-੩]

ਹਰੀ ਸ਼ਰਣ ਭੱਜ ਪੈਣਾ ਕੀ ਹੈ ? ਹਰੀ ਨਾਮ ਦਾ ਸਿਮਰਨ।

ਨਿਰੁਕ੍ਤ— **ਕਾਫੀ**—[ਹਿੰਦੀ, ਇਕ ਰਾਗਨੀ ਦਾ ਨਾਮ ਹੈ]। (੧) ਇਕ ਰਾਗਨੀ ਹੈ ਜੋ ਸੰਪੂਰਨ ਹੈ, ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖਰੀ ਨਹੀਂ ਆਈ, ਆਸਾ, ਤਿਲੰਗ, ਸੂਹੀ, ਮਾਰੂ ਨਾਲ ਮਿਲਵੀਂ ਆਈ ਹੈ। (੨) ਛੰਦਾਂ ਦੀ ਇਕ ਰੌ ਹੈ। ਜਿਸ ਦੇ ਵਜ਼ਨ ਕਈ ਹਨ, ਪਰ ਰਹਾਉ ਦੀ ਤੁਕ ਗਾਉਣ ਵਾਲੇ ਦੇ ਨਾਲ ਦੂਸਰੇ ਲੋਕ ਬਾਰ ਬਾਰ ਦੁਹਰਾਕੇ ਰਹਾਉ ਵਾਂਙੂ ਗਾਉਂਦੇ ਹਨ, ਇਹ ਕਿਸੇ ਖ਼ਾਸ ਵਜ਼ਨ ਦੀ ਪਾਬੰਦ ਨਹੀਂ ਹੁੰਦੀ, ਜੈਸੇ 'ਬੁਲ੍ਹੇ ਦੀਆਂ ਕਾਫੀਆਂ' ਕਹੀਦੀਆਂ ਹਨ।

ਨਿਰਭਉ—ਭਉ ਰਹਿਤਤਾ। ਇਥੇ ਭਾਵ ਹੈ ਭਉ ਰਹਿਤ ਕਰਨੇ ਵਾਲਾ।

ਮਤਿ ਊਤਮ—ਚੰਗੀ ਮਤਿ, ਭਾਵ ਹੈ ਜੋ ਪਰਮਾਰਥ ਵਲ ਲੱਗ ਪੈਂਦੀ ਹੈ।

ਗਤਿ-ਮੁਕਤੀ (ਵਿਸ਼ੇਸ਼ ਦੇਖੋ ਪੰਨਾ ੧੬੭੧)।

—ਤੀਸਰੀ ਪਾਤਸ਼ਾਹੀ ਦੇ ੧੩ ਸ਼ਬਦ ਸਮਾਪਤ ਤੇ ਚੌਥੀ ਪਾਤਸ਼ਾਹੀ ਦੇ ਸ਼ੁਰੂ—

[ਆਸਾ ਮਹਲਾ ੪, ਚਉਪਦਾ-੫੩]

ਆਸਾ ਘਰੁ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥ ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥ ਸਭ ਤੇਰੀ ਤੂੰ ਸਭਨੀ ਧਿਆਇਆ ॥ ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥ ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥ ਤੂੰ ਦਰੀਆਉ ਸਭ ਤੁਝ ਹੀ ਮਾਹਿ ॥ ਤੁਝ ਬਿਨੁ

ਦੂਜਾ ਕੋਈ ਨਾਹਿ ॥ ਜੀਅ ਜੰਤ ਸਭਿ ਤੇਰਾ ਖੇਲੁ ॥ ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥ ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ ਹਰਿ ਗੁਣ ਸਦ ਹੀ ਆਖਿ ਵਖਾਣੈ ॥ ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ ਸਹਜੇ ਹੀ ਹਰਿ ਨਾਮਿ ਸਮਾਇਆ ॥੩॥ ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥ ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੧॥੫੩॥

ਇਸ ਸ਼ਬਦ ਦੇ ਅਰਥ ਭਾਵ ਪਿਛੇ ਰਹਿਰਾਸ ਵਿਚ ਆ ਚੁਕੇ ਹਨ। ਦੇਖੋ ਪਹਿਲੀ ਸੰਥਜਾ ਪੋਥੀ ਦਾ ਪੰਨਾ ੧੯੮।

[ਆਸਾ ਮਹਲਾ ੪, ਚਉਪਦਾ—੫੪]

ੴ ਸਤਿਗੁਰ ਪ੍ਰਸਾਦਿ॥ ਰਾਗੁ ਆਸਾ ਘਰੁ ੨ ਮਹਲਾ ੪॥

ਮੂਲ	ਅਰਥ
ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥ ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥ ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ ॥ ਹਮਾਰਾ ਧੜਾ ਹਰਿ ਰਹਿਆ ਸਮਾਈ ॥੧॥	ਕਿਸੇ ਨੇ(ਆਪਣੇ) ਮਿੱਤ੍ਰ ਪੁਤ੍ਰ ਭਰਾ ਨਾਲ ਧੜਾ ਬਣਾ ਲਿਆ ਹੈ। ਕਿਸੇ ਨੇ ਸੱਕੇ ਕੁੜਮ ਨਾਲ ਕਿ ਜੁਆਈ ਨਾਲ ਧੜਾ ਬਣਾ ਲਿਆ ਹੈ ਕਿਸੇ ਨੇ ਅਪਣੇ ਮਤਲਬ ਲਈ (ਮਹੱਲੇ ਯਾ ਪਿੰਡ ਦੇ) ਚੌਧਰੀ ਨਾਲ ਕਿ ਸਰਦਾਰ ਨਾਲ ਧੜਾ ਬਣਾ ਲਿਆ ਹੈ। (ਪ੍ਰੰਤੂ) ਸਾਡਾ ਧੜਾ ਹਰੀ ਹੈ (ਜੋ ਸਾਰੇ) ਵਜਾਪਕ ਹੋ ਰਿਹਾ ਹੈ॥੧॥
ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ ॥ ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ ਹਰਿ ਗੁਣ ਗਾਵਾ ਅਸੰਖ ਅਨੇਕ ॥੧॥ ਰਹਾਉ ॥	(ਹਾਂ) ਅਸਾਂ ਅਕਾਲ ਪੁਰਖ ਨਾਲ ਧੜਾ ਬਣਾ ਲਿਆ ਹੈ,ਉਹੀ (ਇਕ) ਮੇਰੀ ਟੇਕ ਹੈ। ਹਰੀ ਤੋਂ ਬਿਨਾਂ ਮੇਰਾ ਪੱਖ ਧੜਾ ਹੋਰ ਕੋਈ ਨਹੀਂ ਹੈ, ਮੈਂ (ਉਸੇ) ਹਰੀ ਦੇ ਅਣਗਿਣਤ ਤੇ ਅਨੇਕਾਂ (ਭਾਂਤਾਂ ਦੇ) ਗੁਣਾਂ ਦਾ ਗਾਯਨ ਕਰਦਾ ਰਹਿੰਦਾ ਹਾਂ॥੧॥ਰਹਾਉ॥
ਜਿਨ੍ ਸਿਉ ਧੜੇ ਕਰਹਿ ਸੇ ਜਾਹਿ ॥ ਝੂਠੁ ਧੜੇ ਕਰਿ ਪਛੋਤਾਹਿ ॥ ਥਿਰੁ ਨ ਰਹਹਿ ਮਨਿ ਖੋਟੁ ਕਮਾਹਿ ॥ ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ ॥੨॥	ਜਿਨ੍ਹਾਂ ਨਾਲ (ਲੋਕੀ) ਧੜੇ ਕਰਦੇ ਹਨ ਓਹ (ਮਰਕੇ) ਟੁਰ ਜਾਂਦੇ ਹਨ (ਸੋ) ਕੂੜਿਆਂ ਨਾਲ ਧੜੇ ਕਰਕੇ ਪਛੁਤਾਉਂਦੇ ਹਨ। (ਹਾਂ, ਕੂੜੇ ਧੜੇ) ਥਿਰ ਨਹੀ ਰਹਿੰਦੇ (ਉਨ੍ਹਾਂ ਨਾਲ ਧੜੇ ਬੰਨਣ ਵਿਚ) ਮਨ ਵਿਚ (ਕਈ) ਖੋਟ ਕਮਾਉਂਣੇ ਪੈਂਦੇ ਹਨ (ਸੋ ਖੋਟ ਹੀ ਪੱਲੇ ਰਹਿ ਜਾਂਦੇ ਸਨ, ਧੜੇ ਨਹੀ ਨਿਭਦੇ, ਇਸ ਲਈ) ਅਸਾਂ ਹਰੀ ਨਾਲ ਧੜਾ ਬਣਾਇਆ ਹੈ ਜਿਸ (ਦੇ ਟਾਕਰੇ) ਦਾ (ਹੋਰ) ਕੋਈ ਸਮਰਥਾਵਾਨ ਨਹੀਂ॥੨॥

ਏਹ ਸਭਿ ਧੜੇ ਮਾਇਆ ਮੋਹ ਪਸਾਰੀ॥ ਮਾਇਆ ਕਉ ਲੂਝਹਿ ਗਾਵਾਰੀ ॥ ਜਨਮਿ ਮਰਹਿ ਜੂਐ ਬਾਜੀ ਹਾਰੀ ॥ ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ ॥੩॥	ਏਹ ਸਾਰੇ ਧੜੇ ਮਾਇਆ ਮੋਹ ਦੇ ਪਸਾਰੇ ਹਨ, (ਧੜੇ ਬੰਨ੍ਹਣ ਵਾਲੇ) ਗੁਆਰ (ਲੋਕ ਹਨ, ਏਹ) ਮਾਇਆ ਪਿੱਛੇ ਲੜਦੇ ਝਗੜਦੇ (ਧੜੇ ਬੰਨ੍ਹਦੇ ਹਨ। (ਏਹ) ਜੰਮਦੇ ਮਰਦੇ ਰਹਿੰਦੇ ਹਨ, (ਕਿਉਂਕ ਏਹ ਮਨੁੱਖਾ ਜਨਮ ਰੂਪੀ) ਖੇਡ ਜੂਏ ਵਿਚ ਹਾਰ ਜਾਂਦੇ ਹਨ। (ਇਸ ਲਈ) ਅਸਾਂ ਹਰੀ ਨਾਲ ਧੜਾ (ਬਣਾਇਆ ਹੈ) ਜੋ (ਸਾਡਾ) ਲੋਕ ਪ੍ਰਲੋਕ ਸਾਰਾ ਕੁਛ ਸੁਆਰ ਦੇਣ ਵਾਲਾ ਹੈ॥ ੩॥
ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ॥ ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ ॥ ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ ॥੪॥	(ਅਸਲ ਵਿਚ) ਕਲਿਜੁਗ ਅੰਦਰ ਪੰਜ ਚੋਰ ਧੜੇ ਬੰਨ੍ਹ ਕੇ (ਜੀਵਾਂ ਨੂੰ ਪਰਸਪਰ) ਝਗੜਾਉਂਦੇ ਹਨ। (ਭਾਵ ਮੂਲ ਕਾਰਣ ਧੜੇ ਬੰਨ੍ਹਣ ਦਾ ਝਗੜੇ ਹਨ ਤੇ ਝਗੜਿਆਂ ਦੇ ਪ੍ਰੇਰਕ ਪੰਜ ਚੋਰ ਹਨ। ਏਹ ਪੰਜ ਚੋਰ ਕੌਣ ਹਨ? (ਉੱਤਰ) ਕਾਮ, ਕ੍ਰੋਧ, ਲੋਭ, ਮੋਹ, ਅਤੇ ਅਹੰਕਾਰ, (ਇਹੋ ਜਦ ਅਪਣੀ ਹਦਬੰਦੀ ਟੱਪ ਕੇ) ਵਧਕੇ ਉਠਦੇ ਹਨ) ਤਾਂ ਝਗੜੇ ਪੈਂਦੇ ਹਨ, ਪਰ) ਜਿਸ ਉਤੇ (ਪ੍ਰਭੂ) ਕ੍ਰਿਪਾ ਕਰਦਾ ਹੈ ਉਸ ਨੂੰ ਸਤਿਸੰਗ ਮਿਲਾ ਦੇਂਦਾ ਹੈ, (ਉਹ ਫੇਰ ਹਰੀ ਨਾਲ ਧੜਾ ਬਣਾਉਂਦਾ ਹੈ। ਸੋ) ਅਸਾਡਾ ਧੜਾ ਹਰੀ ਨਾਲ (ਬਣ ਗਿਆ ਹੈ,) ਜਿਸ ਨੇ (ਸਾਡੇ) ਏਹ (ਮਾਇਆ ਮੋਹ ਦੇ) ਧੜੇ ਸਾਰੇ ਗੁਆ ਦਿੱਤੇ ਹਨ॥ ੪॥
ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ॥ ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ॥ ਜੈਸਾ ਬੀਜੈ ਤੈਸਾ ਖਾਵੈ॥ ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ ॥੫॥੨॥੫੪॥	(ਇਹ ਜੋ) ਦੂਜਾ ਭਾਉ ਹੈ (ਵਾਹਿਗੁਰੂ ਤੋਂ ਬਿਨਾਂ ਹੋਰਸ ਵਿਚ ਜੁੜੇ ਰਹਿਣਾ) ਝੂਠਾ ਹੈ (ਜਿਸ ਦੇ ਅਸਰ ਹੇਠ)ਬੈਠ ਕੇ (ਲੋਕੀ) ਧੜੇ ਬੰਨ੍ਹਦੇ ਹਨ,ਅਤੇ ਪਰਾਏ ਐਬ ਅਟਕਲੋਂ ਹੀ ਗਿਣ ਗਿਣ ਕੇ ਆਪਣਾ ਅਹੰਕਾਰ ਵਧਾਉਂਦੇ ਹਨ। (ਸੋ ਜੇਹਾ (ਬੀਜ ਕੋਈ) ਬੀਜਦਾ ਹੈ ਉਹੋ ਜੇਹਾ (ਫਲ) ਖਾਂਦਾ ਹੈ। ਦਾਸ ਨਾਨਕ ਦਾ ਧੜਾ ਧਰਮ (ਸਰੂਪੀ ਹੈ ਜੋ) ਹਰੀ ਨਾਲ (ਬੱਝਾ) ਹੈ; (ਇਹ ਧੜਾ)ਸਾਰੀ ਸ੍ਰਿਸ਼ਟੀ ਨੂੰ ਜਿੱਤ ਆਉਂਦਾ ਹੈ॥ ੫॥ ੨॥ ੫੪॥

ਵਿਆਖਿਆ— ਜਗਤ ਜੀਵਾਂ ਵਿਚ ਪਰਸਪਰ ਝਗੜੇ ਹੁੰਦੇ ਰਹਿੰਦੇ ਹਨ, ਅਪਣਾ ਪੱਖ ਯਾ ਪਾਸਾ ਉੱਚਾ ਤੇ ਬਲੀ ਕਰਨ ਲਈ ਲੋਕੀ ਧੜੇ ਬਣਾਉਂਦੇ ਹਨ, ਭਾਵ ਅਪਣੇ ਪੱਖੀ ਬਣਾਉਂਦੇ ਹਨ। ਇਉਂ ਧੜੇ ਬਣ ਬਣ ਕੇ ਵੈਰ ਵਿਰੋਧ ਵਧਾਉਂਦੇ ਹਨ।ਏਹ ਸਾਰੇ ਧੜੇ ਗੁਰੂ ਜੀ ਦੱਸਦੇ ਹਨ ਕਿ ਮਾਇਆ ਮੋਹ ਕਰਕੇ ਹਨ।ਕਾਮ ਕ੍ਰੋਧ ਆਪ ਅਪਣੇ ਹੱਦ ਬਨੇ ਟੱਪਦੇ ਹਨ ਤਾਂ ਦੂਜਿਆਂ ਦੇ ਹੱਦ ਮੰਡਲ ਵਿਚ ਦਖ਼ਲ ਅੰਦਾਜ਼ੀ ਕਰਦੀ ਹੈ, ਜਿਸ ਤੋਂ ਝਗੜੇ ਖੜੇ ਹੁੰਦੇ ਹਨ।ਸੋ ਇਹ ਝਗੜੇ ਪਾਪ ਮੂਲਕ ਹਨ, ਧਰਮ ਮੂਲਕ ਨਹੀਂ। ਇਨ੍ਹਾਂ ਦਾ ਫਲ ਹੈ ਕਾਲ ਚਕ੍ਰ ਵਿਚ ਫਸੇ ਰਹਿਣਾ, ਮਨੁੱਖਾ ਜਨਮ ਦਾ ਅਫਲ ਚਲੇ ਜਾਣਾ।ਇਸ ਪਾਪ ਮੂਲਕ ਧੜੇ ਦੇ ਟਾਕਰੇ ਤੇ ਗੁਰੂ ਜੀ ਧਰਮ ਮੂਲਕ ਧੜਾ ਸਿਖਾਲਦੇ ਹਨ। ਓਹ ਹੈ ਸਤਿ ਸੰਗ ਵਿਚ ਲਗ ਕੇ ਕਾਮ ਕ੍ਰੋਧ ਆਦਿ ਤੋਂ ਉੱਚੇ ਉਠਣਾ,ਵੈਰ ਵਿਰੋਧ ਜਨਕ ਕੰਮ ਨਾ ਕਰਨੇ; ਵਾਹਿਗੁਰੂ ਸਿਮਰਨਾ ਤੇ ਦ੍ਰਿੜ ਵਿਸ਼ਵਾਸੀ ਹੋਣਾ।ਅਪਣੇ ਹਲਤ ਪਲਤ ਸੰਵਾਰਨ ਲਈ ਉਸੇ ਦੀ ਟੇਕ ਧਾਰਨੀ ਉਹ ਸਰਬ ਸਮਰੱਥ ਹੈ, ਭਗਤ ਵਛਲ ਹੈ, ਉਸ ਦੀ ਟੇਕ ਦੀਨ ਦੁਨੀ ਸਵਾਰ ਦੇਂਦੀ ਹੈ। ਧਰਮ ਧੜੇ ਵਾਲਾ ਵਿਸ਼ਵਾਸੀ ਪੁਰਖ ਮਨੁੱਖਾ ਜਨਮ ਜਿੱਤ ਕੇ ਜਾਂਦਾ ਹੈ ਤੇ ਵਾਹਿਗੁਰੂ ਹਲਤ ਪਲਤ ਉਸ ਦਾ ਸੰਵਾਰਦਾ ਹੈ।

ਅੰਕ ੧ ਤੋਂ ਰਹਾਉ ਦੇ ਅੰਤ ਤਕ ਉਪਰ ਕਥੇ ਪਾਪ ਮੂਲਕ ਧੜੇ ਗਿਣ ਕੇ ਧਰਮ ਮੂਲਕ-

'ਹਰਿ ਸਿਉ ਧੜਾ'-ਦਿਖਲਾਇਆ ਹੈ।

ਅੰਕ ੨ ਵਿਚ ਦੱਸਿਆ ਹੈ ਕਿ ਏਹ ਪਾਪ ਮੂਲਕ ਧੜੇ ਨਾਸ਼ਮਾਨ ਹਨ। ਮਨ ਨੂੰ ਖੋਟਾ ਬਣਾਉਂਦੇ ਤੇ ਨਾਸ਼ ਹੋ ਕੇ ਪਛੁਤਾਵਾ ਦੇਂਦੇ ਹਨ।

ਅੰਕ ੩ ਤੇ ੪ ਵਿਚ ਦੱਸਿਆ ਹੈ ਕਿ ਏਹ ਧੜੇ ਕਿਉਂ ਪਾਪ ਮੂਲਕ ਹਨ ? ਇਸ ਕਰਕੇ ਕਿ ਏਹ ਮਾਇਆ ਮੋਹ ਤੋਂ ਹੁੰਦੇ ਹਨ ਤੇ ਕਾਮ ਕ੍ਰੋਧ ਆਦਿ ਪੰਜ ਚੋਰ ਇਨ੍ਹਾਂ ਦੇ ਪ੍ਰੇਰਕ ਹੁੰਦੇ ਹਨ। ਇਨ੍ਹਾਂ ਦਾ ਦਾਰੂ ਸਤਿਸੰਗ ਦੱਸਿਆ ਹੈ, ਜਿਥੇ ਜਾ ਕੇ ਹਰੀ ਨਾਲ ਧੜਾ ਬਨਾਉਣ ਦੀ ਤੇ ਪਾਪ ਮਯ ਧੜੇਬਾਜ਼ੀ ਛੱਡਣ ਦੀ ਜਾਚ ਸਿੱਖਣੀ ਹੈ।

ਅੰਕ ੫ ਵਿਚ ਇਕ ਹੋਰ ਮਾਨਸਕ ਬੁਰਾਈ ਦੱਸੀ ਹੈ ਜੋ ਜੀਵਾਂ ਵਿਚ ਵੱਸਦੀ ਹੈ ਤੇ ਵੈਰ ਪੁਆਉਂਦੀ ਹੈ ਤੇ ਵੇਰ ਪੁਗਾਉਣ ਲਈ ਧੜੇ ਬਨਾਉਣੇ ਪੈਂਦੇ ਹਨ।ਉਹ ਹੈ ਪਰਾਏ ਐਬ ਢੂੰਡਣੇ ਯਾ ਅਟਕਲ ਪੱਚੂ ਬਣਾ ਲੈਣੇ ਤੇ ਭੰਡਣਾਂ, ਤਾਂ ਕਿ ਦੂਜੇ ਦੀ ਬੁਰਾਈ ਕਰਕੇ ਆਪਣੇ ਆਪ ਨੂੰ ਵਿਸ਼ੇਸ਼ ਦੱਸਿਆ ਜਾਵੇ। ਇਹ ਬੀ ਪਾਪ ਮਯ ਹੈ ਕਿਉਂਕਿ ਇਸ ਨਾਲ ਬੀ ਅਹੰਕਾਰ ਵਧਦਾ ਹੈ, ਜੋ ਜਨਮ ਮਰਨ ਦੇ ਚੱਕ੍ਰ ਦਾ ਮੂਲ ਹੈ। ਅੰਤ ਵਿਚ 'ਹਰਿ ਧੜੇ' ਦੀ ਮਹਿਮਾ ਦੱਸੀ ਹੈ ਕਿ ਉਹ ਬਿਜੈਮਾਨ ਹੁੰਦਾ ਹੈ।

ਨਿਰੁਕ੍ਤ—ਧੜਾ—[ਸੰ:, ਧਟ := ਤਰਾਜ਼ੂ, ਤੱਕੜੀ। ਹਿੰ, ਧੜਾ = ਪਾਂਸਕੂ। ੨. ਦਲ, ਜਥਾ, ਝੁੰਡ। ਪੰ:, ਸਹਾਇਕ ਆਦਮੀਆਂ ਦਾ ਦਲ। ਆਪਣੀ ਪਾਰਟੀ ਦੇ ਆਦਮੀ]ਜੁੱਟ, ਸੰਗ,ਸਾਥ,ਜਮਾਤ, ਗੁੱਪ ਆਦਿ ਜੋ ਕਿਸੇ ਪੱਖ ਵਿਚ ਹੋਣ। ਵਿਸ਼ੇਸ਼ ਭਾਵ ਵਜਾਖਜਾ ਵਿਚ ਆ ਚੁਕਾ ਹੈ।

ਸਿਕਦਾਰ—[ਦੇਖੋ ਪੰਨਾ ੯੭੯] ਮਹੱਲੇ ਜਾਂ ਪਿੰਡ ਦਾ ਵੱਡਾ, ਸਰਦਾਰ।

ਲੂਝਹਿ—ਲੜਦੇ ਹਨ। ਝਗੜਦੇ ਹਨ। ਬਾਜੀ-(ਫਾ:, ਬਾਜ਼ੀ) ਖੇਡ।

ਹਲਤੁ ਪਲਤੁ—ਲੋਕ ਪ੍ਰਲੋਕ। ਸਵਾਰੀ-ਸੰਵਾਰਨ ਵਾਲਾ ਹੈ। (ਅ) ਸੰਵਾਰਦਾ ਹੈ।

ਛਿਦ੍ਰ—[ਸੰਸ:, ਛਿਦ੍ਰ]ਛੇਕ, ਨਕਸ, ਐਬ।

ਅਟਕਲੈ—[ਸੰਸ:, ਅਟ(= ਚਲਨਾ, ਫਿਰਨਾ)+ਕਲ = ਗਿਣਨਾ] ਅਨੁਮਾਨ, ਅੰਦਾਜ਼ਾ, ਅਟਕਲੋਂ ਲਾ ਦੇਣਾ। ਬਿਨਾਂ ਸਬੂਤ ਕੀਤੇ ਦੇ ਕਯਾਸਾਂ ਨਾਲ (ਐਬ ਥੱਪ ਦੇਣੇ)। ਅਟਾ ਸਟਾ ਲਾ ਕੇ (ਐਬ ਥੱਪਣੇ)।

[ਆਸਾ ਮਹਲਾ ੪, ਚਉਪਦਾ-੫੫]

ਪ੍ਰਾਕ੍ਕਥਨ—ਪੂਰੇ ਗੁਰੂ ਦੇ ਦਿੱਤੇ ਨਾਮ ਦੀ ਮਹਿਮਾ।

ਮੂਲ	ਅਰਥ
ਆਸਾ ਮਹਲਾ ੪ ॥ **ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ਭਾਇਆ॥** **ਗੁਰਬਾਣੀ ਹਰਿ ਅਲਖੁ ਲਖਾਇਆ॥੧॥**	(ਗੁਰਬਾਣੀ) ਦਿਲ ਨਾਲ ਸੁਣਦੇ ਰਹਿਣ ਕਰ ਕੇ ਮਨ ਵਿਚ ਅੰਮ੍ਰਿਤ (ਨਾਮ) ਪਿਆਰਾ ਲੱਗ ਗਿਆ। ਗੁਰਬਾਣੀ ਨੇ ਹੀ (ਐਉਂ) ਅਲਖ ਪ੍ਰਭੂ ਲਖਾ ਦਿੱਤਾ॥੧॥
ਗੁਰਮੁਖਿ ਨਾਮੁ ਸੁਨਹੁ ਮੇਰੀ ਭੈਨਾ ॥ **ਏਕੋ ਰਵਿ ਰਹਿਆ ਘਟ ਅੰਤਰਿ ਮੁਖਿ ਬੋਲਹੁ ਗੁਰ ਅੰਮ੍ਰਿਤ ਬੈਨਾ॥੧॥ਰਹਾਉ॥**	(ਇਸ ਕਰਕੇ) ਹੇ ਮੇਰੇ ਸਤਿਸੰਗੀਓ ! ਗੁਰੂ ਤੋਂ ਨਾਮ ਸੁਣੇ। (ਪ੍ਰਸ਼ਨ: ਕਿਸ ਦਾ ਨਾਮ ? ਉੱਤਰ: ਉਸ ਦਾ, ਜੋ) ਇਕੋ ਹੈ (ਸਾਰੇ) ਵਜਾਪਕ ਹੋ ਰਿਹਾ ਹੈ (ਤੁਸਾਡੇ) ਦਿਲ ਦੇ ਅੰਦਰ (ਬੀ ਵਜਾਪਕ) ਹੈ, (ਹਾਂ ਉਸ ਪ੍ਰਭੂ ਦਾ ਨਾਮ ਜੋ) ਅੰਮ੍ਰਿਤ ਬਚਨਾਂ ਵਿਚ ਗੁਰੂ ਦਾ (ਦਿੱਤਾ ਹੋਇਆ ਹੈ) ਮੂੰਹੋਂ (ਉਸ ਦਾ) ਉਚਾਰਨ ਕਰੋ॥੧॥ ਰਹਾਉ॥

ਮੈ ਮਨਿ ਤਨਿ ਪ੍ਰੇਮੁ ਮਹਾ ਬੈਰਾਗੁ ॥ ਸਤਿਗੁਰੁ ਪੁਰਖੁ ਪਾਇਆ ਵਡਭਾਗੁ॥੨॥	ਮੇਰੇ ਮਨ ਤਨ ਵਿਚ (ਪ੍ਰਭੂ ਮਿਲਨੇ ਦਾ) ਅਤਿ ਪ੍ਰੇਮ (ਤੇ ਜਗਤ ਵੱਲੋਂ)ਵੈਰਾਗ (ਲਗਾ ਹੋਇਆ ਸੀ) ਵੱਡੇ ਭਾਗਾਂ ਨਾਲ ਸਤਿਗੁਰੂ ਪੁਰਖ (ਮੈਨੂੰ) ਪ੍ਰਾਪਤ ਹੋ ਗਿਆ॥੨॥
ਦੂਜੈ ਭਾਇ ਭਵਹਿ ਬਿਖੁ ਮਾਇਆ ॥ ਭਾਗਹੀਨ ਨਹੀ ਸਤਿਗੁਰੁ ਪਾਇਆ॥੩॥	(ਜੋ) ਦੁਐਤ ਭਾਵਨਾ ਵਿਚ ਵਿਹੁ ਰੂਪ ਮਾਇਆ (ਦੇ ਮਗਰ) ਘੁੰਮਦੇ ਹਨ, (ਓਹ) ਭਾਗ ਹੀਨ ਹਨ (ਕਿਉਂਕਿ ਉਹਨਾਂ ਨੂੰ) ਸਤਿਗੁਰੂ ਨਹੀਂ ਨੇ ਪ੍ਰਾਪਤ ਹੋਇਆ॥੩॥
ਅੰਮ੍ਰਿਤੁ ਹਰਿ ਰਸੁ ਹਰਿ ਆਪ ਪੀਆਇਆ ॥ ਗੁਰਿ ਪੂਰੈ ਨਾਨਕ ਹਰਿ ਪਾਇਆ ॥੪॥੩॥੫੫॥	(ਭਾਗਾਂ ਵਾਲਿਆਂ ਨੂੰ) ਹਰੀ ਨੇ ਆਪ (ਪੂਰੇ ਗੁਰੂ ਦੁਆਰਾ) ਹਰੀ ਰਸ ਰੂਪੀ ਅੰਮ੍ਰਿਤ ਪਿਲਾਇਆ ਹੈ। ਹੇ ਨਾਨਕ ! (ਉਨ੍ਹਾਂ ਨੇ ਹੀ) ਗੁਰੂ ਪੂਰੇ ਦੁਆਰਾ ਹਰੀ ਪਾਇਆ ਹੈ॥੪॥੩॥੫੫॥

ਵਿਆਖਿਆ—ਸੁਗਮੈਂ।

[ਆਸਾ ਮਹਲਾ ੪, ਚਉਪਦਾ-੫੬]

ਮੂਲ	ਅਰਥ
ਆਸਾ ਮਹਲਾ ੪ ॥ ਮੇਰੈ ਮਨਿ ਤਨਿ ਪ੍ਰੇਮੁ ਨਾਮੁ ਆਧਾਰੁ ॥ ਨਾਮੁ ਜਪੀ ਨਾਮੋ ਸੁਖ ਸਾਰੁ ॥੧॥	ਮੇਰੇ ਮਨ ਤਨ ਵਿਚ (ਵਾਹਿਗੁਰੂ ਦਾ) ਪ੍ਰੇਮ ਤੇ ਨਾਮ ਆਧਾਰ (ਆਸਰਾ ਬਣ ਗਿਆ) ਹੈ। ਨਾਮ (ਹੀ ਮੈਂ) ਜਪਦਾ ਹਾਂ, ਨਾਮ ਹੀ ਤੋਂ (ਮੈਨੂੰ) ਸਾਰੇ ਸੁਖ (=ਸਭ ਤੋਂ ਸ੍ਰੇਸ਼ਟ ਸੁਖ ਪ੍ਰਾਪਤ ਹੋਇਆ ਹੈ)॥੧॥
ਨਾਮੁ ਜਪਹੁ ਮੇਰੇ ਸਾਜਨ ਸੈਨਾ ॥ ਨਾਮ ਬਿਨਾ ਮੈ ਅਵਰੁ ਨ ਕੋਈ ਵਡੈ ਭਾਗਿ ਗੁਰਮੁਖਿ ਹਰਿ ਲੈਨਾ ॥੧॥ ਰਹਾਉ ॥	ਹੇ ਮੇਰੇ ਸਜਣੋਂ, ਹੇ (ਮੇਰੇ) ਸਾਕੇਦਾਰੋ ! ਨਾਮ ਜਪੋ ! ਨਾਮ ਤੋਂ ਬਿਨਾ (ਸੁਖੀ ਹੋਣ ਦਾ ਉਪਾਉ) ਮੇਰੇ ਪਾਸ ਹੋਰ ਕੋਈ ਨਹੀਂ ਨਾਮ ਵਡੇ ਭਾਗਾਂ ਨਾਲ ਗੁਰੂ ਦੁਆਰਾ ਲੈਣਾ ਹੁੰਦਾ ਹੈ॥੧॥ਰਹਾਉ॥
ਨਾਮ ਬਿਨਾ ਨਹੀ ਜੀਵਿਆ ਜਾਇ ॥ ਵਡੈ ਭਾਗਿ ਗੁਰਮੁਖਿ ਹਰਿ ਪਾਇ ॥੨॥	(ਮੈਂ) ਵਡੇ ਭਾਗਾਂ ਕਰਕੇ ਗੁਰੂਦੁਆਰੇ ਹਰੀ(ਨਾਮ) ਪਾਇਆ ਹੈ, (ਹੁਣ ਮੈਥੋਂ) ਨਾਮ ਬਿਨਾਂ ਜੀਵਿਆ ਨਹੀ ਜਾਂਦਾ॥੨॥
ਨਾਮਹੀਨ ਕਾਲਖ ਮੁਖਿ ਮਾਇਆ ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਜੀਵਾਇਆ॥੩॥	ਨਾਮ ਹੀਣਿਆਂ ਦੇ ਮੂੰਹ ਉਤੇ ਮਾਇਆ ਦੀ ਕਾਲਖ ਲਗਦੀ ਹੈ (ਤਾਂਤੇ) ਨਾਮ ਤੋਂ ਬਿਨਾਂ (ਉਨ੍ਹਾਂ ਦਾ) ਜੀਵਿਆ ਧ੍ਰਿਗ ਹੈ, ਧ੍ਰਿਗ ਹੈ॥੩॥
ਵਡਾ ਵਡਾ ਹਰਿ ਭਾਗ ਕਰਿ ਪਾਇਆ॥ ਨਾਨਕ ਗੁਰਮੁਖਿ ਨਾਮੁ ਦਿਵਾਇਆ ॥੪॥੪॥੫੬॥	ਵੱਡਾ ਵੱਡਾ ਹਰੀ ਭਾਗਾਂ ਨਾਲ ਪਾਈਦਾ ਹੈ (ਪਰ ਪਹਿਲੋਂ ਹਰੀ) ਗੁਰਾਂ ਦੁਆਰੈ ਨਾਮ ਦਿਵਾਉਂਦਾ ਹੈ (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ)॥੪॥੪॥੫੬॥

ਵਿਆਖਿਆ— ਨਾਮ ਜਪ ਤੋਂ ਉੱਤਮ ਪ੍ਰਾਪਤੀ ਦਾ ਅਪਣਾ ਤਜਰਬਾ ਕੀਤਾ ਹੋਇਆ ਦੱਸਕੇ ਨਾਮ ਜਪ ਦੀ ਸਫਲਤਾ ਦੀ ਸਾਖ ਭਰਦੇ ਤੇ ਫੇਰ ਉਪਦੇਸ਼ ਜਪਣੇ ਦਾ ਦੇਂਦੇ ਹਨ ਪਹਿਲੇ ਸ਼ਬਦ ਵਿਚ ਸਤਿਸੰਗੀਆਂ ਨੂੰ ਸੰਬੋਧਨ ਕੀਤਾ ਸੀ, ਹੁਣ ਮਿਤਰਾਂ ਤੇ ਸਾਕਾਂ ਨੂੰ ਸੰਬੋਧਨ ਕੀਤਾ ਹੈ, ਅਗਲੇ ਵਿਚ ਆਮ ਲੋਕਾਂ ਨੂੰ ਸੰਬੋਧਨ ਕਰਨਗੇ। ਭਾਵ ਦੋਹਾਂ ਸ਼ਬਦਾਂ ਵਿਚ ਨਾਮ ਦਾ ਉਪਦੇਸ਼ ਹੈ। ਨਾਮ ਦੀ ਪ੍ਰਾਪਤੀ

ਲਈ ਈਸ਼੍ਵਰ ਕ੍ਰਿਪਾ, ਵਡੇ ਭਾਗ ਤੇ ਗੁਰੂ ਦੁਆਰੇ ਮਿਲਨਾ ਫੁਰਮਾ ਰਹੇ ਹਨ। ਇਨ੍ਹਾਂ ਸਾਰੇ ਸ਼ਬਦਾਂ ਵਿਚ ਲਗਪਗ ਇਕੋ ਭਾਵ ਸੁਹਣੇ ਸੁਹਣੇ ਬਦਲਵੇਂ ਤ੍ਰੀਕਿਆਂ ਨਾਲ ਆ ਰਿਹਾ ਹੈ।

ਨਿਰੁਕ੍ਤ—ਸਾਜਨ-[ਸੰਸ: ਸਜ੍ਜਨ:] ਮਿਤ੍ਰ।

ਸੇਨ-ਸੈਣ [ਸਿੰ:, ਸੇਨ] ਕੁੜਮ, ਆਮ ਭਾਵ ਸਾਕ ਤੋਂ ਹੁੰਦਾ ਹੈ। ਪਦ ਸਾਕ ਦੇ ਨਾਲ ਮਿਲਕੇ ਬੀ ਵਰਤੀਦਾ ਹੈ, ਸਾਕ ਸੈਨ।

ਵਡਾ ਵਡਾ ਹਰਿ ਭਾਗ ਕਰਿ—ਸਭ ਤੋਂ ਵਡਾ ਹਰੀ ਭਾਗਾਂ ਕਰਕੇ। (ਅ) ਐਉਂ ਬੀ ਲਾਉਂਦੇ ਹਨ 'ਵਡਾ ਹਰੀ ਵਡੇ ਭਾਗਾਂ ਕਰਕੇਂ ਪਰ 'ਭਾਗ' ਪਦ ਬਹੁ ਬਚਨ ਹੈ ਤੇ 'ਵਡਾ' ਵਿਸ਼ੇਸ਼ਣ ਇਕ ਬਚਨ ਹੈ।

[ਆਸਾ ਮਹਲਾ ੪, ਚਉਪਦਾ-੫੭]

ਪ੍ਰਾਕ੍ਕਥਨ—ਹੁਣ ਨਾਮ ਦੇ ਨਾਲ ਹਰੀ ਗੁਣ ਗਾਇਣ ਦੀ ਤਾਕੀਦ ਕਰਦੇ ਹਨ।

ਮੂਲ	ਅਰਥ
ਆਸਾ ਮਹਲਾ ੪ ॥ ਗੁਣ ਗਾਵਾ ਗੁਣ ਬੋਲੀ ਬਾਣੀ ॥ ਗੁਰਮੁਖਿ ਹਰਿ ਗੁਣ ਆਖਿ ਵਖਾਣੀ ॥੧॥	(ਹਰੀ ਦੇ) ਗੁਣ (ਮੈਂ ਰਾਗਾਂ ਵਿਚ) ਗਾਉਂਦਾ ਹਾਂ (ਤੇ ਸਾਧਾਰਣ) ਬੋਲ ਚਾਲ ਵਿਚ (ਹਰੀ ਦੇ) ਗੁਣ ਆਖਦਾ ਹਾਂ ਤੇ ਗੁਰਮੁਖ (ਤੋਂ ਸੁਣੇ) ਹਰੀ ਦੇ ਗੁਣ (ਮੈਂ) ਆਖ ਕੇ (ਉਨ੍ਹਾਂ ਦੀ) ਵਜਾਖਜਾ ਕਰਕੇ ਦੱਸਦਾ ਹੈ॥ ੧॥
ਜਪਿ ਜਪਿ ਨਾਮੁ ਮਨਿ ਭਇਆ ਅਨੰਦਾ॥ ਸਤਿ ਸਤਿ ਸਤਿਗੁਰਿ ਨਾਮੁ ਦਿੜਾਇਆ ਰਸਿ ਗਾਏ ਗੁਣ ਪਰਮਾਨੰਦਾ ॥੧॥ਰਹਾਉ॥	(ਸੋ ਮੈਂ ਦੋ ਕੰਮ ਕੀਤੇ ਹਨ:-) ੧. ਨਾਮ ਜਪਿਆ ਹੈ (ਜਿਸ ਦੇ) ਜਪਣੇ ਕਰਕੇ ਮਨ ਵਿਚ ਆਨੰਦ ਹੋ ਗਿਆ ਹੈ, ਤਾਂ ਸਤਿਗੁਰ ਨੇ ਸਤਯ ਸਰੂਪ ਦਾ ਸਤਯ (ਨਾਮ) ਮੈਨੂੰ ਦ੍ਰਿੜ ਕਰਾ ਦਿੱਤਾ ਹੈ। ੨. (ਨਾਮ ਦੇ ਨਾਲ ਮੈਂ) ਪਰਮਾਨੰਦ (ਸਰੂਪ ਅਕਾਲ ਪੁਰਖ) ਦੇ ਸੁਆਦ ਲਾ ਲਾ ਕੇ (ਮੈਂ) ਗੁਣ ਗਾਏ ਹਨ॥ ੧॥ ਰਹਾਉ॥
ਹਰਿ ਗੁਣ ਗਾਵੈ ਹਰਿ ਜਨ ਲੋਗਾ ॥ ਵਡੈ ਭਾਗਿ ਪਾਏ ਹਰਿ ਨਿਰਜੋਗਾ ॥੨॥	ਹੇ ਲੋਕੋ ! (ਇਹ ਸਰੀਰ) ਹਰੀ ਜਨਾਂ (ਨਾਲ ਮਿਲਕੇ) ਹਰੀ ਗੁਣ ਗਾਉਂਦਾ ਹੈ(ਇਸ ਲਈ ਇਸ ਨੇ) ਵੱਡੇ ਭਾਗਾਂ ਦੁਆਰਾ ਨਿਰਲੇਪ (=ਅਸੰਗ) ਹਰੀ ਜੀ ਪਾ ਲਏ ਹਨ॥ ੨॥
ਗੁਣ ਵਿਹੂਣ ਮਾਇਆ ਮਲੁ ਧਾਰੀ ॥ ਵਿਣੁ ਗੁਣ ਜਨਮਿ ਮੁਏ ਅਹੰਕਾਰੀ॥੩॥	[ਨਾਮ ਤੇ ਗੁਣ ਕਥਨੁ] (ਇਨ੍ਹਾਂ) ਗੁਣਾਂ ਤੋਂ ਜੋ ਵਿਹੂਣੇ ਹਨ (ਓਹ) ਮਾਇਆ ਦੀ ਮੈਲ ਦੇ ਧਾਰਣੀ ਹਨ, (ਓਹ ਮਾਇਆ ਮੈਲ ਕਰਕੇ) ਅੰਹਕਾਰੀ ਹੁੰਦੇ ਹਨ, (ਅਹੰਕਾਰ ਕਰਕੇ ਓਹ) ਜੰਮ ਜੰਮ ਕੇ ਮਰਦੇ ਰਹਿੰਦੇ ਹਨ (ਨਾਸ਼ ਤੇ ਗੁਣ ਕਥਨ ਦੇ) ਗੁਣਾਂ ਤੋਂ ਵਿਹੂਣਿਆਂ (ਦੇ ਏਹ ਹਾਲ ਹੁੰਦੇ ਹਨ)॥ ੩॥
ਸਰੀਰਿ ਸਰੋਵਰਿ ਗੁਣ ਪਰਗਟਿ ਕੀਏ॥ ਨਾਨਕ ਗੁਰਮੁਖਿ ਮਤਿ ਤਤੁ ਕਢੀਏ ॥੪॥੫॥੫੭॥	(ਪਰ ਜਿਨ੍ਹਾਂ ਨੇ) ਸਰੀਰ ਰੂਪੀ ਸਰੋਵਰ ਵਿਚ (ਏਹ ਦੋ) ਗੁਣ ਪਰਗਟ ਕਰ ਲਏ ਹਨ, (ਉਨ੍ਹਾਂ ਨੇ) ਹੇ ਨਾਨਕ! ਗੁਰੂ ਦੁਆਰਾ ਵੀਚਾਰ ਕਰ ਕਰਕੇ (ਵਾਹਿਗੁਰੂ ਜੀ ਦਾ ਸਰੂਪ ਗਜਾਨ ਰੂਪੀ) ਤੱਤ ਕੱਢ ਲਿਆ ਹੈ॥ ੪॥ ੫॥ ੫੭॥

ਵਜਾਖਜਾ— ਇਸ ਸ਼ਬਦ ਵਿਚ ਨਾਮ ਨਾਲ ਸਿਫਤ ਸਲਾਹ ਯਾ ਹਰੀ ਦੇ ਗੁਣ ਕਥਨ ਦੀ ਪ੍ਰੌਢਤਾ ਕੀਤੀ ਹੈ। ਦੋਹਾਂ ਨੂੰ ਓਹ ਗੁਣ ਕਿਹਾ ਹੈ ਜਿਨ੍ਹਾਂ ਦੁਆਰਾ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ ਗੁਣ ਕਥਨ ਦੇ ਤ੍ਰੈ ਤ੍ਰੀਕੇ ਦੱਸੇ ਹਨ। ਬੋਲ ਕੇ ਗੁਣ ਕਥਨ ਕਰਨੇ, ਗਾ ਕੇ ਗੁਣ ਕੀਰਤਨ ਕਰਨ, ਵਜਾਖਜਾ ਕਰਕੇ ਗੁਣਾਂ ਦੇ ਭਾਵ ਸਮਝਣੇ ਤੇ ਸਮਝਾਉਣੇ। ਇਨ੍ਹਾਂ ਦੋ ਗੁਣਾਂ ਨੂੰ ਕੌਣ ਧਾਰਨ ਨਹੀਂ ਕਰਦੇ ? ਜੋ ਮਾਇਆ ਪ੍ਰੇਮੀ ਹਨ ਤੇ ਮਾਇਆ ਦੇ ਮਗਰ ਲੱਗੇ ਮੈਲੇ ਹੋ ਗਏ ਹਨ ਉਹਨਾਂ ਦੀ ਸਦਗਤੀ ਨਹੀ ਹੁੰਦੀ। ਅਖੀਰ ਵਿਚ ਦੱਸਿਆ ਹੈ ਕਿ ਵਾਹਿਗੁਰੂ ਜੀ ਦਾ ਸਰੂਪ ਗਜਾਨ ਇਨ੍ਹਾਂ ਦੋ ਗੁਣਾਂ ਤੋਂ ਹੀ ਪ੍ਰਾਪਤ ਹੁੰਦਾ ਹੈ।

ਨਿਰੁਕ੍ਤ—ਵਖਾਣਾ—ਵਖਜਾਨ ਕਰਨਾ, ਖੋਹਲ ਕੇ ਵਰਣਨ ਕਰਨਾ।

ਨਿਰਜੋਗਾ—[ਸੰਸ:, ਨਿਰ੍ (ਬਿਨਾ)+ਯੋਗ:=ਸੰਬੰਧ। ਜਿਸ ਦਾ ਕਿਸੇ ਨਾਲ ਕੋਈ ਸੰਬੰਧ ਨਹੀਂ। ਅਤੀਤ, ਨਿਰਲੇਪ, ਅਸੰਗ। **ਮਥਿ**—ਰਿੜਕ ਕੇ, ਵੀਚਾਰ ਕਰ ਕਰਕੇ।

ਤਤੁ—ਸਾਰ, ਅਸਲ। ਵਾਹਿਗੁਰੂ ਦਾ ਸਰੂਪ, ਸਰੂਪ ਦਾ ਗਜਾਨ।

[ਆਸਾ ਮਹਲਾ ੪, ਚਉਪਦਾ-੫੮]

ਮੂਲ	ਅਰਥ
ਆਸਾ ਮਹਲਾ ੪ ॥	
ਨਾਮੁ ਸੁਣੀ ਨਾਮੋ ਮਨਿ ਭਾਵੈ ॥ ਵਡੈ ਭਾਗਿ ਗੁਰਮੁਖਿ ਹਰਿ ਪਾਵੈ॥੧॥	(ਮੈਂ) ਨਾਮ (ਹੀ) ਸੁਣਦਾ ਹਾਂ, ਨਾਮ ਹੀ (ਮੇਰੇ) ਮਨ ਨੂੰ ਭਾਉਂਦਾ ਹੈ। ਹਰਿ (ਨਾਮ) ਵੱਡੇ ਭਾਗਾਂ ਕਰਕੇ ਗੁਰੂ ਦੁਆਰਾ ਪਾਈਦਾ ਹੈ॥ ੧॥
ਨਾਮ ਜਪਹੁ ਗੁਰਮੁਖਿ ਪਰਗਾਸਾ ॥ ਨਾਮ ਬਿਨਾ ਮੈ ਧਰ ਨਹੀ ਕਾਈ ਨਾਮੁ ਰਵਿਆ ਸਭ ਸਾਸ ਗਿਰਾਸਾ ॥੧॥ ਰਹਾਉ ॥	(ਸੋ ਭਾਈ!) ਨਾਮ ਜਪੋ, (ਜਿਸ ਦਾ) ਪ੍ਰਕਾਸ਼ ਗੁਰੂ ਦੁਆਰਾ ਹੁੰਦਾ ਹੈ। ਨਾਮ ਤੋਂ ਬਿਨਾ ਮੇਰਾ ਆਸਰਾ ਕੋਈ ਨਹੀਂ ਹੈ, ਨਾਮੁ (ਮੇਰੇ) ਸਾਸਾਂ ਗਿਰਾਸਾਂ ਵਿਚ ਰਵ ਰਿਹਾ ਹੈ(ਭਾਵ ਸਾਸ ਗਿਰਾਸ ਹੋ ਰਿਹਾ ਹੈ)॥ ੧॥ ਰਹਾਉ॥
ਨਾਮੈ ਸੁਰਤਿ ਸੁਨੀ ਮਨਿ ਭਾਈ ॥ ਜੋ ਨਾਮੁ ਸੁਨਾਵੈ ਸੋ ਮੇਰਾ ਮੀਤੁ ਸਖਾਈ ॥੨॥	ਨਾਮ ਦੀ ਸ਼੍ਰੋਤ ਸੁਣੀ ਹੋਈ (ਮੇਰੇ) ਮਨ ਨੂੰ ਭਾਉਂਦੀ ਹੈ। ਜੋ (ਮੈਨੂੰ) ਨਾਮ ਸੁਣਾਵੇ ਉਹੋ ਮੇਰਾ ਮਿੱਤ੍ਰ ਹੈ (ਉਹੋ ਮੇਰਾ) ਸਖਾ ਹੈ॥ ੨॥
ਨਾਮਹੀਣ ਗਏ ਮੂੜ ਨੰਗਾ ॥ ਪਚਿ ਪਚਿ ਮੁਏ ਬਿਖੁ ਦੇਖਿ ਪਤੰਗਾ॥੩॥	ਨਾਮ ਹੀਣ (ਆਤਮ ਕੱਜਣਾਂ ਤੋਂ ਵਿਰਵੇ) ਨੰਗੇ ਜਾਂਦੇ ਹਨ। (ਕਿਉਂਕਿ ਜੀਂਦੇ ਜੀ ਓਹ ਮੂਰਖ) ਮਾਇਆ ਦੀ (ਬਲਦੀ ਲਾਟ) ਦੇਖ ਕੇ (ਮੋਹੇ ਗਏ ਤੇ) ਭੰਬਟ ਵਾਂਙੂ (ਮੋਹੇ ਜਾਕੇ ਵਿਚ ਜਾ ਪਏ ਤੇ) ਸੜ ਸੜ ਮੋਏ॥ ੩॥
ਆਪੇ ਥਾਪੇ ਥਾਪਿ ਉਥਾਪੇ ॥ ਨਾਨਕ ਨਾਮੁ ਦੇਵੈ ਹਰਿ ਆਪੇ ॥੪॥੬॥੫੮॥	(ਇਸ ਲਈ ਅਰਦਾਸ ਹੈ ਕਿ) ਹਰੀ ਜੋ ਉਤਪਤ ਕਰਦਾ ਹੈ (ਤੇ ਉਤਪਤ ਕਰਕੇ) ਆਪੇ ਪਰਲੌ ਕਰਦਾ ਹੈ (ਮਾਇਕ ਜੀਵ ਨੂੰ) ਆਪ ਹੀ ਨਾਮ ਦੇਵੇ (ਕਹਿੰਦੇ ਹਨ ਸ੍ਰੀ ਗੁਰੂ) ਨਾਨਕ ਜੀ॥ ੪॥ ੬॥ ੫੮॥

ਵਜਾਖਜਾ—ਸੁਗਮੈ।

ਨਿਰੁਕ੍ਤ—ਧਰ—[ਸੰਸ:, ਧਰਣੰ=ਸਹਾਰਾ, ਖੰਭਾ। ਸਹਾਰਾ ਦੇਣ, ਵਾਲਾ] ਆਸਰਾ, ਟੇਕ।

ਸੁਰਤਿ-ਸ੍ਰੋਤ। ਸੁਣਨਾ

ਨੰਗਾ-ਨੰਗੇ। ਪਾਪੀ ਰੂਹਾਂ ਨੰਗੀਆਂ ਜਾਂਦੀਆਂ ਹਨ। ਯਥਾ:-ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ।। [ਵਾਰ ਆਸਾ ਮਹਲਾ ੧ ੧੪]

ਪਤੰਗਾ—[ਸੰਸ:, ਪਤੰਗ:] ਭੰਬਟ।

ਥਾਪ—ਰਚਦਾ ਹੈ, ਉਤਪਤ ਕਰਦਾ ਹੈ।

ਉਥਾਪੇ—ਨਾਸ਼ ਕਰਦਾ ਹੈ। ਪਰਲੋ ਕਰਦਾ ਹੈ।

[ਆਸਾ ਮਹਲਾ ੪, ਚਉਪਦਾ-੫੯]

ਮੂਲ	ਅਰਥ
ਆਸਾ ਮਹਲਾ ੪ ॥ ਗੁਰਮੁਖਿ ਹਰਿ ਹਰਿ ਵੇਲਿ ਵਧਾਈ ॥ ਫਲ ਲਾਗੇ ਹਰਿ ਰਸਕ ਰਸਾਈ ॥੧॥	ਗੁਰਮੁਖਾਂ ਨੇ ਜੋ ਹਰਿ ਹਰਿ (ਨਾਮ) ਜਪਿਆ ਹੈ (ਉਹ ਮਾਨੋ ਮਨ ਵਿਚ ਇਕ) ਵੇਲ (ਉਗਾ ਕੇ) ਵਧਾਈ ਹੈ, (ਜਿਸ ਨੂੰ) ਫਲ ਲੱਗੇ ਹਨ (ਜੋ) ਹਰੀ ਦੇ ਰਸਿਕ (ਅਰਥਾਤ ਭਗਤਾਂ ਨੂੰ) ਰਸਦਾਯਕ ਹੁੰਦੇ ਹਨ॥੧॥
ਹਰਿ ਹਰਿ ਨਾਮੁ ਜਪਿ ਅਨਤ ਤਰੰਗਾ॥ ਜਪਿ ਜਪਿ ਨਾਮੁ ਗੁਰਮਤਿ ਸਾਲਾਹੀ ਮਾਰਿਆ ਕਾਲੁ ਜਮਕੰਕਰ ਭੁਇਅੰਗਾ ॥੧॥ ਰਹਾਉ ॥	ਅਨੰਤ ਤ੍ਰੰਗਾਂ ਵਾਲੇ ਹਰੀ ਹਰਿ ਦੇ ਨਾਮ ਨੂੰ ਜਪੋ। (ਦੇਖੋ ਅਸਾਂ) ਗੁਰੂ ਦੀ ਮਤਿ ਦੁਆਰਾ ਨਾਮ ਜਪ ਜਪ ਕੇ। (ਤੇ ਉਸ ਪ੍ਰਭੂ ਨੂੰ) ਸਲਾਹਿ ਕੇ (ਭਾਵ ਨਾਮ ਜਪ ਜਪ ਕੇ ਤੇ ਸਿਫਤ ਸਲਾਹ ਕਰ ਕਰਕੇ) ਕਾਲ ਨੂੰ (ਤੇ ਕਾਲ ਲਿਆਉਣ ਵਾਲੇ) ਜਮਦੂਤ ਰੂਪੀ ਸੱਪ ਨੂੰ ਮਾਰ ਲਿਆ ਹੈ। (ਭਾਵ ਕਾਲ ਚੱਕ੍ਰ ਵਿਚੋਂ ਨਿਕਲ ਗਏ ਹਾਂ)॥੧॥ਰਹਾਉ॥
ਹਰਿ ਹਰਿ ਗੁਰ ਮਹਿ ਭਗਤਿ ਰਖਾਈ॥ ਗੁਰੁ ਤੁਠਾ ਸਿਖ ਦੇਵੈ ਮੇਰੇ ਭਾਈ॥੨॥	ਹਰੀ ਹਰਿ ਨੇ (ਅਪਣੀ) ਭਗਤੀ ਗੁਰੂ ਵਿਚ ਰੱਖੀ ਹੈ (ਸੋ) ਹੇ ਮੇਰੇ ਭਾਈ ! ਗੁਰੂ (ਜਦ) ਤ੍ਰੁਠਦਾ ਹੈ ਤਦ ਸਿਖਾਂ ਨੂੰ (ਭਗਤੀ) ਦੇਂਦਾ ਹੈ॥੨॥
ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ॥ ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ ॥੩॥	ਹਉਮੈ ਦੇ ਕਰਮ (ਕਰਨ ਵਾਲਾ ਜੀਵ ਭਗਤੀ ਦੀ) ਵਿਧੀ ਕੁਛ ਨਹੀਂ ਜਾਣਦਾ, (ਓਹ ਕਰਮ ਕਰਦਾ ਫੇਰ ਹੰਕਾਰ ਕਰਦਾ ਮਾਨੋ) ਹਾਥੀ ਵਾਂਙੂ ਨਹਾ ਕੇ ਸਿਰ ਤੇ ਮਿੱਟੀ ਉਡਾਉਂਦਾ ਹੈ॥੩॥
ਜੇ ਵਡ ਭਾਗ ਹੋਵਹਿ ਵਡ ਊਚੇ ॥ ਨਾਨਕ ਨਾਮੁ ਜਪਹਿ ਸਚਿ ਸੂਚੇ ॥ ੪॥੭॥੫੯॥	ਜੇਕਰ ਵੱਡੇ ਭਾਗ ਹੋਣ, ਵੱਡਿਆਂ ਤੋਂ ਬੀ ਵੱਡੇ ਉੱਚੇ (ਤਦ) ਸੱਚੇ ਤੇ ਸੁੱਚੇ ਬਣਾ ਦੇਣ ਵਾਲੇ ਨਾਮ ਨੂੰ ਜਪਦੇ ਹਨ) ਓਹ ਉਚ ਭਾਗਾਂ ਵਾਲੇ) ਹੇ ਨਾਨਕ॥੪॥੭॥੫੯॥

ਵਯਾਖਯਾ— ਹਰੀ ਨਾਮ ਨੂੰ ਬੀਜ ਤੇ ਉਸ ਦੇ ਲਗਾਤਾਰੀ ਸਿਮਰਨ ਨੂੰ ਵੇਲ ਵਧਾਉਣ ਨਾਲ ਉਪਮਾ ਦਿੱਤੀ ਹੈ। ਜਿਸ ਨਾਲ ਅੰਦਰ ਦੈਵੀ ਸੁਖ, ਆਤਮ ਸੁਖ: ਉਪਕਾਰੀ ਸੁਖ ਦੇ ਫਲ ਲਗਦੇ ਹਨ ਜੋ ਰਸੀਆਂ ਨੂੰ ਰਸਦਾਇਕ ਹੁੰਦੇ ਹਨ। ਇਸ ਦਾ ਭਾਵ ਇਉਂ ਬੀ ਸਹੀ ਹੁੰਦਾ ਹੈ ਕਿ ਹਰੀ ਦੇ ਨਾਮ ਨੂੰ ਅਪਣੇ ਪਾਸ ਹੀ ਨਹੀਂ ਰਖਿਆ, ਸੰਗਤਾਂ ਵਿਚ ਦੇ ਕੇ ਸਤਿਸੰਗ ਰੂਪੀ ਵੇਲ ਵਧਾਈ ਹੈ। ਵੇਲ ਵਧਣੀ ਪੰਜਾਬੀ ਮੁਹਾਵਰਾ ਹੈ, ਜਿਸ ਦਾ ਭਾਵ ਹੈ ਸੰਤਾਨ ਦਾ ਵਧਣਾ। ਸੰਤਾਨ ਚਾਹੋ ਬਿੰਦੀ ਹੋਵੇ ਚਾਹੋ ਨਾਦੀ। ਏਥੇ ਨਾਦੀ ਸੰਤਾਨ ਤੋਂ ਮੁਰਾਦ ਹੈ। ਰੇਹਾਉ ਵਿਚ ਫੁਰਮਾਇਆ ਹੈ ਕਿ ਅਨੇਕ ਪ੍ਰਕਾਰ ਦੇ ਤ੍ਰੰਗਾਂ

ਵਾਲੇ ਪ੍ਰਭੂ ਦਾ ਨਾਮ ਜਪੋ; ਭਾਵ ਹੈ ਕਿ ਓਹ ਬੜਾ ਚੋਜੀ ਹੈ ਤੇ ਅਨੇਕ ਪ੍ਰਕਾਰ ਦੇ ਸੁਖਾਂ ਦਾ ਦਾਤਾ ਹੈ। 'ਹਰੀ ਰਸ' ਸਾਗਰ ਦੀਆਂ ਤ੍ਰੰਗਾਂ ਵਾਂਙੂ ਕਈ ਰੰਗਾਂ ਰੂਪਾਂ ਦਾ ਹੁੰਦਾ ਹੈ। ਨਾਮ ਤੇ ਸਿਫਤ ਸਲਾਹ ਨਾਲ ਕਾਲ ਜਿੱਤ ਹੋ ਜਾਂਦਾ ਹੈ, ਭਾਵ ਜੀਵ ਕਾਲ ਚੱਕ੍ਰ ਵਿਚੋਂ ਨਿਕਲ ਜਾਂਦਾ ਹੈ।

ਅੰਕ ੨ ਵਿਚ ਦੱਸਿਆ ਹੈ ਕਿ ਭਗਤੀ ਗੁਰੂ ਵਿਚ ਨਿਵਾਸ ਰਖਦੀ ਹੈ ਤੇ ਗੁਰੂ ਤ੍ਰੁੱਠ ਕੇ ਦੇਂਦਾ ਹੈ, ਜਿਸ ਦਾ ਭਾਵ ਹੈ ਕਿ ਨਿੰਮ੍ਰਤਾ ਧਾਰੋ, ਸ਼ਰਣ ਲਓ ਜੋ ਗੁਰੂ ਤ੍ਰੁੱਠੇ। ਇਸ ਕਰਕੇ ਅੰਕ ੩ ਵਿਚ ਦੱਸਿਆ ਹੈ ਕਿ ਜੋ ਆਪਣੇ ਹੰਕਾਰ ਵਿਚ ਰਹਿੰਦੇ ਹਨ, ਗੁਰੂ ਸ਼ਰਣ ਨਹੀਂ ਲੈਂਦੇ, ਓਹ ਮੁਕਤਾ ਮਾਰਗ ਦੀ ਵਿਧੀ ਤੋਂ ਅਗਜਾਤ ਰਹਿੰਦੇ ਹਨ। ਓਹ ਕਰਮ ਕਰਦੇ ਹਨ, ਪਰ ਕਰਮ ਕਾਂਡੀ ਕਰਮ ਹਉਮੈਂ ਨਾਲ ਹੁੰਦੇ ਹਨ, ਸੋ ਹਉਮੈਂ ਵਧਦੀ ਹੈ; ਜਿਵੇਂ ਹਾਥੀ ਨ੍ਹਾ ਕੇ ਸਿਰ ਖੇਹ ਪਾਉਂਦਾ ਹੈ ਜੋ ਸਿਰ ਗਿੱਲਾ ਹੋਣ ਕਰਕੇਹੋਰ ਚੰਬੜਦੀ ਹੈ।

ਅੰਕ ੪ ਵਿਚ ਦੱਸਿਆ ਹੈ ਕਿ ਕਾਹਨੂੰ ਕਿਸੇ ਨੂੰ ਖੇਹ ਉਡਾਊ ਹਾਥੀ ਆਦਿ ਕਹੀਏ, ਕਰਮਾਂ ਦੀ ਖੇਡ ਸਮਝੋ, ਜਿਨ੍ਹਾਂ ਦੇ ਬੜੇ ਉੱਚੇ ਭਾਗ ਹੋਣਗੇ ਉਨ੍ਹਾਂ ਨੂੰ ਸੱਚਾ ਤੇ ਸੁੱਚਾ, ਭਾਵ ਕਰਮਾਂ ਤੋਂ ਉੱਚਾ ਕਰਕੇ ਸੱਚ ਨੂੰ ਪ੍ਰਾਪਤ ਕਰਾ ਦੇਣ ਵਾਲਾ ਨਾਮ ਮਿਲੇਗਾ।

ਨਿਰੁਕ੍ਤ—**ਵੇਲਿ ਵਧਾਈ**—ਅਰਥ ਵਜਾਖਜਾ ਵਿਚ ਆ ਚੁਕਾ ਹੈ।

ਰਸਕ ਰਸਾਈ—ਰਸਕਾਂ ਅਰਥਾਤ ਭਗਤਾਂ ਨੂੰ ਰਸਦਾਜਕ ਲਗਣੇਵਾਲਾ। (ਅ) ਰਸਕ=[ਸੰਸ: ਰਸਿਕ:] ਰਸ ਲੈਣ ਦੇਣ ਵਾਲਾ, ਹਰੀ। ਰਸਾਈ=[ਸੰਸ:, ਰਸਵਤ੍] ਰਸ ਵਾਲਾ, ਰਸ ਭਰਪੂਰ। (ੲ) ਬ੍ਰਿਤੀ ਰਸਿਕ ਹੋ ਕੇ ਹਰੀ ਵਿਚ ਰਸਾਈ (=ਪਹੁੰਚੀ) ਹੈ।

ਤਰੰਗਾ—[ਸੰ:, ਤਰੰਗਾ] ਲਹਿਰਾਂ ਵਾਲਾ। ਭਾਵ ਚੋਜੀ। ਭਾਵ ਹੈ ਜਿਸ ਦੇ ਰਸ ਦੇ ਇਕ ਹੁੰਦਿਆਂ ਅਨੇਕ ਸੁਆਦ ਹਨ, ਜਿਵੇਂ ਸਮੁੰਦਰ ਦਾ ਜਲ ਇਕ ਹੁੰਦਿਆਂ ਲਹਿਰਾਂ ਅਨੇਕ ਹਨ, ਪ੍ਰੰਤੂ ਭਾਵ ਇਸ ਤੋਂ ਹਰ ਗਹਿਰਾ ਹੋ ਸਕਦਾ ਹੈ। ਯਥਾ:-

ਪਸਰਿਓ ਆਪਿ ਹੋਇ ਅਨਤ ਤਰੰਗ॥ [ਗਉੜੀ ਮਹਲਾ ੫ ਸੁਖਮਨੀ-੯]

ਕਿ ਵਾਹਿਗੁਰੂ ਆਪਣੇ ਨਿਰੰਕਾਰ ਸਰੂਪ ਤੋਂ ਜਗਤ ਦੀ ਸਾਕਾਰਤਾ ਵਿਚ ਆਇਆ ਲਹਿਰਾਂ (Waves) ਦਾ ਰੂਪ ਹੋ ਕੇ। 'ਸਥੂਲ ਮਾਦਾ' ਤੋਂ ਟੁਰ ਕੇ ਸਾਇੰਸ ਵਾਲੇ ਬੀ ਸ਼ਕਤੀ ਪ੍ਰਮਾਣੂ ਆਦਿ ਰੰਗ ਵੇਖਦੇ 'ਲਹਿਰਾਂ' ਤੇ ਅੱਪੜੇ ਹਨ। **ਜਮ ਕੰਕਰ**-(ਦੇਖੋ ਪੰਨਾ ੧੭੯੨) ਜਮ ਦਾ ਦਾਸ। ਜਮਦੂਤ।

ਭੁਇਅੰਗਾ—[ਸੰਸ:, ਭੁਜੰਗਮ:] ਸੱਪ।

[ਆਸਾ ਮਹਲਾ ੪, ਚਉਪਦਾ-੬੦]

ਪ੍ਰਾਕ੍ਥਨ—ਨਾਮ ਦੀ ਹੋਰ ਮਹਿਮਾ ਕਰਦੇ ਹਨ।

ਮੂਲ	ਅਰਥ
ਆਸਾ ਮਹਲਾ ੪ ॥	
ਹਰਿ ਹਰਿ ਨਾਮ ਕੀ ਮਨਿ ਭੂਖ ਲਗਾਈ॥ ਨਾਮਿ ਸੁਨਿਐ ਮਨੁ ਤ੍ਰਿਪਤੈ ਮੇਰੇ ਭਾਈ ॥੧॥	ਹੇ ਮੇਰੇ ਭਾਈ ! ਹਰੀ ਨੇ ਹਰੀ ਨਾਮ ਦੀ ਭੁਖ ਮਨ ਵਿਚ ਲਗਾ ਦਿੱਤੀ ਹੈ, ਨਾਮ ਨੂੰ ਸੁਣਨ ਕਰਕੇ (ਉਸ) ਦਾ ਮਨ ਤ੍ਰਿਪਤ ਹੁੰਦਾ ਹੈ॥੧॥
ਨਾਮੁ ਜਪਹੁ ਮੇਰੇ ਗੁਰਸਿਖ ਮੀਤਾ ॥ ਨਾਮੁ ਜਪਹੁ ਨਾਮੇ ਸੁਖੁ ਪਾਵਹੁ ਨਾਮੁ	ਨਾਮ ਨੂੰ ਜਪੋ ਹੇ ਮੇਰੇ ਗੁਰੂ ਦੇ ਸਿਖੋ (ਤੇ ਮੇਰੇ) ਮਿਤ੍ਰੋ! ਨਾਮ ਜਪੋ, ਨਾਮ ਤੋਂ ਹੀ ਸੁਖ ਪਾਓਗੇ (ਸੋ) ਗੁਰਮਤਿ ਦੁਆਰਾ (ਪਾਏ)

ਰਖਹੁ ਗੁਰਮਤਿ ਮਨਿ ਚੀਤਾ ॥੧॥ ਰਹਾਉ ॥	ਨਾਮ ਨੂੰ (ਸਦਾ) ਮਨ ਵਿਚ (ਤੇ ਡੂੰਘੇ) ਚਿਤ ਵਿਚ ਰਖੋ॥ ੧ ॥ ਰਹਾਉ ॥
ਨਾਮੋ ਨਾਮੁ ਸੁਣੀ ਮਨੁ ਸਰਸਾ ॥ ਨਾਮੁ ਲਾਹਾ ਲੈ ਗੁਰਮਤਿ ਬਿਗਸਾ॥੨॥	ਨਾਮ ਹੀ ਨਾਮ ਸੁਣਨੇ ਕਰ ਮਨ ਪ੍ਰਸੰਨ ਹੁੰਦਾ ਹੈ, ਗੁਰੂ ਦੀ ਮਤਿ ਦੁਆਰਾ ਨਾਮ (ਅਤੇ ਨਾਮ ਦਾ) ਲਾਹਾ ਲਿਆਂ ਮਨ ਖਿੜਦਾ ਹੈ॥ ੨ ॥
ਨਾਮ ਬਿਨਾ ਕੁਸਟੀ ਮੋਹ ਅੰਧਾ ॥ ਸਭ ਨਿਹਫਲ ਕਰਮ ਕੀਏ ਦੁਖੁ ਧੰਧਾ ॥੩॥	(ਜੋ) ਨਾਮ ਤੋਂ ਬਿਨਾਂ (ਹੈ ਅਤੇ) ਮੋਹ ਵਾਲਾ ਹੈ ਉਹ ਅਗਜਾਨੀ ਹੈ, (ਮੋਹ ਤੋਂ ਅਗਜਾਨਵਸ ਕੀਤੇ ਕਰਮਾਂ ਕਰਕੇ ਮਾਨੋਂ) ਕੁਸ਼ਟੀ ਹੈ, (ਉਸ ਦੇ) ਕੀਤੇ ਹੋਏ ਸਾਰੇ ਕਰਮ ਨਿਹਫਲ (ਜਾਂਦੇ ਹਨ: ਮਾਨੋਂ ਓਹ ਕਰਮ) ਧੰਦੇ ਸਨ ਤੇ ਦੁਖ ਰੂਪ ਸਨ॥ ੩ ॥
ਹਰਿ ਹਰਿ ਹਰਿ ਜਸੁ ਜਪੈ ਵਡਭਾਗੀ॥ ਨਾਨਕ ਗੁਰਮਤਿ ਨਾਮਿ ਲਿਵ ਲਾਗੀ ॥੪॥੮॥੬੦॥	(ਜੋ) ਵਡੇ ਭਾਗਾਂ ਵਾਲਾ ਹਰਿ ਹਰਿ ਜਪਦਾ ਹੈ (ਤੇ) ਹਰਿ ਜਸ (ਕਰਦਾ ਹੈ), ਹੇ ਨਾਨਕ ! ਗੁਰੂ ਦੀ ਮਤਿ ਦੁਆਰਾ (ਉਸ ਦੀ ਨਾਮ ਵਿਚ ਲਿਵ ਲੱਗ ਜਾਂਦੀ ਹੈ॥ ੪ ॥ ੮ ॥ ੬੦ ॥

ਵਯਾਖਯਾ—ਅੰਕ ੧- ਹਰੀ ਨਾਮ ਦੀ ਭੁੱਖ ਲਗਣੀ ਵਡਭਾਗਤਾ ਹੈ, ਫੇਰ ਨਾਮ ਮਿਲਦਾ ਹੈ, ਤੇ ਓਹ ਨਾਮ ਤ੍ਰਿਪਤੀ ਦੇਂਦਾ ਹੈ। ਯਥਾ:-

ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੋਇ ਖਾਹਿ॥ [ਵਾਰ ਰਾਮਕਲੀ ਮਹਲਾ ੫-੯]

ਰਹਾਉ-ਗੁਰਮਤ ਨਾਮ ਜਪੇ ਸਾਰੇ ਸੁਖ ਮਿਲਣਗੇ।

ਅੰਕ ੨-ਨਾਮ ਨਾਲ ਮਨ ਅਨੰਦ ਹੋਏਗਾ ਖਿੜੇਗਾ।

ਅਕ ੩-ਨਾਮ ਵਿਹੂਣਿਆਂ ਮੋਹ ਵਿਚ ਫਸੀਦਾ ਹੈ, ਅਗਜਾਨ ਵਿਚ ਰਹੀਦਾ ਹੈ, ਅਗਜਾਨਵਸਿ ਵਿਕਾਰ ਕਮਾਈਦੇ ਹਨ,ਓਹ ਮਾਨੋ ਮਨ ਨੂੰ ਕੁਸ਼ਟੀ ਕਰ ਲਈਦਾ ਹੈ। ਜੋ ਕਰਮ ਕਾਂਡੀ ਕਰਮ ਕਰੀਦੇ ਹਨ ਉਹ ਬੀ ਅਗਜਾਨ ਵੱਸ ਹੁੰਦੇ ਹਨ, ਫਲ ਦੁਖ ਹੁੰਦਾ ਹੈ, ਕਰਦਿਆਂ ਪਿੱਟਣਾ ਲਗਦੇ ਹਨ; ਸੋ ਨਿਹਫਲ ਜਾਂਦੇ ਹਨ।

ਅੰਕ ੪-ਨਾਮ ਤੋਂ ਹਰੀ ਕੀਰਤਨ ਵਡੇ ਭਾਗਾਂ ਨਾਲ ਮਿਲਦਾ ਹੈ ਤੇ ਇਸੇ ਨਾਲ ਲਿਵ ਲਗ ਜਾਂਦੀ ਹੈ, ਜੋ ਜੀਵਨ ਨੂੰ ਸਫਲਾ ਕਰਦੀ ਹੈ। ਇਹ ਸ਼ਬਦ 'ਗੁਰ ਸਿਖ ਮੀਤਾ' ਨੂੰ ਸੰਬੋਧਨ ਕੀਤਾ ਹੈ।

ਇਨ੍ਹਾਂ ਸਾਰੇ ਸ਼ਬਦਾਂ ਵਿਚ ਨਾਮ ਦਾ ਉਪਦੇਸ਼ ਹੈ, ਜੋ ਇਕੱਲਾ ਹੀ ਕਲਜਾਣਕਾਰੀ ਹੈ। ਕਰਮ ਕਾਂਡੀ ਕਰਮਾਂ ਦੀ ਨਿਸ਼ਫਲਤਾ ਦਿਖਾਈ ਹੈ। ਨਾਮ ਗੁਰਮਤਿ ਦੁਆਰਾ ਜਪਿਆਂ ਸਫਲਦਾ ਹੈ। ਦੂਜੇ ਭਾਵ ਵਿਚ ਲਗਣਾ, ਮੋਹ ਵਿਚ ਫਸਣਾ, ਬੰਧਾਇਮਾਨ ਕਰਦੇ ਹਨ। ਏਕੋ ਨਾਮ ਮੁਕਤੀ ਦਾਤਾ ਹੈ।

ਨਿਰੁਕ੍ਤ—**ਤ੍ਰਿਪਤੈ**—[ਸੰਸ:, ਤ੍ਰਿਪਤਿ੍:=ਸੰਤੋਖ, ਰੱਜ] ਤ੍ਰਿਪਤ ਹੁੰਦਾ ਹੈ, ਰੱਜਦਾ ਹੈ, ਕੇਵਲ ਰੱਜਦਾ ਨਹੀਂ ਪ੍ਰਸੰਨ ਬੀ ਹੁੰਦਾ ਹੈ, ਤਸੱਲੀ ਪਕੜਦਾ ਹੈ।

ਸਰਸਾ—ਪ੍ਰਸੰਨ ਹੁੰਦਾ ਹੈ, ਵਧਦਾ ਹੈ, ਸਹਤ ਰਸ ਦੇ ਹੁੰਦਾ ਹੈ। **ਬਿਗਸਾ**-ਖਿੜਦਾ ਹੈ।

[ਆਸਾ ਮਹਲਾ ੪, ਚਉਪਦਾ-੬੧]

੧ੴ ਸਤਿਗੁਰ ਪ੍ਰਸਾਦਿ॥ ਮਹਲਾ ੪ ਰਾਗੁ ਆਸਾ ਘਰੁ ੬ ਕੇ ੩॥

ਮੂਲ	ਅਰਥ
ਹਥਿ ਕਰਿ ਤੰਤੁ ਵਜਾਵੈ ਜੋਗੀ	ਹੇ ਜੋਗੀ ! (ਤੂੰ ਜੋ) ਹਥ ਨਾਲ ਤਾਰ ਵਜਾ ਰਿਹਾ ਹੈਂ (ਤੇਰੀ)

ਥੋਥਰ ਵਾਜੈ ਬੇਨ ॥ ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥੧॥	ਵੀਣਾ ਥੋਥੀ ਵਜ ਰਹੀ ਹੈ। ਹੇ ਜੋਗੀ ! ਗੁਰੂ ਦੀ ਮਤਿ ਅਨੁਸਾਰ ਹਰੀ ਦੇ ਗੁਣ ਗਾਉ (ਤਦ) ਇਹ (ਤੇਰਾ) ਮਨ ਹਰੀ ਦੇ ਪ੍ਰੇਮ ਨਾਲ ਭਿੱਜ ਜਾਏਗਾ॥੧॥
ਜੋਗੀ ਹਰਿ ਦੇਹੁ ਮਤੀ ਉਪਦੇਸੁ ॥ ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ ॥੧॥ ਰਹਾਉ ॥	ਹੇ ਜੋਗੀ ! (ਆਪਣੀ) ਮਤਿ ਨੂੰ ਹਰੀ (ਨਾਮ) ਦਾ ਉਪਦੇਸ਼ ਦੇਹ, ਜੁਗੋ ਜੁਗ ਇਕੋ ਹਰੀ ਵਰਤਦਾ ਆਇਆ ਹੈ ਉਸ ਹਰੀ ਅਗੇ ਅਸੀਂ ਆਦੇਸ਼ ਕਰਦੇ ਹਾਂ(ਤੂੰ ਵੀ ਉਸ ਅੱਗੇ ਆਦੇਸ਼ ਕਰ)॥੧॥ਰਹਾਉ॥
ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ ॥ ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ ॥੨॥	(ਇਸ ਕੀਤੇ ਬਿਨਾ ਤੂੰ ਜੋ) ਰਾਗ ਗਾਉਂਦਾ ਹੈਂ (ਤੇ ਨਾਲ) ਬਹੁਤ ਭਾਂਤਿ ਦੇ ਬੋਲ ਬੋਲਦਾ ਹੈਂ; ਇਹ (ਤੇਰਾ) ਮਨ ਇਕ ਖੇਡ ਖੇਡ ਰਿਹਾ ਹੈ, (ਜਿਵੇਂ) ਧਰਤੀ ਨੂੰ ਸਿੰਜਣ ਲਈ ਖੂਹ ਜੋਵੇਂ, (ਉਸ ਸਿੰਜਣ ਤੋਂ ਜੋ ਖੇਤੀ ਹੋਈ ਉਸ) ਖੇਤੀ ਨੂੰ ਬਲਦ ਹੀ ਉਠ ਕੇ ਚਰ ਜਾਣ (ਤਾਂ ਤੇਰੇ ਪੱਲੇ ਤਾਂ ਕੁਛ ਨਾ ਪਿਆ)॥੨॥
ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥ ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥੩॥	(ਹੇ ਜੋਗੀ !) ਸਰੀਰ ਰੂਪੀ ਨਗਰੀ ਵਿਚ ਹਰੀ ਕਰਮ (=ਹਰੀ ਦਾ ਨਾਮ) ਬੋਵੋ ਜੇ ਹਰ ਰੂਪੀ ਹਰਿਆ ਖੇਤ (ਹਿਰਦੇ ਵਿਚ) ਜੰਮ ਪਵੇ। ਮਨ ਨੂੰ ਟਿਕਾਓ, (ਇਸ ਟਿਕੇ) ਮਨ ਰੂਪੀ ਬੈਲ ਨੂੰ ਜੋਵੋ (ਭਾਵ ਹਰੀ ਸਿਮਰਨ ਵਿਚ ਲਾਈ ਰੱਖੋ), ਇਹ ਹੋਵੇਗਾ (ਉਸ ਅੰਦਰਲੀ) ਖੇਤੀ ਨੂੰ ਸਿੰਜਣਾਂ, (ਜੇਤੁ=) ਜਿਸ ਨਾਲ ਗੁਰਮਤਿ ਦੁਆਰਾ ਹਰੀ (ਮਿਲੇਗਾ)॥੩॥
ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ ॥ ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥੪॥੯॥੬੧॥	(ਹੁਣ ਆਪ ਤਰਸ ਵਿਚ ਆ ਕੇ ਜੋਗੀ ਲਈ ਅਤੇ ਸਾਰੀ ਸ੍ਰਿਸ਼ਟੀ ਲਈ ਅਰਦਾਸ ਕਰਦੇ ਹਨ।) (ਹੇ ਵਾਹਿਗੁਰੂ !) ਜੋਗੀ, ਜੰਗਮ, (ਤੇ) ਸਾਰੀ ਸ੍ਰਿਸ਼ਟੀ ਆਪ ਦੀ ਹੈ (ਇਸ ਨੂੰ) ਜੋ ਮਤਿ ਆਪ ਦਿਓਗੇ (ਇਹ) ਉਸ ਪਾਸੇ ਚੱਲੇਗੀ, ਹੇ ਨਾਨਕ ਦਾਸ ਦੇ ਅੰਤਰਜਾਮੀ ਪ੍ਰਭੂ ! ਹੇ ਹਰੀ ! (ਸਭਨਾਂ ਦੇ) ਮਨ ਨੂੰ ਮੱਲੋ ਮੱਲੀ (ਆਪਣੇ ਵਿਚ) ਲਾ ਲਓ॥੪॥੯॥੬੧॥

ਵਜਾਖਜਾ– ਇਹ ਉਪਦੇਸ਼ ਕਿਸੇ ਕਿੰਗ ਵਜਾ ਕੇ ਗੀਤ ਗਾਕੇ ਰੋਟੀ ਕਮਾਉਣ ਵਾਲੇ ਜੋਗੀ ਪ੍ਰਤੀ ਹੋਇਆ ਸਹੀ ਹੁੰਦਾ ਹੈ। ਇਹ ਕਿਸੇ ਹਠ ਯੋਗ ਦੇ ਅਭਿਆਸੀ ਜੋਗੀ ਨਾਲ ਵੀਚਾਰ ਨਹੀਂ ਹੋਈ। ਇਕਤਾਰੀ ਕਿੰਗ ਜੇਹੀ ਲੈਕੇ ਜੋਗੀ ਵਜਾਉਂਦੇ, ਭਰਥਰੀ ਆਦਿ ਦੇ ਗੀਤ ਗਾਉਂਦੇ ਫਿਰਦੇ ਹਨ। ਮਨ ਏਕਾਗਰ ਨਹੀ ਹੁੰਦਾ, ਧਜਾਨ ਭਿਛਜਾ ਵਲ ਹੁੰਦਾ ਹੈ, ਗਾਇਆ ਵਜਾਇਆ ਉਸ ਦੇ ਅਪਣੇ ਮਨ ਨੂੰ ਹੀ ਹਰੀ ਵਿਚ ਜੋੜਨੇ ਤੋਂ ਅਸਮਰਥ ਰਹਿੰਦਾ ਹੈ।ਉਸ ਨੂੰ ਉਪਦੇਸ਼ ਦੇਂਦੇ ਹਨ, ਕਿ ਗੁਰੂ ਦੀ ਸ਼ੁਭ ਮਤਿ 'ਹਰੀ ਪ੍ਰੇਮ' ਦੀ ਲਓ, ਹਰੀ ਦਾ ਗੁਣ ਗਾਇਨ ਕਰੋ, ਤਦ ਤੇਰਾ ਮਨ ਹਰੀ ਪ੍ਰੇਮ ਵਿਚ ਆ ਜਾਏਗਾ ਅਪਣੇ ਮਨ ਨੂੰ ਉਪਦੇਸ਼ ਦਿਓ ਕਿ ਇਕ ਹੈ ਕਰਤਾਰ, ਜੁਗੋ ਜੁਗ ਇਕ ਹੈ, ਉਸ ਅਗੇ ਨਮਸਕਾਰ ਹੈ।ਆਦੇਸ ਆਦੇਸ ਮੂੰਹ ਥੀ ਪਰਸਪਰ ਉਚਾਰਨ ਕਰਦੇ ਹੋ ਇਹ ਬਿਰਥਾ ਜਾਂਦੀ ਹੈ, ਸਦਾ ਥਿਰ ਸਭ ਥਾਂ ਵਜਾਪੀ ਨੂੰ ਮਨੋਂ ਆਦੇਸ਼ ਆਖੋ, ਸਦਾ ਆਖੋ।

ਅੰਕ ੨– ਹੁਣ ਜੋ ਤੇਰਾ ਗਾਇਨ ਹੈ ਤੇ ਬੋਲ ਬੋਲਣੇ ਹਨ ਭਾਵ ਜੋ ਵਾਕ ਤੂੰ ਗਾਉਂਦਾ ਹੈਂ

ਬਿਰਥਾ ਜਾ ਰਹੇ ਹਨ, ਜਿਵੇਂ ਖੂਹ, ਖੇਤੀ ਹਰੀ ਰੱਖਣ ਲਈ ਜੋਈਦਾ ਹੈ, ਪਰ ਜੇ ਹਰੀ ਹੋਈ ਖੇਤੀ ਨੂੰ ਬੈਲ ਹੀ ਖਾ ਜਾਣ ਤਾਂ ਗਾਹਕ ਦੇ ਪੱਲੇ ਕੀਹ ਪਿਆ। ਤਿਵੇਂ ਤੇਰਾ ਰਾਗ ਨਾਦ 'ਦਹਿ ਦਿਸ ਉਡਦਾ ਮਨ' ਹੀ ਲੋਪ ਕਰੀ ਜਾਂਦਾ ਹੈ, ਮਨ ਏਕਾਗਰ ਹੋ ਕੇ ਨਹੀਂ ਲਗਦਾ, ਹਰੀ ਰਸ ਪੈਦਾ ਨਹੀਂ ਹੁੰਦਾ।

ਅੰਕ ੩ ਹੁਣ ਜਾਚ ਦੱਸਦੇ ਹਨ : ਕਾਇਆ ਨੂੰ ਨਗਰੀ ਸਮਝੋ ਭਾਵ ਹੈ ਸਰੀਰ ਰੂਪੀ ਨਗਰ ਵਿਚ ਜੇ ਮਨ ਤੇ ਬੁੱਧੀ ਹੈ ਉਸ ਵਿਚ ਕਰਮ ਕਾਂਡੀ ਬੀਜ ਨਾ ਬੀਜੋ, ਹਰੀ ਕਰਮ ਬੀਜੋ,ਹਰੀ ਕਰਮ ਹੈ ਹਰੀ ਦਾ ਨਾਮ, ਉਸ ਵਿਚ ਖੇਤ ਜੰਮੇਗਾ, ਜੇ ਉਸ ਨੂੰ ਸਿੰਜੋਗੇ ਟਿਕੇ ਮਨ ਨੂੰ ਬੈਲ ਬਣਾਕੇ ਤੇ ਚੱਲੋਗੇ ਗੁਰਮਤਿ ਅਨੁਸਾਰ। ਭਾਵ ਇਹ ਕਿ ਗੁਰੂ ਦੀ ਮਤਿ ਦੁਆਰਾ ਹਰੀ ਨਾਮ ਤੇ ਹਰੀ ਕੀਰਤਨ ਦਾ ਲਓ ਉਪਦੇਸ਼ ਤੇ ਏਹ ਦੁਇ 'ਹਰੀ ਕਰਮ' ਕਰੋ ਟਿਕੇ ਮਨ ਨਾਲ, ਤਦ ਹਰੀ ਰਸ ਰੂਪੀ ਫਲ ਪ੍ਰਾਪਤ ਹੋਵੇਗਾ।

ਅੰਕ ੪ ਵਿਚ ਆਪ ਦਾ ਜਗਤ ਦੇ ਤਰਸ ਵਾਲਾ ਮਨ ਤਰਸ ਵਿਚ ਆ ਗਿਆ ਹੈ। ਜੋਗੀ ਨੂੰ ਮਾੜਾ ਕਹਿਣੋਂ ਸੰਕੋਚ ਆ ਗਿਆ ਹੈ ਕਿ ਕਿਸੇ ਨੂੰ ਮਾੜਾ ਕਹਿਣਾ ਮਨ ਵਿਚ ਅਹੰ ਭਾਵ ਲੈ ਆਉਂਦਾ ਹੈ। ਉਸ ਦੀ ਥਾਵੇਂ ਆਪ ਦਾ ਉੱਚਾ ਸੁੱਚਾ ਤੇ ਦਿਆਲੂ ਮਨ ਅਰਦਾਸ ਦੇ ਘਰ ਚਲਾ ਗਿਆ,ਤਦ ਜੋਗੀ ਲਈ, ਜੰਗਮ ਲਈ, ਭਾਵ ਸਾਰੇ ਭੇਖਾਂ ਲਈ, ਨਾਲ ਹੀ ਸਾਰੀ ਸ੍ਰਿਸ਼ਟੀ ਲਈ ਅਰਦਾਸ ਕੀਤੀ ਕਿ ਸਾਰੀ ਆਪ ਦੀ ਹੈ, ਆਪ ਸੁਮਤੀ ਦਿਓ, ਤੇ ਪੇਲ ਕੇ ਲਾਵੋ ਇਨ੍ਹਾਂ ਨੂੰ ਆਪਣੇ ਪ੍ਰੇਮ ਵਿਚ। ਪੇਲਨਾ ਹੁੰਦਾ ਹੈ ਧੱਕਣਾ। ਮੱਲੋ ਮੱਲੀ ਲਾਉਣਾ। ਅਰਦਾਸ ਕਰਦੇ ਹਨ ਕਿ ਇਨ੍ਹਾਂ ਨੂੰ ਆਪ ਹੀ ਤਰਸ ਕਰਕੇ ਲਾਓ, ਨਾ ਲੱਗਣ ਤਾਂ ਮੱਲੋ ਮੱਲੀ ਬੀ ਲਾਓ।

ਨਿਰੁਕ੍ਤ—ਤੰਤੁ—[ਸੰਸ:, ਤੰਤੁ:,] = ਤਾਰ।

ਥੋਥਰ—ਫੋਕਾ, ਰਸ ਹੀਨ, ਤਾਸੀਰ ਤੋਂ ਖਾਲੀ।

ਬੇਨ—[ਸੰਸ:, ਵੇਣੁ:] ਬੇਨ ਦੇ ਅਰਥ ਹਨ ਵਾਂਸ, ਇਸ ਲਈ ਬਾਂਸਰੀ ਨੂੰ ਬੀ ਆਖਦੇ ਹਨ। (ਅ) 'ਬੀਨਾ' ਤੋਂ 'ਬੇਨ' ਬਣਿਆ ਬੀ ਮੰਨਦੇ ਹਨ। (ਹ) ਜੋਗੀ ਜੇੜ੍ਹੀ ਕਿੰਗ ਵਜਾਉਂਦੇ ਹਨ,ਹੇਠਾਂ ਇਕ ਯਾ ਦੋ ਤੂੰਬੇ ਹੁੰਦੇ ਹਨ ਜੋ ਵਾਂਸ ਦੀ ਡੰਡੀ ਨਾਲ ਜੋੜੇ ਹੁੰਦੇ ਹਨ, ਉਤੇ ਇਕ ਤਾਰ ਹੁੰਦੀ ਹੈ। ਵਾਂਸ ਦੀ ਡੰਡੀ ਹੋਣ ਕਰਕੇ ਕਿੰਗ ਨੂੰ ਏਥੇ 'ਬੇਨ' ਕਿਹਾ ਹੈ।

ਭੇਨ—ਭਿੰਨਣਾ ਤੋਂ ਭਿੱਜੇ, ਭਿੱਜ ਜਾਏਗਾ।

ਆਦੇਸੁ—[ਸੰਸ:, ਆਦੇਸ਼: = ਹੁਕਮ] ਜੋਗੀਆਂ ਦੀ ਨਮਸਕਾਰ।

ਕੂਪ—[ਸੰਸ: ਕੂਪ:] ਖੂਹ। ਬਸੁਧਾ-(ਦੇਖੋ ਪੰਨਾ ੧੬੨੧) ਧਰਤੀ।

ਬੇਲ—ਵੇਲਾਂ, ਭਾਵ ਹੈ ਖੇਤੀ। (ਅ) 'ਬੇਲੇ' ਦਾ ਅਰਥ ਬੇਲਾ = ਜੰਗਲ, ਤੋਂ 'ਚਰਿ' ਦਾ ਚਲ ਕਰਕੇ ਐਉਂ ਬੀ ਲਾਉਂਦੇ ਹਨ-ਬੈਲ ਉਠ ਕੇ ਬੇਲੇ ਨੂੰ ਚਲੇ ਗਏ।

ਕਾਇਆ—ਸਰੀਰ। (ਅ) ਐਉਂ ਬੀ ਕਰਦੇ ਹਨ: ਨਗਰੀ ਹੈ ਸਰੀਰ, ਕਾਇਆਂ ਹੈ ਬੁੱਧੀ। ਤੁਕ ਦਾ ਅਰਥ ਐਉਂ ਬੀ ਲਾਉਂਦੇ ਹਨ:-ਜੇਹੜਾ ਮਨ ਨੂੰ ਗੁਰਮਤਿ ਵਿਚ ਅਸਥਿਰ ਕਰਨਾ ਹੈ ਏਹੋ ਮਨ ਰੂਪੀ ਬਲਦ ਨੂੰ ਜੋੜਕੇ ਹਰੀ ਰੂਪੀ ਜਲ ਨੂੰ ਸਿੰਜਣਾ ਹੈ। ਜੇਤੁ-ਜਿਸ ਨਾਲ। (ਅ) ਜੇਹੜਾ।

ਜੰਗਮ—[ਸੰਸ:, ਜੰਗਮ: = ਟੁਰਨ ਵਾਲਾ] ਜੋਗੀਆਂ ਦੀ ਇਕ ਭਾਂਤ ਜੋ ਟੁਰਦੇ ਫਿਰਦੇ ਰਹਿੰਦੇ ਹਨ ਕੰਨਾਂ ਵਿਚ ਪਿੱਤਲ ਜੇਹੇ ਪਾਉਂਦੇ ਹਨ, ਸਿਰ ਤੇ ਰੱਸੀ ਜੇਹੀ ਰਖਦੇ ਹਨ।

ਚੇਲ—ਚੱਲਣ। ਚੱਲਣਗੇ। **ਪੇਲ**—[ਹਿੰ:, ਪੇਲਨਾ] ਧੱਕਣਾ। ਮੱਲੋ ਮੱਲੀ ਟੋਰਨਾ। (ਅ) ਪੇਲ ਨੂੰ ਪ੍ਰੇਰਨਾ ਦਾ ਰੂਪ ਬੀ ਮੰਨਦੇ ਹਨ। ਪੇਲ = ਪ੍ਰੇਰਕੇ, ਮੋੜਕੇ, ਪਲਟਕੇ।

[ਆਸਾ ਮਹਲਾ ੪, ਚਉਪਦਾ-੬੨]

ਮੂਲ	ਅਰਥ
ਆਸਾ ਮਹਲਾ ੪ ॥	
ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ ॥ ਆਵਤ ਜਾਤ ਬਾਰ ਖਿਨੁ ਲਾਗੈ ਹਉ ਤਬ ਲਗੁ ਸਮਾਰਉ ਨਾਮੁ ॥੧॥	ਕਦੋਂ ਕੋਈ ਢੂੰਡ ਲਿਆਵੇ ਘੁੰਘਰੂ ਤੇ ਛੈਣੇ, ਕਦੋਂ ਕੋਈ ਵਜਾਵੇ ਰਬਾਬ? ਆਉਂਦਿਆਂ ਜਾਂਦਿਆਂ ਦੇਰ ਲੱਗੇਗੀ (ਚਾਹੇ) ਖਿਨ (ਭਰ ਲੱਗੇ) ਮੈਂ ਤਦ ਤਾਈਂ ਨਾਮ ਸਿਮਰਾਂਗਾ॥੧॥
ਮੇਰੈ ਮਨਿ ਐਸੀ ਭਗਤਿ ਬਨਿ ਆਈ॥ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਜਲ ਬਿਨੁ ਮੀਨੁ ਮਰਿ ਜਾਈ ॥੧॥ ਰਹਾਉ ॥	ਮੇਰੇ ਮਨ ਵਿਚ ਐਸੀ ਭਗਤੀ ਬਣ ਆਈ ਹੈ ਕਿ ਮੈਂ ਹਰੀ (ਨਾਮ) ਤੋਂ ਬਿਨਾ ਖਿਨ ਪਲ ਰਹਿ ਨਹੀਂ ਸਕਦਾ,ਜਿਸ ਤਰ੍ਹਾਂ ਜਲ ਬਿਨ ਮੱਛੀ ਮਰ ਜਾਂਦੀ ਹੈ॥੧॥ਰਹਾਉ॥
ਕਬ ਕੋਊ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ ॥ ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ ਤਬ ਲਗੁ ਮੇਰਾ ਮਨੁ ਰਾਮ ਗੁਨ ਗਾਵੈ ॥੨॥	ਕਦੋਂ ਕੋਈ ਪੰਜ ਸਤ ਗਾਣੇ ਇਕੱਠੇ ਕਰੇ, ਕਦੋਂ ਕੋਈ ਰਾਗ ਦੀ ਧੁਨੀ ਉਠਾਵੇ (ਭਾਵ ਸਰਗਮ ਅਲਾਪ ਆਦਿ ਅਰੰਭੇ। ਸਰਗਮ ਅਲਾਪ ਤੋਂ ਪਹਿਲਾਂ ਸੁਰਾਂ) ਮੇਲਦਿਆਂ (ਤਾਰਾਂ) ਖਿੱਚਦਿਆਂ ਖਿਨ ਪਲ ਚਸਾ (ਕੁਛ ਵਕਤ) ਲਗੇਗਾ ਤਦ ਤਕ ਮੇਰਾ ਮਨ ਰਾਮ ਦੇ ਗੁਨ ਗਾਵੇਗਾ॥੨॥
ਕਬ ਕੋ ਨਾਚੈ ਪਾਵ ਪਸਾਰੈ ਕਬ ਕੋ ਹਾਥ ਪਸਾਰੈ ॥ ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ ਤਬ ਲਗੁ ਮੇਰਾ ਮਨੁ ਰਾਮ ਸਮ੍ਹਾਰੈ॥੩॥	ਕਦੋਂ ਕੋਈ ਪੈਰਾਂ ਨੂੰ ਪਸਾਰੇਗਾ (ਅਤੇ) ਨੱਚੇਗਾ, ਕਦੋਂ ਕੋਈ ਹੱਥ ਪਸਾਰੇਗਾ, ਹੱਥ ਪਸਾਰਦਿਆਂ (ਘੱਟ ਤੋਂ ਘੱਟ) ਤਿਲ ਭਰ ਦੇਰ ਤਾਂ ਲੱਗੇਗੀ ਹੀ, ਤਦ ਤਕ ਮੇਰਾ ਮਨ ਰਾਮ ਨੂੰ ਯਾਦ ਕਰੇਗਾ॥ ੩॥
ਕਬ ਕੋਊ ਲੋਗਨ ਕਉ ਪਤੀਆਵੈ ਲੋਕਿ ਪਤੀਣੈ ਨਾ ਪਤਿ ਹੋਇ ॥ ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਤਾ ਜੈ ਜੈ ਕਰੇ ਸਭੁ ਕੋਇ॥੪॥ ੧੦॥੬੨॥	ਕਦੋਂ ਕੋਈ ਲੋਕਾਂ ਨੂੰ ਪ੍ਰਸੰਨ ਕਰੇਗਾ, ਲੋਕਾਂ ਦੇ ਪ੍ਰਸੰਨ ਹੋ ਗਿਆਂ (ਦਰਗਾਹ ਦੀ) ਪਤ ਨਹੀਂ ਮਿਲਣੀ। ਦਾਸ ਨਾਨਕ (ਜੀ ਆਖਦੇ ਹਨ)ਹਿਰਦੇ ਵਿਚ ਹਰੀ ਨੂੰ ਸਦਾ ਧਿਆਵੋ ਤਦ (ਲੋਕ ਪ੍ਰਲੋਕ ਵਿਚ) ਸਭ ਕੋਈ ਜੈ ਜੈ ਕਾਰ (ਕਰੇਗਾ)॥੪॥੧੦॥੬੨॥

ਵਯਾਖਯਾ— ਇਸ ਸ਼ਬਦ ਵਿਚ ਫੇਰ ਰਾਸ ਦਾ ਜ਼ਿਕਰ ਹੈ। ਰਾਸ ਧਾਰੀਏ ਅਪਣੇ ਕਰਤਵ ਨੂੰ ਭਗਤੀ ਆਖਦੇ ਹਨ ਇਸ ਭਗਤੀ ਦਾ ਨਿਸਫਲ ਜਾਣਾ ਤੇ ਕਈ ਮੜੱਪਣ ਵਿਚ ਘੁਮ ਜਾਣੇ ਪਿੱਛੇ ਦਿਖਾ ਆਏ ਹਨ। ਹੁਣ ਤਾਂ ਇਸ ਦੀ ਨਾ-ਲਗਾਤਾਰਤਾ ਦਾ ਪਹਿਲੂ ਲਿਆ ਹੈ। ਅਤੇ ਸੱਚੀ ਭਗਤੀ ਦੀ ਲਗਾਤਾਰਤਾ ਦਿਖਾਈ ਹੈ।

ਅੰਕ ਇਕ ਵਿਚ ਗਾਇਨ ਦੇ ਸਾਜ਼ਾਂ ਦਾ ਜ਼ਿਕਰ ਹੈ, ਜਿਨ੍ਹਾਂ ਦੇ ਕੱਠੇ ਕਰਨ ਤੇ ਵਕਤ ਲਗਦਾ ਹੈ, ਅਤੇ ਰਾਗੀਆਂ ਦੇ ਕੱਠੇ ਕਰਨ ਤੇ ਉਹਨਾਂ ਦੇ ਧੁਨਿ ਉਠਾਉਣ ਤੇ ਵਕਤ ਲੱਗਦਾ ਦੱਸਿਆ ਹੈ ਅਤੇ ਸਾਜ਼ਾਂ ਦੇ ਸੁਰ ਕਰਨ ਤੇ ਉਹਨਾਂ ਨੂੰ ਪਰਸਪਰ ਮੇਲਣ ਤੇ ਲਗਦੇ ਵਕਤ ਦਾ ਜ਼ਿਕਰ ਹੈ।

ਅੰਕ ੩ ਵਿਚ ਨੱਚਣ, ਪੈਰ ਪਸਾਰਣ ਤੇ ਬਤਾਵੇ ਕਰਨ ਵਿਚ ਲਗਦੇ ਵਕਤ ਵਲ ਇਸ਼ਾਰਾ ਹੈ

ਅੰਕ ੪ ਵਿਚ ਸਿੱਟਾ ਕੱਢਿਆ ਹੈ ਤੇ ਇਸ ਵਿਚ ਇਸ਼ਾਰਾ ਰਾਸਾਂ ਦੀ ਨਿਸ਼ਫਲਤਾ ਦਾ ਹੈ ਕਿ ਏਹ ਲੋਕਾਂ ਨੂੰ ਖੁਸ਼ ਕਰਨ ਦੇ ਪ੍ਰਯੋਜਨ ਵਾਲੀਆਂ ਹਨ। ਲੋਕਾਂ ਦੇ ਪਤੀਜਣ ਨਾਲ ਦਰਗਾਹੇ ਪਤਿ ਨਹੀਂ ਹੁੰਦੀ। ਇਸੇ ਅੰਕ ਵਿਚ ਦਸਿਆ ਹੈ ਸਚੀ ਭਗਤੀ ਦਾ ਰੂਪ ਤੇ ਉਸ ਦਾ ਫਲ:-ਹਰੀ ਨੂੰ ਹਿਰਦੇ ਵਿਚ ਸਦਾ ਧਿਆਉਣਾ,ਲੋਕ ਪ੍ਰਲੋਕ ਵਿਚ ਜੈ ਜੈ ਕਾਰ ਹੋਣੀ। ਇਸ ਅਸਲੀ ਭਗਤੀ ਦੀ ਅਤਿਸ਼ਯਤਾ ਦਾ ਰੂਪ ਰਹਾਉ ਵਿਚ ਦਿੱਤਾ ਹੈ: ਹਰੀ ਸਿਮਰਨ ਬਿਨ ਰਹਿ ਨਾ ਹੋਣਾ ਐਸਾ ਕਿ ਜੈਸੇ ਮੱਛੀ ਦਾ ਜਲ ਬਿਨ ਰਹਿਣਾ ਨਹੀਂ ਹੋ ਸਕਦਾ।

ਨਿਰੁਕ੍ਤ—ਤਾਲਾ—[ਸੰਸ:, ਤਾਲ:=ਸੰਗੀਤ ਦੀ ਪ੍ਰਕ੍ਰਿਆ (ਜੁਗਤੀ)] ਤਾਲ, ਤਾਲ,ਪੂਰਕ ਸਾਜ਼,ਪਰ ਵਿਸ਼ੇਸ਼ ਕਰਕੇ ਇਹਦਾ ਅਰਥ ਹੈ ਛੈਣੇ।

ਰਬਾਬੁ [ਅ:,] ਇਕ ਸਾਜ਼ ਦਾ ਨਾਮ ਹੈ ਜੋ ਟੰਕਾਰਾਂ ਦੇ ਦੇ ਵੱਜਦਾ ਹੈ।

ਬਾਰ—ਦੇਰ। ਸਮਾਰਉ—(ਦੇਖੋ ਸਮਾਲੀਅਨਿ ਪੰਨਾ ੨੦੬) ਸੰਮ੍ਹਾਲਾਂਗਾ। ਸਿਮਰਾਂਗਾ।

ਮੀਨੁ—[ਸੰਸ:, ਮੀਨਾ] ਮੱਛੀ। ਗਾਇਣ-ਗਾਣੇ, ਗੀਤ। (ਅ) ਗਾਉਣ ਵਾਲੇ। ਗਾਯਕ।

ਮੇਲਤ ਚੁਨਤ—ਸੁਰਾਂ ਨੂੰ ਠੀਕ ਕਰਦਿਆਂ ਤੇ ਤਾਰਾਂ ਕੱਸਦਿਆਂ। ਚੁਨਤ=ਤਾਰਾਂ ਠੀਕ ਕਰਦਿਆਂ ਖਿੱਚ ਖਿੱਚ ਕੇ ਤੇ ਪਰਸਪਰ ਸਾਜ਼ਾਂ ਨੂੰ ਮੇਲਦਿਆਂ।

ਹਾਥ ਪਸਾਰੇ—ਤੋਂ ਭਾਵ ਹੈ ਨਾਚ ਦੇ ਨਾਲ ਖਾਸ ਖਾਸ ਨਾਚਾਂ ਦੇ ਭਾਵ ਸੂਚਿਤ ਕਰਾਉਣ ਲਈ ਹੱਥਾਂ ਨਾਲ ਬਤਾਵੇ ਕਰਿ ਕਰਿ ਭਾਵ ਜਣਾ ਦੇਣੇ। ਬਿਲਮੁ-(ਦੇਖੋ ਪੰਨਾ ੬੮੨) ਦੇਰ

ਪਤੀਆਵੈ—[ਦੇਖੋ ਪੰਨਾ ੩੧੭] ਤਸੱਲੀ ਕਰਾਵੇ, ਪ੍ਰਸੰਨ ਕਰੇ।

ਸਭੁ ਕੋਇ—ਸਭ ਕੋਈ (ਕਰੇਗਾ)।

[ਆਸਾ ਮਹਲਾ ੪, ਚਉਪਦਾ-੬੩]

ਪ੍ਰਾਕ੍ਥਨ—ਪਿਛਲੇ ਸ਼ਬਦ ਦੀ ਅਖੀਰਲੀ ਤੁਕ ਵਿਚ 'ਸਚੀ ਭਗਤੀ' ਯਾ 'ਸਚੀ ਰਾਸ' ਦੀ ਜੋ ਜਾਚ ਸੰਖੇਪ ਵਿਚ ਦੱਸੀ ਸੀ, ਉਸ ਦਾ ਵਿਸਥਾਰ ਇਸ ਸ਼ਬਦ ਵਿਚ ਹੈ।

ਮੂਲ	ਅਰਥ
ਆਸਾ ਮਹਲਾ ੪ ॥	
ਸਤਸੰਗਤਿ ਮਿਲੀਐ ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ ॥ ਗਿਆਨ ਰਤਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ॥੧॥	ਹਰੀ ਦੇ ਸਾਧੂ (ਜਨਾਂ) ਦੀ ਸਤਿ ਸੰਗਤਿ ਵਿਚ ਮਿਲੀਏ (ਹਾਂ) ਸੰਗਤਿ ਵਿਚ ਮਿਲਕੇ ਹਰੀ ਦੇ ਗੁਣ ਗਾਵੀਏ, (ਇਸ ਨਾਲ) ਹਿਰਦੇ ਵਿਚ ਗਯਾਨ ਰੂਪੀ ਰਤਨ ਚਮਕ ਪਏਗਾ (ਤੇ) ਚਾਨਣਾ (ਹੋ ਜਾਏਗਾ ਫਿਰ) ਅਗਯਾਨ ਦਾ ਹਨੇਰਾ ਦੂਰ ਹੋ ਜਾਏਗਾ॥੧॥
ਹਰਿ ਜਨ ਨਾਚਹੁ ਹਰਿ ਹਰਿ ਧਿਆਇ॥ ਐਸੇ ਸੰਤ ਮਿਲਹਿ ਮੇਰੇ ਭਾਈ ਹਮ ਜਨ ਕੇ ਧੋਵਹ ਪਾਇ ॥੧॥ ਰਹਾਉ ॥	ਹੇ ਹਰੀ ਜਨੋ! ਹਰੀ ਹਰ ਧਿਆਉਣ ਰੂਪੀ ਨਾਚ ਨੱਚੋ। (ਹਾਂ) ਐਸੇ (ਹਰੀ ਹਰੀ ਧਿਆਉਣ ਵਾਲੇ) ਸੰਤ (ਜੇ ਮੈਨੂੰ) ਮਿਲ ਪੈਣ ਤਾਂ, ਹੇ ਮੇਰੇ ਭਾਈ ! (ਹਰੀ) ਜਨਾਂ ਦੇ ਅਸੀਂ ਪੈਰ ਧੋਵਾਂਗੇ ॥੧॥ ਰਹਾਉ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ ਅਨਦਿਨੁ ਹਰਿ ਲਿਵ ਲਾਇ ॥ ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਭੂਖ ਨ ਲਾਗੈ ਆਇ ॥੨॥	ਹੇ ਮੇਰੇ ਮਨ (ਦੇ ਪਜਾਰਿਓ !) ਹਰੀ ਹਰਿ ਨਾਮ ਜਪੋ, (ਹਾਂ) ਲਿਵ ਲਾਕੇ ਹਰ ਦਿਨ ਜਪੋ: (ਤਦ) ਜੋ (ਕੁਛ ਤੁਸੀਂ) ਚਾਹੋਗੇ (ਉਹ) ਫਲ ਪਾਓਗੇ, ਫਿਰ (ਤੁਸਾਨੂੰ ਤ੍ਰਿਸ਼ਨਾਂ ਰੂਪੀ) ਭੁੱਖ ਨਹੀਂ ਲੱਗੇਗੀ॥ ੨॥
ਆਪੇ ਹਰਿ ਅਪਰੰਪਰੁ ਕਰਤਾ ਹਰਿ ਆਪੇ ਬੋਲਿ ਬੁਲਾਇ ॥ ਸੇਈ ਸੰਤ ਭਲੇ ਤੁਧੁ ਭਾਵਹਿ ਜਿਨ੍ ਕੀ ਪਤਿ ਪਾਵਹਿ ਥਾਇ ॥੩॥	(ਫੇਰ ਤੁਹਾਡੇ ਕੰਮਾਂ ਦਾ) ਕਰਤਾ ਅਪਰੰਪਰ ਹਰੀ ਆਪ ਹੀ (ਹੋਵੇਗਾ ਅਤੇ ਜਿਸ ਵਿਚ ਉਹ ਚਾਹੇਗਾ) ਆਪੇ ਬੋਲਕੇ (ਤੁਹਾਥੋਂ) ਬੁਲਵਾਏਗਾ। (ਇਸ ਪ੍ਰਕਾਰ ਦੇ) ਉਹੀ (ਪੁੱਗੇ ਹੋਏ) ਸੰਤ ਭਲੇ ਹਨ ਜੋ (ਹੇ ਹਰੀ!) ਤੈਨੂੰ ਭਾਉਂਦੇ ਹਨ, ਜਿਨ੍ਹਾਂ ਦੀ ਪਤਿ ਨੂੰ ਤੂੰ (ਆਪ) ਪਰਵਾਨਦਾ ਹੈਂ॥ ੩॥
ਨਾਨਕੁ ਆਖਿ ਨ ਰਾਜੈ ਹਰਿ ਗੁਣ ਜਿਉ ਆਖੈ ਤਿਉ ਸੁਖੁ ਪਾਇ ॥ ਭਗਤਿ ਭੰਡਾਰ ਦੀਏ ਹਰਿ ਅਪੁਨੇ ਗੁਣ ਗਾਹਕੁ ਵਣਜਿ ਲੈ ਜਾਇ ॥੪॥੧੧॥੬੩॥	(ਇਸ ਕਰਕੇ)ਨਾਨਕ ਹਰੀ ਦੇ ਗੁਣ ਆਖਦਾ ਰੱਜਦਾ ਨਹੀਂ, ਜਿਉਂ ਜਿਉਂ (ਵੱਧ)ਆਖਦਾ ਹੈ ਤਿਉਂ ਤਿਉਂ (ਵੱਧ)ਸੁਖ ਪਾਉਂਦਾ ਹੈ। (ਨਾਨਕ ਨੂੰ) ਹਰੀ ਨੇ ਅਪਣੇ ਭਗਤੀ ਦੇ ਭੰਡਾਰੇ ਦੇ ਰੱਖੇ ਹਨ, ਗੁਣਾਂ ਦਾ (ਹਰੇਕ) ਗਾਹਕ (ਜਗਜਾਸੂ ਗੁਣ) ਖਰੀਦ ਖਰੀਦ ਕੇ ਲੈ ਜਾਂਦਾ ਹੈ॥ ੪॥ ੧੧॥ ੬੩॥

ਵਜਾਖਜਾ— ਸੱਚੀ ਭਗਤੀ, ਸੱਚੀ ਰਾਸ, ਸੱਚੇ ਨਾਚ ਦਾ ਪ੍ਰਕਾਰ ਦੱਸਿਆ ਹੈ:-

(੧) ਸਾਧੂ ਜਨਾਂ ਦੀ ਸੰਗਤਿ ਵਿਚ ਮਿਲਕੇ ਹਰੀ ਦੇ ਗੁਣ ਗਾਇਨ ਕਰਨੇ। (ਅੰਕ ੧)

(੨) ਫੇਰ ਨਾਮ ਜਪੋ, ਹਰ ਦਿਨ ਭਾਵ ਸਦਾ ਤੇ ਲਿਵ ਲਾਕੇ। (ਅੰਕ ੨)

(੩) ਹਰੀ ਹਰਿ ਧਿਆਵੇ ਤੇ ਨਾਮੀ ਸੰਤਾਂ ਦੀ ਸੇਵਾ ਕਰੋ। (ਰਹਾਉ)

(੪) ਫਲ- ਗਿਆਨ ਪ੍ਰਾਪਤ ਹੋ ਜਾਏਗਾ, ਅਗਜਾਨ ਦੂਰ ਹੋ ਜਾਏਗਾ। (ਅੰਕ ੧)

(੫) ਫਲ- ਸੰਸਾਰਕ ਲੋੜਾਂ ਹਰੀ ਪੂਰੀਆਂ ਕਰੇਗਾ,ਲੋੜਾਂ ਦਾ ਮੂਲ ਤ੍ਰਿਸ਼ਨਾ ਨਾ ਰਹੇਗੀ। (ਅੰਕ ੨)

(੬) ਫਲ- ਹਰੀ ਕਰਤਾ ਹੋ ਭਾਸੇਗਾ, ਤੇ ਕਰਮ ਤੇ ਬੋਲਹਰੀ ਆਪ ਕਢਾਏਗਾ। (ਅੰਕ ੩) ਭਾਵ ਨਯੰਤਾ (ਪ੍ਰੇਰਕ) ਭਗਤ ਜਨਾਂ ਦਾ ਹਰੀ ਆਪ ਹੋ ਜਾਏਗਾ।

(੭) ਐਸੇ ਭਗਤ ਹਰੀ ਦੇ ਪ੍ਰੀਤਮ ਬਣ ਜਾਂਦੇ ਹਨ ਤੇ ਓਹ 'ਪੰਚ ਪਰਵਾਨ' ਹੋ ਜਾਂਦੇ ਹਨ। (ਅੰਕ ੩)

(੮) ਉਹਨਾਂ ਨੂੰ ਫੇਰ ਅਗੋਂ ਭਗਤੀ ਵੰਡਣ ਦੀ ਸੇਵਾ ਮਿਲਦੀ ਹੈ ਤੇ ਜਗਜਾਸੂ ਉਹਨਾਂ ਪਾਸੋਂ ਭਗਤੀ ਦਾ ਵੱਖਰ ਲੈ ਲੈ ਜਾਂਦੇ ਹਨ। (ਅੰਕ ੪)

ਨਿਰੁਕ੍ਤ—ਬਲਿਆ—[ਸੰਸ:, ਬਰ੍ਹਿ:= ਅੱਗ। ਹਿੰ:, ਬਲਨਾਂ (ਜਲਨਾ)। ਪੰ: ਬਲਨਾ = ਅੱਗ ਦਾ ਲਾਟਾਂ ਨਾਲ ਬਲਣਾ] ਅੱਗ ਵਾਂਙੂ ਬਲ ਪਿਆ। [ਬਲਨਾ = ਚਮਕ ਪੈਣਾ। ਭਖ ਭਖ ਕਰਨਾ। ਅਗ ਵਾਂਙ ਬਲਣਾ]। ਏਥੇ ਭਾਵ ਹੈ ਗਜਾਨ ਰੂਪੀ ਰਤਨ ਦਾ ਚਮਕ ਉਠਣਾ। ਪ੍ਰਾਪਤ ਹੋ ਜਾਣਾ।

ਭੂਖ—ਭੁਖ, ਭਾਵ ਤ੍ਰਿਸ਼ਨਾ। **ਅਪਰੰਪਰੁ**—ਪਰੇ ਤੋਂ ਪਰੇ। ਪਾਰਬ੍ਰਹਮ।

ਗੁਣ ਗਾਹਕੁ— ਗੁਣਾਂ ਦਾ ਗਾਹਕ ਹੈ, ਭਾਵ ਹੈ ਜਗਜਾਸੂ। ਭਗਤੀ ਦੇ ਗੁਣਾਂ ਦਾ ਖ਼ੀਦਾਰ।

[ਆਸਾ ਮਹਲਾ ੪, ਚਉਪਦਾ-੬੪]

ੴ ਸਤਿਗੁਰ ਪ੍ਰਸਾਦਿ॥ ਰਾਗੁ ਆਸਾ ਘਰੁ ੮ ਕੇ ਕਾਫੀ ਮਹਲਾ ੪॥

ਪ੍ਰਾਕ੍ਥਨ-ਕਿਸੇ ਦੀ ਮੌਤ ਤੇ ਹਉਮੈ ਫਾਥਿਆਂ ਨੂੰ ਰੋਂਦਿਆਂ ਦੇਖ ਕੇ ਬਚਨ ਹੋਏ ਸਹੀ ਹੁੰਦੇ ਹਨ। ਇਸ ਵਿਚ ਗੁਰੂ ਦੀ ਮੇਹਰ ਤੇ ਨਾਮ ਦੁਆਰਾ ਮੌਤ ਨੂੰ ਜਿੱਤ ਲੈਣ ਦੀ ਜਾਚ ਦੱਸੀ ਹੈ।

ਮੂਲ	ਅਰਥ
ਆਇਆ ਮਰਣੁ ਧੁਰਾਹੁ ਹਉਮੈ ਰੋਈਐ ॥ ਗੁਰਮੁਖਿ ਨਾਮੁ ਧਿਆਇ ਅਸਥਿਰੁ ਹੋਈਐ ॥੧॥	(ਸਭ ਦੇ ਸਿਰ ਤੇ) ਮਰਨਾ ਆਉਂਦਾ ਹੈ (ਇਹ) ਧੁਰੋਂ ਆਉਂਦਾ ਹੈ(ਮਰਨੇ ਤੇ ਰੋਈ ਦਾ ਹੈ ਇਹ) ਰੋਣਾ ਹਉਮੈ ਕਰਕੇ ਹੁੰਦਾ ਹੈ। (ਜੇ ਧੁਰੋਂ ਵਾਹਿਗੁਰੂ ਵਲੋਂ ਸਮਝੀਏ ਤਾਂ ਰੋਣ ਨਾ ਆਵੇ। ਇਹ ਧਾਰਨਾਂ ਕੀਕੂੰ ਮਿਲੇ ?) ਗੁਰੂ ਦੁਆਰਾ ਨਾਮ ਧਿਆਈਏ ਤਾਂ (ਇਸ ਧਾਰਨਾ ਤੇ) ਮਨ ਅਡੋਲ ਹੋ ਜਾਂਦਾ ਹੈ॥੧॥
ਗੁਰ ਪੂਰੇ ਸਾਬਾਸਿ ਚਲਣੁ ਜਾਣਿਆ॥ ਲਾਹਾ ਨਾਮੁ ਸੁ ਸਾਰੁ ਸਬਦਿ ਸਮਾਣਿਆ ॥੧॥ ਰਹਾਉ ॥	ਗੁਰੂ ਪੂਰੇ ਦੀ ਸ਼ਾਵਾਸ਼ੇ ! (ਜਿਸਦੀ ਮੇਹਰ ਕਰਕੇ) ਚੱਲਣਾ (ਹੁਕਮ ਹੈ, ਇਹ ਗੱਲ) ਜਾਣ ਲਈ ਹੈ। (ਤੇ ਗੁਰੂ ਦੇ ਦੱਸੇ) ਸ਼ਬਦ ਵਿਚ ਸਮਾਇਆਂ ਨਾਮ ਦਾ ਲਾਹਾ (ਤੇ) ਉਸ ਦਾ ਤਤ੍ਵ (ਭਾਵ ਸ੍ਵੈ ਸਰੂਪ ਦੀ ਲੱਖਤਾ ਉਸ ਨੂੰ) ਮਿਲ ਗਿਆ॥੧॥ਰਹਾਉ॥
ਪੂਰਬਿ ਲਿਖੇ ਡੇਹ ਸਿ ਆਏ ਮਾਇਆ॥ ਚਲਣੁ ਅਜੁ ਕਿ ਕਲ੍ਹਿ ਧੁਰਹੁ ਫੁਰਮਾਇਆ ॥੨॥	(ਸੋ) ਹੇ ਭਾਈ ! ਮੌਤ ਦੇ) ਦਿਨ ਜੋ ਪਹਿਲੋਂ ਲਿਖੇ ਗਏ ਸਨ ਆਏ ਸਮਝੋ, ਅੱਜ ਭਾਵੇਂ ਕਲ ਚੱਲਣਾ ਹੈ, (ਇਹ) ਧੁਰੋਂ (ਸਾਂਈ ਨੇ) ਫੁਰਮਾਇਆ ਹੋਯਾ ਹੈ॥੨॥
ਬਿਰਥਾ ਜਨਮੁ ਤਿਨਾ ਜਿਨ੍ਹੀ ਨਾਮੁ ਵਿਸਾਰਿਆ ॥ ਜੂਐ ਖੇਲਣੁ ਜਗਿ ਕਿ ਇਹੁ ਮਨੁ ਹਾਰਿਆ ॥੩॥	(ਇਹ ਗੱਲ ਨਾ ਸਮਝਕੇ) ਜਿਨ੍ਹਾਂ ਨੇ ਨਾਮ ਵਿਸਾਰ ਛਡਿਆ ਹੈ, ਓਹ ਜਗਤ ਵਿਚ ਜੂਏ ਦੀ ਖੇਲ (ਖੇਲ ਰਹੇ ਹਨ) ਕਿ (ਅੰਤ ਨੂੰ) ਮਨ ਹੀ ਹਾਰ ਜਾਂਦੇ ਹਨ, (ਐਉਂ) ਉਨ੍ਹਾਂ ਦਾ ਜਨਮ ਹੀ ਬਿਰਥਾ ਚਲਾ ਜਾਂਦਾ ਹੈ॥੩॥
ਜੀਵਣਿ ਮਰਣਿ ਸੁਖੁ ਹੋਇ ਜਿਨ੍ਹਾ ਗੁਰੁ ਪਾਇਆ ॥ ਨਾਨਕ ਸਚੇ ਸਚਿ ਸਚਿ ਸਮਾਇਆ ॥੪॥੧੨॥੬੪॥	(ਹਾਂ) ਜਿਨ੍ਹਾਂ ਨੇ ਗੁਰੂ ਪ੍ਰਾਪਤ ਕਰ ਲਿਆ ਹੈ ਉਨ੍ਹਾਂ ਨੂੰ ਜੀਉਂਦਿਆਂ ਮੋਇਆਂ ਸੁਖ (ਹੀ ਸੁਖ) ਹੁੰਦਾ ਹੈ। (ਹਾਂ ਓਹ) ਸੱਚੇ (ਨਾਮ ਨੂੰ ਜਪ ਕੇ) ਸਚਿ (=ਸਤਜ ਸਰੂਪ ਹੋ ਕੇ) ਸਚਿ (=ਸਤਜ ਸਰੂਪ) ਵਿਚ ਸਮਾ ਜਾਂਦੇ ਹਨ॥੪॥੧੨॥੬੪॥

ਵਜਾਖਜਾ— ਸਭ ਕਿਸੇ ਮਰਨਾ ਹੈ, ਹਰ ਮੌਤ ਤੇ ਰੋਣਾ ਹੁੰਦਾ ਹੈ, ਇਸ ਦਾ ਕਾਰਣ ਹੈ ਹਉਮੈਂ, ਜਿਸ ਤੋਂ ਮਮਤਾ ਉਪਜਦੀ ਹੈ; ਮੈਂ ਮੇਰੀ ਕਰਕੇ ਰੋਈਦਾ ਹੈ। ਜੇ ਸਮਝੀਏ ਕਿ ਜੀਉ ਪਿੰਡ ਪ੍ਰਭੂ ਦਾ ਹੈ, ਮਰਨਾ ਬਰਹਕ ਉਸ ਨੇ ਹੁਕਮ ਦੇ ਛੱਡਿਆ ਹੈ, ਤਾਂ ਇਸ ਮਰਣ ਜੰਮਣ ਤੋਂ ਛੁੱਟਣ ਦਾ ਉਪਾਉ ਦਿੱਸਦਾ ਹੈ ਹਉਮੈ ਦਾ ਤਿਆਗ। ਇਹ ਪ੍ਰਾਪਤ ਹੁੰਦਾ ਹੈ ਨਾਮ ਸਿਮਰਣ ਨਾਲ।ਹਉਮੈਂ ਜਿੱਤੀ ਤਾਂ ਸਤਜ ਵਿਚ ਆ ਜਾਈਦਾ ਹੈ ਤੇ ਸਤਜ ਸਰੂਪ ਨੂੰ ਮਿਲ ਪਈਦਾ ਹੈ। ਫੇਰ ਸੁਖ ਹੀ ਸੁਖ ਹੋ ਜਾਂਦਾ ਹੈ, ਅੰਕ ੩ ਵਿਚ ਨਾਮ ਵਿਸਾਰਣ ਵਾਲਿਆਂ ਦਾ ਜੀਵਨ ਜੂਏ ਦੀ ਖੇਡ ਦੱਸੀ ਹੈ, ਜਿਸ ਦਾ ਅੰਤ ਹਾਰ ਦੱਸਿਆ ਹੈ, ਕਿਉਂਕਿ ਜਨਮ ਬਿਰਥਾ ਜਾਂਦਾ ਹੈ ਤੇ ਮਰਣ ਦਾ ਚੱਕਰ ਬਣਿਆ ਰਹਿੰਦਾ ਹੈ।

ਨਿਰੁਕ੍ਤ—ਧੁਰਾਹੁ—ਧੁਰ ਤੋਂ। ਵਾਹਿਗੁਰੂ ਦਰੋਂ।

ਅਸਥਿਰੁ—ਪੱਕੇ, ਟਿਕੇ ਹੋਏ, ਅਡੋਲ।

'ਗੁਰ ਪੂਰੈ ਸਾਬਾਸਿ ...'-ਤੁਕ ਦਾ ਅਰਥ ਐਉਂ ਬੀ ਸੰਪ੍ਰਦਾ ਵਿਚ ਲਈਦਾ ਹੈ:-ਜਿਸ ਨੇ ਚੱਲਣਾ (ਮਰਨਾ ਸੱਚ ਕਰਕੇ) ਜਾਣ ਲਿਆ ਹੈ ਉਹ ਨਾਮ ਰੂਪੀ ਲਾਹੈ ਵਿਚ ਜੋ ਤਤ੍ਵ ਵਸਤੂ ਹੈ ਸਮਾਉਂਦਾ ਹੈ, ਉਸ ਨੂੰ ਪੂਰੇ ਗੁਰੂ ਦੇ ਸ਼ਬਦ ਦੁਆਰਾ (ਅਸ਼ੀਰਵਾਦ ਨਾਲ) ਸ਼ਾਬਾਸ਼ ਮਿਲਦੀ ਹੈ।

ਡੇਹ—[ਸੰਸ:, ਦਿਵਸ:] ਦਿਹੁ। ਦਿਨ।

[ਆਸਾ ਮਹਲਾ ੪, ਚਉਪਦਾ-੬੫]

ਪ੍ਰਾਕ੍ਕਥਨ—ਪਿਛਲੇ ਸ਼ਬਦ ਵਿਚ ਜੋ ਨਾਮ ਦੱਸਿਆ ਸੀ ਕਿ ਸਚ ਸਮਾਉਣ ਦਾ ਵਸੀਲਾ ਹੈ, ਉਸ ਨਾਮ ਆਰਾਧਣ ਦਾ ਪ੍ਰਕਰਣ ਚਲ ਰਿਹਾ ਹੈ ਇਸ ਸ਼ਬਦ ਵਿਚ।

ਮੂਲ	ਅਰਥ
ਆਸਾ ਮਹਲਾ ੪ ॥	
ਜਨਮੁ ਪਦਾਰਥੁ ਪਾਇ ਨਾਮੁ ਧਿਆਇਆ ॥ ਗੁਰ ਪਰਸਾਦੀ ਬੁਝਿ ਸਚਿ ਸਮਾਇਆ ॥੧॥	(ਜਿਨ੍ਹਾਂ ਨੇ) ਜਨਮ ਪਦਾਰਥ ਪਾ ਕੇ ਨਾਮ ਧਿਆਇਆ ਹੈ, (ਓਹਨਾਂ ਨੇ) ਗੁਰੂ ਦੀ ਕ੍ਰਿਪਾ ਨਾਲ ਸੱਚ (ਸਤਜ ਸਰੂਪ) ਨੂੰ ਸਿਆਣ ਕੇ (ਸਤਜ ਸਰੂਪ ਵਿਚ)ਸਮਾਈ ਪ੍ਰਾਪਤ ਕੀਤੀ ਹੈ॥ ੧॥
ਜਿਨ੍ ਧੁਰਿ ਲਿਖਿਆ ਲੇਖੁ ਤਿਨ੍ੀ ਨਾਮੁ ਕਮਾਇਆ ॥ ਦਰਿ ਸਚੈ ਸਚਿਆਰ ਮਹਲਿ ਬੁਲਾਇਆ ॥੧॥ ਰਹਾਉ ॥	(ਪਰ) ਜਿਨ੍ਹਾਂ (ਦੇ ਭਾਗਾਂ ਵਿਚ) ਧੁਰੋਂ ਲੇਖ ਲਿਖਿਆ ਹੋਇਆ ਹੁੰਦਾ ਹੈ ਉਹੋ ਨਾਮ ਨੂੰ ਕਮਾਉਂਦੇ ਹਨ (ਭਾਵ ਸਿਮਰਦੇ ਹਨ) ਓਹ ਸਚੇ (ਵਾਹਿਗੁਰੂ ਦੇ) ਦੁਆਰੇ ਸਚਿਆਰ (ਮੰਨੇ ਜਾਂਦੇ ਹਨ ਫੇਰ ਓਹ (ਸਗਲ (ਸਾਂਈ ਦੇ ਸਰੂਪ) ਵਿਚ ਬੁਲਾ ਲਏ ਜਾਂਦੇ ਹਨ॥ ੧॥ ਰਹਾਉ॥
ਅੰਤਰਿ ਨਾਮੁ ਨਿਧਾਨੁ ਗੁਰਮੁਖਿ ਪਾਈਐ॥ ਅਨਦਿਨੁ ਨਾਮੁ ਧਿਆਇ ਹਰਿ ਗੁਣ ਗਾਈਐ ॥੨॥	(ਐਸੇ) ਨਾਮ ਦਾ ਖ਼ਜ਼ਾਨਾ (ਤਾਂ) ਅੰਦਰ ਹੈ (ਪਰ) ਪਾਈਦਾ ਹੈ ਗੁਰੂ ਦੁਆਰੇ। (ਹਾਂ, ਗੁਰੂ ਦੇ ਦੱਸੇ) ਨਾਮ ਨੂੰ (ਤੇ) ਹਰੀ ਦੇ ਗੁਣਾਂ ਨੂੰ ਸਦਾ ਧਿਆਉਂਦੇ ਗਾਉਂਦੇ ਰਹੀਦਾ ਹੈ॥ ੨॥
ਅੰਤਰਿ ਵਸਤੁ ਅਨੇਕ ਮਨਮੁਖਿ ਨਹੀ ਪਾਈਐ ॥ ਹਉਮੈ ਗਰਬੈ ਗਰਬੁ ਆਪਿ ਖੁਆਈਐ ॥੩॥	(ਹਾਂ, ਦੇਹ ਦੇ) ਅੰਦਰ (ਹੋਰ) ਅਨੇਕਾਂ ਵਸਤਾਂ ਹਨ (ਓਹ) ਮਨਮੁਖ ਹੋਇਆਂ ਨਹੀਂ ਮਿਲਦੀਆਂ, (ਕਿਉਂਕਿ ਮਨਮੁਖ ਹੋ ਕੇ) ਹਉਮੈ ਹੰਕਾਰ ਜੋ ਗਰਬ (ਧਾਰੀ ਦਾ ਹੈ, ਉਹ) ਆਪਾ ਗੁਆ ਲਈਦਾ ਹੈ॥ ੩॥
ਨਾਨਕ ਆਪੇ ਆਪਿ ਆਪਿ ਖੁਆਈਐ ॥ਗੁਰਮਤਿ ਮਨਿ ਪਰਗਾਸੁ ਸਚਾ ਪਾਈਐ ॥੪॥੧੩॥੬੫॥	[ਮਨਮੁਖਤਾ ਵਿਚੋਂ ਕੀਕੂੰ ਨਿੱਕਲੀਏ? ਉੱਤਰ:] ਹੇ ਨਾਨਕ ! ਜੇ ਆਪੇ ਨੂੰ ਆਪਿ (=ਆਪੇ ਹੀ) ਆਪਿ (=ਅਪਣੇ ਵਿਚੋਂ) ਦੂਰ ਕਰ ਲਈਏ ਤਦ ਗੁਰੂ ਦੀ ਮਤਿ ਦੁਆਰਾ ਮਨ ਵਿਚ ਚਾਨਣਾ (=ਗਜਾਨ) ਹੋ ਜਾਂਦਾ ਹੈ ਤੇ ਸੱਚਾ (=ਅਕਾਲਪੁਰਖ) ਪਾ ਲਈਦਾ ਹੈ॥ ੪॥ ੧੩॥ ੬੫॥

ਵਜਾਖਜਾ—ਅੰਕ੨ ਦੇ ਅੰਤ ਤਕ ਸਚਿਆਰ ਬਣਕੇ ਜਨਮ ਸਫਲ ਕਰਨ ਦੀ ਜਾਚ ਦੱਸੀ ਹੈ:-(੧) ਨਾਮ ਧਿਆਉਣਾ (੨) ਹਰੀ ਗੁਣ ਗਾਉਣਾ। (੩) ਅੰਤਰ ਨਾਮ ਦੀ ਸੋਝੀ। (੪) ਗੁਰੂ ਦੀ ਮਿਹਰ ਦੁਆਰਾ ਸੱਚ ਦੀ ਸੋਝੀ ਸਿਖਣੀ। (੫) ਇਹ ਸਮਝਣਾ ਕਿ ਨਾਮ ਧੁਰ ਦੀ ਮੇਹਰ ਨਾਲ ਮਿਲਿਆ ਹੈ। (੬) ਫਲ-ਸਚਿਆਰ ਹੋ ਜਾਣਾ ਤੇ ਵਾਹਿਗੁਰੂ ਜੀ ਦੇ ਸਰੂਪ ਦੀ ਪ੍ਰਾਪਤੀ ਹੋ ਜਾਣੀ।

ਅੰਕ ੩-ਮਨਮੁਖ ਨੂੰ ਆਪਣੇ ਅੰਦਰ ਦੀ ਸੋਝੀ ਨਹੀਂ, ਪੈਂਦੀ, ਕਿਉਂਕਿ ਉਹ ਗੁਰੂ ਦੀ ਮਤਿ ਤੋਂ ਹੀਣਾ ਹੁੰਦਾ ਹੈ।

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥ [ਜਪੁਜੀ ੬]

ਮਨਮੁਖ ਦੇ ਅੰਦਰ ਇਕ ਤਾਂ ਮੂਲਕ ਹਉਮੈਂ ਹੁੰਦੀ ਹੈ, ਜੋ ਹਰੇਕ ਵਿਚ ਹੈ, ਫੇਰ ਉਸ ਵਿਚ ਮਾਇਆ ਆਦਿ ਪ੍ਰਾਪਤੀਆਂ ਤੋਂ ਗਰਬ (ਅਹੰਕਾਰ) ਵਧਿਆ ਹੁੰਦਾ ਹੈ, ਇਸ ਹੰਕਾਰ ਵਿਚ ਹੰਕਾਰਿਆਂ ਉਸ ਦੇ ਅੰਦਰ ਗੁਬਾਰ (ਅਗਜਾਨ) ਹੁੰਦਾ ਹੈ। ਯਥਾ:-

ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥ [ਵਡਹੰਸ ਮਹਲਾ ੩-੧੨]

ਸੋ ਮਨਮੁਖ ਮੈਂ ਮੈਂ ਕਰਦਾ ਬਫਾਉਂਦਾ ਆਪਣੇ ਅਸਲ ਆਪੇ ਤੋਂ ਗੁਆਚ ਜਾਂਦਾ ਹੈ !

ਅੰਕ ੪ ਵਿਚ ਮਨਮੁਖ ਦਾ ਦਾਰੂ ਦੱਸਿਆ ਹੈ ਕਿ ਜੇ ਉਹ ਬੀ ਅਪਣੇ ਆਪ ਵਿਚੋਂ ਆਪਾ ਭਾਵ-ਹਉਮੈ ਅਹੰਕਾਰ ਨੂੰ ਗੁਆ ਦੇਵੇ ਤੇ ਗੁਰੂ ਕੀ ਸ਼ਰਨ ਆਕੇ ਗੁਰੂ ਦੀ ਮਤਿ ਲੈ ਲਵੇ ਤਾਂ ਗੁਬਾਰ ਦੂਰ ਹੋਕੇ ਚਾਨਣਾ ਆ ਜਾਏਗਾ, ਇਸ ਗਜਾਨ ਚਾਨਣ ਨਾਲ ਪ੍ਰਭੂ ਨੂੰ ਪਾ ਲਏਗਾ।

[ਆਸਾ ਮਹਲਾ ੪, ਚਉਪਦਾ-੬੬]

ਰਾਗੁ ਆਸਾਵਰੀ ਘਰੁ ੧੬ ਕੇ ੨ ਮਹਲਾ ੪ ਸੁਧੰਗ ੴ ਸਤਿਗੁਰ ਪ੍ਰਸਾਦਿ॥

ਪ੍ਰਕ੍ਰਾਥਨ—ਇਹ ਸ਼ਬਦ ਰਾਗ ਆਸਾਵਰੀ ਵਿਚ ਹੈ।ਆਸਾਵਰੀ ਦਾ ਵੱਖਰਾ ਧਿਆਇ ਨਹੀ ਦਿੱਤਾ, 'ਆਸਾ' ਵਿਚ ਹੀ ਲਿਖੀ ਹੈ। ਆਸਾਵਰੀ ਦਾ ਵੇਰਵਾ ਆਸਾ ਰਾਗ ਦੇ ਆਰੰਭ ਵਿਚ ਪਿੱਛੇ ਦੇ ਆਏ ਹਾਂ। ਸੁਧੰਗ ਦਾ ਭਾਵ ਬੀ ਓਥੇ ਦਿੱਤਾ ਹੈ।

ਮੂਲ	ਅਰਥ
ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ॥ ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ॥੧॥ ਰਹਾਉ ॥	ਸਤਿਗੁਰੂ ਨੇ ਮੈਨੂੰ ਹਰੀ ਨਾਮ ਦੱਸਿਆ ਹੈ, (ਸੋ) ਮੈਂ ਹਰ ਵੇਲੇ ਹਰੀ ਨਾਮ* (ਜਪਦਾ ਤੇ) ਕੀਰਤਨ ਕਰਦਾ (ਯਾ ਸੁਣਦਾ) ਹਾਂ। (ਹੁਣ) ਮੈਂ ਹਰੀ (ਨਾਮ) ਤੋਂ ਬਿਨਾ (ਇਕ) ਖਿਨ, (ਇਕ) ਪਲ ਭਰ ਨਹੀ ਰਹਿ ਸਕਦਾ॥੧॥ਰਹਾਉ॥

*'ਨਾਮੁ' ਨੂੰ ਔਕੜ ਹੈ, ਇਸ ਕਰਕੇ ਇਸ ਦਾ ਅਰਥ 'ਹਰੀ ਨਾਮ ਦਾ' ਨਹੀਂ ਹੋ ਸਕਦਾ। ਅੰਕ ੧ ਵਿਚ ਸ੍ਰਵਣ ਤੇ ਸਿਮਰਨ ਦੁਇ ਲਿਖੇ ਹਨ ਜੋ ਕੀਰਤਨ ਤੇ ਨਾਮ ਦੇ ਸੂਚਕ ਹਨ।

ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥ ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ॥੧॥	(ਹਾਂ) ਸਾਡੇ ਕੰਨ ਹਰੀ ਕੀਰਤਨ ਸੁਣਦੇ ਹਨ (ਰਸਨਾ ਤੇ) ਸਿਮਰਨ (ਬੈਠਾ ਹੈ), ਮੈਂ ਇਕ ਖਿਨ ਬੀ ਹਰੀ ਤੋਂ ਬਿਨਾ ਰਹਿ ਨਹੀਂ ਸਕਦਾ ਜੀਕੂੰ ਹੰਸ ਸਰੋਵਰ ਬਿਨਾ ਰਹਿ ਨਹੀਂ ਸਕਦਾ ਤੀਕੂੰ ਹਰੀ ਜਨ ਕਿਉਂ ਰਹਿ ਸਕੇ ਹਰੀ ਦੀ ਸੇਵਾ ਬਿਨਾ॥੧॥
ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ ॥ ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ ਨਾਨਕ ਸਿਮਰਤ ਹਰਿ ਹਰਿ ਭਗਵਾਨ ॥੨॥੧੪॥੬੬॥	ਕਿਸੇ ਨੇ ਪ੍ਰੀਤ ਲਾਈ ਹੈ ਹਿਰਦੇ ਵਿਚ ਦੂਜਾ ਭਾਉ ਧਾਰਨ ਕਰਕੇ ਕਿਸੇ ਨੇ ਪ੍ਰੀਤ ਲਾਈ ਹੈ ਮੋਹ ਤੇ (ਆਪਾ ਮੰਨਣ =) ਮਮਤ੍ਵ (ਵਾਲੇ ਕੰਮਾਂ) ਨਾਲ, ਹਰੀ ਜਨਾਂ ਨੇ ਪ੍ਰੀਤ ਲਾਈ ਹੈ ਹਰੀ ਦੇ ਨਿਰਬਾਣ ਪਦ ਨਾਲ (ਇਸ ਲਈ) ਹੇ ਨਾਨਕ ! (ਓਹ) ਸਿਮਰਦੇ ਹਨ ਹਰੀ ਹਰਿ ਭਗਵਾਨ (= ਅਕਾਲ ਪੁਰਖ) ॥੨॥੧੪॥੬੬॥

ਵ੍ਯਾਖ੍ਯਾ— ਰਹਾਉ ਤੇ ਅੰਕ ੧-ਹਰੀ ਨਾਮ ਸਿਮਰਨ ਹਰੀ ਕੀਰਤਨ ਦੇ ਵਾਯੂ ਮੰਡਲ ਤੋਂ ਬਿਨਾਂ ਹਰੀ ਦੇ ਭਗਤ ਦਾ ਰਹਿ ਨਾ ਸਕਣਾ ਬੜੇ ਪ੍ਰੇਮ ਭਰੇ ਪਦਾਂ ਵਿਚ ਵਰਣਨ ਕੀਤਾ ਹੈ। ਮਿਸਾਲ ਹੰਸ ਦੀ ਸਰੋਵਰ ਨਾਲ ਪ੍ਰੀਤ ਦੀ ਦਿੱਤੀ ਹੈ।

ਅੰਕ ੨ ਵਿਚ ਟਾਕਰਾ ਕੀਤਾ ਹੈ ਦੁਨਿਆਵੀ ਲੋਕਾਂ ਦੀ ਪ੍ਰੀਤਿ ਦਾ। ਦੂਜੇ ਭਾਵ ਵਾਲੀ ਪ੍ਰੀਤ ਹੈ ਵਾਹਿਗੁਰੂ ਤੋਂ ਛੁੱਟ ਦੂਜੇ ਨਾਲ ਪ੍ਯਾਰ, ਆਪਣੇ ਆਪ ਨੂੰ ਸਾਂਈਂ ਤੋਂ ਅੱਡ ਰਖਕੇ ਮਾਯਾ ਵਿਚ ਪ੍ਰਵਿਰਤੀ। ਫੇਰ ਪ੍ਰੀਤੀ ਲਾਉਂਦੇ ਹਨ ਮੋਹ ਅਪਮਾਨ ਵਾਲੀ। ਮੈ ਮੇਰੀ ਵਾਲੇ ਮੋਹ ਵਿਚ ਵਰਤਦੇ ਹਨ ਤੇ ਆਪੇ ਦੀ ਮਨੌਤ (=ਅਪਮਾਨ) ਵਿਚ ਖੇਲਦੇ ਹਨ। ਅਪਮਾਨ ਦਾ ਅਰਥ ਦਾਨੇ ਅਭਿਮਾਨ ਬੀ ਲਾਉਂਦੇ ਹਨ, ਸੋ ਇਕ ਗੱਲ ਹੈ। ਕਈ ਦਾਨੇ ਐਉਂ ਬੀ ਕਰਦੇ ਹਨ ਕਿ ਕਿਸੇ ਨਾਲ ਮੋਹ ਕਰਦੇ ਹਨ, ਕਿਸੇ ਦਾ ਅਪਮਾਨ (= ਨਿਰਾਦਰ) ਕਰਦੇ ਹਨ ਤੇ ਭਾਵ ਰਾਗ ਦ੍ਵੈਖ ਤੋਂ ਲੈਂਦੇ ਹਨ। ਭਾਵ ਸਾਰੀ ਦਾ ਹੈ: ਉਹ ਪ੍ਰੀਤ ਜੋ ਵਾਹਿਗੁਰੂ ਜੀ ਨਾਲ ਨਹੀਂ ਤੇ ਦ੍ਰਿਸ਼ਟਮਾਨ ਪਦਾਰਥਾਂ ਤੇ ਜੀਵਾਂ ਨਾਲ ਹੈ। ਹੁਣ ਕਟਾਖ੍ਯ ਵਿਚ ਇਹ ਹੈ ਕਿ ਉਸ ਮਾਯਕ ਪ੍ਰੀਤ ਨੂੰ ਨਾ ਰੱਦੋ ਤੇ ਪ੍ਰੀਤ ਹੀਣ ਨਾ ਹੋ ਜਾਓ, ਉਹੋ ਪ੍ਰੀਤ ਜੋ ਦੂਜੇ ਭਾਵ ਵਲ ਸੀ ਵਾਹਿਗੁਰੂ ਜੀ ਵਿਚ ਲਾ ਦਿਓ। ਨਿਰਬਾਣ ਪਦ, ਜਿਸ ਵਿਚ ਮਾਯਾ ਮੋਹ ਮੁੱਕ ਕੇ ਪਾਰਬ੍ਰਹਮ ਨਾਲ ਮੇਲ ਪ੍ਰਾਪਤ ਹੋ ਜਾਂਦਾ ਹੈ। ਭਗਵਾਨ ਪਦ ਇਸ ਕਰਕੇ ਆਂਦਾ ਹੈ ਕਿ ਨਿਰਬਾਣ ਪਦ ਨੂੰ ਨਿਰਾ ਸ਼ੂਨਮਾਤ੍ਰ ਨਾ ਸਮਝ ਲੈਣਾ, ਉਹ ਹਸਤੀ ਹੈ ਪਾਰਬ੍ਰਹਮ ਪੂਰਨ ਬ੍ਰਹਮ ਦੀ। ਫੇਰ ਉਸ ਨਿਰਬਾਣ ਦੀ ਪ੍ਰਾਪਤੀ ਲਈ ਸ਼ੂਨ ਦਾ ਧ੍ਯਾਨ ਨਹੀਂ ਦੱਸਿਆ, ਪਰ ਭਗਵਾਨ ਦਾ ਸਿਮਰਣ ਦੱਸਿਆ ਜੋ ਪ੍ਰੇਮਾ ਭਗਤੀ ਦਾ ਮਾਰਗ ਹੈ।

ਨਿਰੁਕ੍ਤ—ਅਪਮਾਨ, ਨਿਰਬਾਣ ਆਦਿ ਪਦਾਂ ਦੇ ਅਰਥ ਵ੍ਯਾਖ੍ਯਾ ਵਿਚ ਆ ਚੁਕੇ ਹਨ।

[ਆਸਾ ਮਹਲਾ ੪, ਚਉਪਦਾ-੬੭]

ਪ੍ਰਾਕ੍ਕਥਨ—ਵਾਹਿਗੁਰੂ ਪ੍ਰੀਤ ਦੀ ਅਤਿਸ਼ਯਤਾ ਦਾ ਪ੍ਰੇਮ ਗੀਤ ਹੈ।

ਮੂਲ	ਅਰਥ
ਆਸਾਵਰੀ ਮਹਲਾ ੪ ॥	
ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ	ਹੇ ਮਾਂ ! ਮੇਰਾ ਰਾਮ (ਵਾਹਿਗੁਰੂ) ਪ੍ਰੀਤਮ ਮੈਨੂੰ ਦੱਸੋ, ਹੇ

ਮਾਈ ॥ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ ॥੧॥ ਰਹਾਉ ॥	ਮਾਂ (ਦੱਸੋ ਮੇਰਾ ਪ੍ਰੀਤਮ ਕਿੱਥੇ ਹੈ), ਮੈਂ ਹਰੀ ਤੋਂ ਬਿਨਾਂ ਖਿਨ ਪਲ ਰਹਿ ਨਹੀਂ ਸਕਦੀ, ਜਿਸ ਤਰ੍ਹਾਂ ਊਠ (ਹਰੀਆਂ) ਵੇਲਾਂ ਵੇਖ ਕੇ ਰੀਝਦਾ ਹੈ (ਮੈਂ ਤਿਵੇਂ ਹਰੀ ਮਿਲਾਪ ਨਾਲ ਰੀਝਾਂ)) ॥ ੧ ॥ ਰਹਾਉ ॥
ਹਮਰਾ ਮਨੁ ਬੈਰਾਗ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ ॥ ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥੧॥	ਹਰੀ ਮਿਤ੍ਰ ਦੇ ਦਰਸ਼ਨ ਲਈ ਸਾਡਾ ਮਨ ਵੈਰਾਗ ਕਰ ਰਿਹਾ ਹੈ (ਤੇ ਹੋਰ ਸਾਰਿਆਂ ਪਾਸਿਆਂ ਤੋਂ) ਉਦਾਸ ਹੋ ਗਿਆ ਹੈ, ਜੀਕੂੰ ਭਵਰਾ ਕੌਲ ਫੁੱਲਾਂ ਤੋਂ ਬਿਨਾ ਰਹਿ ਨਹੀਂ ਸਕਦਾ ਤੀਕੂੰ ਮੈਥੋਂ ਹਰੀ ਬਿਨਾ ਰਿਹਾ ਨਹੀਂ ਜਾਂਦਾ ॥ ੧ ॥
ਰਾਖੁ ਸਰਣਿ ਜਗਦੀਸੁਰ ਪਿਆਰੇ ਮੋਹਿ ਸਰਧਾ ਪੂਰਿ ਹਰਿ ਗੁਸਾਈ ॥ ਜਨ ਨਾਨਕ ਕੈ ਮਨਿ ਅਨਦੁ ਹੋਤ ਹੈ ਹਰਿ ਦਰਸਨੁ ਨਿਮਖ ਦਿਖਾਈ ॥੨॥੩੯॥੧੩॥੧੫॥੬੭॥	ਹੇ ਜਗਤ ਦੇ ਮਾਲਕ (ਮੇਰੇ) ਪਿਆਰੇ ! ਮੈਨੂੰ (ਅਪਣੀ) ਸ਼ਰਣ ਵਿਚ ਰੱਖ, ਹੇ ਹਰੀ ! ਹੇ ਗੁਸਾਂਈ ! ਮੇਰੀ ਸਿੱਕ ਪੂਰੀ ਕਰ ਦੇਹ। (ਹਾਂ, ਤੇਰੇ) ਦਾਸ ਨਾਨਕ ਦੇ ਮਨ ਵਿਚ ਅਨੰਦ ਹੁੰਦਾ ਹੈ ਹੇ ਹਰੀ ! (ਜੇ ਤੂੰ) ਇਕ ਪਲ ਬੀ (ਅਪਣਾ) ਦਰਸ਼ਨ ਦਿਖਾ ਦਿੰਦਾ ਹੈਂ ਤਾਂ ॥ ੨ ॥ ੩੯ ॥ ੧੩ ॥ ੧੫ ॥ ੬੭*) ॥

ਵਯਾਖਯਾ— ਇਸ ਸ਼ਬਦ ਵਿਚ ਹਰੀ ਦਰਸ਼ਨ ਲਈ ਡਾਢੇ ਹੀ ਪਿਆਰ ਵਿਚ ਭਿੱਜਾ ਤਰਲਾ ਹੈ। ਕਿਸੇ ਪਿਆਰ ਵਲਵਲਿਆਂ ਦੀ ਅਤਿ ਦੀ ਦ੍ਰਵਣਤਾ ਵਿਚ ਇਹ ਉਚਾਰਿਆ ਗਿਆ ਸਹੀ ਹੁੰਦਾ ਹੈ, ਪ੍ਰੇਮਾ ਭਗਤੀ ਦੇ ਭਾਵਾਂ ਦਾ ਇਕ ਥਰਥਰਾਉਂਦਾ ਰਾਗ ਮੂਰਤੀਮਾਨ ਹੋ ਰਿਹਾ ਹੈ। ਇਹ ਸ਼ਬਦ ਲਗ ਪਗ ਹਰ ਕੀਰਤਨੀਏ ਦੇ ਗਾਯਨ ਵਿਚ ਆਉਂਦਾ ਹੈ।

ਨਿਰੁਕਤ—**ਖਿਨੁ ਪਲੁ**—(ਸੰਸ: ਕ੍ਸ਼ਣ:=ਲਹਮਾ, ਸੈਕੰਡ। ਪਲਮ੍=ਪਲ (੨੪ ਸੈਕੰਡ)। ਪਲ ਭਰ। ਮੁਰਾਦ ਬਹੁਤ ਥੋੜੇ ਸਮੇਂ ਤੋਂ ਹੈ, ਦੁਇ ਪਦ ਇਕੱਠੇ ਇਸੇ ਕਰਕੇ ਕਹੇ ਹਨ।

ਕਰਹਲੁ—(ਅ:, ਕਿਰਮਿਲ। ਸਿੰਧੀ ਕਰਹੋ) ਊਠ। ਬ੍ਰਿਛਾਂ ਤੇ ਚੜ੍ਹੀਆਂ ਵੇਲਾਂ ਦਾ ਪਿਆਰ ਊਠ ਵਿਚ ਅਤਿ ਦਾ ਹੁੰਦਾ ਹੈ। ਆਪ ਨੂੰ ਨੀਵਾਂ ਦੱਸਕੇ ਪ੍ਰੇਮ ਦੀ ਅਤਿਸ਼ਯਤਾ ਦੱਸੀ ਹੈ।

ਬੈਰਾਗ—(ਦੇਖੋ ਪੰਨਾ ੧੫੮੨) ਰਾਗ ਰਹਤਤਾ, ਪਿਆਰ ਮੋਹ ਆਦਿ ਤੋਂ ਛੁੱਟੀ ਹੋਈ ਹਾਲਤ। ਪਰ ਜਨਮ ਸਾਖੀ ਵਿਚ ਵਰਤੇ ਇਸ ਪਦ ਦੇ ਅਰਥ ਪਿਆਰ ਵਿਚ ਬਿਹਬਲ ਹੋ ਜਾਣ ਦੇ ਹਨ। ਇਹੋ ਭਾਵ ਏਥੇ ਹੈ,ਅਗੇ ਜੁ ਪਿਆ ਹੈ ਪਦ ਵਿ+ਰਕਤ=ਬਿਨਾ ਰੰਗ(=ਪਿਆਰ) ਦੇ ਦੁਨੀਆਂ ਵਲੋਂ ਤਾਂ ਪਿਆਰ ਸ਼ੂਨ ਹੋ ਗਿਆ ਹੈ ਤੇ ਸਾਂਈ ਵਲ ਮਿਲਣੇ ਦੀ ਬਿਹਬਲਤਾ ਵਿਚ ਹੈ। ਇਹ ਹੈ ਭਾਵ ਬੈਰਾਗ ਬਿਰਕਤ ਦਾ। **ਅਲਿ**-(ਸੰਸ:, ਅਲਿ:) ਭੌਰਾ।

ਕਮਲਾ—ਕਮਲ ਦਾ ਬਹੁ ਬਚਨ। ਕਮਲ ਫੁੱਲ।

ਸਰਧਾ—(ਸੰਸ:, ਸ਼੍ਰਦਧਾ) ਭਾਵਨੀ, ਤੀਬਰ ਪਿਆਰ ਭਾਵਨੀ। ਸਿੱਕ।

ਅਨਦੁ—ਆਨੰਦ। **ਨਿਮਖ**—(ਸੰਸ:, ਨਿਮਖ) ਪਲ ਭਰ।

---

*ਪਹਿਲੀ, ਤੀਸਰੀ ਤੇ ਚਉਥੀ, ਪਾਤਿਸਾਹੀ ਦੇ ੬੭ ਚਉਪਦੇ ਸਮਾਪਤ ਹੋਏ। ਅਗੋਂ ਪੰਚਮ ਪਾਤਸ਼ਾਹ ਜੀ ਦੇ ਚਉਪਦਿਆਂ ਦੀ ਗਿਣਤੀ ਦਾ ਨਵਾਂ ਅੰਕ ੧ ਤੋਂ ਸ਼ੁਰੂ ਹੋ ਰਿਹਾ ਹੈ।

ਪੰਜਵੀਂ ਪਾਤਸ਼ਾਹੀ ਦੇ ਸ਼ਬਦ ਚਲੇ।

[ਆਸਾ ਮਹਲਾ ੫, ਚਉਪਦਾ,੧-੬੮]

ਰਾਗੁ ਆਸਾ ਘਰੁ ੨ ਮਹਲਾ ੫ ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ ॥ ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ ॥ ਭਾਈ ਮੀਤ ਕੁਟੰਬ ਦੇਖਿ ਬਿਬਾਦੇ ॥ ਹਮ ਆਈ ਵਸਗਤਿ ਗੁਰ ਪਰਸਾਦਿ॥੧॥	ਜਿਸ (ਕਿਸੇ) ਨੇ (ਮਾਇਆ ਨਾਲ) ਪ੍ਰੀਤੀ ਲਾਈ ਓਸੇ ਨੂੰ ਹੀ ਉਲਟ ਕੇ (ਇਸ ਨੇ) ਖਾਧਾ। ਜਿਸ ਨੇ (ਇਸ ਨੂੰ) ਸਤਿਕਾਰਿਆ ਉਸ ਨੂੰ (ਇਸ ਨੇ) ਬਹੁਤ ਡਰ ਦਿਖਾਇਆ ਹੈ। ਦੇਖ ਲਓ ਭਰਾ, ਮਿੱਤ੍ਰ ਤੇ (ਹੋਰ) ਪਰਵਾਰ ਦੇ ਲੋਕ (ਇਸ ਮਾਇਆ ਖਾਤਰ ਪਰਸਪਰ) ਝਗੜੇ ਕਰਦੇ ਹਨ, (ਉਹ ਮਾਯਾ) ਗੁਰੂ ਦੀ ਕ੍ਰਿਪਾ ਨਾਲ ਸਾਡੇ ਵੱਸ ਵਿਚ ਆ ਗਈ ਹੈ॥੧॥
ਐਸਾ ਦੇਖਿ ਬਿਮੋਹਿਤ ਹੋਏ ॥ ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ ॥੧॥ ਰਹਾਉ ॥	(ਮਾਇਆ ਦਾ) ਐਸਾ (ਹਾਲ) ਦੇਖ ਕੇ (ਅਸੀਂ ਇਸ ਤੋਂ) ਮੋਹ ਰਹਿਤ ਹੋਏ ਹਾਂ। (ਇਕ) ਸਾਧੂ ਤੋਂ ਬਿਨਾਂ (ਇਸ) ਠਗਣੀ ਨੇ ਸਾਧਨਾ ਕਰਨ ਵਾਲੇ, ਸਿੱਧ (ਹੋ ਚੁਕੇ), ਦੇਵਤੇ ਤੇ ਮਾਨੁਖ ਸਾਰੇ ਠੱਗ ਲਏ ਹਨ॥੧॥ਰਹਾਉ॥
ਇਕਿ ਫਿਰਹਿ ਉਦਾਸੀ ਤਿਨ੍ਹ ਕਾਮਿ ਵਿਆਪੈ ॥ ਇਕਿ ਸੰਚਹਿ ਗਿਰਹੀ ਤਿਨ੍ਹ ਹੋਇ ਨ ਆਪੈ ॥ ਇਕਿ ਸਤੀ ਕਹਾਵਹਿ ਤਿਨ੍ਹ ਬਹੁਤੁ ਕਲਪਾਵੈ ॥ ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ ॥੨॥	ਇਕ (ਇਸ ਤੋਂ) ਉਦਾਸ ਹੋ ਕੇ (ਤੀਰਥਾਂ ਬਨਾਂ ਵਿਚ) ਫਿਰਦੇ ਹਨ, ਉਨ੍ਹਾਂ ਨੂੰ ਕਾਮਨਾ ਹੋ ਕੇ ਜਾ ਚੰਬੜਦੀ ਹੈ, ਇਕ ਗ੍ਰਿਹਸਤੀ (ਹਨ ਜੋ ਇਸ ਨੂੰ) ਇਕੱਠੀ ਕਰਦੇ ਹਨ, ਉਨ੍ਹਾਂ ਦੀ (ਇਹ) ਆਪਨੀ ਨਹੀ ਬਣਦੀ। ਇਕ ਦਾਨੀ ਕਹਾਉਂਦੇ ਹਨ ਉਨ੍ਹਾਂ ਨੂੰ ਬਹੁਤ ਕਲਪਣਾ ਦੇਂਦੀ ਹੈ; ਅਸੀਂ ਸਤਿਗੁਰ ਦੀ ਚਰਣੀ ਲਗਾ ਕੇ ਹਰੀ ਨੇ ਬਚਾ ਲਏ ਹਾਂ॥੨॥
ਤਪੁ ਕਰਤੇ ਤਪਸੀ ਭੂਲਾਏ ॥ ਪੰਡਿਤ ਮੋਹੇ ਲੋਭਿ ਸਬਾਏ ॥ ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ॥੩॥	ਤਪੱਸ੍ਵੀ (ਲੋਕ) ਤਪ ਕਰਦੇ ਹੋਏ (ਮਾਇਆ ਨੇ) ਭੁਲਾ ਦਿੱਤੇ। ਸਾਰੇ ਪੰਡਿਤ ਲੋਭ ਵਿਚ (ਪਾ ਕੇ ਇਸ ਨੇ) ਮੋਹ ਲਏ ਹਨ। (ਗੱਲ ਕੀ) ਤ੍ਰੈ ਗੁਣਾਂ (ਕਰਕੇ ਬਣੇ ਸਭ ਜੀਵ ਇਸ ਨੇ) ਮੋਹ ਲਏ, (ਹਾਂ) ਆਕਾਸ਼ (ਵਾਸੀਆਂ ਭਾਵ ਦਉਤਿਆਂ) ਨੂੰ (ਬੀ) ਮੋਹ ਲਿਆ ਸੂ; ਅਸੀ ਹੱਥ ਦੇ ਕੇ ਸਤਿਗੁਰੂ ਨੇ ਬਚਾ ਲਏ ਹਾਂ॥੩॥
ਗਿਆਨੀ ਕੀ ਹੋਇ ਵਰਤੀ ਦਾਸਿ ॥ ਕਰ ਜੋੜੇ ਸੇਵਾ ਕਰੇ ਅਰਦਾਸਿ ॥ ਜੋ ਤੂੰ ਕਹਹਿ ਸੁ ਕਾਰ ਕਮਾਵਾ ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥੪॥੧॥	(ਇਹ) ਗਯਾਨੀ ਦੀ (ਸਦਾ) ਦਾਸ ਹੋ ਕੇ ਵਰਤਦੀ ਹੈ (ਉਸ ਅੱਗੇ) ਹੱਥ ਜੋੜ ਕੇ ਸੇਵਾ ਕਰਦੀ ਹੈ ਤੇ ਬੇਨਤੀ ਕਰਦੀ ਹੈ (ਕਿ ਹੇ ਗਯਾਨੀ !) ਜੋ ਤੂੰ ਆਖੇਂ ਮੈਂ ਉਹੀ ਕਾਰ ਕਰਾਂਗੀ, (ਹਾਂ ਮੈਂ) ਗੁਰਮੁਖ ਜਨ ਦੇ ਨੇੜੇ ਕਦੀ ਨਹੀ ਆਂਵਦੀ (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ)॥੪॥੧॥

ਵਜਾਖਜਾ—ਮਾਇਆ, ਗ੍ਰਿਹਸਤੀ, ਉਦਾਸੀ, ਗਜਾਨੀ, ਪੰਡਿਤ, ਤਪੀ, ਸਾਧਿਕ, ਸਿੱਧ, ਦੇਵਤੇ ਸਭ ਨੂੰ, ਕਿਵੇਂ ਨਾ ਕਿਵੇਂ ਤੇ ਕਦੇ ਨਾ ਕਦੇ ਗ੍ਰਸ ਲੈਂਦੀ ਹੈ, ਕਿਉਂਕਿ ਓਹ 'ਹਉਂ' ਵਿਚ ਕਾਰਾਂ ਕਰ ਰਹੇ ਹਨ, ਚਾਹੋ ਮਾਇਆ ਸੰਚਣ ਦੀਆਂ, ਚਾਹੋ ਮਾਇਆ ਤਜਾਗ ਦੇ ਰੂਪਵਾਲੀਆਂ। ਇਸ ਤੋਂ ਬਚਦਾ ਹੈ ਗਿਆਨੀ, ਨਿਰਾ ਗਜਾਨੀ ਨਾ, ਗੁਰਮੁਖ ਗਜਾਨੀ। ਉਹ ਬਚਦਾ ਹੈ ਗੁਰੂ ਦੀ ਮੇਹਰ ਨਾਲ ਹਰੀ ਦੀ ਰਖਜਾ ਦੁਆਰਾ। 'ਆਪਣਾ ਬਚ ਜਾਣਾ ਦੱਸਦੇ ਹਨ ਗੁਰੂ ਦੀ ਮੇਹਰ ਨਾਲ' ; ਤ੍ਰੈ ਵੇਰ ਇਹੋ ਗਲ ਕਹੀ ਹੈ। ਆਪ ਨੂੰ ਗਜਾਨੀ ਗੁਰਮੁਖ ਕੁਛ ਨਹੀ ਕਿਹਾ, ਨਿਰੀ ਗੁਰੂ ਮੇਹਰ ਗਿਣੀ ਹੈ, ਇਹ ਕਮਾਲ ਦੀ ਨਿੰਮ੍ਰਤਾ ਹੈ।

ਅੰਕ ੩- ਮਾਇਆ ਨਾਲ ਜਿਸ ਨੇ ਪ੍ਰੀਤ ਲਾਈ ਮਾਇਆ ਨੇ ਉਸ ਨੂੰ ਜਨਮ ਮਰਨ ਵਿਚ ਭੁਆ ਭੁਆ ਕੇ ਰੁਲਾਇਆ ਹੈ, ਇਹ ਹੈ ਮਾਇਆ ਦਾ ਅਪਣੇ ਪ੍ਰੀਤਵਾਨਾਂ ਨੂੰ ਖਾਣਾ। ਭਉ ਦਿਖਾਇਆ ਇਸ ਤਰ੍ਹਾਂ ਹੈ ਕਿ ਜੋ ਕੱਠੀ ਕਰਦੇ ਹਨ ਉਹਨਾਂ ਨੂੰ ਅੰਦਰ ਰਖੀ ਦਾ ਚੋਰਾਂ ਤੋਂ ਭੈ ਲਗਦਾ ਰਹਿੰਦਾ ਹੈ, ਸਾਹਾਂ ਪਾਸ ਜਮ੍ਹਾਂ ਕਰਾਈਦਾ ਉਹਨਾਂ ਦੇ ਦਿਵਾਲੇ ਨਿਕਲ ਜਾਣ ਦਾ ਭੈ ਖਾਂਦਾ ਰਹਿੰਦਾ ਹੈ। ਇਹ ਪ੍ਰਤੱਖ ਹੈ ਕਿ ਮਾਇਆ ਪਿਛੇ ਸਾਕਾਂ ਕੁਟੰਬੀਆਂ ਵਿਚ ਬੀ ਝਗੜੇ ਫਸਾਦ ਟੁਰ ਪੈਂਦੇ ਹਨ।

ਅੰਕ੨- ਪਦ ਬਿਮੋਹਿਤ ਸੰਸਕ੍ਰਿਤ ਦਾ 'ਵਿਮੋਹਿਤ' ਪਦ ਹੈ, ਅਰਥ ਹੈ 'ਵਿਸ਼ੇਸ਼ ਕਰਕੇ ਮੋਹੇ ਹੋਏ'। ਤਦ ਸੰਪ੍ਰਦਾ ਵਿਚ ਅਰਥ ਕਰਦੇ ਹਨ ਮਾਇਆ ਦਾ ਐਸਾ (=ਵਡਾ) ਪ੍ਰਤਾਪ ਦੇਖਕੇ ਮੋਹੇ ਗਏ ਹਨ। (ਅ) ਪਰ 'ਐਸਾ' ਪਦ ਦਾ ਪਿਛਲੇ ਅੰਕ ਵਿਚ ਇਸ਼ਾਰਾ ਹੈ, ਅਰਥਾਤ-ਪਿਛੇ ਕਿਹਾ ਹਾਲ ਦੇਖ ਕੇ ਕਿ ਐਸਾ ਹੈ।' ਸੰਪ੍ਰਦਾਈ ਦਾਨੇ ਐਉਂ ਬੀ ਲਾਉਂਦੇ ਆਏ ਹਨ ਕਿ (ਪਿਛੇ ਕਿਹਾ) ਐਸਾ ਵਰਤਾਉ ਮਾਇਆ ਦਾ ਦੇਖਕੇ ਮਾਇਆ ਨਾਲ ਮੋਹ ਰਹਿਤ ਹੋ ਗਏ ਹਾਂ। ਬਿ+ਮੋਹਿਤ=ਰਹਿਤ ਮਾਯਾ ਤੋਂ।

ਅੰਕ੩- ਗ੍ਰਿਹਸਤੀ ਦੀ ਮਾਇਆ ਅਪਣੀ ਨਹੀਂ ਬਣਦੀ ਕੱਠੀ ਕੀਤੀ ਕਰਾਈ ਚੋਰਾਂ ਦੇ ਹਥੀਂ, ਘਾਟਿਆਂ ਦੇ ਰਸਤੇ, ਵਿਪਦਾ ਦੁਖਾਂ ਦੇ ਵਸੀਲੇ ਉਸ ਨੂੰ ਬੀ ਛੱਡ ਟੁਰਦੀ ਹੈ ਤੇ ਮਰਨ ਵੇਲੇ ਨਾਲ ਨਹੀਂ ਜਾਂਦੀ। ਉਦਾਸੀਆਂ ਨੂੰ 'ਕਾਮਨਾ' ਹੋ ਕੇ ਲੱਗੀ ਰਹਿੰਦੀ ਹੈ। ਇਸ਼ਾਰਾ ਤੀਰਥਾਟਨੀਆਂ ਵਲ ਹੈ। ਓਹਨਾਂ ਦੀ ਤੀਰਥ ਯਾਤ੍ਰਾ ਕਿਸੇ ਕਾਮਨਾ ਅਰਥ ਹੁੰਦੀ ਹੈ, ਚਾਹੋ ਉਹ ਸੁਰਗ ਦੀ ਹੋਵੇ; ਫੇਰ ਤੀਰਥ ਯਾਤ੍ਰਾ ਵਿਚ ਪੈਸੇ ਦੀ ਲੋੜ ਹੁੰਦੀ ਹੈ। ਤਿੱਬਤ ਤਕ ਤੋਂ ਆਏ ਤੀਰਥਾਟਨੀ ਮਾਇਆ ਮੰਗਦੇ ਦੇਖੇ ਜਾਂਦੇ ਹਨ। ਕਈ ਦਾਨੇ 'ਕਾਮਿ' ਦਾ ਅਰਥ ਕਾਮ (=ਇਸਤ੍ਰੀ ਪ੍ਰੇਮ) ਬੀ ਲਾ ਲੈਂਦੇ ਹਨ ਪਰ ਕਾਮਿੰਪਦ ਨੂੰ ਸਿਆਰੀ ਹੈ, ਜਿਸ ਨੇ ਇਸ ਨੂੰ ਇਸਤ੍ਰੀ ਲਿੰਗ ਬਣਾ ਦਿਤਾ ਹੈ ਤੇ ਅਰਥ ਕਾਮਨਾ ਹੈ। ਸਤੀ ਦਾ ਭਾਵ ਦਾਨੀ ਹੈ, ਦਾਨੀਆਂ ਨੂੰ ਕਲਪਨਾ ਪ੍ਰਾਪਤ ਹੁੰਦੀ ਹੈ, ਦਾਨ ਕਰਨ ਵਾਲੇ ਨੂੰ ਮੰਗਤੇ ਬਹੁਤ ਦੁੱਖ ਦੇਂਦੇ ਹਨ। ਦੇਂਦਾ ਦੇਂਦਾ ਦਾਨ ਧਨ ਮੁਕਾ ਕੇ ਦੁਖੀ ਹੁੰਦਾ ਹੈ। ਦਾਨ ਲੈਣ ਵਾਲੇ ਵਰੋਸਾਇਆਂ ਵਿਚੋਂ ਹੀ ਕਈ ਦੁਸ਼ਮਨ ਬਣ ਖੜੋਂਦੇ ਹਨ, ਕਈ ਲੈ ਕੇ ਵੈਰੀ ਬਣਦੇ ਹਨ ਕਿ ਸਾਰਾ ਹੀ ਦਾਨ ਸਾਨੂੰ ਕਿਉ ਨਹੀ ਦੇਂਦਾ, ਹੋਰਨਾਂ ਨੂੰ ਕਿਉਂ ਕੁਛ ਦੇਂਦਾ ਹੈ।

ਅੰਕ ੩ ਵਿਚ ਤਪੀਆਂ ਤੇ ਪੰਡਿਤਾਂ ਵਲ ਇਸ਼ਾਰੇ ਹਨ ਜੋ ਮਾਇਆ ਨੇ ਮੋਹੇ ਤੇ ਜਿਨ੍ਹਾਂ ਦੇ ਪ੍ਰਸੰਗ ਆਮ ਪ੍ਰਸਿਧ ਹਨ।

ਅੰਕ ੪ ਵਿਚ ਇਸ ਦੇ ਉਲਟ ਗਜਾਨੀ ਦਾ ਜ਼ਿਕਰ ਹੈ, ਇਸੇ ਅੰਕ ਵਿਚ ਪਦ ਗੁਰਮੁਖ ਆਖ ਕੇ ਗਜਾਨੀ ਦਾ ਵਿਸ਼ੇਸ਼ਨ ਕਰ ਦਿਤਾ ਹੈ, ਪੰਡਿਤ ਗਜਾਨੀ ਨਹੀ, ਪਰ 'ਗੁਰਮੁਖ ਗਜਾਨੀ'। 'ਕਾਰਕਮਾਵਾਂ' ਦਾ ਇਸ਼ਾਰਾ ਇਸ ਗਲ ਵੱਲ ਹੈ ਕਿ ਗੁਰਮੁਖ ਉਸ ਨੂੰ ਨਾ ਸੰਚਦਾ ਹੈ ਨਾ ਤਜਾਗਦਾ ਹੈ ਉਸ ਤੋਂ ਜਗਤ ਸੇਵਾ ਦਾ, ਉਪਕਾਰ ਦਾ,ਸਾਧੂ ਸੰਤ ਦੀ ਪਾਲਣਾ ਦਾ ਕੰਮ ਲੈਂਦਾ ਹੈ। ਆਈ ਤੇ ਹਰਖਦਾ ਨਹੀਂ, ਗਈ ਤੇ ਸ਼ੋਕਾਤੁਰ ਨਹੀਂ ਹੁੰਦਾ, ਕਿਉਂਕਿ ਉਸ ਦੇ ਅੰਦਰੋਂ ਮਾਇਆ ਦਾ ਮੂਲ 'ਅਹੰਤਾ' ਦੂਰ ਹੋ ਚੁਕੀ ਹੁੰਦੀ ਹੈ, ਤੇ ਉਸ ਦਾ ਮੋਹ, ਪ੍ਰੀਤਿ, ਪ੍ਰੇਮ ਸਾਰਾ, ਵਾਹਿਗੁਰੂ ਅਕਾਲ ਪੁਰਖ ਕੇਂਦ੍ਰ ਦੇ ਉੱਤੇ ਇਕੱਤ੍ਰ ਹੋ ਚੁਕਾ ਹੁੰਦਾ ਹੈ।

'ਨੇੜਿ ਨ ਆਵਾਂ' ਦਾ ਭਾਵ ਹੈ ਉਸ ਦੇ ਹਿਰਦੇ ਕਿ ਆਤਮਾ ਵਿਚ ਉਸ ਦੀ ਕੋਈ ਪਕੜ ਨਹੀਂ ਹੁੰਦੀ, ਚਾਹੋ ਉਸ ਦਾ ਜੀਵਨ ਗ੍ਰਿਹਸਤੀ ਦਾ ਹੋਵੇ, ਚਾਹੋ ਅਤੀਤਤਾਈ ਦਾ।

ਨਿਰੁਕ—**ਸੁਖਿ ਬੈਠਾਲੀ**—ਸੁਖ ਨਾਲ ਬਿਠਾਈ। ਆਈ ਨੂੰ ਜੀਉ ਆਇਆਂ ਕਹਿ ਕੇ ਸੁਹਣੇ ਥਾਂ ਬਿਠਾਲ ਲਿਆ। ਸਤਿਕਾਰ ਦਿਤਾ। ਮੁਰਾਦ ਇਕੱਠੀ ਕਰਕੇ ਸਾਂਭਣ ਤੋਂ ਹੈ।

ਇਬਾਦੇ—[[ਸੰਸ:, ਵਿਵਾਦ:] ਝਗੜਦੇ ਹਨ।

ਬਿਮੋਹਿਤ—ਵਜਾਖਜਾ ਵਿਚ ਵੀਚਾਰ ਆ ਚੁਕੀ ਹੈ।   **ਧ੍ਰੋਹਨਿ**-ਠਗਣੀ ਨੇ।

ਧ੍ਰੋਹੇ—ਠੱਗ ਲਏ ਹਨ।   **ਕਾਮਿ**-ਕਾਮਨਾ। ਹੋਰ ਵੀਚਾਰ ਵਜਾਖਜਾ ਵਿਚ ਆ ਚੁਕੀ ਹੈ

ਸੰਚਹਿ—[ਸੰਸ:, ਸਂਚਯ:,=ਜਮ੍ਹਾਂ ਕਰਨਾ,ਢੇਰ ਕਰਨਾ। ਢੇਰੀ] ਕੱਠੀ ਕਰਦੇ ਹਨ।

ਗਿਰਹੀ—ਗ੍ਰਿਹਸਤੀ।

ਸਤੀ—ਸੱਤਜ ਵਾਲੇ। ਪਰ ਉਸ ਸਮੇਂ 'ਸਤੀ' ਦਾਨੀ ਨੂੰ ਬੀ ਆਖਦੇ ਸਨ, ਯਥਾ:-

ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ॥   [ਵਾਰ ਆਸਾ ਮਹਲਾ ੧-੬]

ਕਲਪਾਵੈ—ਕਲਪਣਾ ਦੇਂਦੀ ਹੈ।ਗੁੱਸਾ ਤੇ ਮਨ ਦਾ ਸਾੜਾ ਦੇਂਦੀ ਹੈ। ਹਉਮੈਂ ਵਿਚ ਦੇ ਦਾਨੇ ਲੋਕੀ ਅਤਿ ਕਲਪਦੇ ਹਨ; ਦੇਖੋ ਵਜਾਖਜਾ। ਸਬਾਏ-ਸਾਰੇ। ਮੁਰਾਦ ਹੈ ਓਹ ਪੰਡਿਤ ਜੋ ਹਉਂ ਵਿਚ ਵਿਦਵਾਨ ਹੋਏ ਹਨ, ਜੋ ਪੜ੍ਹ ਸੁਣਕੇ ਗੁਰਮੁਖ ਨਹੀਂ ਬਣੇ। ਰਹਿਣੀ ਰਹਿਤ ਵਿਚ ਨਹੀਂ ਆਏ।

ਤ੍ਰੈ ਗੁਣ—ਤੋਂ ਭਾਵ ਤ੍ਰੈ ਗੁਣਾਂ ਕਰਕੇ ਰਚੇ ਗਏ ਜੀਵ; 'ਅਕਾਸੁ' ਤੋਂ ਭਾਵ ਹੈ ਆਕਾਸ਼ੀਂ ਰਹਿਣ ਵਾਲੇ ਦੇਵਤੇ। (ਵਿਸ਼ੇਸ਼ ਦੇਖੋ ਪੰਨਾ ੧੭੩੬)

ਕਾਰ ਕਮਾਵਾਂ—ਸੇਵਾ ਕਰਾਂ।   **ਗੁਰਮੁਖ ਜਨ ਨੇੜਿ**—ਗੁਰਮੁਖ ਜਨਾਂ ਦੇ ਨੇੜੇ।

[ਆਸਾ ਮਹਲਾ ੫, ਚਉਪਦਾ-੬੯]

ਮੂਲ	ਅਰਥ
ਆਸਾ ਮਹਲਾ ੫ ॥	
ਸਸੂ ਤੇ ਪਿਰਿ ਕੀਨੀ ਵਾਖਿ ॥ ਦੇਰ ਜਿਠਾਣੀ ਮੁਈ ਦੂਖਿ ਸੰਤਾਪਿ ॥ ਘਰ ਕੇ ਜਿਠੇਰੇ ਕੀ ਚੂਕੀ ਕਾਣਿ ॥ ਪਿਰਿ ਰਖਿਆ ਕੀਨੀ ਸੁਘੜ ਸੁਜਾਣਿ ॥੧॥	ਪਤੀ ਨੇ ਸੱਸ ਤੋਂ (ਮੈਂ) ਵੱਖ ਕਰ ਦਿੱਤੀ ਹਾਂ। ਦਿਰਾਣੀ ਜਿਠਾਣੀ ਦੁਖੀ ਹੋ ਹੋ ਸੜਦੀਆਂ ਮਰ ਗਈਆਂ ਹਨ। ਘਰ ਦੇ ਜੇਠ ਦੀ ਕਨੌਡ ਦੂਰ ਹੋ ਗਈ ਹੈ। ਸੁਘੜ ਤੇ ਸਿਆਣੇ ਪਤੀ ਨੇ (ਹਰ ਤਰ੍ਹਾਂ) ਰਖਜਾ ਕੀਤੀ ਹੈ॥੧॥
ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ॥ ਦੁਰਜਨ ਮਾਰੇ ਵੈਰੀ ਸੰਘਾਰੇ ਸਤਿਗੁਰਿ ਮੋ ਕਉ ਹਰਿ ਨਾਮੁ ਦਿਵਾਇਆ॥੧॥ ਰਹਾਉ ॥	ਸੁਣੋ ਹੇ ਲੋਕੋ ! ਮੈਨੂੰ ਪ੍ਰੇਮ ਰਸੁ ਮਿਲ ਗਿਆ ਹੈ। (ਲੋਕਾਂ ਦਾ ਪ੍ਰਸ਼ਨ :ਕੀਕੂੰ ? ਉੱਤਰ:) ਹਰੀ ਨੇ ਸਤਿਗੁਰੂ ਤੋਂ ਮੈਨੂੰ ਨਾਮ ਦਿਵਾਇਆ (ਯਾ ਸਤਿਗੁਰੂ ਨੇ ਮੈਨੂੰ ਹਰ ਨਾਮ ਦਿਵਾਇਆ ਅਤੇ) ਖੋਟੇ ਭਾ (ਮੇਰੇ ਅੰਦਰੋਂ) ਮਾਰ ਦਿੱਤੇ (ਤੇ ਮੇਰੇ) ਵੈਰੀ ਕਤਲ ਕਰ ਦਿੱਤੇ॥੧॥ਰਹਾਉ॥
ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥ ਤ੍ਰੈ ਗੁਣ ਤਿਆਗਿ ਦੁਰਜਨ ਮੀਤ	(ਗੁਰੂ ਦੀ ਮੇਹਰ ਨਾਲ) ਪਹਿਲੋਂ ਮੈਂ ਹਉਮੈ ਵਾਲੀ ਪ੍ਰੀਤੀ (ਮੋਹ ਮਮਤਾ) ਤਿਆਗ ਦਿੱਤੀ, ਦੂਜੇ ਤਿਆਗ ਦਿੱਤੀ (ਮੈਂ) ਲੋਕਾਂ ਵਾਲੀ ਰੀਤਿ। (ਫੇਰ) ਤਿਆਗੇ ਤ੍ਰੈ ਗੁਣ (ਤਦ) ਮਿਤ ਤੇ ਸ਼ੱਤ੍ਰ

ਸਮਾਨੇ ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥੨॥

ਇਕ ਤੁੱਲ ਹੋ ਗਏ। (ਇਸ ਤਰ੍ਹਾਂ) ਸੰਤ (ਗੁਰੂ ਨੂੰ) ਮਿਲਕੇ (ਚੌਥੇ) ਤੁਰੀਆ ਗੁਣ ਨੂੰ ਪਛਾਣ ਲਿਆ ਹੈ॥ ੨॥

ਸਹਜ ਗੁਫਾ ਮਹਿ ਆਸਣੁ ਬਾਧਿਆ॥
ਜੋਤਿ ਸਰੂਪ ਅਨਾਹਦੁ ਵਾਜਿਆ ॥
ਮਹਾ ਅਨੰਦੁ ਗੁਰ ਸਬਦੁ ਵੀਚਾਰਿ ॥
ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ॥੩॥

ਸਹਜ (ਅਵਸਥਾ ਰੂਪੀ) ਗੁਫਾ ਵਿਚ ਟਿਕਾਣਾ ਕਰ ਲਿਆ ਹੈ। ਅਨਾਹਦ ਵੱਜ ਪਿਆ ਹੈ ਤੇ ਜੋਤੀ ਸਰੂਪ (ਪ੍ਰਭੂ) ਸਾਖਯਾਤਕਾਰ ਹੋ ਗਿਆ ਹੈ। ਮਹਾਂ ਅਨੰਦ ਹੋਇਆ (ਇਹ ਸਾਰਾ ਕੁਛ) ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ (ਹੋਇਆ ਹੈ। ਹਾਂ, ਐਉਂ ਜੋ) ਪਤੀ ਨਾਲ ਰਚ ਗਈ ਹੈ (ਉਹੋ) ਇਸਤ੍ਰੀ ਸੁਹਾਗਣ ਹੈ ਤੇ ਧੰਨ ਹੈ॥ ੩॥

ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ ॥
ਜੋ ਸੁਣੇ ਕਮਾਵੈ ਸੁ ਉਤਰੈ ਪਾਰਿ ॥
ਜਨਮਿ ਨ ਮਰੈ ਨ ਆਵੈ ਨ ਜਾਇ ॥
ਹਰਿ ਸੇਤੀ ਓਹੁ ਰਹੈ ਸਮਾਇ॥੪॥੨॥

(ਸੁਣੋ ਭਾਈ !) ਦਾਸ ਨਾਨਕ (ਇਹ) ਬ੍ਰਹਮ ਵੀਚਾਰ ਕਹਿ ਰਿਹਾ ਹੈ, ਜੋ ਸੁਣੇ (ਤੇ ਸੁਣ ਕੇ) ਕਮਾਵੇ ਉਹ (ਭੈਜਲ ਤੋਂ) ਪਾਰ ਉਤਰੇਗਾ। ਫਿਰ ਨਾ ਓਹ ਜੰਮੇਗਾ ਨ੍ਹਾ ਮਰੇਗਾ (ਹਾਂ ਉਸ ਨੂੰ) ਆਵਾਗਵਨ ਨਹੀਂ ਰਹੇਗਾ। ਓਹ ਤਾਂ (ਫੇਰ) ਹਰੀ ਦੇ ਵਿਚ ਹੀ ਸਮਾਇਆ ਰਹੇਗਾ॥ ੪॥ ੨॥

ਵ੍ਯਾਖ੍ਯਾ—ਅੰਕ ੧— ਇਸ ਦਾ ਭਾਵ ਇਸ ਪ੍ਰਕਾਰ ਕੱਢਦੇ ਆਏ ਹਨ:-

ਸਸੂ = ਅਵਿਦ੍ਯਾ ਰੂਪੀ ਸੱਸ। ਪਿਰਿ = ਪਰਮੇਸੁਰ ਰੂਪੀ ਪਤੀ। ਦੇਰ ਜਿਠਾਣੀ = ਆਸਾ ਤ੍ਰਿਸ਼ਨਾ ਰੂਪੀ ਦਿਰਾਣੀ ਜਿਠਾਣੀ। ਜਿਠੇਰਾ = ਧਰਮ ਰਾਜ।

ਏਹ ਭਾਵ ਲੱਛਣਾ (ਬ੍ਰਿਤੀ ਦੁਆਰੇ ਕੱਢੀਦੇ ਹਨ। ਇਸ ਭਾਵ ਵਿਚ ਦੀਰਘ ਵਿਚਾਰ ਤੇ ਇਕ ਸ਼ੰਕਾ 'ਲਾ-ਹੱਲ' ਰਹਿ ਜਾਂਦੀ ਹੈ, ਉਹ ਇਹ ਹੈ ਕਿ ਸੱਸ ਹੁੰਦੀ ਹੈ ਅਪਣੇ ਪਤੀ ਦੀ ਮਾਂ, ਏਥੇ ਸਸੂ ਦੀ ਮੁਰਾਦ ਲਈ 'ਅਵਿਦ੍ਯਾ', ਪਤੀ ਲਿਆ 'ਪਰਮੇਸਰੁ', ਤਦ ਅਵਿਦ੍ਯਾ ਪਰਮੇਸੁਰ ਦੀ ਮਾਂ ਯਾ ਜਨਮ ਦਾਤੀ ਹੋ ਗਈ, ਇਹ ਗੱਲ ਅਟਪਟੀ ਹੈ। ਪਰਮੇਸਰ ਨੂੰ ਮਾਧਵ (=ਮਾਯਾ ਦਾ ਪਤੀ)ਤਾਂ ਆਖ ਲੈਂਦੇ ਹਨ ਪਰ ਮਾਇਆ ਦਾ ਪੂਤ ਕਦੇ ਨਹੀਂ ਆਖਦੇ।

ਇਸ ਕਰਕੇ ਪਿਰ ਦਾ ਅਰਥ 'ਅਪਣਾ ਪਤੀ' ਨਹੀਂ ਲੈਣਾ। ਹੁਣ ਜੇ ਪਿਰਦਾ ਅਰਥ ਸਸੂ ਦਾ ਪਤੀ(=ਮਾਯਾਪਤੀ) ਪਰਮੇਸੁਰ ਲਈਏ ਤਾਂ ਅਗਲੀਆਂ ਤੁਕਾਂ ਵਿਚ ਚੱਲਕੇ ਇਸ ਪਿਰ ਦੇ ਘਰ ਵੱਸ ਪੈਂਦੀ ਹੈ-'ਪ੍ਰਿਅ ਸਿਉ ਰਾਤੀ ...' ਤਦ ਬੀ ਅਟਪਟੀ ਗੱਲ ਹੋ ਗਈ ਕਿ ਸੱਸ ਦੇ ਪਤੀ ਨੇ ਨੌਂਹ ਵੱਖ ਕੀਤੀ ਤੇ ਫੇਰ ਆਪ ਨੌਂਹ ਨਾ ਰਲ ਬੈਠਾ। ਜੇ ਐਉਂ ਲਈਏ ਕਿ ਪਿਰ ਏਥੇ ਹੈ 'ਗ੍ਯਾਨ ਰਾਉ', ਯਥਾ:-

ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥ [ਆਸਾ ਮਹਲਾ ੧-੩੫]

ਸੱਸ ਹੋਈ ਅਵਿਦ੍ਯਾਂ। ਅਵਿਦ੍ਯਾ ਵਿਚ ਜਦ ਭੁੱਲਾਂ ਕਰ ਕਰਕੇ ਪੀੜਾ ਲਗਦੀ ਹੈ ਤਾਂ ਲੋਚਾ ਪੈਦਾ ਹੁੰਦੀ ਹੈ ਕਿ ਫੇਰ ਨਾ ਪੀੜਾ ਲੱਗੇ,ਤਦ ਪੀੜ ਦਾ ਕਾਰਣ ਲੱਭੀਦਾ ਹੈ, ਐਉਂ ਕਾਰਣ ਲੱਭਦੇ ਲੱਭਦੇ ਗ੍ਯਾਨ ਵਧਦਾ ਜਾਂਦਾ ਹੈ, ਅਖ਼ੀਰ ਸਾਰੇ ਦੁਖਾਂ ਦਾ ਕਾਰਣ ਅਵਿਦ੍ਯਾ ਸਮਝ ਪੈ ਜਾਂਦੀ ਹੈ। ਸੋ ਅਵਿਦ੍ਯਾ ਮਾਂ ਹੋ ਗਈ ਗ੍ਯਾਨ ਦੀ। ਗ੍ਯਾਨ ਜਦ ਗ੍ਯਾਨ ਰਾਉ ਹੋ ਗਿਆ ਤਦ ਓਸ ਨੇ ਅਵਿਦ੍ਯਾ ਮਾਂ ਨੂੰ ਵਖਰੇ ਕਰ ਦਿੱਤਾ, ਫੇਰ ਦੇਰ ਜਿਠਾਣੀ ਆਦਿ ਸਾਰੇ ਆਸੁਰੀ ਸੰਪਦਾ ਦੇ ਸਾਮਾਨ ਬੀ ਸ਼ਮਨ ਹੋ ਗਏ।

ਇਸ ਪ੍ਰਾਪਤੀ ਦਾ ਮੂਲ ਏਥੇ ਇਹ ਦੱਸਿਆ ਹੈ ਕਿ ਜਗਤ ਦੀਆਂ ਭੁੱਲਾਂ, ਪਰਮਾਰਥ ਪ੍ਰਯਤਨ ਵਿਚ ਕੀਤੀਆਂ ਭੁੱਲਾਂ ਦੀਆਂ ਪੀੜਾ ਸੁਖ ਦੀ ਭਾਲ ਵਿਚ ਲੈ ਗਈਆਂ ਤਾਂ ਸਤਿਗੁਰ ਮਿਲ ਪਿਆ ਉਸ ਨੇ ਨਾਮ ਦਾਨ ਦਿੱਤਾ।

ਅੰਕ੨- ਗ੍ਯਾਨ ਉਦੈ ਹੋਏ ਨੇ ਪਹਿਲੋਂ ਹਉਮੈਂ ਛੁਡਾਈ ਅੰਦਰਲੀ ਵੈਰਨ, ਫੇਰ ਲੋਕ ਲਾਜ

ਗੁਰਮੁਖਿ ਪਾਈ ਕਿਨੈ ਵਿਰਲੈ ਜੰਤਾ ॥੧॥
ਸੁਕਰਣੀ ਕਾਮਣਿ ਗੁਰ ਮਿਲਿ ਹਮ ਪਾਈ ॥ ਜਜਿ ਕਾਜਿ ਪਰਥਾਇ ਹਾਈ ॥੧॥ ਰਹਾਉ ॥

ਉੱਤਰ:ਨਹੀਂ, ਇਹ) ਇਸਤ੍ਰੀ ਤਾਂ (ਵਾਹਿਗੁਰੂ ਜੀ ਦੀ ਖਾਸ) ਅਪਣੀ ਭਗਤੀ ਹੈ (ਭਾਵ ਨਿਰੀ ਕਰਤਾ ਪੁਰਖ ਨਾਲ-ਅਨਿੰਨ-ਭਗਤੀ) ਹੈ, (ਇਹ ਇਸਤ੍ਰੀ) ਸ਼ੀਲਵੰਤੀ ਹੈ, ਰੂਪ ਵਿਚ ਅਨੂਪਮ ਹੈ, ਆਚਰਣ ਵਿਚ ਪੂਰੀ ਹੈ, ਜਿਸ ਘਰ ਆ ਵੱਸੇ ਉਹ ਘਰ ਸ਼ੋਭਾ ਵਾਲਾ ਹੋ ਜਾਂਦਾ ਹੈ। (ਭਾਵ ਜਿਸ ਹ੍ਰਿਦੇ ਕਿ ਸਰੀਰ ਵਿਚ ਆ ਵਸੇ ਉਹ ਸ਼ੋਭਾ ਵਾਲਾ ਹੈ, ਪਰ ਇਹ ਸ਼ੀਲਵੰਤ ਇਸਤ੍ਰੀ) ਕਿਸੇ ਵਿਰਲੇ ਪੁਰਖ ਨੇ ਗੁਰੂ ਦੁਆਰੇ ਪਾਈ ਹੈ॥੧॥

ਜਿਚਰੁ ਵਸੀ ਪਿਤਾ ਕੈ ਸਾਥਿ ॥
ਤਿਚਰੁ ਕੰਤੁ ਬਹੁ ਫਿਰੈ ਉਦਾਸਿ ॥
ਕਰਿ ਸੇਵਾ ਸਤ ਪੁਰਖੁ ਮਨਾਇਆ ॥
ਗੁਰਿ ਆਣੀ ਘਰ ਮਹਿ ਤਾ ਸਰਬ ਸੁਖ ਪਾਇਆ ॥੨॥

ਜਿੰਨਾ ਚਿਰ (ਇਹ ਕਾਮਣਿ ਆਪਣੇ) ਪਿਤਾ ਦੇ ਨਾਲ ਵਸਦੀ ਰਹੀ ਉੱਨਾਂ ਚਿਰ (ਜਗਜਾਸੂ ਰੂਪ) ਪਤੀ ਬਹੁਤ ਉਦਾਸ ਫਿਰਦਾ ਰਿਹਾ; ਸੋ ਸੇਵਾ ਕਰਕੇ (ਜਦ) ਸਤਿ ਪੁਰਖ (ਗੁਰੂ ਨੂੰ) ਪ੍ਰਸੰਨ ਕਰ ਲਿਆ (ਤਦ) ਗੁਰੂ ਕੋਲੋਂ (ਆਪਣੇ ਹਿਰਦੇ ਰੂਪੀ) ਘਰ ਵਿਚ ਲੈ ਆਂਦੀ ਤਾਂ ਸਭ ਤਰ੍ਹਾਂ ਦਾ ਸੁਖ ਪ੍ਰਾਪਤ ਹੋ ਗਿਆ॥੨॥

ਬਤੀਹ ਸੁਲਖਣੀ ਸਚੁ ਸੰਤਤਿ ਪੂਤ॥
ਆਗਿਆਕਾਰੀ ਸੁਘੜ ਸਰੂਪ ॥
ਇਛ ਪੂਰੇ ਮਨ ਕੰਤ ਸੁਆਮੀ ॥
ਸਗਲ ਸੰਤੋਖੀ ਦੇਰ ਜੇਠਾਨੀ ॥੩॥

ਇਹ ਬੱਤੀ (ਦੇ ਬੱਤੀ) ਸ਼ੁਭ ਲੱਛਣਾਂ ਵਾਲੀ ਹੈ, (ਇਸ ਦੀ) ਉਲਾਦ ਸੱਚ (ਆਦਿ) ਪੁਤ੍ਰ ਹਨ। (ਇਹ ਪਤੀ ਦੀ) ਆਗਿਆਕਾਰ ਹੈ, ਸਿਆਣੀ ਹੈ ਤੇ ਸੁੰਦਰ ਹੈ, (ਆਪਣੇ) ਮਾਲਕ ਪਤੀ ਦੀ ਮਨੋ ਇੱਛਾ ਪੂਰਨ ਕਰਦੀ ਹੈ ਇਸਨੇ ਦਿਰਾਣੀ ਜਿਠਾਣੀ (ਸਭ ਸਾਕੇਦਾਰਨੀਆਂ ਨੂੰ) ਸੰਤੁਸ਼ਟ ਕਰ ਦਿੱਤਾ ਹੈ॥੩॥

ਸਭ ਪਰਵਾਰੈ ਮਾਹਿ ਸਰੇਸਟ ॥
ਮਤੀ ਦੇਵੀ ਦੇਵਰ ਜੇਸਟ ॥
ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ॥
ਜਨ ਨਾਨਕ ਸੁਖੇ ਸੁਖਿ ਵਿਹਾਇ॥੪॥੩॥

ਸਾਰੇ ਪਰਿਵਾਰ ਵਿਚੋਂ ਉੱਤਮ ਹੈ (ਅਰਥਾਤ ਦੈਵੀ ਗੁਣਾਂ ਦੇ ਪਰਿਵਾਰ ਵਿਚ ਸਭ ਤੋਂ ਉੱਤਮ ਵਸਤੂ ਇਹ ਭਗਤੀ ਹੈ। ਦੇਵਰਾਂ ਜੇਠਾਂ (ਰੂਪੀ ਆਸੁਰੀ ਸੰਪਦਾ ਵਾਲੇ ਸਾਕਾਂ ਨੂੰ ਸ਼ੁਭ) ਮੱਤਾਂ ਦੇਂਦੀ ਹੈ ਧਨ ਹੈ ਉਹ (ਸਰੀਰ ਰੂਪੀ) ਘਰ ਜਿਸ ਵਿਚ ਇਹ ਆ ਪ੍ਰਗਟ ਹੋਈ ਹੈ। ਦਾਸ ਨਾਨਕ ਜੀ (ਆਖਦੇ ਹਨ ਉਸ ਦੀ ਉਮਰਾ) ਸੁਖ ਹੀ ਸੁਖ ਵਿਚ ਬੀਤਦੀ ਹੈ॥੪॥੩॥

ਵਯਾਖਯਾ— ਬ੍ਰਿਤੀ ਦਾ ਪ੍ਰਵਾਹ ਜੋ ਸ਼ੁਭ ਕਰਣੀਆਂ ਦੇ ਅਭਯਾਸ ਨਾਲ ਅਤੇ ਭਗਤੀ ਦੀ ਕਮਾਈ ਦੇ ਕਰਦੇ ਰਹਿਣ ਨਾਲ ਬਣ ਗਿਆ ਹੈ ਉਸ ਨੂੰ ਨੇਕ,ਇਕ ਸ਼ੁਭ ਗੁਣਾਂ ਵਾਲੀ ਇਸਤ੍ਰੀ ਦੇ ਰੂਪਕ ਵਿਚ ਵਰਣਨ ਕੀਤਾ ਹੈ ਕਾਵ੍ਯ ਵਿਚ ਇਹ ਤ੍ਰੀਕਾ ਬੜਾ ਉੱਤਮ ਸਮਝਿਆ ਜਾਂਦਾ ਸੀ ਤੇ ਹੈ।

ਰਹਾਉ- ਸ਼ੁਭ ਕਰਣੀ ਰੂਪ ਇਸਤ੍ਰੀ ਅਸਾਂ ਗੁਰੂ ਦੇ ਮੇਲ ਤੋਂ ਪ੍ਰਾਪਤ ਕੀਤੀ ਹੈ ਜੋ ਯੋਗਯ ਪੂਜਾ ਵਿਵਾਹ ਆਦਿ ਪ੍ਰਥਾ ਯਾ ਮਰਿਯਾਦਾ ਸਮੇ ਸ਼ੋਭਾ ਪਾਉਂਦੀ ਸਾਡੇ ਨਾਲ ਹੀ ਹੁੰਦੀ ਹੈ। ਇਹ ਪੁਰਾਣੀ ਮਰਿਯਾਦਾ ਹੈ ਕਿ ਯਗ ਸਮੇਂ ਯਾ ਦੇਵ ਪੂਜਾ ਆਦਿ ਵਲ ਯਾ ਬੱਚਿਆਂ ਦੇ ਵਿਵਾਹ ਸਮੇਂ ਇਸਤ੍ਰੀ ਮਰਦ ਦੇ ਨਾਲ ਹੁੰਦੀ ਹੈ। ਇਥੇ ਭਾਵ ਹੈ ਕਿ ਭਗਤੀ ਸਾਨੂੰ ਗੁਰੂ ਤੋਂ ਮਿਲੀ ਹੈ ਇਸ ਦਾ ਸੁਤੇ ਪ੍ਰਵਾਹ ਚਲ ਰਿਹਾ ਹੈ, ਇਹ ਭਗਤੀ ਸਾਨੂੰ ਬਨਾਂ ਨੂੰ ਨਹੀਂ ਲੈ ਗਈ। ਸਾਰੇ ਸ਼ੁਭ ਕੰਮਾਂ ਵਿਚ ਤੇ ਮੰਗਲ ਮਯ ਕਾਰਜਾਂ ਵਲ ਸਾਡੇ ਹਿਰਦੇ ਵਿਚ ਅਪਣਾ ਕੰਮ ਕਰਦੀ ਰਹਿੰਦੀ ਹੈ,ਸਾਰੇ ਸਾਡੇ ਕਰਮ ਤੇ ਮੰਗਲ ਭਗਤੀ ਭਾਵ ਸੰਯੁਕਤ ਹੁੰਦੇ ਹਨ, ਕਿਸੇ ਵਿਹਾਰ ਕਾਰ ਦੇ ਅਸਰ ਹੇਠ ਸਾਡੇ ਭਗਤੀ ਭਾਵ ਵਿਚ ਵਿਘਨ ਨਹੀਂ ਆਉਂਦਾ।

ਅੰਕ ੧- ਪਤਾ ਦੇਂਦੇ ਹਨ ਕਿ ਉਹ ਇਸਤ੍ਰੀ ਕਰਮਕਾਂਡੀ ਸ਼ੁਭ ਕਰਣੀ ਮਾਤ੍ਰ ਨਹੀਂ, ਉਹ ਈਸ਼੍ਵਰ ਭਗਤੀ ਹੈ, ਅਰਥਾਤ ਉਹ ਪ੍ਰੇਮ ਮਾਰਗ ਦੇ ਉੱਚ ਭਾਵ ਹਨ। ਜੋ ਸ਼ੀਲ ਆਦਿ ਸਾਰੇ ਗੁਣਾਂ ਸੰਯੁਕਤ

ਛੁਡਾਈ ਬਾਹਰਲੀ ਵੈਰਨ,ਫੇਰ ਤ੍ਰੈ ਗੁਣਾਂ ਤੋਂ ਉੱਪਰ ਉੱਠਣ ਦੀ ਸੋਝੀ ਪਈ, ਫੇਰ ਰਾਗ ਦ੍ਵੈਖ ਨਸ਼ਟ ਹੋ ਕੇ ਮਮਤਾ ਆ ਗਈ ਤੇ ਤੁਰੀਆ ਦਾ ਥਹੁ ਪੈ ਗਿਆ।

ਅੰਕ ੩- ਤੇ ਸਹਿਜ ਅਵਸਥਾ ਵਿਚ ਟਿਕ ਗਏ। ਟਿਕ ਕੇ ਅਸਲ ਆਤਮ ਰੂਪਤਾ ਹੋ ਗਈ। ਸ਼ੂਨ ਨਹੀਂ ਹੋ ਗਏ,ਜਜੋਤੀ ਸਰੂਪ ਦਾ ਨਾ ਹਤ ਹੋਣੇ ਵਾਲਾ ਸਰੂਪ ਸ਼ਬਦ ਦੇ ਰੂਪ ਵਿਚ ਸੰਗੀਤਕ ਰੰਗ ਲਾਈ ਰਖਦਾ ਹੈ, ਪ੍ਰਿਉ ਪ੍ਰਿਉ ਧੁਨਿ ਬ੍ਰਿਤੀਆਂ ਵਿਚ ਵਜਾਪਕ ਰਹਿੰਦੀ ਹੈ।

ਅੰਕ ੪ - ਏਹ ਵੀਚਾਰ ਗੀਤ ਨਹੀਂ ਬ੍ਰਹਮ ਗਜਾਨ ਹੈ, ਜੋ ਜਨਮ ਮਰਨ ਕੱਟ ਕੇ ਹਰੀ ਵਿਚ ਸਮਾਈ ਬਖ਼ਸ਼ਦਾ ਹੈ।

ਇਕ ਹੋਰ ਤਰ੍ਹਾਂ ਬੀ ਪਹਿਲੀ ਮੁਸ਼ਕਲ ਹੱਲ ਹੁੰਦੀ ਹੈ। ਉਹ ਇਹ ਹੈ ਕਿ ਸਾਹਿਤਜ ਅਨੁਸਾਰ ਦ੍ਰਿਸ਼ਟਾਂਤ ਦਾ ਇਕ ਅੰਗ ਲਈਦਾ ਹੈ, ਸਾਰੇ ਅੰਗ ਨਹੀਂ ਲਈਦੇ, ਸੋ ਸੱਸੂ ਦਾ ਇੱਕੋ ਅੰਗ ਲੈਣਾ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਪਿਛੇ ਇਸੇ ਆਸਾ ਰਾਗ ਦੇ ਅੰਕ ੨੨ ਵਿਚ ਦੱਸਿਆ ਹੈ:-

ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ॥

[ਆਸਾ ਮਹਲਾ ੧-੨੨]

ਸੱਸ ਤੋਂ ਭਾਵ ਇਤਨਾ ਹੀ ਲੈਣਾ ਹੈ ਕਿ ਮਾਇਆ ਯਾ ਅਵਿਦਜਾ ਸੱਸ ਵਾਂਙੂ ਭੈੜੀ ਹੈ ਜੋ ਪਤੀ ਪਤਨੀ ਜੀਵ ਈਸ਼੍ਵਰ ਵਿਚ ਮੇਲ ਨਹੀਂ ਹੋਣ ਦੇਂਦੀ।

ਜੋ ਪੰਜਵੇਂ ਸਤਿਗੁਰਾਂ ਦਾ ਆਪਣਾ ਸ਼ਲੋਕ ਰਾਮਕਲੀ ਦੀ ਵਾਰ ਵਿਚੋਂ ਲੈ ਕੇ ਵੀਚਾਰ ਕਰੀਏ ਤਾਂ ਇਕ ਹੋਰ ਹੱਲ ਨਜ਼ਰੀ ਪੈ ਜਾਂਦਾ ਹੈ:-

ਮ: ੫॥ ਸਸੁ ਵਿਰਾਇਣਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ॥
ਹਭੇ ਭਸੁ ਪੁਣੇਦੇ ਵਤਨੁ ਜਾ ਮੈ ਸਜਣੁ ਤੂਹੈ॥ ੨॥

[ਰਾਮਕਲੀ ਵਾਰ ਮ: ੫-੧੩]

ਇਥੇ ਸੱਸ ਹੈ ਅਵਿਦਿਆ ਕਿ ਮਾਯਾ। ਮਾਯਾ ਵੈਰਨ ਹੈ। ਸਸੁਰਾ ਹੈ ਦੇਹਿ ਅਧਯਾਸ। ਦੇਹ ਅਧਜਾਸ ਝਗੜਾਲੂ ਹੈ। ਜੇਠ ਹੈ ਧਰਮਰਾਜ, ਧਰਮਰਾਜ ਮੁੜ ਮੁੜ ਸਾੜਦਾ ਹੈ। ਪਰ ਜੇ ਤੂੰ (ਹੇ ਮੇਰੇ ਪਿਰ) ਮੇਰਾ ਮਿੱਤਰ ਹੋਵੇ ਤਾਂ ਸਾਰੇ ਪਏ ਖੇਹ ਛਾਣਦੇ ਫਿਰਨ (ਮੈਨੂੰ ਕੁਛ ਪਰਵਾਹ ਨਹੀਂ)। ਏਸ ਹੱਲ ਵਿਚ ਬੀ 'ਦ੍ਰਿਸ਼ਟਾਂਤ ਵਿਚ ਇਕੋ ਅੰਗ ਲਈਦਾ ਹੈ' ਇਹ ਕਾਇਦਾ ਹੀ ਵਰਤਣਾ ਪਏਗਾ, ਕਿਉਂਕਿ ਅਵਿਦਜਾ ਤੇ ਦੇਹ ਅਧਜਾਸ ਦਾ ਪੁਤ੍ਰ ਨਹੀਂ ਹੈ ਪਰਮੇਸ਼ੁਰ ਰੂਪ ਪਤੀ। ਦੋਹਾਂ ਵਿਚ ਵੈਰ ਭਾਵ ਹੋਣ ਕਰਕੇ ਸੱਸ ਸਹੁਰੇ ਦਾ ਇਕੋ ਇਹੋ ਅੰਗ ਲੈਣਾ ਹੈ, ਇਹ ਜ਼ਰੂਰੀ ਨਹੀਂ ਲੈਣਾ ਕਿ ਇਹ ਸੱਸ ਸਹੁਰਾ ਹੀ ਪਤੀ ਦੇ ਮਾਪੇ ਸਿਧ ਹੋਣ।

[ਆਸਾ ਮਹਲਾ ੪, ਚਉਪਦਾ, ੩—੭੦]

ਪ੍ਰਾਕਥਨ— ਨੇਕੀ ਦੀ ਕਰਨੀ, ਸ਼ੁਭ ਕਰਮਾਂ ਦੇ ਕਰਨ ਵਾਲੀ ਬ੍ਰਿਤੀ ਯਾ ਬ੍ਰਿਤੀ ਦੇ ਸੁਤੇ ਪ੍ਰਵਾਹ ਨੂੰ ਸ਼ੁਭ ਇਸਤ੍ਰੀ ਦੇ ਰੂਪਕ ਵਿਚ ਵਰਣਨ ਕੀਤਾ ਹੈ।

ਮੂਲ	ਅਰਥ
ਆਸਾ ਮਹਲਾ ੫ ॥ **ਨਿਜ ਭਗਤੀ ਸੀਲਵੰਤੀ ਨਾਰਿ ॥** **ਰੂਪਿ ਅਨੂਪ ਪੂਰੀ ਆਚਾਰਿ ॥** **ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ॥**	(ਅਰਥ ਰਹਾਉ ਤੋਂ ਚੱਲੇਗਾ) ਗੁਰੂ ਨਾਲ ਮਿਲਕੇ ਅਸਾਂ (ਇਕ) ਇਸਤ੍ਰੀ ਪ੍ਰਾਪਤ ਕੀਤੀ ਹੈ। (ਜਿਸ ਦਾ ਨਾਮ ਹੈ) ਸ਼ੁਭ ਕਰਣੀ, (ਇਹ) ਯਗ ਪੂਜਾ (ਅਤੇ) ਵਿਵਾਹ (ਆਦਿ) ਪ੍ਰਥਾ ਸਮੇਂ (ਨਾਲ) ਸ਼ੁਭਾਇਮਾਨ ਹੁੰਦੀ ਹੈ॥ ੧॥ ਰਹਾਉ॥ (ਪ੍ਰਸ਼ਨ-ਕੀ ਇਹ ਸ਼ੁਭ ਕਰਣੀ ਭਲੇ ਕਰਮਾਂ ਮਾਤ੍ਰ ਦੀ ਹੈ ?

ਪਰਥਾਇ—[ਸੰਸ:, ਪ੍ਰਥਾ=ਸ਼ੋਭਾ, ਜੱਸ] ਰਸਮ ਰੀਤੀ। ਦੇਵ ਪੂਜਨ, ਵਿਵਾਹ ਆਦਿ ਮਰਿਯਾਦਾ ਵੇਲੇ ਇਸਤ੍ਰੀ ਨਾਲ ਹੁੰਦੀ ਹੈ, ਉਸ ਰਿਵਾਜ ਵੱਲ ਇਸ਼ਾਰਾ ਹੈ। ਪਿਤਾ ਤੋਂ ਭਾਵ ਗੁਰੂ ਲਈਦਾ ਹੈ।

ਬਤੀਹ ਸੁਲਖਣੀ- ੩੨ ਸ਼ੁਭ ਲੱਛਣਾਂ ਵਾਲੀ। ਆਦਰਸ਼ਕ ਇਸਤ੍ਰੀ ਵਿਚ ੩੨ ਨੇਕ ਲੱਛਣ ਗਿਣੇ ਹਨ ਜੋ ਫਰੀਦਕੋਟ ਵਾਲੇ ਟੀਕੇ ਵਿਚ ਐਉਂ ਦਿੱਤੇ ਹਨ :-

ਸੌਂਦਰਯ ੧, ਲੱਜਜਾ ੨, ਸਰੇਸ਼ਟ ਬੁਧਿ ੩, ਸ਼ੁਭ ਕਾਰਜ ਮੈਂ ਹਠੁ ੪, ਸੁਹਿਰਦਤਾ ੫, ਸਚਿਆਰੀ ੬, ਸੂਰਤਾ ੭, ਪਵਿੱਤ੍ਰਤਾ ੮, ਸਾਵਧਾਨਤਾ ੯, ਪੰਡਿਤਤਾ ੧੦, ਉੱਦਮ ੧੧, ਉਦਾਰਤਾ ੧੨, ਗੁਣ ਗ੍ਰਾਹਕਤਾ ੧੩; ਗੰਭੀਰਤਾ ੧੪, ਮਨ ਦੀ ਸ਼ੁੱਧਤਾ ੧੫, ਧਰਮ ੧੬, ਖਿਮਾ ੧੭, ਤਤ੍ਵਗਜਾਨ ੧੮; ਇੰਦ੍ਰਿਯ ਜਯ ੧੯, ਸ੍ਰੇਸ਼ਟ ਧਰਮ ਕਰਨੇ ਕਾ ਨਿਯਮ ੨੦, ਸੁਕ੍ਰਿਤ ੨੧, ਧੈਰਯ ੨੨, ਨੰਮ੍ਰਤਾ ੨੩, ਤੇਜ ੨੪,ਦਯਾ ੨੫, ਪਰਮੇਸ਼੍ਵਰ ਮੇਂ ਪ੍ਰੇਮ ੨੬, ਅਲੋਭ ੨੭, ਅਕੋਪ ੨੮, ਅਹਿੰਸਾ ੨੯, ਅਕਾਮ ੩੦, ਅਕਪਟ ੩੧, ਅਗਰਬ (ਨਿਰਹੰਕਾਰਤਾ) ੩੨।

ਸੰਤਤਿ—[ਸੰਸ:,ਸੰਤਤਿ:] ਉਲਾਦ। **ਪੂਤ**—[ਸੰਸ:,]ਪਵਿਤ੍ਰ।

'ਦੇਰ ਜਿਠਾਨੀ' ਤੋਂ ਭਾਵ 'ਆਸਾ ਤ੍ਰਿਸ਼ਨਾ' ਲੈਂਦੇ ਹਨ।

ਸਭ ਪਰਵਾਰੈ ਮਾਹਿ-ਸਾਰੇ ਪਰਵਾਰ ਵਿਚੋਂ। ਭਾਵ ਦੈਵੀ ਸੰਪਦਾ ਦੇ ਸਾਰੇ ਗੁਣਾਂ ਵਿਚੋਂ। ਸਾਰੀਆਂ ਨੇਕੀਆਂ ਵਿਚੋਂ।

'ਦੇਵਰ ਜੇਸ਼ਟ' ਤੋਂ ਭਾਵ ਲੋਭ ਤੇ ਹੰਕਾਰ ਤੋਂ ਲੈਂਦੇ ਹਨ, ਪਰ ਦੋਹਾਂ ਦੇ ਕਹਿਣ ਤੋਂ ਪੰਜਾਂ ਦਾ ਭਾਵ ਬੀ ਲੈ ਲਈਦਾ ਹੈ।

[ਆਸਾ ਮਹਲਾ ੫, ਚਉਪਦਾ, ੪—੭੧]

ਪ੍ਰਾਕ੍ਥਨ—ਮਾੜੀ ਕਰਣੀ ਦਾ ਅਸਰ ਭੈੜੀ ਇਸਤ੍ਰੀ ਦੇ ਰੂਪਕ ਵਿਚ ਵਰਣਨ ਕਰਦੇ ਹਨ। ਇਹ ਮਾੜੇ ਕਰਮਾਂ ਦਾ ਜੋ ਬੇਵਸਾ ਸੁਭਾਵ ਪੈ ਜਾਂਦਾ ਹੈ ਯਾ ਮਾਇਕ ਬ੍ਰਿਤੀ ਹੈ, ਜੋ ਮਨੁੱਖ ਦੇ ਨਾਲ ਮਾਨੋ ਉਸ ਦੀ ਫਿਤਰਤ ਬਣਕੇ ਰਹਿੰਦੀ ਹੈ, ਤੇ ਖਹਿੜਾ ਨਹੀਂ ਛੋੜਦੀ।

ਮੂਲ	ਅਰਥ
ਆਸਾ ਮਹਲਾ ੫ ॥ **ਮਤਾ ਕਰਉ ਸੋ ਪਕਨਿ ਨ ਦੇਈ ॥** **ਸੀਲ ਸੰਜਮ ਕੈ ਨਿਕਟਿ ਖਲੋਈ ॥** **ਵੇਸ ਕਰੇ ਬਹੁ ਰੂਪ ਦਿਖਾਵੈ ॥** **ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ ॥੧॥**	(ਜੋ ਮੈਂ ਭਲੀ) ਸਲਾਹ ਕਰਦਾ ਹਾਂ ਉਹ (ਇਹ) ਪੱਕਣ ਨਹੀ ਦੇਂਦੀ (ਭਾਵ ਸਿਰ ਨਹੀ ਚੜ੍ਹਨ ਦੇਂਦੀ) ਸ਼ੀਲ ਤੇ ਸੰਜਮ ਦੇ ਕੋਲ ਖੜੋਤੀ ਰਹਿੰਦੀ ਹੈ (ਕਿ ਮਤਾਂ ਏਹ ਆਪਣਾ ਵਸੀਕਾਰ ਪਾ ਲੈਣ)। ਕਈ ਵੇਸ ਧਾਰਦੀ ਹੈ, ਕਈ ਰੂਪ ਦਿਖਾਲਦੀ ਹੈ (ਜੀਵ ਨੂੰ) ਘਰ ਵਿਚ(=ਅੰਤਰ ਮੁਖ ਹੋ ਕੇ) ਵੱਸਣ ਨਹੀ ਦੇਂਦੀ, (ਇੰਦ੍ਰੀਆਂ ਨੂੰ) ਵਖ ਵਖ (ਵਿਸ਼ਿਆਂ ਵਿਚ) ਭਟਕਾਉਂਦੀ ਹੈ॥੧॥
ਘਰ ਕੀ ਨਾਇਕਿ ਘਰ ਵਾਸੁ ਨ ਦੇਵੈ॥ **ਜਤਨ ਕਰਉ ਉਰਝਾਇ ਪਰੇਵੈ ॥੧॥ ਰਹਾਉ ॥**	(ਮਾਨੋ) ਘਰ ਦੀ ਮਾਲਕ (ਹੀ ਬਣ ਬੈਠੀ ਹੈ, ਤੇ ਘਰ ਦੇ ਮਾਲਕ ਨੂੰ ਹੀ) ਘਰ ਵਿਚ ਵੱਸਣ ਨਹੀਂ ਦੇਂਦੀ। (ਜੇ ਮੈਂ ਘਰ ਵਿਚ ਵਸਣੇ ਦਾ, ਭਾਵ ਅੰਤਰਮੁਖ ਹੋ ਕੇ ਆਪੇ ਵਿਚ ਟਿਕਣ ਦਾ) ਜਤਨ ਕਰਾਂ ਤਾਂ ਉਲਝਣਾਂ ਪਾ ਦੇਂਦੀ ਹੈ॥੧॥

ਹੁੰਦਾ ਹੈ, ਪੂਰੀ ਆਚਾਰ=ਸਾਰੀਆਂ ਇਖ਼ਲਾਕੀ ਖ਼ੂਬੀਆਂ ਸਹਿਤ ਹੁੰਦਾ ਹੈ ਤੇ ਰੂਪ ਉਸ ਦਾ ਸੁੰਦਰਤਾ ਵਾਲਾ ਹੁੰਦਾ ਹੈ। ਜਿਸ ਪੁਰਖ ਨੂੰ ਪ੍ਰਾਪਤ ਹੋਵੇ ਉਸ ਦੇ ਸਰੀਰ ਦਾ ਪ੍ਰਭਾਵ ਸ਼ੋਭਾ ਵਾਲਾ ਹੁੰਦਾ ਹੈ;ਪਰ ਇਹ ਲੱਭਦੀ ਗੁਰੂ ਦੁਆਰਾ ਹੈ ਵਿਰਲੇ ਨੂੰ।

ਅੰਕ ੨- ਇਹ ਭਗਤੀ ਗੁਰੂ ਪਾਸ ਹੁੰਦੀ ਹੈ, ਇਸ ਕਰਕੇ ਪੁਤ੍ਰੀ ਨਾਲ ਉਪਮਾ ਦਿੱਤੀ ਹੈ। ਜਗਜਾਸੂ ਜੋ ਆਤਮ ਸੁਖ ਦੀ ਟੋਲ ਵਿਚ ਫ਼ਿਰਦਾ ਹੈ ਕਈ ਕਰਮ ਧਰਮ ਕਰਦਾ ਡੋਲਦਾ ਰਹਿੰਦਾ ਹੈ। ਜਦ ਗੁਰੂ ਤੋਂ ਭਗਤੀ ਮਿਲ ਪੈਂਦੀ ਹੈ ਤਾਂ ਸੁਖੀ ਹੋ ਜਾਂਦਾ ਹੈ।ਇਹ ਗੁਰੂ ਤੋਂ ਕਿਵੇਂ ਮਿਲਦੀ ਹੈ? ਉੱਤਰ: ਸੇਵਾ ਕਰਕੇ ਉਸ ਨੂੰ ਖੁਸ਼ ਕਰ ਲਈਏ ਤਾਂ ਓਹ ਦੇਂਦਾ ਹੈ ਤੇ ਅਪਣੇ ਮਨ ਵਿਚ ਵਸਾ ਲਈਦੀ ਹੈ। ਇਹ ਭਗਤੀ ਫੇਰ ਭਗਤੀ ਭਾਵਾਂ ਤੇ ਸ਼ੁਭ ਤੇ ਦੈਵੀ ਸੁਭਾਵਾਂ ਦਾ ਸੁਤੇ ਪ੍ਰਵਾਹ ਬਣ ਜਾਂਦੀ ਹੈ।

ਅੰਕ ੩- ਆਦਰਸ਼ਕ ਇਸਤ੍ਰੀ ਦੇ ੩੨ ਸ਼ੁਭ ਲੱਛਣ ਗਿਣੇ ਹਨ, ਓਹ ਸਾਰੇ ਇਸ ਵਿਚ ਹਨ, ਫੇਰ ਇਸਤ੍ਰੀ ਦੀ ਸ਼ੋਭਾ ਸੰਤਾਨ ਨਾਲ ਹੈ, ਇਸ ਦੀ ਸੰਤਾਨ 'ਸੱਚ' ਆਦਿ ਸਰੇਸ਼ਟ ਗੁਣ ਹਨ। ਭਗਤੀ ਅਕਲ ਦੇ ਖੰਭਾਂ ਨਾਲ ਉਡਦੀ ਹੈ,ਅਰਥਾਤ ਪ੍ਰੇਮ ਉਹੀ ਸ਼ੁਭ ਹੈ ਜੋ ਸੁਘੜਤਾ ਸੰਯੁਕਤ ਹੈ, ਜੋ ਭਗਤੀ ਭਾਵ ਵਾਲਾ ਹੈ, ਉਸ ਦਾ ਰੂਪ ਸੁਹਣਾ ਹੋ ਜਾਂਦਾ ਹੈ। ਫਿਰ ਉਹ ਆਗਿਆਕਾਰੀ ਹੋ ਜਾਂਦਾ ਹੈ। ਮੁਰਾਦ ਹੈ ਕਿ ਉਹ ਪ੍ਰਭੂ ਦੀ ਆਗਜਾ ਵਿਚ ਟੁਰਦਾ ਹੈ। ਜੀਵ ਨੂੰ ਭਗਤੀ ਪ੍ਰਭੂ ਦੀ ਆਗਿਆਕਾਰਤਾ ਦਾ ਪਰਮ ਉੱਤਮ ਗੁਣ ਲਗਾ ਦੇਂਦੀ ਹੈ। ਇਥੋਂ ਤਾਈਂ ਕਿ ਅਪਣੇ ਧਾਰਨੀ ਨੂੰ ਉਸ ਦੇ ਅਪਣੇ ਕੰਤ, ਸੁਆਮੀ, ਪ੍ਰਭੂ ਦੇ ਮਨ ਦੀਆਂ ਇੱਛਾਂ ਨੂੰ ਪੂਰਨ ਕਰਨੇ ਵਾਲਾ ਬਣਾ ਦੇਂਦੀ ਹੈ। ਅਥਵਾ ਅਪਣੇ ਧਾਰਣੀ-ਪਤੀ ਦੀਆਂ-ਮਨੋਂ ਵਾਸ਼ਨਾ ਪੂਰਨ ਕਰ ਦੇਂਦੀ ਹੈ।

ਦਿਰਾਣੀਆਂ ਜਿਠਾਣੀਆਂ ਤੋਂ ਮੁਰਾਦ ਆਸਾ ਤ੍ਰਿਸ਼ਨਾਂ ਦੀ ਲੈਂਦੇ ਹਨ, ਇਹ ਉਹਨਾਂ ਨੂੰ ਸੰਤੋਖ ਦੇਂਦੀ ਹੈ। ਭਾਵ ਭਗਤੀ ਭਾਵ ਵਾਲੇ ਦੀਆਂ ਆਸਾਂ ਤ੍ਰਿਸ਼ਨਾਂ ਸ਼ਮਨ ਹੋ ਜਾਂਦੀਆਂ ਹਨ।

ਅੰਕ ੪- ਸਾਰੇ ਪਰਵਾਰ ਵਿਚ ਉੱਤਮ ਗਿਣੀ ਜਾਂਦੀ ਹੈ,ਪਰਵਾਰ ਤੋਂ ਮੁਰਾਦ ਦੈਵੀ ਗੁਣਾਂ ਦੀ ਹੈ, ਉੱਤਮਾਂ ਵਿਚ ਪਰਮ ਉੱਤਮ ਸਮਝੀ ਜਾਂਦੀ ਹੈ। ਸੋ ਭਾਵ ਹੈ ਕਿ ਭਗਤੀ ਭਾਵ ਸਾਰੇ ਦੈਵੀ ਗੁਣਾਂ ਤੋਂ ਸ਼ਿਰੋਮਣੀ ਵਸਤੂ ਹੈ। ਲੋਭ ਤੇ ਹੰਕਾਰ ਰੂਪੀ ਦੇਉਰ ਜੇਠ ਤੋਂ ਉਪਲਖਤ ਪੰਜਾਂ ਹੀ ਮਹਾਂ ਬਲੀਆਂ ਨੂੰ ਸ਼ੁਭ ਮੱਤਾਂ ਦੇਂਦੀ ਹੈ। ਮੁਰਾਦ ਹੈ ਕਿ ਆਸੁਰੀ ਸੰਪਦਾ ਵਾਲੇ ਅੰਦਰੋਂ ਉਠਦੇ ਭਾਵਾਂ ਦੇ ਮਗਰ ਨਹੀਂ ਲਗਦੀ, ਨਾ ਉਹਨਾਂ ਨੂੰ ਸਾਰ ਦੇਂਦੀ ਹੈ; ਉਹਨਾਂ ਨੂੰ ਦੈਵੀ ਭਾਵਾਂ ਵਿਚ ਬਦਲ ਦੇਂਦੀ ਹੈ। ਉਹਨਾਂ ਦੇ ਯੋਗ ਵਰਤਾਉ, ਜੋ ਸਰੀਰ ਦੀ ਰਖਜਾ, ਪਾਲਣਾ ਆਦਿ ਦੇ ਹਨ ਉਹਨਾਂ ਵਿਚ ਟੋਰਦੀ ਹੈ ਤੇ ਵਧੀਕੀਆਂ, ਭੁੱਲਾਂ, ਗ਼ਲਤ ਵਰਤਾਵਾਂ ਤੋਂ ਰੋਕ ਲੈਂਦੀ ਹੈ। ਪੰਜਾਂ ਮਹਾਂਬਲੀਆਂ ਨੂੰ ਬੰਨ੍ਹ ਕੇ ਸਚਾ ਢੋਆ (ਤੁਹਫਾ*) ਬਣਾ ਲੈਂਦੀ ਹੈ। ਇਹ ਭਗਤੀ ਜਿਸ ਪੁਰਖ ਨੂੰ ਪ੍ਰਾਪਤ ਹੋ ਜਾਏ ਉਹ ਧੰਨ ਹੈ, ਕਿਉਂਕਿ ਉਸ ਦੀ ਆਯੂ ਫੇਰ ਅੰਤ੍ਰੀਵ ਸੁਖ ਵਿਚ ਬੀਤਦੀ ਹੈ।

ਨਿਰੁਕ੍ਤ—**ਨਿਜ ਭਗਤੀ**—[ਸੰਸ:, ਨਿਜ (=ਅਪਣਾ)+ਭਕ੍ਤਿ:] ਅਪਣੀ ਭਗਤੀ, ਭਾਵ ਵਾਹਿਗੁਰੂ ਜੀ ਦੀ ਅਪਣੀ, ਕਿਸੇ ਹੋਰਸ ਦੀ ਨਾਂ। ਅਿੰਨ ਭਗਤੀ।

ਸੀਲਵੰਤੀ—(ਦੇਖੋ 'ਸ਼ੀਲ' ਪੰਨਾ ੧੪੦੬] ਸੀਲ ਵਾਲੀ। ਸ਼ੁਭ ਆਚਰਣ, ਸ਼ੁਭ ਗੁਣਾਂ ਵਾਲੀ।

ਆਚਾਰਿ—[ਦੇਖੋ ਪੰਨਾ ੧੬੮੫] (ਸ਼ੁਭ) ਕਰਮਾਂ ਵਿਚ।

ਜੀਤਾ—ਜੀਤ ਨੇ। ਮਾਨੁੱਖ ਨੇ। **ਜਜਿ**—[ਸੰਸ:, ਯਗਜਾ। ਯਜ੍=(ਧਾਤੂ=ਯੱਗ ਕਰਨਾ) ਤੋਂ] ਯਗਾਂ ਵਿਚ। ਯਾ ਦੇਵ ਪੂਜਣ ਸਮੇਂ। **ਕਾਜਿ**—[ਦੇਖੋ ਪੰਨਾ ੬੮੮] ਵਿਆਹਾਂ ਵਿਚ,

*ਪੰਜੇ ਬਧੇ ਮਹਾ ਬਲੀ ਕਰਿ ਸਚਾ ਢੋਆ।। [ਬਸੰਤੁ ਕੀ ਵਾਰ ਮਹਲਾ ੫-੨]
ਮੁਰਾਦ ਹੈ Sublimate ਕਰ ਲੈਂਦੀ ਹੈ।

ਇਹ ਮਨ ਨੂੰ ਹੀ ਮਨ ਵਿਚ ਇਸਥਿਤ ਨਹੀਂ ਹੋਣ ਦੇਂਦੀ, ਜੇ ਜਤਨ ਕਰੋ ਟਿਕਣ ਦਾ ਕਿ ਅੰਤਰ ਮੁਖ ਹੋਣ ਦਾ ਤਾਂ ਏਹ ਉਲਝਣਾਂ ਖੜੀਆਂ ਕਰ ਦੇਵੇਗੀ, ਜਿਨ੍ਹਾਂ ਵਿਚ ਅਵੱਸ਼ਜ ਚਿਤ ਬ੍ਰਿਤੀ ਦੇਣੀ ਪਵੇ, ਐਉਂ ਫੇਰ ਬਾਹਰ ਮੁਖ ਹੋਣਾ ਪੈ ਜਾਂਦਾ ਹੈ।

ਅੰਕ੨- ਇਹ ਮਾਯਕ ਬ੍ਰਿਤੀ ਧੁਰੋਂ ਤਾਂ ਇਹ ਇਸਤ੍ਰੀ ਵਤ ਪਤੀ ਦੀ ਸਹਾਇਕ ਥਾਪੀ ਗਈ ਸੀ, ਪਰ ਇਹ ਪਤੀ ਜਿੱਤ ਹੋ ਗਈ ਹੈ। ਭਾਵ ਸਭ ਨੂੰ ਵੱਸ ਕਰ ਲਿਆ ਹੈ। ਸਾਰੇ ਮਾਇਆ ਵਿਚ ਫਾਥੇ ਗਏ ਹਨ। ਤੀਰਥਾਂ, ਨਦੀਆਂ ਦੇ ਕਿਨਾਰੇ ਵੱਸਣ ਵਾਲਿਆਂ, ਜੋਗੀਆਂ, ਸੰਨਜਾਸੀਆਂ, ਸਿੰਮ੍ਰਤੀਆਂ ਦੇ ਪਾਠੀਆਂ, ਵੇਦਾਂ ਦੇ ਅਭਜਾਸੀਆਂ, ਕਿਸੇ ਨੂੰ ਇਸ ਨੇ ਮਾਇਆ ਅਤੀਤ ਨਹੀ ਰਹਿਣ ਦਿਤਾ।

ਅੰਕ ੩- ਇਹ ਮਾਇਕ ਬ੍ਰਿਤੀ ਇਕ ਲੋਕ ਵਿਚ ਹੀ ਨਹੀ, ਤਿੰਨਾਂ ਲੋਕਾਂ ਵਿਚ ਹੀ ਨਹੀਂ, ਸਾਰਿਆਂ ਲੋਕਾਂ ਵਿਚ ਪ੍ਰਵੇਸ਼ ਕਰ ਗਈ ਹੈ, ਸੋ ਜਿੱਥੇ ਜਾਓ ਇਹ ਨਾਲ ਹੀ ਪਹੁੰਚੀ ਹੋਈ ਦਿੱਸ ਪੈਂਦੀ ਹੈ। ਜੇ ਦੇਵੀ ਦੇਉਤੇ ਦੀ ਸ਼ਰਣ ਲੈ ਲਓ ਤਾਂ ਬੀ ਇਹ ਨੱਪ ਲੈਂਦੀ ਹੈ; ਦੱਸੋ ਮਿੱਤ੍ਰ ਜੀ ਕੋਈ ਦਾਰੂ?

ਅੰਕ ੪-'ਮਿੱਤ੍ਰ ਨੇ ਸੁਣਕੇ ਗੁਰੂ ਸ਼ਰਣ ਦਾ ਉਪਦੇਸ਼ ਦਿਤਾ 'ਇਹ ਲੁਪਤੀ ਹੈ, ਅੱਗੇ ਦੱਸਿਆ ਹੈ ਕਿ ਉਪਦੇਸ਼ ਸੁਣਕੇ ਮੈਂ ਗੁਰੂ ਪਾਸ ਆਇਆ, ਗੁਰੂ ਨੇ ਹਰੀ ਨਾਮ ਦਾ ਮੰਤ੍ਰ ਦਿਤਾ; ਦਿੱਤਾ ਹੀ ਨਹੀਂ ਦ੍ਰਿੜ ਕਰ ਦਿਤਾ, ਐਸਾ ਪੱਕਾ ਕਿ ਹੁਣ ਭੁੱਲਦਾ ਹੀ ਨਹੀਂ ਨਾਮ ਅਭਜਾਸ। ਤੇ ਗੁਣ ਗਾਯਨ ਦਾ ਫਲ ਕੀ ਹੋਇਆ ? ਆਪਣੇ ਸਰੂਪ ਵਿਚ ਵਾਸਾ ਮਿਲ ਗਿਆ। ਨਿਜ ਘਰ ਵਾਸਾ ਹੀ ਨਾ ਮਿਲਿਆ, ਨਿਜ ਸਰੂਪ ਇਸਥਿਤੀ ਵਿਚ ਪ੍ਰਭੂ ਮਿਲ ਪਿਆ ਤਦ ਸਭ ਚਿੰਤਾ ਬਿਲਾ ਗਈਆਂ।

ਰਹਾਉ ਦੂਜਾ- ਪਹਿਲੇ ਰਹਾਉ ਵਿਚ ਫੁਰਮਾਇਆ ਸੀ ਕਿ ਇਹ ਘਰ ਦੀ ਇਸਤ੍ਰੀ ਹੈ ਕੇ ਘਰ ਵਾਲੇ ਨੂੰ ਹੀ ਘਰ ਵਿਚ ਨਹੀਂ ਰਹਿਣ ਦੇਂਦੀ, ਜੇ ਜਤਨ ਕਰੋ ਤਾਂ ਬੀ ਉਲਝਨਾਂ ਵਿਚ ਫਸਾ ਕੇ ਘਰੋਂ ਬਾਹਰ ਟੋਰੀ ਰਖਦੀ ਹੈ। ਦੂਜੇ ਰਹਾਉ ਵਿਚ ਇਸ ਦਾ ਜਵਾਬ ਹੈ ਕਿ ਹੁਣ ਇਹ ਮੇਰਾ ਘਰ ਮੇਰਾ ਹੋ ਗਿਆ ਹੈ ਅਰਥਾਤ ਮੈਂ ਅਪਣੇ ਘਰ ਦਾ ਮਾਲਕ ਬਣ ਗਿਆ ਹਾਂ, ਇਹ ਮੇਰੀ ਇਸਤ੍ਰੀ ਹੁਣ ਮੇਰੀ ਬਣ ਗਈ ਹੈ, ਭਾਵ ਹੁਕਮ ਵਿਚ ਟੁਰਨੇ ਵਾਲੀ ਸਾਥਣ ਬਣ ਗਈ ਹੈ; ਭਾਵ ਵਿਘਨਕਾਰੀ ਨਹੀਂ, ਸਹਾਇਕ ਹੋ ਗਈ ਹੈ। ਇਸਤ੍ਰੀ ਪੁਰਖ ਦਾ ਦ੍ਰਿਸ਼ਟਾਂਤ ਵਰਤ ਕੇ ਹੁਣ ਦੂਸਰਾ ਦ੍ਰਿਸ਼ਟਾਂਤ ਵਰਤਦੇ ਹਨ ਕਿ ਅਸੀਂ ਦਰਬਾਰੀ ਹੋ ਗਏ ਹਾਂ, ਵਾਹਿਗੁਰੂ ਜੀ ਦੇ, ਅਰਥਾਤ ਸ਼ਾਹੀ ਉਮਰਾਉ ਯਾ ਅਫਸਰ ਬਣ ਗਏ ਹਾਂ, ਤੇ ਸਾਡੇ ਹੇਠ ਕੰਮ ਕਰਨ ਵਾਲੀ ਕਾਰਿੰਦੀ ਇਹ ਮਾਇਕ ਬ੍ਰਿਤੀ ਬਣ ਗਈ ਹੈ, ਕਟਾਖਜ ਇਹ ਹੈ ਕਿ ਅਸਾਂ ਇਹ ਕੱਟ ਕੇ ਫੈਂਕ ਨਹੀ ਦਿਤੀ, ਪਰਮਾਰਥਿਕ ਜੀਵਨ ਦੀ ਕਾਰਿੰਦਾਂ ਯਾ ਸਹਾਯਕ ਬਣਾ ਲਈ ਹੈ। ਭਾਵ 'ਬ੍ਰਿਤੀ ਦਾ ਪਰਵਾਹ' ਜੋ ਮਾਯਕ 'ਤੇ ਪ੍ਰਾਪ ਮਈ ਹੋ ਗਿਆ ਸੀ ਤੇ ਬੇਵਸੇ ਮਾੜੇ ਪਾਸੇ ਪ੍ਰੇਰੀ ਰਖਦਾ ਸੀ ਹੁਣ ਉਹ ਪ੍ਰਵਾਹ 'ਆਤਮ-ਪ੍ਰਾਪਤੀ, ਦੈਵੀ ਗੁਣਾਂ ਤੇ ਸ਼ੁਭ ਕਰਨੀਆਂ ਵੱਲ ਪੈ ਗਿਆ ਹੈ, ਆਤਮ ਪ੍ਰਾਪਤੀ ਦਾ ਸਹਾਇਕ ਹੋ ਗਿਆ ਹੈ ਤੇ ਅਸੀਂ ਗੁਰਮੁਖ ਹੋ ਗਏ ਹਾਂ।

ਨਿਰੁਕ੍ਤ—ਇਸ ਸਾਰੇ ਸ਼ਬਦ ਵਿਚ ਪਦ 'ਮਾਇਆ' ਨਹੀ ਆਇਆ, ਪਰ ਲੱਛਣ ਸਾਰੇ ਮਾਯਾ ਦੇ ਹਨ ਯਾ ਵਿਸ਼ੇਸ਼ ਏਹ ਲੱਛਣ ਮਾਯਕ ਬ੍ਰਿਤੀ ਦੇ ਹਨ। ਬ੍ਰਿਤੀ ਦਾ ਪ੍ਰਵਾਹ ਜੋ ਪ੍ਰਬਲ ਹੋ ਕੇ ਸੁਭਾਵਭੂਤ ਹੋ ਜਾਂਦਾ ਹੈ ਅਨਚਾਹੇ ਮਾੜੇ ਕਰਮਾਂ ਵਿਚ ਲੈ ਜਾਂਦਾ ਹੈ।   **ਮਤਾ**-ਸਲਾਹ, ਮਸ਼ਵਰਾ।

ਸੀਲ—[ਸੰਸ:, ਸ਼ੀਲ=ਸੁਭਾਵ, ਨੇਕ ਸੁਭਾਵ] ਸ੍ਰੇਸ਼ਟਾਚਾਰ, ਸੁੱਚਾ ਚਾਲ ਚਲਣ। ਗਜਾਨੀ ਸਮੁਦਾਇ ਨੇ ਫਰੀਦਕੋਟ ਟੀਕੇ ਵਿਚ ਸ਼ੀਲ ਦੇ ੧੩ ਅੰਗ ਦਿੱਤੇ ਹਨ:-

ਬ੍ਰਹਮਨਜਤ ੧, ਦੇਵ ਪਿਤ੍ਰ ਭਕਤਿ ੨, ਸ਼ੌਮਣਤਾ ੩, ਅਪਰੋਤਪਿਤਾ ਅਰਥਾਤ ਔਰ ਕੋ ਤਪਾਉਣਾ ਨਾ ਭਾਵ ਦੁਖੁ ਨਾ ਦੇਣਾ ੪, ਅਨਸੂਇਤਾ ੫, ਮ੍ਰਿਦੁਤਾ ੬, ਅਪਾਰੁਖਜ ੭, ਮੈਤ੍ਰੀ ੮, ਪ੍ਰਿਯਬਾਦਿਤਾ ੯, ਕ੍ਰਿਤੱਗਜਤਾ ੧੦, ਸ਼ਰਣਜਤਾ ੧੧, ਕਰੁਣਾ ੧੨, ਸ਼ਾਂਤਿਤਾ ੧੩।

ਧੁਰ ਕੀ ਭੇਜੀ ਆਈ ਆਮਰਿ ॥ ਨਉ ਖੰਡ ਜੀਤੇ ਸਭਿ ਥਾਨ ਥਨੰਤਰ॥ ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ ॥ ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ ॥੨॥	ਧੁਰੋਂ ਤਾਂ ਇਹ ਕਾਰਿੰਦਾ ਹੋ ਕੇ ਭੇਜੀ ਆਈ ਸੀ (ਪਰ ਇਸ ਨੇ) ਨੌਖੰਡ (ਅਰਥਾਤ) ਸਭ ਥਾਵਾਂ ਤੇ ਥਾਵਾਂ ਦੇ ਵਿਚਾਲੇ (ਜੋ ਟਿਕਾਣੇ ਹਨ) ਜਿੱਤ ਲਏ ਹਨ (ਭਾਵ ਸਾਰਾ ਜਗਤ ਜਿੱਤ ਲਿਆ ਹੈ)। ਤੀਰਥ ਵਿਚ (ਬੈਠੇ, ਨਦੀਆਂ) ਕਿਨਾਰੇ (ਟਿਕੇ ਹੋਏ) ਜੋਗੀ ਕਿ ਸੰਨਿਆਸੀ, ਸਿੰਮ੍ਰਤੀਆਂ ਪੜ੍ਹੇ ਹੋਏ ਕਿ ਵੇਦ ਅਭਿਆਸੀ ਥੱਕ ਗਏ ਹਨ (ਇਸ ਤੋਂ ਬਚਾਉ ਕਰਦੇ, ਪਰ ਇਹ ਖਹਿੜਾ) ਨਹੀਂ ਛਡਦੀ॥ ੨॥
ਜਹ ਬੈਸਉ ਤਹ ਨਾਲੇ ਬੈਸੈ ॥ ਸਗਲ ਭਵਨ ਮਹਿ ਸਬਲ ਪ੍ਰਵੇਸੈ ॥ ਹੋਛੀ ਸਰਣਿ ਪਇਆ ਰਹਣੁ ਨ ਪਾਈ ॥ ਕਹੁ ਮੀਤਾ ਹਉ ਕੈ ਪਹਿ ਜਾਈ॥੩॥	ਜਿਥੇ ਜਾਕੇ ਬੈਠਾਂ ਉਥੇ (ਹੀ ਜਾ ਕੇ) ਨਾਲ ਐ ਬੈਠਦੀ ਹੈ। ਸਾਰਿਆਂ ਲੋਕਾਂ ਵਿਚ ਬਲਵਾਨ ਹੋ ਕੇ ਵੜ ਜਾਂਦੀ ਹੈ।(ਕਿਸੇ ਮਾੜੀ ਮੋਟੀ ਸ਼ਰਣ ਵਿਚ ਪੈ ਗਿਆਂ। (ਭਾਵ ਦੇਵੀ ਦੇ ਉਤੇ ਆਦਿ ਦੇ ਮਗਰ ਲੱਗਿਆਂ ਇਸ ਤੋਂ) ਬਚਾਉ ਨਹੀਂ ਮਿਲਦਾ। ਹੇ ਮਿੱਤ੍ਰ ! ਦੱਸ ਮੈਂ ਕਿਸ ਪਾਸੇ ਜਾਵਾਂ ?॥ ੩॥
ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ॥ ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ ॥ ਨਿਜ ਘਰਿ ਵਸਿਆ ਗੁਣ ਗਾਇ ਅਨੰਤਾ॥ ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ॥੪॥	(ਮਿੱਤ੍ਰ ਦਾ) ਉਪਦੇਸ਼ ਸੁਣ ਕੇ ਮੈਂ ਸਤਿਗੁਰੂ ਦੇ ਪਾਸ ਆਇਆ। ਗੁਰੂ ਨੇ ਮੈਨੂੰ ਹਰੀ ਦੇ ਨਾਮ ਦਾ ਮੰਤ੍ਰ ਦ੍ਰਿੜ ਕਰਾ ਦਿੱਤਾ (ਇਸ ਦੇ ਨਾਲ) ਬੇਅੰਤ (ਨਾਮੀ) ਦੇ (ਮੈਂ) ਗੁਣ ਗਾਂਵੇ (ਤਦ ਮੈਂ) ਅਪਣੇ ਸਰੂਪ ਵਿਚ ਆ ਵਸਿਆ ਹਾਂ (ਜਿੱਥੇ ਮੈਨੂੰ) ਪ੍ਰਭੂ ਮਿਲ ਪਿਆ ਹੈ ਤੇ ਅਚਿੰਤ ਹੋ ਗਏ ਹਾਂ (ਫੁਰਮਾਉਂਦੇ ਹਨ ਸ੍ਰੀ ਗੁਰੂ) ਨਾਨਕ ਦੇਵ ਜੀ॥ ੪॥
ਘਰੁ ਮੇਰਾ ਇਹ ਨਾਇਕਿ ਹਮਾਰੀ ॥ ਇਹ ਆਮਰਿ ਹਮ ਗੁਰਿ ਕੀਏ ਦਰਬਾਰੀ॥੧॥ ਰਹਾਉ ॥ ਦੂਜਾ ॥੪॥੪॥	(ਹੁਣ ਇਹ ਘਰ=) ਅੰਤਹਕਰਣ ਮੇਰਾ ਹੋ ਗਿਆ ਹੈ ਤੇ ਇਹ ਮੇਰੀ ਇਸਤ੍ਰੀ ਬਣ ਗਈ ਹੈ। (ਭਾਵ ਆਗਿਆ ਵਿਚ ਟੁਰ ਪਈ ਹੈ)। ਵਾਹਿਗੁਰੂ ਨੇ ਸਾਨੂੰ ਆਪਣਾ ਦਰਬਾਰੀ (=ਉਮਰਾਉ) ਬਣਾ ਲਿਆ ਹੈ (ਤੇ) ਇਹ (ਸਾਡੀ) ਕਾਰਿੰਦੀ (ਬਣ ਗਈ) ਹੈ॥ ੧॥ ਰਹਾਉ ਦੂਜਾ॥ ੪॥ ੪॥

ਵਜਾਖਜਾ— ਪਿਛਲੇ ਸ਼ਬਦ ਵਿਚ ਭਗਤੀ ਦੀ ਪ੍ਰਾਪਤੀ ਇਕ ਸ਼ੁਭ ਕਰਣੀ ਵਾਲੀ ਇਸਤ੍ਰੀ ਦੇ ਰੂਪਕ ਵਿਚ ਦੱਸੀ ਸੀ ਹੁਣ ਭਗਤੀ ਭਾਵ ਦਾ ਵਿਰੋਧ ਕਰਨੇ ਵਾਲੀ ਮਾਇਕ ਬ੍ਰਿਤੀ ਨੂੰ ਬੀ ਇਕ ਇਸਤ੍ਰੀ ਦੇ ਰੂਪਕ ਵਿਚ ਲੈ ਕੇ ਉਸ ਦੇ ਖੇਦਾਂ ਦਾ ਤੇ ਉਸ ਨੂੰ ਜਿੱਤਣ ਦਾ ਪ੍ਰਕਾਰ ਦੱਸ ਕੇ ਅਪਣੀ ਪ੍ਰਭੂ ਪ੍ਰਾਪਤੀ ਦਾ ਵਰਣਨ ਕੀਤਾ ਹੈ। ਕਰਮ ਕਰਦੇ ਕਰਦੇ ਬ੍ਰਿਤੀ ਦਾ ਪ੍ਰਵਾਹ ਉਹਨਾਂ ਕਰਮਾਂ ਵਲ ਟੁਰ ਪੈਂਦਾ ਹੈ, ਉਹ ਮਾਨੋਂ ਦੂਜੀ ਫ਼ਿਤਰਤ ਯਾ ਸੁਭਾਵ ਹੀ ਬਣ ਜਾਂਦੀ ਹੈ, ਉਸ ਦਾ ਰੂਪ ਇਸ ਮਾਇਕ ਬ੍ਰਿਤੀ ਵਿਚ ਸ਼ਾਮਲ ਹੈ। ਪਹਿਲੋਂ ਮਾਯਕ ਬ੍ਰਿਤੀ ਦੇ ਪਾਏ ਪ੍ਰਤਿਬੰਧਕ ਗਿਣੇ ਹਨ।

ਅੰਕ ੧ (੧) ਮਾਇਆ ਯਾ ਮਾਯਕ ਬ੍ਰਿਤੀ ਮਨ ਵਿਚ ਨੇਕ ਸਲਾਹਾਂ ਤੇ ਇਰਾਦੇ ਪੁੱਗਣ ਨਹੀਂ ਦੇਂਦੀ। (੨) ਇਹ 'ਸ਼ੁਭ ਆਚਰਣ' ਤੇ 'ਇੰਦ੍ਰੇ ਦਮਨ' ਆਦਿ ਯਤਨਾਂ ਤੋਂ ਹੋੜਦੀ ਹੈ। ਕੀਕੂੰ ਮਾਇਕ ਬ੍ਰਿਤੀ ਏਹ ਕੰਮ ਕਰਦੀ ਹੈ ?ਅਪਣੇ ਚਿਤ੍ਰ ਬਚਿਤ੍ਰ ਮੋਹਨਹਾਰ ਲੁਭਾਇਮਾਨਤਾ ਅੱਖਾਂ ਅੱਗੇ ਲਿਆ ਲਿਆ ਤੇ ਭੁਲਾਵੇ ਵਿਚ ਪਾ ਦੇਂਦੀ ਹੈ। ਇੰਦ੍ਰੀਆਂ ਨੂੰ ਭੋਗਾਂ ਵਿਚ ਪ੍ਰੇਰਦੀ ਹੈ, ਅਪਣੇ ਆਪ ਵਿਚ ਰੁਕ ਕੇ ਟਿਕਣ ਨਹੀਂ ਦੇਂਦੀ।

ਰਹਾਉ-ਸੀ ਤਾਂ ਇਹ ਮਨ ਦੀ ਇਸਤ੍ਰੀ, ਅਰਥਾਤ ਉਸ ਦੇ ਹੁਕਮ ਵਿਚ ਟੁਰਨ ਵਾਲੀ, ਪਰ

ਸਤਿਗੁਰਿ ਮੋ ਕਉ ਦੀਆ ਉਪਦੇਸੁ॥ ਜੀਉ ਪਿੰਡੁ ਸਭੁ ਹਰਿ ਕਾ ਦੇਸੁ ॥ ਜੋ ਕਿਛੁ ਕਰੀ ਸੁ ਤੇਰਾ ਤਾਣੁ ॥ ਤੂੰ ਮੇਰੀ ਓਟ ਤੂੰਹੈ ਦੀਬਾਣੁ ॥੨॥	ਮੈਨੂੰ ਸਤਿਗੁਰੂ ਨੇ ਉਪਦੇਸ਼ ਦਿੱਤਾ (ਹੋਇਆ) ਸੀ ਕਿ (ਸਾਡਾ) ਜੀਵ ਤੇ ਸਰੀਰ ਸਭ ਹਰੀ ਦੀ ਮਾਲਕੀ ਹੈ। (ਤਦ ਦਾ ਮੈ ਹੇ ਹਰੀ !) ਜੋ ਕੁਛ ਕਰਦਾ ਹਾਂ ਓਹ ਤੇਰੇ ਤਾਣ (ਦੇਆਸਰੇ) ਕਰਦਾ ਹਾਂ। ਮੇਰੀ ਓਟ ਤੂੰ ਹੈਂ, ਮੇਰਾ (ਫਰਿਯਾਦ ਸੁਣਨੇ ਵਾਲਾ) ਦੀਵਾਨ (ਬੀ) ਤੂੰਹੋ ਹੈਂ॥੨॥
ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ॥ ਆਨ ਨ ਬੀਆ ਤੇਰੀ ਸਮਸਰਿ ॥ ਤੇਰੇ ਸੇਵਕ ਕਉ ਕਿਸ ਕੀ ਕਾਣਿ ॥ ਸਾਕਤੁ ਭੂਲਾ ਫਿਰੈ ਬੇਬਾਣਿ ॥੩॥	ਤੈਨੂੰ ਛੱਡ ਕੇ ਹੇ ਪ੍ਰਭੂ ! ਕਿਸ ਪਾਸੇ ਜਾਈਏ। ਹੋਰ ਕੋਈ ਦੂਜਾ ਤੇਰੇ ਬਰਾਬਰ ਦਾ ਨਹੀ ਹੈ।ਤੇਰੇ ਦਾਸ ਨੂੰ ਕਿਸੇ ਦੀ ਕੀ ਕਾਣ? (ਭਾਵ ਕਨੌਡ ਜਾਂ ਮੁਥਾਜੀ ਨਹੀਂ ਹੈ)। ਸਾਕਤ (ਐਵੇਂ) ਉਜਾੜਾਂ ਵਿਚ ਭੁੱਲਾ ਪਿਆ ਫਿਰਦਾ ਹੈ॥੩॥
ਤੇਰੀ ਵਡਿਆਈ ਕਹੀ ਨ ਜਾਇ ॥ ਜਹ ਕਹ ਰਾਖਿ ਲੈਹਿ ਗਲਿ ਲਾਇ॥ ਨਾਨਕ ਦਾਸ ਤੇਰੀ ਸਰਣਾਈ ॥ ਪ੍ਰਭਿ ਰਾਖੀ ਪੈਜ ਵਜੀ ਵਾਧਾਈ ॥੪॥੫॥	ਤੇਰੀ ਵਡਿਆਈ ਵਰਣਨ ਨਹੀਂ ਹੋ ਸਕਦੀ, (ਤੂੰ) ਜਿਥੇ ਕਿਥੇ (ਅਪਣੇ ਦਾਸ ਨੂੰ) ਗਲ ਲਾ ਕੇ ਰੱਖ ਲੈਂਦਾ ਹੈਂ।ਦਾਸ ਨਾਨਕ ਤੇਰੀ ਸ਼ਰਣ ਵਿਚ (ਰਹਿੰਦਾ) ਹੈ। (ਸੋ) ਪ੍ਰਭੂ ਨੇ ਪੈਜ ਰੱਖ ਲਈ ਹੈ (ਤੇ ਥਾਂ ਥਾਂ ਤੋਂ) ਵਧਾਈਆਂ ਦੀ ਘਨਘੋਰ ਲੱਗ ਗਈ ਹੈ॥੪॥੫॥

ਵਯਾਖਯਾ— ਖਿਆਲ ਕੀਤਾ ਜਾਂਦਾ ਹੈ ਕਿ ਜਦੋਂ ਸੁਲਹੀ ਖਾਂ ਦੀ ਤਿਆਰੀ ਦੀ ਖ਼ਬਰ ਧੁੰਮੀ ਤੇ ਸਤਿਗੁਰਾਂ ਤੱਕ ਅਪੜੀ ਤਦੋਂ ਇਹ ਸ਼ਬਦ ਉਚਾਰਣ ਹੋਇਆ।ਪਰ ਇਸ ਸਬਦ ਦੀ ਅੰਤਲੀ ਤੁਕ ਤੋਂ ਖਿਆਲ ਪੈਂਦਾ ਹੈ ਕਿ ਸੁਲਹੀ ਖਾਂ ਦੇ ਆਵੇ ਵਿਚ ਡਿੱਗ ਕੇ ਮਰ ਜਾਣ ਮਗਰੋਂ ਦਾ ਬੀ ਇਹ ਸ਼ਬਦ ਹੈ, ਜਿਸ ਵਿਚ ਖ਼ਬਰ ਪਹੁੰਚਣ ਸਮੇਂ ਦਾ ਹਾਲ ਬੀ ਵਰਣਨ ਹੋਇਆ ਹੈ, ਯਥਾ:-

'ਪ੍ਰਭਿ ਰਾਖੀ ਪੈਜ ਵਜੀ ਵਾਧਾਈ॥'　ਰਹਾਉ ਵਿਚ ਬੀ ਇਸ ਪ੍ਰਕਾਰ ਦਾ ਜ਼ਿਕਰ ਹੈ:-

ਦੁਸਮਨ ਦੂਤ ਮੁਏ ਸੁਖੁ ਪਾਇਆ॥

ਬਿਲਾਵਲ ਰਾਗ ਵਿਚ ਬੀ ਇਕ ਸਪਸ਼ਟ ਸ਼ਬਦ ਹੈ:-

'ਸੁਲਹੀ ਤੇ ਨਾਰਾਇਣ ਰਾਖੁ॥'　[ਬਿਲਾਵਲੁ ਮਹਲਾ ੫-੧੦੪]

ਫੇਰ ਟੋਡੀ ਮਹਲਾ ੫ ਸ਼ਬਦ ੧੧ ਪੰਨਾ ੭੧੪ ਵਿਚ ਬੀ ਇਸੇ ਵਾਕਿਆ ਵਲ ਇਸ਼ਾਰਾ ਸਹੀ ਹੁੰਦਾ ਹੈ:-　ਨਿੰਦਕੁ ਗੁਰ ਕਿਰਪਾ ਤੇ ਹਾਟਿਓ॥

ਅੰਕ ੧ ਵਿਚ ਸੁਲਹੀ ਦੇ ਆਉਣ ਤੇ ਜੋ ਮਸ਼ਵਰੇ ਮਿਲੇ, ਸਤਿਗੁਰ ਜੀ ਨੇ ਉਹਨਾਂ ਦਾ ਜ਼ਿਕਰ ਕੀਤਾ ਹੈ। ਅੰਤਲੀ ਤੁਕ ਵਿਚ ਗੁਰੂ ਜੀ ਦਾ ਅਪਣਾ ਫੈਸਲਾ ਹੈ ਕਿ ਮੈਂ ਟੇਕ ਵਾਹਿਗੁਰੂ ਆਰਾਧਨ ਤੇ ਰੱਖੀ ਕਿ 'ਮੇਰਾ ਦੁਖ ਸੁਖੁ ਤੁਝ ਹੀ ਪਾਸੇ'* ਦੇ ਵਾਕ ਅਨੁਸਾਰ ਉਸੇ ਨੂੰ ਧਿਆਇਆ।

ਰਹਾਉ ਵਿਚ ਧਿਆਉਣ ਦਾ ਫਲ ਅਚਿੰਤਤਾਈ ਤੇ ਆਨੰਦ ਦੱਸਿਆ ਹੈ, ਅਤੇ ਉਸ ਦਾ ਹਰੀ ਟੇਕ ਵਾਲਾ ਫਲ ਦੁਸ਼ਮਣ ਦੇ ਮਾਰੇ ਜਾਣ ਨਾਲ ਹੀ ਦਰਸਾ ਦਿੱਤਾ ਹੈ।

ਅੰਕ ੨-੩ ਵਿਚ ਆਪ ਨੂੰ ਜੋ 'ਹਰੀ ਦੀ ਟੇਕ' ਦਾ ਉਪਦੇਸ਼ ਅਪਣੇ ਸਤਿਗੁਰੂ ਤੋਂ ਮਿਲਿਆ ਸੀ, ਉਸ ਦੀ ਵਡਿਆਈ ਕਰਦੇ ਹੋਏ 'ਅਪਣੀ ਟੇਕ ਧਾਰਨ ਦੀ' ਵਡਿਆਈ 'ਸਤਿਗੁਰੂ ਦੀ ਵਡਿਆਈ ਵਰਣਨ ਕਰਦੇ ਹਨ, ਬਾਕੀ ਤੁਕਾਂ ਵਿਚ ਹਰੀ ਦੀ ਵਡਿਆਈ ਤੇ ਉਸ ਦੀ ਟੇਕ ਦੀ ਮਹੱਤਤਾ ਹੈ ਤੇ

*ਸੂਹੀ ਮਹਲਾ ੪—੧੨।

ਸੰਜਮ—(ਦੇਖੋ ਪੰਨਾ ੩੬੬) ਇੰਦ੍ਰੀਆਂ ਨੂੰ ਵੱਸ ਵਿਚ ਰੱਖਣਾ।

ਗ੍ਰਿਹਿ—(ਦੇਖੋ ਪੰਨਾ ੧੬੮੫) ਘਰ ਵਿਚ, ਅੰਤਹਕਰਣ ਵਿਚ। ਸਰੂਪ ਵਿਚ।

ਨਾਇਕਿ—[ਸੰਸ:, ਨਾਯਕਾ] ਮਾਲਕਾਣੀ। ਇਸਤ੍ਰੀ। ਵਹੁਟੀ। ਭਾਵ ਹੈ ਪਤੀ ਦੇ ਹੁਕਮ ਵਿਚ ਟੁਰਨੇ ਵਾਲੀ। **ਉਰਝਾਇ**—[ਸੰਸ: ਅਵਰੋਧਨਮ੍ = ਰੁਕਾਵਟ, ਅੜਚਨ। ਹਿੰ:, ਉਲਝਨ = ਅਟਕਾਉ, ਰੁਕਾਵਟ] ਉਲਝਾ ਵਿਚ। ਬਖੇੜਿਆਂ ਵਿਚ। **ਪਰੇਵੈ**-ਪਾ ਦੇਂਦੀ ਹੈ।

ਆਮਰਿ—ਆਮਿਲ ਦਾ ਇਸਤ੍ਰੀ ਲਿੰਗ ਆਮਿਲਨੀ। ਨੌਕਰਾਣੀ। [ਅ: ਆਮਿਲ-ਕੰਮ ਕਰਨੇ ਵਾਲਾ] ਸਿੰਧੀ ਵਿਚ ਕਾਰਿੰਦੇ ਨੂੰ ਆਮਿਲ ਕਹਿੰਦੇ ਹਨ। (ਅ) ਸੰਪ੍ਰਦਾ ਵਿਚ ਅਰਬੀ ਪਦ ਅਮਰ = ਹੁਕਮ ਤੋਂ ਆਮਿਰ = ਹੁਕਮ ਕਰਨੇ ਵਾਲੀ ਅਰਥ ਲੈ ਕੇ ਐਉਂ ਬੀ ਲਾਉਂਦੇ ਹਨ ਕਿ ਧੁਰੋਂ ਹੀ ਇਹ ਹੁਕਮ ਕਰਨੇ ਵਾਲੀ ਹੋ ਕੇ ਆਈ ਹੈ ਜੋ ਅਗਜਾਨ ਕਾਲ ਵਿਚ ਹੁਕਮ ਕਰਦੀ ਹੈ।

ਸਬਲ—ਬਲਵਾਨ। ਬਲ ਸਹਿਤ।

ਪ੍ਰਵੇਸੈ—[ਸੰਸ: ਪ੍ਰਵੇਸ਼ਨ = ਅੰਦਰ ਵੜਨਾ] ਵੜ ਜਾਂਦੀ ਹੈ।

ਹੋਛੀ—ਕਮਜ਼ੋਰ, ਮਾੜੀ ਮੋਟੀ, ਅਪੂਰਣ। ਭਾਵ ਹੈ ਦੇਵੀ ਦੇਉਤੇ ਦੀ ਸ਼ਰਣ।

ਆਮਰਿ—[ਅ: ਆਮਿਲ = ਕਾਰਿੰਦਾ] ਕਾਰਿੰਦੀ, ਸਿਹਾਰੀ ਇਸਤ੍ਰੀ ਲਿੰਗ ਦੀ ਹੈ। (ਅ) ਆਮਰਿ ਦਾ ਦੂਜਾ ਅਰਥ ਗਜਾਨੀ ਕਰਦੇ ਹਨ ਕਿ ਹੁਕਮ ਵਿਚ ਹੋ ਗਈ ਹੈ [ਅ:, ਅਮਰ = ਹੁਕਮ]।

ਦਰਬਾਰੀ—ਪਾਤਸ਼ਾਹ ਦੇ ਦਰਬਾਰ ਵਿਚ ਅਹੁਦੇਦਾਰ। ਉਮਰਾਅ। ਅਫਸਰ। ਭਾਵ ਹੈ ਗੁਰਮੁਖ।

[ਆਸਾ ਮਹਲਾ ੫, ਚਉਪਦਾ, ੫—੭੨]

ਪ੍ਰਾਕ੍ਥਨ— ਅਗਲਾ ਸ਼ਬਦ ਇਕ ਇਤਿਹਾਸਿਕ ਘਟਨਾ ਤੇ ਲਿਖਿਆ ਗਿਆ ਸਹੀ ਹੁੰਦਾ ਹੈ, ਜਦੋਂ ਕਿ ਸੁਲਹੀ ਖਾਂ ਗੁਰੂ ਜੀ ਤੇ ਚੜ੍ਹ ਕੇ ਆਇਆ ਰਸਤੇ ਵਿਚ ਹੀ ਆਵੇ ਵਿਚ ਘੋੜੇ ਦੇ ਉੱਛਲਣ ਕਰਕੇ ਡਿਗ ਪਿਆ ਤੇ ਕਾਲ ਵਸ ਹੋ ਗਿਆ ਸੀ।

ਮੂਲ	ਅਰਥ
ਆਸਾ ਮਹਲਾ ੫ ॥ **ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥ ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥ ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥** **ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥੧॥**	(ਗੁਰੂ ਜੀ ਦੱਸਦੇ ਹਨ ਕਿ ਮੈਨੂੰ) ਪਹਿਲੀ ਸਲਾਹ (ਏਹ ਮਿਲੀ) ਕਿ (ਉਸ ਨੂੰ) ਪਤ੍ਰਿਕਾ ਘੱਲੋ (ਜਿਸ ਵਿਚ ਸਾਰਾ ਅਸਲੀ ਹਾਲ ਦੱਸਿਆ ਹੋਵੇ), ਦੂਜੀ ਸਲਾਹ (ਇਹ ਮਿਲੀ ਕਿ ਪਤ੍ਰਿਕਾ ਠੀਕ ਨਹੀ) ਦੋ ਮਾਨੁਖ ਭੇਜੋ (ਜੋ ਸਾਰਾ ਅਸਲੀ ਹਾਲ ਜਾ ਦੱਸਣ)। ਤੀਸਰੀ ਸਲਾਹ (ਇਹ ਮਿਲੀ ਕਿ ਜ਼ਰੂਰ) ਕੋਈ ਨਾ ਕੋਈ ਉਪਾਉ ਕਰੋ (ਐਵੇਂ ਨਾ ਰਹੋ; ਪਰ) ਹੇ ਪ੍ਰਭੂ ! ਮੈਂ ਸਾਰਾ ਕੁਛ (ਉਪਾਵਾਂ ਦਾ ਹੀਲਾ) ਛੋੜ ਕੇ (ਇਕ) ਤੇਰੀ ਹੀ ਅਰਾਧਨਾ ਕੀਤੀ ਹੈ॥ ੧॥
ਮਹਾ ਅਨੰਦ ਅਚਿੰਤ ਸਹਜਾਇਆ ॥ ਦੁਸਮਨ ਦੂਤ ਮੁਏ ਸੁਖੁ ਪਾਇਆ ॥੧॥ ਰਹਾਉ ॥	(ਇਸ ਨਾਲ ਮੈਂ) ਅਤਿ ਅਚਿੰਤ ਤੇ ਅਨੰਦ ਹੋ ਗਿਆ ਤੇ ਸਹਜ ਵਿਚ ਟਿਕ ਗਿਆ। ਦੂਤੀ ਦੁਸ਼ਮਨ (ਆਪ) ਮਰ ਗਏ (ਤੇ ਮੈਂ ਸੁਤੇ ਹੀ) ਸੁਖ ਪਾ ਲਿਆ॥ ੧॥ ਰਹਾਉ॥

ਸਾਹ ਵਾਪਾਰੀ ਦੁਆਰੈ ਆਏ ॥ ਵਖਰੁ ਕਾਢਹੁ ਸਉਦਾ ਕਰਾਏ ॥੧॥ ਰਹਾਉ ॥

ਪਾਸ ਹੈ, ਉਸ ਨੂੰ) ਖ੍ਰੀਦਣ ਆਇਆ ਹਾਂ (ਅਤੇ) ਗੁਣਾਂ ਦੀ ਰਾਸ (ਮੁੜ੍ਹੀ ਮੈਂ) ਪੱਲੇ ਬੰਨ੍ਹਕੇ ਆਂਦੀ ਹੈ, (ਗੁਰੂ ਨੇ ਉਹ ਵਸਤੂ ਦਿਖਾਈ ਤਾਂ ਜਗਜਾਸੂ ਮੋਹਿਤ ਹੋਕੇ ਆਖਦਾ ਹੈ) ਇਸ ਰਤਨ (ਰੂਪ ਵਸਤੂ) ਨੂੰ ਵੇਖ ਕੇ (ਮੇਰਾ) ਮਨ ਮੋਹਿਤ ਹੋ ਗਿਆ ਹੈ॥ ੧।

ਸਾਹਿ ਪਠਾਇਆ ਸਾਹੈ ਪਾਸਿ ॥ ਅਮੋਲ ਰਤਨ ਅਮੋਲਾ ਰਾਸਿ ॥ ਵਿਸਟੁ ਸੁਭਾਈ ਪਾਇਆ ਮੀਤ ॥ ਸਉਦਾ ਮਿਲਿਆ ਨਿਹਚਲ ਚੀਤ॥੨॥

(ਤੁਸੀਂ ਵਡੇ) ਸ਼ਾਹ (ਭਾਵ ਗੁਰੂ ਹੋ, ਤੁਸਾਂ) ਪਾਸ (ਸੰਤਾਂ ਰੂਪੀ ਸ਼ਾਹ ਨੇ ਘੱਲਿਆ ਹੈ (ਆਪ ਪਾਸ ਨਾਮ ਰੂਪੀ) ਅਮੋਲਕ ਰਤਨ ਹੈ, (ਮੇਰੇ ਪਾਸ ਸ਼ੁਭ ਗੁਣਾਂ ਰੂਪੀ) ਅਮੋਲਕ ਰਾਸ ਹੈ। ਹੇ ਮਿਤ੍ਰ! (ਇਸ ਵੇਲੇ ਮੈਂ) ਸੁਹਣੇ ਪ੍ਰੇਮ ਨੂੰ ਵਿਚੋਲਾ ਪਾਇਆ, (ਤਦ ਮੈਨੂੰ) ਸਉਦਾ ਮਿਲ ਗਿਆ ਤੇ ਚਿਤ ਮੇਰਾ ਟਿਕ ਗਿਆ॥ ੨।

ਭਉ ਨਹੀ ਤਸਕਰ ਪਉਣ ਨ ਪਾਨੀ॥ ਸਹਜਿ ਵਿਹਾਝੀ ਸਹਜਿ ਲੈ ਜਾਨੀ ॥ ਸਤ ਕੈ ਖਟਿਐ ਦੁਖੁ ਨਹੀ ਪਾਇਆ ॥ ਸਹੀ ਸਲਾਮਤਿ ਘਰਿ ਲੈ ਆਇਆ ॥੩॥

(ਇਸ ਵਸਤੂ ਦੇ) ਚੋਰ ਤੋਂ (ਚੁਰਾਏ ਜਾਣ ਦਾ) ਡਰ ਨਹੀਂ ਪਉਣ (ਤੋਂ ਉਡਾ ਲੈ ਜਾਣ ਦਾ ਤੇ) ਪਾਣੀ (ਤੋਂ ਡੋਬ ਲੈਣ ਦਾ ਡਰ) ਨਹੀਂ। (ਸੋ ਮੈਂ ਇਹ ਵਸਤੂ ਸਾਰੇ ਖਤਰਿਆਂ ਤੋਂ ਖਾਲੀ ਸਹਜ ਭਾਵ ਵਿਚ ਖ੍ਰੀਦੀ ਹੈ ਤੇ ਸਹਜ ਭਾਵ ਵਿਚ (ਹੀ ਨਾਲ ਲੈ ਜਾਣੀ ਹੈ। (ਇਸ ਵਪਾਰ ਵਿਚ ਖੱਟੀ ਸੱਚ ਨਾਲ ਖਰੀਦੀ ਹੈ ਸੋ) ਸੱਚ ਨਾਲ ਖੱਟਣ ਕਰਕੇ (ਮੈਂ ਕੋਈ) ਦੁਖ ਨਹੀਂ ਪਾਇਆ (ਤੇ) ਸਹੀ ਸਲਾਮਤ (ਇਸ ਨੂੰ) ਘਰ ਲੈ ਆਇਆ ਹਾਂ॥ ੩।

ਮਿਲਿਆ ਲਾਹਾ ਭਏ ਅਨੰਦ ॥ ਧੰਨੁ ਸਾਹ ਪੂਰੇ ਬਖਸਿੰਦ ॥ ਇਹੁ ਸਉਦਾ ਗੁਰਮੁਖਿ ਕਿਨੈ ਵਿਰਲੈ ਪਾਇਆ ॥ ਸਹਲੀ ਖੇਪ ਨਾਨਕੁ ਲੈ ਆਇਆ ॥੪॥੬॥

(ਇਸ ਵਪਾਰ ਵਿਚ) ਨਫਾ ਹੋਇਆ ਹੈ (ਇਸ ਕਰਕੇ) ਆਨੰਦ ਹੋ ਗਏ ਹਾਂ। ਧਨ ਹਨ (ਇਸ ਨਾਮ ਰਸ ਦੇ) ਸ਼ਾਹ (ਜੋ) ਪੂਰੇ ਬਖਸ਼ਿੰਦ ਹਨ। ਇਹ ਸੌਦਾ ਕਿਸੇ ਵਿਰਲੇ ਨੇ ਗੁਰੂ ਦੁਆਰਾ ਪਾਇਆ ਹੈ। (ਇਹ) ਖੇਪ ਨਾਨਕ (ਗੁਰੂ ਮਿਹਰ ਨਾਲ) ਸੁਖੱਲੇ ਹੀ ਲੈ ਆਇਆ ਹੈ॥ ੪॥ ੬॥

ਵਜਾਖਜਾ— ਇਸ ਸ਼ਬਦ ਵਿਚ ਨਾਮ ਦੀ ਪ੍ਰਾਪਤੀ ਨੂੰ ਇਕ ਰੂਪਕ ਵਿਚ ਵਰਣਨ ਕੀਤਾ ਹੈ। ਸ਼ਾਹ ਵਪਾਰੀ ਤੇ ਸੌਦਾਗਰੀ ਦਾ ਰੂਪਕ ਬੱਧਾ ਹੈ। ਸੌਦਾ ਹੈ ਨਾਮ, ਪਾਸ ਹੈ ਗੁਰੂ ਦੇ ਉਹ ਮਾਨੋ ਸ਼ਾਹ ਹੈ। ਖਰੀਦਣ ਵਾਲਾ ਹੈ ਜਗਜਾਸੂ। ਪਰਦੇਸ ਝਾਗਣਾ ਹੈ ਮੁਸ਼ਕਲਾਂ ਦੇ ਸਾਹਮਣੇ ਕਰਨੇ। ਗੁਰੂ ਟੋਲ ਵਿਚ ਭਟਕਣਾਂ ਵਿਚ ਪੈ ਪੈ ਕੇ ਲੱਭਣਾ। ਜੂਨਾਂ ਵਿਚ ਫਿਰ ਫਿਰ ਕੇ ਮਨੁੱਖਾ ਜਨਮ ਵਿਚ ਆਉਣਾ ਸੌਦਾ ਖਰੀਦਣ ਲਈ ਆਉਣਾ ਹੈ।

ਪ੍ਰਾਣੀ ਤੂੰ ਆਇਆ ਲਾਹਾ ਲੈਣਿ॥	[ਸਿਰੀ ਰਾਗ ਮਹਲਾ ੫-੭੩]

ਦੂਸਰਾ ਸ਼ਾਹ ਹੈ ਕੋਈ ਸੰਤ ਜੋ ਜਗਜਾਸੂ ਨੂੰ ਗੁਰੂ ਪਾਸ ਘੱਲਦਾ ਹੈ ।ਸ਼ਾਹ ਤੋਂ ਮੁਰਾਦ ਪ੍ਰਭੂ ਦੀ ਬੀ ਹੋ ਸਕਦੀ ਹੈ ਜੋ ਜੀਵ ਨੂੰ ਨਾਮ ਦਾ ਲਾਹਾ ਲੈਣ ਲਈ ਸੰਸਾਰ ਵਿਚ ਘੱਲਦਾ ਹੈ।

ਵਿਸ਼ਟ ਨਾਮ ਹੈ ਵਕੀਲ ਦਾ, ਮੁਰਾਦ ਹੈ ਦਲਾਲ ਦੀ ਜੋ ਸਉਦੇ ਕਰਨ ਵਿਚ ਮਾਨੋਂ ਵਕੀਲਗੀ ਕਰਦਾ ਹੈ। ਏਥੇ ਵਿਚੋਲਾ ਹੈ ਸੁਭਾਈ ਸੁ+ਭਾਈ=ਸੁਹਣਾ ਯਾ ਚੰਗਾ ਪ੍ਰੇਮ ਤੇ 'ਮੀਤ' ਹੈ ਸੰਬੋਧਨ ਹੇ ਮਿਤ੍ਰ! ਕਈ ਦਾਨੇ ਏਥੇ ਸਭਾਈ ਦਾ ਅਰਥ ਕਰਦੇ ਹਨ ਸੁਹਣੇ ਸੁਭਾਵ ਵਾਲਾ ਤੇ ਮੁਰਾਦ ਗੁਰੂ ਤੋਂ ਹੀ ਲੈਂਦੇ ਹਨ, ਜਿਸ ਨੇ ਮੇਰੇ ਤੇ ਵਾਹਿਗੁਰੂ ਦੇ ਗੱਭੇ ਵਿਚੋਲਾ ਹੋ ਕੇ ਵਾਹਿਗੁਰੂ ਮਿੱਤ੍ਰ ਮਿਲਾ ਦਿਤਾ

ਅੰਕ ੩ ਵਿਚ ਨਾਮ ਦੀ ਰਾਸ ਦੇ ਚੁਰਾਏ ਜਾਣ ਦਾ ਖ਼ਤਰਾ ਚੁਕਾ ਦਿੱਤਾ ਹੈ। ਮੁਰਾਦ ਹੈ ਕਿ ਨਾਮ ਦਾ ਮਾਰਗ ਨਿਰ ਵਿਘਨ ਹੈ। ਇਹ ਸਹਿਜ ਜੋਗ ਦੇ ਤ੍ਰੀਕੇ ਨਾਲ ਸਿਮਰੀਦਾ ਹੈ ਤੇ ਸਹਿਜ

ਅੰਤਲੀ ਤੁਕ ਵਿਚ ਸਾਕਤ ਦਾ ਜ਼ਿਕਰ ਹੈ ਜੋ ਪ੍ਰਭੂ ਤੋਂ ਭੁੱਲਾਂ ਮਾਨੋਂ ਸੰਸਾਰ ਜੰਗਲ ਵਿਚ ਟੱਕਰਾਂ ਮਾਰ ਰਿਹਾ ਹੈ।

ਅੰਕ ੪ ਵਿਚ ਫਿਰ ਪ੍ਰਭੂ ਦੀ ਵਡਿਆਈ ਦੱਸੀ ਹੈ, ਅਤੇ ਪੈਜ ਰਹਿਣ ਦਾ ਤੇ ਵਧਾਈਆਂ ਮਿਲਣੇ ਦਾ ਜ਼ਿਕਰ ਹੈ। ਪੈਜ ਰਹੀ ਇਸ ਕਰਕੇ ਕਿਹਾ ਹੈ ਕਿ ਆਪ ਨੇ ਜੋ ਕਿਸੇ ਦੀ ਸਲਾਹ ਨਹੀ ਸੀ ਮੰਨੀ ਅਤੇ ਵਾਹਿਗੁਰੂ ਜੀ ਤੇ ਟੇਕ ਰਖੀ ਸੀ, ਉਸ ਦੇ ਸਿੱਟੇ ਚੰਗੇ ਨਿਕਲਣ ਤੇ ਉਸ ਪ੍ਰਭੂ ਦੀ ਟੇਕ ਧਾਰਨ ਦੀ ਪੈਜ ਰਹੀ ਹੈ। ਗੁਰੂ ਜੀ ਨੇ, ਜਾਪਦਾ ਹੈ ਕੁਛ ਭਵਿਖਤ ਵਾਕ ਬੀ ਕਹੇ ਸਨ; ਜੈਸਾ ਕਿ ਸੁਲਹੀ ਸਾਡੇ ਤੱਕ ਅਪੜੇਗਾ ਹੀ ਨਹੀਂ, ਉਸ ਦੇ ਪੂਰੇ ਹੋਣ ਦੀ ਪੈਜ ਰਹੀ ਵਲ ਇਸ਼ਾਰਾ ਜਾਪਦਾ ਹੈ, ਕਿਉਂਕਿ ਬਿਲਾਵਲ ਵਾਲੇ ਸ਼ਬਦ ਵਿਚ ਫੁਰਮਾਇਆ ਹੈ:-

ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ॥

[ਬਿਲਾਵਲੁ ਮਹਲਾ ੫-੧੦੪]

ਨਿਰੁਕ੍ਤ— ਪ੍ਰਥਮੇ ਮਤਾ-ਪਹਿਲਾ ਮਤਾ ਇਹ ਸੀ। (ਅ) ਕਈ ਦਾਨੇ ਸੱਜਣ ਇਸ ਸ਼ਬਦ ਨੂੰ ਸੁਲਹੀ ਦੇ ਵਾਕਿਆਤ ਦਾ ਸੂਚਕ ਨਾ ਸਮਝਕੇ ਯਤਨ ਕਰਦੇ ਹਨ ਕਿ ਇਹ ਪਰਮਾਰਥ ਤੇ ਹੀ ਸਾਰਾ ਘਟੇ, ਤਦ ਓਹ ਐਉਂ ਦਾ ਪ੍ਰਯਤਨ ਕਰਦੇ ਹਨ:-

ਜਗਜਾਸੂ ਨੂੰ ਪਹਿਲੀ ਸਲਾਹ ਇਹ ਮਿਲਦੀ ਹੈ ਕਿ ਸ਼ਾਸਤ੍ਰਾਂ, ਧਰਮ ਗ੍ਰੰਥਾਂ ਦੇ ਲਿਖੇ ਪੱਤ੍ਰੇ ਪੜ੍ਹਾਂ ਤਾਂ ਸਿਰੇ ਚੜ੍ਹਾ ਜਾਵਾਂਗਾ। ਦੂਜੇ ਇਹ ਕਿ ਵੈਰਾਗ ਗਜਾਨ ਯਾ ਵੈਰਾਗ ਅਭਜਾਸ, ਦੇ ਮਨੁੱਖਾਂ ਅਰਥਾਤ ਗੁਣਾਂ ਨੂੰ ਧਾਰਨ ਕਰਕੇ, ਆਪ ਨੂੰ ਹਰੀ ਤਕ ਪੁਚਾ ਲਵਾਂ। ਤੀਜਾ ਮਤਾ ਇਹ ਮਿਲਦਾ ਦਾ ਹੈ ਕਿ ਕੋਈ ਉਪਾਉ ਕਰੋ, ਕਰੋ, ਜ਼ਰੂਰ, ਤੀਰਥਾਟਨ, ਜਪ ਤਪ ਹਠ ਆਦਿ ਕੋਈ ਉਪਾਵ ਕਰੋ; ਪਰ ਮੈਂ ਸਭ ਕੁਛ ਛਡੇ ਤੇ ਕੇਵਲ ਹਰੀ ਸਿਮਰਨ ਧਾਰਨ ਕੀਤਾ।

ਇਸ ਪ੍ਰਕਾਰ ਦੇ ਖਿੱਚਵੇਂ ਅਰਥ ਦੋ ਤਿੰਨ ਹੋਰ ਤਰ੍ਹਾਂ ਕਰਨ ਦਾ ਬੀ ਜਤਨ ਹੁੰਦਾ ਹੈ, ਪਰ ਵਿਸ਼ੇਸ਼ ਠੀਕ ਇਹੋ ਹੈ ਕਿ ਇਹ ਸੁਲਹੀ ਖਾਂ ਦੇ ਹਮਲੇ ਪਰਥਾਇ ਉਚਾਰਨ ਹੋਇਆ ਹੈ।

ਸਹਜਾਇਆ—ਸਹਜ ਵਿਚ ਆ ਗਿਆ, ਭਾਵ ਟਿਕ ਗਿਆ।

ਦੀਬਾਣੁ—ਇਕ ਸਰਕਾਰੀ ਅਹੁਦੇਦਾਰ, ਦੀਵਾਨ, ਭਾਵ ਹੈ ਫਰੀਆਦਾਂ ਸੁਣਨੇ ਵਾਲਾ।

ਸਮਸਰਿ—ਤੁੱਲ, ਬਰੱਬਰ। **ਬੇਬਾਣਿ**-(ਫਾ:, ਬਜਾਬਾਨ) ਉਜਾੜ।

[ਆਸਾ ਮਹਲਾ ੫, ਚਉਪਦਾ, ੬—੧੩]

ਪ੍ਰਾਕ੍ਥਨ—ਇਕ ਵਪਾਰੀ ਦੇ ਰੂਪਕ ਵਿਚ ਜੋ ਸ਼ਾਹ ਪਾਸੋਂ ਸੌਦਾ ਲੈਣ ਆਉਂਦਾ ਹੈ, ਨਾਮ ਰੂਪੀ ਸੌਦੇ ਦੇ ਪ੍ਰਾਪਤ ਕਰਨੇ ਦੀ ਵਿਧੀ ਦੱਸੀ ਹੈ।

ਮੂਲ	ਅਰਥ
ਆਸਾ ਮਹਲਾ ੫ ॥ **ਪਰਦੇਸੁ ਝਾਗਿ ਸਉਦੇ ਕਉ ਆਇਆ॥ ਵਸਤੁ ਅਨੂਪ ਸੁਣੀ ਲਾਭਾਇਆ ॥ ਗੁਣ ਰਾਸਿ ਬੰਨ੍ਹਿ ਪਲੈ ਆਨੀ ॥ ਦੇਖਿ ਰਤਨੁ ਇਹੁ ਮਨੁ ਲਪਟਾਨੀ ॥੧॥**	[ਅਰਥ ਰਹਾਉ ਤੋਂ ਟੋਰੀਏ। ਜਗਜਾਸੂ ਦਾ ਬਚਨ ਗੁਰੂ ਪ੍ਰਤਿ] ਹੇ (ਗੁਰੂ ਰੂਪ) ਸ਼ਾਹ ! (ਤੇਰੇ) ਦੁਆਰੇ ਵਪਾਰੀ ਆਏ ਹਨ, (ਆਪਣਾ) ਮਾਲ ਬਾਹਰ ਕਢੋ ਜੋ ਸੌਦਾ ਕੀਤਾ ਜਾਏ॥ ੧॥ ਰਹਾਉ॥ (ਹੇ ਸ਼ਾਹ ! ਇਹ) ਸੌਦਾ ਲੈਣ ਲਈ (ਮੈਂ) ਪਰਦੇਸ ਨੂੰ ਝਾਗ ਕੇ (ਭਾਵ ਪਰਦੇਸਾਂ ਦੇ ਔਖ ਝੱਲਦਾ ਸੌਦਾ ਲੈਣ) ਆਇਆ ਹਾਂ। (ਉਹ) ਸੁਹਣੀ ਤੇ ਲਾਭਦਾਯਕ ਵਸਤੂ (ਆਪ ਪਾਸ) ਸੁਣੀ ਹੈ (ਕਿ ਹੈ, ਭਾਵ, ਨਾਮ ਰੂਪੀ ਸੁਖਦਾਯਕ ਤੇ ਸੁੰਦਰ ਵਾਸਤੂ ਆਪ

ਪਦ (=ਪੂਰਨ ਪਦ) ਵਿਚ ਪਹੁੰਚਾ ਦੇਂਦਾ ਹੈ।

ਫਿਰ ਦੱਸਦੇ ਹਨ ਕਿ ਇਹ ਮਾਰਗ ਨਿਰਦੁਖ ਹੈ, ਕਿਉਂਕਿ 'ਸਤਜ' ਇਸ ਮਾਰਗ ਵਿਚ ਮੁੱਖ ਵਸਤੂ ਹੈ। ਦੁਖ ਜੋ ਹੁੰਦੇ ਹਨ ਤਾਂ ਅਸਤਿ ਤੇ ਛਲ ਵਿਚ ਹੁੰਦੇ ਹਨ, ਸਤਜ ਨੂੰ ਨਹੀਂ ਹੁੰਦੇ। ਇਹ ਨਾਮ ਵੱਖਰ ਸਹੀ ਸਲਾਮਤ ਘਰ ਆ ਜਾਂਦਾ ਹੈ, ਭਾਵ ਸ੍ਵੈ ਸਰੂਪ ਵਿਚ ਪਹੁੰਚਾ ਦੇਂਦਾ ਹੈ, ਜਿਸ ਅਵਸਥਾ ਵਿਚ ਪਹੁੰਚ ਕੇ ਆਨੰਦ ਪ੍ਰਾਪਤ ਹੁੰਦਾ ਹੈ।

ਅੰਕ੪-ਇਸ ਸਤਰ ਵਿਚ ਇਥੇ ਕਟਾਖਜ ਹੈ 'ਧੰਨੁ ਸਾਹ ਪੂਰੇ ਬਖਸਿੰਦ'। ਰੂਪਕ ਸਾਰੇ ਸ਼ਬਦ ਵਿਚ ਵਪਾਰ ਦਾ ਹੈ, ਪਰ ਅਸਲ ਵਿਚ ਇਹ ਵਪਾਰ-ਅਮੁੱਲ ਵਪਾਰ ਹੈ। ਇਸ ਕਰਕੇ ਸਤਿਗੁਰੂ ਨੂੰ ਪੂਰੇ ਬਖਸਿੰਦ' ਕਿਹਾ ਹੈ, ਕਿ ਉਹਨਾਂ ਨੇ ਅਮੁੱਲ ਵਪਾਰੀ ਹੋਣ ਕਰਕੇ ਅਮੁੱਲ ਦਾਤ ਦਿੱਤੀ ਹੈ,ਕੋਈ ਮੁੱਲ ਨਹੀਂ ਲਿਆ।ਗੁਣਾਂ ਦੀ ਰਾਸ,ਜੋ ਮੁੱਲ ਦੇਣ ਵਜੋਂ ਆਂਦੀ ਸੀ, ਸਤਿਗੁਰਾਂ ਨੇ ਜਗਜਾਸੂ ਤੋਂ ਲੈ ਕੇ ਉਸ ਨੂੰ 'ਗੁਣਹੀਨ' ਕਿ 'ਗੁਣਾਂ ਤੋਂ ਖਾਲੀ' ਕਰਕੇ ਨਾਮ ਨਹੀਂ ਦਿਤਾ। ਇਉਂ ਤਾਂ:-

ਵਿਣੁ ਗੁਣ ਕੀਤੇ ਭਗਤਿ ਨ ਹੋਇ॥　　[ਜਪੁਜੀ-੨੧]

ਫੁਰਮਾਣ ਦੀ ਉਲੰਘਣਾ ਹੋ ਜਾਂਦੀ ਹੈ। ਗੁਣਾਂ ਰੂਪੀ ਰਾਸ ਜਗਜਾਸੂ ਦੇ ਪਾਸ ਹੀ ਰਹੀ ਹੈ। ਸ਼ਾਹ ਨੇ ਇਹ ਰਾਸ ਦੇਖੀ, ਅਧਿਕਾਰ ਪਛਾਣ ਲਿਆ ਤੇ ਨਾਮ ਰੂਪੀ ਸੌਦਾ ਬਖ਼ਸ਼ਿਸ਼ ਕਰ ਦਿਤਾ। ਉਸ ਦੇ ਪਹਿਲੇ ਗੁਣ,ਜੋ ਮੁਕਤੀ ਲਈ ਕਾਫੀ ਨਹੀਂ ਸਨ, ਨਾਮ ਗੁਣ ਦੇ ਮਿਲਣ ਨਾਲ ਹੁਣ ਸਾਰੇ ਅਮੁੱਲ ਗੁਣ ਹੋ ਗਏ, ਜੀਕੂੰ ੧ ਦੇ ਆ ਜਾਣ ਨਾਲ ਸਿਫਰੇ ਸਾਰੇ ਕੀਮਤ ਵਾਲੇ ਹੋ ਜਾਂਦੇ ਹਨ।ਇਸ ਕਰ ਕੇ ਹੀ ਫੁਰਮਾਇਆ ਕਿ ਮੈਂ ਇਹ ਖੇਪ ਸਹਿਲੀ ਲੈ ਆਇਆ, ਸੁਖੱਲੀ ਲੈ ਆਇਆ।

ਅੰਤ ਵਿਚ ਫੁਰਮਾਇਆ ਕਿ ਇਉਂ ਇਹ ਸਉਦਾ ਕਿਸੇ ਵਿਰਲੇ ਨੂੰ ਲੱਭਦਾ ਹੈ ਕਿਉਂਕਿ ਗੁਰੂ ਦੁਆਰਾ ਮਿਲਦਾ ਹੈ ਤੇ ਜੀਵਾਂ ਦੇ ਮਨ ਮਨਮਤਿ ਵਿਚ ਅਹੰਮੇਵੀ ਹੁੰਦੇ ਹਨ।

ਨਿਰੁਕ੍ਤ—ਪਰਦੇਸੁ, ਸਉਦਾ,ਵਸਤੁ, ਸਾਹ, ਵਾਪਾਰੀ, ਰਾਸਿ, ਵਖਰੁ ਆਦਿ ਦੇ ਭਾਵ ਵਜਾਖਜਾ ਵਿਚ ਆ ਚੁਕੇ ਹਨ।

ਗੁਣ—[ਸੰਸ:, ਗੁਣ:=ਸਿਫਤਾਂ] ਸ਼ੁਭ ਗੁਣ, ਦੈਵੀ ਸੰਪਤਾ ਦੇ ਸਾਰੇ ਗੁਣ।(ਅ) ਦਾਨੇ ਲੋਕ ਗੁਣ ਤੋਂ ਚਤੁਸ਼ਟੈ ਸਾਧਨ ਬੀ ਮੁਰਾਦ ਲੈਂਦੇ ਹਨ। ਜੋ ਹਨ:-ਵੈਰਾਗ, ਵਿਵੇਕ, ਖਟ ਸੰਪਤਿ, ਮਮੁਖਤਾ।

ਵਿਸਟੁ—ਵਕੀਲ, ਦਲਾਲ, ਵਿਚੋਲਾ।　　**ਸੁਭਾਈ**—ਸੁ+ਭਾਉ। ਸੁਹਣਾ ਪ੍ਰੇਮ।

ਤਸਕਰ—[ਦੇਖੋ ਪੰਨਾ ੧੮੧੧] ਚੋਰ।　　**ਸਹਲੀ**—ਸੁਖੱਲੀ। (ਅ) ਸਫਲੀ।

[ਆਸਾ ਮਹਲਾ ੫, ਚਉਪਦਾ, ੭—੭੪]

ਪ੍ਰਾਕ੍ਥਨ—ਇਸ ਸ਼ਬਦ ਵਿਚ ਉੱਤ ਸ੍ਵਕੀਯਾ ਅਰਥਾਤ ਪਤਿਬ੍ਰਤਾ ਇਸਤ੍ਰੀ ਦੇ ਸ੍ਵੈ ਕਥਨ ਵਿਚ ਉਸ ਦੀ ਪਤੀ ਪ੍ਰਾਪਤੀ, ਪ੍ਰਾਪਤੀ ਤੋਂ ਤ੍ਰਿਪਤੀ ਤੇ ਕ੍ਰਿਤੱਗਜਤਾ ਭਰੀ ਦਸ਼ਾ ਵਰਣਨ ਹੋਈ ਹੈ। ਸਖੀ ਪ੍ਰਤੀ ਨਾਯਕਾ ਦਾ ਵਚਨ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਗੁਨੁ ਅਵਗਨੁ ਮੇਰੋ ਕਛੁ ਨ ਬੀਚਾਰੋ ॥ ਨਹ ਦੇਖਿਓ ਰੂਪ ਰੰਗ ਸੀਗਾਰੋ ॥ ਚਜ ਅਚਾਰ ਕਿਛੁ ਬਿਧਿ ਨਹੀ ਜਾਨੀ ॥ ਬਾਹ ਪਕਰਿ ਪ੍ਰਿਅ ਸੇਜੈ ਆਨੀ ॥੧॥	(ਅਰਥ ਰਹਾਉ ਤੋਂ ਸ਼ੁਰੂ:) ਹੇ ਸਖੀ! ਸੁਣ, (ਮੇਰੇ) ਪਤੀ ਨੇ (ਆਪੇ) ਮੇਰਾ ਖਸਮਾਨਾ ਕਰ ਲਿਆ ਹੈ, (ਮੇਰੇ) ਮੱਥੇ ਤੇ (ਆਪੇ ਹੱਥ ਧਰ ਕੇ (ਮੈਨੂੰ) ਅਪਣਾ ਲਿਆ ਤੇ ਰਖਜਾ ਵਿਚ ਲੈ ਲਿਆ, ਇਹ ਅਜਾਣ ਲੋਕੀ (ਇਸ ਗੱਲ ਨੂੰ) ਸਮਝ ਨਹੀ ਸਕਦੇ॥੧॥ਰਹਾਉ॥ (ਪ੍ਰਸ਼ਨ ਸਖੀ ਦਾ:-ਤੇਰੇ ਗੁਣ, ਰੂਪ, ਰੰਗ, ਸ਼ਿੰਗਾਰ, ਸੁਘੜਤਾ

ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ ॥
ਕਰੁ ਮਸਤਕਿ ਧਾਰਿ ਰਾਖਿਓ ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ ਅਜਾਨਾ ॥੧॥ ਰਹਾਉ ॥

ਤੇ ਰੀਝ ਪਿਆ ਹੋਊ ? ਉੱਤਰ ਨਾਯਕਾਦਾ:-) (ਨਹੀਂ ਨੀ ਸਖੀ ! ਮੇਰੇ ਪਤੀ ਨੇ) ਮੇਰਾ ਗੁਣ ਅਵਗੁਣ ਦਾ ਵੀਚਾਰ ਕੁਛ ਨਹੀਂ ਕੀਤਾ, ਨਾ ਹੀ (ਉਸ ਨੇ) ਮੇਰੇ ਰੂਪ ਰੰਗ ਤੇ ਸ਼ਿੰਗਾਰ ਵਲ ਤੱਕਿਆ ਹੈ, (ਨਾ ਉਸ ਨੇ ਮੇਰੇ) ਸੁਚੱਜ (ਕੁਚੱਜ ਕਿ ਸ੍ਰੇਸ਼ਟ) ਆਚਾਰ ਦੀ ਕੋਈ ਜਾਣ ਪਛਾਣ ਕੀਤੀ ਹੈ, ਬਾਹੋਂ ਫੜ ਕੇ ਪਿਆਰੇ ਨੇ ਮੈਨੂੰ ਆਪਣੀ ਸੇਜਾ ਤੇ ਲੈ ਆਂਦਾ ਹੈ॥੧॥

ਸੁਹਾਗੁ ਹਮਾਰੋ ਅਬ ਹੁਣਿ ਸੋਹਿਓ ॥
ਕੰਤੁ ਮਿਲਿਓ ਮੇਰੋ ਸਭੁ ਦੁਖੁ ਜੋਹਿਓ ॥
ਆਂਗਨਿ ਮੇਰੈ ਸੋਭਾ ਚੰਦ ॥
ਨਿਸਿ ਬਾਸੁਰ ਪ੍ਰਿਅ ਸੰਗਿ ਅਨੰਦ ॥੨॥

(ਹੇ ਸਖੀ ! ਐਉਂ) ਹੁਣ ਮੇਰਾ ਸੁਹਾਗ ਸੁਭਾਇਮਾਨ ਹੋਇਆ ਹੈ (ਹਾਂ, ਮੈਨੂੰ) ਕੰਤ ਮਿਲ ਪਿਆ ਹੈ, (ਇਸ ਨਾਲ) ਮੇਰਾ ਸਾਰਾ ਦੁਖ ਦੂਰ ਹੋ ਗਿਆ ਹੈ। ਮੇਰੇ ਵਿਹੜੇ ਵਿਚ (ਪੁੰਨਿਆਂ ਦੇ) ਚੰਦ੍ਰਮਾ (ਵਰਗੀ) ਸ਼ੋਭਾ (ਛਾ ਰਹੀ ਹੈ), ਦਿਨੇ ਰਾਤ ਪਤੀ ਨਾਲ ਆਨੰਦ (ਮਾਣਿਆਂ ਜਾ ਰਿਹਾ ਹੈ)॥੨॥

ਬਸਤ੍ਰ ਹਮਾਰੇ ਰੰਗਿ ਚਲੂਲ ॥
ਸਗਲ ਆਭਰਣ ਸੋਭਾ ਕੰਠਿ ਫੂਲ ॥
ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ॥ ਦੁਸਟ ਦੂਤ ਕੀ ਚੂਕੀ ਕਾਨਿ॥੩॥

ਮੇਰੇ ਕਪੜੇ ਚੁਹਚੁਹੇ ਲਾਲ ਰੰਗ ਵਿਚ (ਰੰਗੇ ਹੋਏ ਹਨ, ਸਰੀਰ ਤੇ) ਸਾਰੇ ਗਹਿਣੇ ਪਹਿਨੇ ਹੋਏ (ਤੇ) ਗਲੇ ਵਿਚ ਫੁੱਲਾਂ (ਦੀ ਮਾਲਾ ਪਾਈ ਹੋਈ) ਸ਼ੋਭਾ (ਦੇ ਰਹੀ ਹੈ। ਹਾਂ ਜਦ) ਪਤੀ ਨੇ (ਇਕ)ਤੱਕਣੀ ਪਾ ਕੇ ਤੱਕ ਲਿਆ(ਤਾਂ ਮੈਨੂੰ) ਸਾਰੇ ਖ਼ਜ਼ਾਨੇ (ਜਾਣੋ) ਮਿਲ ਗਏ। [ਪ੍ਰਸ਼ਨ ਸਖੀ ਦਾ:-ਪਿਆਰੀ, ਸੁਖ ਦਾ ਸਭ ਕੋਈ ਲਾਗੂ ਹੁੰਦਾ ਹੈ, ਤੈਨੂੰ ਬੀ ਦੁਸ਼ਟਾਂ ਦੂਤਾਂ ਦੀ ਕੁਛ ਤਾਂ ਕਨੌੜ ਕੱਢਣੀ ਪੈਂਦੀ ਹੋਊ, ਜੇ ਕੋਈ ਵਿਘਨ ਨਾ ਪਾ ਦੇਣ? ਉੱਤਰ ਨਾਯਕਾ ਦਾ: ਪਤੀ ਦੀ ਦ੍ਰਿਸ਼ਟੀ ਇਕ ਵੇਰ ਪਈ ਹੋਈ ਫੇਰ ਵਟੀਜ਼ ਨਹੀਂ ਸਕਦੀ, ਇਸ ਕਰਕੇ] ਦੁਸ਼ਟਾਂ ਤੇ ਦੂਤੀਆਂ ਦੀ ਕਨੌੜ (ਬੀ ਨਾਲ ਹੀ) ਦੂਰ ਹੋ ਗਈ ਹੈ॥੩॥

ਸਦ ਖੁਸੀਆ ਸਦਾ ਰੰਗ ਮਾਣੇ ॥
ਨਉ ਨਿਧਿ ਨਾਮੁ ਗ੍ਰਿਹ ਮਹਿ ਤ੍ਰਿਪਤਾਨੇ॥
ਕਹੁ ਨਾਨਕ ਜਉ ਪਿਰਹਿ ਸੀਗਾਰੀ ॥
ਥਿਰੁ ਸੋਹਾਗਨਿ ਸੰਗਿ ਭਤਾਰੀ॥੪॥੭॥

(ਹੁਣ ਤਾਂ) ਸਦੈਵੀ ਖ਼ੁਸ਼ੀਆਂ ਤੇ ਸਦਾ ਦੇ ਰੰਗ ਮਾਣਨੇ (ਹੋ ਰਹੇ ਹਨ), ਨਾਮ (ਜੋ) ਨਉਨਿਧਾਂ (ਤੋਂ ਅਮੋਲਕ ਹੈ ਮਿਲ ਗਿਆ ਹੈ ਜਿਸ ਕਰਕੇ) ਮਨ ਵਿਚ ਤ੍ਰਿਪਤੀਆਂ ਹੋ ਰਹੀਆਂ ਹਨ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਜਦ ਪਤੀ ਨੇ (ਆਪ ਮੈਂ) ਸ਼ਿੰਗਾਰ ਲਈ ਹਾਂ (ਤਾਂ ਮੈਂ ਆਪਣੇ) ਪਤੀ ਦੇ (ਸਦਾ) ਨਾਲ ਰਹਿਣੇ ਵਾਲੀ ਥਿਰ ਸੁਹਾਗਣ ਹੋ ਗਈ ਹਾਂ॥੪॥

ਵਯਾਖਯਾ— ਕਾਵਯ ਵਾਲੇ ਇਸ ਸ਼ਬਦ ਵਿਚ ਆਈ ਇਸਤ੍ਰੀ ਨੂੰ 'ਸ੍ਵਕੀਯਾ*' ਆਖਣਗੇ। ਯਾ ਕੋਈ 'ਸ੍ਵਾਧੀਨ ਪਤਿਕਾ†' ਯਾ ਕੋਈ 'ਉਤਮਾ ਸ੍ਵਕੀਯਾ‡' ਕਹਿਣ ਵਾਲੇ ਰੁਖ਼ ਕਰਨਗੇ, ਪਰ ਇਥ

*ਅਪਨੇ ਪਤਿ ਮੇਂ ਅਨੁਰਾਗ ਰਖਨੇ ਵਾਲੀ ਇਸਤ੍ਰੀ ਕੋ ਸ੍ਵਕੀਯਾ ਕਹਿਤੇ ਹੈਂ। [ਰਸ ਕੁਸਮਾਕੁਰ]
ਪੁਨਾ:—ਧੰਨਜ ਸ੍ਵਕੀਯਾ ਨਾਯਕਾ ਨਿਜ ਪਤਿ ਹੀ ਮੇਂ ਪ੍ਰੇਮ।
ਪਤਿ ਪਰਮੇਸੁਰ ਮਾਨਿਕੈ ਤਿਯ ਸੇਵਤਿ ਸਹਿ ਨੇਮ। [ਰਸ ਰਤਨਾਕਰ]
†ਪ੍ਰਿਯ ਕੋ ਵਸੀਭੂਤ ਕਰਨੇ ਵਾਲੀ ਇਸਤ੍ਰੀ ਕੋ ਸ੍ਵਾਧੀਨ ਪਤਿਕਾ ਕਹਿਤੇ ਹੈਂ। [ਰਸ ਕੁਸਮਾਕੁਰ]
ਇਹੋ ਰੂਪਕ ਗੁਰਬਾਣੀ ਵਿਚ ਬੀ ਵਰਤਿਆ ਹੈ, ਯਥਾ:
ਗੁਣ ਕਾਮਣ ਕਰ ਕੰਤੁ ਰੀਝਾਇਆ॥ ਵਸਿ ਕਰਿ ਲੀਨਾ ਗਰਿ ਭਰਮੁ ਚੁਕਾਇਆ॥ [ਸੂਹੀ ਮਹਲਾ੫-੪]
‡ਪ੍ਰਿਯ ਕੇ ਅਨ ਹਿਤਕਾਰੀ ਹੋਨੇ ਪਰ ਬੀ ਹਿਤਕਾਰਣੀ ਇਸਤ੍ਰੀ ਕੋ ਉੱਤਮਾ ਕਹਿਤੇ ਹੈਂ। [ਰਸ ਕੁਸਮਾਕੁਰ]
ਪਰ ਇਸ ਸ਼ਬਦ ਵਿਚ ਤਾਂ ਇਹ ਇਸਤ੍ਰੀ ਹੈ ਜੋ ਸਾਰਾ ਹਿਤ ਹੀ ਪਤੀ ਦਾ ਵਰਣਨ ਕਰ ਰਹੀ ਹੈ। ਪਤੀ ਦਾ ਅਨਹਿਤ ਨਹੀਂ, ਡੁਲ੍ਹਵਾਂ ਹਿਤ ਹੈ।

ਜਿਸ ਨਾਯਕਾ ਦਾ ਰੂਪਕ ਲਿਆ ਹੈ ਉਹ ਪੂਰਨ ਪਤਿਬ੍ਰਤਾ ਹੈ ਤੇ ਉਸ ਦੇ ਅੰਤ੍ਰੀਵ ਭਾਵ ਲਏ ਹਨ ਜੋ ਆਪਾ ਹੋਮ ਚੁਕੀ ਹੈ ਤੇ ਪ੍ਰੀਤਮ ਹੀ ਪ੍ਰੀਤਮ ਹਰ ਗਲ ਵਿਚ ਦੇਖਦੀ ਤੇ ਕ੍ਰਿਤ ਕ੍ਰਿਤ ਹੋਈ ਸਦਾ ਸੰਗਮ ਵਿਚ ਰਹਿ ਕੇ ਰਸ ਮਾਣਦੀ ਕਿ ਰਸ ਲੀਨ ਹੋ ਤਦਰੂਪਤਾ ਨੂੰ ਪ੍ਰਾਪਤ ਹੋ ਜਾਂਦੀ ਹੈ। ਇਸ ਤੋਂ ਅੱਗੇ ਮਹਲਾ ੫ ਦੇ ਸ਼ਬਦ ੫੨ ਤੇ ੫੩ ਬੀ ਇਸ ਦੇ ਨਾਲ ਵਾਚ ਲੈਣੇ ਚਾਹੀਏ।

ਇਸ ਸ਼ਬਦ ਵਿਚ ਇਕ ਰੂਪਕ ਹੈ, ਇਸ ਦੇ ਅੰਤਰਗਤਿ ਵਾਹਿਗੁਰੂ ਪ੍ਰਾਪਤ ਗੁਰਮੁਖ ਦੇ ਅਪਣੇ ਅੰਤ੍ਰੀਵ ਭਾਵਾਂ ਦਾ ਵਰਣਨ ਹੈ ਜੋ ਅਪਣੀ ਪ੍ਰਾਪਤੀ ਦੇ ਅੰਗ ਨੂੰ ਵਾਹਿਗੁਰੂ ਦੀ ਮੇਹਰ ਸਮਝਦਾ ਤੇ ਮੇਹਰ ਤੇ ਨਦਰ ਦੇ ਅਹਿਸਾਸ ਨਾਲ ਪ੍ਰਫੁੱਲਤ ਹੋਇਆ ਵਸਲ ਦੇ ਰਸ ਤੇ ਰਸ ਲੀਨਤਾ ਦੀ ਤਦਰੂਪਤਾ ਨੂੰ ਸੁਣ ਰਿਹਾ ਹੈ। ਇਹ ਗੱਲ ਕਿ ਸ਼ਬਦ ਵਿਚ ਇਸਤ੍ਰੀ ਦਾ ਵਰਣਨ ਨਹੀਂ ਪਰ ਗੁਰਮੁਖ ਦਾ ਹੈ ਗੁਰਬਾਣੀ ਦੀ ਚਾਲ ਤੋਂ ਸਮਝ ਆ ਜਾਂਦੀ ਹੈ, ਪਰ ਸ਼ਬਦ ਦੇ ਵਿਚ ਆਈ ਇਹ ਤੁਕ 'ਨਉ ਨਿਧਿ ਨਾਮ ਗ੍ਰਿਹ ਮਹਿ ਤ੍ਰਿਪਤਾਨੇਂ' ਤੋਂ ਬੀ ਸਪਸ਼ਟ ਹੋ ਜਾਂਦੀ ਹੈ, ਜਿਸ ਵਿਚ 'ਨਾਮ' ਦਾ ਵਰਣਨ ਆ ਗਿਆ ਹੈ। ਅੱਗੇ ਹੁਣ ਇਸ ਸ਼ਬਦ ਦੇ ਮੁੜ ਕੇ ਅਰਥ ਕਰਦੇ ਹਾਂ, ਜਿਨ੍ਹਾਂ ਵਿਚ ਸਾਰੇ ਪਦ ਪਦਾਰਥ ਗੁਰਮੁਖ ਪਰ ਲੱਗ ਜਾਂਦੇ ਹਨ।

ਗੁਨੁ ਅਵਗਨੁ ਮੇਰੋ ਕਛੁ ਨ ਬੀਚਾਰੋ ॥
ਨਹ ਦੇਖਿਓ ਰੂਪ ਰੰਗ ਸੀਂਗਾਰੋ ॥
ਚਜ ਅਚਾਰ ਕਿਛੁ ਬਿਧਿ ਨਹੀ ਜਾਨੀ ॥
ਬਾਹ ਪਕਰਿ ਪ੍ਰਿਅ ਸੇਜੈ ਆਨੀ ॥੧॥
ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ ॥
ਕਰੁ ਮਸਤਕਿ ਧਾਰਿ ਰਾਖਿਓ ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ ਅਜਾਨਾ ॥੧॥ ਰਹਾਉ ॥

ਹੇ ਮੇਰੇ ਸੰਤ ਮਿਤ੍ਰ ਮੇਰੇ ਪ੍ਰਭੂ ਪਰਮੇਸ਼ੁਰ ਨੇ (ਆਪੇ ਹੀ) ਮੈਨੂੰ ਆਪਣੀ ਸ਼ਰਣ ਵਿਚ ਲੈ ਲਿਆ ਹੈ, (ਗੁਰੂ ਦਾ ਪਵਿਤ੍ਰ) ਹੱਥ (ਮੇਰੇ) ਮੱਥੇ ਤੇ ਰੱਖਕੇ (ਮੈਨੂੰ ਅਪਨਾ ਲਿਆ ਹੈ, (ਅਪਨਾਉਣ ਕਰਕੇ ਮੈਂ) ਉਸ ਦੀ ਰਖਜਾ ਵਿਚ ਹੋ ਗਿਆ। ਇਸ ਮੇਹਰ ਦੇ ਮਾਰਗ ਨੂੰ ਆਮ ਲੋਕ ਸਮਝ ਨਹੀਂ ਸਕਦੇ।।੧।।ਰਹਾਉ।

(ਉਸ ਪ੍ਰਭੂ ਨੇ) ਮੇਰੇ (ਇਖ਼ਲਾਕ) ਗੁਣ ਤੇ ਅਵਗੁਣ (ਦੁਹਾਂ ਨੂੰ ਨਹੀਂ ਗਉਲਿਆ, ਨਾ (ਮੇਰੇ ਚਿਤ ਦੀ) ਸੁੱਧਤਾ, ਨਾ ਪ੍ਰੇਮ, ਨਾ ਸਾਧਨਾਂ ਵਲ ਤੱਕਿਆ। (ਨਾ ਮੇਰੀ ਵਿਦਜਕ, ਉਨਰਕ ਸੁਘੜਤਾ ਦੀ, ਨਾ ਮੇਰੇ ਸ੍ਰੇਸ਼ਟਾਚਾਰ (ਆਦਿ ਦੀ) ਪਛਾਣ ਤੇ ਕੁਛ ਲੋੜ ਰੱਖੀ। (ਬੱਸ) ਮੱਲੋ ਮੱਲੀ (ਮੇਰੀ ਬੁੱਧੀ ਨੂੰ) ਖਿੱਚ ਲਿਆ ਤੇ ਸ੍ਵੈਸਰੂਪ ਵਿਚ ਅਨੁਭਵੀ ਕਰ ਦਿੱਤਾ॥੧॥

ਸੁਹਾਗੁ ਹਮਾਰੋ ਅਬ ਹੁਣਿ ਸੋਹਿਓ ॥
ਕੰਤੁ ਮਿਲਿਓ ਮੇਰੋ ਸਭੁ ਦੁਖੁ ਜੋਹਿਓ ॥
ਆਂਗਨਿ ਮੇਰੈ ਸੋਭਾ ਚੰਦ ॥
ਨਿਸਿ ਬਾਸੁਰ ਪ੍ਰਿਅ ਸੰਗਿ ਅਨੰਦ ॥੨॥

[ਇਹ ਸੇਜੈ ਆਨੀ ਨਿਰਾ ਸ਼ੂਨ ਸਥਿਤੀ ਮਾਤ੍ਰ ਨਹੀਂ, ਇਹ 'ਵਾਹਿਗੁਰੂ' ਜੀ ਦੀ ਸਚਮੁਚ ਪ੍ਰਾਪਤੀ ਹੈ ਯਥਾ:—[ਮੇਰਾ ਮਾਲਕ (ਪਤੀ) ਪਰਮੇਸ਼ੁਰ (ਮੈਨੂੰ) ਸਚਮੁਚ ਹੁਣ ਮਿਲ ਪਿਆ ਹੈ, ਮੇਰੇ (ਆਧਿ, ਬਿਆਧਿ, ਉਪਾਧਿ, ਸਰੀਰਕ, ਮਾਨਸਕ, ਆਤਮਕ) ਸਾਰੇ ਦੁਖ ਦੂਰ ਹੋ ਗਏ ਹਨ ਵਾਹਿਗੁਰੂ ਮਿਲਾਪ (ਦੀ ਸੁਭਾਗਮਾਨਤਾ ਨੂੰ ਮੈਂ ਹੁਣ ਮਾਣ ਰਿਹਾ ਹਾਂ)। ਹਿਰਦੇ ਮੇਰੇ ਵਿਚ(ਹੁਣ) ਸਤੋ ਗੁਣ (ਰੂਪੀ) ਚੰਦ ਦਾ ਪ੍ਰਕਾਸ਼ ਹੈ, (ਅਤੇ) ਦਿਨ ਰਾਤ ਆਪਣੇ ਪਰਮੇਸ਼ੁਰ ਦਾ ਸੰਗ (ਤੇ ਉਸ ਤੋਂ ਮਿਲ ਰਹੇ) ਆਨੰਦ (ਦਾ ਸੁਖ) ਹੈ॥੨॥

ਬਸਤ੍ਰ ਹਮਾਰੇ ਰੰਗਿ ਚਲੂਲ ॥
ਸਗਲ ਆਭਰਣ ਸੋਭਾ ਕੰਠਿ ਫੂਲ ॥
ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ ॥ ਦੁਸਟ ਦੂਤ ਕੀ ਚੂਕੀ ਕਾਨਿ ॥੩॥

ਅੰਤਹਕਰਣ ਮੇਰੇ (ਰੰਗਿ=) ਪ੍ਰੇਮ ਵਿਚ ਰੰਗੇ ਪਏ ਹਨ, ਸਾਰੇ ਦੈਵੀ ਗੁਣ (ਗਹਿਣਿਆਂ ਵਾਂਙੂ) ਅਤੇ ਸੁਭ ਕੀਰਤੀ ਗਲ ਪਏ ਫੁਲਹਾਰਾਂ (ਵਾਂਙੂ ਸੁਗੰਧੀ ਦੇ ਰਹੀ ਹੈ)। ਪ੍ਰਭੂ (ਪਤੀ) ਨੇ ਮਿਹਰ ਦੀ ਨਜ਼ਰ ਪਾਈ ਹੈ (ਮਾਨੋ) ਸਾਰੇ ਪਦਾਰਥ (ਇਸ ਨਜ਼ਰ ਵਿਚ ਹੀ) ਮਿਲ ਗਏ ਹਨ। (ਪ੍ਰਭੂ ਦੇ ਪ੍ਰੇਮੀ ਹੋ ਜਾਣ ਕਰਕੇ)

	ਦੁਸ਼ਮਨਾ ਦੂਤਾਂ ਦੀ ਕਨੌਡ ਨਹੀ ਰਹੀ, (ਕਿਉਂਕਿ ਉਸ ਪ੍ਰਭੂ ਦਾ ਬਿਰਦ ਹੈ:-ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥ [ਗਉੜੀ ਮਹਲਾ ੫, ਛੰਤ-੧੧]
ਸਦ ਖੁਸੀਆ ਸਦਾ ਰੰਗ ਮਾਣੇ ॥ ਨਉ ਨਿਧਿ ਨਾਮੁ ਗ੍ਰਿਹ ਮਹਿ ਤ੍ਰਿਪਤਾਨੇ॥ ਕਹੁ ਨਾਨਕ ਜਉ ਪਿਰਹਿ ਸੀਗਾਰੀ ॥ ਥਿਰੁ ਸੋਹਾਗਨਿ ਸੰਗਿ ਭਤਾਰੀ॥੪॥੭॥	(ਪ੍ਰਭੂ ਸਦਾ ਥਿਰ ਹੈ, ਉਸ ਦਾ ਸਰੂਪ ਅਨੰਦ ਹੈ, ਇਸ ਕਰਕੇ ਹੁਣ) ਸਦੈਵੀ ਖੁਸ਼ੀਆਂ ਪ੍ਰਾਪਤ ਹਨ, ਸਦੈਵੀ ਰੰਗ ਮਾਣ ਰਹੀ ਹਾਂ। (ਹਾਂ ਪ੍ਰਭੂ ਰੂਪੀ ਸੁਹਾਗ, ਸ੍ਵਾਮੀ ਸਦਾ ਥਿਰ ਹੈ) ਉਸ ਦੇ ਨਾਲ ਮਿਲਕੇ (ਗੁਰਮੁਖ ਰੂਪੀ) ਸੁਹਾਗਣ ਸਦਾ ਥਿਰ ਹੈ। (ਜੈਸਾ ਕਿ ਵਾਕ ਹੈ:-'ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ।'*ਕਿਉਂਕਿ ਮੈਨੂੰ) ਪਰਮੇਸ਼ੁਰ ਨੇ (ਆਪ ਆਪਣੇ ਮਨ ਭਉਂਦੇ ਗੁਣਾਂ ਨਾਲ) ਸ਼ਸ਼ੋਭਤ ਕਰ ਲਿਆ ਹੈ। (ਜਿਨ੍ਹਾਂ ਦਾ ਮੂਲ ਹੈ) 'ਨਾਮ' (ਉਹ ਨਾਮ ਜੋ) ਨਉਨਿਧਾਂ (ਤੋਂ ਬੀ ਕੀਮਤੀ ਹੈ, ਕਿਉਂਕਿ ਨੌ ਨਿਧਾਂ ਨਾਲ ਤ੍ਰਿਪਤੀ ਨਹੀਂ, ਇਸ ਨਾਲ) ਮਨ ਵਿਚ ਤ੍ਰਿਪਤੀ ਆ ਗਈ ਹੈ॥ ੪॥ ੭॥

ਨਿਰੁਕ੍ਤ—'ਗੁਨੁ ਅਵਗੁਨ' ਸਮੁਚੇ ਕਹੇ ਹਨ, ਅੱਗੇ ਉਹ ਸਾਰੇ ਸ਼ਬਦ ਵਿਚ ਵਿਸਤ੍ਰਿਤ ਹਨ। ਅੰਤ੍ਰੀਵ ਅਰਥ ਸਾਰੇ ਪਦਾਂ ਦੇ ਉੱਪਰ ਦਿੱਤੇ ਸ਼ਬਦ ਦੇ ਦੂਸਰੇ ਅਰਥ ਵਿਚ ਆ ਗਏ ਹਨ। ਏਹ ਸਾਰੇ ਲੱਖਣਾ ਬ੍ਰਿਤੀ ਨਾਲ ਲਾਈਦੇ ਹਨ। **ਸੀਂਗਾਰੋ**—[ਸੰਸ:, ਸ਼੍ਰਿੰਗਾਰ] ਸਿੰਗਾਰ। ਸਜਾਵਟ ਦੇ ਸਾਮਾਨ ਜੋ ਇਸਤ੍ਰੀਆਂ ਲਾਉਂਦੀਆਂ ਹਨ। ਅਕਸਰ ਸੋਲਾਂ ਗਿਣੀਦੇ ਹਨ।

ਸੁਨਿਬੋ—ਸੁਨ ਹੇ। **ਕੀਅਲੋ**—ਕੀਤਾ।

ਜੋਹਿਓ—[ਸਿੰ:, ਜੋਹਣ=ਦਬਾਉਣਾ, 'ਜੋਹਨ' ਹੁੰਦਾ ਹੈ ਦੇਖਣਾ] ਦਬਾ ਦਿਤਾ, ਦੂਰ ਕਰ ਦਿਤਾ।

ਆਂਗਨਿ—[ਸੰਸ:, ਅੰਗਨ। ਹਿੰਦੀ, ਆਂਗਨ] ਵਿਹੜਾ। **ਨਿਸਬਾਸੁਰ**—ਰਾਤ ਦਿਨ।

ਚਲੂਲ—[ਦੇਖੋ ਪੰਨਾ ੪੩੯] ਗੂਹੜੇ ਲਾਲ ਰੰਗ ਦੇ, ਚੁਹਚੁਹੇ ਲਾਲ ਰੰਗ ਦੇ।

ਆਭਰਣ—[ਸੰਸ:, ਆਭਰਣ] ਗਹਿਣੇ।

ਕੰਠਿ ਫੂਲ—[ਸੰਸ:, ਕੰਠ:=ਗਲਾ, ਗਰਦਨ] ਗਲੇ ਵਿਚ ਫੁੱਲ। ਭਾਵ ਹੈ ਗਲੇ ਵਿਚ ਫੁੱਲਾਂ ਦੀ ਮਾਲਾ। ਆਭਰਣ ਸੋਨੇ ਚਾਂਦੀ ਦੇ ਤੇ ਸਿਹਰੇ ਮਾਲਾ ਫੁੱਲਾਂ ਦੀਆਂ। (ਅ) ਕੰਠਿ=ਕੰਠਾ, ਫੂਲ=ਸਿਰ ਦਾ ਇਕ ਗਹਿਣਾ। ਚੌਂਕ ਤੋਂ ਹੇਠ ਦੋ ਫੁੱਲ ਹੁੰਦੇ ਹਨ। (ੲ) ਕੰਠੀ ਫੂਲ ਆਦਿ ਗਹਿਣਿਆਂ ਦੀ ਸ਼ੋਭਾ। (ਸ) ਸ਼ਲੇਖ ਕਰਕੇ ਕਰਦੇ ਹਨ ਕੰਠ ਫੂਲ ਭਇਆ ਅਰਥਾਤ ਗਲਾ ਪ੍ਰਫੁੱਲਤ ਹੋ ਗਿਆ। ਕੰਠ ਫੂਲ ਨਾਮੇ ਗਹਿਣਾ ਪਾ ਕੇ ਜਿਸ ਨੂੰ ਅਤਰ ਦਾਨ ਆਖਦੇ ਹਨ। ਅੰਤ੍ਰੀਵ ਅਰਥ-ਕੀਰਤੀ ਫੈਲੀ ਹੈ ਇਸ ਸਰੀਰ ਦੀ।

ਭਤਾਰੀ—ਪਤੀ ਦੇ ਨਾਲ।

[ਆਸਾ ਮਹਲਾ ੫, ਚਉਪਦਾ, ੮—੭੫]

ਮੂਲ	ਅਰਥ
ਆਸਾ ਮਹਲਾ ੫ ॥ ਦਾਨੁ ਦੇਇ ਕਰਿ ਪੂਜਾ ਕਰਨਾ ॥ ਲੈਤ ਦੇਤ ਉਨ੍ ਮੂਕਰਿ ਪਰਨਾ ॥ ਜਿਤੁ ਦਰਿ ਤੁਮ੍ ਹੈ ਬ੍ਰਾਹਮਣ ਜਾਣਾ ॥ ਤਿਤੁ ਦਰਿ ਤੂੰਹੀ ਹੈ ਪਛੁਤਾਣਾ ॥੧॥	(ਜਜਮਾਨਾਂ ਦਾ ਕਰਮ ਹੋ ਰਿਹਾ ਹੈ ਨਾਲ ਤਾਂ ਬ੍ਰਾਹਮਣਾਂ ਨੂੰ ਦਾਨ ਦੇਣਾ ਤੇ) ਦਾਨ ਦੇ ਕੇ ਪੂਜਾ ਕਰਨੀ, ਉਹਨਾਂ (ਬ੍ਰਾਹਮਣਾਂ ਦਾ ਕਰਮ ਹੋ ਰਿਹਾ ਹੈ ਦਾਨ) ਲੈਂਦਿਆਂ ਦੇਂਦਿਆਂ ਮੁੱਕਰੀ ਜਾਣਾ ਹੇ ਬ੍ਰਾਹਮਣ ! ਤੂੰ (ਮਰ ਕੇ) ਜਿਸ ਦਰਬਾਰ ਵਿਚ ਜਾਣਾ ਹੈ, ਓਸ ਦਰਬਾਰ (ਜਾ ਕੇ) ਤੈਨੂੰ ਪਛੁਤਾਉਣਾ ਪਵੇਗਾ॥ ੧॥

*ਵਾਰ ਮਾਰੂ ਡਖਣੇ ਮਹਲਾ ੫-੧੮।

ਐਸੇ ਬ੍ਰਾਹਮਣ ਡੂਬੇ ਭਾਈ ॥ ਨਿਰਾਪਰਾਧ ਚਿਤਵਹਿ ਬੁਰਿਆਈ॥੧॥ ਰਹਾਉ ॥	ਹੇ ਬ੍ਰਾਹਮਣ! (ਸੁਣ) ਭਾਈ! ਐਸੇ (ਭਾਵ ਤੇਰੇ ਵਰਗੇ) ਬ੍ਰਾਹਮਣ (ਅੰਤ ਨੂੰ) ਡੁਬਦੇ ਹਨ, ਜੋ ਬਿਨਾਂ ਕਸੂਰ ਕੀਤੇ ਦੇ (ਅਪਣੇ ਜਜਮਾਨਾਂ ਦੀ) ਬੁਰਿਆਈ ਚਿਤਵਦੇ ਰਹਿੰਦੇ ਹਨ॥੧॥ ਰਹਾਉ॥
ਅੰਤਰਿ ਲੋਭੁ ਫਿਰਹਿ ਹਲਕਾਏ ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥ ਮਾਇਆ ਮੂਠਾ ਚੇਤੈ ਨਾਹੀ ॥ ਭਰਮੇ ਭੂਲਾ ਬਹੁਤੀ ਰਾਹੀ ॥੨॥	(ਹਾਂ ਜੋ) ਅੰਦਰ ਤਾਂ ਹੁੰਦਾ ਹੈ ਨੇ ਲੋਭ (ਜਿਸਦੇ ਮਾਰੇ) ਹਲਕਾਏ ਹੋਏ ਫਿਰਦੇ ਹਨ (ਲੈ ਦੇਕੇ ਫੇਰ) ਨਿੰਦਾ ਕਰਦੇ ਸਿਰ ਤੇ (ਨਿੰਦਾ ਦਾ) ਭਾਰ ਚੁੱਕੀ ਜਾਂਦੇ ਹਨ। (ਹੇ ਬ੍ਰਾਹਮਣ ਤੂੰ ਬੀ ਉਹਨਾਂ ਹੀ ਵਰਗਾ ਇਕ ਹੈਂ ਜੋ) ਮਾਇਆ ਦਾ ਠੱਗਿਆ ਹੋਇਆ (ਪਰਮੇਸ਼ੁਰ ਨੂੰ ਕਦੇ) ਯਾਦ ਨਹੀਂ ਕਰਦਾ, ਭਰਮ ਵਿਚ ਭੁੱਲਾ ਹੋਇਆ ਅਨੇਕਾਂ ਰਾਹਾਂ ਵਿਚ (ਭੰਬਲ ਭੂਸੇ ਖਾਂਦਾ ਫਿਰਦਾ) ਹੈਂ॥੨॥
ਬਾਹਰਿ ਭੇਖ ਕਰਹਿ ਘਨੇਰੇ ॥ ਅੰਤਰਿ ਬਿਖਿਆ ਉਤਰੀ ਘੇਰੇ ॥ ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥	ਬਾਹਰੋਂ ਤਾਂ (ਤਿਲਕ, ਜੰਞੂ, ਧੋਤੀ ਮਾਲਾ ਆਦਿ) ਬਥੇਰੇ ਵੇਸ ਧਾਰਦਾ ਹੈ, ਅੰਦਰ (ਤੇਰੇ) ਮਾਇਆ (ਸਰਪਣੀ ਵਾਂਙੂ) ਵਲ ਮਾਰੀ ਬੈਠੀ ਹੈ। (ਸੁਣ ਹੇ ਦੇਵਤਾ ! ਜੇ ਕੋਈ) ਹੋਰਨਾਂ ਨੂੰ ਤਾਂ ਉਪਦੇਸ਼ ਕਰਦਾ ਹੈ (ਪਰ) ਆਪ (ਅਪਣੇ ਕੀਤੇ ਉਪਦੇਸ਼ ਦੇ ਭਾਵ ਨੂੰ) ਸਿਆਣਦਾ ਨਹੀਂ, ਐਸਾ ਬ੍ਰਾਹਮਣ ਕਿਧਰੇ ਬੀ ਸਿਧੀ ਨਹੀਂ ਪ੍ਰਾਪਤ ਕਰਦਾ। (ਭਾਵ ਮੁਕਤ ਨਹੀਂ ਹੁੰਦਾ)॥੩॥
ਮੂਰਖ ਬਾਮਣ ਪ੍ਰਭੂ ਸਮਾਲਿ ॥ ਦੇਖਤ ਸੁਨਤ ਤੇਰੈ ਹੈ ਨਾਲਿ ॥ ਕਹੁ ਨਾਨਕ ਜੇ ਹੋਵੀ ਭਾਗੁ ॥ ਮਾਨੁ ਛੋਡਿ ਗੁਰ ਚਰਣੀ ਲਾਗੁ ॥੪॥੮॥	ਹੇ ਮੂਰਖ ਬ੍ਰਾਹਮਣ ! ਪ੍ਰਭੂ ਨੂੰ ਸਿਮਰ (ਜੋ ਤੇਰੇ ਕਰਮ) ਦੇਖਦਾ (ਤੇਰੇ ਉਪਦੇਸ਼) ਸੁਣਦਾ (ਸਦਾ) ਤੇਰੇ ਨਾਲ (ਰਹਿੰਦਾ) ਹੈ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਜੇ (ਤੇਰੇ) ਭਾਗ ਹੋਣ ਤਾਂ ਮਾਨ ਛਡ ਦੇਹ ਤੇ ਗੁਰੂ ਕੀ ਚਰਣੀ ਲਗ ਜਾਹ॥੪॥੮॥

ਵਜਾਖਜਾ— ਇਸ ਸ਼ਬਦ ਵਿਚ ਅਪਣੇ ਆਦਰਸ਼ਾਂ ਤੋਂ ਬੜੇ ਗਿਰ ਚੁਕੇ ਬ੍ਰਾਹਮਣਾਂ ਦੀ ਤਸਵੀਰ ਹੈ। ਇਸ ਵਿਚ ਦੋ ਤਰ੍ਹਾਂ ਦੇ ਵਾਕ ਹਨ:-ਇਕ ਤਾਂ ਵਾਕ ਹਨ ਆਮ ਬ੍ਰਾਹਮਣਾਂ ਦੀ ਗਿਰਾਵਟ ਦੇ ਤੇ ਇਕ ਹੈਨ ਇਕ ਖਾਸ ਗਿਰੇ ਹੋਏ ਬ੍ਰਾਹਮਣ ਪ੍ਰਤੀ ਸੰਬੋਧਨ ਕੀਤੇ ਹੋਏ। ਜਾਪਦਾ ਹੈ ਕਿ ਕਿਸੇ ਬ੍ਰਾਹਮਣ ਨੇ ਦਾਨ ਲੈ, ਪੂਜਾ ਕਰਾ ਫੇਰ ਅਪਣੇ ਜਜਮਾਨ ਦੀ ਨਿੰਦਾ ਕੀਤੀ ਹੈ, ਉਸ ਪ੍ਰਤੀ ਗੁਰੂ ਜੀ ਨੇ ਉਪਦੇਸ਼ ਦਿੱਤਾ ਹੈ, ਉਹ ਉਪਦੇਸ਼ ਸ਼ਬਦ ਵਿਚ ਅੰਕਿਤ ਹੈ। ਬ੍ਰਹਮਣੀ ਗਿਰਾਵਟ ਦੇ ਪ੍ਰਵਿਰਤ ਲੱਛਣ ਏਹ ਦੱਸੇ ਹਨ:-

੧. ਦਾਨ ਲੈਣਾ,ਪੂਜਾ ਕਰਾਉਣੀ ਫੇਰ ਨਿੰਦਾ ਕਰਨੀ ਤੇ ਉਨ੍ਹਾਂ ਦਾਤਿਆਂ ਦਾ ਬੁਰਾ ਚਿਤਵਨਾ ਤੇ ਨਿਰ ਅਪ੍ਰਾਧਾਂ ਦਾ ਬੁਰਾ ਚਿਤਵਨਾ।

੨. ਅਪਣੇ ਅੰਦਰ ਲੋਭ ਇਤਨਾ ਹੋਣਾ ਕਿ ਧਨ ਦੇ ਮਗਰ ਹਲਕਾਏ ਹੋਏ ਭੱਜੇ ਫਿਰਨਾ ਇਸਦਾ ਕਾਰਣ :-

੩. ਗਜਾਨ ਵਿਹੂਣਾ ਹੋਣਾ, ਬ੍ਰਹਮ ਬਿੰਦਣ ਦੀ ਥਾਂ ਭਰਮ ਵਿਚ ਭਟਕਦੇ ਫਿਰਨਾ।

੪. ਬਾਹਰੋਂ ਬ੍ਰਹਮਣੀ ਚਿੰਨ੍ਹ ਧਾਰਨ ਕਰਨੇ, ਉਪਦੇਸ਼ ਦੇਣੇ ਤੇ ਆਪ ਅਗਜਾਨੀ ਰਹਿਣਾ।

੫. ਫੇਰ ਮਾਨ ਧਾਰਨਾ ਬ੍ਰਾਹਮਣ ਹੋਣਦਾ।

ਫਲ-ਇਨ੍ਹਾਂ ਦਾ ਫਲ ਦੱਸਿਆ ਹੈ-'ਐਸੇ ਬ੍ਰਾਹਮਣ ਡੂਬੇ ਭਾਈ', ਅਤੇ 'ਕਹੀ ਨ ਸੀਝੈ' ਤੇ 'ਪਛੁਤਾਨਾ'।

ਉਪਾਉ-(ਅੰਕ੪) ਦਇਆ ਦੇ ਘਰ ਆ ਕੇ ਉਸ ਦੀ ਕਲਜਾਣ ਦਾ ਉਪਾਉ ਦੱਸਿਆ ਹੈ:-

ਮਾਨ ਛੱਡ ਕੇ ਗੁਰੂ ਦੀ ਸ਼ਰਣ ਲੈ, ਤੇ ਗੁਰੂ ਤੋਂ ਨਾਮ ਪ੍ਰਾਪਤ ਕਰਕੇ ਸਿਮਰਣ ਕਰ।

ਨਿਰੁਕ੍ਤ—**ਮੁਕਰਿ ਪਰਨਾ**—[ਹਿਂ:, ਪੰ:, ਮੁਕਰਨਾ=ਕੋਈ ਗੱਲ ਕਰਕੇ ਯਾ ਇਕਰਾਰ ਕਰਕੇ ਫਿਰ ਜਾਣਾ) ਮੁੱਕਰ ਪੈਣਾ। ਦਾਨ ਲੈ ਕੇ ਫੇਰ ਸ਼ੁਕਰ ਗੁਜ਼ਾਰ ਨਾ ਹੋਣਾ, ਐਉਂ ਸਮਝਣਾ ਕਿ ਮਾਨੋ ਕੋਈ ਕਰ ਯਾ ਮਾਮਲਾ ਯਾ ਚੱਟੀ ਲਈ ਹੈ। ਬਾਹਮਣ ਅਕਸਰ ਜਜਮਾਨਾਂ ਨਾਲ ਐਸਾ ਹੀ ਸਲੂਕ ਕਰਦੇ ਸਨ ਤੇ ਹਨ।

ਦਰ—ਦਰਵਾਜ਼ੇ ਵਿਚ, ਦਰਗਾਹ ਵਿਚ।

ਨਿਰਾਪਰਾਧ—[ਸੰਸ:, ਨਿਰ੍ ਅਪ੍ਰਾਧ] ਪਾਪ ਕੀਤੇ ਬਿਨਾ, ਬੇਗੁਨਾਹਾਂ (ਦੀ)।

ਹਲਕਾਏ—[ਸੰਸ:, ਅਲਕ:=ਹਲਕਾਇਆ ਕੁੱਤਾ] ਭਾਵ ਹੈ ਸ਼ੁਦਾਈ ਹੋਏ ਹੋਏ।

ਉਤਰੀ ਘੇਰੇ—ਘੇਰੇ ਪਾ ਕੇ ਉਤਰੀ ਪਈ, ਸਰਪਣੀ ਵਾਂਙੂ ਕੁੰਡਲ ਮਾਰ ਕੇ ਬੈਠੀ ਹੈ।

ਬੂਝੈ—ਸਿਆਣਦਾ ਨਹੀਂ, ਭਾਵ ਹੈ ਜੋ ਉਪਦੇਸ਼ ਕਰਦਾ ਹੈ ਉਸ ਪਰ ਆਮਲ ਬਾ ਅਮਲ ਵਾਲੀ ਸੋਝੀ ਨਹੀਂ।

ਸੀਝੈ—[ਦੇਖੋ ਪੰਨਾ ੧੯੭੫] ਕਾਮਯਾਬ ਨਹੀਂ ਹੁੰਦਾ, ਸਿਧੀ ਨੂੰ ਪ੍ਰਾਪਤ ਨਹੀਂ ਹੁੰਦਾ। ਮੁਕਤ ਨਹੀਂ ਹੁੰਦਾ। **ਸਮਾਲਿ**—[ਦੇਖੋ ਪੰਨਾ ੩੧੭] ਯਾਦ ਕਰ। ਸਿਮਰ।

[ਆਸਾ ਮਹਲਾ ੫, ਚਉਪਦਾ, ੯—੭੬]

ਪ੍ਰਾਕ੍ਥਨ—ਸਤਿਸੰਗ ਦੁਆਰਾ ਗਣ ਗਾਜਨ ਤੇ ਨਾਮ ਦੇ ਪ੍ਰਤਾਪ ਜੋ ਕੁਸ਼ਲ ਅਵਸਥਾ ਪ੍ਰਾਪਤ ਹੁੰਦੀ ਹੈ ਉਸਦਾ ਨਿਰੂਪਣ ਉੱਤਮ ਪੁਰਖ ਦੁਆਰਾ ਕੀਤਾ ਹੈ।

ਮੂਲ	ਅਰਥ
ਆਸਾ ਮਹਲਾ ੫ ॥ **ਦੂਖ ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥ ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤ ਹੀ ਨ ਜਾਇ ॥੧॥**	ਪਰਮੇਸ਼ੁਰ ਜੀ ਦੇ ਗੁਣ ਗਾਇਨ ਕਰਨੇ ਕਰਕੇ (ਮੇਰਾ)ਮਨ ਨਿਰਮਲ ਹੋ ਗਿਆ ਹੈ,ਤੇ ਸਰੀਰ ਤੋਂ ਦੁਖ ਰੋਗ ਨਾਸ਼ ਹੋ ਗਏ ਹਨ। ਸਾਧੂ ਦੇ ਸੰਗ ਵਿਚ ਮਿਲਕੇ ਆਨੰਦ ਹੋ ਗਏ ਹਾਂ; ਹੁਣ ਮੇਰਾ ਮਨ ਕਿਤੇ ਹੋਰਥੇ ਨਹੀਂ ਜਾਂਦਾ॥੧॥
ਤਪਤਿ ਬੁਝੀ ਗੁਰ ਸਬਦੀ ਮਾਇ ॥ ਬਿਨਸਿ ਗਇਓ ਤਾਪ ਸਭ ਸਹਸਾ ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥੧॥ ਰਹਾਉ ॥	(ਸੁਣ) ਹੇ ਮਾਂ ! ਗੁਰੂ ਦੇ ਉਪਦੇਸ਼ (ਦੀ ਕਮਾਈ) ਨਾਲ (ਸਾਰੀ) ਤਪਸ਼ (ਤ੍ਰਿਸ਼ਨਾ ਵਾਸ਼ਨਾ ਦੀ) ਬੁਝ ਗਈ ਹੈ। (ਦੇਖ ਮਾਂ ! ਉਹ) ਸੀਤਲ ਗੁਰੂ (ਬੀ ਮੈਨੂੰ) ਸਹਜ ਸੁਭਾਵਕ ਹੀ ਮਿਲ ਪਿਆ ਹੈ (ਜਿਸ ਦੀ ਮਿਹਰ ਨਾਲ) ਸਾਰੀ ਸੰਸੇ ਬ੍ਰਿਤੀ (ਤੈ੍ਰੈ ਤਰ੍ਹਾਂ ਦਾ ਆਧਿ ਬਿਆਧਿ, ਉਪਾਧਿ ਵਾਲਾ) ਤਾਪ ਬੀ ਨਾਸ਼ ਹੋ ਗਿਆ ਹੈ॥੧॥ਰਹਾਉ॥
ਧਾਵਤ ਰਹੇ ਏਕੁ ਇਕੁ ਬੂਝਿਆ ਆਇ ਬਸੇ ਅਬ ਨਿਹਚਲੁ ਥਾਇ ॥ ਜਗਤੁ ਉਧਾਰਨ ਸੰਤ ਤੁਮਾਰੇ ਦਰਸਨੁ ਪੇਖਤ ਰਹੇ ਅਘਾਇ ॥੨॥	(ਮਨ ਦੀਆਂ) ਦੌੜਾਂ (ਹੁਣ) ਰਹਿ ਚੁਕੀਆਂ ਹਨ (ਹੁਣ) ਇਕੋ ਇਕ ਦੀ ਸਮਝ ਸੋਝੀ ਪੈ ਗਈ ਹੈ (ਹਾਂ) ਹੁਣ ਅਡੋਲਤਾ ਵਾਲੇ ਟਿਕਾਣੇ ਆ ਵੱਸੇ ਹਾਂ। (ਅੰਦਰੋਂ ਇਉਂ ਟਿਕੇ ਹੋਏ ਹਾਂ ਤੇ ਬਾਹਰੋਂ) ਤੁਸਾਡੇ ਸੰਤ (ਜੋ) ਜਗਤ ਦਾ ਉਧਾਰ ਕਰਨ ਵਾਲੇ ਹਨ (ਉਹਨਾਂ ਦੇ) ਦਰਸ਼ਨ ਵੇਖਦੇ (ਅਸੀਂ) ਤ੍ਰਿਪਤ ਹੋਏ ਰਹਿੰਦੇ ਹਾਂ॥੨॥

ਜਨਮ ਦੋਖ ਪਰੇ ਮੇਰੇ ਪਾਛੈ ਅਬ ਪਕਰੇ ਨਿਹਚਲੁ ਸਾਧੂ ਪਾਇ ॥ ਸਹਜ ਧੁਨਿ ਗਾਵੈ ਮੰਗਲ ਮਨੂਆ ਅਬ ਤਾ ਕਉ ਫੁਨਿ ਕਾਲੁ ਨ ਖਾਇ ॥੩॥	(ਹਾਂ ਜਦ ਦੇ) ਸਾਧੂ ਦੇ ਚਰਨ ਪਕੜੇ ਹਨ,(ਤਦ ਤੋਂ ਹੀ) ਮੇਰੇ ਜਨਮਾਂ ਜਨਮਾਂ ਦੇ ਪਾਪ ਪਿੱਛੇ ਪੈ ਗਏ (ਭਾਵ ਨਾਸ਼ ਹੋ ਗਏ ਤੇ) ਹੁਣ ਨਿਹਚਲ (ਅਵਸਥਾ ਹੋ ਗਈ। ਮੇਰਾ) ਮਨ ਸਹਜ ਦੀ ਧੁਨੀ ਵਿਚ (ਪ੍ਰਭੂ ਦੇ) ਮੰਗਲ ਗਾ ਰਿਹਾ ਹੈ ਹੁਣ ਉਸ ਨੂੰ ਕਾਲ ਮੁੜ ਕੇ ਨਹੀਂ ਖਾਵੇਗਾ॥ ੩॥
ਕਰਨ ਕਾਰਨ ਸਮਰਥ ਹਮਾਰੇ ਸੁਖਦਾਈ ਮੇਰੇ ਹਰਿ ਹਰਿ ਰਾਇ ॥ ਨਾਮੁ ਤੇਰਾ ਜਪਿ ਜੀਵੈ ਨਾਨਕੁ ਓਤਿ ਪੋਤਿ ਮੇਰੈ ਸੰਗਿ ਸਹਾਇ॥੪॥੮॥	ਹੇ ਸਾਡੇ ਕਰਨ ਕਾਰਨ ਸੁਖਦਾਈ ਤੇ ਸਮਰਥ ! ਹੇ ਮੇਰੇ ਹਰੀ ਹਰਿ ਪ੍ਰਭੂ ! (ਮਿਹਰ ਕਰ ਕਿ) ਨਾਨਕ ਤੇਰਾ ਨਾਮ ਜਪ ਜਪ ਕੇ ਜੀਵੇ (ਅਤੇ ਆਪ) ਮੇਰੇ ਤਾਣੇ ਪੇਟੇ ਵਾਂਙੂ ਸੰਗੀ ਤੇ ਸਹਾਇਕ ਬਣੇ ਰਹੋ॥ ੪ ॥ ੯ ॥

ਵਜਾਖਜਾ—ਸੁਗਮੰ। ਪਹਿਲੀ ਸਤਰ ਵਿਚ ੧, ਹਰੀ ਗੁਣ ਗਾਯਨ ਲਿਆ ਹੈ, ਦੂਸਰੀ ਵਿਚ੨, ਸਾਧੂ ਦਾ ਸੰਗ ਲਿਆ ਹੈ। ਰਹਾਉ ਵਿਚ ੩,ਗੁਰੂ ਦਾ ਵਰਣਨ ਹੈ, ਅੰਤਲੀ ਤੁਕ ਵਿਚ ੪,ਨਾਮ ਦਾ ਜ਼ਿਕਰ ਹੈ, ਇਸ ਦਾ ਫਲ-ਮਨ ਦੀ ਧਾਵਨਾ ਮਿਟਣੀ, ਤ੍ਰਿਸ਼ਨਾ ਵਾਸ਼ਨਾ ਦਾ ਹਟਣਾ, ਮਨ ਦਾ ਟਿਕਾਉ, ਤੇ ਇਕ ਪ੍ਰਭੂ ਦੀ ਗਜਾਨ ਪ੍ਰਾਪਤੀ ਤੇ ਉਸ ਅਵਸਥਾ ਦੀ ਆਨੰਦਮਯ ਦਸ਼ਾ ਵਰਣਨ ਕੀਤੀ ਹੈ।

ਨਿਰੁਕ੍ਤ—ਦੂਖ ਰੋਗ—[ਸੰਸ:, ਦੁਖ੍ਖਮ੍+ਰੋਗ:] ਸਰੀਰਕ ਬੀਮਾਰੀਆਂ। ਦੋਹਾਂ ਦਾ ਇਕੱਠਾ ਬੋਲਣਾ। ਇਕ ਮੁਹਾਵਰਾ ਹੈ। **ਸਹਸਾ**—[ਦੇਖੋ ਪੰਨਾ ੧੭੯੧] ਸ਼ੱਕ ਸ਼ੁਭਾ, ਸੰਸ਼ੇ ਬ੍ਰਿਤੀ।

ਸਹਜਿ ਸੁਭਾਇ—ਨਿਰਯਤਨ। **ਧਾਵਤ**—ਧਾਵਨਾਂ, ਦੌੜਾਂ।

ਏਕੁ ਇਕੁ—ਇਕੋ ਇਕ। ਭਾਵ ਵਾਹਿਗੁਰੂ। **ਪੇਖਤ**—ਦੇਖਕੇ, ਦੇਖਦਿਆਂ।

ਅਘਾਇ—ਪੂਰੇ ਰਜੇ ਹੋਏ, ਪੂਰਨ ਤ੍ਰਿਪਤ।

ਦੋਖ—(ਦੇਖੋ ਪੰਨਾ ੧੬੭੫) ਦੂਸ਼ਣ, ਪਾਪ। **ਪਰੇ ਪਾਛੈ**—ਪਿਛੇ ਰਹਿ ਗਏ। ਦੂਰ ਹੋ ਗਏ।

ਸਹਜ ਧੁਨਿ—ਉਹ ਧੁਨਿ ਜੋ ਨਿਰਯਤਨ ਲਗ ਜਾਏ। ਸਹਜ ਅਵਸਥਾ ਵਿਚ,ਮਨ ਦਾ ਸੰਗੀਤ ਰੰਗ ਵਿਚ, ਹਰੀ ਯਸ਼ ਵਿਚ ਮਗਨ ਰਹਿਣਾ।

ਓਤਿ ਪੋਤਿ—ਤਾਣੇ ਪੇਟੇ, ਭਾਵ ਹਰ ਤਰ੍ਹਾਂ ਤੇ ਹਰ ਸਮੇਂ।

[ਆਸਾ ਮਹਲਾ ੫, ਚਉਪਦਾ, ੧੦—੧੧]

ਪ੍ਰਾਕ੍ਥਨ—ਨਿੰਦਕ ਦੀ ਮਾੜੀ ਦਸ਼ਾ ਤੇ ਭੈੜਾ ਅੰਤ (ਦਿਖਲਾ ਕੇ, ਨਿੰਦੇ ਗਏ ਭਗਤ ਜਨ ਦੀ ਆਨੰਦਮਯ ਦਸ਼ਾ ਵਰਣਨ ਕਰਦੇ ਹਨ।

ਮੂਲ	ਅਰਥ
ਆਸਾ ਮਹਲਾ ੫ ॥	
ਅਰੜਾਵੈ ਬਿਲਲਾਵੈ ਨਿੰਦਕੁ ॥ ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ ॥੧॥ ਰਹਾਉ ॥	ਨਿੰਦਾ ਕਰਨੇ ਵਾਲਾ ਵਿਰਲਾਪ ਕਰ ਰਿਹਾ ਹੈ (ਤੇ ਦੁਖੀ ਕੱਟੇ ਵਾਂਙ) ਅਰੜਾ ਰਿਹਾ ਹੈ। ਨਿੰਦਕ ਨੂੰ ਪਾਰਬ੍ਰਹਮ ਪਰਮੇਸੁਰ ਵਿਸਰ ਗਿਆ (ਸੀ, ਤਾਂ ਹੀ ਨਿੰਦਾ ਕਰ ਕੇ ਹੁਣ) ਅਪਣੇ ਕੀਤੇ (ਦਾ ਫਲ-ਦੁੱਖ) ਪਾ ਰਿਹਾ ਹੈ॥ ੧ ॥ ਰਹਾਉ॥

ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥	ਜੇ ਉਸ (ਨਿੰਦਕ) ਦਾ ਕੋਈ ਸਾਥੀ ਬਣੇ(ਤਾਂ ਉਸ ਨੂੰ ਬੀ ਉਹ ਅਪਣੇ) ਨਾਲ (ਰਸਾਤਲ ਨੂੰ) ਲੈ ਤੁਰਦਾ ਹੈ।
ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ ॥੧॥	ਨਿੰਦਕ ਅਣਹੋਯਾ ਤੇ ਡਾਢਾ ਭਾਰੀ ਬੋਝ (ਸਿਰ ਤੇ)ਚੁੱਕਦਾ ਹੈ,(ਉਹ ਅਗਨੀ ਵਿਚ ਪਿਆ ਜਲਦਾ ਹੈ॥੧॥
ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ ॥	ਪਰਮੇਸੁਰ ਦੀ ਦਰਗਾਹ ਵਿਚ ਜੋ (ਕੁਛ ਨਿੰਦਕ ਨਾਲ) ਹੋ ਵਰਤਦਾ ਹੈ ਨਾਨਕ ਉਹ (ਕੁਛ) ਆਖ ਕੇ (ਤੁਹਾਨੂੰ) ਸੁਣਾਉਂਦਾ ਹੈ।
ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ ॥੨॥੧੦॥	(ਇਧਰ ਜਿਨ੍ਹਾਂ ਪਰਮੇਸਰ ਦੇ ਪਿਆਰੇ) ਭਗਤ ਜਨਾਂ (ਦੀ ਨਿੰਦਾ ਹੁੰਦੀ ਹੈ ਉਨ੍ਹਾਂ) ਨੂੰ ਸਦਾ ਆਨੰਦ (ਪ੍ਰਾਪਤ ਰਹਿੰਦਾ ਹੈ ਓਹ) ਹਰੀ ਦਾ ਕੀਰਤਨ ਗਾ ਗਾ ਕੇ ਖਿੜੇ ਰਹਿੰਦੇ ਹਨ॥੨॥੧੦॥

ਵ੍ਯਾਖ੍ਯਾ-- ਨਿੰਦਕ ਭਗਤ ਜਨਾਂ ਦੀ ਨਿੰਦਿਆ ਕਰਕੇ ਪਾਪ ਕਰਮ ਕਰਦਾ ਹੈ, ਨਿੰਦਿਆ ਕਰਨ ਨਾਲ ਜਿਸ ਦੀ ਨਿੰਦਾ ਕਰੀਦੀ ਹੈ ਉਸ ਦੇ ਕੀਤੇ ਮਾੜੇ ਕਰਮਾਂ ਦੇ ਫਲ ਅਪਣੀ ਵੱਲ ਖਿੱਚੀ ਦੇ ਹਨ। ਇਸੀ ਵਾਸਤੇ ਫੁਰਮਾਯਾ ਹੈ:-

ਰਿਦੈ ਸੁਧ ਜਉ ਨਿੰਦਾ ਹੋਇ॥ ਹਮਰੇ ਕਪਰੇ ਨਿੰਦਕੁ ਧੋਇ॥੧॥

[ਗਉੜੀ ਕਬੀਰ ਜੀ-੭੧]

ਇਸ ਕਰਕੇ ਏਥੇ ਦੱਸਿਆ ਹੈ ਕਿ ਅਣਹੋਂਦਾ ਭਾਰ ਨਿੰਦਕ ਚੁੱਕਦਾ ਹੈ, ਕਿਉਂਕਿ ਉਹ ਭਾਰ ਉਸ ਦੇ ਅਪਣੇ ਪਾਪਾਂ ਦਾ ਨਹੀਂ, ਉਹ ਨਿੰਦੇ ਗਏ ਤੇ ਪਾਪਾਂ ਦਾ ਭਾਰ ਹੈ, ਉਸ ਭਾਰ ਨੂੰ ਫੇਰ ਅਜਗਰ ਭਾਰ ਅਰਥਾਤ ਬਹੁਤ ਵੱਡਾ ਭਾਰਾ ਪਾਪ ਕਿਹਾ ਹੈ; ਕਿਉਂਕਿ ਨਾਲ ਅਪਣੇ ਪਾਪਾਂ ਦਾ ਭਾਰ ਬੀ ਰਲ ਜਾਣਾ ਹੈ। ਕਿਉਂ ਉਹ ਨਿੰਦਾ ਵਿਚ ਵਰਤਦਾ ਹੈ ? ਉਸ ਨੇ ਪ੍ਰਭੂ ਵਿਸਾਰਿਆ ਹੈ, ਉਹ ਨਿੰਦਾ ਦੇ ਬੁਰੇ ਫਲ ਦੀ ਪਰਵਾਹ ਨਹੀਂ ਕਰਦਾ, ਇਸ ਕਰਕੇ ਅਪਣੇ ਕੀਤੇ ਦਾ ਫਲ ਭੁਗਤਦਾ ਹੈ, ਫਲ ਕੀ ਹੈ ? ਅਗਨੀ ਵਿਚ ਜਲਣਾ। ਨਿੰਦਾ ਜਦ ਕੋਈ ਕਰਦਾ ਹੈ, ਜਿਸ ਦੀ ਕਰਦਾ ਹੈ ਉਸ ਨਾਲ ਸਾੜੇ ਵਿਚ ਆਕੇ ਧੁਖ ਧੁਖ ਕੇ ਕਰਦਾ ਹੈ, ਮਰ ਕੇ ਬੀ ਉਹੋ ਸਾੜ ਨਾਲ ਜਾਂਦਾ ਹੈ, ਉਸ ਨੂੰ ਜਮ ਸਾੜਦਾ ਹੈ ਬੀ ਭਾਵ ਲੈਂਦੇ ਹਨ। ਸੋ ਮਰਨ ਮਗਰੋਂ ਨਿੰਦਕ ਸੜਦਾ ਹੋਇਆ ਅਰੜਾਉਂਦਾ ਤੇ ਬਿਲਪਦਾ ਹੈ। ਫੇਰ ਅੰਕ ੧ ਵਿਚ ਹੀ ਦੱਸਦੇ ਹਨ ਕਿ ਨਿੰਦਕ ਦਾ ਸਾਥੀ ਹੋਣਾ ਬੀ ਬੁਰਾ ਹੈ, ਕਿਉਂਕਿ ਉਹ ਬੀ ਨਿੰਦਕ ਬਣ ਜਾਏਗਾ ਤੇ ਉਹ ਬੀ ਰਸਾਤਲ ਨੂੰ ਜਾਏਗਾ।

ਅੰਕ ੨ ਵਿਚ ਇਸ ਨਿੰਦਕ ਦੇ ਟਾਕਰੇ ਤੇ ਭਗਤ ਜਨਾਂ ਦੀ ਦਸ਼ਾ ਦੱਸੀ ਹੈ ਜੋ ਨਿੰਦੇ ਜਾਂਦੇ ਹਨ। ਓਹ ਨਿੰਦਾ ਦੇ ਬਦਲੇ ਨਿੰਦਾ ਨਹੀਂ ਕਰਦੇ, ਓਹ ਨਿੰਦਕ ਦਾ ਬੁਰਾ ਨਹੀਂ ਚਿਤਵਦੇ, ਓਹ ਅਪਣੇ ਮਨ ਨੂੰ ਸੁੱਛ ਰਖਦੇ ਹਨ, ਓਥੇ ਨਿੰਦਾ ਕਿ ਵੈਰ ਭਾਵ ਨੂੰ ਵੜਨ ਹੀ ਨਹੀਂ ਦੇਂਦੇ, ਓਹ ਮਨ ਨੂੰ ਹਰੀ ਕੀਰਤਨ ਨਾਲ ਨਿਰਮਲ ਤੇ ਖੇੜੇ ਵਾਲਾ ਰਖਦੇ ਹਨ, ਸੋ ਸਦਾ ਅਨੰਦ ਰਹਿੰਦੇ ਹਨ।

ਇਸੇ ਅੰਕ ਵਿਚ ਇਕ ਹੋਰ ਸੋਚ ਦਾ ਉੱਤਰ ਹੈ। ਕੋਈ ਕਹੇ ਕਿ ਨਿੰਦਕ ਨੂੰ ਬੁਰਾ ਕਹਿਣਾ ਬੀ ਤਾਂ ਨਿੰਦਾ ਹੈ,ਤਾਂ ਆਪ ਫੁਰਮਾਉਂਦੇ ਹਨ ਕਿ ਮੈਂ ਤਾਂ ਜੋ ਹਰੀ ਦੇ ਦਰ ਵਿਚ ਨਿੰਦਕਾਂ ਨਾਲ ਵਰਤਾਉ ਹੁੰਦਾ ਹੈ, ਉਹ ਦੱਸਦਾ ਹਾਂ। ਇਸ ਵਿਚ ਧੁਨੀ ਇਹ ਹੈ ਕਿ ਸਿੱਖੋ ! ਤੁਹਾਡੇ ਭਲੇ ਲਈ ਦਰ ਵਰਤੀ ਤੁਹਾਨੂੰ ਦੱਸ ਰਿਹਾ ਹਾਂ ਕਿ ਤੁਸੀ ਨਿੰਦਾ ਵਿਚ ਨਾ ਵਿਆਪਣਾ।

ਨਿਰੁਕ੍ਤ--ਅਰੜਾਵੈ--(ਹਿੰ:, ਅਰਰਾਨਾ। ਪੰ:, ਅਰੜਾਉਣਾ) ਕੱਟੇ ਆਦਿ ਪਸ਼ੂਆਂ ਦਾ ਅਤਿ ਪੀੜਾ ਦੇ ਵਜਾਪਣ ਤੇ ਜੋ ਓਹ ਵਿਰਲਾਪ ਕਰਦੇ ਹਨ ਉਸ ਨੂੰ ਅਰੜਾਉਣਾ ਕਹਿੰਦੇ ਹਨ ਜੋ ਬੜਾ

ਭਜਾਨਕ ਹੁੰਦਾ ਹੈ।

ਬਿਲਲਾਵੈ—[ਸੰਸ:, ਵਿਲਾਪ:] ਵਿਲਪੁਣਾ। ਦੁਖੀ ਹੋ ਹੋ ਵਿਰਲਾਪ ਕਰਨਾ। ਇਹ ਡਾਢੀ ਤ੍ਰਿੱਖੀ ਇਨਸਾਨੀ ਪੀੜਾ ਦੇ ਰੁਦਨ ਦੀ ਭਜਾਨਕ ਅਵਾਜ਼ ਹੈ। (ਅ) ਕਈ ਦਾਨੇ 'ਅਰੜਾਵੈਂ' ਨੂੰ ਜਾਗਦਿਆਂ ਦਾ ਵਿਲਪਣਾ ਤੇ 'ਬਿਲਲਾਵੈਂ' ਨੂੰ ਸੁਪਨੇ ਦਾ ਬਰੜਾਉਣਾ ਖਜਾਲ ਕਰਦੇ ਹਨ।

ਅਜਗਰੁ—[ਸੰਸ:, ਅਜ = ਬੱਕਰਾ, ਗਰ = ਨਿਗਲ ਜਾਵੇ ਜੋ = ਅਜਗਰ: = ਬਹੁਤ ਵੱਡਾ ਸੱਪ] ਬੱਕਰੇ ਨੂੰ 'ਗਰ'=ਖਾ ਜਾਣ ਵਾਲਾ ਸੱਪ। ਅਸਰਾਲ ਅਯਦਹਾ। ਇਹ ਬਹੁਤ ਭਾਰੀ ਹੁੰਦਾ ਹੈ। ਸੋ ਮੁਹਾਵਰੇ ਵਿਚ ਅਜਗਰ ਭਾਰ' ਤੋਂ ਮੁਰਾਦ ਬਹੁਤ ਹੀ ਭਾਰੀ ਬੋਝ ਤੋਂ ਹੁੰਦੀ ਹੈ। **ਹੋਇ ਬਿਤੀਤੈ**—ਹੋ ਵਰਤਦਾ ਹੈ।

[ਆਸਾ ਮਹਲਾ ੫, ਚਉਪਦਾ, ੧੧—੭੮]

ਪ੍ਰਾਕ੍ਥਨ—ਪ੍ਰਭੂ ਦੇ ਮਿਲਾਪ ਤੋਂ ਬਿਨਾਂ ਸਾਰੇ ਸੁਖਾਂ ਦੇ ਸਮਾਨਾ ਦੇ ਹੁੰਦਿਆਂ ਤ੍ਰਿਪਤੀ ਨਹੀਂ ਹੋ ਸਕਦੀ। ਪਤੀ ਉਡੀਕ ਵਿਚ ਪਤਿਬ੍ਰਤਾ ਦੇ ਰੂਪਕ ਵਿਚ ਪ੍ਰਭੂ ਪ੍ਰੇਮੀ ਦੀ ਬਿਰਹ ਦਸ਼ਾ ਵਰਣਨ ਕੀਤੀ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਜਉ ਮੈ ਕੀਓ ਸਗਲ ਸੀਗਾਰਾ ॥ ਤਉ ਭੀ ਮੇਰਾ ਮਨੁ ਨ ਪਤੀਆਰਾ ॥ ਅਨਿਕ ਸੁਗੰਧਤ ਤਨ ਮਹਿ ਲਾਵਉ॥ ਓਹੁ ਸੁਖੁ ਤਿਲੁ ਸਮਾਨਿ ਨਹੀ ਪਾਵਉ ॥ ਮਨ ਮਹਿ ਚਿਤਵਉ ਐਸੀ ਆਸਾਈ॥ ਪ੍ਰਿਅ ਦੇਖਤ ਜੀਵਉ ਮੇਰੀ ਮਾਈ॥੧॥	ਜੇ ਮੈਂ ਸਾਰਾ ਸਿੰਗਾਰ ਬੀ ਲਾ ਲਿਆ ਤਦ ਬੀ ਮੇਰਾ ਮਨ ਨਹੀਂ ਪਤੀਜਿਆ। (ਭਾਵੇਂ ਮੈਂ) ਅਨੇਕਾਂ ਖ਼ੁਸ਼ਬੂਦਾਰ (ਵਸਤਾਂ ਬੀ) ਸਰੀਰ ਨੂੰ ਲਾ ਲਵਾਂ, ਓਹ ਸੁਖ (ਜੋ ਪਤੀ ਮਿਲਾਪ ਨਾਲ ਹੁੰਦਾ ਹੈ ਮੈਨੂੰ) ਤਿਲ ਜਿੰਨਾਂ ਨਹੀਂ ਮਿਲ ਸਕੇਗਾ, (ਇਸ ਕਰਕੇ ਮੈਂ) ਹੇ ਮੇਰੀ ਮਾਂ ! ਮਨ ਵਿਚ ਇਹੋ ਖਜਾਲ ਕਰਦੀ ਹਾਂ (ਕਿ ਮੈਂ) ਪਤੀ ਨੂੰ ਦੇਖ ਕੇ ਹੀ ਜੀਵਾਂਗੀ॥ ੧॥
ਮਾਈ ਕਹਾ ਕਰਉ ਇਹੁ ਮਨੁ ਨ ਧੀਰੈ॥ ਪ੍ਰਿਅ ਪ੍ਰੀਤਮ ਬੈਰਾਗੁ ਹਿਰੈ ॥੧॥ ਰਹਾਉ ॥	ਹੇ ਮਾਂ ! ਮੈਂ ਕੀਹ ਬੀ ਕਰਾਂ ਇਹ (ਅਪਣਾ) ਮਨ (ਹੀ ਮੇਰੇ ਵੱਸ ਨਹੀਂ ਜੋ ਕਿਵੇਂ ਬੀ) ਧੀਰਜ ਨਹੀਂ (ਫੜਦਾ), ਪਿਆਰੇ ਪਤੀ ਦਾ ਵੈਰਾਗ (ਇਸ ਨੂੰ) ਖਿੱਚੀ ਲਈ ਜਾਂਦਾ ਹੈ॥ ੧ ॥ ਰਹਾਉ॥
ਬਸਤ੍ਰ ਬਿਭੂਖਨ ਸੁਖ ਬਹੁਤ ਬਿਸੇਖੈ॥ ਓਇ ਭੀ ਜਾਨਉ ਕਿਤੈ ਨ ਲੇਖੈ ॥ ਪਤਿ ਸੋਭਾ ਅਰੁ ਮਾਨੁ ਮਹਤੁ ॥ ਆਗਿਆਕਾਰੀ ਸਗਲ ਜਗਤੁ ॥ ਗ੍ਰਿਹੁ ਐਸਾ ਹੈ ਸੁੰਦਰ ਲਾਲ ॥ ਪ੍ਰਭ ਭਾਵਾ ਤਾ ਸਦਾ ਨਿਹਾਲ ॥੨॥	ਬਹੁਤ (ਤਰ੍ਹਾਂ ਦੇ) ਕਪੜੇ, ਗਹਿਣੇ (ਤੇ ਹੋਰ) ਅਨੇਕਾਂ ਸੁਖ (ਪ੍ਰਾਪਤ ਹਨ) ਇੱਜ਼ਤ, ਸ਼ੋਭਾ, ਅਤੇ ਵਡਿਆਈ, ਮਾਨ ਬੀ ਹੈ ਸਾਰਾ ਜਗਤ ਆਗਿਆਕਾਰੀ ਹੈ, ਘਰ ਬੀ ਐਸਾ ਸੁਹਣਾ ਹੈ ਤੇ ਰੰਗੀਲਾ ਹੈ, ਪਰ ਏਹ (ਸਭ ਕੁਝ) ਭੀ ਜਾਣਦੀ ਹਾਂ (ਕਿ ਉਸ ਤੋਂ ਬਿਨਾ) ਕਿਸੇ ਲੇਖੇ ਨਹੀਂ ਹੈ, ਸਦਾ ਨਿਹਾਲ ਤਾਂ ਹੀ (ਹੋ ਸਕਦੀ) ਹਾਂ (ਜੇ) ਪਤੀ ਨੂੰ ਭਾਵਾਂ (ਭਾਵ ਪਤੀ ਆ ਮਿਲੇ ਤਾਂ)॥ ੨॥
ਬਿੰਜਨ ਭੋਜਨ ਅਨਿਕ ਪਰਕਾਰ ॥ ਰੰਗ ਤਮਾਸੇ ਬਹੁਤੁ ਬਿਸਥਾਰ ॥	ਅਨੇਕ ਪ੍ਰਕਾਰ ਦੇ ਭੋਜਨ ਤੇ ਖਾਣੇ, ਬਹੁਤ ਫੈਲਾਉ ਵਾਲੇ ਰੰਗ ਤੇ ਤਮਾਸ਼ੇ, ਰਾਜ, ਜਾਇਦਾਦਾਂ, ਤੇ ਬਹੁਤੀ ਹਕੂਮਤ (ਬੀ ਪ੍ਰਾਪਤ

ਰਾਜ ਮਿਲਖ ਅਰੁ ਬਹੁਤੁ ਫੁਰਮਾਇਸਿ॥
ਮਨੁ ਨਹੀ ਧ੍ਰਾਪੈ ਤ੍ਰਿਸਨਾ ਨਾ ਜਾਇਸਿ॥
ਬਿਨੁ ਮਿਲਬੇ ਇਹੁ ਦਿਨੁ ਨ ਬਿਹਾਵੈ॥
ਮਿਲੈ ਪ੍ਰਭੂ ਤਾ ਸਭ ਸੁਖ ਪਾਵੈ ॥੩॥
ਖੋਜਤ ਖੋਜਤ ਸੁਨੀ ਇਹ ਸੋਇ ॥
ਸਾਧਸੰਗਤਿ ਬਿਨੁ ਤਰਿਓ ਨ ਕੋਇ॥
ਜਿਸੁ ਮਸਤਕਿ ਭਾਗੁ ਤਿਨਿ ਸਤਿਗੁਰੁ ਪਾਇਆ ॥
ਪੂਰੀ ਆਸਾ ਮਨੁ ਤ੍ਰਿਪਤਾਇਆ ॥
ਪ੍ਰਭ ਮਿਲਿਆ ਤਾ ਚੂਕੀ ਡੰਝਾ ॥
ਨਾਨਕ ਲਧਾ ਮਨ ਤਨ ਮੰਝਾ॥੪॥੧੧॥

ਹੋਵੇ ਤਦ ਬੀ) ਮਨ ਨਹੀਂ ਸੰਤੁਸ਼ਟ ਹੁੰਦਾ ਤੇ ਤ੍ਰਿਸ਼ਨਾ ਦੂਰ ਨਹੀਂ ਹੁੰਦੀ। ਬਿਨਾ (ਪਤੀ ਪਿਆਰੇ ਨੂੰ) ਮਿਲੇ ਦੇ ਇਹ ਦਿਨ ਨਹੀਂ ਬੀਤਦਾ, (ਇਹੋ ਮਨ ਕਹਿੰਦਾ ਹੈ ਕਿ) ਪ੍ਰਭੂ ਮਿਲੇ ਤਾਂ (ਹੀ ਮੇਰੇ ਵਰਗੀ ਵਿਜੋਗਣ) ਸਾਰਾ ਸੁਖ ਪਾਵੇਗੀ॥ ੩॥
(ਪ੍ਰਭੂ ਕਿਵੇਂ ਮਿਲੇ ? ਇਸ ਗੱਲ ਦੀ) ਖੋਜ ਕਰਦਿਆਂ ਕਰਦਿਆਂ ਇਹ ਖ਼ਬਰ ਸੁਣੀ ਕਿ ਸਾਧੂ ਦੀ ਸੰਗਤਿ ਬਿਨਾਂ ਕੋਈ ਨਹੀਂ ਤਰਿਆ। ਜਿਸ ਦੇ ਮੱਥੇ ਤੇ ਭਾਗ ਹੁੰਦੇ ਹਨ ਉਨ੍ਹਾਂ ਨੂੰ ਸਤਿਗੁਰੂ ਮਿਲ ਪੈਂਦਾ ਹੈ; (ਉਨ੍ਹਾਂ ਦੀ) ਆਸਾ (ਜਦ ਐਉਂ) ਪੂਰੀ ਹੋ ਜਾਂਦੀ ਹੈ, ਤਾਂ ਮਨ ਤ੍ਰਿਪਤ ਹੋ ਜਾਂਦਾ ਹੈ। (ਸੁਣਕੇ ਮੈਂ ਇਸੀ ਤਰ੍ਹਾਂ ਕੀਤਾ ਤਾਂ ਮੈਨੂੰ ਬੀ) ਪ੍ਰਭੂ ਆ ਮਿਲਿਆ ਤਦ (ਮੇਰੀ ਬੀ ਬਿਰਹ ਵਿਚ ਭੜਕੀ ਹੋਈ) ਪਿਆਸ ਸ਼ਮਨ ਹੋ ਗਈ। ਤੇ ਹੇ ਨਾਨਕ ! (ਪ੍ਰਭੂ ਪ੍ਰੀਤਮ) ਤਨ ਤੇ ਮਨ ਦੇ ਵਿਚੋਂ ਹੀ ਲੱਭ ਪਿਆ॥ ੪॥ ੧੧॥

ਵਯਾਖਯਾ– ਅੰਕ ੩ ਦੇ ਅੰਤ ਤਕ ਉਸ ਇਸਤ੍ਰੀ ਦਾ ਰੂਪਕ ਹੈ ਜਿਸ ਨੂੰ ਸਾਰੇ ਸਾਮਾਨ ਸੁਖਾਂ ਦੇ ਪ੍ਰਾਪਤ ਹਨ ਪਰ ਪਤੀ ਦਾ ਮਿਲਾਪ ਪ੍ਰਾਪਤ ਨਹੀਂ। ਉਹ ਸਾਰੇ ਸੁਖਾਂ ਨਾਲ ਆਪ ਨੂੰ ਸੁਖੀ ਪ੍ਰਤੀਤ ਨਹੀਂ ਕਰਦੀ। ਉਸ ਨੂੰ ਮਾਂ ਸਮਝਾਉਂਦੀ ਹੈ ਤੇ ਉਸ ਦਾ ਧਿਆਨ ਇਨ੍ਹਾਂ ਸੁਖਾਂ ਵਿਚ ਪਰਚਾ ਕੇ ਉਦਾਸੀਆਂ ਛਡ ਦੇਣ ਦਾ ਉਪਦੇਸ਼ ਕਰਦੀ ਹੈ, ਜੋ ਗਲ ਕਿ ਮਾਂ ਨੂੰ ਉਸ ਦੇ ਦਿੱਤੇ ਉੱਤਰ ਤੋਂ ਸਫੁਟ ਹੋ ਜਾਂਦੀ ਹੈ : 'ਮਾਈ ਕਹਾ ਕਰਉ ਇਹੁ ਮਨੁ ਨ ਧੀਰੈ॥" ਫਿਰ ਸਾਫ ਦੱਸਦੀ ਹੈ ਕਿ:- 'ਮਿਲੈ ਪ੍ਰਭੂ ਤਾ ਸਭ ਸੁਖ ਪਾਵੈ॥'

ਅੰਕ ੪ ਵਿਚ ਫੇਰ ਦਾਰਸ਼ਟਾਂਤ ਸਪਸ਼ਟ ਵਰਣਨ ਹੋ ਜਾਂਦਾ ਹੈ ਕਿ ਪਿਛਲਾ ਵਰਣਨ ਕਿਸੇ ਬਿਰਹਨੀ ਦਾ ਨਹੀਂ, ਪਰ ਪ੍ਰਭੂ ਨੂੰ ਪਿਆਰ ਕਰਨ ਵਾਲੇ ਗੁਰ ਸਿਖ ਪ੍ਰੇਮੀ ਦਾ ਹੈ,ਜੋ ਸਭ ਪ੍ਰਕਾਰ ਦੇ ਸੁਖ ਹੁੰਦਿਆਂ ਪ੍ਰਭੂ ਮਿਲਣੇ ਦੀ ਅਕਾਂਖਯਾ ਤੀਬਰ ਹੋਣੇ ਕਰਕੇ ਸੁਖੀ ਪ੍ਰਤੀਤ ਨਹੀਂ ਕਰਦਾ। ਉਸ ਨੂੰ ਅਪਣੀ ਤਲਾਸ਼ ਵਿਚ, ਕਿ ਮੈਨੂੰ ਕਿਵੇਂ ਪ੍ਰੀਤਮ ਮਿਲੇ ਤੇ ਸੁਖੀ ਹੋਵਾਂ,ਪਤਾ ਲਗਦਾ ਹੈ ਕਿ ਸਤਿਸੰਗ ਕਰ, ਗੁਰੂ ਨੂੰ ਮਿਲ। ਏਹ ਕੁਛ ਕੀਤਾ ਤਾਂ ਉਹਨਾਂ ਨੇ ਨਾਮ ਦੇ ਰਸਤੇ ਪਾ ਦਿਤਾ, ਪ੍ਰਭੂ ਮਿਲ ਪਿਆ ਤਾਂ ਅਬੁਝ ਪਿਆਸ, ਜੋ ਪ੍ਰਭੂ ਮਿਲਾਪ ਦੀ ਸੀ, ਪੂਰੀ ਹੋ ਗਈ। ਉਹ ਪ੍ਰਭੂ ਅਪਣੇ ਮਨ ਤਨ ਦੇ ਵਿੱਚੋਂ ਹੀ ਲੱਭ ਪਿਆ।

ਪਹਿਲੇ ਤ੍ਰੈ ਅੰਕਾਂ ਵਿਚ ਜੋ ਸੁਖ ਦੇ ਸਾਮਾਨ ਹਨ ਇਨ੍ਹਾਂ ਸਾਮਾਨਾਂ ਦੇ ਹੁੰਦਿਆਂ ਪ੍ਰਭੂ ਦੇ ਪਿਆਰੇ ਸੁਖੀ ਤਾਂ ਹੀ ਹੁੰਦੇ ਜੇ ਪ੍ਰਭੂ ਮਿਲ ਪਵੇ ਤਾਂ ਜੈਸੇ ਪੀਪਾ ਆਦਿਕ ਰਾਜੇ ਸਭ ਸੁਖਾਂ ਦੇ ਹੁੰਦਿਆਂ ਪ੍ਰਭੂ ਦੀ ਭਗਤੀ ਕਰਕੇ ਪ੍ਰਾਪਤੀ ਨੂੰ ਪਹੁੰਚ ਕੇ ਸੁਖੀ ਹੋਏ।

ਅਕਸਰ ਦਾਨੇ ਪਹਿਲੇ ਕਹੇ ਰਹਾਉ ਤੱਕ ਦੇ ਅੰਕਾਂ ਵਿਚ ਦੇ ਸਾਮਾਨਾਂ ਨੂੰ ਪ੍ਰਭੂ ਪ੍ਰੇਮੀ ਉਤੇ ਲਾਖਯਣਕ ਤਰੀਕੇ ਨਾਲ ਘਟਾਉਂਦੇ ਹਨ ਯਥਾ:-

ਸੀਗਾਰਾ=ਸ਼ਿੰਗਾਰ। ਭਾਵ ਸਾਧਨ। ਨਾਮ ਤੋਂ ਬਿਨਾ ਹੋਰ ਸਾਧਨ।

ਸੁਗੰਧਤ=ਖ਼ੁਸ਼ਬੂਦਾਰ ਵਸਤਾਂ, ਭਾਵ-ਕਰਮ ਕਾਂਡ ਦੇ ਦੱਸੇ ਉਪਚਾਰ।

ਓਹੁ ਸੁਖੁ=ਉਹ ਸੁਖ। ਭਾਵ ਪ੍ਰਭੂ ਮਿਲਾਪ ਦਾ ਸੁਖ।

ਬੈਰਾਗੁ=ਏਥੇ ਭਾਵ ਹੈ ਉਹ ਵਯਾਕੁਲ ਦਸ਼ਾ ਜੋ ਵਿਛੋੜੇ ਵਿਚ ਪ੍ਰੀਤਮ ਦੀ ਖਿੱਚ ਨਾਲ ਹੁੰਦੀ ਹੈ।

ਨਿਰੁਕਤ–ਚਿਤਵਉ ਆਸਾਈ–[ਸੰਸ:, ਚਿਤ੍ = ਦੇਖਣਾ, ਸਮਝਣਾ ਜਾਂ (੨) ਸੰਸ:, ਆਸ਼ਾ = ਉਮੀਦ] ਆਸ਼ਾ ਚਿਤਵਦੀ ਹਾਂ; ਭਾਵ ਹੈ ਖਿਆਲ ਕਰਦੀ ਹਾਂ।

ਬਿਭੂਖਨ–[ਸੰਸ:, ਵਿਭੂਸ਼ਣੰ = ਗਹਿਣਾ] ਗਹਿਣੇ। **ਬਿਸੇਖੈ**–[ਸੰਸ:, ਵਿਸ਼ੇਖ = ਬਹੁਤ] ਬਹੁਤੇ।

ਬਿੰਜਨ–[ਸੰਸ: ਵਜੰਜਨੰ = ਮਸਾਲਾ, ਚਟਨੀ। ਹਿੰ:, ਪੱਕਾ ਹੋਯਾ ਭੋਜਨ, ਭੋਜਨ ਦੀ ਸਾਮਗ੍ਰੀ] ਖਾਣੇ।

ਫੁਰਮਾਇਸਿ–[ਫਾ:, ਫਰਮਾਯਸ਼] ਹੁਕਮ ਕਰਨ ਵਾਲੀ ਦਸ਼ਾ। ਹਕੂਮਤ।

ਧ੍ਰਾਪੈ–[ਦੇਖੋ ਪੰਨਾ ੨੯੬) [ਹਿੰਦੀ, ਧਾਪ। ਪੁ: ਪੰ:, ਧ੍ਰਾਪ] ਰੱਜਦਾ ਹੈ, ਤ੍ਰਿਪਤ ਹੁੰਦਾ ਹੈ। ਸੰਤੁਸ਼ਟ ਹੁੰਦਾ ਹੈ। **ਤ੍ਰਿਸਨਾ**–(ਸੰਸ:, ਤ੍ਰਿਸ਼ਣਾ = ਜਾਂ ਤ੍ਰਿਖ੍ਣਾ) ਲਾਲਸਾ। ਪ੍ਰਸੰਗਕ ਭਾਵ ਏਥੇ 'ਤ੍ਰਿਸਨਾਨ ਜਾਇਸਿ' ਦਾ ਇਹ ਹੈ ਕਿ ਪ੍ਰਭੂ ਮਿਲਣੇ ਦੀ ਤ੍ਰਿਸ਼ਨਾ ਨਹੀਂ ਹਟਦੀ, ਪਰ ਕਈ ਸਿਆਣੇ ਤ੍ਰਿਸ਼ਨਾ ਦਾ ਏਥੇ ਪਦਾਰਥਾਂ ਦੀ ਤ੍ਰਿਸ਼ਨਾਂ ਲੈ ਲੈਂਦੇ ਹਨ ਕਿ ਪ੍ਰਭੂ ਵਿਹੂਣੇ ਇਨ੍ਹਾਂ ਪਦਾਰਥਾਂ ਦੀ ਪ੍ਰਾਪਤੀ ਨਾਲ ਇਨ੍ਹਾਂ ਦੀ ਤ੍ਰਿਸ਼ਨਾ ਨਹੀਂ ਮੁੱਕਦੀ। **ਡੰਝਾ**–(ਸੰਸ:, ਦਹਨੰ = ਸੜਨਾ, ਪੰ: ਡੰਝ) ਉਹ ਤ੍ਰੇਹ ਜੋ ਡਾਢੀ ਤ੍ਰਿੱਖੀ ਹੋਵੇ ਤੇ ਛੇਤੀ ਨਾ ਤ੍ਰਿਪਤੇ। ਭਾਵ ਏਥੇ ਹੈ ਪ੍ਰਭੂ ਮਿਲਨੇ ਦੀ ਅਤਿ ਤੀਖਣ ਲੋਚਾ।

ਮੰਝਾ–ਮੰਝ, ਵਿੱਚ।

[ਆਸਾ ਮਹਲਾ ੫, ਚਉਪਦਾ, ੧੨–੭੯]

ਮੂਲ	ਅਰਥ
ਆਸਾ ਮਹਲਾ ੫ ਪੰਚਪਦੇ ॥	ਆਸਾ ਮਹਲਾ ਪੰਜਵੇਂ ਦਾ ਪੰਚ ਪਦਾ (ਇਸ ਵਿਚ ਅੱਗੇ) ੩ ਪੰਚਪਦੇ ਆਉਣਗੇ।
ਪ੍ਰਥਮੇ ਤੇਰੀ ਨੀਕੀ ਜਾਤਿ ॥ ਦੁਤੀਆ ਤੇਰੀ ਮਨੀਐ ਪਾਂਤਿ ॥ ਤ੍ਰਿਤੀਆ ਤੇਰਾ ਸੁੰਦਰ ਥਾਨੁ ॥ ਬਿਗੜ ਰੂਪੁ ਮਨ ਮਹਿ ਅਭਿਮਾਨੁ ॥੧॥	(ਹੇ ਮਾਨੁਖੀ ਕਾਇਆਂ ਰੂਪ ਇਸਤ੍ਰੀ!) ਪਹਿਲੀ (ਗੱਲ ਚੰਗੀ ਇਹ ਹੈ ਕਿ) ਤੇਰੀ ਜਾਤ (ਸਾਰੀ ਜੀਵ ਸ਼ਰੇਣੀ ਵਿਚੋਂ) ਉੱਤਮ ਹੈ। ਦੂਸਰੇ, ਤੇਰੀ ਭਾਈਚਾਰਕ ਸੰਮੇਲਨਾ ਬੀ ਮਾਨ-ਨੀਯ ਹੈ, ਤੀਸਰੇ ਤੇਰਾ (ਰਹਿਣੇ ਦਾ) ਟਿਕਾਣਾ ਸੁਹਣਾ ਹੈ, (ਪਰ ਤੇਰੇ) ਮਨ ਵਿਚ ਅਭਿਮਾਨ ਹੈ (ਇਸ ਕਰਕੇ ਤੂੰ) ਕੁਰੂਪ ਹੈਂ॥ ੧॥
ਸੋਹਨੀ ਸਰੂਪਿ ਸੁਜਾਣਿ ਬਿਚਖਨਿ ॥ ਅਤਿ ਗਰਬੈ ਮੋਹਿ ਫਾਕੀ ਤੂੰ ॥੧॥ ਰਹਾਉ ॥	(ਹੇ) ਸੁੰਦਰ, ਸੁਹਣੇ ਰੂਪ ਵਾਲੀ, ਅਕਲ ਵਾਲੀ ਤੇ ਚਤੁਰ (ਬੀਬੀ!) ਬਹੁਤੇ ਹਕਾਰ ਵਿਚ (ਤੇ) ਮੋਹਿ ਵਿਚ (ਤੂੰ) ਫਾਥੀ ਪਈ ਹੈਂ॥ ੧॥ ਰਹਾਉ॥
ਅਤਿ ਸੂਚੀ ਤੇਰੀ ਪਾਕਸਾਲ ॥ ਕਰਿ ਇਸਨਾਨੁ ਪੂਜਾ ਤਿਲਕੁ ਲਾਲ॥ ਗਲੀ ਗਰਬਹਿ ਮੁਖਿ ਗੋਵਹਿ ਗਿਆਨ ॥ ਸਭਿ ਬਿਧਿ ਖੋਈ ਲੋਭਿ ਸੁਆਨ ॥੨॥	ਤੇਰੀ ਰਸੋਈ ਬਹੁਤੇ ਸੁੱਚਮ ਵਾਲੀ ਹੈ। ਇਸ਼ਨਾਨ ਕਰਕੇ (ਤੂੰ) ਲਾਲ ਤਿਲਕ ਲਾ ਕੇ ਪੂਜਾ (ਬੀ ਕਰਦੀ ਹੈਂ)। ਮੂੰਹੋਂ ਗਿਆਨ ਗੱਲਾਂ ਬੋਲਦੀ ਹੈ (ਅਤੇ ਗੱਲਾਂ ਨਾਲ ਹੀ ਕੀਤੇ ਗਿਆਨ ਦਾ) ਹੰਕਾਰ ਕਰਦੀ ਹੈਂ (ਪਰ ਤੇਰੀ) ਸਾਰੀ (ਸੁਹਣੀ) ਰਹਿਣੀ ਕੁੱਤੇ ਲੋਭ ਨੇ ਗੁਆ ਦਿੱਤੀ ਹੈ॥ ੨॥
ਕਾਪਰ ਪਹਿਰਹਿ ਭੋਗਹਿ ਭੋਗ ॥ ਆਚਾਰ ਕਰਹਿ ਸੋਭਾ ਮਹਿ ਲੋਗ ॥ ਚੋਆ ਚੰਦਨ ਸੁਗੰਧ ਬਿਸਥਾਰ ॥ ਸੰਗੀ ਖੋਟਾ ਕ੍ਰੋਧੁ ਚੰਡਾਲ ॥੩॥	(ਚੰਗੇ) ਕਪੜੇ ਪਹਿਨਦੀ ਹੈਂ ਤੇ ਭੋਗਦੀ ਹੈਂ, ਕਰਮ (ਐਸੇ) ਕਰਦੀ ਹੈਂ ਕਿ ਲੋਕਾਂ ਵਿਚ ਸ਼ੋਭਾ (ਹੋਵੇ)। ਅਗਰ ਦਾ ਤੇਲ ਤੇ ਚੰਦਨ ਦਾ ਖੁੱਲ੍ਹਾ ਵਰਤਾਉ (ਕਰਦੀ ਹੈਂ ਪਰ) ਕ੍ਰੋਧ ਰੂਪੀ ਚੰਡਾਲ (ਤੇਰਾ) ਖੋਟਾ ਸਾਥੀ ਹੈ (ਭਾਵ ਤੇਰਾ ਖਹਿੜਾ ਨਹੀਂ ਛਡਦਾ)॥ ੩॥

ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ ਸੁਇਨਾ ਰੂਪਾ ਤੁਝ ਪਹਿ ਦਾਮ ॥ ਸੀਲੁ ਬਿਗਾਰਿਓ ਤੇਰਾ ਕਾਮ ॥੪॥	ਹੋਰ ਸਾਰੀਆਂ ਜੂਨਾਂ ਤੇਰੀਆਂ ਦਾਸ ਹਨ, ਇਸ ਧਰਤੀ ਵਿਚ ਤੇਰੀ ਸਰਦਾਰੀ (ਮੰਨੀ ਹੋਈ ਹੈ), ਤੇਰੇ ਪਾਸ ਸੋਨਾਂ ਚਾਂਦੀ (ਬੀ ਹੈ ਤੇ ਇਨ੍ਹਾਂ ਤੋਂ ਬਣੇ) ਰੁਪਯੇ (ਆਦਿ ਬੀ ਹਨ), ਪਰ ਕਾਮ ਨੇ ਤੇਰਾ ਸ੍ਰੇਸ਼ਟ ਆਚਾਰ ਵਿਗਾੜ ਦਿੱਤਾ ਹੈ॥੪॥
ਜਾ ਕਉ ਦ੍ਰਿਸਟਿ ਮਇਆ ਹਰਿ ਰਾਇ ॥ ਸਾ ਬੰਦੀ ਤੇ ਲਈ ਛਡਾਇ ॥ ਸਾਧਸੰਗਿ ਮਿਲਿ ਹਰਿ ਰਸੁ ਪਾਇਆ॥ ਕਹੁ ਨਾਨਕ ਸਫਲ ਓਹ ਕਾਇਆ॥੫॥	(ਪਰ) ਜਿਸ ਉਤੇ ਹਰਿ ਰਾਇ (=ਪ੍ਰਭੂ) ਦੀ ਕ੍ਰਿਪਾ ਦ੍ਰਿਸ਼ਟੀ (ਹੋ ਜਾਂਦੀ ਹੈ) ਉਹ (ਜੀਵ ਰੂਪ ਇਸਤ੍ਰੀ ਇਨਾਂ ਸਾਰੇ ਵਿਕਾਰਾਂ ਦੀ) ਕੈਦ ਤੋਂ ਛੁਡਾ ਲਈ ਜਾਂਦੀ ਹੈ। (ਸੋ ਜਿਨ੍ਹਾਂ ਨੇ) ਸਾਧੂ ਦੇ, ਸੰਗ ਵਿਚ ਮਿਲਕੇ ਹਰੀ ਦਾ ਰਸ ਪ੍ਰਾਪਤ ਕਰ ਲਿਆ ਹੈ, ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਓਹ ਕਾਇਆਂ ਸਫਲੀ ਹੈ॥੫॥
ਸਭਿ ਰੂਪ ਸਭਿ ਸੁਖ ਬਨੇ ਸੁਹਾਗਨਿ॥ ਅਤਿ ਸੁੰਦਰਿ ਬਿਚਖਨਿ ਤੂੰ ॥੧॥ ਰਹਾਉ ਦੂਜਾ ॥੧੨॥	(ਹੇ ਐਸੀ ਕਾਇਆਂ !) ਸਾਰੇ ਰੂਪ ਸੁਖ (ਤੈਨੂੰ) ਫਬਦੇ ਹਨ; (ਤੂੰ ਹੀ) ਸੁਹਾਗਨੀ ਹੈਂ, (ਤੂੰ ਹੀ)ਡਾਢੀ ਸੁਹਣੀ ਹੈਂ, ਤੂੰ ਹੀ ਚਤੁਰ ਹੈਂ॥੧॥ਰਹਾਉ ਦੂਜਾ॥੧੨॥

ਵਿਆਖਿਆ—ਇਹ ਸ਼ਬਦ ਕਿਸ ਨੂੰ ਸੰਬੋਧਨ ਕਰਕੇ ਉਚਾਰਿਆ ਗਿਆ ਹੈ, ਅਕਸਰ ਦਾਨੇ ਜੀਵ ਰੂਪੀ ਇਸਤ੍ਰੀ ਨੂੰ ਸੰਬੋਧਨ ਕੀਤਾ ਗਿਆ ਵਰਣਨ ਕਰਦੇ ਹਨ। ਸ਼ਬਦ ਦੇ ਵਿਚੋਂ ਖੋਜ ਕੀਤਿਆਂ ਪਤਾ ਚਲਦਾ ਹੈ ਕਿ ਅੰਕ ਪੰਜ ਦੇ ਅੰਤ ਤੇ ਸਾਰੇ ਸ਼ਬਦ ਵਿਚ ਸੰਬੋਧਨ ਕੀਤੀ ਗਈ ਹੈ 'ਕਾਇਆ'। ਕਾਇਆ ਨਾਮ ਹੈ ਸਰੀਰ ਦਾ। ਸਰੀਰ ਤੋਂ ਮੁਰਾਦ ਜੀਵਨ ਸਤਜਾ ਤੋਂ ਵਿਹੂਣਾ ਪੰਜ ਭੌਤਕ ਸਰੀਰ ਮਾਤ੍ਰ ਨਹੀਂ, ਪਰ ਜੀਵਨ ਸ਼ਕਤੀ ਸੰਯੁਕਤ ਸਰੀਰ ਹੈ। ਨਿਰਾ ਪੰਜ ਤੱਤਾਂ ਦੀ ਕਾਇਆਂ ਨੂੰ ਉਪਾਲੰਭ ਦੇਣਾ ਫਬਦਾ ਨਹੀਂ, ਕਿਉਂਕਿ ਨਿਰੀ ਮਿੱਟੀ ਦੀ ਕਾਇਆਂ ਵਿਚ ਕਾਮ, ਅਭਿਮਾਨ ਆਦਿ ਵਿਕਾਰ ਕਿੱਥੇ ਹੁੰਦੇ ਹਨ; ਸਾਰੇ ਵਿਕਾਰ, ਸਾਰੇ ਗੁਣ, ਸਾਰੇ ਸ਼ੀਲ ਤੇ ਸੁੰਦਰਤਾਈਆਂ ਤਾਂ ਸਜੀਵ ਕਾਂਇਆਂ ਵਿਚ ਹੀ ਹੁੰਦੇ ਹਨ। ਇਸ ਕਰਕੇ ਪਤਾ ਲਗਾ ਕਿ ਗੁਰੂ ਜੀ ਇਥੇ ਸਜੀਵ ਮਾਨਖਾ ਦੇਹੀ ਨੂੰ 'ਕਾਇਆਂ' ਆਖ ਕੇ ਸੰਬੋਧਨ ਵਿਚ ਉਪਦੇਸ਼ ਦੇ ਰਹੇ ਹਨ ਕਿ ਹੇ ਇਨਸਾਨ ਐਉਂ ਤੂੰ ਵਿਗੜ ਰਿਹਾ ਹੈਂ ਤੇ ਐਉਂ ਸੰਵਰ ਸਕਦਾ ਹੈਂ।

ਇਹ ਬੀ ਸੰਸਾ ਪੈ ਜਾਂਦਾ ਹੈ ਕਿ ਗੁਰੂ ਜੀ ਕਿਸੇ ਉੱਚ ਜਾਤੀ ਦੇ ਬ੍ਰਾਹਮਣ ਪ੍ਰਤੀ, ਉਸ ਦੀ ਸੁੰਦਰ ਕਾਇਆਂ ਨੂੰ ਲੈਕੇ ਸੰਬੋਧਨ ਕਰ ਰਹੇ ਹਨ। ਪਰ ਅੰਕ ੪ ਵਿਚ ਜਦ ਇਹ ਤੁਕ ਆ ਜਾਂਦੀ ਹੈ ਕਿ 'ਅਵਰ ਜੋਨਿ ਤੇਰੀ ਪਨਿਹਾਰੀ।। ਇਸੁ ਧਰਤੀ ਮਹਿ ਤੇਰੀ ਸਿਕਦਾਰੀ।।' ਤਦ ਸ਼ੱਕ ਨਹੀਂ ਰਹਿ ਜਾਂਦਾ ਕਿ ਕਿਸੇ ਇਕ ਉੱਤਮ ਜਾਤੀ ਵਾਲੇ ਪ੍ਰਤੀ ਨਹੀਂ ਪਰ ਇਨਸਾਨ ਮਾਤ੍ਰ ਪ੍ਰਤੀ ਉਪਦੇਸ਼ ਹੋ ਰਿਹਾ ਹੈ।

ਅੰਕ੧-'ਨੀਕੀ ਜਾਤਿ' ਕਾਇਆ ਨੂੰ ਕਿਹਾ ਹੈ ਕਿ ਤੇਰੀ ਕਿਸਮ ਹੋਰ ਜੀਵਾਂ ਜੰਤਾਂ ਤੋਂ ਚੰਗੀ ਹੈ। 'ਮਨੀਐ ਪਾਂਤਿ' ਕਹਿਕੇ ਇਹ ਜਣਾਇਆ ਕਿ ਹੇ ਮਾਨੁਖ! ਤੂੰ ਨਿਰਾ ਇਕੱਲਾ ਇਕੱਲਾ, ਨਿਰੀ ਆਪਣੀ ਜਾਤ ਮਾਤ੍ਰ ਵਿਚ ਵਿਚਰਨ ਵਾਲਾ ਜੀਵ ਨਹੀ ਜੈਸਾ ਕਿ ਸ਼ੇਰ ਹੈ, ਪਰ ਤੂੰ ਪੰਕਤੀ ਵਿਚ ਵਿਚਰਨ ਵਾਲਾ ਹੈਂ: ਜਿਸ ਤਰ੍ਹਾਂ ਗਊ ਆਦਿਕ ਹਨ। ਪਰ ਤੇਰੀ ਇਹ ਪੰਕਤੀ-ਬੱਧਤਾ ਸ੍ਰੇਸ਼ਟ ਹੈ, ਮਾਨਨੀਯ ਹੈ ਕਿ ਤੂੰ ਭਾਈਚਾਰਾ ਬਣਾ ਕੇ ਉੱਤਮ ਰੀਤੀ ਨਾਲ ਸਮਾਜਕ ਜੀਵਨ ਬਸਰ ਕਰਦਾ ਹੈਂ, ਕਿਉਂਕਿ ਇਨਸਾਨ ਵਿਚ ਅਕਲ ਹੈ, ਬੁੱਧੀ ਹੈ ਤੇ ਪਸ਼ੂ ਵਿਚ ਕੇਵਲ ਪਸ਼ੂ ਬ੍ਰਿਤੀ ਹੈ।

ਰਹਿਣੇ ਦਾ ਟਿਕਾਣਾ ਸੁੰਦਰ ਕਹਿਣੇ ਤੋਂ ਭਾਵ ਹੈ ਕਿ ਤੂੰ ਸੁਹਣੇ ਮੰਦਰ ਬਣਾ ਕੇ ਵੱਸਦਾ ਹੈਂ, ਪਸ਼ੂਆਂ ਵਾਂਙੂ ਘੁਰਿਆਂ ਵਿਚ ਕਿ ਪੰਛੀਆਂ ਵਾਂਙੂ ਆਲ੍ਹਣਿਆ ਵਿਚ ਨਹੀਂ, ਪਰ ਸੁੰਦਰ ਘਰ ਸਾਜ ਕੇ ਵੱਸਦਾ ਹੈਂ, ਪਰ ਤੇਰੇ ਮਨ ਵਿਚ ਹੈਂਕੜ ਕਿ 'ਹਮ ਸਭ ਸੇ ਬੜੇ ਹੈਂ' ਇਸ ਕਰਕੇ ਤੇਰਾ ਰੂਪ ਵਿਗੜ

ਜਾਂਦਾ ਹੈ। ਤੂੰ ਸਚਮੁਚ ਸੁਹਣੀ ਨਹੀਂ ਕਹੀ ਜਾ ਸਕਦੀ।

ਰਹਾਉ ਵਿਚ ਉਹੋ ਗਲ ਦੁਹਰਾਈ ਹੈ ਕਿ ਤੂੰ ਸੋਹਣੀ ਹੈਂ ਬਨਾਵਟ ਵਿਚ,ਰੂਪ ਤੇਰਾ ਸੁਹਣਾ ਹੈ, ਤੂੰ ਸਿਆਣੀ ਹੈਂ, ਚਤੁਰ ਹੈਂ। ਦੇਖੋ,ਏਥੇ ਸਰੀਰ ਦੇ ਤੇ ਮਨ ਦੇ ਸਾਂਝੇ ਗੁਣ ਗਿਣੇ ਹਨ। ਫੇਰ ਦੱਸਿਆ ਹੈ ਕਿ ਤੂੰ ਹੰਕਾਰ ਕਰਦੀ ਹੈਂ ਤੇ ਮੋਹ ਵਿਚ ਫਸੀ ਹੋਈ ਹੈਂ, ਇਸ ਕਰਕੇ ਸਫਲ ਨਹੀਂ ਹੋ ਰਹੀ। ਕਾਰਣ ਨਹੀਂ ਦੱਸਿਆ ਪਰ ਇਸ਼ਾਰਾ ਸਫਲਤਾ ਦਾ ਹੈ ਜੋ ਅੰਕ ੫ ਤੇ ਰਹਾਉ ਦੂਜੇ ਵਿਚ ਦੱਸਿਆ ਹੈ। ਇਹ ਤਾਂ ਲਈ ਉਹ ਮਾਨੁਖੀ ਦੇਹ ਜੋ ਮੋਹ ਹੰਕਾਰ ਵਿਚ ਫਾਥੀ ਸੰਸਾਰਕ ਜੀਵਨ ਬਸਰ ਕਰ ਰਹੀ ਹੈ।

ਅੰਕ ੨ ਵਿਚ ਲਈ ਹੈ ਬਾਹਰਲੀ ਸੁੱਚਮ ਵਾਲੀ, ਰਸੋਈ ਸੋਧ ਦੀ ਖਾਣ ਵਾਲੀ, ਇਸ਼ਨਾਨ, ਤਿਲਕ ਆਦਿ ਨਾਲ ਧਰਮਾਵਲੰਬੀ ਬਣਨ ਵਾਲੀ, ਤੇ ਗਜਾਨ ਦੀ ਜਾਣੂ ਤੇ ਗਜਾਨ ਕਥਨ ਕਰਨ ਵਾਲੀ, ਪਰ ਲੋਭ ਵਿਚ ਫਾਥੀ ਹੋਈ। ਪਹਿਲੇ ਅੰਕਾਂ ਵਿਚ ਗਰਬ ਕਾਰਣ ਲਿਆ ਸੀ, ਕਾਇਆਂ ਅਥਵਾ ਜਨਮ ਦੇ ਵਿਗੜ ਜਾਣ ਦਾ। ਹੁਣ ਲਿਆ ਹੈ ਲੋਭ ਜੋ ਸੁੱਚਮਾ ਵਾਲੇ ਕਰਮ ਕਾਂਡੀਆਂ ਤੇ ਮੁਖੜੇ ਦੇ ਗਜਾਨੀਆਂ ਦੇ ਜਨਮ ਨੂੰ ਖੋ ਦੇਂਦਾ, ਭਾਵ ਬ੍ਰਿਥਾ ਗੁਆ ਦੇਂਦਾ ਹੈ।

ਅੰਕ ੩ ਵਿਚ ਉਸ ਆਦਮੀ ਨੂੰ ਲੈਂਦੇ ਹਨ ਜੋ ਪਦਾਰਥ ਵਾਲਾ ਹੈ, ਭੋਗਾਂ ਦੇ ਸਾਮਾਨ ਸਾਰੇ ਹਨ; ਤੇ ਭੋਗ ਭੋਗਦਾ ਮੌਜਾਂ ਮਾਣਦਾ ਹੈ, ਪਰ ਚੰਗੇ ਕੰਮ ਪਰਉਪਕਾਰ ਆਦੀ ਬੀ ਕਰਦਾ ਹੈ ਕਿ ਲੋਕਾਂ ਵਿਚ ਸ਼ੋਭਾ ਹੋਵੇ। ਪਰ ਜਦ ਇਸ ਦੀਆਂ ਮਨਸ਼ਾ ਪੂਰਤੀਆਂ ਦੇ ਅਗੇ ਰੋਕ ਪੈਂਦੀ ਹੈ ਤਾਂ ਕ੍ਰੋਧ ਦੀ ਅਗ ਭੜਕ ਉਠਦੀ ਹੈ, ਜੋ ਇਸ ਦੀਆਂ ਕੀਤੀਆਂ ਨੇਕੀਆਂ ਨੂੰ ਨਿਸ਼ਫਲ ਕਰ ਦੇਂਦੀ ਹੈ।

ਅੰਕ ੪ ਵਿਚ ਹਕੂਮਤ ਵਾਲੇ ਮਾਨੁਖ ਨੂੰ ਲੈਂਦੇ ਹਨ ਜਿਸ ਪਾਸ ਹਕੂਮਤ ਦੇ ਨਾਲ ਧਨ ਪਦਾਰਥ ਬੀ ਹੁੰਦਾ ਹੈ। ਉਹ ਦੁਇ ਐਸ਼੍ਵਰਜ ਪਾਕੇ ਕਾਮ ਦੇ ਹੱਥ ਵਿਕ ਜਾਂਦਾ ਹੈ, ਉਸ ਦਾ ਆਚਰਣ ਸ੍ਰੇਸ਼ਟ ਤੇ ਪਵਿਤ੍ਰ ਨਹੀਂ ਰਹਿੰਦਾ, ਉਸ ਦਾ ਜਨਮ ਇਸ ਵਿਕਾਰ ਕਰਕੇ ਵਿਗੜ ਜਾਂਦਾ ਹੈ।

ਇਸ ਅੰਕ ਦੀਆਂ ਪਹਿਲੀਆਂ ਤੁਕਾਂ ਵਿਚ ਤਾਂ ਐਉਂ ਸਹੀ ਹੁੰਦਾ ਹੈ ਕਿ ਆਮ ਇਨਸਾਨਾਂ ਦਾ ਜ਼ਿਕਰ ਹੈ, ਪਰ ਛੇਕੜਲੀ ਤੁਕ ਦੱਸਦੀ ਹੈ ਕਿ ਆਪ ਵਿਆਪਤੀ ਦੀ ਗਲ ਵਿਚ ਧੂਨੀ ਵਿਚ ਹਕੂਮਤ ਵਾਲੇ ਨੂੰ ਲਿਆ ਹੈ। ਹਕੂਮਤਾਂ ਵਾਲੇ ਵਿਭਚਾਰੀ ਵਧੇਰੇ ਹੋਇਆ ਕਰਦੇ ਹਨ।

'ਸੀਲੁ ਬਿਗਾਰਿਓ ਤੇਰਾ ਕਾਮ' ਦਾ ਭਾਵ ਐਉਂ ਬੀ ਲਾ ਲੈਂਦੇ ਹਨ:- ਤੇਰਾ ਕੰਮ ਤੇਰੀ (ਸ਼ੀਲ=) ਮਿਜ਼ਾਜ ਵਿਗਾੜ ਰਹੀ ਹੈ। ਸੈਨਤ ਇਹ ਹੈ ਕਿ ਤੇਰਾ ਸ਼ੀਲ ਠੀਕ ਨਹੀਂ, ਇਸ ਕਰਕੇ ਤੇਰਾ ਕੰਮ ਵਿਗੜ ਰਿਹਾ ਹੈ। ਸ਼ੀਲ ਦਾ ਅਰਥ ਚਾਹੋ ਮਿਜ਼ਾਜ, ਚਾਹੋ ਆਚਰਨ ਲਾ ਲਿਆ ਜਾਵੇ, ਸੈਨਤ ਬਦਮਿਜ਼ਾਜੀ ਦਾ ਆਚਰਨ ਵਿਹੂਣਤਾ ਵੱਲ ਸਮਝੀਦੀ ਹੈ ਤਾਂ ਇਹ ਅਰਥ ਢੁੱਕ ਖੜੋਂਦਾ ਹੈ।

ਅੰਕ ੫ ਵਿਚ ਸਫਲੀ ਕਾਇਆਂ ਦਾ ਰੂਪ ਦਿਖਾਇਆ ਹੈ ਤੇ ਜਾਚ ਦੱਸੀ ਹੈ: ਸਾਧੂ ਦਾ ਸੰਗ (ਹਰਿ ਨਾਮ ਤੇ) ਹਰੀ ਰਸ, ਵਿਕਾਰਾਂ, ਤੋਂ ਖਲਾਸੀ, ਵਾਹਿਗੁਰੂ ਦੀ ਮੇਹਰ: ਉਹ ਹੈ ਸਫਲੀ ਕਾਇਆਂ।

ਰਹਾਉ ਦੂਜਾ ਇਸ ਕਾਂਇਆਂ ਵਾਲਾ ਗੁਰਮੁਖ ਹੈ, ਇਸ ਦੀ ਦੇਹੀ ਸੁਹਣੀ ਹੈ, ਸਫਲੀ ਹੈ ਤੇ ਅਕਲ ਵਾਲੀ ਹੈ।

ਰਹਾਉ ਦੂਜਾ-ਇਸ ਦੇ ਦੇਣ ਦਾ ਮਤਲਬ ਇਹ ਹੈ ਕਿ ਚਾਰ ਅੰਕਾਂ ਦੇ ਨਾਲ ਤਾਂ ਅਸਥਾਈ ਪਹਿਲੇ ਰਹਾਉ ਵਾਲੀ ਗਾਉਣੀ ਹੈ, ਪਰ ਅੰਕ ਪੰਜਵੇਂ ਦੇ ਨਾਲ ਪਹਿਲੇ ਰਹਾਉ ਦੀ ਅਸਥਾਈ ਨਹੀਂ ਗਾਉਣੀ, ਉਸ ਦੀ ਥਾਂ ਰਹਾਉ ਦੂਜਾ ਗਾਉਣਾ ਹੈ, ਕਿਉਂਕਿ ਅੰਕ ੫ ਵਿਚ ਭਾਗ ਬਦਲ ਗਿਆ ਹੈ।

ਨਿਰੁਕ੍ਤ—ਜਾਤਿ—[ਸੰਸ:, ਜਾਤਿ:=ਕੁਲ, ਜਾਤ ਸ਼੍ਰੇਣੀ। ਅਰਬੀ, ਜ਼ਾਤ=ਦੇਹ, ਜਿਸਮ] ਜ਼ਾਤ। (ਅ) ਅਸਲੀਅਤ। (ੲ) ਤੇਰੀ ਆਪਣੀ ਫਰਦਨ ਹਸਤੀ।

ਪਾਤਿ-ਪਾਤਿ=[ਸੰਸ:, ਪੰਕ੍ਤਿ:] ਪੰਕਤੀ ਪੰਗਤ। ਭਾਈਚਾਰੇ ਦੇ ਮੇਲ ਜੋਲ ਵੇਲੇ ਪੰਗਤਿ ਵਿਚ ਸਜਾਤੀ ਬੈਠਦੇ ਸਨ। ਏਥੇ ਭਾਵ ਹੈ ਭਾਈਚਾਰਕ ਪ੍ਰਬੰਧ। ਇਨਸਾਨ ਭਾਈਚਾਰੇ ਵਾਲਾ ਯਾ ਸਮਾਜਕ ਜੀਵ

ਹੈ। ਇਸ ਵਲ ਇਸ਼ਾਰਾ ਹੈ। (ਅ) ਪਾਤਿ ਦਾ ਅਰਥ ਇੱਜ਼ਤ ਬੀ ਕਰਦੇ ਹਨ।

ਥਾਨੁ—[ਸੰਸ: ਸ੍ਥਾਨ] ਜਗਾ, ਘਰ, ਮੰਦਰ।

ਬਿਗੜ ਰੂਪੁ—(ਦੇਖੋ ਪੰਨਾ ੧੭੨੧) ਵਿਗੜਿਆ ਰੂਪ, ਕੋਝਾ ਰੂਪ।

ਬਿਚਖਨਿ—[ਸੰਸ:, ਵਿਚਕ੍ਖਣ = ਬੁਧੀਮਾਨ, ਪਾਰਦਰਸ਼ੀ] ਚੁਤਰ, ਸਿਆਣਾ, ਵਿਦ੍ਵਾਨ।

ਫਾਕੀ—ਫਸੀ ਹੋਈ। (ਅ) ਖਾਧੀ ਹੋਈ। ਜੀਰਣ ਕੀਤੀ।

ਪਾਕਸ਼ਾਲ—[ਸੰਸ:, ਪਾਕਸ਼ਾਲਾ] ਰਸੋਈ। ਗਾਲੀ-ਗੱਲਾਂ।

ਸੁਆਨ—[ਸੰਸ:, ਸ੍ਵਾਨ:] ਕੁੱਤਾ। ਕਾਪਰੁ-ਕਪੜੇ, ਭਾਵ ਸੁਹਣੇ ਕਪੜੇ।

ਆਚਾਰ—ਕੰਮ। ਨੇਕ ਕੰਮ, ਪਰਉਪਕਾਰ ਆਦਿ।

ਚੋਆ—[ਦੇਖੋ ਪੰਨਾ ੨੭੮] ਅਗਰ ਦਾ ਤੇਲ। ਅਤਰ।

ਬਿਸਥਰ—ਫੈਲਾਉ। ਖੁੱਲ੍ਹਾ ਵਰਤਣਾ।

ਪਨਿਹਾਰੀ—[ਹਿੰ:, ਪਨਹਾਰੀ =] ਪਾਣੀ ਭਰਨ ਵਾਲੀ, ਭਾਵ ਦਾਸ। ਸੇਵਕ।

ਸਿਕਦਾਰੀ—ਭਾਵ ਸਰਦਾਰੀ। ਹਕੂਮਤ। (ਦੇਖੋ ਪੰਨਾ ੧੪੩੧)

ਦਾਮ—ਰੁਪੱਯੇ। ਦਮੜੇ। ਕਾਮ-ਕਾਮ ਨੇ।

ਸੀਲੁ—(ਦੇਖੋ ਪੰਨਾ ੧੪੦੬) ਸ਼ੁਭ ਆਚਰਣ, ਨੇਕ ਚਾਲਚਲਣ। ਪਵਿਤ੍ਰ ਜੀਵਨ

ਕਾਇਆ—[ਸੰਸ:, ਕਾਯ:) ਹਿੰਦੀ, ਕਾਯਾ। ਪੰ:, ਕਾਇਆਂ] ਸਰੀਰ, ਦੇਹ।

[ਆਸਾ ਮਹਲਾ ੫, ਚਉਪਦਾ, ੧੩—੮੦]

ਮੂਲ	ਅਰਥ
ਆਸਾ ਮਹਲਾ ੫ ਇਕਤੁਕੇ ੨ ॥	
ਜੀਵਤ ਦੀਸੈ ਤਿਸੁ ਸਰਪਰ ਮਰਣਾ॥ ਮੁਆ ਹੋਵੈ ਤਿਸੁ ਨਿਹਚਲੁ ਰਹਣਾ॥੧॥	(ਜੋ ਅਹੰਕਾਰ ਯਾ ਜੀਵਤ ਭਾਵ ਵਿਚ) ਜੀਉਂਦਾ ਦਿੱਸਦਾ ਹੈ ਉਸ ਨੇ ਜ਼ਰੂਰ ਮਰਨਾ ਹੈ, (ਜੋ ਅਹੰਕਾਰ ਯਾ ਜੀਵਨ ਭਾਵ ਵਿਚ) ਮਰਿਆ ਹੋਇਆ ਹੋਵੇ ਉਸ ਨੇ ਅਟੱਲ ਰਹਿਣਾ ਹੈ॥ ੧॥
ਜੀਵਤ ਮੁਏ ਮੁਏ ਸੇ ਜੀਵੇ ॥ ਹਰਿ ਹਰਿ ਨਾਮੁ ਅਵਖਧੁ ਮੁਖਿ ਪਾਇਆ ਗੁਰ ਸਬਦੀ ਰਸੁ ਅੰਮ੍ਰਿਤੁ ਪੀਵੇ ॥੧॥ ਰਹਾਉ ॥	(ਸੋ ਜੋ ਅਹੰ ਭਾਵ ਵਿਚ) ਜੀਉਂਦੇ (ਦਿੱਸਦੇ ਹਨ ਉਨ੍ਹਾਂ ਨੂੰ)ਮੋਏ ਹੋਏ (ਸਮਝੋ ਤੇ ਜੋ ਅਹੰਭਾਵ ਤੋਂ) ਮਰ ਗਏ ਹਨ ਓਹ ਜੀਉਂਦੇ (ਸਮਝੋ)। [ਕਿਉਂ ? ਉੱਤਰ:], (ਉਨ੍ਹਾਂ ਨੇ) ਹਰੀ ਹਰਿ ਦੇ ਨਾਮ (ਜਪਣ) ਰੂਪੀ ਦਵਾਈ ਮੂੰਹ ਵਿਚ ਪਾਈ ਹੈ (ਉਸ) ਨਾਮ ਜਪ (ਰੂਪੀ ਬੂਟੀ ਤੋਂ ਨਿਕਲਦੇ ਓਹ ਹਰੀ-) ਰਸ ਰੂਪੀ ਅੰਮ੍ਰਿਤ ਨੂੰ ਪੀਂਦੇ ਰਹਿੰਦੇ ਹਨ॥ ੧॥ ਰਹਾਉ॥
ਕਾਚੀ ਮਟੁਕੀ ਬਿਨਸਿ ਬਿਨਾਸਾ ॥ ਜਿਸੁ ਛੂਟੈ ਤ੍ਰਿਕੁਟੀ ਤਿਸੁ ਨਿਜ ਘਰਿ ਵਾਸਾ ॥੨॥	(ਇਹ ਸਰੀਰ) ਕੱਚੀ ਘੜੀ ਹੈ ਇਹ ਨਿਸਚੇ ਬਿਨਸਨਹਾਰ ਹੈ, (ਇਉਂ ਸਮਝ ਕੇ) ਜਿਸ ਦੀ ਤ੍ਰਿਕੁਟੀ ਛੁਟ ਜਾਏ ਉਸ ਦਾ ਸ੍ਵੈ ਸਰੂਪ ਵਿਚ ਵਾਸਾ ਹੋ ਜਾਂਦਾ ਹੈ॥ ੨॥
ਊਚਾ ਚੜੈ ਸੁ ਪਵੈ ਪਇਆਲਾ ॥ ਧਰਨਿ ਪੜੈ ਤਿਸੁ ਲਗੈ ਨ ਕਾਲਾ॥੩॥	ਜੋ ਉੱਚਾ ਚੜ੍ਹਦਾ ਹੈ (ਭਾਵ ਹੰਕਾਰ ਕਰਦਾ ਹੈ) ਉਹ ਪਤਾਲ ਪਟਕੀਦਾ ਹੈ, (ਜੋ ਨਿੰਮ੍ਰਤਾ ਰੂਪੀ) ਧਰਤੀ ਤੇ ਪਿਆ ਰਹੇਗਾ ਉਸ ਨੂੰ ਕਾਲ (ਦਾ, ਭਾਵ ਜਨਮ ਮਰਨ ਦਾ, ਦੁਖ) ਨਹੀਂ ਲਗੇਗਾ॥ ੩॥

ਭ੍ਰਮਤ ਫਿਰੇ ਤਿਨ ਕਿਛੂ ਨ ਪਾਇਆ॥ ਸੇ ਅਸਥਿਰ ਜਿਨ ਗੁਰ ਸਬਦੁ ਕਮਾਇਆ ॥੪॥	(ਜੋ ਇਕ ਵਾਹਿਗੁਰੂ ਦਾ ਦਰ ਛੱਡਕੇ ਹੋਰ ਦੇਵਾਂ ਦੇ ਦੁਆਰੇ) ਭਟਕਦੇ ਫਿਰੇ ਉਹਨਾਂ ਨੂੰ ਕੁਛ ਬੀ ਨਾ ਲੱਭਾ(ਪਰ) ਜਿਨ੍ਹਾਂ ਨੇ ਗੁਰੂ ਦੇ ਸ਼ਬਦ ਦੀ ਕਮਾਈ ਕੀਤੀ ਓਹ ਥਿਰ ਹੋਏ ਹਨ॥ ੪॥
ਜੀਉ ਪਿੰਡ ਸਭੁ ਹਰਿ ਕਾ ਮਾਲੁ ॥ ਨਾਨਕ ਗੁਰ ਮਿਲਿ ਭਏ ਨਿਹਾਲ ॥੫॥੧੩॥	ਹੇ ਨਾਨਕ! (ਸਾਡਾ) ਸਰੀਰ ਤੇ ਜਿੰਦ ਸਭੋ (ਕੁਛ) ਹਰੀ ਦਾ ਮਾਲ ਹੈ, (ਜਿਨ੍ਹਾਂ ਨੇ ਐਉਂ ਕਰਕੇ ਜਾਤਾ ਹੈ) ਓਹ ਗੁਰੂ ਨਾਲ ਮਿਲਕੇ ਨਿਹਾਲ ਹੋਏ ਹਨ। (ਭਾਵ ਸਦੈਵੀ ਸੁਖਾਂ ਨੂੰ ਪ੍ਰਾਪਤ ਹੋਏ ਹਨ)॥ ੫॥ ੧੩॥

ਵਜਾਖਜਾ— ਹਰੀ ਨਾਮ ਤੋਂ ਗ਼ਾਫ਼ਲ, ਗੁਰਮਤਿ ਤੋਂ ਵਿਹੂਣੇ ਜੋ ਅਹੰਕਾਰ ਵਿਚ ਗ਼ਾਫ਼ਲੀ ਦਾ ਜੀਵਨ ਬਸਰ ਕਰ ਰਹੇ ਹਨ, ਉਹਨਾਂ ਨੇ ਜ਼ਰੂਰ ਮਰਨਾ ਹੈ, ਮੁਰਾਦ ਹੈ ਕਿ ਬਾਰ ਬਾਰ ਜੰਮਣਾ ਮਰਨਾ ਹੈ, ਕਾਲ ਚੱਕ੍ਰ ਵਿਚੋਂ ਨਹੀ ਨਿਕਲ ਸਕਣਾ, ਅਪਣੀਆਂ ਅਹੰ ਭਾਵ ਦੀਆਂ ਵਾਸ਼ਨਾਂ ਨੇ ਲਈ ਫਿਰਨਾ ਹੈ, ਪਰ ਜੋ ਜੀਉਂਦੇ ਜੀ ਨਾਮ ਜਪ ਕੇ ਅਪਣੇ ਆਤਮਾ ਨੂੰ ਆਤਮਾ ਰਖ ਕੇ ਸਰੀਰ ਨੂੰ ਬਿਨਸਨਹਾਰ ਤੇ ਅਪਣੇ ਪਾਸ ਸਾਂਈ ਦੀ ਅਮਾਨਤ ਮਾਤ੍ਰ ਸਮਝ ਕੇ ਵਰਤਦੇ ਹਨ ਓਹ ਫੇਰ ਜੀਵਨ ਨੰਮ੍ਰਤਾ ਵਿਚ ਗੁਜ਼ਾਰਦੇ ਹਨ, ਅਹੰ ਰਹਿਤ ਹੋਣ ਕਰਕੇ ਨਾਮ ਤੋਂ ਚੋਂਦਾ ਅੰਮ੍ਰਿਤ ਰਸ ਪੀਂਦੇ ਹਨ, ਸੋ ਮਰਕੇ ਫੇਰ ਨਹੀ ਜੰਮਦੇ ਮਰਦੇ। ਓਹ:- ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥ [ਵਾਰ ਮਾਰੂ ਮਹਲਾ ੫-੧੮] ਦੇ ਅਸੂਲ ਮੂਜਬ ਵਾਹਿਗੁਰੂ ਵਿਚ ਸਦਾ ਥਿਰ ਹੋ ਜਾਂਦੇ ਹਨ। ਇਸ ਦੇ ਨਾਲ ਹੀ ਦੱਸਦੇ ਹਨ ਕਿ ਜਿਨ੍ਹਾਂ ਨੇ ਇਕ ਵਾਹਿਗੁਰੂ ਨੂੰ ਛੋੜ ਕੇ ਹੋਰ ਹੋਰ ਤਰੀਕੇ ਕਲਜਾਣ ਲਈ ਵਰਤੇ ਹਨ, ਹੋਰ ਦੇਵਾਂ ਦੀ ਪੂਜਾ ਕੀਤੀ ਹੈ, ਓਹ ਸਾਰੇ ਅਹੰਕਾਰੀ ਭਾਵ ਵਿਚ ਹੁੰਦੇ ਹਨ, ਓਹ ਮੁਕਤੀ ਨਹੀਂ ਪਾ ਸਕਦੇ।

ਨਿਰੁਕ੍ਤ—ਪਹਿਲੇ 'ਜੀਵਤ' ਦਾ ਅਰਥ 'ਜੀਵਤ ਭਾਵ' ਹੈ, ਹਉਂ ਵਿਚ ਗ਼ਾਫ਼ਲੀ ਵਾਲਾ ਜੀਵਨ। 'ਮੂਆ ਹੋਵੈਂ' ਤੇ 'ਮੁਏ' ਤੋਂ ਮੁਰਾਦ ਹੈ ਜੋ ਨਾਮ ਜਪ ਕੇ ਆਤਮ ਲੱਖਤਾ ਵਿਚ ਆ ਗਏ ਹਨ ਤੇ ਹਉਂ ਹੰਕਾਰ ਆਦਿ ਭਾਵਾਂ ਤੋਂ ਸੁਤੰਤ੍ਰ ਹੋ ਗਏ ਹਨ।

ਅਵਖਧੁ—[ਸੰਸ:, ਔਖਧਿ ਜਾ ਔਖਧੀ] ਦਵਾਈ। ਦਾਰੂ।

ਕਾਚੀ ਮਟੁਕੀ—ਕੱਚੀ ਮਿੱਟੀ ਦਾ ਬਣਿਆ ਛੋਟਾ ਮੱਟ, ਘੜੀ।

ਬਿਨਸਿ ਬਿਨਾਸਾ—ਦੁਹਰਾਕੇ ਕਿਹਾ ਹੈ 'ਨਿਸਚੇ ਨਾਸ਼ ਰੂਪ' ਹੈ। (ਅ) ਪਰ ਦਾਨੇ ਦੂਜੇ 'ਬਿਨਾਸਾ' ਦਾ ਅਰਥ 'ਬਿਨ+ਆਸਾ='ਆਸ ਤੋਂ ਰਹਿਤ ਹੋਏ ਬੀ ਕਰਦੇ ਹਨ।

ਤ੍ਰਿਕੁਟੀ—ਰਜ, ਤਮ, ਸਤ ਤ੍ਰੈ ਗੁਣਾਂ ਵਾਲੀ ਦਸ਼ਾ।

(ਅ) ਗਜਾਤਾ ਗਜਾਨ ਗਜੇਜ ਵਾਲੀ ਗੇਣਤੀ। (ੲ) ਬ੍ਰਹਮ, ਬਿਸ਼ਨੁ, ਮਹੇਸ਼ ਤ੍ਰੈਹਾਂ ਦੀ ਯਾ ਤ੍ਰੈਹਾਂ ਵਿਚੋਂ ਕਿਸੇ ਦੀ ਉਪਾਸਨਾ ਆਦਿ (ਵਿਸ਼ੇਸ਼ ਦੇਖੋ ਪੰਨਾ ੨੭੭)।

ਨਿਜ ਘਰਿ—ਅਪਣੇ ਵਿਚ, ਆਪਣੀ ਆਤਮ ਸਰੂਪਤਾ ਵਿਚ, ਸ੍ਵੈ ਸਰੂਪ ਵਿਚ।

ਪਇਆਲਾ—[ਸੰਸ:, ਪਾਤਾਲ। ਪ੍ਰਾ:, ਪਜਾਲ] ਪਾਤਾਲ।

ਧਰਨਿ—ਧਰਤੀ ਉਤੇ। ਭ੍ਰਮਤ ਫਿਰੇ-ਭਟਕਦੇ ਫਿਰੇ।

[ਆਸਾ ਮਹਲਾ ੫, ਚਉਪਦਾ, ੧੪—੮੧]

ਪ੍ਰਾਕ੍ਕਥਨ— ਸਰੀਰ, ਮਾਲ ਤੇ ਸੁੱਚਮ ਦੇ ਮਾਣਾਂ ਤੋਂ ਉੱਚਾ ਕਰਕੇ ਹਰੀ ਸਰਵੱਗ ਦੇ ਪ੍ਰੇਮ ਵਿਚ ਪੈਣ ਦਾ ਉਪਦੇਸ਼ ਦਿਤਾ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਪੁਤਰੀ ਤੇਰੀ ਬਿਧਿ ਕਰਿ ਥਾਟੀ ॥ ਜਾਨੁ ਸਤਿ ਕਰਿ ਹੋਇਗੀ ਮਾਟੀ॥੧॥	(ਹੇ ਮਾਨੁਖ !) ਤੇਰੀ (ਦੇਹ ਰੂਪੀ) ਪੁਤਲੀ (ਕਿਸੇ ਉੱਤਮ) ਵਿਧੀ (ਤਰਕੀਬ) ਨਾਲ ਬਣਾਈ ਗਈ ਹੈ, (ਪਰ ਇਹ ਗੱਲ) ਨਿਸਚੇ ਕਰਕੇ ਸਮਝ ਲੈ (ਕਿ ਇਹ ਇਕ ਦਿਨ) ਮਿੱਟੀ ਹੋ ਜਾਏਗੀ॥੧॥
ਮੂਲੁ ਸਮਾਲਹੁ ਅਚੇਤ ਗਵਾਰਾ ॥ ਇਤਨੇ ਕਉ ਤੁਮ੍ ਕਿਆ ਗਰਬੇ॥੧॥ ਰਹਾਉ ॥	ਹੇ ਗ਼ਾਫਲ ਮੂਰਖ ! (ਰਚਨਾ ਦੇ) ਮੂਲ (ਵਾਹਿਗੁਰੂ) ਨੂੰ ਯਾਦ ਕਰੰ, ਇਸ (ਨੈ ਜਿਸ ਨੇ ਮਿੱਟੀ ਹੋ ਜਾਣਾ ਹੈ, ਉਹ ਦੇਹ) ਦਾ ਤੂੰ ਮਾਨ ਕਿਉਂ ਕਰਦਾ ਹੈਂ॥੧॥ਰਹਾਉ॥
ਤੀਨਿ ਸੇਰ ਕਾ ਦਿਹਾੜੀ ਮਿਹਮਾਨੁ॥ ਅਵਰ ਵਸਤੁ ਤੁਝ ਪਾਹਿ ਅਮਾਨ॥੨॥	(ਬੰਦੇ ! ਮਾਲ ਦਾ ਮਾਣ ਬੀ ਨਾ ਕਰ, ਦੇਖ: ਸਾਰੀ) ਦਿਹਾੜੀ ਵਿਚ (ਤੂੰ) ਤਿੰਨ ਸੇਰ (ਅੰਨ ਪਾਣੀ ਦਾ ਮਾਨੌਂ ਇਕ) ਪ੍ਰਾਹੁਣਾ ਹੈਂ, ਹੋਰ ਸਾਰੀਆਂ ਵਸਤਾਂ ਤੇਰੇ ਪਾਸ (ਇਕ) ਅਮਾਨਤ (ਵਾਂਙੂ ਹਨ। ਭਾਵ ਜੋ ਕੁਛ ਤੂੰ ਖਾ ਲਿਆ ਸੋ ਖਾ ਲਿਆ, ਜੋ ਜਮਾ ਕੀਤਾ, ਨਾਲ ਨਹੀਂ ਜਾਣਾ, ਹੋਰਨਾਂ ਨੇ ਸਾਂਭਣਾ ਹੈ, ਮਾਨੌਂ ਤੇਰੇ ਪਾਸ ਅਮਾਨਤ ਸੀ)॥੨॥
ਬਿਸਟਾ ਅਸਤ ਰਕਤੁ ਪਰੇਟੇ ਚਾਮ॥ ਇਸੁ ਊਪਰਿ ਲੇ ਰਾਖਿਓ ਗੁਮਾਨ ॥੩॥	(ਇਸ ਦੇਹੀ ਨੂੰ ਧੋ ਧੋ ਕਿ ਸੁੱਚਮਾ ਧਾਰ ਧਾਰ ਕੇ ਤੂੰ ਬਫਾਉਂਦਾ ਹੈਂ ਪਤਾ ਹਈ ਕਿ ਇਹ ਤਾਂ) ਵਿਸ਼ਟਾ ਹੱਡੀਆਂ ਤੇ ਲਹੂ ਨੂੰ ਚੰਮ ਵਿਚ ਲਪੇਟ ਕੇ ਰਖਿਆ (ਮਾਨੌਂ ਇਕ ਥੈਲਾ ਮਾਤ੍ਰ ਹੈ) ਇਸ ਉਤੇ (ਤੂੰ) ਹੈਂਕੜ ਨੂੰ ਧਾਰਨ ਕੀਤਾ ਹੋਇਆ ਹੈ॥੩॥
ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥ ਬਿਨੁ ਬੂਝੇ ਤੂੰ ਸਦਾ ਨਾਪਾਕ ॥੪॥	(ਮੈਲੀਆਂ ਵਸਤਾਂ ਦੇ ਥੈਲੇ ਨੂੰ ਧੋ ਕੇ ਸੁੱਚਮਾਂ ਦਾ ਮਾਣ ਕਰਨਾ ਠੀਕ ਨਹੀ, ਤੂੰ ਜੇ) ਇਕ ਵਸਤੂ ਨੂੰ ਬੁੱਝ ਲਵੇਂ ਤਾਂ (ਸਚ ਮੁਚ) ਪਵਿਤ੍ਰ ਹੋ ਜਾਏਂ, ਉਸ ਨੂੰ ਬੁੱਝੇ ਬਿਨਾਂ ਤੂੰ ਸਦਾ ਅਪਵਿਤ੍ਰ ਹੈਂ, (ਉਹ ਵਸਤੂ ਅਗਲੇ ਅੰਕ ਵਿਚ ਦੱਸੀ ਹੈ ਜੋ ਹੈ-ਹਰਿ ਪੁਰਖੁ ਸੁਜਾਨ ਦੀ ਪ੍ਰਾਪਤੀ)॥੪॥
ਕਹੁ ਨਾਨਕ ਗੁਰ ਕਉ ਕੁਰਬਾਨੁ ॥ ਜਿਸ ਤੇ ਪਾਈਐ ਹਰਿ ਪੁਰਖੁ ਸੁਜਾਨੁ ॥੫॥੧੪॥	ਆਖਦੇ ਹਨ (ਸ੍ਰੀ ਗੁਰੂ) ਨਾਨਕ (ਦੇਵ ਜੀ ਮੈਂ ਅਪਣੇ) ਗੁਰੂ ਤੋਂ ਸਦਕੇ ਹਾਂ, ਜਿਸ ਤੋਂ 'ਸਰਵੱਗਜ ਪੁਰਖ ਹਰੀ ਪ੍ਰਾਪਤ ਹੁੰਦਾ ਹੈ॥੫॥੧੪॥

ਵਯਾਖਯਾ—ਅੰਕ ੨-ਦੇਹ ਮੁਫਰਦ ਸ਼ੈ ਨਹੀ, ਇਹ ਮੁਰੱਕਬ ਹੈ। ਕਈ ਤੱਤਾਂ ਤੇ ਹੋਰ ਸ਼ੈਆਂ ਤੋਂ ਇਹ ਸੁਹਣੀ ਤਰਕੀਬ ਨਾਲ ਰਚੀ ਗਈ ਹੈ। ਇਸ ਵਿਚ 'ਬਿਧੀ ਕਰਤਾ' ਵਲ ਇਸ਼ਾਰਾ ਹੈ, ਪਰ ਇਸ ਦਾ ਅੰਤ ਦੱਸਿਆ ਵਿਨਾਸ਼, ਇਸ ਕਰਕੇ ਇਸ ਦੇ ਹੰਕਾਰ ਤੋਂ ਵਰਜਿਆ।

ਰਹਾਉ-ਮੂਲ ਸਮ੍ਹਾਲਣ ਦਾ ਉਪਦੇਸ਼ ਦਿਤਾ ਕਿ ਬਿਧੀ ਨਾਲ ਰਚਣ ਵਾਲੇ ਮੂਲ ਨੂੰ ਪਛਾਣ, ਜਿਸ ਨੇ ਇਹ ਸਾਜੀ ਹੈ। ਇਸ ਦਾ ਮਾਣ ਨਾ ਕਰ।

ਅੰਕ ੨ ਵਿਚ ਮਾਲ ਦੇ ਹੰਕਾਰ ਤੋਂ ਵਰਜਿਆ ਹੈ ਕਿ ਸਾਰਾ ਅਮਾਨ ਹੈ ਤੇਰੇ ਪਾਸ, ਤੇਰੇ ਕੰਮ ਤਾਂ ਤ੍ਰੈ ਸੇਰ ਅੰਨ ਦਿਹਾੜੀ ਆਉਂਦਾ ਹੈ।

ਅੰਕ ੩ ਵਿਚ ਦੇਹ ਨੂੰ ਇਸ਼ਨਾਨ ਆਦਿ ਸੁੱਚਮਾਂ ਨਾਲ ਪਵਿਤ੍ਰ ਸਮਝ ਕੇ ਮਾਨ ਧਾਰਨ ਵਾਲਿਆਂ ਨੂੰ ਦੱਸਿਆ ਕਿ ਇਹ ਤਾਂ ਇਕ ਥੈਲਾ ਹੈ ਚਮੜੇ ਦਾ, ਜਿਸ ਵਿਚ ਦੇਖਿਆਂ ਨਫਰਤ ਆਉਣ

ਵਾਲੇ ਸਾਮਾਨ ਲਪੇਟੇ ਪਏ ਹਨ।

ਅੰਕ ੪ ਵਿਚ ਕਲਜਾਣ ਦਾ ਮਾਰਗ ਦੱਸਿਆ। ਸੱਚੀ ਸੁੱਚਮ ਸਿਖਾਈ ਕਿ ਜਿਸ ਮੂਲ ਵਸਤੂ ਦਾ ਇਸ਼ਾਰਾ ਰਹਾਉ ਵਿਚ ਦੇ ਆਏ ਸਨ ਉਸ ਵਲ ਬ੍ਰਿਤੀ ਨੂੰ ਮੋੜਕੇ,ਸਮਝਾਉਂਦੇ ਹਨ ਕਿ ਪਵਿੱਤ੍ਰਤਾ ਸਰੀਰ ਦੀ ਧਾਰੋ, ਪਰ ਇਹ ਮਾਨ ਯੋਗ ਨਹੀਂ, ਇਹ ਤਾਂ ਸਰੀਰਕ ਅਰੋਗਤਾ ਦੀ ਸ਼ੈ ਹੈ, ਮਾਨ ਯੋਗ ਪਵਿਤ੍ਰਤਾ ਮਾਨਸਿਕ ਹੈ ਜੋ ਵਾਹਿਗੁਰੂ ਜੀ ਨੂੰ ਅਨੁਭਵ ਕਰਨੇ ਤੇ ਪ੍ਰਾਪਤ ਹੁੰਦੀ ਹੈ। ਉਸ ਦਾ ਗਜਾਨ ਪ੍ਰਾਪਤ ਕੀਤੇ ਬਿਨਾਂ ਮਨ ਅਪਵਿਤ੍ਰ ਰਹਿੰਦਾ ਹੈ।

ਅੰਕ ੫ ਵਿਚ ਮੂਲ ਪਛਾਣਨ ਤੇ ਮੂਲ ਵਸਤੂ ਪ੍ਰਾਪਤੀ ਦਾ ਟਿਕਾਣਾ ਦੱਸਿਆ ਕਿ ਉਹ ਗੁਰੂ ਤੋਂ ਮਿਲਦਾ ਹੈ। ਤੇ ਅੰਤ ਵਿਚ ਉਸ ਮੂਲ ਵਸਤੂ ਦਾ ਸਪਸ਼ਟ ਨਾਮ ਦੱਸ ਦਿਤਾ ਹਰੀ ਪੁਰਖੁ ਸੁਜਾਨ। ਸੁਜਾਨ = ਸਰਵੱਗ, ਸਾਰੇ ਕੁਛ ਦੇ ਜਾਨਣ ਵਾਲਾ ਪਰੀਪੂਰਣ ਹਰੀ ਜੋ ਸਾਰਿਆਂ ਪਾਪਾਂ ਤੇ ਮੈਲਾਂ ਦਾ ਹਰ ਲੈਣ ਵਾਲਾ ਪਾਵਨ ਕਰਤਾ ਹੈ।

ਨਿਰੁਕ–ਪੁਤਰੀ–[ਸੰਸ:, ਪੁਤ੍ਰੀ ਜਾਂ ਪੁਤ੍ਰਿਕਾ] ਪੁਤਲੀ, ਕਾਗਜ਼ ਕਾਠ ਆਦਿ ਦੀ ਬੁੱਤ ਵਾਂਙ ਬਣੀ ਸ਼ੈ। **ਬਿਧਿ**–[ਸੰਸ:, ਵਿਧਿ:] ਤਰਕੀਬ ਵਿਉਂਤ, ਭਾਵ ਹੈ ਸੁਹਣੀ ਵਿਉਂਤ ਤਰਕੀਬ ਨਾਲ।

ਤੀਨਿ ਸੇਰ ਕਾ ਮਹਿਮਾਨੁ–ਪ੍ਰਾਹੁਣਾ ਤ੍ਰੈ ਸੇਰ ਅੰਨ ਦਾ, ਤ੍ਰੈ ਸੇਰ ਤੋਂ ਮੁਰਾਦ ਕੱਚੇ ਤਿੰਨ ਸੇ ਰ ਦੀ ਹੈ, ਜੋ ਸਵਾ ਸੇਰ ਪੱਕੇ ਤੋਂ ਕੁਛ ਘੱਟ ਹੁੰਦਾ ਹੈ। ਕਚਾ ਮਣ ਪੱਕੇ ੧੬ ਸੇਰ ਦਾ ਹੁੰਦਾ ਹੈ।

ਅਸਤ–ਹਡੀਆਂ। **ਰਕਤੁ**–[ਸੰਸ: ਰਕ੍ਤ] ਲਹੂ।

ਪਰੇਟੇ–ਲਪੇਟੇ ਹੋਏ। **ਚਾਮ**–[ਸੰਸ:, ਚਰ੍ਮਨ੍] ਚੰਮ।

ਪਾਕ–[ਅੰ:, ਪਾਕ] ਪਵਿਤ੍ਰ। ਸਾਫ਼ ਸੁਥਰਾ।

ਹਰਿ ਪੁਰਖੁ ਸੁਜਾਨੁ-ਅਰਥ ਵਜਾਖਜਾ ਦੇ ਅੰਤ ਆ ਚੁਕਾ ਹੈ।

[ਆਸਾ ਮਹਲਾ ੫, ਚਉਪਦਾ, ੧੫–੮੨]

ਪ੍ਰਾਕ੍ਥਨ– ਬਿਰਹਨੀ ਦੇ ਰੂਪਕ ਵਿਚ ਵਾਹਿਗੁਰੂ ਪ੍ਰੇਮੀ ਦੀ ਵਿਆਕੁਲਤਾ ਦਰਸਾ ਕੇ ਫੇਰ ਮੇਲ ਦਰਸਾਇਆ ਹੈ ਅਤੇ ਉੱਤਮ ਪੁਰਖ ਦੁਆਰਾ ਉਪਦੇਸ਼ ਦਿਤਾ ਹੈ।

ਮੂਲ	ਅਰਥ
ਆਸਾ ਮਹਲਾ ੫ ਇਕਤੁਕੇ ਚਉਪਦੇ॥	
ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ ॥ ਮਨੁ ਨ ਰਹੈ ਕੈਸੇ ਮਿਲਉ ਪਿਆਰੇ॥੧॥	(ਵਿਛੋੜੇ ਵਿਚ) ਇਕ ਘੜੀ ਮੈਨੂੰ ਦਿਨ ਬਰੱਬਰ ਹੋ ਢੁੱਕਦੀ ਹੈ (ਨਹੀਂ ਇਕ ਘੜੀ ਵਿਛੋੜੇ ਦੀ) ਕਈ ਦਿਨਾਂ (ਬਰੱਬਰ ਹੋ ਜਾਂਦੀ ਹੈ); ਮਨ ਨਹੀਂ ਲੱਗਦਾ (ਅ-ਧੀਰਜੀ ਰਹਿੰਦਾ ਹੈ ਕਿ) ਕਿਵੇਂ ਮਿਲਾਂ ਪਿਆਰੇ ਨੂੰ॥੧॥
ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ ॥ ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ ॥੧॥ ਰਹਾਉ ॥	ਹਾਂ, ਇਕ ਪਲ ਦਿਨ (ਹੋ ਹੋ ਕੇ) ਮੈਨੂੰ ਕਦੇ ਬੀਤਣ ਵਿਚ ਹੀ ਨਹੀਂ ਆਉਂਦਾ। (ਪ੍ਰੀਤਮ ਦੇ) ਦਰਸ਼ਨ ਦੀ ਆਸ ਮਨ ਵਿਚ ਬਹੁਤੀ ਹੈ। ਐਸਾ ਕੋਈ ਸੰਤ ਹੈ ਜੋ ਮੈਨੂੰ ਪਤੀ (ਪਰਮੇਸ਼ੁਰ) ਨਾਲ ਮਿਲਾ ਦੇਵੇ॥੧॥ ਰਹਾਉ॥

ਚਾਰਿ ਪਹਰ ਚਹੁ ਜੁਗਹ ਸਮਾਨੇ ॥ ਰੈਣਿ ਭਈ ਤਬ ਅੰਤੁ ਨ ਜਾਨੇ ॥੨॥	(ਇਸ ਤਰ੍ਹਾਂ ਦਿਨ ਦੇ) ਚਾਰ ਪਹਿਰ (ਮੈਨੂੰ)ਚਾਰ ਜੁਗਾਂ ਦੇ ਤੁੱਲ ਹੋ ਜਾਂਦੇ ਹਨ। (ਜਦ) ਰਾਤ ਪੈਂਦੀ ਹੈ ਤਦ (ਰਾਤ) ਮੁੱਕਣਾਂ ਹੀ ਨਹੀਂ ਜਾਣਦੀ(ਭਾਵ ਮੁੱਕਣ ਵਿਚ ਹੀ ਨਹੀਂ ਆਉਂਦੀ)॥੨॥
ਪੰਚ ਦੂਤ ਮਿਲਿ ਪਿਰਹੁ ਵਿਛੋੜੀ ॥ ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ ॥੩॥	(ਹਾਇ)ਪੰਜ ਦੂਤਾਂ ਨੇ ਮਿਲਕੇ (ਮੈਨੂੰ) ਪਤੀ ਤੋਂ ਵਿਛੋੜਿਆ ਹੈ, (ਹੁਣ ਵਿਛੁੜੀ ਹੋਈ ਮੈਂ) ਭਟਕ ਭਟਕ ਕੇ (ਸਿਰ ਤੇ) ਹੱਥ ਮਾਰ ਮਾਰ ਕੇ ਰੋਂਦੀ ਹਾਂ॥੩॥
ਜਨ ਨਾਨਕ ਕਉ ਹਰਿ ਦਰਸੁ ਦਿਖਾਇਆ ॥ ਆਤਮੁ ਚੀਨ੍ਹਿ ਪਰਮ ਸੁਖੁ ਪਾਇਆ ॥੪॥੧੫॥	(ਭਲਾ ਹੋਵੇ ਗੁਰੂ ਦਾ ਜਿਸ ਨੇ) ਨਾਨਕ ਦਾਸ ਨੂੰ (ਉਸ ਪ੍ਰੀਤਮ) ਹਰੀ ਦਾ ਦਰਸ਼ਨ ਦਿਖਾ ਦਿੱਤਾ ਹੈ ਤੇ ਮੈਂ ਆਤਮਾਂ ਨੂੰ ਪਛਾਣ ਕੇ ਪਰਮ ਸੁਖ ਪਾ ਲਿਆ ਹੈ॥੪॥੧੫॥

ਵਜਾਖਜਾ— ਭਾਵ ਸੁਗਮ ਹੈ, ਉੱਤਮ ਪੁਰਖ ਦੁਆਰਾ ਅਰਥਾਤ ਅਪਣੇ ਤੇ ਲਾ ਕੇ ਬਿਰਹਨੀ ਦੇ ਰੂਪ ਵਿਚ ਜਗਜਾਸੂ ਲਈ ਪ੍ਰੇਮ ਦੀ ਤੜਪ ਦਿਖਾਈ ਹੈ ਕਿ ਵਾਹਿਗੁਰੂ ਦੇ ਦਰਸ਼ਨ ਪ੍ਰੇਮੀ ਕੀਕੂੰ ਵਜਾਕੁਲ ਹੁੰਦੇ ਹਨ ਤੇ ਗੁਰੂ ਨੂੰ ਮਿਲਕੇ ਨਾਮ ਪ੍ਰਾਪਤ ਕਰਕੇ ਵਾਹਿਗੁਰੂ ਲੱਖਤਾ ਨੂੰ ਪ੍ਰਾਪਤ ਹੋ ਕੇ ਪਰਮ ਸੁਖੀ ਹੋ ਜਾਂਦੇ ਹਨ।

ਨਿਰੁਕ੍ਤ— **ਦਿਨਸੁ**—ਦਿਨ+ਸੁ। 'ਸ' ਨੂੰ ਔਂਕੜ ਹੈ, ਇਸ ਕਰਕੇ 'ਦਿਨ ਦੀ ਘੜੀ' ਅਰਥ ਨਹੀਂ ਬਣਦਾ, ਭਾਵ ਹੈ ਘੜੀ ਦਿਨ ਬਣ ਜਾਂਦੀ ਹੈ, ਉਹ ਦਿਨ ਕਈ ਦਿਨਾਂ ਬਰੱਬਰ ਹੋ ਜਾਂਦਾ ਹੈ। ਫੇਰ ਪਲ ਦਿਨ ਬਣਦਾ ਹੈ, ਦਿਨ ਬੀਤਣ ਵਿਚ ਨਹੀਂ ਆਉਂਦਾ, ਭਾਵ ਪਲ ਲੰਮੀ ਹੋ ਕੇ ਬੀਤਦੀ ਨਹੀਂ ਭਾਸਦੀ।

ਦਿਹਾਰੇ—[ਸੰਸ:, ਦਿਸਵ=ਦਿਨ] ਦਿਹਾੜੇ। ਦਿਨ।

ਅੰਤੁ ਨਾ ਜਾਨੇ—ਰਾਤ ਅੰਤ ਹੋਣਾ ਭੁੱਲ ਜਾਂਦੀ ਹੈ। ਕੈਸਾ ਸੁੰਦਰ ਕਾਵਜ ਕਟਾਖਜ ਹੈ, ਰਾਤ ਵਿਚ ਜਾਨ ਪਾ ਦਿੱਤੀ ਹੈ ਜੋ ਬਿਰਹਨੀ ਨੂੰ ਦੁੱਖ ਦੇਣ ਲਈ ਮੁੱਕਦੀ ਹੀ ਨਹੀਂ।

ਪੰਚ ਦੂਤ—[ਸੰਸ: ਪੰਚ (੫)+ਦੂਤਾ=ਕਾਸਿਦ, ਸੁਨੇਹਾ ਪਹੁੰਚਾਉਣ ਵਾਲਾ। ਪੰਜਾਬੀ ਦੂਤ ਦਾ ਅਰਥ ਹੈ, ਚੁਗਲ, ਵੈਰੀ, ਦੁਸ਼ਮਨ] ਕਾਮ ਕ੍ਰੋਧ ਆਦਿ। ਪੰਜ ਦੁਸ਼ਮਣ।

ਪਛੋੜੀ—ਪਛਾੜ ਪਛਾੜ ਕੇ। ਭਾਵ ਹੈ ਸਿਰ ਤੇ ਹੱਥ ਜ਼ੋਰ ਜ਼ੋਰ ਨਾਲ ਮਾਰ ਕੇ ਪਿੱਟਦੀ ਰੋਂਦੀ ਹੈ। **ਚੀਨਿ**—ਵੇਖ ਕੇ, ਪਛਾਣ ਕੇ।

[ਆਸਾ ਮਹਲਾ ੫, ਚਉਪਦਾ, ੧੬—੮੩]

ਪ੍ਰਾਕ੍ਥਨ—ਹਰੀ ਦੇ ਗੁਣ ਦਰਸਾ ਕੇ ਹਰੀ ਦੀ ਸੇਵਾ ਸੁਖਾਂ ਦੀ ਪ੍ਰਾਪਤੀ ਦਾ ਵਸੀਲਾ ਦੱਸੀ ਤੇ ਸੇਵਾ ਦਾ ਸਰੂਪ ਨਾਮ ਸਿਮਰਣ ਦੱਸਿਆ।

ਮੂਲ	ਅਰਥ
ਆਸਾ ਮਹਲਾ ੫ ॥ ਹਰਿ ਸੇਵਾ ਮਹਿ ਪਰਮ ਨਿਧਾਨੁ ॥ ਹਰਿ ਸੇਵਾ ਮੁਖਿ ਅੰਮ੍ਰਿਤ ਨਾਮੁ ॥੧॥	ਹਰੀ ਦੀ ਸੇਵਾ ਵਿਚ ਸਭ ਤੋਂ ਵੱਡਾ ਖ਼ਜ਼ਾਨਾ ਮਿਲਦਾ ਹੈ (ਭਾਵ, ਸਭ ਤੋਂ ਅਮੋਲਕ ਸ਼ੈ ਆਤਮ ਸੁਖ ਮਿਲਦਾ ਹੈ)। (ਹਰੀ ਦੀ ਸੇਵਾ ਦਾ ਕੀਹ ਸਰੂਪ ਹੈ ? ਉੱਤਰ:) ਮੂੰਹ ਵਿਚ (ਹਰੀ ਦੇ) ਅੰਮ੍ਰਿਤ ਨਾਮ (ਦਾ ਨਿਵਾਸ ਹੀ) ਹਰੀ ਦੀ ਸੇਵਾ ਹੈ॥੧॥

ਹਰਿ ਮੇਰਾ ਸਾਥੀ ਸੰਗਿ ਸਖਾਈ ॥ ਦੁਖਿ ਸੁਖਿ ਸਿਮਰੀ ਤਹ ਮਉਜੂਦੁ ਜਮੁ ਬਪੁਰਾ ਮੋ ਕਉ ਕਹਾ ਡਰਾਈ॥੧॥ ਰਹਾਉ ॥	(ਹਰੀ ਸੇਵਾ ਵਿਚ ਪਰਮ, ਨਿਧਾਨ ਕਿਉਂ ਹੈ ? ਉੱਤਰ:) ਹਰੀ ਮੇਰਾ ਮਿਤ੍ਰ ਹੈ, (ਹਰ ਥਾਂ ਮੇਰਾ) ਸੰਗੀ ਹੈ ਤੇ ਸਾਥੀ ਹੈ, (ਜਿਥੇ ਬੀ ਮੈਂ ਉਸ ਨੂੰ) ਦੁਖ ਕਿ ਸੁਖ ਵਿਚ ਯਾਦ ਕਰਾਂ (ਉਹ) ਉਥੇ ਹੀ ਮੌਜੂਦ ਹੁੰਦਾ ਹੈ, ਵਿਚਾਰਾ ਜਮ ਮੈਨੂੰ ਕੀਹ ਡਰਾ ਸਕਦਾ ਹੈ (ਭਾਵ ਨਹੀਂ ਡਰਾ ਸਕਦਾ)॥੧॥ਰਹਾਉ॥
ਹਰਿ ਮੇਰੀ ਓਟ ਮੈ ਹਰਿ ਕਾ ਤਾਣੁ॥ ਹਰਿ ਮੇਰਾ ਸਖਾ ਮਨ ਮਾਹਿ ਦੀਬਾਣੁ॥੨॥	ਹਰੀ (ਹੀ) ਮੇਰਾ ਆਸਰਾ ਹੈ, ਮੈਨੂੰ ਹਰੀ (ਹੀ) ਦਾ ਬਲ ਹੈ। ਹਰੀ ਮੇਰਾ ਦੋਸਤ ਹੈ। (ਹਰੀ ਹੀ) ਮੇਰੇ ਮਨ ਵਿਚ ਮੇਰੀਆਂ ਫਰਯਾਦਾਂ ਸੁਣਨ ਵਾਲਾ ਹੈ॥੨॥
ਹਰਿ ਮੇਰੀ ਪੂੰਜੀ ਮੇਰਾ ਹਰਿ ਵੇਸਾਹੁ॥ ਗੁਰਮੁਖਿ ਧਨੁ ਖਟੀ ਹਰਿ ਮੇਰਾ ਸਾਹੁ ॥੩॥	ਹਰੀ ਹੀ ਮੇਰੀ (ਪਰਮਾਰਥਿਕ ਮੰਡੀ ਵਿਚ) ਪੂੰਜੀ ਹੈ: ਹਰੀ ਹੀ (ਪਰਮਾਰਥਿਕ ਵਪਾਰੀਆਂ ਵਿਚ) ਮੇਰੀ ਸਾਖ (ਇੱਜ਼ਤ) ਹੈ। ਹਰੀ ਮੇਰਾ ਸ਼ਾਹ ਹੈ, ਗੁਰੂ (ਦਲਾਲ) ਦੁਆਰਾ (ਜਿਸ ਤੋਂ) ਧਨ ਖੱਟੀਦਾ ਹੈ॥੩॥
ਗੁਰ ਕਿਰਪਾ ਤੇ ਇਹ ਮਤਿ ਆਵੈ ॥ ਜਨ ਨਾਨਕੁ ਹਰਿ ਕੈ ਅੰਕਿ ਸਮਾਵੈ ॥੪॥੧੬॥	ਇਹ ਮੱਤ (ਕਿ 'ਸਭ ਕੁਛ ਹਰੀ ਹੈ ਤੇ ਉਸ ਦੀ ਸੇਵਾ ਸਭ ਤੋਂ ਵੱਡਾ ਲਾਹਾ') ਗੁਰੂ ਦੀ ਕ੍ਰਿਪਾ ਨਾਲ ਆਉਂਦੀ ਹੈ, (ਐਉਂ ਹੀ) ਨਾਨਕ ਦਾਸ ਹਰੀ ਦੀ ਗੋਦ ਵਿਚ ਸਮਾਉਂਦਾ ਹੈ,(ਭਾਵ ਸਰੂਪ ਲੀਨ ਹੁੰਦਾ ਹੈ)॥੪॥੧੬॥

ਵ੍ਯਾਖ੍ਯਾ— ਸੁਗਮੰ। ਹਰੀ ਦੀ ਵਿਆਪਕਤਾ, ਸਰਵ ਸ਼ਕਤੀ ਮਾਨਤਾ, ਨਿੰਮ੍ਰਤਾ, ਭਾਗਵਾਨਤਾ ਦਿਖਾ ਕੇ ਉਸ ਦੀ ਪੂਜਾ ਨੂੰ ਸਭ ਤੋਂ ਕੀਮਤੀ ਸ਼ੈ ਦੱਸਿਆ ਤੇ ਸੇਵਾ ਦਾ ਸਰੂਪ ਮੂੰਹ ਵਿਚ ਰਸਮਯ ਨਾਮ ਦਾ ਉਚਾਰਨਾ ਦੱਸਿਆ।

ਨਿਰੁਕ੍ਤ— ਨਿਧਾਨੁ—ਖ਼ਜ਼ਾਨਾ। **ਸਖਾਈ**—(ਦੇਖੋ 'ਸਖਾ' ਪੰਨਾ ੧੧੭੦)ਸਖਾ ਹੈ; ਮਿਤ੍ਰ ਹੈ।

ਮਉਜੂਦੁ—[ਅ: ਮੌਜੂਦ = ਹਾਜ਼ਰ] ਜੋ ਪਹਿਲੋਂ ਹੀ ਹਾਜ਼ਰਾ ਹਜ਼ੂਰ ਹੋਵੇ।

ਬਪੁਰਾ—[ਸੰਸ:, ਵਰਾਕ। ਹਿੰ:, ਪੰ:, ਬਪੁਰਾ = ਅਭਾਗਾ, ਬਦਕਿਸਮਤ] ਵਿਚਾਰਾ, ਨਿਤਾਣਾ।

ਤਾਣੁ—ਬਲ, ਜ਼ੋਰ। **ਦੀਬਾਣੁ**—ਵਡਾ ਹਾਕਮ, ਜਿਸ ਪਾਸ ਫਰਯਾਦ ਕਰ ਸਕੀਏ।

ਵੇਸਾਹੁ—[ਸੰਸ:, ਵਿਸ਼੍ਵਾਸ: = ਭਰੋਸਾ। ਹਿੰ:, ਬਿਸਾਹਾ = ਖ਼ਰੀਦ] ਸਾਖ ਉਹ ਇਤਬਾਰ ਇੱਜ਼ਤ ਜਿਸ ਕਰਕੇ ਵਪਾਰੀ ਨੂੰ ਬਜ਼ਾਰ ਵਿਚੋਂ ਉਧਾਰ ਮਿਲ ਜਾਂਦਾ ਹੈ ਤੇ ਸਭ ਕੋਈ ਇਤਬਾਰ ਕਰਦਾ ਹੈ। Credit। **ਅੰਕਿ**—ਝੋਲੀ, ਗੋਦੀ, ਅੰਗ, ਸਰੂਪ।

[ਆਸਾ ਮਹਲਾ ੫, ਚਉਪਦਾ, ੧੭—੮੭]

ਪ੍ਰਾਕ੍ਥਨ—ਆਪਣੇ ਗੁਰੂ ਨਾਨਕ ਮਿਲਾਪ ਦੇ ਪਰਮ ਸੁਖ ਪ੍ਰਾਪਤੀ ਦੇ ਗੁਣ ਗਾਇਨ ਵਿਚ ਗੁਰੂ ਤੇ ਗੁਰੂ ਮਿਹਰ ਦਾ ਫਲ ਦਰਸਾਇਆ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਪ੍ਰਭੁ ਹੋਇ ਕ੍ਰਿਪਾਲੁ ਤ ਇਹੁ ਮਨੁ ਲਾਈ॥ ਸਤਿਗੁਰੁ ਸੇਵਿ ਸਭੈ ਫਲ ਪਾਈ॥੧॥	(ਜੇ) ਪ੍ਰਭੂ ਕ੍ਰਿਪਾਲੂ ਹੋਵੇ ਤਾਂ ਇਹ ਮਨ (ਸਤਿਗੁਰੂ ਦੀ ਸੇਵਾ ਵਿਚ) ਲਾਵਾਂ, ਸਤਿਗੁਰੂ ਦੀ ਸੇਵਾ ਕਰਕੇ ਸਾਰੇ ਫਲ ਪਾ ਲਵਾਂ॥੧॥

ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ ॥ ਮਨਸਾ ਕਾ ਦਾਤਾ ਸਭ ਸੁਖ ਨਿਧਾਨੁ ਅੰਮ੍ਰਿਤ ਸਰਿ ਸਦ ਹੀ ਭਰਪੂਰਾ॥੧॥ ਰਹਾਉ ॥	ਹੇ ਮਨ ! (ਫੇਰ ਤੂੰ) ਕਿਉਂ ਰੋਵੇਂਗਾ (ਕਿਉਂਕਿ) ਸਤਿਗੁਰੂ ਮੇਰਾ ਪੂਰਾ (ਗੁਰੂ) ਹੈ, (ਉਹ) ਮਨ ਦੀਆਂ ਮੰਗਾਂ ਦਾ ਦਾਤਾ ਹੈ, ਸਾਰੇ ਸੁਖਾਂ ਦਾ ਖ਼ਜ਼ਾਨਾ ਹੈ (ਤੇ ਨਾਮ) ਅੰਮ੍ਰਿਤ (ਦਾ) ਸਰੋਵਰ ਹੈ, (ਜਿਸ) ਵਿਚ (ਨਾਮ ਰਸ) ਨਕਾ ਨਕ ਭਰ ਰਿਹਾ ਹੈ॥ ੧॥ ਰਹਾਉ॥
ਚਰਣ ਕਮਲ ਰਿਦ ਅੰਤਰਿ ਧਾਰੇ ॥ ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ॥੨॥	(ਇਹ ਸਮਝ ਕੇ ਜਦ ਮੈਂ ਗੁਰੂ ਦੇ) ਚਰਨ ਕਮਲ ਹਿਰਦੇ ਵਿਚ ਧਾਰਣ ਕੀਤੇ (ਤਦ ਮੇਰੇ ਅੰਦਰ) ਆਤਮ ਪ੍ਰਕਾਸ਼ ਹੋ ਗਿਆ ਤੇ ਪਿਆਰੇ ਪ੍ਰਭੂ ਜੀ ਮਿਲ ਪਏ॥ ੨॥
ਪੰਚ ਸਖੀ ਮਿਲਿ ਮੰਗਲੁ ਗਾਇਆ ॥ ਅਨਹਦ ਬਾਣੀ ਨਾਦੁ ਵਜਾਇਆ॥੩॥	ਪੰਜ ਸਖੀਆਂ (ਭਾਵ ਗਜ਼ਾਨ ਇੰਦ੍ਰੀਆਂ) ਨੇ ਮਿਲਕੇ ਖੁਸ਼ੀ ਦਾ ਗੀਤ ਗਾਂਵਿਆਂ (ਅਤੇ) ਅਨਹਦ ਬਾਨੀ ਦਾ ਸੰਗੀਤ ਕੀਤਾ॥ ੩॥
ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ ॥ ਸੁਖਿ ਰੈਣਿ ਵਿਹਾਣੀ ਸਹਜਿ ਸੁਭਾਇ ॥੪॥੧੭॥	(ਉਹ ਸਤਿਗੁਰੂ ਕੌਣ ਸੀ ? ਉੱਤਰ:) (ਉਹ) ਗੁਰੂ ਨਾਨਕ (ਸੀ ਜਦ ਉਹ) ਤ੍ਰੁੱਠਾ ਤਦ ਹਰੀ ਰਾਇ (=ਪ੍ਰਭੂ) ਮਿਲ ਪਿਆ (ਸੋ ਮੇਰੀ ਉਮਰਾ ਰੂਪੀ) ਰਾਤ ਸਹਜ ਸੁਭਾ ਹੀ ਸੁਖ ਵਿਚ ਬੀਤ ਰਹੀ ਹੈ॥ ੪॥ ੧੭॥

ਵਯਾਖਯਾ ਤੇ ਨਿਰੁਕ੍ਤ—ਸੁਗਮੈਂ।

[ਆਸਾ ਮਹਲਾ ੪, ਚਉਪਦਾ, ੧੮—੮੫]

ਪ੍ਰਾਕ੍ਥਨ—ਹਰੀ ਧਨ ਅਰਥਾਤ ਨਾਮ ਰੂਪੀ ਧਨ ਕੱਠਾ ਕਰਨੇ ਦਾ ਉਪਦੇਸ਼ ਦੇ ਕੇ ਫਲ ਦਰਸਾਇਆ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਕਰਿ ਕਿਰਪਾ ਹਰਿ ਪਰਗਟੀ ਆਇਆ ॥ ਮਿਲਿ ਸਤਿਗੁਰ ਧਨੁ ਪੂਰਾ ਪਾਇਆ॥੧॥	ਜਦੋਂ ਸਤਿਗੁਰੂ ਨੂੰ ਮਿਲ ਕੇ ਪੂਰਾ ਧਨ (ਨਾਮ ਤੇ ਨਾਮ ਰਸ) ਪਾ ਲਿਆ (ਤਦ) ਹਰੀ ਕਿਰਪਾ ਕਰਕੇ (ਆਪ) ਪ੍ਰਗਟ ਹੋ ਆਇਆ ਹੈ॥ ੧॥
ਐਸਾ ਹਰਿ ਧਨੁ ਸੰਚੀਐ ਭਾਈ ॥ ਭਾਹਿ ਨ ਜਾਲੈ ਜਲਿ ਨਹੀ ਡੂਬੈ ਸੰਗੁ ਛੋਡਿ ਕਰਿ ਕਤਹੁ ਨ ਜਾਈ ॥੧॥ ਰਹਾਉ ॥	ਹੇ ਭਾਈ ! ਏਹੋ ਜੇਹਾ ਹਰੀ ਧਨ (ਜਿਸ ਨੂੰ ਅਸਾਂ ਪੂਰਾ ਧਨ ਆਖਿਆ ਹੈ) ਇਕੱਠਾ ਕਰਨਾ ਚਾਹੀਏ, (ਜਿਸ ਨੂੰ) ਅੰਗ ਸਾੜ ਨਹੀ ਸਕਦੀ, (ਜੋ) ਜਲ ਵਿਚ ਡੁਬਦਾ ਨਹੀਂ (ਤੇ ਸਾਡਾ) ਸਾਥ ਛੱਡ ਕੇ (ਫੇਰ) ਕਿਤੇ ਹੋਰਥੇ ਨਹੀਂ ਜਾਂਦਾ॥ ੧॥ ਰਹਾਉ॥
ਤੋਟਿ ਨ ਆਵੈ ਨਿਖੁਟਿ ਨ ਜਾਇ ॥ ਖਾਇ ਖਰਚਿ ਮਨੁ ਰਹਿਆ ਅਘਾਇ ॥੨॥	(ਜਿਸ ਦਾ ਵਿਹਾਰ ਕਰਦਿਆਂ) ਘਾਟਾ ਨਹੀ ਪੈਂਦਾ (ਜੋ ਖਰਚਦਿਆਂ) ਮੁੱਕਦਾ ਨਹੀ (ਤੇ ਜਿਸ ਨੂੰ ਆਪ) ਖਾਂਦਿਆਂ (ਤੇ ਹੋਰਨਾਂ ਨੂੰ ਦੇਣ ਵਿਚ) ਖਰਚਦਿਆਂ ਮਨ ਤ੍ਰਿਪਤ ਰਹਿੰਦਾ ਹੈ॥ ੧॥

ਸੋ ਸਚੁ ਸਾਹੁ ਜਿਸੁ ਘਰਿ ਹਰਿ ਧਨੁ ਸੰਚਾਣਾ ॥ ਇਸੁ ਧਨ ਤੇ ਸਭੁ ਜਗੁ ਵਰਸਾਣਾ॥੩॥	ਉਹੀ ਸੱਚਾ ਸ਼ਾਹ ਹੈ, ਜਿਸ ਦੇ ਘਰ ਵਿਚ ਹਰੀ ਧਨ ਕੱਠਾ ਹੋ ਗਿਆ ਹੈ। ਇਸੇ ਧਨ ਤੋਂ (ਉਸ ਸ਼ਾਹ ਪਾਸੋਂ ਫੇਰ) ਸਾਰਾ ਜਗਤ ਵਰਸਾਇਆ ਜਾਂਦਾ ਹੈ (ਭਾਵ ਸੁਖੀ ਹੁੰਦਾ ਹੈ)॥ ੩॥
ਤਿਨਿ ਹਰਿ ਧਨੁ ਪਾਇਆ ਜਿਸੁ ਪੁਰਬ ਲਿਖੇ ਕਾ ਲਹਣਾ ॥ ਜਨ ਨਾਨਕ ਅੰਤਿ ਵਾਰ ਨਾਮੁ ਗਹਣਾ ॥੪॥੧੮॥	(ਪਰ ਇਹ) ਹਰਿ ਧਨ ਉਸ ਨੇ ਪਾਇਆ ਹੈ ਜਿਸ ਨੇ ਪੂਰਬਲੇ ਲਿਖੇ ਅਨੁਸਾਰ ਲੈਣਾ ਹੁੰਦਾ ਹੈ। ਦਾਸ ਨਾਨਕ (ਜੀ ਦੱਸਦੇ ਹਨ ਕਿ) ਇਹ ਹਰੀਧਨ ਹੀ ਅੰਤ ਵੇਲੇ ਨਾਲ ਜਾਣੇ ਵਾਲਾ ਜ਼ੇਵਰ (=ਕੀਮਤੀ ਵਸਤੂ) ਹੈ॥ ੪॥ ੧੮॥

ਵਯਾਖਯਾ— ਨਾਮ ਨੂੰ ਹਰੀ ਧਨ ਕਿਹਾ ਹੈ, ਕਿਉਂਕਿ ਇਹ ਕੀਮਤੀ ਵਸਤੂ ਹੈ, ਇਸ ਕਰਕੇ ਧਨ ਕਿਹਾ। ਏਹ ਹਰੀ ਨਾਲ ਮੇਲ ਦੇਂਦਾ ਹੈ ਇਸ ਕਰਕੇ 'ਹਰੀ ਦਾ' ਕਿਹਾ। ਇਹ ਧਨ ਗੁਰੂ ਪਾਸੋਂ ਮਿਲਦਾ ਹੈ, ਇਸ ਨੂੰ ਇਕੱਠਾ ਕਰਨੇ ਦਾ ਉਪਦੇਸ਼ ਦਿਤਾ ਹੈ। ਝੂਠੇ ਧਨ ਵਾਙੂ ਇਹ ਨਾ ਚੁਰਾਇਆ ਜਾ ਸਕਦਾ ਹੈ, ਨਾ ਅੱਗ ਸਾੜ ਸਕਦੀ ਹੈ, ਪਾਣੀ ਡੋਬ ਨਹੀਂ ਸਕਦਾ, ਭਾਵ ਹੈ ਕਿ ਉਸ ਧਨ ਵਾਂਙੂ ਇਹ ਨਾਸ਼ਮਾਨ ਨਹੀਂ। ਫੇਰ ਖ਼ੂਬੀ ਇਹ ਹੈ ਕਿ ਖਰਚਣ ਨਾਲ, ਭਾਵ ਨਾਮ ਧਨ ਵੰਡਣ ਨਾਲ, ਦੂਜੇ ਧਨ ਵਾਙੂ ਘਟਦਾ ਨਹੀਂ। ਸੋ ਇਸੇ ਨਾਲ ਜਗਤ ਦਾ ਭਲਾ ਕਰ ਸਕੀਦਾ ਹੈ। ਇਹ ਪੂਰਬਲੇ ਲਿਖੇ ਨਾਲ ਮਿਲਦਾ ਦੱਸਿਆ ਹੈ। ਇਹ ਵਾਚ ਕੇ ਨਿਰਾਸਾ ਦਾ ਉਪਦੇਸ਼ ਨਹੀਂ ਦਿੱਤਾ ਸਗੋਂ ਆਸ ਦਾ, ਕਿ ਉੱਦਮ ਕਰੋ, ਜਪੋ, ਜੇ ਲਿਖਿਆ ਹੈ ਤਾਂ ਇਕੱਠਾ ਹੋ ਜਾਏਗਾ। ਬਿਨਾਂ ਉੱਦਮ ਕੀਤੇ ਦੇ ਕੋਈ ਨਹੀਂ ਕਹਿ ਸਕਦਾ ਕਿ ਭਾਗਾਂ ਵਿਚ ਹੈ ਕਿ ਨਹੀਂ।

ਅੰਤਲੀ ਤੁਕ ਵਿਚ ਫ਼ੁਰਮਾਇਆ ਹੈ ਕਿ ਇਹ ਅੰਤ ਸਮੇਂ ਦਾ ਗਹਿਣਾ ਹੈ, ਅਰਥਾਤ ਅੰਤ ਸਮੇਂ ਨਾਲ ਕੋਈ ਧਨ ਨਹੀਂ ਜਾਂਦਾ ਪਰ ਇਹ ਨਾਲ ਜਾਂਦਾ ਹੈ ਕਿਉਂਕਿ ਆਤਮਾ ਨਾਲ ਤਦਰੂਪ ਹੋ ਜਾਂਦਾ ਹੈ, ਏਥੇ 'ਅੰਤ ਸਮੇਂ ਦਾ ਧਨ' ਨਹੀਂ ਕਿਹਾ, 'ਗਹਿਣਾ' ਕਿਹਾ ਹੈ ਜਿਸ ਦਾ ਭਾਵ ਇਹ ਹੈ ਕਿ ਜਿਵੇਂ ਝੂਠਾ ਧਨ ਤਾਂ ਗੰਢਾਂ ਬੰਨ੍ਹ ਖੀਸੇ ਥੈਲੇ ਪਾ ਨਾਲ ਚੁੱਕੀਦਾ ਹੈ ਤੇ ਗਹਿਣਾ ਤਾਂ ਗਲ ਪਿਆ ਆਪੇ ਸਰੀਰ ਦੇ ਨਾਲ ਜਾਂਦਾ ਹੈ, ਤਿਵੇਂ ਹਰੀ ਨਾਮ ਗਹਿਣੇ ਵਾਂਙੂ ਆਤਮਾ ਦੇ ਗਲੇ ਪਿਆ (ਭਾਵ ਤਦਰੂਪ ਹੋਇਆ) ਨਾਲ ਜਾਂਦਾ ਹੈ।

ਨਿਰੁਕਤ—**ਭਾਹਿ**—[ਦੇਖੋ ਪੰਨਾ ੨੮੧] ਅੱਗ।   ਨਿਖੁਟਿ-ਸੁੱਕ।

ਅਘਾਇ—ਤ੍ਰਿਪਤ।   ਸੰਚਾਣਾ-ਇਕਠਾ ਹੋ ਗਿਆ ਹੈ।

ਵਰਸਾਣਾ—[ਦੇਖੋ 'ਵਰਸਾਵੈ ਪਨਾ ੧੬੯੦] ਵਰੋਸਾਇਆ, ਲਾਭਵੰਦ ਹੋਇਆ।

ਗਹਣਾ—ਜ਼ੇਵਰ। ਭੂਸ਼ਣ। (ਅ) ਗਹਿਣਾ ਦਾ ਅਰਥ ਕ੍ਰਿਯਾ ਵਿਚ ਬੀ ਕਰ ਲੈਂਦੇ ਹਨ ਕਿ ਅੰਤ ਸਮੇਂ ਨਾਮ ਨੂੰ ਪਕੜਨਾ, ਪਰ ਇਹ ਅਰਥ ਅਪ੍ਰਸੰਗਕ ਹੈ।

[ਆਸਾ ਮਹਲਾ ੫, ਚਉਪਦਾ, ੧੯-੮੬]

ਪ੍ਰਾਕ੍ਥਨ— ਜਗਤ ਦਾ ਜੀਵਣਾ ਕੋਈ ਭਰੋਸੇ ਵਾਲੀ ਗੱਲ ਨਹੀਂ, ਜੇ ਬਹੁਤ ਬੀ ਜੀਵੇ ਤਾਂ ਬੀ ਮਰਨਾ ਨਿਸਚਿਤ ਹੈ, ਇਸ ਲਈ ਗੁਰੂ ਪ੍ਰਸਾਦ ਪ੍ਰਾਪਤ ਕਰ ਕੇ ਗੋਬਿੰਦ ਦੇ ਗੁਣ ਗਾਓ ਜੋ ਅੱਗੇ ਚੱਲਕੇ ਮੁੱਖ ਉੱਜਲਾ ਹੋਵੇ।

ਮੂਲ	ਅਰਥ
ਆਸਾ ਮਹਲਾ ੫ ॥	
ਜੈਸੇ ਕਿਰਸਾਣੁ ਬੋਵੈ ਕਿਰਸਾਨੀ ॥ ਕਾਚੀ ਪਾਕੀ ਬਾਢਿ ਪਰਾਨੀ ॥੧॥	ਜਿਸ ਤਰ੍ਹਾਂ ਖੇਤੀ ਕਰਨ ਵਾਲਾ ਖੇਤੀ ਬੀਜਦਾ ਹੈ (ਤੇ ਜਦ ਚਾਹੇ) ਕੱਚੀ (ਚਾਹੇ) ਪੱਕੀ ਨੂੰ ਵਾਢੀ ਪਾ ਦੇਂਦਾ ਹੈ॥੧॥
ਜੋ ਜਨਮੈ ਸੋ ਜਾਨਹੁ ਮੂਆ ॥ ਗੋਵਿੰਦ ਭਗਤੁ ਅਸਥਿਰੁ ਹੈ ਥੀਆ॥੧॥ ਰਹਾਉ ॥	(ਇਸੀ ਤਰ੍ਹਾਂ) ਜੋ (ਜੀਵ) ਜੰਮਦਾ ਹੈ ਓਹ(ਕਿਸੇ ਨਾ ਕਿਸੇ ਵੇਲੇ) ਮੋਇਆ ਹੀ ਜਾਣੇ। ਕੇਵਲ ਗੋਬਿੰਦ ਦਾ ਭਗਤ ਹੈ (ਜੋ ਜਨਮ ਮਰਣ ਥੀਂ) ਥਿਰ ਹੋਇਆ ਹੈ॥੧॥ਰਹਾਉ॥
ਦਿਨ ਤੇ ਸਰਪਰ ਪਉਸੀ ਰਾਤਿ ॥ ਰੈਣਿ ਗਈ ਫਿਰਿ ਹੋਇ ਪਰਭਾਤਿ॥੨॥	(ਜਿਵੇਂ) ਦਿਨ ਦੇ ਉਪਰੋਂ ਜ਼ਰੂਰ ਰਾਤ ਪਵੇਗੀ, ਜਦ ਰਾਤ (ਮੁੱਕ) ਗਈ (ਤਦ) ਫੇਰ ਸਵੇਰ (ਜ਼ਰੂਰ) ਹੋਵੇਗੀ (ਤਿਵੇਂ ਜਨਮ ਮਗਰੋਂ ਮੌਤ ਤੇ ਮੌਤ ਮਗਰੋਂ ਜਨਮ ਹੁੰਦਾ ਹੈ॥੨॥
ਮਾਇਆ ਮੋਹਿ ਸੋਇ ਰਹੇ ਅਭਾਗੇ ॥ ਗੁਰ ਪ੍ਰਸਾਦਿ ਕੋ ਵਿਰਲਾ ਜਾਗੇ ॥੩॥	(ਇਸ ਆਵਾਗਵਨ ਵਿਚ) ਮਾਇਆ ਕਰਕੇ ਮੋਹੇ ਅਭਾਗੇ ਪ੍ਰਾਣੀ ਸੁੱਤੇ ਰਹਿੰਦੇ ਹਨ, ਕੋਈ ਵਿਰਲਾ ਗੁਰੂ ਦੀ ਕ੍ਰਿਪਾ ਨਾਲ ਜਾਗਦਾ ਹੈ॥੩॥
ਕਹੁ ਨਾਨਕ ਗੁਣ ਗਾਈਅਹਿ ਨੀਤ॥ ਮੁਖ ਊਜਲ ਹੋਇ ਨਿਰਮਲ ਚੀਤ ॥੪॥੧੯॥	ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਕਿ (ਪ੍ਰਭੂ ਦੇ) ਗੀਤ ਸਦਾ ਗਾਵੀਏਂ, (ਤਦ ਲੋਕ ਵਿਚ ਤਾਂ) ਚਿਤ ਨਿਰਮਲ ਹੋ ਜਾਏਗਾ (ਤੇ ਦਰਗਾਹ ਵਿਚ) ਮੂੰਹ ਉੱਜਲਾ ਹੋਵੇਗਾ, (ਭਾਵ ਸੁਰਖਰੋਈ ਪ੍ਰਾਪਤ ਹੋਵੇਗੀ)॥੪॥੧੯॥

ਵਜਾਖਜਾ— ਜੀਵਨ ਅਨਿਸਥਿਰ ਦੱਸਕੇ ਸਿਫਤ ਸਲਾਹ ਦਾ ਰਾਹ ਦੱਸਿਆ। ਫਲ ਦੋ ਲਖਾਏ; ਜੀਉਂਦਿਆਂ ਮਨ ਨਿਰਮਲ ਤੇ ਮਰਕੇ ਸੁਰਖਰੋਈ।

ਨਿਰੁਕ੍ਤ— **ਕਿਰਸਾਣੁ**-(ਦੇਖੋ 'ਕਿਰਸਾਣੀ' ਪੰਨਾ ੧੮੧੬) ਕ੍ਰਿਖੀ ਯਾ ਖੇਤੀ ਕਰਨ ਵਾਲਾ।

ਕਿਰਸਾਨੀ-ਖੇਤੀ। **ਬਾਢਿ ਪਰਾਨੀ**-ਵਾਢੀ ਪਾ ਦੇਂਦਾ ਹੈ, ਵਢ ਲੈਂਦਾ ਹੈ।

ਸਰਪਰ-ਜ਼ਰੂਰ। **ਪਰਭਾਤਿ**-(ਸੰਸ:, ਪ੍ਰਭਾਤ) ਸਵੇਰ।

ਮੁਖ ਊਜਲ-ਮੁਹਾਵਰਾ ਹੈ ਸੁਰਖਰੋਈ ਦਾ। ਮਨ ਨਿਰਮਲ ਹਰੀ ਕੀਰਤਨ ਨਾਲ ਹੁੰਦਾ ਹੈ ਯਥਾ:-

ਗੁਨ ਗਾਵਤ ਤੇਰੀ ਉਤਰਸਿ ਮੈਲੁ।। (ਗਉੜੀ ਮਹਲਾ ੫, ਸੁਖਮਨੀ-੧੯)

ਮਨ ਉੱਜਲ ਹੋਣ ਨਾਲ ਪਾਪ ਨਹੀਂ ਹੁੰਦੇ, ਸਿਮਰਨ ਹੁੰਦਾ ਹੈ, ਸ੍ਵੈਸਰੂਪ ਲੱਖਤਾ ਵਿਚ ਆ ਜਾਂਦਾ ਹੈ ਇਸ ਕਰਕੇ ਅਗੇ ਜਾਕੇ ਸੁਰਖਰੂ ਹੁੰਦਾ ਹੈ।

[ਆਸਾ ਮਹਲਾ ੫, ਚਉਪਦਾ, ੨੦-੮੭]

ਪ੍ਰਾਕ੍ਥਨ—ਹਰੀ ਸਰਬ ਸੁਖਾਂ ਦਾ ਦਾਤਾ ਤੇ ਇੱਛਾ ਪੂਰਕ ਹੈ, ਉਸ ਦੇ ਗੁਣ ਗਾਵੋ।

ਮੂਲ	ਅਰਥ
ਆਸਾ ਮਹਲਾ ੫॥	
ਨਉ ਨਿਧਿ ਤੇਰੈ ਸਗਲ ਨਿਧਾਨ ॥ ਇਛਾ ਪੂਰਕੁ ਰਖੈ ਨਿਦਾਨ ॥੧॥	ਨੌ ਨਿਧੀਆਂ (ਤੇ) ਸਾਰੇ ਖ਼ਜ਼ਾਨੇ (ਹੇ ਹਰੀ !) ਤੇਰੇ ਹਨ, (ਤੂੰ ਸਭ ਦੀਆਂ) ਇੱਛਾਂ ਪੂਰਨ ਕਰਨੇ ਵਾਲਾ ਹੈਂ, ਅੰਤ ਸਮੇਂ (ਤੂੰ ਹੀ) ਰਖਯਾ ਕਰਦਾ ਹੈਂ॥੧॥

ਤੂੰ ਮੇਰੋ ਪਿਆਰੋ ਤਾ ਕੈਸੀ ਭੂਖਾ ॥ ਤੂੰ ਮਨਿ ਵਸਿਆ ਲਗੈ ਨ ਦੂਖਾ॥੧॥ ਰਹਾਉ ॥	(ਜਦ) ਤੂੰ ਮੇਰਾ ਪਿਆਰਾ ਹੈ ਤਾਂ (ਮੈਨੂੰ) ਕੇਹੀ ਭੁੱਖ? (ਭਾਵ ਕੋਈ ਭੁੱਖ ਨਹੀਂ ਵਜਾਪ ਸ਼ਕਦੀ)। ਤੂੰ ਮਨ ਵਿਚ ਫੱਸ ਗਿਆ ਤਾਂ (ਕੋਈ) ਦੁਖ ਨਹੀਂ ਲਗਦਾ॥੧॥ਰਹਾਉ॥
ਜੋ ਤੂੰ ਕਰਹਿ ਸੋਈ ਪਰਵਾਣੁ ॥ ਸਾਚੇ ਸਾਹਿਬ ਤੇਰਾ ਸਚੁ ਫੁਰਮਾਣੁ॥੨॥	(ਇਸ ਲਈ) ਜੋ ਤੂੰ ਕਰੇਂ (ਸਾਨੂੰ) ਉਹੋ ਹੀ ਕਬੂਲ ਹੈ,ਸੱਚੇ ਸਾਹਿਬ ! ਤੇਰਾ ਫੁਰਮਾਣ (ਅਸਾਂ) ਸੱਚ (ਕਰਕੇ ਜਾਣਨਾ ਹੈ) ॥੨॥
ਜਾ ਤੁਧੁ ਭਾਵੈ ਤਾ ਹਰਿ ਗੁਣ ਗਾਉ॥ ਤੇਰੈ ਘਰਿ ਸਦਾ ਸਦਾ ਹੈ ਨਿਆਉ॥੩॥	ਜਦ ਤੈਨੂੰ ਭਾਵ ਤਦੋਂ (ਮੈਂ) ਹੇ ਹਰੀ (ਤੇਰੇ) ਗੁਣ ਗਾਉਂਦਾ ਹਾਂ, (ਕਿਉਂਕਿ ਮੈਂ ਜਾਣਦਾ ਹਾਂ ਕਿ) ਤੇਰੇ ਘਰ ਸਦਾ ਸਦਾ ਨਿਆਉਂ ਹੁੰਦਾ ਹੈ (ਭਾਵ ਬੇਨਿਆਈ ਕਦੇ ਨਹੀਂ ਹੁੰਦੀ)॥੩॥
ਸਾਚੇ ਸਾਹਿਬ ਅਲਖ ਅਭੇਵ ॥ ਨਾਨਕ ਲਾਇਆ ਲਾਗਾ ਸੇਵ॥੪॥੨੦॥	ਹੇ ਸੱਚੇ ਸਾਹਿਬ ! ਹੇ ਨਾ ਲਖੇ ਜਾ ਸਕਣ ਵਾਲੇ ! ਹੇ ਜਿਸ ਦਾ ਭੇਦ ਨਾ ਪਾ ਸਕੀਏ। ਨਾਨਕ (ਤੇਰਾ) ਲਾਇਆ (ਤੇਰੀ) ਸੇਵ ਵਿਚ ਲੱਗ ਰਿਹਾ ਹੈ॥੪॥੨੦॥

ਵਜਾਖਜਾ— ਸਭ ਨਿਧਾਂ ਖ਼ਜ਼ਾਨਿਆਂ ਦਾ ਮਾਲਕ ਹਰੀ ਹੈ, ਇੰਨਾਂ ਧਨੀ ਹੋ ਕੇ ਸ਼ੂਮ ਨਹੀਂ ਉਹ ਇੱਛਾਂ ਸਭ ਦੀਆਂ ਪੂਰਨ ਕਰਨੇ ਵਾਲਾ ਹੈ। ਅੰਤ ਵੇਲੇ ਜਦ ਕੋਈ ਸੰਗੀ ਸਾਥੀ ਨਹੀਂ ਹੁੰਦਾ ਉਹੋ ਹੈ ਜੋ ਉਸ ਵੇਲੇ ਰਖਜਾ ਕਰ ਸਕਦਾ ਹੈ।

ਰਹਾਉ ਵਿਚ ਦੱਸਦੇ ਹਨ ਕਿ ਉਸ ਨੂੰ ਪਿਆਰ ਕਰੋ, ਕਿਉਂਕਿ ਆਪਣੇ ਪਿਆਰਿਆਂ ਨੂੰ ਸਭ ਕੋਈ ਸੁਖੀ ਰਖਦਾ ਹੈ, ਉਹ ਬੀ ਸੁਖੀ ਰਖੇਗਾ।

ਅੰਕ ੨ ਵਿਚ ਵਾਹਿਗੁਰੂ ਨੂੰ ਪਿਆਰ ਦੇ ਨਾਲ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਦਾ ਉਪਦੇਸ਼ ਕਰਦੇ ਹਨ। ਉਸ ਦੇ ਫੁਰਮਾਣ ਸੱਚੇ ਤੇ ਅਟੱਲ ਸਮਝੋ।

ਅੰਕ ੩ ਵਿਚ ਦੱਸਦੇ ਹਨ ਕਿ ਚਾਹੇ ਫੁਰਮਾਣ ਅਟੱਲ ਹੈ, ਪਰ ਸੰਸਾ ਨਾ ਕਰੋ ਕਿ ਉਹ ਫੁਰਮਾਨ ਕਦੇ ਬੇਨਿਆਈ ਦਾ ਹੋਵੇਗਾ। ਇਸ ਲਈ ਜੋ ਹੋਵੇ ਸੋ ਉਸ ਦਾ ਨਿਆਂ ਸਮਝੋ, ਤਦ ਤੁਸੀਂ ਉਸ ਦੇ ਗੁਣ ਸਦਾ ਗਾ ਸਕੋਗੇ, ਨਹੀਂ ਤਾਂ ਸੰਸੇ ਬ੍ਰਿਤੀ ਆ ਜਾਇਆ ਕਰੇਗੀ।

ਅੰਕ ੪ ਵਿਚ ਸ਼ੁਕਰ ਗੁਜ਼ਾਰੀ ਸਿਖਾਈ ਹੈ ਕਿ ਜੇ ਤੁਸੀ ਵਾਹਿਗੁਰੂ ਜੀ ਦਾ ਨਾਮ ਸਿਮਰਨੇ ਵਾਲੇ ਹੋ, ਗੁਣ ਗਾਯਕ ਹੋ ਤਾਂ ਇਹੀ ਸਮਝੋ ਕਿ ਉਸ ਦੇ ਲਾਏ ਹੋਏ ਇਸ ਉੱਤਮ ਸੇਵਾ ਵਿਚ ਲੱਗ ਰਹੇ ਹੋ। ਪਿਛੇ ਅੰਕ ੧੬ ਵਿਚ ਦੱਸ ਆਏ ਹਨ ਕਿ ਹਰੀ ਦੀ ਸੇਵਾ ਹਰੀ ਦੇ ਅੰਮ੍ਰਿਤ ਨਾਮ ਦਾ ਮੂੰਹ ਵਿਚ ਨਿਵਾਸ ਹੈ। ਸੋ 'ਲਾਇਆ ਸੇਵ' ਦਾ ਭਾਵ ਹੈ। ਹਰੀ ਨੇ ਆਪਣੇ ਨਾਮ ਸਿਮਰਨ ਵਿਚ ਸਾਨੂੰ ਆਪ ਹੀ ਲਾਇਆ ਹੈ।

ਨਿਰੁਕ੍ਤ—**ਨਉਨਿਧਿ**—(ਦੇਖੋ ਪੰਨਾ ੨੭੭) ਨੌ ਨਿਧੀਆਂ।

ਨਿਧਾਨ—(ਦੇਖੋ ਪੰਨਾ ੧੬੩੧) ਖ਼ਜ਼ਾਨੇ। ਨਿਦਾਨ-(ਦੇਖੋ ਪਨਾ ੧੫੮੮)ਅੰਤ ਨੂੰ। ਅੰਤ ਸਮੇਂ।

ਫੁਰਮਾਣੁ—[ਫਾ:, ਫ਼ਰਮਾਨ] ਹੁਕਮ, ਆਗਿਆ।

ਅਲਖ—ਜੋ ਮਨ ਬੁੱਧੀ ਕਰਕੇ ਜਾਣਿਆ ਨਾ ਜਾਏ।

ਅਭੇਵ—[ਸੰਸ:, ਅਭੇਦ:=ਬਿਨਾ-ਅੰਤਰ। (ਅ) ਇਕ ਰਸ, ਸਮਾਨ] ਜਿਸ ਦਾ ਭੇਦ ਨਾ ਪਾਯਾ ਜਾ ਸਕੇ। ਸੇਵ-ਸੇਵਾ ਨੂੰ। ਭਾਵ ਨਾਮ ਸਿਮਰਨ ਵਿਚ।

[ਆਸਾ ਮਹਲਾ ੫, ਚਉਪਦਾ, ੨੧-੯੮]

ਪ੍ਰਾਕ੍ਥਨ—ਵਾਹਿਗੁਰੂ ਦਾ ਦਾਸ ਕਾਣ ਕਨੌਡ ਤੋਂ ਛੁਟ ਜਾਂਦਾ ਹੈ। ਵਾਹਿਗੁਰੂ ਦੀ ਸੇਵਾ ਗੁਰੂ ਤੋਂ ਮਿਲਦੀ ਹੈ, ਉਸ ਨੂੰ ਧੰਨ ਧੰਨ ਆਖੋ।

ਮੂਲ	ਅਰਥ
ਆਸਾ ਮਹਲਾ ੫ ॥	
ਨਿਕਟਿ ਜੀਅ ਕੈ ਸਦ ਹੀ ਸੰਗਾ ॥ ਕੁਦਰਤਿ ਵਰਤੈ ਰੂਪ ਅਰੁ ਰੰਗਾ॥੧॥	(ਜੋ ਪ੍ਰਭੂ) ਸਦਾ ਹੀ ਅੰਗ ਸੰਗ ਹੈ ਤੇ ਜੀਅ (ਹ੍ਰਿਦੇ ਦੇ ਅਤਿ) ਨੇੜੇ ਹੈ, (ਬਾਹਰ ਉਸ ਦੀ) ਕੁਦਰਤ, ਰੂਪ ਰੰਗ ਵਰਤ ਰਿਹਾ ਹੈ॥੧॥
ਕਰ੍ਹੈ ਨ ਝੁਰੈ ਨਾ ਮਨੁ ਰੋਵਨਹਾਰਾ ॥ ਅਵਿਨਾਸੀ ਅਵਿਗਤੁ ਅਗੋਚਰੁ ਸਦਾ ਸਲਾਮਤਿ ਖਸਮੁ ਹਮਾਰਾ ॥੧॥ ਰਹਾਉ ॥	ਮਨ ਕੁੜ੍ਹਦਾ ਨਹੀਂ ਝੁਰਦਾ ਨਹੀ ਨਾ ਰੋਣ ਵਾਲਾ ਹੁੰਦਾ ਹੈ, (ਜਦ ਦਾ ਇਹ ਕੁਝ ਲਖ ਲਿਆ ਹੈ ਕਿ) ਨਾਸ਼ ਰਹਿਤ, ਅਵਿਗਤ ਤੇ ਅਗੋਚਰ ਹੈ (ਚਾਹੋ ਉਹ ਪ੍ਰਭੂ, ਪਰ) ਸਦਾ ਸਲਾਮਤ ਹੈ ਤੇ ਸਾਡਾ ਮਾਲਕ ਹੈ॥੧॥ਰਹਾਉ॥
ਤੇਰੇ ਦਾਸਰੇ ਕਉ ਕਿਸ ਕੀ ਕਾਣਿ ॥ ਜਿਸ ਕੀ ਮੀਰਾ ਰਾਖੈ ਆਣਿ ॥੨॥	ਆਪ ਦੇ(ਐਸੇ) ਦਾਸ ਨੂੰ ਕਿਸ ਦੀ ਮੁਥਾਜੀ ਰਹਿ ਜਾਂਦੀ ਹੈ, ਜਿਸ ਦੀ (ਕਿ ਤੇਰੇ ਵਰਗਾ) ਮਾਲਕ ਲਾਜ ਰਖਦਾ ਹੈ॥੨॥
ਜੋ ਲਉਡਾ ਪ੍ਰਭਿ ਕੀਆ ਅਜਾਤਿ ॥ ਤਿਸੁ ਲਉਡੇ ਕਉ ਕਿਸ ਕੀ ਤਾਤਿ॥੩॥	ਜਿਸ ਦਾਸ ਨੂੰ ਪ੍ਰਭੂ ਨੇ (ਗ਼ੁਲਾਮੀ ਤੋਂ)ਆਜ਼ਾਦ ਕਰ ਦਿੱਤਾ ਹੈ ਉਸ ਦਾਸ ਨੂੰ ਫੇਰ ਕਿਸ (ਦਾਸ) ਨਾਲ ਸਾੜਾ ਰਹਿ ਜਾਂਦਾ ਹੈ॥੩॥
ਵੇਮੁਹਤਾਜਾ ਵੇਪਰਵਾਹੁ ॥ ਨਾਨਕ ਦਾਸ ਕਹਹੁ ਗੁਰ ਵਾਹੁ॥੪॥੨੧॥	ਜੋ ਮੁਥਾਜੀ ਤੋਂ ਰਹਿਤ ਹੈ, ਜੋ ਬੇਪਰਵਾਹ ਹੈ; ਹੇ ਦਾਸ ਨਾਨਕ! (ਉਸ ਨੂੰ) ਆਖੋ:-ਹੇ ਗੁਰੂ ! ਤੈਨੂੰ ਵਾਹ ਵਾਹ ਹੈ,(ਭਾਵ-ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜੋ ਗੁਰੂ ਬੇ ਪਰਵਾਹ ਤੇ ਬੇਮੁਹਤਾਜ ਹੈ ਉਸ ਨੂੰ ਆਖੋ ਹੇ ਗੁਰੂ ਤੂੰ ਧੰਨ ਹੈਂ)॥੪॥੨੧॥

ਵ੍ਯਾਖ੍ਯਾ—ਅੰਕ ੨ ਵਿਚ ਦੱਸਿਆ ਹੈ ਕਿ ਪ੍ਰਭੂ ਦੇ ਦਾਸ ਨੂੰ ਕਿਸੇ ਦੀ ਕਾਣ ਕਨੌਡ ਨਹੀ ਰਹਿੰਦੀ, ਜਿਸ ਦੀ ਕਿ ਮਾਲਕ ਗੁਰੂ ਆਮ ਇੱਜ਼ਤ ਦਾ ਰਾਖਾ ਹੋ ਜਾਂਦਾ ਹੈ।

ਰਹਾਉ ਦੀ ਦੂਜੀ ਤੁਕ ਵਿਚ ਦੱਸਿਆ ਹੈ ਕਿ ਉਸ ਮੀਰੇ ਦੇ ਲੱਛਣ ਕੀਹ ਹਨ? ਨਾਸ਼ ਰਹਿਤ ਹੈ, ਵਿਗੜਨ ਵਿਚਲਨ ਤੋਂ ਪਰੇ ਹੈ,ਮਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ ਤੇ ਸਦਾ ਸਲਾਮਤ ਹੈ, ਐਸਾ ਪ੍ਰਭੂ ਸਾਡਾ ਮਾਲਕ ਯਾ ਮੀਰਾ ਹੈ।ਉਸ ਦੀ ਰਖ੍ਯਾ ਪ੍ਰਾਪਤ ਹੋਣ ਕਰਕੇ ਉਸ ਦੇ ਦਾਸ ਦਾ ਮਨ ਕੁੜ੍ਹਦਾ ਨਹੀ, ਝੁਰਦਾ ਨਹੀ, ਰੋਂਦਾ ਨਹੀਂ। ਰਖ੍ਯਾ ਉਤੇ ਸੰਸਾ ਹੋਵੇ ਤਾਂ ਬਿਪਤ ਆਈ ਤੇ ਕੁੜ੍ਹੇ, ਜਦ ਬਿਪਤ ਵਿਚ ਮਦਦ ਨਾ ਮਿਲੇ ਤਾਂ ਲੋਕਾਂ ਪਾਸ ਝੁਰੇ, ਜਦ ਬਿਪਤਾ ਡੇਰਾ ਹੀ ਪਾ ਲਵੇ ਤਦ ਰੋਵੇ, ਸੋ ਤ੍ਰੈਏ ਗੱਲਾਂ ਨਹੀ ਹੁੰਦੀਆਂ, ਇਸ ਕਰਕੇ ਕੁੜ੍ਹਨਾ, ਝੋਰਾ ਤੇ ਰੋਣਾ ਤ੍ਰੈਏ ਨਹੀਂ ਰਹੇ। ਫੇਰ ਸੁਆਲ ਪੈਦਾ ਹੁੰਦਾ ਹੈ ਕਿ ਉਹ ਮੀਰਾ ਕਿੱਥੇ ਹੈ ਤਾਂ ਅੰਕ ੧ ਵਿਚ ਦੱਸਿਆ ਹੈ ਕਿ ਸਦਾ ਤੇਰੇ ਨਾਲ।ਪ੍ਰਸ਼ਨ ਹੁੰਦਾ ਹੈ ਕਿ ਜਿਵੇਂ ਇਕ ਮਿੱਤਰ ਨਾਲ ਹੁੰਦਾ ਹੈ ? ਉੱਤਰ ਹੈ ਕਿ ਹਾਂ ਉਸ ਤਰ੍ਹਾਂ ਬੀ, ਪਰ ਤੇਰੇ ਜੀਅ ਦੇ ਨੇੜੇ ਹੈ। ਤੇਰੀ ਜਿੰਦ, ਤੇਰੇ ਮਨ, ਤੇਰੀ ਆਤਮਾਂ ਦੇ ਨਾਲ ਤੇਰੇ ਅੰਦਰ ਬੀ ਹੈ। ਜੇ ਬਾਹਰ ਦੇਖਣਾ ਚਾਹੇਂ ਤਾਂ ਰੂਪ ਰੰਗ ਵਿਚ ਉਸੇ ਦੀ ਕੁਦਰਤ ਵਰਤ ਰਹੀ ਹੈ, ਯਾ ਕੁਦਰਤ ਵਿਚ ਰੂਪ ਤੇ ਰੰਗ ਹੋ ਕੇ ਉਹੋ ਵਰਤ ਰਿਹਾ ਹੈ।

ਅੰਕ ੩ ਵਿਚ ਦੱਸਦੇ ਹਨ ਕਿ ਇਸ ਮੀਰੇ ਨੇ ਜਿਸ ਗ਼ੁਲਾਮ ਨੂੰ ਆਜ਼ਾਦ ਕਰ ਦਿੱਤਾ ਹੋਵੇ,

ਉਸ ਨੂੰ ਫੇਰ ਹੋਰ ਦਾਸ ਨਾਲ ਤਾਤ ਨਹੀਂ ਰਹਿੰਦੀ, ਕਿਉਂਕਿ ਉਹ ਗੁਲਾਮਾਂ ਤੋਂ ਉੱਚਾ ਹੋ ਕੇ ਸੁਤੰਤ੍ਰ ਹੋ ਗਿਆ ਹੈ, ਉਹ ਗੋਲਾ ਨਹੀਂ ਰਿਹਾ। ਉਸ ਦੀ ਗਿਣਤੀ ਬੀਬਿਆਂ ਅਰਥਾਤ ਸਾਊਆਂ ਵਿਚ ਹੋ ਗਈ ਹੈ। ਅਜਾਤਿ ਦਾ ਮਤਲਬ ਪ੍ਰਸੰਗ ਅਨੁਸਾਰ ਆਜ਼ਾਦ (=ਸੁਤੰਤ੍ਰ) ਹੀ ਲੱਗਦਾ ਹੈ, ਪਰ ਸੰਪ੍ਰਦਾਈ ਕਈ ਦਾਨੇ ਅ+ਜਾਤਿ=ਜਾਤਿ ਰਹਿਤ ਅਰਥ ਬੀ ਕਰਦੇ ਹਨ। ਜਾਤ ਤੋਂ ਅਜਾਤਿ ਕਰਨ ਦੇ ਅੱਖਰੀ ਅਰਥ ਤੋਂ ਭਾਵ ਇਥੇ ਲਿਆ ਜਾਂਦਾ ਹੈ ਕਿ ਜਾਤੀ ਅਭਿਮਾਨ ਤੋਂ, ਵਰਣਾਸ਼੍ਰਮੀ ਪਕੜਾਂ ਤੋਂ (ਅ=) ਰਹਿਤ ਕਰ ਦਿੱਤਾ ਹੈ। ਉਹ ਅਜਾਤਿ (ਜਾਤਿ ਹੀਨ) ਨਹੀਂ ਪਰ ਅਚਜੁਤ ਗੋਤ੍ਰੀ ਹੋ ਗਿਆ ਹੈ।

ਅੰਕ ੪ ਵਿਚ ਰੂਹ ਦੀ ਆਜ਼ਾਦੀ ਦੇ ਰਸ ਭਰੇ ਅਚਾਨਕ ਗੁਰੂ ਦੇ ਸ਼ੁਕਰਾਨੇ ਵਿਚ ਚਲੇ ਗਏ ਹਨ ਕਿ ਉਹ ਗੁਰੂ ਤੂੰ ਧੰਨ ਹੈਂ ਜੋ ਬੇਪਰਵਾਹ ਹੈਂ ਤੇ ਕਿਸੇ ਦਾ ਮੁਥਾਜ ਨਹੀਂ, ਜਿਸ ।ਦੀ ਰਹਿਮਤ ਨਾਲ ਐਸੇ ਮੀਰੇ ਨਾਲ ਸੇਵਕ ਭਾਵ ਦਾ ਸੰਬੰਧ ਬਣ ਗਿਆ ਤੇ ਆਤਮਕ ਸਾਊਪੁਣਾ ਮਿਲ ਗਿਆ। ਇਸ ਕਰਕੇ ਫੁਰਮਾਯਾ ਕਿ ਹੇ ਗੁਰੂ ਧੰਨ ਹੈਂ; ਸ਼ੈਨਤ ਹੈ: ਗੁਰੂ ਦਾ ਸ਼ੁਕਰ ਕਰੋ। 'ਗੁਰ' ਦਾ 'ਰ' ਮੁਕਤਾ ਹੈ ਤੇ ਇਸ ਦਾ ਭਾਵ ਹੈ ਕਿ 'ਗੁਰ' ਪਦ ਸੰਬੋਧਨ ਵਿਚ ਹੈ=ਹੇ ਗੁਰੂ !

ਨਿਰੁਕ੍ਤ—**ਕੜ੍ਹੈ** ਨ-ਕੜ੍ਹਦਾ ਨਹੀਂ, ਤਪਦਾ ਨਹੀਂ, ਕੁੜ੍ਹਦਾ ਨਹੀਂ।

ਮੀਰਾ—(ਅ:, ਮੀਰ) ਸਰਦਾਰ। ਮਾਲਕ।

ਲਉਡਾ—(ਪੁ:, ਪੰ:, ਲਹੁਰਾ। ਹਿੰਦੀ, ਲੌਂਡਾ=ਲੜਕਾ, ਗੁਲਾਮ) ਗ਼ੁਲਾਮ।

ਅਜਾਤਿ—ਅਰਥ ਵਜਾਖਜਾ ਵਿਚ ਆ ਚੁਕੇ ਹਨ। ਤਾਤਿ-ਸਾੜਾ, ਈਰਖਾ।

ਗੁਰ ਵਾਹੁ—ਅਰਥ ਵਜਾਖਜਾ ਵਿਚ ਆ ਚੁਕੇ ਹਨ। ਗੁਰ ਵਾਹੁ=ਹੇ ਗੁਰੂ (ਤੂੰ) ਧੰਨ ਹੈਂ।

ਗੁਰ ਦਾ 'ਰ' ਮੁਕਤਾ ਹੈ, ਇਸ ਕਰਕੇ ਸੰਬੋਧਨ ਹੈ=ਹੇ ਗੁਰੂ ! ਵਾਹੁ ਦਾ ਅਰਥ ਹੈ ਤੂੰ ਧੰਨਹੈਂ। ਸ਼ੁਕਰਗੁਜ਼ਾਰੀ ਦੇ ਭਾਵ ਵਿਚ ਗੁਰੂ ਦਾ ਸ਼ੁਕਰੀਆ ਕੀਤਾ ਹੈ, ਜਿਸ ਦੁਆਰਾ ਰੂਹ ਦੀ ਸੁਤੰਤ੍ਰਤਾ ਵਾਲੀ ਦਸ਼ਾ ਨਸੀਬ ਹੋਈ ਹੈ।

ਜੇ ਅੰਕ ੪ ਨੂੰ ਬੀ 'ਮੀਰਾ' ਵਲ ਲਾਈਏ ਕਿ ਉਹ ਬੇਪਰਵਾਹ ਹੈ ਤੇ ਮੁਥਾਜ ਨਹੀਂ ਕਿਸੇ ਦਾ, ਉਸ ਨੂੰ ਆਖੋ ਹੇ ਗੁਰੂ ਤੂੰ ਧੰਨ ਹੈਂ। ਫੇਰ ਉਸ ਨੂੰ ਹੀ ਗੁਰੂ ਰੂਪ ਸਮਝਕੇ ਵਾਹ ਵਾਹ ਕਰਨੀ ਹੈ, ਉਹ ਮੇਰਾ 'ਗੁਰੂ ਨਾਂ-ਗੁਰੂ ਹੈ। ਪ੍ਰੰਤੂ ਗੁਰਬਾਣੀ ਦਾ ਆਮ ਰੁਹਜਾਨ ਐਸੇ ਮੌਕਿਆਂ ਤੇ ਗੁਰੂ ਦੀ ਸ਼ੁਕਰ ਗੁਜ਼ਾਰੀ ਵਲ ਹੁੰਦਾ ਹੈ, ਜੈਸੇ ਕਿ ਇਸੇ ਸ਼ਬਦ ਦੇ ਅੱਗੇ ਅੰਕ ੨੩ ਵਿਚ ਨਾਮ, ਭਗਤੀ, ਗੁਰਬਾਣੀ; ਤ੍ਰਿਪਤੀ ਸਾਰੇ ਰੰਗਾਂ ਦੀ ਖੁਸ਼ੀ ਵਰਣਨ ਕਰਦੇ ਅੰਤ ਵਿਚ ਗੁਰੂ ਦੀ ਸ਼ੁਕਰ ਗੁਜ਼ਾਰੀ ਵਿਚ ਆ ਜਾਂਦੇ ਹਨ। ਯਥਾ:-

ਸਤਿਗੁਰਿ ਤੂਠੈ ਕੀਨੋ ਦਾਨੁ॥੩॥ ਨਾਨਕ ਕਉ ਗੁਰਿ ਦੀਖਿਆ ਦੀਨੁ॥
ਪ੍ਰਭੁ ਅਬਿਨਾਸੀ ਘਟਿ ਘਟਿ ਚੀਨ੍ਹੁ॥   [ਆਸਾ ਮਹਲਾ ੫-੨੩]

[ਆਸਾ ਮਹਲਾ ੫, ਚਉਪਦਾ, ੨੨-੮੯]

ਪ੍ਰਾਕ੍ਥਨ—ਸਾਧਾਰਨ ਜੀਵਾਂ ਨੂੰ, ਜੋ ਆਨ ਰਸਾਂ ਵਿਚ ਫਾਥੇ ਪਏ ਹਨ ਤੇ ਹਰੀ ਰਸ ਦੀ ਪ੍ਰਾਪਤੀ ਵਿਚ ਨਹੀਂ ਲਗਦੇ, ਉਪਦੇਸ਼ ਦੇਂਦੇ ਉਨ੍ਹਾਂ ਲਈ ਅਰਦਾਸ ਕਰਦੇ ਹਨ।

ਮੂਲ	ਅਰਥ
ਆਸਾ ਮਹਲਾ ੫ ॥ **ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥**	(ਸਾਧਾਰਨ ਜੀਵ) ਹਰੀ ਰਸ ਨੂੰ ਛੱਡ ਕੇ (ਤੁੱਛ ਰਸਾਂ ਵਿਚ ਮਗਨ ਹੋ ਰਿਹਾ ਹੈ; (ਕੀਮਤੀ ਰਸ ਵਾਲੀ (ਵਸਤੂ ਤਾਂ ਸਰੀਰ

ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥੧॥	ਦੇ ਅੰਦਰ ਹੀ ਹੈ (ਪਰ ਇਹ) ਬਾਹਰ ਭਾਲਦਾ ਪਿਆ ਫਿਰਦਾ ਹੈ॥ ੧॥
ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥ ਰਾਰਿ ਕਰਤ ਝੂਠੀ ਲਗਿ ਗਾਥਾ॥੧॥ ਰਹਾਉ ॥	(ਹੋਛੇ ਰਸ ਵਿਚ ਮੱਤਾ ਹੋਣ ਕਰਕੇ ਇਸ ਪਾਸੋਂ) ਸੱਚੇ (ਪ੍ਰਭੂ ਦੀ) ਅੰਮ੍ਰਿਤ (ਰਸ ਦੇਣ ਵਾਲੀ) ਕਥਾ ਸੁਣੀ ਹੀ ਨਹੀਂ ਜਾਂਦੀ। (ਸਗੋਂ) ਝੂਠੀਆਂ ਗੱਲਾਂ ਵਿਚ ਲੱਗ ਕੇ (ਲੋਕਾਂ ਨਾਲ ਝਗੜੇ) ਲੜਾਈਆਂ ਕਰਦਾ ਰਹਿੰਦਾ ਹੈ॥ ੧॥ ਰਹਾਉ॥
ਵਜਹੁ ਸਾਹਿਬ ਕਾ ਸੇਵ ਬਿਰਾਨੀ ॥ ਐਸੇ ਗੁਨਹ ਅਛਾਦਿਓ ਪ੍ਰਾਨੀ ॥੨॥	ਰੁਜ਼ੀਨਾ ਤਾਂ ਮਾਲਕ (ਵਾਹਿਗੁਰੂ) ਦਾ (ਖਾਂਦਾ ਹੈ ਪਰ) ਸੇਵਾ ਬਿਗਾਨੀ ਕਰਦਾ ਹੈ, ਐਸੇ ਪਾਪਾਂ ਕਰਕੇ (ਸਾਧਾਰਣ) ਜੀਵ (ਅਗਯਾਨ ਦੇ ਹਨੇਰੇ ਵਿਚ) ਢਕਿਆ ਪਿਆ ਹੈ॥ ੨॥
ਤਿਸੁ ਸਿਉ ਲੂਕ ਜੋ ਸਦ ਹੀ ਸੰਗੀ॥ ਕਾਮਿ ਨ ਆਵੈ ਸੋ ਫਿਰਿ ਫਿਰਿ ਮੰਗੀ ॥੩॥	(ਵੇਖੋ ਇਸ ਦੀ ਛਾਦੀ ਹੋਈ ਅਕਲ) ਉਸ ਤੋਂ ਲੁਕਾਉ ਕਰਦਾ ਹੈ ਜੋ ਸਦਾ (ਇਸ ਦੇ) ਨਾਲ ਰਹਿੰਦਾ (ਸਭ ਕੁਛ ਵੇਖਦਾ ਹੈ ਹੋਰ; ਦੇਖੋ: ਜੋ ਸ਼ੈ=ਮਾਯਾ ਕਿ ਪਦਾਰਥ ਅੰਤ ਨੂੰ) ਕੰਮ ਨਹੀਂ ਆਉਣੀ, ਮੁੜ ਮੁੜ ਉਹੋ ਮੰਗਦਾ ਹੈ॥ ੩॥
ਕਹੁ ਨਾਨਕ ਪ੍ਰਭ ਦੀਨ ਦਇਆਲਾ ॥ ਜਿਉ ਭਾਵੈ ਤਿਉ ਕਰਿ ਪ੍ਰਤਿਪਾਲਾ ॥੪॥੨੨॥	(ਹੁਣ ਐਸੇ ਜੀਵ ਲਈ ਬੀ ਅਰਦਾਸ ਕਰਦੇ ਹਨ:) ਹੇ ਪ੍ਰਭੂ ! ਹੇ ਦੀਨਾ ਤੇ (ਸਦਾ) ਦਿਆਲ (ਪ੍ਰਭੂ !) ਜਿਉਂ ਭਾਵੀ ਤਿਵੇਂ (ਇਨ੍ਹਾਂ ਭੁੱਲਣਹਾਰ ਜੀਵਾਂ ਦੀ) ਰਖਯਾ ਕਰੋ, ਕਹਿੰਦੇ ਹਨ (ਸ੍ਰੀ ਗੁਰੂ) ਨਾਨਕ ਦੇਵ ਜੀ॥ ੪॥ ੨੨॥

ਵਯਾਖਯਾ— ਸਾਧਾਰਨ ਜੀਵ ਦੇ ਲੱਛਣ ਕਹੇ ਹਨ। ਜੋ ਸਰੀਰਕ ਰਸਾਂ ਵਿਚ ਮਸਤ ਹੈ, ਜੋ ਸਰੀਰ ਦੇ ਨਾਲ ਹੀ ਮੁੱਕ ਜਾਣੇ ਹਨ, ਜੋ ਹਰੀ ਰਸ ਵਿਚ ਨਹੀਂ ਲੱਗਦਾ। ਇਸ ਕਰਕੇ ਸਰੀਰਕ ਰਸਾ ਨੂੰ ਹੋਛੇ ਯਾ ਤੁੱਛ ਕਿਹਾ ਹੈ। ਸਦੈਵੀ ਰਸ ਵਾਲੀ ਵਸਤੂ, ਪਰਮਾਤਮਾ ਤਾਂ ਸ਼ਰੀਰ ਦੇ ਅੰਦਰ ਬੈਠਾ ਸੀ, ਉਹ ਰਸਾਂ ਦੀ ਭਾਲ ਵਿਚ ਇਸਤ੍ਰੀ, ਪੁਤ੍ਰ, ਪਦਾਰਥਾਂ ਵਿਚ ਬਾਹਰ ਮੁਖੀ ਹੋ ਕੇ ਭਟਕਦਾ ਰਹਿੰਦਾ ਹੈ। ਫੇਰ ਸਰੀਰਕ ਰਸਾਂ ਦੀ ਪ੍ਰਾਪਤੀ ਵਿਚ ਮੁਸ਼ਕਲਾਂ ਆ ਜਾਂਦੀਆਂ ਹਨ, ਝਗੜੇ ਖੜੇ ਹੋ ਜਾਂਦੇ ਹਨ,ਇਹ ਦੇਖਕੇ ਬੀ ਵੈਰਾਗ ਵਿਚ ਨਹੀਂ ਆਉਂਦਾ ਸਗੋਂ ਲੜਾਈਆਂ ਵਿਚ ਰੁੱਝ ਜਾਂਦਾ ਹੈ।

ਅੰਕ ੨,੩- ਫੇਰ ਇਸ ਨੂੰ ਕਦੇ ਇਹ ਸੋਚ ਨਹੀਂ ਫੁਰਦੀ ਕਿ ਦਿੱਤਾ ਤਾਂ ਰਬ ਜੀ ਦਾ ਖਾ ਰਿਹਾ ਹਾਂ, ਤੇ ਉਸ ਦਾਤੇ ਦੀ ਕੋਈ ਸੇਵਾ ਨਹੀਂ ਕਰ ਰਿਹਾ, ਵਕਤ ਸਾਰਾ ਮਾਇਆ ਧੰਦਿਆਂ ਨੂੰ ਦੇ ਕੇ ਬਿਰਾਨੀ ਸੇਵਾ ਕਰ ਰਿਹਾ ਹੈ, ਐਸੇ ਪਾਪਾ ਨੇ ਅਕਲ ਤੇ ਪਰਦਾ ਪਾ ਛੱਡਿਆ ਹੈ, ਐਸਾ, ਕਿ ਇਹ ਸਮਝ ਬੀ ਨਹੀਂ ਰਹੀ ਕਿ ਰਬ ਜੀ ਤਾਂ ਹਾਜ਼ਰ ਨਾਜ਼ਰ ਸਭ ਕੁਛ ਦੇਖਦੇ ਹਨ, ਪਾਪ ਕਰਦਾ ਹੈ ਤਾਂ ਲੁਕਾ ਕਰ ਕਰਕੇ, ਮਾਨੋ ਪ੍ਰਭੂ ਜੀ ਨਹੀਂ ਦੇਖ ਰਹੇ, ਕੈਸਾ ਅਕਲ ਤੇ ਪਰਦਾ ਪੈ ਰਿਹਾ ਹੈ। ਹੋਰ ਦੇਖੋ, ਅਕਲ ਤੇ ਪਰਦੇ ਪਏ ਦੀ ਗਲ, ਜੋ ਸ਼ੈ ਅੰਤ ਵੇਲੇ ਕੰਮ ਨਹੀਂ ਆਉਣੀ, ਨਾਲ ਨਹੀਂ ਜਾਣੀ, ਜੈਸਾ ਕਿ ਧਨ,ਪਦਾਰਥ, ਇਸਤ੍ਰੀ ਪੁਤ੍ਰ ਆਦਿ, ਉਹੋ ਮੁੜ ਮੁੜਕੇ ਮੰਗਦਾ ਹੈ।

ਅੰਕ ੪ ਵਿਚ ਆਪ ਐਸੇ ਮੂਰਖ ਤੇ ਗੁਨਾਹ ਵਿਚ ਫਸੇ ਤੇ ਆਛਾਦੀ ਅਕਲ ਵਾਲੇ ਤੇ ਬੀ ਤਰਸ ਖਾਕੇ ਅਰਦਾਸ ਕਰਦੇ ਹਨ ਕਿ ਹੇ ਦੀਨਾਂ ਤੇ ਦਿਆਲ ਪ੍ਰਭੂ ! ਇਨ੍ਹਾਂ ਦੀ ਬੀ ਰਖਯਾ ਕਰ, ਜਿਵੇਂ ਭਾਵੀ ਤਿਵੇਂ ਕਰ, ਪਰ ਕਰ ਜ਼ਰੂਰ।

---

*ਸਰੀਰਹੁ ਭਾਲਣਿ ਕੋ ਬਾਹਰਿ ਜਾਏ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥   [ਮਾਝ ਮਹਲਾ ੩-੨੫]

ਨਿਰੁਕ੍ਤ—ਹੋਛੈ-ਤੁਛ ਵਿਚ, ਭਾਵ ਹੈ ਤੁੱਛ ਰਸ ਵਿਚ। ਜਿਸ ਰਸ ਦਾ ਪੱਲੇ ਕੁਛ ਨਹੀਂ ਰਹਿੰਦਾ। ਮਾਤਾ-ਮਸਤ ਹੋ ਰਿਹਾ ਹੈ।

ਰਾਰਿ—[ਦੇਖੋ ਪਨਾ ੧੬੩੮ 'ੜਾੜਿ'] ਲੜਾਈ ਵਿਚ। ਗਾਥਾ—[ਸੰਸ:,] ਕਥਾ, ਗਲ।

ਵਜਹੁ—[ਅ:, ਵਜ਼ੀਫਾ=ਰੁਜ਼ੀਨਾ] ਰੁਜ਼ੀਨਾ, ਤਨਖਾਹ।

ਬਿਰਾਨੀ—[ਫਾ:, ਬੇਗਾਨਹ] ਬਿਗਾਨੀ, ਓਪਰੀ। ਆਛਾਦਿਓ-[ਸੰਸ:, ਆਛ੍ਛਾਦਨ= ਢੱਕਣ ਵਾਲੀ ਚੀਜ਼, ਕਪੜੇ ਆਦਿਕ] ਢਕਿਆ ਹੈ, ਕੱਜਿਆ ਹੈ, ਪਰਦਾ ਪਿਆ ਹੈ।

ਪ੍ਰਾਨੀ—ਪ੍ਰਾਣਾਂ ਵਾਲਾ, ਭਾਵ ਹੈ ਜੀਵ, ਇਨਸਾਨ। ਲੂਕ-ਲੁਕਾਉ। ਛਿਪਾਉ।

ਪ੍ਰਤਿਪਾਲਾ—[ਸੰਸ:, ਪ੍ਰਤਿਪਾਲਨ] ਚੰਗੀ ਤਰ੍ਹਾਂ ਪਾਲਣਾ ਕਰਨੀ, ਰਖਜਾ ਕਰਨੀ, ਰਖਜਾ ਬੀ ਕਰਨੀ ਤੇ ਪਾਲਣਾ ਬੀ। ਏਥੇ ਰਖਜਾ ਅਰਥ ਵਧੇਰੇ ਢੁੱਕਦਾ ਹੈ।

[ਆਸਾ ਮਹਲਾ ੫, ਚਉਪਦਾ, ੨੩-੯੦]

ਪ੍ਰਾਕ੍ਕਥਨ—ਉੱਤਮ ਪੁਰਖ ਦੁਆਰਾ ਨਾਮੀ ਪੁਰਖ ਦੀ ਤ੍ਰਿਪਤੀ ਦੀ ਅਵਸਥਾ ਵਰਣਨ ਕੀਤੀ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਜੀਅ ਪ੍ਰਾਨ ਧਨੁ ਹਰਿ ਕੋ ਨਾਮੁ ॥ ਈਹਾ ਊਹਾਂ ਉਨ ਸੰਗਿ ਕਾਮੁ ॥੧॥	(ਮੇਰਾ) ਜੀਵਨ, (ਮੇਰੇ) ਪ੍ਰਾਣ, (ਮੇਰਾ) ਧਨ (ਸਭੋ ਕੁਛ) ਹਰੀ ਦਾ ਨਾਮ ਹੈ, ਲੋਕ ਪ੍ਰਲੋਕ ਵਿਚ (ਮੇਰਾ) ਕੰਮ ਉਸੇ (ਨਾਮ ਨਾਲ ਹੈ॥ ੧॥
ਬਿਨੁ ਹਰਿ ਨਾਮ ਅਵਰੁ ਸਭੁ ਥੋਰਾ॥ ਤ੍ਰਿਪਤਿ ਅਘਾਵੈ ਹਰਿ ਦਰਸਨਿ ਮਨੁ ਮੋਰਾ ॥੧॥ ਰਹਾਉ ॥	ਹਰੀ ਨਾਮ ਤੋਂ ਬਿਨਾਂ ਹੋਰ ਸੱਭੋ ਕੁਛ ਥੋੜਾ ਹੈ, (ਨਿਰਾ) ਹਰੀ ਦਰਸ਼ਨ ਨਾਲ ਹੀ ਮੇਰਾ ਮਨ ਪੂਰੀ ਤਰ੍ਹਾਂ ਤ੍ਰਿਪਤ ਹੁੰਦਾ ਹੈ॥ ੧॥ ਰਹਾਉ॥
ਭਗਤਿ ਭੰਡਾਰ ਗੁਰਬਾਣੀ ਲਾਲ ॥ ਗਾਵਤ ਸੁਨਤ ਕਮਾਵਤ ਨਿਹਾਲ॥੨॥	ਭਗਤੀ ਰੂਪੀ ਲਾਲਾਂ ਦਾ ਖ਼ਜ਼ਾਨਾਂ ਗੁਰੂ ਕੀ ਬਾਣੀ ਹੈ (ਜਿਸ ਨੂੰ) ਸੁਣਦਿਆਂ, ਗਾਉਂਦਿਆਂ ਤੇ ਕਮਾਉਂਦਿਆਂ ਨਿਹਾਲ (ਹੋ ਜਾਈਦਾ ਹੈ)॥ ੨॥
ਚਰਣ ਕਮਲ ਸਿਉ ਲਾਗੋ ਮਾਨੁ ॥ ਸਤਿਗੁਰਿ ਤੂਠੈ ਕੀਨੋ ਦਾਨੁ ॥੩॥	(ਮੇਰਾ) ਮਨ (ਵਾਹਿਗੁਰੂ ਜੀ ਦੇ) ਚਰਨਾਂ ਕਮਲਾਂ ਨਾਲ ਲਗ ਰਿਹਾ ਹੈ, ਸਤਿਗੁਰੂ ਨੇ ਤੁੱਠ ਕੇ (ਮੈਨੂੰ ਇਹ) ਦਾਨ ਦਿੱਤਾ ਹੈ॥ ੩॥
ਨਾਨਕ ਕਉ ਗੁਰਿ ਦੀਖਿਆ ਦੀਨ੍ ॥ ਪ੍ਰਭ ਅਬਿਨਾਸੀ ਘਟਿ ਘਟਿ ਚੀਨ੍ ॥੪॥੨੩॥	(ਹਾਂ) ਨਾਨਕ ਨੂੰ ਗੁਰੂ ਨੇ (ਪਹਿਲੋਂ ਨਾਮ ਦੀ) ਦੀਖਿਆ ਦਿਤੀ (ਜਿਸ ਦੀ ਕਮਾਈ ਦੇ ਅੰਤ) ਨਾਸ਼ ਰਹਿਤ ਪ੍ਰਭੂ ਹਰ ਪ੍ਰਾਣੀ ਵਿਚ ਪਛਾਣ ਲਿਆ ਹੈ॥ ੪॥ ੨੩॥

ਵ੍ਯਾਖ੍ਯਾ— ਅੰਕ੧- ਹਰੀ ਦੇ ਨਾਮ ਨੂੰ ਹੀ ਜੀਵਨ, ਪ੍ਰਾਣ ਤੇ ਧਨ ਵਰਣਨ ਕੀਤਾ ਹੈ। ਭਾਵ ਇਸੇ ਨੂੰ ਮੈਂ ਧਨ ਸਮਝਦਾ ਹਾਂ, ਇਸੇ ਨਾਲ ਮੇਰਾ ਜੀਵਨ ਸਫਲ ਹੋ ਰਿਹਾ ਹੈ, ਇਸੇ ਦੇ ਆਧਾਰ ਤੇ ਮੇਰੇ ਪ੍ਰਾਣ ਸੁਖੀ ਹਨ। ਲੋਕ ਪ੍ਰਲੋਕ ਵਿਚ ਇਹੋ ਮੇਰੇ ਕੰਮ ਆ ਰਿਹਾ ਤੇ ਆਵੇਗਾ। ਨਾਮ ਤੋਂ ਬਿਨਾ

ਸਾਰੇ ਪਦਾਰਥਾਂ ਤੇ ਸਨਬੰਧਾਂ ਨੂੰ ਥੋੜਾ ਕਿਹਾ ਹੈ, ਇਸ ਕਰਕੇ ਓਹ ਪੂਰਨ ਸੁਖ ਸਦੈਵੀ ਸੁਖ ਨਹੀਂ ਦੇ ਸਕਦੇ। ਉਨ੍ਹਾਂ ਨੂੰ ਪਾ ਕੇ ਕਾਮਨਾ ਅਪੂਰਨ ਹੀ ਰਹਿੰਦੀਆਂ ਹਨ। ਜਦੋਂ ਨਾਮ ਦੇ ਪ੍ਰਤਾਪ ਹਰੀ ਦਾ ਦਰਸ਼ਨ ਮਿਲ ਜਾਂਦਾ ਹੈ, ਤਦ ਮਨ ਤ੍ਰਿਪਤ ਹੋ ਜਾਂਦਾ ਹੈ, ਤ੍ਰਿਪਤੀ ਤੋਂ ਵੱਧ ਅਘਾ ਜਾਂਦਾ ਹੈ, ਜਿਵੇਂ ਕਹੀਦਾ ਹੈ ਮੈਂ ਨੱਕ ਤੱਕ ਰਜ ਗਿਆ ਹਾਂ, ਕਿਉਂਕਿ ਨਾਮ ਦੇ ਰਸ ਆਇਆਂ ਹੋਰ ਰਸ ਫਿੱਕੇ ਪੈ ਜਾਂਦੇ ਹਨ ਤੇ ਨਾਮ ਰਸ ਪੂਰਨ ਤ੍ਰਿਪਤੀ ਕਰ ਦੇਂਦਾ ਹੈ।

ਅੰਕ ੨- ਹੁਣ ਇਸ ਪ੍ਰਾਪਤੀ ਦੇ ਵਸੀਲੇ ਦੱਸਦੇ ਹਨ। ਪਹਿਲਾਂ ਗੁਰੂ ਕੀ ਬਾਣੀ ਦੱਸਦੇ ਹਨ ਕਿ ਇਹ ਬੜੀ ਅਮੋਲਕ ਹੈ, ਇਸ ਵਿਚ ਭਗਤੀ ਭਾਵ ਦੇ ਰਤਨ ਭਰੇ ਪਏ ਹਨ। ਜਿਸ ਗੁਰਬਾਣੀ ਨੂੰ ਸੁਣਕੇ, ਗਾਉਂਕੇ (ਭਾਵ ਪੜ੍ਹਕੇ ਤੇ ਕੀਰਤਨ ਕਰਕੇ) ਅਤੇ ਜਿਸ ਵਿਚ ਦੱਸੀ ਕਮਾਈ ਕਰਕੇ ਨਿਹਾਲ ਹੋ ਜਾਈਦਾ ਹੈ, ਭਾਵ ਦੁਨੀਆਂ ਵਿਚ ਸੁਖੀ ਤੇ ਖਿੜੇ ਖੁਸ਼ ਹੋ ਜਾਈਦਾ ਹੈ ਤੇ ਪ੍ਰਲੋਕ ਵਿਚ ਸਦਗਤੀ ਪ੍ਰਾਪਤ ਹੁੰਦੀ ਹੈ।

ਅੰਕ ੩, ੪ ਵਿਚ ਦੂਜੀ ਗੱਲ ਦੱਸਦੇ ਹਨ ਕਿ ਗੁਰੂ ਨੇ ਮੈਨੂੰ ਦੀਖਿਆ ਦਿੱਤੀ, ਜਿਸ ਦਾ ਅਰਥ ਹੈ ਕਿ ਮੈਨੂੰ ਨਾਮ ਦਾਨ ਦਿੱਤਾ*। ਇਹ ਤ੍ਰੁੱਠ ਕੇ ਦਿੱਤਾ। ਉਸ ਦੀ ਕਮਾਈ ਦਾ ਫਲ ਕੀ ਹੋਇਆ ? ਕਿ ਮੇਰਾ ਮਨ ਵਾਹਿਗੁਰੂ ਜੀ ਵਿਚ ਮਗਨ ਹੋ ਗਿਆ। ਚਰਣ ਕਮਲ ਵਿਚ ਲੱਗਣ ਦਾ ਇਹੋ ਭਾਵ ਹੈ। ਜਦ ਅੰਦਰ ਮਨ ਸਾਂਈ ਵਿਚ ਲਗ ਗਿਆ ਤਦ ਬਾਹਰ ਹਰ ਹਿਰਦੇ ਵਿਚ, ਹਰ ਜੀਵ ਵਿਚ ਨਾਸ ਰਹਿਤ ਪ੍ਰਭੂ ਵਿਆਪਕ ਦਿੱਸ ਪਿਆ।

ਨਿਰੁਕ੍ਤ–ਜੀਅ–[ਸੰਸ:, ਜੀਵ:] ਏਥੇ ਮੁਰਾਦ ਰੂਹ ਯਾ ਆਤਮਾ ਤੋਂ ਹੈ।

ਪ੍ਰਾਨ–[ਸੰਸ:, ਪ੍ਰਾਣ:, ਮੁਰਾਦ ਜਿੰਦ ਤੋਂ ਹੈ ਜੋ ਆਤਮਾ ਤੇ ਦੇਹ ਦੇ ਮਿਲਣ ਤੋਂ ਸਜੀਵ ਹਸਤੀ ਹੋ ਕੇ ਵਰਤ ਰਹੀ ਹੈ। (ਅ) ਜੀਅ ਪ੍ਰਾਣ ਇਕੱਠਾ ਪਦ ਬੀ ਮੁਹਾਵਰੇ ਵਿਚ ਵਰਤੀਂਦਾ ਹੈ, ਜਿਸ ਤੋਂ ਮੁਰਾਦ ਸਮੁੱਚੇ ਜੀਵਨ ਦੀ ਹੁੰਦੀ ਹੈ।

ਥੋਰਾ–ਥੋੜਾ, ਘੱਟ, ਤੁੱਛ, ਅਧੂਰਾ, ਸੋ ਪੂਰਾ ਰੱਜ ਨਾ ਦੇ ਸਕੇ।

ਤ੍ਰਿਪਤਿ–ਤ੍ਰਿਪਤੀ। ਰੱਜ। ਏਥੇ ਮੁਰਾਦ ਆਤਮ ਤ੍ਰਿਪਤੀ ਤੋਂ ਹੈ ਜੋ ਆਤਮ ਲੱਖਤਾ ਪਾਕੇ ਅਲੋੜ ਤੇ ਪੂਰਨ ਸੁਖ ਸਰੂਪ ਅਵਸਥਾ ਹੁੰਦੀ ਹੈ।

ਆਘਾਵੈ–ਨੱਕ ਤਕ ਰਜਿਆ। ਭਾਵ ਹੈ ਪੂਰਨ ਤ੍ਰਿਪਤੀ।

ਲਾਲ–ਇਕ ਪ੍ਰਕਾਰ ਦਾ ਲਾਲ ਰੰਗ ਦਾ ਰਤਨ। ਅਮੋਲਕ 'ਭਗਤਿ ਭੰਡਾਰ ਲਾਲ' = ਭਗਤ ਰੂਪ ਲਾਲਾਂ ਦਾ ਖ਼ਜ਼ਾਨਾ। **ਨਿਹਾਲ** = ਖ਼ੁਸ਼ੀ, ਵੇਖੋ ਉਪਰਲੀ ਵਜਾਖਜਾ।

ਮਾਨੁ–ਮਨ, ਏਥੇ ਮਨ ਦਾ ਮਾਨ ਰੂਪ ਕੀਤਾ ਹੈ, ਛੰਦ ਦੀ ਕਾਫੀਆ ਪੂਰਤੀ ਲਈ।

ਦੀਖਿਆ–[ਦੇਖੋ 'ਗੁਰ ਦੀਖਿਆ' ਪੰਨਾ ੧੬੩੯] ਗੁਰਮੰਤ੍ਰ ਦਾ ਸੰਸਕਾਰ। ਨਾਮ ਦਾਨ।

ਅਬਿਨਾਸੀ–[ਸੰਸ:: ਅਵਿਨਾਸ਼ੀ] ਨਾਸ਼ ਰਹਿਤ। ਸਦਾ ਥਿਰ।

ਘਟਿ ਘਟਿ–ਹਿਰਦੇ ਹਿਰਦੇ ਵਿਚ ਹਰ ਜੀਵ ਵਿਚ।

ਚੀਨ੍–[ਸੰਸ:, ਧਾਤੂ-ਚਿਹਨ੍ = ਨਿਸ਼ਾਨ ਲਾਉਣ, ਮੋਹਰ ਲਾਉਣੀ, ਪਛਾਨਣਾ] ਪਹਿਚਾਨਣਾ, ਪਛਾਨਣਾ।

---

*ਜਿਵੇਂ ਦਸਮੇਂ ਪਾਤਸਾਹ ਦੀ ਆਗਿਆ ਅਨੁਸਾਰ ਖਾਲਸੇ ਵਿਚ ਦੀਖਜਾ ਸੰਸਕਾਰ ਅੰਮ੍ਰਿਤ ਛਕਾਉਣ ਦੁਆਰਾ ਹੁੰਦਾ ਹੈ।

[ਆਸਾ ਮਹਲਾ ੫, ਚਉਪਦਾ, ੨੪-੯੧]

ਪ੍ਰਾਕ੍ਥਨ-ਕਿਸੇ ਉੱਚ ਕਾਮਯਾਬੀ ਦੇ ਸ਼ੁਕਰੀਏ ਵਿਚ ਸ਼ਬਦ ਉਚਾਰਿਆ ਸਹੀ ਹੁੰਦਾ ਹੈ,

ਮੂਲ	ਅਰਥ
ਆਸਾ ਮਹਲਾ ੫॥	
ਅਨਦ ਬਿਨੋਦ ਭਰੇਪੂਰਿ ਧਾਰਿਆ ॥ ਅਪੁਨਾ ਕਾਰਜੁ ਆਪਿ ਸਵਾਰਿਆ॥੧॥	(ਜਿਸ) ਵਜਾਪਕ (ਪ੍ਰਭੂ) ਨੇ (ਸਾਰੇ) ਆਨੰਦ ਤੇ ਬਿਨੋਦ ਧਾਰਨ ਕੀਤੇ (ਭਾਵ ਰਚੇ) ਹੋਏ ਹਨ (ਉਸ ਨੇ ਮੇਰੇ ਕੰਮ ਨੂੰ) ਆਪਣਾ ਕਾਰਜ (ਜਾਣਕੇ) ਆਪ ਸੰਵਾਰ ਦਿੱਤਾ॥੧॥
ਪੂਰ ਸਮਗ੍ਰੀ ਪੂਰੇ ਠਾਕੁਰ ਕੀ ॥ ਭਰਿਪੁਰਿ ਧਾਰਿ ਰਹੀ ਸੋਭ ਜਾ ਕੀ ॥੧॥ ਰਹਾਉ ॥	(ਉਹ) ਠਾਕਰ (ਪੂਰਾ ਹੈ, ਉਸ) ਪੂਰੇ ਦੀ ਸਮਗ੍ਰੀ ਪੂਰੀ ਹੈ। ਜਿਸ ਦੀ ਸ਼ੋਭਾ ਪਰੀ ਪੂਰਣ ਹੋ ਕੇ (ਸਾਰੇ ਨੂੰ) ਧਾਰਣ ਕਰ ਰਹੀ ਹੈ॥੧॥ਰਹਾਉ॥
ਨਾਮੁ ਨਿਧਾਨੁ ਜਾ ਕੀ ਨਿਰਮਲ ਸੋਇ॥ ਆਪੇ ਕਰਤਾ ਅਵਰੁ ਨ ਕੋਇ ॥੨॥	(ਉਸ ਦਾ) ਨਾਮ ਹੈ (ਨਾਮ ਦਾ) ਖ਼ਜ਼ਾਨਾ ਤੇ ਸ਼ੋਭਾ ਹੈ ਨਿਰਮਲ ਜਿਸ ਦੀ (ਉਹ) ਆਪ ਹੀ (ਸਾਰੇ ਕੁਛ ਦਾ) ਕਰਤਾਰ ਹੈ ਹੋਰ ਕੋਈ ਨਹੀ॥੨॥
ਜੀਅ ਜੰਤ ਸਭਿ ਤਾ ਕੈ ਹਾਥਿ ॥ ਰਵਿ ਰਹਿਆ ਪ੍ਰਭੁ ਸਭ ਕੈ ਸਾਥਿ॥੩॥	(ਕਰਤਾ ਹੀ ਨਹੀਂ ਫੇਰ) ਜੀਅ ਜੰਤ ਸਭ ਉਸ ਦੇ ਹੱਥ ਵਿਚ ਹਨ (ਭਾਵ ਕਰਤਾ ਬੀ ਹੈ ਤੇ ਕਾਦਰ ਬੀ ਹੈ।ਫੇਰ ਕਿਤੇ ਵੱਖ ਨਹੀਂ ਬੈਠਾ ਉਹ) ਪ੍ਰਭੂ (ਅਪਣੀ ਰਚੀ ਵਿਚ) ਸਭ ਦੇ ਨਾਲ ਰਮਿਆ ਹੋਇਆ ਹੈ॥੩॥
ਪੂਰਾ ਗੁਰੁ ਪੂਰੀ ਬਣਤ ਬਣਾਈ ॥ ਨਾਨਕ ਭਗਤ ਮਿਲੀ ਵਡਿਆਈ ॥੪॥੨੪॥	(ਹੁਣ ਗੁਰੂ ਦੀ ਮਹਿਮਾ ਕਰਦੇ ਹਨ:) ਹੇ ਨਾਨਕ ! ਗੁਰੂ ਪੂਰਾ ਹੈ (ਜਿਸ ਨੇ ਵਾਹਿਗੁਰੂ ਜੀ ਨਾਲ) ਪੂਰੀ ਬਣਤ ਬਣਾਈ ਹੈ ਕਿ ਭਗਤਾਂ ਨੂੰ ਵਡਿਆਈ ਮਿਲੀ ਹੈ (ਜਿਸ ਦਾ ਜ਼ਿਕਰ ਅੰਕ ੧ ਵਿਚ ਕਰ ਆਏ ਹਨ ਕਿ 'ਅਪੁਨਾ ਕਾਰਜੁ ਆਪ ਸਵਾਰਿਆ')॥੪॥੨੪॥

ਵਜਾਖਜਾ– ਅੰਕ੧ ਵਿਚ'ਅਪੁਨਾ ਕਾਰਜੁ ਆਪਿ ਸਵਾਰਿਆ' ਤੋਂ ਪਤਾ ਚਲਦਾ ਹੈ ਹੈ ਕੋਈ ਉੱਤਮ ਕਾਰਜ ਸੰਵਰਿਆ ਹੈ ਤੇ ਦੈਵੀ ਕ੍ਰਿਪਾ ਨਾਲ ਸੰਵਰਿਆ ਹੈ, ਉਸ ਦੇ ਸ਼ੁਕਰੀਏ ਵਿਚ ਫੁਰਮਾਯਾ ਹੈ ਕਿ ਮਾਲਕ ਪ੍ਰਭੂ ਨੇ ਉਸ ਕਾਰਜ ਨੂੰ ਐਉਂ ਸੰਵਾਰਿਆ ਕਿ ਮਾਨੋਂ ਉਹ ਕਾਰਜ ਦੈਵ ਦਾ ਆਪਣਾ ਸੀ। ਜਿਸ ਕਾਮਯਾਬੀ ਤੇ ਆਨੰਦ ਤੇ ਮੰਗਲਾਚਾਰ ਹੋਏ ਹਨ, ਉਨ੍ਹਾਂ ਆਨੰਦਾਂ ਤੇ ਮੰਗਲਾਚਾਰਾਂ ਨੂੰ ਬੀ ਉਸ ਵਜਾਪਕ ਦੇ ਦੱਸਿਆ ਹੈ, ਜੋ ਕਿ ਆਨੰਦ ਸਰੂਪ ਤੇ ਮੰਗਲ ਰੂਪ ਹੈ।

ਰਹਾਉ ਵਿਚ ਦੱਸਿਆ ਹੈ ਕਿ ਜੋ ਸਾਮਾਨ ਉਸ ਕਾਰਜ ਲਈ ਲੋੜੀਂਦੇ ਸਨ, ਪ੍ਰਭੂ ਨੇ ਆਪ ਹੀ ਮੁਹੱਯਾ ਕੀਤੇ, ਠਾਕੁਰ ਪੂਰਾ ਹੈ, ਉਸ ਦੇ ਘਰ ਸਾਮਗ੍ਰੀ ਦੀ ਬੀ ਕਮੀ ਨਹੀ, ਉਸ ਦੀ ਸ਼ੋਭਾ ਸਾਰੇ ਬ੍ਰਹਮੰਡਾਂ ਨੂੰ ਧਾਰਣ ਕਰ ਰਹੀ ਹੈ। ਭਾਵ ਹੈ ਕਿ ਉਸ ਦੀ ਸ਼ੋਭਾ ਸਾਰੇ ਪਰੀਪੂਰਣ ਹੈ। ਸ਼ੋਭਾ ਦਾ ਭਾਵ ਉਸ ਦੀ ਸੁੰਦਰਤਾ ਤੇ ਉਸ ਦਾ ਯਸ਼ ਦੁਇ ਹਨ। ਉਸ ਪ੍ਰਭੂ ਦਾ ਨਾਮ ਹੈ ਖ਼ਜ਼ਾਨਾ, ਭਾਵ ਹੈ ਨਾਮ ਦਾ ਖ਼ਜ਼ਾਨਾ। 'ਨਾਮ' ਪਦ ਨੂੰ ਦੇਹੁਲੀ ਦੀਪਕ ਲੈਣਾ ਹੈ ਤੇ ਉਸ ਦੀ ਨਿਰਮਲ ਸ਼ੋਭਾ ਕਿ ਉਹ ਨਾਮ ਦਾ ਖ਼ਜ਼ਾਨਾ ਤੇ ਨਾਮ ਦਾ ਦਾਤਾ ਹੈ, ਪਸਰ ਰਹੀ ਹੈ। ਅਥਵਾ ਸ਼ੋਭਾ ਦਾ ਉਹ ਨਿਧਾਨ ਹੈ, ਇਹੀ

ਉਸ ਦਾ ਨਾਮ ਹੈ ਤੇ ਇਹੀ ਉਸ ਦੀ ਨਿਰਮਲ ਸ਼ੋਭਾ ਹੈ। ਸਾਰੀ ਰਚਨਾ ਦਾ ਰਚਨਹਾਰ ਉਹ ਆਪ ਹੈ, ਹੋਰ ਕੋਈ ਕਰਤਾਰ ਨਹੀਂ ਹੈ, ਇਹ ਬੀ ਉਸ ਦੀ ਇਕ ਸ਼ੋਭਾ ਹੈ।

ਅੰਕ ੨-ਕਰਤਾ ਕਹਿਕੇ, ਇਹ ਸੰਸਾ ਨਾ ਪਵੇ ਕਿ ਰਚ ਕੇ ਫੇਰ ਵੱਖ ਹੋ ਬੈਠਾ ਹੈ, ਇਸ ਅੰਕ ਵਿਚ ਦੱਸਦੇ ਹਨ ਕਿ ਉਹ ਕਾਦਰ ਬੀ ਹੈ, ਸਾਰੇ ਜੀਅ ਜੰਤਾਂ ਤੇ ਉਸ ਦਾ ਵਸੀਕਾਰ ਹੈ। ਫੇਰ ਓਹ ਕੀਤੀ ਹੋਈ ਵਿਚ ਵਜਾਪਕ ਹੈ, ਕ੍ਰੀੜਾ ਕਰ ਰਿਹਾ ਹੈ। ਉਹੀ ਖ਼ਿਆਲ ਹੈ ਜੋ ਇਸ ਤੁਕ ਵਿਚ ਹੈ।

ਬਲਿਹਾਰੀ ਕੁਦਰਤਿ ਵਸਿਆ॥ [ਵਾਰ ਆਸਾ ਮਹਲਾ ੧-੧੨]

ਫੇਰ ਸਾਰੇ ਵਿਚ ਸਮੁੱਚੇ ਭਾਵ ਵਿਚ ਹੀ ਰਵ ਨਹੀਂ ਰਿਹਾ, ਪਰ ਹਰੇਕ ਦੇ ਨਾਲ ਫਰਦਨ ਫਰਦਨ ਬੀ ਸੰਗੀ ਸਾਥੀ ਹੋ ਰਿਹਾ ਹੈ।

ਅੰਕ ੪ ਵਿਚ ਫੇਰ ਦ੍ਰਿਸ਼ਟੀ ਗੁਰੂ ਤੇ ਹੀ ਗਈ ਹੈ ਕਿ ਸਾਨੂੰ ਇਸ ਪ੍ਰਾਪਤੀ ਦੀ ਬਣਤ ਪੂਰੇ ਗੁਰੂ ਨੇ ਬਣਾ ਦਿਤੀ ਹੈ।ਸਾਨੂੰ ਹੀ ਨਹੀਂ ਭਗਤਾਂ ਨੂੰ ਸਦਾ ਵਡਿਆਈ ਇਸੇ ਤਰ੍ਹਾਂ ਮਿਲੀ ਹੈ ਕਿ ਵਡਿਆਈ ਤਾਂ ਰਵ ਰਹੇ ਸਭ ਦੇ ਸੰਗੀ ਪ੍ਰਭੂ ਨੇ ਦਿਤੀ ਹੈ ਪ੍ਰਭੂ ਨਾਲ ਪਿਆਰ ਦੀ ਬਣਤਰ ਗੁਰੂ ਨੇ ਬਣਾ ਦਿਤੀ ਹੈ।

ਇਸ ਅੰਕ ਤੋਂ ਬੀ ਇਹ ਭਾਵ ਕੱਢਣ ਦਾ ਯਤਨ ਹੁੰਦਾ ਹੈ ਕਿ ਪੂਰਾ ਗੁਰੂ ਦਾ ਭਾਵ ਵਾਹਿਗੁਰੂ ਹੈ।ਪਰ ਅੰਕ ੨੩ ਦਾ ਅੰਕ ੪ ਨਿਰਸੰਸੇ ਕਰ ਦੇਂਦਾ ਹੈ ਕਿ ਸ਼ਬਦ ਦੇ ਅੰਤ ਵਿਚ ਗੁਰੂ ਦੀ ਮੇਹਰ ਦੇ ਸ਼ੁਕਰੀਏ ਦਾ ਭਾਵ ਹੁੰਦਾ ਹੈ।

ਨਿਰੁਕ੍ਤ—ਅਨਦ—[ਸੰਸ:, ਆਨੰਦ:] ਖੁਸ਼ੀ, ਚਾਉ।

ਬਿਨੋਦ—[ਸੰਸ:, ਵਿਨੋਦ:] ਰੰਗ ਤਮਾਸ਼ਾ, ਲੀਲਾ। (ਅ) ਮੰਗਲਾਚਾਰ।

ਭਰੇ ਪੁਰਿ—ਭਰਪੂਰ , ਉਹ ਜੋ ਸਾਰੇ ਭਰਪੂਰ ਹੋ ਰਿਹਾ ਹੈ, ਵਜਾਪਕ,ਉਸ ਨੇ।

ਸਮਗ੍ਰੀ—ਸਾਮਾਨ। **ਸੋਭ**—ਸ਼ੋਭਾ, ਯਸ਼। (ਅ) ਸੁੰਦਰਤਾ।

ਨਿਧਾਨੁ—ਖ਼ਜ਼ਾਨਾ। **ਸੋਇ**-ਸ਼ੋਭਾ। **ਭਗਤ**-ਭਗਤਾਂ ਨੂੰ।

[ਆਸਾ ਮਹਲਾ ੫, ਚਉਪਦਾ, ੨੫-੯੨]

ਮੂਲ	ਅਰਥ
ਆਸਾ ਮਹਲਾ ੫ ॥	
ਗੁਰ ਕੈ ਸਬਦਿ ਬਨਾਵਹੁ ਇਹੁ ਮਨੁ॥ ਗੁਰ ਕਾ ਦਰਸਨੁ ਸੰਚਹੁ ਹਰਿ ਧਨੁ॥੧॥	(ਸ੍ਰੇਸ਼ਟ ਬੁੱਧੀ ਦੀ ਗਲ ਇਹ ਹੈ ਕਿ) ਗੁਰੂ ਦੇ ਉਪਦੇਸ਼ ਨਾਲ ਇਸ (ਅਪਣੇ) ਮਨ ਨੂੰ ਸੁਧਾਰ ਲਓ, (ਅਤੇ) ਗੁਰੂ ਦੇ ਦਰਸ਼ਨ ਨਾਲ (ਨਾਮ ਰੂਪ) ਹਰੀ ਧਨ ਇਕੱਠਾ ਕਰੋ॥ ੧॥
ਊਤਮ ਮਤਿ ਮੇਰੈ ਰਿਦੈ ਤੂੰ ਆਉ ॥ ਧਿਆਵਉ ਗਾਵਉ ਗੁਣ ਗੋਵਿੰਦਾ ਅਤਿ ਪ੍ਰੀਤਮ ਮੋਹਿ ਲਾਗੈ ਨਾਉ॥੧॥ ਰਹਾਉ ॥	(ਤਾਂ ਤੇ) ਹੇ ਸ੍ਰੇਸ਼ਟ ਬੁਧੀ ! ਮੇਰੇ ਹਿਰਦੇ ਵਿਚ ਤੂੰ ਆ ਜਾ (ਤਾਂ ਜੋ ਮੈਂ) ਗੋਬਿੰਦ ਦੇ ਗੁਣ ਗਾਂਵਾ, (ਗੋਬਿੰਦ ਨੂੰ) ਧਿਆਵਾਂ, (ਉਸ ਗੋਬਿੰਦ ਦਾ) ਨਾਮ ਮੈਨੂੰ ਬਹੁਤ ਪਿਆਰਾ ਲੱਗੇ॥ ੧॥ ਰਹਾਉ॥
ਤ੍ਰਿਪਤਿ ਅਘਾਵਨੁ ਸਾਚੈ ਨਾਇ ॥ ਅਠਸਠਿ ਮਜਨੁ ਸੰਤ ਧੂਰਾਇ ॥੨॥	(ਮੈਨੂੰ ਦ੍ਰਿੜ ਕਰਾ ਦੇਹ ਕਿ) ਪੂਰੀ ਤਰ੍ਹਾਂ ਤ੍ਰਿਪਤ ਹੋ ਜਾਣਾ ਸਚੇ ਨਾਮ ਨਾਲ ਹੁੰਦਾ ਹੈ (ਅਤੇ) ਸੰਤਾਂ ਦੀ ਧੂਰੀ ਵਿਚ ਅਠਾਹਠ ਤੀਰਥਾਂ ਦੇ ਇਸ਼ਨਾਨ ਵਿਚ (ਦੱਸੇ ਫਲਾਂ ਵਾਲਾ ਫਲ ਸਚੀ ਮੁਚੀ ਹੁੰਦਾ ਹੈ)॥ ੨॥

ਸਭ ਮਹਿ ਜਾਨਉ ਕਰਤਾ ਏਕ ॥ ਸਾਧਸੰਗਤਿ ਮਿਲਿ ਬੁਧਿ ਬਿਬੇਕ॥੩॥	(ਮੈਨੂੰ ਪ੍ਰੇਰਨਾ ਕਰ ਕਿ ਮੈਂ) ਸਾਧੂ ਦੀ ਸੰਗਤਿ ਵਿਚ ਮਿਲਾਂ (ਤੇ ਓਥੋਂ) ਵਿਵੇਕਜ ਬੁਧੀ (ਪ੍ਰਾਪਤ ਕਰਾਂ ਜਿਸ ਨਾਲ ਕਿ) ਸਾਰਿਆਂ ਵਿਚ ਇੱਕੋ ਕਰਤਾਰ (ਵਸਦਾ) ਅਨੁਭਵ ਕਰਾਂ॥ ੩॥
ਦਾਸੁ ਸਗਲ ਕਾ ਛੋਡਿ ਅਭਿਮਾਨੁ ॥ ਨਾਨਕ ਕਉ ਗੁਰਿ ਦੀਨੋ ਦਾਨੁ ॥੪॥੨੫॥	(ਹੁਣ ਅਪਣੇ ਤਜਰਬੇ ਦੇ ਰੂਪ ਵਿਚ ਵਿਵੇਕਜ ਬੁੱਧੀ ਦੀ ਪ੍ਰਾਪਤੀ ਦੱਸਦੇ ਹਨ) ਨਾਨਕ ਨੂੰ ਗੁਰੂ ਨੇ,(ਇਸ ਬੁਧੀ ਦਾ) ਦਾਨ ਦਿਤਾ ਹੈ, (ਉਸ ਦਾ ਫਲ ਇਹ ਹੈ ਕਿ ਮੈਂ ਹੁਣ) ਅਭਿਮਾਨ ਛੱਡ ਕੇ (ਆਪ ਨੂੰ)ਸਭ ਦਾ ਦਾਸ (ਸਮਝਦਾ ਹਾਂ)॥ ੪॥ ੨੫॥

ਵ੍ਯਾਖ੍ਯਾ— ਅੰਕ ੧-ਮਨ ਤਾਂ ਸਭ ਜੀਵਾਂ ਪਾਸ ਹੈ, ਤੇ ਬਣਿਆ ਹੋਇਆ ਹੈ, ਪਰ ਇਸ ਦਾ ਰੁਖ਼ ਬਾਹਰਮੁਖੀ ਹੈ ਤੇ ਸਰੀਰ ਦੀ ਰਖ੍ਯਾ ਪਾਲਣਾ ਆਦਿ ਕੰਮਾਂ ਤੋਂ ਛੁਟ ਇਹ ਮਾਯਕ ਮੋਹਾਂ ਤੇ ਪਦਾਰਥਾਂ ਵਿਚ ਖਚਿਤ ਹੈ, ਇਸ ਨੂੰ ਸੰਵਾਰਨਾ ਹੈ, ਅੰਤਰਮੁਖ ਇਸ ਦਾ ਰੁਖ਼ ਕਰ ਦੇਣਾ ਹੈ, ਨਾਸ਼ਮਾਨ ਦੇ ਮੋਹ ਤੋਂ ਚੁੱਕ ਕੇ ਅਵਿਨਾਸ਼ੀ ਦੇ ਪ੍ਰੇਮ ਵਿਚ ਪਾਉਣਾ ਹੈ, ਇਹ ਹੈ ਇਸ ਨੂੰ ਬਨਾਉਣਾ। ਪਹਿਲਾਂ ਮਨ ਦੀ ਜੋ ਬਨਾਵਟ ਹੈ ਕੁਦਰਤੀ ਸਰੀਰਕ ਹੈ,ਇਹ ਨਵੀਂ ਬਨਾਵਟ ਗੁਰੂ ਦੇ ਉਪਦੇਸ਼ ਨਾਲ ਬਣਨੀ ਹੈ। ਇਹ ਬੁੱਧੀ ਕਿ ਮਨ ਨੂੰ ਮੁੜ ਕੇ ਬਨਾਉਣ ਤੇ ਘੜਨ ਦੀ ਲੋੜ ਹੈ ਤੇ ਇਹ ਘਾੜਤ ਗੁਰਉਪਦੇਸ਼ ਨਾਲ ਹੋਣੀ ਹੈ, ਇਸ ਨੂੰ 'ਊਤਮ ਮਤਿ' ਕਿਹਾ ਹੈ, ਕਿਉਂਕਿ ਅਨੁੱਤਮ ਮਤਿ ਤੇ ਸੰਸਾਰਕ ਮਤਿ ਗੁਰਮਤਿ ਵੱਲ ਨਹੀ ਪੈਣ ਦੇਂਦੀ। ਹੁਣ ਰਹਾਉ ਵਿਚ ਦੱਸਦੇ ਹਨ ਕਿ ਉੱਤਮ ਮਤਿ ਜਦ ਗੁਰਮਤਿ ਲੈ ਦੇਵੇਗੀ ਤਾਂ ਕੀਹ ਹੋਵੇਗਾ? ਵਾਹਿਗੁਰੂ ਦੇ ਗੁਣ ਗਾਵਾਂਗਾ, ਧਿਆਨ ਉਸੇ ਵੱਲ ਰਖਾਂਗਾ, ਨਾਮ ਉਸੇ ਦਾ ਪ੍ਯਾਰ ਭਾਵਨਾਂ ਨਾਲ ਜਪਾਂਗਾ।

ਅੰਕ ੨ ਵਿਚ ਫੁਰਮਾਯਾ ਹੈ ਕਿ ਪਦਾਰਥਾਂ ਤੇ ਮਾਯਕ ਮੋਹਾਂ ਨਾਲ ਤ੍ਰਿਪਤੀ ਨਹੀਂ ਹੋਣੀ,ਅੱਗ ਵਿਚ ਪੈਂਦੀਆਂ ਲੱਕੜਾਂ ਵਾਂਙੂ ਤ੍ਰਿਸ਼ਨਾ ਵਧਣੀ ਹੈ। ਇਸ ਉੱਤਮ ਮਤਿ ਦੁਆਰਾ ਗੁਰ ਉਪਦੇਸ਼ ਤੇ ਟੁਰਿਆਂ ਸਮਝ ਪੈਣੀ ਹੈ ਕਿ ਪੂਰਨ ਤ੍ਰਿਪਤੀ ਸੱਚੇ ਦੇ ਨਾਮ 'ਸਿਮਰਣ ਦੁਆਰਾ ਮਿਲਦੀ ਹੈ, ਤੇ ਹੋਰ ਸਾਧਨ ਤੀਰਥ ਇਸ਼ਨਾਨ ਆਦਿ ਦੀ ਲੋੜ ਨਹੀਂ ਰਹਿੰਦੀ, ਉਸ ਦੀ ਥਾਂ ਸਤਿਸੰਗ ਲੈ ਲੈਂਦਾ ਹੈ। ਸਤਿਸੰਗ ਕਰਨ ਵਿਚ ਉਹ ਫਲ ਪ੍ਰਾਪਤ ਹੁੰਦੇ ਹਨ ਜੋ ਤੀਰਥ ਇਸ਼ਨਾਨਾਂ ਵਿਚ ਕਹੇ ਜਾਂਦੇ ਹਨ।

ਅੰਕ ੩ ਵਿਚ ਦੱਸਦੇ ਹਨ ਕਿ ਤੀਰਥਾਂ ਦੇ ਫਲ ਤੋਂ ਕੁਛ ਸਰੇਸ਼ਟ ਸ਼ੈ ਲੱਭਦੀ ਹੈ, ਉਹ ਕੀ ਹੈ? ਦੱਸਦੇ ਹਨ ਕਿ ਸਾਧੂ ਦੀ ਸੰਗਤ ਵਿਚ ਮਿਲਕੇ ਵਿਵੇਕ ਬੁੱਧੀ ਪ੍ਰਾਪਤ ਹੁੰਦੀ ਹੈ।ਇਹ ਬਿਬੇਕ ਬੁੱਧੀ ਉਹੀ ਹੈ ਜਿਸ ਨੂੰ ਯੋਗ ਮਾਰਗ ਵਿਚ ਵਿਵੇਕ ਖ੍ਯਾਤਿ' ਆਖਦੇ ਹਨ, ਜਿਸ ਦੇ ਉਤਪਤ ਹੋਣ ਤੇ ਤ੍ਰੈ ਤਾਪ ਨਵਿਰਤ ਹੋ ਜਾਂਦੇ ਹਨ। ਉਸ ਦਾ ਰੂਪ ਇਹ ਹੈ ਕਿ ਮੇਰਾ ਮਨ,ਮੇਰੇ ਇੰਦ੍ਰੇ, ਮੇਰਾ ਸਰੀਰ ਅਤੇ ਬੁੱਧੀ ਮੇਰੇ ਆਪਣੇ ਸਰੂਪ ਤੋਂ ਭਿੰਨ ਹਨ ਤੇ ਮੈਂ ਇਨ੍ਹਾਂ ਤੋਂ ਭਿੰਨ ਹਾਂ। ਇਸ ਗ੍ਯਾਨ ਨਾਲ ਫੇਰ ਤ੍ਰੈਏ ਤਾਪ ਮਿਟਦੇ ਹਨ। ਇਤਨੀ ਗੱਲ ਵਿਦ੍ਯਾ ਵਾਲਾ ਕਹਿ ਸਕਦਾ ਹੈ, ਜਗ੍ਯਾਸੂ ਸੁਣਕੇ ਸਮਝ ਸਕਦਾ ਹੈ,ਪਰ ਬਿਬੇਕ ਖ੍ਯਾਤਿ ਯਾ ਬੁੱਧੀ ਅਡੋਲ ਕਰਨੇ ਵਾਲੀ ਨਹੀਂ ਪ੍ਰਾਪਤ ਹੁੰਦੀ, ਇਸ ਕਰਕੇ ਸਾਰੇ ਸ਼ਬਦ ਵਿਚ ਅਭ੍ਯਾਸ ਕਰਨਾ ਦੱਸਿਆ ਹੈ ਸੋ ਇਸ ਗੁਰਮਤਿ ਭਗਤੀ ਦਾ ਅਭ੍ਯਾਸ ਹੈ-ਸਾਧ ਸੰਗਤ, ਗੁਰੂ ਦੀ ਸੰਗਤਿ ਮੇਹਰ ਤੋਂ ਮਿਲੇ ਨਾਮ ਦਾ ਸਿਮਰਨ, ਵਾਹਿਗੁਰੂ ਦਾ ਧ੍ਯਾਨ ਤੇ ਗੁਣ ਕਥਨ।ਇਸ ਤਰ੍ਹਾਂ ਪ੍ਰਾਪਤ ਹੋਈ ਵਿਵੇਕ ਬੁੱਧੀ ਅਡੋਲ ਕਰ ਦੇਂਦੀ ਹੈ ਕਿਉਂਕਿ ਇਨ੍ਹਾਂ ਸਾਧਨਾਂ ਨਾਲ ਆਤਮਾ ਦਾ ਯਾ ਆਪਣੇ ਸਰੂਪ ਦਾ ਸਾਖ੍ਯਾਤਕਾਰ ਹੋ ਜਾਂਦਾ ਹੈ ਤੇ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ।ਫੇਰ ਅਗ੍ਯਾਨਮਯ ਖ੍ਯਾਲ ਤੇ ਭਰਮ ਮੂਲੋਂ ਨਸ਼ਟ ਹੋ ਕੇ ਪੂਰਨ ਗ੍ਯਾਨ ਦ੍ਰਿਸ਼ਟੀ ਹੋ ਜਾਂਦੀ ਹੈ। ਇਸਦਾ ਰੂਪ ਦੱਸਦੇ ਹਨ ਕਿ ਸਾਰੇ ਵਿਸ਼੍ਵ ਦਾ ਜੋ ਕਰਤਾਰ ਹੈ ਉਸਦਾ ਅਨੁਭਵ ਹੋ ਗਿਆ ਹੈ ਤੇ ਓਹ ਸਾਰੇ ਤੇ ਸਭਨਾਂ ਵਿਚ ਵਿਆਪਕ ਦਿੱਸਦਾ ਹੈ। ਹੁਣ ਅਮਲੀ ਸੂਰਤ ਵਿਚ ਮੇਰਾ ਵਰਤਾਉ ਕੀ ਹੈ? ਇਸ ਦਾ ਸੰਖੇਪ ਉੱਤਰ ਅੰਕ ੪ ਵਿਚ ਹੈ ਕਿ ਅਭਿਮਾਨ ਦੂਰ ਹੋ ਗਿਆ ਹੈ, ਹਉਂ ਅਹੰਕਾਰ ਦੀ ਆਛਾਦਨਾ ਬਿਲਾ ਗਈ ਹੈ, ਸਭ ਵਿਚ ਕਰਤਾਰ

/

ਵਜਾਪਕ, ਅਖੰਡਾ-ਕਾਰ ਵਜਾਪਕ ਦਿੱਸ ਰਿਹਾ ਹੈ ਹੁਣ ਅਮਲੀ ਜੀਵਨ ਵਿਚ ਸਭ ਪ੍ਰਾਣੀਆਂ ਵਿਚ ਉਹੋ ਜਜੋਤਿ ਦਿੱਸਣ ਕਰਕੇ ਕਿਸੇ ਨਾਲ ਦ੍ਵੈਖ ਨਹੀ, ਸਭ ਨਾਲ ਦਾਸ਼ਾ ਭਾਵ ਹੈ, ਅਰਥਾਤ ਹੁਣ ਸਰਬੱਤ ਦਾ ਭਲਾ ਕਰਨਾ ਤੇ ਉਹ ਭਲਾ ਕਰਨਾ ਹਉ ਵਾਲਾ ਨਾ, ਪਰ ਦਾਸਾ ਭਾਵ ਵਾਲਾ, ਨੰਮ੍ਰਤਾ ਵਾਲਾ, ਹਉਂ ਅਭਾਵਤਾ ਵਾਲਾ ਹੈ, ਜੈਸੇ ਕਿ ਵਾਕ ਹੈ:- ਸਭ ਮਹਿ ਰਵਿ ਰਹਿਆ ਪ੍ਰਭੁ ਏਕੈ

ਪੇਖਿ ਪੇਖਿ ਨਾਨਕ ਬਿਗਸਾਈ॥ [ਕਾਨੜਾ ਮਹਲਾ ੫-੮]

ਨਿਰੁਕ੍ਤ—ਬਨਾਵਹੁ-ਬਣਾਓ, ਸੰਵਾਰੋ,ਘੜੋ, ਸ਼ੁੱਧ ਕਰੋ।

ਤ੍ਰਿਪਤਿ ਅਘਾਵਨੁ—[ਸੰਸ:, ਤ੍ਰਿਪਤਿ: (ਰੱਜ), ਆਘ੍ਰਾਣਮ੍ =ਸੰਤੋਖ] ਪੂਰੀ ਤਰ੍ਹਾਂ ਰੱਜਣਾ,ਕੋਈ ਕਸ਼ਟ ਬਾਕੀ ਨਾ ਰਹਿਣੀ, ਪੂਰਨ ਤ੍ਰਿਪਤੀ।

ਧੂਰਾਇ—ਧੂੜੀ ਨਾਲ, ਧੂੜੀ ਵਿਚ।

ਬੁਧਿ ਬਿਬੇਕ (ਦੇਖੋ 'ਬਿਬੇਕ' ਪੰਨਾ ੧੭੧੭) ਵਿਚਾਰ ਵਿਤਰੇਕ ਕਰਨ ਵਾਲੀ ਬੁੱਧੀ। ਅਰਥ ਭਾਵ ਇਸ ਪਦ ਦਾ ਵਿਆਖਿਆ ਵਿਚ ਆ ਚੁਕਾ ਹੈ।

ਰਾਸੁ ਸਗਲ ਕਾ—(ਆਪ ਨੂੰ) ਸਭ ਦਾ ਦਾਸ (ਸਮਝਿਆ ਹੈ)।

[ਆਸਾ ਮਹਲਾ ੫, ਚਉਪਦਾ, ੨੬-੯੩]

ਪ੍ਰਕ੍ਥਨ—ਪਿਛਲੇ ਸ਼ਬਦ ਵਾਲਾ ਵਿਸ਼ਯਜਾਰੀ ਹੈ ਤੇ ਪਿਛਲੀ ਅੰਧਕਾਰੀ ਅਵਸਥਾ ਤੋਂ ਨਿਕਲ ਕੇ ਗਜਾਨ ਚਾਨਣੇ ਵਾਲੀ ਅਵਸਥਾ ਦੀ ਸ਼ੁਕਰ ਗੁਜ਼ਾਰੀ ਦੇ ਉੱਤਮ ਭਾਵ ਪ੍ਰਗਟ ਹੋ ਰਹੇ ਹਨ।

ਮੂਲ	ਅਰਥ
ਆਸਾ ਮਹਲਾ ੫ ॥	
ਬੁਧਿ ਪ੍ਰਗਾਸ ਭਈ ਮਤਿ ਪੂਰੀ ॥ ਤਾ ਤੇ ਬਿਨਸੀ ਦੁਰਮਤਿ ਦੂਰੀ ॥੧॥	(ਹਾਂ ਜੀਓ, ਐਸੀ) ਬੁਧਿ ਪ੍ਰਕਾਸ਼ਮਾਨ ਆ ਹੋਈ ਹੈ (ਕਿ ਜਿਸ ਨੂੰ) ਪੂਰੀ ਮਤਿ (ਕਹਿਣਾ ਚਾਹੀਏ)। ਉਸ ਨਾਲ('ਕਰਤਾ ਏਕ' ਨੂੰ !) ਦੂਰੀ (ਤੇ ਰੱਖਣ ਵਾਲੀ) ਖੋਟੀ ਮਤਿ ਨਾਸ਼ ਹੋ ਗਈ ਹੈ॥ ੧॥
ਐਸੀ ਗੁਰਮਤਿ ਪਾਈਅਲੇ ॥ ਬੂਡਤ ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈ ਰੇ ॥੧॥ ਰਹਾਉ ॥	(ਹਾਂ) ਹੇ ਮੇਰੇ ਭਾਈ ! (ਮੈਂ) ਗੁਰੂ ਤੋਂ ਐਸੀ ਮਤਿ ਪਾਈ ਹੈ (ਕਿ ਜਿਸ ਨਾਲ) ਘੋਰ ਅੰਨ੍ਹੇ ਖੂਹ ਵਿਚ (ਮੈਂ) ਡੁਬਦਾ ਜਾਂਦਾ (ਬਾਹਰ) ਨਿਕਲ ਆਇਆ ਹਾਂ॥ ੧॥ ਰਹਾਉ॥
ਮਹਾ ਅਗਾਹ ਅਗਨਿ ਕਾ ਸਾਗਰੁ ॥ ਗੁਰੁ ਬੋਹਿਥੁ ਤਾਰੇ ਰਤਨਾਗਰੁ ॥੨॥	ਅਗਨੀ ਦਾ ਸਮੁੰਦਰ ਤਰਨਾ (ਬੜਾ ਕਠਨ ਹੈ, ਤਰਿਆ ਨਹੀ ਜਾ ਸਕਦਾ, ਕਿਉਂਕਿ) ਬੜਾ ਅਗਾਧ ਹੈ, ਗੁਰੂ ਜੋ (ਗੁਣਾਂ ਰੂਪੀ) ਰਤਨਾ ਦੀ ਖਾਣ ਹੈ ਜਹਾਜ਼ ਬਣਕੇ (ਇਸ ਅਗਨਿ ਸਾਗਰ ਤੋਂ) ਤਾਰਦਾ ਹੈ॥ ੨॥
ਦੁਤਰ ਅੰਧ ਬਿਖਮ ਇਹ ਮਾਇਆ॥ ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥੩॥	ਇਹ ਮਾਇਆ (ਅਗਨ ਸਾਗਰ ਵਾਂਙੂ) ਅੰਧਕਾਰ ਵਾਲੀ ਤੇ ਤਰਨੇ ਨੂੰ ਬੜੀ ਔਖੀ ਹੈ, (ਇਸ ਤੋਂ ਪਾਰ ਹੋਣ ਦਾ) ਪ੍ਰਗਟ ਰਸਤਾ ਪੂਰੇ ਗੁਰੂ ਨੇ ਦਿਖਾ ਦਿੱਤਾ ਹੈ॥ ੩॥
ਜਾਪ ਤਾਪ ਕਛੁ ਉਕਤਿ ਨ ਮੋਰੀ ॥ ਗੁਰ ਨਾਨਕ ਸਰਣਾਗਤਿ ਤੋਰੀ ॥੪॥੨੬॥	ਜਾਪ ਤਾਪ ਤੇ ਉਕਤੀ (ਜੁਗਤੀ) ਨਾਲ (ਗੱਲਾਂ ਕਰਨ ਦੀ ਜਾਚ) ਕੁਛ ਬੀ ਮੈਨੂੰ ਨਹੀ ਹੈ, (ਮੈਂ ਤਾਂ) ਹੇ ਗੁਰੂ ਨਾਨਕ ! ਤੇਰੀ ਸ਼ਰਣ ਆ ਪਿਆ ਹਾਂ॥ ੪॥ ੨੬॥

ਵ੍ਯਾਖ੍ਯਾ— ਪਿਛਲੇ ਸ਼ਬਦ ਵਿਚ ਆਖੀ ਉੱਤਮ ਮਤਿ ਤੇ ਬਿਬੇਕ ਬੁੱਧੀ ਦਾ ਵਿਸ਼ਯ ਹੀ ਚਲ ਰਿਹਾ ਹੈ। ਇਸ ਸ਼ਬਦ ਦੀ ਪਹਿਲੀ ਤੁਕ ਵਿਚ ਹੀ ਉਸ ਨੂੰ 'ਪੂਰੀ ਮਤਿ' ਆਖਿਆ ਹੈ ਤੇ ਉਸ ਦੇ ਪ੍ਰਾਪਤ ਹੋਣ ਲਈ ਪਦ ਪ੍ਰਗਾਸ ਵਰਤਿਆ ਹੈ ਕਿ ਉਹ ਪੂਰੀ ਬੁੱਧੀ ਪ੍ਰਕਾਸ਼ ਆ ਹੋਈ ਹੈ, ਜਿਸ ਨੂੰ ਪਿਛੇ 'ਬਿਬੇਕ ਬੁਧਿ' ਕਹਿ ਆਏ ਹਨ। ਫੇਰ ਉਸ ਦੇ ਪ੍ਰਕਾਸ਼ ਹੋਣ ਦਾ ਫਲ ਦੱਸਿਆ ਹੈ ਕਿ ਉਸ ਨੇ ਖੋਟੀ ਬੁੱਧੀ ਨੂੰ, ਜੋ ਬਾਹਰ ਮੁਖੀ ਰਖਦੀ, ਮਾਇਆ ਵਿਚ ਲਪੇਟਦੀ ਤੇ ਵਿਚਾਰਾਂ ਵਿਚ ਪ੍ਰੇਰਦੀ ਸੀ ਨਾਸ਼ ਕਰ ਦਿੱਤਾ ਹੈ, ਉਹ ਬਿਬੇਕ ਬੁੱਧੀ ਜੋ ਮੈਂ ਗੁਰਮਤਿ ਦੁਆਰਾ ਪਾਈ ਕੇਵਲ ਕੁਬੁਧਿ ਨਾਸਿਕ ਹੀ ਨਹੀਂ ਉਹ ਵਿਧੀ ਪੱਖ ਵਿਚ ਬੜੀ ਸਬਲ ਸ਼ਕਤੀ ਹੈ, ਉਸ ਨੇ ਮੈਨੂੰ ਸੰਸਾਰ ਰੂਪੀ ਅੰਨ੍ਹੇ ਖੂਹ ਵਿਚ ਡੁਬਦੇ ਜਾਂਦੇ ਨੂੰ ਕਢ ਲਿਆ ਹੈ, ਇਹ ਸੰਸਾਰ ਤ੍ਰਿਸ਼ਨਾ ਰੂਪੀ ਅਗਨੀ ਦਾ ਦੁਸ਼ਤਰ ਸਾਗਰ ਹੈ, ਇਸ ਤੋਂ ਮੈਨੂੰ ਗੁਰੂ ਨੇ ਜਹਾਜ਼ ਬਣਕੇ ਕੱਢ ਲਿਆ ਹੈ। ਰਤਨਾਗਰ ਪਦ ਵਰਤ ਕੇ ਇਹ ਸ਼ਾਇਰਾਨਾ ਲਤਾਫਤ ਸੱਟੀ ਹੈ। ਰਤਨਾਗਰ ਦਾ ਅਰਥ ਹੈ ਰਤਨਾਂ ਦੀ ਖਾਣ, ਗੁਰੂ ਹੈ ਗੁਣਾਂ ਰੂਪੀ ਰਤਨਾਂ ਦੀ ਖਾਣ। ਐਉਂ ਰਤਨਾਗਰ ਪਦ ਗੁਰੂ ਦਾ ਵਿਸ਼ੇਸ਼ਣ ਹੋ ਗਿਆ। ਪਰ ਰਤਨਾਗਰ ਨਾਮ ਸਮੁੰਦਰ ਦਾ ਬੀ ਹੈ। ਅਗਨੀ ਦੇ ਸਮੁਦਾਇ ਵਾਸਤੇ ਬੀ ਪਦ ਸਾਗਰ ਵਰਤਿਆ ਤੇ ਉਸ ਤੋਂ ਤਾਰਨਹਾਰ ਵਾਸਤੇ ਬੀ ਉਹੋ ਪਦ ਵਰਤਿਆ, ਜਿਸ ਦਾ ਅਰਥ ਬੀ ਸਾਗਰ ਹੁੰਦਾ ਹੈ ਤੇ ਜੋ ਲਤਾਫਤ ਦੇ ਕੇ ਗੁਰੂ ਦਾ ਵਿਸ਼ੇਸ਼ਣ ਬਣ ਕੇ ਗੁਣਾਂ ਬੀ ਖਾਣ ਅਰਥ ਦੇ ਗਿਆ। ਇਸ ਪਾਸੇ ਧਿਆਨ ਨਾਂ ਦੇ ਕੇ ਰਤਨਾਗਰ ਦਾ ਅਰਥ ਏਥੇ ਸਮੁੰਦਰ ਕਰਕੇ ਐਉਂ ਦੀ ਲਾਉਂਦੇ ਹਨ ਕਿ ਰਤਨਾਗਰ ਅਰਥਾਤ ਉਸ ਸਾਗਰ ਤੋਂ ਗੁਰੂ ਜਹਾਜ਼ ਬਣਕੇ ਤਾਰਦਾ ਹੈ, ਪਰ ਰਤਨਾਗਰ ਪਦ ਨੂੰ ਔਕੁੜ ਹੈ, ਜਿਸ ਕਰਕੇ ਉਸ ਦਾ ਅਰਥ 'ਸਮੁੰਦਰ ਉਤੋਂ' ਨਹੀਂ ਢੁੱਕਦਾ

ਅੰਕ ੩ ਵਿਚ 'ਅਗਨਿਸਾਗਰ' ਤੇ 'ਅੰਧ ਕੂਪ' ਨੂੰ ਖੋਹਲਕੇ ਦੱਸ ਦਿੱਤਾ ਹੈ ਕਿ ਗੁਰੂ ਜੀ ਦਾ ਭਾਵ ਮਾਇਆ ਤੋਂ ਹੈ, ਜਿਸ ਦਾ ਰੂਪ ਤ੍ਰਿਸ਼ਨਾ ਵਾਸ਼ਨਾ ਵਿਕਾਰ ਆਦਿ ਲਾਟਾਂ ਵਾਲਾ ਹੈ। ਇਹ ਆਪਣੇ ਧੂਏਂ ਦੇ ਹਨੇਰ ਵਿਚ ਜੀਵਾਂ ਨੂੰ ਅਗਯਾਨ ਵਿਚ ਰੱਖਦੀ ਹੈ। ਇਸ ਮਾਇਆ ਤੋਂ ਬਚਣੇ ਲਈ ਪੂਰੇ ਗੁਰੂ ਨੇ ਰਸਤਾ ਯਾ ਤ੍ਰੀਕਾ ਦੱਸਿਆ ਹੈ ਉਹ ਰਸਤਾ ਲੁਕਵਾਂ ਛਿਪਵਾਂ ਨਹੀਂ, ਪ੍ਰਗਟ ਸਾਫ ਸਿੱਧਾ ਰਾਹ ਦੱਸਿਆ ਹੈ, ਜੋ ਪਿਛਲੇ ਸ਼ਬਦ ਵਿਚ ਬੀ ਦੱਸ ਆਏ ਹਨ ਤੇ ਜਿਸ ਦਾ ਮੂਲ ਆਧਾਰ ਗੁਰੂ ਤੇ ਗੁਰੂ ਦੀ ਮਤਿ ਹੈ। ਇਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੰਬੋਧਨ ਕਰਕੇ ਬਿਨੈ ਕਰਦੇ ਹਨ ਹੇ ਗੁਰੂ ਨਾਨਕ! ਮੈਂ ਤੇਰੀ ਸ਼ਰਣ ਆਇਆ ਹਾਂ ਮੇਰੇ ਵਿਚ ਕੋਈ ਗੁਣ ਨਹੀਂ, ਤੁਸੀ ਆਪ ਹੀ ਮੇਹਰ ਨਾਲ ਮੈਨੂੰ ਇਸ ਮਾਇਆ ਤੋਂ ਕੱਢ ਲਓ। ਇਸ ਕਹਿਣ ਵਿਚ ਸਾਨੂੰ ਉਪਦੇਸ਼ ਦਿੱਤਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਦੀ ਸ਼ਰਣ ਲਓ।

ਨਿਰੁਕ੍ਤ—ਬੁਧਿ ਪ੍ਰਗਾਸ...—ਪਿਛਲੇ ਸ਼ਬਦ ਵਲ ਇਸ਼ਾਰਾ ਦੇ ਕੇ ਦੱਸ ਰਹੇ ਹਨ ਕਿ ਐਸੀ ਬੁਧਿ ਪ੍ਰਕਾਸ਼ ਹੋਈ ਹੈ ਕਿ ਜੋ ਪੂਰੀ ਮਤਿ ਹੈ। (ਅ) ਪਰ ਦਾਨੇ ਐਉਂ ਬੀ ਲਾਉਂਦੇ ਹਨ:-(ਗੁਰੂ ਜੀ ਪੂਰੀ ਮਤਿ ਨਾਲ ਮੇਰੀ ਬੁੱਧੀ ਪ੍ਰਕਾਸ਼ ਪਾ ਗਈ ਹੈ।

ਦੁਰਮਤਿ—ਖੋਟੀ ਬੁੱਧੀ। **ਦੂਰੀ**-ਦੂਰੀ ਵਾਲੀ। ਉਹ ਬੁਧੀ ਜੋ ਵਾਹਿਗੁਰੂ ਜੀ ਤੋਂ ਦੂਰ ਰਖਦੀ ਸੀ। ਭਾਵ ਉਹੋ ਹੈ ਜੋ ਇਸ ਵਾਕ ਵਿਚ ਹੈ:-

ਦੂਖ ਘਨੋ ਜਬ ਹੋਤੇ ਦੂਰਿ॥ ਅਬ ਮਸਲਤਿ ਮੋਹਿ ਮਿਲੀ ਹਦੂਰਿ॥ [ਆਸਾ ਮਹਲਾ ੫-੫੩]

ਪਾਈਅਲੇ ਪਾਈ ਹੈ। **ਬੂਡਤ**—ਡੁਬਦਿਆਂ। **ਕੂਪ**—[ਸੰਸ:, ਕੂਪ:] ਖੂਹ।

ਅਗਾਹ—[ਸੰਸ:,ਅਗਾਧ=ਜਿਸ ਦਾ ਥਾਹ ਨਾ ਲੱਭੇ] ਅਤਿ ਡੂੰਘਾ।

ਬੋਹਿਥੁ—[ਸੰਸ:, ਵੋਹਿਤ੍ਥ। ਪ੍ਰਾ: ਬੋਹਿਤ੍ਥ। ਹਿੰ:, ਬੋਹਿਤ। ਪੰ:, ਬੋਹਿਥ] ਜਹਾਜ਼।

ਰਤਨਾਗਰੁ—[ਸੰਸ:, ਰਤਨਾਕਰ:] ਰਤਨਾਂ ਦੀ ਖਾਣ। (ਅ) ਸਮੁੰਦਰ। ਏਥੇ ਗੁਣਾਂ ਰੂਪੀ ਰਤਨ

ਦੀ ਖਾਣ ਅਰਥ ਵਧੇਰੇ ਢੁੱਕਦਾ ਹੈ। ਵੀਚਾਰ ਵਜਾਖਜਾ ਵਿਚ ਆ ਚੁਕੀ ਹੈ।

ਦੂਤਰ—[ਸੰਸ:, ਦੁਸ਼੍ਤਰ] ਜੋ ਔਖਾ ਤਰਿਆ ਜਾਏ।

ਬਿਖਸ਼—[ਸੰਸ:, ਵਿਖਮ] ਔਖਾ। ਕਠਨ। **ਉਕਤਿ**—[ਸੰਸ:, ਯੁਕ੍ਤਿ:। ਅਥਵਾ ਉਕ੍ਤਿ:] ਉਕਤੀ ਜੁਗਤੀ। ਗੱਲਾਂ ਦਲੀਲਾਂ ਦੀ ਚਾਤੁਰੀ। ਸਹਸ ਸਿਆਣਪ ਦੀ ਗੱਲ ਬਾਤ।

[ਆਸਾ ਮਹਲਾ ੫, ਚਉਪਦਾ, ੨੭-੯੪]

ਪ੍ਰਾਕ੍ਕਥਨ-ਹਰਿ ਰਸ ਤੇ ਆਨ ਰਸਾਂ ਦਾ ਟਾਕਰਾ ਕਰਕੇ ਹਰਿ ਰਸ ਦੀ ਵਿਸ਼ੇਸ਼ਤਾ ਦਰਸਾਈ ਹੈ।

ਮੂਲ	ਅਰਥ
ਆਸਾ ਮਹਲਾ ੫ ਤਿਪਦੇ ੨ ॥ ਹਰਿ ਰਸੁ ਪੀਵਤ ਸਦ ਹੀ ਰਾਤਾ ॥ ਆਨ ਰਸਾ ਖਿਨ ਮਹਿ ਲਹਿ ਜਾਤਾ॥ ਹਰਿ ਰਸੁ ਕੇ ਮਾਤੇ ਮਨਿ ਸਦਾ ਅਨੰਦ॥ ਆਨ ਰਸਾ ਮਹਿ ਵਿਆਪੈ ਚਿੰਦ॥੧॥	ਹਰਿ ਰਸ ਪੀਦਿਆਂ (ਮਨ) ਸਦਾ ਹੀ (ਉਸ ਵਿਚ) ਮਗਨ ਰਹਿੰਦਾ ਹੈ। ਹੋਰ ਰਸ (ਜੋ ਹਨ ਉਨ੍ਹਾਂ ਦਾ ਨਸ਼ਾ) ਛੇਤੀ ਲਹਿ ਜਾਂਦਾ ਹੈ। ਹਰਿ ਰਸ ਦੇ ਮਸਤੇ (ਪੁਰਖ) ਦੇ ਮਨ ਵਿਚ ਸਦਾ ਆਨੰਦ ਰਹਿੰਦਾ ਹੈ, ਹੋਰ ਰਸਾਂ ਵਾਲਿਆਂ ਨੂੰ ਚਿੰਤਾਂ ਆ ਵਿਆਪਦੀ ਹੈ॥੧॥
ਹਰਿ ਰਸੁ ਪੀਵੈ ਅਲਮਸਤੁ ਮਤਵਾਰਾ॥ ਆਨ ਰਸਾ ਸਭਿ ਹੋਛੇ ਰੇ ॥੧॥ ਰਹਾਉ ॥	(ਜੋ) ਹਰਿ ਰਸ ਪੀਂਦਾ ਹੈ (ਉਹ) ਨਸ਼ਈ ਹੁੰਦਾ ਹੈ, (ਹਾਂ ਉਹ) ਪੂਰਣ ਮਸਤੀ ਵਿਚ ਹੁੰਦਾ ਹੈ। ਹੋਰ ਰਸ ਸਾਰੇ ਤੁੱਛ ਹੁੰਦੇ ਹਨ, (ਕਿਉਂਕਿ ਉਨ੍ਹਾਂ ਦੀ ਮਸਤੀ ਝੱਟ ਲਹਿ ਜਾਂਦੀ ਹੈ)॥੧॥ਰਹਾਉ॥
ਹਰਿ ਰਸ ਕੀ ਕੀਮਤਿ ਕਹੀ ਨ ਜਾਇ॥ ਹਰਿ ਰਸੁ ਸਾਧੂ ਹਾਟਿ ਸਮਾਇ ॥ ਲਾਖ ਕਰੋਰੀ ਮਿਲੈ ਨ ਕੇਹ ॥ ਜਿਸਹਿ ਪਰਾਪਤਿ ਤਿਸ ਹੀ ਦੇਹਿ॥੨॥	(ਇਸ ਕਰਕੇ) ਹਰਿ ਰਸ ਦੀ ਕੀਮਤ ਕਹੀ ਨਹੀਂ ਜਾ ਸਕਦੀ, (ਭਾਵ ਬਹੁਤ ਅਮੋਲਕ ਹੈ)। [ਪ੍ਰਸ਼ਨ ਹੁੰਦਾ ਹੈ ਕਿ ਹਰਿ ਰਸ ਲੱਭੇ ਕਿੱਥੋਂ ? ਉੱਤਰ:] ਹਰਿ ਰਸ ਸਾਧੂ ਦੀ ਦੁਕਾਨ ਵਿਚ ਮੌਜੂਦ ਹੁੰਦਾ ਹੈ (ਭਾਵ ਸਤਿਸੰਗ ਵਿਚ ਹੁੰਦਾ ਹੈ)। [ਪ੍ਰਸ਼ਨ: ਕੀ ਏਹ ਬੀ ਹੋਰ ਨਸ਼ਿਆਂ ਵਾਂਙੂ ਕਿਸੇ ਮੁੱਲ ਤੋਂ ਮਿਲਦਾ ਹੈ? ਉੱਤਰ:] ਲੱਖਾਂ ਕ੍ਰੋੜਾਂ ਖਰਚਣ ਨਾਲ ਬੀ ਇਹ ਕਿਸੇ ਤਰ੍ਹਾਂ ਨਹੀਂ ਮਿਲਦਾ, (ਪਰ) ਜਿਸ ਨੂੰ (ਸਤਿਸੰਗ) ਪ੍ਰਾਪਤ ਹੋ ਜਾਏ ਉਸ ਨੂੰ (ਹਰੀ) ਦੇਂਦਾ ਹੈ॥੨॥
ਨਾਨਕ ਚਾਖਿ ਭਏ ਬਿਸਮਾਦੁ ॥ ਨਾਨਕ ਗੁਰ ਤੇ ਆਇਆ ਸਾਦੁ ॥	(ਸ੍ਰੀ) ਨਾਨਕ ਜੀ (ਇਸ ਨੂੰ) ਚੱਖ ਕੇ ਬਿਸਮਾਦ ਹੋ ਰਹੇ ਹਨ, (ਪਰ) ਹੇ ਨਾਨਕ ! ਇਹ ਸੁਆਦ ਗੁਰੂ ਤੋਂ ਹੀ ਆਇਆ ਹੈ, (ਭਾਵ ਗੁਰੂ ਅਰਜਨ ਦੇਵ ਜੀ ਇਸ ਰਸ ਨਾਲ ਵਿਸਮਾਦ ਵਿਚ ਹਨ ਜੋ ਉਨ੍ਹਾਂ ਨੂੰ ਆਪਣੇ ਗੁਰੂ ਸ੍ਰੀ ਰਾਮਦਾਸ ਜੀ ਤੋਂ ਮਿਲਿਆ ਹੈ)।
ਈਤ ਊਤ ਕਤ ਛੋਡਿ ਨ ਜਾਇ ॥ ਨਾਨਕ ਗੀਧਾ ਹਰਿ ਰਸ ਮਾਹਿ ॥੩॥੨੭॥	(ਹੁਣ ਇਹ ਹਰਿ ਰਸ) ਲੋਕ ਪ੍ਰਲੋਕ ਵਿਚ (ਮੈਨੂੰ) ਛੱਡ ਕੇ ਕਿਧਰੇ ਨਹੀਂ ਜਾਣ ਲੱਗਾ (ਇਸ ਕਰਕੇ ਕਿ) ਨਾਨਕ ਹਰੀ ਰਸ ਵਿਚ ਰਚ ਮਿਚ ਗਿਆ ਹੈ (ਭਾਵ ਹਰੀ ਰਸ ਤੋਂ ਅਵਿਛੜ ਯਾ ਉਸ ਨਾਲ ਤਦਰੂਪ ਹੋ ਗਿਆ ਹੈ)॥੩॥੨੭॥

ਵਯਾਖਯਾ— ਪਿਛਲੇ ਦੋਹਾਂ ਸ਼ਬਦਾਂ ਵਿਚ 'ਵਿਵੇਕ ਬੁੱਧੀ' ਦਾ ਵਰਣਨ ਸੀ। ਵਿਵੇਕ ਬੁੱਧੀ ਨਿਰੇ ਪੜ੍ਹ ਸੁਣਕੇ ਜਾਣਨੇ ਮਾਤ੍ਰ ਆ ਜਾ ਸਕਦੀ ਹੈ, ਪਰ ਓਹ ਕਾਇਮ ਨਹੀ ਰਹਿੰਦੀ, ਅਡੋਲ ਨਹੀਂ ਕਰਦੀ, ਉਹ ਕੀਕੂ ਅਡੋਲਤਾ ਦੇਣ ਵਾਲੀ ਸਚ ਮੁਚ ਦੀ ਵਿਵੇਕ ਦ੍ਰਿੜਤਾ ਵਾਲੀ ਹੋਵੇ ? ਇਸ ਦੇ ਉਪਾਉ ਵਿਚ ਦੱਸਦੇ ਆਏ ਹਨ। ਹੁਣ ਦੱਸਦੇ ਹਨ ਕਿ ਇਸ ਦਾ ਜੋ ਉਪਾਉ ਅਸਾਂ ਨਾਮ ਗੁਣ ਗਾਯਨ ਆਦਿ ਦੱਸੇ ਹਨ, ਉਹ ਕੇਵਲ ਮਨੋ ਗਯਾਨ ਮਾਤ੍ਰ ਨਹੀਂ, ਓਹ ਤਾਂ ਨਾਮ ਰਸਾਂ ਦੇ ਖੰਭਾਂ ਤੇ ਚੜ੍ਹ ਕੇ ਆਉਂਦੀ ਹੈ। ਉਸ ਰਸ ਦਾ ਨਾਮ ਹਰੀ ਰਸ ਕਰਕੇ ਦਿੱਤਾ ਹੈ, ਹਰੀ ਨਾਮ ਨਾਲ ਹਰੀ ਨਾਲ ਨਿਰੰਤਰ ਮੇਲ ਦਾ ਜੋ ਰਸ ਹੈ ਉਸ ਨੂੰ ਹਰੀ ਰਸ ਕਿਹਾ ਹੈ। ਫੇਰ ਇਸ ਰਸ ਦਾ ਕੋਈ ਸੁਰਤ ਯਾ ਬ੍ਰਿਤੀ ਨੂੰ ਯਾ ਮਨ ਨੂੰ ਆਸਰਾ ਹੁੰਦਾ ਹੈ, ਉਸ ਨੂੰ ਮਾਤਾ ਰਾਤਾ ਆਦਿ ਪਦਾਂ ਨਾਲ ਦੱਸਿਆ ਤੇ ਰਹਾਉ ਵਿਚ ਤਾਂ ਉਸ ਨੂੰ ਮਸਤੀ ਆਖਿਆ ਹੈ: ਮਾਨੋ ਕੋਈ ਨਸ਼ਾ ਹੈ। ਪਰ ਇਹ ਨਸ਼ਾ ਬੇਹੋਸ਼ੀ ਕਰਨੇ ਵਾਲਾ ਤਮ ਗੁਣੀ ਮਸਤੀ ਦੇਣ ਵਾਲਾ ਨਹੀਂ ਹੁੰਦਾ ਇਹ ਸਦੈਵੀ ਆਨੰਦ ਦੇਂਦਾ ਹੈ ਜੋ ਕੋਈ ਨਸ਼ਾ ਨਹੀਂ ਦੇ ਸਕਦਾ। ਇਸ ਦਾ ਅਸਰ ਬੇਹੋਸ਼ੀ ਨਹੀਂ।

ਅੰਕ੩ ਵਿਚ ਦੱਸਿਆ ਕਿ ਇਸ ਦਾ ਅਸਰ 'ਵਿਸਮਾਦ' ਹੈ। ਇਹ ਉਹ ਅਵਸਥਾ ਹੈ ਜਿਥੇ ਪ੍ਰਭੂ ਪ੍ਰਾਪਤੀ ਆ ਪਹੁੰਚਦੀ ਹੈ। ਫੇਰ ਕਿਹਾ ਕਿ ਇਹ ਮਿਲਦਾ ਸਤਿਸੰਗ ਵਿਚੋਂ ਹੈ। ਫੇਰ ਕਿਹਾ ਕਿ ਲੱਖਾਂ ਕ੍ਰੋੜਾਂ, ਭਾਵ ਮਾਇਆ ਦੀ ਕਿਸੇ ਮੇਣਤੀ ਨਾਲ ਯਾ ਧਨ ਪਦਾਰਥ ਦੇ ਬਦਲੇ ਨਹੀਂ ਮਿਲਦਾ ਫੇਰ ਦੱਸਿਆ ਕਿ ਇਹ ਨਸ਼ਾ ਗੁਰੂ ਤੋਂ ਮਿਲਦਾ ਹੈ। ਅੰਤਮ ਗੁਣ ਇਸ ਦਾ ਇਹ ਦੱਸਿਆ ਕਿ ਲੋਕ ਪ੍ਰਲੋਕ ਵਿਚ ਨਾਲ ਜਾਂਦਾ ਹੈ। ਇਹ ਸਾਥ ਨਹੀਂ ਛੋੜਦਾ। ਇਨ੍ਹਾਂ ਗਲਾਂ ਨੇ ਸਾਬਤ ਕਰ ਦਿਤਾ ਕਿ ਇਹ ਨਸ਼ਾ ਨਹੀਂ, ਇਹ ਮਗਨਤਾ ਕਹੋ, ਲੀਨਤਾ ਕਹੋ, ਪ੍ਰੀਤਮ ਪ੍ਰਭੂ ਦੇ ਵਸਲ ਦਾ ਆਨੰਦ ਕਹੋ, ਐਸੀ ਕੀਮਤੀ ਤੇ ਰੂਹਾਨੀ ਕੀਮਤ ਕੂਤ ਵਾਲੀ ਆਤਸ਼ਕ ਸ਼ੈ ਹੈ।

ਅੰਤ ਵਿਚ ਫੁਰਮਾਇਆ ਕਿ ਨਾਨਕ ਇਸ ਰਸ ਵਿਚ ਗੀਧਾ ਹੈ, ਰਚ ਮਿਚ ਰਿਹਾ ਹੈ; ਰਸ ਤੇ ਰਸ ਮਾਣਨਹਾਰ ਅਵਿਛੜ ਹੋ ਚੁਕੇ ਹਨ। ਹਰੀ ਰਸ ਹਰੀ ਰਸ ਮਾਣਨ ਵਾਲੇ ਨਾਲ ਤਦਰੂਪ ਹੋ ਰਿਹਾ ਹੈ।

ਨਾਨਕ ਪਦ ਅੰਕ ੩ ਵਿਚ ਦੋ ਵੇਰ ਆਇਆ ਹੈ। ਪਹਿਲੇ ਨਾਨਕ ਪਦ ਤੋਂ ਮੁਰਾਦ ਹੈ ਸ਼ਬਦ ਦੇ ਉਚਾਰਨਹਾਰ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਦੂਸਰੇ ਨਾਨਕ ਪਦ ਦੇ ਨਾਲ ਗੁਰ ਪਦ ਆਇਆ ਹੈ. 'ਗੁਰੂ ਨਾਨਕ'; ਇਸ ਤੋਂ ਮੁਰਾਦ ਸ੍ਰੀ ਗੁਰੂ ਰਾਮਦਾਸ ਜੀ ਦੀ ਹੈ, ਜੋ ਆਪ ਜੀ ਦੇ ਪਿਤਾ ਤੇ ਗੁਰੂ ਸਨ।

ਨਿਰੁਕ੍ਤ—ਰਾਤਾ—[ਸੰਸ:, ਰਤ = ਪ੍ਰਸੰਨ, ਅਨੁਰੁਕਤ] ਰੱਤਾ ਹੋਇਆ। ਮਗਨ ਹੋਇਆ ਹੋਇਆ।

ਆਨ ਰਸਾ-ਹੋਰ ਰਸ। ਹਰਿ ਰਸ ਤੋਂ ਛੁੱਟ ਸਾਰੇ ਰਸ 'ਆਨ ਰਸ'। ਬਹੁ ਬਚਨ ਹੈ।

ਮਾਤੇ—ਮਸਤੇ ਹੋਏ। **ਵਿਆਪੈ ਚਿੰਦ**—[ਸੰ:, ਵਯਾਪਨ = ਵਾਕਿਆ ਹੋਣਾ, ਹੋ ਵਰਤਣਾ] ਚਿੰਤਾ ਵਾਪਰਦੀ ਹੈ। **ਅਲਮਸਤ**—[ਫਾ:, ਮਸਤ] ਪੂਰਾ ਮਸਤ। ਮਖ਼ਮੂਰ। ਨਸ਼ੇ ਵਿਚ ਚੂਰ। **ਮਤਵਾਰਾ**-ਮਤਵਾਲਾ। ਨਸ਼ਈ।

ਹੋਛੇ—ਤੁਛ। **ਸਾਧੂ ਹਾਟਿ**-ਸਤਿਸੰਗ।

ਪਰਾਪਤਿ ਸੈਨਤ ਹੈ ਸਤਿਸੰਗ ਵਲ, ਜਿਸ ਨੂੰ ਸਤਿਸੰਗ ਪ੍ਰਾਪਤ ਹੋਵੇ। ਪਰੰਤੂ ਕਈ ਦਾਨੇ ਪ੍ਰਾਪਤ ਤੋਂ ਸੰਭਾਵਨਾ ਕਰਦੇ ਹਨ ਭਾਗਾਂ ਵਿਚ ਹੋਣ ਦੀ, ਐਉਂ ਕਿ ਜਿਸ ਨੂੰ ਪ੍ਰਾਪਤ ਹੋਣਾ (ਲਿਖਿਆ ਹੈ ਉਸ ਨੂੰ ਹਰੀ ਜੀ) ਦੇਂਦੇ ਹਨ।

ਬਿਸਮਾਦੁ—[ਸੰਸ:, ਵਿਸ੍ਮਯ = ਹੈਰਾਨਗੀ] ਅਸਚਰਜਤਾ ਦੇ ਅਸਰ ਹੇਠ ਜੋ ਆਤਮਾ ਨੂੰ ਅਨੰਤ (ਪਰਮਾਤਮਾ ਦੀ) ਛੋਹ ਵਾਂਙੂ ਕੋਈ ਸਪਰਸ਼ ਯਾ ਲੀਨਤਾ ਮਿਲਦੀ ਹੈ, ਉਸ ਅਵਸਥਾ ਨੂੰ ਵਿਸਮਾਦ ਗੁਰਬਾਣੀ ਵਿਚ ਆਖਿਆ ਹੈ। ਜਿਸ ਤੋਂ ਉਥਾਨ ਹੁੰਦੇ ਸਾਰ 'ਵਾਹ ਵਾਹ', 'ਆਹਾ', 'ਕੈਸਾ ਅਦਭੁਤ

ਸੀਂ ਆਦਿ ਵਾਕ ਉਚਾਰਦਾ ਹੈ, ਆਸਾ ਦੀ ਵਾਰ ਵਿਚ ਇਕ ਪਉੜੀ ਹੈ ਵਿਸਮਾਦ ਉਤੇ। ਉਸ ਦੇ ਅੰਤ ਵਿਚ ਆਉਂਦਾ ਹੈ:- ਵੇਖਿ ਵਿਡਾਣੁ ਰਹਿਆ ਵਿਸਮਾਦੁ॥ ਨਾਨਕ ਬੁਝਣੁ ਪੂਰੈ ਭਾਗਿ॥ [ਵਾਰ ਆਸਾ ਮਹਲਾ ੧-੩]

ਫਿਰ ਫੁਰਮਾਇਆ ਹੈ:- ਅਸਚਰਜ ਰੂਪੰ ਰਹੰਤ ਜਨਮੰ॥ [ਸਲੋਕ ਸਹਸਕ੍ਰਿਤੀ ਮ: ੫-੫੭]

ਇਸੇ ਕਰਕੇ ਗੁਰੂ ਸਾਹਿਬ ਨੇ ਸਿਮਰਣਾ ਵਾਹਿਗੁਰੂ ਪਦ ਨਾਲ ਕੀਤਾ ਕਿ ਵਾਹ ਵਾਹ ਕਰਦੇ ਵਿਸਮਾਦ ਦਾ ਭਾਵ ਪੈਦਾ ਹੋਵੇ ਤੇ ਸਿਮਰਨ ਕਰਨਹਾਰ ਵਿਸਮਾਦ ਰੰਗ ਨੂੰ ਪਹੁੰਚੇ ਇਸੇ ਕਰਕ ਭਾਈ ਗੁਰਦਾਸ ਨੇ ਫੁਰਮਾਯਾ ਕਿ ਇਹ ਪਦ ਗੁਰੂ ਜੀ ਨੇ ਨਵਾਂ ਆਪ ਸਾਜਿਆ। ਯਥਾ:-

ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ॥ [ਵਾਰ ੧੨-੧੨]

ਗੁਰੂ ਜੀ ਦਾ ਮਾਰਗ, ਮਤਿ 'ਵਿਸਮਾਦ' ਹੈ, ਉਸ ਦੀ ਪ੍ਰਾਪਤੀ ਦਾ ਸਾਧਨ ਸਿਫਤ ਸਲਾਹ, ਕੀਰਤਨ, ਹਰੀ ਜਸ, ਨਾਮ ਸਿਮਰਣ, ਭਜਨ ਦੀ ਰਸਮਯਤਾ ਹੈ। ਨਾਮ ਤੋਂ ਹਰੀ ਰਸ ਪੈਦਾ ਹੋਣਾ ਹਰੀ ਰਸ ਨਾਲ ਆਨੰਦ ਸਰੂਪ ਹਰੀ ਵਿਚ ਲਿਵਲੀਨ ਹੋਣਾ ਏਹ ਸਾਰੇ ਵਿਸਮਾਦ ਦੇ ਹੀ ਲਖਜਾਕ ਹੈਨ।

[ਆਸਾ ਮਹਲਾ ੫, ਚਉਪਦਾ, ੨੮-੯੫]

ਪ੍ਰਾਕ੍ਥਨ—ਜੀਵ ਦਾ ਉਧਾਰ ਕਰਨੇ ਵਾਲੇ 'ਸਾਧੂ ਬਚਨ' ਆਖੇ ਹਨ।

ਮੂਲ	ਅਰਥ
ਆਸਾ ਮਹਲਾ ੫ ॥ **ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥** **ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥** **ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥** **ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ ਰਹਾਉ ॥**	(ਅਰਥ ਰਹਾਉ ਤੋਂ ਟੁਰੇਗਾ) ਹੇ ਸੁੰਦਰੀ! (ਸੰਸਾਰ ਸਾਗਰ ਤੋਂ) ਉਧਾਰ ਕਰਨ ਵਾਲੇ ਸਾਧੂ ਦੇ ਬਚਨ ਸੁਣ! ਹੇ ਮਨ ਵਿਚ ਸੁਖ ਦੀ(ਇਛਾ ਵਾਲੀ) ਬੀਬੀ ! (ਇਨ੍ਹਾਂ ਬਚਨਾਂ ਤੇ ਤੁਰਨੇ ਨਾਲ) ਤੇਰੇ ਦੁੱਖਾਂ ਤੇ ਭੁੱਖਾਂ ਤੇ ਸੰਸੇ (ਆਦਿ) ਮਿਟ ਜਾਣਗੇ ਤੇ ਤੂੰ (ਆਤਮ ਸੁਖ ਪਾ ਲਵੇਂਗੀ॥ ੧॥ ਰਹਾਉ॥ (ਹਾਂ ਇਨ੍ਹਾਂ ਦੇ ਮੰਨਣ ਨਾਲ) ਕਾਮ, ਕ੍ਰੋਧ, ਲੋਭ ਤੇ ਮੋਹ (ਆਦਿ) ਮਿਟਾ ਲਵੇਂਗੀ, ਤੇ ਆਪਣੀ ਧਾਰਨ ਕੀਤੀ ਹੋਈ ਖੋਟੀ ਬੁੱਧੀ ਦੂਰ ਹੋ ਜਾਏਗੀ। (ਜੇ ਨਾਲ ਤੂੰ) ਨਿੰਮ੍ਰਤਾ ਧਾਰਨ ਕਰਕੇ ਨਾਮ ਜਪੇਂਗੀ* ਤਾਂ ਪ੍ਰੀਤਮ (ਪ੍ਰਭੂ) ਦੀ ਮਨ ਪਿਆਰੀ ਹੋ ਜਾਏਂਗੀ॥ ੧॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ॥ **ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥**	(ਇਸ ਤੋਂ ਪਹਿਲੋਂ ਜਦ) ਚਰਣ ਧੋਣੇ (ਆਦਿ) ਗੁਰੂ ਦੀ ਸੇਵਾ ਕਰੇਂਗੀ (ਤਦ) ਮਾਇਆ ਰੂਪੀ ਪਿਆਸ ਬੁਝ ਜਾਏਗੀ ਤੇ ਆਤਮ (=ਆਪਣਾ ਆਪ ਯਾ ਆਪਣਾ ਮਨ) ਸੁੱਧ (ਹੋ ਜਾਏਗਾ)। (ਹਾਂ, ਗੁਰੂ ਕੀਹ) ਗੁਰੂ ਦੇ ਜੋ ਦਾਸਾਂ ਦੀਆਂ ਦਾਸੀਆਂ ਦੀ ਦਾਸੀ ਹੋ ਵਰਤੇਂਗੀ ਤਾਂ ਹਰੀ ਦੇ ਦਰਬਾਰ ਵਿਚ ਸ਼ੋਭਾ ਪਾਏਂਗੀ॥ ੨॥

*ਪਿਛੇ ਆਸਾ ਮਹਲਾ ੫ ਦੇ ਸੋਲ੍ਹਵੇਂ ਸ਼ਬਦ ਵਿਚ ਵਾਕ ਆਇਆ ਸੀ:—'ਹਰਿ ਸੇਵਾ ਮੁਖਿ ਅੰਮ੍ਰਿਤ ਨਾਮੁ' ਅਰਥਾਤ ਮੂੰਹ ਵਿਚ ਅੰਮ੍ਰਿਤ ਨਾਮ ਦਾ ਨਿਵਾਸ ਹਰੀ ਦੀ ਸੇਵਾ ਹੈ, ਸੋ ਏਥੇ 'ਸੇਵ ਕਮਾਵਹਿ' ਦਾ ਭਾਵ 'ਨਾਮ' ਲਿਆ ਹੈ।

ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਾਰੀ॥ ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥੨੮॥	ਇਹੀ (ਤੇਰਾ ਸ਼ੁਭ) ਆਚਾਰ (ਕਰਮ ਹੋਵੇ) (ਦਿਨੇ ਰਾਤ ਦਾ ਕਰਨੇ ਯੋਗ ਉੱਤਮ) ਬਿਉਹਾਰ ਹੋਵੇ (ਕਿ ਤੂੰ) ਆਗਿਆ ਮੰਨ ਕੇ (ਟੁਰੇਂ ਇਹ) ਤੇਰੀ (ਭਗਤੀ ਹੋਏਗੀ)। ਹੇ ਨਾਨਕ ! ਜ (ਇਸਤ੍ਰੀ ਭਾਵ ਪ੍ਰਭੂ ਪ੍ਰੇਮੀ) ਇਸ ਮੰਤ੍ਰ ਦੀ ਕਮਾਈ ਕਰੇਗੀ ਭਵ ਸਾਗਰ ਤੋਂ ਉਤਰ ਜਾਏਗੀ॥ ੩॥ ੨੮॥

ਵਯਾਖਯਾ— ਵਾਹਿਗੁਰੂ ਦੇ ਦਰ ਤੇ ਢੂੰਡਾਊ ਪ੍ਰੇਮੀ ਨੂੰ ਸੁਹਣੀ ਇਸਤ੍ਰੀ ਦੇ ਰੂਪਕ ਵਿਚ ਜੋ ਪਤੀ ਮਿਲਾਪ ਦੀ ਉਤਕੰਠਾ ਵਿਚ ਹੋਵੇ, ਉਪਦੇਸ਼ ਦੇਕੇ ਮਿਲਾਪ ਦਾ ਰਸਤਾ ਦੱਸਦੇ ਹਨ। ਰਹਾਉ ਵਿਚ ਉਸੇ ਨੂੰ ਸੰਬੋਧਨ ਕਰਦੇ ਹਨ ਤੇ ਕਹਿੰਦੇ ਹਨ ਕਿ ਸਾਧੂ ਦੇ ਬਚਨਾਂ ਤੇ ਚੱਲ। ਓਹਨਾਂ ਬਚਨਾਂ ਦਾ ਵੇਰਵਾ ਅੰਕ ੧ ਤੋਂ ਆਰੰਭ ਹੋ ਜਾਂਦਾ ਹੈ ਕਿ ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਛੋੜ ਦੇਹ ਤੇ ਹਉਮੈ ਵਾਲੀ ਅਪਣੱਤ, ਜੋ ਤੈਨੂੰ ਅਭਿਮਾਨ ਵਿਚ ਰਖਦੀ ਹੈ, ਛੋੜ ਦੇਹ। ਅਭਿਮਾਨ ਰਹਿਤ ਨਿਮਾਣੀ-ਨੰਮ੍ਰਤਾ ਵਾਲੀ ਹੋ ਕੇ ਸੇਵਾ ਕਰ ਸੇਵਾ ਦਾ ਭਾਵ ਏਥੇ ਨਾਮ ਜਪ ਹੈ, ਜੋ ਅੰਕ ੧੯ ਵਿਚ ਪਿਛੇ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਦੱਸ ਆਏ ਹਨ ਕਿ ਪ੍ਰੀਤਮ ਪ੍ਰਭੂ ਦੀ ਸੇਵਾ 'ਨਾਮ ਜਪ' ਹੈ। ਇਸੇ ਨਾਲ ਉਸ ਪਿਆਰੇ ਦੀ ਮਨ ਪਿਆਰੀ ਬਣ ਜਾਏਗੀ। ਇਥੇ ਸੇਵਾ ਤੋਂ ਭਾਵ 'ਗੁਰੂ ਸੇਵਾ' ਨਹੀਂ, ਕਿਉਂਕਿ ਗੁਰੂ ਸੇਵਾ ਅਗੇ ਅੰਕ ੨ ਵਿਚ ਆਉਂਦੀ ਹੈ।

ਸੋ ਅੰਕ ੨ ਵਿਚ ਫੁਰਮਾਉਂਦੇ ਹਨ: ਚਰਣ ਪਖਾਰਨੇ ਆਦਿ ਸੇਵਾ ਗੁਰੂ ਦੀ ਕਰ, ਐਸਾ ਕਰਨੇ ਨਾਲ ਮਾਇਆ ਦੀ ਪਿਆਸ ਦੂਰ ਹੋਵੇਗੀ ਤੇ ਮਨ ਸ਼ੁੱਧ ਹੋ ਜਾਏਗਾ, ਜਿਸ ਵਿਚ ਨਾਮ ਫਿਰ ਪੱਕਾ ਹੋਕੇ ਟਿਕੇਗਾ। ਉਸ ਨਾਲ ਰਹਾਉ ਵਿਚ ਦੱਸੇ ਦੁੱਖ ਭੁੱਖ ਸੰਸੇ ਮਿਟ ਜਾਣਗੇ ਤੇ ਆਤਮ ਸੁਖ ਮਿਲੇਗਾ। ਤੇ ਅੰਕ ੨ ਦੇ ਅੰਤ ਦੱਸਦੇ ਹਨ ਕਿ ਹਰੀ ਦੇ ਦਰਬਾਰ ਸ਼ੋਭਾ ਮਿਲੇਗੀ। ਕੋਈ ਕਹਿੰਦਾ ਹੈ ਕਿ ਕੋਈ ਸ਼ੁਭ ਕਰਮ ਕਰਨੇ ਨਾਲ ਕੋਈ ਉਪਕਾਰ ਦੀ ਵਰਤੋਂ ਕਰਨ ਨਾਲ, ਕੋਈ ਭਗਤੀ ਨਾਮ ਨਾਲ ਮੁਕਤੀ ਮਿਲਦੀ ਦੱਸਦਾ ਹੈ, ਉਹ ਕਿਵੇਂ ਹੈ ? ਤਾਂ ਆਪ ਫੁਰਮਾਉਂਦੇ ਹਨ ਕਿ ਇਹ ਉਪਦੇਸ਼ ਜੋ ਅਸਾਂ ਦਿੱਤਾ ਹੈ, ਇਹੀ ਸ਼ੁਭ ਆਚਾਰ ਹੈ, ਇਹ ਉਪਕਾਰ ਆਦਿ ਭਲਿਆਈ ਦਾ ਵਿਉਹਾਰ ਹੈ ਕਿ ਪ੍ਰਭੂ ਦੀ ਆਗਿਆ ਮੰਨ ਕੇ ਟੁਰੇ ਜੋ ਉਪਰ ਦੱਸੀ ਹੈ, ਇਹੋ ਮੰਤ੍ਰ ਤੇ ਮੰਤ੍ਰ ਦਾ ਆਰਾਧਨ ਹੈ; ਜੋ ਇਸ ਦੀ ਕਮਾਈ ਕਰੇਗਾ ਸੰਸਾਰ ਸਾਗਰ ਤੋਂ ਪਾਰ ਹੋ ਜਾਏਗਾ।

ਨਿਰੁਕ੍ਤ—ਮਿਟਾਵੈ-ਮੇਸ ਦੇਵੇ, ਦੂਰ ਕਰੇ।

ਛੁਟਕੈ—ਛੁਟ ਜਾਏ। ਹਟ ਜਾਏ। **ਸੁੰਦਰਿ**—[ਸੰਸ:, ਸੁੰਦਰੀ = ਖ਼ੂਬਸੂਰਤ ਔਰਤ] ਸੁੰਦਰੀ। ਵਜ਼ਨ ਛੰਦ ਦਾ ਠੀਕ ਰਖਣ ਲਈ 'ਈ' ਹ੍ਰਸ੍ਵ ਵਰਤੀ ਹੈ, ਸੁੰਦਰ ਪਦ ਦੇ ਅਖੀਰ ਤੇ।

ਉਧਾਰੀ—ਉਧਾਰ ਕਰਨੇ ਵਾਲੇ (ਬਚਨ)।

ਸੁਖਮਨਿ ਮਨ ਸੁਖ ਦੀ (ਇੱਛਾ ਵਾਲੀ)*। 'ਤੂੰ ਸੁਖਮਨਿ ਨਾਰੀਂ' ਸੰਬੋਧਨ ਹੈ ਉਸੇ ਨੂੰ ਜਿਸ ਨੂੰ ਸੁੰਦਰੀ ਕਿਹਾ ਹੈ। ਪਰ ਐਉਂ ਬੀ ਕਰਦੇ ਹਨ:-(ਅ) ਮਨ ਕਰਕੇ ਸੁਖ ਦੇਣ ਵਾਲੀ ਇਸਤ੍ਰੀ। ਇਸ ਤੋਂ ਭਾਵ ਪ੍ਰੇਮਾ ਭਗਤੀ ਪਾ ਲੈਂਦੇ ਹਨ, ਯਥਾ:-ਸੁਖਮਨ ਪੋਚਨਹਾਰੀ ਰੇ।

ਪਰ ਭਗਤੀ ਅਗੇ ਅੰਕ ੩ ਵਿਚ ਦੱਸੀ ਹੈ। (ੲ) ਤਦ ਤੂੰ ਉਹ ਸੁਖ ਪਾਏਂਗੀ ਜੋ ਸੁਖਮਨਾ ਨਾੜੀ ਵਿਚ ਸੁਰਤ ਦੇ ਟਿਕਾਇਆਂ ਮਿਲਦਾ ਹੈ। ਯਥਾ:- ਇੜਾ ਪਿੰਗੁਲਾ ਅਉਰ ਸੁਖਮਨਾ ...॥

[ਰਾਮਕਲੀ ਬਾਣੀ ਬੇਣੀ ਜੀਉ ਕੀ-੧]

*ਯਥਾ='ਸੁਖ ਮਨ ਸੰਤੋਖਾਇ' ਦਾ ਅਰਥ ਹੈ: ਮਨ ਵਿਚ ਸੁਖ ਹੁੰਦਾ ਹੈ।

ਪਖਾਰਿ—ਪਖਾਲ ਕੇ, ਧੋ ਕੇ। ਆਤਮ ਸੁਧ-ਆਤਮਾ ਯਾ ਮਨ ਸੁਧ (ਹੋ ਜਾਏਗਾ।)। ਬਿਖੁ-(ਸੰਸ:, ਬਿਖ=ਜ਼ਹਿਰ) ਜ਼ਹਿਰ, ਭਾਵ ਹੈ ਮਾਇਆ।

ਤਿਆਸ—(ਸੰਸ:, ਤ੍ਰਿਖਾ) ਤ੍ਰੇਹ, ਪਿਆਸਾ। ਨਿਵਾਰੀ-ਦੂਰ ਹੋ ਜਾਵੇਗੀ।

ਦਾਸਨਿ ਦਾਸਿ ਦਾਸਰੀ—ਦਾਸਾਂ ਦੀ ਦਾਸੀ ਦੀ ਦਾਸੀ।

(ਅ) ਦਾਸੀਆਂ ਦੀਆਂ ਦਾਸੀਆਂ ਦੀ ਦਾਸ। 'ਦਾਸਨਿ' ਨੂੰ ਇਸਤ੍ਰੀ ਲਿੰਗ ਬਹੂ ਬਚਨ ਲੈ ਲਈਦਾ ਹੈ।

[ਆਸਾ ਮਹਲਾ ੫, ਚਉਪਦਾ, ੨੯-੯੬]

ਪ੍ਰਾਕ੍ਥਨ—ਸਿੱਧਾ ਮਨੁਖਮਾਤ੍ਰ ਨੂੰ ਸੰਬੋਧਨ ਕਰਕੇ ਭਉਜਲ ਤਰਨ ਦਾ ਰਸਤਾ ਦੱਸਦੇ ਹਨ:-

ਆਸਾ ਮਹਲਾ ੫ ਦੁਪਦੇ ॥ ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥ ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥ ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥੨॥੨੯॥

ਇਹ ਸ਼ਬਦ ਪਿੱਛੇ ਰਹਿਰਾਸ ਵਿਚ ਆ ਚੁਕਾ ਹੈ, ਸੋ ਇਸ ਦੇ ਅਰਥ,ਵ੍ਯਾਖ੍ਯਾ ਨਿਰੁਕਤ ਲਈ ਦੇਖੋ ਸੰਥਯਾ ਪੋਥੀ ਪਹਿਲੀ ਦਾ ਪੰਨਾ ੨੦੧ ਤੇ ੨੦੨।

[ਆਸਾ ਮਹਲਾ ੫, ਚਉਪਦਾ, ੩੦-੯੭]

ਪ੍ਰਾਕ੍ਥਨ— ਕਿਸੇ ਭੈ ਦੇ ਅਚਾਨਕ ਆ ਪਿਆਂ ਨਾਮੀ ਪੁਰਖ ਲਈ ਅਰਦਾਸ ਕਰਨ ਦੀ ਜਾਚ ਦੱਸੀ ਹੈ ਕਿ ਮਨ ਡੋਲੇ ਨਾ।

ਮੂਲ	ਅਰਥ
ਆਸਾ ਮਹਲਾ ੫ ॥ **ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ ॥ ਤੂੰ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ ॥੧॥**	(ਹੇ ਪ੍ਰਭੂ!) ਤੇਰੇ ਬਿਨਾਂ ਮੈਨੂੰ ਹੋਰ ਕੋਈ ਦੂਸਰਾ (ਪਿਆਰਾ) ਨਹੀ (ਲਗਦਾ) ਤੂੰ ਹੀ ਮੇਰੇ ਮਨ ਵਿਚ (ਸਦੀਵ) ਵੱਸ ਰਿਹਾ ਹੈਂ। ਤੂੰ (ਮੇਰਾ ਸਜਣ=) ਮਿਤ੍ਰ ਹੈਂ, (ਮੇਰੇ ਨਾਲ ਰਹਿਣੇ ਵਾਲਾ) ਮੇਰਾ ਸੰਗੀ ਹੈਂ (ਅਤੇ ਮੇਰਾ) ਮਾਲਕ ਹੈਂ (ਫੇਰ ਮੈਂ) ਆਪਣੇ ਜੀਉ ਨੂੰ ਕਿਉਂ ਡਰਾਵਾਂ (ਭਾਵ ਡਰ ਵਿਚ ਪੈਣ ਦਿਆਂ)॥੧॥
ਤੁਮਰੀ ਓਟ ਤੁਮਾਰੀ ਆਸਾ ॥ ਬੈਠਤ ਊਠਤ ਸੋਵਤ ਜਾਗਤ ਵਿਸਰੁ ਨਾਹੀ ਤੂੰ ਸਾਸ ਗਿਰਾਸਾ ॥੧॥ਰਹਾਉ॥	ਤੁਹਾਡਾ ਹੀ (ਮੈਨੂੰ) ਆਸਰਾ ਹੈ, ਤੁਹਾਡੇ ਉਤੇ ਹੀ (ਮੈਨੂੰ) ਆਸਾਂ (ਉਮੈਦਾਂ) ਹਨ, (ਹੇ ਪ੍ਰਭੂ!) ਬੈਠਦਿਆਂ ਉਠਦਿਆਂ, ਸੁੱਤਿਆਂ ਜਾਗਦਿਆਂ ਤੂੰ (ਮੈਨੂੰ) ਸਾਸ ਗਿਰਾਸ (ਕਿਸੇ ਵੇਲੇ, ਕਿਸੇ ਛਿਨ) ਨਾ ਭੁੱਲ॥੧॥ਰਹਾਉ॥
ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਲਾ ॥ ਨਾਨਕ ਕੇ ਸੁਖਦਾਤੇ ਸਤਿਗੁਰ ਹਮ ਤੁਮਰੇ ਬਾਲ ਗੁਪਾਲਾ ॥੨॥੩੦॥	ਹੇ ਨਾਨਕ ਦੇ ਸੁਖਦਾਤੇ ਸਤਿਗੁਰੂ ! ਅਸੀ ਤੁਹਾਡੇ ਬਾਲ ਗੁਪਾਲ ਹਾਂ, (ਇਹ ਸੰਸਾਰ) ਭਯਾਨਕ* ਅਗਨੀ ਦਾ ਸਾਗਰ ਹੈ, ਅਪਨੀ ਸ਼ਰਣ ਵਿਚ ਰਖ ਲੈ (ਇਸ ਤੋਂ) ਬਚਾ ਲੈ॥੨॥੩੦॥

*ਵਿਕਰਾਲ=ਭਯਾਨਕ।

ਵਯਾਖਯਾ— ਰਹਾਉ ਤਕ ਤਾਂ ਅਰਦਾਸ ਵਾਹਿਗੁਰੂ ਜੀ ਅੱਗੇ ਹੈ ਤੇ ਅੰਕ ੨ ਵਿਚ ਅਰਦਾਸ ਗੁਰੂ ਅੱਗੇ ਹੈ।

ਅੰਕ੧—ਕਿਸੇ ਵੇਲੇ ਨਾਮ ਅਭਯਾਸੀ ਦੇ ਮਨ ਤੇ ਕਿਸੇ ਸੰਸਾਰਕ ਔਖ ਵੇਲੇ ਭੈ ਪੈਣ ਤੇ ਅਰਦਾਸ ਕਰਨ ਦੀ ਜਾਚ ਦੱਸੀ ਹੈ। ਸਿਮਰਨ ਦੁਆਰਾ ਵਾਹਿਗੁਰੂ ਮਨ ਵਿਚ ਵਸ ਰਿਹਾ ਹੈ, ਹੋਰ ਕੋਈ ਉਸ ਤੁੱਲ ਪਯਾਰਾ ਨਹੀਂ ਲਗਦਾ, ਅੰਦਰ ਇਹ ਹਾਲਤ ਹੈ,ਬਾਹਰ ਉਹੋ ਅੰਦਰ ਵੱਸ ਰਿਹਾ ਸੰਗੀ ਸਾਥੀ ਤੇ ਸੁਾਮੀ ਹੋ ਕੇ ਦਿੱਸ ਰਿਹਾ ਹੈ, ਉਸ ਵੇਲੇ ਕੋਈ ਭੈ ਦਾ ਸਾਮਾਨ ਬਣ ਗਿਆ ਹੈ ਤਾਂ ਭੈ ਨੂੰ ਦੂਰ ਕਰਦੇ ਹਨ ਵਿਸ਼ੇਸ਼ ਆਸਰਾ ਲੈ ਕੇ, ਅਰਦਾਸ ਵਿਚ ਜਾ ਕੇ।

ਰਹਾਉ-ਉਹੀ ਅਰਦਾਸ ਜਾਰੀ ਹੈ ਕਿ ਮੇਰੇ ਹਿਰਦੇ ਵਿਚ ਭੈ ਨਾ ਵੜੇ; ਜਿੱਥੇ ਤੁਸੀ ਬੈਠੇ ਹੋ ਤੁਸੀਂ ਹੀ ਬੈਠੇ ਰਹੋ, ਭੈ ਓਥੇ ਵੜਿਆ ਤਾਂ ਤੁਸੀਂ ਜ਼ਰਾ ਵਿੱਥ ਤੇ ਹੋ ਗਏ, ਉਹ ਵਿੱਥ ਨਾ ਪਵੇ; ਇਸ ਲਈ ਅਰਦਾਸ ਕਰਦੇ ਹਨ ਕਿ ਮੈਨੂੰ ਨਾ ਵਿਸਰੋ, ਉਠਦਿਆਂ ਬੈਠਦਿਆਂ ਸੁੱਤਿਆਂ ਜਾਗਦਿਆਂ ਮੈਂ ਤੁਸਾਂ ਨੂੰ ਨਾ ਭੁੱਲਾਂ,ਇਥੋਂ ਤਾਈਂ ਕਿ ਸਾਹ ਲੈਂਦਿਆਂ ਕਿਸੇ ਸੁਆਸ ਵਿਚ ਕਿ ਖਾਣਾ ਖਾਂਦਿਆਂ ਕਿਸੇ ਗ੍ਰਾਹੀ ਦੇ ਚਿੱਥਦਿਆਂ ਮਾਤ੍ਰ ਸਮੇਂ ਜਿੰਨਾਂ ਚਿਰ ਬੀ ਮੈਂ ਤੁਸਾਨੂੰ ਨਾ ਭੁਲਾਵਾਂ।

ਅੰਕ੨-ਇਹ ਅਰਦਾਸ ਕਰਦੇ ਸਤਿਗੁਰੂ ਨਾਮ ਦਾ ਦਾਤਾ ਚਿੱਤ ਆ ਜਾਂਦਾ ਹੈ, ਉਸ ਅੱਗੇ ਅਰਦਾਸ ਵਿਚ ਲੱਗ ਜਾਂਦੇ ਹਨ।

ਹੇ ਸੁਖ ਦਾਤੇ ਗੁਰੂ ! ਜਿਸ• ਨੇ ਨਾਮ ਵਰਗਾ ਸੁਖਦਾਈ ਦਾਨ ਦਿੱਤਾ ਹੈ,ਅਸੀਂ ਆਪ ਦੇ ਬਾਲਕ ਹਾਂ,ਅਰ ਭੋਲੇ ਭਾਲੇ ਬਾਲਕ ਹਾਂ, ਸਾਨੂੰ ਅਪਣੀ ਸ਼ਰਣ ਵਿਚ ਰੱਖੋ, ਰੱਖ; ਭਾਵ ਹੈ ਰਖਯਾ ਕਰੋ। ਦੂਜੇ ਰਾਖੋ ਦਾ ਭਾਵ ਹੈ ਬਚਾ ਲਓ। ਇਹ ਸੰਸਾਰ ਇਕ ਅਗਨੀ ਸਾਗਰ ਵਾਂਙੂ ਭਯਾਨਕ ਹੈ।ਚਾਹੇ ਨਾਮ ਦੀ ਦਾਤ ਆਪ ਨੇ ਬਖਸ਼ੀ ਹੈ, ਚਾਹੇ 'ਵਾਹਿਗੁਰੂ ਮਨ ਵਿਚ ਵੱਸ ਰਿਹਾ ਹੈ, ਫਿਰ ਬੀ ਡੋਲ ਜਾਈਦਾ ਹੈ, ਤੁਸੀਂ ਸਾਡੀ ਰਖਯਾ ਕਰੋ ਜੋ ਡੋਲਣ ਨਾ ਆਵੇ। ਇਸ ਕਹਿਣੇ ਵਿਚ ਸੈਨਤ ਦਿੱਤੀ ਹੈ ਕਿ ਗੁਰੂ ਦੀ ਟੇਕ ਡੋਲਣ ਵੇਲੇ ਸਹਾਇਤਾ ਕਰਦੀ ਹੈ।

'ਬਾਲ ਗੁਪਾਲਾ' ਪੰਜਾਬੀ ਮੁਹਾਵਰਾ ਹੈ ਜਿਸ ਦੀ ਮੁਰਾਦ ਹੈ ਭੋਲੇ ਭਾਲੇ ਬਾਲ। ਇਸ ਦਾ ਮੂਲ ਇਹ ਜਾਪਦਾ ਹੈ:-ਗੋਪਾਲ ਨਾਮ ਸ੍ਰੀ ਕ੍ਰਿਸ਼ਨ ਦਾ ਹੈ, ਉਨ੍ਹਾਂ ਦੇ ਨਾਲ ਖੇਲ ਵਾਲੇ ਬੱਚਿਆਂ ਨੂੰ ਬਾਲ ਗੋਪਾਲ ਕਹਿੰਦੇ ਸਨ: 'ਗੋਪਾਲ ਦੇ ਸਾਥੀ ਬੱਚੇ'। ਗੋਪਾਲ ਮਾਅਸੂਮ:ਨਿਸ਼ਪਾਪ ਸਮਝਿਆ ਜਾਂਦਾ ਸੀ, ਸਾਥੀ ਬੀ ਨਾਲ ਹੋਣ ਕਰਕੇ ਮਾਅਸੂਮ ਸਮਝੇ ਜਾਣੇ ਜ਼ਰੂਰੀ ਹੋ ਗਏ। ਹੌਲੇ ਹੌਲੇ ਇਸ ਦਾ ਭਾਵ ਰਹਿ ਗਿਆ ਨਿਆਣੇ ਭੋਲੇ ਭਾਲੇ ਬੱਚੇ। ਇਸ ਕਰਕੇ ਕਈ ਗਯਾਨੀ ਐਉਂ ਅਰਥ ਕਰਦੇ ਹਨ—ਕਿ ਜਿਵੇਂ ਬ੍ਰਿਜ ਵਿਚ ਗੋਪਾਲ ਨੇ ਸਾਥੀ ਬਾਲਾਂ ਦੀ ਰਖਯਾ ਕੀਤੀ ਤੁਸੀਂ ਸਾਨੂੰ ਅਪਣੀ ਰੱਖਯਾ ਵਿਚ ਆਏ ਬਾਲ ਸਮਝ ਕੇ ਰਖਯਾ ਕਰੋ।

ਨਿਰੁਕ੍ਤ—ਸੁਗਮ ਹੈ।

[ਆਸਾ ਮਹਲਾ ੫, ਚਉਪਦਾ, ੩੧-੯੮]

ਪ੍ਰਾਕ੍ਥਨ—ਕਿਸੇ ਤਪਾਲੀ ਆਦਿ ਵਬਾ ਦੇ ਪੈਣੇ ਤੇ ਅਪਣੇ ਯਾ ਨਾਮੀ ਪੁਰਖਾਂ ਦੇ ਉਸ ਅਸਰ ਤੋਂ ਬਚ ਜਾਣੇ ਦਾ ਸ਼ੁਕਰੀਆ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਹਰਿ ਜਨ ਲੀਨੇ ਪ੍ਰਭੂ ਛਡਾਇ ॥	ਪ੍ਰਭੂ ਨੇ (ਅਪਣੇ) ਹਰੀ ਦਾਸਾਂ ਨੂੰ ਛੁਡਾ ਲਿਆ ਹੈ, (ਦੇਖੋ)

ਪ੍ਰੀਤਮ ਸਿਉ ਮੇਰੋ ਮਨੁ ਮਾਨਿਆ ਤਾਪੁ ਮੁਆ ਬਿਖੁ ਖਾਇ॥੧॥ਰਹਾਉ॥

ਪਜਾਰੇ (ਪ੍ਰਭੂ) ਨਾਲ ਮੇਰਾ ਮਨ ਪਤੀਜ ਰਿਹਾ ਸੀ, ਤਾਪ (ਜੋ ਚੜ੍ਹਨ ਆਇਆ ਸੀ ਆਪ ਹੀ ਮਾਨੋਂ) ਵਿਹੁ ਖਾ ਕੇ ਮਰ ਗਿਆ। (ਭਾਵ ਇਹ ਕਿ ਨਿਰਾ ਹਰੀ ਜਨਾਂ ਨੂੰ ਹੀ ਨਹੀਂ ਚੜ੍ਹਿਆ, ਸਗੋਂ ਤਪਾਲੀ ਹੀ ਦੂਰ ਹੋ ਗਈ ਜੋ ਲੋਕਾਂ ਵਿਚ ਫੈਲ ਰਹੀ ਸੀ)॥੧॥ਰਹਾਉ॥

ਪਾਲਾ ਤਾਊ ਕਛੂ ਨ ਬਿਆਪੈ ਰਾਮ ਨਾਮ ਗੁਨ ਗਾਇ ॥
ਡਾਕੀ ਕੋ ਚਿਤਿ ਕਛੂ ਨ ਲਾਗੈ ਚਰਨ ਕਮਲ ਸਰਨਾਇ ॥੧॥

ਨਾ ਪਾਲਾ (ਲਗਾ), ਨਾ ਤਾਉ, ਕੁਛ ਬੀ ਨਹੀਂ ਲਗਦਾ (ਜੋ ਰਾਮ ਦਾ ਨਾਮ (ਜਪਦੇ ਤੇ ਉਸ ਦੇ ਗੁਣ ਗਾਉਂਦੇ ਰਹੇ। ਚੁੜੇਲ (ਆਦਿ) ਦੀ ਨਜ਼ਰ (ਤੇ ਹੋਰ ਐਸਾ) ਕੁਛ ਬੀ ਨਹੀਂ ਲਗਦਾ ਜੇ ਚਰਨਾਂ ਕਮਲਾਂ ਦੀ ਸ਼ਰਨ ਫੜੀ ਰਖੋ ਤਾਂ॥੧॥

ਸੰਤ ਪ੍ਰਸਾਦਿ ਭਏ ਕਿਰਪਾਲਾ ਹੋਏ ਆਪਿ ਸਹਾਇ ॥
ਗੁਨ ਨਿਧਾਨ ਨਿਤਿ ਗਾਵੈ ਨਾਨਕੁ ਸਹਸਾ ਦੁਖੁ ਮਿਟਾਇ ॥੨॥੩੧॥

ਸੰਤਾਂ ਦੀ ਕ੍ਰਿਪਾ ਕਰਕੇ (ਪ੍ਰਭੂ ਜੀ) ਕ੍ਰਿਪਾਲ ਹੋਏ ਰਹੇ (ਤੇ) ਆਪ ਸਹਾਈ ਬਣੇ ਰਹੇ। ਨਾਨਕ ਗੁਣਾਂ ਦੀ ਨਿਧੀ (ਪ੍ਰਭੂ) ਨੂੰ ਸਦਾ ਗਾਉਂਦਾ ਰਹਿੰਦਾ ਹੈ (ਓਹ ਪਹਿਲੋਂ) ਸੰਸੇਬ੍ਰਿਤੀ ਮਿਟਾ ਦੇਂਦਾ ਹੈ (ਫੇਰ ਉਸ ਦਾ ਫਲ) ਦੁਖ (ਦੂਰ ਕਰ ਦੇਂਦਾ ਹੈ)॥੧॥੩੧॥

ਵਜਾਖਜਾ—ਅਰੋਗ ਰਹਿਣ ਦਾ ਰੂਹਾਨੀ ਉਪਾਉ ਸਿਖਾਇਆ ਹੈ, ਜੋ ਅਖ਼ੀਰਲੀ ਤੁਕ ਵਿਚ ਹੈ ਕਿ ਜੇ ਤੁਸੀ ਵਾਹਿਗੁਰੂ ਜੀ ਦੇ ਗੁਣ ਗਾਉਂਦੇ ਰਹੋ, ਨਾਮ ਸਿਮਰਦੇ ਰਹੋ ਤਾਂ ਤੁਹਾਡੀ ਸੰਸੇਬ੍ਰਿਤੀ ਦੂਰ ਹੋ ਜਾਏਗੀ। ਮਨ ਮੁਸਬਤ ਹਾਲਤ ਵਿਚ ਆ ਕੇ ਮਜ਼ਬੂਤ ਹੋ ਜਾਏਗਾ। ਦੁੱਖ ਜੋ ਧੰਦਿਆਂ ਦੇ ਕਾਰਣ ਹੁੰਦਾ ਹੈ ਆਪ ਦੂਰ ਹੋ ਜਾਏਗਾ।ਜੈਸਾ ਕਿ ਗੁਰੂ ਅਰਜਨ ਦੇਵ ਜੀ ਨੇ ਹੀ ਫੁਰਮਾਇਆ ਹੈ:-

ਦੂਖ ਰੋਗ ਬਿਨਸੇ ਭੈ ਭਰਮ॥ [ਗਉੜੀ ਸੁਖਮਨੀ ਮ: ੫, ੨੪-੮]

ਅਰਥਾਤ ਭੈ ਤੇ ਭਰਮ ਕਾਰਣ ਹਨ, ਦੁਖ ਤੇ ਰੋਗ ਉਸੇ ਦੇ ਫਲ ਹਨ। ਇਥੇ ਬੀ ਇਸੇ ਅਸੂਲ ਵੱਲ ਇਸ਼ਾਰਾ ਹੈ।

ਇਸ ਅਸੂਲ ਦੀ ਵਰਤੋਂ ਵਿਚ ਆਈ ਮਿਸਾਲ ਪਹਿਲੇ ਆਏ ਰਹਾਉ ਵਿਚ ਦਿੱਤੀ ਹੈ ਕਿ ਤਪਾਲੀ ਜੋ ਫੈਲ ਰਹੀ ਸੀ ਉਹ ਮੇਰੇ ਨੇੜੇ ਨਹੀਂ ਆਈ, ਹੋਰ ਹਰੀ ਦੇ ਪ੍ਰੇਮੀਆਂ ਦੇ ਨੇੜੇ ਨਹੀਂ ਆਈ। ਕਿਉਂਕਿ ਸਾਡਾ ਮਨ ਪ੍ਰੀਤਮ ਵਾਹਿਗੁਰੂ ਨਾਲ ਲੱਗਾ ਰਿਹਾ, ਉਸ ਨਾਲ ਲਗਾ ਨਿਰਸੰਸੇ ਨਿਸ਼ਭ੍ਰਮ ਨਿਰਭੈ ਹੋ ਗਿਆ, ਕਿਉਂਕਿ ਉਹ ਨਿਰਸੰਸੇ ਤੇ ਨਿਰਭੈ ਹੈ, ਉਸ ਦਾ ਧਜਾਨੀ ਬੀ ਨਿਰਸੰਸੇ ਤੇ ਨਿਰਭੈ ਹੋ ਜਾਂਦਾ ਹੈ, ਸੋ ਸਾਡੇ ਮਨ "ਪੱਕੀ ਹੋਈ ਮੁਸਬਤ" ਵਾਲੇ ਸਨ, ਸਾਡੇ ਨੇੜੇ ਕੀਹ ਆਉਣਾ ਸੀ; ਤਾਪ ਹੀ ਮਾਨੋ ਜ਼ਹਿਰ ਖਾ ਕੇ ਆਪੇ ਹੀ ਮਰ ਗਿਆ ਇਸ ਦਾ ਸਪਸ਼ਟ ਭਾਵ ਇਹ ਹੈ ਕਿ ਤਪਾਲੀ ਹੀ ਦੂਰ ਹੋ ਗਈ। ਕੈਸਾ ਕਾਵਜ ਦਾ ਕਟਾਖਜ ਸੱਟਿਆ ਹੈ ਕਿ ਤਾਪ ਨੂੰ ਜਾਨ ਪਾ ਕੇ ਆਪੂੰ ਜ਼ਹਿਰ ਖਾ ਕੇ ਮਰਦਾ ਦਿਖਾਇਆ ਹੈ ਕਿ ਸ਼ਰਮਿੰਦਾ ਹੋ ਕੇ ਟੁਰ ਗਿਆ।

ਅੱਗੇ ਹੁਣ ਅੰਕ ੧ ਵਿਚ ਸੁਮਤੀ ਦਾਨ ਕਰਦੇ ਹਨ ਕਿ ਪਾਲਾ ਜੋ ਨੇਤਕੀ ਤਾਪ ਦੀ ਪਹਿਲੀ ਹਾਲਤ ਹੁੰਦੀ ਹੈ ਕਿ ਠੰਢ ਲਗਦੀ ਹੈ, ਤਾਉ ਦੂਜੀ ਹਾਲਤ, ਜਦ ਸ਼ੂਕ ਕੇ ਚੜ੍ਹ ਜਾਂਦਾ ਹੈ, ਇਹ ਕੁਝ ਨਹੀਂ ਲਗਦਾ ਜੇ ਤੁਸੀਂ ਰਾਮ ਦੇ ਗੁਣ ਗਾਉਂਦੇ ਰਹੋ; ਭਾਵ ਵਾਹਿਗੁਰੂ ਨਾਲ ਲੱਗੇ ਜੇ ਅਪਣੇ ਮਨ ਨੂੰ ਮੁਸਬਤ ਕਰ ਲਓ ਤਾਂ। ਦੂਜੀ ਤੁਕ ਵਿਚ ਲੋਕ ਭ੍ਰਮ ਲੀਤਾ ਜੋ ਬੀਮਾਰੀਆਂ ਨੂੰ ਚੁੜੇਲਾਂ ਦੀ ਨਜ਼ਰ ਲਗਣ ਤੋਂ ਲੈਂਦੇ ਹਨ, ਐਸੇ ਵਿਸ਼ਵਾਸੀਆਂ ਨੂੰ ਸੁਮਤਿ ਦਿੱਤੀ ਹੈ ਕਿ ਤੁਸੀ ਬੀ ਵਾਹਿਗੁਰੂ ਦੇ ਨਾਮ ਤੇ ਕੀਰਤਨ ਨਾਲ ਸ਼ਰਣ ਲਵੋ ਪ੍ਰਭੂ ਦੀ, ਤੁਹਾਨੂੰ ਕਿਸੇ ਦੀ ਨਜ਼ਰ ਨਹੀਂ ਲੱਗੇਗੀ।

ਅੰਕ ੨ ਦੀ ਪਹਿਲੀ ਤੁਕ ਵਿਚ ਗੁਣ ਗਾਉਣ ਤੇ ਨਾਮ ਜਪਣ ਦੀ ਪ੍ਰਾਪਤੀ ਦੀ ਜਾਚ ਸਿਖਾਈ

ਕਿ ਸੰਤ ਦੀ ਕ੍ਰਿਪਾ ਨਾਲ ਇਹ ਸ਼ੈ ਲੱਭਦੀ ਹੈ, ਭਾਵ ਮਨ ਦਾ ਮੁਸਬਤ ਹੋਣਾ ਤੇ ਇਸ ਤੋਂ ਵੱਧ ਪ੍ਰਭੂ ਦੀ ਅਪਣੀ ਸਹਾਯਤਾ। ਸੰਤ ਦੀ ਮਿਹਰ ਨਾਲ ਪ੍ਰਭੂ ਮੇਹਰਬਾਨ ਹੁੰਦਾ ਹੈ ਤੇ ਓਹ ਸਹਾਈ ਹੋ ਖੜੌਂਦਾ ਹੈ ਫੇਰ ਕੁਸ਼ਲ ਪ੍ਰਾਪਤ ਰਹਿੰਦੀ ਹੈ। ਅਗਲਾ ਸ਼ਬਦ ਬੀ ਇਸੇ ਭਾਵ ਦਾ ਹੈ।।

ਨਿਰੁਕ੍ਤ—**ਬਿਖ ਖਾਇ**—ਜ਼ਹਿਰ ਖਾ ਕੇ। ਤਾਪ ਨੂੰ ਸਜੀਵ ਪੁਰਖ ਵਾਂਙੂ ਨਾਕਾਮਯਾਬ ਹੋਣ ਦੀ ਸ਼ਰਮ ਖਾ ਕੇ ਮਰਦਾ ਦਿਖਾਇਆ ਹੈ। ਵਜਾਖਜਾ ਵਿਚ ਵੇਰਵਾ ਆ ਚੁਕਾ ਹੈ। ਭਾਵ ਹੈ ਤਪਾਲੀ ਦੂਰ ਹੋ ਗਈ।

ਪਾਲਾ ਤਾਊ—ਮੌਸਮੀ ਬੁਖਾਰ, ਜਿਸ ਨੂੰ ਹੁਣ ਮਲੇਰੀਆ ਆਖਦੇ ਹਨ, ਜਦ ਚੜ੍ਹਦਾ ਹੈ ਤਾਂ ਪਹਿਲੋਂ ਦੱਬ ਕੇ ਪਾਲਾ ਲਗਦਾ ਹੈ, ਫੇਰ ਸੂਕ ਕੇ ਤਾਪ ਚੜ੍ਹਦਾ ਹੈ। ਡਾਕਟਰ ਪਹਿਲੇ ਨੂੰ Cold Stage ਦੂਜੇ ਨੂੰ Hot Stage ਆਖਦੇ ਹਨ, ਤੀਜੇ ਨੂੰ ਜਦ ਮੁੜਕਾ ਪੈਂਦਾ ਹੈ ਤਾਂ Sweat Stage ਆਖਦੇ ਹਨ। ਸੋ ਏਥੇ ਪਹਿਲੇ ਦੋ ਦਰਜੇ ਜੋ ਦੁਖਦਾਈ ਹਨ ਲਏ ਹਨ। (ਅ) ਕਈ ਦਾਨੇ 'ਪਾਲਾ ਤਾਊ' ਦਾ ਅਰਥ ਪਾਲੇ ਵਾਲਾ ਬੁਖਾਰ ਹੀ ਕਰਦੇ ਹਨ। (ੲ) ਕਈ ਵੈਦ 'ਪਾਲਾਂ' ਤੋਂ ਮੌਸਮੀ ਬੁਖਾਰ ਤੇ ਤਾਊ ਤੋਂ ਤਾਊਨ ਦੀ ਬੀਮਾਰੀ ਭਾਵ ਲੈਂਦੇ ਤੇ ਨਾਲ ਕਹਿੰਦੇ ਹਨ ਕਿ ਜਹਾਂਗੀਰ ਵੇਲੇ ਤਾਊਨ ਹਿੰਦੁਸਤਾਨ ਵਿਚ ਹੈਸੀ।

ਅਰਥ ਕੁਛ ਲਓ, ਪਦ ''ਕਛੂ'' ਕਹਿਣ ਤੇ ਸ੍ਰੀ ਗੁਰੂ ਜੀ ਨੇ ਇਤਯਾਦਿਕ ਬੀਮਾਰੀਆਂ ਸਾਰੀਆਂ ਲੈ ਲਈਆਂ ਹਨ।

ਡੀਕ—[ਸੰਸ:, ਡਾਕਿਨੀ] ਚੁੜੇਲ, ਡਾਇਣ। (ਅ) ਕਈ ਸਜਣ ਡਾਕੀ ਤੋਂ ਕੈ ਤੇ ਕੈ ਤੋਂ ਹੈਜ਼ਾ ਭਾਵ ਲੈਂਦੇ ਹਨ।

ਚਿਤਿ-ਨਜ਼ਰ।

[ਆਸਾ ਮਹਲਾ ੫, ਚਉਪਦਾ, ੩੨-੯੯]

ਪ੍ਰਾਕ੍ਥਨ—ਪਿਛਲੇ ਸ਼ਬਦ ਦਾ ਭਾਵ ਜਾਰੀ ਹੈ।

ਮੂਲ	ਅਰਥ
ਆਸਾ ਮਹਲਾ ੫ ॥ **ਅਉਖਧੁ ਖਾਇਓ ਹਰਿ ਕੋ ਨਾਉ ॥ ਸੁਖ ਪਾਏ ਦੁਖ ਬਿਨਸਿਆ ਥਾਉ॥੧॥**	[ਪ੍ਰਸ਼ਨ: ਭਲਾ ਜੀ ਤੁਸਾਂ ਕੋਈ ਐਸੀ ਦਵਾਈ ਖਾਧੀ ਹੋਵੇ ਜਿਸ ਕਰਕੇ ਤਪਾਲੀ ਦਾ ਤਾਪ ਦੂਰ ਰਹਿੰਦਾ ਹੋਵੇ ਤਾਂ ਉੱਤਰ ਦੇਂਦੇ ਹਨ] (ਹਾਂ ਭਾਈ! ਅਸਾਂ) ਹਰੀ ਦੇ ਨਾਮ ਰੂਪੀ ਦਵਾਈ ਖਾਧੀ ਹੈ, (ਜਿਸ ਨਾਲ ਸਾਡੇ ਅੰਦਰੋਂ) ਦੁਖ (ਦੇ ਆ ਟਿਕਣ) ਦਾ ਟਿਕਾਣਾ ਹੀ ਨਾਸ਼ ਹੋ ਗਿਆ। (ਐਉਂ ਅਸੀ) ਸੁਖ ਪਾਇਆ ਹੈ॥੧॥
ਤਾਪੁ ਗਇਆ ਬਚਨਿ ਗੁਰ ਪੂਰੇ ॥ ਅਨਦੁ ਭਇਆ ਸਭਿ ਮਿਟੇ ਵਿਸੂਰੇ ॥੧॥ ਰਹਾਉ ॥	ਪੂਰੇ ਗੁਰੂ ਦੇ ਬਚਨਾਂ (ਦੀ ਕਮਾਈ) ਕਰਕੇ ਤਪਾਲੀ ਦੂਰ ਹੋ ਗਈ, ਸਾਰੇ ਝੋਰੇ (ਭਾਵ ਸਾਰੇ ਲੋਕਾਂ ਦੇ ਝੋਰੇ) ਦੂਰ ਹੋ ਗਏ (ਹਨ ਤੇ ਸਭ ਨੂੰ) ਖੁਸ਼ੀ ਹੋ ਗਈ ਹੈ॥੧॥ਰਹਾਉ॥
ਜੀਅ ਜੰਤ ਸਗਲ ਸੁਖੁ ਪਾਇਆ ॥ ਪਾਰਬ੍ਰਹਮੁ ਨਾਨਕ ਮਨਿ ਧਿਆਇਆ ॥੨॥੩੨॥	(ਹਾਂ) ਸਾਰੇ ਜੀਆਂ ਜੰਤਾਂ ਨੇ ਸੁਖ ਪਾ ਲਿਆ ਹੈ (ਅਸਾਂ ਨੇ ਇਕੋ ਗਲ ਕੀਤੀ ਹੈ ਕਿ) ਮਨ ਵਿਚ ਪਾਰਬ੍ਰਹਮ ਨੂੰ ਧਿਆਇਆ ਹੈ, ਹੇ ਨਾਨਕ ! (ਜਿਸ ਨਾਲ ਅਸੀਂ ਬੀ ਬਚੇ ਰਹੇ ਤੇ ਜੀਆ ਜੰਤ ਬੀ ਸੁਖੀ ਹੋ ਗਏ)॥੨॥੩੨॥

ਵਜਾਖਜਾ— ਇਸ ਸ਼ਬਦ ਵਿਚ 'ਜੀਅ ਜੰਤ ਸਗਲ ਸੁਖੁ ਪਾਇਆ' ਸਪਸ਼ਟ ਵਾਕ ਕਹਿਕੇ ਦੋਹਾਂ ਸ਼ਬਦਾਂ ਦੇ ਭਾਵ ਨੂੰ ਸਪਸ਼ਟ ਕਰ ਦਿੱਤਾ ਕਿ ਆਪ ਜੀ ਨਾ ਕੇਵਲ ਹਰੀ ਜਨਾਂ ਦੇ ਬਚੇ ਰਹਿਣ ਦਾ ਸ਼ੁਕਰੀਆ ਕਰ ਰਹੇ ਹਨ; ਸਗੋਂ ਆਪ ਦੀ ਅਰਦਾਸ ਨਾਲ ਜੋ ਤਪਾਲੀ ਦੂਰ ਹੋਈ ਹੈ ਉਸ ਦਾ ਸ਼ੁਕਰੀਆ ਕਰ ਰਹੇ ਹਨ।

ਨਿਰੁਕ੍ਤ— ਅਉਖਧੁ—(ਦੇਖੋ ਪੰਨਾ ੧੦੬੨) ਦਵਾਈ।

ਵਿਸੂਰੇ—(ਸੰ: ਵਿਸੂਰਣੰ=ਤਕਲੀਫ, ਅਫਸੋਸ) ਝੋਰੇ, ਦੁੱਖ। ਦੁੱਖਾਂ ਦੇ ਕੀਰਨੇ।

[ਆਸਾ ਮਹਲਾ ੫, ਚਉਪਦਾ, ੩੩-੧੦੦]

ਪ੍ਰਾਕ੍ਕਥਨ— ਗੁਰੂ ਦੀ ਕ੍ਰਿਪਾ ਭਵ ਸਾਗਰ ਤੋਂ ਪਾਰ ਕਰਦੀ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਬਾਂਛਤ ਨਾਹੀ ਸੁ ਬੇਲਾ ਆਈ ॥ ਬਿਨੁ ਹੁਕਮੈ ਕਿਉ ਬੁਝੈ ਬੁਝਾਈ॥੧॥	ਉਹ ਵੇਲਾ (ਜਿਸ ਦੀ ਕਦੇ) ਇੱਛਾ ਨਹੀਂ ਕਰੀਦੀ ਆ ਜਾਂਦਾ ਹੈ (ਇਹ ਗਲ ਸਭ ਕੋਈ ਜਾਣਦਾ ਤਾਂ ਹੈ, ਪਰ) ਹੁਕਮ ਹੋਏ ਬਿਨਾ ਬੁੱਝਦਾ ਕੋਈ ਨਹੀਂ ਚਾਹੇ ਕਿੰਨਾ ਬੁਝਾਉਣ ਦਾ ਯਤਨ ਕਰੋ॥੧॥
ਠੰਢੀ ਤਾਤੀ ਮਿਟੀ ਖਾਈ ॥ ਓਹੁ ਨ ਬਾਲਾ ਬੂਢਾ ਭਾਈ ॥੧॥ ਰਹਾਉ ॥	ਜਲ, ਅਗਨੀ ਧਰਤੀ (ਪੌਣ ਆਕਾਸ਼ ਆਦਿ ਦੀ ਬਣੀ ਹੋਈ ਇਹ ਦੇਹ ਤਾਂ) ਖਜੈ (ਨਾਸ਼) ਹੁੰਦੀ ਰਹਿੰਦੀ ਹੈ (ਪਰ) ਹੇ ਭਾਈ! ਓਹ (ਆਤਮਾ ਕਦੇ) ਬਾਲਕ (ਕਦੇ) ਬੁੱਢਾ (ਹੋ ਕੇ ਖਜੈ ਪ੍ਰਾਪਤ) ਨਹੀਂ ਹੁੰਦਾ॥੧॥ ਰਹਾਉ॥
ਨਾਨਕ ਦਾਸ ਸਾਧ ਸਰਣਾਈ ॥ ਗੁਰ ਪ੍ਰਸਾਦਿ ਭਉ ਪਾਰਿ ਪਰਾਈ ॥੨॥੩੩॥	ਨਾਨਕ ਦਾਸ ਸਾਧੂ ਦੀ ਸ਼ਰਣ ਵਿਚ ਆਗਿਆ ਹੈ (ਅਤੇ) ਗੁਰੂ ਦੀ ਕ੍ਰਿਪਾ ਨਾਲ (ਇਸ) ਸੰਸਾਰ (ਸਾਗਰ) ਤੋਂ ਪਾਰ ਹੋ ਗਿਆ ਹੈ॥੨॥੩੩॥

ਵਜਾਖਜਾ— ਅੰਕ ੧— ਮੌਤ ਅਚਿੰਤੇ ਆ ਪੈਂਦੀ ਹੈ, ਐਸਾ ਸੱਚ ਹੈ ਕਿ ਸਭ ਕੋਈ ਜਾਣਦਾ ਹੈ, ਪਰ ਜਾਣਨ ਵਾਲਿਆਂ ਦੇ ਕਰਮ ਦੱਸਦੇ ਹਨ ਕਿ ਓਹ ਇਸ ਗੱਲ ਨੂੰ ਬੁੱਝਦੇ ਨਹੀਂ। ਕੋਈ ਬੁੱਝ ਬੀ ਜਾਂਦੇ ਹਨ, ਉਨ੍ਹਾਂ ਤੇ ਮੇਹਰ ਹੁੰਦੀ ਹੈ, ਸਾਂਈਆਂ ਜੀ ਦਾ ਹੁਕਮ ਉਨ੍ਹਾਂ ਨੂੰ ਸੁਝਾ ਦੇਂਦਾ ਹੈ। ਓਹ ਸੁਝੇ ਹੋਏ ਫੇਰ ਹਰ ਵੇਲੇ ਤਯਾਰ ਰਹਿੰਦੇ ਹਨ। ਹਰ ਵੇਲੇ ਦੀ ਤਯਾਰੀ ਸਿਮਰਣ ਵਿਚ ਹੈ।

ਰਹਾਉ ਦੀ ਪਹਿਲੀ ਤੁਕ ਦੇ ਅਰਥ ਕਠਨ ਹਨ। ਪਰ ਦੂਜੀ ਤੁਕ ਪਹਿਲੀ ਦੇ ਅਰਥ ਨੂੰ ਬੰਨ੍ਹਦੀ ਹੈ। ਓਹ ਆਤਮਾ ਬਾਲ ਜੁਆਨੀ ਬੁਢੇਪੇ ਆਦਿ ਅਵਸਥਾ ਅਧੀਨ ਨਹੀਂ; ਇਸ ਕਰਕੇ ਉਹ ਖੀਣ ਨਹੀਂ ਹੁੰਦਾ, ਖੀਣ ਨਾ ਹੋਣ ਕਰਕੇ ਉਸ ਉਤੇ ਮੌਤ ਦਾ ਵੇਲਾ ਨਹੀਂ ਆਉਂਦਾ। ਇਸ ਅਨੁਸਾਰ 'ਠੰਢੀ' ਤੋਂ ਉਪਲਖਤ ਠੰਢਾ ਜਲ ਯਾ ਵਾਯੂ, 'ਤਾਤੀ' ਤੋਂ ਉਪਲਖਤ ਅਗਨੀ, 'ਮਿੱਟੀ' ਤੋਂ ਸਿੱਧੀ ਧਰਤੀ, ਤਿੰਨੇ ਕਹਿ ਕੇ ਪੰਜਾਂ ਤੱਤਾਂ ਦਾ ਸਮੁਦਾਇ ਸਮਝ ਲਈਦਾ ਹੈ।

'ਖਾਈ' ਦਾ ਅਰਥ ਖਜੈ (ਨਾਸ਼) ਹੁੰਦਾ ਹੈ। ਮੁਰਾਦ ਹੈ ਤੱਤਾਂ ਦੀ ਬਣੀ ਦੇਹ ਖਜੈ ਹੁੰਦੀ ਰਹਿੰਦੀ ਹੈ ਪਰ ਆਤਮਾ ਖਜੈ ਨਹੀਂ ਹੁੰਦਾ ਹੈ।

ਅੰਕ ੨ ਵਿਚ ਇਸ ਖਜੈ ਹੋਣ ਦੇ ਭਉ ਨੂੰ ਦੂਰ ਕਰਦੇ ਹਨ ਕਿ ਸਤਿਸੰਗ, ਗੁਰੂ, ਗੁਰੂ ਦਾ ਪ੍ਰਸ਼ਾਦ ਪ੍ਰਾਪਤ ਕਰੋ। ਫੇਰ ਆਤਮ ਲੱਖਤਾ ਹੋ ਕੇ ਜਨਮ ਮਰਨ ਦਾ ਭਉ ਦੂਰ ਹੋ ਜਾਸੀ।

ਨਿਰਕੁ—ਬਾਂਛਤ ਨਾਹੀ—(ਦੇਖੋ 'ਬਾਛਤੇ' ਪੰਨਾ ੧੬੨੮) ਜਿਸ ਦੀ ਇਛਾ ਨਹੀਂ ਕਰੀਦੀ। ਭਾਵ ਮੌਤ। ਠੰਢੀ ਤਾਤੀ ਦੇ ਪ੍ਰਸੰਗਕ ਅਰਥ ਉੱਪਰ ਦਿਤੇ ਹਨ। ਪਰ ਕਈ ਦਾਨੇ ਹੋਰਵੇਂ ਬੀ ਕਰਦੇ ਹਨ। (ਅ) ਠੰਢੀ = ਜਲ। ਤਾਤੀ = ਅਗਨ। ਮਿਟੀ = ਧਰਤੀ। ਇਨ੍ਹਾਂ ਕਰਕੇ ਦੇਹੀ ਖਜੈ ਹੋ ਜਾਂਦੀ ਹੈ, ਭਾਵ ਕੋਈ ਜਲ ਪ੍ਰਵਾਹ ਕਰਦੇ ਹਨ, ਕੋਈ ਸਾੜਦੇ ਹਨ, ਕੋਈ ਦੱਬਦੇ ਹਨ।

ਠਢੀ—ਬਾਲ ਅਵਸਥਾ, ਜਦੋਂ ਕਾਮ ਨਹੀ ਹੁੰਦਾ ਹੈ।

ਤਾਤੀ—ਜੁਆਨੀ, ਜਦੋਂ ਵਿਸ਼ਯ ਅਗਨੀ ਤ੍ਰਿਖੀ ਹੁੰਦੀ ਹੈ।

ਮਿਟੀ—ਬੁਢੇਪਾ, ਜਦੋਂ ਮਿੱਟੀ ਵਾਂਙੂ ਸਭ ਤਾਕਤਾਂ ਸਿਥਿਲ ਹੋ ਜਾਂਦੀਆਂ ਹਨ।

ਖਾਈ—ਨਦੀ, ਇਹ ਦੇਹ ਬਾਲ, ਜੁਆਨੀ, ਬੁਢੇਪੇ ਦੀ ਨਦੀ ਹੈ।

(ੲ) (ਮਾਟੀ=) ਮਿੱਟੀ ਦੀ ਦੇਹ ਨੂੰ ਸ਼ੋਕ ਤੇ ਹਰਖ ਖਾ ਜਾਂਦੇ ਹਨ।

[ਆਸਾ ਮਹਲਾ ੫, ਚਉਪਦਾ, ੩੪-੧੦੧]

ਪ੍ਰਾਕ੍ਥਨ— ਸਤਿਗੁਰੂ ਤੋਂ ਹਰੀ ਦਾ ਮਿਲਾਪ ਮਿਲਦਾ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਸਦਾ ਸਦਾ ਆਤਮ ਪਰਗਾਸੁ ॥ ਸਾਧਸੰਗਤਿ ਹਰਿ ਚਰਣ ਨਿਵਾਸੁ॥੧॥	ਨਿਤਜ ਸਰੂਪ ਆਤਮਾ ਦਾ ਪ੍ਰਕਾਸ਼ ਸਦੀਵ ਹੋ ਰਿਹਾ ਹੈ, (ਉਸ) ਹਰੀ ਦੇ ਚਰਣਾਂ ਵਿਚ ਸਾਧ ਸੰਗਤਿ ਦੁਆਰਾ ਵਾਸਾ ਮਿਲਦਾ ਹੈ॥ ੧॥
ਰਾਮ ਨਾਮ ਨਿਤਿ ਜਪਿ ਮਨ ਮੇਰੇ ॥ ਸੀਤਲ ਸਾਂਤਿ ਸਦਾ ਸੁਖ ਪਾਵਹਿ ਕਿਲਵਿਖ ਜਾਹਿ ਸਭੇ ਮਨ ਤੇਰੇ ॥੧॥ ਰਹਾਉ ॥	(ਤਾਂ ਤੇ) ਹੇ ਮੇਰੇ ਮਨ ! ਰਾਮ ਦੇ ਨਾਮ ਦਾ ਨਿੱਤ ਜਪ ਕਰ (ਜੋ ਤੂੰ) ਠੰਢਾ ਠੰਢਾ ਤੇ ਸ਼ਾਂਤੀ ਵਾਲਾ ਸਦੈਵ ਸੁਖ ਪ੍ਰਾਪਤ ਕਰੇਂ (ਅਤੇ ਹੇ ਮਨ ! ਤੇਰੇ ਪਾਪ ਸਾਰੇ ਦੂਰ ਹੋ ਜਾਣ॥ ੧॥ ਰਹਾਉ॥
ਕਹੁ ਨਾਨਕ ਜਾ ਕੇ ਪੂਰਨ ਕਰਮ ॥ ਸਤਿਗੁਰ ਭੇਟੇ ਪੂਰਨ ਪਾਰਬ੍ਰਹਮ ॥੨॥੩੪॥ ਦੂਜੇ ਘਰ ਕੇ ਚਉਤੀਸ॥	ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਜਿਸ (ਜੀਵ) ਦੇ ਕਰਮ ਪੂਰਨ ਹੁੰਦੇ ਹਨ (ਉਸ ਨੂੰ) ਪੂਰਨ ਪਾਰਬ੍ਰਹਮ ਸਤਿਗੁਰੂ ਮਿਲਦੇ ਹਨ॥ ੨॥ ੩੪॥ ਦੂਜੇ ਘਰ ਦੇ ਚਉਤੀਸ (ਸ਼ਬਦ ਏਥੇ ਮੁੱਕੇ)*।

ਵ੍ਯਾਖ੍ਯਾ— ਪਹਿਲੀ ਤੁਕ ਦਾ ਅਰਥ ਐਉਂ ਬੀ ਲਾਉਣ ਦਾ ਯਤਨ ਹੁੰਦਾ ਹੈ:—

ਸਾਧ ਸੰਗਤਿ ਵਿਚ ਹਰੀ ਦੇ ਚਰਣਾਂ ਦਾ ਨਿਵਾਸ ਹੁੰਦਾ ਹੈ ਜਿਥੇ ਸਦਾ ਆਤਮਾ ਦਾ ਪ੍ਰਕਾਸ਼ ਹੁੰਦਾ ਹੈ। ਬਾਕੀ ਭਾਵ ਤੇ ਪਦ ਸੁਗਮ ਹਨ। ਇਕ ਅਰਥ ਐਉਂ ਬੀ ਕੀਤਾ ਜਾਂਦਾ ਹੈ:—

ਸਾਧੂ ਦੀ ਸੰਗਤਿ ਦੁਆਰਾ ਹਰੀ ਦੇ ਚਰਣਾਂ ਵਿਚ ਨਿਵਾਸ ਹੋ ਗਿਆ ਹੈ। (ਹੁਣ) ਆਤਮ ਪਰਗਾਸ (ਹੋ ਗਿਆ ਹੈ ਜੋ) ਸਦਾ ਸਦਾ ਬਣਿਆ ਰਹਿੰਦਾ ਹੈ। (ਹਾਂ, ਇਹ ਰੰਗ ਸਦੈਵੀ ਬਣਿਆ ਰਹੇ) ਹੇ ਮੇਰੇ ਮਨ ! ਰਾਮ ਨਾਮ ਨਿਤ ਜਪਦਾ ਰਹੁ। ਹੇ (ਮੇਰੇ) ਮਨ ! (ਜਿਸ ਨਾਲ) ਸਾਰੇ ਤੇਰੇ ਪਾਪ

*ਮਹਲਾ ੫ ਦੇ ਦੂਜੇ ਘਰ ਦੇ ੩੪ ਸ਼ਬਦ ਇਥੇ ਮੁਕੇ, ਪਰ ਅਜੇ ਇਸੇ ਘਰ ਦੇ ੩ ਸ਼ਬਦ ਅਗੇ ਹੋਰ ਹਨ। ਪਾਵਨ ਆਦਿ ਬੀੜ ਦੇ ਦਰਸ਼ਨਾਂ ਤੋਂ ਪਤਾ ਚਲਦਾ ਹੈ ਕਿ ਪਹਿਲੋਂ ੩੪ ਹੀ ਸ਼ਬਦ ਰਚੇ ਸਨ ਜਦ ਬੀੜ ਰਚੀ ਗਈ। ਫੇਰ ਤਿੰਨ ਸ਼ਬਦ ਅਗਲੇ ਪੰਚਮ ਪਾਤਸ਼ਾਹ ਜੀ ਨੇ ਹੋਰ ਰਚੇ ਤੇ ਓਹ ਬੀ ਖਾਲੀ ਪੰਨਿਆਂ ਪਰ ਨਾਲ ਹੀ ਚੜ੍ਹਾ ਦਿੱਤੇ ਗਏ ਤੇ ਇਉ ਦੂਜੇ ਘਰ ਦੇ (੩੪+੩) ੩੭ ਹੋ ਜਾਂਦੇ ਹਨ। [ਸੰਪਾਦਿਕ]

ਦੂਰ ਹੋਏ ਰਹਿਣ ਤੇ ਠੰਢਾ ਸ਼ਾਂਤੀ ਵਾਲਾ ਤੇ ਸਦੈਵੀ ਸੁਖ ਤੈਨੂੰ ਪ੍ਰਾਪਤ ਰਹੇ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਜਿਸ ਦੇ ਪੂਰੇ ਭਾਗ (ਉਦੇ) ਹੋਣ (ਉਸ ਨੂੰ) ਸਤਿਗੁਰੂ ਮਿਲਦਾ ਹੈ ਤੇ ਪੂਰਨ ਪਾਰਬ੍ਰਹਮ (ਪ੍ਰਾਪਤ ਹੋ ਜਾਂਦਾ ਹੈ)।

[ਆਸਾ ਮਹਲਾ ੫, ਚਉਪਦਾ, ੩੫-੧੦੨]

ਪ੍ਰਾਕ੍ਥਨ—ਹਰੀ ਪ੍ਰਾਪਤੀ ਵਾਲੇ ਦੇ ਤ੍ਰੈ ਰੂਪ ਦਿਖਾਏ ਹਨ।

ਮੂਲ	ਅਰਥ
ਆਸਾ ਮਹਲਾ ੫ ॥	
ਜਾ ਕਾ ਹਰਿ ਸੁਆਮੀ ਪ੍ਰਭੁ ਬੇਲੀ ॥ ਪੀੜ ਗਈ ਫਿਰਿ ਨਹੀ ਦੁਹੇਲੀ॥੧॥ ਰਹਾਉ ॥	ਜਿਸ (ਜਗਜਾਸੂ ਰੂਪ ਬੀਬੀ)ਦਾ ਹਰੀ ਪ੍ਰਭੂ ਸੁਆਮੀ (ਅਥਵਾ) ਬੇਲੀ (ਬਣ ਜਾਂਦਾ) ਹੈ, (ਉਸ ਦੀ ਜਨਮ ਮਰਨ ਰੂਪੀ) ਨਪੀੜਾ ਦੂਰ ਹੋ ਜਾਂਦੀ ਹੈ, (ਉਹ) ਮੁੜਕੇ ਦੁਖੀ ਨਹੀਂ ਹੁੰਦੀ॥੧॥ਰਹਾਉ॥
ਕਰਿ ਕਿਰਪਾ ਚਰਨ ਸੰਗਿ ਮੇਲੀ ॥ ਸੂਖ ਸਹਜ ਆਨੰਦ ਸੁਹੇਲੀ ॥੧॥	(ਹਾਂ, ਜੋ ਜਗਜਾਸੂ ਰੂਪ ਬੀਬੀ ਗੁਰੂ ਨੇ) ਕਿਰਪਾ ਕਰਕੇ (ਵਾਹਿਗੁਰੂ ਜੀ ਦੇ) ਚਰਨਾਂ ਨਾਲ ਮੇਲ ਦਿਤੀ ਹੈ, (ਉਹ) ਸਹਜ ਸੁਖ ਆਨੰਦ ਪਾ ਕੇ ਸੁਖੀ (ਹੋ ਜਾਂਦੀ) ਹੈ॥੧॥
ਸਾਧਸੰਗਿ ਗੁਣ ਗਾਇ ਅਤੋਲੀ ॥ ਹਰਿ ਸਿਮਰਤ ਨਾਨਕ ਭਈ ਅਮੋਲੀ ॥੨॥੩੫॥	(ਉਹ ਫਿਰ) ਸਾਧ ਸੰਗਤਿ ਵਿਚ (ਬਹਿ ਕੇ) ਨਾ ਤੋਲੇ ਜਾ ਸਕਣ ਵਾਲੇ (ਹਰੀ ਦੇ) ਗੁਣ ਗਾਉਂਦੀ ਹੈ, (ਉਹ) ਹਰੀ ਨੂੰ ਸਿਮਰਦੀ ਅਮੋਲਕ ਹੋ ਜਾਂਦੀ ਹੈ, ਹੇ ਨਾਨਕ ! ॥੨॥੩੫॥

ਵਯਾਖਯਾ— ਰਹਾਉ ਵਿਚ, ਵਾਹਿਗੁਰੂ ਵਿਚ ਜਿਸ ਦੀ ਸ਼ਰਧਾ ਹੈ ਤੇ ਸਿਮਰਨ ਕਰਦੇ ਵਾਹਿਗੁਰੂ ਉਸ ਪਰ ਦਿਆਲੂ ਹੋ ਗਿਆ ਹੈ, ਚਾਹੋ ਉਸ ਵਿਚ ਸੁਆਮੀ ਭਾਵ ਹੈ ਤੇ ਨਿਜ ਦਾਸਾ ਭਾਵ ਹੈ, ਚਾਹੋ ਉਸ ਵਿਚ ਮਿਤ੍ਰ ਭਾਵਨਾ ਹੈ, ਉਸ ਨੂੰ ਪਹਿਲੇ ਦੁੱਖਾਂ ਦੀ ਨਵਿਰਤੀ ਪ੍ਰਾਪਤ ਹੁੰਦੀ ਹੈ, ਹਰ ਪ੍ਰਕਾਰ ਦੀ ਪੀੜਾ ਯਾ ਨਪੀੜਾ (=ਦੱਬ) ਦੂਰ ਹੋ ਜਾਂਦੀ ਹੈ, ਖਾਸ ਕਰਕੇ ਜਨਮ ਮਰਨ ਦੀ।

ਅੰਕ੧—ਪਹਿਲੇ 'ਦੁਖ ਨਵਿਰਤੀ' ਲਈ ਸੀ ਹੁਣ ਵਿਧੀ ਰੂਪ ਸੁਖ ਦੀ ਪ੍ਰਾਪਤੀ ਲੈਂਦੇ ਹਨ— ਕਿ ਜਿਸ ਨੂੰ ਕਿਰਪਾ ਕਰਕੇ ਵਾਹਿਗੁਰੂ ਦੇ ਚਰਨਾਂ ਨਾਲ ਮੇਲ ਲਿਆ ਹੈ ਗੁਰੂ ਨੇ, ਉਹ ਸਹਜ ਸੁਖ ਤੇ ਆਨੰਦ ਵਿਚ ਆ ਕੇ ਸੁਖ ਸਰੂਪ ਹੋ ਜਾਂਦੀ ਹੈ। ਇਸ ਅੰਕ ਵਿਚ ਪ੍ਰਭੂ ਪ੍ਰਾਪਤੀ ਦਾ ਫਲ ਦੱਸਿਆ, ਪਰ ਸੈਨਤ ਨਾਲ ਗੁਰੂ ਦੀ ਸਹਾਯਤਾ ਦਾ ਇਸ਼ਾਰਾ ਦੇ ਗਏ ਜੋ ਰਹਾਉ ਵਿਚ ਨਹੀਂ ਸੀ ਦਿੱਤਾ*।

ਅੰਕ੨—ਵਿਚ ਹੁਣ ਗੁਰਮੁਖ ਦੀ ਪ੍ਰਾਪਤੀ ਦੀ ਅਵਸਥਾ ਦਸਦੇ ਹਨ ਕਿ ਪ੍ਰਾਪਤੀ ਪਾ ਕੇ ਉਹ ਫੇਰ ਦਿਆਲੂ ਹੋ ਕੇ ਪ੍ਰਾਪਤ ਵਸਤੂ ਨੂੰ ਵੰਡ ਵਰਤਦਾ ਹੈ, ਸਤਿਸੰਗ ਵਿਚ ਬੈਠ ਕੇ ਹਰੀ ਦੇ ਗੁਣਗਾਉਂਦਾ ਹੈ ਤੇ ਨਾਮ ਸਿਮਰਦਾ ਹੈ, ਜਿਸ ਤੋਂ ਉਸ ਦੇ ਕੀਤੇ ਦਾ ਲਾਭ ਜਗਤ ਨੂੰ ਪਹੁੰਚਦਾ ਹੈ।

ਪਹਿਲੇ, ਜਗਜਾਸੂ ਦੀ ਭਗਤੀ ਭਾਵਨਾ ਦਾ ਫਲ ਦੁੱਖਾਂ ਦੀ ਨਵਿਰਤੀ ਦੱਸਿਆ, ਦੂਜੇ ਸਾਂਈ ਮੇਲ ਦਾ ਫਲ ਸੁਖਾਂ ਦੀ ਪ੍ਰਾਪਤੀ ਦਿਖਾਇਆ, ਤੀਜੇ ਉਸ ਦਾ ਗੁਰਮੁਖ ਹੋ ਕੇ ਨਾਮ ਤੇ ਕੀਰਤਨ ਰੂਪ ਦਾਤ ਵੰਡਣੀ ਦਿਖਾਈ।

*ਅਗਲੇਰੇ ਸ਼ਬਦ ਦੇ ਰਹਾਉ ਵਿਚ ਸਪਸ਼ਟ ਦੱਸਿਆ ਹੈ ਕਿ ਗੁਰ ਪੂਰੇ ਨੇ ਮੇਲ ਕੇ ਤਾਰਿਆ।

ਨਿਰੁਕ੍ਤ–ਸੁਆਮੀ–[ਸੰਸ:, ਸ੍ਵਾਮੀ=ਮਾਲਿਕ, ਪ੍ਰਭੂ] ਮਾਲਕ। ਦਾਸ ਭਗਤ ਵੱਲ ਸੈਨਤ ਹੈ।

ਬੇਲੀ–[ਪੰ:, ਅਤੇ ਹਿੰਦੀ] ਮਿਤ, ਸਹਾਈ। ਸਖ਼ਾ। ਭਗਤੀ ਵੱਲ ਸੈਨਤ ਹੈ।

ਚਰਣ ਸੰਗਿ–ਤੋਂ ਸਰੂਪ ਪ੍ਰਾਪਤੀ ਵਲ ਇਸ਼ਾਰਾ ਹੈ।

ਅਤੋਲੀ–ਅਤੋਲੀ ਦੇ, ਪ੍ਰਭ ਦੇ ਜੋ ਅਤੋਲ ਹੈ।

ਅਮੋਲੀ–[ਦੇਖੋ 'ਅਮੁਲ' ਪੰਨਾ ੧੨੯] ਅਮੋਲਕ। ਭਾਵ ਜਗਜਾਸੂ ਅਮੁਲਜ ਹੋ ਗਿਆ ਹੈ।

[ਆਸਾ ਮਹਲਾ ੫, ਚਉਪਦਾ, ੩੬-੧੦੩]

ਪ੍ਰਾਕ੍ਥਨ–ਸਤਿਸੰਗ ਨੂੰ ਜੂਏ ਨਾਲ ਮਿਸਾਲ ਦੇ ਕੇ ਉਸ ਵਿਚ ਦੀ ਹਾਰ ਜਿੱਤ ਤੇ ਜਿੱਤ ਅਵਸਥਾ ਦਾ ਹਾਲ ਨਿਰੂਪਣ ਕਰਦੇ ਹਨ।

ਮੂਲ	ਅਰਥ
ਆਸਾ ਮਹਲਾ ੫ ॥	
ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥ ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ॥੧॥	(ਬੰਦਗੀ ਦੇ ਜੂਏ ਖਾਨੇ, ਅਰਥਾਤ ਸਤਿਸੰਗ ਵਿਚ ਜਦ ਅਸਾਂ ਖੇਡ ਖੇਡੀ ਤਦ ਉਸ) ਜੂਏ ਵਿਚ ਕਾਮ, ਕ੍ਰੋਧ, ਮਾਇਆ, ਹੰਕਾਰ ਤੇ ਈਰਖਾ ਏਹ ਸਾਰੇ ਖੇਡਦਿਆਂ ਹਾਰ ਦਿਤੇ। ਸਤ, ਸੰਤੋਖ, ਦਇਆ, ਧਰਮ ਤੇ ਸੱਚ ਏਹ (ਸਾਰੇ) ਅਪਣੇ ਮਨ ਵਿਚ ਵਾੜ ਲਏ ਹਨ (ਭਾਵ ਜਿੱਤ ਵਿਚ ਪ੍ਰਾਪਤ ਕਰ ਲਏ ਹਨ)॥੧॥
ਜਨਮ ਮਰਨ ਚੂਕੇ ਸਭਿ ਭਾਰੇ ॥ ਮਿਲਤ ਸੰਗਿ ਭਇਓ ਮਨੁ ਨਿਰਮਲੁ ਗੁਰਿ ਪੂਰੈ ਲੈ ਖਿਨ ਮਹਿ ਤਾਰੇ ॥੧॥ ਰਹਾਉ ॥	(ਅਰਥਾਤ) ਸਤਿਸੰਗ ਮਿਲਦਿਆਂ ਮਨ ਨਿਰਮਲ ਹੋ ਗਿਆ, ਪੂਰੇ ਗੁਰੂ ਨੇ (ਸਾਨੂੰ) ਲੈ ਕੇ ਖਿਨ ਵਿਚ ਤਾਰ ਦਿੱਤਾ ਹੈ (ਐਉਂ) ਜਨਮ ਮਰਨ (ਆਦਿ) ਸਾਰੇ ਭਾਰੇ ਚੁੱਕ ਗਏ ਹਨ॥੧॥ਰਹਾਉ॥
ਸਭ ਕੀ ਰੇਨੁ ਹੋਇ ਰਹੈ ਮਨੂਆ ਗਲੇ ਦੀਸਹਿ ਮੀਤ ਪਿਆਰੇ ॥ ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ ॥੨॥	(ਹੁਣ ਅਵਸਥਾ ਕੀ ਹੈ ? ਉੱਤਰ:) (ਮੇਰਾ) ਮਨ ਸਭ (ਦੇ ਚਰਨਾਂ) ਦੀ ਧੂੜ ਹੋਇਆ ਰਹਿੰਦਾ ਹੈ, ਤੇ ਸਾਰੇ (ਮਿਲਨੇ ਵਾਲੇ) ਪਿਆਰੇ ਮਿੱਤ੍ਰ ਦਿੱਸਦੇ ਹਨ। (ਕਿਉਂਕਿ) ਸਭਨਾ ਵਿਚ (ਮੈਨੂੰ) ਮੇਰਾ ਠਾਕੁਰ ਵਜਾਪਕ ਹੋ ਰਿਹਾ ਦਿੱਸਦਾ ਹੈ ਜੋ ਦਾਨ ਦੇਂਦਾ ਹੋਇਆ ਸਭਨਾ ਜੀਆਂ ਦੀ ਸੰਮ੍ਹਾਲ ਕਰ ਰਿਹਾ ਹੈ॥੨॥
ਏਕੋ ਏਕੁ ਆਪਿ ਇਕੁ ਏਕੈ ਏਕੈ ਹੈ ਸਗਲਾ ਪਾਸਾਰੇ ॥ ਜਪਿ ਜਪਿ ਹੋਏ ਸਗਲ ਸਾਧ ਜਨ ਏਕੁ ਨਾਮੁ ਧਿਆਇ ਬਹੁਤੁ ਉਧਾਰੇ॥੩॥	ਉਹ ਆਪ ਇਕੋ ਇਕ (ਹੈ ਉਹ) ਇਕ ਇਕੋ (ਹੋਏਗਾ, ਹਾਂ ਉਹ)ਇਕੋ (ਹੀ) ਹੈ ਸਾਰੇ ਪਸਾਰੇ ਵਿਚ। ਉਸ ਰਮ ਰਹੇ ਵਜਾਪਕ ਪ੍ਰਭੂ ਨੂੰ) ਜਪ ਜਪ ਕੇ ਸਾਰੇ ਸਾਧੂ ਜਨ ਬਣੇ ਹਨ (ਜਿਨ੍ਹਾਂ ਨੇ ਉਸ ਦੇ) ਇਕ ਨਾਮ ਨੂੰ ਆਰਾਧ ਕੇ (ਹੋਰ) ਬਹੁਤੇ ਨਿਸਤਾਰੇ ਹਨ॥੩॥
ਗਹਿਰ ਗੰਭੀਰ ਬਿਅੰਤ ਗੁਸਾਈ ਅੰਤੁ ਨਹੀ ਕਿਛੁ ਪਾਰਾਵਾਰੇ ॥ ਤੁਮ੍ਰੀ ਕ੍ਰਿਪਾ ਤੇ ਗੁਨ ਗਾਵੈ ਨਾਨਕ ਧਿਆਇ ਧਿਆਇ ਪ੍ਰਭ ਕਉ ਨਮਸਕਾਰੇ॥੪॥੩੬॥	(ਹੇ) ਬੇਅੰਤ ! (ਹੇ ਗਹਿਰ ਗੰਭੀਰ ਸੁਆਮੀ !! (ਤੇਰੇ) ਪਾਰ ਉਰਾਰ ਦਾ ਕੋਈ ਅੰਤ ਨਹੀ ਹੈ। ਤੇਰੀ ਹੀ ਕ੍ਰਿਪਾ ਤੇ ਨਾਨਕ ਤੇਰੇ ਗੁਣ ਗਾਉਂਦਾ ਹੈ (ਅਤੇ ਤੈਨੂੰ ਅਪਣੇ) ਪ੍ਰਭੂ ਨੂੰ ਧਿਆ ਧਿਆ ਕੇ ਮੱਥਾ ਟੇਕਦਾ ਹੈ॥੪॥੩੬॥

ਵਜਾਖਜਾ— ਗੁਰਬਾਣੀ ਵਿਚ ਕਈ ਜਗਾ ਜਗਤ ਵਿਚ ਕੁਸੰਗ ਤੋਂ ਸਤਿਸੰਗ ਵਿਚ ਜਾਣਾ ਖੇਲ, ਚੌਪਟ ਯਾ ਜੂਏ ਦੀ ਖੇਲ ਕਰਕੇ ਕਿਹਾ ਹੈ, ਇਥੇ ਬੀ ਉਹੋ ਰੂਪਕ ਲੈ ਕੇ ਦੱਸਿਆ ਹੈ ਕਿ ਪਹਿਲੋਂ ਆਸੁਰੀ ਗੁਣ ਹਾਰੇ, ਭਾਵ ਤਜਾਗ ਦਿੱਤੇ, ਓਹ ਸਨ ਕਾਮ, ਕ੍ਰੋਧ; ਮਾਇਕ ਖੇਲ: ਦਗੇ, ਫ੍ਰੇਬ ਆਦਿ, ਬਖੀਲੀ, ਹੰਕਾਰ ਆਦਿ। ਇਨ੍ਹਾਂ ਦੀ ਥਾਂ ਪ੍ਰਾਪਤ ਹੋਏ ਦੈਵੀ ਗੁਣ: ਪਹਿਲਾ ਹੈ ਸਤ, ਇਸ ਦਾ ਅਰਥ ਏਥੇ ਸੱਚ ਨਹੀਂ, ਪਰ ਕਾਮ ਦੇ ਟਾਕਰੇ ਤੇ ਸ਼ੀਲ ਧਰਮ ਅਥਵਾ ਦਾਨ। ਸੱਚ ਇਸ ਵਾਸਤੇ ਇਸ ਦਾ ਅਰਥ ਨਹੀਂ ਕਿਉਂਕਿ ਪੰਜਵੇਂ ਥਾਂ ਆਪ ਸੱਚ ਗਿਣਿਆ ਹੈ।

ਰਹਾਉ ਵਿਚ-ਸਤਿਸੰਗ ਤੇ ਗੁਰੂ ਮੇਹਰ ਦਰਸਾਈ ਹੈ। 'ਇਹ ਅਪੁਨੇ ਗ੍ਰਿਹ ਭੀਤਰਿ ਵਾਰੇ' ਕਿਉਂ ਕਿਹਾ ਇਸ ਦੀ ਥਾਂ ਕਹਿਣਾ ਚਾਹੀਦਾ ਸੀ ਕਿ 'ਏਹ ਸਾਰੇ ਜਿੱਤ ਲਏ' ਗੁਰੂ ਸਾਹਿਬ ਨੇ ਜਿੱਤ ਲਏ ਤਾਂ ਲੁਪਤੀ ਰੱਖੀ ਹੈ ਤੇ 'ਗ੍ਰਿਹ ਭੀਤਰਿ ਵਾਰੇ' ਤਾਂ ਕਿਹਾ ਹੈ ਕਿ ਜੁਆਰੀਆ ਜਿੱਤ ਪਚਾ ਨਹੀਂ ਸਕਦਾ ਓਹ ਮੁੜ ਮੁੜ ਦਾਉ ਲਾਉਂਦਾ ਹੀ ਰਹਿੰਦਾ ਹੈ, ਜੋ ਜੁਆਰੀਆ ਜਿੱਤ ਦੀ ਮਾਯਾ ਸਾਂਭ ਲਵੇ ਤੇ ਫੇਰ ਦਾਉ ਨਾ ਲਾਵੇ ਉਸ ਵਿਚ ਯੋਗੀ ਰਾਜ ਦਾ ਬਲ ਚਾਹੀਦਾ ਹੈ। ਸੋ ਭਾਵ ਏਥੇ ਹੈ ਕਿ ਜਿੱਤ ਕੇ ਅਸਾਂ ਘਰ ਦੇ ਅੰਦਰ ਜਿੱਤੇ ਪਦਾਰਥ ਸਾਂਭ ਲਏ ਹਨ; ਮੁੜ ਦਾਉ ਤੇ ਨਹੀਂ ਲਾਏ। ਅਗਲੀਆਂ ਸਤਰਾਂ ਸਾਬਤ ਕਰ ਦੇਂਦੀਆਂ ਹਨ ਕਿ ਜਿੱਤੇ ਪਦਾਰਥ ਫੇਰ ਵਧਦੇ ਵਧਦੇ ਪਰਮ ਪਰਮ ਦੀ ਅਵਸਥਾ ਬਣ ਗਏ ਹਨ।

ਅੰਕ ੨ ਵਿਚ ਜਿੱਤੇ ਹੋਏ ਬਿਜਈ ਸੰਤ ਦੀ ਅਵਸਥਾ ਦਰਸਾਈ ਹੈ, ਜੋ ਨਿੰਮ੍ਰਤਾ ਵਿਚ ਹੈ, ਮੈਤ੍ਰੀ ਵਿਚ, ਹੈ ਤੇ ਵਜਾਪਕ ਪ੍ਰਭੂ ਦੇ ਅਨੁਭਵ ਵਿਚ ਹੈ।

ਅੰਕ੩—ਉਸ ਰਮ ਰਹੇ ਪ੍ਰਭੂ ਨੂੰ ਤ੍ਰੈ ਕਾਲ ਇਕੋ ਇਕ ਵੇਖਦਾ ਹੈ, ਅਨੇਕਤਾ ਦੇ ਦ੍ਰਿਸ਼ਜ ਵਿਚ ਉਸ ਨੂੰ ਇਕ ਹੀ ਅਨੁਭਵ ਕਰਦਾ ਹੈ, ਫੇਰ ਦਰਸਾਇਆ ਕਿ ਓਹ ਲੋਕਾਂ ਨੂੰ ਤਾਰਦਾ ਹੈ।

ਅੰਕ ੪ ਗੁਣ ਕਥਨ ਦਾ ਹੈ, ਪਹਿਲੀ ਸਤਰ ਵਿਚ ਗੁਣ ਗਾਏ ਹਨ, ਦੂਜੀ ਵਿਚ ਗੁਨ ਗਾਇਨ ਕਰਕੇ ਮੇਹਰ ਦਾ ਸਦਕਾ ਦੱਸਿਆ। ਦੋਹਾਂ ਵਿਚ ਸਨਮੁਖ ਉਸਤੁਤੀ ਕੀਤੀ ਹੈ।

ਨਿਰੁਕ੍ਤ—ਸਦ—[ਸੰਸ:, ਮਦ:=ਨਸ਼ਾ, ਅਭਿਮਾਨ] ਅਹੰਕਾਰ।

ਮਤਸਰ—[ਸੰਸ:, ਮਤ੍ਸਰ:=ਵੈਰ, ਹਸਦ, ਜਲਨ] ਈਰਖਾ, ਬਖ਼ੀਲੀ।

ਸਤੁ—ਸ਼ੀਲ ਧਰਮ। (ਅ) ਦਾਨ। **ਗ੍ਰਿਹ**—ਭਾਵ ਹਿਰਦੇ ਵਿਚ।

ਭਾਰੇ—ਬੋਧ। ਭਾਵ ਮੁਸ਼ਕਲਾਂ। **ਰੇਨੁ**—ਧੂੜ, ਚਰਨ ਧੂੜ।

ਸਮਾਰੇ—ਸੰਮਾਲਦਾ, ਹੈ ਪਾਲਦਾ ਹੈ।

ਪਾਸਾਰੇ—ਪਸਾਰੇ ਵਿਚ। ਜਗਤ ਰੂਪੀ ਫੈਲਾਉ ਵਿਚ।

ਗਹਿਰ ਗੰਭੀਰ—ਬਹੁਤ ਹੀ ਡੂੰਘਾ, ਭਾਵ ਬੇਅੰਤ, ਅਨੰਤ ਜਿਸ ਦੀ ਥਾਹ ਕਿ ਥਹੁ ਮਨ ਬੁਧੀ ਨਾਲ ਨਾ ਲਗ ਸਕੇ।

[ਆਸਾ ਮਹਲਾ ੫, ਚਉਪਦਾ, ੩੭-੧੦੪]

ਮੂਲ	**ਅਰਥ**
ਆਸਾ ਮਹਲਾ ੫ ॥	
ਤੂ ਬਿਅੰਤੁ ਅਵਿਗਤੁ ਅਗੋਚਰੁ ਇਹੁ ਸਭੁ ਤੇਰਾ ਆਕਾਰੁ ॥	(ਅਰਦਾਸ) (ਮੇਰੇ ਰੱਬ! ਤੂੰ ਬੇਅੰਤ ਹੈਂ, ਨਾ ਚਲਾਇਮਾਨ ਹੈਂ, ਤੇ ਮਨ ਦੀ ਪਹੁੰਚ ਤੋਂ ਪਰੇ ਹੈਂ, ਇਹ (ਦਿੱਸਣ ਵਾਲਾ ਸੰਸਾਰ)

ਕਿਆ ਹਮ ਜੰਤ ਕਰਹ ਚਤੁਰਾਈ ਜਾਂ ਸਭੁ ਕਿਛੁ ਤੁਝੈ ਮਝਾਰਿ ॥੧॥	ਸਾਰਾ ਤੇਰਾ ਰੂਪ ਹੈ। ਅਸੀਂ (ਤੇਰੇ ਬਣਾਏ ਹੋਏ) ਜੀਵ ਕੀ ਚਤੁਰਾਈ ਕਰੀਏ ਜਦ ਸਭ ਕੁਛ (ਰਚਨਾਂ ਤੇ ਗੁਣ) ਤੇਰੇ ਵਿਚ ਹਨ॥੧॥
ਮੇਰੇ ਸਤਿਗੁਰ ਅਪਨੇ ਬਾਲਿਕ ਰਾਖਹੁ ਲੀਲਾ ਧਾਰਿ ॥ ਦੇਹੁ ਸੁਮਤਿ ਸਦਾ ਗੁਣ ਗਾਵਾ ਮੇਰੇ ਠਾਕੁਰ ਅਗਮ ਅਪਾਰ ॥੧॥ ਰਹਾਉ॥	ਹੇ ਮੇਰੇ ਲੀਲਾ ਧਾਰੀ ਸਤਿਗੁਰੂ (ਭਾਵ ਪਰਮੇਸੁਰ) ! ਆਪਣੇ ਬਾਲਕਾਂ (ਭਾਵ ਜੀਵਾਂ) ਦੀ ਰਖ੍ਯਾ ਕਰੋ। ਹੇ ਮੇਰੇ ਮਾਲਕ ! ਅਗੰਮ ਤੇ ਅਪਾਰ ਜੀਓ ! ਮੈਨੂੰ (ਇਹ) ਸੁਮਤੀ ਦਿਓ ਕਿ ਸਦਾ (ਤੇਰੇ) ਗੁਣ ਗਾਉਂਦਾ ਰਹਾਂ॥੧॥ਰਹਾਉ॥
ਜੈਸੇ ਜਨਨਿ ਜਠਰ ਮਹਿ ਪ੍ਰਾਨੀ ਓਹੁ ਰਹਤਾ ਨਾਮ ਅਧਾਰਿ ॥ ਅਨਦੁ ਕਰੈ ਸਾਸਿ ਸਾਸਿ ਸਮ੍ਹਾਰੈ ਨਾ ਪੋਹੈ ਅਗਨਾਰਿ ॥੨॥	(ਹੁਣ ਅਰਦਾਸ ਦੇ ਮਗਰੋਂ ਉਪਦੇਸ਼ ਆਰੰਭ ਹੁੰਦਾ ਹੈ ਤੇ ਰਖ੍ਯਾ ਦਾ ਪ੍ਰਕਾਰ ਦੱਸਦੇ ਹਨ) ਜੈਸੇ ਮਾਤਾ ਦੇ ਪੇਟ ਵਿਚ (ਜਦ ਪ੍ਰਾਣੀ=) ਬੱਚਾ ਹੁੰਦਾ ਹੈ ਤਾਂ ਉਹ ਨਾਮ ਦੇ ਆਸਰੇ ਰਹਿੰਦਾ ਹੈ। ਅਨੰਦ ਕਰਦਾ ਹੈ, ਸਾਸ ਸਾਸ ਸੰਮ੍ਹਾਲਦਾ ਹੈ (ਓਥੇ ਉਸ ਨੂੰ) ਅਗਨਾਰ ਨਹੀਂ ਪੋਹਦੀ॥੨॥
ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ ॥ ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰਿ ॥੩॥	ਪਰਾਇਆ ਧਨ, ਪਰਾਈ ਇਸਤ੍ਰੀ, ਤੇ ਪਰਾਈ ਨਿੰਦਾ ਇਨ੍ਹਾਂ ਨਾਲ ਪਿਆਰ (ਅਪਣੇ ਦਿਲੋਂ) ਦੂਰ ਕਰ ਦੇਹ। (ਇਨ੍ਹਾਂ ਦੀ ਥਾਵੇਂ ਵਾਹਿਗੁਰੂ ਜੀ ਦੇ) ਚਰਨਾਂ ਕਮਲਾਂ ਦੀ ਅਪਣੇ ਹਿਰਦੇ ਦੇ ਅੰਦਰ ਸੇਵਾ ਕਰੀਂ ਪੂਰੇ ਗੁਰੂ ਦੇ ਆਸਰੇ ਦੁਆਰਾ॥੩॥
ਗ੍ਰਿਹੁ ਮੰਦਰ ਮਹਲਾ ਜੋ ਦੀਸਹਿ ਨਾ ਕੋਈ ਸੰਗਾਰਿ ॥ ਜਬ ਲਗੁ ਜੀਵਹਿ ਕਲੀ ਕਾਲ ਮਹਿ ਜਨ ਨਾਨਕ ਨਾਮੁ ਸਮ੍ਹਾਰਿ॥੪॥੩੭॥	(ਦੇਖ!) ਘਰ, ਮੰਦਰ ਤੇ ਮਹਲਾ (=ਇਸਤ੍ਰੀ) ਜੋ ਦਿੱਸਦੇ ਹਨ (ਇਨ੍ਹਾਂ ਵਿਚੋਂ) ਕੋਈ (ਭੀ) ਜੀਵ ਦਾ (ਅੰਤ ਨੂੰ) ਸੰਗੀ ਨਹੀਂ ਹੁੰਦਾ, (ਇਸ ਲਈ ਇਸ) ਕਲਿਯੁਗ ਦੇ ਸਮੇਂ ਵਿਚ ਜਦ ਤਕ (ਤੂੰ) ਜੀਵੇਂ ਨਾਮ ਨੂੰ ਸਿਮਰਦਾ ਰਹੁ, ਨਾਨਕ ਦਾਸ ਐਉਂ ਸਮਝਾਉਂਦੇ ਹਨ)॥੪॥੩੭॥

ਵ੍ਯਾਖ੍ਯਾ—ਅੰਕ ੧—ਅਨੰਤ ਵਾਹਿਗੁਰੂ ਨੂੰ ਅਵ੍ਯਕਤ, ਸਦਾ ਥਿਰ, ਨਾਚਲਾਯਮਾਨ ਹੋਣ ਵਾਲਾ ਨਿਰਗੁਣ ਪਰਮਾਤਮਾ ਸੰਬੋਧਨ ਕਰਕੇ ਤੇ ਮਨ ਇੰਦ੍ਰੇ ਤੋਂ ਅਵਿਸ਼ੈ ਦੱਸ ਕੇ ਅਰਦਾਸ ਵਾਂਞੂ ਸਨਮੁਖੀ ਉਸਤੁਤੀ ਕੀਤੀ ਹੈ ਕਿ ਚਾਹੋ ਤੂੰ ਅਗੰਮ ਹੈਂ ਪਰ ਇਹ ਦਿਸਦਾ ਆਕਾਰ ਬੀ ਤੇਰੀ ਹਸਤੀ ਦਾ ਹੀ ਇਕ ਦੀਸਨਹਾਰ ਝਲਕਾ ਹੈ। ਤੈਨੂੰ ਵਰਣਨ ਕਰਨ ਦੀ ਚਤੁਰਾਈ ਅਸੀ ਮਿਤ ਵਾਲੇ ਜੀਵ ਕੀਹ ਕਰੀਏ ਕਿ ਸਾਰੀ ਰਚਨਾ ਤੇ ਚਤੁਰਾਈ ਆਦਿ ਸਾਰੇ ਗੁਣ ਜੋ ਰਚਨਾਂ ਵਿਚ ਹਨ ਤੇਰੇ ਹੀ ਆਸ਼੍ਰਿਤ ਹਨ। ਸੋ ਮੈਂ ਸਹਸ ਸਿਆਣਪਾਂ ਵਾਲੀ ਚਤੁਰਾਈ ਨਹੀਂ ਮੰਗਦਾ ਜੋ ਲੱਖਾਂ ਹੋਣ ਤਾਂ ਬੀ ਨਾਲ ਨਹੀਂ ਜਾਂਦੀਆਂ*।

ਰਹਾਉ—ਇਸ ਲਈ ਮੈਂ ਆਪ ਨੂੰ ਸਤਿਗੁਰੂ=ਸਦਾ ਥਿਰ ਗੁਰੂ=ਗੁਰੂਨਾਂ ਗੁਰੂ=ਪਰਮ ਗੁਰੂ ਆਖ ਕੇ ਆਪ ਤੋਂ ਸਹਸ ਸਿਆਣਪ ਨਹੀਂ ਪਰ ਉਹ ਅਕਲ ਮੰਗਦਾ ਹਾਂ ਜਿਸ ਬਾਬਤ ਫੁਰਮਾਣ ਹੈ:-

'ਅਕਲੀ ਸਾਹਿਬੁ ਸੇਵੀਐ' [ਵਾਰ ਸਾਰੰਗ ਮਹਲਾ ੧-੨੦]

ਇਸ ਅਕਲ ਨੂੰ ਰਹਾਉ ਵਿਚ 'ਸੁਮਤਿ' ਆਖਿਆ ਹੈ, ਉਹ ਕੀ ਹੈ ਕਿ ਤੇਰੇ ਗੁਣ ਸਦੀਵ ਕਾਲ ਗਾਂਵਦਾ ਰਹਾਂ। ਹੇ ਮੇਰੇ ਮਾਲਕ ! ਤੈਂ ਅਗੰਮ ਤੇ ਅਪਾਰ ਨੂੰ ਜਾਣਨ ਵੱਲੋਂ ਤਾਂ ਮੇਰੀ ਮਤਿ ਬਾਲਕਾਂ ਵਾਂਙੂ ਹੈ, ਤੇ ਬਾਲਕ ਦਾ ਹੱਕ ਹੁੰਦਾ ਹੈ ਕਿ ਪਹਿਲੋਂ ਮਾਂ ਬਾਪ ਰਖ੍ਯਾ ਕਰਦੇ ਹਨ ਫੇਰ ਉਸਤਾਦ

*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ [ਜਪੁਜੀ-੧]

ਸਿਖਯਾ ਦੇ ਕੇ ਰਖਯਾ ਕਰਦਾ ਹੈ ਮੇਰੀ ਰਖਯਾ ਮੈਨੂੰ ਬਾਲਕ ਜਾਣ ਕੇ ਆਪ ਕਰੋ। ਵਾਹਿਗੁਰੂ ਜੀ ਨੂੰ 'ਅਗਮਅਪਾਰ' ਕਹਿਕੇ ਨਿਰਗੁਣ ਜਤਾਇਆ ਤੇ ਲੀਲਾਧਾਰੀ ਕਹਿਕੇ ਜਗਤ ਰਚਨਾਂ ਦਾ ਕਰਤਾ, ਨਿਯੰਤਾ, ਪ੍ਰੇਰਕ ਆਦਿ ਦੱਸਿਆ, ਜਿਵੇਂ ਪਹਿਲੀ ਤੁਕ ਵਿਚ ਅਵਗਤਿ ਅਗੋਚਰ ਆਖ ਕੇ ਸਾਰੀ ਰਚੀ ਗਈ ਰੂਪਾਂ ਵਾਲੀ ਰਚਨਾ ਨੂੰ ਉਸੇ ਦਾ ਰੂਪ ਆਖਿਆ ਸੀ।

ਅੰਕ੨—ਸਾਂਈ ਵਲੋਂ ਹੁਣ ਰਖਯਾ ਦੀ ਇਕ ਮਿਸਾਲ ਦੇਂਦੇ ਹਨ, ਇਸ ਵਿਚ ਪੂਰਨ ਬੇ-ਵਸੀ ਦੀ ਹਾਲਤ ਵਿਚ ਰਖਯਾ ਹੁੰਦੀ ਹੈ, ਦੇਖੋ ਬਾਲਕ ਵਿਚ ਅਪਨੀ ਰਖਯਾ ਦੀ ਮਾੜੀ ਮੋਟੀ ਕੋਈ ਹੋਸ਼ ਸ਼ੁਰੂ ਹੋ ਜਾਂਦੀ ਹੈ, ਜੈਸੇ ਅੱਗ ਦੇ ਨੇੜੇ ਸੇਕ ਹੱਥ ਨੂੰ ਲੱਗੇ ਤਾਂ ਹੱਥ ਨੂੰ ਖਿੱਚ ਲੈਂਦਾ ਹੈ, ਪਰ ਮਾਂ ਦੇ ਪੇਟ ਵਿਚ ਮੂਲੋਂ ਬੇਬਸ ਹੁੰਦਾ ਹੈ। ਓਥੇ ਰਖਯਾ ਵਾਹਿਗੁਰੂ ਜੀ ਕਰਦੇ ਹਨ, ਕਿਉਂਕਿ ਮਾਂ ਦੇ ਅੰਦਰ 'ਮੇਅਦਾ' ਹੈ, ਜਿਸ ਵਿਚ ਭੋਜਨ ਜਾਂਦਾ ਹੈ, ਜੇ ਬੀਰਜ ਉਸ ਵਿਚ ਚਲਾ ਜਾਵੇ ਜਾਂ ਆਂਦ੍ਰਾ ਵਿਚ ਜਾ ਵੜੇ ਤਾਂ ਮਰ ਜਾਂਦਾ ਹੈ, ਪਰ ਉਸੇ ਅੰਦਰਲੇ ਵਿਚ ਕੁੱਖ ਹੈ, ਜਿਸ ਵਿਚ ਜਾ ਕੇ ਬੀਰਜ ਮੌਲਦਾ, ਸੁਰੱਖਯਤ ਹੁੰਦਾ ਤੇ ਬੱਚਾ ਬਣ ਜਾਂਦਾ ਹੈ। ਮੇਅਦੇ, ਕੁੱਖ ਤੇ ਆਂਦ੍ਰਾ ਵਿਚ ਕੋਈ ਫਰਕ ਪਰਦਿਆਂ ਮਾਤ੍ਰ ਦਾ ਹੀ ਹੁੰਦਾ ਹੈ। ਵਾਹਿਗੁਰੂ ਦੀ ਲੀਲ੍ਹਾ ਦੇਖੋ ਕਿ ਉਸ ਪੇਟ ਵਿਚ ਹੀ ਬੱਚੇ ਦੀ ਰਖਯਾ ਤੇ ਪਾਲਨਾ ਹੁੰਦੀ ਹੈ।

ਦੂਜੀ ਗੱਲ ਕਹੀ ਕਿ ਬੱਚਾ ਪੇਟ ਵਿਚ ਸਾਂਈਂ ਨੂੰ ਯਾਦ ਕਰਦਾ ਹੈ। ਇਹ ਗੱਲ ਕਿਸੇ ਇਨਸਾਨੀ ਤ੍ਰੀਕੇ ਨਾਲ ਸਹੀ ਕਰਨੀ ਕਠਨ ਹੈ, ਪਰ ਮਾਨਸਿਕ ਗਜਾਨ ਨਾਲ ਗੁਰੂ ਸਾਹਿਬਾਂ ਯਾ ਹੋਰ ਆਤਮਿਕ ਵਜਕਤੀਆਂ ਦਾ ਜਾਣ ਲੈਣਾ ਸੰਭਵ ਹੈ। ਇਸ ਕਰਕੇ ਠੀਕ ਹੈ ਕਿ ਗੁਰੂ ਸਾਹਿਬ ਜੋ ਤ੍ਰਿਕਾਲਗਜ ਸਨ, ਫ਼ੁਰਮਾ ਰਹੇ ਹਨ।

ਅੰਕ ੩—ਅਰਦਾਸ ਮੁੱਕਦੀ ਹੈ ਤੇ ਹੁਣ ਉਪਦੇਸ਼ ਆਰੰਭ ਹੁੰਦਾ ਹੈ ਕਿ ਸਾਂਈਆਂ ਜੀ ਤੋਂ ਸਹਾਇਤਾ ਰਖਯਾ ਦੀ ਮੰਗ ਕਰ, ਜੇ ਕੀਤੀ ਹੈ ਤਾਂ ਝੋਲੀ ਅੱਡ। ਝੋਲੀ ਅੱਡਣ ਦਾ ਰੂਪ ਕੀ ਹੈ? ਪੂਰੇ ਗੁਰੂ ਦਾ ਆਸਾ ਲੈ ਕੇ ਉਸ ਅਵਿਗਤੁ ਅਗੋਚਰੁ ਦਾ ਧਜਾਨ ਕਰਕੇ ਸੂਰਜ ਨੂੰ ਉਸ ਵਲ ਰੁਖ਼ੀਆ ਕਰਕੇ ਉਸ ਦਾ ਨਾਮ ਸਿਮਰ। ਇਸ ਦੇ ਨਾਲ ਲੋੜ ਹੈ ਪਰ ਧਨ, ਪਰ ਇਸਤ੍ਰੀ, ਪਰ ਨਿੰਦਾ, ਇਨ੍ਹਾਂ ਨਾਲ ਸੰਬੰਧ ਛੋੜਨ ਦੀ। ਏਹ ਤ੍ਰੈਏ ਮੈਲਾਂ ਹਨ, ਮੈਲ ਵਿਚ ਨਾਮ ਆਰਾਧਨ ਸੁਖਦਾਈ ਤੇ ਰਸ ਰੂਪ ਨਹੀਂ ਬਣਦਾ, ਇਸ ਕਰਕੇ ਇਨ੍ਹਾਂ ਦਾ ਤਯਾਗ ਕਰੀ ਚਲ ਤੇ ਨਾਮ ਸਿਮਰੀ ਚਲ।

ਅੰਕ ੪ ਵਿਚ, ਅੰਕ ੩ ਵਿਚ ਦਿੱਤੀ ਮਤਿ ਦਾ ਕਾਰਣ ਦੱਸਿਆ ਹੈ ਕਿ ਘਰ, ਮੰਦਰ, ਇਸਤ੍ਰੀ ਤੇ ਜੋ ਸਾਮਾਨ, ਧਨ ਇਸਤ੍ਰੀ ਦੇ ਰੂਪ ਵਿਚ ਅੰਕ ੪ ਵਿਚ ਦੱਸੇ ਸਨ, ਏਹ ਸਾਰੇ ਨਾਲ ਨਹੀ ਜਾਂਦੇ। ਅੰਕ ੩ ਵਿਚ ਆਚਰਣ ਉੱਚਾ ਕੀਤਾ ਸੀ ਕਿ ਪਰਧਨ ਪਰਦਾਰਾ, ਪਰਨਿੰਦਾ, ਜੋ ਪਾਪ ਰੂਪ ਹਨ, ਓਹ ਦੂਰ ਕਰ, ਜੋ ਨਾਮ ਸਿਰੇ ਚੜੇ। ਅੰਕ ੪ ਵਿਚ ਜਾਇਜ਼ ਕਮਾਈ ਨਾਲ ਪੈਦਾ ਕੀਤੇ ਘਰ ਮੰਦਰ ਦੌਲਤਾਂ ਤੇ ਵਿਵਾਹਤ ਇਸਤ੍ਰੀ ਬੀ ਨਾਲ ਨਹੀ ਜਾਂਦੇ ਦੱਸੇ। ਇਸ ਵਿਚ ਇਹ ਸੁਮਤਿ ਦਿੱਤੀ ਕਿ ਪਰਧਨ ਆਦਿ ਤਾਂ ਇਕ ਦਮ ਦੂਰ ਕਰ, ਮੂਲੋਂ ਤਯਾਗ, ਤੇ ਦੂਜੀ ਸਤਰ ਵਿਚ ਦੱਸੇ ਮਾਲ ਮਿਲਖ ਇਸਤ੍ਰੀ ਵਿਚ ਇਹ ਸੁਮਤੀ ਧਾਰਨ ਕਰ ਕਿ ਏਹ ਸਦੈਵੀ ਨਹੀਂ ਹਨ, ਤੇ ਨਾਲ ਨਹੀਂ ਜਾਂਦੇ, ਇਨ੍ਹਾਂ ਤੋਂ ਬੁੱਧੀ ਨੂੰ ਵੈਰਾਗ ਦੀ ਵੀਚਾਰ ਵਾਲਾ ਕਰਨਾ ਦੱਸਿਆ, ਪਰ ਮੂਲੋਂ ਦੂਰ ਕਰਕੇ ਤਯਾਗੀ ਬਣ ਜਾਣਾ ਨਹੀ ਦੱਸਿਆ। ਅੰਤਲੀ ਤੁਕ ਵਿਚ ਨਿਚੋੜ ਸਾਰੇ ਸ਼ਬਦ ਦਾ ਹੈ ਕਿ ਇਸ ਕਲਿਜੁਗ ਵਿਚ ਕਲਿਯੁਗ ਦਾ ਮਾਰਗ 'ਨਾਮ' ਹੈ। ਸੋ ਜਦ ਤਕ ਜੀਵਦਾ ਹੈਂ, ਹੇ ਬੰਦੇ ! ਨਾਮ ਦਾ ਵਿਸਾਰਾ ਨਾ ਕਰ।

ਅੰਕ ੩ ਵਿਚ 'ਨਿਵਾਰਿ', 'ਸੇਵੀ', ਪਦ ਹੁਕਮ (ਲੋਟ ਲਕਾਰ) ਦੇ ਹਨ, ਇਸ ਕਰਕੇ ਉਪਦੇਸ਼ ਹੈ। ਇਸੇ ਤਰ੍ਹਾਂ ਅੰਕ ੪ ਵਿਚ 'ਸਮ੍ਹਾਰਿ' ਪਦ ਵੀ ਹੁਕਮੀ ਹੈ।

ਨਿਰੁਕ੍ਤ

ਨਿਰੁਕ੍ਤ—ਬਿਅੰਤੁ—[ਹਿੰ:, ਬਿ (ਬ਼ਗੈਰ)+ਸੰਸ:, ਅੰਤ = ਕੰਢਾ, ਹੱਦ, ਅਖੀਰ। ਮੌਤ] ਅੰਤ ਤੋਂ ਰਹਿਤ। ਅਨੰਤ।

ਅਵਿਗਤੁ—[ਸੰਸ:, ਅਵਜਕਤ] ਨਿਰਗੁਣ, ਜੋ ਵਜਕਤੀ ਰਹਿਤ ਹੈ ਆਕਾਰੁ—ਰੂਪ। ਸੂਰਤ। ਸ਼ਕਲ।

ਲੀਲਾ ਧਾਰਿ—[ਸੰਸ:, ਲੀਲਾ (=ਖੇਲ)+ਧਾਰ] ਲੀਲਾ ਧਾਰੀ=ਲੀਲਾ ਕਰਨੇ ਵਾਲਾ। ਸੰਸਾਰ ਦੀ ਖੇਡ ਰਚਨੇ ਵਾਲਾ। **ਅਗਮ**—ਮਨ ਇੰਦਰੈ ਦੀ ਪਹੁੰਚ ਤੋਂ ਪਰੇ।

ਜਨਨਿ—ਜਨਨੀ, ਮਾਤਾ। **ਜਠਰ** [ਸੰਸ:, ਜਠਰੰ=ਪੇਟ, ਮੇਅਦਾ, ਕੁੱਖ] ਜਠਰਾ ਅਗਨੀ ਵਿਚ,ਭਾਵ ਗਰਭ ਵਿਚ। ਅਗਨਾਰਿ—ਅਗਨੀ ਵਿਚ। (ਅ) ਅਗ=ਅਗਨੀ+ਨਾਰਿ+ਪਾਣੀ ਵਿਚ। ਮਾਤਾ ਦੇ ਪੇਟ ਵਿਚ ਬੱਚਾ ਪਾਣੀ ਵਿਚ ਹੁੰਦਾ ਹੈ ਤੇ ਪੇਟ ਦੀ ਅਗਨੀ ਦੁਆਲੇ ਹੁੰਦੀ ਹੈ। [ਸੰਸ:, ਅਗਨਿ:। ਨਾਰਿ; ਅ:, ਨਾਰ] ਅੱਗ। ਭਾਵ ਹੈ ਹਰਾਰਤ ਗ਼ਰੀਜ਼ੀ ਤੋਂ, ਪੇਟ ਦੀ ਨਿੱਘ ਰੂਪ ਅਗਨੀ। ਦਾਰਾ—(ਸੰਸ:, ਦਾਰਾ:) ਇਸਤ੍ਰੀ।

ਮਹਲਾ—ਮਹਲ ਵਿਚ ਰਹਿਣੇ ਵਾਲੀ, ਇਸਤ੍ਰੀ।

ਸੰਗਾਰਿ—ਸੰਗੀ (ਨਹੀਂ) ਹੈ। ਕਲੀ ਕਾਲ—[ਸੰਸ:, ਕਲਿ:+ਕਾਲ:] ਕਲਯੁਗ ਦਾ ਸਮਾਂ।

ਸਮ੍ਹਾਰਿ—ਯਾਦ ਕਰ। ਸਿਮਰ।

[ਆਸਾ ਮਹਲਾ ੫, ਚਉਪਦਾ, ੩੮-੧੦੫]

ਆਸਾ ਘਰੁ ੩ ਮਹਲਾ ੫   ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਕਥਨ— ਨਾਮ ਤੋਂ ਗ਼ਾਫ਼ਲ ਰਹਿ ਕੇ ਰਾਜ ਵਿਚ ਭੋਗ ਭੋਗਣੇ, ਹੰਕਾਰ ਧਾਰ ਕੇ ਜੰਗ ਜਿੱਤਣੇ ਫੂਟਾਂ ਮਾਰਨੀਆਂ, ਯਾ ਅਮੀਰੀ ਵਿਚ ਭੋਗ ਭੋਗਣੇ ਤੇ ਅਭਿਮਾਨੀ ਹੋਣਾ,ਅਥਵਾ ਬਨਾਵਟੀ ਕਰਮ ਧਰਮ, ਗਿਆਨ ਧਯਾਨ, ਉਪਦੇਸ਼ ਕਰਨੇ, ਪਰ ਆਪ ਨਾ ਕਮਾਉਣਾ, ਏਹ ਸਾਰੇ ਜੀਵਨ ਹਾਥੀ ਦੇ ਇਸ਼ਨਾਨ ਵਾਂਙ ਨਿਕੰਮੇ ਹਨ ਤੇ ਜੀਵਨ ਨੂੰ ਅਸਫਲ ਕਰਦੇ ਹਨ। ਨਿਸਤਾਰਾ ਨਾਮ ਨਾਲ ਹੈ।

ਮੂਲ	ਅਰਥ
ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੋੁਆਨੀ ॥ ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈ ਆਨੀ ॥ ਆਗੈ ਦਰਗਹਿ ਕਾਮਿ ਨ ਆਵੈ ਛੋਡਿ ਚਲੈ ਅਭਿਮਾਨੀ ॥੧॥	ਰਾਜ, ਜਾਇਦਾਦਾਂ, ਜੋਬਨ, ਘਰ, ਰੂਪ ਵਾਲੀ ਤੇ ਜੁਆਨੀ ਵਾਲੀ ਇਸਤ੍ਰੀ, ਬਹੁਤੀ ਦੌਲਤ, ਹਾਥੀ ਤੇ ਘੋੜੇ, ਲੱਖਾਂ (ਰੁਪੈ ਖਰਚ ਕਰਕੇ) ਖਰੀਦ ਕੇ ਆਂਦੇ ਹੋਏ ਜਵਾਹਰਾਤ, ਅੱਗੇ ਦਰਗਾਹ ਵਿਚ ਕੰਮ ਨਹੀਂ ਆਉਣਗੇ, (ਇਨ੍ਹਾਂ ਵਸਤਾਂ ਦਾ) ਅਭਿਮਾਨੀ (=ਹੰਕਾਰ ਤੇ ਮਾਨ ਕਰਨ ਵਾਲਾ ਸਭੋ ਕੁਛ ਏਥੇ ਹੀ) ਛੋੜਕੇ ਤੁਰ ਪਵੇਗਾ॥੧॥
ਕਾਹੇ ਏਕ ਬਿਨਾ ਚਿਤੁ ਲਾਈਐ ॥ ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ ॥੧॥ਰਹਾਉ॥	(ਤਾਂ ਤੇ) ਇਕ ਬਿਨਾਂ ਕਿਉਂ (ਕਿਸੇ ਹੋਰ ਗੱਲ ਵਿਚ) ਚਿਤ ਨੂੰ ਲਾਈਏ, (ਉਸ ਇਕੋ) ਹਰੀ ਨੂੰ ਉਠਦਿਆਂ ਬਹਿੰਦਿਆਂ, ਸੁੱਤਿਆਂ ਜਾਗਦਿਆਂ ਸਦਾ ਸਦਾ ਹੀ ਧਿਆਉਂਦੇ ਰਹੀਏ॥੧॥ਰਹਾਉ॥
ਮਹਾ ਬਚਿਤ੍ਰ ਸੁੰਦਰ ਆਖਾੜੇ ਰਣ ਮਹਿ ਜਿਤੇ ਪਵਾੜੇ ॥	ਬਹੁਤ ਸੁੰਦਰ ਤੇ ਭਾਂਤ ਭਾਂਤ ਦੇ ਅਖਾੜੇ(ਦੇਖਦਾ ਹੈ ਤੇ ਮੈਦਾਨ) ਜੰਗ ਵਿਚ (ਜਾ ਕੇ) ਜੁੱਧ ਜਿੱਤਦਾ ਹੈ, (ਜਿੱਤ ਕੇ ਫੇਰ) ਮੂੰਹੋਂ

ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ ॥ ਆਇਆ ਹੁਕਮੁ ਪਾਰਬ੍ਰਹਮ ਕਾ ਛੋਡਿ ਚਲਿਆ ਏਕ ਦਿਹਾੜੇ ॥੨॥	ਐਉਂ ਫੂਟਾਂ ਮਾਰਦਾ ਹੈ ਕਿ ਮੈਂ (ਹੀ ਹੁਣ ਮੇਰੇ ਅੱਗੇ ਅੜਨ ਵਾਲੇ ਨੂੰ) ਕੈਦ ਕਰਾਂਗਾ, (ਹੱਲਾ ਕਰਨ ਵਾਲੇ ਨੂੰ) ਮਾਰ ਦਿਆਂਗਾ, (ਸ਼ਰਨ ਪਏ ਨੂੰ) ਛੱਡ ਦਿਆਂਗਾ। (ਪਰ ਹੁੰਦਾ ਕੀ ਹੈ ਕਿ) ਇਕ ਦਿਨ ਪਾਰਬ੍ਰਹਮ ਦਾ ਹੁਕਮ ਆ ਜਾਂਦਾ ਹੈ (ਤਾਂ ਉਸ ਵੇਲੇ ਸਭੋ ਕੁਛ) ਛੱਡ ਕੇ ਟੁਰ ਪੈਂਦਾ ਹੈ॥੨॥
ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨ ਜਾਨੈ ॥ ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥ ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ ॥੩॥	(ਇਕ ਹੋਰ ਤਰ੍ਹਾਂ ਦਾ ਅਭਿਮਾਨੀ ਹੁੰਦਾ ਹੈ, ਦੇਖੋ ਉਹ) ਕਰਮ ਧਰਮ (ਤੇ ਜੋਗ ਆਦਿ ਦੀਆਂ) ਕਈ ਜੁਗਤਾਂ ਕਰਦਾ ਹੈ, ਪਰ ਰਚਨਹਾਰ (=ਪ੍ਰਭੂ) ਨੂੰ ਨਹੀਂ ਜਾਣਦਾ, (ਹੋਰਨਾਂ ਨੂੰ) ਉਪਦੇਸ਼ (ਬੀ) ਕਰਦਾ ਹੈ, (ਪਰ) ਆਪ ਕਮਾਈ ਨਹੀਂ ਕਰਦਾ, ਅਤੇ ਤਤੂ ਰੂਪ ਸ਼ਬਦ ਨੂੰ ਨਹੀਂ ਪਛਾਣਦਾ। ਨੰਗਾ ਆਇਆ ਸੀ (ਮਰਕੇ) ਨੰਗਾ ਜਾਏਗਾ ਜਿਵੇਂ ਹਾਥੀ (ਨ੍ਹਾਕੇ ਫੇਰ) ਖੇਹ ਉਡਾ ਕੇ (ਪਹਿਲੇ ਵਾਂਙੂ ਹੀ ਮੈਲਾ ਹੋ ਕੇ ਜਾਂਦਾ ਹੈ॥੩॥
ਸੰਤ ਸਜਨ ਸੁਨਹੁ ਸਭਿ ਮੀਤਾ ਝੂਠਾ ਏਹੁ ਪਸਾਰਾ ॥ ਮੇਰੀ ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ ॥ ਗੁਰ ਮਿਲਿ ਨਾਨਕ ਨਾਮੁ ਧਿਆਇਆ ਸਾਚਿ ਨਾਮਿ ਨਿਸਤਾਰਾ ॥੪॥੧॥੩੮॥	(ਇਸ ਲਈ ਹੇ ਮੇਰੇ) ਸੰਤੋ ! ਸੱਜਣੋਂ ਤੇ ਸਾਰੇ ਮਿੱਤ੍ਰੋ ! ਸੁਣੋ, ਏਹ(ਜਗਤ) ਪਸਾਰਾ (ਜੋ ਦਿੱਸ ਰਿਹਾ ਹੈ) ਝੂਠਾ ਹੈ, (ਇਸ ਵਿਚ ਜੋ) ਮੇਰੀ ਮੇਰੀ ਕਰਨ ਵਿਚ ਡੁਬੇ ਰਹੇ (ਓਹ) ਮੂਰਖ ਖਪਦੇ ਖਪਦੇ ਹੀ ਮਰ ਗਏ। (ਪਰ) ਹੇ ਨਾਨਕ ! (ਜਿਨ੍ਹਾਂ ਨੇ) ਗੁਰੂ ਨੂੰ ਮਿਲ ਕੇ ਨਾਮ ਸਿਮਰਿਆ ਹੈ (ਉਨ੍ਹਾਂ ਦਾ) ਸੱਚੇ ਨਾਮ ਕਰਕੇ ਨਿਸਤਾਰਾ ਹੋ ਗਿਆ॥੪॥੩੮॥

ਵਜਾਖਜਾ— ਅੰਕ ੧ ਵਿਚ ਦੱਸਿਆ ਹੈ ਕਿ ਰਾਜਾ ਹੋਣਾ, ਜਾਇਦਾਦ ਵਾਲਾ ਹੋਣਾ, ਜੋਬਨਵੰਤ ਹੋਣਾ, ਸੁੰਦਰ ਜੁਆਨ ਇਸਤ੍ਰੀ ਦਾ ਮਾਲਕ ਹੋਣਾ, ਧਨ ਦੌਲਤ ਵਾਲੇ ਹੋਣਾ, ਘੋੜੇ ਹਾਥੀ ਆਦਿ ਮਾਲ ਦਾ ਮਾਲਕ ਹੋਣਾ, ਲਾਲ, ਹੀਰੇ, ਜ੍ਵਾਹਰਾਤ ਵਾਲੇ ਹੋਣਾ, ਜੀਵਨ ਦੇ ਪ੍ਰਯਤਨ ਨੂੰ ਸਿਰੇ ਨਹੀਂ ਚਾੜ੍ਹਨੇ, ਕਿਉਂਕਿ ਸਭੋ ਕੁਛ ਏਥੇ ਰਹਿ ਜਾਂਦਾ ਹੈ, ਮਰਕੇ ਨਾਲ ਕੁਛ ਨਹੀਂ ਜਾਂਦਾ। ਇਨ੍ਹਾਂ ਦਾ ਅਭਿਮਾਨ ਨਾਮ ਵੱਲ ਨਹੀਂ ਪੈਣ ਦੇਂਦਾ, ਜਿਸ ਨੇ ਨਾਲ ਜਾਣਾ ਸੀ। ਇਸ ਕਰਕੇ ਰਹਾਉ ਵਿਚ ਉਪਦੇਸ਼ ਦਿੱਤਾਹੈ ਕਿ ਸਦੀਵ ਕਾਲ ਹਰੀ ਦਾ ਸਿਮਰਨ ਕਰੋ, ਚਿੱਤ ਦਾ ਪ੍ਰੇਮ ਨਾਮੀ ਵਿਚ ਲਾਓ।

ਅੰਕ ੨ ਵਿਚ ਅਭਿਮਾਨੀ ਦੇ ਅਭਿਮਾਨ ਦੀ ਹੋਰ ਮੂਰਤ ਖਿੱਚਦੇ ਹਨ ਕਿ ਓਹ ਯਾ ਤਾਂ ਪਹਿਲ-ਵਾਨਾਂ ਦੇ ਅਖਾੜੇ ਰਚ ਕੇ ਘੋਲ ਵੇਖਦਾ ਹੈ, ਯਾ ਸੁੰਦਰ (ਅਖਾੜੇ=) ਨਾਟਕ ਟਿਕਾਣੇ ਬਣਾ ਕੇ ਤਮਾਸ਼ੇ ਵੇਖਦਾ ਹੈ, ਯਾ ਰਾਜਾ ਹੋਕੇ ਮੈਦਾਨ ਜੰਗ ਰਚਦਾ ਤੇ ਜਿੱਤਾਂ ਪ੍ਰਾਪਤ ਕਰਦਾ ਹੈ, ਫੇਰ ਫੂਟਾ ਮਾਰਦਾ ਹੈ ਕਿ ਬੰਨ੍ਹਣਾ ਤੇ ਛੱਡਣਾ, ਜਿੱਤਣਾ ਤੇ ਮਾਰਨਾ ਸਭ ਮੇਰੇ ਵੱਸ ਹੈ ਪਰ ਅਚਾਨਕ ਮੌਤ ਝਪਟ ਮਾਰਕੇ ਲੈ ਜਾਂਦੀ ਹੈ।

ਅੰਕ ੩ ਵਿਚ ਹੋਰ ਕਿਸਮ ਦੇ ਹੰਕਾਰੀ ਨੂੰ ਲੈਂਦੇ ਹਨ ਜੋ ਧਰਮੀ ਬਣ ਕੇ ਦਿਖਾ ਰਿਹਾ ਹੈ, ਜੋ ਕਰਮ ਕਾਂਡ ਦੇ ਦੱਸੇ ਕਰਮ ਧਰਮ ਦਿਖਾਵੇ ਲਈ ਕਰਦਾ ਹੈ, ਕਈ ਜੋਗ ਦੀਆਂ ਜੁਗਤਾਂ ਬੀ ਕਰ ਦਿਖਾ-ਲਦਾ ਹੈ, ਪਰ ਉਹ ਆਪ ਕਰਨੀ ਹੀਨ ਹੈ। ਵਾਹਿਗੁਰੂ ਨੂੰ ਪਛਾਣ ਦਾ ਹੀ ਨਹੀਂ। ਓਹ ਜੋ ਸ਼ਬਦ ਕਿ ਮੂੰਹੋਂ ਕਹਿੰਦਾ ਹੈ ਸ਼ਬਦਾਂ ਵਿਚ ਹੀ ਉਸ ਦੀ ਵਜਾਖਜਾ ਕਰ ਦੇਂਦਾ ਹੈ, ਪਰ ਜੋ ਮੂਲ ਸ਼ਬਦ ਰੂਪ ਹੈ ਭਾਵ 'ਬ੍ਰਹਮ', ਉਸ ਨੂੰ ਨਹੀਂ ਪਛਾਣਦਾ, ਅੱਖਰਾਂ ਦੀ ਘੋਟਾਘਾਟੀ ਵਿਚ ਰਹਿੰਦਾ ਹੈ; 'ਅਕਸ਼ਰ' (ਪਰਮਾਤਮਾ) ਨੂੰ ਨਹੀਂ ਸਿਆਣਦਾ। ਉਹ ਬੀ ਜਿਹਾ ਮੈਲਾ ਮਨ ਲੈ ਕੇ ਆਇਆ ਸੀ ਮੈਲਾ ਹੀ ਟੁਰ ਜਾਂਦਾ ਹੈ, ਜਿਵੇਂ ਹਾਥੀ ਨ੍ਹਾ ਕੇ ਫੇਰ ਖੇਹ ਉਡਾ ਕੇ ਮੈਲਾ ਹੀ ਵਾਪਸ ਜਾਂਦਾ ਹੈ। ਕਥਾ ਵਾਰਤਾ, ਕਰਮ

ਧਰਮ ਦੇ ਇਸ਼ਨਾਨ ਨਾਲ ਸੁੱਛ ਨਹੀਂ ਹੋਇਆ, ਮੈਲ ਸਗਵੀਂ ਲੈ ਕੇ ਗਿਆ ਹੈ।

ਅੰਕ ੪ ਵਿਚ ਸਪਸ਼ਟ ਉਪਦੇਸ਼ ਦੇਂਦੇ ਹਨ ਕਿ ਮੈਂ ਮੇਰੀ ਛੱਡੋ, ਜਗਤ ਨੂੰ ਚੱਲਣਹਾਰ ਜਾਣੋ ਗੁਰੂ ਨੂੰ ਮਿਲੋ, ਸੱਚਾ ਨਾਮ ਲਓ ਤੇ ਸਿਮਰੋ, ਜੋ ਨਿਸਤਾਰਾ (=ਮੁਕਤੀ) ਪ੍ਰਾਪਤ ਹੋ ਜਾਵੇ।

ਨਿਰੁਕ੍ਤ—**ਸੋਭਾ**—[ਸੰਸ:,ਸ਼ੋਭਾ=ਸੁੰਦਰਤਾ। ਸ਼ੋਭਨਾ=ਚੰਗੀ ਇਸਤ੍ਰੀ] ਸੋਭਾ ਏਥੇ ਸ਼ੋਭਨਾ ਦਾ ਸੰਖੇਪ ਰੂਪ ਹੈ, 'ਰੂਪਵੰਤ 'ਤੇ 'ਜੋ ਆਨੀਂ' ਉਸ ਦੇ ਵਿਸ਼ੇਸ਼ਣ ਹਨ।' ਜੋ ਆਨੀਂ' ਦੇ ਸ਼ੁਧ ਅਰਥ ਏਥੇ 'ਜੁਆਨੀ ਵਾਲੀਂ' ਹੈ, ਜੋ+ਆਨੀ=ਜ ਲਿਆਂਦੀ ਹੈ,ਇਹ ਠੀਕ ਨਹੀਂ; 'ਜੋਂ' ਹੋੜਾ ਕੇਵਲ ਛੰਦ ਦਾ ਵਜ਼ਨ ਪੂਰਾ ਕਰਨ ਲਈ ਲਾਇਆ ਹੈ, ਔਂਕੜ ਇਸ ਲਈ ਆਇਆ ਹੈ ਕਿ ਅਰਥ ਲਈ ਇਹ ਪਦ 'ਜੁਆਨੀਂ' ਹੈ; ਇਸ ਕਰਕੇ ਦੋ ਮਾਤ੍ਰਾ ਹੈ। ਜੋ ਆਨੀ ਦਾ ਭਾਵ 'ਜੁਆਨੀ ਵੰਤ' ਹੈ, ਜਿਵੇਂ 'ਰੂਪਵੰਤ' ਕਿਹਾ ਹੈ। ਜੁਆਨੀ ਦਾ ਅਰਥ ਭਾਵ ਵਾਚਕ ਸੰਗਯਾ ਵਿਚ ਯੁਬਾ ਅਵਸਥਾ ਨਹੀਂ ਲੈਣਾ, ਕਿਉਂਕਿ 'ਯੁਬਾ ਅਵਸਥਾ' ਦੇ ਅਰਥਾਂ ਵਾਲਾ ਪਦ 'ਜੋਬਨ' ਪਹਿਲੋਂ ਆ ਚੁਕਾ ਹੈ।

ਦਰਬੁ—[ਸੰਸ:, ਦ੍ਰਵ੍ਯ=ਧਨ, ਸੰਪਤੀ] ਦੌਲਤ। **ਹਸਤੀ**—[ਸੰਸ:, ਹਸਤੀ] ਹਾਥੀ।

ਲਾਲ—[ਅ:, ਲਾਅਲ] ਲਾਲ ਰੰਗ ਦਾ ਇਕ ਰਤਨ,ਏਥੇ ਭਾਵ ਜ੍ਵਾਹਰਾਤ ਤੋਂ ਹੈ।

ਬੈਆਨੀ—[ਆ, ਬੈਅ] ਮੁੱਲ ਖਰੀਦੇ, ਮੁੱਲ ਖਰੀਦੇ ਹੋਏ।

ਬਚਿਤ੍ਰ—[ਸੰਸ:, ਵਿਚਿਤ੍ਰ] ਸੋਹਣੇ, ਰੰਗਾ ਰੰਗੀ। ਅਚਰਜਤਾ ਦੇਣ ਵਾਲੇ।

ਪਵਾੜੇ—[ਪੰ:,] ਝਗੜੇ, ਬਖੇੜੇ, ਲੜਾਈਆਂ।

ਬਬਾੜੇ—[ਸੰਸ:, ਵਿਵਾਦਿਨ੍=ਝਗੜਾਲੂ, ਕਲਹ ਕਰਨ ਵਾਲਾ] ਬਕਦਾ ਹੈ, ਫੂਟਾਂ ਮਾਰਦਾ ਹੈ

ਜੁਗਤਿ—[ਸੰਸ:,ਯੁਕ੍ਤਿ:] ਤਰਕੀਬ। ਵਿਉਂਤ। ਏਥੇ ਭਾਵ ਪਦ ਕਰਮ ਧਰਮ ਨਾਲ ਹੋਣ ਕਰਕੇ ਪਰਮਾਰਥਿਕ ਜੁਗਤਾਂ ਤੋਂ ਹੈ, ਪਰ ਵਿਸ਼ੇਸ਼ ਕਰਕੇ ਜੋਗ ਦੀਆਂ ਜੁਗਤਾਂ ਤੋਂ, ਕਿਉਂਕਿ 'ਜੋਗ ਜੁਗਤਿ' ਪਦ ਕਈ ਵੇਰ ਗੁਰਬਾਣੀ ਵਿਚ ਆਇਆ ਹੈ, ਯਥਾ:-

ਜੋਗ ਜੁਗਤਿ ਸੁਨਿ ਆਇਓ ਗੁਰ ਤੇ॥ [ਗਉੜੀ ਮਹਲਾ ੫-੧੩੨]

ਤਤੁ ਸ਼ਬਦੁ—ਉਹ ਸ਼ਬਦ ਜੋ ਤੱਤ ਰੂਪ ਹੈ।ਸ਼ਬਦ ਜਿਸ ਮੂਲ ਵਸਤੂ ਨੂੰ ਜਣਾਉਂਦਾ ਹੈ, 'ਦ' ਨੂੰ ਔਂਕੜ ਹੋਣ ਕਰੇ 'ਸ਼ਬਦ ਦਾ ਤਤ' ਅਰਥ ਨਹੀਂ ਬਣਦਾ, ਚਾਹੋ ਭਾਵ ਓਥੇ ਹੀ ਆ ਟਿਕਦਾ ਹੈ।

[ਆਸਾ ਮਹਲਾ ੫, ਚਉਪਦਾ, ੩੯-੧੦੬]

ਰਾਗੁ ਆਸਾ ਘਰੁ ੫ ਮਹਲਾ ੫ ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਥਨ— ਮਾਇਆ ਨਿੰਦ੍ਰਾ ਤੋਂ ਜਾਗਦੇ ਰਹਿਣ ਦੀ ਜੁਗਤਿ ਦੱਸਦੇ ਹਨ।

ਮੂਲ	ਅਰਥ
ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ ॥ ਕੋਊ ਜਾਗੈ ਹਰਿ ਜਨੁ ॥੧॥	ਜਗਤ ਦੇ ਧੰਦਿਆਂ ਵਿਚ ਅੰਨ੍ਹੀ ਹੋਈ ਸਾਰੀ (ਸ੍ਰਿਸ਼ਟੀ) ਭਰਮ ਵਿਚ ਸੁੱਤੀ ਪਈ ਹੈ (ਭਾਵ ਗਾਫਲ ਹੋ ਰਹੀ ਹੈ, ਇਸ ਨੀਂਦ ਤੋਂ) ਕੋਈ ਹਰੀ ਜਨ (ਹੀ) ਜਾਗਦਾ ਹੈ॥੧॥

ਮਹਾ ਮੋਹਨੀ ਮਗਨ ਪ੍ਰਿਅ ਪ੍ਰੀਤਿ ਪ੍ਰਾਨ ॥ ਕੋਊ ਤਿਆਗੈ ਵਿਰਲਾ॥੨॥	(ਮਾਇਆ) ਬਹੁਤ ਹੀ ਮੋਹ ਲੈਣ ਵਾਲੀ (ਹੈ, ਉਸ ਵਿਚ ਜੀਵ) ਮਗਨ ਹੋ ਰਹੇ ਹਨ (ਐਤਨੇ ਕਿ ਉਹ) ਪ੍ਰਾਣਾਂ ਤੋਂ ਬੀ (ਵਧੀਕ) ਪ੍ਰੀਤਮ ਲਗਦੀ ਹੈ, (ਇਸ ਨੂੰ) ਕੋਈ ਵਿਰਲਾ ਹੀ ਤਿਆਗਦਾ ਹੈ॥੨॥
ਚਰਨ ਕਮਲ ਆਨੂਪ ਹਰਿ ਸੰਤ ਮੰਤ॥ ਕੋਊ ਲਾਗੈ ਸਾਧੂ ॥੩॥	(ਹਾਂ) ਸੰਤਾਂ ਦੇ ਮੰਤ੍ਰ (ਕਮਾਕੇ) ਹਰੀ ਦੇ ਅਨੂਪਮ (=ਸੁੰਦਰ) ਚਰਨਾਂ ਕਮਲਾਂ ਵਿਚ ਕੋਈ(ਵਿਰਲਾ) ਸਾਧੂ ਹੀ ਲਗਦਾ ਹੈ॥੩॥
ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ ॥ ਵਡਭਾਗੇ ਕਿਰਪਾ ॥੪॥੧॥੩੯॥	ਹੇ ਨਾਨਕ ! ਵਡੇ ਭਾਗਾਂ ਵਾਲੇ (ਜਿਨ੍ਹਾਂ ਤੇ) ਕਿਰਪਾ ਹੋਈ ਹੈ (ਓਹੀ) ਸਾਧੂ ਦੇ ਸੰਗ ਵਿਚ (ਆ ਕੇ) ਗਿਆਨ ਦੇ ਰੰਗ ਦੁਆਰਾ ਜਾਗੇ ਹਨ॥੪॥੧॥੩੯॥

ਵਜਾਖਜਾ– ਅੰਕ ੧ ਵਿਚ ਸਾਰੀ ਸ੍ਰਿਸ਼ਟੀ ਜਗਤ ਦੇ ਧੰਦਿਆਂ ਵਿਚ ਫਾਥੀ ਉਸੇ ਵਿਚ ਮਗਨ ਹੋਈ ਭਰਮ ਵਿਚ ਸੁੱਤੀ ਪਈ ਦੱਸੀ ਹੈ। ਭਰਮ ਕੀ ਹੈ ? ਕਿ ਅਨਿਸਥਿਰ ਮਾਇਆ ਨੂੰ ਸੱਚੀ (ਸਥਿਰ) ਸਮਝ ਰਹੇ ਹਨ।

ਅੰਕ ੨–ਇਸ ਭਰਮ ਤੋਂ ਨਿੰਦ੍ਰਾ ਕੀਕੂੰ ਉਪਜੀ ? ਅੰਕ ੨ ਵਿਚ ਦੱਸਦੇ ਹਨ ਕਿ ਇਹ ਮਾਇਆ ਅਤਿ ਮੋਹ ਲੈਣ ਵਾਲੀ ਹੈ, ਠੱਗ ਹੈ ਜੋ ਹੋਸ਼ ਮਾਰ ਦੇਂਦੀ ਹੈ, ਆਪਣੀ ਲੁਭਾਇਮਾਨਤਾ ਨਾਲ। ਇਸ ਨੂੰ ਕੋਈ ਵਿਰਲਾ ਤਿਆਗਦਾ ਹੈ।

ਅੰਕ ੩ ਵਿਚ ਉਸ ਵਿਰਲੇ ਦਾ ਵੇਰਵਾ ਦੱਸਦੇ ਹਨ। ਕੋਈ ਭਲਾ ਪੁਰਖ ਜੋ ਸਾਧਨਾ ਵਿਚ ਲਗ ਪਵੇ ਓਹ ਸੰਤਾਂ ਪਾਸ ਜਾਂਦਾ ਹੈ, ਉਹਨਾਂ ਤੋਂ ਮੰਤ੍ਰ ਲੈ ਕੇ, ਅਰਥਾਤ ਨਾਮ ਤੇ ਹੋਰ ਉਪਦੇਸ਼ ਲੈ ਕੇ, ਲਗ ਪੈਂਦਾ ਹੈ ਹਰੀ ਦੇ ਸੁਹਣੇ ਚਰਨਾਂ ਕਮਲਾਂ ਦੀ ਪੂਜਾ ਵਿਚ, ਉਹ ਮਾਇਆ ਦੀ ਥਾਂ ਹਰੀ ਨੂੰ ਪਿਆਰ ਕਰਦਾ ਹੈ।

ਅੰਕ ੪ ਵਿਚ ਦੱਸਦੇ ਹਨ ਕਿ ਉਹ ਜਾਗਦਾ ਹੈ ਕਿਉਂਕਿ ਸਾਧੂ ਦੇ ਸੰਗ ਵਿਚ ਨਾਮ ਦੀ ਕਮਾਈ ਕਰਦਿਆਂ, ਸਾਧੂ ਦਾ ਮੰਤ੍ਰ ਕਮਾਉਂਦਿਆਂ, ਉਸ ਨੂੰ ਗਜਾਨ ਦਾ ਰੰਗ ਲਗ ਜਾਂਦਾ ਹੈ ਮਾਇਆ ਪ੍ਰੇਮ ਦੀ ਥਾਂ ਉਸ ਦੀ ਬ੍ਰਿਤੀ ਵਿਚ ਈਸ਼੍ਵਰ ਗਜਾਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਇਹ ਹੈ ਜਾਗ੍ਰਤ ਅਵਸਥਾ। ਇਹ ਪ੍ਰਾਪਤ ਹੁੰਦੀ ਹੈ ਵਡੇ ਭਾਗਾਂ ਨਾਲ, ਵਾਹਿਗੁਰੂ ਦੀ ਕ੍ਰਿਪਾ ਨਾਲ ਜਾਂ, ਜਿਸ ਨੂੰ ਇਹ ਜਾਗ ਆ ਜਾਏ ਸਮਝੋ ਕਿ ਵਡੇ ਭਾਗਾਂ ਵਾਲਾ ਹੈ, ਹਰੀ ਦੀ ਕ੍ਰਿਪਾ ਦਾ ਪਾਤ੍ਰ ਹੈ।

ਸੂਚਨਾ– ਇਸ ਸ਼ਬਦ ਵਿਚ ਤੁਕਾਂਤ ਨਹੀਂ ਮਿਲੇ, ਨਾ ਅੰਤ ਵਿਚ ਤੇ ਨਾ ਵਿਚਾਲੇ।

ਨਿਰੁਕ੍ਤ– ਸੋਈ–ਸੁੱਤੀ ਪਈ ਹੈ। ਇਥੇ ਸ੍ਰਿਸ਼ਟੀ ਪਦ ਦਾ ਅਧਜਾਹਾਰ ਕਰੀਦਾ ਹੈ। (ਅ) ਪੁਰਾਤਨ ਦਾਨੇ ਬੁੱਧੀ ਦਾ ਅਧਜਾਹਾਰ ਬੀ ਕਰਦੇ ਸਨ, ਐਉਂ:–ਜਗਤ ਦੀ ਬੁੱਧੀ।

[ਆਸਾ ਮਹਲਾ ੫, ਚਉਪਦਾ, ੪੦-੧੦੭]

ੴ ਸਤਿਗੁਰ ਪ੍ਰਸਾਦਿ॥ ਰਾਗੁ ਆਸਾ ਘਰ ੬ ਮਹਲਾ ੫॥

ਪ੍ਰਾਕ੍ਥਨ–ਸਹਜ ਸੁਖ ਦਾ ਰੂਪ, ਪ੍ਰਾਪਤੀ ਤੇ ਵਰਤਣ ਦੱਸੀ ਹੈ।

ਮੂਲ — **ਅਰਥ**

ਜੋ ਤੁਧੁ ਭਾਵੈ ਸੋ ਪਰਵਾਨਾ ਸੂਖੁ ਸਹਜੁ ਮਨਿ ਸੋਈ ॥ ਕਰਣ ਕਾਰਣ ਸਮਰਥ ਅਪਾਰਾ ਅਵਰੁ ਨਾਹੀ ਰੇ ਕੋਈ ॥੧॥

ਹੇ ਅਪਾਰ (ਹਰੀ ! ਤੂੰ ਸਾਰੇ) ਕਾਰਣਾਂ ਦੇ ਕਰਨੇ ਨੂੰ ਸਮਰਥ ਹੈਂ (ਤੇਰੇ ਤੁੱਲ) ਹੋਰ ਕੋਈ ਨਹੀ ਹੈ। ਜੋ ਕੁਛ ਤੈਨੂੰ ਭਾਉਂਦਾ ਹੈ ਉਸੇ ਨੂੰ ਅਸੀਂ ਕਬੂਲਦੇ ਹਾਂ (ਭਾਵ ਤੇਰੀ ਰਜ਼ਾ ਵਿਚ ਆਪਣੀ ਮਰਜ਼ੀ ਮੇਲਦੇ ਹਾਂ। ਸਾਡੇ ਮਨ ਵਿਚ ਇਹੀ ਸਹਜ ਸੁਖ ਹੈ॥ ੧॥

ਤੇਰੇ ਜਨ ਰਸਕਿ ਰਸਕਿ ਗੁਣ ਗਾਵਹਿ ॥ ਮਸਲਤਿ ਮਤਾ ਸਿਆਣਪ ਜਨ ਕੀ ਜੋ ਤੂੰ ਕਰਹਿ ਕਰਾਵਹਿ ॥੧॥ਰਹਾਉ॥

(ਹਾਂ) ਤੇਰੇ (ਸਹਜ ਸੁਖ ਵਾਲੇ) ਦਾਸ ਸੁਆਦ ਲੈ ਲੈ ਕੇ ਤੇਰੇ ਗੁਣ ਗਾਉਂਦੇ ਹਨ, (ਹਾਂ, ਤੇਰੇ) ਦਾਸਾਂ ਦੀ (ਆਪਣੀ) ਸਿਆਣਪ ਕਿ (ਆਪਣਾ) ਸੰਕਲਪ (ਕਿ ਦੂਜੇ ਤੋਂ) ਮਸ਼ਵਰਾ (ਲੈਣਾ ਇਹੋ ਹੈ ਕਿ)ਜੋ ਤੂੰ ਕਰੇਂ ਕਿ ਕਰਾਵੇਂ(ਉਹੀ ਠੀਕ ਹੈ)॥ ੧॥ ਰਹਾਉ॥

ਅੰਮ੍ਰਿਤੁ ਨਾਮੁ ਤੁਮਾਰਾ ਪਿਆਰੇ ਸਾਧਸੰਗਿ ਰਸੁ ਪਾਇਆ ॥ ਤ੍ਰਿਪਤਿ ਅਘਾਇ ਸੇਈ ਜਨ ਪੂਰੇ ਸੁਖ ਨਿਧਾਨੁ ਹਰਿ ਗਾਇਆ ॥੨॥

(ਸਹਜ ਸੁਖ ਵਾਲੇ ਹੋਰ ਕੀਹ ਕਰਦੇ ਹਨ ? ਉੱਤਰ:) ਹੇ ਪਿਆਰੇ ! ਤੁਹਾਡਾ ਨਾਮ ਅੰਮ੍ਰਿਤ (ਅਤੇ ਉਸਦਾ) ਰਸ (ਦਾਸਾਂ ਨੇ) ਸਾਧੂ ਸੰਗ ਵਿਚ ਪ੍ਰਾਪਤ ਕੀਤਾ ਹੈ ਅਤੇ ਸੁਖਾਂ ਦੇ ਖ਼ਜ਼ਾਨੇ ਹਰੀ (ਆਪਜੀ) ਦਾ ਕੀਰਤਨ ਕੀਤਾ ਹੈ (ਨਾਮ ਰਸ ਤੇ ਕੀਤਰਨ ਰਸ ਨਾਲ ਓਹ ਪੂਰਨ) ਤ੍ਰਿਪਤੀ ਤੇ ਪੂਰਨ ਰੱਜ ਨੂੰ ਪਹੁੰਚੇ ਹਨ (ਹਾਂ) ਓਹ ਪੂਰੇ ਪੁਰਖ ਹਨ॥ ੨॥

ਜਾ ਕਉ ਟੇਕ ਤੁਮ੍ਾਰੀ ਸੁਆਮੀ ਤਾ ਕਉ ਨਾਹੀ ਚਿੰਤਾ ॥ ਜਾ ਕਉ ਦਇਆ ਤੁਮਾਰੀ ਹੋਈ ਸੇ ਸਾਹ ਭਲੇ ਭਗਵੰਤਾ ॥੩॥

ਹੇ ਸੁਆਮੀ ! ਜਿਸ ਨੂੰ ਆਪ ਦੀ ਟੇਕ ਮਿਲ ਗਈ ਹੈ ਉਸ ਨੂੰ ਕੋਈ ਚਿੰਤਾ (ਬਾਕੀ) ਨਹੀਂ ਰਹਿ ਜਾਂਦੀ। (ਹਾਂ ਜੀਓ ! ਜਿਨ੍ਹਾਂ ਉਤੇ ਆਪ ਦੀ ਕ੍ਰਿਪਾ ਹੋ ਗਈ ਹੈ ਓਹੀ ਚੰਗੇ ਸ਼ਾਹ ਬਣੇ ਹਨ, ਓਹੀ ਭਾਗਾਂ ਵਾਲੇ ਹਨ॥ ੩॥

ਭਰਮ ਮੋਹ ਧ੍ਰੋਹ ਸਭਿ ਨਿਕਸੇ ਜਬ ਕਾ ਦਰਸਨੁ ਪਾਇਆ ॥ ਵਰਤਣਿ ਨਾਮੁ ਨਾਨਕ ਸਚੁ ਕੀਨਾ ਹਰਿ ਨਾਮੇ ਰੰਗਿ ਸਮਾਇਆ ॥੪॥੧॥੪੦॥

ਜਦ ਤੋਂ (ਹੇ ਹਰੀ ! ਆਪ ਦਾ) ਦਰਸ਼ਨ ਮਿਲਿਆ ਹੈ, ਭਰਮ ਮੋਹ, ਧ੍ਰੋਹ, ਸਾਰੇ ਦੂਰ ਹੋ ਗਏ ਹਨ, (ਅਤੇ) ਸੱਚਾ ਨਾਮ ਹੀ ਨੂੰ ਹੀ (ਆਪਣੀ) ਵਰਤਣ (ਨਿਤ ਬਿਵਹਾਰ) ਬਣਾ ਲਿਆ ਹੈ ਤੇ ਹਰੀ ਦੇ ਨਾਮ ਦੇ ਪ੍ਰੇਮ ਵਿਚ ਹੀ ਸਮਾਇਆਂ (ਰਹੀਦਾ ਹੈ ਕਹਿੰਦੇ ਹਨ ਗੁਰੂ) ਨਾਨਕ ਜੀ॥ ੪॥ ੧॥ ੪੦॥

ਵਜਾਖਜਾ— ਇਸ ਸ਼ਬਦ ਵਿਚ ਸਹਜ ਸੁਖ, ਉਸ ਦੀ ਪ੍ਰਾਪਤੀ ਦਾ ਪ੍ਰਕਾਰ ਤੇ ਪ੍ਰਾਪਤੀ ਵਾਲਿਆਂ ਦਾ ਨਿਤ ਬਿਵਹਾਰ ਦੱਸਿਆ ਹੈ।

ਅੰਕ ੧—ਵਾਹਿਗੁਰੂ ਨੂੰ ਇਕੋ ਇਕ ਦੂਈ ਦੁਐਤ ਤੋਂ ਨਿਰੋਲ ਇਕ ਅਨੁਭਵ ਕਰ ਲੈਣਾ; ਉਸ ਨੂੰ ਕਾਰਣਾ ਦਾ ਬੀ ਕਰਨਹਾਰ, ਮੂਲ ਕਾਰਣ ਲਖ ਲੈਣਾ ਤੇ ਜੋ ਕੁਛ ਕਰੇ ਉਸ ਨਾਲ ਬਿਰਤੀ ਵਿਚ ਅਜੋੜ ਨਾ ਹੋਣਾ ਦੇਣਾ, ਅਰਥਾਤ ਉਸ ਦੀ ਰਜ਼ਾ ਵਿਚ ਮਰਜ਼ੀ ਨੂੰ ਇਕ ਸੂਰ ਕਰ ਲੈਣਾ ਇਹ ਸਹਜ ਸੁਖ ਹੈ।

ਰਹਾਉ—ਅਪਣੀ ਸਲਾਹ ਕਿ ਇੰਦੀਏ ਇਰਾਦੇ, ਸੰਕਲਪ ਕਿ ਦੂਜਿਆਂ ਤੋਂ ਲੀਤੇ ਸਲਾਹ ਮਸ਼ਵਰੇ ਦੀ ਟੇਕ ਛੱਡਕੇ ਵਾਹਿਗੁਰੂ ਤੇ ਟੇਕ ਧਾਰਨੀ, ਜੋ ਕਰੇ ਭਲਾ ਸਮਝਣਾ ਤੇ ਜੋ ਕਰਾਵੇ ਸੋ ਕਰਨਾ।

ਅੰਕ ੨ ਵਿਚ ਦੱਸਦੇ ਹਨ ਕਿ ਸਹਜ ਸੁਖ ਪ੍ਰਾਪਤ ਕਿਵੇਂ ਹੁੰਦਾ ਹੈ? ਸਾਧੂ ਦਾ ਸੰਗ, ਨਾਮ ਦਾ ਅਭਜਾਸ ਤੇ ਉਸਦੇ ਨਾਮ ਅੰਮ੍ਰਿਤ (ਨਾਮ ਰਸ ਦੀ ਪ੍ਰਾਪਤੀ, ਤੇ ਹਰੀ ਦੇ ਗੁਣ ਗਾਇਨ-ਸਿਫਤਿ ਸਲਾਹ।

ਅੰਕ ੩, ੪ ਵਿਚ ਸਹਜ ਸੁਖ ਵਾਲਿਆਂ ਦਾ ਨਿਤ ਬਿਵਹਾਰ ਦੱਸਦੇ ਹਨ, ਸਾਂਈ ਦੀ ਟੇਕ

ਤੇ ਰਹਿੰਦੇ—ਅਚਿੰਤੇ ਰਹਿੰਦੇ ਹਨ, ਓਹ ਦਾਤੇ ਹੋ ਕੇ ਵਰਤਦੇ ਹਨ,ਭਾਵ ਨਾਮਦਾਨ ਦੇਂਦੇ ਹਨ, ਤੇ ਭਾਗਸ਼ੀਲ ਹੁੰਦੇ ਹਨ। ਭਰਮ ਮੋਹ ਧ੍ਰੋਹ ਸਭ ਤੋਂ ਸਫਾ ਹੁੰਦੇ ਹਨ ਵਾਹਿਗੁਰੂ ਲੱਖਤਾ ਪ੍ਰਾਪਤ ਰਹਿੰਦੀ ਹੈ ਤੇ ਸਚੇ ਨਾਮ ਦੀ ਵਰਤੋਂ ਵਰਤਦੇ ਹਨ, ਆਪ ਨਾਮ ਵਿਹੂਣੇ ਨਹੀਂ ਹੁੰਦੇ, ਆਏ ਗਏ ਨੂੰ ਨਾਮ ਦੇਂਦੇ ਹਨ ਤੇ ਨਾਮ ਦੇ ਰਸ ਰੰਗ ਵਿਚ ਸੁਖੀ ਤੇ ਤ੍ਰਿਪਤ ਰਹਿੰਦੇ ਹਨ।

ਨਿਰੁਕ੍ਤ—**ਸੂਖੁ ਸਹਜੁ**—ਸਹਜ ਸੁਖ। ਉਹ ਸੁਖ ਜੋ ਆਤਮਾ ਦਾ ਸੁਭਾਵਕ ਸੁਖ ਹੈ। ਆਤਮਾ ਅਪਨੇ ਆਪ ਵਿਚ ਸੁਖ ਰੂਪ ਹੈ। **ਕਰਣ ਕਾਰਣ**—[ਦੇਖੋ 'ਕਾਰਨ ਕਰਨਾ' ਪੰਨਾ ੧੬੬੦] ਕਰਣਾਂ ਦੇ ਕਰਨੇ ਵਾਲਾ। (ਅ) ਮੂਲ ਕਾਰਣ। ਰਸਕਿ—ਸੁਆਦ ਨਾਲ। ਰਸ ਲੈ ਲੈ ਕੇ।

ਮਸਲਤਿ—[ਅ:, ਮਸੁਲਿਹੰਤ] ਸਲਾਹ। ਮਸ਼ਵਰਾ। (ਮਸ਼ਵਰਾ ਦੂਜੇ ਤੋਂ ਲਈਦਾ ਹੈ)।

ਮਤਾ—[ਸੰਸ:, ਮਤੰ=ਰਾਏ, ਖ਼ਿਆਲ] (ਆਪਣਾ) ਸੰਕਲਪ, ਇਰਾਦਾ, ਇੰਦੀਆ।

ਸਿਆਣਪ—[ਸੰਸ:, ਸੰਗਯਾਨੰ] (ਅਪਣੀ) ਵੀਚਾਰ।

ਤ੍ਰਿਪਤਿ ਪੂਰੇ ਪ੍ਰਸੰਨ। **ਅਘਾਇ**—[ਸੰਸ:, ਆਘ੍ਰਾਣੰ=ਪੂਰਾ ਰੱਜਣਾ] ਪੂਰੇ ਰੱਜੇ ਹੋਏ। ਹੋਰ ਰੱਜਣ ਦੀ ਲੋੜ ਬਾਕੀ ਨਾ ਰਹਿਣੀ।

ਸੁਖ ਨਿਧਾਨੁ ਸੁਖਾਂ ਦਾ ਖਜ਼ਾਨਾ (ਹਰੀ)। **ਸਾਹ**—ਹੋਰਨਾਂ ਨੂੰ ਮਾਲ ਯਾ ਮਾਯਾ ਉਧਾਰੀ ਦੇ ਕੇ ਵਪਾਰੀ ਬਣਾ ਦੇਣ ਵਾਲੇ। ਭਾਵ ਨਾਮ ਦਾਤੇ ਸੰਤ।

ਭਗਵੰਤਾ—[ਸੰਸ:, ਭਾਗਜਵਤ੍=ਖੁਸ਼ ਕਿਸਮਤ] ਭਾਗਾਂ ਵਾਲੇ।

ਧ੍ਰੋਹ—[ਸੰਸ:, 'ਦ੍ਰੁਹ੍' ਧਾਤੂ ਹੈ—ਦ੍ਵੈਖ ਕਰਨਾ] ਬੁਰਾ ਚਿਤਵਨਾ। ਕਿਸੇ ਲਈ ਦ੍ਵੈਖ ਯਾ ਦੁਖ ਦੇਣ ਦਾ ਭਾਵ ਫੁਰਨਾ। (ਅ) ਧ੍ਰੋਹ ਕਈ ਵੇਰ ਦਗੇ ਫਰੇਬ ਨੂੰ ਬੀ ਪੰਜਾਬੀ ਵਿਚ ਆਖਦੇ ਹਨ। (ੲ) ਦਿਲ ਵਿਚ ਧਰੀਕ ਪੈਣ ਨੂੰ ਬੀ ਪੁ: ਪੰਜਾਬੀ ਵਿਚ ਵਰਤਦੇ ਸਨ।

ਰੰਗਿ ਸਮਾਇਆ ਪ੍ਰੇਮ ਵਿਚ ਭਰਪੂਰ। ਪ੍ਰੇਮ ਵਿਚ ਮਗਨ।

[ਆਸਾ ਮਹਲਾ ੫, ਚਉਪਦਾ, ੪੧-੧੦੮]

ਪ੍ਰਾਕ੍ਕਥਨ— ਨਿੰਦਕ ਦੀ ਕਾਰ—ਨਿੰਦਿਆ—ਦੇ ਬੁਰੇ ਫਲ ਵਰਣਨ ਕੀਤੇ ਹਨ:—

ਮੂਲ	**ਅਰਥ**
ਆਸਾ ਮਹਲਾ ੫ ॥ **ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ ॥** **ਈਹਾ ਸੁਖੁ ਨਹੀ ਦਰਗਹ ਢੋਈ ਜਮ ਪੁਰਿ ਜਾਇ ਪਚਾਵੈ ॥੧॥** **ਨਿੰਦਕਿ ਅਹਿਲਾ ਜਨਮੁ ਗਵਾਇਆ॥** **ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ ॥੧॥ ਰਹਾਉ ॥**	[ਅਰਥ ਰਹਾਉ ਤੋਂ ਟੁਰੇਗਾ] ਨਿੰਦਕ ਨੇ (ਅਪਣਾ) ਸੁੰਦਰ ਜਨਮ ਗੁਆ ਲਿਆ ਹੈ। (ਉਹ ਆਪ) ਕਿਸੇ (ਉੱਚੀ) ਅਵਸਥਾ ਨੂੰ (ਏਥੇ) ਪਹੁੰਚ ਨਹੀਂ ਸਕਦਾ ਤੇ ਅੱਗੇ ਜਾ ਕੇ ਕੋਈ ਠਿਕਾਣਾ ਨਹੀਂ ਸੁ ਮਿਲਦਾ; (ਕਿਉਂਕਿ ਉਹ) ਪਰਾਈ (ਅਰਥਾਤ ਜਿਨ੍ਹਾਂ ਨੂੰ ਨਿੰਦਦਾ ਹੈ ਉਹਨਾਂ ਦੇ) ਜਨਮ ਜਨਮ (ਦੇ ਕੀਤੇ ਪਾਪਾਂ) ਦੀ ਮੈਲ ਧੋਂਦਾ ਹੈ (ਸੋ) ਆਪਣਾ ਕੀਤਾ ਪਾਉਂਦਾ ਹੈ, (ਭਾਵ ਮੈਲ ਧੋਣ ਕਰਕੇ ਪਾਪਾਂ ਦੀ ਮੈਲ ਨਾਲ ਲੱਦਿਆ ਰਹਿੰਦਾ ਹੈ) ਏਥੇ (ਉਸ ਨੂੰ) ਸੁਖ ਨਹੀ ਮਿਲਦਾ, (ਨਾ) ਦਰਗਾਹ ਵਿਚ ਢੋਈ ਮਿਲਦੀ ਹੈ (ਸਗੋਂ) ਜਮਪੁਰੀ ਵਿਚ ਜਾ ਕੇ ਤਾਂ ਸੜਦਾ ਹੀ ਰਹਿੰਦਾ ਹੈ॥ ੧॥

ਕਿਰਤੁ ਪਇਆ ਨਿੰਦਕ ਬਪੁਰੇ ਕਾ ਕਿਆ ਓਹੁ ਕਰੈ ਬਿਚਾਰਾ ॥ ਤਹਾ ਬਿਗੂਤਾ ਜਹ ਕੋਇ ਨ ਰਾਖੈ ਓਹੁ ਕਿਸੁ ਪਹਿ ਕਰੇ ਪੁਕਾਰਾ ॥੨॥	(ਪਰ) ਉਹ ਵਿਚਾਰਾ ਬੀ ਕੀਹ ਕਰੇ, (ਜਨਮ ਜਨਮ ਨਿੰਦਾ ਕਰਨ ਕਰਕੇ ਉਸ ਦਾ) ਬਪੁੜੇ ਦਾ ਸੁਭਾਵ ਹੀ ਨਿੰਦਾ ਕਰਨਾ ਪੈ ਗਿਆਂ ਹੈ, (ਅਗੇ ਜਾਕੇ ਉਹ) ਓਥੇ ਖੁਆਰ ਹੁੰਦਾ ਹੈ ਜਿਥੇ (ਗਿਆ ਉਸਦਾ) ਕੋਈ ਰਖਣਹਾਰ ਨਹੀਂ ਬਣਦਾ, ਉਹ ਪੁਕਾਰ ਬੀ ਕਿਸ ਪਾਸ ਕਰੇ॥੨॥
ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ ॥ ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ ॥੩॥	ਨਿੰਦਕ ਦੀ ਗਤੀ ਕਿਤੇ ਨਹੀਂ ਹੁੰਦੀ, ਮਾਲਕ (ਪ੍ਰਭੂ) ਨੂੰ ਇਉਂ ਹੀ ਭਾਉਂਦਾ ਹੈ, (ਪਰ ਸੰਤਾਂ ਦਾ ਸੁਭਾਵ ਇਹ ਹੈ ਕਿ) ਜਿਉਂ ਜਿਉਂ ਸੰਤਾਂ ਦੀ ਨਿੰਦਾ ਕਰੇ ਤਿਉਂ ਤਿਉਂ ਸੰਤ ਸੁਖ ਮੰਨਦੇ ਹਨ॥ ੩॥
ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ ॥ ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ ॥੪॥੨॥੪੧॥	(ਸੰਤ ਨਿੰਦਕ ਦਾ ਉਪਰਾਲਾ ਨਹੀ ਕਰਦੇ) ਸੰਤਾਂ ਨੂੰ ਹੇ ਸੁਆਮੀ! (ਇਕ) ਤੇਰੀ ਟੇਕ ਹੁੰਦੀ ਹੈ, ਤੂੰ (ਹੀ) ਸੰਤਾਂ ਦਾ ਸਹਾਈ ਰਹਿੰਦਾ ਹੈ, ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਕਿ ਹਰੀ ਸੰਤਾਂ ਨੂੰ (ਆਪ) ਰਖ ਲੈਂਦਾ ਹੈ ਤੇ ਨਿੰਦਕਾਂ ਨੂੰ ਰੋੜ੍ਹ ਦੇਂਦਾ ਹੈ॥ ੪ ॥ ੨ ॥ ੪੧ ॥

ਵਜਾਖਜਾ— ਰਹਾਉ ਵਿਚ ਨਿੰਦਕ ਦੇ ਅਪਣੇ ਸੁਹਣੇ ਜਨਮ ਨੂੰ ਬ੍ਰਿਥਾ ਗੁਆ ਦੇਣ ਦਾ ਜਿਕਰ ਕਰਕੇ ਦੱਸਿਆ ਹੈ ਕਿ ਨਿੰਦਕ ਏਥੇ ਕਾਮਯਾਬ ਨਹੀ ਹੁੰਦਾ, ਕਿਉਂਕਿ ਜੇ ਕਾਮਯਾਬ ਹੋ ਜਾਵੇ ਤਾਂ ਕਾਮਯਾਬਾਂ ਦੇ ਨਾਲ ਸੜੇ ਨਾਂ, ਸੜੇ ਨਾਂ ਤਾਂ ਨਿੰਦਾ ਨਾ ਕਰੇ। ਅੱਗੇ ਜਾ ਕੇ ਢੋਈ ਨਹੀ ਮਿਲਦੀ ਇਸ ਦਾ ਕਾਰਨ ਅੰਕ ੧ ਵਿਚ ਦੱਸਿਆ ਹੈ ਕਿ ਉਹ ਇਕ ਤਾਂ ਆਪ ਮੈਲਾ ਹੈ ਦੂਜੇ ਪਰਾਈ ਮੈਲ ਸਹੇੜਦਾ ਹੈ, ਨਿੰਦਾ ਕਰਨ ਨਾਲ ਦੂਜੇ ਦੀ ਮੈਲ ਧੋਈਦੀ ਹੈ। ਪਰ ਸੰਤਾਂ ਦੀ ਨਿੰਦਾ ਤਾਂ ਹੋਰ ਬੁਰੀ ਹੈ। ਕਬੀਰ ਜੀ ਦਾ ਵਾਕ ਹੈ :—

ਰਿਦੈ ਸੁਧ ਜਉ ਨਿੰਦਾ ਹੋਇ॥ ਹਮਰੇ ਕਪਰੇ ਨਿੰਦਕੁ ਧੋਇ॥ [ਗਉੜੀ ਕਬੀਰ ਜੀ-੭੧]

ਸੋ ਨਿੰਦਕ ਜਿਨ੍ਹਾਂ ਦੀ ਨਿੰਦਾ ਕਰਦਾ ਹੈ ਉਹਨਾਂ ਦੇ ਜਨਮ ਜਨਮ ਦੀ ਮੈਲ ਲੈ ਲੈਂਦਾ ਹੈ ਸੋ ਅਪਣਾ ਕੀਤਾ ਪਾਉਂਦਾ ਹੈ ਉਹ ਕੀਹ ਹੁੰਦਾ ਹੈ ? ਕਿ ਏਥੇ ਸੁਖੀ ਨਹੀ ਹੁੰਦਾ। ਸੜਦਾ ਹੈ ਤਾਂ ਨਿੰਦਾ ਕਰਦਾ ਹੈ, ਸੜਨਾ ਅਪਣੇ ਆਪ ਵਿਚ ਦੁਖ ਰੂਪ ਹੈ। ਤੇ ਅੱਗੇ ਜਾ ਕੇ ਕਿਸੇ ਸ਼ੁਭ ਥਾਂ ਉਸ ਨੂੰ ਟਿਕਾਣਾ ਨਹੀ ਮਿਲਦਾ ਮੈਲੇ ਨੂੰ ਮੈਲੇ ਥਾਂ ਹੀ ਜਾਣਾ ਪਊ; ਸਾਰੀ ਉਮਰ ਸੜਦੇ ਰਹਿਣੇ ਕਰਕੇ ਸੁਭਾਵ ਵਿਚ ਸਾੜਾ ਵੜ ਜਾਂਦਾ ਹੈ ਸੋ ਜਮ ਪੁਰਿ ਵਿਚ ਬੀ ਸੜਦਾ ਹੀ ਜਾਂਦਾ ਹੈ।

ਅੰਕ ੩ ਵਿਚ ਨਿੰਦਕ ਨੂੰ ਬਪੁੜਾ ਤੇ ਵਿਚਾਰਾ ਆਖਦੇ ਹਨ। ਇਸ ਦਾ ਭਾਵ ਇਹ ਨਹੀ ਕਿ ਉਸ ਨੂੰ ਬੇਗੁਨਾਹ ਸਮਝਦੇ ਹਨ ਜਿਵੇਂ ਖੁਰਕਦੇ ਰੋਗੀ ਤੇ ਤਰਸ ਕਰੀਦਾ ਹੈ ਤਿਵੇਂ ਤਰਸ ਵਿਚ ਕਹਿੰਦੇ ਹਨ ਕਿ ਕਰੇ ਬੀ ਕੀ ਵਿਚਾਰਾ, ਉਸ ਦਾ ਜਨਮ ਜਨਮ ਨਿੰਦਾ ਕਰਕੇ ਸੁਭਾਵ ਪੈ ਗਿਆ ਹੈ। ਪੱਕੇ ਸੁਭਾਵ ਵਿਚ ਆਦਮੀ ਬੇਬਸ ਹੋ ਜਾਂਦਾ ਹੈ। ਪੱਕਾ ਸੁਭਾਵ ਮੁੜ ਮੁੜ ਉਹ ਕੁਛ ਕਰਾਉਂਦਾ ਹੈ ਜੋ ਚਾਹੇ ਅਨਚਾਹੇ ਪਿਆ ਕਰਦਾ ਹੈ। ਪਰ ਅਗਲੀ ਸਤਰ ਵਿਚ ਉਸ ਨੂੰ ਅੱਗੇ ਵਾਪਰਨ ਵਾਲੇ ਦੁਖ ਦਾ ਭੈ ਦਿਖਾਉਂਦੇ ਹਨ ਕਿ ਅੱਗੇ ਰਾਖਾ ਕੋਈ ਨਹੀਓਂ ਹੋਣਾ, ਤੇਰੀ ਪੁਕਾਰ ਬੀ ਕਿਸੇ ਨਹੀਂ ਸੁਣਨੀ। ਇਸ ਭੈ ਦੇਣ ਵਿਚ ਉਪਦੇਸ਼ ਹੈ ਕਿ ਹੁਣ ਹੀ ਸੰਭਲ ਤੇ ਜ਼ੋਰ ਲਾ ਕੇ ਸੁਭਾਵ ਨੂੰ ਬਦਲ ਲੈ।

ਅੰਕ ੩-੪ ਵਿਚ ਸੰਤਾਂ ਤੇ ਸਾਂਈ ਦਾ ਸੁਭਾਵ ਦੱਸਿਆ ਹੈ। ਸੰਤ ਤਾਂ ਨਿੰਦਾ ਸੁਣ ਕੇ ਸੁਖ ਮੰਨਦੇ ਹਨ ਕਿ ਸਾਡੀ ਮੈਲ ਧੁਪ ਰਹੀ ਹੈ, ਪਰ ਸਾਂਈ ਨੇ ਨਿੰਦਕ ਨੂੰ ਕਿਤੇ ਗਤੀ ਨਹੀ ਦੇਣੀ। ਸੰਤ

ਨਿੰਦਕ ਦਾ ਉਪਰਾਲਾ ਅੱਗੋਂ ਕੋਈ ਨਹੀਂ ਕਰਦੇ ਨਿੰਦਾ ਦਾ ਜ਼ੁਾਬ ਨਹੀਂ ਦੇਂਦੇ, ਸਾਂਈ ਦੀ ਟੇਕ ਤੇ ਰਹਿੰਦੇ ਹਨ। ਸਾਂਈਂ ਰਖਜਾ ਕਰਦਾ ਹੈ ਤੇ ਨਿੰਦਕਾਂ ਨੂੰ ਰੋੜ੍ਹ ਦੇਂਦਾ ਹੈ।

ਨਿਰੁਕ੍ਤ—ਪਚਾਵੈ—ਸੜਦਾ ਹੈ। ਪਰਮ ਦੁਖੀ ਹੁੰਦਾ ਹੈ।

ਅਹਲਾ—[ਪੁ: ਪੰ:,] ਸੁਹਣਾ। ਜਾਪਦਾ ਹੈ ਕਿ ਸੰਸਕ੍ਰਿਤ ਪਦ'ਅਖਿਲ' ਤੋਂ ਪ੍ਰਾਕ੍ਰਿਤ 'ਅਹਿਲ' ਬਣਿਆ,ਜਿਸ ਦਾ ਅਰਥ ਹੈ ਸਾਰੀ, ਸਭ। ਫੇਰ ਅਰਥ ਬਣੇ ਭਰਪੂਰ ਤੇ ਫੇਰ ਸੁੰਦਰ। ਜਿਵੇਂ ਪੁਰਾਣੇ ਗੀਤਾਂ ਵਿਚ ਆਉਂਦਾ ਹੈ 'ਮੇਰੀ ਅਹਿਲ ਜਵਾਨੀ !' (ਅ) ਕਈ ਦਾਨੇ 'ਅਹਿਲ' ਨੂੰ 'ਅਫਲ' ਤੋਂ ਬਣਿਆ ਸਮਝਕੇ ਅਰਥ ਕਰਦੇ ਹਨ 'ਨਿੰਦਕ ਨੇ ਜਨਮ ਅਫਲ (ਬਿਰਥਾ) ਗੁਆ ਲਿਆ'।

ਬਪੁਰੇ—ਵਿਚਾਰਾ। ਨਿਕੰਮਾ। **ਬਿਗੂਤਾ**—ਖ਼ਰਾਬ ਹੋਇਆ।

[ਆਸਾ ਮਹਲਾ ੫, ਚਉਪਦਾ, ੪੨-੧੦੯]

ਮੂਲ	ਅਰਥ
ਆਸਾ ਮਹਲਾ ੫ ॥ ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ ॥ ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ ॥੧॥	ਬਾਹਰੋਂ (ਸਰੀਰ) ਧੋ ਕੇ ਅੰਦਰ ਮਨ ਨੂੰ ਮੈਲਾ ਰੱਖ ਕੇ ਦੁਏ ਟਿਕਾਣੇ ਅਪਣੇ ਗਵਾ ਲਏ। [ਕਿਹੜੇ ਟਿਕਾਣੇ ? ਉੱਤਰ] ਏਥੇ (ਇਸ ਲੋਕ ਵਿਚ ਤਾਂ) ਕਾਮ ਕ੍ਰੋਧ ਮੋਹ ਵਿਆਪ ਰਿਹਾ ਹੈ (ਜਿਸ ਕਰਕੇ ਸ਼ਾਂਤੀ ਪ੍ਰਾਪਤ ਨਹੀਂ ਤੇ) ਅੱਗੇ (ਪ੍ਰਲੋਕ ਵਿਚ ਜਾ ਕੇ ਸਦਗਤੀ ਨਹੀਂ ਮਿਲਦੀ ਇਸ ਕਰਕੇ) ਮੁਸ ਮੁਸ ਕਰਕੇ ਰੋਵੇਂਗਾ (ਭਾਵ ਪੱਛੋਤਾਵੇ ਦੇ ਦੁਖ ਵਿਚ ਹੋਵੇਂਗਾ)॥੧॥
ਗੋਵਿੰਦ ਭਜਨ ਕੀ ਮਤਿ ਹੈ ਹੋਰਾ ॥ ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥੧॥ ਰਹਾਉ ॥	ਗੋਬਿੰਦ ਦੇ ਭਜਨ ਦੀ ਸੁਮਤੀ ਹੋਰਵੇਂ ਹੁੰਦੀ ਹੈ। (ਉਹ ਇਉਂ ਦੀ ਨਹੀਂ ਹੁੰਦੀ ਕਿ ਜਿਵੇਂ) ਵਰਮੀ ਮਾਰ ਲਉ (ਤੇ ਸਮਝ ਬੈਠੋ ਕਿ ਸੱਪ ਮਰ ਜਾਏਗਾ ਪਰ ਇਉਂ) ਸੱਪ ਨਹੀਂ ਮਰਦਾ, (ਯਾ ਇਉਂ ਕਿ) ਨਾਮ (ਉਚਾਰ ਉਚਾਰ ਕੇ) ਡੋਰ੍ਹੇ ਨੂੰ ਸੁਣਾਓ (ਤੇ ਸਮਝੋ ਕਿ ਉਸ ਨੇ ਸੁਣ ਲਿਆ ਹੈ ਪਰ) ਡੋਰ੍ਹਾ (ਕੁਛ ਬੀ) ਨਹੀਂ ਸੁਣਦਾ॥੧॥ ਰਹਾਉ॥
ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ ॥ ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ ॥੨॥	(ਇਹ ਬਨਾਵਟੀ ਭਗਤ ਤਾਂ) ਮਾਇਆ ਦੀ ਕਿਰਤ (ਭਾਵ ਵਿਹਾਰ ਯਾ ਮਜ਼ੂਰੀ ਕਰਕੇ ਮਾਇਆ ਖੱਟਣ ਦੀ ਕਾਰ) ਛੱਡ ਬੈਠਾ ਹੈ (ਅਤੇ) ਭਗਤੀ ਦੀ (ਇਸ ਨੂੰ) ਕੁਛ ਖਬਰ ਹੀ ਨਹੀਂ; ਵੇਦਾਂ ਸ਼ਾਸਤ੍ਰਾਂ ਉਤੇ ਹੁੱਜਤਾਂ ਕਰਨ ਲੱਗ ਪਿਆ ਹੈ, (ਕਿਵੇਂ ਸਾਂਈ ਵਿਚ) ਜੋਗ (=ਜੁੜਨਾ ਪ੍ਰਾਪਤ ਹੁੰਦਾ ਹੈ ਤੇ ਕਿਵੇਂ) ਤਤ੍ਰ ਸਰੂਪ (ਪਰਮਾਤਮਾ ਨੂੰ ਜਾਣੀਦਾ ਹੈ, ਦੁਇ ਗੱਲਾਂ) ਨਹੀਂ ਜਾਣਦਾ॥੨॥
ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ॥ ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ ॥੩॥	(ਹੁਣ ਦੇਖੋ ਉਸ ਦਾ ਪਾਜ) ਉੱਘੜ ਗਿਆ ਹੈ ਜਿਵੇਂ ਖੋਟਾ ਰੁਪੱਯਾ ਸਰਾਫਾਂ ਦੀ ਨਜ਼ਰੇ ਚੜ੍ਹਕੇ (ਉੱਘੜ ਜਾਂਦਾ ਹੈ)। ਅੰਤਰਜਾਮੀ (ਪ੍ਰਭੂ) ਸਭ ਕੁਛ ਜਾਣਦਾ ਹੈ, ਉਸ ਤੋਂ ਛਿਪਾਇਆਂ ਕੀਹ (ਛੁਪ ਸਕਦਾ) ਹੈ ? (ਭਾਵ ਕੁਛ ਨਹੀਂ)॥੩॥

ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ ॥ ਸਤਿ ਸਤਿ ਸਤਿ ਨਾਨਕਿ ਕਹਿਆ ਅਪਨੈ ਹਿਰਦੈ ਦੇਖੁ ਸਮਾਲੇ ॥੪॥੩॥੪੨॥	ਉਹ ਨੀਹਾਂ ਤੋਂ ਬਿਨਾਂ ਬਣੀ ਕੰਧ ਵਾਂਙੂ) ਬੇਬੁਨਿਆਦਾ (ਪੁਰਖ ਅਪਣੇ) ਕੂੜ ਕਰਕੇ, ਕਪਟ ਕਰਕੇ, ਠੱਗੀਆਂ ਕਰਕੇ ਛੇਤੀ ਹੀ ਵਿਨਾਸ਼ ਨੂੰ ਪ੍ਰਾਪਤ ਹੋਇਆ। (ਇਹ ਗੱਲ ਗੁਰੂ) ਨਾਨਕ (ਦੇਵ ਜੀ) ਨੇ ਸਚੋ ਸੱਚ ਤੇ ਸੱਚ ਕਹੀ ਹੈ, (ਤੁਸੀਂ·ਬੀ) ਅਪਣੇ ਦਿਲ ਵਿਚ ਚੰਗੀ ਤਰ੍ਹਾਂ ਵਿਚਾਰਕੇ ਦੇਖ ਲਓ (ਭਾਵ ਹੈ ਕਿ ਕੂੜ ਠੱਗੀ ਦਾ ਅੰਤ ਨਾਸ਼ ਹੈ)॥੪॥੩॥੫੨॥

ਵਜਾਖਜਾ— ਇਸ ਸ਼ਬਦ ਵਿਚ ਐਸੇ ਕਿਸੇ ਬਨਾਵਟੀ ਭਗਤ ਦਾ ਜ਼ਿਕਰ ਹੈ ਕਿ ਜੋ ਕਾਰ ਵਿਹਾਰ, ਮਜ਼ਦੂਰੀ, ਯਾ ਕੋਈ ਹੋਰ ਕਿੱਤਾ ਰੋਟੀ ਕਮਾਉਣ ਦਾ ਛੱਡਕੇ ਭਗਤ ਬਣ ਗਿਆ ਸੀ ਭਗਤੀ ਦੇ ਯਾ ਧਰਮੀ ਹੋਣ ਦੇ ਰੂਪ ਤੇ ਉਪਰਲੇ ਅੰਗਧਾਰ ਲਏ, ਪਰ ਅੰਤਰੋਂ ਇਹ ਕਾਮ ਕ੍ਰੋਧ ਲੋਭ ਮੋਹ ਵਿਚ ਫਸਿਆ ਪਿਆ ਸੀ। ਇਹਨਾਂ ਦੇ ਪੁਗਾਉਣ ਲਈ ਮਾਇਆ ਦੀ ਲੋੜ ਹੁੰਦੀ ਹੈ। ਮਾਇਆ ਦੀ ਪ੍ਰਾਪਤੀ ਲਈ ਝੂਠ ਕਪਟ, ਠੱਗੀ ਵਰਤਦਾ ਸੀ। ਜਾਪਦਾ ਹੈ ਕਿ ਇਹ ਅਪਣੇ ਆਪ ਬ੍ਰਹਮ ਯਾ ਗੁਰੂ ਯਾ ਅਵਤਾਰ ਆਦਿ ਪਦਵੀ ਦੇਂਦਾ ਹੋਣਾ ਹੈ; ਜੋ ਭਗਤੀ ਦਾ ਦਾਅਵੇਦਾਰ ਹੋ ਕੇ ਵੇਦਾਂ ਸ਼ਾਸਤ੍ਰਾਂ ਤੇ ਤਰਕਾਂ ਬੀ ਕਰਦਾ ਸੀ। ਜਿਵੇਂ ਅਜ ਕਲ ਬੀ ਦੇਖੀ ਦੇ ਹਨ ਕਿ ਆਪ ਨੂੰ ਵਡਾ ਜਨਾਉਣ ਲਈ ਈਸ਼੍ਵਰੀਯ ਬਾਣੀਆਂ ਲਈ ਬੇਅਦਬੀ ਦੇ ਵਾਕ ਕਹਿ ਦੇਂਦੇ ਹਨ। ਜੇ ਭਗਤੀ ਸਾਰ ਨ ਜਾਨੈਂ ਪਦ ਨਾ ਹੁੰਦੇ ਤਾਂ ਪਤਾ ਲਗਦਾ ਕਿ ਕਿ ਸੇ ਜੈਨੀ ਬਣੇ ਯਾ ਬੋਧੀ ਬਣੇ ਦਾ ਜ਼ਿਕਰ ਹੈ। 'ਗੋਵਿੰਦ ਭਜਨ' ਕਹਿਣ ਤੋਂ ਬੀ ਪਖੰਡੀ ਭਗਤ ਹੀ ਸਹੀ ਹੁੰਦਾ ਹੈ। 'ਤਤੁ ਜੋਗੁ' ਕਹਿਣ ਤੋਂ ਪਤਾ ਚੱਲਦਾ ਹੈ ਕਿ ਓਹ ਭਗਤੀ ਜੋਗ ਤੇ ਪਰਾ ਭਗਤੀ ਦੀਆਂ ਡੀਂਗਾ ਬੀ ਮਾਰਦਾ ਹੋਣਾ ਹੈ। ਐਸੇ ਪੁਰਖ ਦਾ ਅੰਤ ਦੱਸਦੇ ਹਨ ਕਿ ਅੰਤ ਪਾਜ ਉੱਘੜ ਗਿਆ, ਸਤਿ ਪੁਰਖਾਂ ਨੇ ਪਛਾਣ ਲਿਆ, ਫੇਰ ਲੋਕਾਂ ਵਿਚ ਨਸ਼ਰ ਹੋ ਗਿਆ ਤੇ ਸਾਰਾ ਠਾਟ ਨਸ਼ਟ ਹੋ ਗਿਆ। ਅਗਲੇ ਸ਼ਬਦ ਵਿਚ ਇਸੇ ਵਿਸ਼ਯ ਤੇ ਅਸਲੀ ਭਗਤੀ ਦਾ ਰੂਪ ਦੱਸਿਆ ਹੈ ਤਾਂ ਪਤਾ ਚਲਦਾ ਹੈ ਕਿ ਇਸ ਬਨਾਵਟੀ ਭਗਤ ਨੇ ਨੱਚਣਾ, ਗਾਉਣਾ, ਸਾਜ ਵਜਾਉਣੇ ਭਗਤੀ ਕਰਨੀ ਬੀ ਧਾਰਨ ਕੀਤੀ ਹੋਈ ਸੀ।

ਉਸ ਸਮੇਂ ਐਸੀ ਭਗਤੀ ਪ੍ਰਵਿਰਤ ਸੀ।

ਨਿਰੁਕ੍ਤ— **ਵਿਆਪਿਆ**—ਫਸਿਆ ਯਾ ਗ੍ਰਸਿਆ ਹੋਇਆ।

ਮੁਸਿ ਮੁਸਿ [ਸੰਸ:, ਮੁਖ੍=ਚੋਰੀ ਕਰਨੀ] ਚੋਰੀ ਚੋਰੀ, ਜਿਵੇਂ ਚੋਰ ਦੀ ਮਾਂ ਰੋਂਦੀ ਹੈ। ਪਰ ਫੇਰ ਇਸ ਦੇ ਅਰਥ ਹੋ ਗਏ ਡੁਸਕਾਰੇ ਲੈ ਲੈ ਕੇ ਰੋਣਾ।

ਵਰਮੀ—[ਸੰਸ: ਵਲ੍ਮੀ] ਵਰਮੀ ਨਾਮ ਹੈ ਸੇਉਂਕ ਦਾ ਇਹ ਥਨਾਂ ਵਿਚ ਵਡੇ ਵਡੇ ਢੇਰ ਅੰਦਰੋਂ ਮਿੱਟੀ ਕੱਢ ਕੱਢ ਉਸਾਰ ਦੇਂਦੀ ਹੈ, ਵਿਚ ਖੁੱਡਾ ਆਪੇ ਬਣ ਜਾਂਦੀਆਂ ਹਨ, ਇਨ੍ਹਾਂ ਨੂੰ ਵਰਮੀ ਆਖਦੇ ਹਨ, ਇਨ੍ਹਾਂ ਵਿਚ ਸੱਪ ਵੜ ਕੇ ਛਿਪਦੇ ਹਨ। ਜੇ ਹੁਣ ਉਪਰੋਂ ਮਿੱਟੀ ਕੇ ਢੇਰ ਨੂੰ ਕੁੱਟੋ, ਮਾਰੋ, ਯਾ ਉਡਾਦਿਓ ਤਾਂ ਅੰਦਰ ਬੈਠਾ ਸੱਪ ਨਹੀਂ ਮਰਦਾ। [ਸੰਸ:, ਵਲ੍ਮੀਕੰ=ਸਿਉਂਕ ਦਾ ਬਣਾਇਆ ਮਿੱਟੀ ਦਾ ਢੇਰ]।

ਤਰਕਨਿ—[ਸੰਸ, ਤਰ੍ਕ:=ਦਲੀਲ, ਹੁੱਜਤ] ਤਰਕ ਤੋਂ ਤਰਕਨਾ ਪੰਜਾਬੀ 'ਕ੍ਰਿਯਾ ਬਣੀ ਹੈ ਭਾਵ ਹੁੰਦਾ ਹੈ: ਹੁੱਜਤਾਂ ਕਰਨੀਆਂ ਨਿੰਦਾ ਕਰਨੀ ਬੀ ਭਾਵ ਲੈਂਦੇ ਹਨ। ਅਕਸਰ ਸਾਧੂ ਅਪਣੀ ਪੂਜਾ ਦੀ ਭੁੱਖ ਵਿਚ ਧਰਮ ਪੁਸਤਕਾਂ ਤੇ ਤਰਕਾਂ ਉਠਾਉਂਦੇ ਹਨ ਕਿ ਇਨ੍ਹਾਂ ਤੋਂ ਕੁਛ ਨਹੀਂ ਸੰਵਰਦਾ, ਸਾਡੀ ਪੂਜਾ ਕਰੋ; ਐਸੇ ਪਖੰਡੀਆਂ ਵੱਲ ਸੈਨਤ ਹੈ। **ਤਤ ਜੋਗ**—ਉਪਰ ਅਰਥ ਆ ਚੁਕੇ ਹਨ। ਤਤ ਨਾ ਪਛਾਣੇ ਦੀ ਸੈਨਤ ਗਜਾਨ ਵਲ ਹੈ, ਜੋਗ ਨਾ ਪਛਾਣੇ ਦੀ ਸੈਨਤ ਯੋਗ ਵਲ ਹੈ।

ਢਬੂਆ—[ਪੁ: ਪੰ:,] ਇਕ ਚਾਂਦੀ ਦਾ ਪੁਰਾਤਣ ਸਿੱਕਾ ਜੋ ਰੁਪੱਯੇ ਵਰਗਾ ਹੁੰਦਾ ਸੀ। ਇਹ ਰੁਪਏ ਤੋਂ ਮੋਟਾ ਦੱਸੀਦਾ ਹੈ। ਤ੍ਰਮੇਦਾ ਬੀ ਦੱਸਦੇ ਹਨ। ਬੰਚਿ—[ਵਿਸ਼ੇਸ਼ ਦੇਖੋ ਪੰਨਾ੧੬੨੯] ਠੱਗੀ ਕਰਕੇ

ਨਿੰਮੁਨੀਆਦਾ—[ਫਾ:, ਬੇ-ਬੁਨਿਆਦ = ਨੀਂਹ ਤੋਂ ਬਿਨਾ] ਜਿਸ ਦੀ ਨੀਂਹ ਨਾ ਹੋਵੇ, ਐਸੀ ਕੰਧ ਯਾ ਮਕਾਨ। ਮੁਹਾਵਰੇ ਵਿੱਚ ਉਸ ਨੂੰ ਕਹਿੰਦੇ ਹਨ ਜਿਸ ਦੇ ਐਸ਼੍ਵਰਜ ਦੇ ਕਾਰਜ ਕੱਚੇ ਤੇ ਕੂੜ ਕਪਟ ਦੇ ਹੋਣ। (ਅ) ਛੇਤੀ ਨਸ਼ਟ ਹੋ ਜਾਣ ਵਾਲਾ।

ਸਤਿ—ਤ੍ਰੈ ਵੇਰ ਪਕਿਆਈ ਲਈ ਫੁਰਮਾਇਆ ਹੈ।

[ਆਸਾ ਮਹਲਾ ੫, ਚਉਪਦਾ, ੪੩-੧੧੦]

ਮੂਲ	ਅਰਥ
ਆਸਾ ਮਹਲਾ ੫ ॥ ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥ ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ ॥੧॥	[ਅਰਥ ਰਹਾਉ ਤੋਂ ਟੁਰੇਗਾ] (ਹੇ ਹਰੀ!) ਤੇਰਾ (ਜੋ ਅਸਲੀ) ਜਨ (ਭਗਤ ਹੋਵੇਗਾ ਉਹ ਤੇਰੇ) ਗੁਣ ਗਾਏਗਾ,(ਇਹ ਹੋਵੇਗਾ ਉਸ ਦਾ) ਨਿਰਤ ਕਰਨਾ(ਭਾਵ ਨੱਚਣਾ ਫੇਰ ਉਸ ਦਾ) ਰਬਾਬ, ਤਬਲੇ ਛੈਣੇ ਤੇ ਘੁੰਗਰੂ (ਏਹ ਹੋਣਗੇ ਕਿ ਉਹ)ਅਨਹਦ ਸ਼ਬਦ ਵਜਾਏਗਾ॥ ੧॥ ਰਹਾਉ॥
ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ॥ ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ ॥੧॥ ਰਹਾਉ॥	(ਕਾਮ ਕ੍ਰੋਧ ਆਦਿ) ਪੰਜ ਵਿਸ਼ਿਆਂ ਨੂੰ (ਅਪਣੇ) ਵੱਸ ਵਿਚ ਰੱਖੇਗਾ ਤੇ ਮਨ ਵਿਚ ਏਕੰਕਾਰ (ਪ੍ਰਭੂ ਨੂੰ ਵਸਾਵੇਗਾ, ਇਉਂ) ਆਪਾ ਭਾਵ ਨਿਵਾਰ ਲਏਗਾ (ਤਾਂ ਇਹ ਉਸ ਦਾ) ਨੱਚਣਾ ਹੋਵੇਗਾ, (ਸੋ ਇਸ ਪ੍ਰਕਾਰ ਦਾ) ਉਦਮ (ਅੰਤ੍ਰੀਵ ਨਾਚ) ਕਰਦਿਆਂ (ਉਸਦਾ) ਮਨ ਨਿਰਮਲ ਹੋ ਜਾਏਗਾ॥ ੧॥
ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥	(ਇਸ ਪ੍ਰਕਾਰ ਜਦ) ਪਹਿਲੇ (ਓਹ ਅਸਲੀ ਭਗਤ) ਅਪਣੇ ਮਨ ਨੂੰ ਗਜਾਨਵਾਨ ਬਣਾ ਲੈਂਦਾ ਹੈ ਪਿਛੋਂ ਹੋਰਨਾਂ ਨੂੰ (ਗਜਾਨ ਦੇਕੇ) ਆਨੰਦਤ ਕਰਦਾ ਹੈ। (ਹਾਂ, ਪਹਿਲੋਂ) ਰਾਮ ਦੇ ਨਾਮ ਦਾ ਜਾਪ (ਅਪਣੇ) ਹਿਰਦੇ ਵਿਚ ਜਪਦਾ ਹੈ (ਤਦ) ਸਭਨਾਂ ਨੂੰ ਮੂੰਹ ਤੋਂ ਸੁਣਾਉਂਦਾ ਹੈ॥ ੨॥
ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ ॥ ਮਨੁ ਤਨੁ ਅਰਪਿ ਧਰੇ ਗੁਰ ਆਗੈ ਸਤਿ ਪਦਾਰਥੁ ਪਾਵੈ ॥੩॥	(ਉਪਰ ਕਹੀ ਪ੍ਰਾਪਤੀ ਤਾਂ ਹੋਵੇਗੀ ਜੇ ਉਹ ਪਹਿਲੋਂ) ਹੱਥਾਂ ਨਾਲ ਸਾਧੂ ਦੇ ਚਰਨ ਧੋਵੇਗਾ ਤੇ ਸੰਤਾਂ ਦੀ ਧੂੜ ਤਨ ਨੂੰ ਲਗਾਵੇਗਾ। ਮਨ ਤੇ ਤਨ ਗੁਰੂ ਅੱਗੇ ਭੇਟਾ (ਵਾਂਙੂ) ਧਰ ਦਏਗਾ ਤਾਂ 'ਸੱਤਜ' (ਰੂਪੀ) ਪਦਾਰਥ ਨੂੰ ਪਾਏਗਾ॥ ੩॥
ਜੋ ਜੋ ਸੁਨੈ ਪੇਖੈ ਲਾਇ ਸਰਧਾ ਤਾ ਕਾ ਜਨਮ ਮਰਨ ਦੁਖੁ ਭਾਗੈ ॥ ਐਸੀ ਨਿਰਤਿ ਨਰਕ ਨਿਵਾਰੈ ਨਾਨਕ ਗੁਰਮੁਖਿ ਜਾਗੈ ॥੪॥੪॥੪੩॥	(ਇਸ ਪ੍ਰਕਾਰ ਦੀ ਅਸਲੀ ਭਗਤੀ ਦੀ ਅੰਤ੍ਰੀਵ ਨਿਰਤਕਾਰੀ) ਜੋ ਪੁਰਖ ਸ਼ਰਧਾ ਧਾਰਕੇ ਦੇਖੇ ਸੁਣੇਗਾ ਉਸ ਦਾ ਜਨਮ ਮਰਨ ਦਾ ਦੁਖ (ਉਸ ਤੋਂ ਦੂਰ) ਨੱਸ ਜਾਏਗਾ। (ਹਾਂ) ਐਸੀ ਨਿਰਤਕਾਰੀ (= ਨਾਚ) ਨਰਕ ਨੂੰ ਦੂਰ ਕਰਦੀ ਹੈ (ਪਰ) ਹੇ ਨਾਨਕ ! (ਇਸ ਨਿਰਤਕਾਰੀ ਲਈ ਕੋਈ ਵਿਰਲਾ) ਗੁਰੂ ਦੁਆਰਾ ਜਾਗਦਾ ਹੈ॥ ੪॥ ੪॥ ੪੩॥

ਵ੍ਯਾਖ੍ਯਾ— ਅਸਲੀ ਭਗਤ ਦਾ ਰੂਪ ਦੱਸਿਆ ਹੈ। ਉਸ ਸਮੇਂ ਇਕ ਭਗਤੀਏ ਹੁੰਦੇ ਸਨ ਜੋ ਰਾਸਾਂ ਲੀਲਾ ਪਾਉਂਦੇ, ਗਾਉਂਦੇ, ਨੱਚਦੇ ਸਨ; ਅਵਤਾਰਾਂ ਦੀ ਜੀਵਨੀ ਦੇ ਹ਼ਾਲ ਸਣਾਉਂਦੇ ਸਨ।

ਮੁੱਢ ਵਿਚ ਤਾਂ ਇਹ ਹਰੀ ਕੀਰਤਨ ਸੀ, ਪਰ ਮਗਰੋਂ ਉਹ ਨਾਟਕ ਦੀ ਸ਼ਕਲ ਲੈ ਗਿਆ ਜਿਸ ਵਿਚ ਨਾਟਕ ਪਾਤ੍ਰਾਂ ਦੇ ਆਚਰਣ ਦਾ ਕੋਈ ਖ਼ਯਾਲ ਨਹੀਂ ਸੀ,ਨਾ ਪ੍ਰਯੋਜਨ ਭਗਤੀ ਭਾਵ ਦੇ ਪ੍ਰਚਾਰ ਦਾ ਸੀ, ਪਰ ਲੋਕਾਂ ਦੇ ਮਨ ਪਰਚਾਵੇ ਕਰਕੇ ਧਨ ਦੌਲਤ ਕਮਾਉਣੀ ਹੁੰਦਾ ਸੀ ਤੇ ਇਨ੍ਹਾਂ ਖੇਲਾਂ ਦੇ ਪਰਦੇ ਹੇਠ ਮਾੜੇ ਕੰਮ ਬੀ ਹੋ ਜਾਂਦੇ ਸਨ। ਇਸ ਕਰਕੇ ਗੁਰੂ ਸਾਹਿਬਾਂ ਨੇ ਕਈ ਸ਼ਬਦਾਂ ਵਿਚ ਇਸ ਨਿਰਤਕਾਰੀ ਤੇ ਭਗਤੀਏ ਪਦ ਦੀ ਨਿਖੇਧੀ ਕੀਤੀ ਹੈ। ਜੈਸਾ ਕਿ:–

ਨਿਰਤਿ ਕਰੀ ਇਹੁ ਮਨੁ ਨਚਾਈ॥ [ਗੂਜ਼ਰੀ ਮਹਲਾ ੩, ਅਸਟ:–੬]

ਅਤੇ ਆਸਾ ਮਹਲਾ ੪ ਦੇ ਸ਼ਬਦ ੬੩ ਵਿਚ ਹੈ,ਜੋ ਐਉਂ ਆਰੰਭ ਹੁੰਦਾ ਹੈ:–

ਸਤਸੰਗਤਿ ਮਿਲੀਐ ਹਰਿ ਸਾਧੂ..।ਆਦਿ।

ਪਿਛਲੇ ਸ਼ਬਦ ਵਿਚ ਐਸੇ ਪਖੰਡੀ ਭਗਤ ਦਾ ਜ਼ਿਕਰ ਸੀ; ਹੁਣ ਉਹਨ੍ਹਾਂ ਦੀ ਬੋਲੀ ਦੇ ਪਦ ਲੈ ਕੇ ਅਸਲੀ ਭਗਤ ਦਾ ਹਾਲ ਦੱਸਦੇ ਹਨ। ਰਹਾਉ ਤੱਕ ਸੱਚੀ ਭਗਤੀ ਦੀ ਜੁਗਤਿ ਦੱਸੀ ਹੈ।

ਅੰਕ ੨ ਵਿਚ ਦੱਸਦੇ ਹਨ ਕਿ ਐਉਂ ਪਹਿਲੋਂ ਆਪ ਆਪਣੇ ਮਨ ਨੂੰ ਪ੍ਰਬੋਧ ਕਰ ਲਵੇ, ਭਾਵ ਗਜਾਨ ਵਾਲਾ ਬਣਾ ਲਵੇ ਤਾਂ ਲੋਕਾਂ ਨੂੰ ਰੀਝਾਵੇ। 'ਰੀਝਾਵੈ' ਪਦ ਹੇਠ ਲੁਪਤੀ ਰੱਖੀ ਹੈ ਤੇ ਕਟਾਖਜ ਸੁੱਟਿਆ ਹੈ। ਗਜਾਨ ਸੁਨਾਉਣਾ ਲੁਪਤ ਰਖਿਆ, ਉਸ ਦਾ ਫਲ ਰੀਝਾਉਣਾ ਜੁ ਕਹਿ ਦਿੱਤਾ। ਰੀਝਾਵਣਾ ਪਦ ਆਨੰਦ ਦੇਣ ਲਈ ਤਾਂ ਵਰਤਿਆ ਕਿ ਰਾਸ ਧਾਰੀਏ ਭਗਤੀਏ ਲੋਕਾਂ ਨੂੰ ਰਿਝਾ ਕੇ ਹੀ ਤਾਂ ਧਨ ਕਮਾਉਂਦੇ ਹਨ।

ਅੰਕ ੩ ਦੇ ਅਖੀਰ ਤਕ ਪ੍ਰਬੋਧ ਮਨ ਵਾਲੇ ਲੋਕਾਂ ਵਿਚ ਪ੍ਰਚਾਰ ਕਰਦਿਆਂ ਜੋ ਅਵਸਥਾ ਹੋਵੇ, ਤੇ ਜੋ ਪ੍ਰਬੋਧ ਹੋਣ ਤੋਂ ਪਹਿਲਾਂ ਸਾਧਨ ਰੂਪ ਸੀ, ਹੁਣ ਸੁਤੇ ਰਹਿਣੀ ਰੂਪ ਹੋਵੇ, ਦੱਸੀ ਹੈ।

ਅੰਕ ੪ ਵਿਚ ਸੱਚੇ ਭਗਤ ਦੇ ਸ਼ਰੋਤਿਆਂ ਤੇ ਮੇਲੀਆਂ ਨੂੰ ਜੋ ਲਾਭ ਪਹੁੰਚਦਾ ਹੈ,ਉਹ ਨਿਰੂਪਣ ਕੀਤਾ ਹੈ। 'ਜਾਗੈ' ਪਦ ਵਿਚ ਬੀ ਕਟਾਖਜ ਹੈ। ਜਾਗਣ ਦੀ ਮੁਰਾਦ ਲਈ ਜਾਂਦੀ ਹੈ ਕਿ ਐਸੀ ਭਗਤੀ ਵਿਚ ਸਾਵਧਾਨ ਹੋਵੇ। ਰਾਸਾਂ ਅਕਸਰ ਰਾਤ ਨੂੰ ਪੈਂਦੀਆਂ ਹਨ,ਜੋ ਜਾਗਦੇ ਹਨ ਉਹ ਦੇਖ ਸਕਦੇ ਹਨ। ਸੋ ਇਹ ਨਿਰਤਕਾਰੀ ਅਰਥਾਤ ਅਸਲੀ ਭਗਤੀ ਲਈ ਬੀ ਜਾਗਣ ਦੀ ਲੋੜ ਹੈ, ਉਹ ਜਾਗਣਾ ਹੈ, ਮਾਇਆ ਦੇ ਵਿਸਮਾਦ ਤੇ ਜਾਗਣਾ। ਜੈਸੇ ਫੁਰਮਾਯਾ ਹੈ:–

ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥ ਸਾਬਤੁ ਵਸਤੁ ਓਹੁ ਅਪਨੀ ਲਹੈ॥ ੧॥

[ਗਉੜੀ ਮਹਲਾ ੫–੮੯]

ਨਿਰੁਕ੍ਤ–**ਆਪ ਨਿਵਾਰੇ**–ਆਪਾ ਭਾਵ ਯਾ ਹਉਮੈ ਦੂਰ ਕਰੇ।

ਰਬਾਬੁ–[ਅ:,] ਇਕ ਸਾਜ ਹੈ ਜੋਂ ਸਤਾਰ ਦੀ ਟੰਕਾਰ ਵਾਂਙੂ ਵੱਜਦਾ ਹੈ।

ਪਖਾਵਜ–[ਸੰਸ:, ਪਕ੍ਸ਼+ਵਾਦਜਂ। ਹਿੰ:, ਪਖਾਵਜ] ਤਬਲਾਂ। ਜੋੜੀ ਜੋ ਤਾਲ ਲਈ ਵਜਾਉਂਦੇ ਹਨ। ਤਾਲ–ਛੈਣੇ।

ਅਨਹਦ ਸਬਦੁ–ਬੇਹੱਦ ਸ਼ਬਦ, ਯਾ ਅਨ+ਹਤ+ਸ਼ਬਦ। ਨਾਲ ਕ੍ਰਿਯਾ ਪਈ ਹੈ ਵਜਾਵੈ, ਅਨਾਹਤ ਸ਼ਬਦ ਆਪੇ ਵਜਦਾ ਹੈ, ਇਥੇ 'ਵਜਾਵੈ' ਕਿਹਾ ਹੈ। ਜਿਸ ਦੀ ਸੈਨਤ ਇਹ ਹੋ ਸਕਦੀ ਹੈ ਕਿ ਨਾਮ ਦਾ ਸਿਮਰਣ ਐਸਾ ਕਰੇ ਕਿ ਉਸ ਨੂੰ ਲਗਾਤਾਰੀ ਬਣਾ ਲਵੇ ਕਿ ਉਹ ਇਕ ਸੰਗੀਤਕ ਲਯ ਵਾਂਙੂ ਟੁਰਿਆ ਹੀ ਰਹੇ।

ਪਰਬੋਧੈ–[ਸੰਸ:, ਪ੍ਰਬੋਧਨਮ੍=ਜਾਗਤ੍ਰੀ। ਗਿਆਨ ਦੀ ਹਾਲਤ] ਭਲੀ ਪ੍ਰਕਾਰ ਬੁੱਧੀ ਦੇਵੇ। ਗਜਾਨ ਦੇਵੇ। 'ਰੀਝਾਵੈ' ਤੇ 'ਜਾਗੈ' ਦੀ ਵਜਾਖਯਾ ਵਿਚ ਵਿਵੇਚਨਾ ਆ ਚੁਕੀ ਹੈ।

ਕਰ–ਹਥ। **ਪਖਾਰੈ**–ਧੋਵੇ। **ਸਤਿ ਪਦਾਰਥੁ**–ਸਤਜ ਪਦਾਰਥ, ਭਾਵ ਹੈ ਸਤਯ ਸਰੂਪ ਪਰਮਾਤਮਾ। ਪੇਖੈ–ਦੇਖੇ।

[ਆਸਾ ਮਹਲਾ ੫, ਚਉਪਦਾ, ੪੪-੧੧੧]

ਪ੍ਰਾਕ੍ਥਨ— ਗੁਰੂ ਕਿਵੇਂ ਨੀਚ ਬ੍ਰਿਤੀ ਵਾਲਿਆਂ ਨੂੰ ਉੱਚ-ਸੁਰਤੇ ਬਣਾ ਦੇਂਦਾ ਹੈ ?

ਮੂਲ	ਅਰਥ
ਆਸਾ ਮਹਲਾ ੫ ॥ **ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ ॥** **ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥੧॥**	(ਸੁਣ) ਹੇ (ਭਾਈ ! ਜੀਵਾਂ ਦੀ ਬ੍ਰਿਤੀ ਜੋ ਤਮੋ ਗੁਣੀ ਹੋਣ ਕਰਕੇ) ਸ਼ੂਦਰਨੀ ਤੋਂ ਨੀਵੀਂ (ਇਕ) ਚੰਡਾਲਣੀ ਹੋ ਰਹੀ ਸੀ (ਉਹ ਹੁਣ) ਬਾਹਮਣੀ ਤੋਂ ਬੀ ਸਰੇਸਟ ਹੋ ਗਈ ਹੈ। (ਤ੍ਰਿਸ਼ਨਾ ਜੋ ਅੱਗ (ਵਾਂਙੂ) ਲਾਟਾਂ (ਛਡਦੀ ਸੀ ਤੇ) ਪਾਤਾਲਾਂ ਤੇ ਆਕਾਸਾਂ ਦੇ ਪਦਾਰਥ ਪਾ ਕੇ ਬੀ ਨਹੀਂ ਰੱਜਦੀ ਸੀ, ਉਹ ਬੁਝ ਗਈ (ਸ਼ਾਂਤਿ ਹੋ ਗਈ) ਹੈ, [ਕੀਕੂੰ?] (ਅਪਣੇ ਆਪ ਨੂੰ ਆਪ) ਖਾ ਗਈ ਹੈ, ਹੇ ਭਾਈ ! (ਭਾਵ-ਗੁਰ ਉਪਦੇਸ਼ ਨਾਲ ਜੋ ਅਗਨ ਰੂਪ ਤ੍ਰਿਸ਼ਨਾ ਮੇਟਣ ਦੀ ਸ਼ਾਂਤਿ ਰੂਪ ਤ੍ਰਿਸ਼ਨਾ ਉਪਜੀ ਸੀ ਉਹ ਅਗਨ ਰੂਪ ਤ੍ਰਿਸ਼ਨਾ ਨੂੰ ਖਾ ਗਈ)॥੧॥
ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥ **ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥੧॥ ਰਹਾਉ ॥**	ਘਰ ਦੀ ਬਿੱਲੀ (ਮਨ ਵਿਚ ਦੀ ਲਾਲਚ ਮਈ ਬ੍ਰਿਤੀ ਜੋ ਪਦਾਰਥਾਂ ਰੂਪੀ ਚੂਹਿਆਂ ਨੂੰ ਫੜ ਲੈਂਦੀ ਸੀ ਹੁਣ) ਹੋਰ ਤਰ੍ਹਾਂ ਸਿਖਜਾ ਪਾ ਗਈ ਹੈ, (ਕਿ ਪਦਾਰਥਾਂ ਰੂਪ) ਚੂਹਾ ਦੇਖ ਕੇ ਡਰਦੀ ਹੈ, (ਭਾਵ ਪਦਾਰਥਾਂ ਦੀ ਪਕੜ ਛੁੱਟ ਗਈ ਹੈ)। (ਹਾਂ) ਗੁਰੂ ਨੇ (ਹੰਕਾਰ ਰੂਪੀ) ਸ਼ੇਰ ਨੂੰ (ਵਿਚਾਰ ਰੂਪੀ) ਬੱਕਰੀ ਦੇ ਵੱਸ ਵਿਚ ਕਰ ਦਿੱਤਾ ਹੈ (ਅਤੇ ਇੰਦ੍ਰੇ ਰੂਪੀ) ਕੁੱਤਿਆਂ ਨੂੰ (ਮਾਸ ਖਾਣੇ ਦੀ ਥਾਵੇਂ ਘਾਹ ਦੇ) ਤਿਨਕੇ (ਖਾਣ ਤੇ) ਲਗਾ ਦਿੱਤਾ ਹੈ। (ਭਾਵ ਰਜੋ ਗੁਣੀ ਭੋਗਾਂ ਦੇ ਮਗਰ ਧਾਵਣ ਦੀ ਥਾਂਵੇਂ ਸਤੋਗੁਣੀ ਭਾਵਾਂ ਵਿਚ ਲਾ ਦਿੱਤਾ ਹੈ)॥੧॥ ਰਹਾਉ॥
ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ ॥ **ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ ॥੨॥**	(ਆਸਾ ਤ੍ਰਿਸ਼ਨਾ ਰੂਪੀ) ਥੰਮ੍ਹੀਆਂ ਤੋਂ ਬਿਨਾਂ (ਸਰੀਰ ਰੂਪੀ) ਛੱਪਰ ਨੂੰ ਥੰਮ੍ਹ ਰਖਿਆ ਹੈ (ਭਾਵ ਸਰੀਰ ਦਾ ਨਿਰਬਾਹ ਵਾਹਿਗੁਰੂ ਦੇ ਆਸਰੇ ਕਰ ਲਿਆ ਹੈ, ਕਿਸੇ ਹੋਰਸ ਬੰਦੇ ਯਾ ਦੇਵ ਦਾ ਆਸਰਾ ਨਹੀਂ ਰਖਿਆ। ਆਪਾ ਜੋ ਅਪਣੇ ਸਰੂਪ ਰੂਪੀ) ਘਰ ਤੋਂ (ਭੁੱਲਿਆ) ਨਿਥਾਵਾਂ ਹੋ ਰਿਹਾ ਸੀ ਹੇ ਭਾਈ ! (ਉਸ ਨੇ ਸਰੂਪ ਰੂਪੀ) ਘਰ ਪ੍ਰਾਪਤ ਕਰ ਲਿਆ ਹੈ। (ਸ਼ੁਭ ਗੁਣਾਂ ਰੂਪੀ) ਜੜਾਉ ਤੋਂ ਜੋ ਹ੍ਰਿਦਾ ਬਿਨਾ ਸੀ (ਉਸ ਨੂੰ) ਲੈਕੇ (ਗੁਰੂ ਨੇ ਸ਼ੁਭ ਗੁਣਾਂ ਦਾ) ਜੜਾਵਾ ਜੜ ਦਿੱਤਾ ਹੈ (ਅਤੇ ਉਸ ਦੇ ਵਿਚਕਾਰੇ ਇਕ ਹੋਰ) ਅਚਰਜ ਥੇਵਾ ਲਾ ਦਿੱਤਾ ਹੈ। (ਭਾਵ ਹੋਰ ਜੜਤ ਤਾਂ ਸ਼ੁਭ ਗੁਣਾਂ ਦੀ ਕੀਤੀ ਹੈਸੁ, ਅਚਰਜ ਥੇਵਾ ਵਿਚ 'ਗਿਆਨ' ਦਾ ਲਾਇਆ ਹੈ, ਜੋ ਸਰਬ ਗੁਣਾਂ ਤੋਂ ਉਪਰ ਹੈ)॥੨॥

ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ ॥	(ਦੇਖੋਂ ਪਹਿਲੋਂ ਜੋ ਫਰਯਾਦਾਂ ਕਰਨ ਵਾਲਾ ਸੀ) ਫਰਯਾਦੀ (ਰਹਿ ਕੇ) ਇਨਸਾਫ ਪ੍ਰਾਪਤੀ ਨੂੰ ਪੁੱਜਣਹਾਰ ਨਾ ਹੋਇਆ, (ਜਦ ਫਰਯਾਦ ਕਰਨ ਵਲੋਂ ਹੀ) ਚੁਪ ਧਾਰ ਲਈ ਤਦ ਨਿਆਉਂ ਪਾ ਲਿਆ। (ਭਾਵ—ਜਦੋਂ ਫਰਯਾਦ ਰਸ 'ਵਾਹਿਗੁਰੂ' ਵਿਚ ਪੁੱਜ ਗਏ ਤਾਂ ਸਭ ਮੰਗਾਂ ਮੁੱਕ ਗਈਆਂ। ਫੇਰ ਇਨਸਾਫ ਦੀ ਮੰਗ ਹੀ ਚੁੱਕ ਗਈ, ਕਿਉਂਕਿ ਦ੍ਰਿਸ਼ਟੀ ਇਹ ਹੋ ਗਈ ਕਿ ਜੋ ਕੁਛ ਕਰਨਾ ਹੈ ਇਸੇ ਫਰਯਾਦ ਰਸ ਨੇ ਹੀ ਕਰਨਾ ਹੈ, ਤੇ ਇਹ ਜੋ ਕੁਛ ਕਰੇਗਾ ਸਾਡੇ ਭਲ ਦਾ ਹੋਵੇਗਾ)।
ਮਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ ॥੩॥	ਮਾਲ ਵਾਲੀ (ਹੋ ਕੇ ਜੋ) ਦੁਲੀਚੇ ਤੇ ਬੈਠੀ (ਘੂਰਦੀ ਸੀ ਉਹ) ਮੁਰਦਾ (ਸਮਾਨ ਦਿੱਸਦੀ) ਹੈ, ਉਸ ਦਾ) ਅੱਖਾਂ ਕੱਢ ਕੱਢ ਕੇ ਦੱਸਣਾ ਨੱਸ ਗਿਆ ਹੈ, (ਭਾਵ ਹਾਕਮਾਂ ਤੇ ਅਮੀਰਾਂ ਦਾ ਮਾਲ ਤੇ ਹਕੂਮਤਾਂ ਵਿਚ ਆ ਕੇ ਘੂਰਨਾ ਦੂਰ ਹੋ ਗਿਆ ਹੈ ਤੇ ਉਨ੍ਹਾਂ ਦਾ ਪ੍ਰਤਾਪ ਮੁਰਦਾ ਸ਼ੈ ਦਿੱਸਦਾ ਹੈ)॥੩॥
ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥	(ਸਿੱਟਾ ਇਹ ਕਿ) ਉਹ ਅਜਾਣ (ਅਗਜਾਨੀ) ਹੈ ਜੋ ਆਖੇ ਕਿ ਮੈਂ ਜਾਣ ਲਿਆ ਹੈ (ਭਾਵ ਗਜਾਨਵਾਨ ਹਾਂ), ਜੋ ਜਾਣਦਾ ਹੈ (ਭਾਵ ਸਚਮੁਚ ਗਜਾਨਵਾਨ ਹੈ) ਗੁੱਝਾ ਨਹੀਂ ਰਹਿੰਦਾ।
ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥੪॥੫॥੪੪॥	ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਗੁਰੂ ਨੇ (ਜਿਸ ਨੂੰ ਨਾਮ—) ਅੰਮ੍ਰਿਤ ਪਿਲਾਇਆ ਹੈ (ਉਹੀ) ਰਸ ਵਿਚ ਰਸੀਆਂ ਹੋ ਹੋ ਕੇ ਖਿੜ ਜਾਂਦਾ ਹੈ, ਹੇ ਭਾਈ ! ॥੪॥੫॥੪੪॥

ਵਜਾਖਜਾ— ਇਸ ਸ਼ਬਦ ਦੇ ਅਰਥ ਲੱਛਣਾ ਬ੍ਰਿਤੀ ਕਰਕੇ ਲਗਦੇ ਹਨ, ਅਭਿਧਾ ਬ੍ਰਿਤੀ ਨਾਲ ਲਾਏ ਅਰਥਾਂ ਨਾਲ ਭਾਵ ਨਹੀਂ ਖੁੱਲ੍ਹਦੇ। ਲੱਛਣਾਂ ਬ੍ਰਿਤੀ ਕਰਕੇ ਦਾਨਿਆਂ ਦੇ ਅਰਥਾਂ ਵਿਚ ਕਈ ਥਾਂ ਕੁਛ ਕੁਛ ਫਰਕ ਪੈ ਜਾਂਦੇ ਹਨ, ਪਰ ਭਾਵ ਸਮੁੱਚੇ ਸ਼ਬਦ ਦਾ ਠੀਕ ਰਹਿੰਦਾ ਹੈ, ਜੋ ਇਹ ਹੈ ਕਿ ਗੁਰੂ ਦੇ ਦਿੱਤੇ ਨਾਮ ਨੇ ਅੰਮ੍ਰਿਤ ਰਸ ਦਾ ਰੂਪ ਲੈ ਕੇ, ਗਜਾਨ ਅਰੂੜ ਕਰਕੇ ਨੀਵੀਆਂ ਬ੍ਰਿਤੀਆਂ ਵਾਲੇ ਬੀ ਸਦ ਗਤੀ ਨੂੰ ਪਹੁੰਚਾ ਦਿਤੇ ਹਨ।

ਵਿਸ਼ੇਸ਼— ਅੰਕ ੧ ਦੇ ਅਰਥ ਅਨੂਯ ਕਰਕੇ ਲਾਏ ਹਨ, ਪਰੰਪਰਾ ਦੇ ਸੰਪ੍ਰਦਾਈ ਅਰਥ ਇਉਂ ਹੀ ਲਾਉਂਦੇ ਹਨ। ਜੇ ਸਿੱਧੇ ਅਰਥ ਜਿਵੇਂ ਪਦ ਪਏ ਹਨ ਲਾਈਏ ਤਾਂ ਬਣੇਗਾ (ਵਰਣਾਸ਼੍ਰਮ ਤੋਂ ਬਾਹਰ ਜੋ) ਨੀਚ ਚੰਡਾਲਣੀ ਸੀ, ਬ੍ਰਾਹਮਣੀ (ਸਭ ਤੋਂ ਉੱਤਮ ਜਾਤੀ ਵਾਲੀ) ਹੋ ਗਈ ਹੈ (ਜੋ ਵਰਣਾਸ਼੍ਰਮਤ ਵਿਚ ਸੀ ਪਰ ਸਭ ਤੋਂ ਨੀਵੀਂ ਜਾਤੀ) ਸ਼ੂਦਰ ਸੀ ਉਹ ਹੋਰ ਬੀ ਸ਼੍ਰੇਸ਼ਟ ਹੋ ਗਈ ਹੈ।

ਪਰ ਇਸ ਅਰਥ ਵਿਚ ਕੋਈ ਗੌਂਦ ਤੇ ਕਟਾਖਜ ਨਹੀਂ।

ਦੂਜੀ ਤੁਕ ਵਿਚੋਂ ਲਹਬਰ ਨੂੰ ਲਹ+ਬਰ ਸਮਝ ਕੇ ਪਰਮੇਸ਼ਰ ਰੂਪ ਪਤੀ ਨੂੰ ਲੈ ਕੇ 'ਅਰਥ ਲਾਉਂਦੇ ਹਨ। ਪਰ 'ਬੂਝੀ' ਪਦ ਲਹਬਰ ਦੇ ਅਰਥ ਨੂੰ ਅੱਗ ਵਲ ਝੁਕਾਉਂਦਾ ਹੈ। ਲਹਬਰ 'ਪਦ' ਲਹਬ' ਤੋਂ ਬਣਿਆਂ ਹੈ। ਅਰਬੀ ਵਿਚ 'ਲਹਬ' ਆਖਦੇ ਹਨ = 'ਅਗ ਦਾ ਸ਼ੁਅਲਾ'। 'ਲਹੀਬ' ਆਖਦੇ ਹਨ 'ਸ਼ੁਅਲੇ ਮਾਰਨ ਵਾਲੀ ਅੱਗ'।

ਅੰਕ ੨ ਵਿਚ 'ਬਿਨੁ ਜੜੀਏ' ਦਾ ਅਰਥ ਹੈ ਜਿਥੇ ਜੜਤ ਨਹੀਂ ਹੋਈ ਹੋਈ, ਅਰਥਾਤ ਹਿਰਦਾ ਜਿਸ ਨੇ ਸ਼ੁਭ ਗੁਣ ਧਾਰਨ ਨਹੀਂ ਕੀਤੇ ਹੋਏ। ਜਿਸ ਤਰ੍ਹਾਂ 'ਬਾਝੁ ਥੂਨੀਆ ਛਪਰਾ' ਵਾਕ ਆਇਆ ਹੈ

ਤਿਵੇਂ ਬਿਨੁ ਜੜੀਏਂ ਦਾ ਭਾਵ ਬੀ ਅਨਜੋੜ ਦਿਲ ਵਲ ਜਾਣਾ ਹੈ, ਸੋਨੇ ਦੀ ਜੜਤ ਕਰਨ ਵਾਲੇ ਜੜੀਏ ਵਲ ਨਹੀਂ। (ਅ) ਕਈ ਦਾਨੇ ਬਿਨੁ ਜੜੀਏ ਦੇ ਅਰਥ 'ਜੜਤ ਕਰਨ ਵਾਲੇ ਕਾਰੀਗਰ ਤੋਂ ਬਿਨਾਂ ਬੀ ਕਰ ਲੈਣ ਦਾ ਜਤਨ ਕਰਦੇ ਹਨ। ਭਾਵ ਇਹ ਕਿ ਖ਼ੁਦਬਖ਼ੁਦ ਸ਼ੁਭ ਗੁਣ ਆ ਗਏ। ਕਿੰਤੂ ਸ਼ਬਦ ਦੀ ਅਖੀਰਲੀ ਤੁਕ ਵਿਚ ਅਤੇ ਰਹਾਉ ਵਿਚ ਇਸ ਸਾਰੀ ਤਬਦੀਲੀ ਦਾ ਕਰਨੇਹਾਰ ਗੁਰੂ ਦੱਸਿਆ ਹੈ, ਸੋ ਸ਼ੁਭ ਗੁਣਾਂ ਦਾ ਹਿਰਦੇ ਵਿਚ ਜੜਨ ਵਾਲਾ ਬੀ ਉਹੀ ਹੈ, ਖ਼ੁਦ ਬਖ਼ੁਦ ਸ਼ੁਭ ਗੁਣ ਨਹੀਂ ਆਏ। (ੲ) ਕਈ ਦਾਨੇ ਜੜੀਏਂ ਦਾਅਰਥ ਬੰਧਨਾਂ ਤੋਂ ਬਿਨਾਂ ਲਾਕੇ ਜੜੀਏ ਨੂੰ ਗੁਰੂ ਦਾ ਵਿਸ਼ੇਸ਼ਣ ਲਾ ਲੈਂਦੇ ਹਨ, ਕਿ ਬੰਧਨ ਰਹਿਤ ਗੁਰੂ ਨੇ ਸ਼ੁਭ ਗੁਣਾਂ ਦੀ ਜੜਤ ਕਰ ਦਿਤੀ ਹੈ।

ਅੰਕ ੩ ਵਿਚ ਪਹਿਲੀ ਸਤਰ ਵਿਚ ਜੋ ਫਰਿਯਾਦੀ ਹੋ ਕੇ ਇਨਸਾਫ ਮੰਗਣ ਹਾਕਮਾਂ ਤੋਂ ਜਾਈਦਾ ਦੱਸਿਆ ਸੀ,ਦੂਸਰੀ ਸਤਰ ਉਸੇ ਦੀ ਲੜੀ ਵਿਚ ਸਹੀ ਹੁੰਦੀ ਹੈ ਕਿ ਗ਼ਾਲੀਚਿਆਂ ਉੱਤੇ ਜੋ ਹਾਕਮਾਂ ਦੀ ਸੂਰਤ ਵਿਚ ਹਕੂਮਤ ਰੂਪ ਧਾਰੀ ਹੋਈ ਬੈਠੀ ਦਿੱਸਦੀ ਸੀ ਤੇ ਜੋ 'ਫਰਿਆਦ ਰਸਾਂ ਨੂੰ ਅਖਾਂ ਕੱਢ ਕੱਢ ਡਰਾਉਂਦੀ ਤੇ ਝਿੜਕਦੀ ਦਿੱਸਦੀ ਸੀ ਹੁਣ ਇਕ ਮੁਰਦਾਰ ਪਈ ਹੋਈ ਦਿੱਸਦੀ ਹੈ, ਤੇ ਉਹਨਾਂ ਦਾ ਘੂਰ ਘੂਰ ਕੇ ਤੱਕਣਾ ਦੂਰ ਹੋ ਗਿਆ ਹੈ।

ਪਰ ਪੁਰਾਤਨ ਦਾਨੇ ਐਉਂ ਬੀ ਇਸ ਤੁਕ ਦੇ ਅਰਥ ਲਾਉਂਦੇ ਸਨ ਕਿ ਜੀਵ ਦੀ ਜੋ ਬੁੱਧੀ ਉਚ ਆਤਮ ਜੀਵਨ ਵਲੋਂ ਮੁਰਦੇ ਸਮਾਨ ਹੋ ਚੁਕੀ ਸੀ, ਉਹ ਹੁਣ (ਪਰਮੇਸ਼ੁਰ ਵਿਚ ਇਸਥਿਤੀ ਦੇ) ਗ਼ਾਲੀਚ ਉਤੇ (ਮਾਲਿ) ਹਰੀ ਧਨ ਵਿਚ ਮਾਲਾ ਮਾਲ ਹੋਈ ਬੈਠੀ ਹੈ। ਅਥਵਾ 'ਮਾਲਿ ਲੇਂ' = ਮੱਲ ਕੇ ਬੈਠੀ ਹੈ। ਉਸ ਦਾ ਨੈਣ ਦਿਖਾਵਾ ਦੂਰ ਹੋ ਗਿਆ ਹੈ। ਨੈਣ ਦਿਖਾਵਾ = ਦ੍ਰਿਸ਼ਟਮਾਨ ਵਲ ਤੱਕਣ, ਅਥਵਾ ਐਉਂ ਕਿ ਪਹਿਲੋਂ ਬੁੱਧੀ ਮਾਲ ਕੱਠੇ ਕਰਨ ਤੇ ਦੁਲੀਚੇ ਆਦਿ ਤੇ ਬੈਠਣ ਤੇ ਐਸ਼੍ਵਰਜ ਵਿਚ ਮਸਤ ਸੀ, ਹੁਣ ਉਸ ਖੇਡ ਨੂੰ ਮੁਰਦਿਹਾਨ ਸਮਝ ਗਈ ਹੈ;ਕਿਉਂਕਿ ਗੁਰੂ ਨੇ ਅਖਾਂ ਨਾਲ ਦਿਖਾ ਦੱਤਾ ਹੈ ਕਿ ਸੰਸਾਰ ਧਾਇਆ = ਭੱਜੀ ਜਾਂਦਾ ਹੈ, ਨਾਸ਼ਮਾਨ ਹੈ।

ਨਿਰੁਕ੍ਤ—**ਅਧਮ**—[ਸੰਸ:,] ਨੀਚ। ਨੀਵੀਂ। **ਚੰਡਾਲੀ**—[ਸੰਸ:, ਚਾਣ੍ਡਾਲੀ = ਪਤਿਤ ਜਾਤ ਦੀ ਇਸਤ੍ਰੀ] ਚੰਡਾਲਨੀ। ਇਹ ਜਾਤੀ ਵਰਣਾਸ਼੍ਰਮ ਤੋਂ ਬਾਹਰ ਹੈ। ਸ਼ੂਦਰਾਂ ਤੋਂ ਬੀ ਨੀਵੀਂ ਸਮਝੀ ਜਾਂਦੀ ਹੈ। ਬ੍ਰਾਹਮਣ, ਖਤ੍ਰੀ, ਵੈਸ਼, ਸ਼ੂਦਰ ਇਨ੍ਹਾਂ ਚੋਹਾਂ ਤੋ ਚੰਡਾਲ ਵੱਖਰਾ ਤੇ ਨੀਵਾਂ ਹੈ।

ਸੂਦੀ—[ਸੰਸ:,ਸ਼ੂਦ੍ਰੀ] ਸ਼ੂਦਰਨੀ। ਸ਼ੂਦਰ ਦੀ ਇਸਤ੍ਰੀ।

ਸਖਨੀ—ਖਾਲੀ। (ਅ) ਦੂਜੇ ਅਰਥ ਵੇਲੇ ਸਖਨੀਂ ਨੂੰ ਸਖਾ ਦਾ ਇਸਤ੍ਰੀ ਲਿੰਗ ਸਮਝ ਲੈਂਦੇ ਹਨ। ਸਖਾ ਦੀ ਇਸਤ੍ਰੀ, ਸਹੇਲੀ।

ਲਹਬਰ—[ਅ:, ਲਹਬ = ਅੱਗ ਦਾ ਸ਼ੁਅਲਾ। ਲਹੀਬ = ਸ਼ੋਅਲੇ ਮਾਰਨ ਵਾਲੀ ਅੱਗ] ਭੜਕਦੀ ਅੱਗ। **ਬਿਲਾਈ**—ਬਿੱਲੀ। **ਮੂਸਾ**—[ਸੰਸ:, ਮੂਖ਼ਕ:] ਚੂਹਾ।

ਅਜ—[ਸੰਸ:, ਅਜ:] ਬਕਰਾ। **ਕੇਹਿਰ**—[ਸੰ:, ਕੇਸਰੀ] ਸ਼ੇਰ।

ਤਿਨਹਿ—ਤ੍ਰਿਣ ਨੂੰ ਘਾਸ ਦੇ ਤੀਲਿਆਂ ਨੂੰ। ਥੂਨੀਆਂ-ਥੰਮ੍ਹੀਆਂ।

ਨੀਘਰਿਆ—ਜਿਸ ਦਾ ਘਰ ਨਾ ਹੋਵੇ।

ਬਿਨੁ ਜੜੀਏ—ਜੜਾਉ ਬਿਨਾ (ਦਿਲ)। ਇਸ ਪਦ ਦੀ ਵਿਚਾਰ ਵ੍ਯਾਖ੍ਯਾ ਵਿਚ ਆ ਚੁਕੀ ਹੈ।

ਦਾਦੀ—[ਫ਼ਾ: ਦਾਦ = ਇਨਸਾਫ। ਦਾਦੀ-ਨਿਆਂਇ ਇੱਛਕ] ਫਰਿਯਾਦੀ, ਪੁਕਾਰ ਕਰਨ ਵਾਲਾ। ਦਾਦਿ ਫਰਿਯਾਦ। **ਚੂਪੀ**-ਚੁਪ ਨਾਲ। ਸ਼ਾਂਤਿਮਯ ਬ੍ਰਿਤੀ ਨਾਲ।

ਨਿਰਨਉ ਨਿਰਨਾ, ਨਿਆਂ। **ਮਾਲਿ**-ਮਾਲ ਵਾਲੀ।

ਦੁਲੀਚਾ–[ਪੰ:,] ਗ਼ਾਲੀਚਾ, ਕਾਲੀਨ। ਮਿਰਤਕੁ-ਮੁਰਦਾ।
ਛਾਨ–ਲੁਕਿਆ। ਛੁਪਿਆ। ਅਮਿਉ-ਐਮ੍ਰਿਤ।
ਰਸ਼ਕਿ ਰਸਕਿ–ਰਸ ਮਾਣਨਹਾਰ ਹੋ ਹੋ ਕੇ।

[ਆਸਾ ਮਹਲਾ ੫, ਚਉਪਦਾ, ੪੫-੧੧੨]

ਪ੍ਰਾਕ੍ਥਨ– ਗੁਰੂ ਤੋਂ ਨਾਮ, ਨਾਮ ਤੇ ਗੁਣ ਗਾਯਨ ਤੋਂ ਪ੍ਰਭੂ ਦੀ ਲੋਕ ਪ੍ਰਲੋਕ ਰਖਜਾ।

ਮੂਲ	ਅਰਥ
ਆਸਾ ਮਹਲਾ ੫ ॥	
ਬੰਧਨ ਕਾਟਿ ਬਿਸਾਰੇ ਅਉਗਨ ਅਪਨਾ ਬਿਰਦੁ ਸਮੑਾਰਿਆ ॥ ਹੋਏ ਕ੍ਰਿਪਾਲ ਮਾਤ ਪਿਤ ਨਿਆਈ ਬਾਰਿਕ ਜਿਉ ਪ੍ਰਤਿਪਾਰਿਆ ॥੧॥ ਗੁਰਸਿਖ ਰਾਖੇ ਗੁਰ ਗੋਪਾਲਿ ॥ ਕਾਢਿ ਲੀਏ ਮਹਾ ਭਵਜਲ ਤੇ ਅਪਨੀ ਨਦਰਿ ਨਿਹਾਲਿ॥੧॥ਰਹਾਉ॥ ਜਾ ਕੈ ਸਿਮਰਣਿ ਜਮ ਤੇ ਛੁਟੀਐ ਹਲਤਿ ਪਲਤਿ ਸੁਖੁ ਪਾਈਐ ॥ ਸਾਸਿ ਗਿਰਾਸਿ ਜਪਹੁ ਜਪੁ ਰਸਨਾ ਨੀਤ ਨੀਤ ਗੁਣ ਗਾਈਐ ॥੨॥	(ਰਹਾਉ ਤੋਂ ਅਰਥ ਟੁਰਦਾ ਹੈ) ਗੋਪਾਲ (=ਪ੍ਰਭੂ ਰੂਪ) ਗੁਰੂ ਨੇ ਗੁਰਸਿਖ ਬਚਾ ਲਏ ਹਨ, (ਕਿਵੇਂ ? ਕੇਵਲ) ਅਪਣੀ ਮੇਹਰ ਦੀ ਨਜ਼ਰ ਨਾਲ ਬੜੇ ਭਾਰੇ ਡਰਾਉਣੇ (ਸੰਸਾਰ) ਸਾਗਰ ਤੋਂ (ਬਾਹਰ) ਕੱਢ ਲਏ ਹਨ॥੧॥ਰਹਾਉ॥ (ਹਾਂ, ਸਾਰੇ) ਔਗੁਣ (ਸਾਡੇ) ਭੁਲਾ ਦਿੱਤੇ (ਤੇ ਮੋਹ ਮਾਇਆ ਦੇ ਸਾਰੇ) ਬੰਧਨ ਕੱਟ ਦਿਤੇ। (ਐਸਾ ਕਰਨੇ ਵਿਚ ਕੇਵਲ) ਅਪਣਾ ਬਿਰਦ ਹੀ (ਗੁਰੂ ਨੇ) ਸੰਭਾਲਿਆ, (ਸਗੋਂ) ਮਾਤਾ ਪਿਤਾ ਵਾਂਙੂ ਕ੍ਰਿਪਾਲੂ ਹੋ ਗਏ ਤੇ ਬਾਲਕ ਵਾਂਙੂ ਪਾਲਿਆ॥੧॥ (ਗੁਰੂ ਨੇ ਸਾਨੂੰ ਵਾਹਿਗੁਰੂ ਦਾ ਨਾਮ ਸਿਮਰਨ ਲਈ ਦਿੱਤਾ ਸੀ, ਸੋ ਸੁਣੋ ਗੁਰੂ ਕੇ ਸਿਖੋ!) ਜਿਸ ਦੇ ਸਿਮਰਣ ਕਰਨ ਨਾਲ ਜਮ ਤੋਂ ਛੁੱਟ ਜਾਈਦਾ ਹੈ (ਅਤੇ) ਲੋਕ ਪ੍ਰਲੋਕ ਵਿਚ ਸੁਖ ਪਾਈਦਾ ਹੈ, ਰਸਨਾ ਨਾਲ ਉਸ ਦਾ ਜਪ ਹਰ ਸਾਸ ਲੈਂਦਿਆਂ ਤੇ ਹਰ ਗਿਰਾਸ ਖਾਂਦਿਆਂ ਜਪੋ (ਤੇ ਉਸ ਦੇ) ਗੁਣ ਸਦਾ ਸਦਾ ਗਾਉਂਦੇ ਰਹੀਓ॥੨॥
ਭਗਤਿ ਪ੍ਰੇਮ ਪਰਮ ਪਦੁ ਪਾਇਆ ਸਾਧਸੰਗਿ ਦੁਖ ਨਾਠੇ ॥ ਛਿਜੈ ਨ ਜਾਇ ਕਿਛੁ ਭਉ ਨ ਬਿਆਪੇ ਹਰਿ ਧਨੁ ਨਿਰਮਲੁ ਗਾਠੇ॥੩॥	(ਅਸੀ ਤੁਸਾਨੂੰ ਦੱਸਦੇ ਹਾਂ ਕਿ ਜਿਸ ਕਿਸੇ ਨੇ) ਸਾਧੂ (ਦਾ ਸੰਗ ਕੀਤਾ ਉਸ) ਸੰਗ ਨਾਲ (ਉਸ ਦੇ) ਦੁੱਖ ਭੱਜ ਗਏ ਤੇ ਪ੍ਰੇਮ ਭਗਤੀ ਕਰਕੇ (ਉਸ ਨੇ) ਪਰਮਪਦ (ਸਭ ਤੋਂ ਉੱਚਾ ਆਤਮਿਕ ਦਰਜਾ) ਪ੍ਰਾਪਤ ਕਰ ਲਿਆ। (ਜੀਉਂਦੇ ਜੀ ਜਿਸ ਦੀ) ਗੰਢ ਵਿਚ ਨਿਰਮਲ ਹਰੀ ਧਨ ਪੈ ਗਿਆ (ਉਸ ਦੀ ਗੰਢ ਵਿਚੋਂ ਇਹ ਸੱਚਾ ਧਨ ਕਦੇ) ਨਾ ਡਿਗਦਾ ਨਾ ਗੁਆਚਦਾ ਹੈ, ਨਾ (ਕਿਸੇ ਚੋਰ ਆਦਿ ਦਾ ਇਸ ਨੂੰ) ਭੈ ਵਾਪਰਦਾ ਹੈ॥੩॥
ਅੰਤਿ ਕਾਲ ਪ੍ਰਭ ਭਏ ਸਹਾਈ ਇਤ ਉਤ ਰਾਖਨਹਾਰੇ ॥ ਪ੍ਰਾਨ ਮੀਤ ਹੀਤ ਧਨੁ ਮੇਰੈ ਨਾਨਕ ਸਦ ਬਲਿਹਾਰੇ ॥੪॥੬॥੪੫॥	ਅੰਤ ਕਾਲ ਨੂੰ (ਉਹ) ਪ੍ਰਭੂ ਜੀ ਸਹਾਈ ਹੁੰਦੇ ਹਨ, ਹਾਂ, ਲੋਕ ਪ੍ਰਲੋਕ ਦੇ ਓਹੀ ਰੱਖਣਹਾਰ ਹਨ, (ਉਹੀ ਪ੍ਰਭੂ ਜੀ ਮੇਰੇ) ਪ੍ਰਾਣ ਹਨ, ਮ੍ਰਿਤ ਹਨ, ਹਿਤੂ ਹਨ, (ਉਹੀ ਮੇਰਾ) ਧਨ ਹਨ, ਨਾਨਕ (ਉਨ੍ਹਾਂ ਤੋਂ) ਸਦਾ ਸਦਕੇ ਹੈ॥੪॥੬॥੪੫॥

ਵਜਾਖਜਾ—ਰਹਾਉ ਦੇ ਅੰਤ ਤਕ ਗੁਰੂ ਦੀ ਮਹਿਮਾ ਹੈ, ਜਿਸ ਨੇ ਭੈ ਸਾਗਰ ਤੋਂ ਕੱਢ ਕੇ ਪਰਮ ਪਦ ਤੇ ਪੁਚਾਇਆ, ਕੇਵਲ ਆਪਣੀ ਮਿਹਰ ਦਾ ਸਦਕਾ। ਗੁਰੂ ਨੂੰ ਪ੍ਰਭੂ ਰੂਪ ਆਖਿਆ ਹੈ, ਕਿਉਂਕਿ ਉਸ ਦਾ ਮਨ, ਸਰੀਰ, ਆਪਾ ਪ੍ਰਭੂ ਨਾਲ ਪਰੀ ਪੂਰਨ ਲਖ ਰਹੇ ਹਨ।

ਅੰਕ ੨ ਵਿਚ ਉਪਦੇਸ਼ ਹੈ ਨਾਮ ਜਪਣੇ ਦਾ, ਜੋ ਦੇਕੇ ਗੁਰੂ ਨੇ ਰਖਜਾ ਕੀਤੀ ਸੀ।

ਅੰਕ ੩ ਵਿਚ ਨਾਮ ਅਰਾਧਨ ਨੂੰ ਪ੍ਰੇਮਾ ਭਗਤੀ ਦੱਸਿਆ, ਨਾਮ ਨੂੰ ਹਰੀ ਧਨ ਦੱਸਿਆ, ਇਸ ਨੂੰ-ਪ੍ਰਾਪਤ ਹੋ ਕੇ-ਨਾ ਬਿਨਸਦਾ ਦੱਸਿਆ, ਇਸ ਲੋਕ ਦਾ ਸੁਖਦਾਤਾ ਦੱਸਿਆ।

ਅੰਕ ੪ ਵਿਚ ਇਸੇ ਨੂੰ ਅੰਤ ਕਾਲ ਤੇ ਮੌਤ ਮਗਰੋਂ ਦਾ ਸਹਾਈ ਦੱਸਿਆ।

ਨਿਰਕ੍ਤ—ਸਮ੍ਾਰਿਆ—ਸੰਭਾਲਿਆ। **ਗੁਰ-ਗੋਪਾਲਿ**-ਗੋਪਾਲ ਰੂਪ ਗੁਰੂ ਨੇ।

ਹਲਤਿ ਪਲਤਿ ਲੋਕ ਪ੍ਰਲੋਕ। (ਦੇਖੋ ਪੰਨਾ ੧੭੯੪)।

ਨੀਤ ਨੀਤ-ਨਿੱਤ ਨਿੱਤ। **ਭਗਤਿ ਪ੍ਰੇਮ**-ਪ੍ਰੇਮਾ ਭਗਤੀ ਦੁਆਰਾ।

ਛਿਜੈ ਨ—ਫਟਦਾ ਨਹੀਂ, ਟੁੱਟਦਾ ਨਹੀਂ, ਡਿੱਗਦਾ ਨਹੀਂ।

ਗਾਠੇ—ਪੱਲੇ (ਰਹਿੰਦਾ ਹੈ)। **ਹੀਤ**—[ਸੰਸ:, ਹਿਤ:=ਮਿੱਤ੍ਰ, ਹਿਤੂ] ਹਿਤੂ, ਹਿਤ ਕਰਨ ਵਾਲਾ। ਪਿਆਰ ਕਰਨ ਵਾਲਾ।

[ਆਸਾ ਮਹਲਾ ੫, ਚਉਪਦਾ, ੪੬-੧੧੩]

ਮੂਲ	ਅਰਥ
ਆਸਾ ਮਹਲਾ ੫ ॥ ਜਾ ਤੂੰ ਸਾਹਿਬੁ ਤਾ ਭਉ ਕੇਹਾ ਹਉ ਤੁਧੁ ਬਿਨੁ ਕਿਸੁ ਸਾਲਾਹੀ ॥ ਏਕੁ ਤੂੰ ਤਾ ਸਭੁ ਕਿਛੁ ਹੈ ਮੈ ਤੁਧੁ ਬਿਨੁ ਦੂਜਾ ਨਾਹੀ ॥੧॥	(ਹੇ ਪ੍ਰਭੂ !) ਜਦ ਤੂੰ (ਮੇਰਾ) ਮਾਲਕ ਹੈਂ ਤਦ (ਮੈਨੂੰ ਹੋਰ ਕਿਸੇ ਦਾ)ਕੇਹਾ ਡਰ ਹੋਵੇ (ਭਾਵ ਕੋਈ ਡਰ ਨਹੀਂ, ਜਦ ਮਾਲਕ ਤੂੰ ਹੀ ਹੈਂ ਤਦ) ਮੈਂ ਸਿਫਤ ਸਲਾਹ ਬੀ ਤੇਰੇ ਤੋਂ ਬਿਨਾਂ ਕਿਸੇ (ਹੋਰ ਦੀ ਕਾਸ ਨੂੰ) ਕਰਾਂ। (ਜਦ) ਇਕ ਤੂੰ (ਮੇਰਾ) ਹੈਂ ਤਾਂ (ਮੇਰਾ) ਸਭ ਕੁਛ ਹੈ (ਤੇ) ਤੈਥੋਂ ਬਿਨਾਂ ਮੇਰਾ ਦੂਜਾ (ਹੋਰ) ਕੋਈ ਹੋਇਆ ਹੀ ਨਾ॥੧॥
ਬਾਬਾ ਬਿਖੁ ਦੇਖਿਆ ਸੰਸਾਰੁ ॥ ਰਖਿਆ ਕਰਹੁ ਗੁਸਾਈ ਮੇਰੇ ਮੈ ਨਾਮੁ ਤੇਰਾ ਆਧਾਰੁ ॥੧॥ ਰਹਾਉ ॥	ਹੇ ਪਿਤਾ! (ਮੈਂ ਇਸ) ਸੰਸਾਰ ਨੂੰ ਵਿਹੁ (ਰੂਪ) ਵੇਖਿਆ ਹੈ, ਹੇ ਮੇਰੇ ਮਾਲਕ ! (ਇਸ ਤੋਂ ਮੇਰੀ) ਰੱਖਜਾ ਕਰ, ਮੈਨੂੰ ਆਸਰਾ (ਕੇਵਲ) ਤੇਰੇ ਨਾਮ ਦਾ ਹੈ॥੧॥ਰਹਾਉ॥
ਜਾਣਹਿ ਬਿਰਥਾ ਸਭਾ ਮਨ ਕੀ ਹੋਰੁ ਕਿਸੁ ਪਹਿ ਆਖਿ ਸੁਣਾਈਐ ॥ ਵਿਣੁ ਨਾਵੈ ਸਭੁ ਜਗੁ ਬਉਰਾਇਆ ਨਾਮੁ ਮਿਲੈ ਸੁਖੁ ਪਾਈਐ ॥੨॥	(ਤੂੰ ਮੇਰੇ) ਮਨ ਦੀ ਸਾਰੀ ਪੀੜਾ ਨੂੰ ਜਾਣਦਾ ਹੈਂ; (ਫੇਰ) ਹੋਰ ਕਿਸੇ ਨੂੰ (ਅਪਣੀ ਪੀੜਾ ਕਿਉਂ) ਕਹਿ ਕੇ ਸੁਣਾਈਏ ? ਨਾਮ ਤੋਂ ਬਿਨਾ ਸਾਰਾ ਜਗਤ (ਸੁਖ ਲਈ) ਬਾਵਲਾ ਹੋਇਆ (ਫਿਰਦਾ) ਹੈ, (ਉਹ ਨਹੀਂ ਜਾਣਨਾ ਕਿ) ਨਾਮ ਮਿਲੇ ਤਾਂ ਹੀ ਸੁਖ ਪ੍ਰਾਪਤ ਹੁੰਦਾ ਹੈ॥੨॥
ਕਿਆ ਕਹੀਐ ਕਿਸੁ ਆਖਿ ਸੁਣਾਈਐ ਜਿ ਕਹਣਾ ਸੁ ਪ੍ਰਭ ਜੀ ਪਾਸਿ ॥ ਸਭੁ ਕਿਛੁ ਕੀਤਾ ਤੇਰਾ ਵਰਤੈ ਸਦਾ ਸਦਾ ਤੇਰੀ ਆਸ ॥੩॥	(ਕਿਸੇ ਨੂੰ)ਕੀਹ ਕਹੀਏ (ਤੇ) ਕਿਸ ਨੂੰ (ਕੁਛ) ਕਹਿ ਕੇ ਸੁਣਾਈਏ, (ਅਸਾਂ ਤਾਂ) ਜੋ ਕੁਛ ਕਹਿਣਾ ਹੈ ਪ੍ਰਭੂ ! (ਤੇਰੇ) ਪਾਸ ਹੀ ਕਹਿਣਾ ਹੈ (ਅਸੀ ਜਾਣਦੇ ਹਾਂ ਕਿ) ਸੱਭੋ ਕੁਛ ਤੇਰਾ ਕੀਤਾ ਹੀ ਵਰਤਦਾ ਹੈ (ਇਸ ਕਰਕੇ ਅਸਾਂ) ਸਦਾ ਸਦਾ ਤੇਰੇ ਤੇ ਹੀ ਆਸ (ਰਖੀ ਹੋਈ) ਹੈ॥੩॥

ਜੇ ਦੇਹਿ ਵਡਿਆਈ ਤਾ ਤੇਰੀ ਵਡਿਆਈ ਇਤ ਉਤ ਤੁਝਹਿ ਧਿਆਉ ॥ ਨਾਨਕ ਕੇ ਪ੍ਰਭ ਸਦਾ ਸੁਖਦਾਤੇ ਮੈ ਤਾਣੁ ਤੇਰਾ ਇਕੁ ਨਾਉ ॥੪॥੭॥੪੬॥	ਜੇ (ਤੂੰ ਮੈਨੂੰ) ਵਡਿਆਈ ਦੇਵੇਂਗਾ ਤਾਂ (ਉਸ ਵਿਚ) ਤੇਰੀ ਵਡਿਆਈ ਹੈ (ਕਿਉਂਕਿ ਮੈਂ ਤੇਰਾ ਜੁ ਹੋਇਆ ਸੋ ਮੈਂ ਤਾਂ) ਲੋਕ ਪ੍ਰਲੋਕ ਵਿਚ ਤੈਨੂੰ (ਹੀ) ਧਿਆਉਣਾ ਹੈ। ਹੇ ਨਾਨਕ ਦੇ ਸਦਾ ਸੁਖ ਦਾਤੇ ਪ੍ਰਭੂ ! ਮੈਨੂੰ (ਸਾਰਾ) ਤਾਣ (ਜੋ ਹੈ ਉਹ) ਇਕ (ਤੇਰਾ) ਨਾਮ (ਹੀ) ਹੈ॥੪॥੭॥੪੬॥

ਵਜਾਖਜਾ— ਅੰਕ ੧-ਆਪ ਨੂੰ ਦਾਸ ਤੇ ਪ੍ਰਭੂ ਨੂੰ ਮਾਲਕ ਦੱਸ ਕੇ ਅਨਿੰਨ ਦਾਸਾ ਭਾਵ ਦਾ ਮਾਣ ਕੀਤਾ ਹੈ: ਤੈਂ ਮਾਲਕ ਦੇ ਸਿਰ ਤੇ ਹੁੰਦਿਆਂ ਮੈਨੂੰ ਡਰ ਕੋਈ ਕਿਸੇ ਦਾ ਨਹੀਂ।

ਰਹਾਉ ਵਿਚ ਦੱਸਿਆ ਹੈ ਕਿ ਜਿਸ ਤੇ ਮੈਂ ਮਾਣ ਕੀਤਾ ਹੈ, ਕਿਉਂ ਕੀਤਾ ਹੈ। ਫੇਰ ਪੁੱਛੋ ਕਿ ਕਿਸ ਦੇ ਡਰ ਤੋਂ ਨਿਰਭੈਤਾ ਦੱਸੀ ਹੈ ਤਾਂ ਦੱਸਦੇ ਹਨ ਕਿ ਸੰਸਾਰ ਵਿਹੁ ਰੂਪ ਹੈ,ਇਸ ਤੋਂ ਡਰ ਲਗਦਾ ਹੈ ਤੇ ਰਖਜਾ ਦੀ ਲੋੜ ਹੈ ਅਤੇ ਅਰਦਾਸ ਕੀਤੀ ਹੈ ਰਖਜਾ ਲਈ। ਫੇਰ ਅੱਧੀ ਤੁਕ ਵਿਚ ਦੱਸਿਆ ਹੈ ਕਿ ਦਾਸਾ ਭਾਵ ਦਾ ਸੰਬੰਧ ਤੇ ਮਾਣ ਕਿਵੇਂ ਪਿਆ ਹੈ; ਉਹ ਹੈ ਇਹ ਕਿ ਨਾਮ ਨਾਲ ਦਾਸਾ ਭਾਵ ਦਾ ਸੰਬੰਧ ਪਿਆ ਹੈ ਤੇ ਨਾਮ ਆਧਾਰ ਬਣ ਜਾਣ ਕਰਕੇ ਤੇਰਾ ਮਾਣ ਪੈਦਾ ਹੋ ਆਇਆ ਹੈ।

ਅੰਕ ੨ ਵਿਚ ਦੱਸਿਆ ਹੈ ਕਿ ਜਗਤ ਸੁਖ ਦੀ ਟੋਲ ਵਿਚ ਬਾਵਲਾ ਹੋ ਰਿਹਾ ਹੈ, ਕਿਉਂਕਿ ਬਿਖ ਰੂਪੀ ਸੰਸਾਰ ਵਿਚ ਸੁਖ ਦੀ ਭਾਲ ਕਰਦਾ ਹੈ। ਬਿਖ ਖਾਧੇ ਬਉਰਾਪਨ ਆਉਂਦਾ ਤੇ ਅੰਤ ਮੌਤ ਹੁੰਦੀ ਹੈ। ਇਸ ਸੰਸਾਰ ਰੂਪੀ ਬਿਖ ਦਾ ਦਾਰੂ ਨਾਮ ਦੱਸਦੇ ਹਨ, ਜਿਸ ਨਾਲ ਮਾਯਾ ਮੋਹ ਦੀ ਵਿਹੁ ਝੜ ਜਾਂਦੀ ਹੈ ਤੇ ਸੁਖ ਹੋ ਜਾਂਦਾ ਹੈ। ਪਹਿਲੀ ਤੁਕ ਵਿਚ ਦੱਸਿਆ ਹੈ ਕਿ ਇਸ ਜਗਤ ਪੀੜਾ ਨੂੰ ਪ੍ਰਭੂ ਜਾਣਦਾ ਹੈ, ਸੋ ਉਸ ਪਾਸ ਬੇਨਤੀ ਕਰੋ ਕਿ ਓਹ ਨਾਮ ਦੇਵੇ ਤਾਂ ਵਿਸ ਝੜੇ।

ਅੰਕ ੩ ਵਿਚ ਇਹੋ ਗੱਲ ਚੱਲਦੀ ਹੈ ਕਿ ਸਭ ਕੁਝ ਪ੍ਰਭੂ ਨੂੰ ਕਹੋ, ਹੋਰ ਨਾਲ ਗੱਲ ਨਾ ਕਰੋ, ਕੋਈ ਪੀੜਾ ਹਰਨੇ ਨੂੰ ਸਮਰੱਥ ਨਹੀਂ, ਉਸੇ ਦਾ ਕੀਤਾ ਵਰਤਦਾ ਹੈ, ਉਹੋ ਸਮਰੱਥ ਹੈ, ਸੋ ਉਸੇ ਤੇ ਆਸ ਧਾਰਨੀ ਉਚਿਤ ਹੈ।

ਅੰਕ ੪-ਆਪਣੇ ਦੁਆਰਾ ਉਪਦੇਸ਼ ਕਰਦੇ ਹਨ ਕਿ ਜੇ ਪ੍ਰਭੂ ਆਪਣੇ ਸੇਵਕ ਨੂੰ ਵਡਿਆਈ ਦੇਵੇ ਤਾਂ ਸੇਵਕ ਵਡਿਆਈ ਪ੍ਰਭੂ ਦੀ ਸਮਝੇ। ਸੈਨਤ ਇਹ ਹੈ ਕਿ ਜੀਵ ਵਡਿਆਈ ਨੂੰ ਅਪਣੀ ਸਮਝ ਕੇ ਵਡਿਆਈ ਵਿਚ ਫਸ ਨਾ ਜਾਵੇ, ਐਸਾ ਕਰਨੇ ਤੇ ਫੇਰ ਮਾਯਾ ਪੈ ਜਾਵੇਗੀ ਤੇ ਹਉਂ ਸਿਰਪੱਟ ਖਲਵੇਗੀ। ਇਸ ਦਾ ਇਲਾਜ ਦੱਸਦੇ ਹਨ ਕਿ ਵਡਿਆਈ ਮਿਲਿਆਂ ਨਾਮ ਅਰਾਧਣਾ ਨਾ ਛੱਡੇ, ਨਾਮ ਧਿਆਂਵਦਾ ਰਹੇ, ਏਥੇ ਓਥੇ ਨਾਮ ਹੀ ਆਸਰਾ ਹੈ; ਨਾਲ ਅਰਦਾਸ ਕਰਦਾ ਰਹੋ ਕਿ ਹੇ ਪ੍ਰਭੂ ! ਮੈਨੂੰ ਤਾਣ ਤਕੀਆ ਤੇਰੇ ਨਾਮ ਦਾ ਰਹੇ, ਤੁਸੀਂ ਮੈਨੂੰ ਸਦਾ ਸੁਖ ਬਖ਼ਸ਼ਦੇ ਰਹੋ ਐਉਂ ਹੀ ਅਰਦਾਸ ਦੇ ਤੇ ਨਾਮ ਦੇ ਆਸਰੇ ਹਉਮੈ ਨਾ ਪਵੇਗੀ।

ਨਿਰੁਕ੍ਤ—**ਬਾਬਾ**—[ਫਾ:,] ਇਸ ਪਦ ਦਾ ਫ਼ਾਰਸੀ ਵਿਚ ਪਹਿਲਾ ਅਰਥ ਹੈ 'ਪਿਤਾ' ਏਥੇ ਪ੍ਰਭੂ ਨੂੰ ਪਿਤਾ ਕਰਕੇ ਸੰਬੋਧਨ ਕੀਤਾ ਹੈ ਤਾਂ ਬਾਬਾ ਕਿਹਾ ਹੈ।

ਬਿਖੁ—[ਸੰਸ:, ਵਿਖੰ] ਜ਼ਹਿਰ, ਵਿਹੁ।

ਬਿਰਥਾ—[ਸੰਸ:, ਵਜਥਾ] ਪੀੜਾ, ਦੁੱਖ।

ਬਉਰਾਇਆ—ਬਾਵਲਾ ਹੋਇਆ। ਸ਼ੁਦਾਈ ਹੋਇਆ।

ਇਤ ਉਤ—ਏਥੇ ਓਥੇ, ਭਾਵ ਲੋਕ ਪ੍ਰਲੋਕ।

[ਆਸਾ ਮਹਲਾ ੫, ਚਉਪਦਾ, ੪੭-੧੧੪]

ਪ੍ਰਾਕਥਨ—ਵਾਹਿਗੁਰੂ ਤੇ ਗੁਰੂ ਦੀ ਕ੍ਰਿਪਾ ਦੇ ਰਲਵੇਂ ਸ਼ੁਕਰਾਨੇ ਹਨ। ਮਾਨੋਂ ਦੁਇ ਸਨਮੁਖ ਦਰਸ਼ਨ ਦੇ ਰਹੇ ਹਨ, ਤੇ ਆਪ ਸ਼ੁਕਰ ਵਿਚ ਡੁੱਲ੍ਹ ਡੁੱਲ੍ਹ ਪੈ ਰਹੇ ਹਨ।

ਮੂਲ	ਅਰਥ
ਆਸਾ ਮਹਲਾ ੫ ॥ ਅੰਮ੍ਰਿਤੁ ਨਾਮੁ ਤੁਮ੍ਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ ॥ ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ ॥੧॥ ਦਰਸਨੁ ਪੇਖਤ ਮੈ ਜੀਓ ॥ ਸੁਨਿ ਕਰਿ ਬਚਨ ਤੁਮ੍ਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ॥੧॥ਰਹਾਉ॥	ਹੇ ਪ੍ਰਭੂ ! ਤੁਹਾਡਾ ਨਾਮ ਅੰਮ੍ਰਿਤ ਹੈ, ਏਹ ਮਹਾਨ ਰਸ ਦਾਸ ਨੇ ਪੀਤਾ ਹੈ, (ਜਿਸ ਦੇ ਪੀਣ ਕਰਕੇ) ਜਨਮ ਜਨਮ ਦੇ (ਕੀਤੇ) ਪਾਪ (ਤੇ ਉਹਨਾਂ ਤੋਂ ਉਪਜੇ) ਭਾਰੇ ਭੈ ਦੂਰ ਹੋ ਗਏ ਹਨ ਤੇ ਦ੍ਵੈਤ ਭਾਵ ਦਾ ਭਰਮ (ਬੀ) ਨਾਸ਼ ਹੋ ਗਿਆ ਹੈ॥੧॥ ਹੇ ਸਤਿਗੁਰ ! (ਤੁਹਾਡੇ) ਦਰਸ਼ਨ ਦੇਖਣ ਨਾਲ ਮੈਂ ਜੀਉਂ ਪਿਆ ਹਾਂ, ਤੇ ਤੁਹਾਡੇ ਬਚਨ ਸੁਣਕੇ ਮੇਰਾ ਤਨ ਮਨ ਸੀਤਲ ਹੋ ਗਿਆ ਹੈ॥੧॥ਰਹਾਉ॥
ਤੁਮ੍ਰੀ ਕ੍ਰਿਪਾ ਤੇ ਭਇਓ ਸਾਧਸੰਗੁ ਏਹੁ ਕਾਜੁ ਤੁਮ੍ ਆਪਿ ਕੀਓ ॥ ਦ੍ਰਿੜੁ ਕਰਿ ਚਰਣ ਗਹੇ ਪ੍ਰਭ ਤੁਮ੍ਰੇ ਸਹਜੇ ਬਿਖਿਆ ਭਈ ਖੀਓ ॥੨॥	ਹੇ ਪ੍ਰਭੂ ! ਤੁਸਾਡੀ ਕ੍ਰਿਪਾ ਨਾਲ ਸਾਧੂ ਦਾ ਸੰਗ ਪ੍ਰਾਪਤ ਹੋਇਆ ਸੀ, (ਹਾਂ) ਇਹ ਕੰਮ ਤੁਸਾਂ ਨੇ ਆਪ ਹੀ ਕੀਤਾ ਸੀ,(ਜਿਸ ਸੰਗ ਕਰਕੇ) ਤੁਹਾਡੇ ਚਰਣ (ਅਸਾਂ) ਦ੍ਰਿੜ ਕਰਕੇ (=ਪੱਕੀ ਤਰ੍ਹਾਂ) ਫੜ ਲਏ, (ਉਹਨਾਂ ਚਰਣਾਂ ਦੀ ਤੁਫੈਲ) ਜ਼ਹਰ ਰੂਪ (ਮਾਇਆ) ਸਹਿਜੇ ਹੀ ਨਸ਼ਟ ਹੋ ਗਈ॥੨॥
ਸੁਖ ਨਿਧਾਨ ਨਾਮੁ ਪ੍ਰਭ ਤੁਮਰਾ ਏਹੁ ਅਬਿਨਾਸੀ ਮੰਤ੍ਰੁ ਲੀਓ ॥ ਕਰਿ ਕਿਰਪਾ ਮੋਹਿ ਸਤਿਗੁਰਿ ਦੀਨਾ ਤਾਪੁ ਸੰਤਾਪੁ ਮੇਰਾ ਬੈਰੁ ਗੀਓ ॥੩॥	(ਇਹ ਸਾਰੀ ਪ੍ਰਾਪਤੀ ਤਾਂ ਹੋਈ ਜਦ ਮੈਂ ਪਹਿਲੋਂ) ਪ੍ਰਭੂ ਜੀਓ ਤੁਸਾਡਾ ਨਾਮ ਜੋ ਸੁਖਾਂ ਦਾ ਖ਼ਜ਼ਾਨਾ ਹੈ ਲੈ ਲਿਆ ਸੀ, (ਹਾਂ) ਇਹੋ (ਨਾਮ) ਅਵਿਨਾਸ਼ੀ ਮੰਤ੍ਰ* ਹੈ, (ਪ੍ਰਸ਼ਨ: ਇਹ ਨਾਮ ਤੁਸਾਂ ਕਿੱਥੋਂ ਲਿਆ ਸੀ? ਉੱਤਰ:) (ਇਹ ਨਾਮ) ਮੈਨੂੰ ਗੁਰੂ ਨੇ ਕਿਰਪਾ ਕਰਕੇ ਦਿੱਤਾ ਸੀ (ਜਿਸ ਨਾਲ) ਮੇਰਾ (ਸਰੀਰ ਦਾ) ਤਾਪ, (ਮਨ ਦਾ) ਸੰਤਾਪ (ਅਤੇ ਲੋਕਾਂ ਨਾਲ) ਵੈਰ ਦੂਰ ਹੋ ਗਿਆ॥੩॥
ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥ ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ ਨਾਨਕ ਨਾਮੁ ਅਧਾਰੁ ਹੀਓ ॥੪॥੮॥੪੭॥	(ਉਹ) ਮਨੁੱਖਾ ਦੇਹੀ ਪਾਈ ਹੋਈ ਧੰਨ ਹੈ ਜਿਸ (ਦੇਹੀ) ਵਿਚ ਪ੍ਰਭੂ ਨੇ (ਸਾਨੂੰ) ਅਪਣੇ ਨਾਲ ਮੇਲ ਲਿਆ। ਧੰਨ ਹੈ ਉਹ ਕਲਿਜੁਗ (ਜਿਸ ਵਿਚ) ਸਾਧੂ ਦੇ ਸੰਗ ਵਿਚ (ਬੈਠ ਕੇ) ਕੀਰਤਨ ਗਾਈਦਾ ਹੈ, (ਅਤੇ) ਹਿਰਦੇ ਦਾ ਆਧਾਰ ਨਾਮ(ਪ੍ਰਾਪਤ ਹੁੰਦਾ ਹੈ) ਹੇ ਨਾਨਕ ! ॥੪॥੮॥੪੭॥

ਵਾਖਯਾ— ਅੰਕ ੧ ਵਿਚ ਵਾਹਿਗੁਰੂ ਜੀ ਨੂੰ ਸੰਬੋਧਨ ਕਰਕੇ ਧੰਨਵਾਦ ਕੀਤਾ ਹੈ: ਰਹਾਉ ਵਿਚ ਸਤਿਗੁਰੂ ਦਾ ਧੰਨਵਾਦ ਹੈ।

*ਜੋ ਆਪ ਨਾਸ਼ ਰਹਿਤ ਹੈ ਤੇ ਨਾਸ਼ ਰਹਿਤ ਕਰ ਦੇਂਦਾ ਹੈ।

ਅੰਕ ੨ ਵਿਚ ਫੇਰ ਵਾਹਿਗੁਰੂ ਜੀ ਦੇ ਸ਼ੁਕਰਾਨੇ ਦਾ ਭਾਵ ਹੈ।

ਅੰਕ ੩ ਵਿਚ ਪ੍ਰਭੂ ਤੇ ਗੁਰੂ ਦੋਹਾਂ ਲਈ ਕ੍ਰਿਤੱਗਜਤਾ ਪ੍ਰਗਟ ਕੀਤੀ ਹੈ।

ਅੰਕ ੪ ਵਿਚ (ਸਾਧੂ=) ਗੁਰੂ ਦੇ ਸੰਗ, ਵਾਹਿਗੁਰੂ ਦੀ ਮੇਹਰ, ਕੀਰਤਨ ਨਾਮ ਲਈ ਮਹਿਮਾ ਦੇ ਵਾਕ ਹਨ। ਪਰ ਨਾਲ ਕਲਿਜੁਗ ਦੀ ਕੁਛ ਵਡਿਆਈ ਹੈ, ਕਿਉਂ ਜੋ ਕੀਰਤਨ ਤੇ ਨਾਮ ਦਾ ਉਧਾਰ ਹੋਣਾ ਕਲਿਜੁਗ ਦਾ ਧਰਮ ਹੈ। ਯਥਾ:-

ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ॥ [ਵਾਰ ਮਾਝ ਕੀ ਮਹਲਾ ੩-੧੬]

ਫਿਰ ਮਾਣਸ ਦੇਹੀ ਵਲ ਬੀ ਵਡਿਆਈ ਦੀ ਸੈਨਤ ਹੈ, ਜਿਸ ਵਿਚ ਆ ਕੇ ਕਲਜਾਣ ਪ੍ਰਾਪਤ ਹੁੰਦੀ ਹੈ। ਯਥਾ:- ਇਸ ਦੇਹੀ ਕਉ ਸਿਮਰਹਿ ਦੇਵ।। ਸੋ ਦੇਹੀ ਭਜੁ ਹਰਿ ਕੀ ਸੇਵ।।

[ਭੈਰਉ ਸ੍ਰੀ ਕਬੀਰ ਜੀ ੯]

ਨਿਰੁਕ੍ਤ— **ਜਨਹਿ**—ਜਨ ਨੇ, ਦਾਸ ਨੇ। ਭਾਵ ਹੈ ਮੈਂ ਦਾਸ ਨੇ।

ਭੈ ਭਾਰੇ—ਭਾਰੇ ਡਰ, ਜੋ ਫਲ ਸਨ ਪਾਪਾਂ ਤੇ ਦੁਰਤਾਂ ਦੇ।

ਦੂਰਤੁ—[ਸੰਸ:, ਦੁਰਿਤਮ੍=ਬੁਰਾ ਮਾਰਗ, ਦੁਸ਼ਟਤਾ, ਭਯ] ਪਾਪ।

ਭਰਮ ਬੀਓ—ਦੂਸਰਾ ਭਰਮ। ਭਾਵ ਦ੍ਵੈਤ ਭਾਵਨਾ ਦਾ ਭਰਮ। ਦ੍ਵੈਤ ਭਾਵ ਵਾਲਾ ਭਰਮ

ਠਾਰੁ—ਠੰਢਾ। ਬਿਖਿਆ-ਜ਼ਹਿਰ, ਮਾਇਆ। ਵਿਹੁ ਰੂਪ ਮਾਇਆ।

ਖੀਓ—[ਸੰਸ:, ਕ੍ਸ਼ੀਣ, ਕੁਸ਼ਯ] ਨਾਸ਼, ਖੀਨ ਹੋ ਗਈ।

ਸੁਖ ਨਿਧਾਨ—ਸੁਖਾਂ ਦਾ ਖ਼ਜ਼ਾਨਾ।

ਅਬਿਨਾਸੀ ਮੰਤ੍ਰ—[ਸੰਸ:,ਅਵਿਨਾਸ਼ੀ+ਮੰਤ੍ਰ:] ਜੋ ਮੰਤ੍ਰ ਨਾਸ਼ ਨ ਹੋਵੇ ਤੇ ਨਾਸ਼ ਰਹਿਤ ਕਰ ਦੇਵੇ

ਤਾਪੁ—ਸਰੀਰਕ ਤੱਪਸ਼, ਬਾਹਰ ਦਾ ਸਾੜਾ। (ਸੰਤਾਪੁ-ਅੰਦਰ ਦੀ ਜਲਨ)

ਗੀਓ—ਗਿਆ, ਕਾਫੀਏ ਵਾਸਤੇ ਲੰਮਾ ਕੀਤਾ ਹੈ।

ਆਧਾਰੁ ਹੀਓ—ਹਿਰਦੇ ਦਾ ਆਸਰਾ।

[ਆਸਾ ਮਹਲਾ ੫, ਚਉਪਦਾ, ੪੮-੧੧੫]

ਪ੍ਰਾਕ੍ਥਨ-ਆਤਮ ਉੱਚ ਅਵਸਥਾ ਤੇ ਮੁਕਤੀ ਪ੍ਰਾਪਤੀ ਤੇ ਪਾਰਬ੍ਰਹਮ ਦਾ ਸ਼ੁਕਰੀਆ ਗੁਰੂ ਦੀ ਮਿਹਰ ਦੀ ਕ੍ਰਿਤੱਗਜਤਾ ਉੱਤਮ ਪੁਰਖ਼ ਦੁਆਰਾ ਸਿਖਾਈ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਆਗੈ ਹੀ ਤੇ ਸਭੁ ਕਿਛੁ ਹੂਆ ਅਵਰ ਕਿ ਜਾਣੈ ਗਿਆਨਾ ॥ ਭੂਲ ਚੂਕ ਅਪਨਾ ਬਾਰਿਕੁ ਬਖਸਿਆ ਪਾਰਬ੍ਰਹਮ ਭਗਵਾਨਾ ॥੧॥	ਸੱਭੋ ਕੁਛ (ਜੋ ਵਰਤ ਰਿਹਾ ਹੈ) ਪਹਿਲੋਂ ਹੀ (ਸਾਂਈ ਵਲੋਂ ਨਿਯਤ ਹੋ ਚੁਕਾ) ਹੋਇਆ ਹੈ, ਹੋਰ ਗਿਆਨ (ਕੋਈ) ਕੀਹ ਜਾਣੇ। (ਦੇਖੋ) ਮੈਨੂੰ ਭੁੱਲੇ ਚੁੱਕੇ ਨੂੰ ਅਪਣਾ ਬੱਚਾ (ਜਾਣਕੇ) ਪਾਰਬ੍ਰਹਮ ਭਗਵਾਨ ਨੇ ਬਖ਼ਸ਼ ਲੀਤਾ ਹੈ॥੧॥
ਸਤਿਗੁਰੁ ਮੇਰਾ ਸਦਾ ਦਇਆਲਾ ਮੋਹਿ ਦੀਨ ਕਉ ਰਾਖਿ ਲੀਆ ॥ ਕਾਟਿਆ ਰੋਗੁ ਮਹਾ ਸੁਖੁ ਪਾਇਆ	(ਫੇਰ ਦੇਖੋ) ਮੇਰਾ ਸਤਿਗੁਰੂ ਸਦਾ ਦਿਆਲੂ ਹੈ; (ਜਿਸ ਨੇ ਮੈ ਗਰੀਬ ਨੂੰ ਰੱਖ ਲਿਆ ਹੈ, (ਜਿਸ ਨੇ) ਹਰੀ ਦਾ ਅੰਮ੍ਰਿਤ ਨਾਮ (ਮੇਰੇ) ਮੂੰਹ ਵਿਚ ਦਿੱਤਾ (ਜਿਸ ਨਾਲ ਸਗਲਾ) ਰੋਗ ਕੱਟ

ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ॥੧॥ਰਹਾਉ ॥	ਦਿੱਤਾ (ਤੇ ਮੈਂ) ਮਹਾਨ ਸੁਖ ਪਾ ਲਿਆ॥ ੧॥ ਰਹਾਉ॥
ਅਨਿਕ ਪਾਪ ਮੇਰੇ ਪਰਹਰਿਆ ਬੰਧਨ ਕਾਟੇ ਮੁਕਤ ਭਏ ॥ ਅੰਧ ਕੂਪ ਮਹਾ ਘੋਰ ਤੇ ਬਾਹ ਪਕਰਿ ਗੁਰਿ ਕਾਢਿ ਲੀਏ ॥੨॥	(ਹਾਂ ਉਸ ਨੇ) ਮੇਰੇ ਅਨੇਕਾਂ ਪਾਪ ਦੂਰ ਕਰ ਦਿਤੇ, (ਮੋਹ ਮਾਯਾ ਦੇ) ਬੰਧਨ ਕੱਟ ਦਿਤੇ (ਤੇ ਅਸੀਂ) ਮੁਕਤ ਹੋ ਗਏ। (ਸੰਸਾਰ ਰੂਪੀ) ਵਡੇ ਡਰਾਵਣੇ ਅੰਨ੍ਹੇ ਖੂਹ ਤੋਂ ਗੁਰੂ ਨੇ ਬਾਂਹ ਫੜ ਕੇ (ਅਸੀਂ) ਕੱਢ ਲੀਤੇ ਹਾਂ॥ ੨॥
ਨਿਰਭਉ ਭਏ ਸਗਲ ਭਉ ਮਿਟਿਆ ਰਾਖੇ ਰਾਖਨਹਾਰੇ ॥ ਐਸੀ ਦਾਤਿ ਤੇਰੀ ਪ੍ਰਭ ਮੇਰੇ ਕਾਰਜ ਸਗਲ ਸਵਾਰੇ ॥੩॥	(ਹੁਣ) ਭੈ ਤੋਂ ਰਹਿਤ ਹੋ ਗਏ ਹਾਂ ਸਮੁੱਚਾ ਹੀ ਡਰ ਦੂਰ ਹੋ ਗਿਆ ਹੈ, (ਹਾਂ) ਰਖਜਾ ਕਰਨ ਵਾਲੇ (ਗੁਰੂ ਨੇ) ਰਖ ਲਿਆ ਹੈ। ਹੇ ਪ੍ਰਭੂ ! ਤੇਰੀ ਦਾਤ ਮੇਰੇ ਤੇ ਐਸੀ (ਹੋਈ ਹੈ ਕਿ ਜਿਸ ਨੇ ਮੇਰੇ) ਸਾਰੇ ਕੰਮ ਸੰਵਾਰ ਦਿਤੇ ਹਨ॥ ੩॥
ਗੁਣ ਨਿਧਾਨ ਸਾਹਿਬ ਮਨਿ ਮੇਲਾ ॥ ਸਰਣਿ ਪਇਆ ਨਾਨਕ ਸੋੁਹੇਲਾ ॥੪॥੯॥੪੮॥	ਗੁਣਾਂ ਦੇ ਨਿਧਾਨ ਮਾਲਕ ਦਾ ਮਨ ਵਿਚ ਮੇਲ ਹੋ ਗਿਆ ਹੈ (ਹਾਂ) ਉਸ ਦੀ) ਸ਼ਰਣ ਪਿਆਂ (ਮੈਂ) ਸੁਖੀ ਹੋ ਗਿਆ ਹਾਂ (ਦੱਸਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ)॥ ੪॥ ੯॥ ੪੮॥

ਵਜਾਖਜਾ– ਸੁਗਮ ਹੈ। ਅੰਕ ੧ ਵਿਚ ਪਾਰਬ੍ਰਹਮ ਦੀ ਕ੍ਰਿਤੱਗਜਤਾ ਕਹੀ ਹੈ। ਅੰਕ ੨ ਤਕ ਫੇਰ ਗੁਰੂ ਦੀ ਮੇਹਰ ਦਰਸਾਈ ਹੈ।ਅੰਕ੨-੩ ਵਿਚ ਪ੍ਰਭੂ ਦੀ ਕ੍ਰਿਤੱਗਜਤਾ ਦੱਸੀ ਹੈ।

ਨਿਰੁਕ੍ਤ– ਗਿਆਨਾ-ਗਿਆਨ। **ਪਾਰਬ੍ਰਹਮ ਭਗਵਾਨਾ**—ਪੂਰਨ ਬ੍ਰਹਮ ਤੇ ਸਰਬ ਸ਼ਕਤੀਮਾਨ ਸਰਬ ਗੁਣ ਸੰਪੰਨ। **ਦੀਨ**—ਗਰੀਬ।

ਮਹਾ ਰੋਗੁ ਤੋਂ ਮੁਰਾਦ ਅਵਿਦਜਾ ਦਾ ਰੋਗ ਹੈ।

ਪਰਹਰਿਆ—ਦੂਰ ਕੀਤੇ। ਅੰਧ ਕੂਪ-ਅੰਨ੍ਹਾਂ ਖੂਹ।

ਮਹਾ ਘਰ—(ਸੰਸ:, ਮਹਾ (ਅਤਿਅੰਤ, ਬਹੁਤ)+ਘੋਰ=ਭਉ, ਡਰ) ਬਹੁਤ ਡਰਾਉਣਾ ਹੈ।

ਸੁਹੇਲਾ—ਸੁਖੀ। ਪਾਠ ਹੈ ਸੁਹਲਾ। ਹੋੜਾ ਮਾਤ੍ਰਾ ਪੂਰਨ ਕਰਨ ਵਾਸਤੇ ਲਾਇਆ ਹੈ।

[ਆਸਾ ਮਹਲਾ ੫, ਚਉਪਦਾ, ੪੯-੧੧੬]

ਪ੍ਰਾਕ੍ਥਨ– ਸਿਮਰਨ ਵਾਲੇ ਬੰਦਿਆਂ ਤੇ ਰੱਬ ਕ੍ਰਿਪਾਲ ਹੁੰਦਾ ਹੈ ਤੇ ਓਹ ਸੁਖੀ ਹੁੰਦੇ ਹਨ, ਤੇ ਸ਼ੋਭਾ ਕਰਦੇ ਹਨ ਲੋਕ। ਭੁੱਲ ਗਿਆਂ ਲੋਕ ਵੈਰੀ ਹੋ ਜਾਂਦੇ ਹਨ।

ਮੂਲ	ਅਰਥ
ਆਸਾ ਮਹਲਾ ੫ ॥ ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥ ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ ॥੧॥	ਹੇ ਸੱਚੇ, ਅਲਖ ਤੇ ਅਭੇਵ (ਪ੍ਰਭੂ) ! (ਜੇ) ਤੂੰ (ਸਾਨੂੰ) ਵਿਸਰ ਜਾਵੇਂ ਤਾਂ ਸਭ ਕੋਈ ਵੈਰੀ ਹੋ ਜਾਂਦਾ ਹੈ (ਤੇ ਜੇ ਤੂੰ ਸਾਨੂੰ) ਯਾਦ ਰਹਵੇਂਤਾਂ (ਸਭ ਕਿਸੇ ਤੋਂ) ਸੇਵਾ (ਪ੍ਰਾਪਤ ਹੁੰਦੀ) ਹੈ, (ਤੇ ਰੇ ਵਰਗਾ ਸੁਖਦਾਤਾ) ਹੋਰ ਕੋਈ ਦੂਸਰਾ ਨਜ਼ਰ ਨਹੀਂ ਆਉਂਦਾ॥ ੧॥

ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ ॥	ਹੇ ਸਦਾ ਦਿਆਲੂ ! ਜੇ ਤੂੰ ਯਾਦ ਰਹਵੇਂ ਤਾਂ ਲੋਕ ਵਿਚਾਰੇ ਕੀ ਚੀਜ਼ ਹਨ (ਜੋ ਕੋਈ ਖੇਚਲ ਦੇ ਸਕਣ, ਪਰ ਇਹਨਾਂ ਵਿਚੋਂ
ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਾਰੇ ॥੧॥ ਰਹਾਉ ॥	ਦੱਸੋ, ਕਿਸੇ ਨੂੰ (ਬੀ) ਬੁਰਾ ਭਲਾ ਕਿਉਂ ਆਖੀਏ (ਜਦ) ਸਾਰੇ ਜੀਵ ਹੀ ਆਪ ਦੇ ਹਨ॥ ੧ ॥ ਰਹਾਉ॥
ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥	(ਸਾਨੂੰ) ਤੇਰੀ ਓਟ ਹੈ, ਤੇਰਾ (ਹੀ) ਆਸਰਾ ਹੈ, (ਹਰ ਔਖੇ ਸਮੇਂ) ਤੂੰ (ਆਪਣਾ) ਹੱਥ ਦੇਕੇ ਰੱਖਜਾ ਕਰਦਾ ਹੈਂ। ਜਿਸ ਦਾਸ
ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ ॥੨॥	ਉੱਤੇ ਤੇਰੀ ਕਿਰਪਾ ਹੋਵੇ ਉਸ ਨੂੰ ਕੋਈ ਵਿਪਰਯੈ ਵਾਕ (ਬੇ ਅਦਬੀ ਦਾ ਬਚਨ) ਬੀ ਨਹੀਂ ਆਖ ਸਕਦਾ॥ ੨॥
ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥	(ਅਸਾਂ ਲਈ) ਓਹੋ ਸੁਖ ਹੈ ਓਹੋ ਵਡਿਆਈ ਹੈ ਜੋ ਹੇ ਪ੍ਰਭੂ ਜੀ (ਆਪ ਦੇ) ਮਨ ਨੂੰ ਭਾਉਂਦੀ ਹੈ। ਤੂੰ ਦਾਨਾ ਹੈਂ (ਸਭ ਕੁਛ
ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ ॥੩॥	ਜਾਣਦਾ ਹੈ) ਤੂੰ (ਅਸਾਂ ਤੇ) ਸਦਾ ਦਿਆਲੂ ਹੈਂ, (ਤੇਰਾ) ਨਾਮ ਮਿਲੇ ਤਾਂ (ਮੈਂ) ਆਨੰਦ ਮਾਣਦਾ ਹਾਂ॥ ੩॥
ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥	ਤੇਰੇ ਅਗੇ ਸਾਡੀ ਅਰਦਾਸ ਹੈ (ਕਿ ਸਾਡਾ) ਸਰੀਰ ਤੇ ਜੀਉ (ਤੇ ਹੋਰ) ਸਭੋ ਕੁਛ ਤੇਰਾ ਹੈ। ਆਖਦੇ ਹਨ (ਗੁਰੂ
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥੪॥੧੦॥੪੯॥	ਨਾਨਕ (ਦੇਵ ਜੀ ਕਿ ਜੋ ਵਡਿਆਈ ਸਾਡੀ ਹੋ ਰਹੀ ਹੈ ਇਹ ਸਾਰੀ ਤੇਰੀ ਵਡਿਆਈ ਹੈ, ਮੇਰਾ ਤਾਂ ਕੋਈ ਨਾਮ ਬੀ ਨਹੀਂ ਜਾਣਦਾ॥ ੪ ॥ ੧੦ ॥ ੯ ॥

ਵਜਾਖਜਾ— ਅੰਕ ੧ - ਵਾਹਿਗੁਰੂ ਜੀ ਨੂੰ ਮਨ ਬਾਣੀ ਦੀ ਲੱਖਤਾ ਤੋਂ ਪਰੇ ਤੇ ਭੇਤ ਪਾਏ ਜਾਣ ਤੋਂ ਪਰੇ ਭਾਵ ਅਗੰਮ ਕਹਿਕੇ ਸੰਬੋਧਨ ਕਰਦੇ ਹੋਏ ਕ੍ਰਿਤੱਗਜਤਾ ਦਾ ਭਾਵ ਪ੍ਰਗਟ ਕਰਦੇ ਹਨ ਕਿ ਤੇਰੀ ਯਾਦ ਵਿਚ ਸਾਰੇ ਸੇਵਾ ਕਰਦੇ ਹਨ, ਤੈਨੂੰ ਭੁੱਲਿਆਂ ਵੈਰੀ ਬਣ ਜਾਂਦੇ ਹਨ ਇਹ ਤੇਰੇ ਨਾਮ ਦੀ ਤਾਕਤ ਹੈ, ਐਸਾ ਹੋਰ ਕੋਈ ਨਹੀਂ ਜਿਸ ਵਿਚ ਇਤਨੀ ਸਮੱਰਥਾ ਹੋਵੇ ਕਿ ਉਸ ਦਾ ਨਾਮ ਸੁਖਾਂ ਦਾ ਦਾਤਾ ਹੋਵੇ।

ਰਹਾਉ ਵਿਚ ਉਹੋ ਗੱਲ ਹੋਰ ਤਰ੍ਹਾਂ ਫੁਰਮਾਉਂਦੇ ਹਨ ਕਿ ਲੋਕ ਤਾਂ ਬਪੁਰੇ ਹਨ, ਜਿਵੇਂ ਤੁਸੀ ਪ੍ਰੇਰ ਕਰਨਗੇ, ਜਦੋਂ ਤੁਸੀਂ ਸਾਡੇ ਚਿਤ ਵਿਚ ਹੋਵੋਗੇ ਤਾਂ ਏਹ ਵਿਚਾਰੇ ਸਾਡਾ ਬੁਰਾ ਕੀਹ ਕਰ ਸਕਦੇ ਹਨ।

ਅੰਕ ੨ ਵਿਚ ਫਿਰ ਪਰਤ ਕੇ ਨਾਮੀ ਪੁਰਖ ਤੇ ਕ੍ਰਿਪਾ ਦਾ ਫਲ ਦੱਸਦੇ ਹਨ ਕਿ ਉਸ ਨੂੰ ਤੇਰੀ ਟੇਕ ਤੇਰਾ ਆਸਰਾ ਹੁੰਦਾ ਹੈ, ਹੱਥ ਦੇ ਕੇ ਤੂੰ ਰਖਜਾ ਕਰਦਾ ਹੈਂ, ਸੋ ਜਿਸ ਉਤੇ ਤੇਰੀ ਕ੍ਰਿਪਾ ਹੋਵੇ ਉਸ ਨੂੰ ਦੁੱਖ ਦੇਣਾ ਤਾਂ ਕਿਤੇ ਰਿਹਾ ਕੋਈ ਵਿਪਰਯੈ ਵਾਕ ਬੀ ਨਹੀਂ ਆਖ ਸਕਦਾ, ਭਾਵ ਉਸ ਦੇ ਉਲਟ ਕੋਈ ਵਾਕ ਨਹੀਂ ਉਚਾਰ ਸਕਦਾ। ਇਸ ਵਾਕ ਦੇ ਪਰੰਪਰਾ ਤੋਂ ਇਕ ਹੋਰ ਅਰਥ ਬੀ ਕਰਦੇ ਆਏ ਹਨ ਕਿ ਉਸ ਨੂੰ ਕੋਈ ਵਿਪਦਾ ਖਾ ਨਹੀਂ ਸਕਦੀ। ਪ੍ਰੰਤੂ ਪ੍ਰਸੰਗ ਜੋ ਚੱਲ ਰਿਹਾ ਹੈ ਉਸ ਵਿਚ ਵੈਰ ਭਾਵ ਤੇ ਹੋਰ ਦੁੱਖ ਦੇਣ ਵਿਚ ਲੋਕਾਂ ਦੀ ਬੇਚਾਰਗੀ ਦੱਸ ਚੁਕੇ ਹਨ, ਹੁਣ ਉਸ ਤੋਂ ਵਡੇਰੀ ਗੱਲ ਦੱਸਕੇ ਖਜਾਲ ਓਚਜਾਈ ਵਿਚ ਲੈ ਜਾਂਦੇ ਹਨ ਕਿ ਉਸ ਨੂੰ ਕੋਈ ਓਇ ਬੀ ਨਹੀਂ ਕਹਿ ਸਕਦਾ, ਉਨ੍ਹਾਂ ਦੀ ਕਹੀ ਗੱਲ ਨੂੰ ਕੋਈ ਉਲਟਾ ਨਹੀਂ ਸਕਦਾ। ਇਸ ਲਈ ਇਹ ਅਰਥ ਵਧੇਰੇ ਲਾਵੰਨਤਾ ਵਾਲਾ ਹੈ।

ਅੰਕ ੩ ਵਿਚ ਪ੍ਰਭੂ ਨੂੰ ਜੋ ਕੁਛ ਭਾਵੇ ਤੇ ਜੋ ਕੁਛ ਉਹ ਦੇਵੇ ਉਸ ਨੂੰ ਸੁਖ ਤੇ ਵਡਿਆਈ ਮੰਨਦੇ ਹੋਏ ਆਪਣੀ ਮੰਗ ਬੀ ਦੱਸਦੇ ਹਨ ਉਹ ਹੈ ਨਾਮ। ਮੰਗ ਕੇਵਲ ਨਾਮ ਦੀ ਕਰਦੇ ਹਨ, ਸਾਰੇ ਫ਼ਲ ਇਸੇ ਨੂੰ ਲਗਦੇ ਹਨ, ਇਸ ਦੇ ਨਾਲ ਜੋ ਮਨ ਭਾਵੀ ਵਡਿਆਈ ਬਖ਼ਸ਼ੇਂ ਮੇਹਰ ਹੈ ਕਟਾਖਜ ਵਿਚ ਇਹ ਹੈ ਕਿ ਸੁਖ ਤੇ ਵਡਿਆਈ ਪਾ ਕੇ ਮਨ ਰਜੋ ਗੁਣੀ ਹੋਕੇ ਨਾਮ ਦੇ ਰੰਗ ਰਸ ਨੂੰ ਭੁੱਲਦਾ ਹੈ

ਇਸ ਕਰਕੇ ਸ਼ੋਭਾ ਆਦਿ ਦੇ ਆਇਆਂ ਨਾਮ ਤੇ ਗ਼ਾਫ਼ਲ ਨਹੀ ਹੋਣਾ ਤੇ ਮੰਗ-ਅਰਦਾਸ-ਜਾਰੀ ਰੱਖਣੀ ਹੈ।

ਅੰਕ ੪ ਵਿਚ ਹਉ ਅਤੀਤਤਾ ਤੇ ਰਜ਼ਾ ਵਿਚ ਕ੍ਰਿਤੱਗਜਤਾ ਦਾ ਭਾਵ ਦਿਖਾ ਰਹੇ ਹਨ। ਸਾਡਾ ਤਨ ਮਨ ਸਭੋ ਕੁਛ ਤੁਹਾਡਾ ਹੈ, ਇਸ ਵਿਚ ਆਪਾ ਤੇ ਆਪਣਾ ਭਾਵ ਹਉਂ ਵਾਲਾ ਸਮਾਪਤ ਹੈ, ਤੇ ਆਪਣੀ ਵਡਿਆਈ ਨੂੰ ਉਸ ਦੀ ਸਮਝ ਕੇ ਸਖੀ ਰਹਿਣਾ ਰਜ਼ਾ ਦੇ ਟਿਕਾਉ ਹੈ। 'ਕੋਈ ਨਾਉ ਨ ਜਾਣੈ ਮੇਰਾ' ਕਹਿਣ ਵਿਚ ਨਿਮ੍ਰਤਾ ਹੈ, ਜਿਸ ਵਿਚ ਫੇਰ ਹਉਂ ਅਭਾਵਤਾ ਸੂਚਿਤ ਹੋ ਰਹੀ ਹੈ।

ਨਿਰੁਕ੍ਤ— **ਲਾਗੂ**—[ਸੰਸ:, ਧਾਤੂ-ਲਗ = ਛੁਹਣਾ] ਨੇੜੇ ਹੋਣਾ, ਪਿੱਛਾ ਕਰਨਾ। ਪੰਜਾਬੀ, ਲਾਗੂ = ਲਾਗੇ ਯਾ ਨੇੜੇ ਆਉਣ ਵਾਲਾ, ਪਰ ਮੁਹਾਵਰੇ ਵਿਚ ਲਾਗੂ ਦੇ ਅਰਥ ਹਨ ਵੈਰੀ, ਜੋ ਦੁਖ ਦੇਣ ਲਈ ਪਿੱਛਾ ਨਹੀਂ ਛੋੜਦਾ, ਮਗਰ ਲੱਗਾ ਰਹਿੰਦਾ ਹੈ।

ਅਲਖ ਅਭੇਵਾ—ਅਰਥ ਵਯਾਖਯਾ ਵਿਚ ਆ ਚੁਕੇ ਹਨ।

ਦਇਆਲਾ—ਹੇ ਦਿਆਲੂ ! (ਅ) 'ਤਾਂ' ਨੂੰ ਜੇ ਅਨਵਯ ਕਰਕੇ ਲੋਗਨ ਨਾਲ ਨਾ ਲਾਈਏ ਤਾਂ ਅਰਥ ਬਣਦੇ ਹਨ—ਜੇ ਤੂੰ ਸਾਨੂੰ ਯਾਦ ਰਹੇਂ ਤਾਂ ਤੂੰ ਸਦਾ ਦਿਆਲ ਰਹਿੰਦਾ ਹੈਂ, ਫੇਰ ਲੋਕ ਬਪੁੜੇ ਹਨ।

ਅਧਾਰਾ—ਆਸਰਾ। **ਬਿਪੁ**—[ਸੰਸ:, ਵਿਪਰ੍ਯਯ: = ਵਿਰੋਧਤਾ:, ਉਲਟ] ਵਿਪਰਯੈ ਦਾ ਸੰਖੇਪ ਬਿਪ ਸਮਝਕੇ ਅਰਥ ਕੀਤੇ ਜਾਂਦੇ ਹਨ: ਉਲਟ ਵਾਕ। ਬੇਅਦਬੀ ਦੇ ਵਾਕ (ਅ) ਪੁਰਾਤਨ ਦਾਨੇ ਐਉਂ ਬੀ ਲਿਖਦੇ ਹਨ:-ਬਿਪੁ = ਵਿਪਦਾ।

ਭਾਖੈ—ਭਖਦੀ ਹੈ, ਖਾਂਦੀ ਹੈ। ਵਿਚਾਰ ਉੱਪਰ ਆ ਚੁਕੀ ਹੈ।

ਰੰਗੁ ਮਾਣੀ—ਅਨੰਦ ਮਾਣਦਾ ਹਾਂ।

[ਆਸਾ ਮਹਲਾ ੫, ਚਉਪਦਾ, ੫੦-੧੧੭]

ਪ੍ਰਾਕ੍ਥਨ-ਆਪਣੇ ਦੁਆਰਾ ਸਾਧ ਸੰਗ ਤੇ ਨਾਮ ਦਾ ਫਲ ਦੱਸਿਆ-ਮੁਕਤੀ ਦੀ ਪ੍ਰਾਪਤੀ।

ਮੂਲ	ਅਰਥ
ਆਸਾ ਮਹਲਾ ੫ ॥	
ਕਰਿ ਕਿਰਪਾ ਪ੍ਰਭ ਅੰਤਰਜਾਮੀ ਸਾਧਸੰਗਿ ਹਰਿ ਪਾਈਐ ॥ ਖੋਲਿ ਕਿਵਾਰ ਦਿਖਾਲੇ ਦਰਸਨੁ ਪੁਨਰਪਿ ਜਨਮਿ ਨ ਆਈਐ ॥੧॥	ਅੰਦਰ ਬੈਠਾ ਪ੍ਰੇਰਕ ਪ੍ਰਭੂ ਕ੍ਰਿਪਾ ਕਰਦਾ ਹੈ (ਤਦ) ਸਾਧੂ ਸੰਗ ਦੁਆਰਾ ਹਰੀ ਪਾਈਦਾ ਹੈ। [ਕਿਵੇਂ ? ਉੱਤਰ:] (ਓਹ ਆਸਾ ਅੰਦੇਸੇ* ਦੇ) ਤਖ਼ਤੇ ਖੋਹਲ ਕੇ (ਅਪਣਾ) ਦਰਸ਼ਨ ਦਿਖਾਲ ਦੇਂਦਾ ਹੈ, ਫੇਰ ਮੁੜਕੇ ਜਨਮ ਵਿਚ ਨਹੀਂ ਆਈਦਾ॥੧॥
ਮਿਲਉ ਪਰੀਤਮ ਸੁਆਮੀ ਅਪੁਨੇ ਸਗਲੇ ਦੂਖ ਹਰਉ ਰੇ ॥ ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ ਤਾ ਕੈ ਸੰਗਿ ਤਰਉ ਰੇ ॥੧॥ ਰਹਾਉ॥	(ਤਾਂ ਤੇ) ਹੇ ਭਾਈ ! ਜਿਨ੍ਹਾਂ (ਸਾਧੂ ਜਨਾਂ) ਨੇ ਪਾਰਬ੍ਰਹਮ ਨੂੰ (ਅਪਣੇ)। ਹਿਰਦੇ ਵਿਚ ਅਰਾਧਿਆ ਹੈ ਉਹਨਾਂ ਦੇ ਸੰਗ ਵਿਚ (ਮਿਲ ਕੇ ਭਵ ਸਾਗਰ ਨੂੰ) ਤਰ ਲਵਾ। (ਐਉਂ) ਅਪਣੇ ਪਜਾਰੇ ਮਾਲਕ ਨੂੰ ਮਿਲ ਪਵਾਂ (ਤੇ ਬਿਰਹ ਆਦਿਕ ਦੇ) ਸਾਰੇ ਦੁਖ ਦੂਰ ਕਰ ਲਵਾਂ, ਹੇ ਭਾਈ ! ॥੧॥ ਰਹਾਉ॥
ਮਹਾ ਉਦਿਆਨ ਪਾਵਕ ਸਾਗਰ ਭਏ ਹਰਖ ਸੋਗ ਮਹਿ ਬਸਨਾ ॥	(ਸੰਸਾਰੀ ਜੀਵਾਂ ਲਈ) ਬੜੀ ਉਜਾੜ ਕਿ ਅਗ ਦਾ ਸਮੁੰਦਰ ਹੋ ਜਾਂਦੇ ਹਨ (ਇਹ ਜੋ) ਹਰਖ ਸੋਗ ਵਿਚ ਵੱਸਣਾ ਹੁੰਦਾ ਹੈ।

*ਆਸਾ ਅੰਦੇਸਾ ਦੁਇ ਪਟ ਜੜੇ। [ਰਾਮਕਲੀ ਮਹਲਾ ੧—੩]

ਸਤਿਗੁਰੁ ਭੇਟਿ ਭਇਆ ਮਨੁ ਨਿਰਮਲੁ ਜਪਿ ਅੰਮ੍ਰਿਤੁ ਹਰਿ ਰਸਨਾ ॥੨॥	(ਪਰ) ਸਤਿਗੁਰੂ ਨੂੰ ਮਿਲਕੇ ਮਨ ਨਿਰਮਲ ਹੋ ਜਾਂਦਾ ਹੈ (ਕਿਵੇਂ ? ਉੱਤਰ:) ਹਰੀ (ਦਾ ਨਾਮ ਜੋ) ਅੰਮ੍ਰਿਤ ਹੈ ਰਸਨਾ ਨਾਲ ਜਪ ਜਪ ਕੇ॥੨॥
ਤਨੁ ਧਨੁ ਥਾਪਿ ਕੀਓ ਸਭੁ ਅਪਨਾ ਕੋਮਲ ਬੰਧਨ ਬਾਂਧਿਆ ॥ ਗੁਰ ਪਰਸਾਦਿ ਭਏ ਜਨ ਮੁਕਤੇ ਹਰਿ ਹਰਿ ਨਾਮੁ ਅਰਾਧਿਆ ॥੩॥	(ਜੀਵ ਨੇ) ਤਨ ਤੇ ਧਨ (ਤੇ ਹੋਰ) ਸਭ ਕੁਛ ਨੂੰ (ਜੋ) ਅਪਣਾ ਫ਼ਰਜ਼ ਕਰ ਰਖਿਆ ਹੈ, (ਇਹ ਮੋਹ ਰੂਪੀ) ਸੂਖਮ ਬੰਧਨ ਹੈ, (ਇਸ ਨੇ ਇਸ ਨੂੰ) ਬੰਨ੍ਹ ਰਖਿਆ ਹੈ। (ਇਸ ਸੂਖਮ ਬੰਧਨ ਤੋਂ) ਗੁਰੂ ਦੀ ਕ੍ਰਿਪਾ ਨਾਲ (ਓਹ) ਪੁਰਖ ਮੁਕਤ ਹੋਏ ਹਨ (ਜਿਨ੍ਹਾਂ ਨੇ) ਹਰਿ ਹਰਿ ਦਾ ਨਾਮ ਸਿਮਰਿਆ ਹੈ॥੩॥
ਰਾਖਿ ਲੀਏ ਪ੍ਰਭਿ ਰਾਖਨਹਾਰੈ ਜੋ ਪ੍ਰਭ ਅਪੁਨੇ ਭਾਣੇ ॥ ਜੀਉ ਪਿੰਡੁ ਸਭੁ ਤੁਮ੍ਰਾ ਦਾਤੇ ਨਾਨਕ ਸਦ ਕੁਰਬਾਣੇ ॥੪॥੧੧॥੫੦॥	(ਐਦਾਂ ਦੇ) ਜੋ (ਬੰਦੇ) ਅਪਣੇ ਪ੍ਰਭੂ ਨੂੰ ਭਾ ਗਏ ਹਨ ਤਿਹ ਰਖਯਾ ਕਰਨੇ ਵਾਲੇ ਪ੍ਰਭੂ ਨੇ (ਸਭ ਬੰਧਨਾਂ ਤੋਂ) ਬਚਾ ਲਏ ਹਨ। (ਅਰਦਾਸ ਕਰਦੇ ਹਨ ਗੁਰੂ) ਨਾਨਕ ਹੇ ਦਾਤਾ! (ਮੈਂ ਤੈਥੋਂ) ਸਦਾ ਸਦਕੇ ਹਾਂ (ਇਹ ਮੇਰੀ) ਜਿੰਦ ਤੇ ਸਰੀਰ ਸਭ ਕੁਛ ਆਪ ਦਾ ਹੈ (ਭਾਵ ਮੇਰਾ ਕੁਛ ਨਹੀਂ)॥੪॥੧੧॥੫੦॥

ਵਯਾਖਯਾ—ਅੰਕ੧- ਪ੍ਰਭੂ ਦੀ ਕ੍ਰਿਪਾ ਸਾਧੂ ਦਾ ਸੰਗ ਮੇਲਦੀ ਹੈ, ਸਾਧੂ ਸੰਗ ਦੁਆਰਾ ਪਰਮੇਸ਼ੁਰ ਮਿਲਦਾ ਹੈ। ਪ੍ਰਭੂ ਵਯਾਪਕ ਹੈ, ਸਾਰੇ ਹੈ ਪਰ ਸਰੀਰ ਦੇ ਅੰਦਰ ਬੀ ਹੈ, ਇਸ ਕਰਕੇ ਉਸ ਨੂੰ ਅੰਤਰਜਾਮੀ ਕਿਹਾ ਹੈ। ਅੰਦਰ ਜੋ ਸਥਿਤ ਹੋਵੇ ਤੇ ਪ੍ਰੇਰਨਾ ਕਰੇ ਉਹ ਹੁੰਦਾ ਹੈ ਅੰਤਰਯਾਮੀ। ਉਸੇ ਨੂੰ ਪ੍ਰਭੂ ਕਿਹਾ ਹੈ, ਭਾਵ ਉਹ ਪ੍ਰਭੂ ਜੋ ਅੰਦਰ ਬੈਠਾ ਹੈ ਤੇ ਪ੍ਰੇਰਕ ਹੈ। ਸੋ ਸਾਧੂ ਸੰਗ ਦੁਆਰਾ ਜਦ ਪ੍ਰਭੂ ਮਿਲ ਪੈਂਦਾ ਹੈ ਤਾਂ ਜਨਮ ਮਰਣ ਮਿਟ ਜਾਂਦਾ ਹੈ, ਉਸ ਪ੍ਰਭੂ ਦੇ ਚਰਨਾਂ ਵਿਚ ਨਿਵਾਸ ਹੋ ਜਾਂਦਾ ਹੈ। ਸੋ ਰਹਾਉ ਵਿਚ ਉਸ ਨੂੰ ਦੁਖ ਹਰਤਾ ਕਿਹਾ ਹੈ। ਇਹ ਜੋ ਦੁੱਖਾਂ ਦੀ ਨੈ ਨੂੰ, ਭਵ ਸਾਗਰ ਨੂੰ, ਤਰਨਾ ਹੈ, ਇਹ ਦੱਸਿਆ ਕਿ ਪ੍ਰਭੂ ਦੀ ਅਰਾਧਨਾ ਕਰਨੇ ਵਾਲੇ ਦੇ ਸਤਿਸੰਗ ਦੁਆਰਾ ਨਸੀਬ ਹੁੰਦਾ ਹੈ

ਅੰਕ ੨ ਵਿਚ ਦੁਖ ਦਾ ਕੁਛ ਰੂਪ ਦਰਸਾਇਆ ਹੈ ਕਿ ਸੰਸਾਰੀ ਲੋਕ ਜੋ ਹਰਖ ਸੋਗ ਵਿਚ ਦਿਨ ਕੱਟਦੇ ਹਨ, ਇਹ ਮਾਨੋ ਇਕ ਉਜਾੜ ਦਾ ਵਾਸਾ ਹੈ, ਯਾ ਅੱਗ ਦੇ ਸਾਗਰ ਦਾ ਸਾਮ੍ਹਣਾ ਕਰਨਾ ਹੈ। ਉਜਾੜ ਇਸ ਲਈ ਕਿਹਾ ਕਿ ਹਰ ਜੀਵ ਇਕੱਲਾ ਹੈ, ਕੋਈ ਕਿਸੇ ਦਾ ਨਹੀਂ,ਜਦੋਂ ਜੀਵ ਫੁੱਲ ਫੁੱਲ ਬਹਿੰਦਾ ਹੈ ਤਦੋਂ ਉਸ ਨੂੰ ਪਤਾ ਨਹੀਂ ਹੁੰਦਾ ਕਿ ਵਿਪਦਾ ਪਏ ਤੇ ਕੋਈ ਮੇਰਾ ਨਹੀ, ਮੈਂ ਉਸ ਵੇਲੇ ਆਪ ਨੂੰ ਇਕ ਉਜਾੜ ਵਿਚ ਪ੍ਰਤੀਤ ਕਰਾਂਗਾ। ਫਿਰ ਜਦ ਸੇਕ ਦਾ ਸਮਾਂ ਆਉਂਦਾ ਹੈ ਤਦ ਮਨ ਸੜਦਾ ਹੈ ਜਿਵੇਂ ਅੱਗ ਵਿਚ ਵਾਸਾ ਹੋ ਗਿਆ ਹੈ। ਇਸ ਅਗਨ ਸਾਗਰ ਵਿਚੋਂ ਤੇ ਉਜਾੜ ਵਿਚੋਂ ਕਿਵੇਂ ਨਿਕਲੀਏ? ਇਸੇ ਪ੍ਰਸ਼ਨ ਦੇ ਉੱਤਰ ਵਿਚ ਦੱਸਿਆ ਕਿ ਸਤਿਗੁਰੂ ਨੂੰ ਮਿਲੋ, ਰਸਨਾ ਨਾਲ ਨਾਮ ਜਪੋ, ਮਨ ਹੋ ਜਾਏਗਾ ਹਰਖ ਸੋਗ ਤੋਂ ਨਿਰਮਲ। ਨਿਰਮਲ ਮਨ ਹੋਯਾ ਆਤਮ ਸਰੂਪ ਹੋ ਜਾਂਦਾ ਹੈ।

ਅੰਕ ੩ ਵਿਚ ਸੰਸਾਰੀ ਜੀਵਾਂ ਦੀ ਦਸ਼ਾ ਹੋਰਵੇਂ ਦਰਸਾਈ ਕਿ ਏਹ ਮਾਨੋਂ ਬੰਧੂ (ਕੈਦੀ) ਹਨ, ਤੇ ਬੰਧਨ ਆਪਣਾ ਪਾਇਆ ਹੋਇਆ ਹੈ। ਉਹ ਕੀ ਹੈ ? ਇਕ ਸੂਖਮ ਰੱਸੀ ਹੈ ਜੋ ਆਪ ਹੀ ਵੱਟੀ ਹੈ, ਉਹ ਆਤਮਾ ਨੂੰ ਬੰਨ੍ਹੀ ਰਖਦੀ ਹੈ, ਉਹ ਤਨ ਤੇ ਧਨ ਤੇ ਹੋਰ ਸਭ ਕੁਝ ਨੂੰ ਆਪਣਾ ਸਮਝਣਾ, ਇਹ ਅਪਣੱਤ ਸੂਖਮ ਬੰਧਨ ਹੈ। ਇਸ ਬੰਧਨ ਤੋਂ ਬੀ ਗੁਰੂ ਦੀ ਮਿਹਰ ਤੇ ਉਸ ਦਾ ਬਖਸ਼ਿਆ ਨਾਮ ਹੀ ਮੁਕਤ ਕਰਦਾ ਹੈ ਛੁਟਕਾਰਾ ਬਖਸ਼ਦਾ ਹੈ। ਦੋਹਾਂ ਅੰਕਾਂ ਵਿਚ ਜੀਵ ਦੀ ਕਲਯਾਣ ਦਾ ਸਾਧਨ ਨਾਮ ਤੇ ਸਤਿਗੁਰੂ ਦੀ ਮੇਹਰ ਦੱਸੀ ਹੈ।

ਅੰਕ ੪ ਵਿਚ ਸਿੱਟਾ ਦੱਸਦੇ ਹਨ ਕਿ ਗੁਰੂ ਕ੍ਰਿਪਾ, ਨਾਮ ਕੀਰਤਨ ਆਦਿ ਦੁਆਰਾ ਇਸ ਅਵਸਥਾ ਤੇ ਪਹੁੰਚੋ ਕਿ ਸਰੀਰ ਤੇ ਮਨ ਜਿੰਦ ਆਦੀ ਸਭ ਕੁਛ ਪ੍ਰਭੂ ਦਾ ਹੈ, ਫੇਰ ਭਾ ਜਾਓਗੇ ਪ੍ਰਭੂ

ਨੂੰ, ਅਪਣੇ ਮਨ ਭਾ ਗਿਆਂ ਨੂੰ ਪ੍ਰਭੂ ਆਪ ਰਖ ਲੈਂਦਾ ਹੈ।

ਨਿਰੁਕਤ—**ਅੰਤਰਜਾਮੀ**—[ਸੰਸ:,ਅੰਤਰ੍ਯਾਮੀ ਹੋਰ ਦੇਖੋ ਪੰਨਾ ੧੭੧੨] ਜੋ ਅੰਦਰ ਬੈਠਾ ਪ੍ਰੇਰਕ ਹੈ। (ਅ) ਇਸ ਪਦ ਦਾ ਦੂਸਰਾ ਅਰਥ ਹੈ ਅੰਦਰ ਦੀਆਂ ਜਾਣਨ ਵਾਲਾ, ਜੋ ਅੰਦਰ ਬੈਠਾ ਹੈ ਉਹ ਅੰਦਰ ਦਾ ਸੁਤੇ ਹੀ ਜਾਣੂ ਹੁੰਦਾ ਹੈ। **ਕਿਵਾਰ**—[ਸੰਸ:, ਕਪਾਟ:, ਹਿੰ:, ਕਿਵਾੜ] ਤਖਤੇ। ਬੂਹੇ।

ਪੁਨਰਪਿ—[ਸੰਸ:, ਪੁਨਰ੍] ਫੇਰ, ਮੁੜਕੇ। **ਹਰਉ**—ਹਰਉਂ = ਮੈਂ ਦੂਰ ਕਰ ਲਵਾਂ।

ਉਦਿਆਨ—[ਸੰਸ:, ਉਦ੍ਯਾਨ] ਉਜਾੜ। ਬਨ। **ਪਾਵਕ**-ਅੱਗ।

ਸਾਗਰ—[ਸੰਸ:, ਸਾਗਰ:] ਸਮੁੰਦਰ। **ਕੋਮਲ**-ਸੂਖਮ।

[ਆਸਾ ਮਹਲਾ ੫, ਚਉਪਦਾ, ੫੧-੧੧੮]

ਪ੍ਰਾਕ੍ਥਨ—ਪ੍ਰੀਤਮ ਨੂੰ ਪ੍ਰਾਪਤ ਹੋਈ ਨਾਯਕਾ ਪ੍ਰਤੀ ਸਖੀ ਬਚਨ ਤੇ ਉੱਤਰ ਦੇ ਰੂਪ ਵਿਚ ਪੁੱਗੇ ਮਹਾਂ ਪੁਰਖ ਤੇ ਜਗਜਾਸੂ ਯਾ ਘਾਲੀ ਦੇ ਪ੍ਰਸ਼ਨ ਉੱਤਰ। ਇਸ ਸ਼ਬਦ ਦੇ ਨਾਲ ਪਿੱਛੇ ਆਇਆ ਮਹਲਾ ੫ ਦਾ ਸੱਤਵਾਂ ਤੇ ਅਗਲਾ ਸ਼ਬਦ ੫੨ ਬੀ ਵਾਚਣੇ ਚਾਹੀਏ।

ਮੂਲ	**ਅਰਥ**
ਆਸਾ ਮਹਲਾ ੫ ॥	
ਮੋਹ ਮਲਨ ਨੀਦ ਤੇ ਛੁਟਕੀ ਕਉਨੁ ਅਨੁਗ੍ਰਹੁ ਭਇਓ ਰੀ ॥ ਮਹਾ ਮੋਹਨੀ ਤੁਧੁ ਨ ਵਿਆਪੈ ਤੇਰਾ ਆਲਸੁ ਕਹਾ ਗਇਓ ਰੀ ॥੧॥ ਰਹਾਉ ॥	(ਪ੍ਰਸ਼ਨ:-) (ਤੂੰ) ਮੋਹ (ਰੂਪੀ) ਮੈਲੀ ਨੀਂਦ ਤੋਂ ਛੁੱਟ ਗਈ ਹੈ (ਤੇਰੇ ਉਤੇ) ਕਿਹੜੀ ਕ੍ਰਿਪਾਲਤਾ ਹੋ ਗਈ ਹੈ ? ਬਹੁਤ ਹੀ ਮੋਹ ਲੈਣ ਵਾਲੀ ਮਾਇਆ ਤੈਨੂੰ (ਹੁਣ) ਨਹੀਂ ਵਾਪਰਦੀ, ਤੇਰਾ ਆਲਸ ਕਿੱਥੇ ਚਲਾ ਗਿਆ ਹੈ ?॥੧॥ ਰਹਾਉ॥
ਕਾਮੁ ਕ੍ਰੋਧੁ ਅਹੰਕਾਰੁ ਗਾਖਰੋ ਸੰਜਮਿ ਕਉਨ ਛੁਟਿਓ ਰੀ ॥ ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ ॥੧॥	ਕਾਮ ਕ੍ਰੋਧ ਅਹੰਕਾਰ (ਆਦਿ ਜਿੱਤਣੇ) ਬੜੇ ਔਖੇ ਸਨ, ਕਿਸ ਪ੍ਰਯਤਨ ਨਾਲ (ਤੇਰੇ) ਦੂਰ ਹੋ ਗਏ ਹਨ ? ਇਨ੍ਹਾਂ ਨੇ ਤਾਂ ਸੁਰਿ ਨਰ ਦੇਵ ਦੈਂਤ ਤ੍ਰੈ ਗੁਣਾਂ ਵਾਲੇ (ਗਲ ਕੀਹ) ਸਾਰਾ ਸੰਸਾਰ ਲੁੱਟ ਲਿਆ ਹੈ॥੧॥
ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥ ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ॥੨॥	(ਉੱਤਰ:) (ਸਚ ਕਿਹਾ ਈ) ਬਨ ਅਗਨੀ (ਵਾਂਙੂ ਇਸ ਮੋਹ ਮਾਇਆ ਨੇ) ਬਹੁਤ ਤ੍ਰਿਣ ਸਾੜ ਘੱਤੇ ਹਨ (ਕਿਤੇ ਕੋਈ) ਹਰਿਆ ਬੂਟਾ ਰਹਿ ਗਿਆ ਹੈ। (ਜਿਸ ਦੀ ਤਾਕਤ ਨਾਲ ਕੋਈ ਹਰਿਆ ਬੂਟਾ ਰਹਿ ਗਿਆ ਹੈ ਉਹ) ਐਸਾ (ਮਹਾਂ) ਸ਼ਕਤੀਮਾਨ ਹੈ(ਕਿ ਮੈਂ ਉਸ ਨੂੰ) ਵਰਣਨ ਨਹੀਂ ਕਰ ਸਕਦੀ, (ਹਾਂ) ਉਸ ਦੀ ਉਪਮਾ (ਮੈਥੋਂ) ਆਖੀ ਨਹੀਂ ਜਾਂਦੀ॥੨॥
ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ ॥	(ਮੈਂ ਉਸ ਦੀ ਸਮਰਥਾ ਨਾਲ) ਕੱਜਲ ਦੀ ਕੋਠੜੀ ਵਿਚ (ਵਸਦੀ ਹੋਈ) ਕਾਲੀ ਨਹੀਂ ਹੋਈ, (ਮੇਰਾ) ਰੰਗ ਮੈਲ ਰਹਿਤ (ਉੱਜਲਾ) ਬਣਿਆ (ਹੋਇਆ ਤੂੰ ਦੇਖ ਲੈ)। ਹੇ ਸਖੀ ! (ਗਲ
ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ ॥੩॥	ਐਸ ਤਰ੍ਹਾਂ ਹੋਈ ਕਿ ਮੈਂ ਉਸ ਸਮਰਥ ਤੇ) ਅਚਰਜ (ਰੂਪ ਵਾਲੇ) ਦਾ ਨਾਮ ਸੁਣਿਆ (ਉਹ) ਗੁਰੂ ਦਾ (ਦਿੱਤਾ) ਮਹਾਂ ਮੰਤ੍ਰ (ਹੋਕੇ ਮੇਰੇ) ਹਿਰਦੇ ਵਿਚ ਵੱਸ ਗਿਆ॥੩॥

ਕਰਿ ਕਿਰਪਾ ਪ੍ਰਭ ਨਦਰਿ ਵਲੋਕਨ ਅਪੁਨੈ ਚਰਣਿ ਲਗਾਈ ॥ ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥੪॥੧੨॥੫੧॥	(ਫੇਰ) ਪ੍ਰਭੂ ਨੇ ਮੇਹਰ ਦੀ ਨਜ਼ਰ ਨਾਲ (ਮੇਰੇ ਵਲ) ਤੱਕਿਆ ਤੇ ਅਪਣੇ ਚਰਨੀ ਲਾ ਲਿਆ। (ਗਲ ਕੀਹ ਕਿ) ਸਾਧੂ ਦੇ ਸੰਗ ਵਿਚ ਪ੍ਰੇਮਾ ਭਗਤੀ (ਮਿਲੀ ਤੇ ਪ੍ਰੇਮਾ ਭਗਤੀ ਨਾਲ) ਸੁਖ ਪਾਇਆ (ਫੇਰ ਪ੍ਰਭੂ ਵਿਚ) ਸਮਾਈ (ਪ੍ਰਾਪਤ ਹੋ ਗਈ), ਹੇ ਨਾਨਕ ! ॥੪॥੧੨॥੫੧॥

ਵਰਤਾਰਾ— ਜਾਪਦਾ ਹੈ ਕਿ ਕਿਸੇ ਮਾਰਗ ਤੇ ਨਾ ਟੁਰੇ ਹੋਏ ਘਾਲੀ ਨੇ ਬਾਬਾ ਬੁੱਢਾ ਆਦਿ ਕਿਸੇ ਗੁਰਮੁਖ ਨੂੰ ਪਾਰਗਿਰਾਮੀ ਹੋਯਾ ਵੇਖ ਕੇ ਪ੍ਰਸ਼ਨ ਕੀਤੇ ਹਨ, ਉਨ੍ਹਾਂ ਨੇ ਉੱਤਰ ਦਿੱਤੇ ਹਨ। ਓਹ ਪ੍ਰਸ਼ਨੋਤ੍ਰ ਸਾਹਿਬਾਂ ਨੇ ਸਰਬ ਕਾਲੀ ਉਪਦੇਸ਼ ਹੋਣੇ ਲਈ ਸ਼ਬਦ ਵਿਚ ਰਚੇ ਹਨ। ਇਹ ਗੱਲ ਸੰਪ੍ਰਦਾ ਵਿਚ ਚਲੀ ਬੀ ਆਉਂਦੀ ਹੇ ਕਿ ਭਾਈ ਬੁੱਢੇ ਨਾਲ ਇਹ ਸੰਵਾਦ ਹੋਇਆ ਹੈ।

ਰਹਾਉ-ਇਕ ਪੁੱਗੇ ਹੋਏ ਗੁਰਮੁਖ ਨੂੰ ਇਕ ਘਾਲੀ ਪੁੱਛਦਾ ਹੈ ਕਿ ਇਸ ਕੱਜਲ ਕੋਠੜੀ ਵਰਗੇ ਜਗਤ ਵਿਚ ਵੱਸਦੇ ਹੋਏ ਤੂੰ ਕੀਕੂੰ ਅਪਣੇ ਆਪ ਨੂੰ ਮੋਹ ਮਾਇਆ ਤੋਂ ਅਲੇਪ ਰੱਖਕੇ ਪ੍ਰਭੂ ਪ੍ਰਾਪਤੀ ਕੀਤੀ ਹੈ ? ਅਪਣੇ ਯਤਨ ਨਾਲ ਤਾਂ ਨਹੀਂ ਜਾਪਦਾ, ਤੇਰੇ ਤੇ ਕੋਈ ਅਨੁਗ੍ਰਹੁ ਹੋਈ ਹੈ ? ਸੋ ਦੱਸ। ਇਸ ਤਰ੍ਹਾਂ ਰਹਾਉ ਤੇ ਅੰਕ ੧ ਦੇ ਅੰਤ ਤਕ ਪ੍ਰਸ਼ਨ ਚੱਲਦਾ ਹੈ।

ਅੰਕ ੨ ਵਿਚ ਉੱਤਰ ਸ਼ੁਰੂ ਹੁੰਦਾ ਹੈ ਤੇ ਗੁਰਮੁਖ ਆਖਦਾ ਹੈ ਕਿ ਐਸਾ ਸਮਰੱਥ, ਜਿਸ ਦੀ ਮੇਹਰ ਨਾਲ ਜੰਗਲ ਨੂੰ ਲੱਗੀ ਅਗ ਵਿਚ, ਜਿੱਥੇ ਬੜੇ ਬੜੇ ਬ੍ਰਿਛ ਦਗਧ ਹੋ ਜਾਂਦੇ ਹਨ, ਘਾਹ ਤਾਂ ਮੂਲੋਂ ਹੀ ਸੜ ਜਾਂਦਾ ਹੈ,ਕੋਈ ਕੋਈ ਬੂਟਾ ਹਰਿਆ ਰਹਿ ਜਾਵੇ ਇਹ ਇਕ ਕਰਾਮਾਤ ਹੈ, ਉਸ ਸਮਰੱਥ ਨੂੰ ਮੈਂ ਵਰਣਨ ਨਹੀਂ ਕਰ ਸਕਦੀ, ਉਸ ਦੀ ਮਹਿਮਾ ਇੰਨੀ ਵਡੀ ਹੈ ਕਿ ਕਥਨ ਤੋਂ ਪਰੇ ਹੈ। ਤੂੰ ਡਿਠਾ ਹੈ ਮੇਰੇ ਵੱਲ ਕਿ ਮੈਂ ਕੱਜਲ ਕੀ ਕੋਠੀ ਵਿਚ ਵੱਸਦੀ, ਭਾਵ ਗ੍ਰਿਹਸਤ ਆਸ਼੍ਰਮ ਵਿਚ ਰਹਿੰਦੇ ਹੋਇਆਂ ਕਾਲੀ ਨਹੀਂ ਹੋਈ, ਸਗੋਂ ਉੱਜਲ ਚਿਤ ਹੋ ਗਈ ਹਾਂ। ਉਸ ਦਾ ਕਾਰਣ ਉਸ ਸਮਰੱਥ ਦੀ ਮੇਹਰ ਹੈ।

ਅਸਚਰਜ ਰੂਪੰ ਰਹਤ ਜਨਮੰ॥ [ਸਲੋਕ ਸਹਸਕ੍ਰਿਤੀ ਮਹਲਾ ੫-੫੭]

ਜੋ ਅਕਾਲ ਪੁਰਖ ਹੈ ਉਸ ਦਾ ਨਾਮ ਮੈਂ ਸੁਣਿਆਂ, ਉਹ ਨਾਮ ਗੁਰ ਮੰਤ੍ਰ ਹੋ ਕੇ ਹਿਰਦੇ ਵਿਚ ਵਸ ਗਿਆ ਤਾਂ ਅੰਦਰ ਬਾਹਰ ਵਜਾਪਕ ਪ੍ਰਭੂ ਦੀ ਹਜ਼ੂਰੀ ਪ੍ਰਾਪਤ ਹੋ ਗਈ। ਇਸ ਹਾਲਤ ਵਿਚ ਸਾਂ ਕਿ ਪ੍ਰਭੂ ਦੀ ਮੇਹਰ ਦ੍ਰਿਸ਼ਟੀ ਹੋ ਗਈ ਤਦ ਉਸ ਨੇ ਅਪਣੇ ਚਰਨੀ ਲਾ ਲਿਆ, ਭਾਵ ਇਹ ਕਿ ਹਜ਼ੂਰੀ ਵਿਚ ਵਾਸਾ ਮਿਲ ਗਿਆ। ਇਕ ਪ੍ਰੇਮਣ ਇਸਤ੍ਰੀ ਦੀ ਮਾਨੋਂ ਪਿਆਰ ਭਰੀ ਤਿਆਰੀ ਸੀ ਜੋ ਪਤੀ ਦੇ ਚਰਨਾਂ ਕਵਲਾਂ ਵਿਚ ਲੈ ਗਈ, ਫੇਰ ਪਤੀ ਦੀ ਮੇਹਰ ਹੋ ਕੇ ਮੇਲ ਹੋ ਗਿਆ। ਜੀਵ ਦੀ ਆਤਮ ਜਦ ਨਿਰਮਲ ਤੇ ਪ੍ਰਭੂ ਪ੍ਰੇਮ ਵਿਚ ਰੰਗੀ ਗਈ ਤਾਂ ਨਦਰੀ ਨਦਰ ਨਿਹਾਲ ਕਰਨ ਵਾਲੇ ਨੇ,

ਬਾਹ ਪਕਰਿ ਪ੍ਰਿਅ ਸੇਜੈ ਆਨੀ॥ [ਆਸਾ ਮਹਲਾ ੫-੭]

ਵਾਲੀ ਘਟਨਾ ਵਰਤਾ ਦਿੱਤਾ, ਅੰਤਲੀ ਤੁਕ ਵਿਚ ਸਭ ਦੀ ਹਿਦਾਇਤ ਲਈ ਸੰਖੇਪ ਵਿਚ ਸਿੱਟਾ ਦੱਸਦੇ ਹਨ ਕਿ ਸਾਧ ਸੰਗ ਕਰੋ ਨਾਮ ਸਿਮਰਣ ਕਰੋ, ਫੇਰ ਹਜ਼ੂਰੀ ਵਾਸ ਵਿਚ ਆ ਜਾਓ। ਗਲ ਕੀਹ ਹਰ ਪ੍ਰਕਾਰ ਪ੍ਰੇਮਾ ਭਗਤੀ ਦੀ ਕਮਾਈ ਕਰੋ, ਤਦ ਸਾਂਈ ਦੀ ਨਦਰ ਤੁਸਾਨੂੰ ਆਪਣੇ ਵਿਚ ਸਮਾ ਲਏਗੀ।

ਇਸ ਸ਼ਬਦ ਵਿਚ ਜੋ ਪ੍ਰਸ਼ਨੋਤ੍ਰੀ ਹੈ ਉਸ ਦੀ ਵੰਡ ਐਉਂ ਬੀ ਕਰੀਦੀ ਹੈ ਕਿ ਅੰਕ ੨ ਤੇ ਅੰਤ ਤਕ ਪ੍ਰਸ਼ਨ ਤੇ ਅੱਗੋਂ ਅੰਕ ੩ ਤੇ ੪ ਨੂੰ ਉੱਤਰ ਸਮਝੀ ਦਾ ਹੈ। ਪਰ ਪ੍ਰਸੰਗ ਦਾ ਰਉਂ ਦੱਸਦਾ ਹੈ ਕਿ ਉੱਤਰ ਅੰਕ ੨ ਵਿਚ ਹੀ ਸ਼ੁਰੂ ਹੋ ਜਾਂਦਾ ਹੈ। 'ਐਸੋ ਸਮਰਥੁ ਵਰਨਿ ਨਾ ਸਾਕਉ ਤਾਕੀ ਉਪਮਾ ਜਾਤ ਨ ਕਹਿਓਰੀ' ਇਹ ਉੱਤਰ ਦੇਣ ਵਾਲੇ ਦੇ ਵਾਕ ਹਨ। ਜੋ ਕਉਨੁ ਅਨੁਗ੍ਰਹੁ ਭਇਓ ਰੀ' ਦੇ ਉੱਤਰ ਵਿਚ ਕਹੇ ਹਨ। ਪਹਿਲੀ ਤੁਕ 'ਦਾਵਾ ਅਗਨਿ' ਵਾਲੀ ਬੀ ਉੱਤਰ ਦਾਤਾ ਦੀ ਹੈ। ਐਉਂ ਕਿ ਜੋ ਕੁਛ ਪ੍ਰਸ਼ਨ ਕਰਤਾ ਨੇ ਕਿਹਾ ਸੀ ਉਹ ਸਮੁੱਚੇ ਤੌਰ ਤੇ ਇਕ ਸਤਰ ਵਿਚ ਹੀ ਦੁਹਰਾ ਕੇ ਆਪਣਾ

ਉਸ ਨਾਲ ਇਤਫਾਕ ਦੱਸਦੀ ਹੈ ਕਿ ਮਾਇਕ ਜਗਤ ਵਿਚ ਆਤਮਕ ਜੀਵਨ ਵਿਚ ਜੀਵਣਾ ਠੀਕ ਬਨ ਅਗਨੀ ਵਿਚ ਹਰੇ ਰਹਿਣ ਤੁੱਲ ਅਚਰਜ ਗਲ ਹੈ, ਜੋ ਅਨੁਗ੍ਰਹੁ ਹੈ ਕਿਸੇ ਦੀ। ਫੇਰ 'ਐਸੇ ਸਮਰਥੁ' ਕਹਿ ਕੇ ਪਤਾ ਦੇਂਦੀ ਹੈ ਉਸ ਅਨੁਗ੍ਰਹ ਕਰਨੇ ਵਾਲੇ ਦਾ ਕਿ ਉਹ ਸਰਵ ਸਮਰਥ ਹੈ, ਪਰ ਉਸ ਨੂੰ ਵਰਣਨ ਨਹੀਂ ਕਰ ਸਕੀਦਾ। ਹੁਣ ਵੀਚਾਰ ਇਹ ਹੈ ਕਿ ਜੇ ਪ੍ਰਸ਼ਨ ਕਰਤਾ ਨੇ 'ਐਸੇ ਸਮਰਥੁ ਵਰਨਿ ਨ ਸਾਕਉ' ਆਪ ਹੀ ਕਹਿ ਸਕਣਾ ਸੀ ਤਦ ਤਾਂ ਉਸ ਨੂੰ ਪਤਾ ਸੀ ਕਿ ਅਨੁਗ੍ਰਹੁ ਕਰਨੇ ਵਾਲਾ ਕਉਣ ਹੈ, ਇਸ ਤਰ੍ਹਾਂ ਉਸਦਾ ਪ੍ਰਸ਼ਨ ਹੀ ਫੇਰ ਅਟਪਟਾ ਹੋ ਜਾਂਦਾ ਹੈ; ਇਸ ਲਈ ਸਪਸ਼ਟ ਹੈ ਕਿ ਉੱਤਰ ਅੰਕ ੨ ਤੋਂ ਸ਼ੁਰੂ ਹੈ ਸੋ ਅੰਕ ੨ ਵਿਚ ਅਨੁਗ੍ਰਹੁ ਕਰਨੇ ਹਾਰ ਨੂੰ 'ਵਰਨਿ ਨ ਸਾਕਉ' ਕਹਿਕੇ ਅੰਕ ੨ ਤੇ ੪ ਵਿਚ ਨਾਮ ਦਾ ਜ਼ਿਕਰ ਕੀਤਾ, ਉਸ ਅਨੁਗ੍ਰਹੁ ਕਰਨੇਹਾਰ ਦੀ ਨਦਰ ਦਾ ਜ਼ਿਕਰ ਕੀਤਾ, ਪ੍ਰੇਮਾ ਭਗਤੀ ਤੇ ਸਤਿਸੰਗ ਦੀ ਮਹਿਮਾ ਗਾਈ ਤੇ ਪਾਠਕਾਂ ਨੂੰ ਇਸ ਪ੍ਰੇਮਾ ਭਗਤੀ ਵਿਚ ਲਗਣੇ ਦੀ ਹਿਦਾਇਤ ਕਰ ਦਿਤੀ।

ਨਿਰੁਕਤ— **ਮਲਨ**—[ਸੰਸ:, ਮਲਿਨ] ਮੈਲਾ। ਮੈਲ ਭਰਿਆ।

ਮਲਨ ਨੀਦ—ਮੈਲ ਨੀਂਦ। ਭਾਵ—ਮਾਯਾ ਵਿਚ ਗ਼ਾਫ਼ਲੀ ਦੀ ਦਸ਼ਾ।

ਅਨੁਗ੍ਰਹੁ—[ਸੰਸ:, ਅਨੁਗ੍ਰਹ:] ਕ੍ਰਿਪਾਲਤਾ। ਤ੍ਰੁੱਠਵੀਂ ਮੇਹਰ।

ਮਹਾ ਮੋਹਨੀ—ਮਹਾਨ ਮੋਹਿਤ ਕਰਨੇ ਵਾਲੀ। ਭਾਵ ਹੈ ਮਾਇਆ। ਜੈਸਾ ਕਿ ਵਾਕ ਹੈ:-

ਮੋਹਨੀ ਮੋਹਿ ਲੀਏ ਤ੍ਰੈ ਗੁਨੀਆ। [ਮਾਰੂ ਮਹਲਾ ੫-੧੮]

ਆਲਸੁ—[ਸੰਸ:, ਆਲਸਜਮ੍] ਉੱਦਮ ਦਾ ਅਭਾਵ। ਦਲਿੱਦਰ। ਭਾਵ ਹੈ ਅਨਉੱਦਮੀ ਦਸ਼ਾ। ਜੋ ਮਾਇਆ ਗ੍ਰਸੇ ਨੂੰ ਪਰਮਾਰਥ ਦੀ ਗੱਲਬਾਤ ਸੁਣ ਸਮਝ ਕੇ ਪਰਮਾਰਥ ਵਿਚ ਲੱਗਣੇ ਦਾ ਉੱਦਮ ਧਾਰਨ ਨਹੀਂ ਕਰਨ ਦੇਂਦੀ। **ਗਾਖਰੋ**—[ਪੰ:, ਗਾਖੜਾ] ਔਖਾ, ਕਠਨ। ਬਹੁਤ ਮੁਸ਼ਕਲ। ਜਿਸ ਸ਼ੈ ਨੂੰ ਸਾਧਣਾ ਬਹੁਤ ਔਖਾ ਹੋਵੇ। **ਸੰਜਮਿ**—[ਸੰਸ:,ਸੰਯਮ:] ਸੰਜਮ ਨਾਲ। ਇੰਦ੍ਰੈ ਰੋਕ ਥਾਮ ਨਾਲ। ਭਾਵ ਪ੍ਰਯਤਨ ਨਾਲ। **ਸੁਰਿ ਨਰ ਦੇਵ**-ਸੁਰਿ = ਦੇਵਤਿਆਂ ਵਰਗੇ ਉੱਚੇ ਲੋਕ, **ਨਰ** = ਮਾਨੁੱਖ, ਸਾਧਾਰਣ ਮਾਨੁੱਖ। **ਦੇਵ** = ਦੇਵਤੇ। (ਅ) **ਸੁਰਿ** = ਦੇਵਤੇ। **ਨਰ ਦੇਵ** = ਮਨੁੱਖਾਂ ਵਿਚ ਦੇਵਤੇ, ਭੂਸਰ, ਬ੍ਰਾਹਮਣ। (ੲ) **ਸੁਰਿ ਨਰ** = ਸੁਰਿ ਜਨ। ਚੰਗੇ ਲੋਕ। ਦਾਨੇ ਮਨੁੱਖ। **ਦੇਵ** = ਦੇਵਤੇ।

ਭਵਨੁ—ਘਰ, ਲੋਕ। ਸੰਸਾਰ। ਦਾਵਾ ਅਗਨਿ—[ਸੰਸ: ਦਾਵਾਗ੍ਨਿ:] ਦਾਵਾਨਲ। ਡੌਂ। ਥਨ ਦੀ ਅਗਨੀ। **ਤ੍ਰਿਣ**—[ਸੰਸ:, ਤ੍ਰਿਣ] ਤੀਲਾ। ਭਾਵ ਹੈ ਘਾਸ ਸੁੱਕੇ ਹੋਏ ਤੋਂ। ਜੋ ਤੀਲਿਆਂ ਵਾਂਙੂ ਬਨ ਵਿਚ ਜੇਠ ਹਾੜ ਨੂੰ ਹੋ ਜਾਂਦਾ ਹੈ। 'ਤ੍ਰਿਣ' ਇਸੁ ਕਰਕੇ ਲਿਆ ਕਿ ਦਾਵਾਨਲ ਪਹਿਲੋਂ ਸੁੱਕੇ ਘਾਹ ਨੂੰ ਸਾੜਦੀ ਹੈ। ਉਹ ਤਾਂ ਸਮੁੱਚਾ ਸੜ ਜਾਂਦਾ ਹੈ, ਫੇਰ ਇਸ ਦੇ ਸੇਕ ਤੇ ਲੰਬ ਨਾਲ ਝਾੜੀਆਂ ਸੜਦੀਆਂ ਹਨ, ਉਨ੍ਹਾਂ ਦੀ ਲੰਬ ਤੇ ਸੇਕ ਨਾਲ ਵੱਡੇ ਬ੍ਰਿਛ ਸੜਦੇ ਤੇ ਅੱਗ ਫੜੀ ਜਾਂਦੇ ਹਨ। ਕਦੇ ਕਦੇ ਕਈ ਕਾਰਣਾਂ ਕਰਕੇ ਕਿਤੇ ਕਿਤੇ ਹਰਿਆ ਬੂਟਾ ਰਹਿ ਜਾਂਦਾ ਹੈ, ਉਸ ਦਾ ਦ੍ਰਿਸ਼ਟਾਂਤ ਲੈ ਕੇ ਕਿਹਾ ਹੈ ਕਿ ਕੋਈ ਵਿਰਲਾ ਪੁਰਖ ਮਾਯਾ ਦੀ ਲਪੇਟ ਤੋਂ ਬਚਦਾ ਹੈ, ਉਹ ਅਨੁਗ੍ਰਹੁ ਹੁੰਦੀ ਹੈ ਅਚਰਜ ਰੂਪ ਸਮਰਥ ਪੁਰਖ ਦੀ। 'ਕੋਈ ਹਰਿਆ ਬੂਟੁ ਰਹਿਓ ਰੀ' ਇਹ ਵਾਕ ਆਮ ਅਖਾਵਤ ਬਣ ਗਈ ਹੈ ਜੋ ਆਮ ਲੋਕਾਂ ਨੂੰ ਯਾਦ ਹੈ।

ਕਾਜਰ—[ਸੰਸ:, ਕਜ੍ਜਲੰ। ਹਿੰ:,ਕਾਜਲ] ਕੱਜਲ। ਬਲਦੇ ਦੀਵੇ ਦੀ ਲਾਟ ਤੋਂ ਚੱਪਣ ਵਿਚ ਲਗ ਲਗ ਕੇ ਬਣੀ ਸ਼ਾਹੀ। **ਕੋਠ**-ਕੋਠਾ। ਕੋਠੜੀ।

ਕਾਰੀ—ਕਾਲੀ। **ਬਰਨੁ**-ਰੰਗ।

ਮਹਾਮੰਤ੍ਰੁ—ਸ਼ਿਰੋਮਣੀ ਮੰਤ੍ਰ, ਗੁਰ ਦੀਖਜਾ ਦਾ ਵਾਕ। ਪਰਮੇਸ਼ੁਰ ਦਾ ਉਹ ਨਾਮ ਜੋ ਕਲਜਾਣ

ਲਈ ਜਪੀਦਾ ਹੈ। ਅਚਰਜੁ ਨਾਮੁ-ਅਚਰਜ ਦਾ ਨਾਮ। ਅਚਰਜ ਨਾਮ ਪਰਮੇਸ਼ੁਰ ਦਾ ਹੈ ਯਥਾ:- ਅਸ੍ਚਰਜ ਰੂਪੰ ਰਹੰਤ ਜਨਮੰ॥ [ਸਲੋਕ ਸਹਸਕ੍ਰਿਤੀ ਮ: -੫੭]

(ਅ) ਅਸ੍ਚਰਜ 'ਨਾਮ' ਦਾ ਵਿਸ਼ੇਸ਼ਣ ਨਹੀਂ।

ਅਵਲੋਕਨ—ਦੇਖਣਾ। ਦੇਖਣਾ ਕੀਤਾ। ਦੇਖਿਆ।

'ਪ੍ਰੇਮ ਭਗਤਿ ...'-ਇਸ ਸਤਰ ਦੇ ਅਰਥ ਅਨਵਯ ਕਰਕੇ ਠੀਕ ਲਗਦੇ ਹਨ:-

ਸਾਧੂ ਸੰਗਿ+ਪ੍ਰੇਮ ਭਗਤਿ+ਸੁਖ ਪਾਇਆ+ਸਮਾਈ=ਸਾਧੂ ਦੇ ਸੰਗ ਵਿਚ ਪ੍ਰੇਮਾ ਭਗਤੀ ਮਿਲੀ, ਨਾਲ ਆਤਮ ਸੁਖ ਮਿਲਿਆ, ਫੇਰ ਪ੍ਰਭੂ ਵਿਚ ਤਦਰੂਪਤਾ ਪ੍ਰਾਪਤ ਹੋਈ।

[ਆਸਾ ਮਹਲਾ ੫, ਚਉਪਦਾ, ੫੨-੧੧੯]

ੴ ਸਤਿਗੁਰ ਪ੍ਰਸਾਦਿ॥ ਰਾਗੁ ਆਸਾ ਘਰੁ ੭ ਮਹਲਾ ੫॥

ਪ੍ਰਾਕ੍ਥਨ— ਇਸ ਸ਼ਬਦ ਦਾ ਭਾਵ ਤੇ ਪਿਛੇ ਆਏ ਸ਼ਬਦ ਸੱਤਵੇਂ ਦਾ ਭਾਵ ਮਿਲਦੇ ਜੁਲਦੇ ਹਨ। ਉਸ ਦੀ ਪਹਿਲੀ ਤੁਕ ਹੈ-'ਗੁਣੁ ਅਵਗੁਨੁ ਮੇਰੋ ਕਛੁ ਨ ਬੀਚਾਰੋ॥'

ਮੂਲ	ਅਰਥ
ਲਾਲੁ ਚੋਲਨਾ ਤੈ ਤਨਿ ਸੋਹਿਆ ॥ ਸੁਰਿਜਨ ਭਾਨੀ ਤਾਂ ਮਨੁ ਮੋਹਿਆ॥੧॥	[ਪ੍ਰਸ਼ਨ:] ਤੇਰੇ ਤਨ ਉੱਤੇ ਲਾਲ (ਰੰਗ ਦਾ) ਚੋਲਾ ਫਬ ਰਿਹਾ ਹੈ (ਕੀਹ ਤੂੰ) ਸੁਰਜਨ ਨੂੰ ਪਿਆਰੀ ਲਗ ਗਈ ਸੈਂ ਤਾਂ (ਉਸ ਦਾ) ਮਨ (ਤੇਰੇ ਉਤੇ) ਮੋਹਿਤ ਹੋ ਗਿਆ ਹੈ ?॥੧॥
ਕਵਨ ਬਨੀ ਰੀ ਤੇਰੀ ਲਾਲੀ ॥ ਕਵਨ ਰੰਗਿ ਤੂੰ ਭਈ ਗੁਲਾਲੀ ॥੧॥ ਰਹਾਉ ॥	(ਹੇ ਸੋਹਣੀਏ:) ਤੇਰੀ ਲਾਲੀ ਕਿਵੇਂ ਬਣ ਗਈ, ਕਿਸ ਰੰਗ ਨਾਲ ਤੂੰ ਗੂਹੜੇ ਲਾਲ ਰੰਗ ਵਾਲੀ ਬਣ ਗਈ ਹੈਂ?॥੧॥ ਰਹਾਉ॥
ਤੁਮ ਹੀ ਸੁੰਦਰਿ ਤੁਮਹਿ ਸੁਹਾਗੁ ॥ ਤੁਮ ਘਰਿ ਲਾਲਨੁ ਤੁਮ ਘਰਿ ਭਾਗੁ॥੨॥	ਤੂੰ ਹੀ ਸੁੰਦਰੀ ਹੈਂ, ਤੂੰ ਹੀ ਸੁਹਾਗਣ ਹੈਂ, ਤੇਰੇ ਘਰ ਵਿਚ ਹੀ ਪ੍ਰੀਤਮ ਵਸਦਾ ਹੈ, ਤੇਰੇ ਹੀ ਘਰ ਵਿਚ (ਸੋਹਣੇ) ਭਾਗ (ਆ) ਵੱਸੇ ਹਨ॥੨॥
ਤੂੰ ਸਤਵੰਤੀ ਤੂੰ ਪਰਧਾਨਿ ॥ ਤੂੰ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ ॥੩॥	ਤੂੰ ਹੀ ਸੱਤਿ ਵਾਲੀ ਹੈਂ, ਤੂੰ ਹੀ (ਸਾਰੇ) ਮੁਖੀਆ (ਹੋ ਰਹੀ ਹੈਂ), ਤੂੰ ਹੀ ਪਿਆਰੇ ਨੂੰ ਭਾ ਰਹੀ ਹੈਂ, ਤੂੰ ਹੀ ਸ੍ਰੇਸ਼ਟ ਗਿਆਨ ਵਾਲੀ ਹੈਂ॥੩॥
ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ ॥ ਕਹੁ ਨਾਨਕ ਸੁਭ ਦ੍ਰਿਸਟਿ ਨਿਹਾਲ॥੪॥	[ਉੱਤਰ:] (ਹਾਂ, ਸਖੀ!) ਜਦੋਂ ਮੈਂ ਪ੍ਰੀਤਮ ਨੂੰ ਭਾ ਗਈ ਤਾਂ (ਮੈਂ) ਰੰਗ ਵਿਚ ਗੂੜ੍ਹੀ ਲਾਲ ਹੋ ਗਈ, ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ ਉਸੇ ਦੀ) ਸਵੱਲੀ ਨਜ਼ਰ ਕਰਕੇ ਨਿਹਾਲ (ਹੋ ਰਹੀ ਹਾਂ)॥੪॥

ਸੁਨਿ ਰੀ ਸਖੀ ਇਹ ਹਮਰੀ ਘਾਲ ॥ ਪ੍ਰਭ ਆਪਿ ਸੀਗਾਰਿ ਸਵਾਰਨਹਾਰ॥੧॥ ਰਹਾਉ ਦੂਜਾ ॥੧॥੫੨॥	(ਜੇ ਪੁਛੋਂ ਮੇਰੀ ਘਾਲ ਤਾਂ) ਸੁਣ ਹੇ ਸਖੀ ! ਸਾਡੀ ਘਾਲ ਇਹ ਹੈ ਕਿ ਪ੍ਰਭੂ ਆਪ ਹੀ (ਸਾਨੂੰ) ਸ਼ਿੰਗਾਰ ਕੇ ਸਵਾਰਨ ਵਾਲਾ ਹੈ (ਭਾਵ ਆਪ ਹੀ ਸ਼ਿੰਗਾਰ ਕਰਦਾ ਹੈ ਆਪ ਹੀ ਸੁਹਣਿਆਂ ਬਣਾਉਂਦਾ ਹੈ)॥੧॥ ਰਹਾਉ ਦੂਜਾ॥੧॥੫੨॥

ਵਜਾਖਜਾ— ਇਸ ਸ਼ਬਦ ਵਿਚ ਪ੍ਰਸ਼ੋਨਤਰ ਹਨ। ਅੰਕ ੩ ਦੇ ਅਖੀਰ ਵਿਚ ਪ੍ਰਸ਼ਨ ਵਾਚੀ ਕਥਨ ਹੈ, ਅੰਕ ੪ ਤੇ ਦੂਜੇ ਰਹਾਉ ਵਿਚ ਉੱਤਰ ਦੇ ਵਾਕ ਹਨ। ਕਈ ਦਾਨੇ ਰਹਾਉ ਦੂਜੇ ਨੂੰ ਉੱਤਰ ਵਿਚ ਲੈਂਦੇ ਹਨ ਤੇ ਅੰਕ ੪ ਨੂੰ ਬੀ ਪ੍ਰਸ਼ਨਵਾਚੀ ਸਮਝਦੇ ਹਨ। ਪਰ ਪਹਿਲਾਂ ਦੂਜੀ ਤੁਕ ਵਿਚ ਇਹੋ ਪ੍ਰਸ਼ਨ ਆ ਚੁਕਾ ਹੈ 'ਸੁਰਿਜਨ ਭਾਨੀਂ'? ਉਸੇ ਪ੍ਰਸ਼ਨ ਨੂੰ ਮੁੜ ਕੇ ਪ੍ਰਸ਼ਨ ਕਰਨ ਵਾਲੀ ਨੂੰ ਦੁਹਰਾਉਣ ਦੀ ਲੋੜ ਨਹੀਂ ਕਿ ਹੁਣ ਫੇਰ ਪੁੱਛੇ ਕਿ 'ਪ੍ਰੀਤਮ ਭਾਨੀ ? ਅਰਥਾਤ ਕੀਕੂੰ ਪ੍ਰੀਤਮ ਨੂੰ ਭਾ ਗਈ ਸੈਂ ? ਹੁਣ ਤਾਂ ਉੱਤਰ ਦੇਣ ਵਾਲੀ ਨੂੰ ਇਹ ਗੱਲ ਫਬਦੀ ਹੈ ਕਿ ਸਾਰੇ ਪ੍ਰਸ਼ਨ ਵਾਚੀ ਵਾਕ ਸੁਣ ਕੇ ਉੱਤਰ ਦੇਣ ਲਗਿਆਂ ਪ੍ਰਸ਼ਨ ਕਰਤਾ ਦਾ ਪਹਿਲਾ ਵਾਕ ਹੀ ਦੁਹਰਾ ਕੇ ਅਪਣੀ ਸੰਮਤੀ ਦੇ ਕੇ ਹੋਰ ਰੋਸ਼ਨੀ ਪਾਵੇ ਕਿ ਹਾਂ ਸਖੀ ! ਪ੍ਰੀਤਮ ਨੂੰ ਭਾ ਗਈ ਸਾਂ ਤਾਂ ਹੀ ਲਾਲ ਰੰਗ ਚੜ੍ਹ ਗਿਆ ਹੈ, ਹਾਂ ਉਸੇ ਦੀ ਸੁਵੱਲੀ ਨਦਰ ਨੇ ਨਿਹਾਲ ਕਰ ਦਿਤਾ ਹੈ। ਪ੍ਰਭੂ ਦੀ ਨਦਰ ਦੱਸ ਕੇ ਅੰਕ ੪ ਵਿਚ ਅਪਣੀ ਘਾਲ ਦਸਦੇ ਹਨ ਤੇ ਅਪਣੀ ਘਾਲ ਬੜੇ ਕਾਵਜ ਕਟਾਖਜ ਵਿਚ ਪ੍ਰਭੂ ਦੀ ਅਪਣੀ ਮੇਹਰ ਦੀ ਦੱਸਦੇ ਹਨ, ਜਿਸ ਦਾ ਭਾਵ ਇਹ ਹੈ ਕਿ ਸਾਡੀ ਘਾਲ ਕੁਛ ਬੀ ਨਹੀਂ ਹੈ। ਫੇਰ ਅੰਕ ੪ ਵਿੱਚ ਉੱਤਰ ਦਾਤਾ-ਨਾਨਕ-ਦਾ ਨਾਮ ਆ ਗਿਆ ਹੈ। 'ਰਹਾਉ ਦੂਜਾ' ਅੰਕ ਚਾਰ ਦਾ ਹੀ ਬਾਕੀ ਹਿੱਸਾ ਹੈ।

ਇਹ ਜੋ ਕੁਛ ਆਪ ਜੀ ਕਹਿ ਰਹੇ ਹਨ ਕਾਵਜ ਅਨੁਸਾਰ ਇਹ 'ਉਤਮਾ ਸ੍ਵਕੀਯਾ' ਦੇ ਲੱਛਣ ਹਨ। ਯਾ ਇਉਂ ਕਹੋ ਕਿ ਏਹ ਲੱਛਣ ਪਰਮ ਉੱਤਮ ਪ੍ਰਤਿਬ੍ਰਤਾ ਦੇ ਹਨ, ਜਿਸ ਦਾ ਆਪਾ ਭਾਵ ਪਤੀ ਵਿਚ ਲੀਨ ਹੋਕੇ ਰਤੀ ਬੀ ਨਹੀਂ ਰਿਹਾ। ਜਿਸ ਦਾ ਪ੍ਰੇਮ ਵਿਚ ਹੈ ਸਾਰਾ ਕੁਛ, ਇਥੋਂ ਤਾਈਂ ਕਿ ਅਪਣੇ ਪ੍ਰੇਮ ਨੂੰ ਬੀ ਉਸੇ ਦਾ ਪ੍ਰੇਮ ਸਮਝ ਰਹੀ ਹੈ।

ਇਸ ਸ਼ਬਦ ਨੂੰ ਸਮਝਣ ਲਈ ਪਿਛੇ ਆਏ ਆਸਾ ਰਾਗ ਵਿਚ ਹੀ ਪੰਚਮ ਗੁਰੂ ਜੀ ਦੇ ਸੱਤਵੇਂ ਚਉਪਦੇ (ਪੰਨਾ ੨੩੪੧) ਨੂੰ ਅਰਥ ਤੇ ਵਜਾਖਜਾ ਸਣੇ ਮੁੜ ਪੜ੍ਹ ਲੈਣਾ ਚਾਹੀਦਾ ਹੈ। ਦੋਹਾਂ ਵਿਚ ਇਕੋ ਪਰਮ ਪਤਿਬ੍ਰਤਾ ਦਾ ਵਰਣਨ ਹੈ। ਓਥੇ ਨਾਯਕਾ ਆਪ ਅਪਣੀ ਜ਼ੁਬਾਨੀ ਇਸ ਪੂਰਨ ਪ੍ਰੇਮ ਦੀ ਅਵਸਥਾ ਵਰਣਨ ਕਰਦੀ ਹੈ ਤੇ ਵਾਕ ਜੋ ਕਰ ਰਹੀ ਹੈ ਸਖੀ ਪ੍ਰਤੀ ਹੈ, ਯਥਾ:-

ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ॥ [ਆਸਾ ਮਹਲਾ ੫-੭]

ਪਰ ਓਥੇ ਸਖੀ ਦੇ ਪ੍ਰਸ਼ਨ ਵਾਚੀ ਵਾਕ ਨਹੀਂ ਹਨ। ਏਥੇ ਸਖੀ ਦੇ ਪ੍ਰਸ਼ਨ ਵਾਚੀ ਵਾਕਾਂ ਦੇ ਉੱਤਰ ਵਿਚ ਓਹੋ ਕੁਛ ਕਿਹਾ ਹੈ।

ਗੁਰੂ ਕੀ ਗਤਿ ਗੁਰੂ ਜਾਣੇ, ਪਰ ਜਾਪਦਾ ਹੈ ਕਿ ਇਸ ਤੋਂ ਪਹਿਲੇ ਸ਼ਬਦ ਵਿਚ ਆਈ ਗਲ ਬਾਤ ਭਾਈ ਬੁੱਢਾ ਜੀ ਵਰਗੇ ਕਿਸੇ ਪੁੱਗੇ ਹੋਏ ਗੁਰਮੁਖ ਨਾਲ ਕਿਸੇ ਮੁਤਲਾਸ਼ੀ ਦੀ ਹੋਈ ਦਾ ਸਾਰ ਹੈ; ਤੇ ਇਸ ਸ਼ਬਦ ਵਿਚ ਖ਼ੁਦ ਗੁਰੂ ਜੀ ਪਰ ਹੋਏ ਪ੍ਰਸ਼ਨਾਂ ਦਾ ਉੱਤਰ ਸ੍ਰੀ ਗੁਰੂ ਜੀ ਵਲੋਂ ਜੋ ਦਿਤਾ ਗਿਆ ਸੀ, ਉਹ ਹੈ।

ਨਿਰੁਕਤ—ਜੋ ਪਦ ਪਦਾਰਥ ਇਸ ਸ਼ਬਦ ਵਿਚ ਆਏ ਹਨ ਓਹ ਦ੍ਰਿਸ਼ਟਾਂਤ ਦੇ ਅਰਥਾਂ ਨਾਲ ਵਰਤੇ ਗਏ ਹਨ। ਇਕ ਪਤੀ ਨੂੰ ਪ੍ਰਾਪਤ ਪਤਿਬ੍ਰਤਾ ਤੇ ਲਿਬਾਸ, ਸੁੰਦਰਤਾ, ਗੁਣਾਂ ਤੇ ਸ਼ੁਭ ਸੁਭਾਵਾਂ ਤੇ ਪ੍ਰਤਾਪਸ਼ੀਲਤਾ ਨੂੰ ਵਰਣਨ ਕਰਦੇ ਹਨ; ਪਰ ਦਾਨੇ ਉਨ੍ਹਾਂ ਦੇ ਅੰਤ੍ਰੀਵ ਅਰਥ ਬੀ ਕੱਢਦੇ ਹਨ। ਯਥਾ:-

ਲਾਲੁ ਚੋਲਨਾ-ਲਾਲ ਕੁੜਤਾ। ਸੁਭਾਗ ਸੁਹਾਗਣਾਂ ਤਦੋਂ ਲਾਲ ਚੋਲੇ ਪਹਿਨਿਆਂ ਕਰਦੀਆਂ ਸਨ। ਅੰਤ੍ਰੀਵ ਅਰਥ-ਪ੍ਰੇਮ ਰੂਪੀ ਚੋਲਾ।

ਸੁਰਿ ਜਨ—ਸਰੇਸ਼ਟ ਪੁਰਖ। ਭਾਵ ਵਾਹਿਗੁਰੂ, ਪ੍ਰੀਤਮ।

ਲਾਲੀ—ਸੁਰਖੀ। ਚਿਹਰੇ ਤੇ ਆਈ ਲਾਲ ਰੰਗ ਦੀ ਭਾ। ਭਾਵ-ਪ੍ਰੀਤੀ। 'ਰਹਿ ਬਣ ਆਈ ਯਾ 'ਨਿਭੀ ਪ੍ਰੀਤਿ' ਨੂੰ ਬੀ ਮੁਹਾਵਰੇ ਵਿਚ 'ਲਾਲੀ ਬਣੀ' ਆਖਦੇ ਹਨ।

ਗੁਲਾਲੀ—ਗੂੜ੍ਹੇ ਰੰਗ ਵਾਲੀ। ਭਾਵ-ਅਤਿ ਪਿਆਰੀ।

ਲਾਲਨੁ—ਪ੍ਰੀਤਮ। ਪ੍ਰੀਤਮ ਲਈ ਲਾਲਨ ਬੜੇ ਕੋਮਲ ਭਾਵ ਵਾਲਾ ਪਦ ਹੈ।

ਗੁਰ ਗਿਆਨਿ—ਸਰੇਸ਼ਟ ਗਜਾਨਣ। ਸਰੇਸ਼ਟ ਗਜਾਨ ਵਾਲੀ।

ਰੰਗਿ ਗੁਲਾਲ—ਗੂੜ੍ਹੇ ਲਾਲ ਰੰਗ ਵਿਚ। ਭਾਵ ਡਾਢੇ ਤ੍ਰਿੱਖੇ ਪ੍ਰੇਮ ਵਾਲੀ।

ਸੁਭ ਦ੍ਰਿਸਟਿ—ਸੁਵੱਲੀ ਨਜ਼ਰ। ਮੇਹਰ ਦੀ ਨਜ਼ਰ।

ਘਾਲ—ਮਿਹਨਤ, ਪਰਮਾਰਥ ਸਿੱਧੀ ਲਈ ਮਿਹਨਤ, ਸਾਧਨ, ਜ਼ੁਹਦ ਆਦਿ। ਇਹ ਪਦ ਕਟਾਖਜ ਨਾਲ ਵਰਤਿਆ ਹੈ,ਅਗਲੀ ਸਤਰ ਦੱਸ ਦੇਂਦੀ ਹੈ ਕਿ ਇਸ ਦਾ ਭਾਵ ਹੈ ਕਿ ਸਾਡੀ ਘਾਲ ਕੋਈ ਨਹੀ, ਸਭ ਮਿਹਰ ਹੀ ਮਿਹਰ ਹੈ।

[ਆਸਾ ਮਹਲਾ ੫, ਚਉਪਦਾ, ੫੩-੧੨੦]

ਮੂਲ	ਅਰਥ
ਆਸਾ ਮਹਲਾ ੫ ॥	
ਦੂਖੁ ਘਨੋ ਜਬ ਹੋਤੇ ਦੂਰਿ ॥ ਅਬ ਮਸਲਤਿ ਮੋਹਿ ਮਿਲੀ ਹਦੂਰਿ॥੧॥	ਜਦੋਂ (ਪਿਰ ਜੀਉ) ਦੂਰ ਹੁੰਦੇ ਸਨ (ਤਦੋਂ) ਬਹੁਤ ਦੁੱਖ ਹੁੰਦਾ ਸੀ, ਹੁਣ ਮੈਨੂੰ (ਉਸ ਦੀ) ਹਜ਼ੂਰੀ ਵਿਚ ਰਹਿਣੇ ਦੀ(ਨੇਕ) ਸਲਾਹ ਮਿਲ ਗਈ ਹੈ॥੧॥
ਚੂਕਾ ਨਿਹੋਰਾ ਸਖੀ ਸਹੇਰੀ ॥ ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ ॥੧॥ ਰਹਾਉ ॥	[ਪ੍ਰਸ਼ਨ: ਨੇਕ ਸਲਾਹ ਕਿਸ ਤੋਂ ਮਿਲੀ ਤੇ ਫਲ ਕੀ ਹੋਇਆ ? ਉੱਤਰ:] ਗੁਰੂ ਨੇ ਮੈਨੂੰ (ਹਜ਼ੂਰੀ ਵਿਚ ਰਹਿਣ ਦੀ ਜਾਚ ਦੱਸ ਕੇ) ਪਿਰ ਨਾਲ ਮੇਲ ਦਿੱਤਾ ਹੈ (ਹੁਣ ਉਹ ਦੂਰੀ ਵਾਲਾ ਭਰਮ (ਉੱਕਾ) ਬਿਲਾ ਗਿਆ ਹੈ, ਸਖੀ ਸਹੇਲੀਆਂ ਅਗੇ ਨਿਹੋਰੇ ਕਰਨ ਦੀ ਲੋੜ ਚੁਕ ਗਈ ਹੈ॥੧॥ਰਹਾਉ॥
ਨਿਕਟਿ ਆਨਿ ਪ੍ਰਿਅ ਸੇਜ ਧਰੀ ॥ ਕਾਣਿ ਕਢਨ ਤੇ ਛੂਟਿ ਪਰੀ ॥੨॥	(ਹੋਰ ਦੇਖੋ ਕਿ ਹਜ਼ੂਰੀ ਵਿਚ ਪਹੁੰਚੀ ਮੈਨੂੰ ਉਸ) ਪ੍ਰੀਤਮ ਨੇ (ਹੋਰ) ਨੇੜੇ ਲਿਆ ਕੇ ਸੇਜ ਤੇ ਬਿਠਾ ਲਈ ਹਾਂ (ਸੋ ਹੁਣ ਮੈਂ ਕਿਸੇ ਦੀ ਕਾਣ ਕੱਢਣ ਤੋਂ ਛੁੱਟ ਗਈ ਹਾਂ॥੨॥
ਮੰਦਰਿ ਮੇਰੈ ਸਬਦਿ ਉਜਾਰਾ ॥ ਅਨਦ ਬਿਨੋਦੀ ਖਸਮੁ ਹਮਾਰਾ ॥੩॥	(ਕਿਉਂਕਿ) ਮੇਰੇ (ਅਪਣੇ) ਮਨ ਵਿਚ ਸ਼ਬਦ ਦੁਆਰਾ ਚਾਨਣ ਹੋ ਗਿਆ ਹੈ (ਜਿਸ ਕਰ ਕੇ) ਆਨੰਦੀ ਤੇ ਬਿਨੋਦੀ ਪਤੀ ਸਾਡਾ (ਅਪਣਾ ਪਤੀ ਹੋ ਕੇ ਦਿੱਸ ਰਿਹਾ ਹੈ)॥੩॥
ਮਸਤਕਿ ਭਾਗੁ ਮੈ ਪਿਰੁ ਘਰਿ ਆਇਆ ॥ ਥਿਰੁ ਸੋਹਾਗੁ ਨਾਨਕ ਜਨ ਪਾਇਆ ॥੪॥੨॥੫੩॥	(ਦੇਖੋ ਸਹੀਓ ! ਕੋਈ ਮੇਰੇ) ਮੱਥੇ ਤੇ ਲਿਖੇ ਭਾਗ (ਜਾਗ ਪਏ ਹਨ ਕਿ ਮੇਰਾ ਪ੍ਰੀਤਮ (ਮੇਰੇ) ਘਰ ਆ ਗਿਆ ਹੈ, (ਹਾਂ ਸਦੈਵੀ ਸੁਹਾਗ ਮੈਨੂੰ ਪ੍ਰਾਪਤ ਹੋ ਗਿਆ ਹੈ, (ਕਹਿੰਦੇ ਹਨ ਦਾਸ ਨਾਨਕ ਜੀ॥੪॥੨॥੫੩॥

ਵਜਾਖਜਾ— ਇਸ ਸ਼ਬਦ ਵਿਚ ਹਜ਼ੂਰੀ ਦੇ ਅਭਜਾਸ ਦੁਆਰਾ ਵਾਹਿਗੁਰੂ ਪ੍ਰਾਪਤੀ ਦਾ ਵਰਣਨ ਕਾਵਜ ਦੀ ਪਰਮ ਉੱਤਮ ਰੀਤੀ ਵਿਚ ਵਰਣਿਤ ਹੈ।

ਅੰਕ ੧ ਵਿਚ 'ਪ੍ਰੋਖਤ ਪਤਿਕਾ' ਦਾ ਰੂਪਕ ਲਿਆ ਹੈ ਕਿ ਪਰਦੇਸ ਗਏ ਦੂਰ ਵੱਸਦੇ ਪਤੀ ਨੂੰ ਜਿਵੇਂ ਉਹ ਯਾਦ ਕਰ ਕਰ ਕੇ ਦੁਖੀ ਹੁੰਦੀ ਹੈ ਤਿਵੇਂ ਪਰਮੇਸ਼ੁਰ ਦਾ ਪ੍ਰੇਮੀ ਪ੍ਰਭੂ ਨੂੰ ਦੂਰ ਜਾਣ ਕੇ ਪ੍ਰੋਖੇ ਰਹਿੰਦਾ ਸਮਝ ਕੇ ਨਾ ਦਰਸ਼ਨ ਹੋ ਸਕਣ ਕਰਕੇ ਦੁਖੀ ਹੁੰਦਾ ਹੈ।

ਦੂਜੀ ਸਤਰ ਵਿਚ ਮਿਲਨ ਦਾ ਉਪਾਉ ਤੇ ਰਹਾਉ ਵਿਚ ਮੇਲ ਆ ਜਾਂਦਾ ਹੈ। ਗੋਯਾਂ ਆਗਤ ਪਤਿਕਾ ਦਾ ਰੂਪਕ ਬਣ ਗਿਆ ਹੈ। ਅੱਗੇ ਸਾਰੇ ਸ਼ਬਦ ਵਿਚ ਸੁਹਾਗਵੰਤੀ, ਕਦੇ ਨਾ ਵਿਛੜ ਸਕਣ ਵਾਲੀ ਤੇ ਸਦਾ ਥਿਰ ਸੁਹਾਗ ਵਾਲੀ ਦੇ ਵਰਣਨ ਵਿਚ ਵਾਹਿਗੁਰੂ ਪ੍ਰਾਪਤੀ ਦਾ ਜ਼ਿਕਰ ਹੈ।

ਪਰਮੇਸ਼ੁਰ ਦੇ ਅਕਾਂਖੀ ਤੇ ਤਲਾਸ਼ ਵਿਚ ਲਗੇ ਨੂੰ ਇਹ ਉਪਦੇਸ਼ ਮਿਲ ਗਿਆ ਕਿ ਉਹ ਵਜਾਪਕ ਹੈ, ਪਰੀਪੂਰਨ ਹੈ, ਤੇਰੇ ਅੰਦਰ ਹੈ, ਉਸ ਨੂੰ ਹਾਦਰਾ ਹਦੂਰ ਸਮਝਿਆ ਕਰ। ਉਸ ਦੀ ਹਜ਼ੂਰੀ ਵਿਚ ਸਾਰੇ ਕੰਮ ਕਰਿਆ ਕਰ। ਤੇਰੇ ਮਨ ਤੇ ਇਹ ਪ੍ਰਭਾਵ ਅਵਿਛੜ ਹੋ ਜਾਵੇ ਕਿ ਉਹ ਦੂਰ ਨਹੀਂ ਹੈ, ਉਹ ਨੇੜੇ ਤੋਂ ਨੇੜੇ ਤੇਰੇ ਅੰਦਰ ਹੈ, ਇਸ ਤਰ੍ਹਾਂ ਤੇਰੀ ਬ੍ਰਿਤੀ ਅੰਤਰ ਮੁੱਖ ਹੋ ਕੇ ਉਸ ਦੀ ਹਜ਼ੂਰੀ ਵਿਚ ਰਹੇ। ਇਸ ਤਰ੍ਹਾਂ ਕਰਦਿਆਂ ਪ੍ਰਭੂ ਦੇ ਅੰਗ ਸੰਗ ਹੋਣ ਦਾ ਰੰਗ ਪ੍ਰਾਪਤ ਹੋ ਗਿਆ। ਦੂਰ ਹੋਣ ਦਾ ਭਾਵ, ਜੋ ਬਿਰਹ ਦੁਖ ਦਾ ਹੇਤੂ ਸੀ, ਭਰਮ ਨਜ਼ਰ ਆਇਆ ਤੇ ਦੂਰ ਹੋ ਗਿਆ, ਜਿਸ ਨੂੰ ਦੂਰ ਜਾਤਾ ਸੀ ਅੰਗ ਸੰਗ ਹੋ ਗਿਆ। ਫੇਰ ਕੀਹ ਹੋਇਆ ਕਿ ਵਾਹਿਗੁਰੂ ਦੀ ਅਨੁਗ੍ਰਹੁ ਹੋਈ, ਉਹ ਅਪਣੇ ਸਰੂਪ ਵਿਚ ਲੈ ਗਏ। ਇਹ ਪੂਰਨ ਪ੍ਰਾਪਤੀ ਹੈ। ਲੋਕਾਂ ਅਗੇ ਨਿਹੋਰੇ ਕਰਨੇ: ਮੈਨੂੰ ਕਿਵੇਂ ਮਿਲਾਓ, ਲੋਕਾਂ ਦੀ ਮੁਛੰਦਰਗੀ ਕਰਨੀ ਹਟ ਗਈ।

ਹੁਣ ਪ੍ਰਸ਼ਨ ਹੁੰਦਾ ਹੈ ਕਿ ਇਹ ਸਾਰਾ ਪ੍ਰਕਾਸ਼ ਕਿ ਉਹ ਦੂਰ ਨਹੀ, ਹਾਜ਼ਰਾ ਹਜ਼ੂਰ ਹੈ, ਉਹ ਹਜ਼ੂਰੀ ਦੇ ਅਭਜਾਸ ਵਿਚ ਮਿਲ ਪਿਆ ਹੈ, ਉਸ ਦੇ ਸਰੂਪ ਵਿਚ ਵਾਸਾ ਹੋ ਗਿਆ ਹੈ, ਕਿਵੇਂ ਹੋਇਆ ? ਉੱਤਰ ਦੇਂਦੇ ਹਨ ਕਿ ਇਹ ਉਜਾਲਾ ਮੇਰੇ ਮਨ ਵਿਚ ਸ਼ਬਦ ਦੇ ਪ੍ਰਤਾਪ ਕਰਕੇ ਹੋਇਆ ਹੈ ਭਾਵ ਨਾਮ ਨੇ ਇਹ ਪ੍ਰਕਾਸ਼ ਕਹੋ, ਗਜਾਨ ਕਹੋ, ਦਿੱਤਾ ਹੈ। ਪ੍ਰਕਾਸ਼ ਹੋ ਕੇ ਦੋ ਗੱਲਾਂ ਤਜਰਬੇ ਵਿਚ ਆਈਆਂ: ਇਕ ਤਾਂ ਇਹ ਕਿ ਮੇਰੇ ਪ੍ਰੀਤਮ ਦਾ ਰੂਪ ਅਨੰਦ ਹੈ, ਤੇ ਭਗਤਾਂ ਨਾਲ ਉਹ ਬਿਨੋਦੀ ਹੈ, ਪਿਆਰ ਦੇ ਕੌਤਕ ਕਰਨੇ ਵਾਲਾ ਹੈ। ਦੂਜੇ ਇਹ ਕਿ ਉਹ ਥਿਰ ਸੁਹਾਗ ਹੈ:-

ਨਾ ਓਹੁ ਮਰੈ ਨ ਹੋਵੈ ਸੋਗੁ॥ [ਆਸਾ ਮਹਲਾ ੧-੩]

ਸਦਾ ਆਨੰਦ ਦਾਤਾ ਹੈ। ਇਸ ਵਿਚ ਸੈਨਤ ਹੈ ਕਿ ਉਹ ਥਿਰ ਹੈ ਤੇ ਉਸ ਨੂੰ ਮਿਲਕੇ ਪ੍ਰੇਮੀ ਬੀ ਥਿਰ ਹੋ ਗਿਆ ਹੈ, ਜੈਸਾ ਕਿ ਵਾਕ ਹੈ:-

ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥ [ਵਾਰ ਮਾਰੂ ਮਹਲਾ ੫-੧੮]

ਮਸਤਕ ਭਾਵ ਇਸ ਕਰਕੇ ਕਿਹਾ ਕਿ ਮੇਰੇ ਕਿਸੇ ਪ੍ਰਯਤਨ ਸਾਧਨ ਦਾ ਫਲ ਨਹੀ, ਇਹ ਉਸੇ ਦੀ ਮੇਹਰ ਦੇ ਲਿਖੇ ਦਾ ਫਲ ਹੈ। ਭਾਵ ਹੈ ਪੂਰਨ ਹਉਂ ਅਭਾਵਤਾ ਦੇ ਸੂਚਿਤ ਕਰਨੇ ਤੋਂ।

ਨਿਰੁਕ੍ਤ—**ਮਸਲਿਤ** [ਅ:, ਮਸਲਿਹਤ] ਨੇਕ ਸਲਾਹ। ਭਾਵ ਹੈ ਉਪਦੇਸ ਤੋਂ।

ਨਿਹੋਰਾ—[ਹਿੰ:,ਪੰ:,] ਬੇਨਤੀ, ਪ੍ਰਾਰਥਨਾ। (ਅ) ਉਪਕਾਰ, ਅਹਿਸਾਨ। (ੲ) ਆਸਰਾ, ਭਰੋਸਾ।

ਸਹੇਰੀ—ਸਹੇਲੀ। **ਮੇਰੀ**—ਮੇਲੀ। **ਸੇਜ ਧਰੀ**—ਭਾਵ ਹੈ ਸਰੂਪ ਵਿਚ ਲੈ ਗਿਆ। **ਕਾਨਿ**-ਕਨੌਡ। ਮੁਛੰਦਰਗੀ।

ਸਬਦਿ—ਸਬਦ ਦੁਆਰਾ। ਨਾਮ ਦੁਆਰਾ। **ਬਿਨੋਦੀ**—(ਸੰਸ:, ਵਿਨੋਦ:= ਬਹਿਲਾਵਾ, ਖੇਲ ਤਮਾਸ਼ਾ) ਪਿਆਰ ਦੇ ਕੌਤਕ ਕਰਨ ਵਾਲਾ। **ਖਸਮੁ**—(ਅ:, ਖ਼ਸਮ)ਪਤੀ।

[ਆਸਾ ਮਹਲਾ ੫, ਚਉਪਦਾ, ੫੪-੧੨੧]

ਮੂਲ	ਅਰਥ
ਆਸਾ ਮਹਲਾ ੫ ॥	
ਸਾਚਿ ਨਾਮਿ ਮੇਰਾ ਮਨੁ ਲਾਗਾ ॥ ਲੋਗਨ ਸਿਉ ਮੇਰਾ ਠਾਠਾ ਬਾਗਾ॥੧॥	ਮੇਰਾ ਮਨ ਸੱਚੇ ਨਾਮ ਵਿਚ ਲੱਗਾ ਰਹਿੰਦਾ ਹੈ,ਲੋਕਾਂ ਨਾਲ ਮੇਰਾ (ਵਰਤਾਉ) ਠਾਠੇ ਬਾਗੇ ਵਾਲਾ ਹੈ॥੧॥
ਬਾਹਰਿ ਸੂਤੁ ਸਗਲ ਸਿਉ ਮਉਲਾ ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥੧॥ ਰਹਾਉ ॥	ਬਾਹਰੋਂ (ਮੇਰੀ ਸਭ ਕਿਸੇ ਨਾਲ) ਅਨੁਕੂਲਤਾ ਹੈ ਅਤੇ ਸਭ ਨਾਲ ਖਿੜਿਆ ਹੋਇਆ (ਮਿਲਦਾ) ਹਾਂ। (ਅੰਦਰੋਂ ਮੈਂ) ਨਿਰਲੇਪ ਰਹਿੰਦਾ ਹਾਂ, ਜਿਵੇਂ ਪਾਣੀ ਵਿਚ (ਖੜਾ) ਕੰਵਲ (ਪਾਣੀ ਤੋਂ ਨਿਰਲੇਪ ਰਹਿੰਦਾ ਹੈ॥੧॥ਰਹਾਉ॥
ਮੁਖ ਕੀ ਬਾਤ ਸਗਲ ਸਿਉ ਕਰਤਾ॥ ਜੀਅ ਸੰਗਿ ਪ੍ਰਭੁ ਅਪੁਨਾ ਧਰਤਾ॥੨॥	ਮੂੰਹ ਦੀ ਗੱਲਬਾਤ (ਤਾਂ ਮੈਂ) ਸਭ ਨਾਲ ਕਰ ਲੈਂਦਾ ਹਾਂ, (ਪਰ ਆਪਣੇ) ਜੀਅ ਨਾਲ ਆਪਣੇ ਪ੍ਰਭੂ ਨੂੰ ਫੜੀ ਰਖਦਾ ਹਾਂ॥੨॥
ਦੀਸਿ ਆਵਤ ਹੈ ਬਹੁਤੁ ਭੀਹਾਲਾ ॥ ਸਗਲ ਚਰਨ ਕੀ ਇਹੁ ਮਨੁ ਰਾਲਾ॥੩॥	(ਮੇਰਾ ਸਰੀਰ ਬਾਹਰੋਂ ਤਾਂ) ਬਹੁਤ ਭੈ ਵਾਲਾ (ਜੇਹਾ)ਦਿੱਸਦਾ ਹੈ, (ਪਰ ਅੰਦਰੋਂ ਮੇਰਾ) ਇਹ ਮਨ ਸਭਨਾਂ ਦੇ ਚਰਨਾਂ ਦੀ ਧੂੜ ਹੈ॥੩॥
ਨਾਨਕ ਜਨਿ ਗੁਰੁ ਪੂਰਾ ਪਾਇਆ ॥ ਅੰਤਰਿ ਬਾਹਰਿ ਏਕੁ ਦਿਖਾਇਆ ॥੪॥੩॥੫੪॥	ਨਾਨਕ ਦਾਸ ਨੇ ਪੂਰਾ ਗੁਰੂ ਪ੍ਰਾਪਤ ਕੀਤਾ ਹੈ (ਜਿਸ ਨੇ ਮੈਨੂੰ) ਅੰਦਰ ਬਾਹਰ ਇਕੋ (ਪੂਰਨ ਪਰਮੇਸੁਰ) ਦਿਖਾ ਦਿੱਤਾ ਹੈ॥੪॥੩॥੫੪॥

ਵਿਆਖਿਆ— ਇਸ ਸ਼ਬਦ ਵਿਚ ਸ੍ਰੀ ਗੁਰੂ ਜੀ ਵਾਹਿਗੁਰੂ ਵਿਚ ਸਦੀਵ ਲਗੇ ਰਹਿਣ ਵਾਲੇ ਦਿਲ ਦੀ ਅੰਦਰਲੀ ਬਾਹਰਲੀ ਟਿਕਾਉ ਤੇ ਵਰਤਾਉ ਵਾਲੀ ਅਵਸਥਾ (ਉੱਤਮ ਪੁਰਖ ਅਰਥਾਤ) ਆਪਣੇ ਦੁਆਰਾ ਨਿਰੂਪਣ ਕਰਦੇ ਹਨ।

ਅੰਕ ੧ ਵਿਚ ਦੱਸਦੇ ਹਨ ਕਿ ਅੰਦਰੋਂ ਤਾਂ ਮੇਰਾ ਮਨ ਵਾਹਿਗੁਰੂ ਵਿਚ ਮਗਨ ਰਹਿੰਦਾ ਹੈ। ਇਹ ਨਾਮ ਅਰਾਧਣ ਵਾਲੇ ਦੀ ਪਰਪੱਕ ਅਵਸਥਾ ਹੈ। ਪ੍ਰਸ਼ਨ ਹੁੰਦਾ ਹੈ ਕਿ ਤੁਸੀ ਗ੍ਰਿਹਸਤ ਵਿਚ ਬੈਠੇ ਹੋ ਸਿੱਖਾਂ ਦਾ ਕੇਂਦਰ ਹੋ; ਲੋਕਾਂ ਨਾਲ ਵਰਤਦੇ ਹੋ, ਫੇਰ ਕਿੰਞ ਦਿਲ ਸਾਂਈ ਨਾਲ ਲੱਗਾ ਰਹਿੰਦਾ ਹੈ'? ਤਾਂ ਫੁਰਮਾਉਂਦੇ ਹਨ ਕਿ ਲੋਕਾਂ ਨਾਲ ਮੇਰਾਂ ਠਾਠਾ ਬਾਗਾ ਹੈ। ਠਾਠਾ ਬਾਗਾ ਦਾ ਅਰਥ ਅਜ ਕਲ ਹੈ, ਲੱਲੋ ਪੱਤੋ, ਬਾਹਰਲਾ ਬਨਾਵਟੀ ਮੇਲ ਜੋਲ। ਪਰ ਇਸ ਪਦ ਦਾ ਮੂਲ ਹੈ (ਠਾਠਾਂ, ਠਾਠ = ਬਣਤਰ। ਬਾਗਾ=ਲੰਮਾ ਚੋਲਾ ਜਿਹਾ ਇਕ ਕਪੜਾ) ਲਿਬਾਸ ਦੀ ਬਣਤਰ। ਸੁਹਣੇ ਕਪੜੇ ਪਹਿਨ ਕੇ ਸੁੰਦਰਤਾ ਵਧਾਉਣ ਦੀ ਕ੍ਰਿਯਾ। ਇਹ ਲਫ਼ਜ਼ ਬੋਲਿਆ ਜਾਂਦਾ ਸੀ, ਆਏ ਗਏ ਨੂੰ ਮਿੱਠਬੋਲੇ ਹੋ ਕੇ ਮਿਲਣਾ, ਖ਼ਾਤਰ ਕਰਨਾ, ਜਿਸ ਨੂੰ ਤਵਾਜ਼ੋ ਤੇ ਅਜ ਕਲ ਕਰਟਸ਼ੀ* ਯਾ ਸਿਵਿਲਟੀ ਆਖਦੇ ਹਨ। ਇਹ ਸ਼ੈ ਕਪਟ ਯਾ ਛਲ ਦੇ ਮਾਅਨੇ ਨਹੀਂ ਰਖਦੀ, ਪਰ ਤਹਿਜ਼ੀਬ ਦਾ ਇਕ ਅੰਗ ਹੈ। ਦੁਸ਼ਮਨ ਬੀ ਮਿਲੇ ਤਾਂ ਸ੍ਰੇਸ਼ਟਾਚਾਰ ਜ਼ਰੂਰੀ ਕਰਦਾ ਹੈ ਕਿ ਗੱਲ ਬਾਤ ਤਾਂ ਸੁਹਣੀ ਤਰ੍ਹਾਂ ਕਰੋ ਤੇ ਠੀਕ ਤਰ੍ਹਾਂ ਮਿਲੋ। ਇਹ

*Courtesy, Civility.

ਭਾਈਚਾਰਕ ਵਰਤਾਉ ਦਾ ਪਦ 'ਠਾਠਾ ਬਾਗਾ' ਹੁਣ ਆਪਣੇ ਅਸਲੀ ਅਰਥ ਗੁਆ ਕੇ ਬਨਾਵਟੀ ਗਲਬਾਤ ਯਾਂ ਲੱਲੋ ਪੱਤੋ ਤੇ ਆ ਗਿਆ ਹੈ। ਅਗਲੀਆਂ ਤੁਕਾਂ ਵਿਚ ਠਾਠਾ ਬਾਗਾ ਤੋਂ ਸਤਿਗੁਰ ਜੀ ਦਾ ਕੀਹ ਭਾਵ ਹੈ ਉਹ ਆਪ ਖੋਹਲ ਦੇਂਦੇ ਹਨ।

ਰਹਾਉ-ਬਾਹਰੋਂ ਮੇਰਾ ਸਭ ਨਾਲ ਸੂਤ ਹੈ। ਰਾਜ ਜਦ ਕੰਧ ਉਸਾਰਦੇ ਹਨ ਤਾਂ ਉਸ ਦਾ ਸਿੱਧਾਪਨ ਸੂਤ ਨਾਲ ਦੇਖਦੇ ਹਨ। ਬਾਹਰ ਲੋਕਾਂ ਨਾਲ ਸੂਤ ਹੋਣ ਦਾ ਮਤਲਬ ਹੈ ਕਿ ਕਿਸੇ ਨਾਲ ਅਜੋੜ ਨਹੀਂ, ਪ੍ਰਤੀਕੂਲਤਾ ਨਹੀਂ ਸਭ ਨਾਲ ਸੂਤ ਹੈ ਅਰਥਾਤ ਅਨੁਕੂਲਤਾ ਹੈ। ਇਸੇ ਗੱਲ ਨੂੰ ਕਿਤੇ ਹੋਰਥੇ ਫੁਰਮਾਇਆ ਹੈ:- ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥

[ਕਾਨੜਾ ਮਹਲਾ ੫-੮]

ਫੇਰ ਅੱਗੇ ਹੋਰ ਖੋਹਲਦੇ ਹਨ ਕਿ ਮੈਂ ਸਾਰਿਆਂ ਨੂੰ (ਮਉਲਾ= ਖਿੜ ਕੇ ਮਿਲਦਾ ਹਾਂ। 'ਮਉਲਾ' ਨਾਮ ਹੈ ਖਿੜਨ ਦਾ। ਜੈਸਾ ਕਿ ਵਾਕ ਹੈ:-

ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ 'ਬਿਗਸਾਈ'॥ [ਕਾਨੜਾ ਮਹਲਾ ੫-੮]

'ਬਿਗਸਾਈ' ਵਾਲਾ ਭਾਵ ਹੀ 'ਮਉਲਾ' ਪਦ ਵਿਚ ਹੈ। ਪਰ ਕੀਹ ਇਸ ਲੋਕਾਂ ਨਾਲ 'ਖੇੜੇ' ਤੇ 'ਅਨੁਕੂਲਤਾ ਵਾਲੇ' ਮੇਲ ਜੋਲ ਵਿਚ ਅੰਦਰ ਵਿਘਨ ਨਹੀਂ ਪੈਂਦਾ ? ਤਾਂ ਦੱਸਦੇ ਹਨ ਕਿ ਅੰਦਰੋਂ ਮੈਂ ਇਨ੍ਹਾਂ ਗੱਲਾਂ ਨਾਲ ਨਿਰਲੇਪ ਰਹਿੰਦਾ ਹਾਂ, ਆਪਣੇ ਵਾਹਿਗੁਰੂ ਵਿਚ ਲੱਗਾ ਬਾਹਰਲੇ ਮੇਲ ਜੋਲ ਦੇ ਵਿਘਨਕਾਰੀ ਅਸਰ ਤੋਂ ਮੁਅੱਸਰ ਨਹੀਂ ਹੁੰਦਾ,ਲੇਪ ਨਹੀਂ ਲਗਣ ਦੇਂਦਾ; ਜਿਵੇਂ ਜਲ ਵਿਚ ਖੜਾ ਕਵਲ ਜਲ ਦੇ ਗਾਲਣ ਵਾਲੇ ਅਸਰ ਤੋਂ ਮੁਅੱਸਰ ਨਹੀਂ ਹੁੰਦਾ। ਹੋਰ ਖੋਹਲਦੇ ਹਨ ਕਿ ਮੂੰਹ ਨਾਲ ਤਾਂ ਗੱਲ ਬਾਤ ਕਰ ਲੈਂਦਾ ਹਾਂ, ਪਰ ਜੀਅ ਨਾਲ ਵਾਹਿਗੁਰੂ ਨੂੰ ਫੜੀ ਰਖਦਾ ਹਾਂ। ਮਨ ਹਰੀ ਸਿਮਰਨ ਵਿਚ ਰਹਿੰਦਾ ਹੈ ਤੇ ਬਾਹਰ ਗੱਲ ਬਾਤ ਹੋ ਜਾਂਦੀ ਹੈ। ਅਭਯਾਸੀ ਜਾਣਦੇ ਹਨ ਕਿ ਨਾਮੀ ਪੁਰਖ ਦੇ ਮਨ ਦੇ ਦੋ ਹੱਥਾਂ ਵਾਂਙੂ ਦੋ ਪੱਖ ਜੇਹੇ ਹੋ ਜਾਂਦੇ ਹਨ, ਇਕ ਸਿਮਰਨ ਵਿਚ ਰਹਿੰਦਾ ਹੈ ਤੇ ਇਕ ਬਾਹਰਲੇ ਕੰਮ ਕਰੀ ਜਾਂਦਾ ਹੈ। ਆਮ ਕਹਾਵਤ ਬੀ ਹੈ: 'ਹਥ ਕਾਰ ਵਲ ਦਿਲ ਯਾਰ ਵਲ'। ਫੇਰ ਅੰਦਰਲਾ ਡੂੰਘਾ ਮਨ-ਤਲਹੀਅਲ-ਜਦ ਸਿਮਰਨ ਨਾਲ ਪੁਰ ਹੋ ਜਾਂਦਾ ਹੈ, ਤਦ ਸਿਮਰਨ ਕਿਵੇਂ ਬੀ ਬੰਦ ਨਹੀਂ ਹੁੰਦਾ, ਓਹ ਆਪੂੰ ਜਾਰੀ ਹੋ ਜਾਂਦਾ ਹੈ, ਜਿਵੇਂ ਸੁਆਸ ਆਪੂੰ ਆਉਂਦੇ ਹਨ ਇਹ ਗ੍ਰਿਹਸਤੀ ਦੀ ਸਿਮਰਨ ਅਵਸਥਾ ਦੀ ਪਰਪੱਕਤਾ ਦਿਖਾਈ ਹੈ ਕਿ ਦੋਹਾਂ ਪੱਖਾਂ ਵਿਚ ਨਿਭਦਾ ਹੈ। ਅੰਦਰ ਨੇਹੁੰ ਸਾਂਈ ਨਾਲ ਤੇ ਬਾਹਰ ਸੂਤ ਸਾਂਈ ਦੀ ਸਾਜੀ ਨਾਲ।

ਅੰਕ ੨ ਵਿਚ ਹੋਰ ਗੱਲ ਦੱਸਦੇ ਹਨ ਕਿ ਜ਼ਾਹਰ ਮੇਰੀ ਸ਼ਕਲ ਕੁਛ 'ਭੀਹਾਲਾ' ਭਾਸਦੀ ਹੈ, ਪਰ ਦਿਲੋਂ ਮੈਂ ਸਭ ਦੇ ਚਰਨਾਂ ਦੀ ਧੂੜ ਹਾਂ। ਭਾਵ ਇਹ ਕਿ ਮੈਂ ਅੰਦਰੋਂ ਨਿਰ ਅਭਿਮਾਨ ਹਾਂ। 'ਭੀਹਾਲਾ' ਦਾ ਅਰਥ ਤਾਂ ਭਿਆਨਕ ਹੈ ਪਰ ਭਾਵ ਉਸ ਪ੍ਰਕਾਰ ਦੇ ਭੈ ਤੋਂ ਨਹੀਂ ਜੋ ਸ਼ੇਰ ਆਦਿਕਾਂ ਨੂੰ ਦੇਖ ਕੇ ਆਉਂਦਾ ਹੈ, ਪਰ ਉਸ ਤੋਂ ਭਾਵ ਹੈ ਜਿਸ ਨੂੰ ਫਾਰਸੀ ਵਿਚ 'ਰੋਅਬਦਾਬ' ਆਖਦੇ ਹਨ। ਜਿਵੇਂ ਪਾਤਸ਼ਾਹਾਂ ਹਾਕਮਾਂ ਪਾਸ ਖੜੇ ਉੱਤੇ ਉਨ੍ਹਾਂ ਦਾ ਪਾਤਸ਼ਾਹੀ ਰੋਅਬ ਪੈਂਦਾ ਹੈ। ਇਸੀ ਤਰ੍ਹਾਂ 'ਨਾਮੀ ਪੁਰਖ' ਦਾ ਸਰੀਰ ਰੋਅਬ-ਦਾਬ ਵਾਲਾ ਹੁੰਦਾ ਹੈ, ਕਿਉਂਕਿ ਨਾਮੀ ਪੁਰਖ ਇਕ 'ਸ਼ਖ਼ਸੀਅਤ ਹੋ ਜਾਂਦਾ ਹੈ, ਉਸ ਦਾ ਪ੍ਰਭਾਵ ਵਿਦਿਤ ਹੋ ਕੇ ਪੈਂਦਾ ਹੈ। ਉਸ ਦੀ ਉੱਚਤਾ ਵਾਲੀ ਪ੍ਰਭਾਵਸ਼ੀਲਤਾ ਨੂੰ 'ਭੀਹਾਲਾ' ਪਦ ਨਾਲ ਜਣਾਇਆ ਹੈ। ਨਾਮੀ ਪੁਰਖ ਨਾਮ ਦੇ ਪ੍ਰਭਾਵ ਨਾਲ ਪ੍ਰਭਾਵਸ਼ਾਲੀ ਹੁੰਦੇ ਹਨ, ਪਰ ਹਉਂ ਦੇ ਦੂਰ ਹੋ ਜਾਣ ਕਰਕੇ ਅੰਦਰੋਂ ਨਿਰਅਭਿਮਾਨ ਹੁੰਦੇ ਹਨ।

ਅੰਕ ੪ ਵਿਚ ਇਸ ਦਾ ਕਾਰਣ ਦੱਸਦੇ ਹਨ ਕਿ ਇਹ ਪੂਰੇ ਗੁਰੂ ਦੀ ਮਿਹਰ ਦਾ ਪ੍ਰਤਾਪ ਹੈ, ਜਿਸ ਨੇ ਅੰਦਰ ਬਾਹਰ ਇਕ ਪਰੀ ਪੂਰਨ ਪ੍ਰਭੂ ਦਿਖਾ ਦਿੱਤਾ ਹੈ।

ਇਸ ਕਹਿਣੇ ਤੋਂ ਸਪਸ਼ਟ ਹੋ ਗਿਆ ਕਿ ਸ਼ਬਦ ਵਿਚ ਕਹੀ ਅੰਦਰ ਬਾਹਰ ਦੀ ਭਿੰਨਤਾ ਵਾਲੀ ਅਵਸਥਾ ਨਾ ਤਾਂ 'ਆਪਣੇ ਆਪੇ' ਨਾਲ ਕੋਈ ਪ੍ਰਤੀਕੂਲਤਾ ਹੈ, ਨਾ ਲੋਕਾਂ ਨਾਲ ਪ੍ਰਤੀਕੂਲਤਾ ਹੈ। ਅੰਦਰ

ਬਾਹਰ ਅਨੁਕੂਲਤਾ ਵਰਤ ਰਹੀ ਹੈ, ਕਿਉਂਕਿ ਅੰਦਰ ਬਾਹਰ ਨਾਮ ਦਾ ਤੁਫੈਲ ਨਾਮੀ ਦਿੱਸਾ ਰਿਹਾ ਹੈ ਸੋ ਇਕ ਮਨ ਦਾ ਰੰਗ ਉਸ ਵਜਾਪਕ ਨਾਲ, ਜੋ ਇਕ ਹੈ ਤੇ ਕਦੇ ਪ੍ਰਛਿੰਨ ਨਹੀਂ ਹੁੰਦਾ, ਜੁੜ ਰਿਹਾ ਹੈ। ਅਰਥਾਤ 'ਏਕਤ੍ਰ' ਨਾਲ ਮਨ ਅਨੁਕੂਲਤਾ ਵਿਚ ਹੈ। ਦੂਜੇ ਪਾਸੇ 'ਨਾਨਤ੍ਰ' ਵਿਚ ਵਰਤਾਉ ਅਨੁਕੂਲਤਾ ਦਾ ਹੈ, ਦੋਹਾਂ ਪਖਾਂ ਵਿਚ ਪ੍ਰਤੀਕੂਲਤਾ ਨਹੀਂ ਹੈ। ਇਸ ਸ਼ਬਦ ਦਾ ਇਹ ਭਾਵ ਹਰਗਿਜ਼ ਨਹੀਂ ਹੈ ਕਿ ਦੁਨੀਆਂ ਨਾਲ ਕੋਈ ਛਲ ਯਾ ਬਨਾਵਟ ਹੋ ਰਹੀ ਹੈ।

ਨਿਰੁਕ੍ਤ—ਠਾਠਾ ਬਾਗਾ, ਸੂਤ, ਭੀਹਾਲਾ ਦੀ ਵਿਵੇਚਨਾ ਉਪਰ ਆ ਚੁਕੀ ਹੈ।

ਅਲਿਪਤ—ਨਿਰਲੇਪ। ਕਉਲਾ-ਕਵਲ ਫੁੱਲ।

ਰਾਲਾ—[ਸੰਸ:, ਰਜ=ਗਰਦ, ਧੂੜ] ਧੂੜ।

[ਆਸਾ ਮਹਲਾ ੫, ਚਉਪਦਾ, ੫੫-੧੨੨]

ਮੂਲ	ਅਰਥ
ਆਸਾ ਮਹਲਾ ੫ ॥ ਪਾਵਤੁ ਰਲੀਆ ਜੋਬਨਿ ਬਲੀਆ ॥ ਨਾਮ ਬਿਨਾ ਮਾਟੀ ਸੰਗਿ ਰਲੀਆ॥੧॥	(ਜਦ ਤਕ) ਜੁਆਨੀ ਕਰਕੇ ਬਲਵਾਨ ਹੈ (ਤਦ ਤਕ ਭੋਗਾਂ ਤੋਂ) ਖੁਸ਼ੀਆਂ ਪ੍ਰਾਪਤ ਕਰਦਾ ਹੈ, (ਪਰ) ਨਾਮ ਵਿਹੂਣਾ (ਹੋਣ ਕਰਕੇ ਅੰਤ ਨੂੰ) ਮਿੱਟੀ ਨਾਲ ਰਲ ਜਾਏਗਾ (ਭਾਵ ਜਨਮ ਬਿਰਥਾ ਗੁਆ ਜਾਏਗਾ)॥੧॥
ਕਾਨ ਕੁੰਡਲੀਆ ਬਸਤ੍ਰ ਓਢਲੀਆ ॥ ਸੇਜ ਸੁਖਲੀਆ ਮਨਿ ਗਰਬਲੀਆ॥੧॥ ਰਹਾਉ ॥	ਕੰਨਾਂ ਵਿਚ ਕੁੰਡਲ (ਪਾਉਂਦਾ ਹੈ, ਸੁਹਣੇ) ਕਪੜੇ ਪਹਿਨਦਾ ਹੈ, ਸੁਖ ਵਾਲੀ ਸੇਜਾ (ਤੇ ਸੌਂਦਾ ਹੈ ਤੇ) ਮਨ ਵਿਚ ਹੰਕਾਰ ਕਰਦਾ ਹੈ॥੧॥ਰਹਾਉ॥
ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ ॥ ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ ॥੨॥	ਹੇਠਾਂ ਹਾਥੀ ਹੈ, (ਭਾਵ ਹਾਥੀ ਦੀ ਸਵਾਰੀ ਕਰਦਾ ਹੈ) ਸਿਰ ਉੱਤੇ (ਤਾਣਨ ਲਈ) ਸੋਨੇ ਦੇ ਛਤਰ ਹਨ, (ਪਰ ਜੇ) ਹਰੀ ਭਗਤੀ ਤੋਂ ਬਿਨਾਂ ਹੈ (ਤਾਂ) ਧਰਤੀ ਵਿਚ ਗਡਿਆ ਜਾਏਗਾ (ਭਾਵ ਜਨਮ ਬਿਰਥਾ ਚਲਾ ਜਾਏਗਾ)॥੨॥
ਰੂਪ ਸੁੰਦਰੀਆ ਅਨਿਕ ਇਸਤਰੀਆ॥ ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ ॥੩॥	ਰੂਪ ਦਾ ਸੁੰਦਰ ਹੈ, ਅਨੇਕਾਂ ਇਸਤ੍ਰੀਆਂ (ਵਾਲਾ ਹੈ, ਅੰਤ ਨੂੰ, ਹਰੀ ਰਸ ਤੋਂ ਬਿਨਾਂ (ਏਹ) ਸਾਰੇ ਸੁਆਦ ਫਿੱਕੇ (ਲੱਗਣਗੇ)॥੩॥
ਮਾਇਆ ਛਲੀਆ ਬਿਕਾਰ ਬਿਖਲੀਆ ॥ ਸਰਣਿ ਨਾਨਕ ਪ੍ਰਭ ਪੁਰਖ ਦਇਅਲੀਆ ॥੪॥੪॥੫੫॥	(ਸਾਰੀ) ਮਾਇਆ ਛਲ ਲੈਣ ਵਾਲੀ (ਠੱਗਣੀ ਹੈ, (ਇਸ ਦੁਆਰਾ ਭੋਗੇ ਭੋਗ) ਵਿਕਾਰ ਜ਼ਹਿਰ ਰੂਪ ਹਨ, (ਇਨ੍ਹਾਂ ਤੋਂ ਬਚਣੇ ਲਈ) ਦਿਆਲੂ ਪੁਰਖ ਦੀ ਸ਼ਰਣ ਹੈ, ਹੇ ਨਾਨਕ ॥੪॥੪॥੫੫॥

ਵਜਾਖਜਾ— ਸੁਗਮ ਹੈ।

ਨਿਰੁਕ੍ਤ— ਪਾਵਤੁ—ਪਾਉਂਦਾ ਹੈ, ਪ੍ਰਾਪਤ ਕਰਦਾ ਹੈ। (ਅ) 'ਪਾਵ+ਤੁਰਲੀਆਂ' ਪਾਠ ਕਰਕੇ 'ਪੈਰਾਂ ਹੇਠ ਘੋੜੇ ਹਨ' ਅਰਥ ਕਰਨ ਦਾ ਜਤਨ ਬੀ ਹੁੰਦਾ ਹੈ, ਪਰ ਢੁੱਕਦਾ ਘੱਟ ਹੈ।

ਕੁਡੰਲੀਆ—[ਸੰਸ:, ਕੁੰਡਲਮ੍=ਕੰਨਾਂ ਦਾ ਗਹਿਣਾ] ਕੁੰਡਲ ਹਨ। ਨਿਰਾ ਸੋਨੇ ਦਾ ਬਣਿਆ

ਇਕ ਗੋਲ ਗੋਲ ਗਹਿਣਾ। ਨਰ ਬੱਤਖ ਆਦਿ ਦੇ ਖੰਭਾਂ ਵਿਚ ਕੁੰਡਲ ਹੁੰਦੇ ਹਨ, ਉਨ੍ਹਾਂ ਨੂੰ ਸੋਨੇ ਵਿਚ ਲਗਾ ਕੇ ਬੀ ਕੰਨਾਂ ਵਿਚ ਪਹਿਨਦੇ ਹਨ।

ਗਰਬਲੀਆ—[ਗਰਬ+ਵਾਲਾ। ਸੰਸ:, ਗਰ੍ਵ := ਘੁਮੰਡ, ਅਭਿਮਾਨ] ਹੰਕਾਰ ਵਾਲਾ ਹੈ।

ਕੁੰਚਰੀਆ—[ਸੰਸ:, ਕੁੰਜਰ: = ਹਾਥੀ] ਹਾਥੀ ਹੈਨ।

ਕਨਿਕ—ਸੋਨੇ ਦੇ। ਛਤਰੀਆ-ਛਤਰ ਹਨ।

ਬਿਖਲੀਆ—ਜ਼ਹਿਰ ਵਾਲੇ ਹਨ। ਭਾਵ ਅੰਤ ਬਹੁਤ ਬੁਰਾ ਹੈ।

ਦਇਅਲੀਆ—(ਜੋ) ਦਿਆਲੂ ਹੈ।

[ਆਸਾ ਮਹਲਾ ੫, ਚਉਪਦਾ, ੫੬-੧੨੩]

ਮੂਲ	**ਅਰਥ**
ਆਸਾ ਮਹਲਾ ੫ ॥ **ਏਕੁ ਬਗੀਚਾ ਪੇਡ ਘਨ ਕਰਿਆ ॥** **ਅੰਮ੍ਰਿਤ ਨਾਮੁ ਤਹਾ ਮਹਿ ਫਲਿਆ॥੧॥**	ਇਕ ਬਗੀਚਾ ਹੈ (ਉਸ ਵਿਚ) ਬਹੁਤੇ ਬ੍ਰਿੱਛ ਲਾਏ ਹੋਏ ਹਨ, ਉਨ੍ਹਾਂ ਵਿਚੋਂ(ਕਈ ਬੂਟੇ) ਫਲ ਪਏ ਹਨ, (ਉਨ੍ਹਾਂ ਨੂੰ ਫਲ ਲੱਗਾ ਹੈ) ਅੰਮ੍ਰਿਤ ਨਾਮ॥੧॥
ਐਸਾ ਕਰਹੁ ਬੀਚਾਰੁ ਗਿਆਨੀ ॥ ਜਾ ਤੇ ਪਾਈਐ ਪਦੁ ਨਿਰਬਾਨੀ ॥ ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ ॥੧॥ ਰਹਾਉ ॥	ਹੇ ਗਜਾਨੀ! (ਹੁਣ) ਐਸਾ (ਕੋਈ) ਵੀਚਾਰ ਕਰੋ ਕਿ ਜਿਸ ਕਰਕੇ (ਇਸ ਸਾਰੇ ਬਗੀਚੇ ਦੇ) 'ਬਿਨ ਕਾਂਪ ਖਾਧੇ ਪਦਵੀ (ਤੇ ਪਹੁੰਚਣਾ) ਪਾ ਲਈਏ, (ਕਿਉਂਕਿ ਇਸ ਬਾਗ ਦੇ) ਨੇੜੇ ਤੇੜੇ, ਹੇ ਭਾਈ ! (ਵਿਹੁਲੇ (ਪਾਣੀ) ਦੇ ਕੁੰਡ (ਹੌਜ਼ ਬੀ) ਹਨ, (ਚਾਹੋ ਇਸ ਦੇ) ਵਿਚਾਲੇ ਅੰਮ੍ਰਿਤ ਹੈ॥੧॥ਰਹਾਉ॥
ਸਿੰਚਨਹਾਰੇ ਏਕੈ ਮਾਲੀ ॥ ਖਬਰਿ ਕਰਤੁ ਹੈ ਪਾਤ ਪਤ ਡਾਲੀ॥੨॥	(ਇਸ ਬਗੀਚੇ ਨੂੰ) ਪਾਣੀ ਦੇਣ ਵਾਲਾ ਮਾਲੀ (ਜੋ) ਇਕੋ ਹੈ, ਪਤ ਪਤ ਤੇ ਡਾਲੀ ਡਾਲੀ ਨੂੰ ਖ਼ਬਰ ਕਰਦਾ ਰਹਿੰਦਾ ਹੈ॥੨॥
ਸਗਲ ਬਨਸਪਤਿ ਆਨਿ ਜੜਾਈ ॥ ਸਗਲੀ ਫੂਲੀ ਨਿਫਲ ਨ ਕਾਈ ॥੩॥	(ਉਸ ਮਾਲੀ ਨੇ ਆਪਣੇ ਬਗੀਚੇ ਵਿਚ) ਸਭ (ਭਾਂਤ ਦੀ) ਬਨਸਪਤੀ ਆ ਗੱਡੀ ਹੈ, ਜੋ ਸਾਰੀ ਫੁਲਾਂ ਤੇ ਆ ਗਈ ਹੈ ਤੇ ਫਲ ਰਹਿਤ ਕੋਈ ਨਹੀਂ ਰਹੀ ਹੈ॥੩॥
ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ ਪਾਇਆ ॥ ਨਾਨਕ ਦਾਸ ਤਰੀ ਤਿਨਿ ਮਾਇਆ ॥੪॥੫॥੫੬॥	(ਭਾਵ ਇਹ ਹੈ ਕਿ) ਜਿਸ ਨੇ ਨਾਮ ਰੂਪੀ ਅੰਮ੍ਰਿਤ ਫਲ ਗੁਰੂ ਤੋਂ ਪ੍ਰਾਪਤ ਕੀਤਾ ਹੈ, ਹੇ ਨਾਨਕ ! ਉਸ ਨੇ ਮਾਇਆ (ਦੀ ਖਾਈ) ਤਰ ਲਈ ਹੈ॥੪॥੫॥੫੬॥

ਵਜਾਖਜਾ— ਇਕ ਬਾਗ ਦੇ ਰੂਪਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲਗਾਏ ਸਤਿਸੰਗ ਦਾ ਵਰਣਨ ਕੀਤਾ ਹੈ।

ਅੰਕ ੧ ਵਿਚ ਸਮੁੱਚੇ ਤੌਰ ਤੇ ਦੱਸਿਆ ਕਿ ਗੁਰੂ ਨਾਨਕ ਦੇਵ ਦੇ ਸਤਿਸੰਗ ਰੂਪੀ ਬਗੀਚੇ ਵਿਚ ਬਹੁਤੇ ਬ੍ਰਿੱਛ ਲਗੇ ਹੋਏ ਹਨ, ਉਸ ਬਗੀਚੇ ਵਿਚ ਹਰ ਬੂਟਾ ਫਲ ਤੇ ਆ ਗਿਆ ਹੈ। ਫਲ ਕੀ ਹੈ ? ਅੰਮ੍ਰਿਤ ਨਾਮ ਹੁਣ ਕਿਸੇ ਬਨਸਪਤੀ ਵਿਦਜਾ ਦੇ ਜਾਣੂ ਦੀ ਥਾਂ ਗਜਾਨੀ ਨੂੰ ਪੁੱਛਦੇ ਹਨ ਕਿ ਕੋਈ ਤਦਬੀਰ ਦੱਸੋ ਕਿ ਸਾਰੇ ਬ੍ਰਿੱਛਾਂ ਦਾ ਫਲ ਸਿਰੇ ਚੜ ਜਾਏ, ਕਾਂਪ ਨਾ ਖਾ ਜਾਵੇ। ਇਸ ਖਜਾਲ

ਨੂੰ ਪਦ 'ਨਿਰਬਾਨੀ' ਕਹਿਕੇ ਦੱਸਦੇ ਹਨ ਜੋ ਦੂਹੀਂ ਪਾਸੀਂ ਲੱਗਦਾ ਹੈ, ਫਲਾਂ ਨੂੰ ਬਾਣ ਕੋਈ ਨਾ ਲੱਗੇ, ਐਸਾ ਵੀਚਾਰ ਦੱਸ, ਜੈਸੇ ਵਾਕ ਹੈ :-

ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ॥ [ਸਲੋਕ ਕਬੀਰ ਜੀ-੧੩੪]

ਫਲਾਂ ਬਾਬਤ ਤਾਂ ਇਉਂ ਕਿਹਾ, ਪਰਮਾਰਥ ਇਉਂ ਕਿਹਾ ਕਿ ਨਾਮ ਹੁਣ ਰਸ ਰੂਪ ਅਵਸਥਾ ਵਿਚ ਹੈ, ਮੇਹਰ ਕਰੋ ਕਿ ਇਹ ਨਿਰਬਾਣ ਪਦਵੀ ਤੇ ਪਹੁੰਚ ਪਵੇ, ਮੁਕਤੀ ਦੇ ਦਰਜੇ ਤੇ ਅੱਪੜ ਪਵੇ।

ਇਥੇ ਸੰਸਾ ਪੈਦਾ ਹੁੰਦਾ ਹੈ ਕਿ 'ਨਾਮ ਅੰਮ੍ਰਿਤ' ਨੂੰ ਪੁੱਜਕੇ ਫੇਰ ਕਾਹਦਾ ਭਉ? 'ਤਾਂ ਦੱਸਦੇ ਹਨ ਕਿ ਲਾਗੇ ਚਾਗੇ ਸਤਿਸੰਗ ਦੇ ਵਿਹੁਲੇ ਪਾਣੀ ਦੇ ਹੌਜ਼ ਬੀ ਹਨ, ਅਰਥਾਤ ਕੁਸੰਗੀ ਲੋਕ, ਮਾਇਆ ਦੀ ਲੁਭਯਮਾਨਤਾ, ਝੂਠੇ ਤੇ ਰਿਆਕਾਰੀ ਸਾਧੂਆਂ ਦੇ ਸੰਗ, ਵਿਕਾਰੀ ਲੋਕਾਂ ਦੀ ਆਵਾਜਾਈ ਆਦਿ ਮਾੜੇ ਪ੍ਰਭਾਵ ਹਨ, ਜੋ ਅਨੇਕਾਂ ਰੂਪਾਂ, ਛਲਾਂ ਵਿਚ ਸਤਿਸੰਗਾਂ ਵਿਚ ਆ ਵੜਦੇ ਹਨ, ਇਸ ਤੋਂ ਬਚਾਉ ਦੀ ਲੋੜ ਹੈ। ਕੁਸੰਗ ਤੋਂ ਸਦਾ ਬਚਣਾ ਚਾਹੀਏ। ਫਿਰ ਖ਼ਬਰਦਾਰ ਕਰਦੇ ਹਨ ਕਿ ਇਕ ਮਾਲੀ ਹੈ ਇਸ ਬਾਗ ਦਾ, ਉਹ ਹੈ ਗੁਰੂ, ਉਹ ਬੂਟੇ ਨੂੰ ਖ਼ਬਰਦਾਰ ਕਰਦਾ ਰਹਿੰਦਾ ਹੈ। ਪਤ ਪਤ ਡਾਲੀ ਡਾਲੀ ਨੂੰ ਖ਼ਬਰਦਾਰ ਰੱਖਦਾ ਹੈ, ਅਰਥਾਤ ਹੋਰ ਇਨਸਾਨ ਦੇ ਨੇਤ੍ਰਾਂ, ਕੰਨਾਂ ਆਦਿ ਨੂੰ ਵਿਸ਼ੇ ਵਿਕਾਰਾਂ ਦੀ ਜ਼ਹਿਰ ਤੋਂ ਖਬਰ ਦੇਂਦਾ ਰਹਿੰਦਾ ਹੈ ਕਿ ਏਹ ਮਾਰੂ ਅਸਰ ਵਾਲੇ ਸਾਮਾਨ ਹਨ।

ਅੰਕ ੩-ਇਸ ਪ੍ਰਕਾਰ ਉਸ ਮਾਲੀ ਰੂਪ ਗੁਰੂ ਨੇ ਆਪਣੇ ਸਤਿਸੰਗ ਵਿਚ ਗੁਰਸਿਖ ਤੇ ਗੁਰਮੁਖ ਪੈਦਾ ਕੀਤੇ ਹਨ, ਜੋ ਸਾਰੇ ਫੁੱਲਾਂ ਤੇ ਆ ਗਏ ਹਨ ਤੇ ਫਲ ਰਹਿਤ ਕੋਈ ਨਹੀਂ ਰਿਹਾ, 'ਫੂਲੀ' ਤੇ 'ਨਿਫਲ ਨ ਕਾਈ' ਵਿਚ ਕਿਸ ਉੱਤਮ ਰੀਤੀ ਨਾਲ ਦੱਸਿਆ ਹੈ ਕਿ 'ਫਲ ਤੇ ਫੁੱਲ ਤੇ ਸਾਰੇ ਆ ਗਏ ਹਨ', ਸਾਰੇ ਰਸੀਏ ਤੇ ਮੁਕਤ ਰੂਪ ਹੋ ਰਹੇ ਹਨ।

ਅੰਕ ੪-ਇਥੋਂ ਤਾਈਂ ਦ੍ਰਿਸ਼ਟਾਂਤ ਤੇ ਦਾ-ਦ੍ਰਿਸ਼ਟਾਂਤ ਰਲਵੇਂ ਆਏ ਹਨ। ਹੁਣ ਨਿਰੋਲ ਦਾਰਸ਼ਟਾਂਤ ਆਇਆ ਕਿ ਜਿਸ ਨੇ ਨਾਮ ਗੁਰੂ ਤੋਂ ਪ੍ਰਾਪਤ ਕਰਕੇ ਕਮਾਇਆ, ਉਸਨੇ ਮਾਇਆ ਜਿੱਤ ਲਈ ਤੇ ਅੰਮ੍ਰਿਤ (ਅਰਥਾਤ ਅਮਰ ਪਦਵੀ) ਪ੍ਰਾਪਤ ਕਰ ਲਈ।

ਇਸ ਸ਼ਬਦ ਦਾ ਭਾਵ ਦਾਨੇ ਲੋਕ ਹੋਰਵੇਂ ਬੀ ਲੈਂਦੇ ਹਨ:-

ਬਗੀਚਾ = ਬ੍ਰਹਮੰਡ। ਪਤ = ਪਸੂ, ਪੰਖੀ, ਦੇਵ, ਦੈਂਤ ਆਦਿ ਜਾਨ ਵਾਲੇ।

ਅੰਮ੍ਰਿਤ ਨਾਮੁ = ਨਾਮ ਰੂਪੀ ਅੰਮ੍ਰਿਤ ਫਲ। ਇਥੇ 'ਕਿਸੇ ਕਿਸੇ ਨਾਲ' ਦਾ ਅਧਜਾਹਾਰ ਕਰਨਾ ਹੁੰਦਾ ਹੈ। ਗਿਆਨੀ = ਗਿਆਨਵਾਨ। ਪਦੁ ਨਿਰਬਾਨੀ = ਪਰਮਪਦ।

ਬਿਖੂਆ ਕੇ ਕੁੰਟਾ = ਕੁਸੰਗੀ। ਅੰਮ੍ਰਿਤੁ = (ਅੰਮ੍ਰਿਤ ਦਾ ਕੁੰਡ) ਸਤਿਸੰਗ।

ਏਕੋ ਮਾਲੀ = ਇਕ ਅਕਾਲ ਪੁਰਖ (ਜੋ)। ਖਬਰਿ ਕਰਤੁ ਹੈ ... = ਖਬਰ ਲੈਂਦਾ ਹੈ (ਹਰ ਬ੍ਰਿੱਛ ਦੇ) ਪੱਤੇ ਤੇ ਡਾਲੀਆਂ ਦੀ, ਭਾਵ-ਛੋਟੇ ਵਡੇ ਜੀਵਾਂ ਨੂੰ ਖਾਨ ਪਾਨ ਦੇਂਦਾ ਹੈ।

ਬਨਸਪਤਿ = ਜੀਵ ਸ੍ਰਿਸ਼ਟੀ (ਏਸ ਬਾਗ ਵਿਚ) ਮਾਯਾ ਸ਼ਕਤੀ ਕਰਕੇ ਉਸ ਦੀ ਗਡੀ ਹੈ-ਕਰਾਈ ਹੈ। (ਇਹ ਸਾਰੀ) ਆਪਣੇ ਕਰਮਾਂ ਅਨੁਸਾਰ ਫਲਦੀ ਹੈ।

ਨਿਫਲ = (ਸੁਖ ਦੁਖ ਰੂਪ) ਫਲਾਂ ਤੋਂ ਨਿਫਲੀ ਕੋਈ ਨਹੀ ਰਹਿੰਦੀ।

ਅੰਮ੍ਰਿਤ ਫਲੁ = ਇਨ੍ਹਾਂ ਤੁਕਾਂ ਦਾ ਭਾਵ ਅਰਥ ਪਹਿਲੇ ਵਾਂਙੂ ਹੀ ਹੈ।

ਪਹਿਲੇ ਅਰਥ ਭਾਵ ਵਿਚ ਵਿਸ਼ੇਸ਼ਤਾ ਇਹ ਹੈ ਕਿ ਪਦ ਹੈ ਬਾਗ਼ੀਚਾ, ਬਾਗ਼ ਨਹੀਂ। ਬਾਗ ਵਾਚਕ ਹੋ ਸਕਦਾ ਹੈ ਦੁਨੀਆਂ ਦਾ ਯਾ ਬ੍ਰਹਮੰਡ ਦਾ। ਬਾਗ਼ੀਚਾ, ਫ਼ਾਰਸੀ ਪਦ ਹੈ, ਅਰਥ ਹੈ ਛੋਟਾ ਬਾਗ਼। ਇਸ ਕਰਕੇ ਸਾਰੇ ਬ੍ਰਹਮੰਡ ਦਾ ਵਾਚਕ ਨਹੀ, ਛੋਟਾ ਬਾਗ਼ੀਚਾ ਸਤਿਸੰਗ ਦਾ ਵਧੇਰੇ ਵਾਚਕ ਹੈ, ਜੋ ਇਸ ਵਿਹੁਲੇ ਆਲੇ ਪੁਦਾਲੇ ਵਿਚ ਸੁਹਾਵਾ ਸਥਾਨ ਹੈ।

ਇਸ ਅਰਥ ਕਰਨ ਵਿਚ 'ਉਨ੍ਹਾਂ ਵਿਚੋਂ ਕੋਈ ਕੋਈ' ਅਧਜਾਹਾਰ ਕਰਨ ਦੀ ਲੋੜ ਨਹੀ ਪੈਂਦੀ।

ਆਸਿ ਪਾਸਿ=ਜੇ ਬਾਗੀਚਾ ਦਾ ਅਰਥ ਹੈ ਬ੍ਰਹਮੰਡ ਤਾਂ ਉਸ ਦੇ 'ਆਸ ਪਾਸ ਦਾ ਅਰਥ ਕੀ ਹੋਇਆ? ਕਿਉਂਕਿ ਬ੍ਰਹਮੰਡ ਦੇ ਬਾਹਰ ਉਸ ਦੇ ਪਾਸ ਤਾਂ ਕੋਈ ਹੋਰ ਥਾਂ ਹੈ ਹੀ ਨਹੀਂ, ਜੇ ਹੋਊ ਤਾਂ ਬ੍ਰਹਮੰਡ ਪਦ ਦੇ ਅਰਥ ਦੇ ਦਾਇਰੇ ਵਿਚ ਆ ਜਾਊ। ਫੇਰ ਬਿਖ ਦੇ ਕੁੰਟ ਤਾਂ ਬ੍ਰਹਮੰਡ ਦੇ ਵਿਚੇ ਹਨ, ਬਾਹਰ ਤਾਂ ਨਹੀਂ ਹਨ। ਖਬਰਿ ਕਰਤੁ ਹੈ=ਖਬਰ ਲੈਂਦਾ ਹੈ। ਪ੍ਰੰਤੂ ਪਦ ਹੈ 'ਖਬਰਿ ਕਰਤੁ' ਹੈ ਜਿਸ ਦਾ ਅਰਥ ਹੈ 'ਖ਼ਬਰ ਕਰਦਾ ਹੈ'। ਇਉਂ 'ਕਰਤ' ਦਾ ਅਰਥ 'ਹੁੰਦਾ ਹੈ' ਕਰਨ ਵਿਚ ਅਰਥ ਨੂੰ ਭੁਆਉਣਾ ਪੈਂਦਾ ਹੈ। ਸਗਲੀ ਫੂਲੀ=ਸਾਰੀ ਭਲੇ ਬੁਰੇ ਕਰਮਾਂ ਅਨੁਸਾਰ ਦੁਖ ਸੁਖ ਦਾ ਫਲ ਪਾਉਂਦੀ ਹੈ। ਇਸ ਅਰਥ ਕਰਨ ਵਿਚ ਬੀ ਚੰਗੇ ਮੰਦੇ ਕਰਮਾਂ ਅਨੁਸਾਰ ਤੇ ਦੁਖ ਸੁਖ ਰੂਪੀ ਫਲ ਏਹ ਖਜਾਲ ਅਧਜਾਹਾਰ ਕਰਨੇ ਪੈਂਦੇ ਹਨ। ਪਹਿਲੇ ਅਰਥ ਦੀ ਪ੍ਰੋੜ੍ਹਤਾ ਸ਼ਬਦ ਦੀ ਪਹਿਲੀ ਤੁਕ ਕਰ ਰਹੀ ਹੈ ਕਿ ਉਸ ਬਗੀਚੇ ਵਿਚ 'ਅੰਮ੍ਰਿਤ ਨਾਮੁ' ਫਲ ਰਿਹਾ ਹੈ। ਫਿਰ ਇਸੇ ਦੀ ਪ੍ਰੋੜ੍ਹਤਾ ਅੰਕ ਚਾਰ ਵਿਚ 'ਅੰਮ੍ਰਿਤ ਫਲੁ ਨਾਮੁ' ਹੀ ਕਹਿਕੇ ਕੀਤੀ ਹੈ।

ਨਿਰੁਕ੍ਤ— **ਬਗ਼ੀਚਾ**—[ਫ਼ਾ:, ਬਾਗ਼ੀਚਹ=ਛੋਟਾ ਬਾਗ਼] ਛੋਟਾ ਬਾਗ਼।

ਘਨ—ਬਹੁਤੇ। **ਪਦੁ ਨਿਰਬਾਨੀ**—[ਸੰਸ: ਪਦੱ+ਨਿਰ੍ਵਾਣਮ੍] ਉਹ ਰੂਹਾਨੀ ਦਰਜਾ ਜਿਸ ਵਿਚ ਕਸਰ ਨਾ ਹੋਵੇ। ਪਰਮ ਪਦ। ਮੁਕਤੀ ਦਾ ਪਦ। ਬਾਗ ਦੇ ਦ੍ਰਿਸ਼ਟਾਂਤ ਵਿਚ ਇਸ ਦਾ ਅਰਥ ਹੈ ਉਹ ਹਾਲਤ ਕਿ ਫਲ ਫੁੱਲ ਬਿਨਾਂ ਕਾਂਪ ਖ਼ਾਧੇ ਸਿਰੇ ਚੜ੍ਹ ਜਾਣ।

ਬਿਖੂਆ—[ਸੰਸ:, ਵਿਖ਼] ਜ਼ਹਿਰ। ਮਾਯਾ ਰੂਪੀ ਜ਼ਹਿਰ। ਵਿਕਾਰ।

ਬਿਖੂਆ ਕੇ ਕੁੰਟਾ—ਵਿਕਾਰੀ ਲੋਕ, ਕੁਸੰਗੀ।

ਅੰਮ੍ਰਿਤੁ—ਅਮਰ ਕਰਨੇ ਵਾਲਾ—ਭਾਵ ਸਤਿਸੰਗ।

[ਆਸਾ ਮਹਲਾ ੫, ਚਉਪਦਾ, ੫੭-੧੨੪]

ਪ੍ਰਾਕ੍ਕਥਨ—ਅਗਲੇ ਸ਼ਬਦ ਵਿਚ ਪ੍ਰਵਾਣ ਗ੍ਰਿਹਸਤ ਉਦਾਸੀ ਦਾ ਰੂਪ ਦਿਖਾਇਆ ਹੈ, ਕਿ ਉਹ ਕਿਵੇਂ ਬਣਦਾ ਤੇ ਕਿਸ ਹਾਲ ਸਦਾ ਪ੍ਰਸੰਨ ਤੇ ਤ੍ਰਿਪਤ ਵਰਤਦਾ ਹੈ।

ਮੂਲ	**ਅਰਥ**
ਆਸਾ ਮਹਲਾ ੫ ॥ **ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ॥੧॥**	ਤੇਰੇ ਨਾਮ ਨੇ (ਉਹ) ਮੌਜ ਬਣਾ ਦਿੱਤੀ ਹੈ (ਜੋ ਰਾਜਸੀ ਲੋਕ) ਰਾਜ (ਵਿਚ ਮਾਣਦੇ ਹਨ, ਅਤੇ) ਤੇਰਾ ਕੀਰਤਨ ਗਾ ਕੇ (ਉਹ) ਜੋਗ ਬਣ ਗਿਆ ਹੈ (ਜੋ ਯੋਗੀ ਯੋਗ ਕਰਕੇ ਪ੍ਰਾਪਤ ਕਰਦੇ ਹਨ)॥੧॥
ਸਰਬ ਸੁਖਾ ਬਨੇ ਤੇਰੈ ਓਲ੍ਹੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥੧॥ ਰਹਾਉ ॥	(ਅਤੇ) ਤੇਰੇ ਆਸਰੇ ਪਰਨੇ ਰਹਿਣੇ ਕਰਕੇ ਸਾਰੇ ਹੀ ਸੁਖ ਬਣ ਗਏ ਹਨ। ਸਤਿਗੁਰੂ ਨੇ ਭਰਮ ਦੇ ਪਰਦੇ (ਸਾਰੇ ਹੀ) ਖੋਹਲ ਸੁੱਟੇ ਹਨ॥੧॥ ਰਹਾਉ॥
ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਨਿਰਬਾਣੇ॥੨॥	(ਤੇਰਾ) ਹੁਕਮ ਬੁੱਝ ਕੇ (ਜੋ ਸੁਖ ਹੁੰਦਾ ਹੈ ਇਹ ਮੇਰਾ) ਰੰਗ ਰਸ ਮਾਣਨਾ ਹੈ। ਸਤਿਗੁਰੂ ਜੀ ਦੀ (ਜੋ) ਸੇਵਾ ਕਰੀਦੀ ਹੈ (ਉਸ ਵਿਚ) ਨਿਰਬਾਣ (ਪਦ) ਦੀ ਮਹਾਨ (ਮੌਜ ਮਿਲਦੀ ਹੈ)॥੨॥

ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥ ਨਾਮਿ ਰਤਾ ਸੋਈ ਨਿਰਬਾਣੁ ॥੩॥	(ਐਉਂ) ਜਿਸ ਨੇ ਤੈਨੂੰ ਪਛਾਣ ਲਿਆ ਹੈ ਉਹ ਗ੍ਰਿਹਸਤੀ ਹੀ ਪਰਵਾਣ ਉਦਾਸੀ ਹੈ, (ਗੱਲ ਕੀਹ ਜੋ) ਨਾਮ ਵਿਚ ਰੱਤਾ ਹੈ ਉਹੀ ਮੁਕਤਾ ਹੈ॥ ੩॥
ਜਾ ਕਉ ਮਿਲਿਓ ਨਾਮੁ ਨਿਧਾਨਾ ॥ ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥੪॥੬॥੫੭॥	ਆਖਦੇ ਹਨ (ਗੁਰੂ) ਨਾਨਕ (ਦੇਵ ਜੀ) ਉਸ ਦਾ (ਅੰਤਹਕਰਣ ਰੂਪੀ) ਖ਼ਜ਼ਾਨਾ ਭਰਪੂਰ ਹੋ ਜਾਂਦਾ ਹੈ, ਜਿਸ ਨੂੰ ਕਿ ਨਾਮ ਰੂਪੀ ਖ਼ਜ਼ਾਨਾ ਮਿਲ ਜਾਂਦਾ ਹੈ॥ ੪॥ ੬॥ ੫੭॥

ਵਜਾਖਜਾ—ਨਾਮ ਰਤੇ ਪੁਰਖ ਨੂੰ ਗ੍ਰਿਹਸਤ ਵਿਚ ਉਦਾਸੀ ਪੁਰਖ ਦੱਸਿਆ ਹੈ, ਜਿਸ ਦਾ ਜੀਵਨ ਪਰਵਾਣ ਹੈ ਜੋ ਨਾਮ ਵਿਚ ਰੱਤਾ ਰਹਿਣੇ ਕਰਕੇ ਨਿਰਬਾਣ ਅਵਸਥਾ ਵਿਚ ਬੀ ਰਹਿੰਦਾ ਹੈ ਤੇ ਗ੍ਰਿਹਸਤ ਦੇ ਸੁਖ ਨਿਰਲੇਪ ਰਹਿ ਕੇ ਮਾਣਦਾ ਤੇ ਫ਼ਰਜ਼ ਪੂਰੇ ਕਰਦਾ ਹੈ। ਕਿਵੇਂ ਇਹ ਕੁਛ ਹੁੰਦਾ ਹੈ? ਉਸ ਦਾ ਪ੍ਰਕਾਰ ਦੱਸਦੇ ਹਨ :

ਅੰਕ ੧-ਪਹਿਲੀ ਤੁਕ ਵਿਚ ਫੁਰਮਾਇਆ ਹੈ:- 'ਰਾਜ ਲੀਲਾ ਤੇਰੈ ਨਾਮਿ ਬਨਾਈ॥' ਐਉਂ ਜਾਪਦਾ ਹੈ ਕਿ ਜਿਵੇਂ ਆਪਣੇ ਉਦਾਲੇ ਸੰਗਤਾਂ, ਘਰ ਬਾਰ, ਮੰਦਰ ਜ਼ਿਮੀਆਂ, ਘੋੜੇ, ਰਥ ਆਦਿ ਸਾਮਾਨ ਦੇਖ ਕੇ ਕਹਿ ਰਹੇ ਹਨ ਕਿ ਇਹ ਸਭ ਕੁਛ ਨਾਮ ਨੇ ਬਣਾ ਦਿੱਤਾ ਹੈ। ਪਰ ਅਗਲੀ ਤੁਕ ਰਾਹਨੁਮਾਈ ਦੇਂਦੀ ਹੈ ਕਿ ਆਪ ਜੀ ਕਿਸੇ ਆਤਮਿਕ ਉੱਚਤਾ, ਅਥਵਾ ਮਾਨਸਿਕ ਅਵਸਥਾ ਦੀ ਗੱਲ ਕਹਿ ਰਹੇ ਹਨ। ਸੋ ਪਹਿਲੀ ਤੁਕ ਵਿਚ ਬੀ ਨਾਮ ਦੁਆਰਾ ਪ੍ਰਾਪਤ ਹੋਈ ਮਾਨਸਿਕ ਅਵਸਥਾ ਵੱਲ ਹੀ ਇਸ਼ਾਰਾ ਕਰ ਰਹੇ ਹਨ।

ਤੇਰਾ ਕੀਰਤਨ ਗਾ ਕੇ ਜੋਗ ਬਣਿਆ ਦਾ ਸਪਸ਼ਟ ਅਰਥ ਹੈ ਕਿ ਤੇਰਾ ਕੀਰਤਨ ਕਰਦਿਆਂ ਚਿਤ ਬ੍ਰਿਤੀਆਂ ਇਕੱਠੀਆਂ ਹੋ ਕੇ ਮਨ ਤੇਰੇ ਵਿਚ ਜੁੜ ਗਿਆ ਹੈ। ਜੋਗ ਨਾਮ ਹੈ ਮਨ ਦਾ ਆਪੇ ਵਿਚ ਯਾ ਰੱਬ ਜੀ ਵਿਚ ਜੁੜ ਜਾਣੇ ਦਾ। ਜੋਗੀ ਦਾ ਮਨ ਨਿਰੁੱਧ ਹੁੰਦਾ ਯਾ ਜੁੜਦਾ ਹੈ ਯੋਗ ਅਭਯਾਸ ਨਾਲ ਪਰ ਸਾਧਾਰਣ ਮਨ ਜੁੜ ਜਾਂਦਾ ਹੈ ਕੀਰਤਨ ਸੁਣਨੇ ਨਾਲ। ਇਹ ਗੱਲ ਇਹ ਕੋਈ ਅਜ਼ਮਾ ਕੇ ਦੇਖ ਲਵੇ ਕਿ ਜਦ ਕੀਰਤਨ ਵਿਚ ਦਿਲ ਲਾ ਕੇ ਕੀਰਤਨ ਸੁਣੇਂ ਤਾਂ ਮਨ ਏਕਾਗਰ ਹੋ ਜਾਂਦਾ ਹੈ। ਸੋ ਆਪ ਫੁਰਮਾਉਂਦੇ ਹਨ ਕਿ ਬਨੀਂ ਜਾ ਕੇ ਯੋਗ ਸਾਧਣ ਦੀ ਥਾਂ ਗ੍ਰਿਹਸਤ ਵਿਚ ਬੈਠੇ ਹਰੀ ਕੀਰਤਨ ਨਾਲ ਮਨ ਦੀ ਏਕਾਗ੍ਰਤਾ ਬਣਨ ਲੱਗ ਗਈ ਹੈ। ਇਸ ਤਰ੍ਹਾਂ ਪਹਿਲੀ ਤੁਕ ਦਾ ਭਾਵ ਬੀ ਇਹ ਹੈ ਕਿ ਤੇਰੇ ਨਾਮ ਦੇ ਸਿਮਰਨੇ ਕਰਕੇ ਕੋਈ ਉੱਚ ਮਾਨਸਿਕ ਅਵਸਥਾ ਪ੍ਰਾਪਤ ਹੋਈ ਹੈ, ਉਹ ਹੈ ਕਿ ਰਾਜ ਲੀਲਾ ਦੇ ਰੰਗ ਰਸ ਵਾਲੀ ਅਵਸਥਾ ਨਾਮ ਦੇ ਮਨ ਦੀ ਬਣਾ ਦਿੱਤੀ ਹੈ। ਰਾਜ ਲੀਲਾ ਵਾਲੇ ਲੋਕਾਂ ਦੀ ਅੰਦਰਲੀ ਮਾਨਸਿਕ ਅਵਸਥਾ ਕੀਹ ਹੁੰਦੀ ਹੈ? ਕੀ ਉਨ੍ਹਾਂ ਦੀ ਸੁਰਤਿ ਬਹੁਤ ਉੱਚੀ ਹੋਈ ਹੋਈ ਹੁੰਦੀ ਹੈ ਜਿਸ ਪ੍ਰਕਾਰ ਉਨ੍ਹਾਂ ਨੂੰ ਰਾਜ ਲੀਲਾ ਦੇ ਸਮਾਨ ਨਾਲ ਸੁਰਤਿ ਦੀ ਉੱਚਤਾ ਪ੍ਰਾਪਤ ਹੁੰਦੀ ਹੈ ਉਸੀ ਤਰ੍ਹਾਂ ਨਾਮੀ ਪੁਰਖਾਂ ਵਿਚ ਨਾਮ 'ਸੁਰਤਿ ਦੀ ਉੱਚਤਾ' ਪੈਦਾ ਕਰ ਦੇਂਦਾ ਹੈ। ਨਾਮ ਦੇ ਰਸੀਏ ਗੁਰਮੁਖ ਤਜਰਬੇ ਨਾਲ ਜਾਣਦੇ ਹਨ ਕਿ ਉਨ੍ਹਾਂ ਦੀ ਸੁਰਤ ਉੱਚੀ ਹੋ ਜਾਂਦੀ ਤੇ ਉੱਚੀ ਰਹਿੰਦੀ ਹੈ ਯਾ ਇਉਂ ਕਹੋ ਕਿ ਨਾਮੀ ਪੁਰਖ ਦੀ ਸੁਰਤਿ ਸਿੱਧੀ ਸੇਧ ਵਿਚ ਖੜੀ ਤੇ ਉੱਚੀ ਹੁੰਦੀ ਹੈ। ਫਰਕ ਕੀ ਹੈ? ਰਾਜ ਲੀਲਾ ਵਾਲਿਆਂ ਦੀ ਸੁਰਤਿ ਦੀ ਉੱਚਤਾ ਰਜੋ ਗੁਣੀ ਹੁੰਦੀ ਹੈ ਤੇ ਉਸ ਵਿਚ ਧੱਕਾ ਧੋੜ ਅਨਯਾਯ ਆਦਿ ਹੋ ਜਾਂਦੇ ਹਨ। ਨਾਮੀ ਪੁਰਖ ਦੀ ਉੱਚਤਾ ਸਤੋ ਗੁਣੀ ਹੁੰਦੀ ਹੈ, ਉਸ ਵਿਚ ਨਿਜ ਸੁਖ, ਨਿਜ ਉੱਚਤਾ (ਉਨਮਨੀ*), ਨੇਕ ਠੰਢਾ ਪ੍ਰਭਾਉ, ਪਰ-ਉਪਕਾਰ ਤੇ ਸਰਬੱਤ ਦਾ ਭਲਾ ਵੱਸਦਾ ਹੈ। ਭਾਵ ਇਹ ਹੋਇਆ ਕਿ ਨਾਮ ਨਾਲ ਸੁਰਤਿ 'ਉੱਚੀ (ਉਨਮਨੀ) ਹੋ ਗਈ ਹੈ ਤੇ ਹਰੀ ਕੀਰਤਨ ਨਾਲ ਸੁਰਤਿ 'ਏਕਾਗਰ' ਹੋ ਗਈ ਹੈ।

ਰਹਾਉ ਵਿਚ ਫੁਰਮਾਉਂਦੇ ਹਨ:-ਤੇਰਾ ਆਸਰਾ ਓਟ ਲੈ ਲੈਣ ਕਰਕੇ ਹੋਰ ਸਾਰੇ ਸੁਖ ਬਣ ਗਏ

*ਮਨ ਦੇ ਸਤੋ ਗੁਣ ਦੁਆਰਾ ਉਚਿਆਈ ਦੇ ਰੰਗ ਵਿਚ ਰਹਿਣ ਵਾਲੀ ਸੁਰਤਿ ਦੀ ਦਸ਼ਾ।

ਹਨ। ਹਰ ਗੱਲ ਵਿਚ ਤੇਰੀ ਓਟ ਲੈਂਦੇ ਹਾਂ ਕਿ ਈਸ਼੍ਵਰਪ੍ਰਣੀਧਾਨ ਪ੍ਰਾਪਤ ਹੋ ਗਿਆ ਹੈ, ਅਰਥਾਤ ਈਸ਼੍ਵਰ ਦੇ ਆਸਰੇ ਪਰਨੇ ਤੇ ਹੋ ਗਏ ਹਾਂ, ਭਗਤੀ ਭਾਵ ਸੁਰਤਿ ਵਿਚ ਸਮਾਇਆ ਰਹਿੰਦਾ ਹੈ। ਸੁਰਤਿ ਤੇ ਚੜ੍ਹਾਉ ਤੇ ਏਕਾਗ੍ਰਤਾ ਸਾਡੇ ਭਗਤੀ ਭਾਵ ਵਾਲੇ ਹਨ, ਤੇਰੇ ਆਸਰੇ ਪਰਨੇ ਰਹਿਣੇ ਵਾਲੇ, ਹਉਂ ਹੰਕਾਰ ਫੌਜਾਂ ਲਸ਼ਕਰ ਬਾਹੂ ਬਲ ਯਾ ਧਨ ਦੇ ਬਲਕਾਰ ਆਸਰੇ ਨਹੀਂ। ਇਸ ਦਾ ਹੋਰ ਕਾਰਨ ਦੱਸਦੇ ਹਨ ਕਿ ਮਾਯਾ ਦੇ ਆਸਰੇ ਬਾਹੂ ਬਲ ਦੇ ਆਸਰੇ, ਹਉਂ ਦੇ ਆਸਰੇ ਜੋ ਸਨ ਸਾਰੇ ਗ਼ਲਤ ਸਨ, ਉਹ ਭਰਮ, ਜੋ ਇਨ੍ਹਾਂ ਨੂੰ ਸੱਚੇ ਮੰਨਣ ਵਿਚ ਪੈ ਰਿਹਾ ਸੀ ਗੁਰੂ ਨੇ ਕੱਟ ਦਿਤਾ ਹੈ ਕਿ ਇਕ ਸਰਬ ਸ਼ਕਤੀਮਾਨ ਦੀ ਓਟ ਆਸਰੇ ਹੋ ਜਾਓ, ਓਸੇ ਦਾ ਓਲ੍ਹਾ ਧਾਰਨ ਕਰੋ, ਏਹ ਮਾਇਕ ਆਸਰੇ ਝੂਠੇ ਹਨ।

ਅੰਕ੨-ਹੁਣ ਵੇਰਵਾ ਖੋਹਲਦੇ ਹਨ 'ਤੇਰੈ ਓਲੈ' ਲੈਣ ਦਾ। ਵਾਹਿਗੁਰੂ ਦਾ ਆਸਰਾ ਲੈਣ ਦਾ ਪਹਿਲਾ ਕਦਮ ਹੈ ਹੁਕਮ ਨੂੰ ਬੁੱਝਣਾ। ਹਰੀ ਨਾਮ ਤੇ ਹਰੀ ਕੀਰਤਨ ਵਿਚ ਲੱਗਿਆਂ ਸਮਝ ਪੈਣ ਲਗ ਜਾਂਦੀ ਹੈ ਕਿ ਸਭ ਏਕੋ ਹੁਕਮ ਵਰਤ ਰਿਹਾ ਹੈ। ਇਸ ਹੁਕਮ ਨੂੰ ਜਦ ਬੁੱਝ ਲਈਦਾ ਹੈ ਤਦ ਹੀ ਸਾਰੇ ਸੁਆਦ ਬੱਝਦੇ ਹਨ।। ਦੂਜੀ ਗਲ ਹੈ ਇਹ ਕਿ ਹਰਿ ਨਾਮ, ਹਰਿ ਕੀਰਤਨ, ਹਰਿ ਓਲ੍ਹਾ, ਹਰਿ ਹੁਕਮ, ਸੱਭੇ ਗੱਲਾਂ ਗੁਰੂ ਤੋਂ ਲੱਭੀਆਂ ਸੋ ਸਤਿਗੁਰੂ ਦੀ ਸੇਵਾ ਵਿਚ ਲੱਗਿਆਂ ਨਿਰਬਾਣਤਾ ਲੱਭਦੀ ਹੈ ਕਿ ਸਾਰੇ ਆਸ ਅੰਦੇਸੇ ਬੁਝ ਜਾਂਦੇ ਹਨ, ਦੂਰ ਹੋ ਜਾਂਦੇ ਹਨ, ਸਾਂਈਂ ਆਸਰੇ ਹੋ ਜਾਈਦਾ ਹੈ। ਸਤਿਗੁਰੂ ਦੀ ਸੇਵਾ ਵਾਸ਼ਨਾ ਤ੍ਰਿਸ਼ਨਾਂ ਸ਼ਾਂਤਿ ਕਰ ਦੇਂਦੀ ਹੈ ਤੇ ਨਿਰਬਾਣਤਾ ਆ ਜਾਂਦੀ ਹੈ। ਅਥਵਾ ਮਨ ਹੋਰ ਮੋਹ, ਪਿਆਰਾਂ, ਪਕੜਾਂ, ਡਰਾਂ, ਵੈਰਾਂ ਤੋਂ ਛੁੱਟ ਕੇ ਸਤਿਗੁਰੂ ਦੇ ਪਿਆਰ ਵਿਚ ਲੀਨ ਹੋ ਜਾਂਦਾ ਹੈ। ਇਹ ਨਿਰਬਾਣ 'ਮਹਾ ਨਿਰਬਾਣ' ਹੈ।

ਅੰਕ ੩-ਐਉਂ ਹਰਿ ਨਾਮ, ਹਰੀ ਕੀਰਤਨ, ਹਰਿ ਓਲਾ, ਹੁਕਮ, ਸਤਿਗੁਰੂ ਸੇਵਾ ਨੂੰ ਧਾਰਨ ਵਾਲਾ ਕੀ ਹੋ ਜਾਂਦਾ ਹੈ ? ਹਰੀ ਨੂੰ ਜਾਣਨ ਵਾਲਾ ਪਛਾਣਨ ਵਾਲਾ, ਗਯਾਨ ਵਾਲਾ। ਐਸਾ ਗਯਾਨਵਾਨ 'ਗ੍ਰਿਹਸਤ ਉਦਾਸੀ' ਕਹੀਦਾ ਹੈ ਅਰ ਉਹ ਲੋਕ ਪਰਲੋਕ ਪਰਵਾਣ ਹੁੰਦਾ ਹੈ, ਸਚੀ ਦਰਗਾਹ ਵਿਚ ਕਬੂਲ ਪੈ ਜਾਂਦਾ ਹੈ। ਦੂਸਰੇ ਪਦਾਂ ਵਿਚ ਉਪਰ ਕਥਿਆ ਪੁਰਖ ਹੀ 'ਜਾਤਾ' ਗਯਾਨੀ ਹੈ, ਉਹ ਗ੍ਰਿਹਸਤੀ ਹੈ, ਉਹ ਉਦਾਸੀ ਹੈ, ਉਹੀ ਦਰ ਪਰਵਾਣ ਹੈ। ਜੇ ਦਾਰਸ਼ਨਿਕ ਪਦਾਂ ਵਿਚ ਹੀ ਸੁਣਨਾ ਹੈ ਤਾਂ ਸੁਣੋ ਕਿ 'ਜੋ ਨਾਮ ਵਿਚ ਰਤਾ ਗਿਆ ਹੈ ਓਹ ਨਿਰਬਾਣ ਹੈ' ਅਰਥਾਤ ਮੁਕਤ ਹੈ।

ਅੰਕ ੩ ਫਿਰ ਫੁਰਮਾਇਆ ਹੈ ਕਿ ਸਾਰੇ ਸ਼ਬਦ ਦਾ ਸਿੱਟਾ ਇਹ ਹੈ ਕਿ ਜਿਸ ਨੂੰ ਨਾਮ ਮਿਲ ਗਿਆ ਹੈ ਉਸ ਨੂੰ ਸਰੀਰਕ, ਮਾਨਸਿਕ, ਆਤਮਿਕ ਹਰ ਪ੍ਰਕਾਰ ਦਾ ਨਿਧਾਨ (ਖ਼ਜ਼ਾਨਾ) ਮਿਲ ਗਿਆ ਹੈ। ਇਹ ਨਿਧਾਨ ਉਸ ਦੇ ਖ਼ਜ਼ਾਨੇ ਭਰ ਦੇਂਦਾ ਹੈ, ਭਾਵ ਉਸ ਦਾ ਅੰਤਹਕਰਨ ਇਨ੍ਹਾਂ ਕੀਮਤੀ ਪਦਾਰਥਾਂ ਨਾਲ ਭਰਪੂਰ ਹੋ ਜਾਂਦਾ ਹੈ।

ਨਿਰੁਕ੍ਤ

ਰਾਜ ਲੀਲਾ—ਉਹ ਰੰਗ, ਰਸ, ਮਨ ਦੀ ਮੌਜ, ਜੋ ਰਾਜਸੀ ਸਮਾਨ ਪ੍ਰਾਪਤ ਹੋਣ ਤੇ ਮਿਲੇ। ਸੁਰਤ ਦੀ ਅਹੰਕਾਰਮਈ ਉੱਚਤਾ ਜੋ, ਰਾਜ, ਮਾਲ, ਬਲ, ਧਨ ਤੋਂ ਪ੍ਰਾਪਤ ਹੁੰਦੀ ਹੈ। ਉਸ ਤੋਂ ਉਪਲਖਤ ਇਸ਼ਾਰਾ ਹੈ ਉਸ ਵਰਗੀ ਉੱਚਤਾ ਵਲ ਜੋ ਸਤੋ ਗੁਣ ਤੋਂ ਉਪਜ, ਸੁਰਤਿ ਦਾ ਚੜ੍ਹਾਉ।

ਓਲ੍ਹੇ—ਪਰਦਾ, ਬਚਾਉ ਦਾ ਕੋਈ ਸਾਮਾਨ। ਆਸਰਾ, ਓਟ, ਪਰਣਾ।

ਨਿਰਬਾਣੇ—[ਦੇਖੋ ਪਿਛੇ ਪੰਨਾ ੧੭੨੬] ਨਿਰਬਾਣ ਕਹਿੰਦੇ ਹਨ, ਜਦੋ ਸਭ ਵਾਸ਼ਨਾ ਤ੍ਰਿਸ਼ਨਾ ਦੂਰ ਹੋ ਜਾਣ, ਮੁਕਤਿ। ਮੁਕਤਿ ਪਦਵੀ।

ਨਿਧਾਨਾ—ਭੰਡਾਰ, ਨਿਧੀਆਂ ਦਾ ਸਮੂਹ।

[ਆਸਾ ਮਹਲਾ ੫, ਚਉਪਦਾ, ੫੮-੧੨੫]

ਪ੍ਰਾਕ੍ਕਥਨ-ਹਉਂ ਹੰਕਾਰ, ਮਾਯਕ ਪਕੜਾਂ ਤੌਂ ਸੂਛ, ਨਿਰਬਾਣ ਕੀਰਤਨ ਦਾ ਟਿਕਾਣਾਂ ਪੁੱਛਦੇ ਹਨ ਤੇ ਦੱਸਦੇ ਹਨ ਕਿ ਸਾਧ ਸੰਗ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਤੀਰਥਿ ਜਾਉ ਤ ਹਉ ਹਉ ਕਰਤੇ ॥ ਪੰਡਿਤ ਪੂਛਉ ਤ ਮਾਇਆ ਰਾਤੇ॥੧॥	(ਜੇ ਮੈਂ ਹਰੀ ਕੀਰਤਨ ਦੀ ਟੋਲ ਵਿਚ)ਤੀਰਥ ਤੇ ਜਾਂਦਾ ਹਾਂ ਤਾਂ (ਅੱਗੇ ਕੀ ਦੇਖਦਾ ਹਾਂ ਕਿ ਸਾਰੇ) ਮੈਂ ਮੈਂ ਕਰ ਰਹੇ ਹਨ। (ਜੇ) ਪੰਡਤਾਂ ਨੂੰ ਪੁੱਛਦਾ ਹਾਂ ਤਾਂ ਮਾਇਆ ਵਿਚ ਰੱਤੇ ਹੋਏ (ਦਿੱਸਦੇ ਹਨ)॥੧॥
ਸੋ ਅਸਥਾਨੁ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥੧॥ ਰਹਾਉ ॥	ਹੇ ਮਿਤ੍ਰ ! ਉਹ (ਕੋਈ) ਟਿਕਾਣਾ ਦੱਸੋ ਜਿੱਥੇ ਕਿ ਹਰੀ ਹਰਿ (ਤੇ ਉਸ ਦਾ) ਕੀਰਤਨ ਸਦਾ ਹੁੰਦਾ ਹੋਵੇ॥੧॥ਰਹਾਉ॥
ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥ ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥੨॥	(ਜੇ ਘਰ ਬੈਠ ਕੇ) ਸ਼ਾਸਤ੍ਰ ਵੇਦ (ਪੜ੍ਹੋ ਤਾਂ ਓਹ) ਪਾਪ ਪੁੰਨ ਦਾ ਵੀਚਾਰ (ਦ੍ਰਿੜਾਉਂਦਾ ਹਨ, ਭਾਵ ਕਰਮ ਪ੍ਰਤਿਪਾਦਨ ਕਰਦੇ ਹਨ। ਕਰਮ ਦੇ ਮਗਰ ਲੱਗਿਆਂ ਕਰਮਾਂ ਅਨੁਸਾਰ ਕਦੇ) ਨਰਕ (ਕਦੇ) ਸੁਰਗ (ਮਿਲਦਾ ਹੈ ਤੇ) ਮੁੜ ਮੁੜ ਕੇ (ਜਨਮਾਂ ਵਿਚ) ਉਤਰਨਾ ਪੈਂਦਾ ਹੈ॥੨॥
ਗਿਰਸਤ ਮਹਿ ਚਿੰਤ ਉਦਾਸ ਅਹੰਕਾਰ॥ ਕਰਮ ਕਰਤ ਜੀਅ ਕਉ ਜੰਜਾਰ ॥੩॥	(ਸੋ ਦੇਖੋ ਜੇ ਰਹੋ) ਗ੍ਰਿਹਸਤ ਵਿਚ ਤਾਂ ਵਾਪਰਦੀ ਹੈ ਚਿੰਤਾ, (ਜੇ ਕਰੋ) ਤਜਾਗ ਤਾਂ ਅਹੰਕਾਰ (ਪੱਲੇ ਪੈਂਦਾ ਹੈ, ਜੇ) ਕਰੇ ਕਰਮ ਤਾਂ (ਨਰਕ ਸੁਰਗ, ਜਨਮ ਮਰਨ ਦਾ) ਜੰਜਾਲ ਜੀਅ ਨੂੰ (ਪੈ ਜਾਂਦਾ ਹੈ)॥੩॥
ਪ੍ਰਭ ਕਿਰਪਾ ਤੇ ਮਨੁ ਵਸਿ ਆਇਆ॥ ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥੪॥	(ਸਿੱਟਾ ਇਹ ਹੈ ਕਿ ਜਿਸ ਦਾ) ਮਨ ਪ੍ਰਭੂ ਕਿਰਪਾ ਨਾਲ ਵੱਸ ਵਿਚ ਆ ਜਾਂਦਾ ਹੈ, ਹੇ ਨਾਨਕ ! ਉਹੀ ਗੁਰਮੁਖ (ਇਸ ਉਪਰ ਕਥੀ) ਮਾਇਆ ਨੂੰ ਤਰ ਜਾਂਦਾ ਹੈ॥੪॥
ਸਾਧਸੰਗਿ ਹਰਿ ਕੀਰਤਨੁ ਗਾਈਐ ॥ ਇਹੁ ਅਸਥਾਨੁ ਗੁਰੂ ਤੇ ਪਾਈਐ ॥੧॥ ਰਹਾਉ ਦੂਜਾ ॥੭॥੫੮॥	ਸਾਧੂ ਦੇ ਸੰਗ ਵਿਚ ਹਰੀ ਦਾ ਕੀਰਤਨ ਗਾਵੀਏ, ਇਹ ਟਿਕਾਣਾ ਗੁਰੂ ਤੋਂ ਪਾਈਦਾ ਹੈ॥੧॥ਰਹਾਉ ਦੂਜਾ*॥੭॥੫੮॥

ਵ੍ਯਾਖ੍ਯਾ— ਅੰਕ ੩ ਦੇ ਅਖੀਰ ਤਕ ਓਹ ਸਾਧਨ ਗਿਣੇ ਹਨ ਜੋ ਅਧਵਾਟੇ ਰਖਦੇ ਯਾ ਗੁਮਰਾਹ ਕਰਦੇ ਹਨ।

੧. ਤੀਰਥਾਟਨ, ੨. ਪੰਡਤਾਂ ਦੇ ਸੰਗ, ੩. ਸ਼ਾਸਤ੍ਰੀ ਵੇਦ ਦੁਆਰਾ ਕਰਮ ਕਾਂਡ ਦਾ ਵੀਚਾਰ ਅੰਕ ੪ ਤੇ ੫ ਵਿਚ ਪਤਾ ਦਿੱਤਾ ਹੈ ਉਸ ਥਾਉਂ ਦਾ ਜਿਸ ਦੀ ਪੁੱਛ ਕੀਤੀ ਸੀ ਰਹਾਉ ਪਹਿਲੇ

---

*ਇਸ ਦਾ ਭਾਵ ਹੈ ਕਿ ਅੰਕ ੪ ਦੇ ਮਗਰੋਂ ਰਹਾਉ, ਇਹ ਜੋ ਦੂਜਾ ਕਿਹਾ ਹੈ, ਗਾਉਣਾ ਹੈ, ਕਿਉਂਕਿ ਭਾਵ ਬਦਲ ਗਿਆ ਹੈ।

ਵਿਚ, ਉਹ ਹੈ:-ਸਾਧ ਸੰਗ। ਓਥੇ ਗਾਉਣਾ ਹੈ ਹਰੀ ਕੀਰਤਨ, ਇਹ ਟਿਕਾਣਾ ਗੁਰੂ ਤੋਂ ਮਿਲਣਾ ਹੈ, ਤੇ ਪ੍ਰਭੂ ਕ੍ਰਿਪਾ ਨਾਲ ਮਨ ਵੱਸ ਆਉਣਾ ਹੈ; ਗੁਰੂ ਸਤਿਸੰਗ ਤੋਂ ਨਾਮ ਮਿਲਣਾ ਹੈ।

ਨਿਰੁਕ੍ਤ—ਨੀਤਾ—ਨਿੱਤ, ਸਦਾ।

ਅਉਤਾਰ—[ਦੇਖੋ ਪੰਨਾ ੧੭੦੭] ਉਤਰਨਾ, ਜੰਮਣਾ। **ਚਿੰਤ**-ਚਿੰਤਾ।

ਜੰਜਾਰ—[ਦੇਖੋ 'ਜੰਜਾਲ' ਪੰਨਾ ੧੭੦੮] ਜੰਜਾਲ। ਫਾਹੇ।

[ਆਸਾ ਮਹਲਾ ੫, ਚਉਪਦਾ, ੫੯-੧੨੬]

ਪ੍ਰਾਕ੍ਥਨ—ਨਾਮ ਦ੍ਰਿੜ ਹੋ ਜਾਣ ਤੇ ਸਾਰੇ ਸੁਖ ਹੁੰਦੇ ਹਨ। ਰੂਹ ਤੇ ਨਿਸ਼ਾਨ ਪੈਂਦਾ ਹੈ ਜਿਸ ਕਰਕੇ ਦਰਗਾਹੇ ਬੀ ਖੁੱਲ੍ਹਾ ਵਿਚਰਦਾ ਹੈ ਤੇ ਕੋਈ ਅਟਕਾਰਾ ਨਹੀਂ ਪੈਂਦਾ।

ਮੂਲ	ਅਰਥ
ਆਸਾ ਮਹਲਾ ੫ ॥ ਘਰ ਮਹਿ ਸੂਖ ਬਾਹਰਿ ਫੁਨਿ ਸੂਖਾ॥ ਹਰਿ ਸਿਮਰਤ ਸਗਲ ਬਿਨਾਸੇ ਦੂਖਾ॥੧॥	(ਹੁਣ ਜਦ) ਮਨ ਵਿਚ ਸੁਖ ਹੋ ਗਿਆ ਹੈ (ਤਦ) ਫੇਰ ਬਾਹਰ ਬੀ ਸੁਖ ਹੋ ਗਿਆ ਹੈ ਕਿਉਂਕਿ ਹਰੀ ਨੂੰ ਸਿਮਰਦਿਆਂ (ਅੰਦਰ ਬਾਹਰ ਦੇ) ਸਾਰੇ ਦੁਖ ਮਿਟ ਗਏ ਹਨ॥੧॥
ਸਗਲ ਸੂਖ ਜਾਂ ਤੂੰ ਚਿਤਿ ਆਂਵੈਂ ॥ ਸੋ ਨਾਮੁ ਜਪੈ ਜੋ ਜਨੁ ਤੁਧੁ ਭਾਵੈ ॥੧॥ ਰਹਾਉ ॥	(ਇਹ ਸੱਚ ਹੈ ਕਿ) ਜਦ ਤੂੰ ਚਿਤ ਆਉਂਦਾ (ਰਹਿੰਦਾ) ਹੈਂ ਤਾਂ ਸਾਰੇ ਸੁਖ ਹੋ ਜਾਂਦੇ ਹਨ, (ਪਰ) ਨਾਮ (ਤੇਰਾ) ਉਹੀ ਪੁਰਖ ਜਪਦਾ ਹੈ ਜੋ ਤੈਨੂੰ ਭਾ ਜਾਂਦਾ ਹੈ॥੧॥ਰਹਾਉ॥
ਤਨੁ ਮਨੁ ਸੀਤਲੁ ਜਪਿ ਨਾਮੁ ਤੇਰਾ ॥ ਹਰਿ ਹਰਿ ਜਪਤ ਢਹੈ ਦੁਖ ਡੇਰਾ॥੨॥	ਤੇਰਾ ਨਾਮ ਜਪ ਕੇ ਤਨ ਮਨ ਠੰਢਾ ਹੋ ਜਾਂਦਾ ਹੈ (ਕਿਉਂਕਿ) ਹਰੀ ਦਾ ਨਾਮ ਜਪਣੇ ਕਰਕੇ ਦੁੱਖਾਂ ਦਾ ਡੇਰਾ ਹੀ ਢਹਿ ਜਾਂਦਾ ਹੈ (ਭਾਵ ਪਾਪ ਤੇ ਅਗਜਾਨ ਆਦਿ ਜੋ ਦੁੱਖਾਂ ਦੇ ਕਾਰਣ ਹਨ ਦੂਰ ਹੋ ਜਾਂਦੇ ਹਨ)॥੨॥
ਹੁਕਮੁ ਬੂਝੈ ਸੋਈ ਪਰਵਾਨੁ ॥ ਸਾਚੁ ਸਬਦੁ ਜਾ ਕਾ ਨੀਸਾਨੁ ॥੩॥	(ਐਉਂ ਦਾ ਸੁੱਛ ਹੋਇਆ ਜੋ ਜੀਵ) ਹੁਕਮ ਨੂੰ ਬੁੱਝਦਾ ਹੈ ਉਹੀ (ਦਰਗਾਹੇ) ਕਬੂਲ ਪੈਂਦਾ ਹੈ, ਇਸ (ਪੁਰਖ) ਪਾਸ ਸੱਚੇ ਨਾਮ ਦਾ ਪਟਾ ਹੁੰਦਾ ਹੈ॥੩॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ॥ ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ ॥੪॥੮॥੫੯॥	[ਪ੍ਰਸ਼ਨ: ਇਹ ਸਾਰਾ ਸੁਖ ਕਿਵੇਂ ਹੋਇਆ ? ਉੱਤਰ:] ਪੂਰੇ ਗੁਰੂ ਨੇ (ਮੈਨੂੰ) ਹਰੀ ਦਾ ਨਾਮ ਦ੍ਰਿੜ ਕਰਾ ਦਿੱਤਾ ਸੀ (ਭਾਵ ਮੇਰੇ ਮਨ ਵਿਚ ਵਸਾ ਦਿੱਤਾ ਸੀ), ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ ਕਿ ਇਹ) ਸੁਖ ਤਾਂ ਮੇਰੇ ਮਨ ਨੇ ਪਾਇਆ ਸੀ॥੪॥੮॥੫੯॥

ਵ੍ਯਾਖ੍ਯਾ— ਨਾਮ ਸਿਮਰਨ ਨਾਲ ਘਰ ਬਾਹਰ, ਮਨ ਤੇ ਸਰੀਰੋਂ ਬਾਹਰ ਬੀ ਸੁਖ ਹੋ ਗਿਆ। ਮਨ ਸੁਖੀ ਹੋ ਜਾਏ ਤਾਂ ਬਾਹਰ ਬੀ ਸੁਖ ਅਨੁਭਵ ਹੁੰਦਾ ਹੈ ਸੁਖ ਫਲ ਹੁੰਦਾ ਹੈ ਨਾਮ ਦਾ ਤੇ ਦੁਖ ਫਲ ਹੁੰਦਾ ਹੈ ਪਾਪਾਂ ਦਾ। ਨਾਮ ਜਪਦਿਆਂ ਪਾਪ ਦਗਧ ਹੁੰਦੇ ਹਨ, ਨਾਲ ਦੁਖ ਦਗਧ ਹੁੰਦੇ ਹਨ। ਦੁੱਖਾਂ ਦੇ ਡੇਰੇ ਦਾ ਭਾਵ ਦੁਖਾਂ ਦਾ ਸਮੂਹ ਹੈ ਪਰ ਸੈਨਤ ਹੈ ਉਹਨਾਂ ਮਾੜੇ ਕਰਮਾਂ ਦੇ ਸਮੂਹ ਵਲ ਜੋ ਦੁੱਖਾਂ ਦਾ ਕਾਰਣ ਹਨ। ਅੰਕ ੨ ਤਕ ਇਹ ਕੁਛ ਦੱਸ ਕੇ ਹੁਣ ਅੰਕ ੩ ਵਿਚ ਦੋ ਫਲ

ਦੱਸਦੇ ਹਨ। ਇਕ ਤਾਂ ਇਹ ਹੈ ਉਪਰਲੀ ਕਹੀ ਪ੍ਰਾਪਤੀ ਹੋਣ ਤੇ ਨਾਮੀ ਪੁਰਖ ਨੂੰ ਹੁਕਮ ਵਰਤਦਾ ਨਜ਼ਰ ਆ ਜਾਂਦਾ ਹੈ। ਹੁਕਮ ਨੂੰ ਜਿਸਨੇ ਪਛਾਣ ਲਿਆ ਉਹ ਦਰਗਾਹੇ ਕਬੂਲ ਪੈ ਜਾਂਦਾ ਹੈ, ਕੀਹੂੰ ਜੋ ਨਾਮ ਜਪਦਾ ਰਿਹਾ ਹੈ, ਉਸ ਦਾ ਨਿਸ਼ਾਨ ਰੂਹ ਉਤੇ ਪੈ ਜਾਂਦਾ ਹੈ, ਜਿਸ ਨੂੰ ਦੇਖਕੇ ਦਰਗਾਹੇ ਕੋਈ ਰੋਕਦਾ ਨਹੀਂ, ਉਹ ਮਾਨੋ ਇਕ ਪਟਾ ਯਾ ਨਿਸ਼ਾਨ ਹੁੰਦਾ ਹੈ ਜਿਸ ਦਾ ਸਭ ਆਦਰ ਕਰਦੇ ਹਨ, ਜਿਵੇਂ ਕਿ ਫੌਜੀ ਅਫਸਰਾਂ ਦੀ ਵਰਦੀ ਤੇ ਲਗੇ ਪਟੇ ਯਾ ਬਿੱਲੇ ਨੂੰ ਦੇਖ ਕੇ ਸਭ ਸਿਪਾਹੀ ਆਦਿ ਸਲਾਮ ਕਰਦੇ ਹਨ। ਜੈਸਾ ਕਿ ਵਾਕ ਹੈ:-

ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ॥ [ਸੂਹੀ ਮਹਲਾ ੧ ...]

ਅੰਕ ਚਾਰ ਵਿਚ ਉਹੋ ਗਲ ਦੁਹਰਾਈ ਹੈ ਨਿਜੀ ਤਜਰਬੇ ਦੇ ਰੂਪ ਵਿਚ ਕਿ ਮੈਂ ਨਾਮ ਤੋਂ ਸਾਰਾ ਸੁਖ ਪਾਇਆ ਹੈ, ਪਰ ਦੱਸਿਆ ਕਿ ਨਾਮ ਦੇ ਦ੍ਰਿੜ ਹੋਣ ਨਾਲ ਤੇ ਦ੍ਰਿੜ ਪੂਰੇ ਗੁਰੂ ਨੇ ਕਰਾਇਆ।

ਨਿਰੁਕਤ—ਘਰ—ਮਨ। ਫੁਨਿ-ਫੇਰ।

ਨੀਸ਼ਾਨੁ—ਚਿੰਨ੍ਹ, ਨਿਸ਼ਾਨ, ਪਟਾ, ਬਿੱਲਾ, ਪਰਵਾਨਾ। ਭਨਤਿ-ਆਖਦਾ ਹੈ।

[ਆਸਾ ਮਹਲਾ ੫, ਚਉਪਦਾ, ੯੦-੧੨੭]

ਪ੍ਰਾਕਥਨ—ਦਾਸਾ ਭਾਵ ਵਿਚ, ਪ੍ਰਭੂ ਆਗਿਆ ਵਿਚ, ਜੀਵਨ ਬਸਰ ਕਰਨੇ ਦਾ ਵਰਣਨ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਜਹਾ ਪਠਾਵਹੁ ਤਹ ਤਹ ਜਾਈਂ ॥ ਜੋ ਤੁਮ ਦੇਹੁ ਸੋਈ ਸੁਖੁ ਪਾਈਂ ॥੧॥	(ਹੇ ਗੋਵਿੰਦ !) ਜਿੱਥੇ (ਜਿੱਥੇ) ਘੱਲੋਗੇ ਉਥੇ ਉਥੇ ਜਾਵਾਂਗਾ ਜੋ ਤੁਸੀਂ (ਸੁਖ ਦੁਖ) ਦੇਵੋਗੇ ਉਸੇ ਨੂੰ ਸੁਖ ਪਾਵਾਂਗਾ (ਭਾਵ ਸਮਝਾਂਗਾ)॥੧॥
ਸਦਾ ਚੇਰੇ ਗੋਵਿੰਦ ਗੋਸਾਈ ॥ ਤੁਮ੍ਰੀ ਕ੍ਰਿਪਾ ਤੇ ਤ੍ਰਿਪਤਿ ਅਘਾਈਂ ॥੧॥ ਰਹਾਉ ॥	ਹੇ ਗੋਵਿੰਦ ਗੁਸਾਂਈ ! (ਤੇਰੇ) ਸਦਾ (ਹੀ) ਦਾਸ ਹਾਂ। ਤੁਸਾਡੀ ਹੀ ਕ੍ਰਿਪਾ ਨਾਲ (ਆਤਮ) ਤ੍ਰਿਪਤੀ ਪਾਕੇ (ਪੂਰੇ ਪੂਰੇ) ਰੱਜ ਜਾਂਦੇ ਹਾਂ॥੧॥ਰਹਾਉ॥
ਤੁਮਰਾ ਦੀਆ ਪੈਨ੍ਹਉ ਖਾਈਂ ॥ ਤਉ ਪ੍ਰਸਾਦਿ ਪ੍ਰਭ ਸੁਖੀ ਵਲਾਈਂ॥੨॥	(ਸਰੀਰ ਕਰਕੇ ਬੀ) ਤੁਹਾਡਾ ਦਿੱਤਾ (ਬਸਤ੍ਰ ਅੰਨ) ਪਹਿਨਦਾ ਖਾਂਦਾ ਹਾਂ। ਹੇ ਪ੍ਰਭੂ ! ਤੇਰੀ ਮਿਹਰ ਨਾਲ (ਹਰ ਪ੍ਰਕਾਰ ਜ਼ਿੰਦਗੀ) ਸੁਖੀ ਗੁਜ਼ਾਰ ਰਿਹਾ ਹਾਂ॥੨॥
ਮਨ ਤਨ ਅੰਤਰਿ ਤੁਝੈ ਧਿਆਈਂ ॥ ਤੁਮ੍ਰੈ ਲਵੈ ਨ ਕੋਊ ਲਾਈਂ ॥੩॥	ਤਨ (ਦੇ) ਅੰਦਰ ਮਨ ਵਿਚ ਤੈਨੂੰ (ਹੀ) ਆਰਾਧਦਾ ਹਾਂ ਅਤੇ ਤੇਰੇ ਤੁੱਲ ਕਿਸੇ ਹੋਰ ਨੂੰ ਨਹੀਂ ਸਮਝਦਾ॥੩॥
ਕਹੁ ਨਾਨਕ ਨਿਤ ਇਵੈ ਧਿਆਈਂ ॥ ਗਤਿ ਹੋਵੈ ਸੰਤਹ ਲਗਿ ਪਾਈਂ ॥੪॥੯॥੯੦॥	ਕਹਿੰਦੇ ਹਨ (ਗੁਰੂ) ਨਾਨਕ ਦੇਵ ਜੀ (ਮੈਂ) ਸੰਤਾਂ ਦੇ ਚਰਨੀ ਲੱਗਦੇ ਸਦਾ (ਤੈਨੂੰ) ਇਸੇ ਤਰ੍ਹਾਂ ਸਿਮਰਦਾ ਰਹਾਂ (ਤਾਂ ਜੋ ਮੇਰੀ) ਮੁਕਤੀ ਹੋ ਜਾਵੇ॥੪॥੯॥੯੦॥

ਵਾਖਯਾ— ਕੁਛ ਸਤਰਾਂ ਵਿਚ ਗੋਵਿੰਦ ਗੁਸਾਂਈ ਜੀ ਦੀ ਮੇਹਰ ਦਾ ਵਰਣਨ ਹੈ:- ਦੋਥੀ, ਪੰਜਵੀ, ਛੇਵੀਂ। ਕੁਛ ਸਤਰਾਂ ਵਿਚ ਦਾਸਾ ਭਾਵ ਵਿਚ ਹੋ ਕੇ ਗੋਵਿੰਦ ਆਗਿਆ ਵਿਚ ਅਪਣੇ ਟੁਰਨੇ ਦਾ ਜ਼ਿਕਰ ਹੈ ਤੁਕ: ੧, ੨, ੩, ੫, ੭, ੮। ਅੰਕ ੪ ਵਿਚ ਅਭਿਲਾਖ ਹੈ ਕਿ ਸੰਤਾਂ ਦਾ ਨਿੰਮ੍ਰਤਾ ਨਾਲ ਸਤਿਸੰਗ ਕਰਦਾ,ਪੂਰਨ ਦਾਸਾ ਭਾਵ ਵਿਚ ਆਪ ਦੇ ਪਰਨੇ ਰਹਿੰਦਾ, ਆਪ ਦੀ ਹੀ ਅਰਾਧਨਾ ਕਰਦਾ ਰਹਾਂ,ਅੰਕ ੩ ਦੇ ਅਖ਼ੀਰ ਤਕ ਜੇ ਅਭਿਲਾਖ ਦੇ ਅਰਥ ਲਾਈਏ ਤਾਂ ਢੁੱਕਦੇ ਨਹੀਂ, ਕਿਉਂਕਿ ਜਦ ਅੰਕ

੪ ਵਿਚ 'ਇਵੈ ਧਿਆਈਂ' ਆਖਿਆ ਤਾਂ ਸਫੁਟ ਹੈ ਕਿ ਇਹ ਤਾਂ ਅਭਿਲਾਖ ਹੈ,ਪਰ ਇਸ ਤੋਂ ਪਹਿਲੋਂ ਜੋ ਕੁਛ ਕਿਹਾ ਹੈ ਉਹ ਵਰਤਾਰਾ ਹੈ ਜੋ ਵਰਤ ਰਿਹਾ ਹੈ।

ਨਿਰੁਕ੍ਤ—ਪਠਾਵਹੁ--[ਸੰਸ:, ਪ੍ਰਸ੍ਥਾਨ। ਹਿੰ:, ਪਠਾਵਨ-ਭੇਜਣਾ] ਘੱਲੋ।

ਚੇਰੇ—ਚੇਲੇ, ਦਾਸ। **ਤ੍ਰਿਪਤਿ**—ਰੱਜੇ ਪਰ ਭਾਵ ਆਤਮ ਤ੍ਰਿਪਤੀ ਤੋਂ ਹੈ। ਆਤਮਕ ਬੋਲੀ ਵਿਚ ਤ੍ਰਿਪੀ, ਪਦ ਆਤਮ ਸੰਤੁਸ਼ਟਤਾਈ ਵਾਸਤੇ ਬੀ ਵਰਤੀਦਾ ਹੈ।

ਅਘਾਈ—ਨੱਕ ਤੱਕ ਰਜ ਗਿਆ ਹਾਂ। ਪੂਰਾ ਰੱਜ ਗਿਆ ਹਾਂ।

ਵਲਾਈ—[ਪੰ:] ਸਮਾ ਗੁਜ਼ਾਰਦਾ ਹਾਂ। **ਲਵੈ**-ਬਰੱਬਰ। ਤੁੱਲ।

[ਆਸਾ ਮਹਲਾ ੫, ਚਉਪਦਾ, ੬੧-੧੨੮]

ਮੂਲ	ਅਰਥ
ਆਸਾ ਮਹਲਾ ੫ ॥	
ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ॥੧॥	ਉਠਦਿਆਂ, ਬੈਠਦਿਆਂ, ਸੁੱਤਿਆਂ (ਹਰੀ ਨੂੰ) ਸਿਮਰੀਏ, ਰਸਤੇ ਵਿਚ ਟੁਰਦਿਆਂ ਹਰਿ ਹਰਿ (ਨਾਮ) ਉਚਾਰੀਏ॥੧॥
ਸ੍ਰਵਨ ਸੁਨੀਜੈ ਅੰਮ੍ਰਿਤ ਕਥਾ ॥ ਜਾਸੁ ਸੁਨੀ ਮਨਿ ਹੋਇ ਅਨੰਦਾ ਦੂਖ ਰੋਗ ਮਨ ਸਗਲੇ ਲਥਾ ॥੧॥ ਰਹਾਉ॥	ਕੰਨਾਂ ਨਾਲ (ਹਰੀ ਦੀ) ਅੰਮ੍ਰਿਤ (ਵਰਗੀ ਮਿੱਠੀ ਤੇ ਅਮਰ ਕਰਨੇ ਵਾਲੀ)ਕਥਾ ਸੁਣਨੀ ਚਾਹੀਏ। ਜਿਸ ਦੇ ਸੁਣਨੇ ਕਰਕੇ ਮਨ ਆਨੰਦ ਹੁੰਦਾ ਹੈ, (ਅਤੇ) ਮਨ ਦੇ ਸਾਰੇ ਦੁੱਖ ਤੇ ਰੋਗ ਉਤਰ ਜਾਂਦੇ ਹਨ॥੧॥ਰਹਾਉ॥
ਕਾਰਜਿ ਕਾਮਿ ਬਾਟ ਘਾਟ ਜਪੀਜੈ ॥ ਗੁਰ ਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ॥੨॥	ਕੰਮਾਂ ਕਾਜਾਂ ਵਿਚ ਰੁਝਿਆਂ ਰਸਤਿਆਂ (ਤੇ ਤੁਰਦਿਆਂ ਕਿ) ਪੱਤਣਾਂ (ਤੋਂ ਲੰਘਦਿਆਂ ਉਸੇ ਦਾ ਨਾਮ) ਜਪਣਾ ਚਾਹੀਏ, (ਇਉਂ) ਗੁਰੂ ਦੀ ਕ੍ਰਿਪਾ ਨਾਲ ਹਰੀ (-ਨਾਮ) ਦਾ ਅੰਮ੍ਰਿਤ, ਪੀਵਉ॥੨॥
ਦਿਨਸੁ ਰੈਨਿ ਹਰਿ ਕੀਰਤਨੁ ਗਾਈਐ॥ ਸੋ ਜਨੁ ਜਮ ਕੀ ਵਾਟ ਨ ਪਾਈਐ॥੩॥	ਦਿਨੇ ਰਾਤ ਹਰੀ ਦਾ ਕੀਰਤਨ (ਜੋ ਪੁਰਖ) ਗਾਂਵੇਂ, ਉਹ ਪੁਰਖ ਜਮ ਦੇ ਰਸਤੇ ਨਹੀ ਪਾਇਆ ਜਾਂਦਾ॥੩॥
ਆਠ ਪਹਰ ਜਿਸੁ ਵਿਸਰਹਿ ਨਾਹੀ॥ ਗਤਿ ਹੋਵੈ ਨਾਨਕ ਤਿਸੁ ਲਗਿ ਪਾਈ ॥੪॥੧੦॥੬੧॥	ਹੇ ਨਾਨਕ ! ਜਿਸ ਨੂੰ ਪ੍ਰਭੂ ਅੱਠੇ ਪਹਿਰ ਵਿਸਰਦਾ ਨਹੀ, ਉਸ (ਗੁਰਮੁਖ) ਦੀ ਚਰਨੀਂ ਲੱਗਕੇ ਮੁਕਤੀ ਪ੍ਰਾਪਤ ਹੁੰਦੀ ਹੈ॥੪॥੧੦॥੬੧॥

ਵਜਾਖਜਾ— ਨਾਮ ਸਿਮਰਨ ਨੂੰ ਲਗਾਤਾਰੀ ਕਰ ਲੈਣੇ ਦਾ ਉਪਦੇਸ਼ ਹੈ, ਨਾਲ ਹਰੀ ਕੀਰਤਨ ਦੀ ਬੀ ਤਾਕੀਦ ਕੀਤੀ ਹੈ। ਨਾਮ ਸਿਮਰਨਾ, ਕੀਰਤਨ ਕਰਨਾ ਯਾ ਸੁਣਨਾ ਯਾ ਹਰੀ ਦਾ ਜਸ ਅੰਦਰ ਵਸਾ ਕੇ ਉਸ ਦਾ ਨਾਮ ਸਿਮਰਨਾ, ਹਰੀ ਦੇ ਗੁਣਾਂ ਦੇ ਚਿੰਤਨ ਸੰਯੁਕਤ ਸਿਮਰਨ ਦਾ ਭਾਵ ਹੈ। ਦੂਜੀ ਗਲ ਇਸ ਸਿਮਰਨ ਦੇ ਫਲ ਦੱਸੇ ਹਨ: ਦੁਖਾਂ ਰੋਗਾਂ ਦਾ ਦੂਰ ਹੋਣਾ, ਮਨ ਦਾ ਆਨੰਦ ਰਹਿਣਾ, ਸਰੀਰ ਛੋੜ ਕੇ ਯਮ ਦੇ ਵੱਸ ਨਾ ਪੈਣਾ, ਰੂਹ ਦਾ ਕਿਸੇ ਰੋਕ ਵਿਚ ਨਾ ਪਰ ਸੁਤੰਤ੍ਰ ਹੋਣਾ,

ਅੰਤ ਪੂਰਨ ਗਤੀ ਯਾ ਮੁਕਤੀ ਨੂੰ ਪਹੁੰਚਣਾ, ਅੰਤਮ ਗਲ ਇਹ ਦੱਸੀ ਕਿ ਐਸੇ ਪੁਰਖ ਦੀ ਨਿੰਮ੍ਰਤਾ ਸਹਿਤ ਸੰਗਤ ਕੀਤਿਆਂ ਮੁਕਤੀ ਪ੍ਰਾਪਤ ਹੁੰਦੀ ਹੈ, ਕਿਉਂਕਿ ਐਸਾ ਪੁਰਖ ਹੁੰਦਾ ਹੈ:-

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ [ਗਉੜੀ ਮਹਲਾ ੫, ਸੁਖਮਨੀ ੨੩-੮]

ਨਿਰੁਕ੍ਤ—ਸ੍ਰਵਨ—[ਦੇਖੋ ਪੰਨਾ ੧੮੩੯]। ਕੰਨ। ਕੰਨਾਂ ਨਾਲ।

ਅੰਮ੍ਰਿਤ—[ਸੰਸ:, ਅੰਮ੍ਰਿਤ = ਅਮਰ ਕਰਨ ਵਾਲੀ] ਅੰਮ੍ਰਿਤ ਵਰਗੀ ਮਿੱਠੀ ਤੇ ਅਮਰ ਕਰ ਦੇਣੇ ਵਾਲੀ। **ਕਥਾ**—ਜ਼ਿਕਰ। ਵਾਰਤਾ। ਭਾਵ ਹੈ ਨਾਮ ਦੀ ਮਹਿਮਾ। ਨਾਮ ਦੇ ਅਸਰ ਗੁਣ ਲਾਭ ਦਾ ਵੇਰਵਾ। ਨਾਮ ਤੇ ਕਥਾ ਦੇ ਨਾਲ ਨਾਮੀ ਦੀ ਮਹਿਮਾ ਆਪੇ ਹੋਣ ਲਗ ਜਾਂਦੀ ਹੈ। ਮੁਰਾਦ ਹੁੰਦੀ ਹੈ ਨਾਮ ਨਾਮੀ ਦੀ ਕਥਾ ਵਾਰਤਾ। **ਜਾਸੁ**—ਜਿਸ ਦੇ।

ਲਥਾ—ਲਹਿ ਗਏ, ਲਹਿ ਜਾਂਦੇ ਹਨ, ਭਾਵ ਦੂਰ ਹੋ ਜਾਂਦੇ ਹਨ।

ਕਾਰਜਿ ਕਾਮਿ—ਕੰਮ ਕਾਜ ਵਿਚ। **ਬਾਟ**—[ਸੰਸ:, ਵਾਟ: = ਰਸਤਾ] ਰਸਤਿਆਂ ਵਿਚ।

ਘਾਟ—[ਸੰਸ:, ਘਟ੍ਟ = ਘਾਟ, ਮਹਸੂਲ ਉਗ੍ਰਾਹੁਣ ਦੀ ਜਗ੍ਹਾ] ਪੱਤਣਾਂ (ਤੋਂ ਲੰਘਦਿਆਂ)। ਵਾਟ-ਰਸਤੇ। **ਗਤਿ ਹੋਵੈ**—[ਦੇਖੋ 'ਗਤਿ' ਪੰਨਾ ੧੬੭੧] ਮੁਕਤੀ ਹੁੰਦੀ ਹੈ।

[ਆਸਾ ਮਹਲਾ ੫, ਚਉਪਦਾ, ੬੨-੧੨੯]

ਪ੍ਰਾਕ੍ਕਥਨ—ਕਲਜਾਣ ਪ੍ਰਾਪਤੀ ਦਾ ਉਪਾਉ ਦੱਸਿਆ: ਨਾਮ, ਗੁਰ ਉਪਦੇਸ਼ ਦੀ ਕਮਾਈ ਪਰਾਇਆ ਬੁਰਾ ਨ ਕਰਨਾ ਆਦਿ।

ਮੂਲ	ਅਰਥ
ਆਸਾ ਮਹਲਾ ੫ ॥ **ਜਾ ਕੈ ਸਿਮਰਨਿ ਸੁਖ ਨਿਵਾਸੁ ॥ ਭਈ ਕਲਿਆਣ ਦੁਖ ਹੋਵਤ ਨਾਸੁ॥੧॥**	ਜਿਸ (ਪ੍ਰਭੂ) ਦੇ ਸਿਮਰਨ ਕਰਕੇ ਸੁਖਾਂ ਵਿਚ ਵਾਸਾ ਹੋ ਜਾਂਦਾ ਹੈ, ਦੁਖ ਨਾਸ਼ ਹੋ ਜਾਂਦੇ ਹਨ ਤੇ (ਹਰ ਤਰ੍ਹਾਂ) ਕਲਜਾਣ ਹੋ ਜਾਂਦੀ ਹੈ॥੧॥
ਅਨਦੁ ਕਰਹੁ ਪ੍ਰਭ ਕੇ ਗੁਨ ਗਾਵਹੁ॥ ਸਤਿਗੁਰੁ ਅਪਨਾ ਸਦ ਸਦਾ ਮਨਾਵਹੁ ॥੧॥ ਰਹਾਉ ॥	(ਉਸ) ਪ੍ਰਭੂ ਦੇ ਗੁਣ ਗਾਵੋ ਤੇ ਆਨੰਦ ਮਾਣੋ (ਪਰ ਨਾਲ ਪ੍ਰਭੂ ਮਿਲਣ ਵਾਲੇ) ਆਪਣੇ ਸਤਿਗੁਰੂ ਨੂੰ ਸਦਾ ਸਦਾ ਮਨਾਓ॥੧॥ਰਹਾਉ॥
ਸਤਿਗੁਰ ਕਾ ਸਚੁ ਸਬਦੁ ਕਮਾਵਹੁ॥ ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ॥੨॥	(ਹਾਂ) ਸਤਿਗੁਰੂ ਦਾ ਸੱਚਾ ਉਪਦੇਸ਼ ਕਮਾਓ (ਉਸ ਅਨੁਸਾਰ ਆਪਣੇ) ਘਰ ਟਿਕ ਕੇ ਬੈਠੇ (ਹੀ) ਆਪਣੇ ਪ੍ਰਭੂ ਨੂੰ ਪਾ ਲਓਗੇ॥੨॥
ਪਰ ਕਾ ਬੁਰਾ ਨ ਰਾਖਹੁ ਚੀਤ ॥ ਤੁਮ ਕਉ ਦੁਖੁ ਨਹੀ ਭਾਈ ਮੀਤ॥੩॥	ਹੇ ਭਾਈਓ ! ਹੇ ਮਿੱਤ੍ਰੋ ! ਪਰਾਇਆ ਬੁਰਾ (ਆਪਣੇ) ਚਿਤ ਵਿਚ ਨਾ ਰੱਖੋ (ਫਿਰ) ਤੁਹਾਨੂੰ ਬੀ ਦੁੱਖ ਨਹੀਂ ਹੋਵੇਗਾ॥੩॥
ਹਰਿ ਹਰਿ ਤੰਤੁ ਮੰਤੁ ਗੁਰਿ ਦੀਨ੍ਾ ॥ ਇਹੁ ਸੁਖੁ ਨਾਨਕ ਅਨਦਿਨੁ ਚੀਨ੍ਾ ॥੪॥੧੧॥੬੨॥	ਗੁਰੂ ਨੇ ਸਾਨੂੰ ਤੰਤਰ ਤੇ ਮੰਤਰ ਦੀ ਥਾਵੇਂ ਹਰਿ ਹਰਿ ਦਾ ਨਾਮ ਦਿੱਤਾ ਹੈ। ਹੇ ਨਾਨਕ ਇਸ (ਹਰੀ ਨਾਮ ਦਾ) ਸੁਖ ਅਸਾਂ ਹਰ ਦਿਨ (ਭਾਵ ਸਦੀਵ) ਆਪ (ਵਰਤਦਾ) ਡਿੱਠਾ ਹੈ॥੪॥੧੧॥੬੨॥

ਵਜਾਖਜਾ– ਨਾਮ ਤੋਂ ਦੁਖ ਦੂਰ, ਸੁਖ ਨਿਵਾਸੁ ਤੇ ਕਲਜਾਣ ਪ੍ਰਾਪਤੀ ਦੱਸੀ ਹੈ। ਉਸ ਦੇ ਨਾਮ ਸਿਮਰਣ ਦਾ ਉਪਦੇਸ਼ ਦਿੱਤਾ ਹੈ ਤੇ ਨਾਮ ਦਾਤੇ ਗੁਰੂ ਦੀ ਸੇਵਾ ਸਿਖਾਈ ਹੈ, ਪਰ ਉਸ ਦੇ ਉਪਦੇਸ਼ ਦੀ ਕਮਾਈ ਤੇ ਹੋਰ ਜ਼ੋਰ ਦਿੱਤਾ ਹੈ, ਵਾਹਿਗੁਰੂ ਨਾਮ, ਗੁਰੂ ਉਪਦੇਸ਼ ਦੀ ਕਮਾਈ ਤੇ ਸੇਵਾ ਜੀਵ ਨੂੰ ਮਨ ਵਿਚ ਸੁਖੀ ਤੇ ਵਾਹਿਗੁਰੂ ਜੀ ਨਾਲ ਸੁਰਖਰੋਈ ਬਖ਼ਸ਼ਦੀ ਹੈ। ਇਨਸਾਨ ਦੇ ਤ੍ਰੈ ਸਨਬੰਧ ਹੁੰਦੇ ਹਨ: ਇਕ ਵਾਹਿਗੁਰੂ ਜੀ ਨਾਲ, ਇਕ ਅਪਣੇ ਆਪੇ ਨਾਲ। ਸੋ ਇਥੋਂ ਤਾਂਈ ਦੋ ਸਨਬੰਧ ਤਾਂ ਸੁਹਣੇ ਬਣ ਗਏ, ਤੀਸਰਾ ਸਨਬੰਧ ਹੁੰਦਾ ਹੈ ਲੋਕਾਂ ਨਾਲ। ਉਸ ਬਾਬਤ ਗੁਰੂ ਜੀ ਅੰਕ ੩ ਵਿਚ ਸੁਮਤਿ ਦੇਂਦੇ ਹਨ ਕਿ ਪਰਾਇਆ ਬੁਰਾ ਕੋਈ ਨਾ ਚਿਤਵੋ। ਇਸ ਤਰ੍ਹਾਂ ਜਗਤ ਨਾਲ ਕਿ ਲੋਕਾਂ ਨਾਲ ਈਰਖਾ, ਦ੍ਵੈਖ, ਕਲਹ ਬਖੀਲੀ ਮਿਟ ਗਈ। ਇਹ ਸਨਬੰਧ ਸੁਹਣਾ ਹੋ ਗਿਆ। ਇਸ ਦਾ ਦੂਜਾ ਫਲ ਫੇਰ ਆਪ ਨੂੰ ਪਹੁੰਚਾ ਕਿ ਅਪਣਾ ਦੁਖ ਮਿਟ ਗਿਆ।

ਮਨ ਅਪੁਨੇ ਤੇ ਬੁਰਾ ਮਿਟਾਨਾ॥ ਪੇਖੈ ਸਗਲ ਸ੍ਰਿਸਟਿ ਸਾਜਨਾ॥

[ਗਉੜੀ ਮਹਲਾ ੫, ਸੁਖਮਨੀ ੩-੬]

ਇਹ ਤ੍ਰੈਏ ਸਨਬੰਧ ਸੁਹਣੇ ਹੋ ਗਏ। ਇਹ ਦੱਸ ਕੇ ਪ੍ਰੇਰਨਾ ਕਰਦੇ ਹਨ ਕਿ ਤੰਤ੍ਰ ਮੰਤ੍ਰ, ਜਾਦੂ ਟੂਣੇ, ਆਦਿ ਜੇ ਲੋਕੀ ਦੂਜਿਆਂ ਨੂੰ ਵਸੀ ਕਰਨ ਲਈ ਵਰਤਦੇ ਹਨ ਨਾ ਵਰਤੋ। ਉਹਨਾਂ ਨਾਲ ਮਾਯਾ ਵਿਚ ਮਨ ਵਧੇਰੇ ਫਸਦਾ ਹੈ ਤੇ ਕਲਜਾਣ ਨਹੀਂ ਹੁੰਦੀ। ਇਹ ਜੋ ਨਾਮ ਦਾ ਅਰਾਧਣਾ ਹੈ ਇਹ ਸਰਬ ਸੁਖ ਦਾਤਾ ਹੈ, ਮਾਇਆ ਮੋਹ ਕੱਟਦਾ ਤੇ ਹਰ ਤਰ੍ਹਾਂ ਕਲਜਾਣਕਾਰੀ ਹੈ।

ਨਿਰੁਕ੍ਤ– **ਕਲਿਆਣ**–[ਸੰਸ:, ਕਲਜਾਣ] ਮੰਗਲ। ਸ਼ੁਭ ਹਾਲਤ। ਮੁਕਤੀ।

ਮਨਾਵਹੁ–ਸਤਿਕਾਰ ਕਰੋ, ਸੰਤੁਸ਼ਟ ਕਰੋ। ਨਿੰਮ੍ਰਤਾ ਸਹਿਤ ਸੇਵਾ ਕਰੋ, ਰੀਝਾਵੋ।

ਥਿਰੁ–ਟਿਕ ਕੇ। **ਪਰ ਕਾ**–ਪਰਾਇਆ। ਦੂਸਰਿਆਂ ਦਾ।

ਤੰਤੁਮੰਤੁ–[ਸੰਸ:, ਤੰਤ੍ਰ, ਮੰਤ੍ਰ:] ਤੰਤ੍ਰ–ਜਾਦੂ ਟੂਣੇ ਆਦਿ। ਤੰਤ੍ਰ ਸ਼ਾਸਤ੍ਰ ਹਨ ਕਈ ਜਿਨ੍ਹਾਂ ਵਿਚ ਕਾਰਯ ਸਿੱਧੀਆਂ ਦੇ ਉਪਾਉ ਤੇ ਕਈ ਵੇਰ ਵਿਗਜਾਨਕ ਗੱਲਾਂ ਬੀ ਹੁੰਦੀਆਂ ਹਨ। ਮੰਤ੍ਰ=ਕਿਸੇ ਦੇਵਤਾ ਨੂੰ ਰਿਝਾਉਣੇ ਦੇ ਵਾਕ। ਪਰ 'ਤੰਤੁ ਮੰਤੁ' ਦਾ ਆਮ ਭਾਵ ਜਾਦੂ ਟੂਣੇ ਹੁੰਦੇ ਹਨ।

ਚੀਨਾ–ਦੇਖਿਆ।

[ਆਸਾ ਮਹਲਾ ੫, ਚਉਪਦਾ, ੬੩-੧੩੦]

ਪ੍ਰਾਕ੍ਥਨ– ਨਾਮ ਜਪਣੇ ਨਾਲ ਦੀਨ ਦੁਨੀ ਵਿਚ ਸ਼ੋਭਾ ਤੇ ਸੁਖ ਹੁੰਦਾ ਹੈ।

ਮੂਲ	ਅਰਥ
ਆਸਾ ਮਹਲਾ ੫ ॥ **ਜਿਸੁ ਨੀਚ ਕਉ ਕੋਈ ਨ ਜਾਨੈ ॥** **ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥੧॥** **ਦਰਸਨੁ ਮਾਗਉ ਦੇਹਿ ਪਿਆਰੇ ॥** **ਤੁਮਰੀ ਸੇਵਾ ਕਉਨ ਕਉਨ ਨ ਤਾਰੇ॥੧॥** **ਰਹਾਉ ॥**	(ਅਰਥ ਰਹਾਉ ਤੋਂ ਲਾਯਾ ਹੈ) ਹੇ ਪਿਆਰੇ (ਪ੍ਰਭੂ ! ਮੈਂ) ਆਪ ਦੇ ਦਰਸ਼ਨ ਮੰਗਦਾ ਹਾਂ, (ਮੈਨੂੰ ਦਰਸ਼ਨ) ਦਿਓ (ਜੋ ਮੈਂ ਬੀ ਸੇਵਾ ਕਰਾਂ,) ਤੁਸਾਂ ਦੀ ਸੇਵਾ ਨੇ ਕਿਹੜੇ ਕਿਹੜੇ ਨਹੀਂ ਤਾਰੇ (ਭਾਵ ਨੀਚ ਊਚ ਸਭੇ ਤਾਰੇ ਹਨ)॥੧॥ਰਹਾਉ॥ ਜਿਸ ਨੀਚ ਨੂੰ ਕੋਈ ਬੀ ਨਹੀਂ ਜਾਣਦਾ ਹੁੰਦਾ, ਨਾਮ ਜਪਣੇ ਕਰਕੇ ਉਹ ਚਾਰੋਂ ਕੁੰਟਾਂ ਵਿਚ (ਭਾਵ ਸਾਰੇ) ਮਾਨਨੀਯ ਹੋ ਜਾਂਦਾ ਹੈ॥੧॥

ਜਾ ਕੈ ਨਿਕਟਿ ਨ ਆਵੈ ਕੋਈ ॥ ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ ॥੨॥	ਜਿਸ ਦੇ ਨੇੜੇ ਕੋਈ ਨਹੀਂ ਢੁੱਕਦਾ, (ਨਾਮ ਜਪਣੇ ਕਰਕੇ) ਸਾਰੀ ਸਿਸ਼ਟੀ ਉਸ ਦੇ ਪੈਰ ਮਲ ਮਲ ਕੇ ਧੋਂਦੀ ਹੈ॥੨॥
ਜੋ ਪ੍ਰਾਨੀ ਕਾਹੂ ਨ ਆਵਤ ਕਾਮ ॥ ਸੰਤ ਪ੍ਰਸਾਦਿ ਤਾ ਕੋ ਜਪੀਐ ਨਾਮ॥੩॥	ਜੋ ਜੀਵ ਕਿਸੇ ਬੀ ਕੰਮ ਨਹੀਂ ਆਉਂਦਾ (ਭਾਵ ਨਿਕੰਮਾ ਹੁੰਦਾ ਹੈ) ਸੰਤ ਦੀ ਕ੍ਰਿਪਾ ਨਾਲ ਉਸ ਦਾ ਨਾਮ ਜਪੀਣ ਲੱਗ ਜਾਂਦਾ ਹੈ॥ ੩॥
ਸਾਧਸੰਗਿ ਮਨ ਸੋਵਤ ਜਾਗੇ ॥ ਤਬ ਪ੍ਰਭ ਨਾਨਕ ਮੀਠੇ ਲਾਗੇ ॥੪॥੧੨॥੬੩॥	ਸਾਧੂ ਦੇ ਸੰਗ ਕਰਕੇ ਸੁੱਤਾ ਮਨ ਜਾਗ ਪੈਂਦਾ ਹੈ; ਤਦ ਹੇ ਨਾਨਕ ! ਪ੍ਰਭੂ ਜੀ ਮਿੱਠੇ ਲੱਗਣ ਲੱਗ ਪੈਂਦੇ ਹਨ॥ ੪॥ ੧੨॥ ੬੩॥

ਵਜਾਖਜਾ— ਰਹਾਉ ਵਿਚ ਦੱਸਿਆ ਹੈ ਕਿ ਹੇ ਪ੍ਰਭੂ ! ਆਪ ਦੀ ਸੇਵਾ ਊਚ ਨੀਚ ਸਭ ਨੂੰ ਤਾਰਦੀ ਹੈ ਇਸ ਕਰਕੇ ਦਰਸ਼ਨ ਦੀ ਦਾਤ ਮੰਗੀ ਹੈ ਜੋ ਸੇਵਾ ਕਰੀਏ। ਅੰਕ ੧-੨ ਵਿਚ ਨੀਵੇਂ ਲੋਕ ਗਿਣੇ ਹਨ ਜੋ ਨਾਮ ਨੇ ਤਾਰੇ ਹਨ,ਅੰਕ ੩ ਵਿਚ ਦੱਸਿਆ ਕਿ ਨਾਮ ਸੰਤ ਦੀ ਕ੍ਰਿਪਾ ਨਾਲ ਜਪੁ ਹੁੰਦਾ ਹੈ। ਅੰਕ ੪ ਵਿਚ ਪ੍ਰਕਾਰ ਦੱਸਿਆ ਕਿ ਸੰਤ ਦੇ ਸੰਗ ਨਾਲ ਮਾਇਆ ਵਿਸਮਾਦ ਵਿਚ ਸੁੱਤਾ ਮਨ ਜਾਗ ਪੈਂਦਾ ਹੈ ਫੇਰ ਮਾਇਆ ਦੀ ਥਾਂ ਵਾਹਿਗੁਰੂ ਮਿੱਠਾ ਲਗਦਾ ਹੈ। ਜਦ ਮਿੱਠਾ ਲੱਗੇ ਤਾਂ ਛਡ ਨਹੀ ਹੁੰਦਾ, ਐਉਂ ਸਦੈਵੀ ਮੇਲ ਹੋ ਜਾਂਦਾ ਹੈ।

ਨਿਰੁਕ੍ਤ— ਚਹੁ ਕੁੰਟ-ਚਾਰੋਂ ਦਿਸ਼ਾ। ਸਾਰਾ ਜਗਤ।

ਪ੍ਰਾਨੀ—ਪ੍ਰਾਣਾਂ ਵਾਲਾ। ਜੀਵ।

[ਆਸਾ ਮਹਲਾ ੫, ਚਉਪਦਾ, ੬੪-੧੩੧]

ਪ੍ਰਾਕ੍ਕਥਨ—ਸਰਬ ਸ਼ਕਤੀਮਾਨ ਸਗਲ ਘਟ ਵਜਾਪਕ ਵਾਹਿਗੁਰੂ ਨਾਨਕ ਦਾ ਸੁਆਮੀ; ਉਸ ਨਾਲ ਆਨੰਦ ਮੰਗਲਾਚਾਰ ਕਰਦਾ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਏਕੋ ਏਕੀ ਨੈਨ ਨਿਹਾਰਉ ॥ ਸਦਾ ਸਦਾ ਹਰਿ ਨਾਮੁ ਸਮ੍ਾਰਉ॥੧॥	(ਮੈਂ) ਨੈਣਾਂ ਨਾਲ ਇਕੋ ਇਕ (ਹਰੀ ਨੂੰ) ਵੇਖਦਾ ਹਾਂ, (ਮੈਂ ਰਸਨਾਂ ਨਾਲ) ਹਰੀ ਦੇ ਨਾਮ ਨੂੰ ਸਦਾ ਸਦਾ ਯਾਦ ਕਰਦਾ ਹਾਂ॥ ੧॥
ਰਾਮ ਰਾਮਾ ਰਾਮਾ ਗੁਨ ਗਾਵਉ ॥ ਸੰਤ ਪ੍ਰਤਾਪਿ ਸਾਧ ਕੈ ਸੰਗੇ ਹਰਿ ਹਰਿ ਨਾਮੁ ਧਿਆਵਉ ਰੇ ॥੧॥ ਰਹਾਉ ॥	(ਅਤੇ ਉਸ ਹਰੀ ਦੇ) ਗੁਣ 'ਹੇ ਰਮੇ ਹੋਏ ਰਾਮ ! ਹੇ (ਸਰਬ ਵਿਚ) ਕ੍ਰੀੜਾ ਕਰ ਰਹੇ ਰਾਮ !' ਕਰਕੇ ਗਾਉਂਦਾ ਹਾਂ। (ਹਾਂ) ਹੇ ਭਾਈ ! (ਮੈਂ)ਸੰਤ ਦੇ ਪ੍ਰਤਾਪ ਕਰਕੇ ਸਾਧੂ ਦੀ ਸੰਗਤ ਵਿਚ ਹਰਿ ਹਰਿ ਨਾਮ ਨੂੰ ਸਿਮਰਦਾ ਹਾਂ॥ ੧॥ ਰਹਾਉ॥
ਸਗਲ ਸਮਗ੍ਰੀ ਜਾ ਕੈ ਸੂਤਿ ਪਰੋਈ॥ ਘਟ ਘਟ ਅੰਤਰਿ ਰਵਿਆ ਸੋਈ॥੨॥	(ਰਾਮ ਦਾ ਨਾਮ ਤੇ ਗੁਣ ਗਾਉਂਦਾ ਹਾਂ) ਜਿਸ ਦੇ (ਹੁਕਮ ਰੂਪੀ) ਸੂਤ ਵਿਚ ਸਾਰੇ ਸਾਮਾਨ ਪ੍ਰੋਤੇ ਹੋਏ ਹਨ, ਉਹੀ ਹਿਰਦੇ ਹਿਰਦੇ ਵਿਚ ਰਵ ਰਿਹਾ ਹੈ॥ ੨॥

ਓਪਤਿ ਪਰਲਉ ਖਿਨ ਮਹਿ ਕਰਤਾ॥ ਆਪਿ ਅਲੇਪਾ ਨਿਰਗੁਨੁ ਰਹਤਾ॥੩॥	(ਉਹ ਪ੍ਰਭੂ ਚਾਹੇ ਤਾਂ) ਇਕ ਖਿਨ ਵਿਚ ਉਪਜ ਤੇ ਪਰਲੋ ਕਰ ਦੇਂਦਾ ਹੈ (ਤੇ) ਆਪੂੰ ਫੇਰ ਨਿਰਲੇਪ ਰਹਿੰਦਾ ਹੈ, ਤ੍ਰੈ ਗੁਣਾਂ ਤੋਂ ਉਪਰ ਵਰਤਦਾ ਹੈ॥੩॥
ਕਰਨ ਕਰਾਵਨ ਅੰਤਰਜਾਮੀ ॥ ਅਨੰਦ ਕਰੈ ਨਾਨਕ ਕਾ ਸੁਆਮੀ ॥੪॥੧੩॥੬੪॥	ਉਹੀ ਕਰਨ ਕਰਾਵਨ (ਨੂੰ ਸਮਰਥ ਹੈ, ਫਿਰ ਸਭ ਦੇ) ਅੰਦਰ ਬੈਠਾ ਹੈ। ਉਹੀ ਨਾਨਕ ਦਾ ਮਾਲਕ ਹੈ (ਜੋ ਉਸ ਨਾਲ) ਆਨੰਦ ਕਰ ਰਿਹਾ ਹੈ॥੪॥੧੩॥੬੪॥

ਵਯਾਖਯਾ— ਅੰਕ ੧ ਤੇ ਰਹਾਉ-ਰਸਨਾ ਨਾਲ ਤਾਂ ਵਾਹਿਗੁਰੂ ਦਾ ਨਾਮ ਜਪਦਾ ਤੇ ਗੁਣ ਗਾਉਂਦਾ ਹਾਂ ਤੇ ਨੈਣਾਂ ਨਾਲ ਉਸ ਦਾ ਦਰਸ਼ਨ ਕਰਦਾ ਹਾਂ। ਦੁਇ ਗਲਾਂ ਸੰਤ ਦੀ ਸੰਗਤ ਤੇ ਉਸ ਦੀ ਮੇਹਰ ਨਾਲ ਹੁੰਦੀਆਂ ਹਨ। ਅਗਲੇ ਢਾਈ ਅੰਕਾਂ ਵਿਚ ਉਸ ਪਜਾਰੇ ਨੂੰ ਸਰਬ ਸ਼ਕਤੀਮਾਨ ਤੇ ਫੇਰ ਹਿਰਦੇ ਹਿਰਦੇ ਵਿਚ ਰਵ ਰਿਹਾ ਦੱਸਿਆ। ਫੇਰ ਉਸ ਨੂੰ ਸਰਬ ਕਰਤਾ ਸਰਬ ਹਰਤਾ ਮਹਾਂ ਬਲੀ ਦੱਸ ਕੇ ਅਲੇਪ ਤੇ ਅਪਣੇ ਬ੍ਰਹਮ ਰੂਪ ਵਿਚ ਅਡੋਲ ਦੱਸਿਆ, ਸਭ ਕਾਰਨਾਂ ਦਾ ਕਾਰਣ, ਕਰਨੇ ਕਰਾਉਣੇ ਨੂੰ ਸਮਰੱਥ ਦੱਸ ਕੇ ਫੇਰ ਹਿਰਦੇ ਅੰਦਰ ਬੈਠਾ ਨਯਤਾ (ਪ੍ਰੇਰਕ) ਹੋ ਰਿਹਾ ਦੱਸਿਆ। ਇਉਂ ਪ੍ਰਭੂ ਨੂੰ ਵਰਣਨ ਕਰਕੇ ਉਸ ਨੂੰ ਆਪਣਾ ਮਾਲਕ ਦਸਿਆ ਤੇ ਅਪਣੇ ਨਾਲ ਆਨੰਦ ਕਰਦਾ, ਆਨੰਦ ਦੇਂਦਾ ਵਰਣਨ ਕੀਤਾ ਹੈ।

ਨਿਰੁਕਤ—**ਸਮ੍ਾਰਉ**—ਸੰਮਾਲਦਾ ਹਾਂ। ਯਾਦ ਕਰਦਾ ਹਾਂ।

ਸਮਗ੍ਰੀ—[ਸੰਸ:, ਸਾਮਗ੍ਰੀ] ਸਾਮਾਨ, ਵਸਤਾਂ ਪਦਾਰਥ।

ਓਪਤਿ—[ਸੰਸ:, ਉਤ੍ਪਤਿ:] ਉਪਜ। ਪੈਦਾਇਸ਼। ਰਚਦਾ।

[ਆਸਾ ਮਹਲਾ ੫, ਚਉਪਦਾ, ੬੫-੧੩੨]

ਪ੍ਰਾਕ੍ਥਨ—ਨਾਮ ਦੁਆਰਾ ਪਰਮਗਤੀ ਮਿਲਦੀ ਹੈ।

ਮੂਲ	**ਅਰਥ**
ਆਸਾ ਮਹਲਾ ੫ ॥	
ਕੋਟਿ ਜਨਮ ਕੇ ਰਹੇ ਭਵਾਰੇ ॥ ਦੁਲਭ ਦੇਹ ਜੀਤੀ ਨਹੀ ਹਾਰੇ ॥੧॥	ਕ੍ਰੋੜਾਂ ਜਨਮਾਂ ਦੇ ਘੁਮਾਟੇ (ਹੁਣ) ਮੁੱਕ ਚੁਕੇ,ਅਮੋਲਕ (ਮਾਨੁੱਖਾ) ਜਨਮ ਜਿੱਤ ਲਿਆ ਹੈ, ਹਾਰ ਨਹੀਂ ਖਾਧੀ॥੧॥
ਕਿਲਬਿਖ ਬਿਨਾਸੇ ਦੁਖ ਦਰਦ ਦੂਰਿ॥ ਭਏ ਪੁਨੀਤ ਸੰਤਨ ਕੀ ਧੂਰਿ ॥੧॥ ਰਹਾਉ ॥	ਸੰਤਾਂ ਦੀ ਧੂੜੀ ਖਾ ਕੇ ਪਵਿੱਤ੍ਰ ਹੋ ਗਏ ਹਾਂ, ਪਾਪ ਨਾਸ਼ ਹੋ ਗਏ, ਦੁਖ ਦਰਦ (ਨਾਲ ਹੀ) ਦੂਰ ਹੋ ਗਏ॥੧॥ਰਹਾਉ॥
ਪ੍ਰਭ ਕੇ ਸੰਤ ਉਧਾਰਨ ਜੋਗ ॥ ਤਿਸੁ ਭੇਟੇ ਜਿਸੁ ਧੁਰਿ ਸੰਜੋਗ ॥੨॥	ਪ੍ਰਭੂ ਦੇ ਸੰਤ (ਜਗਤ ਨੂੰ) ਤਾਰਨ ਦੇ ਸਮਰਥ ਹੁੰਦੇ ਹਨ (ਪਰ) ਮਿਲਦੇ ਉਸ ਨੂੰ ਹਨ ਜਿਸ ਨੂੰ ਧੁਰੋਂ (ਹਜ਼ੂਰੋਂ) ਭਾਗ ਲਿਖੇ ਹੋਏ ਹੋਣ॥੨॥
ਮਨਿ ਆਨੰਦੁ ਮੰਤ੍ਰੁ ਗੁਰਿ ਦੀਆ ॥ ਤ੍ਰਿਸਨ ਬੁਝੀ ਮਨੁ ਨਿਹਚਲੁ ਥੀਆ॥੩॥	(ਸੰਤ ਕੀਕੂੰ ਉਧਾਰਦੇ ਹਨ ? ਉੱਤਰ:) ਗੁਰੂਮੰਤ੍ਰ ਦੇਂਦਾ ਹੈ (ਜਿਸ ਨਾਲ) ਤ੍ਰਿਸਨਾ ਬੁਝ ਜਾਂਦੀ ਹੈ, ਮਨ ਵਿਚ ਆਨੰਦ ਹੋ ਜਾਂਦਾ ਹੈ ਤੇ ਮਨ ਟਿਕ ਜਾਂਦਾ ਹੈ॥੩॥

ਨਾਮੁ ਪਦਾਰਥੁ ਨਉ ਨਿਧਿ ਸਿਧਿ ॥ ਨਾਨਕ ਗੁਰ ਤੇ ਪਾਈ ਬੁਧਿ ॥੪॥੧੪॥੬੫॥	ਨਾਮ (ਕੇਵਲ ਸੰਗਜਾ ਮਾਤ੍ਰ ਨਹੀਂ, ਇਹ) ਪਦਾਰਥ ਹੈ, (ਐਸਾ ਕੀਮਤੀ ਜੈਸਾ ਕਿ) ਨੌ ਨਿਧੀਆਂ ਤੇ ਸਿਧੀਆਂ। ਹੇ ਨਾਨਕ ਇਹ ਸਮਝ (ਸਾਨੂੰ) ਗੁਰੂ ਤੋਂ ਆਈ ਹੈ॥ ੪॥ ੧੪॥ ੬੫॥

ਵਯਾਖਯਾ– ਮਨੁੱਖਾ ਜਨਮ ਮਾਯਕ ਬ੍ਰਿਤੀਆਂ ਤੇ ਫਤੇ ਪਾਉਣ ਲਈ ਹੈ, ਇਹ ਗਲ ਅੰਕ ੧ ਵਿਚ ਦੱਸੀ ਹੈ। ਤੇ ਫੁਰਮਾਇਆ ਹੈ ਕਿ ਜਨਮ ਜਿੱਤ ਲੈਣ ਨਾਲ ਬਾਰ ਬਾਰ ਜਨਮ ਮਰਨ ਦੇ ਗੇੜ ਤੋਂ ਛੁੱਟ ਜਾਈਦਾ ਹੈ। ਨਹੀ ਹਾਰਂ ਕਹਿਕੇ ਸੁਮਤਿ ਦਿਤੀ ਕਿ ਹਾਰ ਹਾਰ ਕੇ ਦਿਲ ਨਾ ਛੱਡਣਾ ਤੇ ਜੁੱਟੇ ਰਹਿਣਾ ਇਹ ਜਿੱਤ ਦਾ ਭੇਤ ਹੈ। ਅਗਲੇ ਅੰਕਾਂ ਵਿਚ ਫੁਰਮਾਇਆ ਹੈ ਕਿ ਸੰਤਾਂ ਦਾ ਸੰਗ ਕਰੋ, ਮੰਤ੍ਰ ਲਓ ਤੇ ਜਪੋ, ਇਸ ਤਰ੍ਹਾਂ ਕਰਦਿਆਂ ਪਾਪ ਤੇ ਦੁਖ ਦੂਰ ਹੋ ਜਾਣਗੇ, ਤ੍ਰਿਸ਼ਨਾ ਮਿਟ ਜਾਏਗੀ ਟਿਕ ਜਾਓਗੇ; ਇਸ ਲਈ ਨਾਮ ਅਮੋਲਕ ਪਦਾਰਥ ਹੈ ਇਹ ਸੁਮਤਿ ਗਰੂ ਤੋਂ ਮਿਲਦੀ ਹੈ। ਪਰ ਇਹ ਪ੍ਰਾਪਤੀ ਸੰਜੋਗਾਂ ਦੀ ਖੇਡ ਦੱਸੀ ਹੈ, ਭਾਗਾਂ ਨਾਲ ਮਿਲਦੀ ਹੈ, ਭਾਗਾਂ ਦਾ ਪਤਾ ਉੱਦਮ ਕੀਤਿਆਂ ਲੱਭਦਾ ਹੈ, ਸੁਸਤੀ ਤੇ ਭਾਗ ਇਕ ਸ਼ੈ ਨਹੀਂ ਹਨ।

ਨਿਰੁਕਤ– ਭਵਾਰੇ–ਭਵਾਟੜੀਆਂ, ਘੁਮਾਟੇ। ਜਨਮ ਜਨਮ ਦੇ ਗੇੜ।

ਕਿਲਬਿਖ–ਪਾਪ।

[ਆਸਾ ਮਹਲਾ ੫, ਚਉਪਦਾ, ੬੬-੧੩੩]

ਪ੍ਰਾਕ੍ਥਨ–ਗੁਰੂ ਦੀ ਸੇਵਾ ਨਾਲ ਨਾਮ ਤੇ ਨਾਲ ਕਲਿਆਣ ਮਿਲਦੀ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਮਿਟੀ ਤਿਆਸ ਅਗਿਆਨ ਅੰਧੇਰੇ ॥ ਸਾਧ ਸੇਵਾ ਅਘ ਕਟੇ ਘਨੇਰੇ ॥੧॥	ਅਗਯਾਨ ਦੇ ਹਨੇਰੇ ਕਰਕੇ (ਜੋ ਤ੍ਰਿਸ਼ਨਾ ਤੇ ਭੋਗਾਂ ਦੀ) ਤ੍ਰਿਖਾ(ਲੱਗੀ ਹੋਈ ਸੀ) ਮਿਟ ਗਈ ਹੈ। ਸਾਧੂ ਦੀ ਸੇਵਾ ਦੁਆਰਾ ਬਹੁਤ ਸਾਰੇ ਪਾਪ ਕੱਟੇ ਗਏ ਹਨ॥ ੧॥
ਸੂਖ ਸਹਜ ਆਨੰਦੁ ਘਨਾ ॥ ਗੁਰ ਸੇਵਾ ਤੇ ਭਏ ਮਨ ਨਿਰਮਲ ਹਰਿ ਹਰਿ ਹਰਿ ਹਰਿ ਨਾਮੁ ਸੁਨਾ॥੧॥ ਰਹਾਉ ॥	ਗੁਰੂ ਦੀ ਸੇਵਾ ਨਾਲ ਮਨ ਨਿਰਮਲ ਹੋਇਆ ਤਾਂ ਹਰਿ ਹਰਿ ਨਾਮੁ ਸੁਣਿਆ(ਭਾਵ ਹਿਰਦੇ ਵਿਚ ਟਿਕ ਗਿਆ ਤਦ) ਬੜੇ ਆਨੰਦ ਵਾਲਾ ਸਹਜ ਸੁਖ (ਮਿਲ ਗਿਆ)॥ ੧॥ ਰਹਾਉ॥
ਬਿਨਸਿਓ ਮਨ ਕਾ ਮੂਰਖੁ ਢੀਠਾ ॥ ਪ੍ਰਭ ਕਾ ਭਾਣਾ ਲਾਗਾ ਮੀਠਾ ॥੨॥	ਮੂਰਖ ਮਨ ਦਾ ਢੀਠਪੁਣਾ ਨਾਸ਼ ਹੋ ਗਿਆ ਤੇ ਪ੍ਰਭੂ ਦਾ ਭਾਣਾ ਮਿੱਠਾ ਲਗ ਗਿਆ॥ ੨॥
ਗੁਰ ਪੂਰੇ ਕੇ ਚਰਣ ਗਹੇ ॥ ਕੋਟਿ ਜਨਮ ਕੇ ਪਾਪ ਲਹੇ ॥੩॥	ਪੂਰੇ ਗੁਰੂ ਦੇ ਚਰਨ ਫੜ ਲਏ, ਕ੍ਰੋੜਾਂ ਜਨਮਾਂ ਦੇ ਪਾਪ(ਮਗਰੋਂ) ਲਹਿ ਗਏ॥ ੩॥
ਰਤਨ ਜਨਮੁ ਇਹੁ ਸਫਲ ਭਇਆ॥ ਕਹੁ ਨਾਨਕ ਪ੍ਰਭ ਕਰੀ ਮਇਆ ॥੪॥੧੫॥੬੬॥	ਇਹ ਰਤਨਾਂ (ਵਰਗਾ ਕੀਮਤੀ) ਜਨਮ ਸਫਲ ਹੋ ਗਿਆ ਕਹਿੰਦੇ ਹਨ (ਗੁਰੂ)ਨਾਨਕ (ਦੇਵ ਜੀ) ਪ੍ਰਭੂ ਨੇ ਦਇਆ ਕੀਤੀ ਹੈ॥ ੪॥ ੧੫॥ ੬੬॥

ਵਜਾਖਜਾ- ਗੁਰੂ ਸੇਵਾ ਨਾਲ ਮਨ ਨਿਰਮਲ ਹੁੰਦਾ ਹੈ, ਨਿਰਮਲ ਮਨ ਵਿਚ ਨਾਮ ਠੀਕ ਟਿਕਦਾ ਹੈ, ਇਹ ਅਸੂਲ ਦੱਸਿਆ ਹੈ। ਇਸ ਕਰਕੇ ਸਿਖੀ ਵਿਚ ਪਹਿਲ ,ਕਦਮ ਸੇਵਾ ਹੈ। ਸੇਵਾ ਕਰਕੇ ਨਾਮ ਜਾਪੀਦਾ ਹੈ ਫੇਰ ਪੁੰਨ ਮਯ ਹੋ ਜਾਂਦਾ ਹੈ, ਸੁਭਾਵ ਪਾਪ ਕਰਨੋਂ ਰੁਕ ਜਾਂਦੇ ਹਨ ਤੇ ਪਿਛਲੇ ਪਏ ਹੋਏ ਦਗਧ ਹੋ ਜਾਂਦੇ ਹਨ। ਤ੍ਰਿਸ਼ਨਾ ਤੇ ਵਿਕਾਰ ਬ੍ਰਿਤੀ ਮਿਟ ਜਾਂਦੀ ਹੈ ਫੇਰ ਮਨ ਰਜ਼ਾ ਤੇ ਆ ਜਾਂਦਾ ਹੈ ਤੇ ਜਨਮ ਸਫਲ ਹੋ ਜਾਂਦਾ ਹੈ।

ਨਿਰੁਕ੍ਤ-ਤਿਆਸ-[ਸੰਸ: ਤ੍ਰਿਖਾ] ਪਿਆਸ, ਤ੍ਰੇਹ। **ਅਘ**-ਪਾਪ

ਘਨਾ-[ਸੰਸ !, ਘਨ=ਘਣਾ, ਗਾੜਾਂ।,ਵੱਡਾ, ਜਿਆਦਾ। ਹਿੰਦੀ:,ਘਨਾ=ਬਹੁਤ] ਬਹੁਤਾ।

ਢੀਠਾ-ਢੀਠ, ਢੀਠਪੁਣਾ, ਜ਼ਿਦ ਦਾ ਸੁਭਾਵ।

ਲਹੇ-ਉਤਰ ਗਏ। ਦੂਰ ਹੋ ਗਏ। **ਮਇਆ**-ਦਇਆ। ਮੇਹਰ।

[ਆਸਾ ਮਹਲਾ ੫, ਚਉਪਦਾ, ੬੭-੧੩੪]

ਪ੍ਰਾਕ੍ਕਥਨ-ਗੁਰੂ, ਗੁਰੂ ਕੀ ਬਾਣੀ ਤੇ ਹਰੀ, ਇਨ੍ਹਾਂ ਵਿਚ ਪਰਚਾ ਪਾਓ।

ਮੂਲ	ਅਰਥ
ਆਸਾ ਮਹਲਾ ੫ ॥ **ਸਤਿਗੁਰੁ ਅਪਨਾ ਸਦ ਸਦਾ ਸਮ੍ਾਰੇ॥** **ਗੁਰ ਕੇ ਚਰਨ ਕੇਸ ਸੰਗਿ ਝਾਰੇ॥੧॥**	(ਜਾਗੀ ਦਾ ਐਉਂ ਹੈ:-ਕਿ ਸਿਖ) ਅਪਣੇ ਸਤਿਗੁਰ ਨੂੰ ਸਦੀਵ ਯਾਦ ਕਰਦਾ ਰਹੇ (ਸੇਵਾ ਐਸੀ ਕਰੇ ਕਿ) ਕੇਸਾਂ ਨਾਲ ਗੁਰੂ ਚਰਨ ਝਾੜੇ॥੧॥
ਜਾਗੁ ਰੇ ਮਨ ਜਾਗਨਹਾਰੇ ॥ **ਬਿਨੁ ਹਰਿ ਅਵਰੁ ਨ ਆਵਸਿ ਕਾਮਾ** **ਝੂਠਾ ਮੋਹੁ ਮਿਥਿਆ ਪਸਾਰੇ ॥੧॥ ਰਹਾਉ ॥**	ਹੇ ਜਾਗਣੇ ਯੋਗ ਮਨ ! (ਹੁਣ) ਜਾਗ, ਹਰੀ ਤੋਂ ਬਿਨਾਂ ਹੋਰ (ਕਿਸੇ)ਨੇ ਕੰਮ ਨਹੀਉਂ ਆਉਣਾ, (ਇਹ) ਪਸਾਰਾ (ਜੋ ਦਿੱਸਦਾ ਹੈ) ਝੂਠਾ ਹੈ,(ਸੋ ਇਸ ਨਾਲ) ਮੋਹ ਕਰਨਾ ਬੀ ਝੂਠਾ ਹੈ॥੧॥ਰਹਾਉ॥
ਗੁਰ ਕੀ ਬਾਣੀ ਸਿਉ ਰੰਗੁ ਲਾਇ ॥ **ਗੁਰੁ ਕਿਰਪਾਲੁ ਹੋਇ ਦੁਖੁ ਜਾਇ॥੨॥**	(ਅਤੇ) ਗੁਰੂ ਕੀ ਬਾਣੀ ਨਾਲ ਪਜਾਰ ਪਾਵੇ। ਗੁਰੂ ਦੇ ਕ੍ਰਿਪਾਲ ਹੋ ਜਾਣ ਨਾਲ (ਸਾਰਾ) ਦੁਖ ਦੂਰ ਹੋ ਜਾਏਗਾ॥੨॥
ਗੁਰ ਬਿਨੁ ਦੂਜਾ ਨਾਹੀ ਥਾਉ ॥ **ਗੁਰੁ ਦਾਤਾ ਗੁਰੁ ਦੇਵੈ ਨਾਉ ॥੩॥**	ਗੁਰੂ ਤੋਂ ਬਿਨਾ ਦੂਜਾ (ਕੋਈ ਹੋਰ) ਟਿਕਾਣਾ (ਦੁਖ ਹਰਨੇ ਵਾਲਾ) ਨਹੀ ਹੈ, ਗੁਰੂ (ਹੀ) ਨਾਮ ਦੇਂਦਾ ਹੈ (ਗੁਰੂ ਹੀ, ਸਰਬ ਥੋਕ ਦਾ) ਦਾਤਾ ਹੈ॥੩॥
ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥ **ਆਠ ਪਹਰ ਨਾਨਕ ਗੁਰ ਜਾਪਿ ॥੪॥੧੯॥੬੭॥**	ਗੁਰੂ ਆਪ ਪਾਰਬ੍ਰਹਮ ਪਰਮੇਸੁਰ (ਰੂਪ) ਹੈ। ਹੇ ਨਾਨਕ ! ਅੱਠੇ ਪਹਰ ਗੁਰੂ ਨੂੰ ਜਪ॥੬੭॥

ਵਜਾਖਜਾ- ਗੁਰੂ ਦੀ ਮਹਿਮਾ ਦੱਸੀ ਹੈ। ਰਹਾਉ ਵਿਚ ਮਨ ਨੂੰ ਮੋਹ ਮਾਯਾ ਦੀ ਨੀਂਦ ਤੋ ਜਾਗਣੇ ਦਾ ਉਪਦੇਸ਼ ਦਿੱਤਾ ਹੈ ਤੇ ਮਾਯਾ ਨੂੰ ਅਸਤਿ ਦੱਸ ਕੇ ਸਤਜ ਵਸਤੂ ਨਾਲ ਜੋੜਨ ਦੀ ਸੁਮਤਿ ਦਿੱਤੀ ਹੈ। ਤਰਕੀਬ ਦੱਸੀ ਹੈ-ਗੁਰੂ ਦੀ ਸੇਵਾ, ਗੁਰੂ ਦੀ ਯਾਦ ਗੁਰੂ ਦੀ ਬਾਣੀ ਨਾਲ ਪਿਆਰ ਗੁਰੂ ਨੂੰ ਨਾਮ ਦਾਤਾ ਦੱਸਿਆ, ਜਿਸ ਨਾਮ ਨੇ ਮਾਯਕ ਨੀਂਦ ਕੱਟਣੀ ਹੈ। ਗੁਰੂ ਨੂੰ ਪਾਰਬ੍ਰਹਮ ਪਰਮੇਸੁਰ ਦਾ ਰੂਪ ਦੱਸਿਆ ਜੈਸਾ ਕਿ ਵਾਕ ਹੈ।

ਗੁਰੁ ਨਾਨਕ ਦੇਵ ਗੋਵਿੰਦ ਰੂਪ॥ [ਬਸੰਤ ਮਹਲਾ ੫–ਅਸਟ: ੧]

ਗੁਰੂ ਨਾਨਕ ਦੇਵ ਜੀ ਨੇ ਲੋਧੀ ਪਾਤਸ਼ਾਹ ਨੂੰ ਦੱਸਿਆ ਸੀ ਕਿ ਪਰਮੇਸੁਰ ਦਾ ਪਜਾਰਾ ਐਉਂ ਰੱਬ ਰੂਪ ਹੁੰਦਾ ਹੈ ਜਿਵੇਂ ਧਾਤ ਦਾ ਗੋਲਾ ਅਗਨੀ ਪ੍ਰਵੇਸ਼ ਨਾਲ ਅਗਨੀ ਰੂਪ ਹੋ ਜਾਂਦਾ ਹੈ।

ਨਿਰੁਕ੍ਤ–ਸਮ੍ਹਾਰੇ–ਯਾਦ ਕਰੇ। ਰੰਗੁ-ਪ੍ਰੇਮ।

[ਆਸਾ ਮਹਲਾ ੫, ਚਉਪਦਾ, ੬੮-੧੩੫]

ਪ੍ਰਾਕ੍ਥਨ–ਨਿਰਗੁਣ ਸਰਗੁਣ ਵਾਹਿਗੁਰੂ ਦੀ ਇਕ ਸਰੂਪਤਾ ਵਿਚ ਦਰਸ਼ਨ।

ਮੂਲ	ਅਰਥ
ਆਸਾ ਮਹਲਾ ੫ ॥ ਆਪੇ ਪੇਡੁ ਬਿਸਥਾਰੀ ਸਾਖ ॥ ਅਪਨੀ ਖੇਤੀ ਆਪੇ ਰਾਖ ॥੧॥	(ਵਾਹਿਗੁਰੂ) ਆਪ ਹੀ ਮੂਲ (ਰੂਪ ਹੈ ਸ੍ਰਿਸ਼ਟੀ ਦਾ ਤੇ ਆਪ ਹੀ ਉਸ ਨੇ ਆਪਣੇ ਤੋਂ) ਸ਼ਾਖਾਂ (ਵਾਂਡੂ ਸ੍ਰਿਸ਼ਟੀ) ਫੈਲਾਈ ਹੈ। (ਇਸ) ਆਪਣੀ (ਉਪਜਾਈ) ਖੇਤੀ (ਰੂਪ ਸ੍ਰਿਸ਼ਟੀ) ਦਾ ਆਪੇ (ਕਾਯਮ) ਰਖਣਹਾਰਾ ਹੈ॥੧॥
ਜਤ ਕਤ ਪੇਖਉ ਏਕੈ ਓਹੀ ॥ ਘਟ ਘਟ ਅੰਤਰਿ ਆਪੇ ਸੋਈ ॥੧॥ ਰਹਾਉ ॥	(ਮੈਂ ਤਾਂ) ਜਿਧਰ ਕਿਧਰ ਵੇਖਦਾ ਹਾਂ ਇਕੋ ਓਹੋ(ਮੈਨੂੰ ਦਿੱਸਦਾ ਹੈ)। ਹਿਰਦੇ ਹਿਰਦੇ ਅੰਦਰ ਬੀ ਉਹੋ ਆਪ (ਬੈਠਾ) ਹੈ॥੧॥ ਰਹਾਓ॥
ਆਪੇ ਸੂਰੁ ਕਿਰਣਿ ਬਿਸਥਾਰੁ ॥ ਸੋਈ ਗੁਪਤੁ ਸੋਈ ਆਕਾਰੁ॥੨॥	(ਯਾ ਇਉਂ ਸਮਝ ਕਿ) ਸੂਰਜ ਵਾਂਙੂ (ਮੂਲ ਰੂਪ) ਆਪ ਹੈ, (ਅਪਣੇ ਤੋਂ ਹੀ ਸ੍ਰਿਸ਼ਟੀ ਦਾ) ਵਿਸਥਾਰ ਕਿਰਨਾ ਵਾਂਡੂ (ਕਰ ਰਿਹਾ ਹੈ। ਦਿੱਸਣ ਵਾਲਾ) ਸ਼ਕਲ ਸੂਰਤ ਵਾਲਾ (ਜਗਤ ਬੀ) ਉਹੀ (ਆਪ) ਹੈ (ਤੇ) ਉਹੀ (ਇਸ ਦਾ ਮੂਲ) ਗੁਪਤ (ਰੂਪ ਹੈ। ਅਰਥਾਤ ਨਿਰਗੁਣ ਸਰੂਪ ਬੀ ਆਪ ਹੀ ਹੈ)॥੨॥
ਸਰਗੁਣ ਨਿਰਗੁਣ ਥਾਪੈ ਨਾਉ ॥ ਦੁਹ ਮਿਲਿ ਏਕੈ ਕੀਨੋ ਠਾਉ ॥੩॥	(ਆਕਾਰ ਵਾਲਾ) ਸਰਗੁਣ (ਤੇ ਨਾ ਆਕਾਰ ਵਾਲਾ) ਨਿਰਗੁਣ (ਦੋ) ਨਾਉ (ਦੋਹਾਂ ਰੂਪਾਂ ਲਈ) ਥਾਪੇ ਹਨ। (ਅਸਲ ਵਿਚ) ਦੋਹਾਂ ਨੇ ਮਿਲਕੇ ਇਕੋ ਟਿਕਾਣਾ ਕੀਤਾ ਹੈ (ਭਾਵ ਦੋ ਨਾਮ ਹਨ ਪਰ ਸਰੂਪ ਇਕੋ ਹੈ)॥੩॥
ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ॥ ਅਨਦ ਰੂਪੁ ਸਭੁ ਨੈਨ ਅਲੋਇਆ ॥੪॥੧੭॥੬੮॥	ਕਹਿੰਦੇ ਹਨ (ਗੁਰੂ) ਨਾਨਕ (ਦੇਵਜੀ) ਗੁਰੂ ਨੇ ਭਰਮ ਤੇ ਭਉ ਦੂਰ ਕਰ ਦਿੱਤਾ ਹੈ (ਹੁਣ ਅਸਾਂ ਨੇ ਓਹੁ) ਸਭੁ (=ਸੰਪੂਰਨ) ਆਨੰਦ ਰੂਪ ਵਾਹਿਗੁਰੂ) ਅੱਖੀ ਵੇਖ ਲਿਆ ਹੈ॥੪॥੧੭॥੬੮॥

ਵਜਾਖਾਜਾ– ਅੰਕ ੧ ਦੇ ਰਹਾਉ ਵਿਚ ਜਗਤ ਕਰਤਾ ਤੋਂ ਜਗਤ ਉਤਪਤੀ ਦਾ ਪ੍ਰਕਾਰ ਦੋ ਉਦਾਹਰਨਾ ਨਾਲ ਦੱਸਿਆ ਹੈ, ਪਹਿਲਾ ਹੈ ਜੜ੍ਹ ਤੋਂ ਖੇਤੀ (ਬਨਸਪਤੀ) ਆਦਿ ਦਾ ਉੱਗਣਾ। ਦ੍ਰਿਸ਼ਟਾਂਤ ਦਾ ਇਕ ਅੰਗ ਲਈਦਾ ਹੈ, ਇਸ ਕਰਕੇ ਜੜ੍ਹ ਤੋਂ ਬਨਸਪਤੀ ਤੇ ਦੋਹਾਂ ਦਾ ਪਰਸਪਰ ਸਦੈਵੀ ਮੇਲ ਮੁਰਾਦ ਹੈ; ਸ਼ਾਯਦ ਕੋਈ ਸਰਬ ਅੰਗਾਂ ਵਿਚ ਮੇਲਣਾ ਚਾਹੇ ਤਾਂ ਦੂਸਰਾ ਦ੍ਰਿਸ਼ਟਾਂਤ ਦਿੱਤਾ ਕਿ ਜਿਵੇਂ ਸੂਰਜ ਅਸਲ ਯਾ ਮੂਲ ਹੈ ਤੇ ਕਿਰਣਾਂ ਦਾ ਵਿਸਥਾਰ ਉਸ ਤੋਂ ਹੁੰਦਾ ਹੈ। ਦੁਇ ਵੱਖ ਬੀ ਜਾਪਦੇ ਹਨ ਮਿਲੇ ਬੀ: ਹੁੰਦੇ ਹਨ ਮਿਲਵਾਂ ਰੂਪ ਬੀ ਇੱਕੋ ਹੈ ਤੇ ਕਿਰਣਾ ਦਾ ਆਸਰਾ ਬੀ ਸੂਰਜ ਹੈ। ਏਹ ਮਿਸਾਲਾਂ ਦੇ ਕੇ ਦੱਸਿਆ ਕਿ ਗੁਪਤ ਰੂਪ ਵਿਚ ਜੋ ਕਰਤਾਰ ਸਮਝੀਦਾ ਹੈ ਸੋ ਨਿਰਾਕਾਰ ਹੈ। 'ਆਕਾਰ'

ਪਦ ਕਹਿ ਕੇ ਜਣਾ ਦਿੱਤਾ ਕਿ ਜਿਸ ਨੂੰ ਆਪ ਜੀ ਗੁਪਤ ਕਹਿ ਰਹੇ ਹਨ ਉਹ ਨਿਰਆਕਾਰ ਹੈ, ਤੇ ਆਕਾਰ ਉਸ ਨੂੰ ਕਹਿ ਰਹੇ ਹਨ ਜੋ ਸ਼ਕਲ ਸੂਰਤ ਵਾਲਾ ਹੈ ਤੇ ਗੁਪਤ ਨਹੀਂ। ਇਹ ਦੱਸ ਕੇ ਦੋਹਾਂ ਨੂੰ ਇੱਕੋ ਦੱਸਿਆ-'ਸੋਈ ਗੁਪਤ ਸੋਈ ਆਕਾਰ।' ਇਨ੍ਹਾਂ ਦੇ ਦੋ ਨਾਮ ਸਿਆਣਿਆਂ ਮੁਕੱਰਰ ਕਰ ਛੱਡੇ ਹਨ ਸਮਝਣ ਸਮਝਾਉਣ ਲਈ, ਅਸਲ ਵਿਚ ਦੁਇ ਮਿਲਕੇ ਇਕ ਉਹੋ ਸਾਰੇ ਵਜਾਪਕ ਪਰੀ ਪੂਰਣ ਹੈ। ਇਹ ਨਾ ਸਮਝੋ ਕਿ ਨਿਰਾ ਗੁਪਤ ਪ੍ਰਗਟ ਓਹੀ ਹੈ, ਜੋ ਹਿਰਦੇ ਵਿਚ ਬੈਠਾ ਹੈ ਉਹ ਬੀ ਉਹੀ ਹੈ ਤੇ ਤ੍ਰੈਹਾਂ ਰੂਪਾਂ ਵਿਚ ਉਹ ਵੰਡ ਕੇ ਤਿੰਨ ਨਹੀਂ ਹੋ ਗਿਆ; ਉਹ ਇਕ ਦਾ ਇਕੋ ਇਕ ਹੀ ਹੈ। ਅਪਣੇ ਦੁਆਰਾ ਦੱਸਦੇ ਹਨ ਕਿ ਇਹ ਜੋ ਭ੍ਰਮ ਜਗਤ ਜੀਵਾਂ ਨੂੰ ਪੈ ਰਿਹਾ ਹੈ ਕਿ ਓਹ ਦੋ ਕਿ ਤ੍ਰੈ ਸਰੂਪ ਹੈ ਕਿ ਪ੍ਰਛਿੰਨਾ ਹੋ ਜਾਂਦਾ ਹੈ, ਗ਼ਲਤ ਹੈ। ਉਹ ਸਦਾ ਇਕ ਸਰੂਪ ਅਵਿਛਿੰਨ ਰੂਪ ਹੈ। ਅਖੀਰਲੀ ਤੁਕ ਵਿਚ ਉਸ ਦਾ ਉਹ ਰੂਪ ਵਰਣਨ ਕਰਦੇ ਹਨ ਕਿ ਜੋ ਪ੍ਰੇਮੀਆਂ ਦੇ ਅਨੁਭਵ ਵਿਚ ਆਉਂਦਾ ਹੈ, ਉਹ ਹੈ ਆਨੰਦ ਰੂਪ। ਉਹ ਅਵਛਿੰਨ ਇਕੋ ਸਰੂਪ ਵਾਲਾ ਪ੍ਰੀਤਮ ਜਦ ਭਗਤਾਂ ਦੇ ਅਨੁਭਵ ਵਿਚ ਆ ਜਾਂਦਾ ਹੈ ਤਾਂ ਉਹ ਆਨੰਦ ਹੀ ਆਨੰਦ ਪ੍ਰਤੀਤ ਕਰਦੇ ਹਨ। ਉਸ ਨੂੰ ਆਨੰਦ ਪ੍ਰਤੀਤ ਕਰਦੇ ਆਪ ਉਸ ਆਨੰਦ ਵਿਚ ਆਨੰਦ ਲੀਨ ਹੋ ਜਾਂਦੇ ਹਨ।

ਦੇਖੋ ਪਿਛੇ ਮਾਝ ਰਾਗ ਵਿਚ ੨੮ਵਾਂ ਚਉਪਦਾ ਮਹਲਾ ੫ ਦਾ ਜਿਸ ਦਾ ਮੁੱਢ ਹੈ:-

ਤੂੰ ਪੇਡੁ ਸਾਖ ਤੇਰੀ ਫੂਲੀ॥ [ਸੰਥਜਾ ਪੋਥੀ ਦੂਜੀ, ਪੰਨਾ ੮੧੨]

ਨਿਰੁਕ੍ਤ-**ਪੇਡੁ**-[ਦੇਖੋ ਪੰਨਾ ੧੮੨੫] ਬੂਟਾ। ਤਨਾ। ਜੜ੍ਹ। ਮੂਲ। ਮੂਲ ਅਰਥਾਂ ਵਿਚ ਗੁਰਬਾਣੀ ਵਿਚ ਹੋਰਥੇ ਬੀ ਆਇਆ ਹੈ। ਯਥਾ-

ਕਬੀਰ ਜੈਸੀ ਉਪਜੀ ਪੇਡ ਤੇ॥ [ਸਲੋਕ ਕਬੀਰ ਜੀ-੧੫੩]

ਅਰਥ ਹੈ:-ਮੂਲ ਤੋਂ, ਮੁੱਢ ਤੋਂ।

ਪੁਨਾ:-ਪੇਡਿ ਲਗੀ ਹੈ ਜੀਅੜਾ ਚਾਲਣ ਹਾਰੋ॥ [ਆਸਾ ਮਹਲਾ ੫-੩੪]

ਅਰਥਾਤ=ਇਹ ਗੱਲ ਮੁੱਢ ਤੋਂ ਚਲੀ ਆ ਰਹੀ ਹੈ।

ਬਿਸਥਾਰੀ-[ਸੰਸ:, ਵਿਸਤਾਰ:=ਫੈਲਾਉ] ਫੈਲਾਈ ਹੈ।

ਖੇਤੀ ਜ਼ਿਮੀਂ ਤੋਂ ਉੱਗੀ ਸ਼ੈ ਦਾ ਸਮੂਹ, ਏਥੇ ਭਾਵ ਬਨਸਪਤੀ ਤੋਂ ਹੈ।

ਰਾਖ-ਇਹ ਪਦ ਏਥੇ ਲੋਟ ਲਕਾਰ ਵਿਚ ਨਹੀਂ ਕਿ 'ਤੂੰ ਰਖ', ਪਰ ਰਾਖਣ ਹਾਰ ਪਦ ਦਾ ਸੰਖੇਪ ਹੈ, ਰਖਣ ਹਾਰ ਹੈ। ਭਾਵ ਇਹ ਹੈ ਕਿ ਇਹ ਜੋ ਜਗਤ ਕਾਯਮ ਹੈ ਇਹ ਬੀ ਕਰਤਾ ਤੋਂ ਸੁਤੰਤਰ ਕਾਯਮ ਨਹੀਂ, ਉਸ ਦੀ ਸਤਜਾ ਨਾਲ ਹੀ ਕਾਯਮ ਹੈ। ਓਹੀ ਕਰਤਾਰ ਹੈ ਉਹੀ ਕਾਦਰ ਹੈ।

ਸੂਰੁ-[ਸੰਸ:, ਸੂਰ:] ਸੂਰਜ। **ਆਕਾਰੁ**-[ਸੰਸ:, ਆਕਾਰ।] ਸ਼ਕਲ, ਸੂਰਤ, ਰੂਪ।

ਨਿਰਗੁਣ-ਤ੍ਰੈ ਗੁਣਾਂ ਤੋਂ ਅਤੀਤ, ਨਿਰਾਕਾਰ, ਪਾਰਬ੍ਰਹਮ ਪਰਮੇਸ਼੍ਵਰ।

ਸਰਗੁਣ ਆਕਾਰ ਵਿਚ ਵਿਦਿਤ ਸਰੂਪ ਪਰਮਾਤਮਾ।

ਠਾਉ-ਟਿਕਾਣਾ। ਭਾਵ ਦੁਇ ਮਿਲਕੇ ਇਕ ਸਰੂਪ ਹਨ।

ਅਲੋਇਆ-[ਸੰਸ:, ਅਵਲੋਕਨਮ੍=ਦੇਖਣਾ, ਦੇਖ ਭਾਲ ਕਰਨਾ] ਦੇਖਿਆ ਹੈ।

[ਆਸਾ ਮਹਲਾ ੫, ਚਉਪਦਾ, ੬੯-੧੨੬]

ਪ੍ਰਾਕ੍ਥਨ- ਇਕ ਨਾਮ ਦੀ ਉਪਾਸ਼ਨਾ ਤੇ ਟੇਕ ਤੋਂ ਸਦਗਤੀ।

ਮੂਲ	ਅਰਥ
ਆਸਾ ਮਹਲਾ ੫ ॥ ਉਕਤਿ ਸਿਆਨਪ ਕਿਛੂ ਨ ਜਾਨਾ ॥ ਦਿਨੁ ਰੈਣਿ ਤੇਰਾ ਨਾਮੁ ਵਖਾਨਾ ॥੧॥	ਦਲੀਲ ਤੇ ਸਿਆਣਪ (ਮੈਂ) ਕੁਛ ਨਹੀ ਜਾਣਦਾ, (ਇਕ) ਤੇਰਾ ਨਾਮ ਦਿਨੇ ਰਾਤ ਉਚਾਰਨ ਕਰਦਾ ਹਾਂ॥੧॥
ਮੈ ਨਿਰਗੁਨ ਗੁਣੁ ਨਾਹੀ ਕੋਇ ॥ ਕਰਨ ਕਰਾਵਨਹਾਰ ਪ੍ਰਭ ਸੋਇ ॥੧॥ ਰਹਾਉ ॥	ਮੈਂ ਗੁਣਾਂ ਤੋਂ (ਬੀ) ਹੀਣ ਹਾਂ, (ਮੇਰ ਵਿਚ) ਕੋਈ ਗੁਣ ਨਹੀਂ ਹੈ। (ਸਭ ਕੁਛ ਮੇਰੇ ਲਈ) ਕਰਨ ਵਾਲਾ ਤੇ ਕਰਾਵਣ ਵਾਲਾ ਉਹੀ ਪ੍ਰਭੂ ਹੈ॥੧॥ਰਹਾਉ॥
ਮੂਰਖ ਮੁਗਧ ਅਗਿਆਨ ਅਵੀਚਾਰੀ॥ ਨਾਮ ਤੇਰੇ ਕੀ ਆਸ ਮਨਿ ਧਾਰੀ॥੨॥	(ਮੈਂ) ਮੁਗਧ ਹਾਂ, ਮੂਰਖ ਹਾਂ, ਅਗਜਾਨੀ ਹਾਂ ਤੇ ਵੀਚਾਰਵਾਨ ਬੀ ਨਹੀਂ, ਇਕ ਤੇਰੇ ਨਾਮ ਦੀ (ਹੇ ਪ੍ਰਭੂ !) ਮਨ ਵਿਚ ਆਸ ਧਾਰੀ ਹਈ ਹੈ॥੨॥
ਜਪੁ ਤਪੁ ਸੰਜਮੁ ਕਰਮ ਨ ਸਾਧਾ ॥ ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥੩॥	(ਮੈਂ) ਜਪ ਤਪ ਸੰਜਮ (ਤੇ ਕਰਮ ਕਾਂਡ ਦੇ) ਕਰਮ (ਕੁਛ ਬੀ) ਨਹੀਂ ਕਮਾਏ, ਪ੍ਰਭੂ ਦਾ (ਇਕ) ਨਾਮ ਮਨ ਵਿਚ ਅਰਾਧਿਆ ਹੈ (ਭਾਵ ਸਿਮਰਿਆ ਹੈ)॥੩॥
ਕਿਛੂ ਨ ਜਾਨਾ ਮਤਿ ਮੇਰੀ ਥੋਰੀ ॥ ਬਿਨਵਤਿ ਨਾਨਕ ਓਟ ਪ੍ਰਭ ਤੋਰੀ ॥੪॥੧੮॥੬੯॥	(ਗੱਲ ਕੀਹ ਕਿ ਮੈਂ) ਕੁਛ ਬੀ ਨਹੀਂ ਜਾਣਦਾ (ਕਿਉਂਕਿ) ਮੇਰੀ ਮਤਿ ਹੀ ਥੋੜੀ (ਜੁ ਹੋਈ)। ਹੇ ਪ੍ਰਭੂ ! ਨਾਨਕ ਬੇਨਤੀ ਕਰਦਾ ਹੈ (ਕਿ ਮੈਨੂੰ ਕੇਵਲ) ਤੇਰਾ ਹੀ ਆਸਰਾ ਹੈ॥੪॥੧੮॥੬੯॥

ਵਯਾਖਯਾ— ਇਸ ਸ਼ਬਦ ਦਾ ਇਹ ਭਾਵ ਨਹੀਂ ਲੈਣਾ ਕਿ ਇਸ ਸ਼ਬਦ ਦੇ ਪਾਵਨ ਉਚਾਰ ਕਰਤਾ ਜੀ ਉਹਨਾਂ ਅਖਰਾਂ ਦੇ ਅਧਿਕਾਰੀ ਸਨ ਜੋ ਉਹਨਾਂ ਨੇ ਅਪਣੇ ਨਾਲ ਆਪ ਜੋੜੇ ਹਨ। ਓਹ ਪਰਮ ਨਿੰਮ੍ਰਤਾ ਵਿਚ, ਹਉਮੈਂ ਦੇ ਅਭਾਵ ਵਿਚ, ਨਾਮ ਦੀ ਮਹਿਮਾ ਅਪਣੇ ਤਜਰਬੇ ਦੇ ਰੂਪ ਵਿਚ ਦੱਸ ਰਹੇ ਹਨ ਤੇ ਨਾਮ ਦੇ ਟਾਕਰੇ ਤੇ ਹੋਰ ਸਾਰੇ ਸਾਧਨਾਂ ਨੂੰ ਨੀਵੇਂ ਦਿਖਾ ਰਹੇ ਹਨ। ਐਉਂ ਦਾ ਮਾਨੋਂ ਉਪਦੇਸ਼ ਕਰਾ ਰਹੇ ਹਨ ਕਿ ਨਾਮ ਸਿਮਰਣ ਨੂੰ'ਸ਼ਰਧਾ ਤੇ ਸਿਦਕ' ਨਾਲ ਲਗ ਪਓ, ਦਲੀਲਾਂ ਛਾਂਟ ਛਾਂਟ ਕੇ ਨਾਮ ਤੋਂ ਬੇਮੁਖ ਨਾ ਹੋਵੋ, ਕਰਮ ਕਾਂਡ ਦੇ ਕਰਮ; ਜਪ ਤਪ ਸੰਜਮ ਆਦਿ ਨਾਮ ਦੀ ਤੁੱਲਤਾ ਨਹੀਂ ਰਖਦੇ। ਕਈ ਥਾਈ ਦੱਸ ਚੁਕੇ ਹਨ ਕਿ ਏਹ ਕਰਮ ਹਉਮੈ ਕੱਟਦੇ ਨਹੀਂ ਪਰ ਵਧਾਉਂਦੇ ਹਨ ਤੇ ਨਾਮ ਹਉਮੈ ਕੱਟਦਾ ਹੈ।

ਨਾਮ ਦਾ ਅਰਾਧਨ ਕੀਕੂੰ ਕਰਨਾ ਹੈ? ਅਪਣੀ ਹਦਬੰਦੀ ਵਾਲੀ ਤੇ ਹਉਂ ਭਰੀ ਅਕਲ ਤੋਂ ਉੱਚਾ ਉੱਠਕੇ, 'ਪ੍ਰਭੂ ਦੀ ਓਟ' ਮਨ ਵਿਚ ਧਾਰਨ ਕਰਕੇ ਦਿਨ ਰੈਣ ਨਾਮ 'ਉਚਾਰਣ ਕਰਨਾ' ਹੈ ਅਤੇ ਮਨ ਵਿਚ 'ਅਰਾਧਨਾ' ਹੈ, ਤੇ ਨਾਮੀ ਨੂੰ ਕਰਨ ਕਰਾਵਨਹਾਰ ਸਮਝ ਕੇ ਉਸ ਦੇ ਪਿਆਰ ਵਿਚ ਵੱਸਣਾ ਹੈ।

ਨਿਰੁਕ੍ਤ— ਉਕਤਿ—[ਸੰਸ:, ਉਕਤਿ: = ਕਥਨ] ਦਲੀਲ। ਤਰਕ।

ਨਿਰਗੁਨ—[ਸੰਸ:, ਨਿਰਗੁਣ = ਗੁਣ ਰਹਿਤ]ਗੁਣਾਂ ਤੋਂ ਖਾਲੀ। ਇਥੇ ਨਿਰਗੁਣ ਦਾ ਅਰਥ ਗੁਣਾਤੀਤ ਨਹੀਂ ਲੈਣਾ। ਮੁਗਧ—[ਦੇਖੋ ਪੰਨਾ ੧੫੭੬] ਜੋ ਅਗਜਾਤ ਹੈ। ਮੂਰਖ, ਜੋ ਅਕਲ ਦਾ ਗ਼ਲਤ ਵਰਤਾਉ ਕਰਦਾ ਹੈ।

ਅਗਿਆਨ—[ਸੰਸ:, ਅਗਜਾਨੀ] ਜਿਸ ਨੇ ਗਜਾਨ ਪ੍ਰਾਪਤ ਨਹੀ ਕੀਤਾ।

ਅਵੀਚਾਰੀ—[ਸੰਸ:, ਅਵਿਚਾਰੀ = ਬੇਸਮਝ] ਜੋ ਵਿਚਾਰਵਾਨ ਨਹੀਂ ਹੋਇਆ, ਜੋ ਕਿਸੇ ਕੰਮ ਦੇ

ਆਦਿ ਵਿਚ ਪਰਨਾਮ (ਅੰਤ) ਦੀ ਸੋਚ ਹੀ ਨਹੀਂ ਕਰਦਾ।
ਕਰਮ—ਕਰਮ ਕਾਂਡ ਦੇ ਕਰਮ। **ਬਿਨਵੰਤਿ**—ਬੇਨਤੀ ਕਰਦਾ ਹੈ।

[ਆਸਾ ਮਹਲਾ ੫, ਚਉਪਦਾ, ੭੦—੧੩੭]

ਪ੍ਰਾਕ੍ਥਨ—ਅਸਲੀ ਮਾਲਾ 'ਸਿਮਰਨ' ਹੈ, ਸਿਮਰਨ ਰੂਪ ਸਿਮਰਨੀ।

ਮੂਲ	ਅਰਥ
ਆਸਾ ਮਹਲਾ ੫ ॥ ਹਰਿ ਹਰਿ ਅਖਰ ਦੁਇ ਇਹ ਮਾਲਾ॥ ਜਪਤ ਜਪਤ ਭਏ ਦੀਨ ਦਇਆਲਾ ॥੧॥	"ਹਰਿ ਹਰਿ" ਏਹ ਦੋ ਅਖਰ ਹੀ (ਅਸਲੀ) ਮਾਲਾ ਹਨ, (ਇਨ੍ਹਾਂ ਅੱਖਰਾਂ ਨੂੰ) ਜਪਦਿਆਂ ਜਪਦਿਆਂ (ਜਪਣ ਵਾਲੇ) ਦੀਨਾਂ ਉਤੇ ਦਿਆਲੂ ਹੋ ਗਏ (ਜਿਨ੍ਹਾਂ ਦਾ ਬਿਰਦ ਹੈ ਦੀਨਾ ਤੇ ਦਿਆਲੂ)॥ ੧॥
ਕਰਉ ਬੇਨਤੀ ਸਤਿਗੁਰ ਅਪੁਨੀ ॥ ਕਰਿ ਕਿਰਪਾ ਰਾਖਹੁ ਸਰਣਾਈ ਮੋ ਕਉ ਦੇਹੁ ਹਰੇ ਹਰਿ ਜਪਨੀ ॥੧॥ ਰਹਾਉ ॥	(ਤਾਂ ਤੇ) ਹੇ ਸਤਿਗੁਰੂ ! (ਮੈਂ) ਅਪਣੀ ਬੇਨਤੀ (ਆਪ ਪਾਸ ਇਹੀ) ਕਰਦਾ ਹਾਂ—ਕਿਰਪਾ ਕਰਕੇ (ਮੈਨੂੰ ਅਪਣੀ) ਸ਼ਰਣ ਵਿਚ ਰੱਖੋ (ਅਤੇ) ਮੈਨੂੰ 'ਹਰਿ ਹਰਿ' (ਨਾਮ ਜਪਣ ਵਾਲੀ) ਮਾਲਾ ਦਿਓ॥ ੧॥ ਰਹਾਉ॥
ਹਰਿ ਮਾਲਾ ਉਰ ਅੰਤਰਿ ਧਾਰੈ ॥ ਜਨਮ ਮਰਣ ਕਾ ਦੂਖੁ ਨਿਵਾਰੈ ॥੨॥	(ਜੋ ਪੁਰਖ) ਹਰਿ (ਸਿਮਰਨ ਰੂਪ) ਮਾਲਾ ਅਪਣੇ ਅੰਦਰ ਧਾਰਨ ਕਰੇਗਾ (ਉਹ ਅਪਣਾ) ਜਨਮ ਮਰਨ ਦਾ ਦੁਖ ਦੂਰ ਕਰ ਲਏਗਾ॥ ੨॥
ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ॥ ਸੋ ਜਨੁ ਇਤ ਉਤ ਕਤਹਿ ਨ ਡੋਲੈ॥੩॥	ਦਿਲ ਵਿਚ (ਵਾਹਿਗੁਰੂ ਨੂੰ) ਸਿਮਰੇ (ਤੇ) ਮੂੰਹੋਂ (ਬੀ) ਹਰਿ ਹਰਿ ਉਚਾਰਨ ਕਰੇ, ਉਹ ਪੁਰਖ ਏਥੇ ਓਥੇ ਕਿਧਰੇ ਨਹੀ ਡੋਲੇਗਾ॥ ੩॥
ਕਹੁ ਨਾਨਕ ਜੋ ਰਾਚੈ ਨਾਇ ॥ ਹਰਿ ਮਾਲਾ ਤਾ ਕੈ ਸੰਗਿ ਜਾਇ ॥੪॥੧੯॥੭੦॥	ਆਖਦੇ ਹਨ (ਸ੍ਰੀ ਗੁਰੂ) ਨਾਨਕ (ਦੇਵ ਜੀ) ਜੋ ਨਾਮ ਵਿਚ ਰਚ ਮਿਚ ਜਾਏਗਾ (ਇਹ) ਹਰੀ (ਨਾਮ ਦੀ) ਮਾਲਾ ਉਸ ਦੇ ਨਾਲ ਜਾਏਗੀ॥ ੪॥ ੧੯॥ ੭੦॥

ਵਯਾਖਯਾ— ਇਸ ਸ਼ਬਦ ਵਿਚ ਮਾਲਾ ਦੱਸੀ ਹੈ ਜੋ ਨਾਲ ਜਾਂਦੀ ਹੈ, ਇਥੇ ਜੋ ਮਾਲਾ ਲੈ ਕੇ ਨਾਮ ਜਪੀਦਾ ਹੈ ਉਹ ਮਾਲਾ ਏਥੇ ਰਹਿ ਜਾਂਦੀ ਹੈ ਪਰ ਜੋ ਨਾਮ ਜਪਿਆ ਹੈ ਉਹ ਨਾਲ ਜਾਂਦਾ ਹੈ। 'ਹਰੀ ਨਾਮ' ਨੂੰ ਮਾਲਾ ਕਹਿਣ ਵਿਚ ਕਟਾਖਜ ਇਹ ਹੈ ਕਿ ਕਈ ਵੇਰ ਮਾਲਾ ਨਾਲ ਜਪਦਿਆਂ, ਮਨ ਨਾਮ ਨੂੰ ਇਕ ਸਾਧਨ ਮਾਤ੍ਰ ਬਣਾ ਲੈਂਦਾ ਹੈ ਪਰ ਨਾਮ ਨੂੰ ਸਿਮਰਨਾ ਹੈ ਪ੍ਰੇਮ ਰੂਪ ਲਖਕੇ। ਨਾਮ ਪ੍ਰੇਮ ਕਰਨਾ ਹੈ ਕਿਉਂਕਿ ਨਾਮ ਹੈ ਯਾਦ। ਯਾਦ ਪ੍ਰੀਤਮ ਦੇ ਦੂਰ ਹੋਣ ਵੇਲੇ ਪ੍ਰੇਮ ਦਾ ਵਿਦਤ ਸਰੂਪ ਹੈ। ਇਸ ਲਈ ਫੁਰਮਾਯਾ ਕਿ ਜੀਕੂੰ ਮਾਲਾ ਸੌ ਕਿ ਅਠੋਤਰ ਸੌ ਦੇ ਮਣਕਿਆਂ ਦੀ ਲੜੀ ਬਣ ਜਾਂਦੀ ਹੈ, ਤਿਵੇਂ ਨਾਮ ਉਚਾਰਣ ਦੀ ਲਗਾਤਾਰ ਲੜੀ ਬਣਾ ਲਓ। ਇਹ ਲੜੀ ਨਾਮ ਸਿਮਰਨ ਦੀ ਲਗਾ-ਤਾਰਤਾ ਬਣ ਜਾਏਗੀ, ਇਹ ਰੂਹ ਵਿਚ ਸਾਂਈ ਨਾਲ ਪ੍ਰੇਮ ਰੂਪ ਯਾਦ ਹੋ ਕੇ ਇਕ ਮਿਕ ਹੋ ਜਾਏਗੀ, ਇਹ ਨਾਲ ਜਾਏਗੀ, ਇਸਦੇ ਨਾਲ ਹੋਣ ਕਰਕੇ ਸਦਗਤੀ ਪ੍ਰਾਪਤ ਹੋਵੇਗੀ, ਜਿਸ ਕਰਕੇ ਜਨਮ ਮਰਨ ਦਾ ਦੁਖ ਮਿਟ ਜਾਏਗਾ।

ਨਿਰੁਕ੍ਤ–ਮਾਲਾ–[ਸੰਸ:,] ਜਪਣੀ, ਮਣਕਿਆਂ ਦੀ ਲੜੀ, ਜਿਸ ਨਾਲ ਨਾਮ ਜਪੀਦਾ ਹੈ ਤਸਬੀਹ। ਸਿਮਰਨੀ।

ਭਏ ਦੀਨ ਦਇਆਲਾ–ਇਸ ਪਦੇ ਦਾ ਐਉ ਬੀ ਅਰਥ ਲਾਉਂਦੇ ਹਨ ਕਿ ਜਪਣ ਵਾਲੇ ਜਪਦੇ ਜਪਦੇ ਆਪ ਦੀਨ ਦਿਆਲ ਹੋ ਜਾਂਦੇ ਹਨ। ਪਰ ਜਿਸ ਵੇਗ ਵਿਚ ਵਾਰਤਾ ਚਲ ਰਹੀ ਹੈ ਉਸ ਵਿੱਚ ਇਹ ਖਿਆਲ ਥੰਨ੍ਹ ਕੇ ਆਂਦਾ ਲਗਦਾ ਹੈ। ਪ੍ਰਸੰਗ ਭਗਤੀ ਭਾਵ ਵਿਚ ਚਲ ਰਿਹਾ ਹੈ।

ਜਪਨੀ–[ਸੰਸ:, ਜਪ ਮਾਲਾ=] ਉਹ ਮਾਲਾ ਜਿਸ ਨਾਲ ਜਾਪ ਕੀਤਾ ਜਾਵੇ। ਜਿਸ ਨਾਲ ਜਪਿਆ ਜਾਵੇ, ਮਾਲਾ।   **ਉਰ ਅੰਤਰਿ**–ਹਿਰਦੇ ਦੇ ਅੰਦਰ।

ਰਾਚੈ–ਰਚ ਜਾਂਦਾ ਹੈ। ਇਕ ਮਿਕ ਹੋ ਜਾਂਦਾ ਹੈ।

[ਆਸਾ ਮਹਲਾ ੫, ਚਉਪਦਾ, ੭੧–੧੩੮]

ਪ੍ਰਾਕ੍ਥਨ–ਵਾਹਿਗੁਰੂ ਦਾ ਦਾਸ ਬਣਨੇ ਦੀ ਜੁਗਤਿ ਦੱਸੀ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਜਿਸ ਕਾ ਸਭੁ ਕਿਛੁ ਤਿਸ ਕਾ ਹੋਇ॥ ਤਿਸੁ ਜਨ ਲੇਪੁ ਨ ਬਿਆਪੈ ਕੋਇ॥੧॥	ਜਿਸ (ਵਾਹਿਗੁਰੂ) ਦਾ ਸਭੋ ਕੁਛ ਹੈ, (ਜੋ ਪੁਰਖ) ਉਸ ਦਾ ਹੀ ਬਣ ਜਾਵੇ, ਉਸ ਪੁਰਖ ਨੂੰ ਕੋਈ ਮੈਲ ਨਹੀਂ ਵਾਪਰਦੀ ਹੈ॥ ੧॥
ਹਰਿ ਕਾ ਸੇਵਕੁ ਸਦ ਹੀ ਮੁਕਤਾ ॥ ਜੋ ਕਿਛੁ ਕਰੈ ਸੋਈ ਭਲ ਜਨ ਕੈ ਅਤਿ ਨਿਰਮਲ ਦਾਸ ਕੀ ਜੁਗਤਾ॥੧॥ ਰਹਾਉ ॥	ਹਰੀ ਦਾ (ਐਸਾ) ਸੇਵਕ ਸਦਾ ਹੀ ਮੁਕਤ (ਰੂਪ) ਹੈ (ਕਿਉਂਕਿ) ਜੋ ਕੁਛ (ਵਾਹਿਗੁਰੂ) ਕਰਦਾ ਹੈ ਉਸ ਸੇਵਕ ਨੂੰ ਭਲਾ ਲਗਦਾ ਹੈ। ਸੇਵਕ ਦੀ ਇਹ ਜੁਗਤ ਅਤਿ ਦੀ ਨਿਰਮਲ ਹੁੰਦੀ ਹੈ (ਭਾਵ ਵਾਹਿਗੁਰੂ ਦੇ ਕੀਤੇ ਨੂੰ ਭਲਾ ਕਰ ਮੰਨਣ ਨਾਲ ਸੇਵਕ ਨਿਰਮੈਲ ਰਹਿੰਦਾ ਹੈ, ਉਸ ਨੂੰ ਹਰਖ, ਸ਼ੋਕ, ਕਾੜ੍ਹਾ, ਅੰਦੇਸਾ ਕੁਛ ਨਹੀਂ ਵਾਪਰਦਾ)॥ ੧॥ ਰਹਾਉ॥
ਸਗਲ ਤਿਆਗਿ ਹਰਿ ਸਰਣੀ ਆਇਆ ॥ ਤਿਸੁ ਜਨ ਕਹਾ ਬਿਆਪੈ ਮਾਇਆ॥੨॥	(ਜੋ ਪੁਰਖ) ਸਭ (ਉਪਾਉ) ਛੋੜ ਕੇ ਹਰੀ ਦੀ ਸ਼ਰਣ ਆ ਪਿਆ ਹੈ, ਉਸ ਪੁਰਖ ਨੂੰ ਮਾਇਆ ਕਿਉਂ ਵਾਪਰੇਗੀ॥ ੨॥
ਨਾਮੁ ਨਿਧਾਨੁ ਜਾ ਕੇ ਮਨ ਮਾਹਿ ॥ ਤਿਸ ਕਉ ਚਿੰਤਾ ਸੁਪਨੈ ਨਾਹਿ॥੩॥	ਜਿਸ (ਪੁਰਖ) ਦੇ ਮਨ ਵਿਚ ਨਾਮ (ਰੂਪੀ) ਖ਼ਜ਼ਾਨਾ ਹੈ, ਉਸ ਨੂੰ ਚਿੰਤਾ ਸੁਪਨੇ ਵਿਚ ਬੀ ਨਹੀਂ (ਵਾਪਰਦੀ)॥ ੩॥
ਕਹੁ ਨਾਨਕ ਗੁਰੁ ਪੂਰਾ ਪਾਇਆ ॥ ਭਰਮੁ ਮੋਹੁ ਸਗਲ ਬਿਨਸਾਇਆ ॥੪॥੨੦॥੭੧॥	ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ ਕਿ ਜਿਸ ਨੇ) ਪੂਰਾ ਗੁਰੂ ਪਾ ਲਿਆ ਹੈ, ਉਸ ਦਾ ਭਰਮ ਤੇ ਮੋਹ ਸਾਰਾ ਨਾਸ਼ ਹੋ ਜਾਂਦਾ ਹੈ॥ ੪॥ ੨੦॥ ੨੧॥

ਵ੍ਯਾਖ੍ਯਾ– ਦਾਸ ਬਣਨੇ ਦੀ ਅਤਿ ਨਿਰਮਲ ਜੁਗਤਿ ਸਿਖਾਈ ਹੈ।

੧. ਸੰਸਾਰ, ਪਦਾਰਥ, ਸਨਬੰਧੀ, ਸਰੀਰ ਤੇ ਜਿੰਦ ਸਭ ਕੁਛ ਪ੍ਰਭੂ ਦਾ ਹੈ, ਫੇਰ ਅਪਣੇ ਆਪ ਨੂੰ ਓਸ ਦੇ ਹਵਾਲੇ ਕਰੇ। ਹਰ ਗੱਲੇ ਉਸ ਦਾ ਹੋਇਆ ਰਹੇ। ਫੇਰ ਜੋ ਕੁਛ ਆ ਬਣੇ ਚੰਗਾ ਕਿ ਮੰਦਾ

ਉਸ ਨੂੰ ਭਲਾ ਸਮਝੇ, ਕਿਉਂਕਿ ਮਾਲਕ ਵੱਲੋਂ ਹੈ, ਅਪਣਾ ਤਾਂ ਕੁਛ ਹੈ ਹੀ ਨਹੀਂ।

ਅੰਕ ੩ ਵਿਚ ਦੱਸਿਆ ਕਿ ਇਹ ਆਪਾ ਸਮਰਪਣ ਦੀ ਜਾਚ ਕੀਕੂੰ ਆਵੇ ? ਫੁਰਮਾਇਆ ਕਿ ਨਾਮ ਨੂੰ, ਜੋ ਨਿਧਾਨ ਹੈ, ਅੰਦਰ ਵਸਾਵੇ। ਨਾਮ ਕਿੱਥੋਂ ਮਿਲੇ ? ਇਸ ਦਾ ਉੱਤਰ ਅੰਕ ੪ ਵਿਚ ਹੈ ਕਿ ਨਾਮ ਗੁਰੂ ਤੋਂ ਮਿਲਦਾ ਹੈ, ਤੇ ਉਸ ਦੇ ਸਤਿ ਉਪਦੇਸ਼ ਨਾਲ ਭਰਮ ਤੇ ਮੋਹ ਦੂਰ ਹੋ ਕੇ ਨਿਸ਼ਭਰਮ ਤੇ ਨਿਰਮੋਹ ਅਵਸਥਾ ਪ੍ਰਾਪਤ ਹੋਕੇ ਸਾਂਈ ਪ੍ਰੇਮ ਪਰਪੱਕ ਹੋ ਜਾਂਦਾ ਹੈ।

ਨਿਰੁਕ੍ਤ—ਲੇਪੁ—ਮੈਲ, ਦਾਗ਼। **ਸਗਲ**—ਭਾਵ ਹੈ ਹੋਰ ਸਾਰੇ ਸਾਧਨ ਨਾਮ ਤੋਂ ਛੁਟ। **ਨਿਧਾਨੁ**—[ਸੰਸ:, ਨਿਧਾਨਮ੍] ਖ਼ਜ਼ਾਨਾ, ਭੰਡਾਰਾ।

[ਆਸਾ ਮਹਲਾ ੫, ਚਉਪਦਾ, ੭੨—੧੩੯]

ਪ੍ਰਾਕ੍ਕਥਨ—ਸਤਿਗੁਰੂ ਦਾ ਮੰਤ, ਉਸ ਦਾ ਸਿਮਰਨ, ਪ੍ਰਭੂ ਦੀ ਪ੍ਰਸੰਨਤਾ, ਨਾਮ ਦੀ ਪ੍ਰਬਲਤਾ।

ਮੂਲ	**ਅਰਥ**
ਆਸਾ ਮਹਲਾ ੫ ॥	
ਜਉ ਸੁਪ੍ਰਸੰਨ ਹੋਇਓ ਪ੍ਰਭੁ ਮੇਰਾ ॥ ਤਾਂ ਦੂਖੁ ਭਰਮੁ ਕਹੁ ਕੈਸੇ ਨੇਰਾ ॥੧॥	ਜਦੋਂ ਮੇਰਾ (ਆਪਣਾ) ਪ੍ਰਭੂ (ਮੇਰੇ ਤੇ) ਭਲੀ ਤਰ੍ਹਾਂ ਖੁਸ਼ ਹੋ ਗਿਆ, ਤਦ ਭਰਮ (ਤੇ ਉਸ ਦਾ ਫਲ) ਦੁੱਖ, ਦੱਸੋ, ਕਿਉਂ ਨੇੜੇ ਫਟਕੇਗਾ ? ॥੧॥
ਸੁਨਿ ਸੁਨਿ ਜੀਵਾ ਸੋਇ ਤੁਮ੍ਾਰੀ ॥ ਮੋਹਿ ਨਿਰਗੁਨ ਕਉ ਲੇਹੁ ਉਧਾਰੀ॥੧॥ ਰਹਾਉ ॥	(ਹੇ ਪ੍ਰਭੂ ! ਮੈਂ ਤਾਂ) ਆਪ ਜੀ ਦੀ ਸ਼ੋਭਾ ਸੁਣ ਸੁਣ ਕੇ ਜੀਉਂਦਾ ਹਾਂ, ਮੈਂ ਗੁਣ ਹੀਨ ਨੂੰ (ਕਿਵੇਂ ਨਾ ਕਿਵੇਂ) ਤਾਰ ਲਵੋ॥੧॥ਰਹਾਉ॥
ਮਿਟਿ ਗਇਆ ਦੂਖੁ ਬਿਸਾਰੀ ਚਿੰਤਾ॥ ਫਲੁ ਪਾਇਆ ਜਪਿ ਸਤਿਗੁਰ ਮੰਤਾ॥੨॥	ਸਤਿਗੁਰੂ ਦਾ ਮੰਤ੍ਰ (=ਨਾਮ) ਜਪ ਕੇ ਇਹ ਫਲ ਪਾਇਆ ਹੈ ਕਿ ਦੁਖ ਮਿਟ ਗਿਆ ਹੈ ਤੇ ਚਿੰਤਾ ਦੂਰ ਹੋ ਗਈ ਹੈ॥੨॥
ਸੋਈ ਸਤਿ ਸਤਿ ਹੈ ਸੋਇ ॥ ਸਿਮਰਿ ਸਿਮਰਿ ਰਖੁ ਕੰਠਿ ਪਰੋਇ॥੩॥	(ਹੇ ਭਾਈ ! ਉਸ ਨੂੰ) ਸਿਮਰ ਸਿਸਰ ਕੇ ਹਿਰਦੇ ਵਿਚ ਪ੍ਰੋਈ ਰੱਖ, ਉਹੋ ਸਤਿ ਹੈ, ਉਹੀ ਸਤਿ ਹੈ॥੩॥
ਕਹੁ ਨਾਨਕ ਕਉਨ ਉਹ ਕਰਮਾ ॥ ਜਾ ਕੈ ਮਨਿ ਵਸਿਆ ਹਰਿ ਨਾਮਾ ॥੪॥੨੧॥੭੨॥	ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਉਹ ਕਿਹੜਾ ਕਰਮ ਹੈ (ਜੋ ਉਸ ਨੂੰ ਕਰਨਾ ਬਾਕੀ ਰਹਿ ਗਿਆ ਹੈ ਕਿ) ਜਿਸ ਦੇ ਮਨ ਵਿਚ ਹਰੀ ਦਾ ਨਾਮ ਵੱਸ ਗਿਆ॥੪॥੨੧॥੭੨॥

ਵ੍ਯਾਖ੍ਯਾ—ਅੰਕ ੧ ਪ੍ਰਭੂ ਦੀ ਪ੍ਰਸੰਨਤਾ ਨਾਲ ਭਰਮ ਤੇ ਭਰਮ ਤੋਂ ਵਾਪਰੇ ਦੁਖ ਦੂਰ ਹੋ ਜਾਂਦੇ ਹਨ। ਪ੍ਰਭੂ ਪ੍ਰਸੰਨ ਕਰਨੇ ਦਾ ਕੋਈ ਉਪਾਉ ? ਉਪਾਉ ਨਹੀ, ਤਰਲਾ ਦੱਸ ਦੇ ਹਨ ਰਹਾਉ ਵਿਚ, ਕਿ ਹਰੀ ਜਸ ਸੁਣਕੇ ਖੁਸ਼ ਹੋਵੋ ਤੇ ਅਰਦਾਸ ਕਰੋ ਕਿ ਹੇ ਹਰੀ ! ਮੈਨੂੰ ਬਚਾ ਲਓ। ਫੇਰ ਸਤਿਗੁਰੂ ਤੋਂ ਨਾਮ ਮੰਤ੍ਰ ਲਓ, ਚਿੰਤਾ ਦੂਰ ਹੋ ਜਾਏਗੀ ਅਗੇ ਦੇ ਭੈ ਦੀ, ਤੇ ਦੁਖ ਆਵਾ ਗਵਨ ਦਾ।ਲੋਕ ਪ੍ਰਲੋਕ ਦੇ ਦੁਖ ਚਿੰਤਾ ਹਟਣਗੇ। ਹੋਰ ਸਭ ਕੁਛ ਅਸੱਤਿ ਹੈ, ਪ੍ਰਭੂ ਆਪ ਸਤਿ ਹੈ, ਉਸ ਨੂੰ ਸਿਮਰ ਤੇ ਯਾਦ ਰਖ ਕਦੇ ਭੁੱਲ ਨਾ, ਫੇਰ ਤੂੰ ਸਤਜ ਨੂੰ ਪ੍ਰਾਪਤ ਹੋਵੇਂਗਾ।

ਨਿਰੁਕ੍ਤ–ਸੁਪ੍ਰਸੰਨ–[ਸੰਸ:, ਸੁ+ਪ੍ਰਸਨ੍ਨ:] ਬਹੁਤ ਖੁਸ਼।

ਸੋਇ–ਸ਼ੋਭਾ। **ਸਿਮਰਿ**–ਸਿਮਰਕੇ ਸਿਮਰਿ = ਕੰਠੀ ਬਣਾਕੇ।

ਕੰਠਿ ਪਰੋਇ–ਮੁਹਾਵਰੇ ਵਿਚ ਕਿਸੇ ਸ਼ੈ ਨੂੰ ਜ਼ਬਾਨੀ ਯਾਦ ਕਰ ਲੈਣ ਨੂੰ ਕੰਠ ਪਰੋਣਾ, ਕੰਠ ਕਰਨਾ ਆਖਦੇ ਹਨ। ਯਥਾ: ਸੁਖਮਨੀ ਕੰਠ ਕਰ ਲਈ ਹੈ। ਮੁਹਾਵਰਾ ਹੈ:–ਬਾਣੀ ਕੰਠ, ਪੈਸਾ ਗੰਠ। ਸਿਮਰ ਸਿਮਰ ਨੂੰ ਥੂਣੀ ਖੰਡਨ ਨਜਾਯ ਦੁਆਰਾ 'ਰੁਖ ਕੰਠਿ ਪਰੋਇ' ਕਿਹਾ ਹੈ, ਕਿ ਕਿਵੇਂ ਨਾ ਭੁੱਲੇ।

(ਅ) 'ਕੰਠਿ ਪਰੋਇ ਦਾ ਅਰਥ ਇਉਂ ਬੀ ਕਰਦੇ ਹਨ। ਕੰਠੀ ਵਾਂਙੂ ਪੁਰੋ ਕੇ ਗਲੇ ਵਿਚ ਪਾ ਲੈ।

[ਆਸਾ ਮਹਲਾ ੫, ਚਉਪਦਾ, ੭੩–੧੪੦]

ਪ੍ਰਾਕ੍ਕਥਨ–ਮਾਇਆ ਦਾ ਮਦ, ਵਿਕਾਰਾਂ ਦਾ ਜੀਵਨ, ਕਿਵੇਂ ਠੀਕ ਹੋਕੇ ਲੋਕ ਪ੍ਰਲੋਕ ਦਾ ਸੁਖ ਪ੍ਰਾਪਤ ਹੁੰਦਾ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ ॥ ਹਰਿ ਸਿਮਰਨੁ ਕਰਿ ਹਰਿ ਜਨ ਛੂਟੇ॥੧॥	ਕਾਮ ਕ੍ਰੋਧ ਤੇ ਹੰਕਾਰ ਵਿਚ (ਰੱਤੇ ਲੋਕੀ ਅੰਤ) ਖੁਆਰ ਹੋਏ (ਪਰ) ਹਰੀ ਜਨ ਹਰੀ ਦਾ ਸਿਮਰਨ ਕਰ ਕੇ ਮੁਕਤ ਹੋਏ॥੧॥
ਸੋਇ ਰਹੇ ਮਾਇਆ ਮਦ ਮਾਤੇ ॥ ਜਾਗਤ ਭਗਤ ਸਿਮਰਤ ਹਰਿ ਰਾਤੇ॥੧॥ਰਹਾਉ ॥	ਮਾਇਆ ਦੇ (ਜੋ ਲੋਕ) ਮਦ ਵਿਚ ਹਨ (ਓਹ) ਸੁੱਤੇ ਪਏ ਹਨ (ਪਰ) ਭਗਤ ਜਾਗਦੇ ਹਨ ਜੋ ਹਰੀ ਵਿਚ ਰੱਤੇ (ਉਸ ਨੂੰ) ਸਿਮਰ ਰਹੇ ਹਨ॥੧॥ ਰਹਾਉ॥
ਮੋਹ ਭਰਮਿ ਬਹੁ ਜੋਨਿ ਭਵਾਇਆ॥ ਅਸਥਿਰੁ ਭਗਤ ਹਰਿ ਚਰਣ ਧਿਆਇਆ ॥੨॥	(ਮਾਇਆ ਮਦ ਮੱਤਿਆਂ ਨੂੰ) ਮੋਹ ਤੇ ਭਰਮ ਨੇ ਬਹੁਤੀ ਆ ਜੂਨਾਂ ਵਿਚ ਭਟਕਾਇਆ ਹੈ, ਪਰ ਭਗਤ (ਜਨ) ਹਰੀ ਦੇ ਚਰਣਾਂ ਦੀ ਅਰਾਧਨਾ ਕਰਕੇ ਅਟੱਲ ਹੋ ਗਏ ਹਨ॥੨॥
ਬੰਧਨ ਅੰਧ ਕੂਪ ਗ੍ਰਿਹ ਮੇਰਾ ॥ ਮੁਕਤੇ ਸੰਤ ਬੁਝਹਿ ਹਰਿ ਨੇਰਾ ॥੩॥	(ਜੋ ਲੋਕ ਅਪਣੇ) ਘਰ (ਆਦਿ) ਨੂੰ ਮੇਰਾ(ਜਾਣਦੇ ਹਨ)ਓਹ ਬੰਧਨਾਂ ਦੇ ਅੰਨ੍ਹੇ ਖੂਹ (ਵਿਚ ਹਨ), ਪਰ ਸੰਤ ਹਰੀ ਨੂੰ (ਅਪਨੇ) ਨੇੜੇ ਕਰਕੇ ਲਖਦੇ ਹਨ (ਇਸ ਕਰਕੇ ਓਹ)ਮੁਕਤੇ ਹਨ (ਭਾਵ ਸੁਤੰਤ੍ਰ ਹੋ ਗਏ ਹਨ ਸਭ ਬੰਧਨਾਂ ਤੋਂ)॥੩॥
ਕਹੁ ਨਾਨਕ ਜੋ ਪ੍ਰਭ ਸਰਣਾਈ ॥ ਈਹਾ ਸੁਖੁ ਆਗੈ ਗਤਿ ਪਾਈ ॥੪॥੨੨॥੭੩॥	ਆਖਦੇ ਹਨ (ਸ੍ਰੀ ਗੁਰੂ) ਨਾਨਕ (ਦੇਵ ਜੀ) ਜੋ (ਪੁਰਖ) ਪ੍ਰਭੂ ਜੀ ਦੀ ਸ਼ਰਣ ਆ ਪਿਆ ਹੈ, (ਉਹ) ਏਥੇ ਸੁਖ ਤੇ ਅੱਗੇ (ਜਾਕੇ) ਮੁਕਤੀ ਪ੍ਰਾਪਤ ਕਰੇਗਾ॥੪॥੨੨॥੭੩॥

ਵ੍ਯਾਖ੍ਯਾ– ਮਾਇਆ ਮਮਤਾ ਦੀ ਬੁਰੀ ਹਾਲਤ ਤੇ ਪ੍ਰਣਾਮ (ਅੰਤ) ਦੱਸਿਆ ਹੈ। ਟਾਕਰੇ ਤੇ ਸੰਤਾਂ ਦਾ ਸੁਖ ਪ੍ਰਣਾਮ ਤੇ ਰਹਿਣੀ ਦੱਸੀ ਹੈ। ਭਾਵ ਸਾਰਾ ਸੁਗਮ ਹੈ।

ਨਿਰੁਕ੍ਤ–ਵਿਗੂਤੇ–ਖੁਆਰ ਹੋਏ। **ਗਤਿ**–ਮੁਕਤੀ, ਪਰਮ ਉੱਚੀ ਹਾਲਤ।

[ਆਸਾ ਮਹਲਾ ੫, ਚਉਪਦਾ, ੭੪—੧੪੧]

ਮੂਲ	ਅਰਥ
ਆਸਾ ਮਹਲਾ ੫ ॥ ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ ॥ ਤੂ ਮੇਰਾ ਠਾਕੁਰੁ ਹਮ ਤੇਰੈ ਦੁਆਰੇ॥੧॥	(ਹੇ ਪ੍ਰਭੂ !) ਤੂੰ ਮੇਰਾ ਲਹਿਰ ਵਾਲਾ (ਸਾਗਰ ਹੈਂ) ਅਸੀ ਤੁਹਾਡੇ (ਵਿਚ ਵੱਸਣ ਵਾਲੇ) ਮੱਛ ਹਾਂ। ਤੂੰ ਮੇਰਾ ਸਾਹਿਬ ਹੈਂ ਅਸੀ ਤੇਰੇ ਦੁਆਰੇ (ਤੇ ਬੈਠਣ ਵਾਲੇ ਦਾਸ ਹਾਂ)॥੧॥
ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ ॥ ਸਰਣਿ ਗਹੀ ਪ੍ਰਭ ਗੁਨੀ ਗਹੇਰਾ ॥੧॥ ਰਹਾਉ ॥	ਤੂੰ ਮੇਰਾ ਕਰਤਾ ਹੈਂ ਮੈਂ ਤੇਰਾ ਸੇਵਕ ਹਾਂ, ਹੇ ਗੁਣਾਂ ਦੇ ਡੂੰਘੇ (ਸਾਗਰ ਰੂਪ) ਪ੍ਰਭੂ ! (ਤੇਰੀ ਮੈਂ) ਸ਼ਰਣ (ਹਰ ਪ੍ਰਕਾਰ) ਲੈ ਲਈ ਹੈ॥੧॥ਰਹਾਉ॥
ਤੂ ਮੇਰਾ ਜੀਵਨੁ ਤੂ ਆਧਾਰੁ ॥ ਤੁਝਹਿ ਪੇਖਿ ਬਿਗਸੈ ਕਉਲਾਰੁ॥੨॥	ਤੂੰ ਮੇਰੀ ਜ਼ਿੰਦਗੀ ਹੈ, ਤੂੰ (ਹੀ ਮੇਰਾ) ਆਸਰਾ ਹੈਂ, ਤੈਨੂੰ ਦੇਖਕੇ (ਮੇਰਾ) ਕੁਮੁਦਨੀ (ਵਾਂਙੂ ਤਰਸਦਾ ਮਨ) ਖਿੜ ਜਾਂਦਾ ਹੈ॥੨॥
ਤੂ ਮੇਰੀ ਗਤਿ ਪਤਿ ਤੂ ਪਰਵਾਨੁ ॥ ਤੂ ਸਮਰਥੁ ਮੈ ਤੇਰਾ ਤਾਣੁ ॥੩॥	ਤੂੰ ਹੀ ਮੇਰੀ (ਲੋਕ ਵਿਚ) ਪਤਿ (ਅਬਰੋ) ਹੈਂ (ਤੇ ਪ੍ਰਲੋਕ ਵਿਚ ਸ਼ੁਭ)ਗਤੀ ਹੈਂ (ਦੋਹੀਂ ਜਹਾਨੀ ਮੇਰੀ ਪਤਿ ਗਤਿ ਨੂੰ) ਪਰਵਾਨ ਕਰਨੇ ਵਾਲਾ ਤੂੰ ਹੈਂ। ਤੂੰ (ਸਰਬ) ਸਮਰੱਥ ਹੈਂ, ਮੈਨੂੰ ਤੇਰਾ ਹੀ ਤਾਣ (=ਬਲ) ਹੈ॥੩॥
ਅਨਦਿਨੁ ਜਪਉ ਨਾਮ ਗੁਣਤਾਸਿ ॥ ਨਾਨਕ ਕੀ ਪ੍ਰਭ ਪਹਿ ਅਰਦਾਸਿ ॥੪॥੨੩॥੭੪॥	(ਅਭਿਲਾਖ ਹੈ ਕਿ) ਗੁਣਾਂ ਦੇ ਸਮੂਹ ਦਾ ਨਾਮ ਸਦਾ ਜਪਦਾ ਰਹਾਂ, (ਹਾਂ, ਇਹੋ ਹੀ)ਨਾਨਕ ਦੀ ਪ੍ਰਭੂ ਪਾਸ ਅਰਦਾਸ ਹੈ॥੪॥੨੩॥੭੪॥

ਵਯਾਖਯਾ— ਆਪ ਨੂੰ ਦਾਸ, ਪ੍ਰਭੂ ਨੂੰ ਸੁਆਮੀ, ਸਭੋ ਕੁਛ ਉਸ ਨੂੰ ਤੇ ਆਪ ਨੂੰ ਉਸ ਦੇ ਆਸਰੇ ਦੱਸ ਕੇ ਆਪਣੀ ਅਨਿੰਨ ਭਗਤੀ ਤੇ ਅਮਿੱਤ ਪ੍ਰੀਤੀ ਵਰਣਨ ਕੀਤੀ ਹੈ ਤੇ ਅੰਤ ਵਿਚ ਸਦਾ ਨਾਮ ਜਪਦੇ ਰਹਿਣ ਲਈ ਅਰਦਾਸ ਕੀਤੀ ਹੈ।

ਨਿਰੁਕਤ—ਤਰੰਗੁ [ਸੰਸ:, ਤਰੰਗ:] ਲਹਿਰ। ਲਹਿਰ ਉਪਲਖਤ ਏਥੇ ਸਾਗਰ ਹੈ। ਤਰੰਗ ਕਿਉਂ ਕਿਹਾ ? ਕਿ ਸਾਗਰ ਵਿਚ ਚਾਹੇ ਕਿਤਨੀ ਅਡੋਲਤਾ ਆ ਜਾਵੇ ਤਰੰਗ ਨਿੱਕਾ ਮੋਟਾ ਉਠਦਾ ਹੀ ਰਹਿੰਦਾ ਹੈ, ਮੱਛੀਆਂ ਹਰ ਪ੍ਰਕਾਰ ਦੀ ਲਹਿਰ ਪਛਾੜ ਦੇ ਵਿਚ ਹੀ ਵਿਚਰਦੀਆਂ ਰਹਿੰਦੀਆਂ ਹਨ, ਘਬਰਾਂਦੀਆਂ ਨਹੀਂ ਈਸ਼੍ਵਰ ਦੇ ਭਾਣੇ ਦੀਆਂ ਅਨਿਕ ਤਰੰਗਾਂ ਵਿਚ ਮੱਛੀ ਵਾਂਙੂ ਉਸੇ ਵਿਚ ਵਿਚਰਦੇ ਰਹਿਣਾ ਇਹ ਭਾਵ ਹੈ। ਅਨਿੰਨ ਪ੍ਰੀਤ ਵਲ ਸੈਨਤ ਹੈ।

ਠਾਕੁਰ—ਮਾਲਕ, ਸਾਹਿਬ, ਪਰ ਇਸ਼ਾਰਾ ਹੈ ਜਿਵੇਂ ਜ਼ਿਮੀਆਂ ਦੇ ਵਡੇ ਮਾਲਕਾਂ ਦੇ ਦਰ ਤੇ ਚੋਬਦਾਰ ਬੈਠੇ ਹੁੰਦੇ ਹਨ, ਉਸ ਤਰ੍ਹਾਂ ਸਦਾ ਪਹਿਰੇ ਤੇ ਹਾਜ਼ਰ ਦਾਸ ਹਾਂ ਮੈਂ।

ਕਰਤਾ—ਰਚਨਹਾਰ, ਕਰਤਾ। ਪਰ ਏਥੇ ਭਾਵ ਹੈ ਖਾਨਦਾਨ ਦੇ ਵਡਕੇ ਤੋਂ। ਟੱਬਰ ਦੇ ਪੰਜ ਭਰਾ ਹੋਣ ਤਾਂ ਪਰਵਾਰ ਹੋਵੇ, ਪਰ ਸਭ ਤੋਂ ਵਡਾ ਭਰਾ'ਕਰਤਾ' ਕਹੀਦਾ ਹੈ। ਸਾਰੇ ਉਸ ਦੇ ਆਖੇ ਵਿਚ ਟੁਰਦੇ ਹਨ। ਉਸ ਕਰਤਾ ਦਾ ਬੀ ਛੋਟਾ ਵੀਰ ਨਹੀ ਬਣਦੇ, ਸਗੋਂ ਸੇਵਕ ਬਣਦੇ ਹਨ।

ਜੀਵਨ—ਸਰੀਰ ਤੇ ਮਨ ਦਾ ਆਸਰਾ ਰੂਪ ਚੇਤਨਤਾ ਤੂੰ ਹੈਂ, ਤੇ ਬਾਹਰੋਂ ਇਸ ਦੇ ਕਾਇਮ ਰਹਿਣੇ ਲਈ ਆਸਰਾ ਰੂਪ ਬੀ ਤੂੰ ਹੈਂ। **ਬਿਗਸੈ**—ਖਿੜਦਾ ਹੈ।

ਕਉਲਾਰ—[ਸੰਸ:, ਕਮਲੰ+ਆਕਾਰ:] ਕਮਲ ਦੇ ਰੂਪ ਦੀ ਸ਼ੈ—ਕੁਮੁਦਨੀ। ਇਹ ਪਦ ਕੁਮੁਦਨੀ ਅਰਥਾਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪੂੰ ਵਰਤਿਆ ਹੈ, ਯਥਾ:—

ਚੰਦ ਦੇਖਿ ਬਿਗਸਹਿ ਕਉਲਾਰ। [ਬਸੰਤੁ ਮਹਲਾ ੫—੨]

ਚੰਦ ਨੂੰ ਵੇਖਦੇ ਕੁਮੁਦਨੀਆਂ (=ਕੰਮੀਆਂ) ਖਿੜਦੀਆਂ ਹਨ। ਇਹੋ ਗੱਲ ਗੁਰੂ ਨਾਨਕ ਦੇਵ ਜੀ ਨੇ ਫੁਰਮਾਈ ਹੈ:— ਚੰਦ ਕੁਮੁਦਨੀ ਦੂਰਹੁ ਨਿਵਸਸਿ...॥ [ਮਾਰੂ ਮਹਲਾ ੧ ੪]

ਚੰਦ ਨੂੰ ਦੇਖ ਕੇ ਕੁਮੁਦਨੀਆਂ ਦੂਰੋਂ ਨੀਉਂਦੀਆਂ ਹਨ। ਤਾਂਤੇ ਏਥੇ ਕਉਲਾਰ ਦਾ ਅਰਥ ਭਾਵ ਗੁਰੂ ਸੰਕੇਤ ਮੂਜਬ ਕੁਮੁਦਨੀ ਲਗਦਾ ਹੈ।

ਗਤਿ—ਮੁਕਤੀ। **ਪਤਿ**—ਅਬਰੋ। ਗਤਿ ਦਾ ਇਸ਼ਾਰਾ ਪ੍ਰਲੋਕ ਵਲ ਤੇ ਪਤਿ ਦਾ ਲੋਕ ਵਲ ਹੈ। ਸੰਸਾਰ ਵਿਚ ਲੋੜ 'ਪਤਿ' ਦੀ ਹੈ।—ਜਸ ਜੀਉਣਾ ਅਪਜਸ ਮਰਨਾ॥ ਪ੍ਰਲੋਕ ਵਿਚ ਜਦ ਸੁਭ ਗਤੀ ਮਿਲ ਗਈ ਪਰਲੋਕ ਦੀ ਪਤਿ ਵਿੱਚ ਆ ਗਈ।

ਪਰਵਾਨੁ—ਕਬੂਲ, ਮਨਜ਼ੂਰ। ਭਾਵ ਹੈ ਪਤਿ ਗਤਿ ਦਾ ਬਨਾਉਣ ਵਾਲਾ ਬੀ ਤੂੰ ਤੇ ਮਨਜ਼ੂਰ ਕਰਨ ਵਾਲਾ ਬੀ ਤੂੰ ਹੈਂ। **ਤਾਣੁ**-ਬਲ। ਭਾਵ ਮੇਰਾ ਬਲ ਕੋਈ ਨਹੀ, ਤੇਰੇ ਬਲ ਦੇ ਆਸਰੇ ਰਹਿੰਦਾ ਹਾਂ। **ਗੁਣ ਤਾਸਿ**—(ਦੇਖੋ ਪੰਨਾ ੧੬੪੫) ਗੁਣਾਂ ਦੇ ਸਮੂਹ ਦਾ। 'ਤਾਸਿ' ਦੇ ਸਸੇ ਦੀ ਸਿਆਰੀ ਸੰਸਕ੍ਰਿਤ ਦੇ ਅੱਧੇ ਯਯੇ ਸਥਾਨੀ ਹੈ 'ਗੁਣਤਾਸਜ', ਅਰਥ: ਗੁਣ ਤਾਸ ਦਾ।

[ਆਸਾ ਮਹਲਾ ੫, ਚਉਪਦਾ, ੭੫—੧੪੨]

ਪ੍ਰਾਕ੍ਥਨ—ਤ੍ਰੈ ਗੁਣਾਂ ਵਿਚ ਬੱਧਾ ਸੰਸਾਰ ਹਰਖ ਸੋਕ ਵਿਚ ਸੁਖੀ ਦੁਖੀ ਹੁੰਦਾ ਜੰਮਦਾ ਮਰਦਾ ਹੈ, ਪਰ ਨਾਮ ਵਾਲਾ ਜੀਵਨ ਸਫਲਾ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਰੋਵਨਹਾਰੈ ਝੂਠੁ ਕਮਾਨਾ ॥ ਹਸਿ ਹਸਿ ਸੋਗੁ ਕਰਤ ਬੇਗਾਨਾ॥੧॥	ਰੋਵਣ ਵਾਲੇ ਨੇ (ਰੋ ਰੋ ਕੇ) ਝੂਠ ਹੀ ਕਮਾਇਆ ਹੈ (ਜੰਮਣ ਤੇ) ਹੱਸ ਹੱਸ ਕੇ (ਤੇ ਮਰਨ ਤੇ ਰੋ ਰੋ ਕੇ ਜੋ) ਸੋਗ ਕਰਦਾ ਹੈ (ਉਹ ਅਪਣੇ ਆਪ ਤੋਂ) ਓਪਰਾ (ਹੋ ਰਿਹਾ ਹੁੰਦਾ) ਹੈ॥੧॥
ਕੋ ਮੂਆ ਕਾ ਕੈ ਘਰਿ ਗਾਵਨੁ ॥ ਕੋ ਰੋਵੈ ਕੋ ਹਸਿ ਹਸਿ ਪਾਵਨੁ ॥੧॥ ਰਹਾਉ ॥	(ਦੇਖੋ) ਕੋਈ ਮਰ ਗਿਆ ਹੈ (ਉਸ ਦੇ ਘਰ ਸੋਗ ਹੈ), ਕਿਸੇ ਦੇ ਘਰ (ਜੰਮਣ ਯਾ ਸ਼ਾਦੀ ਹੈ, ਉਸ ਦੇ ਘਰ) ਗਾਉਣਾ (ਹੋ ਰਿਹਾ) ਹੈ। (ਇਸ ਪ੍ਰਕਾਰ) ਕੋਈ ਰੋ ਰਿਹਾ ਹੈ ਕੋਈ ਹੱਸ ਹੱਸ ਪੈ ਰਿਹਾ ਹੈ॥੧॥ਰਹਾਉ॥
ਬਾਲ ਬਿਵਸਥਾ ਤੇ ਬਿਰਧਾਨਾ ॥ ਪਹੁਚਿ ਨ ਮੂਕਾ ਫਿਰਿ ਪਛੁਤਾਨਾ॥੨॥	ਬਾਲਕ ਉਮਰਾ ਤੋਂ (ਇਸੀ ਤਰ੍ਹਾਂ ਹਰਖ ਸ਼ੋਕ ਲਪੇਟਿਆ) ਬੁੱਢਾ ਹੋ ਗਿਆ, (ਜਿਸ ਪਦਵੀ ਨੂੰ ਪਹੁੰਚਣਾ ਚਾਹੀਦਾ ਸੀ ਉਥੇ) ਨਹੀਂ ਪਹੁੰਚਦਾ, (ਹਰਖ ਸ਼ੋਕ) ਮੁੱਕਦਾ ਨਹੀਂ ਤਦ ਫੇਰ ਪਛੋਤਾਉਂਦਾ ਹੈ॥੨॥
ਤ੍ਰਿਹੁ ਗੁਣ ਮਹਿ ਵਰਤੈ ਸੰਸਾਰਾ ॥ ਨਰਕ ਸੁਰਗ ਫਿਰਿ ਫਿਰਿ ਅਉਤਾਰਾ ॥੩॥	(ਇਸ ਪ੍ਰਕਾਰ ਸਾਰਾ) ਸੰਸਾਰ ਤਿੰਨਾਂ ਗੁਣਾਂ ਵਿਚ ਵਰਤ ਰਿਹਾ ਹੈ ਤੇ ਮੁੜ ਮੁੜ ਕੇ ਨਰਕ ਸੁਰਗ ਵਿਚ ਜਨਮਦਾ ਰਹਿੰਦਾ ਹੈ॥੩॥

ਮੂਲ	ਅਰਥ
ਕਹੁ ਨਾਨਕ ਜੋ ਲਾਇਆ ਨਾਮ ॥ ਸਫਲ ਜਨਮੁ ਤਾ ਕਾ ਪਰਵਾਨ ॥੪॥੨੪॥੭੫॥	(ਪਰ ਇਸ ਦੇ ਉਲਟ ਹਰੀ ਨੇ) ਜੋ (ਪੁਰਖ) ਨਾਮ ਵਿਚ ਲਾ ਦਿਤਾ ਹੈ, ਹੇ ਨਾਨਕ ! ਉਸ ਦਾ ਜਨਮ ਸਫਲ ਹੋ ਜਾਂਦਾ ਹੈ (ਉਹ ਦਰਗਾਹੇ ਗਿਆ) ਕਬੂਲ ਪੈਂਦਾ ਹੈ॥ ੪॥ ੨੪॥ ੭੫॥

ਵ੍ਯਾਖ੍ਯਾ— ਰਹਾਉ ਤੁਕ—ਸੰਸਾਰੀ ਲੋਕਾਂ ਨੂੰ, ਜੰਮਣੇ ਮਰਨੇ ਆਦਿ ਖੁਸ਼ੀ ਤੇ ਸ਼ੋਕ ਵਾਪਰਨ ਦੇ ਸਮਿਆਂ ਵਿਚ, ਸੁਖ। ਦੁਖੀ ਦਿਨ ਕੱਟਦੇ ਦਿਖਾਇਆ ਹੈ।

ਅੰਕ ੨ ਵਿਚ ਦੱਸਿਆ ਹੈ ਕਿ ਬਚਪਨ ਤੋਂ ਲੈ ਬੁਢਾਪੇ ਤਕ ਇਸੀ ਤਰ੍ਹਾਂ ਕਦੇ ਹੱਸਦੇ ਕਦੇ ਰੋਂਦੇ ਬੀਤ ਜਾਂਦੀ ਹੈ, ਜਿਸ ਪ੍ਰਯੋਜਨ ਲਈ, ਜਿਸ ਪ੍ਰਾਪਤੀ ਲਈ ਜਨਮ ਮਿਲਿਆ ਸੀ ਉਸ ਦੀ ਸਿੱਧੀ ਤਕ ਨਹੀ ਪਹੁੰਚਦਾ ਤੇ ਨਾ ਹੀ ਹਰਖ ਸ਼ੋਕ ਮਰਦੇ ਦਮ ਤੱਕ ਮੁੱਕਦਾ ਹੈ। ਜਦ ਮਰਦਾ ਹੈ ਤਾਂ ਸੋਝੀ ਪੈਂਦੀ ਹੈ ਕਿ ਜਨਮ ਬਿਰਥਾ ਗੁਆ ਲਿਆ, ਫੇਰ ਪੱਛੋਤਾਉਂਦਾ ਹੈ। ਫਿਰ ਕੁਛ ਬਣਦਾ ਨਹੀ, ਕਾਲ ਚੱਕ੍ਰ ਮੁੱਕਦਾ ਨਹੀਂ।

ਅੰਕ ੩ ਵਿਚ ਇਸ ਦਾ ਕਾਰਣ ਦੱਸਿਆ ਹੈ ਕਿ ਸੰਸਾਰ ਇਸ ਹਨੇਰੇ ਵਿਚ ਤ੍ਰੈ ਗੁਣਾਂ ਕਰਕੇ ਹੈ। ਹਰ ਜਨਮ ਵਾਸ਼ਨਾ, ਤ੍ਰਿਸ਼ਨਾ, ਹਰਖ; ਸ਼ੋਕ ਵਿਚ ਬੀਤਦਾ ਹੈ, ਉਹੋ ਮੁੜ ਮੁੜ ਜਨਮ ਵਿਚ ਲਿਆਉਂਦੀਆਂ ਹਨ।

ਅੰਕ ੪ ਵਿਚ ਇਸ ਕਾਲ ਚੱਕ੍ਰ ਵਿਚੋਂ ਛੁੱਟਣੇ ਦਾ ਤ੍ਰੀਕਾ ਦੱਸਿਆ ਹੈ, ਉਹ ਹੈ 'ਨਾਮਸਿਮਰਣ'। ਨਾਮ ਨਾਲ ਜਨਮ ਸਫਲ ਹੁੰਦਾ ਹੈ, ਦਿਨ ਸੁਹਣੇ ਸਾਂਈਂ ਰੰਗਣ ਵਿਚ ਬੀਤਦੇ ਹਨ ਤੇ ਅੱਗੇ ਜਾ ਕੇ ਦਰਗਾਹੇ ਕਬੂਲ ਪਈਦਾ ਹੈ। ਉਪਦੇਸ਼ ਇਹ ਹੈ ਕਿ ਨਾਮ ਜਪੋ, ਤ੍ਰੈ ਗੁਣਾਂ ਨੂੰ ਸਮਝੋ, ਕਿ ਇਹ ਕੀਕੂੰ ਵਰਤਦੇ ਹਨ ਤੇ ਕੀਕੂੰ ਉਨ੍ਹਾਂ ਉਤੇ ਹਾਵੀ ਹੋਈਦਾ ਹੈ। ਨਾਮ ਮੈਲ ਕੱਟਦਾ ਹੈ, ਨਾਮ ਮਨ ਜੋੜਦਾ ਹੈ, ਨਾਮ ਗੁਣਾਤੀਤ ਕਰਦਾ ਹੈ, ਇਉਂ ਜਨਮ ਜਿੱਤ ਹੋ ਜਾਂਦਾ ਹੈ।

ਨਿਰੁਕ੍ਤ—**ਬੇਗਾਨਾ**—[ਫ਼:, ਬੇਗਾਨਹ] ਓਪਰਾ, ਆਪਣੇ ਆਪ ਤੋਂ ਓਪਰਾ ਹੋਣਾ ਆਪਣੀ ਸਾਰ ਨਾ ਪਹਿਚਾਨਣਾ ਹੈ। (ਅ) ਬੇਗਿਆਨਾ ਕਰਕੇ ਅਗਜਾਨੀ ਅਰਥ ਬੀ ਕਰ ਲਈਦਾ ਹੈ।

ਹਸਿ ਹਸਿ ਪਾਵਨ—ਹਸ ਹਸ ਪਾਵਨਾ ਕਰ ਰਿਹਾ ਹੈ, ਹਸ ਹਸ ਪੈ ਰਿਹਾ ਹੈ।

ਬਿਵਸਥਾ—[ਸੰਸ:, ਵ੍ਯਵਸਥਾ] ਹਾਲਤ, ਦਸ਼ਾ। (ਅ) (ਸੰਸ:, ਵਯਸ੍) ਉਮਰਾ।, ਯਥਾ:—

ਬਾਲ ਬਿਵਸਥਾ ਬਾਰਿਕੁ ਅੰਧ॥ [ਰਾਮਕਲੀ ਮਹਲਾ ੫—੨੩]

ਤ੍ਰਿਹੁ ਗੁਣ—ਤਿੰਨ ਗੁਣ, ਸਤ ਰਜ, ਤਮ। [ਦੇਖੋ ਪੰਨਾ ੧੭੨੬]।

[ਆਸਾ ਮਹਲਾ ੫, ਚਉਪਦਾ, ੭੬—੧੪੩]

ਪ੍ਰਾਕ੍ਕਥਨ—ਇਸ ਸ਼ਬਦ ਵਿਚ ਇਕ ਵਡੇਰੀ ਉਮਰਾ ਵਿਚ ਮੁੜਕੇ ਸਾਈਂ ਪ੍ਰੇਮ ਵਿਚ ਲਗ ਕੇ ਮਿਲ ਪਏ ਪ੍ਰੇਮੀ ਦੀ ਇਕ ਸਤਿਸੰਗੀ ਨਾਲ ਗੱਲਬਾਤ ਦਾ ਨਿਚੋੜ ਹੈ, ਜੋ ਵਿਛੁੜ ਕੇ ਮਿਲੀ ਨਾਯਕਾ ਦੇ ਰੂਪਕ ਵਿਚ ਵਰਣਨ ਹੋਈ ਹੈ।

ਮੂਲ	ਅਰਥ
ਆਸਾ ਮਹਲਾ ੫ ॥ **ਸੋਇ ਰਹੀ ਪ੍ਰਭ ਖਬਰਿ ਨ ਜਾਨੀ ॥ ਭੋਰੁ ਭਇਆ ਬਹੁਰਿ ਪਛੁਤਾਨੀ॥੧॥**	(ਤੂੰ ਬੜੇ ਜ਼ੋਰ ਨਾਲ ਪਤੀ ਪ੍ਰੇਮ ਵਿਚ ਲਗ ਪਈ ਹੈਂ ਕੀਹ ਕਾਰਣ ਹੈ ? ਆਲਸ ਤਾਂ ਤੈਨੂੰ ਛੋਹ ਹੀ ਨਹੀ ਗਿਆ ? ਉੱਤਰ: ਸਖੀਏ ! ਮੈਂ ਨਿਖੁੱਟੀ ਤਾਂ) ਸੁੱਤੀ ਹੀ ਰਹਿ ਗਈ (ਅਪਣੇ) ਮਾਲਕ ਦੀ ਖ਼ਬਰ ਸਾਰ ਹੀ ਭੁਲਾ ਦਿਤੀ। (ਜਦ) ਸਵੇਰਾ ਆ ਹੋਇਆ (ਤੇ ਪਤੀ ਪਾਸ ਨਾ ਡਿੱਠਾ) ਫੇਰ (ਤਾਂ ਮੈਂ) ਪਛੋਤਾਈ॥ ੧॥

ਪ੍ਰਿਅ ਪ੍ਰੇਮ ਸਹਜਿ ਮਨਿ ਅਨਦੁ ਧਰਉ ਰੀ ॥ ਪ੍ਰਭ ਮਿਲਬੇ ਕੀ ਲਾਲਸਾ ਤਾ ਤੇ ਆਲਸੁ ਕਹਾ ਕਰਉ ਰੀ ॥੧॥ ਰਹਾਉ ॥	ਹੇ ਸਖੀ ! (ਹੁਣ) ਪਿਆਰੇ ਦੇ ਸਹਿਜ ਵਿਚ ਕੀਤੇ ਪ੍ਰੇਮ ਦੇ ਆਨੰਦ ਨੂੰ ਮਨ ਵਿਚ ਧਾਰਨ ਕਰਦੀ ਹਾਂ (ਭਾਵ ਉਸ ਉੱਚੇ ਪ੍ਰੇਮ ਦੇ ਸੁਆਦ ਨੂੰ ਯਾਦ ਕਰਦੀ ਹਾਂ ਤੇ ਮਨ ਵਿਚ ਫੇਰ) ਪ੍ਰਭੂ ਮਿਲਣੇ ਦੀ ਲਾਲਸਾ (ਲਗ ਰਹੀ) ਹੈ, ਇਸ ਲਈ ਹੇ ਸਖੀਏ ! (ਤੂੰਹੇਂ ਦੱਸ ਮੈਂ) ਆਲਸ ਕੀਕੂੰ ਕਰਾਂ॥੧॥ਰਹਾਉ॥
ਕਰ ਮਹਿ ਅੰਮ੍ਰਿਤੁ ਆਣਿ ਨਿਸਾਰਿਓ॥ ਖਿਸਰਿ ਗਇਓ ਭੂਮ ਪਰਿ ਡਾਰਿਓ॥੨॥	(ਸਖੀ ਪ੍ਰਸ਼ਨ:—ਪਹਿਲੇ ਪ੍ਰਿਅ ਕਿਵੇਂ ਮਿਲਿਆ ਸਾਈ ? (ਉੱਤਰ- (ਪ੍ਰਿਅ ਨੇ ਤਾਂ ਆਪ ਹੀ) ਮੇਰੇ ਹਥ ਵਿਚ ਅੰਮ੍ਰਿਤ ਆ ਪਾਇਆ ਸੀ (ਪਰ ਓਹ ਮੇਰੀ ਗ਼ਾਫ਼ਲੀ ਕਰਕੇ)ਤਿਲਕ ਗਿਆ ਤੇ ਜ਼ਿਮੀ ਤੇ ਡੁੱਲ੍ਹ ਪਿਆ॥੨॥
ਸਾਦਿ ਮੋਹਿ ਲਾਦੀ ਅਹੰਕਾਰੇ ॥ ਦੋਸੁ ਨਾਹੀ ਪ੍ਰਭ ਕਰਣੈਹਾਰੇ ॥੩॥	ਸਖੀ ਪ੍ਰਸ਼ਨ:—ਹੈਂ ਉਹ ਕਿਵੇਂ ? ਉੱਤਰ:—) (ਮੈਂ ਉਸ) ਹੰਕਾਰ ਨਾਲ ਭਰੀ ਹੋਈ ਤੇ ਮੋਹ ਦੇ ਸੁਆਦ ਵਿਚ (ਲੁਭਿਤ) ਨੇ (ਅੰਮ੍ਰਿਤ ਗੁਆ ਲਿਆ। ਉਸ ਮਿਹਰਾਂ) ਕਰਣਹਾਰ ਮਾਲਕ ਦਾ ਦੋਸ਼ ਕੋਈ ਨਹੀਂ ਸੀ॥੩॥
ਸਾਧਸੰਗਿ ਮਿਟੇ ਭਰਮ ਅੰਧਾਰੇ ॥ ਨਾਨਕ ਮੇਲੀ ਸਿਰਜਣਹਾਰੇ ॥੪॥੨੫॥੭੬॥	(ਪ੍ਰਸ਼ਨ:—ਹੁਣ ਤਦੇ ਐਡੇ ਜ਼ੋਰ ਨਾਲ ਲਗ ਪਈ ਹੈਂ ? ਉੱਤਰ:—ਹੁਣ ਲਗ ਪੈਣਾ ਬੀ ਮੇਰੀ ਕੋਈ ਖ਼ੂਬੀ ਨਹੀਂ, ਮੈਨੂੰ) ਸਾਧੂ ਦਾ ਸੰਗ (ਮਿਲ ਗਿਆ) ਹੈ (ਜਿਸ ਕਰਕੇ ਮੇਰੇ ਓਹ ਮੋਹ ਹੰਕਾਰ ਵਾਲੇ) ਭਰਮ ਦੇ ਹਨੇਰੇ ਦੂਰ ਹੋ ਗਏ ਹਨ, (ਹਾਂ, ਮੈਂ ਮੁੜ ਕੇ) ਮੇਲ ਲਈ ਹਾਂ ਉਸ ਸਿਰਜਣਹਾਰ ਨੇ (ਆਪ, ਆਖਦੇ ਹਨ ਗੁਰੂ) ਨਾਨਕ॥੪॥੨੫॥੭੬॥

ਵਯਾਖਯਾ— ਸ੍ਰੀ ਗੁਰੂ ਜੀ ਨੇ ਇਸ ਸ਼ਬਦ ਵਿਚ ਜੋ ਪਦਾਂ ਦੀ ਰੰਗਾ ਰੰਗੀ ਕੂਚੀਆ (ਬੁਰਸ਼ਾਂ) ਦੀ ਛੁਹ ਦੇ ਦੇ ਕੇ ਤਸਵੀਰ ਮੂਰਤੀਮਾਨ ਕੀਤੀ ਹੈ ਉੱਪਰ ਦਿੱਤੇ ਸ਼ਬਦਾਂ ਦੇ ਅਰਥਾਂ ਵਿਚ ਦਰਸਾਉਣ ਦਾ ਯਤਨ ਕਰ ਦਿੱਤਾ ਹੈ, ਜੋ ਇਸ ਪ੍ਰਕਾਰ ਹੈ:—

ਅੰਕ ੪ ਵਿਚੋਂ ਪਤਾ ਚਲਦਾ ਹੈ ਕਿ ਜਿਸ ਦੀ ਤਸਵੀਰ ਖਿੱਚੀ ਗਈ ਹੈ, ਉਹ ਮੁੜ ਕੇ ਮਿਲ ਪਈ ਹੈ ਪ੍ਰੀਤਮ ਨੂੰ, ਸਾਧੂ ਦੇ ਸੰਗ ਕਰਕੇ, ਉਸ ਨੂੰ ਵਿਛੋੜਨ ਵਾਲੇ ਕਾਰਣ ਦੂਰ ਹੋ ਗਏ ਹਨ ਤੇ ਭਰਮ ਤੋਂ ਸ੍ਵਛ ਹੋਈ ਨੂੰ ਸਿਰਜਣਹਾਰ ਨੇ ਆਪ ਮੇਲ ਲਿਆ ਹੈ ਇਸ ਕਰਕੇ ਅੰਕ ੧ ਵਿਚ ਦੀ ਨੀਂਦ ਸਾਰੀ ਉਮਰ ਦੀ ਗ਼ਾਫ਼ਲੀ ਨਹੀਂ ਤੇ ਨਾ ਹੀ 'ਭੋਰ ਭਈ' ਤੋਂ ਮੁਰਾਦ ਮਰ ਗਈ ਤੇ ਜਾਗ ਖੁਲ੍ਹੀ ਹੈ, ਪਰ ਇਹ ਕਿ ਜਦ ਜੁਆਨੀ ਰੂਪ ਰਾਤ ਮੁੱਕਣ ਲੱਗੀ ਤੇ ਮੌਤ ਦਾ ਦਿਨ ਅਜੇ ਨਹੀਂ ਸੀ ਚੜ੍ਹਿਆ, ਪਰ ਸਵੇਰ ਹੋਈ ਕਿ ਭਾਵ ਬੁਢੇਪਾ ਆਇਆ ਹੈ ਤਦ ਪੱਛੋਤਾਵਾ ਆਇਆ ਕਿ ਹਾਇ ਕਾਲੇ ਲੰਘ ਗਏ ਹੁਣ ਧੌਲ ਆ ਗਏ, ਜਨਮ ਐਵੇਂ ਗਿਆ, ਇਹ ਹਾਵਾ ਖਾ ਕੇ ਫੇਰ ਲੱਗ ਪਈ ਤੇ ਨਿ-ਆਲਸ ਹੋ ਕੇ ਲੱਗੀ। ਜੈਸਾ ਕਿ ਰਹਾਉ ਦੀ ਤੁਕ ਦੱਸਦੀ ਹੈ ਕਿ ਇਸ ਪੱਛੋਤਾਵੇ ਵਿਚ ਬਾਲਾ ਨਿਰਾਸ ਹੋਕੇ- -ਆਸ ਦਾ ਲੱਕ ਤੋੜ ਨਹੀਂ ਬੈਠੀ ਸੀ ਉਹ ਨਿਰ ਆਲਸ ਹੋ ਕੇ ਲੱਗ ਪਈ ਸੀ। ਮਨ ਵਿਚ ਮਿਲਣੇ ਦੀ ਲਾਲਸਾ ਤੀਬਰ ਸੀ ਤੇ ਪ੍ਰੀਤਮ ਦੇ ਨਾਲ ਕਦੇ ਜੁਆਨੀ ਵਿਚ ਮਾਣੇ ਰਸ ਦੀ ਯਾਦ ਹੋਰ ਤੀਬ੍ਰਤਾ ਵਧਾਉਂਦੀ ਸੀ, ਤਾਂ ਤੇ ਨਿਰਾਲਸ ਹੋ ਕੇ ਲੱਗੀ ਸੀ।

ਅੰਕ ੨ ਵਿਚ ਸਪਸ਼ਟ ਦੱਸਿਆ ਹੈ:ਕਦੇ 'ਪ੍ਰੀਤਮ ਦੀ ਮੇਹਰ' ਦੀ ਦਾਤ ਮਿਲੀ ਸੀ ਪਰ ਉਹੀ ਗੁਆਚ ਗਈ ਸੀ।

ਅੰਕ ੩ ਵਿਚ ਉਸ ਦੇ ਗੁਆਚਣ ਦਾ ਕਾਰਣ ਦਿੱਤਾ ਹੈ ਕਿ ਮੋਹ ਤੇ ਹੰਕਾਰ ਨੇ ਉਸ ਮਹਾ

ਰਸ ਦਾ ਸਵਾਦ ਨਾ ਲੈਣ ਦਿੱਤਾ। ਤੇ ਫੇਰ ਸਾਫ ਦੱਸਿਆ ਕਿ ਉਸ ਗੁਆਚਣ ਦਾ ਦੋਸ਼ ਪ੍ਰਿਯਤਮ ਦਾ ਨਹੀਂ ਸੀ ਮੇਰਾ ਸੀ ਅਪਣਾ।

ਅੰਕ ੪ ਵਿਚ ਮੁੜ ਪ੍ਰਾਪਤੀ ਦਾ ਜ਼ਿਕਰ ਹੈ ਕਿ ਸਤਿਸੰਗ ਪ੍ਰਾਪਤ ਹੋਇਆ, ਉਸ ਨੇ ਅੰਕ ਤਿੰਨ ਵਿਚ ਦੱਸੇ "ਵਿਛੋੜੇ ਦੇ ਕਾਰਣ ਰੂਪ ਅੰਧਕਾਰ' ਨੂੰ ਦੂਰ ਕਰ ਦਿੱਤਾ ਤੇ ਮੈਨੂੰ ਚਾਨਣ ਹੋ ਗਿਆ। ਸ਼ੁੱਧ ਸਾਫ ਨਿਰਮਲ ਗਜਾਨ ਪ੍ਰਾਪਤ ਹੁੰਦੇ ਹੀ ਪ੍ਰਭੂ ਅਨੁਗ੍ਰਹੁ ਨੇ ਮੇਲ ਲਿਆ।

ਨਿਰੁਕ੍ਤ—**ਭੋਰੁ**—(ਸੰਸ:, ਪ੍ਰਭਾਵ। ਹਿੰ:, ਭੋਰ=ਸਵੇਰਾ) ਸਵੇਰਾ, ਭਾਵ ਹੈ ਬੁਢੇਪਾ, ਜਦੋਂ ਜੁਆਨੀ ਰੂਪ ਰਾਤ ਬੀਤਣ ਲੱਗ ਜਾਂਦੀ ਹੈ।

ਪ੍ਰੇਮ ਸਹਜਿ—ਸਹਜ ਪ੍ਰੇਮ। ਕੁਦਰਤੀ ਪ੍ਰੇਮ'। ਅਸਲ (ਸੱਚਾ ਮੁੱਚਾ) ਪ੍ਰੇਮ

ਮਨਿ ਧਰਉ ਰੀ—ਮਨ ਵਿਚ ਧਾਰਦੀ ਹਾਂ, ਭਾਵ ਯਾਦ ਕਰਦੀ ਹਾਂ।

ਕਰ ਮਹਿ—ਹੱਥ ਵਿਚ। **ਨਿਸਾਰਿਓ**—ਪਾਇਆ।

ਖਿਸਰਿ—ਖਿਸਕ: ਤਿਲਕ। **ਡਾਰਿਓ**—ਡਾਲਿਆ, ਭਾਵ ਡੁਲ੍ਹ ਪਿਆ।

ਸਾਦਿ—ਸ੍ਵਾਦ ਵਿਚ। **ਮੋਹਿ ਸਾਦਿ**—ਮੋਹ ਦੇ ਸੁਆਦ ਵਿਚ।

ਲਾਦੀ ਅਹੰਕਾਰੇ—ਅਹੰਕਾਰ ਲਾਦੀ, ਹੰਕਾਰ ਨਾਲ ਭਰੀ ਹੋਈ।

ਭਰਮ ਅੰਧਾਰੇ—(ਸੰਸ:, ਭ੍ਰਮ: (=ਭੁਲੇਖਾ+ਅੰਧਕਾਰ := ਹਨੇਰਾ) ਭਰਮ ਰੂਪੀ ਹਨੇਰੇ।

[ਆਸਾ ਮਹਲਾ ੫, ਚਉਪਦਾ, ੭੭—੧੪੪]

ਪ੍ਰਾਕ੍ਥਨ—ਨਾਮ ਦਾ ਪ੍ਰੇਮੀ ਜਗਤ ਵਲੋਂ ਸਹਜ ਬੈਰਾਗੀ ਹੋ ਜਾਂਦਾ ਹੈ ਤੇ ਪ੍ਰਭੂ ਵਿਚ ਸਹਜ ਅਨੰਦੀ ਹੋ ਜਾਂਦਾ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਚਰਨ ਕਮਲ ਕੀ ਆਸ ਪਿਆਰੇ ॥ ਜਮਕੰਕਰ ਨਸਿ ਗਏ ਵਿਚਾਰੇ ॥੧॥	ਹੇ ਪਿਆਰੇ (ਪ੍ਰਭ! ਮੈਨੂੰ ਤੇਰੇ) ਚਰਨਾਂ ਕਮਲਾਂ ਦੀ ਹੀ ਆਸਾ ਹੈ, (ਇਸ ਆਸਾ ਨੂੰ ਦੇਖ ਕੇ) ਜਮਦੂਤ ਵੇਚਾਰੇ ਹੋਕੇ ਨੱਸ ਗਏ॥੧॥
ਤੂ ਚਿਤਿ ਆਵਹਿ ਤੇਰੀ ਮਇਆ ॥ ਸਿਮਰਤ ਨਾਮ ਸਗਲ ਰੋਗ ਖਇਆ॥੧॥ਰਹਾਉ ॥	(ਪਰ) ਤੂੰ (ਜੋ ਮੈਨੂੰ) ਚਿਤ ਆ ਰਿਹਾ ਹੈਂ (ਇਹ ਬੀ) ਤੇਰੀ ਕ੍ਰਿਪਾ ਹੈ। (ਤੇਰਾ) ਨਾਮ ਸਿਮਰਦਿਆਂ ਸਾਰੇ ਰੋਗਾਂ ਦਾ ਨਾਸ਼ ਹੋ ਗਿਆ ਹੈ॥੧॥ਰਹਾਉ॥
ਅਨਿਕ ਦੂਖ ਦੇਵਹਿ ਅਵਰਾ ਕਉ ॥ ਪਹੁਚਿ ਨ ਸਾਕਹਿ ਜਨ ਤੇਰੇ ਕਉ ॥੨॥	(ਜਮਦੂਤ) ਹੋਰਨਾਂ ਨੂੰ ਅਨੇਕਾਂ ਦੁਖ ਦੇਂਦੇ ਹੈਨ (ਪਰ) ਤੇਰੇ ਦਾਸ ਦੇ ਨੇੜੇ ਬੀ ਨਹੀਂ ਢੁੱਕ ਸਕਦੇ॥੨॥
ਦਰਸ ਤੇਰੇ ਕੀ ਪਿਆਸ ਮਨਿ ਲਾਗੀ॥ ਸਹਜ ਅਨੰਦ ਬਸੈ ਬੈਰਾਗੀ ॥੩॥	(ਜਿਸ ਦੇ) ਮਨ ਵਿਚ ਤੇਰੇ ਦਰਸ਼ਨ ਦੀ ਤ੍ਰਿਖਾ (=ਇੱਛਾ) ਲਗ ਪਈ ਹੋਵੇ, (ਉਹ ਜਗਤ ਤੋਂ ਸੁਤੇ) ਵੈਰਾਗੀ ਹੋ ਜਾਂਦਾ ਹੈ ਤੇ ਸਹਜ (ਅਵਸਥਾ ਵਾਲੇ) ਆਨੰਦ ਵਿਚ ਵੱਜਣ ਲਗ ਪੈਂਦਾ ਹੈ॥੩॥

ਨਾਨਕ ਕੀ ਅਰਦਾਸਿ ਸੁਣੀਜੈ ॥ ਕੇਵਲ ਨਾਮੁ ਰਿਦੇ ਮਹਿ ਦੀਜੈ ॥੪॥੨੬॥੭੭॥	(ਹੇ ਪਿਆਰੇ ਪ੍ਰਭੂ !) ਨਾਨਕ ਦੀ ਅਰਦਾਸ ਸੁਣੋ,ਕੇਵਲ ਨਾਮ (ਮੇਰੇ) ਹਿਰਦੇ ਵਿਚ (ਬਿਠਾ) ਦਿਓ॥ ੪॥ ੨੬॥ ੭੭॥

ਵ੍ਯਾਖ੍ਯਾ—ਅੰਕ ੨ ਦੇ ਅੰਤ ਤਕ, ਵਾਹਿਗੁਰੂ ਜੀ ਦੇ ਆਸਰੇ ਰਹਿਣ ਵਾਲੇ ਨੂੰ ਜਮਾਂ ਤੋਂ ਉੱਚੇ ਦੱਸਿਆ ਹੈ ਕਿ ਅੰਤ ਸਮੇਂ ਸੁਖੱਲੇ ਸੁਆਸੀ ਜਾਸੀ। ਜੀਉਂਦੇ ਜੀ ਦੁਖਾਂ ਤੋਂ ਛੁੱਟਿਆ ਰਹੇਗਾ।

ਅੰਕ ੩ ਵਿਚ ਵਾਹਿਗੁਰੂ ਦੇ ਪ੍ਰੇਮੀ ਉੱਤੇ ਸੁਤੇ ਵੈਰਾਗ ਤੇ ਸਹਜ ਅਨੰਦ ਦੀ ਅਵਸਥਾ ਛਾ ਜਾਂਦੀ ਦੱਸੀ ਹੈ।

ਅੰਕ ੪ ਵਿਚ ਅਰਦਾਸ ਕੀਤੀ ਹੈ ਕਿ ਮੇਰੇ ਹਿਰਦੇ ਵਿਚ ਨਾਮ ਟਿਕਾ ਦਿਓ ਤੇ ਕੇਵਲ (=ਨਿਰੀ) ਇਸੇ ਤੇ ਆਸ ਟਿਕੀ ਰਹੇ।

ਨਿਰੁਕ੍ਤ—**ਕੰਕਰ**—ਕਿੰਕਰ, ਦਾਸ, ਦੂਤ। ਜਮ ਕੰਕਰ—ਜਮਦੂਤ। ਦੇਖੋ 'ਜਮਕੰਕਰੁ' ਪੰਨਾ ੧੭੯੨)। **ਮਇਆ**—ਕ੍ਰਿਪਾ। **ਖਇਆ**—ਨਾਸ਼ ਹੋ ਗਿਆ।

ਦੇਵਹਿ—ਦੇਂਦਾ ਹੈ, ਇਸ ਦਾ ਸੰਬੰਧ ਪਿੱਛੇ ਆਏ 'ਜਮ ਕੰਕਰ' ਨਾਲ ਹੈ।

ਬਸੈ—ਵਸਦਾ ਹੈ, ਰਹਿੰਦਾ ਹੈ। **ਬੈਰਾਗੀ**—(ਸੰਸ:, ਵੈਰਾਗੀ) ਵੈਰਾਗਵਾਨ (ਜਗਤ ਵਲੋਂ)। **ਕੇਵਲ ਨਾਮੁ**—ਨਿਰਾ ਨਾਮ। ਮੁਰਾਦ ਇਹ ਹੈ ਕਿ ਨਾਮ ਦਿਓ ਤੇ ਨਾਲ ਸਿਦਕ ਦਿਓ ਕਿ ਨਿਰਾ ਇਹੋ ਹੀ ਮੈਨੂੰ ਪਾਰ ਉਤਾਰਣਹਾਰ ਹੈ। ਨਾਮ ਤੇ ਅਨਿੰਨ ਸ਼੍ਰਧਾ ਹੋਵੇ ਮੇਰੀ।

[ਆਸਾ ਮਹਲਾ ੫, ਚਉਪਦਾ, ੭੮—੧੪੫]

ਪ੍ਰਾਕ੍ਥਨ—ਸੰਤ ਕ੍ਰਿਪਾ ਨਾਲ ਨਾਮ ਪ੍ਰਾਪਤ ਹੋਕੇ ਤ੍ਰਿਸ਼ਨਾਂ ਤੇ ਵਿਕਾਰ ਬ੍ਰਿਤੀ ਦੂਰ ਹੋ ਗਈ ਹੈ ਤੇ ਪੂਰਨ ਧਨੀ ਪ੍ਰਭੂ ਮਿਲ ਪਿਆ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਮਨੁ ਤ੍ਰਿਪਤਾਨੋ ਮਿਟੇ ਜੰਜਾਲ ॥ ਪ੍ਰਭੁ ਅਪੁਨਾ ਹੋਇਆ ਕਿਰਪਾਲ ॥੧॥	(ਮੇਰਾ) ਆਪਣਾ ਪ੍ਰਭੂ (ਮੇਰੇ ਤੇ) ਦਇਆਲੂ ਹੋ ਗਿਆ ਹੈ (ਜਿਸ ਕਰਕੇ ਸਾਰੇ) ਧੰਦਾਲ ਮੁੱਕ ਗਏ ਹਨ ਤੇ ਮਨ ਤ੍ਰਿਪਤ ਹੋ ਗਿਆ ਹੈ॥ ੧॥
ਸੰਤ ਪ੍ਰਸਾਦਿ ਭਲੀ ਬਨੀ ॥ ਜਾ ਕੈ ਗ੍ਰਿਹ ਸਭੁ ਕਿਛੁ ਹੈ ਪੂਰਨੁ ਸੋ ਭੇਟਿਆ ਨਿਰਭੈ ਧਨੀ ॥੧॥ਰਹਾਉ॥	(ਪ੍ਰਸ਼ਨ:—ਪ੍ਰਭੂ ਜੀ ਕਿਵੇਂ ਕ੍ਰਿਪਾਲ ਹੋ ਗਏ ? ਉੱਤਰ:—) (ਇਕ) ਸੰਤ ਦੀ ਮੇਹਰ ਕਰਕੇ ਚੰਗੀ ਬਣ ਗਈ ਹੈ [ਕਿਸ ਨਾਲ ? ਉੱਤਰ:—] ਜਿਸ ਦੇ ਘਰ ਵਿਚ ਸਭ ਕੁਛ ਪੂਰਾ (ਹੀ ਪੂਰਾ) ਹੈ, (ਜੋ ਆਪ) ਭੈ ਤੋਂ ਰਹਿਤ, ਹੈ, ਓਹ ਮਾਲਕ (ਮੈਨੂੰ) ਮਿਲ ਪਿਆ॥ ੧॥ ਰਹਾਉ॥
ਨਾਮੁ ਦ੍ਰਿੜਾਇਆ ਸਾਧ ਕ੍ਰਿਪਾਲ ॥ ਮਿਟਿ ਗਈ ਭੂਖ ਮਹਾ ਬਿਕਰਾਲ ॥੨॥	(ਸੰਤ ਨੇ ਕਿਵੇਂ ਬਣਾ ਦਿਤੀ ? ਉੱਤਰ:) ਕ੍ਰਿਪਾਲੂ ਸਾਧ ਨੇ (ਮੈਨੂੰ ਪਹਿਲੋਂ) ਨਾਮ ਦ੍ਰਿੜ ਕਰਾ ਦਿਤਾ, ਜਿਸ ਨਾਲ ਮਹਾ ਡਰਾਉਣੀ (ਤ੍ਰਿਸ਼ਨਾ ਰੂਪੀ) ਭੁੱਖ ਦੂਰ ਹੋ ਗਈ॥ ੨॥

ਠਾਕੁਰਿ ਅਪੁਨੈ ਕੀਨੀ ਦਾਤਿ ॥
ਜਲਨਿ ਬੁਝੀ ਮਨਿ ਹੋਈ ਸਾਂਤਿ ॥੩॥

(ਫੇਰ ਮੇਰੇ) ਅਪਣੇ ਮਾਲਕ ਨੇ (ਜਿਸ ਨਾਲ ਬਣ ਆਈ ਸੀ ਹੋਰ) ਦਾਤ ਕੀਤੀ (ਕਿ ਵਿਸ਼ੇ ਵਿਕਾਰਾਂ ਦੀ) ਸੜਨ (ਅੰਦਰੋ ਹੀ) ਬੁਝ ਗਈ ਤੇ ਮਨ ਵਿਚ ਸ਼ਾਂਤਿ ਵਰਤ ਗਈ॥ ੩॥

ਮਿਟਿ ਗਈ ਭਾਲ ਮਨੁ ਸਹਜਿ ਸਮਾਨਾ॥
ਨਾਨਕ ਪਾਇਆ ਨਾਮ ਖਜਾਨਾ ॥੪॥੨੭॥੭੮॥

(ਦੱਸਦੇ ਹਨ ਸ੍ਰੀ ਗੁਰੂ) ਨਾਨਕ ਦੇਵ ਜੀ ਕਿ ਸੰਤ ਦਾ ਦਿਤਾ ਜਦ ਤੋਂ) ਨਾਮ ਦਾ ਖ਼ਜ਼ਾਨਾ ਪ੍ਰਾਪਤ ਹੋਇਆ (ਹੋਰ ਸਾਧਨਾ ਤੇ ਤ੍ਰੀਕਿਆਂ ਦੇ ਲੱਭਣ ਦੀ) ਢੂੰਡ ਭਾਲ ਹੀ ਮਿਟ ਗਈ ਹੈ ਤੇ ਮਨ ਸਹਜ (ਅਵਸਥਾ) ਵਿਚ ਸਮਾਇਆ ਰਹਿੰਦਾ ਹੈ॥ ੪॥ ੨੭॥ ੭੮॥

ਵਜਾਖਜਾ— ਸੁਗਮ ਹੈ।

ਨਿਰੁਕ੍ਤ—ਤ੍ਰਿਪਤਾਨੋ—[ਸੰਸ:, ਤ੍ਰਿਪਤ = ਰੱਜਿਆ ਹੋਇਆ] ਤ੍ਰਿਪਤ ਹੋਇਆ ਹੈ, ਰੱਜਿਆ ਭਾਵ ਪ੍ਰਸੰਨ ਹੋਇਆ ਹੈ।

ਜੰਜਾਲ—ਉਹ ਕੰਮ ਜੋ ਜਾਲ ਵਾਂਙੂ ਫਸਾ ਫਸਾ ਦੁਖ ਦੇਂਦੇ ਹਨ। ਧੰਦਾਲ।

ਪ੍ਰਸਾਦਿ—ਕ੍ਰਿਪਾ ਦੁਆਰਾ। **ਨਿਰਭੈ**-[ਸੰਸਾ, ਨਿਰ੍ਭਯ:] ਭਉ ਰਹਿਤ।

ਧਨੀ—ਮਾਲਕ, ਸੁਆਮੀ, ਸ਼ਾਹ।

ਬਿਕਰਾਲ—ਡਰਾਉਣੀ। ਜੋ ਕਦੇ ਮੁੱਕਦੀ ਨਹੀਂ। ਜਿਉਂ ਜਿਉਂ ਵੱਧ ਮਿਲੇ, ਹੋਰ ਵਧਦੀ ਹੈ, ਸੋ ਹੈ ਤ੍ਰਿਸ਼ਨਾ। ਕਦੇ ਨਾ ਰੱਜਣ ਕਰਕੇ ਡਰਾਉਣੀ ਕਹੀ ਹੈ।

ਜਲਨਿ—ਸੜਨ। ਇਸ਼ਾਰਾ ਹੈ ਅੰਦਰਲੀ ਵਿਕਾਰਾਂ ਵਾਲੀ ਬ੍ਰਿਤੀ ਵਲ।

ਭਾਲ—ਤਲਾਸ਼, ਢੂਡ। ਸਹਜਿ-ਸਹਜ ਅਵਸਥਾ ਵਿਚ। ਤਿੰਨਾਂ ਗੁਣਾਂ ਤੋਂ ਉਪਰ ਆਪਣੀ ਆਤਮਿਕ ਅਵਸਥਾ ਵਿਚ। (ਦੇਖੋ ਪੰਨਾਂ ੨੬੯)।

[ਆਸਾ ਮਹਲਾ ੫, ਚਉਪਦਾ, ੭੯-੧੪੬]

ਪ੍ਰਾਕ੍ਥਨ—ਜੋ ਸਰਬ ਸਮਰੱਥ ਸ਼ਰਣ ਦਾਤਾ ਹੈ, ਉਸ ਦੀ ਚਰਨੀਂ ਲਗਿਆਂ ਕੋਈ ਕਮੀ ਨਹੀਂ ਰਹਿਦੀ।

ਮੂਲ	ਅਰਥ
ਆਸਾ ਮਹਲਾ ੫ ॥	
ਠਾਕੁਰ ਸਿਉ ਜਾ ਕੀ ਬਨਿ ਆਈ ॥ ਭੋਜਨ ਪੂਰਨ ਰਹੇ ਅਘਾਈ ॥੧॥	ਜਿਨ੍ਹਾਂ ਦੀ ਮਾਲਕ (ਪਰਮੇਸ਼ੁਰ) ਨਾਲ ਬਣ ਆਈ ਹੈ, ਓਹ ਭੋਜਨ ਨਾਲ ਪੂਰੀ ਤਰ੍ਹਾਂ ਰੱਜੇ ਰਹਿੰਦੇ ਹਨ॥ ੧॥
ਕਛੂ ਨ ਥੋਰਾ ਹਰਿ ਭਗਤਨ ਕਉ ॥ ਖਾਤ ਖਰਚਤ ਬਿਲਛਤ ਦੇਵਨ ਕਉ ॥੧॥ ਰਹਾਉ ॥	ਹਰੀ ਦੇ ਭਗਤਾਂ ਨੂੰ ਖਾਣ ਲਈ, ਖਰਚਣ ਲਈ, ਆਨੰਦਤ ਹੋਣ ਲਈ (ਤੇ ਦਾਤਾਂ) ਦੇਣ ਲਈ ਕੋਈ ਕਮੀ ਨਹੀਂ ਰਹਿੰਦੀ॥ ੧॥ ਰਹਾਉ॥
ਜਾ ਕਾ ਧਨੀ ਅਗਮ ਗੁਸਾਈ ॥ ਮਾਨੁਖ ਕੀ ਕਹੁ ਕੇਤ ਚਲਾਈ ॥੨॥	ਜਿਸ ਦਾ ਧਨੀ ਅਗੰਮ ਪ੍ਰਭੂ ਹੈ, (ਕਿਸੇ) ਮਾਨੁਖ ਦੀ, ਦੱਸੋ, (ਉਸ ਨਾਲ) ਕੀਹ (ਪੇਸ਼) ਚੱਲ ਸਕਦੀ ਹੈ, (ਭਾਵ ਉਸ ਦਾ ਬੁਰਾ ਕੋਈ ਨਹੀਂ ਕਰ ਸਕਦਾ)॥ ੨॥

ਜਾ ਕੀ ਸੇਵਾ ਦਸ ਅਸਟ ਸਿਧਾਈ॥ ਪਲਕ ਦਿਸਟਿ ਤਾ ਕੀ ਲਾਗਹੁ ਪਾਈ ॥੩॥	ਜਿਸ (ਪ੍ਰਭੂ) ਦੀ ਸੇਵਾ (ਕਰਨੇ ਨਾਲ) ਅਠਾਰਾਂ ਸਿਧੀਆਂ (ਇਕ) ਪਲਕ ਦੇ ਚਮਕਾਰੇ ਵਿਚ (ਸਾਹਮਣੇ ਆ ਖੜ੍ਹੋਂਦੀਆਂ ਹਨ) ਉਸ ਦੇ (ਮੈਂ) ਚਰਨੀ ਲੱਗਦਾ ਹਾਂ॥ ੩॥
ਜਾ ਕਉ ਦਇਆ ਕਰਹੁ ਮੇਰੇ ਸੁਆਮੀ ॥ਕਹੁ ਨਾਨਕ ਨਾਹੀ ਤਿਨ ਕਾਮੀ ॥੪॥੨੮॥੭੯॥	ਹੇ ਮੇਰੇ ਮਾਲਕ ! ਜਿਸ ਉਤੇ ਦਇਆ ਕਰਦੇ ਹੋ ਕਹਿੰਦੇ ਹਨ (ਸ੍ਰੀ ਗੁਰੂ) ਨਾਨਕ (ਦੇਵ ਜੀ) ਉਸ ਨੂੰ (ਕੋਈ) ਕਮੀ ਨਹੀਂ ਰਹਿੰਦੀ॥ ੪॥ ੨੮॥ ੭੯॥

ਵਜਾਖਜਾ— ਨਾਮੀ ਹਰੀ ਭਗਤ ਨੂੰ ਨਾ ਕੇਵਲ ਧਰਮਾਰਥ ਸਗੋਂ ਹੋਰ ਕਿਸੇ ਗਲੇ ਕਮੀ ਨਾ ਰਹਿਣੇ ਦੀ ਭਾਗ ਸ਼ੀਲ ਅਵਸਥਾ ਦਿਖਾਈ ਹੈ। ਕਿਉਂਕਿ ਸਭ ਭਾਗਾਂ, ਸਭ ਸਿੱਧੀਆਂ ਦਾ ਉਹ ਮਾਲਕ ਹੈ, ਉਸ ਦੇ ਪਿਆਰੇ ਨੂੰ ਜਦ ਉਹ ਪ੍ਰਾਪਤ ਹੋ ਜਾਂਦਾ ਹੈ ਤਾਂ ਕੋਈ ਕਮੀਂ ਰਹੇ ਕਿਉਂ ? ਨਾ ਕੇਵਲ ਅਪਣੇ ਲਈ ਸਗੋਂ ਦੇਣ ਲਈ ਬੀ। ਭਾਵ ਅਸਲ ਵਿਚ ਨਾਮ ਪਦਾਰਥ ਤੋਂ ਹੈ, ਪਰ ਉਸ ਦੇ ਨਾਲ ਭਗਤ ਨੂੰ ਆਪਣੀਆਂ ਲੋੜਾਂ ਤੇ ਅੱਗੋਂ ਦੇਣ ਲਈ ਬੀ ਕਿਸੇ, ਗੱਲ ਦੀ ਥੁੜ ਨਹੀਂ ਰਹਿੰਦੀ, ਸਾਂਈ ਖੁੱਲ੍ਹਾ ਦੇਂਦਾ ਹੈ।

ਨਿਰੁਕ—ਭੋਜਨ-ਖਾਣਾਂ। ਭਾਵ ਹੈ ਗਿਆਨ ਯਾ ਨਾਸ਼ ਤੋਂ।

ਅਘਾਈ-ਰੱਜੇ ਹੋਏ। ਬਿਲਛਤ-[ਸੰਸ:, ਵਿਲਸਨ] ਆਨੰਦ ਹੋਣ ਲਈ।
ਧਨੀ-ਮਾਲਕ, ਸ਼ਾਹ। ਅਗਮ-ਮਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ।
ਗੁਸਾਂਈ-ਮਾਲਕ। ਦਸ ਅਸਟ ਸਿਧਾਈ—[ਸੰਸ:, ਦਸ਼+ਅਖ਼ਟ=੧੮ ਸਿਦ੍ਧਿ] ੧੮ ਸਿਧੀਆਂ ਹਨ। ਪਲਕ ਦਿਸਟਿ-ਪਲ ਇਕ ਦੇ ਚਮਕਾਰੇ ਵਿਚ।
ਕਾਮੀ-ਕਮੀ। ਕਾਫੀਏ ਲਈ ਕਮੀ ਦਾ ਕਾਮੀ ਕੀਤਾ ਹੈ।

[ਆਸਾ ਮਹਲਾ ੫, ਚਉਪਦਾ, ੮੦-੧੪੭]

ਪ੍ਰਾਕ੍ਥਨ—ਭਰੋਸੇ ਵਾਲੇ ਤੇ ਨਾਮੀ ਪੁਰਖ ਭਾਗਸ਼ੀਲ ਹੋ ਜਾਂਦੇ ਹਨ।

ਮੂਲ	ਅਰਥ
ਆਸਾ ਮਹਲਾ ੫ ॥	
ਜਉ ਮੈ ਅਪੁਨਾ ਸਤਿਗੁਰੁ ਧਿਆਇਆ॥ ਤਬ ਮੇਰੈ ਮਨਿ ਮਹਾ ਸੁਖੁ ਪਾਇਆ॥੧॥	ਜਦੋਂ ਮੈਂ ਅਪਣਾ ਸਤਿਗੁਰੂ ਅਰਾਧਿਆ ਹੈ ਤਦੋਂ ਤੋਂ ਮੇਰੇ ਮਨ ਨੇ ਬੜਾ ਸੁਖ ਪਾਇਆ ਹੈ॥ ੧॥
ਮਿਟਿ ਗਈ ਗਣਤ ਬਿਨਾਸਿਉ ਸੰਸਾ॥ ਨਾਮਿ ਰਤੇ ਜਨ ਭਏ ਭਗਵੰਤਾ ॥੧॥ ਰਹਾਉ ॥	(ਮੇਰੀ ਸਹਿਸ ਸਿਆਣਪਾਂ ਵਾਲੀ ਸਾਰੀ) ਗਿਣਤੀ ਮਿਟ ਗਈ ਹੈ (ਤੇ) ਸੰਸਾ (=ਸ਼ੱਕ ਕਰਨੇ ਵਾਲ ਬ੍ਰਿਤੀ) ਨਾਸ਼ ਹੋ ਗਿਆ ਹੈ। ਨਾਮ ਵਿਚ ਰੱਤੇ ਹੋਏ ਪੁਰਖ ਭਾਗਸ਼ੀਲ ਹੋ ਜਾਂਦੇ ਹਨ॥ ੧॥ ਰਹਾਉ॥
ਜਉ ਮੈ ਅਪੁਨਾ ਸਾਹਿਬੁ ਚੀਤਿ ॥ ਤਉ ਭਉ ਮਿਟਿਓ ਮੇਰੇ ਮੀਤ ॥੨॥	ਜਦ ਮੈਨੂੰ ਅਪਣਾ ਮਾਲਕ ਯਾਦ ਰਹਿਣ ਲਗ ਪਿਆ ਤਦ (ਮੇਰਾ ਡਰ (ਸਾਰਾ) ਦੂਰ ਹੋ ਗਿਆ (ਸੁਣ) ਹੇ ਮੇਰੇ ਮਿੱਤ੍ਰ॥ ੨॥

ਜਉ ਮੈ ਓਟ ਗਹੀ ਪ੍ਰਭ ਤੇਰੀ ॥ ਤਾਂ ਪੂਰਨ ਹੋਈ ਮਨਸਾ ਮੇਰੀ ॥੩॥	ਹੇ ਪ੍ਰਭੂ ! ਜਦੋਂ ਮੈਂ ਤੇਰੀ ਓਟ ਫੜ ਲਈ, ਤਦ ਮੇਰੀ ਮਨ ਦੀ ਇੱਛਾ (ਸਭ) ਪੂਰੀ ਹੋ ਗਈ॥ ੩॥
ਦੇਖਿ ਚਲਿਤ ਮਨਿ ਭਏ ਦਿਲਾਸਾ ॥ ਨਾਨਕ ਦਾਸ ਤੇਰਾ ਭਰਵਾਸਾ ॥੪॥੨੯॥੮੦॥	(ਤੇਰੇ) ਚੋਜ ਵੇਖ ਕੇ ਮਨ ਵਿਚ ਦਿਲਾਸਾ ਮਿਲਦਾ ਹੈ (ਭਾਵ ਧੀਰਜ ਬੱਝਦਾ ਹੈ, ਇਸ ਕਰਕੇ) ਨਾਨਕ ਦਾਸ ਨੂੰ (ਹੇ ਪ੍ਰਭੂ) ਤੇਰਾ ਹੀ ਭਰੋਸਾ ਹੈ॥ ੪॥ ੨੯॥ ੮੦॥

ਵਯਾਖਯਾ— ਰਹਾਉ ਦੇ ਅੰਤ ਤਕ, ਸਤਿਗੁਰ ਦੀ ਸ਼ਰਨ ਲੈਕੇ ਨਾਮ ਅਰਾਧਣੇ ਨਾਲ ਸਹਿਸ ਸਿਆਣਪਾਂ ਤੇ ਸੰਸੇ ਦਾ ਨਾਸ਼ ਦੱਸਿਆ ਹੈ, ਤੇ ਨਾਲ ਹੀ ਦੱਸਿਆ ਹੈ ਕਿ ਸਿਦਕ ਬੱਝਦਾ ਹੈ ਸੁਖ ਤੇ ਭਾਗਵਾਨਤਾ ਪ੍ਰਾਪਤ ਹੁੰਦੀ ਹੈ।

ਅੰਕ ੨ ਵਿਚ ਨਾਮੀ ਪੁਰਖ ਦੇ ਮਨ ਵਿਚ ਨਿਰਭੈਤਾ ਉਪਜੀ ਦੱਸੀ ਹੈ।

ਅੰਕ ੩ ਵਿਚ ਮਨੌਂ ਕਾਮਨਾ ਦੀ ਪੂਰਨਤਾ ਦੱਸੀ ਹੈ।

ਅੰਕ ੪ ਵਿਚ ਇਹ ਭਾਵ ਹੈ ਕਿ ਨਿਰਾਸਾ ਦੇ ਸਮਿਆਂ ਵਿਚ ਤੇ ਹੋਰ ਲੋੜਾਂ ਵੇਲੇ ਸਾਂਈ ਦੀ ਸਹਾਇਤਾ ਦੇ ਅਚਾਨਕ ਕਉਤਕ ਵਰਤਦੇ ਦੇਖਕੇ ਮਨ ਧੀਰਜ ਪਕੜ ਗਿਆ ਹੈ ਤੇ ਭਰੋਸਾ ਬੱਝ ਗਿਆ ਹੈ ਕਿ ਓਹ ਸਦਾ ਅੰਗ ਸੰਗ ਤੇ ਦਿਆਲੂ ਹੈ।

ਨਿਰੁਕ੍ਤ—ਗਣਤ ਗੇਣਤੀ,ਸੋਚਾਂ, ਫਿਕਰ, ਸਹਸ ਸਿਆਣਪਾਂ।

ਸੰਸਾ—ਸ਼ੱਕ, ਸ਼ੱਕ ਵਾਲੀ ਬ੍ਰਿਤੀ। ਸਿਦਕ ਦੀ ਕਮੀ।

ਭਗਵੰਤਾ—ਭਾਗਾਂ ਵਾਲੇ, ਭਾਗਸ਼ੀਲ। **ਚਲਿਤ**—ਚੋਜ। ਕਉਤਕ।

ਦਿਲਾਸਾ—ਦਿਲ ਨੂੰ ਤਸੱਲੀ। ਧੀਰਜ ਬੱਝਣਾ।

[ਆਸਾ ਮਹਲਾ ੫, ਚਉਪਦਾ,੮੧-੧੪੮]

ਪ੍ਰਾਕ੍ਥਨ—ਮਾਇਆ ਮਦ ਮਾਤੇ ਦੀ ਮੂੜਤਾ ਵਾਲੀ ਦਸ਼ਾ, ਉਸ ਦਾ ਇਲਾਜ ਨਾਮ ਤੇ ਗੁਣ ਗਾਇਨ ਹੈ।

ਮੂਲ	**ਅਰਥ**
ਆਸਾ ਮਹਲਾ ੫ ॥	
ਅਨਦਿਨੁ ਮੂਸਾ ਲਾਜੁ ਟੁਕਾਈ ॥ ਗਿਰਤ ਕੂਪ ਮਹਿ ਖਾਹਿ ਮਿਠਾਈ ॥੧॥	ਦਿਨ ਪ੍ਰਤਿ ਦਿਨ (ਕਾਲ ਰੂਪੀ) ਚੂਹਾ (ਉਮਰਾ ਰੂਪੀ) ਲੱਜ ਨੂੰ ਕੁਤਰੀ ਜਾਂਦਾ ਹੈ (ਪਰ ਇਹ ਜੀਵ ਗ੍ਰਿਹਸਤ ਦੀ ਮਗਨਤਾ ਰੂਪੀ) ਖੂਹੇ ਵਿਚ ਡਿੱਗਾ (ਭੋਗਾ ਰੂਪੀ) ਮਿਠਾਸ ਨੂੰ ਖਾ ਰਿਹਾ ਹੈ॥ ੧॥
ਸੋਚਤ ਸਾਚਤ ਰੈਨਿ ਬਿਹਾਨੀ॥ ਅਨਿਕ ਰੰਗ ਮਾਇਆ ਕੇ ਚਿਤਵਤ ਕਬਹੂ ਨ ਸਿਮਰੈ ਸਾਰਿੰਗਪਾਨੀ॥੧॥ਰਹਾਉ ॥	ਸੋਚਾਂ ਸੋਚਦਿਆਂ ਸੋਚਦਿਆਂ (ਹੀ ਇਸ ਦੀ) ਰਾਤ ਬੀਤਦੀ ਜਾਂਦੀ ਹੈ, ਮਾਇਆ (ਕੱਠੀ ਕਰਨ ਦੇ ਤਾਂ) ਕਈ ਤ੍ਰੀਕੇ ਵਿਚਾਰਦਾ ਹੈ, ਪਰ ਵਾਹਿਗੁਰੂ ਨੂੰ ਕਦੇ ਬੀ ਨਹੀ ਸਿਮਰਦਾ॥ ੧॥ ਰਹਾਉ॥
ਦ੍ਰੂਮ ਕੀ ਛਾਇਆ ਨਿਹਚਲ ਗ੍ਰਿਹੁ ਬਾਂਧਿਆ ॥ ਕਾਲ ਕੈ ਫਾਂਸਿ ਸਕਤ ਸਰੁ ਸਾਂਧਿਆ ॥੨॥	(ਇਸ ਨੇ) ਬ੍ਰਿੱਛ ਦੀ ਛਾਯਾ ਨੂੰ ਅਟੱਲ (ਜਾਣਕੇ ਉਸ ਤਲੇ) ਘਰ ਬਨਾਯਾ ਨੂੰ, (ਉਤੋਂ) ਮਾਇਆ ਦੀ ਫਾਹੀ ਵਿਚ ਫਾਥਾ (ਵੇਖਕੇ) ਕਾਲ ਨੇ ਤੀਰ ਖਿੱਚ ਰਖਿਆ ਹੈ॥ ੨॥

ਬਾਲੂ ਕਨਾਰਾ ਤਰੰਗ ਮੁਖਿ ਆਇਆ॥ ਸੋ ਥਾਨੁ ਮੂੜਿ ਨਿਹਚਲੁ ਕਰਿ ਪਾਇਆ ॥੩॥	(ਯਾ ਇਉਂ ਸਮਝੋ ਕਿ) ਰਤ ਦਾ ਕਿਨਾਰਾ ਲਹਿਰਾਂ ਦੇ ਮੂੰਹ ਆ ਗਿਆ ਹੈ, ਉਹ ਥਾਉਂ ਮੂਰਖ ਨੇ ਅਚੱਲ (ਪੱਕਾ) ਕਰਕੇ ਮੰਨ ਰਖਿਆ ਹੈ॥ ੩॥
ਸਾਧਸੰਗਿ ਜਪਿਓ ਹਰਿ ਰਾਇ ॥ ਨਾਨਕ ਜੀਵੈ ਹਰਿ ਗੁਣ ਗਾਇ ॥੪॥੩੦॥੮੧॥	(ਪਰ) ਹੇ ਨਾਨਕ ! ਉਹ ਹਰੀ ਗੁਣ ਗਾਉਂਦਾ ਜੀਉਂਦਾ ਪਿਆ ਹੈ ਜੋ ਸਾਧ ਸੰਗ ਵਿਚ ਹਰੀ ਰਾਇ ਦਾ (ਨਾਮ) ਜਪਦਾ ਹੈ॥ ੪॥ ੩੦॥ ੮੧॥

ਵਯਾਖਯਾ— ਅੰਕ੧- ਇਕ ਪੁਰਾਤਣ ਕਥਾ ਹੈ ਕਿ ਇਕ ਆਦਮੀ ਅੱਗ ਯਾ ਕਿਸੇ ਬਲਾ ਤੋਂ ਡਰਦਾ ਨੱਠਾ ਤੇ ਖੂਹ ਵਿਚ ਢੱਠਾ,ਪਰ ਲੱਜ ਵਿਚ ਪੈਰ ਪੈ ਕੇ ਲਟਕ ਗਿਆ ਤੇ ਡੁੱਬਾ ਨਾਂ। ਖੂਹ ਉਪਰ ਬ੍ਰਿੱਛ ਨਾਲ ਸ਼ਹਤ ਦਾ ਛੱਤਾ ਸੀ, ਜਿਸ ਵਿਚੋਂ ਸ਼ਹਤ ਟਪਕ ਕੇ ਇਸ ਦੇ ਮੂੰਹ ਵਿਚ ਪੈਂਦੀ ਸੀ।ਸ਼ਹਤ ਦੇ ਰਸ ਵਿਚ ਮੱਤਾ ਇਹ ਭੁੱਲ ਗਿਆ ਕਿ ਮੈਂ ਲਟਕ ਰਿਹਾ ਹਾਂ ਤੇ ਮੇਰੀ ਲੱਜ ਨੂੰ ਚੂਹਾ ਕਟ ਰਿਹਾ ਹੈ, ਜਿਸ ਕਰਕੇ ਮੈਂ ਡਿੱਗ ਕੇ ਖੂਹ ਵਿਚ ਡੁੱਬ ਮਰਨਾ ਹੈ। ਇਸ ਤਰ੍ਹਾਂ ਉਮਰਾ ਲੱਜ ਹੈ, ਕਾਲ ਚੂਹਾ ਹੈ, ਭੋਗ ਸ਼ਹਤ ਹੈ ਮਿੱਠਾ, ਖੂਹ ਮੌਤ ਹੈ, ਉਮਰਾ ਰੋਜ਼ ਘਟ ਰਹੀ ਹੈ, ਜੀਵ ਭੋਗਾਂ ਵਿਚ ਮਸਤ ਹੈ, ਮੌਤ ਸਿਰ ਤੇ ਹੈ, ਇਸ ਕਥਾ ਵੱਲ ਇਸ਼ਾਰਾ ਕੀਤਾ ਹੈ*।

ਅੰਕ ੨-੩ ਵਿਚ ਜੀਵ ਦੀ ਮੂੜ੍ਹਤਾ ਦੇ ਹੋਰ ਦ੍ਰਿਸ਼ਟਾਂਤ ਦਿੱਤੇ ਹਨ: ਬ੍ਰਿੱਛ ਦੀ ਛਾਵੇਂ ਰਿਹਾਇਸ਼ ਕਰਨੀ ਛਾਯਾ ਨੂੰ ਢਲਣੇ ਵਾਲੀ ਨਾ ਸਮਝਣਾ। ਰੇਤਲੇ ਕਿਨਾਰੇ ਤੇ ਜਿਸ ਨੂੰ ਲਹਿਰਾਂ ਭੰਨ ਰਹੀਆਂ ਹਨ, ਟਿਕਾਣਾ ਬਣਾ ਲੈਣਾ, ਪਰ ਨਾ ਸਮਝਣਾ ਕਿ ਮਾਯਾ ਦੇ ਘੇਰ ਵਿਚ ਹੀ ਤਾਂ ਕਾਲ (ਮੌਤ ਦੇ) ਨਿਸ਼ਾਨੇ ਹੇਠ ਹਾਂ।

ਅੰਕ ੪ ਵਿਚ ਹਰੀ ਗਣ ਗਾਯਨ ਤੇ ਨਾਮ ਨਾਲ ਕਲਜਾਣ ਹੋਣੀ ਦੱਸੀ ਹੈ।

ਨਿਰੁਕ੍ਤ—ਮੂਸਾ—[ਸੰਸ:, ਮੂਖ਼੍ਕ:] ਚੂਹਾ। **ਲਾਸੁ**—ਲੱਜ, ਰੱਸਾ।

ਕੂਪ—ਖੂਹ। **ਰੈਨਿ**-ਰਾਤ ਭਾਵ ਉਮਰਾ।

ਸਾਰਿੰਗਪਾਨੀ—(ਦੇਖੋ ਪੰਨਾ ੩੨੮) ਵਾਹਿਗੁਰੂ। **ਦ੍ਰੁਮ**—ਬ੍ਰਿੱਛ, ਦਰਖਤ।

ਕਾਲ—ਮੌਤ। ਸਕਤ[ਸੰਸ:, ਸਕ੍ਤਿ] ਮਾਯਾ।

ਸਰੁ—ਤੀਰ। **ਸਾਂਧਿਆ**—ਖਿੱਚਿਆ।

ਬਾਲੂ—ਰੇਤ। **ਤਰੰਗ**-ਲਹਿਰਾਂ।

[ਆਸਾ ਮਹਲਾ ੫, ਚਉਪਦਾ,੮੨-੧੪੯]

ਪ੍ਰਾਕ੍ਥਨ—ਇਕ ਮੋਈ ਪਈ ਰੁਲ ਰਹੀ ਦੇਹੀ ਨੂੰ ਦੇਖਕੇ ਵੈਰਾਗ ਦੇ ਬਚਨ ਉਚਾਰਣ ਕਰਦੇ ਹਨ।

ਮੂਲ	ਅਰਥ
ਆਸਾ ਮਹਲਾ ੫ ਦੁਤੁਕੇ ੯ ॥	
ਉਨ ਕੈ ਸੰਗਿ ਤੂ ਕਰਤੀ ਕੇਲ ॥ ਉਨ ਕੈ ਸੰਗਿ ਹਮ ਤੁਮ ਸੰਗਿ ਮੇਲ॥	(ਹੇ ਦੇਹੀ!) ਤੂੰ ਉਸ (ਆਤਮਾ) ਦੇ ਸੰਗ ਹੁੰਦਿਆਂ (ਕਈ) ਮੌਜਾਂ ਮਾਣਦੀ ਸੈਂ, ਉਸ ਦੇ ਸੰਗ ਕਰਕੇ ਹੀ ਤੇਰਾ ਹਮਾ ਤੁਮਾ

*ਵਿਸਥਾਰ ਲਈ ਦੇਖੋ ਸਿਰੀ ਰਾਗੁ ਮਹਲਾ ੪, ਚਉਪਦਾ ੭੦ ਦੀ ਵਯਾਖਯਾ, ਪਹਿਲੀ ਸੈਂਥਯਾ ਪੋਥੀ ਦਾ ਪੰਨਾ ੪੪੭-੪੮।

ਉਨ੍ ਕੈ ਸੰਗਿ ਤੁਮ ਸਭੁ ਕੋਊ ਲੋਰੈ ॥
ਓਸੁ ਬਿਨਾ ਕੋਊ ਮੁਖੁ ਨਹੀ ਜੋਰੈ॥੧॥
ਤੇ ਬੈਰਾਗੀ ਕਹਾ ਸਮਾਏ ॥
ਤਿਸੁ ਬਿਨੁ ਤੁਹੀ ਦੁਹੇਰੀ ਰੀ ॥੧॥
ਰਹਾਉ ॥

(ਸਭ ਕਿਸੇ) ਨਾਲ ਮੇਲ ਮਿਲਾਪ ਸੀ। ਉਸ (ਜੀਵ) ਦੇ ਸੰਗ ਕਰਕੇ ਤੈਨੂੰ ਸਭ ਕੋਈ ਚਾਹੁੰਦਾ ਸੀ। ਓਸ ਤੋਂ ਬਿਨਾ (ਹੁਣ) ਕੋਈ (ਤੇਰੇ ਵੱਲ) ਮੂੰਹ ਨਹੀ ਕਰਦਾ (ਭਾਵ ਤੈਨੂੰ ਮਿਲਨਾ ਨਹੀਂ ਚਾਹੁੰਦਾ)॥੧॥

ਓਹ (ਤੈਥੋਂ) ਵੈਰਾਗੀ ਹੋ ਕੇ ਕਿਥੇ ਜਾ ਸਮਾਏ ? ਤੂੰ ਤਾਂ ਉਸ ਤੋਂ ਬਿਨਾ ਮਾੜੀ ਹਾਲਤ ਵਿਚ ਹੋ ਰਹੀ ਹੈਂ॥੧॥ਰਹਾਉ॥

ਉਨ੍ ਕੈ ਸੰਗਿ ਤੂ ਗ੍ਰਿਹ ਮਹਿ ਮਾਹਰਿ॥
ਉਨ੍ ਕੈ ਸੰਗਿ ਤੂ ਹੋਈ ਹੈ ਜਾਹਰਿ ॥
ਉਨ੍ ਕੈ ਸੰਗਿ ਤੂ ਰਖੀ ਪਪੋਲਿ ॥
ਓਸੁ ਬਿਨਾ ਤੂੰ ਛੁਟਕੀ ਰੋਲਿ ॥੨॥

ਉਸ (ਆਤਮਾ) ਦੇ ਸੰਗ ਕਰਕੇ ਤੂੰ (ਅਪਣੇ) ਘਰ ਵਿਚ ਚਉਧਰਾਣੀ ਬਣੀ ਹੈਂ। ਉਸ ਦੇ ਸੰਗ ਕਰਕੇ ਹੀ ਤੂੰ (ਦੁਨੀਆਂ ਵਿਚ) ਪ੍ਰਗਟ ਹੋ ਰਹੀ ਸੀ। ਉਸ ਦੇ ਸੰਗ ਕਰ ਕੇ ਤੂੰ ਪਾਲ ਪੋਸ ਕੇ ਰੱਖੀ ਜਾਂਦੀ ਸੈਂ, (ਹੁਣ) ਉਸ ਤੋਂ ਬਿਨਾ ਤੂੰ ਛੁੱਟੜ ਹੋ ਕੇ ਰੁਲ ਰਹੀ ਹੈਂ॥੨॥

ਉਨ੍ ਕੈ ਸੰਗਿ ਤੇਰਾ ਮਾਨੁ ਮਹਤੁ ॥
ਉਨ੍ ਕੈ ਸੰਗਿ ਤੁਮ ਸਾਕੁ ਜਗਤੁ ॥
ਉਨ੍ ਕੈ ਸੰਗਿ ਤੇਰੀ ਸਭ ਬਿਧਿ ਥਾਟੀ॥
ਓਸੁ ਬਿਨਾ ਤੂੰ ਹੋਈ ਹੈ ਮਾਟੀ ॥੩॥
ਓਹੁ ਬੈਰਾਗੀ ਮਰੈ ਨ ਜਾਇ ॥
ਹੁਕਮੇ ਬਾਧਾ ਕਾਰ ਕਮਾਇ ॥
ਜੋੜਿ ਵਿਛੋੜੇ ਨਾਨਕ ਥਾਪਿ ॥
ਅਪਨੀ ਕੁਦਰਤਿ ਜਾਣੈ ਆਪਿ
॥੪॥੩੧॥੮੨॥

ਉਸ ਦੇ ਸੰਗ ਕਰਕੇ ਤੇਰੀ ਮਾਨ ਵਡਿਆਈ ਸੀ,ਉਸ ਦੇ ਸੰਗ ਕਰਕੇ ਤੇਰਾ ਜਗਤ ਨਾਲ ਨਾਤਾ ਰਿਸ਼ਤਾ ਸੀ। ਉਸ ਦੇ ਸੰਗ ਕਰਕੇ ਤੇਰੀ ਹਰ ਤ੍ਰੀਕੇ ਨਾਲ ਸੰਵਾਰ ਸ਼ਿੰਗਾਰ ਰਹਿੰਦੀ ਸੀ। (ਹੁਣ) ਉਸ ਤੋਂ ਬਿਨਾਂ ਤੂੰ ਮਿਟੀ (ਮਰੀਖੀ) ਹੋ ਰਹੀ ਹੈਂ॥੩॥ (ਪਰ ਉਹ ਵਿਚਾਰਾ ਕੀਹ ਕਰੇ) ? ਓਹ ਤਾਂ ਨਿਰਲੇਪ ਹੈ (ਤੱਤਾਂ ਆਦਿ ਤੋਂ), ਨਾ ਉਹ ਮਰਦਾ ਹੈ ਨਾ ਕਿਤੇ ਜਾਂਦਾ ਆਉਂਦਾ) ਹੈ, ਹੁਕਮ ਵਿਚ ਬੱਧਾ ਕੰਮ ਕਰਦਾ ਹੈ। ਹੇ ਨਾਨਕ ! ਅਪਣੀ ਕੁਦਰਤ ਨੂੰ (ਹੁਕਮੀ) ਆਪ ਹੀ ਜਾਣਦਾ ਹੈ (ਕਿ ਕੀਕੂੰ ਉਹ ਸੰਜੋਗਾਂ ਨਾਲ ਦੇਹ ਆਤਮਾ ਨੂੰ) ਜੋੜਦਾ ਹੈ, (ਕੀਕੂੰ ਫੇਰ) ਵਿਛੋੜਦਾ ਹੈ (ਤੇ ਜੋੜਦਾ ਵਿਛੋੜਦਾ ਹੋਇਆ ਫੇਰ ਕੀਕੂੰ ਜਗਤ ਨੂੰ) ਕਾਯਮ ਰੱਖ ਰਿਹਾ ਹੈ॥੪॥੮੨॥

ਵਜਾਖਜਾ— ਸਾਰੇ ਸ਼ਬਦ ਵਿਚ ਦੱਸਿਆ ਹੈ ਕਿ ਆਤਮਾ ਯਾ ਜੀਵ ਦੇ ਸੰਜੋਗ ਕਰਕੇ ਇਨਸਾਨੀ ਦੇਹ ਭੋਗ ਭੋਗਦੀ, ਸਤਿਕਾਰ ਪਾਉਂਦੀ ਤੇ ਕਾਰਜ ਕਰਦੀ ਹੈ। ਆਤਮਾ ਛੁੱਟੀ ਤਾਂ ਛੁੱਟੜ ਹੈ ਤੇ ਕਿਸੇ ਕੰਮ ਨਹੀਂ ਆਉਂਦੀ। ਇਸ਼ਾਰੇ ਨਾਲ ਮਨੁੱਖ ਨੂੰ ਜਣਾਇਆ ਹੈ ਕਿ ਦੇਹੀ ਦਾ ਮਾਣ ਕਰਕੇ ਉਮਰਾ ਵਿਅਰਥ ਨਾ ਗੁਆ, ਇਹ ਨਿਰੀ ਕੁਛ ਕੰਮ ਨਹੀਂ ਸਾਰਦੀ। ਕਿਉਂ ਦੇਹ ਆਤਮਾ ਦਾ ਸੰਜੋਗ ਤੇ ਜਗਤ ਰਚਨਾ ਹੈ ? ਇਸ ਦਾ ਉੱਤਰ ਵਾਹਿਗੁਰੂ ਜੀ ਤੇ ਛੋੜਿਆ ਹੈ ਕਿ ਉਹ ਜਾਣਦਾ ਹੈ। ਸਾਰੇ ਵਿਚ ਵੈਰਾਗ ਦਾ ਇਕ ਅਚਰਜ ਨਕਸ਼ਾ ਬੱਧਾ ਹੈ।

ਨਿਰੁਕ੍ਤ—ਉਨ—ਉਸ, ਭਾਵ ਹੈ ਆਤਮਾ ਯਾ ਜੀਵ ਤੋਂ, ਉਸ ਨੂੰ ਅੰਕ ੪ ਵਿਚ ਅਮਰ ਤੇ ਅਚੱਲ ਦੱਸਿਆ ਹੈ।

ਕੇਲ—[ਸੰਸ:, ਕੇਲਿ: = ਖੇਲ,ਕ੍ਰੀੜਾ] ਖੇਲਾਂ, ਚੋਜ, ਮੌਜਾਂ।।

ਹਮ ਤੁਮ ਸੰਗਿ ਮੇਲ—ਹਮਾ ਤੁਮਾ (= ਸਭ ਕਿਸੇ) ਨਾਲ ਮੇਲ। ਆਸਾ ਦੀ ਵਾਰ ਵਿਚ ਹੈ:-

'ਹਮਾ ਤੁਮਾ ਮੇਲੁ॥' [ਵਾਰ ਆਸਾ ਮਹਲਾ ਮ: ੧-੨੦].

ਤੇ ਬੈਰਾਗੀ ਕਹਾ ਸਮਾਏ-ਓਹ ਵੈਰਾਗੀ ਹੋ ਕੇ ਕਿੱਥੇ ਜਾ ਸਮਾਇਆ ਹੈ ? (ਅ) (ਜੋ ਤੇਰੇ ਵਿਚ) ਸਮਾਏ (ਹੋਏ ਸਨ) ਓਹ ਵੈਰਾਗੀ ਜੀ ਕਿੱਥੇ ਹਨ ?

ਦੁਹੇਰੀ–[ਸੰਸ:, ਦੁਰ+ਹੇਲਾ (ਖੇਲ)] ਦੁਖੀ, ਮਾੜੀ ਹਾਲਤ ਵਿਚ।

ਮਾਹਰਿ–ਮਹਿਰ ਦਾ ਇਸਤ੍ਰੀ ਲਿੰਗ, ਚੌਧਰਾਣੀ। (ਅ) ਜਾਣ। ਇਤਬਾਰ ਵਾਲੀ। ਵਡਕੀ ਪਪੋਲਿ- ਪਲੋਸਕੇ, ਪਾਲ ਪੋਸਕੇ। **ਰੋਲ**-ਰੁਲ ਗਈ ਹੈਂ। (ਅ) ਮਿੱਟੀ ਵਿਚ।

ਮਹਤ-ਵਡਿਆਈ। **ਸਭ ਬਿਧਿ ਥਾਟੀ**-ਸਭ ਤਰ੍ਹਾਂ ਦੀ ਬਨਾਵਟ ਹੁੰਦੀ ਸੀ। ਭਾਵ ਸ਼ਿੰਗਾਰ ਸੰਵਾਰ ਹੁੰਦਾ ਸੀ।

[ਆਸਾ ਮਹਲਾ ੫, ਚਉਪਦਾ,੯੩-੧੫੦]

ਮੂਲ	ਅਰਥ
ਆਸਾ ਮਹਲਾ ੫ ॥ ਨਾ ਓਹੁ ਮਰਤਾ ਨਾ ਹਮ ਡਰਿਆ ॥ ਨਾ ਓਹੁ ਬਿਨਸੈ ਨਾ ਹਮ ਕੜਿਆ ॥ ਨਾ ਓਹੁ ਨਿਰਧਨੁ ਨਾ ਹਮ ਭੂਖੇ ॥ ਨਾ ਓਸੁ ਦੂਖੁ ਨ ਹਮ ਕਉ ਦੂਖੇ ॥੧॥	ਨਾਂ ਉਹ (ਕਦੇ) ਮਰਦਾ ਹੈ (ਸੋ) ਨਾ ਅਸੀਂ (ਮੌਤ ਤੋਂ ਕਦੇ) ਡਰੇ ਹਾਂ, ਉਹ ਬਿਨਸਦਾ ਕਦੇ ਨਹੀਂ (ਸੋ) ਨਾ (ਕਦੇ ਨਾਸ ਹੋਣ ਦੇ ਭੈ ਕਰਕੇ) ਅਸੀਂ ਝੁਰੇ ਹਾਂ। ਉਹ (ਕਦੇ) ਧਨ ਹੀਨ ਨਹੀਂ ਹੋਇਆ (ਸੋ) ਅਸੀਂ(ਬੀ ਕਦੇ) ਭੁੱਖੇ ਨਹੀਂ (ਰਹਿਣ ਲੱਗੇ)। ਉਸ ਨੂੰ ਕਦੇ ਦੁੱਖ ਨਹੀਂ ਹੋਇਆ (ਸੋ) ਸਾਨੂੰ (ਕਦੇ) ਦੁਖ ਨਹੀਂ ਹੋਣ ਲੱਗਾ॥੧॥
ਅਵਰੁ ਨ ਕੋਊ ਮਾਰਨਵਾਰਾ ॥ ਜੀਅਉ ਹਮਾਰਾ ਜੀਉ ਦੇਨਹਾਰਾ ॥੧॥ ਰਹਾਉ ॥	(ਸਾਨੂੰ) ਜੀਵਨ ਦੇਣ ਵਾਲਾ (ਹੀ ਤਾਂ) ਸਾਡਾ ਜੀਵਨ ਹੈ, (ਫੇਰ ਸਾਨੂੰ) ਮਾਰਨ ਵਾਲਾ ਹੋਰ ਕੋਈ ਹੋ ਨਹੀਂ ਸਕਦਾ॥੧॥ਰਹਾਉ॥
ਨਾ ਉਸੁ ਬੰਧਨ ਨਾ ਹਮ ਬਾਧੇ ॥ ਨਾ ਉਸੁ ਧੰਧਾ ਨਾ ਹਮ ਧਾਧੇ ॥ ਨਾ ਉਸੁ ਮੈਲੁ ਨ ਹਮ ਕਉ ਮੈਲਾ ॥ ਓਸੁ ਅਨੰਦੁ ਤ ਹਮ ਸਦ ਕੇਲਾ॥੨॥	(ਕਿਉਂਕਿ) ਉਸ ਨੂੰ (ਕੋਈ) ਬੰਧਨ ਨਹੀਂ ਹੈ, (ਇਸ ਲਈ) ਅਸੀਂ ਬੀ ਬੱਧੇ ਹੋਏ ਨਹੀਂ ਹਾਂ। ਉਸ ਨੂੰ ਕੋਈ ਧੰਦਾ ਨਹੀਂ(ਪਿਆ ਹੋਇਆ ਸੋ) ਅਸੀਂ ਬੀ ਕਿਸੇ ਧੰਦਾਲ ਵਿਚ ਨਹੀਂ(ਫਸੇ ਹੋਏ)। ਉਸ ਨੂੰ ਮੈਲ ਕੋਈ ਨਹੀਂ ਲਗਦੀ (ਸੋ) ਸਾਨੂੰ ਬੀ ਮੈਲ ਨਹੀਂ ਲਗਦੀ। ਉਸ ਨੂੰ ਸਦਾ ਆਨੰਦ ਹੈ ਤਦ ਸਾਨੂੰ ਬੀ ਸਦਾ ਖੁਸ਼ੀਆਂ ਹਨ॥੨॥
ਨਾ ਉਸੁ ਸੋਚੁ ਨ ਹਮ ਕਉ ਸੋਚਾ ॥ ਨਾ ਉਸੁ ਲੇਪੁ ਨ ਹਮ ਕਉ ਪੋਚਾ ॥ ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ॥ ਜਾ ਉਹੁ ਨਿਰਮਲੁ ਤਾਂ ਹਮ ਜਚਨਾ॥੩॥	ਉਸ ਨੂੰ ਕੋਈ ਫਿਕਰ ਨਹੀਂ (ਸੋ) ਸਾਨੂੰ ਬੀ ਕੋਈ ਸੋਚ (ਫਿਕਰ) ਨਹੀਂ, ਉਸ ਨੂੰ ਲੇਪ (ਦਾਗ਼) ਨਹੀਂ ਲਗਦਾ, (ਸੋ) ਸਾਨੂੰ ਬੀ ਕੋਈ ਧੱਬਾ ਨਹੀਂ (ਪੈਂਦਾ)। ਉਸ ਨੂੰ (ਕੋਈ) ਭੁੱਖ (ਤ੍ਰਿਸ਼ਨਾ) ਨਹੀਂ ਵਾਪਰਦੀ, ਸੋ ਸਾਨੂੰ ਬੀ ਕੋਈ ਤ੍ਰਿਸ਼ਨਾ ਨਹੀਂ (ਪੋਂਹਦੀ)। ਜਦ ਉਹ (ਸਦਾ) ਮੈਲ ਰਹਿਤ ਹੈ ਤਾਂ ਅਸੀਂ (ਬੀ) ਸ੍ਰੇਸ਼ਟ ਕੁਲ ਵਿਚੋਂ ਹਾਂ॥੩॥
ਹਮ ਕਿਛੁ ਨਾਹੀ ਏਕੈ ਓਹੀ ॥ ਆਗੈ ਪਾਛੈ ਏਕੋ ਸੋਈ ॥ ਨਾਨਕ ਗੁਰਿ ਖੋਏ ਭ੍ਰਮ ਭੰਗਾ ॥ ਹਮ ਓਇ ਮਿਲਿ ਹੋਏ ਇਕ ਰੰਗਾ ॥੪॥੩੨॥੯੩॥	ਅਸੀਂ ਕੁਛ ਨਹੀਂ ਹਾਂ (ਜੋ ਕੁਛ ਹੈ ਸੋ) ਇਕੋ ਓਹੋ ਹੈ (ਪਾਛੈ =) ਪਿਛਲੇ ਸਮੇਂ ਵਿਚ ਇਕੋ ਉਹੀ ਸੀ, ਅੱਗੋਂ ਨੂੰ (ਇਕ ਉਹੋ ਹੋਵੇਗਾ)। ਹੇ ਨਾਨਕ ! ਗੁਰੂ ਨੇ ਭਰਮ, ਜੋ ਵਿਘਨਕਾਰੀ ਸਨ ਦੂਰ ਕਰ ਦਿੱਤੇ ਹੁਨ। (ਹੁਣ) ਓਹ ਤੇ ਅਸੀਂ ਮਿਲਕੇ ਇਕ ਮਈ ਹੋ ਗਏ ਹਾਂ॥੪॥੩੨॥੯੩॥

ਵ੍ਯਾਖ੍ਯਾ– ਪਿਛਲੇ ਸ਼ਬਦ ਵਿਚ ਉਨ,ਉਸ ਆਦਿ ਸਰਵ ਨਾਮ ਕਹਿ ਕੇ ਜੀਵਾਤਮਾਂ ਤੋਂ ਭਾਵ ਲਿਆ ਸੀ, ਜਿਸ ਦੀ ਸੈਨਤ ਸ਼ਬਦ ਦੇ ਵਿਚੋਂ ਅੰਕ ੪ ਬੀ ਮਿਲ ਗਈ ਸੀ। ਇਸ ਸ਼ਬਦ ਵਿਚ ਓਹੁ, ਓਸੁ ਉਸੁ, ਉਹੁ, ਓਇ ਆਦਿ ਸਰਵ ਨਾਮ ਕਹਿ ਕੇ ਭਾਵ ਪਰਮਾਤਮ ਦੇਵ ਅਕਾਲ ਪੁਰਖ ਤੋਂ ਲਿਆ ਹੈ, ਜਿਸ ਦੀ ਸੈਨਤ ਅੰਕ ਚਾਰ ਵਿਚ 'ਏਕੈ ਓਹੀਂ' ਕਹਿ ਕੇ ਦੇ ਦਿੱਤੀ ਹੈ। ਉਹ ਜੋ ਇਕੋ ਹੈ, ਭਾਵ ਅਕਾਲ ਪੁਰਖ।

ਅੰਕ ੩ ਦੇ ਅੰਤ ਤਕ ਹਰ ਸਤਰ ਵਿਚ 'ਓਹ' ਦੀ ਕੋਈ ਸਿਫਤ ਮੂਲਕ ਦੱਸੀ ਹੈ,ਤੇ ਉਸ ਦਾ ਫਲ ਆਪ ਨੂੰ ਪ੍ਰਾਪਤ ਦੱਸਿਆ ਹੈ ਤੇ ਦੋਹਾਂ ਦੇ ਵਿਚਾਲੇ ਜੋ ਕਾਰਣ ਹੈ ਸੋ ਅੰਕ ੪ ਦੀ ਅੰਤਲੀ ਤੁਕ ਵਿਚ ਦੱਸਿਆ ਹੈ:- 'ਹਮ ਓਇ ਮਿਲਿ ਹੋਏ ਇਕ ਰੰਗਾ॥'

ਪ੍ਰਸ਼ਨ ਹੁੰਦਾ ਹੈ ਕਿ ਇਹ ਇਕ ਰੰਗਤਾ ਪ੍ਰਾਪਤ ਕਿਵੇਂ ਹੋਈ ? ਤਾਂ ਅੰਕ ੪ ਵਿਚ ਹੀ ਫੁਰਮਾਉਂਦੇ ਹਨ ਕਿ: ਨਾਨਕ ਗੁਰਿ ਖੋਏ ਭ੍ਰਮ ਭੰਗਾ। ਕਿ ਗੁਰੂ ਨੇ ਭਰਮ ਦੂਰ ਕਰ ਦਿਤੇ ਹਨ; ਕਿਹੜੇ ਭਰਮ ? ਜੋ ਦੋਹਾਂ ਦੇ ਇਕ ਰੰਗਾ' ਹੋਣ ਵਿਚ ਭਰਮ ਪੈਦਾ ਕਰਕੇ ਭੰਗ ਪਾ ਦੇਂਦੇ ਸਨ। ਇਸ ਲੱਖਤਾ ਵਿਚ ਕਿ 'ਹਮ ਓਇ' ਇਕ ਰੰਗ ਹਾਂ ਯਾ ਹੋ ਜਾ ਸਕਦੇ ਹਾਂ। ਗੁਰੂ ਨੇ ਇਹ ਭਰਮ ਕਿਵੇਂ ਕੱਟਿਆ? ਇਹ ਇਥੇ ਨਹੀਂ ਦੱਸਿਆ ਹੋਰਨਾਂ ਅਨੇਕਾਂ ਸ਼ਬਦਾਂ ਵਿਚ ਕਈ ਵੇਰ ਦੱਸਿਆ ਹੈ, ਜਿਥੇ ਨਾਮ, ਬਾਣੀ, ਗੁਰ ਉਪਦੇਸ਼ ਆਦਿ ਗੁਰੂ ਦੇ ਦੱਸੇ ਉਪਚਾਰ ਵਰਣਨ ਕੀਤੇ ਹਨ।ਉਹਨਾਂ ਅਭਿਆਸਾਂ ਨਾਲ ਵਿਘਨਕਾਰੀ ਯਾ ਭੰਗ ਪਾਉਣ ਵਾਲੀ ਸ਼ੈ ਜੋ ਸੀ ਹਉਮੈਂ, ਦੱਸੀ ਹੈ ਤੇ, ਗੁਰੂ ਦੇ ਦੱਸੇ ਉਪਦੇਸ਼ ਤੇ ਮੇਹਰ ਨਾਲ ਉਹ ਹਉਮੈਂ ਦੂਰ ਹੋਈ, ਤੇ ਪਤਾ ਲਗਾ ਕਿ ਇਕੋ ਓਹੋ ਹੀ ਸਤਿ ਵਸਤੂ ਹੈ ਤੇ 'ਹਮ' ਜੋ ਹਉਂ ਸੰਯੁਕਤ 'ਹਮ' ਬਣੇ ਫਿਰਦੇਸਾਂ ਗ਼ਲਤ ਸੀ, ਅਸੀਂ ਹਉਮੈ ਕਰਕੇ ਜੋ ਕੁਛ ਬਣੇ ਸਾਂ ਉਹ ਕੁਛ ਨਹੀਂ ਹੈ। ਉਹੋ ਇਕੋ ਹੈ:-'ਹਮ ਕਿਛੁ ਨਾਹੀ ਏਕੇ ਓਹੀਂ', ਇਹ ਸੋਝੀ ਪੈ ਜਾਣ ਤੇ ਇਹ ਬੀ ਸਮਝ ਪੈ ਗਈ ਕਿ ਹੁਣ ਹੀ ਨਹੀਂ ਓਹੋ ਸਤਜ ਵਸਤੂ, ਅਗੇ ਪਿੱਛੇ(=ਪਿਛਲੇ ਸਮੇਂ ਤੇ ਆਉਣ ਵਾਲੇ ਸਮੇਂ) ਬੀ ਉਹੋ ਹੈ। ਤਿੰਨਾਂ ਕਾਲਾਂ ਵਿਚ ਇਕ ਰਸ ਰਹਿਣੇ ਵਾਲਾ ਸਦਾ ਜਾਗਤਾ ਦੇਵ ਉਹੋ ਇਕੋ ਹੈ, ਜਿਸ ਨਾਲ ਮਿਲਕੇ ਇਕ ਰੰਗ ਹੋ ਗਏ ਹਾਂ।

ਉਸ ਦਾ ਫਲ ਕੀਹ ਹੋਇਆ ਕਿ ਸਾਡੀ ਹਉਮੈ ਵਾਲੀ 'ਹਮ' ਹੁਣ 'ਕਿਛੁ ਨਾਹੀਂ' ਹੋ ਗਈ ਹੈ, ਹੁਣ ਸਾਡੀ ਹਮ ਜੋ ਇਸ ਸ਼ਬਦ ਵਿਚ ਬੋਲੀ ਹੈ ਸ਼ੁੱਧ ਹਮ ਬੋਲੀ ਹੈ, ਜੋ ਏਕੈ ਓਹੀਂ ਨਾਲ ਇਕ ਰੰਗ ਹੋ ਗਈ ਹੈ। ਉਹ 'ਸ਼ੁੱਧ ਹਮ' ਹੁਣ ਕੀਹ ਪ੍ਰਤੀਤ ਕਰਦੀ ਹੈ, ਅਰਥਾਤ ਕੀਹ ਲਖਦੀ ਹੈ ? ਕਿ ਮੇਰੇ ਲਈ ਡਰ, ਝੋਰਾ, ਭੁੱਖ, ਤ੍ਰਿਸ਼ਨਾ, ਦੁਖ, ਮੌਤ, ਬੰਧਨ, ਧੰਦਾਲ, ਫਸੌਤੀਆਂ, ਹਉਂ ਦੀ ਮੈਲ, ਫਿਕਰ, ਚਿੰਤਾ, ਲਿਪਾਇਮਾਨਤਾ, ਕੋਈ ਸ਼ੈ ਨਹੀਂ ਰਹਿ ਗਈਆਂ; ਕਿਉਂਕਿ ਹਉਮੈਂ ਤੋਂ ਸ਼ੁਧ ਹੋ ਗਏ ਹਾਂ ਤੇ ਉਹ ਜੋ ਏਕੋ ਹੈ ਉਸ ਨਾਲ ਇਕ ਰੰਗ ਹੋ ਗਏ ਹਾਂ।

ਵਿਸ਼ੇਸ਼– ਇਸ ਸ਼ਬਦ ਵਿਚ ਇਕ ਹੋਰ ਤਰ੍ਹਾਂ ਦੀ ਸੰਮਤੀ ਬੀ ਦਿੱਤੀ ਹੈ, ਜਿਵੇਂ ਯੋਗ ਦਰਸ਼ਨ ਦੇ ਤੀਸਰੇ ਪਾਦ ਵਿਚ ਸੰਯਮ (ਧਾਰਨਾ, ਧਯਾਨ, ਸਮਾਧੀ) ਦੁਆਰਾ ਕਈ ਪ੍ਰਕਾਰ ਦੀਆਂ ਸਿਧੀਆਂ ਦੀ ਪ੍ਰਾਪਤੀ ਦੱਸੀ ਹੈ, ਇਸ ਸ਼ਬਦ ਵਿਚ ਬੀ ਕੁਛ ਉਸ ਪ੍ਰਕਾਰ ਦੀ ਜਾਚ ਦੱਸੀ ਹੈ, ਜਿਸ ਦਾ ਅਸੂਲ ਇਹ ਹੈ ਕਿ ਜੈਸਾ ਕਰਕੇ ਵਾਹਿਗੁਰੂ ਜੀ ਦੀ ਅਰਾਧਨਾ ਕਰੋਗੇ ਓਹ ਗੁਣ ਤੁਸਾਂ ਵਿਚ ਆ ਜਾਣਗੇ। ਜਿਵੇਂ ਫੁਰਮਾਯਾ ਹੈ:- ਨਿਰਭਉ ਜਪੈ ਸਗਲ ਭਉ ਮਿਟੈ। [ਗਉੜੀ ਮ: ੫, ਸੁਖਮਨੀ ੨੨-੭]

ਤਿਵੇਂ ਜੇ ਤੁਸੀਂ ਵਾਹਿਗੁਰੂ ਜੀ ਨੂੰ ਅਮਰ ਸਮਝਕੇ ਨਾਮ ਜਪੋਗੇ ਤਾਂ ਤੁਹਾਡਾ ਮੌਤ ਦਾ ਭੈ ਦੂਰ ਹੋ ਜਾਏਗਾ।ਜੇ ਅਵਿਨਾਸ਼ ਸਮਝੋਗੇ, ਤਾਂ ਹਾਇ ਅਸਾਂ ਮਰ ਜਾਣਾ ਹੈ, ਇਸ ਦਾ ਝੋਰਾ ਮਿਟ ਜਾਏਗਾ। ਜੀਉਣ ਦੀ ਪਕੜ ਤੇ ਹਾਇ ਨਾ ਮੁਕੇ ਦਾ ਝੋਰਾ ਤੇ ਮਰ ਕੇ ਦੁਖੀ ਹੋਣ ਦਾ ਡਰ ਦੂਰ ਹੋ ਜਾਏਗਾ। ਜੇ ਤੁਸੀਂ ਕੰਗਾਲ ਹੋ, ਅੰਨ ਪਾਣੀ ਦੀ ਤੰਗੀ ਹੈ, ਤਾਂ ਵਾਹਿਗੁਰੂ ਜੀ ਦਾ ਸਿਮਰਨ ਕਰੋ, ਉਸ ਨੂੰ ਪਰਮ

ਧਨੀ ਉਦਾਰ ਸਮਝਕੇ ਤੁਹਾਡੀ ਭੁੱਖ ਦੂਰ ਹੋਵੇਗੀ। ਜੇ ਸਰੀਰ ਅਰੋਗ ਨਹੀਂ ਰਹਿੰਦਾ ਤਾਂ ਵਾਹਿਗੁਰੂ ਜੀ ਦਾ ਸਿਮਰਨ ਕਰੋ, ਉਸ ਨੂੰ ਪੂਰਨ ਤੰਦਰੁਸਤੀ ਸਮਝ ਕੇ ਸੰਪੂਰਨ ਨਰੋਆਪਨ (=ਅਰੋਗਤਾ) ਦਾ ਰੂਪ ਖਜਾਲ ਕਰਕੇ ਨਾਮ ਸਿਮਰੋ, ਤੁਹਾਨੂੰ ਅਰੋਗਤਾ ਮਿਲੇਗੀ, ਦਿਲ ਵਿਚੋਂ 'ਮੈਂ ਬੀਮਾਰ ਹਾਂ ਇਹ ਖਜਾਲ ਹਟਾਓ ਤੇ ਮੇਰਾ ਦਾਤਾ ਸਦਾ ਅਰੋਗ ਹੈ ਤੇ ਅਰੋਗਤਾ ਦਾ ਦਾਤਾ ਹੈ ਸਿਮਰਨ ਕਰੋ, ਇਸ ਦ੍ਰਿੜ ਅਭਜਾਸ ਦਾ ਫਲ ਅਰੋਗਤਾ ਹੋਏਗੀ। ਦਿਲ ਵਿਚ ਮਨਫੀ ਖਜਾਲ ਪੈਦਾ ਹੋਣੋਂ ਹੋੜਦੇ ਰਹੋ। ਇਸ ਪ੍ਰਕਾਰ ਜੋ ਨਮੂਨੇ ਇਸ ਸ਼ਬਦ ਵਿਚ ਦੱਸੇ ਹਨ ਵਾਹਿਗੁਰੂ ਜੀ ਨੂੰ ਉਨ੍ਹਾਂ ਗੁਣਾਂ ਦਾ ਸਰੂਪ, ਉਨ੍ਹਾਂ ਗੁਣਾਂ ਦਾ ਮਾਲਕ ਤੇ ਦਾਤਾ ਖਜਾਲ ਕਰਕੇ ਨਾਮ ਸਿਮਰੋ, ਓਹ ਓਹ ਵਸਤਾਂ ਪ੍ਰਾਪਤ ਹੋਣਗੀਆਂ*।

ਪ੍ਰੰਤੂ ਜੇ ਗੁਰੂ ਦੀ ਸਿੱਖ ਮਤ ਨਾਲ 'ਹਮ ਕਿਛੁ ਨਾਹੀਂ' ਦੀ ਅਨੁਭਵਤਾ ਤੱਕ ਅੱਪੜ ਪਓਗੇ ਤਾਂ ਉਸ ਨਾਲ ਇਕ ਰੰਗ ਹੋ ਜਾਓਗੇ, ਤਦ ਤੁਸਾਨੂੰ ਕਿਸੇ ਸ਼ੈ ਦੀ ਇੱਛਾ ਹੀ ਨਾ ਰਹੇਗੀ ਕਿ ਪ੍ਰਾਪਤ ਹੋਵੇ, ਫੇਰ ਜੋ ਕੁਛ ਕਰਤਾਰ ਵਰਤਾਏਗਾ ਤੁਸੀਂ ਉਸ ਹੁਕਮ ਦੀ ਤਾਰ ਪ੍ਰੋਤੇ ਉਸ ਨਾਲ ਇਕ ਰੰਗ ਹੋਏ ਨਿਰਇਛਤ, ਨਿਰਭੈ, ਅਚਿੰਤ, ਸਦਾ ਆਨੰਦ ਵਿਚ ਜੀਵਨ ਬਸਰ ਕਰੋਗੇ। ਜੀਵਨ ਉਪ੍ਰੰਤ ਉਸੇ ਏਕਤਾ ਦੇ ਰੰਗ ਵਿਚ ਰੰਗੇ ਇਕ ਰੰਗ ਰਹੋਗੇ। ਤੁਸਾਂ ਲਈ ਮਰਨ ਜਨਮ ਕੋਈ ਸ਼ੈ ਨਾ ਰਹੇਗਾ।

ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥ [ਵਾਰ ਮਾਰੂ ਮਹਲਾ ੫-੧੮]

ਨਿਰੁਕ੍ਤ—ਓਹੁ-ਭਾਵ ਹੈ ਅਕਾਲ ਪੁਰਖ, ਪਰਮਾਤਮਾ।

ਕੜਿਆ—[ਦੇਖੋ 'ਕਾਰਾ' ਪੰਨਾ ੧੬੨੨] ਝੂਰੇ। ਝੂਰਦੇ ਹਾਂ।

ਨਿਰਧਨੁ ਧਨ ਹੀਨ, ਗ਼ਰੀਬ।

ਜੀਅਉ ਹਮਾਰਾ—ਸਾਡਾ ਜੀਵਨ ਹੈ। (ਅ) ਐਉਂ ਬੀ ਕਰ ਲੈਂਦੇ ਹਨ: [ਫਾ:, ਹਮਾ+ਰਾ=ਸਾਰਿਆਂ ਨੂੰ] ਜੋ ਸਾਰਿਆਂ ਨੂੰ ਜੀਉ ਦੇਣ ਹਾਰਾ ਹੈ, ਸਾਡਾ ਜੀਵਨ ਹੈ।

ਧਾਧੇ—ਧੰਦੇ। ਧੰਦਾਲ, ਭਾਵ ਹੈ ਧੰਦਾਲਾਂ ਵਿਚ ਫਸੇ ਹੋਏ ਨਹੀਂ ਹਾਂ।

ਕੇਲਾ—ਖੇਲ ਚੋਜ ਅਨੰਦ।

ਸੋਚ—ਦਾ ਭਾਵ ਏਥੇ ਸੋਚ ਫਿਕਰ ਅਰਥਾਤ 'ਚਿੰਤਾ' ਹੈ।

ਲੇਪੁ—(ਸੰਸ:, ਲੇਪ:=ਧੱਬਾ,ਦਾਗ਼) ਲਿਪਾਇਮਾਨਤਾ, ਦਾਗ ਲੱਗਣਾ।

ਜਚਨਾ—(ਸੰਪ੍ਰਦਾ) ਪਵਿਤ੍ਰ। ਸ਼ੁਧ†।

(ਅ) [ਜਾਚਣਾ ਤੋਂ ਜਚਨਾ] ਤੁੱਲਜਤਾ। ਬਰੱਬਰੀ। ਤੁਕ ਦਾ ਅਰਥ ਅਸੀਂ ਬੀ ਉਸ ਦੀ ਤੁਲਨਾ ਦੇ ਹਾਂ, ਭਾਵ ਉਸ ਵਰਗੇ ਨਿਰਮਲ ਹਾਂ।

(ੲ) [ਜਾਚਨਾਂ ਤੋਂ=ਅੰਦਾਜ਼ਾ] ਜਾਚੀ ਹੋਈ ਗੱਲ, ਖਿਆਲ, ਵੀਚਾਰ ਕਰਨਾ।

(ਸ) [ਯਾਚਨਾ ਤੋਂ ਜਾਚਨਾ] ਮੰਗਤਾ। ਯਥਾ:

ਕਹੁ ਨਾਨਕ ਪ੍ਰਭ ਕੇ ਸਭਿ ਜਚਨਾ॥ [ਬਿਲਾਵਲ ਮਹਲਾ ੫-੭]

ਕਾਲ ਦਾ ਕਾਲ ਨਿਰੰਜਨ ਜਚਨਾ॥ [ਸਵਈਏ ਮਹਲੇ ੪ ਕੇ-੪੨]

ਭੰਗ-ਭੰਗ ਪਾਉਣ ਵਾਲ, ਵਿਘਨਕਾਰੀ। ਭਰਮ ਜੋ ਅਕਾਲ ਪੁਰਖ ਨਾਲ ਇਕ ਰੰਗ ਹੋ ਜਾਣ ਵਿਚ ਵਿਘਨਕਾਰੀ ਹੁੰਦੇ ਹਨ।

---

*ਪ੍ਰੰਤੂ ਇਨ੍ਹਾਂ ਗੱਲਾਂ ਲਈ ਦ੍ਰਿੜ੍ਹ ਅਭਜਾਸ ਦੀ ਲੋੜ ਹੈ, ਜੋ ਦੇਰ ਤਕ ਕੀਤਾ ਜਾਵੇ।

†ਜਚਨਾ ਪ੍ਰਾਕ੍ਰਿਤ ਭਾਸ਼ਾ ਤੋਂ ਬਣਿਆ ਹੈ, ਉਥੇ ਇਸ ਦਾ ਰੂਪ ਹੈ: ਜੱਚਨਿੱਯ=ਉਸੇ ਜਾਤੀ ਦਾ, ਸ੍ਰੇਸ਼ਟ ਕੁਲ ਦਾ, ਸਕੁਲ ਆਦਿਕ।

[ਆਸਾ ਮਹਲਾ ੫, ਚਉਪਦਾ,੮੪-੧੫੧]

ਪ੍ਰਾਕ੍ਥਨ–ਪ੍ਰਭੂ ਨੂੰ ਪ੍ਰਾਪਤ ਗੁਰਮੁਖ ਦੀ ਸੰਗਤ ਦਾ ਫਲ ਤੇ ਉਸ ਦੀ ਸੇਵਾ ਦਾ ਉਪਦੇਸ਼ ਹੈ ਤੇ ਪ੍ਰਭੂ ਪ੍ਰਾਪਤੀ ਸਤਿਸੰਗ ਦੁਆਰਾ ਦੱਸੀ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਅਨਿਕ ਭਾਂਤਿ ਕਰਿ ਸੇਵਾ ਕਰੀਐ ॥ ਜੀਉ ਪ੍ਰਾਨ ਧਨੁ ਆਗੈ ਧਰੀਐ ॥ ਪਾਨੀ ਪਖਾ ਕਰਉ ਤਜਿ ਅਭਿਮਾਨੁ॥ ਅਨਿਕ ਬਾਰ ਜਾਈਐ ਕੁਰਬਾਨੁ॥੧॥ ਸਾਈ ਸੁਹਾਗਣਿ ਜੋ ਪ੍ਰਭ ਭਾਈ ॥ ਤਿਸ ਕੈ ਸੰਗਿ ਮਿਲਉ ਮੇਰੀ ਮਾਈ॥ ॥੧॥ ਰਹਾਉ ॥	[ਅਰਥ ਰਹਾਉ ਤੋਂ ਚੁੱਕਦੇ ਹਾਂ] (ਗੁਰਮੁਖ ਰੂਪੀ) ਉਹ ਸੁਹਾਗਣ (ਇਸਤ੍ਰੀ) ਹੈ ਜੋ ਪ੍ਰਭੂ ਨੂੰ ਪਿਆਰੀ ਲਗ ਗਈ ਹੈ, ਹੇ ਮੇਰੀ ਮਾਂ ! (ਮੈਂ) ਉਸਦੇ ਨਾਲ ਮਿਲਣਾ ਚਾਹੁੰਦੀ ਹਾਂ॥੧॥ਰਹਾਉ॥ (ਉਸ ਦੀ) ਅਨੇਕ ਤਰ੍ਹਾਂ ਨਾਲ (ਚਾਹੀਦਾ ਹੈ ਕਿ ਅਸੀਂ) ਸੇਵਾ ਕਰੀਏ, ਜੀਉ ਤੇ ਪ੍ਰਾਣ ਤੇ ਧਨ(ਉਸ ਦੇ) ਅੱਗੇ (ਭੇਟਾ) ਧਰ ਦੇਈਏ। (ਜੀ ਕਰਦਾ ਹੈ ਕਿ ਉਸ ਨੂੰ) ਪਾਣੀ (ਪਿਲਾਵਾਂ) ਪੱਖਾ ਕਰਾਂ (ਤੇ ਇਹ ਸਭ ਕੁਛ) ਮਾਨ ਰਹਿਤ ਹੋ ਕੇ ਕਰਾਂ (ਸਗੋਂ) ਵਾਰ ਵਾਰ ਉਸ ਤੋਂ ਸਦਕੇ ਹੋਣਾ ਚਾਹੀਦਾ ਹੈ॥੧॥
ਦਾਸਨਿ ਦਾਸੀ ਕੀ ਪਨਿਹਾਰਿ ॥ ਉਨ੍ ਕੀ ਰੇਣੁ ਬਸੈ ਜੀਅ ਨਾਲਿ ॥ ਮਾਥੈ ਭਾਗੁ ਤ ਪਾਵਉ ਸੰਗੁ ॥ ਮਿਲੈ ਸੁਆਮੀ ਅਪੁਨੈ ਰੰਗਿ ॥੨॥	(ਹਾਂ ਕਿਵੇਂ ਮੈਂ ਉਸ ਸੁਹਾਗਣ ਦੀਆਂ) ਦਾਸੀਆਂ ਦੀ ਦਾਸੀ ਦੀ ਪਾਣੀ ਢੋਣ ਵਾਲੀ ਬਣ ਜਾਵਾਂ। ਉਨ੍ਹਾਂ ਦੀ (ਚਰਣ) ਧੂੜ ਮੇਰੇ ਹਿਰਦੇ ਦੇ ਨਾਲ਼ ਵੱਸਦੀ ਰਹੇ। (ਮੇਰੇ) ਮੱਥੇ ਤੇ (ਵੱਡੇ) ਭਾਗ (ਜੋ ਲਿਖੇ ਹੋਣਗੇ) ਤਾਂ (ਮੈਂ ਉਨ੍ਹਾਂ ਦਾ) ਸੰਗ ਪਾਵਾਂਗੀ, ਸੁਆਮੀ (ਤਾਂ) ਅਪਣੀ ਮੌਜ ਨਾਲ ਮਿਲਦਾ ਹੈ, (ਭਾਵ ਇਹ ਕਿ ਉਸ ਦੇ ਸੰਗ ਵਿਚ ਮਿਲੀ ਮੈਂ ਸਤਿਸੰਗ ਵਿਚ ਤਾਂ ਰਹਾਂਗੀ)॥੨॥
ਜਾਪ ਤਾਪ ਦੇਵਉ ਸਭ ਨੇਮਾ ॥ ਕਰਮ ਧਰਮ ਅਰਪਉ ਸਭ ਹੋਮਾ ॥ ਗਰਬੁ ਮੋਹੁ ਤਜਿ ਹੋਵਉ ਰੇਨ ॥ ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ ॥੩॥	(ਮੈਂ ਉਸ ਗੁਰਮੁਖ ਰੂਪੀ ਸੁਹਾਗਣ ਨੂੰ) ਜਾਪ ਤਾਪ ਤੇ ਨੇਮ (ਆਦਿ) ਸਾਰੇ ਦੇ ਦੇਵਾਂ (ਤੇ) ਹੋਮ (ਆਦਿ) ਕਰਮ ਧਰਮ ਸਾਰੇ ਅਰਪਨ ਕਰ ਦਿਆਂ, ਗਰਬ (=ਸ੍ਵੈਮਾਨ) ਤੇ ਮੋਹ ਛੱਡ ਕੇ (ਉਸ ਦੀ) ਧੂੜੀ ਹੋ ਜਾਵਾਂ (ਕਿਉਂਕਿ) ਉਸ ਦੇ ਸੰਗ ਵਿਚ (ਹੀ ਮੈਂ ਅਪਣੇ) ਪ੍ਰਭੂ ਨੂੰ ਅੱਖਾਂ ਨਾਲ ਵੇਖਾਂਗੀ॥੩॥
ਨਿਮਖ ਨਿਮਖ ਏਹੀ ਆਰਾਧਉ ॥ ਦਿਨਸੁ ਰੈਣਿ ਏਹ ਸੇਵਾ ਸਾਧਉ ॥ ਭਏ ਕ੍ਰਿਪਾਲ ਗੁਪਾਲ ਗੋਬਿੰਦ ॥ ਸਾਧਸੰਗਿ ਨਾਨਕ ਬਖਸਿੰਦ ॥੪॥੩੩॥੮੪॥	ਹਰ ਪਲ ਵਿਚ (ਮੈਂ) ਏਹੋ ਅਰਾਧਨਾ ਕਰ ਰਹੀ ਹਾਂ, ਦਿਨੇ ਰਾਤ ਏਹੋ (ਉਪਰਕਥੀ) ਸੇਵਾ ਕਰ ਰਹੀ ਹਾਂ, (ਕਿਉਂਕਿ ਮੈਨੂੰ ਪਤਾ ਹੈ ਕਿ ਜਦ ਕਦੇ ਮੇਰੇ ਪਿਆਰੇ) ਗੋਪਾਲ ਗੋਬਿੰਦ ਜੀ ਕ੍ਰਿਪਾਲ ਹੋਏ ਹਨ, ਹੇ ਨਾਨਕ ! (ਤਦ) ਸਾਧੂ ਦੇ ਸੰਗ ਵਿੱਚੋਂ ਹੀ ਬਖ਼ਸ਼ਿੰਦ ਜੀ ਮਿਲ ਪਏ ਹਨ॥੪॥੩੩॥੮੪॥

ਵਜਖਜਾ– ਅੰਕ ੧ ਵਿਚ ਨਿਰਮਾਣ ਸੇਵਾ ਦੀ ਤਾਕੀਦ ਹੈ ਜੋ ਨਿਜ ਅਭਿਲਾਖਾ ਦੇ ਰੂਪ ਵਿਚ ਵਰਣਨ ਕੀਤੀ ਹੈ। ਪਰ ਕਿਸ ਦੀ ਸੇਵਾ? ਇਹ ਗਲ ਰਹਾਉ ਵਿਚ ਪ੍ਰਗਟ ਹੋ ਜਾਂਦੀ ਹੈ। ਉਹ ਦੱਸੀ ਹੈ ਸੁਹਾਗਣ। ਉਸ ਨੂੰ ਪ੍ਰਭੂ ਭਾਈਂ ਕਿਹਾ ਹੈ, ਜਿਸ ਤੋਂ ਸਮਝ ਪੈ ਗਈ ਕਿ ਗੁਰਮੁਖ ਨੂੰ ਸੁਹਾਗਣ ਕਹਿ ਰਹੇ ਹਨ ਯਾ ਇਉਂ ਕਹੋ ਕਿ ਗੁਰਮੁਖ ਨੂੰ ਸੁਹਾਗਣ ਦੇ ਰੂਪਕ ਵਿਚ ਵਰਣਨ ਕਰ ਰਹੇ ਹਨ।

ਅੰਕ ੨ ਵਿਚ ਹੋਰ ਨਿੰਮ੍ਰਤਾ ਨਾਲ ਸੇਵਾ ਦਾ ਉਪਦੇਸ਼ ਹੈ ਤੇ ਅੰਤਲੀ ਤੁਕ ਵਿਚ ਸੇਵਾ ਕਰਨੇ ਦਾ ਇਕ ਕਾਰਣ ਬੀ ਵਰਣਨ ਕੀਤਾ ਹੈ-'ਮਿਲੇ ਸੁਆਮੀ ਅਪੁਨੈ ਰੰਗਿ' ਕਿ ਮਾਲਕ ਤਾਂ ਆਪਣੀ ਮੌਜ ਨਾਲ ਮਿਲਦਾ ਹੈ, ਪਰ ਗੁਰਮੁਖ ਦੇ ਸਤਿਸੰਗ ਨਾਲ ਰਹਿਣੇ ਕਰਕੇ ਮੈਂ ਸਤਿਸੰਗ ਵਿਚ ਤਾਂ ਰਹੂੰ। ਸੈਨਤ ਇਹ ਹੈ ਕਿ ਭਾਵੇਂ ਪ੍ਰਭੂ ਨਾਲ ਅਜੇ ਨਾ ਮਿਲ ਸਕਾਂ, ਪਰ ਸਤਿਸੰਗ ਨਾਲ ਤਾਂ ਮਿਲੀ ਰਹਾਂਗੀ, ਇਸ ਤਰ੍ਹਾਂ ਪ੍ਰਭੂ ਦੇ ਨੇੜੇ ਨੇੜੇ ਰਹਾਂਗੀ। ਇਸ ਤੁਕ ਦੇ ਅਰਥ ਐਉਂ ਬੀ ਕਰਦੇ ਹਨ ਕਿ 'ਜਿਸ (ਗੁਰਮੁਖ) ਦੇ ਰੰਗਿ (=ਪ੍ਰੇਮ) ਕਰਕੇ ਸੁਆਮੀ ਮਿਲ ਪੈਂਦਾ ਹੈ', ਪਰ ਇਹ ਗੱਲ ਅੱਗੇ ਚਲ ਕੇ ਅੰਕ ੩ ਦੇ ਅਖ਼ੀਰ ਸਪਸ਼ਟ ਕਹੀ ਹੈ। ਅੰਕ ੩ ਵਿਚ ਫੇਰ ਹਉਂ ਤਯਾਗਕੇ ਅਨਿੰਨ ਸੇਵਾ ਦਾ ਹੁਕਮ ਹੈ, ਆਪਣੇ ਮਨ ਦੀ ਸੁਭਾਵੀ ਪਕੜ, ਵਡਿੱਤ-ਮੋਹ ਤੇ ਗਰਬ-ਬੀ ਛਡੋ, ਕਰਮ, ਧਰਮ, ਜਾਪ ਤਾਪ ਨੇਮ ਆਦਿ ਕੀਤੇ ਕਰਮ ਬੀ ਉਸ ਦੀ ਸੇਵਾ ਤੋਂ ਨੀਵੇਂ ਸਮਝੇ ਜਾਣ; ਕਿਉਂਕਿ ਕਰਮ ਧਰਮ ਆਦਿ 'ਅਹੀਂ' ਦੇ ਦਾਤਾ ਹਨ, ਤੇ, ਸੇਵਾ ਪ੍ਰਭੂ ਦੀ ਦਰਸ਼ਨ ਦਾਤੀ ਹੈ।

ਅੰਕ ੪ ਵਿਚ ਅਪਣੇ ਸੇਵਾ ਭਾਵ ਵਾਲੇ ਨਿਸਚੇ ਦੀ ਦ੍ਰਿੜਤਾ ਦਾ ਕਾਰਣ ਦੱਸਦੇ ਹਨ ਕਿ ਮੇਰੀ ਇਸ ਸੇਵਾ ਤੇ ਅਰਾਧਨਾ ਦਾ ਕਾਰਣ ਇਹ ਹੈ ਕਿ ਗੋਬਿੰਦ ਗੁਪਾਲ ਬਖ਼ਸ਼ਿੰਦ ਪ੍ਰਭੂ ਜੀ ਜਦ ਕਦੇ ਕ੍ਰਿਪਾਲ ਹੋਏ ਹਨ ਸਾਧ ਦੇ ਸੰਗ ਕਰਕੇ ਹੀ ਹੋਏ ਹਨ।

ਨਿਰੁਕ੍ਤ—**ਤਿਸ**—ਉਸ। ਰਹਾਉ ਵਿਚ 'ਤਿਸ' ਪਦ ਹੈ ਸੁਹਾਗਣ ਵਾਸਤੇ, ਜੋ ਇਕ ਵਚਨ ਵਿਚ ਹੈ, ਇਸ ਕਰਕੇ ਸਾਰੇ ਸ਼ਬਦ ਵਿਚ ਇਕ ਵਚਨ ਵਿਚ ਹੀ ਅਰਥ ਲਗਦੇ ਹਨ।

ਦਾਸਨਿ ਦਾਸੀ—ਦਾਸੀ ਦੀ ਦਾਸੀ।

ਪਨਿਹਾਰੀ—ਪਾਣੀ ਭਰਨ ਯਾ ਢੋਣ ਵਾਲੀ, ਭਾਵ ਹੈ ਮਹਿਰੀ ਯਾ ਝੀਉਰੀ, ਜਿਨ੍ਹਾਂ ਦਾ ਕੰਮ ਪਾਣੀ ਭਰਨਾ ਹੁੰਦਾ ਸੀ।

ਰੰਗਿ—ਮੌਜ [ਦੇਖੋ ਪੰਨਾ ੧੮੫੬]।(ਅ) ਪਯਾਰ, ਅਰਥ ਉਪਰ ਵਯਾਖਯਾ ਵਿਚ ਆਚੁਕਾ ਹੈ।

ਅਰਪਉ—[ਸੰਸ:, ਅਰ੍ਪਣਮ੍ =ਭੇਟ, ਨਜ਼ਰ] ਭੇਟਾ ਧਰਦਿਆਂ, ਦੇਂਦਿਆਂ।

ਰੇਨ—ਧੂੜ, ਚਰਣ ਧੂੜ।

[ਆਸਾ ਮ੍ਹਲਾ ੫, ਚਉਪਦਾ,੮੫-੧੫੨]

ਮੂਲ	ਅਰਥ
ਆਸਾ ਮਹਲਾ ੫ ॥	
ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ ॥ ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ ॥ ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ ॥ ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ॥੧॥	ਪ੍ਰਭੂ (ਪਰਮੇਸ਼ੁਰ) ਦੀ ਪ੍ਰੀਤਿ ਵਿਚ ਸਦਾ ਸੁਖ ਹੁੰਦਾ ਹੈ। ਪ੍ਰਭੂ (ਪਰਮੇਸ਼ੁਰ) ਦੀ ਪ੍ਰੀਤਿ ਵਿਚ ਕੋਈ ਦੁਖ ਨਹੀਂ ਲਗਦਾ। ਪ੍ਰਭੂ (ਪਰਮੇਸ਼ੁਰ) ਦੀ ਪ੍ਰੀਤਿ ਹਉਮੈ ਦੀ ਮੈਲ ਦੂਰ ਕਰ ਦੇਂਦੀ ਹੈ* ਪ੍ਰਭੂ (ਪਰਮੇਸ਼ਰ) ਦੀ ਪ੍ਰੀਤਿ ਦੁਆਰਾ (ਮਨ) ਸਦਾ ਨਿਰਮਲ ਹੋ ਜਾਂਦਾ ਹੈ॥੧॥
ਸੁਨਹੁ ਮੀਤ ਐਸਾ ਪ੍ਰੇਮ ਪਿਆਰੁ ॥ ਜੀਅ ਪ੍ਰਾਨ ਘਟ ਘਟ ਆਧਾਰੁ ॥੧॥ ਰਹਾਉ ॥	(ਪ੍ਰਸ਼ਨ: ਐਸੀ ਪ੍ਰੀਤ ਕਿਹੜੀ ਹੈ ? ਉੱਤਰ:) ਸੁਣ ਹੇ ਮਿਤ੍ਰ (ਜੋ) ਜੀਅ ਪ੍ਰਾਣ ਤੇ (ਹਰੇਕ ਦੇ) ਹਿਰਦੇ ਹਿਰਦੇ ਦਾ ਆਸਰਾ ਹੈ ਐਸਾ ਪ੍ਰੇਮ (ਕਹੋ), ਪਿਆਰ (ਕਹੋ ਉਸ ਦਾ ਹੈ। ਭਾਵ ਜੀਅ, ਪ੍ਰਾਣ, ਤੇ ਘਟ ਘਟ ਦੇ ਆਸਰੇ ਰੂਪ ਪ੍ਰਭੂ ਦੇ ਪ੍ਰੇਮ ਨੂੰ ਐਸਾ ਪਿਆਰ ਕਹੀਦਾ ਹੈ; ਜਿਸਨੂੰ ਕਿ ਅਸੀ ਕਹਿ ਰਹੇ ਹਾਂ)॥੧॥ਰਹਾਉ॥

*ਅਥਵਾ—ਪ੍ਰਭੂ ਦੀ ਪ੍ਰੀਤ ਦੁਆਰਾ ਹਉਮੈ ਦੀ ਮੈਲ ਖੋ ਹੋ ਜਾਂਦੀ ਹੈ।

ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ॥ ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ॥ ਪ੍ਰਭ ਕੀ ਪ੍ਰੀਤਿ ਸਦ ਸੋਭਾਵੰਤ ॥ ਪ੍ਰਭ ਕੀ ਪ੍ਰੀਤਿ ਸਭ ਮਿਟੀ ਹੈ ਚਿੰਤ॥੨॥	(ਹਾਂ, ਇਸ) ਪ੍ਰਭੂ ਦੀ ਪ੍ਰੀਤ ਕਰਕੇ ਹਰ ਪ੍ਰਕਾਰ ਦੇ (ਸੰਸਾਰਕ) ਖ਼ਜ਼ਾਨੇ (ਪ੍ਰਾਪਤ) ਹੁੰਦੇ ਹਨ। ਪ੍ਰਭੂ ਦੀ ਪ੍ਰੀਤ ਹਿਰਦੇ ਵਿਚ ਨਿਰਮਲ ਨਾਮ ਹੈ। ਪ੍ਰਭੂ ਦੀ ਪ੍ਰੀਤ ਕਰਕੇ (ਜੀਵ) ਸਦਾ ਸ਼ੋਭਾ ਵਾਲਾ ਹੋ ਜਾਂਦਾ ਹੈ। ਪ੍ਰਭੂ ਦੀ ਪ੍ਰੀਤ ਕਰਕੇ ਸਾਰੀ ਚਿੰਤਾ ਦੂਰ ਹੋ ਜਾਂਦੀ ਹੈ॥੨॥
ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ॥ ਪ੍ਰਭ ਕੀ ਪ੍ਰੀਤਿ ਜਮ ਤੇ ਨਹੀ ਡਰੈ ॥ ਪ੍ਰਭ ਕੀ ਪ੍ਰੀਤਿ ਸਗਲ ਉਧਾਰੈ ॥ ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ ॥੩॥	ਪ੍ਰਭੂ ਦੀ (ਪ੍ਰੀਤ) ਦੁਆਰਾ (ਜੀਵ) ਇਕ ਭਉਜਲੁ (ਰੂਪੀ ਜਗਤ) ਨੂੰ ਤਰ ਜਾਂਦਾ ਹੈ। ਪ੍ਰਭੂ ਦੀ ਪ੍ਰੀਤ ਕਰਕੇ (ਜੀਵ) ਜਮ ਤੋਂ ਨਹੀ ਡਰਦਾ। ਪ੍ਰਭੂ ਦੀ ਪ੍ਰੀਤ ਸਭ ਕਿਸੇ ਦਾ ਨਿਸਤਾਰਾ ਕਰ ਦੇਂਦੀ ਹੈ। ਪ੍ਰਭੂ ਦੀ (ਪ੍ਰੀਤ) (ਜੀਵ ਦੇ) ਨਾਲ ਅੰਗ ਸੰਗ ਜਾਂਦੀ ਹੈ॥੩॥
ਆਪਹੁ ਕੋਈ ਮਿਲੈ ਨ ਭੂਲੈ ॥ ਜਿਸੁ ਕ੍ਰਿਪਾਲੁ ਤਿਸੁ ਸਾਧਸੰਗਿ ਘੂਲੈ॥ ਕਹੁ ਨਾਨਕ ਤੇਰੈ ਕੁਰਬਾਣੁ ॥ ਸੰਤ ਓਟ ਪ੍ਰਭ ਤੇਰਾ ਤਾਣੁ ॥੪॥੩੪॥੮੫॥	ਅਪਣੇ ਆਪ ਨਾ ਕੋਈ (ਪ੍ਰਭੂ ਨੂੰ) ਮਿਲ ਪੈਂਦਾ ਹੈ ਨਾ ਭੁੱਲ ਜਾਂਦਾ ਹੈ। ਜਿਸ ਤੇ (ਉਹ) ਕ੍ਰਿਪਾਲ ਹੁੰਦਾ ਹੈ ਉਸ ਨੂੰ (ਉਹ) ਸਾਧੂ ਦੇ ਸੰਗ ਵਿਚ ਮਿਲਾ ਦੇਂਦਾ ਹੈ। ਕਹਿੰਦੇ (ਹਨ ਗੁਰੂ) ਨਾਨਕ ਹੇ ਪ੍ਰਭੂ (ਮੈਂ) ਤੇਰੇ ਸਦਕੇ ਹਾਂ, (ਮੈਨੂੰ) ਤੇਰਾ ਤਾਣ ਹੈ ਤੇ ਤੇਰੇ ਸੰਤ ਦੀ ਓਟ ਹੈ॥੪॥੩੪॥੮੫॥

ਵਯਾਖਯਾ— ਇਸ ਸ਼ਬਦ ਵਿਚ ਵਾਹਿਗੁਰੂ ਜੀ ਦੀ ਪ੍ਰੀਤ ਦਾ ਵਰਣਨ ਹੈ। ਸਾਰੀ ਪ੍ਰਾਪਤੀ ਇਸ ਦੁਆਰਾ ਤੇ ਸਾਰੀਆਂ ਹਾਨੀਆਂ ਦੀ ਨਿਰਵਾਣਤਾ ਇਸ ਪ੍ਰੀਤ ਦੁਆਰਾ ਹੁੰਦੀ ਹੈ।

ਅੰਕ ੨ ਵਿਚ ਪ੍ਰੀਤ ਕੀਕੂੰ ਉਪਜਦੀ ਹੈ ਇਸ ਗੱਲ ਨੂੰ ਦਰਸਾਇਆ ਹੈ ਕਿ "ਨਿਰਮਲ ਨਾਮ ਦਾ ਹਿਰਦੇ ਵਿਚ ਨਿਵਾਸ ਪ੍ਰਭੂ ਦੀ ਪ੍ਰੀਤਿ ਹੈ"। ਇਥੇ ਭੁਲਾਵਾ ਖਾ ਜਾਈਦਾ ਹੈ ਕਿ ਇਸ ਤੁਕ ਵਿਚ ਬੀ 'ਪ੍ਰੀਤਿ' ਪਦ ਦੀ ਸਿਆਰੀ ਦਾ ਅਰਥ 'ਦੁਆਰਾ' ਕਰੀਦਾ ਹੈ, ਪਰ ਨਹੀਂ ਏਥੇ ਪ੍ਰੀਤਿ ਦੀ ਸਿਆਰੀ ਪਦ 'ਪ੍ਰੀਤਿ' ਦੀ ਆਪਣੇ ਸੰਸਕ੍ਰਿਤ ਰੂਪ ਵਿਚੋਂ ਨਾਲ ਆਈ ਹੈ, ਪ੍ਰੀਤੀ।

ਅੰਕ ੩ ਦੀ ਅਖੀਰਲੀ ਸਤਰ ਵਿਚ ਹੈ:-ਪ੍ਰਭ ਕੀ ਪ੍ਰੀਤਿ ਚਲੇ ਸੰਗਾਰੈ। ਏਥੇ ਬੀ 'ਪ੍ਰੀਤਿ' ਦਾ ਅਰਥ 'ਪ੍ਰੀਤ ਦੁਆਰਾ' ਨਹੀਂ ਲੱਗਦਾ। ਇਥੇ ਇਹੋ ਅਰਥ ਲੱਗਦਾ ਹੈ ਕਿ ਪ੍ਰਭੂ ਦੀ ਪ੍ਰੀਤੀ ਜੀਵ ਦੇ ਨਾਲ ਚਲਦੀ ਹੈਂ।

ਅੰਕ ੪ ਵਿਚ ਇਕ ਨਵਾਂ ਵਿਸ਼ਯ ਚੱਲਦਾ ਲਗਦਾ ਹੈ, ਪਰ ਉਹ ਇਸੇ ਤੇ ਇਕ ਹੋ ਸਕਣ ਵਾਲੇ ਪ੍ਰਸ਼ਨ ਦਾ ਉੱਤਰ ਹੈ ਕਿ ਇਹ ਪ੍ਰੀਤਿ ਯਾ ਇਸ ਦਾ ਵਿਦਿਤ ਸਰੂਪ 'ਨਾਮ' ਕੀਕੂੰ ਮਿਲੇ ਜਿਸ ਕਰਕੇ ਪ੍ਰਭੂ ਨਾਲ ਮੇਲ ਹੋ ਜਾਏ? ਤਾਂ ਫੁਰਮਾਉਂਦੇ ਹਨ ਕਿ ਆਪਣੇ ਆਪ ਅਰਥਾਤ ਆਪਣ ਹਠ ਮਾਤ ਨਾਲ ਕੋਈ ਨਾ ਮਿਲ ਸਕਦਾ ਹੈ ਨਾ ਭੁੱਲ ਸਕਦਾ ਹੈ ਇਹ ਮੇਹਰ ਦੀ ਖੇਡ ਹੈ। ਜਿਸ ਤੇ ਉਹ ਕ੍ਰਿਪਾਲ ਹੁੰਦਾ ਹੈ ਉਸ ਨੂੰ ਸਾਧੂ ਦਾ ਸੰਗ ਮਿਲਦਾ ਹੈ ਤੇ ਉਸ ਦਾ ਸੰਗ ਕਰਕੇ ਨਾਮ ਤੇ ਪ੍ਰੀਤ ਤੇ ਪ੍ਰਭੂ ਮਿਲਦਾ ਹੈ।

ਵਿਸ਼ੇਸ਼—ਐਸੇ ਵਾਕ ਪੜ੍ਹ ਕੇ ਅਕਸਰ ਰੁਖ ਨਿਰਾਸਤਾ ਵੱਲ ਜਾਂਦਾ ਹੈ ਪਰ ਇਹ ਉੱਤਰ ਹੁੰਦਾ ਹੈ ਇਸ ਗੱਲ ਦਾ ਕਿ ਇਕੋ ਪ੍ਰਭੂ ਹੈ ਤੇ ਉਸ ਦੀ ਹੀ ਮੇਹਰ ਹੁੰਦੀ ਹੈ ਦੋ ਹਸਤੀਆਂ ਨਹੀਂ ਹਨ ਕਿ ਇਕ ਮੇਹਰ ਕਰਦੀ ਹੈ ਤੇ ਮੇਲਦੀ ਹੈ ਤੇ ਦੂਜੀ ਭੁਲਾਉਂਦੀ ਹੈ ਤੇ ਦੂਰ ਰਖਦੀ ਹੈ। ਐਸਾ ਨਿਸਚਾ ਈਰਾਨੀ, ਯਹੂਦੀ, ਈਸਾਈ ਮੁਹੰਮਦੀ ਆਦਿਕ ਮਤਾਂ ਦਾ ਹੈ।

ਜੇ ਇੱਕੋ ਹੈ ਤੇ ਉਸ ਦੀ ਮੇਹਰ ਹੈ ਤਦ ਮੇਹਰ ਤੇ ਤਕਵਾ ਚਾਹੀਏ ਨਾ ਕਿ ਨਿਰਾਸਤਾ, ਕਿਉਂਕਿ ਉਹ ਪ੍ਰੇਮ ਸਰੂਪ ਹੈ, ਅੰਤਲੀ ਤੁਕ ਵਿਚ ਇਹੋ ਗੱਲ ਕਹੀ ਹੈ ਕਿ ਉਸ ਦੇ ਤਾਣ ਤਕਵੇ

ਤੇ ਰਹੋ ਤੇ ਸੰਤ ਦੀ ਓਟ ਲਓ। ਫੇਰ ਜੇ ਮੇਹਰ ਹੈ ਤਾਂ ਸਭ ਕੁਛ ਸਿਰੇ ਚੜ੍ਹ ਜਾਊ।

ਨਿਰੁਕ੍ਤ—ਪ੍ਰੀਤਿ—[ਸੰਸ:, ਪ੍ਰੀਤਿ: = ਖੁਸ਼ੀ, ਅਨੰਦ, ਅਨੁਰਾਗ, ਪਿਆਰ] ਪਯਾਰ। ਪ੍ਰੇਮ। ਇਸ ਸ਼ਬਦ ਵਿਚ ਪਦ 'ਪ੍ਰੀਤਿ' ਬਹੁਤੀ ਥਾਂਈ 'ਪ੍ਰੀਤ ਦੁਆਰਾ' ਅਰਥ ਦੇਂਦਾ ਹੈ, ਪਰ ਸਾਰੀ ਥਾਂਈ 'ਦੁਆਰਾ ਅਰਥ ਨਹੀਂ ਲਗਦਾ, ਕਿਉਂਕਿ ਪਦ ਪ੍ਰੀਤਿ ਸੰਸਕ੍ਰਿਤ ਵਿਚ 'ਤਿ' ਸਿਆਰੀ ਨਾਲ ਹੈ, ਤਾਂ ਤੇ 'ਪ੍ਰੀਤਿ' ਦੀ ਸਿਆਰੀ ਵਿਭਗਤੀ ਮਾਤ੍ਰ ਹੀ ਨਹੀਂ, ਮੂਲ ਪਦ ਦੀ ਪਦ ਜੋੜ ਵਿਚ ਮੌਜੂਦ ਹੈ। ਇਸੇ ਸ਼ਬਦ ਵਿਚ ਪ੍ਰੀਤ ਦੁਆਰਾ 'ਅਰਥ ਕਰਦਿਆਂ ਪ੍ਰਭ ਦੀ ਪ੍ਰੀਤਿ ਸਗਲ ਉਧਾਰੈ 'ਵਿਚ' ਪ੍ਰੀਤ ਨੂੰ ਕਰਤਾ ਕਾਰਕ ਲਈਦਾ ਹੈ-ਪ੍ਰਭੂ ਦੀ ਪ੍ਰੀਤੀ ਸਭ ਦਾ ਉਧਾਰ ਕਰਦੀ ਹੈ। ਅਤੇ 'ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ ਵਿਚ ਬੀ ਪ੍ਰੀਤਿ ਪਦ ਦੁਆਰਾ' ਅਰਥ ਨਹੀਂ ਦੇਂਦਾ, ਅਰਥ ਕਰੀਦੇ ਹਨ:-ਪ੍ਰਭੂ ਕੀ ਪ੍ਰੀਤ ਨਾਲ ਚਲਦੀ ਹੈ। ਇਸੀ ਤਰ੍ਹਾਂ ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ' ਦਾ ਅਰਥ ਹੈ-ਪ੍ਰਭੂ ਦੀ 'ਪ੍ਰੀਤਿ' ਹੈ ਹਿਰਦੇ ਵਿਚ ਨਿਰਮਲ ਨਾਮ ਦਾ (ਟਿਕ ਜਾਣਾ)।

ਜੇ ਅਰਥ ਕਰੋ ਕਿ ਪ੍ਰਭੂ ਦੀ ਪ੍ਰੀਤ ਦੁਆਰਾ ਨਿਰਮਲ ਨਾਮ ਹਿਰਦੇ ਵਿਚ ਟਿਕ ਜਾਂਦਾ ਹੈ ਤਦ ਅਸੰਗਤੀ ਜੇਹੀ ਹੋ ਜਾਂਦੀ ਹੈ, ਨਿਰਮਲ ਨਾਮ' ਹੀ ਨੇ ਤਾਂ 'ਪ੍ਰਭੂ ਦੀ ਪ੍ਰੀਤਿ' ਬਣਨਾ ਹੈ। ਜਦ ਕੋਈ ਜਗਜਾਸੂ ਪੁੱਛਦਾ ਹੈ ਪ੍ਰਭੂ ਪ੍ਰੀਤਿ ਕੀਕੂੰ ਆਵੇ ? ਤਾਂ ਗੁਰਬਾਣੀ ਦੱਸਦੀ ਹੈ ਕਿ ਨਾਮ ਸਿਮਰੋ। ਜੋ ਠੀਕ ਬਿਵਸਥਾ ਇਹੀ ਹੈ ਕਿ ਨਿਰਮਲ ਨਾਮ ਦੀ ਰਿਦੇ ਵਿਚ ਇਸਥਿਤੀ ਹੋਣੀ ਹੀ ਪ੍ਰਭੂ ਦੀ ਪ੍ਰੀਤ ਹੈ।

ਸੰਗਾਰੈ—ਸੰਗ ਵਿਚ। ਨਾਲ। **ਘੂਲੈ**-ਘੁਲ ਜਾਂਦਾ ਹੈ। ਮਿਲ ਜਾਂਦਾ ਹੈ।

[ਆਸਾ ਮਹਲਾ ੫, ਚਉਪਦਾ,੮੬-੧੫੩]

ਮੂਲ	ਅਰਥ
ਆਸਾ ਮਹਲਾ ੫ ॥	
ਭੂਪਤਿ ਹੋਇ ਕੈ ਰਾਜੁ ਕਮਾਇਆ ॥ ਕਰਿ ਕਰਿ ਅਨਰਥ ਵਿਹਾਝੀ ਮਾਇਆ॥ ਸੰਚਤ ਸੰਚਤ ਥੈਲੀ ਕੀਨ੍ਹੀ॥ ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨ੍ਹੀ ॥੧॥	(ਜੇ ਕਿਸੇ ਨੇ) ਰਾਜਾ ਬਣ ਕੇ ਰਾਜ ਕੀਤਾ ਉਸ ਨੇ ਪਾਪ ਕਰ ਕਰ ਦੇ ਦੌਲਤ ਕੱਠੀ ਕਰ ਲਈ, ਕੱਠੀ ਕਰਦਿਆਂ ਕਰਦਿਆ ਜਦ ਖ਼ਜ਼ਾਨਾ ਭਰ ਲਿਆ (ਤਾਂ) ਪ੍ਰਭੂ ਨੇ ਉਸ ਤੋਂ ਖੁਹਾ ਕੇ ਹੋਰ ਕਿਸੇ ਨੂੰ ਦੁਆ ਦਿੱਤੀ॥੧॥
ਕਾਚ ਗਗਰੀਆ ਅੰਭ ਮਝਰੀਆ ॥ ਗਰਬਿ ਗਰਬਿ ਉਆਹੂ ਮਹਿ ਪਰੀਆ ॥੧॥ ਰਹਾਉ ॥	(ਸੋ) ਕੱਚੀ ਗਾਗਰ (ਜਿਵੇਂ) ਪਾਣੀ ਵਿਚ (ਪਈ ਹੋਵੇ ਜੋ ਉਸ ਪਾਣੀ ਨਾਲ ਹੀ ਫੂਲ ਫੂਲ ਕੇ, ਖੁਰ ਖੁਰ ਕੇ ਉਸੇ ਵਿਚ ਡਿਗਦੀ ਰਹਿੰਦੀ ਹੈ ਤਿਵੇਂ) ਹੰਕਾਰ ਕਰ ਕਰਕੇ (ਮਾਇਆ ਦਾ ਹੰਕਾਰੀ ਜੀਵ, ਜਿਸ ਦੀ ਦੇਹ ਕੱਚੀ ਹੈ) ਉਸੇ (ਭਵ ਸਾਗਰ ਵਿਚ ਹੀ ਮੁੜ ਮੁੜ) ਡਿਗਦਾ ਰਹਿੰਦਾ ਹੈ॥੧॥ ਰਹਾਉ॥
ਨਿਰਭਉ ਹੋਇਓ ਭਇਆ ਨਿਹੰਗਾ ॥ ਚੀਤਿ ਨ ਆਇਓ ਕਰਤਾ ਸੰਗਾ ॥ ਲਸਕਰ ਜੋੜੇ ਕੀਆ ਸੰਬਾਹਾ ॥ ਨਿਕਸਿਆ ਫੂਕ ਤ ਹੋਇ ਗਇਓ ਸੁਆਹਾ ॥੨॥	(ਹੰਕਾਰੀ ਜੀਵ ਰੱਬ ਦੇ) ਭਉ ਤੋਂ ਰਹਿਤ ਹੋਇਆ ਬੇਧੜਕ ਹੋ ਗਿਆ ਸੀ (ਤੇ ਉਸ ਨੂੰ ਅੰਗ) ਸੰਗ ਰਹਿਣ ਵਾਲਾ ਕਰਤਾਰ (ਕਦੇ) ਯਾਦ ਨਹੀ ਸੀ ਆਉਂਦਾ। (ਪਰ ਦੇਖੋ) ਫੌਜਾਂ (ਤਾਂ) ਕੱਠੀਆਂ ਕਰ ਲਈਆਂ (ਤੇ ਬੜਾ ਕੁਛ) ਜਮ੍ਹਾਂ ਕਰ ਲਿਆ (ਪਰ ਜਦ) ਸੁਆਸ ਨਿਕਲ ਗਏ ਤਾਂ ਸਆਹ ਹੋ ਗਿਆ॥੨॥

ਊਚे ਮੰਦਰ ਮਹਲ ਅਰੁ ਰਾਨੀ ॥ ਹਸਤਿ ਘੋੜੇ ਜੋੜੇ ਮਨਿ ਭਾਨੀ ॥ ਵਡ ਪਰਵਾਰੁ ਪੂਤ ਅਰੁ ਧੀਆ ॥ ਮੋਹਿ ਪਚੇ ਪਚਿ ਅੰਧਾ ਮੂਆ ॥੩॥	ਉਚੇ ਮਹਿਲ ਮੰਦਰ ਤੇ ਰਾਣੀਆਂ ਮਨ ਭਾਉ ਦੇ ਹਾਥੀ ਤੇ ਘੋੜੇ ਕੱਠੇ ਕਰ ਲਏ, ਧੀਆਂ ਤੇ ਪੁੱਤ੍ਰਾਂ ਆਦਿ ਨਾਲ ਵੱਡਾ ਪਰਵਾਰ ਬਣਾ ਲਿਆ, (ਪਰ ਦੇਖੋ) ਅੰਨ੍ਹਾਂ ਮੋਹ ਵਿਚ ਕੁੜ੍ਹਦਾ ਸੜਦਾ ਹੀ ਮਰ ਗਿਆ॥ ੩॥
ਜਿਨਹਿ ਉਪਾਹਾ ਤਿਨਹਿ ਬਿਨਾਹਾ॥ ਰੰਗ ਰਸਾ ਜੈਸੇ ਸੁਪਨਾਹਾ ॥ ਸੋਈ ਮੁਕਤਾ ਤਿਸੁ ਰਾਜੁ ਮਾਲੁ ॥ ਨਾਨਕ ਦਾਸ ਜਿਸੁ ਖਸਮੁ ਦਇਆਲੁ ॥੪॥੩੫॥੮੬॥	ਜਿਸ ਨੇ ਪੈਦਾ ਕੀਤਾ ਸੀ ਉਸ ਨੇ ਨਾਸ਼ ਕਰ ਦਿੱਤਾ, ਰੰਗ ਰਸ ਜਿਤਨੇ (ਬਣੇ ਹੋਏ ਸਨ) ਸੁਪਨੇ ਵਾਂਙ (ਹੋ ਗਏ ਆਖਦੇ ਹਨ) ਨਾਨਕ ਦਾਸ ਜੀ ਜਿਸ ਉਪਰ (ਵਾਹਿਗੁਰੂ) ਸੁਆਮੀ ਦਿਆਲ ਹੋਵੇ, ਉਹ ਮੁਕਤ (-ਪੁਰਖ) ਹੈ, ਉਸ ਦਾ ਹੀ ਰਾਜ ਮਾਲ ਹੈ॥ ੪॥ ੩੫॥ ੮੬॥

ਵਜਾਖਜਾ— ਜਾਪਦਾ ਹੈ ਕਿ ਕਿਸੇ ਸਾਂਈ ਗ਼ਾਫ਼ਲ, ਅਨਰਥ ਕਰ ਕਰਕੇ ਮਾਇਆ ਕੱਠੀ ਕਰ ਲੈਣ, ਲਸ਼ਕਰ ਜਮਾ ਕਰ ਲੈਣ ਤੇ ਵਡ ਪਰਵਾਰੀ ਹੋ ਕੇ ਮਰ ਗਏ ਰਾਜਾ ਦੀ ਮੌਤ ਤੇ ਏਹ ਖਿਆਲ ਜਗਤ ਦੀ ਨਾ-ਪਾਇਦਾਰੀ ਤੇ ਛੱਡ ਜਾਣੇ ਵਾਲੇ ਸਾਮਾਨਾਂ ਦੇ ਜੋੜ ਜੋੜ ਕੇ ਛੱਡ ਜਾਣੇ ਦੀ ਮੂਰਖਤਾ ਤੇ ਲਿਖੇ ਗਏ ਹਨ। ਰਹਾਉ ਵਿਚ ਤੇ ਅੰਕ ੪ ਵਿਚ ਅਪਨਾ ਅਵਿਲੋਕਨ ਦਿਤਾ ਹੈ ਰਹਾਉ ਵਿਚ ਇਕ ਮਿਸਾਲ ਦਿਤੀ ਹੈ ਕੱਚੀ ਗਾਗਰ ਦੀ ਕਿ ਜੇ ਕੱਚੀ ਮਿਟੀ ਦੀ ਗਾਗਰ ਪਾਣੀ ਵਿਚ ਧਰੋ ਤਾਂ ਪਾਣੀ ਚੂਸ ਚੂਸਕੇ ਜਿਉਂ ਜਿਉਂ ਵਧ ਫੂਲਦੀ ਜਾਂਦੀ ਹੈ ਤਿਉਂ ਤਿਉਂ ਢਿੱਲੀ ਹੋ ਹੋ ਪਾਣੀ ਵਿਚ ਹੀ ਖੁਰਦੀ ਜਾਂਦੀ ਹੈ, ਉਸੀ ਤਰ੍ਹਾਂ ਮਾਇਆ ਪਾ ਕੇ ਹੰਕਾਰੀ ਜੀਵ ਹੰਕਾਰ ਨਾਲ ਫੁੱਲਦਾ ਫੁੱਲਦਾ ਉਸੇ ਮਾਇਆਵੀ ਚੱਕ੍ਰ ਵਿਚ ਡਿਗਦਾ ਰਹਿੰਦਾ ਹੈ। ਭਾਵ ਇਹ ਕਿ ਅਹੰਕਾਰ ਦਾ ਬੱਧਾ ਅਹੰਕਾਰ ਦੇ ਕੰਮ ਕਰਦਾ ਮਰਦਾ ਹੈ। ਉਹੀ ਹੰਕਾਰ ਮੁੜ ਜਨਮ ਦੇਂਦਾ ਹੈ, ਫੇਰ ਉਹੋ ਹੰਕਾਰ ਦੇ ਕੰਮ ਕਰਦਾ ਹੈ, ਫੇਰ ਮਰ ਕੇ ਉਸੇ ਕਾਲ ਚੱਕ੍ਰ ਵਿਚ ਭਉਂਦਾ ਜੰਮਦਾ ਹੈ। ਇਹ ਕਹਿਕੇ ਸੈਨਤ ਦਿੱਤੀ ਕਿ ਕਾਲ ਚੱਕ੍ਰ ਵਿਚ, ਯਾ ਭਵ ਸਾਗਰ ਵਿਚੋਂ ਨਿਕਲਣੇ ਦੀ ਬਿਧਿ ਕਰੋ।

ਅੰਕ ੪ ਵਿਚ ਫੁਰਮਾਇਆ ਕਿ ਮੌਤ ਨਿਸ਼ਚੇ ਸ਼ੈ ਹੈ, ਜੀਵਨ ਦੇ ਰਸ ਰੰਗ ਮੌਤ ਵੇਲੇ ਸੁਪਨਾ ਹੋ ਜਾਂਦੇ ਹਨ। ਜੀਵਨ ਵਿਚ ਪ੍ਰਾਪਤ ਕਰਨੇ ਵਾਲੀ ਸ਼ੈ ਹੈ ਵਾਹਿਗੁਰੂ ਦੀ ਮੇਹਰ। ਜਿਸ ਨੂੰ ਇਹ ਪ੍ਰਾਪਤ ਹੋ ਜਾਏ ਉਹੀ ਸਮਝੋ ਜਗਤ ਵਿਚ ਰਾਜਾ ਹੈ ਤੇ ਉਹੀ ਮਰ ਕੇ ਮੁਕਤ ਹੈ। ਸੁਮਤ ਇਹ ਦਿਤੀ ਕਿ 'ਪ੍ਰਭੂ ਪ੍ਰਸ਼ਾਦਿ' ਪ੍ਰਾਪਤ ਕਰੋ। ਉਹ ਅਪਣੇ ਵੱਸ ਨਹੀਂ, ਓਹ ਪ੍ਰਭੂ ਦੇ ਵੱਸ ਹੈ। ਇਸ ਗਲ ਲਈ ਅਨੇਕ ਸ਼ਬਦਾਂ ਵਿਚ ਦੱਸਿਆ ਹੈ ਕਿ ਉਸ ਦੇ ਦਰ ਤੇ ਸੁਆਲੀ ਬਣੋ, ਹਰੀ ਕੀਰਤਨ ਕਰੋ, ਹਰੀ ਨਾਮ ਜਪੋ। ਫੇਰ ਕਦੇ ਉਹ ਦਿਆਲ ਹੋ ਜਾਸੀ। ਦਿਆਲ ਹੋਣਾ ਉਸ ਦਾ ਧਰਮ ਹੈ, ਉਸ ਦੇ ਵੱਸ ਹੈ। ਪਰ ਸੁਆਲੀ ਹੋਕੇ ਦਰ ਢੱਠਣੀ ਮੰਗਤ ਜਨ ਨੂੰ ਜ਼ਰੂਰੀ ਲੋੜੀਦੀ ਹੈ।

ਨਿਰੁਕ੍ਤ—**ਭੂਪਤਿ**—[ਸੰਸ:,ਭੂਪਤਿ:] ਪ੍ਰਿਥਵੀ ਦਾ ਮਾਲਕ। ਰਾਜਾ।

ਅਨਰਥ—[ਸੰਸ:, ਅਨਰ੍ਥਾ = ਨਿਕੰਮੀ ਸ਼ੈ, ਵਿਪਤਾ] ਮਾੜੇ ਤ੍ਰੀਕੇ ਨਾਲ ਪ੍ਰਾਪਤ ਕੀਤਾ ਧਨ ਆਦਿ। ਪਾਪ ਕਰਮ। **ਸੰਚਤ**—[ਸੰਸਾ, ਸੰਚਯਨ = ਇਕੱਠਾ ਕਰਨਾ,ਜਮਾ ਕਰਨਾ] ਕੱਠੀ ਕਰਕੇ। 'ਥੈਲੀ ਕੀਨੀਂ', ਮੁਹਾਵਰਾ ਹੈ, ਅਰਥ ਹੈ ਜਮਾ ਕੀਤੀ, ਖ਼ਜ਼ਾਨਾ ਭਰ ਲਿਆ।

ਗਗਰੀਆ—ਗਾਗਰ। ਕਾਚ ਗਗਰੀਆ = ਕੱਚੀ ਮਿੱਟੀ ਦੀ ਗਾਗਰ।

ਅੰਭ—[ਸੰਸ:, ਅਮ੍ਭ:] ਪਾਣੀ। **ਨਿਹੰਗਾ**—ਬੇ-ਧੜਕ। ਲੱਥੀ ਚੜ੍ਹੀ ਦੀ ਨਾ ਹੋਵੇ ਜਿਸ ਨੂੰ। **ਕਰਤਾ ਸੰਗ**-ਸੰਗ ਰਹਿਣੇ ਵਾਲਾ ਕਰਤਾਰ।

ਸੰਬਾਹਾ—(ਸੰਸ:, ਸਭਿਤ = ਜਮ੍ਹਾਂ ਕੀਤਾ ਹੋਯਾ) ਇਕੱਤ੍ਰਤਾ।
ਕੀਆ ਸੰਬਾਹਾ-ਜਮ੍ਹਾਂ ਕਰ ਲਿਆ। ਫੂਕ-ਭਾਵ ਹੈ ਸੁਆਸ।
ਹਸਤਿ—(ਸੰਸ:, ਹਸ੍ਤੀ) ਹਾਥੀ। ਉਪਾਹਾ-ਪੈਦਾ ਕੀਤਾ।
ਬਿਨਾਹਾ—(ਸੰਸ:, ਵਿਨਖ੍ਟ-ਖ਼ਰਾਬ ਹੋਯਾ ਹੋਯਾ) ਨਾਸ਼ ਕੀਤਾ। ਮਾਰ ਦਿਤਾ।

[ਆਸਾ ਮਹਲਾ ੫, ਚਉਪਦਾ,੮੭-੧੫੪]

ਮੂਲ	ਅਰਥ
ਆਸਾ ਮਹਲਾ ੫ ॥ ਇਨ੍ ਸਿਉ ਪ੍ਰੀਤਿ ਕਰੀ ਘਨੇਰੀ ॥ ਜਉ ਮਿਲੀਐ ਤਉ ਵਧੈ ਵਧੇਰੀ ॥ ਗਲਿ ਚਮੜੀ ਜਉ ਛੋਡੈ ਨਾਹੀ ॥ ਲਾਗਿ ਛੁਟੋ ਸਤਿਗੁਰ ਕੀ ਪਾਈ॥੧॥	ਇਸ (ਮਾਇਆ) ਨਾਲ ਵਧੇਰੀ ਪ੍ਰੀਤ ਕਰੀਏ, (ਤਾਂ) ਜਿਉਂ ਜਿਉਂ (ਇਹ) ਵਧੇਰੀ ਮਿਲਦੀ ਹੈ ਤਿਉਂ ਤਿਉਂ (ਇਸ ਦੀ ਪ੍ਰੀਤਿ = ਤ੍ਰਿਸ਼ਨਾ) ਵਧਦੀ ਜਾਂਦੀ ਹੈ। ਗਲ ਚਮੜਵਾ ਜੀਵ ਨੂੰ ਚੰਮੜੀ ਹੋਈ) ਛੱਡਦੀ ਨਹੀਂ। (ਉਪਾਉ) ਸਤਿਗੁਰ ਦੀ ਚਰਨੀ ਲੱਗ ਕੇ (ਹੀ ਇਸ ਤੋਂ) ਛੁੱਟ ਸਕੀਦਾ ਹੈ॥੧॥
ਜਗ ਮੋਹਨੀ ਹਮ ਤਿਆਗਿ ਗਵਾਈ॥ ਨਿਰਗੁਨੁ ਮਿਲਿਓ ਵਜੀ ਵਧਾਈ॥੧॥ ਰਹਾਉ ॥	(ਇਹ) ਜਗਤ ਨੂੰ ਮੋਹ ਲੈਣ ਵਾਲੀ ਮਾਇਆ) ਅਸਾਂ ਤਿਆਗ ਕੇ ਵਗਾਹ ਮਾਰੀ ਹੈ, (ਹੁਣ ਸਾਨੂੰ) ਗੁਣਾਂ ਤੋਂ ਉਪਰ ਰਹਣ ਵਾਲਾ (ਵਾਹਿਗੁਰੂ) ਮਿਲ ਪਿਆ ਹੈ ਤੇ ਵਧਾਈਆਂ (ਦੇ ਸੋਹਲੇ) ਵੱਜ ਪਏ ਹਨ॥੧॥ਰਹਾਉ॥
ਐਸੀ ਸੁੰਦਰਿ ਮਨ ਕਉ ਮੋਹੈ ॥ ਬਾਟਿ ਘਾਟਿ ਗ੍ਰਿਹਿ ਬਨਿ ਬਨਿ ਜੋਹੈ॥ ਮਨਿ ਤਨਿ ਲਾਗੈ ਹੋਇ ਕੈ ਮੀਠੀ ॥ ਗੁਰ ਪ੍ਰਸਾਦਿ ਮੈ ਖੋਟੀ ਡੀਠੀ ॥੨॥	(ਇਹ ਮਾਇਆ)ਐਸੀ ਸੁਹਣੀ ਹੈ (ਕਿ ਜੀਵ ਦੇ) ਮਨ ਨੂੰ ਮੋਹ (ਠੱਗ) ਲੈਂਦੀ ਹੈ। (ਇਹ) ਰਸਤਿਆਂ ਵਿਚ, ਪੱਤਣਾਂ ਉਪਰ ਘਰਾਂ ਵਿਚ, ਬਨਾਂ ਜੰਗਲਾਂ ਵਿਖੇ ਢੂੰਡਦੀ ਫਿਰਦੀ ਹੈ (ਕਿ ਕਿਵੇ ਕਿਸੇ ਨੂੰ ਠੱਗਾਂ)। ਮਨ ਵਿਚ ਤੇ ਤਨ ਵਿਚ (ਇਹੀ ਬਹੁਤ) ਮਿੱਠੀ ਹੋ ਕੇ ਲਗਦੀ ਹੈ (ਪਰ) ਗੁਰੂ ਦੀ ਕ੍ਰਿਪਾ ਨਾਲ ਮੈਂ ਦੇਖ ਲਿਆ ਹੈ (ਕਿ ਇਹ) ਖੋਟੀ ਹੈ॥੨॥
ਅਗਰਕ ਉਸ ਕੇ ਵਡੇ ਠਗਾਊ ॥ ਛੋਡਹਿ ਨਾਹੀ ਬਾਪ ਨ ਮਾਊ ॥ ਮੇਲੀ ਅਪਨੇ ਉਨਿ ਲੇ ਬਾਂਧੇ ॥ ਗੁਰ ਕਿਰਪਾ ਤੇ ਮੈ ਸਗਲੇ ਸਾਧੇ॥੩॥	ਉਸ ਦੇ ਪੇਸ਼ਕਾਰ (ਜੋ ਅੱਗੇ ਅੱਗੇ ਟੁਰਦੇ ਹਨ ਭਾਵ ਮੁਸਾਹਿਬ) ਬੜੇ ਠੱਗ ਹਨ, (ਜੋ) ਮਾਂ ਬਾਪ (ਕਿਸੇ ਨੂੰ) ਠੱਗੇ ਬਿਨਾਂ ਨਹੀ ਛੱਡਦੇ। ਉਨ੍ਹਾਂ ਨੇ ਅਪਣੇ ਮਿਲਣ ਵਾਲੇ ਸਾਰੇ ਬੰਨ੍ਹ ਲਏ ਹਨ (ਭਾਵ ਫਸਾ ਲਏ ਹਨ, ਪਰ) ਗੁਰੂ ਦੀ ਕ੍ਰਿਪਾ ਨਾਲ ਮੈਂ ਸਾਰੇ ਸਾਧ ਲਏ ਹਨ (ਭਾਵ, ਵੱਸ ਵਿਚ ਕਰ ਲਏ ਹਨ)॥੩॥
ਅਬ ਮੋਰੈ ਮਨਿ ਭਇਆ ਅਨੰਦ ॥ ਭਉ ਚੂਕਾ ਟੂਟੇ ਸਭਿ ਫੰਦ ॥ ਕਹੁ ਨਾਨਕ ਜਾ ਸਤਿਗੁਰੁ ਪਾਇਆ॥ ਘਰੁ ਸਗਲਾ ਮੈ ਸੁਖੀ ਬਸਾਇਆ ॥੪॥੩੬॥੮੭॥	ਹੁਣ ਮੇਰੇ ਮਨ ਵਿਚ ਆਨੰਦ ਹੋ ਗਿਆ ਹੈ। (ਇਨ੍ਹਾਂ ਅਗਰਕਾਂ ਦੀਆਂ) ਸਭ ਫਾਹੀਆਂ ਤ੍ਰੁੱਟ ਗਈਆਂ ਹਨ (ਤੇ ਜਨਮ, ਮਰਨ, ਜਮ ਆਦਿ ਸਭ ਦਾ) ਡਰ ਦੂਰ ਹੋ ਗਿਆ ਹੈ। ਕਹਿੰਦੇ ਹਨ (ਸ੍ਰੀ ਗੁਰੂ) ਨਾਨਕ (ਦੇਵ ਜੀ ਕਿ) ਜਦ ਸਤਿਗੁਰੂ ਪ੍ਰਾਪਤ ਹੋ ਗਿਆ (ਤਦ) ਮੈਂ (ਅਪਣਾ) ਸਾਰਾ ਘਰ ਸੁਖੀ ਵਸਾ ਲਿਆ। (ਭਾਵ ਸਰੀਰ ਤੇ ਮਨ ਸਾਰੇ ਸੁਖ ਵਿਚ ਹੋ ਗਏ ਹਨ)॥੪॥੩੬॥੮੭॥

ਵਯਾਖਯਾ—ਅੰਕ ੧ ਤੇ ੨ ਵਿਚ ਮਾਇਆ ਦੀ ਠੱਗਣਹਾਰੀ ਸਿਫਤ ਦੀ ਵਯਾਖਯਾ ਕੀਤੀ ਹੈ-੧. ਜਿਉਂ ਜਿਉਂ ਵੱਧ ਜਮ੍ਹਾਂ ਕਰੋ, ਤਿਉਂ ਤਿਉਂ ਤ੍ਰਿਸ਼ਨਾ ਵਧਦੀ ਹੈ, ੨. ਮਿੱਠੀ ਬੜੀ ਲਗਦੀ ਹੈ, ਇਸ ਕਰਕੇ ਜੀਵ ਫਸ ਜਾਂਦਾ ਹੈ, ੩. ਘਰ ਬਾਹਰ ਵਿਚ ਤਾਂ ਸੀ, ਇਥੇ ਤਾਂਈ ਕਿ ਬਨਾਂ ਵਿਚ ਗਿਆ ਸਾਧਾਂ ਫਕੀਰਾਂ ਨੂੰ ਬੀ ਠੱਗ ਲੈਂਦੀ ਹੈ।

ਅੰਕ ੩ ਵਿਚ ਦੱਸਿਆ ਕਿ ਇਸ ਦੇ ਪੇਸ਼ਕਾਰ ਯਾ ਮੁਸਾਹਿਬ, ਲੋਭ, ਮੋਹ, ਕਾਮ ਆਦਿ ਬੜੇ ਠੱਗ ਹਨ। ਭਾਵ ਇਹ ਕਿ ਮਾਯਾ ਜਮ੍ਹਾਂ ਕਰਕੇ ਜੀਵ ਵਿਕਾਰਾਂ ਵਿਚਫਸ ਜਾਂਦਾ ਹੈ; ਵਿਕਾਰ ਮਾਨੋ ਮਾਯਾ ਦੇ ਪੇਸ਼ਕਾਰ ਹਨ। ਇਸ ਪ੍ਰਕਾਰ ਮਾਯਾ ਦੀ ਫੰਧਗੀ ਦੱਸਕੇ ਇਸ ਤੋਂ ਛੁਟਕਾਰੇ ਲਈ ਇਹ ਵਾਕ ਕਹੇ ਹਨ:-

ਲਾਗਿ ਛੁਟੋ ਸਤਿਗੁਰ ਕੀ ਪਾਈ॥ ਗੁਰ ਪ੍ਰਸਾਦਿ ਮੈ ਖੋਟੀ ਡੀਠੀ॥ ਗੁਰ ਕਿਰਪਾ ਤੇ ਮੈ ਸਗਲੇ ਸਾਧੇ॥ ਕਹੁ ਨਾਨਕ ਜਾ ਸਤਿਗੁਰੁ ਪਾਇਆ॥ ਘਰੁ ਸਗਲਾ ਮੈ ਸੁਖੀ ਬਸਾਇਆ॥	} ਇਸ ਮਾਯਾ ਦੇ ਸਾਧਣ ਲਈ ਗੁਰੂ ਦੀ ਸ਼ਰਣ ਪੈਣਾ ਦੱਸਿਆ ਤੇ ਉਸ ਦੀ ਮੇਹਰ ਨਾਲ ਛੁਟਕਾਰਾ।

ਛੁਟਕਾਰਾ ਹੋ ਕੇ ਹੀ ਬੱਸ ਹੋ ਗਈ ਕਿ ਕੋਈ ਹੋਰ ਸਚਮੁਚ ਦੀ ਅਮਲੀ ਸ਼ੈ ਬੀ ਪ੍ਰਾਪਤ ਹੋਈ ? ਸ਼ਰੀਰ ਤੇ ਮਨ ਦੀ ਹਾਂਡ ਤੇ ਤੜਫਣੀ ਹੀ ਮਿਟ ਗਈ ਤੇ ਘਰ ਸੁਖੀ ਵੱਸ ਗਿਆ ਕਿ ਕੁਛ ਹੋਰ ਮਾਇਆ ਦੀ ਥਾਂ ਮਾਇਆ ਦੇ ਅਵਗੁਣਾਂ ਤੋਂ ਰਹਿਤ ਤੇ ਸਰਬ ਗੁਣਾਂ ਸੰਯੁਕਤ ਕੋਈ ਹੋਰ ਵਸਤੂ ਬੀ ਪ੍ਰਾਪਤ ਹੋ ਗਈ ? ਇਸ ਗੱਲ ਦਾ ਉੱਤਰ ਰਹਾਉ ਵਿਚ ਹੈ:- ਨਿਰਗੁਨੁ ਮਿਲਿਓ ਵਜੀ ਵਧਾਈ॥

ਕਿ ਜਦ ਜਗਤ ਨੂੰ ਮੋਹ ਲੈਣ ਵਾਲੀ ਮਾਇਆ ਅਸਾਂ ਗੁਰੂ ਦੀ ਮੇਹਰ ਨਾਲ ਵਗਾਹ ਮਾਰੀ ਤਦ ਅਸੀਂ ਮਾਇਆ ਸ਼ੂਨ ਅਵਸਥਾ ਵਿਚ ਹੀ ਨਹੀਂ ਰਹਿ ਗਏ, ਸਾਨੂੰ ਨਿਰਗੁਨੁ ਮਿਲ ਪਿਆ ਤੇ ਆਨੰਦ ਹੋ ਗਿਆ। ਗੁਣਾ ਤੀਤ ਪਾਰਬ੍ਰਹਮ ਪਰਮੇਸ਼ੁਰ ਦਾ ਮਿਲਾਪ ਹੋ ਗਿਆ। ਠੱਗ ਰੂਪ ਸ਼ੈ ਦੂਰ ਹੋ ਗਈ ਤੇ ਸਤਯ ਸਰੂਪ, ਆਨੰਦ ਸਰੂਪ ਅਕਾਲ ਪੁਰਖ ਮਿਲ ਪਿਆ। ਉਹ ਆਨੰਦ ਸਰੂਪ ਸੀ ਅਸੀਂ ਭੀ ਆਨੰਦ ਹੋ ਗਏ। ਸਚਮੁਚ ਦਾ ਆਨੰਦ ਸਰੂਪ ਨਿਰਗੁਣ ਪਰਮਾਤਮਾ ਮਿਲ ਗਿਆ।

ਨਿਰੁਕ੍ਤ—ਇਨ੍—ਇਸ। ਭਾਵ ਹੈ ਮਾਯਾ। ਰਹਾਉ ਵਿਚ 'ਜਗ ਮੋਹਨੀ' ਕਹਿਕੇ ਲਖਾ ਦਿੱਤਾ ਕਿ ਇਸ ਦਾ ਭਾਵ ਮਾਇਆ ਹੈ।

ਗਲਿ ਚਮੜੀ-ਗਲ ਵਿਚ ਜਿਵੇਂ ਚਮੜੀ ਫਸੀ ਲਹਿਦੀ ਨਹੀਂ, ਇਸ਼ਾਰਾ ਹੈ ਉਸ ਕਹਾਣੀ ਵਲ ਕਿ ਦਰਯਾ ਵਿਚ ਰੁੜ੍ਹੀ ਜਾਂਦੀ ਇਕ ਖੱਲ ਯਾ ਸਮੂਰ ਨੂੰ ਫੜਨ ਕੋਈ ਤਾਰੂ ਗਿਆ, ਜਦ ਚਮੜੀ ਫੜੀ ਤਾਂ ਉਹ ਉਸ ਨੂੰ ਚੰਬੜ ਗਈ। ਉਹ ਚਮੜੀ ਯਾ ਸਮੂਰ ਨਹੀਂ ਸੀ, ਰਿੱਛ ਸੀ। ਹੁਣ ਉਹ ਤਾਂ ਛੱਡਦਾ ਹੈ, ਪਰ ਚਮੜੀ (ਰਿੱਛ) ਨਹੀਂ ਉਸ ਨੂੰ ਛੋੜਦੀ। (ਅ) ਇਸ ਦੇ ਅਰਥ ਐਉਂ ਬੀ ਕਰਦੇ ਹਨ, ਗਲ ਨਾਲ ਐਸੀ ਚੰਬੜ ਜਾਂਦੀ ਹੈ ਕਿ ਫੇਰ ਲਹਿੰਦੀ ਨਹੀਂ। (ੲ) ਜੇ ਗਲ ਨਾਲ ਚੰਬੜੀ ਨਾ ਛਡੇ ਤਾਂ ਸਤਿਗੁਰੂ ਦੀ ਚਰਨੀ ਲੱਗ ਕੇ ਛੁੱਟ ਜਾਓਗੇ।

ਨਿਰਗੁਨੁ—[ਸੰਸ:, ਨਿਰ੍ਗੁਣ: =ਪਰਮਾਤਮ] ਤ੍ਰਿਗੁਣਾਤੀਤ ਅਕਾਲ ਪੁਰਖ। ਇਹ ਪਦ ਤਾਂ ਵਰਤਿਆ ਹੈ ਕਿ ਮਾਯਾ ਤ੍ਰੈ ਗੁਣਾਂ ਵਿਚ ਵਰਤਦੀ ਹੈ ਤੇ ਓਹ ਮਾਯਾ ਤੋਂ ਅਤੀਤ ਹੈ।

ਬਾਟਿ—[ਸੰਸ:, ਵਾਟ: =ਰਸਤਾ] ਰਸਤੇ ਵਿਚ। **ਘਾਟਿ**-ਪੱਤਣਾਂ ਉੱਤੇ।

ਅਗਰਕ—[ਸੰਸ:, ਅਗ੍ਰਕ:] ਅੱਗੇ ਅੱਗੇ ਚੱਲਣ ਵਾਲਾ, ਪੇਸ਼ਕਾਰ, ਮੁਸਾਹਿਬ, ਭਾਵ ਵਿਕਾਰਾਂ ਤੋਂ ਹੈ। **ਠਗਾਊ**—ਠਗ ਲੈਣ ਵਾਲੇ ਠੱਗ।

[ਆਸਾ ਮਹਲਾ ੫, ਚਉਪਦਾ.੮੮-੧੫੫]

ਪ੍ਰਾਕ੍ਰਥਨ—'ਸੰਤ ਦੀ ਰਹਿਤ' ਵਰਣਨ ਕੀਤੀ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥ ਏਕੁ ਨਾਮੁ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗ ਛਾਰੁ ॥੧॥ ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ ॥੧॥ ਰਹਾਉ ॥	(ਅਰਥ ਰਹਾਉ ਤੋਂ ਟੁਰੇਗਾ) ਹੇ ਮੇਰੇ ਭਾਈ। ਸੰਤ ਦੀ ਮਹਿਮਾ ਤਾਂ ਕਹੀ ਹੀ ਨਹੀ ਜਾ ਸਕਦੀ (ਪਰ) ਉਸ ਦੀ ਰਹਿਣੀ ਰਹਿਤ ਸੁਣ ਲਵੋ॥੧॥ ਰਹਾਉ॥ (੧) (ਉਹ ਪ੍ਰਭੂ ਨੂੰ) ਅੱਠ ਪਹਿਰ ਨੇੜੇ ਕਰਕੇ ਜਾਣਦਾ ਹੈ। (੨) (ਜੋ ਕੁਛ) ਪ੍ਰਭੂ ਕਰੇ, (ਉਸ ਨੂੰ) ਮਿੱਠਾ ਕਰਕੇ ਜਾਣਦਾ ਹੈ। (੩) ਸੰਤਾਂ ਦਾ ਆਸਰਾ ਇਕ (ਸਾਂਈ ਦਾ) ਨਾਮ ਹੁੰਦਾ ਹੈ। (੪) (ਸੰਸਾਰ ਵਿਚ ਓਹ) ਸਭ ਕਿਸੇ ਦੇ ਪੈਰਾਂ ਦੀ ਧੂੜ ਹੋਏ ਰਹਿੰਦੇ ਹਨ (ਭਾਵ ਲੋਕਾਂ ਨਾਲ ਵਰਤਣ ਉਨ੍ਹਾਂ ਦੀ ਨਿੰਮ੍ਰਤਾ ਵਾਲੀ ਹੁੰਦੀ ਹੈ)॥੧॥
ਵਰਤਨਿ ਜਾ ਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸ੍ਰਾਮ ॥ ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥੨॥	(ਫੇਰ ਸਮਝ ਲਓ ਵਾਹਿਗੁਰੂ ਜੀ ਨਾਲ) ਜਿਸ (ਸੰਤ) ਦੀ ਵਰਤਣ ਕੇਵਲ ਨਾਮ ਹੁੰਦਾ ਹੈ। (ਭਾਵ ਉਨ੍ਹਾਂ ਦਾ ਕੰਮ ਸਿਮਰਣ ਹੈ। ਉਨ੍ਹਾਂ ਦਾ) ਆਰਾਮ ਕਰਨਾ ਆਨੰਦ ਰੂਪ ਵਾਲਾ ਕੀਰਤਨ ਕਰਨਾ ਹੈ। (ਲੋਕਾਂ ਨਾਲ ਵਰਤੋਂ) ਜਿਸ ਦੀ (ਇਹ ਹੈ ਕਿ) ਵੈਰੀ ਤੇ ਮਿੱਤ੍ਰ ਨੂੰ ਇਕ ਸਮਾਨ (ਕਰਕੇ ਜਾਣਨਾ। ਗਲ ਕੀਹ, ਦਿਲੀ-) ਸਿਆਣ (ਓਹ) ਅਪਣੇ ਪ੍ਰਭੂ ਦੀ ਰਖਦੇ ਹਨ (ਉਸ ਤੋਂ) ਬਿਨਾਂ ਹੋਰ ਕਿਸੇ ਦੀ ਨਹੀਂ, (ਭਾਵ ਵੈਰ ਮੋਹ ਕਿਸੇ ਨਾਲ ਨਹੀ ਤੇ ਪ੍ਰੇਮ ਵਾਹਿਗੁਰੂ ਨਾਲ ਹੈ)॥੨॥
ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥ ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥੩॥	ਕ੍ਰੋੜਾਂ ਹੀ ਕ੍ਰੋੜਾ ਪਾਪਾਂ ਦਾ (ਸੰਤ) ਕੱਟਣਹਾਰ ਹੁੰਦਾ ਹੈ। (ਸੰਤ) ਦੁਖਾਂ ਦੇ ਦੂਰ ਕਰਨ ਵਾਲੇ ਜੀਆਦਾਨ ਦੇ ਦਾਤੇ ਹੁੰਦੇ ਹਨ। (ਮਨ ਦੇ) ਸੂਰਬੀਰ (ਹੁੰਦੇ ਹਨ ਤੇ) ਬਚਨਾਂ ਦੇ ਬਲੀ ਹੁੰਦੇ ਹਨ। ਸੰਤਾਂ ਨੇ ਹੀ (ਸਭ ਨੂੰ ਛਲਣ ਵਾਲੀ) ਮਾਯਾ ਨੂੰ ਬੇਚਾਰੀ (ਕਰਕੇ) ਛਲ ਲਿਆ ਹੈ॥੩॥
ਤਾ ਕਾ ਸੰਗੁ ਬਾਛਹਿ ਸੁਰਦੇਵ ॥ ਅਮੋਘ ਦਰਸੁ ਸਫਲ ਜਾ ਕੀ ਸੇਵ ॥ ਕਰ ਜੋੜਿ ਨਾਨਕੁ ਕਰੇ ਅਰਦਾਸਿ ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥ ੪॥੩੭॥੮੮॥	ਉਸ (ਭਾਵ ਸੰਤ) ਦੀ ਸੰਗਤ ਦੇਵਤਿਆਂ ਦੇ ਦੇਵਤੇ (ਭਾਵ ਬ੍ਰਹਮਾਦਿਕ) ਮੰਗਦੇ ਹਨ। (ਉਸ ਦਾ) ਦਰਸ਼ਨ ਕਦੇ ਨਿਸ਼ਫਲ ਨਹੀਂ ਜਾਂਦਾ, ਸੇਵਾ ਉਸ ਦੀ (ਸਦਾ) ਸਫਲੀ ਹੁੰਦੀ ਹੈ। (ਇਸ ਲਈ) ਹੱਥ ਜੋੜਕੇ ਨਾਨਕ ਅਰਦਾਸ ਕਰਦਾ ਹੈ (ਹੇ ਪ੍ਰਭੂ !) ਮੈਨੂੰ ਸੰਤਾਂ ਦੀ ਸੇਵਾ ਬਖਸ਼ੋ ਜੋ ਗੁਣਾਂ ਦਾ ਭੰਡਾਰ ਹੈ॥ ੪॥ ੩੭॥ ੮੮॥

ਵਜਾਖਜਾ— ਰਹਾਉ ਵਿਚ ਵਿਦਤ ਹੁੰਦਾ ਹੈ ਕਿ ਸੰਤ ਦੀ ਰਹਿਣੀ ਰਹਿਤ ਦੱਸਣ ਲਗੇ ਹਨ ਜੋ ਅੰਕ ੧ ਤੋਂ ਹੀ ਆਰੰਭ ਹੋ ਜਾਂਦੀ ਹੈ। ਅੰਕ ੧ ਵਿਚ ਤ੍ਰੈ ਸੰਬੰਧ ਦੱਸੇ ਹਨ ਜੋ ਮਾਨੁਖ ਦੇ ਹੁੰਦੇ ਹਨ। ਇਕ ਤਾਂ ਹੈ 'ਨਾਮ' ਜੋ ਵਾਹਿਗੁਰੂ ਜੀ ਨਾਲ ਸਨਬੰਧ ਹੈ। ਇਸ ਨਾਲ ਉਹ ਰੱਬ ਜੀ ਨਾਲ

ਜੁੜਿਆ ਰਹਿੰਦਾ ਹੈ ਤੇ ਸਦੀਵ ਕਾਲ ਉਸ ਦੀ ਹਜ਼ੂਰੀ ਵਿਚ ਵੱਸਦਾ ਉਸ ਦੇ ਨੇੜੇ ਰਹਿੰਦਾ ਹੈ ਤੇ ਉਸ ਦੀ ਰਜ਼ਾ ਵਿਚ ਵਰਤਦਾ ਹੈ। ਦੂਜਾ ਸਨਬੰਧ ਹੈ ਅਪਣੇਂ ਆਪੇਂ ਨਾਲ। ਸੋ ਸਾਂਈ ਨਾਲ ਨਾਮ ਕਰਕੇ ਜੁੜੇ ਰਹਿਣ ਵਿਚ ਆਪਾ ਅੰਦਰ ਜਾਗ੍ਰਤ ਵਿਚ ਰਿਹਾ, ਹਜ਼ੂਰੀ ਦੇ ਅਹਿਸਾਸ ਤੇ ਰਜ਼ਾ ਮੰਨਣ ਦੇ ਸੁਖ ਵਿਚ ਰਿਹਾ। ਤੀਸਰਾ ਸਨਬੰਧ ਹੈ ਜਗਤ ਜੀਵਾਂ ਨਾਲ ਸੋ ਦੱਸਿਆ ਕਿ ਸੰਤ ਸਭ ਕਿਸੇ ਨਾਲ ਪਰਵਾਰ ਵਾਂਗੂ ਨਿੰਮ੍ਰਤਾ ਦਾ ਵਰਤਾਉ ਕਰਦਾ ਹੈ।

ਹੁਣ ਅੰਕ ੨ ਵਿਚ ਉਹੋ ਸਨਬੰਧ ਹੋਰ ਤਰ੍ਹਾਂ ਦੁਹਰਾਉਂਦੇ ਹਨ ਕਿ ਉਹਨਾਂ ਦਾ ਮੁੱਖ ਕੰਮ ਕੇਵਲ ਨਾਮ ਹੁੰਦਾ ਹੈ। ਕਿਸੇ ਹੋਰ ਸਾਧਨ ਸੰਪਤੀ ਵਿਚ ਨਹੀਂ ਜਾਂਦੇ 'ਕੇਵਲ ਨਾਮ ਦੀ ਟੇਕ ਤੇ ਸਾਂਈ 'ਨਾਲ' ਜੁੜੇ ਰਹਿੰਦੇ ਹਨ। 'ਅਪਣੇ ਆਪੇ ਨਾਲ' ਓਹ ਇਹ ਵਰਤਦੇ ਹਨ ਕਿ ਕੀਰਤਨ ਕਰਨ ਵਿਚ ਆਨੰਦ ਮੰਨਦੇ ਹਨ ਤੇ ਇਸ ਨੂੰ ਅਪਣਾ ਅਰਾਮ ਸਮਝਦੇ ਹਨ। 'ਦੁਨੀਆਂ ਨਾਲ' ਵਰਤੋਂ ਇਹ ਰੱਖਦੇ ਹਨ ਕਿ ਮਿਤ੍ਰ ਸਤ੍ਰ ਨਾਲ ਸਮ ਵਰਤਦੇ ਹਨ ਤੇ ਇਉਂ ਜਗਤ ਨਾਲ ਵਰਤਦੇ ਚਾਹੇ ਸਮਤਾ ਨਾਲ ਚਾਹੋ ਮੇਹਰ ਨਾਲ 'ਅਪਣੇ ਪ੍ਰਭੂ ਬਿਨਾਂ ਹੋਰ ਕਿਸੇ ਨੂੰ ਨਹੀਂ ਸਿਆਣਦੇਂ। ਭਾਵ ਇਹ ਕਿ ਸਭ ਕੁਛ ਕਰਦੇ ਵਾਹਿਗੁਰੂ ਚਿੰਤਨ ਵਿਚ ਅੰਦਰੋਂ ਵਿੱਥ ਨਹੀਂ ਪੈਂਣ ਦੇਂਦੇ।

ਹੁਣ ਚਲਿਆ ਅੰਕ ੩-ਉਸ ਵਿਚ ਉਸ ਤਾਸੀਰ ਦਾ ਜ਼ਿਕਰ ਕਰਦੇ ਹਨ ਜਿਸ ਤੋਂ ਜਗਤ ਵਰੋਸਾਉਂਦਾ ਹੈ, ਕਿ ਓਹ ਜਗਤ ਜੀਵਾਂ ਦੇ ਪਾਪਾਂ ਨੂੰ ਕੱਟਦੇ ਹਨ। ਪਾਪਾਂ ਤੋਂ ਦੁਖ ਪ੍ਰਾਪਤ ਹੁੰਦੇ ਹਨ, ਓਹ ਦੁਖ ਬੀ ਦੂਰ ਕਰਦੇ ਹਨ। ਕੇਵਲ ਪਾਪ ਦੁਖ ਦੂਰ ਕਰਕੇ ਜੀਵ ਨੂੰ ਇਕ ਸ਼ੂਨ ਅਵਸਥਾ ਵਿਚ ਹੀ ਨਹੀਂ ਪੁਚਾਉਂਦੇ, ਓਹ ਜੀਅਦਾਨ ਦੇ ਦਾਤੇ ਹੁੰਦੇ ਹਨ। ਭਾਵ ਇਹ ਕਿ ਆਤਮ ਜੀਵਨ ਦਾਨ ਕਰਦੇ ਹਨ।

ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ [ਸੂਹੀ ਮਹਲਾ ੫-੫੪]

ਪ੍ਰਸ਼ਨ ਹੁੰਦਾ ਹੈ ਕਿ ਕੀਹ ਸੰਤ ਨੂੰ ਮਾਯਾ ਛਲ ਕੇ ਮੁੜ ਭੁਲੇਵਾ ਨਹੀਂ ਦੇਂਦੀ ? ਤਾਂ ਦੱਸਦੇ ਹਨ ਕਿ ਮਾਯਾ ਨੂੰ ਤਾਂ ਉਹ ਨਿਕਾਰੀ ਕਰਕੇ ਆਪ ਛਲ ਲੈਂਦੇ ਹਨ। ਭਾਵ ਮਾਯਾ ਨੂੰ ਓਹ ਬਚਾਰੀ ਸ਼ੈ, ਨਿਕੰਮੀ ਸ਼ੈ, ਲਖ ਕੇ ਸਦਾ ਲਈ ਉਸ ਦੇ ਮੋਹਣਹਾਰ ਅਸਰ ਤੋਂ ਜਾਗ੍ਰਤ ਵਿਚ ਆ ਗਏ ਹੁੰਦੇ ਹਨ। ਮਾਯਾ ਦਾ ਉਨ੍ਹਾਂ ਤੇ ਵਸੀਕਾਰ ਨਹੀਂ ਰਹਿੰਦਾ, ਕਿਉਂਕਿ ਓਹ ਤ੍ਰਿਗੁਣਾਤੀਤ, ਮਾਯਾ ਦੇ ਸੁਆਮੀ ਦੀ ਚਰਨ ਸ਼ਰਨ ਸਮਾਏ ਰਹਿੰਦੇ ਹਨ।

ਅੰਕ ੪ ਵਿਚ ਅੰਕ ੩ ਦੀ ਪੂਰਣਤਾ ਹੈ ਕਿ ਐਸੇ ਅਸਰ ਪਾਉਣ ਵਾਲੇ ਸੰਤ ਦੀ ਸੰਗਤ ਕਰੋ। ਉਹ ਐਉਂ ਦੱਸਦੇ ਹਨ ਕਿ ਹੇ ਜਗਤ ਜੀਵ ! ਬ੍ਰਹਮਾਦਿਕ ਦੇਵਤੇ ਐਸੇ ਸੰਤ ਦੀ ਇੱਛਾ ਕਰਦੇ ਹਨ ਤੁਸੀ ਉਨ੍ਹਾਂ ਤੋਂ ਵਧੀਕ ਇੱਛਾ ਕਰੋ, ਕਿਉਂਕਿ ਤੁਸੀ ਮਾਯਾ ਦੇ ਚੱਕ੍ਰ ਵਿਚ ਘਿਰੇ ਹੋ ਤੋਂ ਇਕ ਤੁਹਾਨੂੰ ਲਾਭ ਹੈ ਕਿ ਉਹ ਬੀ ਧਰਤੀ ਤੇ ਵਿਚਰਦਾ ਹੈ ਤੁਸੀ ਬੀ ਧਰਤੀ ਉੱਤੇ ਹੋ। ਉਸ ਦਾ ਦਰਸ਼ਨ ਆਪਣਾ ਨਿਸ਼ਚੇ ਅਸਰ ਰਖਦਾ ਹੈ ਉਸ ਦੀ ਸੇਵਾ ਸਫਲੀ ਹੁੰਦੀ ਹੈ। ਇਸ ਲਈ ਪ੍ਰੇਰਨਾ ਹੈ ਕਿ ਸੰਗਤਿ ਕਰੋ ਉਸ ਦੀ।

ਅੰਤ ਵਿਚ ਅਰਦਾਸ ਹੈ ਜੋ ਪਰਮ ਨਿੰਮ੍ਰਤਾ ਨਾਲ ਹੱਥ ਜੋੜ ਕੇ ਕਰਦੇ ਹਨ ਕਿ ਐਸੇ ਸੰਤ ਦੀ ਟਹਿਲ, ਹੇ ਪ੍ਰਭੂ ਜੀ ! ਮੈਨੂੰ ਬੀ ਦਿਓ। ਇਸ ਵਿਚ ਬੀ ਪ੍ਰੇਰਨਾ ਹੈ ਕਿ ਜਿਸ ਦੀ ਟਹਿਲ ਗੁਰੂ ਜੀ ਮੰਗਦੇ ਹਨ ਸਿਖਾਂ ਨੂੰ ਉਸ ਦੀ ਸੇਵਾ ਦੀ ਮੰਗ ਕਿੰਨੀ ਵਧੀਕ ਕਰਨੀ ਉਚਿਤ ਹੈ।

ਨਿਰੁਕ੍ਤ—ਨਿਕਟਿ—[ਸੰਸ:, ਨਿਕਟ] ਨੇੜੇ। ਕੋਲ। ਹਜ਼ੂਰੀ ਵਿਚ।

ਆਧਾਰੁ ਆਸਰਾ। **ਪਗ ਛਾਰੁ**—ਪੈਰਾਂ ਦੀ ਧੂੜੀ।

ਰਹਤ—ਰਹਿਣਾ, ਮਰਿਯਾਦਾ। ਜੀਵਨ ਬਸਰ ਕਰਨ ਦਾ ਤ੍ਰੀਕਾ।

ਬਿਸ੍ਰਾਮ—[ਸੰਸ:, ਵਿਸ੍ਰਾਮ:] ਆਰਾਮ। ਆਰਾਮ ਕਰਨਾ। **ਅਘ**-ਪਾਪ

ਸੂਰ ਬੀਰ ਬਚਨ ਕੇ ਬਲੀ—(ਮਨ ਦੇ) ਸੂਰ ਬੀਰ, ਬਚਨਾਂ ਦੇ ਬਲੀ। ਐਉਂ ਬੀ ਕਰ ਲਈਦਾ ਹੈ-ਮਨ ਦੇ ਸੂਰੇ, ਕਰਮ ਦੇ ਬੀਰ ਤੇ ਬਚਨ ਦੇ ਬਲੀ।

ਕਉਲਾ—(ਸੰਸ:, ਕਮਲਾ = ਲੱਛਮੀ) ਮਾਯਾ।

ਬਪੁਰੀ—ਵਿਚਾਰੀ। ਭਾਵ ਹੈ ਨਿਕੰਮੀ ਬਣਾ ਦੇਂਦੇ ਹਨ ਮਾਯਾ ਨੂੰ ਤੇ ਐਉਂ ਛਲ ਲੈਂਦੇ ਹਨ ਭਾਵ ਉਸ ਉਤੇ ਹਾਵੀ ਹੋ ਜਾਂਦੇ ਹਨ। ਬਾਛਹਿ-ਮੰਗਦੇ ਹਨ।

ਅਮੋਘ—(ਸੰਸ:,) ਜੋ ਬੇ ਅਸਰ ਨਾ ਜਾਏ।

ਗੁਣਤਾਸਿ ਗੁਣਾਂ ਦੇ ਭੰਡਾਰ। ਇਹ ਪਦ ਟਹਿਲ ਦਾ ਵਿਸ਼ੇਸ਼ਣ ਹੈ। ਪ੍ਰਭੂ ਦਾ ਵਿਸ਼ੇਸ਼ਣ ਬੀ ਨਹੀਂ ਤੇ ਨਾ ਪ੍ਰਭੂ ਦਾ ਸੰਬੋਧਨ ਹੈ।

[ਆਸਾ ਮਹਲਾ ੫, ਚਉਪਦਾ,੮੮-੧੫੬]

ਨਿਰੁਕ੍ਤ—ਸਤਿਸੰਗ ਤੇ ਨਾਮ ਦੀ ਵਡਿਆਈ।

ਮੂਲ	ਅਰਥ
ਆਸਾ ਮਹਲਾ ੫ ॥	
ਸਗਲ ਸੂਖ ਜਪਿ ਏਕੈ ਨਾਮ ॥ ਸਗਲ ਧਰਮ ਹਰਿ ਕੇ ਗੁਣ ਗਾਮ ॥ ਮਹਾ ਪਵਿਤ੍ਰ ਸਾਧ ਕਾ ਸੰਗੁ ॥ ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥੧॥	ਸਾਰੇ 'ਸੁਖ' (ਹਰੀ ਦੇ) ਇਕੋ 'ਨਾਮ' ਜਪਣ ਵਿਚ ਹੈਨ, ਸਾਰੇ 'ਧਰਮ' ਹਰੀ ਦੇ 'ਗੁਣ ਗਾਉਣਾ' ਹੈ। ਸਭ ਤੋਂ 'ਪਵਿਤ੍ਰ (ਸ਼ੈ) ਹੈ 'ਸਾਧੂ ਦਾ ਸੰਗ' ਜਿਸ (ਸਤਿਸੰਗ) ਨੂੰ ਮਿਲਿਆਂ (ਉਸ ਨੂੰ) 'ਪ੍ਰਭੂ ਪ੍ਰੇਮ' ਲਗ ਜਾਂਦਾ ਹੈ॥੧॥
ਗੁਰ ਪ੍ਰਸਾਦਿ ਓਇ ਆਨੰਦ ਪਾਵੈ ॥ ਜਿਸੁ ਸਿਮਰਤ ਮਨਿ ਹੋਇ ਪ੍ਰਗਾਸਾ ਤਾ ਕੀ ਗਤਿ ਮਿਤਿ ਕਹਨੁ ਨ ਜਾਵੈ ॥੧॥ ਰਹਾਉ ॥	ਗੁਰੂ ਦੀ ਕ੍ਰਿਪਾ ਨਾਲ (ਗੁਰੂ ਨੂੰ ਮਿਲਿਆ ਪੁਰਖ) ਉਹ 'ਆਨੰਦ' ਪ੍ਰਾਪਤ ਕਰਦਾ ਹੈ (ਅਤੇ ਉਸ ਗੁਰੂ ਦੇ ਦੱਸੇ) ਜਿਸ (ਨਾਮ) ਸਿਮਰਨ ਨਾਲ ਮਨ ਵਿਚ ਗਜਾਨ ਹੋ ਜਾਂਦਾ ਹੈ ਉਸ ਦੀ ਗਤਿ ਮਿਤਿ ਕਹੀ ਨਹੀਂ ਜਾ ਸਕਦੀ॥੧॥ਰਹਾਉ॥
ਵਰਤ ਨੇਮ ਮਜਨ ਤਿਸੁ ਪੂਜਾ ॥ ਬੇਦ ਪੁਰਾਨ ਤਿਨਿ ਸਿੰਮ੍ਰਿਤਿ ਸੁਨੀਜਾ॥ ਮਹਾ ਪੁਨੀਤ ਜਾ ਕਾ ਨਿਰਮਲ ਥਾਨੁ ॥ ਸਾਧਸੰਗਤਿ ਜਾ ਕੈ ਹਰਿ ਹਰਿ ਨਾਮੁ ॥੨॥	(ਸਾਧ ਸੰਗ ਦੁਆਰਾ ਨਾਮ ਜਪ ਜਿਸ ਨੇ ਕਰ ਲਿਆ ਹੈ) ਉਸ ਨੂੰ (ਸਮਝੋ ਕਿ) ਵਰਤ, ਨੇਮ, ਇਸ਼ਨਾਨ ਤੇ ਪੂਜਾ (ਦੇ ਜੋ ਫਲ ਕਹੇ ਹਨ ਪ੍ਰਾਪਤ ਹੋ ਗਏ ਹਨ)। ਉਸ ਨੇ (ਜਾਣੋ) ਵੇਦ ਪੁਰਾਨ ਸਿੰਮ੍ਰਤੀਆਂ (ਸਭ ਕੁਛ) ਸੁਣ ਲਿਆ ਹੈ ਜਿਸ ਦਾ (ਕਿ) ਨਿਰਮਲ ਟਿਕਾਣਾ ਪਰਮ ਪਵਿਤ੍ਰ (ਭਾਵ ਸਾਧੂ ਦਾ ਸੰਗ ਹੈ ਅਤੇ) ਜੋ ਸਾਧ ਸੰਗਤ ਵਿਚ ਹੋ ਕੇ ਹਰੀ ਹਰਿ ਨਾਮ (ਜਪਦਾ) ਹੈ॥੨॥
ਪ੍ਰਗਟਿਓ ਸੋ ਜਨੁ ਸਗਲੇ ਭਵਨ ॥ ਪਤਿਤ ਪੁਨੀਤ ਤਾ ਕੀ ਪਗ ਰੇਨ ॥ ਜਾ ਕਉ ਭੇਟਿਓ ਹਰਿ ਹਰਿ ਰਾਇ॥ ਤਾ ਕੀ ਗਤਿ ਮਿਤਿ ਕਥਨੁ ਨ ਜਾਇ ॥੩॥	ਉਹ ਪੁਰਖ ਸਾਰੇ ਲੋਕਾਂ ਵਿਚ ਪ੍ਰਗਟ ਹੋ ਜਾਂਦਾ ਹੈ ਉਸ ਦੇ ਚਰਨਾਂ ਦੀ ਧੂੜੀ ਪਤਿਤਾਂ ਨੂੰ ਪਵਿਤ੍ਰ (ਕਰਨੇ ਵਾਲੀ ਹੁੰਦੀ) ਹੈ। (ਹਾਂ) ਜਿਸ ਨੂੰ ਹਰਿ ਰਾਜਾ (ਭਾਵ ਵਾਹਿਗੁਰੂ) ਮਿਲ ਪਿਆ ਹੈ ਉਸ ਦੀ ਗਤਿ ਮਿਤ ਕਹੀ ਨਹੀ ਜਾ ਸਕਦੀ॥੩॥

ਮੂਲ	ਅਰਥ
ਆਠ ਪਹਰ ਕਰ ਜੋੜਿ ਧਿਆਵਉ ॥ ਉਨ ਸਾਧਾ ਕਾ ਦਰਸਨੁ ਪਾਵਉ ॥ ਮੋਹਿ ਗਰੀਬ ਕਉ ਲੇਹੁ ਰਲਾਇ ॥ ਨਾਨਕ ਆਇ ਪਏ ਸਰਣਾਇ ॥੪॥੩੮॥੮੯॥	ਹੱਥ ਜੋੜ ਕੇ ਅਠੇ ਪਹਿਰ ਧਿਆਉਂਦਾ ਹਾਂ (ਕਿ ਕਿਵੇਂ) ਉਨ੍ਹਾਂ ਸਾਧਾਂ ਦਾ ਦਰਸ਼ਨ (ਮੈਨੂੰ ਬੀ) ਮਿਲੇ। (ਹੇ ਸਾਧੂ ਜਨੋ।) ਮੈਂ ਗ੍ਰੀਬ ਨੂੰ ਬੀ (ਅਪਣੇ ਵਿਚ) ਰਲਾ ਲਓ, (ਸਾਡੇ ਵਰਗੇ ਗ੍ਰੀਬ ਬੀ ਤੁਹਾਡੀ) ਸ਼ਰਣ ਆ ਪਏ ਹਨ (ਆਖਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ)॥੪॥੩੮॥੮੯॥

ਵਯਾਖਯਾ— ਅੰਕ ੧ ਨਾਮ ਨੂੰ ਸਰਬ ਸੁਖ ਦਾਤਾ ਦੱਸਿਆ ਹੈ। ਹਰੀ ਗੁਣ ਗਾਇਨ ਸਰਬ ਧਰਮਾਂ ਤੋਂ ਵਿਸ਼ੇਸ਼ ਦੱਸਿਆ ਹੈ। ਸਾਧੂ ਦੇ ਸੰਗ ਨੂੰ ਪਵਿਤ੍ਰ ਕਿਹਾ ਕਿ ਉਸ ਨਾਲ ਧਰਮ ਪਵਿਤ੍ਰ ਹਰੀ ਦਾ ਪ੍ਰੇਮ ਪ੍ਰਾਪਤ ਹੁੰਦਾ ਹੈ। ਰਹਾਉ ਵਿਚ ਗੁਰੂ ਦੇ ਪ੍ਰਸਾਦਿ ਨੂੰ ਆਨੰਦ ਦਾਤਾ ਤੇ ਨਾਮ ਨੂੰ ਗਯਾਨ ਦਾਤਾ ਕਿਹਾ ਹੈ।

ਅੰਕ ੨ ਵਿਚ ਵਰਤ, ਨੇਮ, ਇਸ਼ਨਾਨ, ਪੂਜਾ, ਬੇਦ, ਪੁਰਾਨ, ਸਿਮ੍ਰਿਤ ਸਭ ਦੀ ਥਾਂਵੇ ਗੁਰੂ ਦੀ ਟੇਕ ਤੇ ਨਾਮ ਦੱਸਿਆ ਹੈ। ਅੰਕ ੩ ਵਿਚ ਦੱਸਿਆ ਕਿ ਨਾਮੀ ਪੁਰਖ ਛਪ ਨਹੀਂ ਸਕਦਾ ਤੇ ਦੂਸਰਿਆਂ ਨੂੰ ਉਸ ਤੋਂ ਲਾਭ ਜ਼ਰੂਰ ਪਹੁੰਚਦਾ ਹੈ।

ਅੰਕ ੪ ਵਿਚ ਅਭਿਲਾਖ ਤੇ ਅਰਦਾਸ ਹੈ ਕਿ ਐਸਾ ਪਾਵਨ ਕਰਨੇ ਵਾਲਾ ਸਤਿਸੰਗ ਪ੍ਰਾਪਤ ਹੋਵੇ।

ਨਿਰੁਕ੍ਤ—ਗੁਣ ਗਾਮ ਗੁਣਾਂ ਦਾ ਧਾਰਨ ਕਰਨਾ। ਗੁਣ ਗਾਉਣਾ।

ਭੇਟਤ ਮਿਲਿਆ। ਰੰਗੁ—ਪ੍ਰੇਮ। ਪ੍ਰਗਾਸਾ-ਚਾਨਣਾ, ਭਾਵ ਗਯਾਨ।

ਗਤਿ ਮਿਤਿ-ਪਹੁੰਚ ਤੇ ਮਰਿਯਾਦਾ। (ਦੇਖੋ ਪੰਨਾ ੧੬੭੧)।

ਮਜਨ—ਇਸ਼ਨਾਨ। ਸੁਨੀਜਾ-ਸੁਣ ਲਿਆ ਹੈ।

ਮਹਾ ਪੁਨੀਤ—ਬਹੁਤ ਹੀ ਪਵਿਤ੍ਰ। ਸਗਲੇ ਭਵਨ-ਸਾਰਿਆਂ ਲੋਕਾਂ ਵਿਚ।

ਪਤਿਤ ਪੁਨੀਤ—(ਸਸ:, ਪਤਿਤ (ਡਿੱਗਾ ਹਯਾ, ਧਰਮ ਤੋਂ ਡਿੱਗਾ ਹੋਯਾ) + ਪਾਵਨ: = ਪਾਪ ਤੋਂ ਛੁਡੌਣ ਵਾਲਾ) ਡਿੱਗਿਆ ਹੋਇਆ ਭਾਵ ਪਾਪੀਆਂ ਨੂੰ ਪਵਿਤ੍ਰ ਕਰਨੇ ਵਾਲਾ।

ਕਰਿ ਜੋੜਿ—ਹੱਥ ਜੋੜ ਕੇ।

[ਆਸਾ ਮਹਲਾ ੫, ਚਉਪਦਾ,੯੦–੧੫੭]

ਮੂਲ	ਅਰਥ
ਆਸਾ ਮਹਲਾ ੫ ॥ ਆਠ ਪਹਰ ਉਦਕ ਇਸਨਾਨੀ ॥ ਸਦ ਹੀ ਭੋਗੁ ਲਗਾਇ ਸੁਗਿਆਨੀ ॥ ਬਿਰਥਾ ਕਾਹੂ ਛੋਡੈ ਨਾਹੀ ॥ ਬਹੁਰਿ ਬਹੁਰਿ ਤਿਸੁ ਲਾਗਹ ਪਾਈ॥੧॥ ਸਾਲਗਿਰਾਮੁ ਹਮਾਰੈ ਸੇਵਾ ॥ ਪੂਜਾ ਅਰਚਾ ਬੰਦਨ ਦੇਵਾ ॥੧॥ ਰਹਾਉ ॥	[ਅਰਥ ਰਹਾਉ ਤੋਂ ਤੁਰਦਾ ਹੈ] ਸਾਡੇ ਵਿਚ ਬੀ ਸਾਲਗਿਰਾਮ ਦੀ ਪੂਜਾ ਹੁੰਦੀ ਹੈ (ਅਸੀ ਉਸ ਦੇਵਾ=) ਪ੍ਰਕਾਸ਼ ਸਰੂਪ ਦੀ ਪੂਜਾ ਕਰਦੇ ਹਾਂ, ਮੱਥਾ ਟੇਕਦੇ ਹਾਂ। (ਸਾਡਾ ਉਹ ਸਾਲਗ੍ਰਾਮ ਕਿਸੇ ਕਿਸੇ ਵੇਲੇ ਨਹੀਂ) ਅੱਠੇ ਪਹਿਰ ਜਲ ਵਿਚ ਨ੍ਹਾਉਂਦਾ ਹੈ। (ਇਸੀ ਤਰ੍ਹਾਂ ਉਹ), ਭੋਗ ਬੀ ਸਦਾ ਹੀ ਲਾਉਂਦਾ ਰਹਿੰਦਾ ਹੈ, (ਪਰ ਉਹ ਜੜ੍ਹ ਵਸਤੂ ਨਹੀ ਉਹ) ਸ੍ਰੇਸ਼ਟ ਗਯਾਨ ਵਾਲਾ (=ਸਰਵੱਗਯ)ਹੈ। (ਉਹ ਸਾਰੇ ਤੇ ਸਭ ਵਿਚ ਵਯਾਪਕ ਹੈ, ਉਹ) ਕਿਸੇ ਨੂੰ ਖਾਲੀ ਨਹੀ ਛੋੜਦਾ, ਉਸ ਦੇ ਚਰਨੀ (ਅਸੀਂ) ਮੁੜ ਮੁੜ ਲੱਗਦੇ ਰਹਿੰਦੇ ਹਾਂ॥੧॥

ਘੰਟਾ ਜਾ ਕਾ ਸੁਨੀਐ ਚਹੁ ਕੁੰਟ ॥ ਆਸਨੁ ਜਾ ਕਾ ਸਦਾ ਬੈਕੁੰਠ ॥ ਜਾ ਕਾ ਚਵਰੁ ਸਭ ਊਪਰਿ ਝੂਲੈ ॥ ਤਾ ਕਾ ਧੂਪੁ ਸਦਾ ਪਰਫੁਲੈ ॥੨॥	ਉਸ ਦੀ (ਪੂਜਾ ਦਾ) ਘੰਟਾ ਚਾਰ ਕੁੰਟ ਵਿਚ ਸੁਣਾਈ ਦੇਂਦਾ ਹੈ। ਆਸਨ ਉਸ ਦਾ ਸਦੈਵ ਬੈਕੁੰਠ ਵਿਚ ਲੱਗਾ ਰਹਿੰਦਾ ਹੈ। (ਉਸ ਉਤੇ ਕਿਸੇ ਦਾ ਨਹੀਂ) ਉਸ ਦਾ ਚੰਵਰ ਸਾਰਿਆਂ ਉਤੇ ਝੁੱਲਦਾ ਹੈ। ਉਸ ਦਾ ਧੂਪ ਸਦਾ ਹੀ ਲਪਟਾਂ ਮਾਰਦਾ ਰਹਿੰਦਾ ਹੈ॥ ੨।
ਘਟਿ ਘਟਿ ਸੰਪਟੁ ਹੈ ਰੇ ਜਾ ਕਾ ॥ ਅਭਗ ਸਭਾ ਸੰਗਿ ਹੈ ਸਾਧਾ ॥ ਆਰਤੀ ਕੀਰਤਨੁ ਸਦਾ ਅਨੰਦ ॥ ਮਹਿਮਾ ਸੁੰਦਰ ਸਦਾ ਬੇਅੰਤ ॥੩॥	(ਇਤਨਾ ਵਜਾਪਕ ਹੋ ਕੇ ਫੇਰ) ਉਸ ਦਾ ਡੱਬਾ ਹਿਰਦੇ ਹਿਰਦੇ ਵਿਚ ਹੈ, ਸਾਧ ਸੰਗਤ (ਦੇ ਰੂਪ ਵਿਚ ਉਸ ਦੀ) ਸਭਾ ਅਤੁੱਟ ਲੱਗੀ ਰਹਿੰਦੀ ਹੈ। ਸਦਾ ਕੀਰਤਨ (ਰੂਪਤਾ ਵਿਚ) ਜੋ ਸਦਾ ਆਨੰਦ ਹੈ(ਇਹ ਉਸ ਦੀ ਆਰਤੀ ਹੈ। 'ਬੇਅੰਤ ਬੇਅੰਤ' ਸਦਾ (ਕਹਿੰਦੇ ਰਹਿੰਦੇ ਹਾਂ ਇਹ ਉਸ ਦੀ) ਸੁੰਦਰ ਮਹਿਮਾ ਹੁੰਦੀ ਰਹਿੰਦੀ ਹੈ॥ ੩॥
ਜਿਸਹਿ ਪਰਾਪਤਿ ਤਿਸ ਹੀ ਲਹਨਾ॥ ਸੰਤ ਚਰਨ ਓਹੁ ਆਇਓ ਸਰਨਾ ॥ ਹਾਥਿ ਚੜਿਓ ਹਰਿ ਸਾਲਗਿਰਾਮੁ ॥ ਕਹੁ ਨਾਨਕ ਗੁਰਿ ਕੀਨੋ ਦਾਨੁ ॥੪॥੩੯॥੯੦॥	ਜਿਸ ਦੇ (ਭਾਗਾਂ ਵਿਚ ਉਸ ਦੀ) ਪ੍ਰਾਪਤੀ ਹੁੰਦੀ ਹੈ ਉਸ ਨੂੰ ਹੀ (ਉਹ ਸਾਲਗ੍ਰਾਮ) ਪ੍ਰਾਪਤ ਹੁੰਦਾ ਹੈ। (ਜਿਸ ਦੇ ਭਾਗਾਂ ਵਿਚ ਹੋਵੇ ਉਸ ਦੀ ਨਿਸ਼ਾਨੀ ਇਹ ਹੈ ਕਿ) ਓਹ (ਪਹਿਲੋਂ) ਸੰਤਾਂ ਦੇ ਚਰਨਾਂ ਵਿਚ ਆ ਕੇ ਸ਼ਰਨ (ਲੈਂਦਾ ਹੈ)। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ ਸਾਨੂੰ ਬੀ) ਗੁਰੂ ਨੇ ਦਾਨ ਕੀਤਾ ਹੈ, ਤਾਂ (ਇਹ) ਅਕਾਲ ਪੁਰਖ ਰੂਪੀ ਸਾਲਗ੍ਰਾਮ ਸਾਡੇ ਹੱਥ ਲੱਗਾ ਹੈ॥ ੪॥ ੩੯॥ ੯੦॥

ਵਜਾਖਜਾ– ਜਾਪਦਾ ਹੈ ਕਿ ਕਿਸੇ ਵੈਸ਼ਨਵ ਨੇ ਆਪ ਜੀ ਨਾਲ ਵੀਚਾਰ ਕਰਦੇ ਕਿਹਾ ਹੈ ਕਿ ਮਨ ਦੇ ਟਿਕਾਉ ਲਈ ਤੇ ਭਾਵਨਾ ਪੂਰਤੀ ਲਈ ਮੂਰਤੀ ਦੀ ਪੂਜਾ ਉਚਿਤ ਹੈ ਤੇ ਉਹ ਮੂਰਤੀ ਸਾਲਗ੍ਰਾਮ ਦੀ ਹੈ। ਆਪ ਜੀ ਨੇ ਉਸ ਦਾ ਖੰਡਨ ਕਰਕੇ ਉਸ ਨੂੰ ਸ਼ਰਧਾ ਭਾਵਨਾ ਵਿਚੋਂ ਉਖੇੜਨ ਦੀ ਥਾਂ ਅਸਲੀ ਤੇ ਵਜਾਪਕ ਪ੍ਰਭੂ ਨੂੰ ਸਾਲਗ੍ਰਾਮ ਆਖ ਕੇ ਉਸ ਦੇ ਲੱਛਣ ਕੀਤੇ ਹਨ ਤੇ ਉਸ ਦੇ ਪੁਜਾਰੀ ਮਨ ਨੂੰ ਨਿਰਾਕਾਰ ਦੀ ਉਪਾਸ਼ਨਾ ਵਲ ਪ੍ਰੇਰਿਆ ਹੈ। ਉਸ ਦੀ ਪੂਜਨ ਅਰਚਾ ਆਦਿ ਨੂੰ ਸਰਬ ਵਜਾਪੀ ਪਰਮਆਤਮਾ ਵਲ ਲਾਉਣ ਦਾ ਉਪਦੇਸ਼ ਦਿੱਤਾ ਹੈ। ਕਿਸੇ ਨੂੰ ਸਮੋਧ ਕਰ ਰਹੇ ਹਨ ਇਸ ਤੁਕ ਤੋਂ ਪਤਾ ਚਲ ਜਾਂਦਾ ਹੈ:-'ਘਟਿ ਘਟਿ ਸੰਪਟੁ ਹੈ ਰੇ ਜਾਂ ਕਾਂ'। ਇਸ ਤੁਕ ਵਿਚ 'ਰੇ' ਪਦ ਸੰਬੋਧਨ ਦਾ ਸੂਚਕ ਹੈ। ਸਾਰੀ ਵਾਕ ਰਚਨਾ ਵਿਚ ਗੁਰੂ ਜੀ ਨੇ ਪਦ ਬੀ ਸਾਲਗ੍ਰਾਮ ਰਖਿਆ ਤੇ ਪੂਜਾ ਅਰਚਾ ਦੇ ਪਦ ਬੀ ਵਰਤੇ; ਪਰ ਮੂਰਤੀ ਪੂਜਾ ਚੁੱਕ ਕੇ ਅਕਾਲ ਪੁਰਖ ਦੀ ਪੂਜਾ ਵਿਚ ਲੈ ਗਏ। ਅਪਣੇ ਸਾਲਗ੍ਰਾਮ ਲਈ ਪਦ ਦੇਵਾ (=ਪ੍ਰਕਾਸ਼ ਸਰੂਪ) ਤੇ ਹਰਿ (=ਵਾਹਿਗੁਰੂ, ਸਪਸ਼ਟ ਪਦ ਵਰਤੇ ਹਨ। ਸੁਗਿਆਨੀ ਆਖ ਕੇ ਉਸ ਨੂੰ ਗਜਾਨ ਵਾਲਾ ਜੀਉਂਦਾ ਜਾਗਦਾ ਦੱਸਿਆ, ਪੱਥਰ ਦੇ ਟਾਕਰੇ ਤੇ। ਜਿਤਨੀਆਂ ਸਿਫਤਾਂ ਵਰਤੀਆਂ ਓਹ ਸਭ ਸਰਬ ਵਜਾਪੀ ਦੀਆਂ ਹਨ। ਉਸ ਦੀ ਪ੍ਰਾਪਤੀ ਦਾ ਵਸੀਲਾ ਗੁਰੂ ਦੱਸਿਆ ਹੈ, ਓਹ ਸਿਫਤਾਂ ਏਹ ਹਨ:-

ਜਲਾਂ ਥਲਾਂ ਵਿਚ ਵਜਾਪਕ, ਭੋਗਤਾ ਬੀ ਆਪ ਹੈ, ਵਜਾਪਕ ਹੈ, ਸ਼ਬਦ ਉਸ ਦਾ ਸਾਰੇ ਹੋ ਰਿਹਾ ਹੈ ਵਜਾਪਕ ਹੁੰਦਾ ਹੋਇਆ ਸਤਿਸੰਗ ਵਿਚ ਸਦੈਵ ਹੈ, ਦ੍ਰਿਸ਼ਜ ਸਾਧ ਸੰਗਤ ਦੇ 'ਟਿਕਾਣੇ ਤੇ ਅਦ੍ਰਿਸ਼ਜ ਸਤਿਸੰਗ (ਬੈਕੁੰਠ) ਵਿਚ ਸਾਰੇ ਹੈ। ਪੌਣਾਂ ਤੇ ਸੁਗੰਧਾਂ ਸਭੇ ਉਸ ਦਾ ਪੂਜਨ ਤੇ ਚੌਰ ਕਰ ਰਹੀਆਂ ਹਨ। ਮਰਜੰਗੀ ਦੇ ਡੱਬੇ ਵਿਚ ਮੂਰਤੀਆਂ ਵਾਙੂ ਨਹੀ ਪਰ ਹਰ ਹਿਰਦੇ ਵਿਚ ਆਪ ਬੈਠਾ ਹੈ ਸਾਰੇ ਪੂਜਨ ਉਸੇ ਦੇ ਹੋ ਰਹੇ ਹਨ।

ਨਿਰੁਕ੍ਤ—**ਉਦਕ**—[ਸੰਸ:, ਉਦਕੰ] ਪਾਣੀ। ਜਲ।

ਸੁਗਿਆਨੀ—[ਦੇਖੋ 'ਸੁਜਾਨਾ' ਪੰਨਾ ੧੭੩੯] ਸੁਸ਼੍ਟੂ ਗਜਾਨ ਵਾਲਾ। ਸਰਵੱਗਜ।

ਬਿਰਥਾ ਕਾਹੂ—ਇਸ ਤੁਕ ਨੂੰ ਐਉਂ ਬੀ ਲਾਉਂਦੇ ਹਨ:-ਕਿਸੇ ਦੀ ਪੀੜਾ ਦੂਰ ਕੀਤੇ ਬਿਨਾਂ ਨਹੀਂ ਛੱਡਦਾ।

ਸਾਲਗਿਰਾਮੁ—[ਸੰਸ:, ਸ਼ਾਲਗ੍ਰਾਮ:= ਵਿਸ਼ਨੂੰ ਦੀ ਮੂਰਤੀ ਜੋ ਗਡਕੀ ਨਦੀ ਵਿਚ ਹੈ] ਸ਼ਾਲ ਬ੍ਰਿਛਾਂ ਦਾ ਪਿੰਡ। ਇਕ ਪਿੰਡ ਜੋ ਗੰਡਕੀ ਨਦੀ ਦੇ ਕਿਨਾਰੇ ਹੈ। ਇਥੋਂ ਗੰਡਕੀ ਨਦੀ ਵਿਚੋਂ ਨਿਕਲਿਆ ਗੋਲ ਗੋਲ ਪੱਥਰ ਜਿਸ ਨੂੰ ਹਿੰਦੂ ਵਿਸ਼ਨੂੰ ਮੂਰਤੀ ਮੰਨਕੇ ਪੂਜਦੇ ਹਨ, ਇਸ ਪਰ ਚੱਕ੍ਰ ਜੇਹੇ ਦਾ ਚਿੰਨ੍ਹ ਹੁੰਦਾ ਹੈ। ਸਾਲਗਿਰਾਮ ਦੀ ਪੂਜਾ ਦੱਸ ਕੇ ਲੱਛਣ ਅਕਾਲ ਪੁਰਖ ਦੇ ਕੀਤੇ, ਮੂਰਤੀ ਪੂਜਾ ਤੋਂ ਈਸ਼੍ਵਰ ਉਪਾਸਨਾ ਵਿਚ ਲੈ ਗਏ। ਉਂਞ ਬੀ ਸਾਲਗ੍ਰਾਮ ਦਾ ਐਉਂ ਅਰਥ ਲਾ ਲੈਂਦੇ ਹਨ:-ਸਾਲ = ਸਮਾਨ + ਗ੍ਰਾਮ = ਸਮੂਹ। ਅਰਥਾਤ ਸਭ ਵਿਚ ਇਕ ਸਾਰ ਵਰਤ ਰਿਹਾ ਹੈ ਜੋ।

ਅਰਚਾ—[ਸੰਸ:, ਅਰਚਾ] ਚੰਦਨ ਛਿੜਕਣਾ ਆਦਿ ਨਾਲ ਪੂਜਾ ਕਰਨੀ।

ਬੰਦਨ—[ਸੰਸ:, ਵੰਦਨ] ਮੱਥਾ ਟੇਕਣਾ।   **ਦੇਵਾ**—ਪ੍ਰਕਾਸ਼ ਸਰੂਪ ਨੂੰ।

ਘੰਟਾ—[ਸੰਸ:,] ਘੜਿਆਲ। ਵਜਾਪਕ ਦਾ ਘੜਿਆਲ ਉਸਦਾ ਹੁਕਮ ਹੈ ਜੋ ਸਾਰੇ ਵੱਜ ਰਿਹਾ ਹੈ।

ਆਸਨ ਸਦਾ-**ਬੈਕੁੰਠ** ਉਸ ਦਾ ਆਸਨ। ਬੈਕੁੰਠ ਕਿਥੇ ਹੈ ?

ਸਾਧ ਸੰਗਤਿ ਬੈਕੁੰਠੇ ਆਹਿ॥   [ਭੈਰਉ ਕਬੀਰ ਜੀ-੧੯]

ਸੋ ਜਿਥੇ ਸਤਿਸੰਗ ਓਥੇ ਆਸਨ। ਚਾਹੋ ਗੁਪਤ ਸੰਸਾਰ ਵਿਚ, ਚਾਹੋ ਪ੍ਰਗਟ ਵਿਚ।

(ਅ) ਬੈਕੁੰਠ ਦਾ ਭਾਵ ਅਚਲ ਬੀ ਹੈ ਉਸ ਦਾ ਆਸਨ ਸਦਾ 'ਅਚਲ' ਹੈ। ਚਵਰ ਤੋਂ ਭਾਵ ਹੁਕਮ ਹੈ, ਧੂਪ ਤੋਂ ਭਾਵ ਕੀਰਤੀ ਯਾ ਜਸ ਹੈ।

ਸੰਪਟੁ—[ਸੰਸ:, ਸੰਪੁਟ: = ਛਟੀ ਡੱਬੀ] ਡੱਬਾ। ਉਹ ਛੋਟਾ ਜਿਹਾ ਡੱਬੇ ਦੀ ਸ਼ਕਲ ਦਾ ਬਣਿਆ ਲਕੜੀ ਦਾ ਸਾਮਾਨ ਜਿਸ ਵਿਚ ਮੂਰਤੀ ਪੂਜਕ ਮੂਰਤੀ ਯਾ ਮੂਰਤੀਆਂ ਜੋੜ ਕੇ ਰਖਦਾ ਤੇ ਪੂਜਦਾ ਹੈ। ਏਥੇ ਆਪ ਦੱਸਦੇ ਹਨ ਕਿ ਹਰ ਹਿਰਦਾ ਇਕ ਡੱਬਾ ਹੈ, ਜਿਸ ਵਿਚ ਅਕਾਲ ਪੁਰਖ ਦੀ ਮੂਰਤੀ ਮੌਜੂਦ ਰਹਿੰਦੀ ਹੈ।

ਸਭਾ—ਮੂਰਤੀ ਪੂਜਕ ਮੂਰਤੀਆਂ ਨੂੰ ਇਕ ਖਾਸ ਤਰ੍ਹਾਂ ਰੱਖ ਕੇ ਸਭਾ ਲਗਾਇਆ ਕਰਦੇ ਹਨ, ਓਹ ਆਪੇ ਲਾਉਂਦੇ ਆਪੇ ਸਮੇਟ ਲੈਂਦੇ ਹਨ, ਗੁਰੂ ਸਾਹਿਬ ਦੱਸਦੇ ਹਨ ਕਿ ਸਾਡੇ ਅਕਾਲ ਪੁਰਖ ਦੀ ਸਭਾ ਅਭਗ ਹੈ, ਉਹ ਟੁੱਟਦੀ ਨਹੀਂ। ਉਸ ਦਾ ਗੁਪਤ ਪ੍ਰਗਟ ਸਾਧ ਸੰਗ ਸਦਾ ਲਗਾ ਰਹਿੰਦਾ ਹੈ, ਯਥਾ ਗੁਰ ਨਾਨਕ ਵਾਕ:-'ਤਿਸੁ ਦੀਬਾਣੁ ਅਭਗੁ॥'   [ਵਾਰ ਆਸਾ ਮਹਲਾ ੧-੮]

ਹਰਿ ਸਾਲਗਿਰਾਮੁ-ਹਰੀ (ਵਾਹਿਗੁਰੂ ਰੂਪੀ) ਸਾਲਗਿਰਾਮੁ।

[ਆਸਾ ਮਹਲਾ ੫, ਚਉਪਦਾ, ੯੧-੧੫੮]

ਮੂਲ	ਅਰਥ
ਆਸਾ ਮਹਲਾ ੫ ਪੰਚਪਦਾ ॥	
ਜਿਹ ਪੈਡੈ ਲੂਟੀ ਪਨਿਹਾਰੀ ॥ ਸੋ ਮਾਰਗੁ ਸੰਤਨ ਦੂਰਾਰੀ ॥੧॥	ਜਿਸ ਰਸਤੇ ਵਿਚ ਪਾਣੀ ਢੋਣ ਵਾਲੀ ਲੁੱਟੀ ਜਾਂਦੀ ਹੈ ਉਹ ਰਸਤਾ ਸੰਤਾਂ ਤੋਂ ਦੂਰ ਰਹਿ ਜਾਂਦਾ ਹੈ॥੧॥
ਸਤਿਗੁਰ ਪੂਰੈ ਸਾਚੁ ਕਹਿਆ ॥ ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ ॥੧॥ਰਹਾਉ॥	ਪੂਰੇ ਸਤਿਗੁਰੂ ਨੇ ਸੱਚ (ਹੀ) ਆਖਿਆ ਹੈ (ਹੇ ਵਾਹਿਗੁਰੂ !) ਤੇਰੇ ਨਾਮ ਵਾਲਿਆਂ ਦੇ (ਜਾਣੇ ਲਈ ਜੋ) ਰਸਤਾ ਹੈ ਮੋਕਲਾ ਹੈ (ਜਿਥੋਂ ਕਿ) ਜਮ ਮਾਰਗ ਦੂਰ ਰਹਿ ਜਾਂਦਾ ਹੈ॥੧॥ਰਹਾਉ॥

ਜਹ ਲਾਲਚ ਜਾਗਾਤੀ ਘਾਟ ॥ ਦੂਰਿ ਰਹੀ ਉਹ ਜਨ ਤੇ ਬਾਟ ॥੨॥	ਜਿਸ (ਰਸਤੇ ਵਿਚ) ਲਾਲਚੀ ਮਸੂਲੀਏ ਦਾ ਘਾਟ(=ਪੱਤਣ ਆਉਂਦਾ ਹੈ) ਉਹ ਰਸਤਾ (ਪਰਮੇਸੁਰ ਦੇ) ਦਾਸ ਤੋਂ ਦੂਰ (ਪਰੇ) ਰਹਿ ਜਾਂਦਾ ਹੈ॥ ੨॥
ਜਹ ਆਵਟੇ ਬਹੁਤ ਘਨ ਸਾਥ ॥ ਪਾਰਬ੍ਰਹਮ ਕੇ ਸੰਗੀ ਸਾਧ ॥੩॥	ਜਿੱਥੇ ਬਹੁਤੇ ਘਣੇ ਪੂਰ (ਪਾਪੀਆਂ ਦੇ) ਤਪਾਏ ਜਾਂਦੇ ਹਨ, ਓਥੇ ਸਾਧੂ (ਲੋਕ) ਪਾਰਬ੍ਰਹਮ ਦੇ ਸੰਗੀ ਹੁੰਦੇ ਹਨ॥ ੩॥
ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ॥੪॥	ਚਿਤ੍ਰ ਗੁਪਤ (ਜੋ) ਸਭ ਦਾ ਲੇਖਾ ਲਿਖਦੇ ਹਨ (ਉਹ)ਭਗਤ ਜਨਾਂ ਵੱਲ ਨਜ਼ਰ ਚੁੱਕ ਕੇ ਬੀ ਨਹੀਂ ਦੇਖ ਸਕਦੇ॥ ੪॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥ ਵਾਜੇ ਤਾ ਕੈ ਅਨਹਦ ਤੂਰਾ ॥੫॥੪੦॥੯੧॥	ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਜਿਸ ਦਾ ਸਤਿਗੁਰੁ ਪੂਰਾ ਹੋਵੇ ਉਸ ਲਈ ਤਾਂ (ਪ੍ਰਲੋਕ ਗਿਆਂ) ਅਨਾਹਦ ਵਾਜੇ ਵਜਦੇ ਹਨ॥ ੫॥ ੪੦॥ ੯੧॥

ਵਜਾਖਜਾ— ਇਸ ਸ਼ਬਦ ਵਿਚ ਮਰਨੇ ਦੇ ਬਾਦ ਨਾਮ ਪ੍ਰੇਮੀ ਭਗਤ ਪੁਰਖ ਦੀ ਤੇ ਪਾਪੀ ਪੁਰਖ ਦੀ ਸਦਗਤੀ ਤੇ ਮੰਦਗਤੀ ਦਾ ਵਰਣਨ ਹੈ। ਭਗਤ ਪੁਰਖਾਂ ਨੂੰ 'ਸੰਤਨ', 'ਜਨ', 'ਭਗਤ ਜਨ' ਪਦਾਂ ਨਾਲ ਯਾਦ ਕੀਤਾ ਹੈ ਤੇ ਪਾਪੀਆਂ ਨੂੰ 'ਪਨਿਹਾਰੀ', 'ਘਨ ਸਾਥ' ਆਦਿ ਪਦਾਂ ਨਾਲ ਯਾਦ ਕੀਤਾ ਹੈ। ਪਾਪੀ ਜਿਸ ਰਸਤੇ ਜਾਂਦੇ ਹਨ ਉਸਨੂੰ 'ਪੈਡਾ', 'ਜਾਗਾਤੀ ਘਾਟ', 'ਬਾਟ' ਆਦਿ ਪਦਾਂ ਨਾਲ ਯਾਦ ਕੀਤਾ ਹੈ ਤੇ ਸੰਤਾਂ ਦੇ ਮਾਰਗ ਨੂੰ 'ਸੰਤਨ ਮਾਰਗੁ', 'ਮੁਕਤੇ ਬੀਥੀ' ਪਦ ਵਰਤੇ ਹਨ। ਪਾਪੀਆਂ ਨੂੰ ਜਮ ਮਾਰਗ ਵਿਚ ਲੁੱਟੇ ਜਾਂਦੇ ਦੱਸਿਆ ਹੈ, ਭਾਵ ਹੈ ਕਿ ਸਕਾਮ ਕਰਮ ਦੇ ਦੇ ਕੇ ਉਸ ਰਸਤੇ ਤੇ ਅਰਾਮ ਲੈਂਦੇ ਓਹ ਸਕਾਮ ਕਰਮ ਰੂਪੀ ਧਨ ਲੁਟਾ ਬੈਠਦੇ ਹਨ। ਮਸੂਲੀਏ ਜਗਾਤ ਲੈਂਦੇ ਦਾ ਭਾਵ ਬੀ ਜਮਾ ਦਾ ਲੁਟ ਲੈਣਾ ਹੈ*। 'ਆਵਟੇ ਘਨ ਸਾਥ' ਤੋਂ ਮੁਰਾਦ ਨਰਕ ਅਗਨੀ ਵਿਚ ਹੋਣ ਦਾ ਹੈ। ਏਹ ਸਾਰੇ ਜਮ ਮਾਰਗ ਨਰਕ ਆਦਿ ਦੇ ਦੁਖ ਕਸ਼ਟ ਓਹੋ ਲਏ ਹਨ ਜੋ ਹਿੰਦੂ ਧਰਮ ਵਿਚ ਮੰਨੇ ਹਨ, ਭਾਵ ਪਾਪੀਆਂ ਦੇ ਸਮੁੱਚੇ ਦੁਖੀ ਹੋਣ ਤੋਂ ਹੈ। ਕਿਸੇ ਪ੍ਰਕਾਰ ਦੇ ਦੁਖ ਹੋਣ, ਪਾਪਾਂ ਦਾ ਫਲ ਦੁਖ ਹੈ, ਪਰ ਨਾਮ ਦਾ ਮਾਰਗ ਮੁਕਤੀ ਮਾਰਗ ਹੈ। ਇਸ ਦੇ ਅਭਜਾਸੀ ਮੁਕਤੀ ਨੂੰ ਪ੍ਰਾਪਤ ਹੋਣਗੇ,ਸਭ ਪ੍ਰਕਾਰ ਦੇ ਨਰਕ ਤੇ ਪਾਪਾਂ ਤੋਂ ਹੋਣ ਵਾਲੇ ਦੁਖ ਉਨ੍ਹਾਂ ਤੋਂ ਦੂਰ ਰਹਿਣਗੇ, ਕਿਉਂਕਿ ਓਹ ਤਾਂ ਨਾਮ ਜਪਦੇ ਜੀਉਂਦੇ ਜੀ ਨਾਮੀ ਨਾਲ ਯੁਕਤ ਹੋਏ ਭਗਤ ਜਨ ਚੋਲਾ ਛੋੜਦੇ ਹਨ ਸੋ ਮੁਕਤ ਰੂਪ ਹਨ। ਇਹ ਉਪਦੇਸ਼ ਹੈ ਸ਼ਬਦਾਂ ਦਾ ਕਿ ਇਸ ਨਾਮ ਮਾਰਗ ਤੇ ਟੁਰੋ ਤੇ ਨਰਕ ਆਦਿ ਡਰਾਂ ਤੋਂ ਬੇਡਰ ਹੋ ਜਾਓ।

ਨਿਰੁਕ੍ਤ—**ਪੈਡੈ**—[ਹਿੰ:, ਅਤੇ ਪੰ:,] ਪੈਂਡ ਵਿਚ। ਰਸਤੇ ਵਿਚ।

ਪਨਿਹਾਰੀ—[ਪਾਣੀ+ਹਾਰੀ = ਪਨਿਹਾਰੀ, ਹਿੰਦੀ] ਪਾਣੀ ਢੋਣ ਵਾਲੀ। ਮਜ਼ਦੂਰਨ। ਭਾਵ ਹੈ ਸਕਾਮ ਕਰਮ ਕਰਨੇ ਵਾਲੀ। ਜਿਸ ਤੋਂ ਮਾੜੇ ਕਰਮ ਹੁੰਦੇ ਹਨ, ਕੁਛ ਭਲੇ ਬੀ ਹੁੰਦੇ ਹਨ, ਪਰ ਓਹ ਕਾਮਨਾ ਵਾਲੇ ਹੁੰਦੇ ਹਨ। ਬੰਦਗੀ ਨਹੀਂ ਹੁੰਦੀ। **ਦੂਰਾਰੀ**—ਦੂਰ ਦਾ ਹੈ।

ਬੀਥੀ—[ਸੰਸ:, ਵੀਥੀ = ਰਸਤਾ] ਗਲੀ। ਮੁਕਤੇ ਬੀਥੀ-ਮੁਕਤੀ ਰੂਪ ਗਲੀ। ਮੁਕਤ ਪਦ ਦਾ ਅਰਥ ਢਿੱਲਾ ਬੀ ਹੈ, ਇਸ ਤੋਂ ਮੋਕਲੀ (ਗਲੀ) ਬੀ ਅਰਥ ਕਰ ਲੈਂਦੇ ਹਨ।

---

*ਸ਼ਾਇਦ ਇਸ਼ਾਰਾ ਹਿੰਦੂ ਧਰਮ ਦੀ ਦੱਸੀ ਵੈਤਰਨੀ ਨਦੀ ਦੇ ਪੱਤਣ ਵਲ ਹੈ, ਜਿਥੇ ਕਈ ਪ੍ਰਕਾਰ ਦੇ ਦਾਨ ਕੀਤੇ ਹੋਣ ਤੇ ਪਾਰ ਹੋਣ ਦੇਂਦੇ ਹਨ। ਦਾਨ ਕਰਮਾਂ ਨੂੰ ਮਸੂਲ ਵਿਚ ਲੈ ਲੈਂਦੇ ਹਨ।

ਮਾਰਗੁ–[ਸਸ:, ਮਾਰ੍ਗ:] ਰਸਤਾ।

ਜਾਗਾਤੀ–[ਅ:, ਜ਼ਕਾਤ=ਮਾਸ ਮਸੂਲ] ਧਰਮ ਅਰਥ ਕੱਢਿਆ ਹਿੱਸਾ। (੨) ਚੁੰਗੀ ਦਾ ਮਸੂਲ, ਮਹਸੂਲ। ਬਾਟ–(ਸੰਸ:, ਵਾਟ:।ਹਿੰਦੀ) ਰਸਤਾ।

ਆਵਟੇ–[ਪ੍ਰਾ:, ਆਵਟ੍ਟ: ਪੁ: ਪੰ:, ਆਵਟਣਾ] ਉਬਲਣਾ, ਖੌਲਣਾ, ਤਪਣਾ।(ਦੇਖੋ ਪੰਨਾ ੫੭੦)

ਸਾਥ–[ਪੰ:,] ਕੱਠ ਟੁਰਨ ਵਾਲਿਆਂ ਦਾ ਸੰਗ। ਕਾਫਲਾ।

ਦ੍ਰਿਸਟਿ ਨ ਪਖਾ–ਮੁਹਾਵਰਾ ਹੈ। ਨਜ਼ਰ ਭਰ ਤੱਕ ਨਹੀਂ ਸਕਦੇ। ਕਿਵੇਂ ਬੀ ਕੋਈ ਖੇਚਲ ਨਹੀਂ ਦੇ ਸਕਦੇ। **ਅਨਹਦ ਤੂਰਾ**–ਅਨਹਦ ਵਾਜੇ। ਭਾਵ ਹੈ ਸਭ ਥਾਂ ਲੋਕ ਪ੍ਰਲੋਕ ਉਹ ਸੰਗੀਤਕ ਆਦਰਾਂ ਨਾਲ ਆਦਰ ਜਾਂਦੇ ਹਨ। ਮਹਾਨ ਆਦਰ ਤੋਂ ਭਾਵ ਹੈ।

[ਆਸਾ ਮਹਲਾ ੫, ਚਉਪਦਾ, ੯੨-੧੫੯]

ਮੂਲ	ਅਰਥ
ਆਸਾ ਮਹਲਾ ੫ ਦੁਪਦਾ ੧ ॥ **ਸਾਧੂ ਸੰਗਿ ਸਿਖਾਇਓ ਨਾਮੁ ॥** **ਸਰਬ ਮਨੋਰਥ ਪੂਰਨ ਕਾਮ ॥** **ਬੁਝਿ ਗਈ ਤ੍ਰਿਸਨਾ ਹਰਿ ਜਸਹਿ ਅਘਾਨੇ ॥** **ਜਪਿ ਜਪਿ ਜੀਵਾ ਸਾਰਿਗਪਾਨੇ ॥੧॥**	ਸਾਧੂ ਦੇ ਸੰਗ ਨੇ (ਮੈਨੂੰ) ਨਾਮ (ਸਿਮਰਨ) ਸਿਖਾ ਦਿੱਤਾ: (ਤਦ ਮੇਰੇ) ਸਾਰੇ ਮਨੋਰਥ ਤੇ ਕਾਮਨਾ ਪੂਰਨ ਹੋ ਗਈਆਂ। ਤ੍ਰਿਸ਼ਨਾ (ਸਾਰੀ) ਬੁਝ ਗਈ (ਤੇ) ਹਰੀ ਜਸ ਨਾਲ (ਹੀ) ਜੀਉ ਰਿਹਾ ਹਾਂ॥੧॥
ਕਰਨ ਕਰਾਵਨ ਸਰਨਿ ਪਰਿਆ ॥ **ਗੁਰ ਪਰਸਾਦਿ ਸਹਜ ਘਰੁ ਪਾਇਆ** **ਮਿਟਿਆ ਅੰਧੇਰਾ ਚੰਦੁ ਚੜਿਆ॥੧॥ ਰਹਾਉ ॥**	(ਹਾਂ, ਹੁਣ ਸਭ ਕੁਛ) ਕਰਨ ਤੇ ਕਰਾਉਣ ਵਾਲੇ (ਪ੍ਰਭੂ ਦੀ) ਸ਼ਰਨ ਪੈ ਗਿਆ ਹਾਂ(ਤੇ ਮੈਂ)ਗੁਰੂ ਦੀ ਕ੍ਰਿਪਾ ਨਾਲ ਸਹਜ ਦਾ ਘਰ ਪ੍ਰਾਪਤ ਕਰ ਲਿਆ ਹੈ (ਜਿਸ ਕਰਕੇ ਅਗਜਾਨ ਦਾ) ਹਨੇਰਾ ਦੂਰ ਹੋ ਗਿਆ ਹੈ (ਤੇ ਗਜਾਨ ਰੂਪੀ) ਚੰਦ ਚੜ੍ਹ ਪਿਆ ਹੈ॥੧॥ਰਹਾਉ॥
ਲਾਲ ਜਵੇਹਰ ਭਰੇ ਭੰਡਾਰ ॥ **ਤੋਟਿ ਨ ਆਵੈ ਜਪਿ ਨਿਰੰਕਾਰ ॥** **ਅੰਮ੍ਰਿਤ ਸਬਦੁ ਪੀਵੈ ਜਨੁ ਕੋਇ ॥** **ਨਾਨਕ ਤਾ ਕੀ ਪਰਮ ਗਤਿ ਹੋਇ ॥੨॥੪੧॥੯੨॥**	(ਵੈਰਾਗ ਤੇ ਪ੍ਰੇਮ ਰੂਪੀ) ਲਾਲਾਂ ਜ੍ਵਾਹਰਾਂ ਨਾਲ (ਅੰਤਹਕਰਣ ਦੇ) ਖ਼ਜ਼ਾਨੇ ਭਰ ਗਏ ਹਨ (ਅਤੇ) ਨਿਰੰਕਾਰ ਦਾ ਜਧ ਕਰਕੇ ਕੋਈ ਟੋਟਾ ਨਹੀ ਆਉਂਦਾ। (ਗੁਰੂ ਨਾਨਕ (ਦੇਵ ਜੀ ਫੁਰਮਾਉਂਦੇ ਹਨ) ਅੰਮ੍ਰਿਤ ਰੂਪੀ ਸ਼ਬਦ ਨੂੰ (ਜੋ) ਕੋਈ ਬੀ ਪੀਵੇਗਾ (ਭਾਵ ਨਾਮ ਜਪੇਗਾ) ਉਸ ਦੀ ਪਰਮ ਗਤੀ (ਮੁਕਤੀ) ਹੋ ਜਾਏਗੀ॥੨॥੯੨॥

ਵਜਾਖਜਾ– ਨਾਮ ਦਾ ਫਲ ਦੱਸਿਆ ਹੈ ਜੋ ਸਾਧੂ ਦੇ ਸੰਗ ਤੋਂ ਪ੍ਰਾਪਤ ਹੋਇਆ ਹੈ। ਉਸਨੇ ਪਹਿਲੋਂ ਤਾਂ ਕਾਮਨਾਂ ਪੂਰਨ ਕੀਤੀਆਂ, ਫੇਰ ਤ੍ਰਿਸ਼ਨਾ ਹੀ ਬੁਝ ਗਈ ਜੋ ਕਾਮਨਾ ਕਰਦੀ ਹੁੰਦੀ ਸੀ। ਚਿਤ ਬ੍ਰਿਤੀ ਨੂੰ 'ਹਰੀ ਦੇ ਨਾਮ ਜਪ' ਤੇ 'ਹਰੀ ਦੇ ਜਸ ਗਾਇਨ' ਦਾ ਪਰਮ ਤ੍ਰਿਪਤੀ ਦੇਣ ਵਾਲਾ ਕੰਮ ਮਿਲ ਗਿਆ। ਇਸ ਨਾਮ ਅਰਾਧਨ ਤੇ ਹਰੀ ਜਸ ਨਾਲ ਪ੍ਰਭੂ ਦੀ ਸ਼ਰਨ ਮਿਲ ਗਈ ਭਾਵ ਪ੍ਰਾਪਤੀ ਹੋ ਗਈ, ਸਹਜ ਅਵਸਥਾ ਆ ਗਈ, ਜੋ ਆਤਮਾ ਦੀ ਸੁਭਾਵਕ ਸ਼ਾਂਤਿ ਆਨੰਦ ਤੇ ਗਜਾਨ ਸਰੂਪ ਅਵਸਥਾ ਨਿਜ ਦੀ ਹਾਲਤ ਹੁੰਦੀ ਹੈ। ਉਹ ਪੂਰਨ ਗਜ਼ਾਨ ਦੀ ਹਾਲਤ ਹੁੰਦੀ ਹੈ, ਉਸ ਨੂੰ

ਮਿਸਾਲ ਚੰਦ ਚੜ੍ਹਨੇ ਨਾਲ ਦਿਤੀ ਹੈ। ਲਾਲ ਜਵੇਹਰ ਤੋਂ ਸਮੁੱਚੀ ਮੁਰਾਦ ਆਤਮ ਧਨ ਦੀ ਹੈ, ਪਰ ਸੰਪ੍ਰਦਾਈ ਦਾਨੇ ਇਸ ਤੋਂ ਵਿਸ਼ੇਸ਼ ਭਾਵ ਵੈਰਾਗ ਤੇ ਗਿਆਨ ਦਾ ਲੈਂਦੇ ਹਨ,ਜੋ ਉਹਨਾਂ ਨੂੰ ਸੁਤੇ ਪ੍ਰਾਪਤ ਹੁੰਦਾ ਹੈ ਤੇ ਜਿਸ ਦੇ ਨਾਲ ਨਾਲ ਜਗਤ ਨਿਸਤਾਰਦੇ ਹਨ, ਜਿਸ ਨੂੰ ਦੇਂਦਿਆਂ ਤੋਟਾ ਨਹੀਂ ਪੈਂਦਾ ਕਿਉਂਕਿ ਹਰੀ ਸਿਮਰਣ ਸੁਤੇ ਹੀ ਉਹਨਾਂ ਭੰਡਾਰਾਂ ਨੂੰ ਭਰਦਾ ਰਹਿੰਦਾ ਹੈ। ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਹ ਦਸ਼ਾ ਕਿਸੇ ਖਾਸ ਦੀ ਹੁੰਦੀ ਹੈ ? ਤਾਂ ਦੱਸਦੇ ਹਨ ਕਿ ਨਾਮ ਰੂਪੀ ਅੰਮ੍ਰਿਤ ਭਾਵੇਂ ਕੋਈ ਪੁਰਖ ਪੀਵੇ ਇਸ ਪੂਰਨ ਅਵਸਥਾ ਨੂੰ ਪਹੁੰਚ ਜਾਂਦਾ ਹੈ।

ਨਿਰੁਕ੍ਤ—ਕਾਮ—ਕਾਮਨਾ। ਮਨੋਰਥ। ਅਘਾਨੇ-ਰੱਜ ਗਏ ਹਾਂ।

ਸਾਰਿਗ ਪਾਨੇ—[ਦੇਖੋ ਪੰਨਾ ੭੯੮] ਜਿਸ ਦੇ ਹੱਥ ਵਿਚ ਤੀਰ ਹੈ ਯਾ ਧਰਤੀ ਹੈ, ਭਾਵ ਅਕਾਲ ਪੁਰਖ। ਸਹਜ ਘਰੁ—ਸਹਜ ਅਵਸਥਾ। ਆਤਮਾ ਦਾ ਕੁਦਰਤੀ ਸੁਭਾਵ ਯਾ ਹਾਲਤ।

[ਆਸਾ ਮਹਲਾ ੫, ਚਉਪਦਾ, ੯੩-੧੬੦]

ਪ੍ਰਾਕ੍ਕਥਨ—ਪਿਛਲੇ ਸ਼ਬਦ ਦਾ ਭਾਵ ਜਾਰੀ ਹੈ, ਸਹਜ ਅਵਸਥਾ ਵਾਲਾ ਕੀਕੂੰ ਦਾ ਜੀਵਨ ਬਸਰ ਕਰਦਾ ਹੈ।

ਮੂਲ	ਅਰਥ
ਆਸਾ ਘਰੁ ੭ ਮਹਲਾ ੫ ॥ ਹਰਿ ਕਾ ਨਾਮੁ ਰਿਦੈ ਨਿਤ ਧਿਆਈ॥ ਸੰਗੀ ਸਾਥੀ ਸਗਲ ਤਰਾਂਈ ॥੧॥	ਹਰੀ ਦਾ ਨਾਮ (ਮੈਂ ਅਪਣੇ) ਹਿਰਦੇ ਵਿਚ ਸਦਾ ਧਿਆਉਂਦਾ ਹਾਂ (ਅਤੇ ਨਾਮ ਕਰਕੇ ਹੀ ਆਪਣੇ ਨਾਲ) ਸਾਰੇ ਸੰਗੀਆਂ ਤੇ ਸਾਥੀਆਂ ਨੂੰ (ਭਵ ਸਾਗਰ ਤੋਂ) ਤਰਾਉਂਦਾ ਹਾਂ॥੧॥
ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ॥੧॥ਰਹਾਉ ॥	(ਉਹ) ਗੁਰੂ ਸਦਾ ਮੇਰੇ (ਅੰਗ-) ਸੰਗ ਰਹਿੰਦਾ ਹੈ, (ਹਾਂ ਮੇਰੇ) ਨਾਲ (ਵੱਸਦਾ) ਹੈ। ਉਸ ਨੂੰ ਯਾਦ ਕਰ ਕਰ ਕੇ (ਮੇਰਾ ਮਨ) ਸਦਾ ਹੀ ਸੰਮ੍ਹਾਲਦਾ ਰਹਿੰਦਾ ਹੈ॥੧॥ਰਹਾਉ॥
ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥	(ਇਸ ਲਈ)ਨਾਨਕ ਹਰਿ ਨਾਮ (ਰੂਪੀ) ਪਦਾਰਥ (ਹੇ ਹਰੀ ਆਪ ਤੋਂ) ਮੰਗਦਾ ਹੈ (ਤੇ ਨਾਲ ਮੰਗਦਾ ਹੈ ਕਿ) ਤੇਰਾ ਕੀਤਾ ਮੈਨੂੰ ਸਦਾ) ਮਿੱਠਾ ਲੱਗੇ॥੨॥੪੨॥੯੩॥

ਵ੍ਯਾਖ੍ਯਾ— ਇਸ ਸ਼ਬਦ ਵਿਚ ਆਪਣੀ ਉੱਚ ਪ੍ਰਾਪਤ ਅਵਸਥਾ ਵਿਚ ਬੀ ਹਰੀ ਨਾਮ ਦਾ ਸਿਮਰਨ, ਤੇ ਭਾਣੇ ਦਾ ਮਿੱਠਾ ਲਗਣਾ ਦੋ ਦਾਨ ਮੰਗੇ ਹਨ ਤੇ ਇਨ੍ਹਾਂ ਦੀ ਲੋੜ ਆਪਣੇ ਤੋਂ ਛੁੱਟ ਇਸ ਲਈ ਬੀ ਦੱਸੀ ਹੈ ਕਿ ਜਗਤ ਨਿਸਤਾਰਨ ਦਾ ਕੰਮ ਕਰਨਾ ਹੈ।

ਨਿਰੁਕ੍ਤ—ਸੁਗਮ।

[ਆਸਾ ਮਹਲਾ ੫, ਚਉਪਦਾ, ੯੪-੧੬੧]

ਪ੍ਰਾਕ੍ਕਥਨ—ਏਸ (ਸ਼ਬਦ ਵਿਚ ਜਿਨ੍ਹਾਂ ਨੂੰ ਤਾਰਿਆ ਹੈ, ਕੁਛ ਉਨ੍ਹਾਂ ਵਲ ਇਸ਼ਾਰਾ ਹੈ

ਮੂਲ	ਅਰਥ
ਆਸਾ ਮਹਲਾ ੫ ॥	
ਸਾਧੂ ਸੰਗਤਿ ਤਰਿਆ ਸੰਸਾਰੁ ॥ ਹਰਿ ਕਾ ਨਾਮੁ ਮਨਹਿ ਆਧਾਰੁ॥੧॥	ਸਾਧੂ ਦੀ ਸੰਗਤ ਕਰਕੇ (ਇਕ) ਸੰਸਾਰ ਤਰ ਗਿਆ ਹੈ। (ਤੂੰ ਬੀ) ਹਰੀ ਦੇ ਨਾਮ ਨੂੰ ਮਨ ਦਾ ਆਸਰਾ ਬਣਾਉ॥੧॥
ਚਰਨ ਕਮਲ ਗੁਰਦੇਵ ਪਿਆਰੇ ॥ ਪੂਜਹਿ ਸੰਤ ਹਰਿ ਪ੍ਰੀਤਿ ਪਿਆਰੇ॥੧॥ ਰਹਾਉ ॥	(ਦੇਖ, ਜਗਤ ਵਿਚ ਜੋ) ਹਰੀ ਪ੍ਰੀਤਿ ਦੇ ਪਿਆਰੇ ਸੰਤ ਹਨ ਓਹ ਪਿਆਰੇ ਗੁਰਦੇਵ ਦੇ ਚਰਨਾਂ ਕਵਲਾਂ ਨੂੰ ਪੂਜਦੇ ਹਨ॥੧॥ ਰਹਾਉ॥
ਜਾ ਕੈ ਮਸਤਕਿ ਲਿਖਿਆ ਭਾਗੁ ॥ ਕਹੁ ਨਾਨਕ ਤਾ ਕਾ ਥਿਰੁ ਸੋਹਾਗੁ ॥੨॥੪੩॥੯੪॥	ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਜਿਸ ਦੇ ਮੱਥੇ ਤੇ ਭਾਗ ਲਿਖਿਆ ਹੁੰਦਾ ਹੈ ਉਸ ਦਾ ਸੁਹਾਗ ਕਾਇਮ ਹੋ ਜਾਂਦਾ ਹੈ (ਭਾਵ ਉਸ ਨੂੰ ਅਪਣੇ ਪ੍ਰਭੂ ਦਾ ਮਿਲਾਪ ਸਦੈਵੀ ਹੋ ਜਾਂਦਾ ਹੈ)॥੨॥੪੩॥੯੪॥

ਵਜਾਖਜਾ— ਦੁਨੀਆਂ ਦੇ ਲੋਕ ਸਾਧੂ ਦੇ ਸੰਗ ਨਾਲ ਤਰਦੇ ਹਨ। ਕੀਕੂੰ? ਸਾਧੂ ਇਕ ਨਾਮ ਦਾ ਆਸਰਾ ਦੇ ਦੇਂਦਾ ਹੈ, ਉਸ ਨਾਲ ਤਰਦੇ ਹਨ ਲੋਕੀਂ। ਇਸ ਦੇ ਨਾਲ ਓਹ ਲੋਕ, ਜੋ ਨਾਮ ਜਪਦੇ ਹਨ, ਗੁਰਦੇਵ ਦੇ ਚਰਨਾਂ ਦਾ ਆਸਰਾ ਲੈਂਦੇ ਹਨ, ਉਨ੍ਹਾਂ ਦਾ ਪੂਜਨ ਕਰਦੇ ਹਨ। ਅੰਤ ਵਿਚ ਦੱਸਦੇ ਹਨ ਕਿ ਲੱਗ ਤਾਂ ਕਈ ਪੈਂਦੇ ਹਨ, ਪਰ ਕੁਛ ਛੇਤੀ ਤ੍ਰਟ ਜਾਂਦੇ ਹਨ, ਕੁਛ ਪੁੱਗਦੇ ਸਿਰ ਚੜ੍ਹਦੇ ਹਨ। ਜਿਸਦੇ ਭਾਗ ਹੁੰਦੇ ਹਨ ਓਹ ਦੱਸਦੇ ਹਨ: ਸਿਰੇ ਚੜ੍ਹ ਜਾਂਦੇ ਹਨ। ਉਨ੍ਹਾਂ ਨੂੰ ਵਾਹਿਗੁਰੂ ਦਾ ਮਿਲਾਪ ਸਦੈਵੀ ਹੋ ਜਾਂਦਾ ਹੈ। **ਨਿਰੁਕ੍ਤ**—ਸੁਗਮ ਹੈ।

[ਆਸਾ ਮਹਲਾ ੫, ਚਉਪਦਾ, ੯੫-੧੬੨]

ਪ੍ਰਾਕ੍ਥਨ— ਸਉਕਣ ਦੇ ਰੂਪਕ ਵਿਚ ਮਾਇਕ ਅਕਲਾਂ ਤੋਂ ਖ਼ਲਾਸੀ ਤੇ ਸਹਿਜ ਸੁਖ ਦੀ ਪ੍ਰਾਪਤੀ ਦਰਸਾਈ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਮੀਠੀ ਆਗਿਆ ਪਿਰ ਕੀ ਲਾਗੀ ॥ ਸਉਕਨਿ ਘਰ ਕੀ ਕੰਤਿ ਤਿਆਗੀ ॥ ਪ੍ਰਿਅ ਸੋਹਾਗਨਿ ਸੀਗਾਰਿ ਕਰੀ ॥ ਮਨ ਮੇਰੇ ਕੀ ਤਪਤਿ ਹਰੀ ॥੧॥	(ਜਦੋਂ ਮੈਨੂੰ ਅਪਣੇ) ਪਤੀ ਦੀ ਆਗਿਆ ਮਿੱਠੀ ਲੱਗਣ ਲੱਗ ਪਈ (ਤਦੋਂ ਐਉਂ ਠੰਢ ਵਰਤੀ ਕਿ ਮਾਨੋਂ) ਪਤੀ ਨੇ ਘਰ ਦੀ ਸਉਕਣ ਨੂੰ ਕੱਢ ਦਿੱਤਾ ਹੈ। (ਅਤੇ) ਪਤੀ ਨੇ (ਆਪ ਮੈਨੂੰ) ਸਿੰਗਾਰ ਲਾਕੇ ਸੁਹਾਗਣ ਬਣਾ ਲਿਆ ਹੈ (ਅਤੇ) ਮੇਰੇ ਮਨ ਦੀ (ਸੇਤੀਆ ਡਾਹ ਵਾਲੀ) ਤਪਤ ਦੂਰ ਕਰ ਦਿੱਤੀ ਹੈ॥੧॥
ਭਲੋ ਭਇਓ ਪ੍ਰਿਅ ਕਹਿਆ ਮਾਨਿਆ ॥ ਸੂਖੁ ਸਹਜੁ ਇਸੁ ਘਰ ਕਾ ਜਾਨਿਆ॥ ਰਹਾਉ ॥	ਚੰਗਾ ਹੋਇਆ ਕਿ (ਮੈਂ) ਪਤੀ ਦਾ ਕਿਹਾ ਮੰਨ ਲਿਆ (ਜਿਸ ਕਰਕੇ ਮੈਂ) ਇਸ ਘਰ ਦਾ (ਸੁਖ ਜੋ) ਸਹਜ ਸੁਖ ਹੈ ਉਹ ਜਾਣ ਲਿਆ ਹੈ॥ ਰਹਾਉ॥
ਹਉ ਬੰਦੀ ਪ੍ਰਿਅ ਖਿਜਮਤਦਾਰ ॥	(ਹੁਣ)ਮੈਂ (ਉਸ ਅਪਣੇ) ਪਿਆਰੇ ਦੀ ਖਿਦਮਤ ਕਰਨੇ ਵਾਲੀ ਦਾਸੀ (ਭਾਵ ਪੂਰਨ ਸੇਵਕਾ) ਬਣ ਗਈ ਹਾਂ। [ਪ੍ਰਸ਼ਨ-ਤੇਰਾ

ਓਹੁ ਅਬਿਨਾਸੀ ਅਗਮ ਅਪਾਰ ॥ ਲੇ ਪਖਾ ਪ੍ਰਿਅ ਝਲਉ ਪਾਏ ॥ ਭਾਗਿ ਗਏ ਪੰਚ ਦੂਤ ਲਾਵੇ ॥੨॥	ਪਤੀ ਕੌਣ ਹੈ ? ਉੱਤਰ:] ਓਹ ਨਾਸ਼ ਰਹਿਤ (ਭਾਵ ਸਦਾ ਜੀਵਦਾ ਜਾਗਦਾ ਹੈ ਅਤੇ ਮਨ ਇੰਦ੍ਰਿਆਂ ਦੀ) ਪਹੁੰਚ ਤੋਂ ਪਰੇ ਹੈ ਤੇ ਪਾਰ ਰਹਿਤ ਹੈ। (ਪਰ ਫੇਰ ਦੇਖੋ ਕਿ ਉਸ) ਪਿਆਰੇ ਨੂੰ (ਮੈਂ) ਪੱਖਾ ਲੈ ਕੇ ਝੱਲਦੀ ਹਾਂ, (ਤੇ) ਪੈਰ (ਘੁੱਟਦੀ ਹਾਂ) ਪੰਜ ਵੈਰੀ ਜੋ ਲਾਊ ਮਚਕਾਊ ਸਨ ਸੋ ਨੱਠ ਗਏ ਹਨ॥੨॥
ਨਾ ਮੈ ਕੁਲੁ ਨਾ ਸੋਭਾਵੰਤ ॥ ਕਿਆ ਜਾਨਾ ਕਿਉ ਭਾਨੀ ਕੰਤ ॥ ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥੩॥	ਨਾ (ਤਾਂ) ਮੈਂ (ਸ਼ੁਭ) ਕੁਲ ਵਾਲੀ ਸਾਂ, ਨਾ ਸ਼ੋਭਾ ਵਾਲੀ (ਜਗਤ ਵਿਚ ਪ੍ਰਸਿਧ) ਸਾਂ ਸਮਝ ਨਹੀਂ ਪੈਂਦੀ (ਮੈਂ) ਕਿਉਂ ਪਤੀ ਨੂੰ ਪਿਆਰੀ ਲੱਗ ਗਈ ਹਾਂ। ਮੈਂ ਤਾਂ ਅਨਾਥ, ਗ੍ਰੀਬ ਤੇ ਨਿਮਾਣੀ ਸਾਂ, ਕੰਤ ਨੇ ਪਕੜ ਕੇ(ਆਪੇ ਮੈਨੂੰ ਰਾਣੀ ਬਣਾ ਲਿਆ ਹੈ॥੩॥
ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ ॥ ਸੂਖ ਸਹਜ ਮੇਰਾ ਧਨੁ ਸੋਹਾਗਾ ॥ ਕਹੁ ਨਾਨਕ ਮੋਰੀ ਪੂਰਨ ਆਸਾ ॥ ਸਤਿਗੁਰ ਮੇਲੀ ਪ੍ਰਭ ਗੁਣਤਾਸਾ ॥੪॥੧॥੯੫॥	(ਰਾਣੀ ਬਣਾ ਕੇ) ਜਦ ਮੇਰਾ ਪ੍ਰੀਤਮ ਸੱਜਣ ਮੇਰੇ ਮੂੰਹ ਲੱਗਾ (ਭਾਵ ਸਾਖਜਾਤਕਾਰ ਹੋਇਆ ਤਦ) ਸਹਜ ਸੁਖ (ਭਾਵ ਆਤਮ ਸੁਖ ਸਾਰਾ) ਮੇਰਾ (ਹੋ ਗਿਆ) ਧੰਨ ਹੈ (ਮੇਰਾ) ਸੁਹਾਗ=ਪਤੀ) ਕਹਿੰਦੇ ਹਨ (ਗੁਰੂ)ਨਾਨਕ (ਦੇਵ ਜੀ) ਮੇਰੀ ਆਸਾ ਪੂਰੀ ਹੋ ਗਈ (ਕਿਉਂਕਿ) ਸਤਿਗੁਰਾਂ ਨੇ (ਮੈਂ) ਗੁਣਾਂ ਦੇ ਸਮੂਹ ਪ੍ਰਭੂ ਨਾਲ ਮੇਲ ਦਿੱਤੀ ਹਾਂ॥੪॥੧॥੯੫॥

ਵਯਾਖਯਾ– ਇਸ ਸ਼ਬਦ ਵਿਚ ਇਕ ਅਨੋਖੇ ਅਲੰਕਾਰ ਦੁਆਰਾ ਪ੍ਰਭੂ ਪ੍ਰਾਪਤ ਦਾ ਧੰਨਜਵਾਦ ਹੈ। ਪ੍ਰਾਪਤੀ ਕਿਸ ਤਰ੍ਹਾਂ ਹੋਈ ਇਹ ਗਲ ਅਖੀਰਲੀ ਸਤਰ ਵਿਚ ਹੈ-'ਸਤਿਗੁਰ ਮੇਲੀ' ਕੀਕੂੰ ? ਇਸ ਦਾ ਉੱਤਰ ਪਹਿਲੀ ਸਤਰ ਵਿਚ ਹੈ ਕਿ ਪਤੀ ਦੀ ਆਗਿਆ ਜੋ ਮਿਠੀ ਨਹੀਂ ਸੀ ਲਗਿਆ ਕਰਦੀ, ਮਿੱਠੀ ਲਗਣ ਲਗ ਪਈ। ਅਰਥਾਤ ਸਤਿਗੁਰੂ ਦੇ ਬਖਸ਼ੇ ਨਾਮ ਅਭਜਾਸ ਦਾ ਫਲ ਇਹ ਹੋਇਆ ਕਿ ਮੇਰਾ ਮਨ ਸਾਂਈ ਦੀ ਰਜ਼ਾ ਨਾਲ ਇਕਸੁਰ ਹੋ ਗਿਆ। ਇਸ ਇਕ ਸੁਰਤਾ ਦੀ ਵੈਰਨ ਸੀ 'ਅਹੰਬਧਿ' ਉਹ ਦੂਰ ਹੋ ਗਈ, ਰਜ਼ਾ ਤੇ ਟਿਕ ਜਾਣ ਕਰਕੇ। ਇਸ ਅੰਹਬੁਧਿ ਨੂੰ ਸਉਂਕਣ ਦੀ ਉਪਮਾ ਦੇ ਕੇ ਅਪਣੀ ਆਤਮ ਉੱਨਤੀ ਦੀ ਵੈਰਨ ਦੱਸਿਆ ਹੈ। ਅੰਹਬੁਧਿ ਦੇ ਹਟਿਆਂ ਮਨ ਦੀ ਤਪਤ ਦੂਰ ਹੋ ਗਈ, ਮਨ ਦੀ ਤਪਤ ਹਟਦਿਆਂ ਸਤੋ ਗੁਣ ਛਾ ਗਿਆ ਤੇ ਫੇਰ ਸਹਿਜ ਸੁਖ ਛਾ ਗਿਆ। ਰਹਾਉ ਵਿਚ ਇਸੇ ਸਹਜ ਸੁਖ ਦੀ ਪ੍ਰਾਪਤੀ ਦਾ ਸ਼ੁਕਰੀਆ ਹੈ।

ਅੰਕ ੨ ਵਿਚ ਪਤੀ ਦਾ ਸਾਫ ਪਦਾਂ ਵਿਚ ਪਤਾ ਦਿਤਾ ਹੈ ਕਿ ਉਹ ਕੋਈ ਕਿਸੇ ਸਰੀਰ ਧਾਰੀ ਇਸਤ੍ਰੀ ਦਾ ਪਤੀ ਨਹੀਂ, ਉਹ ਤਾਂ ਅਗੰਮ, ਅਗਾਧ, ਨਾਸ਼ ਰਹਿਤ ਪ੍ਰਭੂ ਹੈ। ਹੁਣ ਮੈਂ ਉਸ ਦੇ ਯਸ਼ ਕੀਰਤੀ ਦੇ ਆਹਰ ਵਿਚ ਰਹਿੰਦੀ ਹਾਂ। ਇਹ ਗਲ ਪੱਖਾ ਝਲਣ ਦੇ ਰੂਪਕ ਵਿਚ ਦਰਸਾਈ ਹੈ ਤੇ ਸਹਜ ਅਵਸਥਾ ਵਿਚ ਕਾਮਾਦਿਕ ਵੈਰੀ ਦੂਰ ਹੋ ਜਾਂਦੇ ਹਨ ਉਹ ਇਸ ਰੂਪਕ ਵਿਚ ਦਰਸਾਇਆ ਕਿ ਜਿਵੇਂ ਗੁਸਾਈ ਦੇ ਪੱਖੇ ਯਾ ਮੋਰ ਛਲ ਨਾਲ ਕੀਤੇ ਝਾੜੇ ਨਾਲ ਭੂਤ ਦੂਰ ਹੋ ਜਾਂਦੇ ਹਨ ਤਿਵੇਂ ਜਸ ਰੂਪੀ ਪੱਖਾ ਤਾਂ ਮੈਂ ਪ੍ਰਭੂ ਨੂੰ ਕੀਤਾ ਹੈ ਪਰ ਪੰਚ ਭੂਤ ਮੇਰੇ ਦੁਆਲੇ ਰਹਿਣ ਵਾਲੇ ਨੱਸ ਗਏ ਹਨ।

ਅੰਕ ੩ ਵਿਚ ਅਪਣੀ ਨਿੰਮ੍ਰਤਾ ਦਾ ਕਮਾਲ ਹੈ ਤੇ ਪ੍ਰਭੂ ਦੀ ਆਪੇ ਤ੍ਰੁਠਵੀਂ ਕ੍ਰਿਪਾਲਤਾ ਦਾ ਸ਼ੁਕਰੀਆ ਹੈ, ਅਤੇ ਜੀਵਾਤਮਾ ਦੇ ਪਰਮਾਤਮਾ ਨਾਲ ਮਿਲਾਪ ਦੇ ਅੰਗ ਨੂੰ ਪਤੀ ਦੇ ਮੱਲੋ ਮੱਲੀ ਮੇਹਰਵਾਨ ਹੋ ਕੇ ਅਪਣੀ ਇਸਤ੍ਰੀ ਨੂੰ ਅੰਗ ਲਾ ਲੈਣ ਦੇ ਰੂਪਕ ਵਿਚ ਵਰਣਨ ਕੀਤਾ ਹੈ।

ਅੰਕ ੪ ਵਿਚ ਉਸ ਅਕਹਿ ਸੁਖ ਦਾ ਵਰਣਨ ਹੈ ਜੋ ਪ੍ਰਭੂ ਦੇ ਮਿਲਾਪ ਨਾਲ ਪ੍ਰਾਪਤ ਹੁੰਦਾ ਹੈ, ਉਸ ਨੂੰ 'ਸਹਜਸੁਖ' ਥਾਂ ਥਾਂ ਗੁਰਬਾਣੀ ਵਿਚ ਫੁਰਮਾਇਆ ਹੈ, ਅਤੇ ਦੋ ਤ੍ਰੈ ਪਦਾਂ ਵਿਚ ਪ੍ਰਭੂ ਦਾ

ਸ਼ੁਕਰੀਆਂ ਕਰਕੇ ਕਮਾਲ ਕਰ ਦਿਤਾ ਹੈ: 'ਮੇਰਾ ਧਨੁ ਸੋਹਾਗਾ'।

'ਕਹੁ ਨਾਨਕ ਮੋਰੀ ਪੂਰਨ ਆਸਾ', ਕਹਿਣੇ ਤੋਂ ਪਤਾ ਲਗਾ ਕਿ ਕ੍ਰਿਪਾ ਪ੍ਰਭੂ ਦੀ ਹੋਈ, ਉਸੇ ਨੇ ਪਕੜ ਕੇ ਰਾਣੀ ਕੀਤਾ, ਪਰ ਰਾਣੀ ਬਣਨੇ ਦੀ ਆਸਾ ਜਗਜਾਸੂ ਦੇ ਮਨ ਵਿਚ ਸੀ, ਜਿਸ ਨੂੰ ਸਾਰ ਭਾਗ ਲੱਗੇ। ਜਿਸ ਦਾ ਭਾਵ ਇਹ ਹੈ ਕਿ ਸਾਰੇ ਸ਼ਬਦ ਵਿਚ ਇਕ ਜਗਜਾਸੂ ਦੀ ਅਵਸਥਾ ਕਹੀ ਹੈ, ਜਿਸ ਨੂੰ ਮਾਇਕ ਭੁਲਾਵੇ ਅਪਨੇ ਸਾਧਨਾਂ ਵਿਚ ਭਟਕਾਉਂਦੇ ਸਨ, ਸਤਿਗੁਰੂ ਦੇ ਮੇਲ ਤੇ ਪ੍ਰਭੂ ਦੀ ਮੇਹਰ ਨੇ ਉਸ ਨੂੰ ਸਹਜ ਸੁਖ ਵਿਚ ਪਹੁੰਚਾ ਦਿਤਾ।

ਨਿਰੁਕ੍ਤ– **ਸਉਕਨਿ**–[ਹਿं:, ਸੌਤ, ਸੌਕ। ਪੰ:, ਸੌਕਣ] ਆਪਣੇਂ ਪਤੀ ਦੀ ਦੂਜੀ ਵਹੁਟੀ, ਜੋ ਪਦ ਕਿ ਦੁਖਦਾਤੀ ਦੇ ਭਾਵ ਵਿਚ ਅਲੰਕਾਰਾਂ ਵਿਚ ਕਈ ਵੇਰ ਵਰਤਦੇ ਹਨ।

ਪ੍ਰਿਅ–ਪਿਆਰੇ ਨੇ। **ਸੂਖੁ ਸਹਜੁ**–ਅਸਲੀ ਸੁਖ। ਅਸਲੀ ਨਿਰੋਲ ਆਤਮ ਸੁਖ।

ਬੰਦੀ–[ਫ਼ਾ:, ਬੰਦਹ=ਦਾਸ, ਗ਼ੁਲਾਮ] ਟਹਿਲਣ। ਨੌਕਰਾਣੀ।

ਖਿਜਮਤਦਾਰ–[ਅ:, ਖ਼ਿਦਮਤ(=ਸੇਵਾ, ਚਾਕਰੀ)+ਫ਼:, ਗਾਰ] ਸੇਵਾਦਾਰ, ਨੌਕਰ। ਏਥੇ ਭਾਵ ਹੈ ਟਹਿਲ ਕਰਨ ਵਾਲੀ। **ਅਵਿਨਾਸੀ**–[ਸੰਸ:, ਅਵਿਨਾਸ਼ੀ] ਨਾਸ਼ ਰਹਿਤ। ਸਦਾ ਅਟੱਲ।

ਅਗਮ–ਜੋ ਮਨ ਇੰਦ੍ਰੀਆਂ ਕਰਕੇ ਨਾ ਜਾਣਿਆ ਜਾਵੇ।

ਪਖਾ–ਜਿਸ ਨਾਲ ਹਵਾ ਝੱਲੀ ਦੀ ਹੈ। ਇਸ ਦਾ ਭਾਵ ਯਸ਼ ਕਰਨਾ ਲੈਂਦੇ ਹਨ।

ਪੰਚ ਦੂਤ-ਪੰਜ ਵੈਰੀ: ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ।

ਲਾਵੇ–ਲਾਊ ਮਚਕਾਊ। ਚੁਗਲੀਆਂ ਲਾਉਣ ਵਾਲੇ।

ਗੁਣ ਤਾਸਾ–(ਦੇਖੋ ਪੰਨਾ ੧੬੪੫) ਗੁਣਾਂ ਦੇ ਸਮੂਹ। ਭਾਵ ਵਾਹਿਗੁਰੂ ਜੋ ਗੁਣਾਂ ਦਾ ਸਾਗਰ ਹੈ।

ਸੂਚਨਾ– ਅਗਲੇ ਸ਼ਬਦ ਵਿਚ ਅਤੇ ਪਿੱਛੇ (ਪੰਨਾ ੨੩੩੪ ਪਰ) ਆਏ ਸ਼ਬਦ ਆਸਾ ਮਹਲਾ ੫ 'ਮਤਾ ਕਰਉ ਸੋ ਪਕਨਿ ਨ ਦੇਈ' (ਚਉਪਦਾ ੪-੭੧) ਵਿਚ ਇਸੇ ਸਉਕਣ ਦੇ ਹੀ ਇਸ਼ਾਰੇ ਸਹੀ ਹੁੰਦੇ ਹਨ।

[ਆਸਾ ਮਹਲਾ ੫, ਚਉਪਦਾ, ੯੬-੧੬੩]

ਪ੍ਰਾਕ੍ਕਥਨ– ਮਾਇਆ ਦੀ ਭਜਾਨਕਤਾ, ਉਸ ਦੀ ਠੱਗ ਸ਼ਕਤੀ ਤੋਂ ਬਚਣ ਦਾ ਉਪਾਉ।

ਮੂਲ	ਅਰਥ
ਆਸਾ ਮਹਲਾ ੫ ॥ **ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥ ਬੋਲੈ ਕਉੜਾ ਜਿਹਬਾ ਕੀ ਫੂੜਿ ॥ ਸਦਾ ਭੂਖੀ ਪਿਰੁ ਜਾਨੈ ਦੂਰਿ ॥੧॥** **ਐਸੀ ਇਸਤ੍ਰੀ ਇਕ ਰਾਮਿ ਉਪਾਈ॥ ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥**	[ਅਰਥ ਰਹਾਉ ਤੋਂ] ਹੇ ਮੇਰੇ ਭਾਈ: ਰਾਮ ਨੇ ਇਕ ਐਸੀ ਇਸਤ੍ਰੀ ਪੈਦਾ ਕੀਤੀ ਹੈ ਜਿਸ ਨੇ ਕਿ ਸਾਰਾ ਜਗਤ ਖਾ ਲਿਆ, (ਪਰ) ਅਸੀ ਗੁਰੂ ਨੇ ਰੱਖ ਲਏ ਹਾਂ॥ ਰਹਾਉ॥ (ਇਸ ਇਸਤ੍ਰੀ ਦੇ) ਮੱਥੇ ਤੇ ਤੀਊੜੀ (ਹੁੰਦੀ ਹੈ ਤੇ) ਨਜ਼ਰ ਨਿਰਦਯਤਾ ਵਾਲੀ ਹੈ, ਜ਼ੁਬਾਨ ਦੀ ਕੁਢੱਬੀ ਹੈ, ਕੌੜਾ ਬੋਲਦੀ ਹੈ ਸਦਾ ਦੀ ਭੁੱਖੀ ਹੈ ਤੇ ਪਤੀ ਨੂੰ ਦੂਰ ਜਾਣਦੀ ਹੈ॥੧॥

ਪਾਇ ਠਗਉਲੀ ਸਭੁ ਜਗੁ ਜੋਹਿਆ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥ ਗੁਰਮੁਖਿ ਨਾਮਿ ਲਗੇ ਸੇ ਸੋਹਿਆ॥੨॥	(ਉਸ ਇਸਤ੍ਰੀ ਨੇ ਮੋਹ ਰੂਪੀ) ਠੱਗ-ਬੂਟੀ ਪਾ ਕੇ ਸਾਰਾ ਜਗਤ ਕਾਬੂ ਕਰ ਰਖਿਆ ਹੈ, (ਇਥੋਂ ਤਾਈ ਕਿ) ਬ੍ਰਹਮਾ, ਬਿਸ਼ਨੁ (ਤੇ) ਸ਼ਿਵ (ਆਦਿ ਦੇਵਤਿਆਂ ਨੂੰ ਬੀ ਇਸ ਨੇ) ਮੋਹ ਲਿਆ ਹੈ, ਜੋ ਗੁਰੂ ਦੁਆਰਾ ਨਾਮ ਵਿਚ ਲੱਗੇ ਹਨ ਉਹੀ ਸ਼ੋਭਾ ਵਾਲੇ ਰਹੇ ਹਨ (ਭਾਵ ਇਸ ਦੇ ਹੱਥੋਂ ਕੇਵਲ ਉਨ੍ਹਾਂ ਦੀ ਇੱਜ਼ਤ ਬਚੀ ਹੈ)॥੨॥
ਵਰਤ ਨੇਮ ਕਰਿ ਥਾਕੇ ਪੁਨਹਚਰਨਾ॥ ਤਟ ਤੀਰਥ ਭਵੇ ਸਭ ਧਰਨਾ ॥ ਸੇ ਉਬਰੇ ਜਿ ਸਤਿਗੁਰ ਕੀ ਸਰਨਾ॥੩॥	(ਕਈ ਲੋਕ) ਵਰਤ, ਨੇਮ ਦੇ ਪ੍ਰਾਯਸਚਿਤ ਕਰਮ ਕਰ ਕਰਕੇ ਥੱਕ ਗਏ, (ਕਈ) ਤੀਰਥਾਂ ਉਤੇ (ਤੇ ਪਾਵਨ ਨਦੀਆਂ ਦੇ) ਕਿਨਾਰੇ ਸਾਰੀ ਧਰਤੀ ਉਤੇ ਘੁੰਮਦੇ ਰਹੇ, (ਪਰ ਇਸਤੋਂ ਬਚ ਨਾ ਸਕੇ, ਕੇਵਲ) ਓਹ ਬਚੇ ਜੋ ਸਤਿਗੁਰੂ ਦੀ ਸ਼ਰਨ ਨੂੰ (ਪ੍ਰਾਪਤ ਰਹੇ)॥੩॥
ਮਾਇਆ ਮੋਹਿ ਸਭੋ ਜਗੁ ਬਾਧਾ ॥ ਹਉਮੈ ਪਚੈ ਮਨਮੁਖ ਮੂਰਾਖਾ ॥ ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥੪॥੨॥੯੬॥	ਮਾਇਆ ਨੇ ਮੋਹ ਵਿਚ ਸਾਰੇ ਹੀ ਜਗਤ ਨੂੰ ਬੰਨ੍ਹ ਰੱਖਿਆ ਹੈ ਮਨਮੁਖ ਲੋਕ (ਜੋ ਅਸਲ ਵਿਚ) ਮੂਰਖ (ਹੁੰਦੇ ਹਨ) ਹਉਮੈ ਵਿਚ (ਫਸੇ ਪਏ) ਸੜਦੇ ਹਨ। (ਪਰ) ਸਾਨੂੰ ਗੁਰੂ ਨਾਨਕ (ਦੇਵ ਜੀ) ਨੇ ਬਾਹੋਂ ਫੜਕੇ ਰਖ ਲਿਆ ਹੈ॥੪॥੨॥੯੬॥

ਵਿਆਖਿਆ—ਐਉਂ ਜਾਪਦਾ ਹੈ ਕਿ ਸ੍ਰੀ ਗੁਰੂ ਜੀ ਨੇ 'ਕਾਲਿਕਾ' ਦੇ ਅਨੇਕਾਂ ਰੂਪਾਂ ਵਿਚੋਂ ਇਕ ਡਰਾਉਣਾ ਰੂਪ "ਐਸੀ ਇਸਤ੍ਰੀ" ਏਥੇ ਵਰਣਨ ਕੀਤਾ ਹੈ ਤੇ ਇਸੇ ਨੂੰ ਅੰਕ ੪ ਵਿਚ 'ਮੋਹ ਲੈਣ ਵਾਲੀ ਮਾਇਆ' ਕਿਹਾ ਹੈ। ਯਾ ਇਉਂ ਕਿ ਮਾਇਆ ਅਸਲ ਵਿਚ ਤਾਂ ਭਯਾਨਕ ਹੈ ਪਰ ਉਸ ਦੀ ਭਯਾਨਕ ਸੂਰਤ, ਤੇ ਹਾਨੀਕਾਰਕ ਵਰਤਾਉ ਨੂੰ ਕੋਈ ਸਮਝਦਾ ਨਹੀਂ ਹੈ, ਕਿਉਂਕਿ ਉਹ ਅਪਣੀ ਹਰ ਪ੍ਰਕਾਰ ਦੀ ਭਯਾਨਕਤਾ ਨੂੰ ਲੁਕਾ ਲੈਂਦੀ ਹੈ। ਉਸ ਪਾਸ ਇਕ ਠਗ ਬੂਟੀ ਹੈ, ਉਹ ਜੀਵਾਂ ਨੂੰ ਪਾ ਕੇ ਠਗ ਲੈਂਦੀ ਹੈ, ਜਿਸ ਦੇ ਨਸ਼ੇ ਵਿਚ ਜੀਵਾਂ ਨੂੰ ਮਾਇਆ ਬੜੀ ਸੁੰਦਰ ਮੋਹਿਨੀ ਤੇ ਸੁਖ ਦਾਤੀ ਦਿੱਸਣ ਲਗ ਪੈਂਦੀ ਹੈ। ਇਸ ਨੇ ਇਸ ਦਾਉ ਬਾਜ਼ੀ ਨਾਲ ਸਾਰੇ ਜਗਤ ਨੂੰ ਕਾਬੂ ਕਰ ਰਖਿਆ ਹੈ। ਪ੍ਰਸ਼ਨ ਹੁੰਦਾ ਹੈ ਕਿ ਤੀਰਥਾਟਨੀ, ਪਾਵਨ ਸਥਾਨਾ ਦੇ ਸ਼ਨਾਨੀ, ਬ੍ਰਤੀ ਨੇਮੀ ਤੇ ਪ੍ਰਾਯਸਚਿਤ ਕਰਮਾਂ ਦੇ ਕਰਨੇ ਵਾਲੇ ਲੋਕ ਤਾਂ ਬਚ ਗਏ ਹੋਣਗੇ ? ਉੱਤਰ ਹੈ ਕਿ ਓਹ ਬੀ ਸਭ ਕੁਛ ਕਰ ਕਰ ਕੇ ਥੱਕ ਗਏ, ਭਾਵ ਬਚ ਨਹੀਂ ਸਕੇ। ਫੇਰ ਪ੍ਰਸ਼ਨ ਹੁੰਦਾ ਹੈ ਕਿ ਦੇਉਤੇ ਤਾਂ ਬਚ ਗਏ ਹੋਣਗੇ ? ਫੁਰਮਾਉਂਦੇ ਹਨ: ਨਹੀਂ, ਵਡੇ ਦੇਵਤੇ ਬ੍ਰਹਮਾ, ਬਿਸ਼ਨੁ, ਸ਼ਿਵ ਬੀ ਉਸ ਦੇ ਮੋਹੇ ਹੋਏ ਮੋਹੇ ਗਏ, ਛੋਟਿਆਂ ਦਾ ਕੀ ਕਹਿਣਾ ਹੈ। ਉਸ ਇਸਤ੍ਰੀ ਪਾਸ 'ਮੋਹ' ਇਕ ਐਸੀ ਠੱਗ ਲੈਣ ਵਾਲੀ ਸ਼ੈ ਹੈ ਕਿ ਜਿਸ ਨਾਲ ਸਭ ਠੱਗੇ ਜਾਂਦੇ ਹਨ ਉਹਨਾਂ ਜੀਵਾਂ ਦੇ ਅੰਦਰ 'ਹਉਮੈਂ' ਦੀ ਇਕ ਕਮਜ਼ੋਰੀ ਹੈ ਜੋ 'ਮੋਹ' ਦੇ ਕਾਬੂ ਝੱਟ ਪੈ ਜਾਂਦੀ ਹੈ। ਇਸ ਦੇ ਹੱਥੋ ਕੋਈ ਬਚੇ ਬੀ ? ਇਸ ਪ੍ਰਸ਼ਨ ਦੇ ਉੱਤਰ ਦੋ ਹਨ, ਇਕ 'ਹਮ' ਤੇ ਦੂਜਾ 'ਸੇ' ਦੱਸੇ ਹੈਨ

'ਸੇ' ਕੌਣ ? ਉੱਤਰ:-'ਗੁਰਮੁਖਿ ਨਾਮਿ ਲਗੇ', 'ਜਿ ਸਤਿਗੁਰ ਕੀ ਸਰਨਾ'। 'ਹਮ' ਕਹਿਣ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮੁਰਾਦ ਆਪਣੇ ਆਪ ਤੋਂ ਹੈ, ਯਥਾ:-ਹਮ ਗੁਰਿ ਰਾਖੇ ਮੇਰੇ ਭਾਈ ਗੁਰੂ ਨੂੰ ਵਡਿਆਈ ਦੇਂਦੇ ਹਨ ਕਿ ਗੁਰੂ ਨੇ ਮੈਨੂੰ ਰਖ ਲਿਆ। ਅਪਣੇ ਤੇ ਬਚਣ ਦੀ ਵਡਿਆਈ ਨਹੀਂ ਲੈਂਦੇ। ਪੁੱਛ ਕੀਕੂੰ ? ਤਾਂ ਉੱਤਰ ਦੇਂਦੇ ਹਨ:-ਗੁਰ ਨਾਨਕ ਬਾਹ ਪਕਰਿ ਹਮ ਰਾਖਾ। ਵਡਜਾਈ ਅਪਣੇ ਤੇ ਕੋਈ ਨਹੀਂ ਲੈ ਰਹੇ। ਜਿਵੇਂ ਬੱਚੇ ਨੂੰ ਕੋਈ ਗੱਡੀ ਹੇਠ ਆਉਣੋਂ ਬਾਹੋਂ ਫੜ ਕੇ ਪਰੇ ਖਿੱਚ ਲੈਂਦਾ ਹੈ, ਤਿਵੇਂ ਗੁਰੂ ਨਾਨਕ ਨੇ ਮੈਨੂੰ ਬਾਹੋ ਫੜਕੇ ਬਚਾ ਲਿਆ, ਇਹੋ ਕਹਿਣਾ ਹੀ ਨਿਸ਼ਾਨੀ ਹੈ ਇਸ ਗਲ ਦੀ ਕਿ 'ਹਉਮੈਂ' ਦਾ ਆਪ ਵਿਚ ਅਭਾਵ ਹੈ, ਜਿਸ ਹਉਮੈ ਕਰਕੇ ਸਭ ਕੋਈ ਮੂਰਖ ਹੋ ਕੇ ਸੜਦਾ

ਹੈ: ਪਰ ਅਪਨੇ ਹਉ ਰਹਿਤਤਾ ਵਿਚ ਗੁਰੂ ਨਾਨਕ ਦੀ ਸ਼ਰਨ ਲਈ। ਉਪਦੇਸ਼ ਅਪਣੇ ਦੁਆਰਾ ਇਹ ਦੇ ਰਹੇ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਲਓ, ਤੁਸੀਂ ਬੀ ਗੁਰੂ ਦੁਆਰਾ ਨਾਮ ਵਿਚ ਲੱਗੋ, ਬਚ ਰਹੋਗੇ। ਇਕੋ ਇਕ ਰਸਤਾ ਉਸ ਕਰੂਰ ਇਸਤ੍ਰੀ ਤੋਂ ਬਚਣੇ ਦਾ ਹੈ।

ਮਾਯਾਆ ਦੀ ਏਥੇ ਅਸਲੀ ਸ਼ਕਲ ਦਿਖਾਈ ਹੈ ਜੋ ਭੀਲ ਆਦਿ ਡਾਕੂ ਇਸਤ੍ਰੀਆਂ ਵਾਂਙੂ ਭਜਾਨਕ ਹੁੰਦੀ ਹੈ, ਪਰ ਉਹ ਠਗਮੂਰੀ ਬੂਟੀ-ਮੋਹ ਦੀ-ਪਿਲਾ ਦਿੰਦੀ ਹੈ, ਜਿਸ ਕਰਕੇ ਉਸ ਦੀ ਭਜਾਨਕਤਾ ਨਹੀ ਭਾਸਦੀ। ਮੋਹ ਦੀ ਮਿੱਠਤਾ ਉਸ ਦੇ ਵੱਸ ਵਿਚ ਪੁਆਈ ਕੰਮ ਕਰਦੀ ਜਾਂਦੀ ਹੈ, ਜਿਵੇ ਧਤੂਰੇ ਆਦਿ ਦੇ ਨਸ਼ੇ ਵਿਚ ਠਗਣੀਆਂ ਸਾਰਾ ਕੁਛ ਭੇਤ ਕੱਢ ਲੈਂਦੀਆਂ ਤੇ ਲੁੱਟ ਪੁੱਟ ਲੈਂਦੀਆਂ ਹਨ।

ਨਿਰੁਕ੍ਤ—ਮਾਥੈ—ਮੱਥੇ ਉੱਤੇ। **ਤ੍ਰਿਕੁਟੀ**—(ਦੇਖੋ ਪੰਨਾ ੨੭੦) ਤੀਉੜੀ।

ਕਰੂਰਿ—(ਸੰਸ:, ਕ੍ਰੂਰ) ਭਜਾਨਕ। ਡਰਾਉਣੀ।

ਫੂੜਿ—ਕੁਢਬਾ ਬੋਲਣ ਵਾਲੀ। ਬਦ.ਤਹਿਜ਼ੀਬ ਜਿਸ ਨੂੰ ਕਹੀਦਾ ਹੈ।

ਠਗਉਲੀ—ਉਹ ਬੂਟੀ ਜੋ ਠੱਗ ਪਿਲਾਕੇ ਬੇਹੋਸ਼ ਕਰਕੇ ਯਾ ਆਪਣੇ ਵੱਸ ਵਿਚ ਕਰਕੇ ਲੁੱਟ ਲੈਂਦੇ ਹਨ। (ਦੇਖੋ ਪੰਨਾ ੫੭੯)

ਪੁਨਹਚਰਨਾ—(ਦੇਖੋ ਪੰਨਾ ੧੬੬੫)ਪ੍ਰਾਯਸ਼ਚਿਤ ਕਰਮ। ਪਾਪਾਂ ਦੀ ਮਾਫੀ ਲਈ ਕੀਤੇ ਕਰਮ।

ਤਟ—(ਸੰਸ:, ਤਟ:) ਕਿਨਾਰਾ, ਭਾਵ ਹੈ ਨਦੀਆਂ, ਝੀਲਾਂ, ਸਮੁੰਦਰਾਂ ਦੇ ਕਿਨਾਰਿਆਂ ਦੇ ਤੀਰਥ।

ਮੂਰਾਖਾ—ਮੂਰਖ।

[ਆਸਾ ਮਹਲਾ ੫, ਚਉਪਦਾ, ੯੭-੧੬੪]

ਪ੍ਰਾਕ੍ਥਨ—ਮੁਕਤੀ ਗੁਰੂ ਦੀ ਟੇਕ ਲੈਕੇ ਨਾਮ ਸਿਮਰਨ ਵਿਚ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਸਰਬ ਦੂਖ ਜਬ ਬਿਸਰਹਿ ਸੁਆਮੀ॥ ਈਹਾ ਊਹਾ ਕਾਮਿ ਨ ਪ੍ਰਾਨੀ ॥੧॥	ਹੇ ਸੁਆਮੀ ! ਜਦ (ਤੂੰ) ਭੁੱਲ ਜਾਂਦਾ ਹੈ ਤਾਂ (ਸਾਨੂੰ) ਸਾਰੇ ਦੁਖ (ਆ ਵਾਪਰਦੇ ਹਨ; ਫੇਰ ਤਾਂ) ਜੀਵ ਲੋਕ ਪ੍ਰਲੋਕ (ਦੋਹੀ ਥਾਂਈਂ ਕਿਸੇ) ਕੰਮ ਦਾ ਨਹੀ ਰਹਿੰਦਾ॥੧॥
ਸੰਤ ਤ੍ਰਿਪਤਾਸੇ ਹਰਿ ਹਰਿ ਧ੍ਯਾਇ ॥ ਕਰਿ ਕਿਰਪਾ ਅਪੁਨੈ ਨਾਇ ਲਾਏ ਸਰਬ ਸੂਖ ਪ੍ਰਭ ਤੁਮਰੀ ਰਜਾਇ ॥ ਰਹਾਉ ॥	(ਦੱਸੀ ਦਾ ਹੈ ਕਿ) ਸੰਤ ਹਰੀ ਹਰਿ (ਨਾਮ) ਧਿਆ ਕੇ ਤ੍ਰਿਪਤ ਹੋ ਜਾਂਦੇ ਹਨ, (ਪਰ ਤੂੰ ਹੀ)ਹੇ ਪ੍ਰਭੂ ! ਕਿਰਪਾ ਕਰਕੇ (ਓਹ ਸੰਤ) ਆਪਣੇ ਨਾਮ ਵਿਚ ਲਾ ਲਏ ਹਨ (ਤੇ ਉਨ੍ਹਾਂ ਨੇ) ਸਾਰੇ ਸੁਖ ਤੇਰੀ ਰਜ਼ਾ ਵਿਚ (ਪਾਏ ਹਨ)॥ ਰਹਾਉ॥
ਸੰਗਿ ਹੋਵਤ ਕਉ ਜਾਨਤ ਦੂਰਿ ॥ ਸੋ ਜਨੁ ਮਰਤਾ ਨਿਤ ਨਿਤ ਝੂਰਿ॥੨॥	(ਦੇਖੀਦਾ ਹੈ ਕਿ ਜੋ ਪੁਰਖ ਸਦਾ) ਸੰਗ ਰਹਿਣ ਵਾਲੇ (ਪ੍ਰਭੂ) ਨੂੰ ਦੂਰ ਜਾਣਦਾ ਹੈ ਉਹ ਪੁਰਖ ਸਦਾ ਸਦਾ ਝੂਰਦਾ ਹੀ ਮਰਦਾ ਹੈ॥ ੨॥
ਜਿਨਿ ਸਭੁ ਕਿਛੁ ਦੀਆ ਤਿਸੁ ਚਿਤਵਤ ਨਾਹਿ ॥ ਮਹਾ ਬਿਖਿਆ ਮਹਿ ਦਿਨੁ ਰੈਨਿ ਜਾਹਿ ॥੩॥	(ਹਾਂ) ਜਿਸ ਨੇ ਸਭ ਕੁਛ ਦਿੱਤਾ ਹੈ (ਜੋ) ਉਸ ਨੂੰ ਨਹੀ ਯਾਦ ਕਰਦਾ, (ਉਸ ਦਾ) ਦਿਨ ਰਾਤ ਬੜੀ ਵਡੀ ਬਿਖਿਆ (ਜ਼ਹਿਰ ਰੂਪ ਮਾਇਆ) ਵਿਚ (ਬਿਰਥਾ) ਬੀਤਦਾ ਜਾ ਰਿਹਾ ਹੁੰਦਾ ਹੈ॥ ੩॥

ਕਹੁ ਨਾਨਕ ਪ੍ਰਭੁ ਸਿਮਰਹੁ ਏਕ ॥ ਗਤਿ ਪਾਈਐ ਗੁਰ ਪੂਰੇ ਟੇਕ ॥੪॥੩॥੯੭॥	ਆਖਦੇ ਹਨ (ਗੁਰੂ) ਨਾਨਕ (ਦੇਵ ਜੀ) ਪ੍ਰਭੂ ਨੂੰ (ਜੋ) ਇਕੋ (ਹੈ) ਸਿਮਰੋ, (ਨਾਲ) ਪੂਰੇ ਗੁਰੂ ਦੀ (ਜੋ) ਟੇਕ ਲੈ ਲਈਏ (ਤਾਂ) ਮੁਕਤੀ ਪਾ ਲਈਦੀ ਹੈ॥ ੪॥ ੩॥ ੯੭॥

ਵਜਾਖਜਾ ਤੇ **ਨਿਰੁਕ੍ਤ**—ਸੁਗਮੰ।

[ਆਸਾ ਮਹਲਾ ੫, ਚਉਪਦਾਂ, ੯੮-੧੬੫]

ਮੂਲ	ਅਰਥ
ਆਸਾ ਮਹਲਾ ੫ ॥	
ਨਾਮੁ ਜਪਤ ਮਨੁ ਤਨੁ ਸਭੁ ਹਰਿਆ॥ ਕਲਮਲ ਦੋਖ ਸਗਲ ਪਰਹਰਿਆ॥੧॥	ਨਾਮ ਜਪਣੇ ਨਾਲ ਤਨ ਤੇ ਮਨ ਸੱਭੋ ਕੁਛ ਹਰਿਆ (ਤਰੋ ਤਾਜ਼ਾ) ਹੋ ਜਾਂਦਾ ਹੈ (ਕਿਉਂਕਿ ਨਾਮ ਜਪਣੇ ਨਾਲ) ਸਾਰੇ ਪਾਪ ਤੇ ਦੋਸ਼ ਦੂਰ ਹੋ ਜਾਂਦੇ ਹਨ॥ ੧॥
ਸੋਈ ਦਿਵਸੁ ਭਲਾ ਮੇਰੇ ਭਾਈ ॥ ਹਰਿ ਗੁਨ ਗਾਇ ਪਰਮ ਗਤਿ ਪਾਈ॥ ਰਹਾਉ ॥	ਹੇ ਮੇਰੇ ਭਾਈ ! ਉਹੋ ਦਿਨ ਭਲਾ ਹੈ, ਜਿਸ ਦਿਨ ਹਰੀ ਦੇ ਗੁਣ ਗਾ ਕੇ ਉੱਤਮ ਗਤੀ ਪ੍ਰਾਪਤ ਕੀਤੀ॥ ਰਹਾਉ॥
ਸਾਧ ਜਨਾ ਕੇ ਪੂਜੇ ਪੈਰ ॥ ਮਿਟੇ ਉਪਦ੍ਰਹ ਮਨ ਤੇ ਬੈਰ ॥੨॥	(ਉਹ ਐਉਂ ਪਾਈ ਕਿ ਪਹਿਲੋਂ)ਸਾਧੂ ਜਨਾਂ ਦੇ ਪੈਰ ਪੂਜੇ ਤਾਂ ਮਨ ਤੋਂ ਵੈਰ ਭਾਵ ਤੇ ਭੈੜੇ ਕਰਮ ਕਰਨ ਦੇ ਭਾਵ ਦੂਰ ਹੋ ਗਏ॥ ੨॥
ਗੁਰ ਪੂਰੇ ਮਿਲਿ ਝਗਰੁ ਚੁਕਾਇਆ॥ ਪੰਚ ਦੂਤ ਸਭਿ ਵਸਗਤਿ ਆਇਆ॥੩॥	(ਫੇਰ) ਪੂਰੇ ਗੁਰੂ ਦੇ ਮਿਲਣੇ (ਸਾਰ) ਝਗੜਾ ਹੀ ਚੁਕਾਇਆ ਗਿਆ (ਤੇ) ਪੰਚਦੂਤ ਸਾਰੇ (ਝਗੜਨ ਦੀ ਥਾਂ) ਵੱਸ ਵਿਚ ਆ ਗਏ॥ ੩॥
ਜਿਸੁ ਮਨਿ ਵਸਿਆ ਹਰਿ ਕਾ ਨਾਮੁ॥ ਨਾਨਕ ਤਿਸੁ ਊਪਰਿ ਕੁਰਬਾਨ ॥੪॥੪॥੯੮॥	(ਸੋ ਭਾਈ) ਜਿਸ ਦੇ (ਬੀ) ਮਨ ਵਿਚ ਹਰੀ ਦਾ ਨਾਮ ਵਸ ਜਾਏਗਾ, ਨਾਨਕ ਉਸ ਤੋਂ ਸਦਕੇ ਪਿਆ ਹੋਵੇਗਾ॥ ੪॥ ੪॥ ੯੮।

ਵਜਾਖਜਾ— ਸੁਗਮੰ।

ਨਿਰੁਕ੍ਤ—ਕਲਮਲ—ਪਾਪ। ਪਰਹਰਿਆ-ਦੂਰ ਹੋ ਗਏ।
ਪਰਮ ਗਤਿ—ਪੂਰੀ ਮੁਕਤੀ। ਪੂਰਨ ਮੁਕਤੀ ਦੀ ਦਸਾ।
ਉਪਦ੍ਰਹ—[ਸੰਸ:, ਉਪਦ੍ਰਵ:] ਬਹੁਤ ਮਾੜੇ ਕਰਮ।
ਪੰਚ ਦੂਤ—ਪੰਜ ਵੈਰੀ: ਕਾਮ ਕ੍ਰੋਧ ਆਦਿ।

[ਆਸਾ ਮਹਲਾ ੫, ਚਉਪਦਾ, ੯੯-੧੬੬]

ਪ੍ਰਾਕ੍ਥਨ— ਵਾਹਿਗੁਰੂ ਦੇ ਦਰ ਤੇ ਜਸ ਗਾਉਣ ਦੀ ਵਿਧੀ ਤੇ ਫਲ।

ਆਸਾ ਮਹਲਾ ੫ ॥ ਗਾਵਿ ਲੇਹਿ ਤੂ ਗਾਵਨਹਾਰੇ ॥ ਜੀਅ ਪਿੰਡ ਕੇ ਪ੍ਰਾਨ ਅਧਾਰੇ ॥ ਜਾ ਕੀ ਸੇਵਾ ਸਰਬ ਸੁਖ ਪਾਵਹਿ ॥ ਅਵਰ ਕਾਹੂ ਪਹਿ ਬਹੁੜਿ ਨ ਜਾਵਹਿ ॥੧॥	ਹੇ ਗਾਉਣ ਵਾਲੇ ! ਤੂੰ (ਉਸ ਨੂੰ) ਗਾਉ (ਜੋ ਤੇਰੇ) ਸਰੀਰ, ਪ੍ਰਾਣਾਂ ਤੇ ਜੀਉ ਦਾ ਆਸਰਾ ਹੈ। ਜਿਸ ਦੀ ਸੇਵਾ ਕਰਕੇ (ਤੂੰ) ਸਾਰੇ ਸੁਖ ਪਾ ਲਵੇਂ (ਤੇ ਫੇਰ ਤੂੰ) ਹੋਰ ਕਿਸੇ ਪਾਸ (ਮੰਗਣ ਵਾਸਤੇ) ਮੁੜ ਕੇ ਨਾ ਜਾਵੇਂ॥੧॥
ਸਦਾ ਅਨੰਦ ਅਨੰਦੀ ਸਾਹਿਬੁ ਗੁਨ ਨਿਧਾਨ ਨਿਤ ਨਿਤ ਜਾਪੀਐ ॥ ਬਲਿਹਾਰੀ ਤਿਸੁ ਸੰਤ ਪਿਆਰੇ ਜਿਸੁ ਪ੍ਰਸਾਦਿ ਪ੍ਰਭੁ ਮਨਿ ਵਾਸੀਐ ॥ ਰਹਾਉ ॥	(ਉਹ) ਮਾਲਕ ਸਦਾ ਅਨੰਦ (ਰਹਿਣੇ ਵਾਲਾ ਭਾਵ ਅਨੰਦ ਸਰੂਪ ਹੈ ਤੇ) ਸਦਾ ਅਨੰਦ ਦੇਣੇ ਵਾਲਾ ਹੈ, (ਸਾਰੇ) ਗੁਣਾਂ ਦਾ ਖ਼ਜ਼ਾਨਾ ਹੈ, (ਉਸ ਨੂੰ ਨਾ ਕੇਵਲ ਕਦੇ ਕਦੇ ਗਾਂਵੀਏ, ਸਗੋਂ) ਸਦਾ ਸਦਾ (ਉਸ ਦਾ) ਸਿਮਰਣ ਕਰੀਏ। (ਇਸ ਦੇ ਨਾਲ) ਉਸ ਪਿਆਰੇ ਸੰਤ ਤੋਂ ਸਦਕੇ ਹੁੰਦੇ ਰਹੀਏ, ਜਿਸ ਦੀ ਮੇਹਰ ਨਾਲ (ਐਸਾ) ਪ੍ਰਭੂ ਮਨ ਵਿਚ ਆ ਵਸਦਾ ਹੈ॥ ਰਹਾਉ॥
ਜਾ ਕਾ ਦਾਨੁ ਨਿਖੂਟੈ ਨਾਹੀ ॥ ਭਲੀ ਭਾਤਿ ਸਭ ਸਹਜਿ ਸਮਾਹੀ ॥ ਜਾ ਕੀ ਬਖਸ ਨ ਮੇਟੈ ਕੋਈ ॥ ਮਨਿ ਵਾਸਾਈਐ ਸਾਚਾ ਸੋਈ॥੨॥	(ਹਾਂ ਭਾਈ) ਉਸੇ ਸਤਜ ਸਰੂਪ ਨੂੰ ਮਨ ਵਿਚ ਵਸਾਈਏ, ਜਿਸ ਦਾ ਦਾਨ ਕਿ (ਕਦੇ) ਮੁੱਕਦਾ ਨਹੀਂ (ਤੇ) ਜਿਸ ਦੀ ਬਖਸ਼ਿਸ਼ ਨੂੰ (ਕੋਈ ਹੋਰ) ਦੂਸਰਾ ਮੇਟ ਨਹੀਂ ਸਕਦਾ, (ਫੇਰ) ਸਾਰਿਆਂ ਵਿਚ ਚੰਗੀ ਤਰ੍ਹਾਂ ਸੁਤੇ ਹੀ ਸਮਾ ਰਿਹਾ ਹੈ (ਭਾਵ ਹਰ ਜੀਵ ਨੂੰ ਨੇੜੇ ਤੋਂ ਨੇੜੇ ਹੈ)॥੨॥
ਸਗਲ ਸਮਗ੍ਰੀ ਗ੍ਰਿਹ ਜਾ ਕੈ ਪੂਰਨ ॥ ਪ੍ਰਭ ਕੇ ਸੇਵਕ ਦੂਖ ਨ ਝੂਰਨ ॥ ਓਟਿ ਗਹੀ ਨਿਰਭਉ ਪਦੁ ਪਾਈਐ॥ ਸਾਸਿ ਸਾਸਿ ਸੋ ਗੁਨ ਨਿਧਿ ਗਾਈਐ ॥੩॥	ਸਭ ਪ੍ਰਕਾਰ ਦੀ ਸਮਗ੍ਰੀ ਜਿਸ ਦੇ ਘਰ ਵਿਚ ਭਰਪੂਰ ਹੈ, (ਸੋ ਐਸੇ) ਪ੍ਰਭੂ ਦੇ ਸ਼ੇਵਕ ਨੂੰ ਕਦੇ ਝੂਰਨਾ ਨਹੀਂ ਪੈਂਦਾ, (ਕਿਉਂਕਿ ਉਸ ਨੂੰ ਕਦੇ) ਦੁਖ ਨਹੀਂ ਹੁੰਦਾ। (ਸੋ ਭਾਈ ! ਜਿਸ ਪ੍ਰਭੂ ਦੀ) ਓਟ ਲੈਕੇ ਨਿਰਭਉ ਪਦ ਤੇ ਪਹੁੰਚ ਪਈਦਾ ਹੈ ਉਸ ਗੁਣਾਂ ਦੇ ਸਾਗਰ ਨੂੰ ਸੁਆਸ ਸੁਆਸ ਗਾਉਣਾ ਚਾਹੀਦਾ ਹੈ॥੩॥
ਦੂਰਿ ਨ ਹੋਈ ਕਤਹੂ ਜਾਈਐ ॥ ਨਦਰਿ ਕਰੇ ਤਾ ਹਰਿ ਹਰਿ ਪਾਈਐ॥ ਅਰਦਾਸਿ ਕਰੀ ਪੂਰੇ ਗੁਰ ਪਾਸਿ ॥ ਨਾਨਕੁ ਮੰਗੈ ਹਰਿ ਧਨੁ ਰਾਸਿ ॥੪॥੫॥੯੯॥	(ਦੇਖੋ ਕਿ) ਕਿਧਰੇ ਚਲੇ ਜਾਈਏ (ਉਹ ਸਾਥੋਂ) ਦੂਰ ਨਹੀਂ ਹੁੰਦਾ। (ਓਹੀ ਜੇ) ਮੇਹਰ ਦ੍ਰਿਸ਼ਟੀ ਕਰੇ ਤਾਂ ਹਰਿ ਹਰਿ (ਨਾਮ) ਪਾਈਦਾ ਹੈ। (ਇਸ ਲਈ ਮੈਂ) ਪੂਰੇ ਗੁਰੂ ਪਾਸ ਅਰਦਾਸ ਕਰਦਾ ਹਾਂ ਕਿ ਨਾਨਕ ਹਰੀ (-ਨਾਮ) ਧਨ ਦੀ ਰਾਸ (ਆਪ ਤੋਂ) ਮੰਗਦਾ ਹੈ॥੪॥੫॥੯੯॥

ਵਿਆਖਿਆ– ਜਾਪਦਾ ਹੈ ਕਿ ਕੋਈ ਆਦਮੀ ਪੇਟ ਪਾਲਣ ਲਈ ਕੁਛ ਮਾਇਆ ਮਿਲ ਜਾਏ ਇਸ ਵਾਸਤੇ ਕੁਛ ਗਾ ਰਿਹਾ ਹੈ, ਉਸ ਦਾ ਗਾਉਣਾ ਸੰਗੀਤਕ ਤੇ ਅਵਾਜ਼ ਦੇ ਲਿਹਾਜ਼ ਨਾਲ ਸੁਹਣਾ ਹੋਣਾ ਹੈ ਉਸ ਪ੍ਰਤੀ ਉਪਦੇਸ਼ ਕੀਤਾ ਹੈ ਕਿ ਭਾਈ ਜੇ ਤੂੰ ਅਪਨੀ ਯਾਚਨਾ ਦਾ ਨਿਸ਼ਾਨਾ ਪਰਮੇਸ਼ੁਰ ਬਣਾਵੇਂ, ਤੇ ਉਸ ਦੀ ਮਹਿਮਾ ਦੇ ਗੀਤ ਗਾਵੇਂ ਤੇ ਉਸ ਨੂੰ ਸੁਣਾਵੇਂ ਤਾਂ ਤੇਰੇ ਗਾਇਣ ਦਾ ਮੁੱਲ ਬਹੁਤ ਵਡਾ ਪਵੇ। ਉਸ ਪ੍ਰਭੂ ਨੂੰ ਅਮਿਤ ਦਾਤਾਂ ਦਾ ਦੇਣਹਾਰ, ਸਦਾ ਅਨੰਦੀ, ਆਨੰਦ ਦਾ ਦਾਤਾ, ਸਰਵ ਵਯਾਪੀ; ਅੰਤਰ ਬਾਹਰ ਤੇ ਜਿਥੇ ਜਾਓ ਓਥੇ ਮੌਜੂਦ ਹੈ ਦਸਿਆ, ਤੇ ਤਸੱਲੀ ਬਨ੍ਹਾਈ ਕਿ ਓਸ ਦੀ ਓਟ ਲੈਕੇ ਉਸ ਦੇ ਗੁਣ ਗਾਇਨ ਦੇ ਨਾਲ ਉਸ ਦਾ ਨਾਮ ਸਿਮਰਨਾ ਹੈ; ਇਸ ਦਾ ਫਲ ਇਹ ਹੈ ਕਿ ਫੇਰ ਤੂੰ ਉਸ ਦਾ ਸੇਵਕ ਬਣ ਜਾਏਂਗਾ ਤੇ ਕਦੇ ਤੈਨੂੰ ਝੂਰਨਾ ਨਹੀਂ ਪਵੇਗਾ ਕਿਉਂਕਿ ਫੇਰ ਤੂੰ ਨਿਰਭੈ ਪਦ ਨੂੰ ਪਹੁੰਚ ਪਵੇਂਗਾ।

ਪ੍ਰਸ਼ਨ ਹੁੰਦਾ ਹੈ ਕਿ ਇਹ ਗਾਇਨ, ਇਹ ਸਿਮਰਨ, ਇਹ ਸਿਦਕ ਕਿੱਥੋਂ ਮਿਲੇ ? ਤਾਂ ਅੰਕ ੪ ਵਿਚ ਫੁਰਮਾਉਂਦੇ ਹਨ, ਪੂਰੇ ਗੁਰੂ ਪਾਸ ਅਰਦਾਸ ਕਰੋ ਉਥੋਂ ਹਰਿ ਧਨ ਦੀ ਰਾਸ (ਨਾਮ ਦਾਨ) ਮਿਲੇਗਾ। ਫੇਰ ਨਾਮ ਸਿਮਰੀਏ, ਹਰਿ ਜਸ ਗਾਵੀਏ। ਫੇਰ ਉਸ ਦੀ ਨਦਰ ਹੋਊ ਤਾਂ ਉਹ ਆਪ ਪਰਮਾਤਮ ਦੇਵ ਮਿਲ ਪਵੇਗਾ।

ਨਿਰੁਕ੍ਤ—ਗਾਵਨਹਾਰੇ—ਗਾਉਣ ਵਾਲੇ। ਹੇ ਗਵੱਯੇ!

ਪਿੰਡ-ਤੋਂ ਭਾਵ ਸਰੀਰ ਹੈ। **ਬਹੁੜਿ**—ਮੁੜ ਕੇ। ਫੇਰ।

ਅਨੰਦੀ—ਅਨੰਦ ਵਾਲਾ, ਆਨੰਦ ਦਾ ਦਾਤਾ। **ਨਿਧਾਨ**-ਖ਼ਜਾਨਾ।

(=ਗਯਾਨ) ਵਿਚ ਸਮਾਈ ਹੋ ਜਾਂਦੀ ਹੈ।

ਗੁਨ ਨਿਧਿ-ਗੁਣਾਂ ਦਾ ਖ਼ਜ਼ਾਨਾ। ਭਾਵ ਪ੍ਰਭੂ।

ਹਰਿ ਧਨੁ ਰਾਸਿ—ਭਾਵ ਹਰਿ ਨਾਮ ਰੂਪੀ ਧਨ ਦੀ ਰਾਸ ਯਾ ਮੂੜੀ।

[ਆਸਾ ਮਹਲਾ ੫, ਚਉਪਦਾ ੧੦੦-੧੬੭]

ਪ੍ਰਾਕ੍ਥਨ—ਗੁਰੂ ਕੀ ਸ਼ਰਣ ਲਈ ਤੇ ਗੁਰੂ ਕੀ ਮੇਹਰ ਹੋਈ ਦਾ ਫਲ 'ਨਿਹਾਲ ਹੋਣਾ ਪ੍ਰਾਪਤ ਹੋਇਆ ਦੱਸਿਆ ਹੈ। ਅਪਣੇ ਗੁਰੂ ਦਾ ਨਾਮ 'ਗੁਰੂ ਨਾਨਕ' ਦੱਸਿਆ ਹੈ। ਅਗਲੇ ਸ਼ਬਦ ਵਿਚ ਬੀ ਗੁਰੂ ਨਾਨਕ ਦੀ ਮੇਹਰ ਦੱਸੀ ਹੈ।

ਮੂਲ	**ਅਰਥ**
ਆਸਾ ਮਹਲਾ ੫ ॥	
ਪ੍ਰਥਮੇ ਮਿਟਿਆ ਤਨ ਕਾ ਦੂਖ ॥ ਮਨ ਸਗਲ ਕਉ ਹੋਆ ਸੂਖੁ ॥ ਕਰਿ ਕਿਰਪਾ ਗੁਰ ਦੀਨੋ ਨਾਉ ॥ ਬਲਿ ਬਲਿ ਤਿਸੁ ਸਤਿਗੁਰ ਕਉ ਜਾਉ ॥੧॥	(ਅਰਥ ਰਹਾਉ ਤੋਂ ਟੋਰਨਾ ਹੈ:-) ਹੇ ਮੇਰੇ ਭਾਈ ! (ਮੈਂ) ਪੂਰਾ ਗੁਰੂ ਪਾ ਲਿਆ ਹੈ, (ਉਸ) ਸਤਿਗੁਰੂ ਦੀ ਸ਼ਰਣ ਪਿਆਂ (ਫਲ ਇਹ ਹੋਇਆ ਕਿ) ਰੋਗ, ਸੋਗ, ਸਾਰੇ ਦੁਖ ਦੂਰ ਹੋ ਗਏ ॥ ਰਹਾਉ ॥
ਗੁਰੁ ਪੂਰਾ ਪਾਇਓ ਮੇਰੇ ਭਾਈ ॥ ਰੋਗ ਸੋਗ ਸਭ ਦੂਖ ਬਿਨਾਸੇ ਸਤਿਗੁਰ ਕੀ ਸਰਣਾਈ ॥ ਰਹਾਉ ॥	(ਦੇਖ!) ਪਹਿਲੋਂ ਤਾਂ ਸਰੀਰ ਦਾ ਦੁੱਖ ਦੂਰ ਹੋ ਗਿਆ*, (ਫੇਰ) ਮਨ ਦਾ ਸਾਰਾ ਸੁਖ ਪ੍ਰਾਪਤ ਹੋ ਗਿਆ। (ਇਹ) ਨਾਮ (ਮੈਨੂੰ) ਗੁਰੂ ਨੇ ਕਿਰਪਾ ਕਰਕੇ ਦਿੱਤਾ, (ਇਸ ਲਈ ਮੈਂ) ਉਸ ਸਤਿਗੁਰੂ ਤੋਂ ਸਦਕੇ ਵਾਰਨੇ ਜਾ ਰਿਹਾ ਹਾਂ॥੨॥
ਗੁਰ ਕੇ ਚਰਨ ਹਿਰਦੈ ਵਸਾਏ ॥ ਮਨ ਚਿੰਤਤ ਸਗਲੇ ਫਲ ਪਾਏ ॥ ਅਗਨਿ ਬੁਝੀ ਸਭ ਹੋਈ ਸਾਂਤਿ ॥ ਕਰਿ ਕਿਰਪਾ ਗੁਰਿ ਕੀਨੀ ਦਾਤਿ॥੨॥	(ਕਿਵੇਂ ? ਉੱਤਰ:) ਮੈਂ ਗੁਰੂ ਦੇ ਚਰਨ ਹਿਰਦੇ ਵਿਚ ਵਸਾ ਲਏ ਗੁਰੂ ਨੇ ਕਿਰਪਾ ਕਰਕੇ ਬਖ਼ਸ਼ਿਸ਼ ਕੀਤੀ, (ਫਲ ਕੀ ਹੋਇਆ ਕਿ ਮੇਰੇ ਮਨ ਦੀ ਅਗਨੀ (ਤ੍ਰਿਸ਼ਨਾ) ਬੁਝ ਗਈ (ਤੇ) ਸ਼ਾਂਤੀ ਹੋ ਗਈ, (ਫੇਰ) ਮਨ ਦੇ ਚਿੰਦੇ ਸਾਰੇ ਫਲ, ਮਿਲ ਗਏ॥੨॥

*ਕਈ ਗਜਾਨੀ ਖਿਆਲ ਕਰਦੇ ਹਨ ਕਿ ਇਸ ਦਾ ਭਾਵ ਹੈ, ਤਨ ਦੇ ਦੁਖਾਂ ਦਾ ਕਾਰਣ ਅਗਜਾਨ। ਪਰ ਨਾਮ ਸਿਮਰਨ ਨਾਲ ਸਰੀਰ ਦੇ ਰੋਗ ਬੀ ਦੂਰ ਹੁੰਦੇ ਹਨ,ਇਹ ਬੀ ਇਕ ਸਿਧ ਬਾਤ ਹੈ। ਇਹੋ ਗਲ ਰਹਾਉ ਵਿਚ ਸਪਸ਼ਟ ਦੱਸੀ ਹੈ।

ਨਿਥਾਵੇ ਕਉ ਗੁਰਿ ਦੀਨੋ ਥਾਨੁ ॥ ਨਿਮਾਨੇ ਕਉ ਗੁਰਿ ਕੀਨੋ ਮਾਨੁ ॥ ਬੰਧਨ ਕਾਟਿ ਸੇਵਕ ਕਰਿ ਰਾਖੇ ॥ ਅੰਮ੍ਰਿਤ ਬਾਨੀ ਰਸਨਾ ਚਾਖੇ ॥੩॥	(ਇਉਂ ਸਮਝੋ ਕਿ ਮੈਂ)ਨਿਥਾਂਵੇ ਨੂੰ ਗੁਰੂ ਨੇ ਟਿਕਾਣਾ ਦੇ ਦਿੱਤਾ, ਨਿਮਾਣੇ ਨੂੰ ਗੁਰੂ ਨੇ ਮਾਣ ਦੇ ਦਿਤਾ, (ਮੋਹ ਮਾਇਆ ਦੇ) ਬੰਧਨ (ਮੇਰੇ) ਕੱਟ ਦਿੱਤੇ ਤੇ ਸੇਵਕ ਕਰਕੇ (ਮੈਨੂੰ) ਬਚਾ ਲਿਆ, (ਹੁਣ ਮੇਰੀ) ਜੀਭ ਅੰਮ੍ਰਿਤ (ਵਰਗੀ ਮਿੱਠੀ ਤੇ ਅਮਰ ਕਰਨੇ ਵਾਲੀ ਗੁਰੂ ਕੀ ਬਖ਼ਸ਼ੀ) ਬਾਣੀ ਦਾ ਰਸ ਲੈ ਰਹੀ ਹੈ॥ ੩॥
ਵਡੈ ਭਾਗਿ ਪੂਜ ਗੁਰ ਚਰਨਾ ॥ ਸਗਲ ਤਿਆਗਿ ਪਾਈ ਪ੍ਰਭ ਸਰਨਾ॥ ਗੁਰੁ ਨਾਨਕ ਜਾ ਕਉ ਭਇਆ ਦਇਆਲਾ ॥ ਸੋ ਜਨੁ ਹੋਆ ਸਦਾ ਨਿਹਾਲਾ ॥੪॥੬॥੧੦੦॥	ਵਡੇ ਭਾਗਾਂ ਕਰਕੇ ਗੁਰੂ ਦੇ ਚਰਨਾਂ ਦੀ ਪੂਜਾ (ਮਿਲੀ ਹੈ, ਜਿਸ ਕਰਕੇ) ਸਭ ਕੁਛ ਛੱਡ ਕੇ (ਇਕ) ਪ੍ਰਭੂ ਦੀ ਸ਼ਰਣ ਪ੍ਰਾਪਤ ਹੋਈ ਹੈ। (ਗੱਲ ਕੀਹ, ਭਾਈ!) ਗੁਰੂ ਨਾਨਕ ਜਿਸ ਉਤੇ ਦਿਆਲ ਹੋ ਗਿਆ, ਉਹ ਪੁਰਖ ਸਦਾ ਲਈ ਨਿਹਾਲ ਹੋ ਗਿਆ॥ ੪ ॥ ੬ ॥ ੧੦੦॥

ਵਯਾਖਯਾ— ਰਹਾਉ ਵਿਚ ਪੂਰੇ ਗੁਰੂ ਦੀ ਸ਼ਰਣ ਲੈਣਦਾ ਫਲ ਦੱਸਿਆ ਹੈ, ਰੋਗ, ਸੋਗ ਤੇ ਦੁਖਾਂ ਦਾ ਨਾਸ਼ ਪਹਿਲਾ ਫਲ ਦੱਸਿਆ। ਪਹਿਲੇ ਅੰਕ ਵਿਚ ਵੇਰਵਾ ਕਰ ਦਿਤਾ ਕਿ ਤਨ ਤੇ ਮਨਦੇ ਦੁਖ ਦੂਰ ਹੋ ਗਏ।

ਅੰਕ ੨ ਵਿਚ ਦੱਸਿਆ ਕਿ ਮਨ ਚਿੰਦੇ ਫਲ ਪਾਏ ਪਰ ਮਗਰੋਂ ਤ੍ਰਿਸ਼ਨਾਂ ਹੀ ਬੁਝ ਗਈ ਤੇ ਗੁਰੂ ਦੀ ਦਾਤ ਨਾਲ ਸ਼ਾਂਤੀ ਵਰਤ ਗਈ।

ਅੰਕ ੩ ਵਿਚ-ਆਤਮਕ ਥਾਨ ਮਾਨ ਦੀ ਪ੍ਰਾਪਤੀ ਦੱਸੀ ਤੇ ਅੰਤ ਵਿਚ ਨਾਮ ਬਾਣੀ ਦਾ ਰਸ ਰੂਪ ਹੋਕੇ ਰਸਨਾਂ ਨੂੰ ਰਸਮਯ ਕਰ ਦੇਣਾ ਦੱਸਿਆ।

ਅੰਕ ੪ ਵਿਚ ਪਤਾ ਦੇਂਦੇ ਹਨ ਕਿ ਉਹ ਗੁਰੂ ਕੌਣ ਸੀ ਜਿਸ ਨੇ ਆਪ ਨੂੰ ਇਹ ਕੁਛ ਦਾਨ ਦਿਤਾ,ਤਾਂ ਨਾਮ 'ਗੁਰੂ ਨਾਨਕ' ਦੱਸਦੇ ਹਨ, ਭਾਵ ਗੁਰੂ ਰਾਮਦਾਸ ਜੀ ਤੋਂ ਹੈ।

ਨਿਰੁਕ੍ਤ— **ਪ੍ਰਥਮੇ**—[ਸੰਸ:, ਪ੍ਰਥਮ=ਪਹਿਲਾ] ਪਹਿਲੋਂ।

ਬਿਨਾਸੇ—(ਸੰਸ:, ਵਿਨਸ਼੍ਟ=ਬਰਬਾਦ ਹੋ ਚੁਕਾ) ਦੂਰ ਹੋਏ।

ਮਨ ਚਿੰਤਤ—ਮਨ ਦੇ ਚਿਤਵੇ ਯਾ ਚਾਹੇ ਹੋਏ।

[ਆਸਾ ਮਹਲਾ ੫, ਚਉਪਦਾ ੧੦੧-੧੯੮]

ਪ੍ਰਾਕ੍ਥਨ—ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਅਵਤਾਰ ਪਰ ਪੰਚਮ ਪਾਤਸ਼ਾਹ ਜੀ ਦਾ ਸ਼ੁਕਰ ਗੁਜ਼ਾਰੀ।

ਮੂਲ	ਅਰਥ
ਆਸਾ ਮਹਲਾ ੫ ॥ ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥ ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥	ਸੰਜੋਗ ਦੁਆਰਾ ਚਿਰ ਜੀਉਣਾ (ਪੁਤ੍ਰ) ਪੈਦਾ ਹੋਇਆ ਹੈ, (ਉਹ ਸੰਜੋਗ ਇਹ ਹੈ ਕਿ) ਸੱਚੇ ਸਤਿਗੁਰੂ (ਭਾਵ ਗੁਰੂ ਨਾਨਕ ਦੇਵ) ਨੇ (ਬੱਚਾ ਆਪੇ) ਭੇਜ ਦਿੱਤਾ ਹੈ। (ਦੇਖੋ, ਜਦੋਂ ਹੀ ਇਸ ਨੇ) ਉਦਰ ਵਿਚ ਆਕੇ ਨਿਵਾਸ ਕੀਤਾ ਸੀ) ਤਦੋਂ ਤੋਂ ਹੀ ਇਸ ਦੀ) ਮਾਤਾ ਦੇ ਮਨ ਵਿਚ ਬਹੁਤ ਖੇੜਾ ਆਗਿਆ ਸੀ॥ ੧॥

ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥

(ਹਾਂ ਅਜ) ਜੰਮ ਪਿਆ ਹੈ (ਉਹ) ਪੁਤ੍ਰ (ਜੋ) ਅਕਾਲ ਪੁਰਖ ਦਾ ਭਗਤ ਹੈ, ਧੁਰ ਦਾ ਲਿਖਿਆ ਲੇਖ ਅਜ ਸਭਨਾਂ ਵਿਚ ਪ੍ਰਗਟ ਹੋ ਗਿਆ ਹੈ॥ ਰਹਾਉ॥

ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥
ਮਿਟਿਆ ਸੋਗੁ ਮਹਾ ਅਨੰਦੁ ਥੀਆ॥
ਗੁਰਬਾਣੀ ਸਖੀ ਅਨੰਦੁ ਗਾਵੈ ॥
ਸਾਚੇ ਸਾਹਿਬ ਕੈ ਮਨਿ ਭਾਵੈ ॥੨॥

(ਵਾਹਿਗੁਰੂ ਦੇ) ਹੁਕਮ ਅਨੁਸਾਰ ਬਾਲ ਕੇ ਨੇ ਦਸੀਂ ਮਹੀਨੀ ਜਨਮ ਲੀਤਾ ਹੈ, (ਸਨਬੰਧੀਆਂ ਨੂੰ ਜੋ) ਫਿਕਰ (ਸੀ) ਮਿਟ ਗਿਆ ਹੈ (ਤੇ) ਬਹੁਤ ਖ਼ੁਸ਼ੀ ਹੋ ਗਈ ਹੈ। (ਪਰਵਾਰ ਦੀਆਂ) ਸਖੀਆਂ* ਅਨੰਦ (ਨਾਮੇ) ਗੁਰਬਾਣੀ ਦਾ ਗਾਯਨ ਕਰ ਰਹੀਆਂ ਹਨ। (ਬਾਣੀ ਦਾ ਇਹ ਗਾਯਨ) ਸੱਚੇ ਸਾਹਿਬ ਦੇ ਮਨ ਨੂੰ ਭਾ ਰਿਹਾ ਹੈ॥ ੨॥

ਵਧੀ ਵੇਲਿ ਬਹੁ ਪੀੜੀ ਚਾਲੀ ॥
ਧਰਮ ਕਲਾ ਹਰਿ ਬੰਧਿ ਬਹਾਲੀ ॥
ਮਨ ਚਿੰਦਿਆ ਸਤਿਗੁਰੂ ਦਿਵਾਇਆ॥
ਭਏ ਅਚਿੰਤ ਏਕ ਲਿਵ ਲਾਇਆ॥੩॥

ਵੇਲ ਬਹੁਤ ਵਧੀ ਹੈ (ਭਾਵ ਕੁਲ ਅਗੇ ਨੂੰ ਹੋਰ ਟੁਰ ਪਈ ਹੈ, ਤੇ ਅਗੋਂ ਨੂੰ) ਪੀੜ੍ਹੀ ਟੁਰ ਪਈ ਹੈ (ਭਾਵ ਗੁਰੁਤਾ ਦੀ ਵੰਸ਼ ਚਲ ਪਈ ਹੈ)। ਹਰੀ ਨੇ (ਐਸਾ ਕਰਨੇ ਵਿਚ) ਧਰਮ ਸ਼ਕਤੀ ਨੂੰ (ਇਸ ਬਾਲਕ ਦੇ ਸਰੀਰ ਵਿਚ) ਬੰਨ੍ਹ ਕੇ ਬਹਾਲ ਦਿੱਤਾ ਹੈ (ਭਾਵ ਰੂਪਧਾਰੀ ਕਰ ਦਿੱਤਾ ਹੈ)। ਸਤਿਗੁਰੂ ਨੇ ਸਾਨੂੰ (ਸਾਡੇ) ਮਨ ਦਾ ਚਿਤਵਿਆ (ਭਾਵ ਗੁਰੂ ਗਾਦੀ ਦਾ ਮਾਲਕ ਅਕਾਲ ਪੁਰਖ ਤੋਂ ਲੈ) ਦਿਵਾਇਆ ਹੈ (ਸੋ ਅਸੀਂ ਆਪੂੰ ਤਾਂ) ਅਚਿੰਤ ਹੋਏ ਹੋਏ ਇਕ (ਪ੍ਰਭੂ) ਵਿਚ ਲਿਵ ਲਾਏ ਹੋ ਰਹੇ ਹਾਂ। (ਕਿਉਂਕਿ ਮਨ ਦਾ ਚਿਤਵਿਆ ਤਾਂ ਗੁਰੂ ਨੇ ਆਪੇ ਦਿਵਾ ਦਿਤਾ ਹੈ)॥ ੩॥

ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥
ਬੁਲਾਇਆ ਬੋਲੈ ਗੁਰ ਕੈ ਭਾਣਿ ॥
ਗੁਝੀ ਛੰਨੀ ਨਾਹੀ ਬਾਤ ॥
ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥

ਜਿਵੇਂ ਬੱਚਾ (ਆਪਣੇ) ਪਿਤਾ ਉੱਤੇ ਬਹੁਤਾ ਮਾਣ ਕਰਦਾ ਹੈ (ਤਿਵੇਂ ਮੈਂ ਆਪਣੇ ਪਿਤਾ ਗੁਰੂ ਤੇ ਮਾਣ ਕਰਦਾ ਹਾਂ ਤੇ ਜਿਵੇਂ ਉਹ) ਬੁਲਾਇਆ ਬੋਲਦਾ ਹੈ (ਤਿਵੇਂ ਮੈਂ) ਗੁਰੂ ਦੇ ਭਾਣੇ ਵਿਚ (ਬੋਲਦਾ ਪਿਆ ਹਾਂ। ਸੋ ਸੁਣੋ ਭਾਈ ! ਇਹ) ਗੱਲ (ਕਿਸ ਤਰ੍ਹਾਂ) ਗੁੱਝੀ ਛਪੀ ਨਹੀਂ ਹੈ ਕਿ ਗੁਰੂ ਨਾਨਕ ਤ੍ਰੁੱਠ ਪਿਆ ਹੈ (ਤੇ ਤ੍ਰੁਠ ਕੇ ਇਹ) ਦਾਤ (ਪੁਤ੍ਰ ਦੀ ਉਸ ਨੇ ਸਾਨੂੰ) ਦਿੱਤੀ ਹੈ॥ ੪॥ ੭॥ ੧੦੧॥

ਵਜਾਖਜਾ—ਇਸ ਸ਼ਬਦ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਅਵਤਾਰ ਲੈਣ ਦਾ ਜ਼ਿਕਰ ਹੈ ਆਪ ਦਾ ਅਵਤਾਰ ਵਡਾਲੀ ਨਾਮੇ ਪਿੰਡ ਵਿਚ ਹੋਇਆ ਸੀ ਜੋ ਪਿੰਡ ਕਿ ਅੰਮ੍ਰਿਤਸਰ ਤੋਂ ਅਗਲੇ ਸਟੇਸ਼ਨ ਛਿਹਰਟੇ ਤੋਂ ਅੱਧ ਕੁ ਮੀਲ ਤੇ ਹੈ ਸ਼ਹਿਰ ਵਲੋਂ ਕੁਛ ਪੱਛਮ ਰੁਖ਼ ਨੂੰ ਹੈ। ਇਥੇ ਪਿੰਡ ਦੀ ਆਬਾਦੀ ਵਿਚ ਜਨਮ ਸਥਾਨ ਆਪ ਦਾ ਹੈ। ਆਪ ਦਾ ਅਵਤਾਰ ੨੧ ਹਾੜ ਸੰਮਤ ੧੬੫੨ ਬਿ: ਨੂੰ ਹੋਇਆ ਸੀ। ਸ੍ਰੀ ਗੁਰੂ ਅਰਜਨ ਸਾਹਿਬ ਦੇ ਘਰ ਕੋਈ ਔਲਾਦ ਨਹੀਂ ਸੀ ਜਦੋਂ ਇਹ ਦੈਵੀ ਬਾਲਕ ਜਨਮਿਆਂ ਤਾਂ ਬਹੁਤ ਖੁਸ਼ੀ ਹੋਈ। ਗੁਰੂ ਜੀ ਨੂੰ ਵਧੇਰੇ ਖ਼ੁਸ਼ੀ ਇਸ ਗਲ ਦੀ ਸੀ ਕਿ ਆਪ ਨੂੰ ਆਤਮਿਕ ਵਸੀਲੇ ਨਾਲ ਪਤਾ ਲਗ ਗਿਆ ਸੀ ਕਿ ਬਾਲਕ-"ਗੋਬਿੰਦ ਦਾ ਭਗਤ" ਤੇ 'ਧਰਮ ਦੀ ਕਲਾ ਦਾ ਮੁਜੱਸਮ' ਜਨਮਿਆਂ ਹੈ, ਜੋ ਸਿਖਾਂ ਦੇ ਪਾਰ ਉਤਾਰਨ ਦੀ ਕਾਰ ਨੂੰ ਸੰਭਾਲੇਗਾ ਤੇ ਜਗਤ ਦਾ ਹਰ ਤਰ੍ਹਾਂ ਨਿਸਤਾਰਾ ਕਰੇਗਾ।

---

*ਸਾਰੇ ਸਨਬੰਧੀਆਂ ਸਿੱਖਾਂ ਸਿੱਖਣੀਆਂ ਤੋਂ ਮੁਰਾਦ ਹੈ।

ਇਸ਼ ਦੈਵੀ ਬਾਲਕੇ ਦਾ ਜਨਮ 'ਗੁਰੂ' ਤੇ 'ਅਕਾਲ ਪੁਰਖ' ਦੇ ਅਪਣੇ ਹੁਕਮ ਅਨੁਸਾਰ ਹੋਇਆ ਆਪ ਦੱਸਦੇ ਹਨ, ਯਥਾ:- 'ਸਤਿਗੁਰ ਸਾਚੈ ਦੀਆ ਭੇਜਿ।।'

ਪੁਨਾ-'ਹੁਕਮਿ ਬਾਲਕ ਜਨਮੁ ਲੀਆ॥' ਪੁਨਾ-'ਗੁਰੁ ਨਾਨਕੁ ਤੁਠਾ ਕੀਨੀ ਦਾਤਿ।'

ਫਿਰ ਇਹ ਬੀ ਪਤਾ ਚਲਦਾ ਹੈ ਕਿ ਆਪ ਬੀ ਗੁਰੂ ਗਦੀ ਦਾ ਮਾਲਕ ਹੋਣ ਵਾਲਾ ਬਾਲਕਾ ਲੋਚਦੇ ਸਨ, ਯਥਾ:- 'ਮਨ ਚਿੰਦਿਆ ਸਤਿਗੁਰੂ ਦਿਵਾਇਆ॥'

ਅਪਣੀ ਇਸੇ ਸ਼ੁਭ ਚਿਤਵਨੀ ਦੇ ਪੂਰਾ ਹੋਣ ਨੂੰ ਆਪ 'ਭਏ ਅਚਿੰਤ' ਬੀ ਆਖਦੇ ਹਨ।

ਅੰਕ ੨ ਵਿਚ 'ਗੁਰਬਾਣੀ...ਗਾਵੈ' ਦਾ ਭਾਵ ਇਹ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਦੀ ਰਚੀ 'ਆਨੰਦ' ਬਾਣੀ ਦਾ ਪਾਠ ਸਿਖਾਂ ਵਿਚ ਮੰਗਲਮਯ ਸਮਿਆਂ ਤੇ ਗਾਂਵਿਆਂ ਜਾਣ ਲੱਗ ਪਿਆ ਸੀ, ਖਾਸ ਕਰ ਬਾਲਕ ਜਨਮ ਤੇ ਗੁਰੂ ਅਮਰ ਦਾਸ ਜੀ ਦੇ ਵੰਸ਼ਜ ਭੱਲੇ ਸਾਹਿਬਜ਼ਾਦਿਆਂ ਦੇ ਘਰੀਂ ਬਾਲਕੇ ਜਨਮ ਸਮੇਂ ਆਨੰਦ ਬਾਣੀ ਦੇ ਗਾਯਨ ਦਾ ਦਸਤੂਰ ਜਾਰੀ ਆ ਰਿਹਾ ਹੈ।

ਸਾਰੇ ਸ਼ਬਦ ਵਿਚ ਸ਼ੁਕਰ ਦਾ ਡੂੰਘਾ ਭਾਵ ਹੈ, ਤੇ ਆਪਣੇ ਨੁਕਤੇ ਤੋਂ ਹੀ ਨਹੀਂ, ਪਰ ਸੰਗਤਾਂ ਲਈ ਜਾਨਸ਼ੀਨ ਦੇ ਧੁਰੋਂ ਆ ਜਾਣ ਦਾ ਵਿਸ਼ੇਸ਼ ਸ਼ੁਕਰੀਆ ਹੈ।

ਨਿਰੁਕ੍ਤ—**ਸੰਜੋਗਿ**—[ਸੰਸ:, ਸੰਜੋਗ:=ਮੇਲ] ਸੰਜੋਗਾਂ ਨਾਲ। ਸੰਜੋਗ ਪਦ ਦਾ ਆਮ ਭਾਵ ਹੁੰਦਾ ਹੈ-ਗ੍ਰੈਹ, ਰਾਸਿ, ਯੋਗ ਆਦਿ ਦਾ ਮੇਲ, ਜਿਸ ਮੇਲ ਤੋਂ ਹੋਣਹਾਰਾਂ ਹੁੰਦੀਆਂ ਮੰਨਦੇ ਹਨ। ਅਥਵਾ ਕਰਮਾਂ ਨਾਲ ਬਣੇ ਭਾਗਾਂ ਤੋਂ ਜੋ ਗੱਲ ਮਿਲੇ ਯਾ ਹੋਵੇ। ਗੁਰੂ ਸਾਹਿਬ ਸੰਜੋਗ ਪਦ ਵਰਤਦੇ ਹਨ, ਸਿਆਰੀ ਲੈ ਕੇ-'ਸੰਜੋਗਿ', ਇਸ ਦੇ ਅਰਥ ਇਹ ਬਣਦੇ ਹਨ: ਸੰਜੋਗ ਨਾਲ। ਪਰ ਉਸ ਪਦ ਸੰਜੋਗ ਦਾ ਅਰਥ ਪਹਿਲੀ ਤੁਕ ਵਿਚ ਕਰਦੇ ਹਨ, ਸਤਿਗੁਰ ਸਾਚੇ ਨੇ ਆਪ ਭੇਜਿਆ ਹੈ,ਇਹ ਹੈ ਸੰਜੋਗ 'ਜਿਸ ਕਰਕੇ ਇਹ ਦੈਵੀ ਬਾਲਕ ਜਨਮਿਆ ਹੈ। ਇਸੇ ਗੱਲ ਤੇ ਸ਼ਬਦ ਵਿਚ ਬਾਰ ਬਾਰ ਜ਼ੋਰ ਹੈ ਜੋ ਇਨ੍ਹਾਂ ਪਦਾਂ ਤੋਂ ਵਿਦਿਤ ਹੈ:-

ਸਤਿਗੁਰ ਸਾਚੈ ਦੀਆ ਭੇਜਿ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥
...ਹੁਕਮਿ ਬਾਲਕ ਜਨਮੁ ਲੀਆ॥
...ਸਤਿਗੁਰੂ ਦਿਵਾਇਆ॥
ਗੁਰੁ ਨਾਨਕੁ ਤੁਠਾ ਕੀਨੀ ਦਾਤਿ॥

ਇਸ ਕਰਕੇ ਸੰਜੋਗ ਪਦ ਦਾ ਅਰਥ ਏਥੇ ਗ੍ਰੈਹ ਯੋਗ ਲਗਨ ਆਦਿ ਕਰਨਾ ਯਾ ਕਿਸੇ ਕਰਮ ਗਤੀ ਕਿ ਹੋਰ ਵਸੀਲੇ ਨੂੰ ਲੈਣਾ ਗੁਰ ਆਸ਼ੇ ਅਨੁਕੂਲ ਨਹੀਂ ਬੈਠਦਾ ਸਹੀ ਹੁੰਦਾ। ਸਪਸ਼ਟ ਭਾਵ ਸੰਜੋਗ ਦਾ 'ਸਤਿਗੁਰ ਸਾਚੈ ਦੀਆ ਭੇਜਿ' ਤੁਕ ਵਿਚ ਆਪ ਹੀ ਸ੍ਰੀ ਗੁਰੂ ਜੀ ਨੇ ਦੱਸ ਦਿੱਤਾ ਹੈ।

ਉਦਰੈ—(ਸੰਸ:, ਉਦਰ) ਪੇਟ ਵਿਚ। **ਬਿਗਾਸੁ**-ਖੇੜਾ। ਖੁਸ਼ੀ।

ਧੁਰ ਕਾ—ਭਾਵ ਅਕਾਲ ਪੁਰਖ ਦਾ।

ਆਨੰਦੁ—ਖੁਸ਼ੀ, ਖੁਸ਼ੀ ਦਾ ਗੀਤ। ਵਿਸ਼ੇਸ਼ ਭਾਵ ਅਨੰਦ ਨਾਮੇ ਗੁਰਬਾਣੀ ਤੋਂ ਹੈ।

ਹੁਕਮਿ—ਹੁਕਮ ਦੁਆਰਾ। ਭਾਵ ਹੈ ਅਕਾਲ ਪੁਰਖ ਦੇ ਹੁਕਮ ਦੁਆਰਾ।

ਵਧੀ ਵੇਲਿ) ਦੁਇ ਮੁਹਾਵਰੇ ਦੇ ਵਾਕ ਹਨ ਭਾਵ ਹੈ ਵੰਸ਼ ਵਧੀ,
ਪੀੜੀ ਚਾਲੀ) ਵੰਸ਼ ਟੁਰ ਪਈ।

ਧਰਮ ਕਲਾ—ਧਰਮ ਦੀ ਸ਼ਕਤੀ। ਭਾਵ ਹੈ ਕਿ ਧਰਮ ਦੀ ਸ਼ਕਤੀ, ਜੋ ਧਰਤੀ ਤੋਂ ਲੋਪ ਹੋ ਰਹੀ ਸੀ ਤੇ ਗੁਰ ਨਾਨਕ ਨੇ ਲਿਆਂਦੀ ਸੀ, ਉਹ ਸ਼ਕਤੀ ਇਸ ਬਾਲਕ ਦੇ ਜਨਮ ਨੇ ਧਰਤੀ ਤੇ ਕਾਯਮ ਕੀਤੀ ਹੈ। ਦੁਨੀਆਂ ਵਿਚ ਅਧਰਮ ਪ੍ਰਧਾਨ ਹੈ, 'ਧਰਮ ਧੌਲ' ਧਰਤੀ ਹੇਠ ਉਦਾਸ ਹੋ ਰਿਹਾ ਸੀ।

ਗੁਰੂਮਤ ਨੇ ਧਰਮ ਸਭ ਤੋਂ ਉਪਰ ਹੈ, ਇਹ ਅਸੂਲ ਦ੍ਰਿੜ ਕੀਤਾ ਹੈ।

ਮਨ ਚਿੰਦਿਆ—ਮਨ ਦਾ ਚਿਤਵਿਆ ਯਾ ਚਾਹਿਆ।

ਭਾਣਿ—[ਸੰਸ:, ਧਾਤੂ-ਭੂ = ਹੋਣਾ, ਭਾਵਨ = ਖ਼ਯਾਲ, ਵਿਚਾਰ, ਕਲਪਨਾ। ਪੰ:ਭਾਣਾ = ਉਹ ਜੋ ਰੱਬ ਨੂੰ ਭਾ ਗਿਆ ਹੈ। ਹਿੰ:, ਭਾਨਾ = ਚੰਗਾ ਲਗਣਾ, ਪਸੰਦ ਔਣਾ] ਭਾਣੇ ਅਨੁਸਾਰ। ਮਰਜ਼ੀ ਅਨੁਸਾਰ। ਗੁਝੀ-ਛਿਪੀ ਹੋਈ।

ਛੰਨੀ—[ਸੰਸ:, ਛਨ = ਲੁਕਿਆ ਹੋਇਆ, ਛੁਪਿਆ ਹੋਯਾ] ਛਾਦਨ ਕੀਤੀ ਹੋਈ, ਲੁਕਾਈ ਹੋਈ, ਗੁੱਝੀ ਛੰਨੀ ਇਕੱਠਾ ਮੁਹਾਵਰੇ ਦਾ ਪਦ ਹੈ।

[ਆਸਾ ਮਹਲਾ ੫, ਚਉਪਦਾ, ੧੦੨-੧੬੯]

ਮੂਲ	ਅਰਥ
ਆਸਾ ਮਹਲਾ ੫ ॥ **ਗੁਰ ਪੂਰੇ ਰਾਖਿਆ ਦੇ ਹਾਥ ॥ ਪ੍ਰਗਟੁ ਭਇਆ ਜਨ ਕਾ ਪਰਤਾਪੁ॥੧॥**	ਪੂਰੇ ਗੁਰੂ ਨੇ ਹੱਥ ਦੇ ਕੇ ਰੱਖ ਲਿਆ, (ਇਸ ਨਾਲ ਬੀ) ਦਾਸ ਦਾ ਪ੍ਰਤਾਪ (ਹੋਰ) ਪ੍ਰਗਟ ਹੋਇਆ॥੧॥
ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ॥ ਜੀਅ ਕੀ ਅਰਦਾਸਿ ਗੁਰੂ ਪਹਿ ਪਾਈ ॥ ਰਹਾਉ ॥	(ਇਸ ਕਰਕੇ ਮੈਂ ਸਦਾ ਰਸਨਾ ਕਰ ਕੇ) ਗੁਰੂ ਗੁਰੂ ਜਪਦਾ ਰਹਿੰਦਾ ਹਾਂ (ਤੇ ਮਨ ਕਰਕੇ) ਗੁਰੂ ਗੁਰੂ ਦੀ ਅਰਾਧਨਾ ਕਰਦਾ ਰਹਿੰਦਾ ਹਾਂ, ਮਨ ਦੀ ਅਰਜ਼ (ਬੇਨਤੀ ਬੀ) ਗੁਰੂ ਦੇ ਹੀ ਪੇਸ਼ ਕਰਦਾ ਹਾਂ॥ ਰਹਾਉ॥
ਸਰਨਿ ਪਰੇ ਸਾਚੇ ਗੁਰਦੇਵ ॥ ਪੂਰਨ ਹੋਈ ਸੇਵਕ ਸੇਵ ॥੨॥	ਸੱਚੇ ਗੁਰਦੇਵ ਦੀ ਸ਼ਰਣ ਪਏ ਹਾਂ ਤੇ ਸੇਵਕ ਦੀ ਸੇਵਾ ਪੂਰਨ ਹੋ ਗਈ ਹੈ (ਭਾਵ ਕਬੂਲ ਪਈ ਹੈ)॥੨॥
ਜੀਉ ਪਿੰਡੁ ਜੋਬਨੁ ਰਾਖੈ ਪ੍ਰਾਨ ॥ ਕਹੁ ਨਾਨਕ ਗੁਰ ਕਉ ਕੁਰਬਾਨ ॥੩॥੮॥੧੦੨॥	(ਉਸ) ਗੁਰੂ ਤੋਂ ਮੈਂ ਸਦਕੇ ਹਾਂ (ਜਿਸ ਨੇ) ਜਿੰਦ ਸਰੀਰ ਜੋਬਨ ਤੇ ਪ੍ਰਾਣ ਬਚਾ ਦਿੱਤੇ ਹਨ, ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ)॥੩॥੮॥੧੦੨॥

ਵਯਾਖਯਾ— ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਿਆ ਹੈ* ਕਿ ਜਦੋਂ ਦਾਈ ਸ੍ਰੀ ਹਰਿਗੋਬਿੰਦ ਜੀ ਨੂੰ ਜ਼ਹਿਰ ਚੁੰਘਾਵਣ ਆਈ ਤੇ ਚੁੰਘਾ ਨਾ ਸਕੀ, ਪਰ ਆਪ ਮਰ ਗਈ ਤਾਂ ਇਸ ਵਾਕਿਆ ਪਰ ਇਹ ਸ਼ਬਦ ਉਚਾਰਿਆ ਗਿਆ ਸੀ।

ਅੰਕ ੧-ਗੁਰੂ ਪੂਰੇ ਦਾ ਭਾਵ ਉਹੋ ਹੈ ਜੋ ਪਹਿਲੋਂ ਦੇ ਸ਼ਬਦਾਂ ਵਿਚ 'ਗੁਰੂ ਨਾਨਕ' ਦੇਵ ਜੀ ਕਰਕੇ ਦੱਸ ਆਏ ਹਨ। ਜਨ ਕਾ ਪ੍ਰਤਾਪ ਤੋਂ ਭਾਵ ਜਾਪਦਾ ਹੈ ਕਿ ਆਪਣੇ ਵਲ ਹੈ, ਪਰ ਸੁਭਾਵ ਪਰਮ ਨਿੰਮ੍ਰਤਾ ਦਾ ਹੋਣ ਕਰਕੇ ਜਾਪਦਾ ਹੈ ਕਿ ਜਨ ਤੋਂ ਮੁਰਾਦ ਬਾਲਕ ਸ੍ਰੀ ਹਰਿਗੋਬਿੰਦ ਜੀ ਦੀ ਹੈ।

ਅੰਕ ੩ ਵਿਚ ਪਦ 'ਜੋਬਨ' ਤੋਂ ਸ਼ੱਕ ਪੈਂਦਾ ਹੈ ਕਿ ਸ਼ਾਯਦ ਸ਼ਬਦ ਕਿਸੇ ਹੋਰ ਸਮੇਂ ਦਾ ਹੈ, ਕਿਉਂਕਿ ਸ੍ਰੀ ਹਰਿਗੋਬਿੰਦ ਜੀ ਤਦੋਂ ਬਾਲਕ ਸਨ। ਪਰ ਇਥੇ ਪਦ 'ਰਾਖੈ' ਹੈ, ਜਿਸ ਦਾ ਅਰਥ ਹੈ ਰਖਦਾ ਹੈਂ। ਸੋ ਇਹ ਅੰਕ ੩ ਸਿੱਧਾਂਤ ਆਤਮਕ ਹੈ ਕਿ ਗੁਰੂ ਸਦਾ ਹੀ ਦੇਹ, ਜੋਬਨ, ਜਿੰਦ ਦਾ ਰਾਖਾ ਹੈ। ਇਉਂ ਇਕ ਸਦਾ ਸਤਜ ਨਿਯਮ ਵਰਣਨ ਹੋਇਆ ਹੈ, ਇਸ ਦਾ ਸਬੰਧ ਉਸ ਵਾਕਿਆ ਨਾਲ ਨਿਰਾ ਨਹੀ।

*ਦੇਖੋ ਰਾਸ ੩, ਅੰਸੂ ੮, ਪੰਨਾ ੧੯੨੬।

[ਆਸਾ ਮਹਲਾ ੫, ਚਉਪਦਾ, ੧੦੩-੧੭੦]

ਆਸਾ ਘਰੁ ੮ ਕਾਫੀ ਮਹਲਾ ੫॥ ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਰਥਨ— ਇਕ ਨਾਮ ਦੀ ਟੇਕ ਧਾਰੋ ਤਾਂ ਕਲਿਆਣ ਹੋਏਗੀ।

ਮੂਲ	ਅਰਥ
ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ॥ ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ ॥੧॥	ਮੈਂ (ਹੇ ਮੇਰੇ ਮਾਲਕ ਵਾਹਿਗੁਰੂ ! ਤੇਰਾ) ਮੁੱਲ ਨਾਲ ਖਰੀਦਿਆ ਹੋਇਆ ਗ਼ੁਲਾਮ ਹਾਂ (ਤੂੰ ਮੇਰਾ) ਸੱਚ ਮੁਚ ਮਾਲਕ ਹੈਂ (ਜਿਵੇਂ) ਜਿੰਦ ਤੇ ਸਰੀਰ ਸਭ ਕੁਛ ਉਸੇ ਦਾ (ਹੁੰਦਾ ਹੈ ਜਿਸਦਾ ਕੋਈ ਗ਼ੁਲਾਮ ਹੋਵੇ, ਤਿਵੇਂ ਮੇਰਾ) ਸਭੋ ਕੁਛ ਤੇਰਾ ਹੈ॥੧॥
ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ॥ ਬਿਨੁ ਸਾਚੇ ਅਨ ਟੇਕ ਹੈ ਸੋ ਜਾਣਹੁ ਕਾਚਾ ॥੧॥ ਰਹਾਉ ॥	ਹੇ ਸੁਆਮੀ ! ਤੂੰ (ਮੈਂ) ਨਿਮਾਣੇ ਦਾ ਮਾਣ ਹੈਂ (ਮੈਨੂੰ) ਤੇਰਾ ਹੀ ਭਰੋਸਾ ਹੈ, (ਨਿਯਮ ਹੈ ਕਿ) ਸੱਚੇ ਤੋਂ ਬਿਨਾਂ ਜੋ ਹੋਰ ਕੋਈ ਟੇਕ ਲੈਂਦਾ ਹੈ ਸੋ ਜਾਣ ਲਓ ਕੱਚਾ (ਰਹਿ ਜਾਂਦਾ) ਹੈ॥੧॥ਰਹਾਉ॥
ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ ॥ ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ ॥੨॥	ਤੇਰਾ ਹੁਕਮ ਪਾਰ ਤੋਂ ਰਹਿਤ ਹੈ, (ਉਸ ਦਾ) ਅੰਤ ਕੋਈ ਨਹੀ ਪਾ ਸਕਦਾ, (ਪਰੰਤੂ) ਜਿਸ ਨੂੰ ਪੂਰਾ ਗੁਰੂ ਮਿਲ ਪਏਗਾ ਓਹ (ਤੇਰੀ) ਆਗਿਆ ਵਿਚ ਟੁਰਨ ਲੱਗ ਪਏਗਾ॥੨॥
ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥ ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ ॥੩॥	ਚਲਾਕੀਆਂ ਤੇ ਸਿਆਣਪਾਂ ਕਿਸੇ ਕੰਮ ਨਹੀ ਆਉਂਦੀਆਂ, (ਤਦ ਚਾਹੀਦਾ ਹੈ ਕਿ) ਮਾਲਕ (ਪ੍ਰਭੂ) ਜੋ ਕੁਛ ਮੇਹਰਬਾਨ ਹੋ ਕੇ ਦੇਵੇ ਉਸੇ ਵਿਚ ਸੁਖ ਪਾਈਏ (ਭਾਵ, ਉਸੇ ਵਿਚ ਸੁਖ ਮਨਾਈਏ)॥੩॥
ਜੇ ਲਖ ਕਰਮ ਕਮਾਈਅਹਿ ਕਿਛੁ ਪਵੈ ਨ ਬੰਧਾ ॥ ਜਨ ਨਾਨਕ ਕੀਤਾ ਨਾਮੁ ਧਰ ਹੋਰੁ ਛੋਡਿਆ ਧੰਧਾ ॥੪॥੧॥੧੦੩॥	ਜੇ ਲੱਖਾਂ ਕਰਮ ਕਮਾਈਏ, (ਤਦ ਬੀ ਤ੍ਰਿਸ਼ਨਾ ਦੇ ਹੜ੍ਹ ਨੂੰ) ਕੁਛ ਬੀ ਰੋਕ ਥਾਮ ਨਹੀ ਪੈਂਦੀ। (ਇਸ ਲਈ) ਨਾਨਕ ਦਾਸ ਨੇ ਨਾਮ ਨੂੰ ਆਸਰਾ (ਬਣਾਇਆ) ਹੈ ਤੇ ਹੋਰ (ਸਾਰਾ) ਧੰਦਾ ਛੱਡ ਦਿੱਤਾ ਹੈ॥੪॥੧॥੧੦੩॥

ਵਜਾਖਜਾ— ਅੰਕ ੧-ਆਪ ਨੂੰ ਮੂਲੋਂ ਹੀ ਵਾਹਿਗੁਰੂ ਜੀ ਦਾ ਹੋ ਗਿਆ ਦੱਸਿਆ ਹੈ ਤੇ ਮਿਸਾਲ ਲਈ ਹੈ ਗ਼ੁਲਾਮ ਦੀ ਜੋ ਪਿਛਲੇ ਸਮੇਂ ਮੁੱਲ ਲਈਦੇ ਸਨ ਤੇ ਮਾਲ ਡੰਗਰਾਂ ਦੀ ਤਰ੍ਹਾਂ ਓਹ ਸਾਰੇ ਮਾਲਕ ਦੇ ਹੋ ਜਾਂਦੇ ਸਨ। ਇਥੇ ਇਕ ਅੰਗ ਲਿਆ ਹੈ ਕਿ ਮਾਲਕ ਪ੍ਰਭੂ ਦਾ ਸਾਰਾ ਹੋ ਜਾਣਾ, ਜੀਉ ਪਿੰਡ ਸਭ ਓਸ ਦਾ ਸਮਝਣਾਂ, ਭਾਵ ਹੈ ਹਉਂ ਰਹਿਤ ਉਸ ਦੇ ਅਨਿੰਨ ਪ੍ਰੇਮੀ ਹੋ ਜਾਣਾ।

ਰਹਾਉ ਵਿਚ ਦੱਸਿਆ ਹੈ ਕਿ ਹੋਰ ਟੇਕ ਧਾਰਨੇ ਵਾਲਾ ਪੁੱਗੇਗਾ ਨਹੀਂ, ਪੂਰਨ ਭਗਤ ਤੇ ਗਜਾਨਵਾਨ ਨਹੀਂ ਹੋਏਗਾ।

ਅੰਕ ੨ ਵਿਚ ਉਸ ਸਾਹਿਬ ਦੀ ਪਹੁੰਚ ਲਈ ਗੁਰੂ ਦੀ ਲੋੜ ਦੱਸੀ ਹੈ ਜੋ ਜੀਵ ਨੂੰ ਰਜ਼ਾ

ਤੇ ਚੱਲਣਾ ਸਿਖਾਏਗਾ, ਅੰਤ ਲੈਣਾ ਨਹੀਂ ਦੱਸੇਗਾ, ਕਿਉਂਕਿ ਉਹ ਬੇਅੰਤ ਹੈ।

ਅੰਕ ੨ ਵਿਚ ਦੱਸਿਆ ਹੈ ਕਿ ਅਪਣੀ ਬੁੱਧੀ ਨੂੰ ਸਚੀ ਏਕ ਸਮਝ ਕੇ ਚਤੁਰਾਈਆਂ ਨਾਲ ਕੁਛ ਨਹੀਂ ਬਣੇਗਾ, ਕਿਉਂਕਿ ਬੁੱਧੀ ਹਦਬੰਦੀ ਵਾਲੀ ਬੇਹਦ ਦਾ ਥਾਹ ਨਹੀਂ ਲੈ ਸਕਦੀ, ਪਰ ਜੇ ਪ੍ਰੇਮ ਕਰੋ ਤੇ ਸਾਹਿਬ ਦੀ ਖ਼ੁਸ਼ੀ ਤੇ ਟੇਕ ਰਖੋ ਤੇ ਜੋ ਕੁਛ ਦੇਵੇ ਉਸ ਵਿਚ ਟਿਕ ਜਾਓ ਤਾਂ ਸੁਖੀ ਹੋ ਜਾਓਗੇ।

ਅੰਕ ੪ ਵਿਚ ਨਿਰੇ ਕਰਮ ਕਾਂਡੀ ਆਦਿ ਕਰਮਾਂ ਨਾਲ ਬੀ ਸਦਗਤੀ ਨਾ ਮਿਲਦੀ ਦੱਸੀ ਹੈ। ਉਹਨਾਂ ਨਾਲ ਤ੍ਰਿਸ਼ਨਾਂ ਨੂੰ ਰੋਕ ਨਹੀਂ ਪੈਂਦੀ ਤੇ ਕਲਜਾਣ ਤ੍ਰਿਸ਼ਨਾ ਨਵਿਰਤੀ ਨਾਲ ਹੋਣੀ ਹੈ, ਇਹ ਅਵਸਥਾ ਤ੍ਰਿਸ਼ਨਾ ਰਹਿਤ ਹੋਣ ਵਾਲੀ, ਨਾਮ ਨਾਲ ਪ੍ਰਾਪਤ ਹੁੰਦੀ ਦੱਸੀ ਹੈ। ਇਸ ਕਰਕੇ ਅਖੀਰ ਸੁਮਤਿ ਦਿੱਤੀ ਕਿ ਹੋਰ ਉਪਾਉ ਤੇ ਕਰਮਾਂ ਆਦਿ ਦੇ ਧੰਦੇ ਛਡ ਦਿਓ ਤੇ ਇਕ ਨਾਮ ਦੀ ਟੇਕ ਲੈ ਲਓ।

ਨਿਰੁਕ੍ਤ—ਬੰਦਾ—[ਫਾ:, ਬੰਦਹ] ਦਾਸ, ਗ਼ੁਲਾਮ।

ਬੈ ਖਰੀਦੁ—[ਬੈਅ = ਅਰਬੀ + ਖ਼੍ਰੀਦ] ਮੁੱਲ ਲੀਤਾ ਹੋਇਆ। 'ਬੰਦਾ ਬੈਖਰੀਦੁ' ਪਿਛਲੇ ਸਮੇਂ ਦੇ ਗ਼ੁਲਾਮਾਂ ਨੂੰ ਕਹੀਦਾ ਸੀ,ਜਿਨ੍ਹਾਂ ਉਤੇ ਖ਼੍ਰੀਦਣ ਵਾਲੇ ਦਾ ਪੂਰਾ ਹੱਕ ਹੋ ਜਾਂਦਾ ਸੀ ਜਿਵੇਂ ਮਾਲ ਡੰਗਰਾਂ ਪਰ ਹੁੰਦਾ ਹੈ।ਏਥੇ ਮੁਰਾਦ ਹਉ ਰਹਿਤ ਅਵਸਥਾ ਤੋਂ ਹੈ। ਸਿਦਕ ਭਰੋਸੇ ਦੇ ਕਮਾਲ ਦੀ ਦਸ਼ਾ ਬੀ ਭਾਵ ਹੁੰਦਾ ਹੈ।

ਧਣੀ—ਮਾਲਕ। **ਅਨਟੇਕ**-ਹੋਰ ਕੋਈ ਆਸਰਾ।

ਭੇਟਸੀ—[ਹਿੰ:, ਭੇਟਨਾ = ਮੁਲਾਕਾਤ ਕਰਨੀ, ਮਿਲਨਾ] ਮਿਲੇਗਾ।

ਪਵੈ ਨ ਬੰਧਾ—ਬੰਧਾ ਅਰਥ ਬੰਧਨ ਯਾ ਰੋਕ ਨਹੀਂ ਪੈਂਦੀ, ਭਾਵ ਹੈ ਤ੍ਰਿਸ਼ਨਾ ਰੂਪੀ ਨਦੀ ਦੇ ਪ੍ਰਵਾਹ ਨੂੰ ਠੱਲਾ ਨਹੀਂ ਪੈਂਦਾ। ਸੁਖਮਨੀ ਵਿਚ ਬੀ ਇਹ ਪਦ ਆਇਆ ਹੈ। ਦੇਖੋ ਸੰਥਜਾ ਪੋਥੀ ਪੰਨਾ ੧੬੬੭:- ਲਾਖ ਕਰੋਰੀ ਬੰਧੁ ਨ ਪਰੈ॥ [ਸੁਖਮਨੀ ੨-੨]

ਧਰ—(ਧਰਣ = ਸਹਾਰਾ ਦੇਣੇ ਵਾਲਾ, ਸਹਾਰਾ) ਟੇਕ। ਆਸਰਾ।

[ਆਸਾ ਮਹਲਾ ੫, ਚਉਪਦਾ, ੧੦੪-੧੭੧]

ਪ੍ਰਾਕ੍ਥਨ— ਨਾਮ ਸਿਰ ਸੁਖਾਂ ਦੇ ਸੁਖ ਹੈ, ਦਾਤਾ ਗੁਰੂ ਹੈ, ਜੋ ਕਰਤਾਰ ਸਰੂਪ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਸਰਬ ਸੁਖਾ ਮੈ ਭਾਲਿਆ ਹਰਿ ਜੇਵਡੁ ਨ ਕੋਈ ॥ ਗੁਰ ਤੁਠੇ ਤੇ ਪਾਈਐ ਸਚੁ ਸਾਹਿਬੁ ਸੋਈ ॥੧॥	ਮੈਂ ਸਾਰੇ ਸੁਖਾਂ ਨੂੰ ਭਾਲ ਕੇ ਵੇਖ ਲਿਆ ਹੈ ਹਰਿ (ਮਿਲਾਪ) ਜੇਡਾ ਸੁਖ (ਹੋਰ) ਕੋਈ ਨਹੀਂ ਹੈ। ਉਹ ਸੱਚਾ ਸਾਹਿਬ, ਗੁਰੂ ਮਿਹਰ ਕਰੇ ਤਾਂ ਪ੍ਰਾਪਤ ਹੁੰਦਾ ਹੈ॥੧॥
ਬਲਿਹਾਰੀ ਗੁਰ ਆਪਣੇ ਸਦ ਸਦ ਕੁਰਬਾਨਾ ॥ ਨਾਮੁ ਨ ਵਿਸਰਉ ਇਕੁ ਖਿਨੁ ਚਸਾ ਇਹੁ ਕੀਜੈ ਦਾਨਾ ॥੧॥ ਰਹਾਉ ॥	(ਇਸ ਕਰਕੇ ਮੈਂ) ਆਪਣੇ ਗੁਰੂ ਤੋਂ ਸਦਕੇ ਹਾਂ, (ਹਾਂ, ਮੈਂ ਉਸ ਤੋਂ) ਸਦਾ ਸਦਾ ਵਾਰਨੇ ਜਾਂਦਾ ਹਾਂ, (ਤੇ ਗੁਰੂ ਤੋਂ ਮੰਗਦਾ ਹਾਂ ਕਿ ਮੈਨੂੰ) ਇਕ ਖਿਨ ਇਕ ਚਸਾ ਮਾਤ੍ਰ ਬੀ ਨਾਮ ਨਾ ਭੁੱਲੇ, ਇਹ ਦਾਨ ਕਰੋ॥੧॥ਰਹਾਉ॥
ਭਾਗਠੁ ਸਚਾ ਸੋਇ ਹੈ ਜਿਸੁ ਹਰਿ ਧਨੁ ਅੰਤਰਿ ॥ ਸੋ ਛੂਟੈ ਮਹਾ ਜਾਲ ਤੇ ਜਿਸੁ ਗੁਰ ਸਬਦੁ ਨਿਰੰਤਰਿ ॥੨॥	(ਹਾਂ) ਜਿਸ ਦੇ ਅੰਦਰ ਹਰੀ ਧਨ (ਵੱਸ ਪਿਆ ਹੈ) ਉਹ ਸਚਮੁਚ ਭਾਗਾਂ ਵਾਲਾ ਹੈ, ਉਹੀ ਛੁਟਦਾ ਹੈ (ਮੋਹ ਰੂਪੀ) ਮਹਾਨ ਜਾਲ ਤੋਂ ਜਿਸ ਦੇ (ਅੰਦਰ) ਲਗਾਤਾਰ ਗੁਰੂ (ਦਾ ਦਿੱਤਾ) ਸ਼ਬਦ (ਨਾਮ) ਵਸਦਾ ਹੈ॥੨॥

ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥ ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥੩॥	(ਮੈਂ) ਗੁਰੂ ਦੀ ਮਹਿਮਾ ਕੀਹ ਆਖਾਂ, ਗੁਰੂ ਗਿਆਨ ਦਾ ਸੱਚਾ ਸਰੋਵਰ ਹੈ ਉਹ (ਹੀ ਕਾਲ ਦੇ) ਆਦਿ ਤੋਂ, (ਫੇਰ) ਜੁਗਾਂ ਦੇ ਆਦਿ ਤੋਂ, (ਫੇਰ) ਜੁਗੋ ਜੁਗ ਪੂਰਾ ਪਰਮੇਸ਼ੁਰ ਹੈ॥੮॥
ਨਾਮੁ ਧਿਆਵਹੁ ਸਦ ਸਦਾ ਹਰਿ ਹਰਿ ਮਨੁ ਰੰਗੇ ॥ ਜੀਉ ਪ੍ਰਾਣ ਧਨੁ ਗੁਰੂ ਹੈ ਨਾਨਕ ਕੈ ਸੰਗੇ ॥੪॥੨॥੧੦੪॥	(ਅਪਣੇ) ਮਨ ਨੂੰ ਹਰੀ ਨਾਲ ਰੰਗਕੇ ਨਾਮ ਨੂੰ ਸਦਾ ਸਦਾ ਧਿਆਵੋ। ਨਾਨਕ ਦੇ ਨਾਲ ਤਾਂ ਗੁਰੂ ਹੀ ਜੀਉ ਪ੍ਰਾਣ, ਧਨ (ਸਭੋ ਕੁਛ ਹੋ ਕੇ ਵਰਤ ਰਿਹਾ ਹੈ)॥੪॥੨॥੧੦੪॥

ਵਯਾਖਯਾ—ਪਹਿਲੇ ਅੰਕ ਵਿਚ ਵਾਹਿਗੁਰੂ ਨੂੰ ਸਭ ਤੋਂ ਅਮੋਲਕ ਦੱਸਕੇ ਉਸ ਦੀ ਪ੍ਰਾਪਤੀ ਗੁਰੂ ਦੁਆਰਾ ਦੱਸੀ। ਰਹਾਉ ਤੇ ਅੰਕ ੧ ਵਿਚ ਗੁਰੂ ਦੀ ਦਾਤਾ ਹੋਣ ਵਿਚ ਤੇ ਨਾਮ ਦਾਨ ਦੇ ਮਹਾਂ ਦਾਨ ਹੋਣ ਵਿਚ ਦੋਹਾਂ ਦੀ ਮਹਿਮਾ ਕਥਨ ਕੀਤੀ। ਅਰ ਨਾਮ ਦਾ ਨਿਰੰਤਰ ਜਾਰੀ ਰਹਿਣਾ ਨਾਮ ਦੀ ਉੱਚ ਅਵਸਥਾ ਦਿਖਾਈ। ਨਾਮ ਰਸ ਵਿਚ ਮੱਤਿਆਂ ਅੰਕ ੩ ਵਿਚ ਨਾਮ ਦਾਤੇ ਗੁਰੂ ਨੂੰ ਪ੍ਰਭੂ ਦੀ ਤੁੱਲਤਾ ਵਿਚ ਦਿਖਾਇਆ, ਜਿਸ ਨੇ ਸੱਚਾ ਵਿਵੇਕ ਦੇ ਕੇ ਮਾਯਕ ਭੁਲੇਵੇ ਤੋਂ ਕੱਢਿਆ। ਗੁਰੂ ਪਾਰ ਗਿਰਾਮੀ ਹੁੰਦਾ ਹੈ, ਪ੍ਰਭੂ ਨਾਲ ਮਿਲਕੇ ਪ੍ਰਭੂ ਰੂਪ ਹੋਇਆ ਹੁੰਦਾ ਹੈ, ਜਿਵੇਂ ਸੋਨਾ ਅਗਨੀ ਨਾਲ ਮਿਲਕੇ ਅਗਨੀ ਦਾ ਰੂਪ ਹੋ ਜਾਂਦਾ ਹੈ, ਉਸ ਨੂੰ ਅਗਨੀ ਕਹਿਣਾ ਗ਼ਲਤ ਨਹੀਂ ਹੁੰਦਾ। ਗੁਰੂ ਬ੍ਰਹਮ ਗਯਾਨੀ ਹੁੰਦਾ ਹੈ। ਬ੍ਰਹਮ ਗਯਾਨ ਨਾਲ ਉਹ ਬ੍ਰਹਮਲੀਨ ਬ੍ਰਹਮ ਸਰੂਪ ਹੁੰਦਾ ਹੈ, ਇਸ ਕਰਕੇ ਉਸ ਨੂੰ ਬ੍ਰਹਮ ਰੂਪ ਆਖਿਆ ਹੈ।

ਅੰਕ ੪ ਵਿਚ ਨਾਮ ਜਪ ਦੀ ਤਾਕੀਦ ਕੀਤੀ ਹੈ, ਨਾਮ ਜਪ ਪ੍ਰੇਮ ਨਾਲ ਕਰਨਾ ਦੱਸਿਆ ਤੇ ਗੁਰ ਸੰਗਤਿ ਦੀ ਸੁਮਤਿ ਦਿਤੀ।

ਨਿਰੁਕ੍ਤ— ਸਦ—[ਅ:, ਸਦ = ਸੌ] ਸੌ ਵੇਰੀ। [ਸੰਸ:, ਸਦ = ਹਮੇਸ਼] ਸਦਾ ਸਦਾ। ਹਮੇਸ਼ਾਂ।

ਕੁਰਬਾਨਾ—[ਅ:, ਕੁਰਬਾਨ] ਸਦਕੇ ਹਾਂ।

ਖਿਨੁ—ਚਸਾ [ਸੰਸ:, ਕ੍ਸ਼ਣਸ: = ਲਹਮਾ,੪/੫ਸੈ ਕੰਡ] ਥੋੜਾ ਸਮਾਂ:੧੫ ਵਾਰ ਅਖ ਫਰਕਣ ਨੂੰ ਵਿਸਾ ਕਹਿੰਦੇ ਹਨ ੧੫ ਵਿਸੇ ਦਾ ਇਕ ਚਸਾ। ੩੦ ਚਸਿਆਂ ਦੀ ਇਕ ਪਲ- ਯਾ ਕ੍ਸ਼ਨ (ਛਿਨ)। ਕਈ ਦਾਨੇ ਅਖ ਦੇ ੧ ਪਲਕਾਰੇ ਨੂੰ ਕ੍ਸ਼ਨ (ਛਿਨ) ਆਖਦੇ ਹਨ।

ਬਿਬੇਕ—[ਦੇਖੋ ਪੰਨਾ ੧੭੧੭] ਵਿਤ੍ਰੇਕਵਾਂ ਗਯਾਨ: ਗਯਾਨ।

ਸਤ—ਸਚ, ਸਚਾ।

[ਆਸਾ ਮਹਲਾ ੫, ਚਉਪਦਾ, ੧੦੫-੧੭੨]

ਮੂਲ	ਅਰਥ
ਆਸਾ ਮਹਲਾ ੫ ॥	
ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ॥ ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ ॥੧॥	(ਜੇ) ਸਾਂਈ (ਜੋ) ਪਾਰ ਤੋਂ ਰਹਿਤ(ਤੇ) ਲੱਖਤਾ ਤੋਂ ਪਰੇ ਹੈ, ਥੋੜਾ ਸਮਾਂ ਬੀ (ਮੇਰੇ) ਮਨ ਵਿਚ ਵਸ ਜਾਵੇ ਹੇ ਮਾਂ ! ਮੇਰਾ ਦੁਖ ਤੇ ਰੋਗ ਸਾਰਾ ਹੀ ਦੂਰ ਹੋ ਜਾਂਦਾ ਹੈ॥੧॥

ਹਉ ਵੰਞਾ ਕੁਰਬਾਣੁ ਸਾਈ ਆਪਣੇ ॥ ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ ॥੧॥ ਰਹਾਉ ॥	(ਇਸ ਕਰਕੇ) ਮੈਂ ਆਪਣੇ ਸਾਈਂ (ਪ੍ਰਭੂ) ਤੋਂ ਸਦਕੇ ਜਾਂਦੀ ਹਾਂ, (ਜਿਸਦੇ) ਜਪਣੇ ਕਰਕੇ ਮਨ ਤੇ ਤਨ ਵਿਚ ਬਹੁਤ ਅਨੰਦ ਹੁੰਦਾ ਹੈ॥ ੧ ॥ ਰਹਾਉ॥
ਬਿੰਦਕ ਗਾਲ੍ਹਿ ਸੁਣੀ ਸਚੇ ਤਿਸੁ ਧਣੀ॥ ਸੁਖੀ ਹੂੰ ਸੁਖੁ ਪਾਇ ਮਾਇ ਨ ਕੀਮ ਗਣੀ ॥੨॥	ਹੇ ਮਾਂ! (ਮੈਂ) ਉਸ ਸੱਚੇ ਸੁਆਮੀ ਦੀ ਜ਼ਰਾ ਕੁ ਗੱਲ ਸੁਣੀ ਹੈ, (ਏਸ ਨਾਲ ਮੈਂ) ਸੁਖਾਂ ਦੇ ਸਿਰ ਸੁਖ ਪਾਇਆ ਹੈ (ਜਿਸ ਦੀ ਕਿ) ਕੀਮਤ ਨਹੀਂ ਪਾਈ ਜਾ ਸਕਦੀ॥ ੨॥
ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ॥ ਮੈ ਨਿਰਗੁਣਿ ਮੇਰੀ ਮਾਇ ਆਪਿ ਲੜਿ ਲਾਇ ਲਈ ॥੩॥	(ਹਾਂ) ਉਸ ਨੈਣੀ ਭਾਂਵਦੇ ਨੂੰ ਵੇਖਕੇ (ਹੀ ਮੈਂ) ਮੋਹਿਤ ਹੋ ਗਈ, (ਪਰ ਇਹ ਮੇਰਾ ਕੋਈ ਗੁਣ ਨਹੀਂ) ਮੈਂ ਤਾਂ ਗੁਣ ਹੀਨ ਸਾਂ, (ਸੁਣ) ਮੇਰੀ ਮਾਂ! (ਉਸ ਨੇ ਮੈਂ) ਆਪੇ ਲੜ ਲਾ ਲਈ ਹਾਂ॥ ੩॥
ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥੧੦੫॥	(ਪ੍ਰਸ਼ਨ:ਸਾਨੂੰ ਬੀ ਪਤਾ ਦੇਹ ਉਸ ਦਾ ? ਉੱਤਰ:) ਵੇਦ, ਕਿਤੇਬ ਤੇ ਸੰਸਾਰ ਤੇ ਹੋਰ ਸਾਰੀਆਂ (ਦੱਸੀਆਂ ਜਾ ਰਹੀਆ ਉਸ ਦੀਆਂ ਜਨਾਉਣ ਹਾਰੀਆਂ ਕਲਾ ਦੇ ਹਦ ਬੰਨ੍ਹੇ ਤੋਂ ਬੀ) ਬਾਹਰ (ਡੁਲ੍ਹ ਡੁਲ੍ਹ ਪੈ ਰਿਹਾ ਹੈ, ਹਾਂ, ਉਹ) ਨਾਨਕ ਦਾ ਪਾਤਸ਼ਾਹ ਜ਼ਾਹਰਾ ਜ਼ਹੂਰ ਦਿੱਸ ਰਿਹਾ ਹੈ (ਕਿਉਂਕਿ ਉਹ ਪ੍ਰਤੱਖ ਤੇ ਅਸੀਮਾ ਹੈ)॥ ੪॥ ੩॥ ੧੦੪॥

ਵਜਾਖਜਾ— ਅੰਕ ੧ ਵਿਚ ਵਾਹਿਗੁਰੂ ਦੇ ਮਨ ਵਿਚ ਵੱਸ ਜਾਣ ਦਾ ਪਹਿਲਾ ਫਲ ਦੱਸਿਆ: ਦੁਖ ਦਰਦ ਤੇ ਰੋਗ ਦਾ ਦੂਰ ਹੋਣਾ।

ਰਹਾਉ ਵਿਚ ਮਨ ਤਨ ਵਿਚ ਵਸਾਉਣੇ ਦੀ ਜੁਗਤਿ ਦੱਸੀ ਕਿ ਤਨ ਤੇ ਮਨ ਨਾਲ ਜਪਣੇ ਨਾਲ ਉਹ ਮਨ ਵਿਚ ਵਸ ਜਾਂਦਾ ਹੈ। ਤਨ ਨਾਲ ਜਪਣਾ ਰਸਨਾ ਨਾਲ ਜਪਣਾ ਹੈ, ਮਨ ਨਾਲ ਜਪਣਾ ਮਨ ਨਾਲ ਸਿਮਰਨ (ਯਾਦ) ਕਰਨਾ ਹੈ। ਸਿਮਰਨ ਫੇਰ ਤਨ ਵਿਚ ਫੈਲ ਜਾਂਦਾ ਹੈ ਕਿ ਲੂੰ ਲੂੰ ਸਿਮਰਨ ਦੀ ਪ੍ਰਤੀਤੀ ਹੁੰਦੀ ਹੈ।

ਅੰਕ ੨ ਵਿਚ ਹਰੀ ਜਸ ਦਾ ਇਸ਼ਾਰਾ ਹੈ ਕਿ ਉਸ ਮਾਲਕ ਦੀ ਗਲ ਸੁਣੀ, ਅਰਥਾਤ ਉਸ ਦੀ ਬਾਬਤ ਉਸ ਦੇ ਹਾਲ ਗੁਣ ਆਦਿ ਸੁਣੇ, ਉਸ ਸ੍ਰਵਣ ਨਾਲ ਬਹੁਤ ਸੁਖ ਹੋਇਆ।

ਅੰਕ ੩ ਵਿਚ ਹਰੀ ਦਰਸ਼ਨ ਦੇ ਝਲਕਾਰੇ ਦਾ ਜ਼ਿਕਰ ਹੈ ਜਦ ਮੈਂ ਦੇਖਿਆ ਤਾਂ ਉਹ ਨੈਣ ਪਸੰਦੋ ਸੀ,ਨੈਣਾਂ ਨੂੰ ਪਸੰਦ ਆ ਜਾਣ ਵਾਲਾ ਭਾਵ ਖ਼ੂਬਸੂਰਤ ਤੇ ਪਿਆਰਾ; ਜਿਸ ਨੂੰ ਦੇਖਕੇ ਮੋਹਿਤ ਹੋ ਗਈ। ਇਸ ਅੰਕ ਵਿਚ ਇਹ ਬੀ ਦੱਸਿਆ ਕਿ ਇਸ ਬਾਰੇ ਵਿਚ ਮੇਰੀ ਮੈਂ ਦਾ ਕੋਈ ਕੰਮ ਨਹੀ ਸਾਂਈਂ ਦੀ ਮਿਹਰ ਹੀ ਮਿਹਰ ਹੈ। ਇਹ ਸੁਣਕੇ ਸ੍ਰੋਤੇ ਦਾ ਦਿਲ ਬੀ ਇਸ ਪ੍ਰਾਪਤੀ ਲਈ ਉੱਮਲਦਾ ਹੈ। ਉਸ ਦੇ ਪ੍ਰਸ਼ਨ ਦਾ ਕਿ ਉਹ ਕਿਥੇ ਹੈ ਉੱਤਰ ਦਿੰਦੇ ਹਨ ਕਿ ਉਹ ਵਜਾਪਕ ਹੈ, ਪ੍ਰਤਖ ਦਿਸਦਾ ਹੈ, ਜੈਸਾ ਕਿ ਗੁਰਬਾਣੀ ਵਿਚ ਆਇਆ ਹੈ:-ਕਰਤੇ ਕੁਦਰਤੀ ਮੁਸਤਾਕੁ।। (ਤਿਲੰਗ ਮਹਲਾ ੫-੪

ਵੇਦ, ਕਿਤਾਬ, ਸੰਸਾਰ ਤੋਂ ਬਾਹਰ ਕਿਉਂ ਕਿਹਾ ? ਕਿਆ ਓਹ ਵੇਦ ਕਿਤਾਬ ਸੰਸਾਰ ਵਿਚ ਨਹੀਂ ਹੈ? ਆਪ ਜੀ ਦਾ ਭਾਵ ਹੈ ਕਿ ਉਹ ਬੇਹੱਦ ਹੈ ਤੇ ਇਨ੍ਹਾਂ ਵਿਚ ਹੁੰਦਾ ਹੋਇਆ, ਇਨ੍ਹਾਂ ਤੋਂ ਬਾਹਰ ਬੀ ਹੈ। ਜੋ ਵਿਦਵਾਨ ਲੋਕ ਆਪਣੀ ਵਿਦਜਾ ਆਦਿ ਵਿਚ ਉਸ ਨੂੰ ਬੰਨਦੇ ਹਨ ਓਹ ਅਜੇ ਹੋਰ ਹੁੰਦਾ ਹੈ ਤੇ ਪ੍ਰਤੱਖ ਸਾਹਮਣੇ ਕੁਦਰਤ ਵਿਚ ਪਿਆ ਝਲਕਾਰੇ ਮਾਰਦਾ ਹੈ। ਉਹ ਕੇਵਲ ਅੰਦਰ ਹੀ ਨਹੀਂ ਬਾਹਰ ਬੀ ਹੈ:-

ਅੰਤਰਿ ਬਸੇ ਬਾਹਰਿ ਭੀ ਓਹੀ॥ ਨਾਨਕ ਦਰਸ਼ਨੁ ਦੇਖਿ ਸਭ ਮੋਹੀ॥

[ਗਉੜੀ ਮਹਲਾ ੫, ਸੁਖਮਨੀ, ੨੩-੪]

ਨਿਰੁਕ੍ਤ—**ਸਾਈ**—[ਸੰਸ:, ਸ੍ਵਾਮੀ, ਲ:ਪੰਜਾ:, ਸਾਂਈ] ਮਾਲਕ, ਪ੍ਰਭੂ।

ਅਲਖੁ [ਸੰਸ:, ਅਲਕ੍ਖ੍ਯ] ਜੋ ਲਖਿਆ ਨਾ ਜਾਵੇ।

ਅਪਾਰੁ—[ਸੰਸ:, ਅਪਾਰ:] ਜਿਸ ਦਾ ਪਾਰ ਨਾ ਹੋਵੇ।

ਥੋਰੀ—[ਲ: ਪੰ:] ਥੋੜਾ ਕੁ। ਭਾਵ ਹੈ ਥੋੜਾ ਕੁ ਸਮਾ। ਖਿਨ ਪਲ ਲਈ।

ਮੈਡਾ—[ਲ: ਪੰ:] ਮੇਰਾ। **ਹਭੁ**—[ਲ: ਪੰ:,] ਸਾਰਾ। ਸਭ।

ਘਣਾ—[ਲ: ਪੰ:] ਬਹੁਤਾ। **ਬਿੰਦਕ**—[ਲ: ਪੰ:] ਛਿਨ ਜਿੰਨੀ, ਬੂੰਦ ਜਿੰਨੀ। ਥੋੜੀ ਕੁ।

ਧਣੀ—[ਲ: ਪੰ:,] ਪਤੀ। ਪਤੀ ਦੀ।

ਕੀਮ—[ਅ:, ਕੀਮਤ। ਲ:ਪੰ:, ਕੀਮ] ਮੁੱਲ, ਕੀਮਤ।

ਨੈਣ ਪਸੰਦੋ—ਜੋ ਨੈਣਾਂ ਨੂੰ ਪਸੰਦ ਹੋਵੇ। ਪਸੰਦੀਦਹ। ਸੁਹਣਾ ਤੇ ਪਜਾਰਾ ਲਗਣ ਵਾਲਾ।

ਮੁਸਤਾਕ—[ਅ:, ਮੁਸ਼ਤਾਕ] ਆਸ਼ਕ। ਪ੍ਰੇਮੀ। **ਹਭਾਹੂੰ**—[ਲ: ਪੰ:,] ਸਭਨਾ ਤੋਂ।

ਜਾਹਰਾ—[ਅ:, ਜ਼ਾਹਰ] ਜੋ ਪ੍ਰਤੱਖ ਹੋਵੇ।

[ਆਸਾ ਮਹਲਾ ੫, ਚਉਪਦਾ, ੧੦੬-੧੭੩]

ਪ੍ਰਾਕ੍ਥਨ—ਬੇਨਤੀ ਹੈ ਕਿ ਅਸਾਂ ਮਾਇਆਵੀ ਜੀਵਾਂ ਦੇ ਬੰਧਨ ਕੱਟ ਕੇ ਮੇਲ ਲਓ।

ਮੂਲ	ਅਰਥ
ਆਸਾ ਮਹਲਾ ੫ ॥	
ਲਾਖ ਭਗਤ ਆਰਾਧਹਿ ਜਪਤੇ ਪੀਉ ਪੀਉ ॥ ਕਵਨ ਜੁਗਤਿ ਮੇਲਾਵਉ ਨਿਰਗੁਣ ਬਿਖਈ ਜੀਉ ॥੧॥	(ਹੇ ਪ੍ਰਭੂ ! ਤੈਨੂੰ) ਲੱਖਾਂ ਭਗਤ 'ਪਿਆਰਾ, ਪਿਆਰਾ' (ਕਹਿਕੇ) ਜਪਦੇ ਹੋਏ (ਤੇਰੀ) ਅਰਾਧਨਾ ਕਰਦੇ ਹਨ। ਕਿਸੇ ਜੁਗਤੀ ਨਾਲ (ਮੈਂ) ਗੁਣ ਹੀਨ ਤੇ ਮਾਯਾਵੀ ਜੀਵ ਨੂੰ (ਬੀ ਆਪਣੇ ਨਾਲ) ਮਿਲਾ ਲਓ॥੧॥
ਤੇਰੀ ਟੇਕ ਗੋਵਿੰਦ ਗੁਪਾਲ ਦਇਆਲ ਪ੍ਰਭ ॥ ਤੂੰ ਸਭਨਾ ਕੇ ਨਾਥ ਤੇਰੀ ਸ੍ਰਿਸਟਿ ਸਭ ॥੧॥ ਰਹਾਉ ॥	ਹੇ ਗੋਵਿੰਦ, ਹੇ ਗੁਪਾਲ, ਹੇ ਦਿਆਲ ਪ੍ਰਭੂ (ਮੈਨੂੰ ਕੇਵਲ) ਤੇਰੀ ਟੇਕ ਹੈ, ਤੁਸੀ ਹੀ ਸਾਰਿਆਂ ਦੇ ਮਾਲਕ ਹੋ, ਸਾਰੀ ਸ੍ਰਿਸ਼ਟ ਤੇਰੀ (ਸਾਜੀ ਹੋਈ) ਹੈ॥੧॥ ਰਹਾਉ॥
ਸਦਾ ਸਹਾਈ ਸੰਤ ਪੇਖਹਿ ਸਦਾ ਹਜੂਰਿ ॥ ਨਾਮ ਬਿਹੂਨੜਿਆ ਸੇ ਮਰਨ੍ਹਿ ਵਿਸੂਰਿ ਵਿਸੂਰਿ ॥੨॥	ਸੰਤ (ਤੈਨੂੰ) ਸਦਾ ਹਾਜ਼ਰਾ ਹਜ਼ੂਰ ਦੇਖਦੇ ਹਨ, (ਤੇ ਤੂੰ ਉਨ੍ਹਾਂ ਦਾ) ਸਦਾ ਸਹਾਈ (ਰਹਿੰਦਾ) ਹੈਂ। (ਪਰ ਜੋ) ਤੇਰੇ ਨਾਮ ਤੋਂ ਵਿਹੂਣੇ ਹਨ ਓਹ ਝੁਰ ਝੁਰਕੇ ਮਰਦੇ ਹਨ॥੨॥
ਦਾਸ ਦਾਸਤਣ ਭਾਇ ਮਿਟਿਆ ਤਿਨਾ ਗਉਣੁ ॥ ਵਿਸਰਿਆ ਜਿਨ੍ਹਾ ਨਾਮੁ ਤਿਨਾੜਾ ਹਾਲੁ ਕਉਣੁ ॥੩॥	(ਓਹ ਹਜ਼ੂਰੀਵਾਸ ਵਾਲੇ ਤੇਰੇ) ਦਾਸਾਂ ਵਿਚ ਬੀ ਦਾਸਾ ਭਾਵ (ਰਖਦੇ ਹਨ), ਉਨ੍ਹਾਂ ਦਾ ਆਵਾਗਵਨ (ਜਨਮ ਮਰਨ) ਮਿਟ ਜਾਂਦਾ ਹੈ, (ਪਰ) ਜਿਨ੍ਹਾਂ ਨੂੰ (ਤੇਰਾ) ਨਾਮ ਭੁੱਲ ਜਾਂਦਾ ਹੈ ਉਨ੍ਹਾਂ ਦਾ ਕੀ ਹਾਲ ਹੁੰਦਾ ਹੋਊ (ਭਾਵ ਮੰਦਾ ਹਾਲ ਹੁੰਦਾ ਹੈ)॥੩॥
ਜੈਸੇ ਪਸੁ ਹਰ੍ਹਿਆਉ ਤੈਸਾ ਸੰਸਾਰੁ ਸਭ॥ ਨਾਨਕ ਬੰਧਨ ਕਾਟਿ ਮਿਲਾਵਹੁ ਆਪਿ ਪ੍ਰਭ ॥੪॥੪॥੧੦੬॥	ਜਿਸ ਤਰ੍ਹਾਂ ਕਿ ਹਰਿਆਰ ਪਸ਼ੂ ਹੁੰਦਾ ਹੈ ਉਸ ਤਰ੍ਹਾਂ ਦਾ ਹੀ ਸਾਰਾ ਸੰਸਾਰ ਹੈ, (ਸ੍ਰੀ ਗੁਰੂ) ਨਾਨਕ (ਦੇਵ ਜੀ ਆਖਦੇ ਹਨ) ਹੇ ਪ੍ਰਭੂ (ਸਭ ਦੇ) ਬੰਧਨ ਕੱਟਕੇ (ਆਪਣੇ ਨਾਲ) ਮਿਲਾ ਲਓ ॥੪॥੪॥੧੦੬॥

ਵਜਾਖਜਾ—ਇਸ ਸ਼ਬਦ ਦੇ ਅੰਕ ੪ ਵਿਚ ਸੰਸਾਰ ਦੇ ਲਾਲਚ ਵਿਚ ਅੱਟੇ ਪੁਰਖਾਂ ਨੂੰ ਹਰਿਆਰ ਯਾ ਹਰਿਆਉ ਪਸ਼ੂ ਨਾਲ ਮਿਸਾਲ ਦਿੱਤੀ ਹੈ। ਇਹ ਪਸ਼ੂ ਹਰਾ ਪੱਠਾ ਦੇਖਕੇ ਉਧਰ ਨੂੰ ਬੇਤਹਾਸ਼ਾ ਭੱਜਦਾ ਹੈ। ਜੁਤਿਆ ਹੋਵੇ ਚਾਹੋ ਖੁੱਲ੍ਹਾ ਇਹ ਹਰੇ ਖੇਤ ਦੀ ਖਿੱਚ ਨੂੰ ਬੰਨ੍ਹ ਨਹੀਂ ਸਕਦਾ। ਇਸ ਤਰ੍ਹਾਂ ਲਾਲਚ ਅੱਟੇ ਲੋਕੀ ਮਾਯਾ ਦੇ ਮਗਰ ਅੰਨ੍ਹੇ ਹੋਕੇ ਲੱਗੇ ਹੋਏ ਹੁੰਦੇ ਹਨ।

ਅੰਕ ੨ ਵਿਚ ਦੱਸਿਆ ਹੈ ਕਿ ਏਹ ਲਾਲਚ ਅੱਟੇ ਲੋਕੀ ਨਾਮ ਵਿਹੂਣੇ ਹੁੰਦੇ ਹਨ, ਇਸ ਕਰਕੇ ਇਨ੍ਹਾਂ ਨੂੰ 'ਆਤਮ ਲਾਭ' ਦੀ ਖਿੱਚ ਨਹੀਂ ਹੁੰਦੀ। ਉਨ੍ਹਾਂ ਦਾ ਹਾਲ ਮੰਦਾ ਹੁੰਦਾ ਹੈ ਤੇ ਫੁਰਮਾਉਂਦੇ ਹਨ ਕਿ ਝੁਰ ਝੁਰ ਮਰਦੇ ਹਨ, ਕਿਉਂਕਿ ਅੰਤ ਸਮੇਂ ਨਾਲ ਕੁਛ ਨਹੀਂ ਜਾਂਦਾ ਤੇ ਗਵਾਈ ਉਮਰ ਦਾ ਪਛੁਤਾਵਾ ਲਗਦਾ ਹੈ। ਇਨ੍ਹਾਂ ਦੇ ਟਾਕਰੇ ਤੇ ਭਗਤਾਂ ਦਾ ਹਾਲ ਅੰਕ ੧ ਵਿਚ ਦੱਸਿਆ ਹੈ ਕਿ ਓਹ ਵਾਹਿਗੁਰੂ ਨੂੰ ਪ੍ਰਿਉ ਪ੍ਰਿਉ ਕਰਕੇ ਜਪਦੇ ਹਨ। ਪ੍ਰਿਉ ਪ੍ਰਿਉ ਕਹਿਣ ਵਿਚ ਇਕ ਕਾਵਜ ਦੀ ਸੁੰਦਰਤਾ ਹੈ। ਪਪੀਹਾ ਪ੍ਰਿਉ ਪ੍ਰਿਉ ਕਰਕੇ ਸ੍ਵਾਂਤੀ ਬੂੰਦ ਨੂੰ ਮੰਗਦਾ ਹੈ, ਇਕ ਪਦ 'ਪ੍ਰਿਉ' ਦੂਹਰਾ ਕੇ ਉਸ ਦੀ ਲਗਨ ਤੇ ਮੰਗ ਦੀ ਤੀਬਰਤਾ ਤੇ ਪ੍ਰੇਮ ਜਣਾ ਦਿੱਤਾ ਹੈ। ਪ੍ਰਿਉ ਦਾ ਅਰਥ 'ਪਿਆਰਾ' ਬੀ ਹੈ ਤੇ 'ਪ੍ਰਿਉ' ਪਪੀਹੇ ਦੀ ਪੁਕਾਰ ਦੇ ਅੱਖਰ ਬੀ ਹਨ।

ਅੰਕ ੨ ਵਿਚ ਪਦ ਸੰਤ ਵਰਤਿਆ ਹੈ, ਜਿਨ੍ਹਾਂ ਵਾਸਤੇ ਪਹਿਲੀ ਤੁਕ ਵਿਚ ਪਦ ਭਗਤ ਵਰਤਿਆ ਸੀ ਤੇ ਉਨ੍ਹਾਂ ਦਾ ਹਜ਼ੂਰੀ ਵਾਸ ਜਣਾਇਆ ਕਿ ਉਹ ਨਾਮ ਸਿਮਰਦੇ ਸਾਈਂ ਦੀ ਹਜ਼ੂਰੀ ਵਿਚ ਵਸਦੇ ਹਨ।

ਫੇਰ ਅੰਕ ੩ ਵਿਚ ਦੱਸਿਆ ਕਿ ਓਹ ਦਾਸਾ ਭਾਵ ਵਿਚ ਵਰਤਦੇ ਹਨ, ਮੁਰਾਦ ਹੈ ਨੰਮੀਭੂਤ ਹੁੰਦੇ ਹਨ। ਯਾ ਦੂਸਰੇ ਪਦਾਂ ਵਿਚ ਹਉਂ ਉਤੇ ਕਾਬੂ ਪਾ ਚੁਕੇ ਹੁੰਦੇ ਹਨ। ਇਸ ਸਾਰੇ ਵਰਣਨ ਵਿਚ ਆਪਣੇ ਲਈ ਅਰਦਾਸ ਹੈ ਜੋ ਪਹਿਲੇ ਅੰਕ ਦੀ ਦੂਜੀ ਤੁਕ ਵਿਚ ਅਤੇ ਰਹਾਉ ਵਿਚ ਆਈ ਹੈ ਕਿ ਸਾਰੀ ਸ੍ਰਿਸ਼ਟੀ ਤੇਰੀ ਰਚੀ ਹੋਈ ਹੈ ਤੂੰ ਰਚ ਕੇ ਵਿਹਲਾ ਨਹੀਂ ਹੋ ਬੈਠਾ, ਸਾਰੀ ਦਾ ਮਾਲਕ ਹੋ ਕੇ ਸ਼ੋਭ ਰਿਹਾ ਹੈਂ। ਇਸ ਕਰਕੇ ਮੈਂ ਬੀ ਤੇਰੀ ਟੇਕ ਧਾਰੀ ਹੈ, ਤੂੰ ਨਿਰਾ ਪ੍ਰਭੂ (=ਮਾਲਕ) ਹੀ ਨਹੀਂ ਤੂੰ ਦਿਆਲੂ ਹੈਂ, ਤੂੰ ਇਸ ਗੁਣ ਰਹਿਤ ਪ੍ਰਾਰਥਿਕ ਨੂੰ ਬੀ ਆਪਣੇ ਨਾਲ ਮਿਲਾ ਲੈ ਜਿਵੇਂ ਕਿਵੇਂ ਹੋਵੇ ਮਿਲਾ ਲੈ। ਫੇਰ ਅਖੀਰਲੀ ਤੁਕ ਵਿਚ ਇਹੋ ਮਿੰਨਤ ਤਰਲਾ ਹੈ ਕਿ ਮੇਰੇ ਬੰਧਨ ਆਪ ਕੱਟੋ, ਲਾਲਚ ਲੋਭ ਦੇ ਬੰਧਨ, ਜੈਸੇ ਕਿ ਹਰਿਆਰ ਪਸ਼ੂ ਵਾਂਙੂ ਸਾਨੂੰ ਜੀਵਾਂ ਨੂੰ ਤੈਨੂੰ ਭੁਲਾ ਕੇ ਮਾਯਾ ਵਲ ਭੱਜਣ ਦੇ ਪੈ ਰਹੇ ਹਨ, ਆਪ ਕੱਟ ਦਿਓ ਤੇ ਆਪਣੇ ਨਾਲ ਮਿਲਾ ਲਓ।

ਨਿਰੁਕ੍ਤ—**ਪੀਉ ਪੀਉ**—ਹੇ ਪਿਆਰੇ! ਹੇ ਪਿਆਰੇ ! ਦੇਸ਼ ਭੇਦ ਕਰਕੇ ਪਪੀਹੇ ਦੀ ਪੁਕਾਰ 'ਪ੍ਰਿਉ ਪ੍ਰਿਉ' ਤੇ ਪੀਉ ਪੀਉ' ਹੁੰਦੀ ਹੈ। ਦੋਹਾਂ ਦਾ ਅਰਥ 'ਹੇ ਪ੍ਰੀਤਮ' ਯਾ 'ਹੇ ਪਤੀ' ਹੈ। ਉਧਰ ਇਹੋ ਪਪੀਹੇ ਦੀ ਪੁਕਾਰ ਹੈ।

ਬਿਖਈ—[ਸੰਸ:,ਵਿਖ਼ਯਾਯਿਨ=ਸੰਸਾਰ ਵਿਚ ਫਸਿਆ ਹੋਯਾ] ਮਾਯਾਵੀ। ਮਾਯਾ ਵਲ ਹਰਿਆਰ ਪਸ਼ੂ ਵਾਂਙੂ ਭੱਜਣ ਵਾਲਾ। (ਅ) ਵਿਸ਼ਈ।

ਨਾਥ—[ਸੰਸ:, ਨਾਥ!]ਮਾਲਕ। ਪੇਖਹਿ-ਦੇਖਦੇ ਹਨ।

ਬਿਹੂਨੜਿਆ—ਜੋ ਨਾਮ ਤੋਂ ਵਿਹੂਣੇ ਹਨ। **ਵਿਸੂਰਿ**-ਝੁਰਕੇ।

ਦਾਸ ਦਾਸਤਣ—ਦਾਸਾਂ ਦੇ ਦਾਸ ਹੋਣ ਦਾ ਭਾਵ।

ਗਉਣੁ—[ਸੰਸ:,ਗਮਨ=ਜਾਣਾ। ਭਾਵ ਹੈ ਆਵਾਗਵਨ, ਜਨਮ ਮਰਨ।

ਹਰ੍ਹਿਆਉ—[ਪੰ:, ਹਰੇ ਪੱਠੇ ਦੇ ਮਗਰ ਜੁਤੇ ਯਾ ਖੁੱਲੇ ਪਸ਼ੂ ਦਾ ਉਠ ਭੱਜਣਾ] ਜੋ ਪਸ਼ੂ ਜੁਤਿਆ ਹੋਇਆ ਬੀ ਹਰਾ ਖੇਤ ਦੇਖਕੇ ਉੱਠ ਭੱਜੇ। ਇਸ ਨੂੰ ਕਈ ਥਾਂ ਹਰਿਆਉ ਤੇ ਕਈ ਥਾਂ ਹਰਿਆਰ ਪਸ਼ੂ ਆਖਦੇ ਹਨ।

[ਆਸਾ ਮਹਲਾ ੪, ਚਉਪਦਾ, ੧੦੭-੧੭੪]

ਮੂਲ	ਅਰਥ
ਆਸਾ ਮਹਲਾ ੫ ॥	
ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ ॥ ਝੂਠਾ ਲਾਹਿ ਗੁਮਾਨੁ ਮਨੁ ਤਨੁ ਅਰਪਿ ਧਰਿ ॥੧॥	(ਹੇ ਭਾਈ! ਹੋਰ) ਸਾਰੀਆਂ ਚੀਜ਼ਾਂ ਨੂੰ ਭੁਲਾ ਦੇਹ, ਇਕੋ (ਪ੍ਰਭੂ ਵਲ) ਧਿਆਨ ਰੱਖ, ਝੂਠਾ ਅਭਿਮਾਨ (ਮਨ ਤੋਂ) ਉਤਾਰ ਦੇਹ (ਅਤੇ ਅਪਣਾ) ਮਨ ਤੇ ਤਨ (ਪ੍ਰਭੂ ਅੱਗੇ) ਭੇਟਾ ਧਰ ਦੇਹ॥੧॥
ਆਠ ਪਹਰ ਸਾਲਾਹਿ ਸਿਰਜਨਹਾਰ ਤੂੰ॥ ਜੀਵਾਂ ਤੇਰੀ ਦਾਤਿ ਕਿਰਪਾ ਕਰਹੁ ਮੂੰ ॥੧॥ ਰਹਾਉ ॥	(ਇਉਂ) ਅੱਠੇ ਪਹਿਰ (ਅਪਣੇ) ਰਚਣ ਹਾਰੇ (ਪ੍ਰਭੂ) ਨੂੰ ਤੂੰ ਸਲਾਹੁੰਦਾ ਰਹੁ (ਭਾਵ ਉਸ ਦੇ ਗੁਣਗਾਉਂਦਾ ਰਹੁ, (ਪਰ ਨਾਲ ਸ਼ੁਕਰ ਤੇ ਬੇਨਤੀ ਬੀ ਕਰਦਾ ਰਹੁ ਕਿ) ਮੈਂ ਤੇਰੀ ਦਾਤਿ (ਨਾਮ ਬਾਣੀ) ਦੇ ਆਸਰੇ ਜੀਉਂਦਾ ਹਾਂ, ਮੇਰੇ ਤੇ ਕਿਰਪਾ ਕਰ (ਕਿ ਇਹ ਦਾਤ ਮੈਨੂੰ ਮਿਲੀ ਰਹੇ)॥੧॥ ਰਹਾਉ॥
ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ॥ ਸੋਈ ਲਗੈ ਸਚਿ ਜਿਸੁ ਤੂੰ ਦੇਹਿ ਅਲਾ ॥੨॥	(ਇਸ ਤਰ੍ਹਾਂ ਅੰਤ੍ਰੀਵ ਤੌਰ ਤੇ ਪ੍ਰਭੂ ਦੀ ਅਰਾਧਣਾ ਕਰਕੇ ਤੇ ਬਾਹਰ) ਕਰਮ ਬੀ ਉਹੋ ਕਰ ਜਿਨ੍ਹਾਂ (ਦੇ ਕਰਨੇ) ਨਾਲ ਮੂੰਹ ਉੱਜਲਾ ਰਹੇ। (ਐਸੇ ਕਰਮ ਕਰਦਿਆਂ ਬੀ ਅਰਦਾਸ ਕਰ ਕਿ) ਹੇ ਵਾਹਿਗੁਰੂ (ਸੱਚ ਬੀ ਦਾਨ ਕਰ, ਕਿਉਂਕਿ) ਸੱਚ ਵਿਚ ਬੀ ਉਹ ਲਗਦਾ ਹੈ ਜਿਸਨੂੰ ਤੂੰ (ਸੱਚ) ਦਾਨ ਕਰਦਾ ਹੈਂ॥੨॥
ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ ॥ ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ ॥੩॥	ਜੋ ਘਰ ਕਿ ਕਦੇ ਨਹੀਂ ਢਹਿੰਦਾ ਉਸ ਨੂੰ (ਸੰਵਾਰ=)ਪ੍ਰਾਪਤ ਕਰ ਤੇ ਮਨ ਵਿਚ ਉਸ ਇਕੋ (ਪਿਆਰੇ ਪ੍ਰਭੂ) ਨੂੰ ਵਸਾਉ ਜੋ ਕਦੇ ਮਰਦਾ ਨਹੀਂ॥੩॥
ਤਿਨ੍ਹਾ ਪਿਆਰਾ ਰਾਮੁ ਜੋ ਪ੍ਰਭ ਭਾਣਿਆ ॥ ਗੁਰ ਪਰਸਾਦਿ ਅਕਥੁ ਨਾਨਕਿ ਵਖਾਣਿਆ ॥੪॥੫॥੧੦੭॥	ਜੋ ਪ੍ਰਭੂ ਨੂੰ ਭਾਣੇ ਹਨ ਉਨ੍ਹਾਂ ਨੂੰ ਰਾਮ ਪਿਆਰਾ (ਮਿਲਿਆ ਹੈ, ਗੁਰੂ) ਨਾਨਕ ਨੇ ਗੁਰੂ ਦੀ ਕ੍ਰਿਪਾ ਦੁਆਰਾ ਅਕੱਥਨੀਯ ਨੂੰ ਵਰਣਨ ਕਰ ਦਿੱਤਾ ਹੈ॥੪॥੫॥੧੦੭॥

ਵਯਾਖਯਾ— ਇਸ ਸ਼ਬਦ ਵਿਚ ਹੁਕਮੀ ਤੌਰ ਤੇ ਕਰਨੇ ਯੋਗ ਕਾਰਾਂ ਗੁਰ ਸਿਖ ਨੂੰ ਦੱਸੀਆਂ ਹਨ ਜੋ ਐਉ ਸਨ:-

(੧) ਹੋਰਨਾਂ ਕੰਮਾਂ ਵਲੋਂ ਖਿਆਲ ਨੂੰ ਮੋੜਕੇ ਇਕ ਵਾਹਿਗੁਰੂ ਵੱਲ 'ਖਿਆਲ' ਰੱਖ।

(੨) ਹੰਕਾਰ ਜੋ ਅਸਲੀ ਆਤਮ ਵਸਤੂ ਨਹੀ ਦੂਰ ਕਰ ਤੇ ਆਪਾ ਅਰਪਨ ਕਰ। ਇਨ੍ਹਾਂ ਤੁਕਾਂ ਵਿਚ ਦਿਲ ਦੇਕੇ ਤੇ ਨਿੰਮ੍ਰੀ ਭੂਤ ਹੋਕੇ ਸਿਮਰਨ ਦਾ ਉਪਦੇਸ਼ ਹੈ।

(੩) ਰਹਾਉ ਵਿਚ 'ਸਿਫਤ ਸਲਾਹ' ਦਾ ਹੁਕਮ ਹੈ।

'ਜੀਵਾਂ ਤੇਰੀ ਦਾਤਿ' ਵਿਚ 'ਸ਼ੁਕਰ ਕਰਨ' ਦਾ ਉਪਦੇਸ਼ ਹੈ।

'ਕਿਰਪਾ ਕਰਹੁ ਮੂੰ' ਵਿਚ ਅਰਦਾਸ ਕਰਨ ਦਾ ਹੁਕਮ ਹੈ।

(੪) ਅੰਕ ੨ ਵਿਚ ਨਾਮ, ਸਿਫਤ, ਸ਼ੁਕਰ ਤੇ ਅਰਦਾਸ ਦੇ ਨਾਲ 'ਸ਼ੁਭ ਕਰਮਾਂ' ਦਾ ਉਪਦੇਸ਼ ਹੈ ਤੇ 'ਸਚ' ਪਰ ਟਿਕਣੇ ਦੀ ਸਿਖਯਾ ਹੈ।

ਅੰਕ ੩ ਵਿਚ ਪਿਛਲੇ ਉਪਦੇਸ਼ ਦਾ ਸਾਰ ਸੰਖਪ ਦੁਹਰਾਇਆ ਹੈ, ਕਿ ਸਦਾ ਰਹਿਣੇ ਵਾਲੇ ਜੀਵਨ ਨੂੰ, ਸਦਾ ਨਿਵਾਸ ਵਾਲੇ ਟਿਕਾਣੇ ਨੂੰ ਪ੍ਰਾਪਤ ਕਰਨਾ, ਇਹ ਅਪਣਾ ਮੁਖ ਉੱਦੇਸ਼ ਰਖ ਤੇ ਅਵਿਨਾਸ਼ੀ ਨੂੰ, ਜੋ ਕਦੇ ਨਹੀਂ ਮਰਦਾ, ਚਿਤ ਵਿਚ ਵਸਾ। ਅਰਥਾਤ ਉਹ ਹਾਲਤ, ਦਸ਼ਾ ਯਾ ਦਸ਼ਾ ਤੋਂ ਉੱਪਰ ਜੋ ਅਸਲੀਅਤ ਯਾ ਯਥਾਰਥ ਹੈ ਉਸ ਦੀ ਪ੍ਰਾਪਤੀ ਜੀਵਨ ਦਾ ਆਦਰਸ਼ ਬਣਾ।

ਅੰਕ ੪ ਵਿਚ ਦੋ ਖਿਆਲ ਦਿਤੇ ਹਨ। ਪਹਿਲੇ ਤਿੰਨਾਂ ਅੰਕਾਂ ਵਿਚ ਆਪ ਨੇ ਨਿਸਚਿਤ ਗੱਲਾ ਕਹੀਆਂ ਹਨ ਕਿ ਜ਼ਰੂਰ ਕਰੋ, ਪਰ ਹੁਣ ਦੱਸਦੇ ਹਨ ਕਿ ਇਹ ਕੁਛ ਕਰਨਾ ਬੀ ਅਪਣੇ ਵੱਸ ਨਹੀਂ. ਦਾਤ ਹੈ, ਤੇ ਇਹ ਕੁਛ ਨਾ ਕੀਤੇ ਬਿਨਾਂ ਦਾਤ ਬੀ ਨਹੀਂ ਹੁੰਦੀ। ਇਹ ਦੋਹਾਂ ਗਲਾਂ ਦਾ ਪਰਸਪਰ ਸੂਤ੍ਰ ਕਰਤੇ ਦੀ ਕੋਈ ਕੁਦਰਤ ਹੈ, ਜੋ ਕਹੀ ਨਹੀਂ ਜਾ ਸਕਦੀ। ਮਿਹਰ 'ਤੇ ਕਰਨੀਂ ਦਾ ਪਰਸਪਰ ਸੰਬੰਧ ਅਕੱਥਨੀਯ ਹੈ। ਜਦ ਇਸ ਨੂੰ ਇਕ ਪਹਿਲੂ ਵਿਚ ਸੰਕੇਤ ਕਰੋ ਤਦ ਬੀ ਕਸਰ ਰਹਿ ਜਾਂਦੀ ਹੈ, ਜੇ ਦੂਜੀ ਤਰ੍ਹਾਂ ਕਹੋ ਤਾਂ ਹੋਰ ਕਿੰਤੂ ਫੁਰਦੇ ਹਨ। ਇਸ ਕਰਕੇ ਸਾਹਿਬ ਕਹਿੰਦੇ ਹਨ ਕਿ ਜੋ ਲਗਦੇ ਹਨ ਇਸ ਜੀਵਨ ਨੂੰ ਸਮਝਣਾ ਚਾਹੀਏ ਕਿ ਮੇਹਰ ਹੋਈ ਹੈ, ਐਸਾ ਕਹਿਣੇ ਵਿਚ ਅੰਹਕਾਰ ਨਵਿਰਤ ਰਹੇਗਾ। ਤੇ ਕਿਸੇ ਤੋਂ ਮਿਹਰ ਸੁਣਕੇ ਆਲਸੀ ਹੋ ਰਹਿਣਾ ਤੇ ਆਸ ਸਦਗਤੀ ਦੀ ਕਰਨੀ ਬੀ ਦਰੁਸਤ ਨਹੀਂ, ਇਸ ਦੀ ਨਵਿਰਤੀ ਲਈ ਪਹਿਲੇ ਤ੍ਰੈ ਅੰਕ ਕਹੇ ਹਨ ਕਿ ਉੱਦਮ ਜ਼ਰੂਰ ਕਰੋ ਤੇ ਜੋ ਜੋ ਉੱਦਮ ਕਰਨੇ ਹਨ ਉਹਨਾਂ ਦਾ ਸਾਰਾ ਵੇਰਵਾ ਦੇ ਦਿੱਤਾ ਹੈ। ਅਖੀਰ ਵਿਚ ਦੱਸਿਆ ਕਿ ਜੋ ਗਲ ਕਹੀ ਨਹੀਂ ਜਾ ਸਕਦੀ ਮੈਂ ਆਖ ਦਿਤੀ ਹੈ ਕਿ ਉੱਦਮ ਤੇ ਮੇਹਰ ਪਰਸਪਰ ਇਕ ਦੂਜੇ ਤੇ ਅਪਣਾ ਅਸਰ ਰਖਦੇ ਹਨ, ਲੱਗੋ, ਕਰ, ਨਿਰਅਭਿਮਾਨ ਰਹਿਕੇ ਕਰੋ ਤੇ ਤਕੀਏ ਮਿਹਰਾਂ ਤੇ ਰਖੋ। ਹੋ ਸਕਦਾ ਹੈ ਕਿ ਅਕੱਥ ਦਾ ਮਤਲਬ' ਅਕਾਲ ਪੁਰਖ' ਹੋਵੇ ਪਰ ਸਾਰੇ ਸ਼ਬਦ ਵਿਚ ਅਕਾਲ ਪੁਰਖ ਜੀ ਬਾਬਤ ਕੋਈ ਵਜਾਖਜਾ, ਕੋਈ ਗਜਾਨ ਮਈ ਵੇਰਵਾ ਨਹੀਂ ਆਇਆ, ਇਸ ਤੋਂ ਸਿੱਟਾ ਨਿਕਲਦਾ ਹੈ ਕਿ ਅਖੀਰਲੀ ਤੋਂ ਪਹਿਲੀ ਤੁਕ ਵਿਚ ਆਖੀ ਗਲ ਨੂੰ ਹੀ ਐਸਾ ਮਾਮਲਾ ਕਹਿ ਰਹੇ ਹਨ ਜੋ ਕਥਨੀ ਤੋਂ ਉਚੇਰਾ ਹੈ

ਨਿਰੁਕ੍ਤ—ਥੋਕ—ਚੀਜ਼ਾਂ,ਗੱਲਾਂ।

ਖਿਆਲੁ—[ਅ:, ਖ਼ਜਾਲ] ਧਜਾਨ,ਸੰਕਲਪ। **ਗੁਮਾਨੁ**—[ਫਾ: ਗੁਮਾਨ]ਅਹੰਕਾਰ। **ਅਰਪਿ ਧਰਿ**—[ਸੰਸ:, ਅਰਪਨ] ਭੇਟਾ ਕਰ ਦੇਹ। **ਅਲਾ**—[ਅ:, ਅਲਹ=ਖ਼ੁਦਾ, ਮੁਸਲਮਾਨੀ ਮਤ ਅਨੁਸਾਰ ਰਬ ਦੀ ਜ਼ਾਤ ਦਾ ਨਾਮ] ਵਾਹਿਗੁਰੂ। ਪਰਮੇਸ਼ੁਰ। **ਅਕਥੁ**—ਜੋ ਵਰਣਨ ਨਾ ਹੋ ਸਕੇ।

[ਆਸਾ ਮਹਲਾ ੫, ਚਉਪਦਾ, ੧੦੮-੧੭੫]

ਮੂਲ	ਅਰਥ
ਆਸਾ ਮਹਲਾ ੫ ॥ ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥ ਮਨੁ ਤਨੁ ਹੋਇ ਨਿਹਾਲੁ ਤੁਮ੍ ਸੰਗਿ ਭੇਟਿਆ ॥ ਸੁਖੁ ਪਾਇਆ ਜਨ ਪਰਸਾਦਿ ਦੁਖੁ ਸਭੁ ਮੇਟਿਆ ॥੧॥ ਰਹਾਉ ॥	[ਅਰਥ ਰਹਾਉ ਤੋਂ] (ਹੇ ਸੱਚੇ ਪਾਤਸ਼ਾਹ !) ਆਪ ਜੀ ਦਾ ਨਾਮ ਮਿਲਦਿਆਂ (ਹੀ) ਤਨ ਤੇ ਮਨ ਨਿਹਾਲ ਹੋ ਗਿਆ ਹੈ। ਇਹ ਸੁਖ (ਮੈਂ ਤੇਰੇ) 'ਦਾਸ' ਦੀ ਕਿਰਪਾ ਨਾਲ ਪਾਇਆ ਹੈ ਜਿਸ ਕਰਕੇ ਸਾਰਾ ਦੁਖ ਹੀ ਮੇਟ ਲਿਆ ਹੈ॥੧॥ ਰਹਾਉ॥ (ਐਸੇ ਦਾਸ ਦੀ ਕੀਹ ਨਿਸ਼ਾਨੀ ਹੈ? ਉੱਤਰ:-ਜਿਸ ਨੂੰ ਨਾਮ ਨਾ ਭੁੱਲੇ ਤੇ) ਜਿਨ੍ਹਾਂ ਨੂੰ ਨਾਮ ਨਾ ਭੁੱਲੇ ਓਹ ਕਿਹੋ ਜੇਹੇ ਹੁੰਦੇ ਹਨ ? ਉੱਤਰ:) (ਓਹ) ਸਾਂਈ (ਪ੍ਰਭੂ) ਵਰਗੇ ਹੀ ਹੁੰਦੇ ਹਨ (ਉਨ੍ਹਾਂ ਵਿਚ ਤੇ ਪ੍ਰਭੂ ਵਿਚ) ਮੂਲੋਂ (ਕੋਈ) ਫਰਕ ਨਾ ਸਮਝੋ॥੧॥

ਜੇਤੇ ਖੰਡ ਬ੍ਰਹਮੰਡ ਉਧਾਰੇ ਤਿੰਨ੍ ਖੇ॥ ਜਿਨ੍ ਮਨਿ ਵੁਠਾ ਆਪਿ ਪੂਰੇ ਭਗਤ ਸੇ ॥੨॥	ਜਿਤਨੇ ਬ੍ਰਹਮੰਡ (ਹਨ ਤੇ ਜਿਤਨੇ ਹਰ ਬ੍ਰਹਮੰਡ ਦੇ) ਖੰਡ (ਹਨ) ਉਨ੍ਹਾਂ ਦੇ ਉਧਾਰੇ ਹੋਏ ਹਨ। ਜਿਨ੍ਹਾਂ ਦੇ ਮਨ ਵਿਚ(ਪ੍ਰਭੂ)ਆਪ ਆ ਵੱਸਦਾ ਹੈ ਓਹੀ ਪੂਰੇ ਭਗਤ ਹਨ॥ ੨॥
ਜਿਸ ਨੋ ਮੰਨੇ ਆਪਿ ਸੋਈ ਮਾਨੀਐ॥ ਪ੍ਰਗਟ ਪੁਰਖੁ ਪਰਵਾਣੁ ਸਭ ਠਾਈ ਜਾਨੀਐ ॥੩॥	ਜਿਸ ਨੂੰ (ਪ੍ਰਭੂ) ਆਪ ਮਾਨ ਦੇਂਦਾ ਹੈ ਉਹੀ (ਸਾਰੇ) ਸਨਮਾਨਿਆਂ ਜਾਂਦਾ ਹੈ। (ਉਹ) ਪੁਰਖ ਪ੍ਰਗਟ ਹੋ ਕੇ ਸਭ ਥਾਂ ਜਾਣਿਆ ਤੇ ਪਰਵਾਣ ਮੰਨਿਆ ਜਾਂਦਾ ਹੈ।। ੩॥
ਦਿਨਸੁ ਰੈਣਿ ਆਰਾਧਿ ਸਮ੍ਾਲੇ ਸਾਹ ਸਾਹ ॥ ਨਾਨਕ ਕੀ ਲੋਚਾ ਪੂਰਿ ਸਚੇ ਪਾਤਿਸਾਹ ॥੪॥੬॥੧੦੮॥	ਹੇ ਸੱਚੇ ਪਾਤਸ਼ਾਹ ! (ਮੇਰੀ) ਨਾਨਕ ਦੀ ਇਹ ਲੋਚਾ ਪੂਰੀ ਕਰ ਕਿ (ਇਹ ਦਾਸ) ਦਿਨੇ ਰਾਤ (ਤੇਰੀ) ਆਰਾਧਨਾ ਕਰੇ ਤੇ ਸੁਆਸ ਸੁਆਸ ਤੇ ਨੂੰ ਸਿਮਰਦਾ ਰਹੇ॥ ੪ ॥ ੬ ॥ ੧੦੮॥

ਵਯਾਖਯਾ—ਰਹਾਉ ਵਿਚ ਪ੍ਰਭੂ ਦੇ ਮਿਲਾਪ ਨਾਲ ਨਿਹਾਲ ਹੋਣਾ ਦੱਸਿਆ, ਪਰ ਇਹ ਪ੍ਰਾਪਤੀ 'ਜਨ' ਦੀ ਕ੍ਰਿਪਾ ਨਾਲ ਮਿਲਦੀ ਦੱਸੀ।

ਅੰਕ ੧ ਵਿਚ 'ਜਨ' ਨੂੰ ਈਸ਼੍ਵਰ ਰੂਪ ਦਿਖਾਇਆ ਹੈ ਕਿ ਉਸ ਨੂੰ ਨਾਮ ਨਹੀਂ ਭੁੱਲਦਾ, ਇਸ ਕਰਕੇ ਓਹ ਨਾਮੀ ਨਾਲ ਅਭੇਦ ਹੋ ਜਾਂਦਾ ਹੈ।

ਅੰਕ ੨ ਵਿਚ ਦੱਸਿਆ ਕਿ ਹਰ ਲੋਕ ਵਿਚ 'ਜਨ' ਹੀ ਜੀਵਾਂ ਦਾ ਉਧਾਰ ਕਰਦਾ ਹੈ। ਫੇਰ 'ਜਨ' ਨੂੰ 'ਭਗਤ' ਕਹਿ ਕੇ ਦੱਸਿਆ ਕਿ ਉਸ ਦੇ ਮਨ ਵਿਚ ਪ੍ਰਭੂ ਆਪ ਵਸਦਾ ਹੈ ਤੇ ਆਪੇ ਪਿਆ ਵੱਸਦਾ ਹੈ, ਇਥੇ ਇਹ ਜਣਾਇਆ ਹੈ ਕਿ ਪਹਿਲੋਂ ਤਾਂ'ਜਨ' ਉਸ ਨੂੰ ਨਹੀਂ ਵਿਸਾਰਦਾ, ਫੇਰ ਉਹ 'ਜਨ' ਨੂੰ ਨਹੀ ਵਿਸਾਰਦਾ, ਇਸ ਅਵਸਥਾ ਵਿਚ ਉਸ ਨੂੰ ਪੂਰਾ ਭਗਤ ਕਿਹਾ ਹੈ।

ਅੰਕ ੩ ਵਿਚ ਦੱਸਿਆ ਹੈ ਕਿ ਜਿਸ ਨੂੰ ਐਉਂ ਮਾਣ ਦੇਂਦਾ ਹੈ ਕਿ ਉਸ ਦੇ ਅੰਦਰ ਆ ਵਸਦਾ ਹੈ ਤੇ ਭਗਤ ਹੋ ਜਾਂਦਾ ਹੈ ਤਦ ਜਗਤ ਵਿਚ ਬੀ ਉਸ ਦਾ ਸਨਮਾਨ ਹੁੰਦਾ ਹੈ, ਤੇ ਉਹ ਛਿਪ ਬੀ ਨਹੀਂ ਸਕਦਾ। ਇਥੇ ਉਸ ਨੂੰ ਹੁਣ 'ਪਰਵਾਣ ਪੁਰਖ' ਆਖਿਆ ਹੈ।

ਇਹ ਕੁਛ ਵਰਣਨ ਕਰਕੇ ਅੰਕ ੪ ਵਿਚ ਆਪਣੀ ਅਭਿਲਾਖ ਕਹਿ ਕੇ ਸਾਨੂੰ ਉਪਦੇਸ਼ ਦਿੱਤਾ ਹੈ ਕਿ ਅਰਦਾਸ ਕਰਦੇ ਰਹੋ ਸੱਚੇ ਪਾਤਸ਼ਾਹ ਅੱਗੇ ਕਿ ਮੇਰੀ ਇਹ ਲੋਚਾ ਪੂਰੀ ਕਰ ਕਿ ਮੈਂ ਬੀ ਸੁਆਸ ਸੁਆਸ ਨਾਮ ਜਪਾਂ ਤੇ ਦਿਨ ਰਾਤ ਅਰਾਧਣਾਂ ਵਿਚ ਰਹਾਂ।

ਨਿਰੁਕ੍ਤ—ਖੇ—[ਸਿੰਧੀ, ਖੇ=ਨੂੰ, ਦੇ] ਦੇ।

ਵੁਠਾ—[ਦੇਖੋ ਪੰਨਾ ੧੮੪੨] ਵਸਿਆ। **ਪਰਵਾਣੁ**-ਪ੍ਰਮਾਣੀਕ। ਮੰਨਿਆ ਪ੍ਰਮੰਨਿਆ।

[ਆਸਾ ਮਹਲਾ ੫, ਚਉਪਦਾ, ੧੦੯-੧੭੬]

ਪ੍ਰਾਕ੍ਥਨ— ਵਾਹਿਗੁਰੂ ਜੀ ਦੇ ਗੁਣ ਗਾ ਕੇ ਦਰਸ਼ਨ ਦਾਤ ਮੰਗੀ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ ॥	ਸਾਡਾ ਉਹ ਪਤੀ ਸਭ ਥਾਂਵਾਂ ਵਿਚ ਪਰੀ ਪੂਰਣ ਹੋ ਰਿਹਾਂ ਹੈ:

ਏਕੁ ਸਾਹਿਬੁ ਸਿਰਿ ਛਤੁ ਦੂਜਾ ਨਾਹਿ ਕੋਇ ॥੧॥	(ਉਹ ਇਕੋ ਚੱਕ੍ਰਵਰਤੀ ਸਾਹਿਬ ਹੈ (ਉਸ ਜਿਹਾ) ਦੂਸਰਾ ਹੋਰ ਕੋਈ ਨਹੀਂ ਹੈ॥੧॥
ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ॥ ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਰਿਆ ॥੧॥ ਰਹਾਉ ॥	(ਅਰਦਾਸ:) ਹੇ ਰਖਯਾ ਕਰਨ ਵਾਲੇ ਮਾਲਕ ! ਜਿਵੇਂ ਭਾਵੀ ਸਾਨੂੰ ਰੱਖ ਲੈ। (ਮੈਂ) ਤੇਰੇ ਬਿਨਾਂ ਹੋਰ ਕਿਸੇ ਨੂੰ (ਇਸ ਅਪਣੀ) ਨਜ਼ਰ ਨਾਲ ਨਹੀ ਡਿੱਠਾ॥੧॥ਰਹਾਉ॥
ਪ੍ਰਤਿਪਾਲੇ ਪ੍ਰਭੁ ਆਪਿ ਘਟਿ ਘਟਿ ਸਾਰੀਐ ॥ ਜਿਸੁ ਮਨਿ ਵੁਠਾ ਆਪਿ ਤਿਸੁ ਨ ਵਿਸਾਰੀਐ ॥੨॥	(ਉਹ) ਪ੍ਰਭੂ (ਸਭ ਦੀ) ਆਪ ਪ੍ਰਤਿਪਾਲਾ ਕਰਦਾ ਹੈ, ਹਿਰਦੇ ਹਿਰਦੇ ਵਿਚ ਵਜਾਪਕ ਹੋ ਰਿਹਾ ਹੈ। (ਉਹ) ਜਿਸ ਨੇ ਮਨ ਵਿਚ ਆਪ ਆ ਵਸਦਾ ਹੈ ਉਸ ਨੂੰ (ਫੇਰ) ਵਿਸਾਰਦਾ ਨਹੀ॥੨॥
ਜੋ ਕਿਛੁ ਕਰੇ ਸੁ ਆਪਿ ਆਪਣ ਭਾਣਿਆ ॥ ਭਗਤਾ ਕਾ ਸਹਾਈ ਜੁਗਿ ਜੁਗਿ ਜਾਣਿਆ ॥੩॥	ਜੋ ਕੁਛ ਉਹ ਕਰਦਾ ਹੈ ਸੋ ਆਪ ਹੀ ਤੇ ਅਪਣੀ ਮਰਜ਼ੀ ਨਾਲ (ਕਰਦਾ ਹੈ)। ਭਗਤਾਂ ਦਾ ਸਹਾਈ (ਤਾਂ) ਜੁਗ ਜੁਗ ਵਿਚ (ਹੁੰਦਾ ਆਯਾ ਹੈ ਇਹ ਗੱਲ) ਜਾਣੀ ਗਈ ਹੈ(ਭਾਵ ਪ੍ਰਸਿੱਧ ਹੈ)॥੩॥
ਜਪਿ ਜਪਿ ਹਰਿ ਕਾ ਨਾਮੁ ਕਦੇ ਨ ਝੂਰੀਐ ॥ ਨਾਨਕ ਦਰਸ ਪਿਆਸ ਲੋਚਾ ਪੂਰੀਐ ॥੪॥੭॥੧੦੯॥	(ਇਸ ਲਈ ਚਾਹੀਦਾ ਹੈ ਕਿ ਉਸ) ਹਰੀ ਦਾ ਨਾਮ ਜਪ ਜਪ ਕੇ (ਖਿੜੇ ਰਹੀਏ ਤੇ) ਕਦੇ ਨਾ ਝੂਰੀਏ। (ਹੇ ਹਰੀ !) ਨਾਨਕ ਦੀ ਦਰਸ਼ਨ-ਪਿਆਸਾ ਦੀ ਲੋਚਾ ਪੂਰੀ ਕਰੋ॥੪॥੭॥੧੦੯॥

ਵਜਾਖਜਾ— ਅੰਕ ੧—ਵਾਹਿਗੁਰੂ ਨੂੰ ਅਦੁਤੀ ਦੱਸਿਆ, ਇਕ ਤਾਂ ਉਸ ਦੇ ਸਭ ਥਾ ਪੂਰੀਪੂਰਨ ਹੋਣ ਵਿਚ, ਦੂਜੇ ਸਭ ਤੋਂ ਉੱਚਾ ਤੇ ਬਲੀ ਹੋਣ ਵਿਚ ਜਸਿਰਿ ਛਤੁ (=ਚਕ੍ਰਵਰਤੀ) ਕਹਿਕੇ ਜਣਾਇਆ। ਤੀਜੇ ਪ੍ਰਤਿਪਾਲਕ ਹੈ, ਚੌਥੇ ਫੇਰ ਥਾਂਵਾਂ ਵਿਚ ਤਾਂ ਪਰੀਪੂਰਣ ਸੀ, ਹਿਰਦੇ ਹਿਰਦੇ ਵਿਚ ਬੀ ਵਜਾਪਕ ਦੱਸਿਆ। ਪੰਜਵੇਂ ਬਿਰਦ ਪਾਲਕ ਹੈ, ਜਿਸ ਦੇ ਅੰਦਰ ਵਸ ਜਾਵੇ ਫੇਰ ਉਸ ਨੂੰ ਤਿਆਗਦਾ ਨਹੀਂ ਛੇਵੇਂ ਸੁਤੰਤ੍ਰ ਹੈ, ਅਪਣੇ ਭਾਣੇ ਦਾ ਮਾਲਕ ਹੈ, ਕੁਛ ਕਰਦਾ ਹੈ ਆਪ ਆਪ। ਸੱਤਵੇਂ ਭਗਤ ਵੱਛਲ ਹੈ, ਤੇ ਹਰ ਜੁਗ ਵਿਚ ਭਗਤ ਵੱਛਲਤਾ ਕਰਦਾ ਆਇਆ ਹੈ।

ਅੰਕ ੪ ਵਿਚ ਉਸ ਦੀ ਪ੍ਰਾਪਤੀ ਦਾ ਰਸਤਾ ਨਾਮ ਸਿਮਰਨ ਦੱਸਿਆ ਜੋ ਅਝੂਰਵੇਂ ਮਨ ਨਾਲ ਭਾਵ ਖਿੜੇ ਮਨ ਨਾਲ ਕਰਨਾ ਚਾਹੀਏ।

ਰਹਾਉ ਵਿਚ ਤੇ ਅੰਤਲੀ ਤੁਕ ਵਿਚ ਅਰਦਾਸ ਹੈ। ਦੋ ਮੰਗਾਂ ਹਨ, ਇਕ ਤਾਂ ਹੈ ਰਜ਼ਾ ਤੇ ਟੁਰਨ ਦੀ ਦਾਤ ਮਿਲੇ, ਜਿਵੇਂ ਤੈਨੂੰ ਭਾਵੇ ਸਾਨੂੰ ਰੱਖ ਸੈਨਤ ਹੈ ਕਿ ਜਿਉਂ ਤੂੰ ਰਖੇਂ ਸੁਖੀ ਰਹੀਏ, ਸਾਡੀ ਮੈਂ ਵਿਚ ਪ੍ਰਤਿਬੰਧਕ ਨਾ ਹੋਵੇ। ਦੂਜੀ ਹੈ ਦਰਸ਼ਨ ਦਿਓ।

ਨਿਰੁਕ੍ਤ—**ਖਸਮੁ**—[ਅ:, ਖ਼ਸਮ—ਮਾਲਕ] ਪਤੀ, ਸੁਆਮੀ।

ਸਿਰਿ ਛਤੁ—ਜਿਸ ਦੇ ਸਿਰ ਤੇ ਛਤਰ ਝੁੱਲੇ। ਇਸ਼ਾਰਾ ਹੈ ਚਕ੍ਰਵਰਤੀ ਰਾਜਾ ਵਲ।

ਨਦਰਿ—ਨਜ਼ਰ ਨਾਲ। **ਨਿਹਾਰਿਆ**—ਵੇਖਿਆ।

ਸਾਰੀਐ—(ਅ:, ਸਾਰੀ—ਵਜਾਪਕ, ਕਿਸੇ ਚੀਜ ਦੇ ਸਾਰੇ ਅੰਗਾਂ ਵਿਚ ਪਹੁੰਚ ਜਾਣ ਵਾਲਾ ਵਜਾਪਕ ਹੈ, ਵਜਾਪਕ ਹੋ ਰਿਹਾ ਹੈ।

(੨) ਏਥੇ ਘਟਿ ਘਟਿ ਹੋਣ ਕਰਕੇ ਸਾਰੀਐ ਦਾ 'ਵਜਾਪਕ ਹੋ ਰਿਹਾ ਹੈ' ਅਰਥ ਠੀਕ ਢੁੱਕਦਾ

ਹੈ। ਦੂਜਾ ਅਰਥ ਸਾਰ ਯਾ ਖਬਰ ਲੈਂਦਾ ਹੈ ਨਹੀਂ, ਢੁੱਕਦਾ, ਕਿਉਂਕਿ 'ਘਟਿ' ਨੂੰ ਸਿਆਰੀ ਹੈ ਤੇ ਅਰਥ ਹੈ 'ਹਿਰਦੇ ਹਿਰਦੇ ਵਿਚ' ਨ ਝੂਰੀਐ—ਝੂਰੀਏ ਨਾ। ਭਾਵ ਹੈ ਨਾਮ ਖਿੜੇ ਮਨ ਨਾਲ ਜਪੀਏ, ਝੋਰਿਆਂ ਵਿਚ ਪੈ ਪੈ ਕੇ ਨਾ ਜਪੀਏ। ਨਾਮ ਜਪੀਏ ਤੇ ਝੂਰੀਏ ਨਾ, ਖ਼ੁਸ਼ ਰਹੀਏ।

[ਆਸਾ ਮਹਲਾ ੫, ਚਉਪਦਾ, ੧੧੦-੧੧੭]

ਪ੍ਰਾਕ੍ਥਨ—ਗਾਫ਼ਲ ਜੀਵ ਨੂੰ ਹਰੀ ਗੁਣ ਗਾਉਂਦਿਆਂ ਹਰੀ ਦੀ ਸ਼ਰਣ ਲੈਣ ਦਾ ਉਪਦੇਸ਼ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ ॥ ਕਿਤੀ ਇਤੁ ਦਰੀਆਇ ਵੰਞਨਿ੍ ਵਹਦਿਆ ॥੧॥	ਹੇ ਬੇਖ਼ਬਰ ਤੇ ਬੇਪਰਵਾਹ (ਮਨ! ਤੂੰ) ਨਾਮ ਨੂੰ ਭੁਲਾ ਕੇ ਕਿਉਂ ਸੌਂ ਰਿਹਾ ਹੈਂ ? (ਤੈਨੂੰ ਪਤਾ ਨਹੀਂ ਕਿ) ਇਸ (ਸੰਸਾਰ ਰੂਪੀ) ਸਮੁੰਦ੍ਰ ਵਿਚ ਕਿੰਨੇ ਕੁ ਰੁੜ੍ਹੇ ਚਲੇ ਜਾ ਰਹੇ ਹਨ! (ਭਾਵ ਬਹੁਤੇ ਰੁੜ੍ਹੇ ਜਾ ਰਹੇ ਹਨ)॥੧॥
ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ ॥ ਆਠ ਪਹਰ ਗੁਣ ਗਾਇ ਸਾਧੂ ਸੰਗੀਐ ॥੧॥ ਰਹਾਉ ॥	[ਪ੍ਰਸ਼ਨ: ਬਚਣੇ ਦਾ ਉਪਾਉ ਕੀ ਹੈ ? ਉੱਤਰ:] ਹਰੀ ਦੇ ਚਰਣ ਜ਼ਹਾਜ (ਸਮਾਨ) ਹਨ, ਹੇ ਮਨ (ਉਸ ਉਤੇ) ਚੜ੍ਹ ਕੇ (ਸੰਸਾਰ ਸਮੁੰਦ੍ਰ ਤੋਂ) ਪਾਰ ਲੰਘ ਜ਼ਾਈਦਾ ਹੈ, (ਨਾਲ) ਹਰੀ ਦੇ ਗੁਣ ਸਦਾ ਗਾਈਦੇ ਹਨ, (ਦੁਇ ਗੱਲਾਂ) ਸਾਧੂ ਦੇ ਸੰਗ ਨਾਲ (ਕਰੀ ਦੀਆਂ ਹਨ)॥੧॥ ਰਹਾਉ॥
ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਞਿਆ ॥ ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ ॥੨॥	ਜੋ ਲੋਕ ਅਨੇਕਾਂ ਭੋਗ ਤਾਂ ਭੋਗਦੇ ਹਨ (ਪਰ ਓਹ) ਨਾਮ ਵਿਹੂਣੇ ਸੱਖਣੇ ਹੁੰਦੇ ਹਨ, ਹਰੀ ਦੀ ਭਗਤੀ ਨਾ ਹੋਣ ਕਰਕੇ (ਓਹ) ਮਰ ਮਰ ਕੇ ਰੋਂਦੇ ਹਨ॥੨॥
ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ ॥ ਬਿਨੁ ਸਿਮਰਨ ਤਨੁ ਛਾਰੁ ਸਰਪਰ ਚਾਲਣਾ ॥੩॥	(ਜਿਸ) ਤਨ ਉਤੇ (ਸੁੰਦਰ) ਬਸਤ (ਪਹਿਰੀਦੇ) ਸੁਗੰਧੀਆਂ ਤੇ ਵਟਣਿਆਂ ਦਾ ਮਲਨਾ ਕਰੀਦਾ ਹੈ (ਉਸ ਨਾਲ) ਭੋਗ ਭੋਗੀਦੇ ਹਨ, (ਉਹ) ਤਨ ਸਿਮਰਨ ਦੇ ਨਾ ਹੋਣ ਕਰਕੇ ਸੁਆਹ (ਹੋ ਜਾਣਾ ਹੈ, ਇਸ ਨੂੰ ਛੱਡ ਕੇ) ਜ਼ਰੂਰ ਹੀ (ਇਕ ਦਿਨ) ਟੁਰ ਪੈਣਾ ਹੈ॥੩॥
ਮਹਾ ਬਿਖਮੁ ਸੰਸਾਰੁ ਵਿਰਲੈ ਪੇਖਿਆ ॥ ਛੂਟਨੁ ਹਰਿ ਕੀ ਸਰਣਿ ਲੇਖੁ ਨਾਨਕ ਲੇਖਿਆ ॥੪॥੮॥੧੧੦॥	ਸੰਸਾਰ (ਰੂਪੀ ਸਮੁੰਦ੍ਰ ਤੋਂ ਤਰ ਨਿਕਲਨਾ) ਬੜਾ ਕਠਨ ਹੈ (ਇਹ ਗੱਲ ਕਿਸੇ) ਵਿਰਲੇ ਨੇ ਸਹੀ ਕੀਤੀ ਹੈ। (ਇਸ ਤੋਂ) ਛੁੱਟਣਾ ਹਰੀ ਦੀ ਸ਼ਰਣ (ਪ੍ਰਾਪਤ ਹੋਇਆਂ ਹੁੰਦਾ ਹੈ) ਹੇ ਨਾਨਕ! (ਇਹ) ਲੇਖ (ਧੁਰੋਂ) ਲਿਖਿਆ ਹੈ॥੪॥੮॥੧੧੦॥

ਵਯਾਖਯਾ— ਵਾਹਿਗੁਰੂ ਦੀ ਸ਼ਰਣ ਨੂੰ ਪ੍ਰਾਪਤ ਹੋ ਕੇ ਨਾਮ ਜਪਣ ਵਾਲਿਆਂ ਨੂੰ, ਜੋ ਸੰਸਾਰ ਦੇ ਭੋਗਾਂ ਵਿਚ ਸਰੀਰ ਨੂੰ ਲਾਈ ਰਖਦੇ ਹਨ, ਉਨ੍ਹਾਂ ਪ੍ਰਤੀ ਨਾਮ ਦਾ ਉਪਦੇਸ਼ ਦਿੱਤਾ ਹੈ ਤੇ ਦੱਸਿਆ ਹੈ ਕਿ ਇਹ ਧੁਰ ਦਾ ਹੁਕਮ ਹੈ ਕਿ ਛੁਟਕਾਰਾ ਹਰੀ ਦੀ ਸ਼ਰਣ ਲੈਣ ਬਿਨਾਂ ਨਹੀਂ ਹੋ ਸਕਦਾ। ਉਸ ਦਾ ਪ੍ਰਕਾਰ ਐਉਂ ਦੱਸਿਆ ਹੈ ਕਿ ਸਾਧੂ ਦਾ ਸੰਗ ਕਰੋ, ਹਰੀ ਦੇ ਗੁਣ ਗਾਓ। ਨਾਮ

ਸਿਮਰੋ ਤੇ ਧਯਾਨ ਵਾਹਿਗੁਰੂ ਜੀ ਵਲ ਰੱਖੋ।

ਨਿਰੁਕ੍ਤ—ਗਾਫਲ—[ਅ:,ਗਾਫ਼ਿਲ] ਜੋ ਗਫ਼ਲਤ ਕਰੇ। ਢਿੱਲਾ ਰਹੇ। ਧਿਆਨ ਨਾ ਦੇਵੇ। ਬੇਖ਼ਬਰ। ਗਹਿਲਿਆ—[ਪੰ:] ਬਾਉਲਾ। ਬੇਪਰਵਾਹ। ਹੰਕਾਰ ਯਾ ਮਾਨ ਦੇ ਮਦ ਵਿਚ ਮਸਤ।

ਦਰੀਆਇ—[ਫਾ:,ਦਰਯਾ] ਨਦੀ। ਸਮੁੰਦਰ। ਇਥੇ ਸਮੁੰਦਰ ਅਰਥ ਹੈ, ਕਿਉਂਕਿ ਇਸ ਤੋਂ ਲੰਘਣੇ ਲਈ ਅਗਲੀ ਤੁਕ ਵਿਚ ਪਦ 'ਬੋਹਿਥੜਾ' ਵਰਤਿਆ ਹੈ, ਤੇ ਸੰਸਾਰ ਨੂੰ ਸੰਸਾਰ ਸਾਗਰ ਹੀ ਕਿਹਾ ਕਰਦੇ ਹਨ।

ਵੰਞਨਿ ਵਹਦਿਆ—ਵਹਿਦਿਆਂ ਵੰਞਨ = ਰੁੜ੍ਹਦੇ ਚਲੇ ਜਾਂਦੇ ਹਨ।

ਬੋਹਿਥੜਾ—[ਸੰਸ:, ਵੋਹਿਤ੍ਥੰ] ਜਹਾਜ਼, ਛੋਟਾ ਜਹਾਜ਼।

ਮਰਦਨ—ਜੋ ਮਲਿਆ ਜਾਵੇ। ਵੱਟਣਾ ਜਹਾਜ਼।

ਮਰਦਨ—ਜੋ ਮਲਿਆ ਜਾਵੇ। ਵੱਟਣਾ ਆਦਿ।

ਛਾਰੁ—ਸੁਆਹ। **ਸਰਪਰ**—ਜ਼ਰੂਰ।

ਬਿਖਮੁ—[ਸੰਸ:, ਵਿਸ਼ਮ] ਔਖਾ। **ਪੇਖਿਆ**—ਵੇਖਿਆ।

ਲੇਖੁ—ਲੇਖਿਆ = (ਸੰਸ:, ਲਖਨੰ = ਲੇਖ, ਤਹਰੀਰ) ਲੇਖ ਲਿਖਿਆ ਹੋਇਆ ਹੈ। ਭਾਵ ਧੁਰ ਤੋਂ ਹੁਕਮ ਲਿਖਿਆ ਹੋਇਆ ਹੈ।

[ਆਸਾ ਮਹਲਾ ੫, ਚਉਪਦਾ, ੧੧੧-੧੭੮]

ਪ੍ਰਾਕ੍ਥਨ—ਮਾਣ ਮਨੁੱਖਾਂ ਦਾ ਨਾ, ਪਰ ਨਾਮ ਦਾ ਧਾਰੋ ਤੇ ਨਾਮੀ ਤੇ ਭਰੋਸਾ ਧਾਰ ਕੇ ਹਰੀ ਕੀਰਤਨ ਵਿਚ ਰਹੋ।

ਮੂਲ	ਅਰਥ
ਆਸਾ ਮਹਲਾ ੫ ॥	
ਕੋਇ ਨ ਕਿਸ ਹੀ ਸੰਗਿ ਕਾਹੇ ਗਰਬੀਐ ॥ ਏਕੁ ਨਾਮੁ ਆਧਾਰੁ ਭਉਜਲੁ ਤਰਬੀਐ ॥੧॥	ਕੋਈ ਕਿਸੇ ਦੇ ਨਾਲ ਨਹੀਂ ਨਿਭਦਾ (ਫਿਰ ਕਿਸ ਦੇ ਮੇਲਜੋਲ ਦਾ) ਕਿਉਂ ਹੰਕਾਰ ਕਰੀਏ ? ਇਕੋ ਨਾਮ ਦਾ ਆਸਰਾ (ਲਈਏ ਤਾਂ) ਸੰਸਾਰ ਸਾਗਰ ਤਰ ਜਾਈਦਾ ਹੈ॥ ੧॥
ਮੈ ਗਰੀਬ ਸਚੁ ਟੇਕ ਤੂੰ ਮੇਰੇ ਸਤਿਗੁਰ ਪੂਰੇ ॥ ਦੇਖ ਤੁਮ੍ਹਾਰਾ ਦਰਸਨੋ ਮੇਰਾ ਮਨੁ ਧੀਰੇ ॥੧॥ ਰਹਾਉ ॥	(ਹੇ) ਮੇਰੇ (ਨਾਮ ਦਾਤਾ) ਪੂਰੇ ਸਤਿਗੁਰੂ ! ਮੈਂ ਗਰੀਬ ਦੀ ਟੇਕ ਸੱਚੀ ਮੁਚੀ (ਇਕੋ) ਤੂੰ ਹੈਂ। ਤੁਸਾਂ ਜੀ ਦਾ ਦਰਸ਼ਨ ਦੇਖ ਕੇ ਮੇਰਾ ਮਨ ਧੀਰਜ ਫੜ ਜਾਂਦਾ ਹੈ॥ ਰਹਾਉ॥
ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋ॥ ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋ ॥੨॥	ਰਾਜ ਤੇ ਮਾਲ (ਸੱਭੋ ਕੁਛ) ਬੰਧਨ (ਰੂਪ) ਹੈ, ਇਸ ਨੂੰ ਕਿਸੇ ਕੰਮ ਦੇ ਨਾ ਗਿਣੋ। (ਕਿਉਂਕਿ ਇਹ ਨਿਹਚਲ ਨਹੀਂ) ਆਸਰਾ ਹਰੀ ਕੀਰਤਨ (ਦਾ ਲਵੋ ਕਿਉਂਕਿ) ਇਹ ਧਨ ਨਿਹਚਲ ਹੈ, (ਸਦਾ ਨਾਲ ਰਹਿੰਦਾ ਹੈ)॥ ੨॥
ਜੇਤੇ ਮਾਇਆ ਰੰਗ ਤੇਤ ਪਛਾਵਿਆ॥ ਸੁਖ ਕਾ ਨਾਮੁ ਨਿਧਾਨੁ ਗੁਰਮੁਖਿ ਗਾਵਿਆ ॥੩॥	ਮਾਇਆ ਦੇ ਜਿਤਨੇ ਤਮਾਸ਼ੇ ਹਨ ਓਹ ਸਭ ਪਰਛਾਵੇਂ (ਵਾਂਙੂ ਛੇਤੀ ਬਿਲਾ ਜਾਣ ਵਾਲੇ) ਹਨ। ਸੁਖ ਦਾ ਖ਼ਜ਼ਾਨਾ (ਤਾਂ) ਨਾਮ ਹੈ (ਜੋ ਕਿਸੇ) ਗੁਰਮੁਖ ਨੇ ਹੀ ਗਾਂਵਿਆਂ ਹੈ (ਭਾਵ ਕੋਈ ਵਿਰਲਾ ਹੀ ਜੋ ਗੁਰਮੁਖ ਹੋਵੇ ਗਾਉਂਦਾ ਹੈ)॥ ੩॥

ਸਚਾ ਗੁਣੀ ਨਿਧਾਨੁ ਤੂੰ ਪ੍ਰਭ ਗਹਿਰ ਗੰਭੀਰੇ ॥ **ਆਸ ਭਰੋਸਾ ਖਸਮ ਕਾ ਨਾਨਕ ਕੇ ਜੀਅਰੇ ॥੪॥੯॥੧੧੧॥**	ਹੇ ਗਹਿਰ ਗੰਭੀਰ ਪ੍ਰਭੂ ! ਤੂੰ ਹੀ ਸੱਚਾ ਗੁਣਾਂ ਦਾ ਖ਼ਜ਼ਾਨਾਂ ਹੈ ਨਾਨਕ ਦੇ ਜੀ ਵਿਚੋ (ਤੈਂ) ਖ਼ਸਮ ਦੀ ਹੀ ਆਸ ਤੇ ਤੇਰਾ ਹੀ ਭਰੋਸਾ ਹੈ॥੪॥੯॥੧੧੧॥

ਵਯਾਖਯਾ— ਰਹਾਉ ਤਕ ਨਾਮ ਦੇ ਟੇਕ ਦੀ ਸੁਮਤਿ ਦਿੱਤੀ ਤੇ ਅਪਣੇ ਮਿੱਤ੍ਰਾਂ ਸਾਕਾਂ ਦੇ ਬਾਹੂ ਬਲ ਯਾ ਧਨ ਬਲ ਦਾ ਹੰਕਾਰ ਕਰਨੋਂ ਵਰਜਿਆ ਜਿਵੇਂ ਪਿਛਲੇ ਸ਼ਬਦ ਵਿਚ ਭੋਗਾਂ ਤੋਂ ਵਰਜਿਆ ਸੀ।

ਅੰਕ ੩ ਵਿਚ ਸੰਸਾਰਕ ਐਸ਼੍ਵਰਜ ਨੂੰ ਫਸੌਤੀ ਦੱਸਿਆ ਤੇ ਨਾਸ਼ਮਾਨ ਜਤਾਇਆ। ਇਸ ਦੇ ਟਾਕਰੇ ਤੇ ਹਰੀ ਕੀਰਤਨ ਨੂੰ ਨਿਹਚਲ ਧਨ ਦੱਸਿਆ।

ਅੰਕ ੩ ਵਿਚ ਮਾਇਆ ਦੇ ਸਾਰੇ ਰੰਗ ਤਮਾਸ਼ੇ ਮੌਜਾਂ ਪਰਛਾਵੇਂ ਵਾਂਙ ਬਿਲਾ ਜਾਣ ਵਾਲੇ ਦੱਸੇ ਤੇਸੁਖ ਦਾ ਸਦੈਵੀ ਖ਼ਜ਼ਾਨਾ ਨਾਮ ਨੂੰ ਦੱਸਿਆ।

ਅੰਕ ੪ ਵਿਚ ਅਪਣੇ ਜੀ ਵਿਚ ਸਚੇ ਵਾਹਿਗੁਰੂ ਦਾ ਆਸਰਾ ਦੱਸਕੇ ਉਪਦੇਸ਼ ਦਿਤਾ ਕਿ ਉਸ ਸੱਚੇ ਗੁਣੀ ਨਿਧਾਨ ਨਾਲ ਪ੍ਰੇਮ ਕਰੋ, ਨਾਮ ਜਪੋ।

ਨਿਰੁਕ੍ਤ—**ਗਰਬੀਐ**—[ਸੰਸ:, ਧਾਤੂ, ਗਰ੍ਵ੍=ਅਹੰਕਾਰ ਕਰਨਾ, ਘੁਮੰਡ ਕਰਨਾ] ਹੰਕਾਰ ਕਰੀਏ।

ਭਉਜਲ—ਸੰਸਾਰ ਸਗਾਰ। **ਤਰਬੀਐ**—ਤਰ ਜਾਈਦਾ ਹੈ।

ਧੀਰੇ—ਧੀਰਜ ਧਾਰਦਾ ਹੈ, ਟਿਕਦਾ ਹੈ।

ਜੰਜਾਲੁ—[ਦੇਖ ਪੰਨਾ ੧੧੭੮] ਫਸੌਤੀ। **ਗਨੋ**—ਗਿਣੇ।

ਨਿਹਚਲੁ—[ਸੰਸ:, ਨਿਸ਼੍ਚਲੰ=ਜੋ ਚਲ ਫਿਰ ਨਹੀਂ ਸਕਦਾ, ਸਾਕਿਨ] ਟਿਕੇ ਰਹਿਣ ਵਾਲਾ।

ਗਹਿਰ ਗੰਭੀਰੇ—[ਦੇਖੋ ਪੰਨਾ ੧੬੧੨] ਅਥਾਹ ਤੇ ਡੂੰਘਾ। ਜਿਸ ਦਾ ਅੰਤ ਨਾ ਪਾ ਸਕੀਏ।

ਜੀਅਰੇ-ਜੀ ਵਿਚ ਹੈ।

[ਆਸਾ ਮਹਲਾ ੫, ਚਉਪਦਾ, ੧੧੨-੧੧੯]

ਮੂਲ	ਅਰਥ
ਆਸਾ ਮਹਲਾ ੫ ॥ **ਜਿਸੁ ਸਿਮਰਤ ਦੁਖੁ ਜਾਇ ਸਹਜ ਸੁਖੁ ਪਾਈਐ ॥** **ਰੈਣਿ ਦਿਨਸੁ ਕਰ ਜੋੜਿ ਹਰਿ ਹਰਿ ਧਿਆਈਐ ॥੧॥**	ਜਿਸ (ਹਰੀ) ਨੂੰ ਸਿਮਰਦਿਆਂ ਦੁਖ ਦੂਰ ਹੁੰਦਾ ਹੈ ਤੇ ਸਹਜ ਸੁਖ ਪ੍ਰਾਪਤ ਹੁੰਦਾ ਹੈ, (ਉਸ ਨੂੰ) ਹਰਿ ਹਰਿ ਕਰਕੇ ਦਿਨ ਰਾਤ ਹੱਥ ਜੋੜੇ ਧਿਆਉਣਾ ਚਾਹੀਦਾ ਹੈ॥
ਨਾਨਕ ਕਾ ਪ੍ਰਭੁ ਸੋਇ ਜਿਸ ਕਾ ਸਭੁ ਕੋਇ ॥ ਸਰਬ ਰਹਿਆ ਭਰਪੂਰਿ ਸਚਾ ਸਚੁ ਸੋਇ ॥੧॥ ਰਹਾਉ ॥	ਨਾਨਕ ਦਾ ਪ੍ਰਭੂ ਉਹ (ਹਰੀ) ਹੈ ਜਿਸ ਦਾ (ਬਨਾਇਆ ਹੋਇਆ) ਸਭ ਕੋਈ ਹੈ, ਉਹ ਸਭ ਥਾਈਂ ਭਰਪੂਰ ਹੋ ਰਿਹਾ ਹੈ, ਸਤਜ਼ ਸਰੂਪ ਹੈ, (ਜਿਸ ਦੀ ਸ਼ੋਭਾ ਬੀ) ਸੱਤਜ ਹੈ। (ਅਥਵਾ ਉਹ (ਸੱਚਾ ਸਤਜ ਸਰੂਪ ਹੈ)॥੧॥ ਰਹਾਉ॥
ਅੰਤਰਿ ਬਾਹਰਿ ਸੰਗਿ ਸਹਾਈ ਗਿਆਨ ਜੋਗੁ ॥ ਤਿਸਹਿ ਅਰਾਧਿ ਮਨਾ ਬਿਨਾਸੈ ਸਗਲ ਰੋਗੁ ॥੨॥	(ਹਾਂ ਉਹੀ) ਜਾਣਨੇ ਜੋਗ ਹੈ (ਜੋ ਸਾਡੇ) ਅੰਦਰ ਤੇ ਬਾਹਰ ਅੰਗ ਸੰਗ ਹੈ ਤੇ ਸਹਾਈ ਹੈ। ਹੇ ਮਨ ! ਉਸੇ ਦੀ ਆਰਾਧਨਾ ਕਰ ਤਾਂ ਜੋ ਤੇਰਾ (ਵਿਛੋੜੇ ਤੇ ਅਗਜਾਨ ਦਾ) ਸਾਰਾ ਦੁਖ ਦੂਰ ਹੋ ਜਾਵੇ॥੨॥

ਮੂਲ	ਅਰਥ
ਰਾਖਨਹਾਰੁ ਅਪਾਰੁ ਰਾਖੈ ਅਗਨਿ ਮਾਹਿ ॥ ਸੀਤਲੁ ਹਰਿ ਹਰਿ ਨਾਮੁ ਸਿਮਰਤ ਤਪਤਿ ਜਾਇ ॥੩॥	ਉਹ ਰਖਜਾ ਕਰਨੇ ਵਾਲਾ (ਐਸਾ ਹੈ ਕਿ ਉਸ ਦਾ ਕੋਈ) ਪਾਰਾਵਾਰ ਨਹੀਂ (ਲੈ ਸਕਦਾ, ਚਾਹੇ ਤਾਂ) ਅਗਨੀ ਵਿਚ ਰਖਜਾ ਕਰ ਲੈਂਦਾ ਹੈ। (ਉਸ ਦਾ ਤਾਂ) ਹਰੀ ਹਰਿ ਨਾਮ (ਬੀ) ਸੀਤਲ ਹੈ (ਜਿਸ ਨੂੰ) ਸਿਮਰਦਿਆ ਤਪਤ ਦੂਰ ਹੋ ਜਾਂਦੀ ਹੈ॥ ੩॥
ਸੂਖ ਸਹਜ ਆਨੰਦ ਘਣਾ ਨਾਨਕ ਜਨ ਧੂਰਾ ॥ ਕਾਰਜ ਸਗਲੇ ਸਿਧਿ ਭਏ ਭੇਟਿਆ ਗੁਰੁ ਪੂਰਾ ॥੪॥੧੦॥੧੧੨॥	(ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ, ਉਸ ਦੇ ਤਾਂ) ਦਾਸਾਂ ਦੀ (ਚਰਨ-) ਧੂੜੀ ਵਿਚ (ਹੀ) ਬਹੁਤਾ ਅਨੰਦ ਤੇ ਸਹਜ ਦਾ ਸੁਖ (ਮਿਲ ਜਾਂਦਾ) ਹੈ, (ਜਦੋਂ) ਪੂਰਾ ਗੁਰੂ ਮਿਲ ਪਿਆ ਸਾਰੇ ਕਾਰਜ ਰਾਸ ਹੋ ਗਏ॥ ੪॥ ੧੦॥ ੧੧੨॥

ਵਜਾਖਜਾ— ਅੰਕ ੧ ਤੇ ਰਹਾਉ ਵਿਚ ਵਾਹਿਗੁਰੂ ਜੀ ਦੀ ਸਤਜ ਸਰੂਪਤਾ ਤੇ ਵਜਾਪਕਤਾ ਦੱਸਕੇ ਉਸ ਦੇ ਸਿਮਰਨ ਵਿਚ ਸਹਜ ਸੁਖ ਦੀ ਪ੍ਰਾਪਤੀ ਦੱਸੀ। ਸਹਜ ਸੁਖ ਦੇ ਆਉਣ ਤੋਂ ਪਹਿਲੇ ਆਧਿ ਵਜਾਧਿ ਉਪਾਧਿ ਦੇ ਦੁਖ ਦੂਰ ਹੁੰਦੇ ਦੱਸੇ, ਸਮੁੱਚਾ ਇਕੋ 'ਦੁਖ' ਆਖ ਕੇ ਇਹ ਗੁਣ ਦੱਸ ਕੇ ਦਿਨ ਰਾਤ ਉਸ ਦੀ ਅਰਾਧਨਾ ਵਲ ਪ੍ਰੇਰਿਆ ਹੈ।

ਅੰਕ ੨ ਵਿਚ ਬੀ ਉਸ ਨੂੰ ਸੰਗ ਸਹਾਈ ਤੇ ਜਾਨਣੇ ਯੋਗ ਦੱਸਿਆ। ਭਾਵ ਹੈ ਉਸ ਦਾ ਗਜਾਨ ਪ੍ਰਾਪਤ ਕਰਨਾ ਚਾਹੀਏ ਤੇ ਫੇਰ ਉਸ ਦਾ ਫਲ ਸਰਬ ਰੋਗ ਦੀ ਨਵਿਰਤੀ ਦੱਸੀ।

ਅੰਕ ੩ ਵਿਚ ਉਸ ਦੀ ਰਖਜਾ ਸ਼ਕਤੀ ਦਾ ਜ਼ਿਕਰ ਹੈ ਕਿ ਉਹ ਬਲਦੀ ਅੱਗ ਵਿਚ ਰੱਖ ਲੈਂਦਾ ਹੈ। ਇਹ ਇਕ ਆਮ ਮੁਹਾਵਰਾ ਹੈ ਕਿ ਚਾਹੇ ਤਾਂ ਬਲਦੀ ਵਿਚ ਰਖ ਲਵੇ, ਓਹੋ ਦੁਹਰਾਇਆ ਹੈ ਕਿ ਸਾਈਂ ਚਾਹੇ ਤਾਂ ਬਲਦੀ ਵਿਚ ਰਖ ਲਵੇ ਜਿਵੇਂ ਪ੍ਰਹਿਲਾਦ ਨੂੰ ਰੱਖ ਲਿਆ ਸੀ ਏਥੇ ਨਿਰਾ ਜਠਰਾਗਨੀ ਵਿਚ ਰਖਜਾ ਵਲ ਇਸ਼ਾਰਾ ਘੱਟ ਜਾਪਦਾ ਹੈ ਕਿਉਂਕਿ ਅਗਲੀ ਸਤਰ ਵਿਚ ਉਸ ਦੇ ਨਾਮ ਦੀ ਹਰ ਤਪਸ਼ ਦੂਰ ਕਰਨੇ ਦੀ ਸਤਜਾ ਦੱਸੀ ਹੈ। ਜਿਸ ਦਾ ਨਾਮ ਹਰ ਪ੍ਰਕਾਰ ਦੀ ਤੱਪਸ਼ ਹਰਦਾ ਹੈ ਉਹ ਆਪ ਹਰ ਪ੍ਰਕਾਰ ਦੀ ਅੱਗ ਵਿਚ ਰਖਜਾ ਕਰ ਸਕਦਾ ਹੈ। ਪਹਿਲੀ ਸਤਰ ਵਿਚ ਦੱਸੇ ਸਹਜ ਸੁਖ ਨੂੰ ਅੰਤਲੀ ਤੁਕ ਵਿਚ ਫੇਰ ਦੁਹਰਾਇਆ ਹੈ। ਪਹਿਲੀ ਵਿਚ ਦੱਸਿਆ ਕਿ ਸਿਮਰਨ ਨਾਲ ਸਹਜ ਸੁਖ ਪ੍ਰਾਪਤ ਹੁੰਦਾ ਹੈ। ਅੰਤਲੀ ਵਿਚ ਅਪਣੇ ਤਜਰਬੇ ਦੇ ਤੌਰ ਤੇ ਉਗਾਹੀ ਭਰੀ ਸਚਮੁਚ ਸਾਨੂੰ ਸਹਜ ਸੁਖ ਮਿਲ ਗਿਆ। ਸੈਨਤ ਹੈ ਕਿ ਤੁਸੀਂ ਬੀ ਕਰੋ।

ਅੰਕ ੪ ਵਿਚ ਜਨ ਦੀ ਮਹਿਮਾ ਹੈ ਤੇ ਉਸੇ ਨੂੰ ਦੂਸਰੀ ਸਤਰ ਵਿਚ ਪੂਰਾ ਗੁਰੂ ਕਿਹਾ ਹੈ। ਇਸ ਲਈ ਕਿ ਨਾਮ ਦੀ ਦਾਤ ਉਸ ਤੋਂ ਮਿਲਨੀ ਹੈ।

ਨਿਰੁਕ੍ਤ—**ਸਹਜ ਸੁਖੁ**—ਪਿਛਲੇ ਸ਼ਬਦਾਂ ਵਿਚ ਅਰਥ ਆ ਚੁਕੇ ਸਨ।

ਗਿਆਨੁ ਜੋਗੁ—ਜਾਣਨੇ ਜੋਗ। **ਘਣਾ**—ਬਹੁਤ।

[ਆਸਾ ਮਹਲਾ ੫, ਚਉਪਦਾ, ੧੧੩-੧੮੦]

ਪ੍ਰਾਕ੍ਥਨ—ਵਾਹਿਗੁਰੂ ਦੇ ਗੁਣ ਦੱਸਕੇ ਉਸ ਦੀ ਅਰਾਧਨਾ ਦਾ ਉਪਦੇਸ਼ ਦਿੱਤਾ ਹੈ ਤੇ ਸਤਿਸੰਗ ਦੀ ਪ੍ਰੇਰਨਾ ਕੀਤੀ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਗੋਬਿੰਦੁ ਗੁਣੀ ਨਿਧਾਨੁ ਗੁਰਮੁਖਿ	ਗੋਬਿੰਦ ਗੁਣਾਂ ਦਾ ਖ਼ਜ਼ਾਨਾ ਹੈ (ਉਸ ਨੂੰ) ਗੁਰੂ ਦੁਆਰਾ ਜਾਣ

ਜਾਣੀਐ ॥ ਹੋਇ ਕ੍ਰਿਪਾਲੁ ਦਇਆਲੁ ਹਰਿ ਰੰਗੁ ਮਾਣੀਐ ॥੧॥	ਲਈਦਾ ਹੈ। (ਹਾਂ ਜੇ ਉਹ) ਕ੍ਰਿਪਾਲੂ ਦਇਆਲ ਹੋ ਜਾਵੇ (ਤਾਂ ਹੀ) ਹਰੀ ਦਾ ਪ੍ਰੇਮ ਮਾਣੀਂਦਾ ਹੈ॥੧॥
ਆਵਹੁ ਸੰਤ ਮਿਲਾਹ ਹਰਿ ਕਥਾ ਕਹਾਣੀਆ ॥ ਅਨਦਿਨੁ ਸਿਮਰਹ ਨਾਮੁ ਤਜਿ ਲਾਜ ਲੋਕਾਣੀਆ ॥੧॥ ਰਹਾਉ ॥	ਹੇ ਸੰਤੋ ! ਆਓ ਮਿਲ ਪਈਏ ਤੇ ਹਰੀ ਦੀਆਂ ਕਥਾਂ ਕਹਾਣੀਆਂ ਕਰੀਏ, ਹਰ ਦਿਨ ਨਾਮ ਸਿਮਰੀਏ (ਤੇ ਐਸਾ ਕਰਨੇ ਵਿਚ) ਲੋਕਾਂ ਦੀ ਲਾਜ ਛੱਡ ਦੇਵੀਏ॥੧॥ਰਹਾਉ॥
ਜਪਿ ਜਪਿ ਜੀਵਾ ਨਾਮੁ ਹੋਵੈ ਅਨਦੁ ਘਣਾ ॥ ਮਿਥਿਆ ਮੋਹੁ ਸੰਸਾਰੁ ਝੂਠਾ ਵਿਣਸਣਾ ॥੨॥	(ਹਾਂ, ਕਿਵੇਂ ਮੈਂ) ਨਾਮ ਜਪ ਕੇ ਜੀਵਾਂ ਜੋ ਬਹੁਤਾ ਅਨੰਦ ਹੋਵੇ। ਸੰਸਾਰ ਝੂਠਾ ਹੈ (ਕਿਉਂਕਿ) ਬਿਨਸਨਹਾਰ ਹੈ (ਤਾਂ ਤੇ ਇਸ ਦਾ) ਮੋਹ (ਬੀ) ਝੂਠਾ ਹੈ॥੨॥
ਚਰਣ ਕਮਲ ਸੰਗਿ ਨੇਹੁ ਕਿਨੈ ਵਿਰਲੈ ਲਾਇਆ ॥ ਧੰਨੁ ਸੁਹਾਵਾ ਮੁਖੁ ਜਿਨਿ ਹਰਿ ਧਿਆਇਆ ॥੩॥	(ਪਰ ਦੇਖੋ) ਕੋਈ ਵਿਰਲਾ ਹੈ ਜਿਸ ਨੇ (ਹਰੀ ਦੇ) ਚਰਨਾਂ ਕਮਲਾਂ ਨਾਲ ਪ੍ਰੇਮ ਲਾਇਆ ਹੈ (ਅਤੇ) ਉਹ ਮੂੰਹ ਧੰਨ ਹੈ ਜਿਸ ਨੇ ਹਰੀ ਸਿਮਰਿਆ ਹੈ॥੩॥
ਜਨਮ ਮਰਣ ਦੁਖ ਕਾਲ ਸਿਮਰਤ ਮਿਟਿ ਜਾਵਈ ॥ ਨਾਨਕ ਕੈ ਸੁਖੁ ਸੋਇ ਜੋ ਪ੍ਰਭ ਭਾਵਈ ॥੪॥੧੧॥੧੧੩॥	ਜਨਮ ਕਾਲ (ਅਤੇ) ਮਰਨ ਕਾਲ ਦਾ ਦੁਖ (ਨਾਮ) ਸਿਮਰਦਿਆਂ ਮਿਟ ਜਾਂਦਾ ਹੈ (ਭਾਵ, ਫੇਰ ਜਨਮ ਮਰਨ ਨਹੀਂ ਹੁੰਦਾ। ਇਸ ਲਈ) ਜੋ ਪ੍ਰਭੂ ਨੂੰ ਭਾਉਂਦਾ ਹੈ ਨਾਨਕ ਦੇ ਲਈ ਉਹੋ ਸੁਖ ਹੈ (ਭਾਵ ਸਿਮਰਨ ਦੇ ਨਾਲ ਰਜ਼ਾ ਤੇ ਟਿਕਾਉ ਕਰ ਲਿਆ ਹੈ)॥੪॥੧੧॥੧੧੩॥

ਵ੍ਯਾਖ੍ਯਾ— ਸਤਿਸੰਗ ਦੀ ਮੰਗ ਕੀਤੀ ਹੈ, ਗੁਰੂ ਦੀ ਯਾਚਨਾ ਕੀਤੀ ਹੈ, ਸਦਾ ਨਾਮ ਸਿਮਰਨ ਤੇ ਹਰੀ ਕਥਾ ਦੇ ਗੁਣ ਦੱਸੇ ਹਨ। ਇਸ ਯਤਨ ਨਾਲ ਜਨਮ ਮਰਨ ਦੇ ਕਾਲ ਦੇ ਦੁਖ ਦੀ ਨਵਿਰਤੀ ਦੱਸੀ ਹੈ ਤੇ ਹਰੀ ਦੇ ਪ੍ਰੇਮ ਦਾ ਰਸ ਪ੍ਰਾਪਤ ਹੁੰਦਾ ਹੈ, ਪਰ ਨਾਲ ਤਾਕੀਦ ਕੀਤੀ ਹੈ ਕਿ ਰਜ਼ਾ ਤੇ ਟੁਰੋ। ਤੇ ਲੋਕ ਜੇ ਇਸ ਮਾਰਗ ਤੇ ਟੁਰਦਿਆਂ ਨਿੰਦਾ ਕਰਨ ਤਾਂ ਪਰਵਾਹ ਨਾ ਕਰੋ।

ਨਿਰੁਕ੍ਤ—ਹਰਿ ਰੰਗੁ-ਹਰੀ ਦਾ ਪ੍ਰੇਮ। ਹਰੀ ਪ੍ਰੇਮ (ਦਾ ਰਸ)। (ਦੇਖੋ ਪੰਨਾ ੧੬੧੨)।

ਮਿਲਾਹ-ਮਿਲਾਪ = ਮਿਲ ਪਵੀਏ। **ਅਨਦਿਨੁ**-ਹਰਦਿਨੁ। ਰੋਜ਼। ਨਿੱਤ।

ਤਜਿ-ਛਡ ਕੇ। **ਅਨਦੁ**-ਅਨੰਦ।

ਮਿਥਿਆ—[ਸੰਸ:, ਮਿਥ੍ਯਾ] ਝੂਠਾ। **ਵਿਣਸਣਾ**—[ਸੰਸ:, ਵਿਨਸ਼ਨੰ-ਤਬਾਹ ਹੋਣਾ, ਬਰਬਾਦ ਹੋਣਾ] ਨਾ ਰਹਿਣੇ ਵਾਲਾ।

[ਆਸਾ ਮਹਲਾ ੫, ਚਉਪਦਾ, ੧੧੪-੧੮੧]

ਪ੍ਰਾਕ੍ਕਥਨ—ਵ੍ਯਭਚਾਰੀ ਭੋਗਾਂ ਤੇ ਮਾੜੇ ਰਸਾਂ ਤੋਂ ਵਰਜ ਕੇ ਰਾਮ ਰਸ ਵਿਚ ਪ੍ਰੇਰਨਾ ਕਰਦੇ ਹਨ।

ਮੂਲ	ਅਰਥ
ਆਸਾ ਮਹਲਾ ੫ ॥	
ਆਵਹੁ ਮੀਤ ਇਕਤ੍ਰ ਹੋਇ ਰਸ ਕਸ	ਆਓ ਹੇ ਮਿੱਤ੍ਰੋ ! (ਉਹ) ਸਾਰੇ ਰਸ ਕਸ ਖਾਵੀਏ। [ਪ੍ਰਸ਼ਨ:

ਸਭਿ ਭੁੰਚਹ ॥ ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲਿ ਪਾਪਾ ਮੁੰਚਹ ॥੧॥

ਕਿਹੜੇ ਰਸ ਕਸ ? ਉੱਤਰ:] ਇਕੱਤ੍ਰ ਹੋ ਕੇ ਪਾਪਾਂ ਨੂੰ ਤਿਆਗ ਦੇਈਏ ਤੇ ਹਰੀ ਹਰਿ ਨਾਮ ਜੋ ਅੰਮ੍ਰਿਤ (ਵਰਗਾ ਮਿੱਠਾ ਹੈ) ਜਪੀਏ (ਭਾਵ ਪਾਪਮਈ ਭੋਗ ਛੋੜ ਕੇ ਨਾਮ ਜਪ ਦੇ ਰਸ ਨੂੰ ਭੋਗੀਏ)॥੧॥

ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ ॥ ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ ॥੧॥ ਰਹਾਉ ॥

ਹੇ ਸੰਤ ਜਨੋਂ। (ਹਰੀ ਦਾ ਜਪ ਕਰਦੇ ਹੋਏ ਹਰੀ ਰੂਪ) ਤੱਤ ਦਾ ਵੀਚਾਰ ਕਰੋ, ਜਿਸ ਕਰਕੇ (ਤੁਸਾਡੇ ਨਾਮ ਅਰਾਧਨ ਵਿਚ) ਵਿਘਨ ਨਾ ਪਵੇ। (ਇਸ ਪ੍ਰਕਾਰ ਕਰਦੇ ਹੋਏ) ਗੁਰਮੁਖ ਜਨ ਜਾਗਦਾ ਹੈ, (ਕਿਉਂਕਿ ਉਸ ਦੀ ਕਮਾਈ ਨੂੰ ਚੁਰਾਉਣ ਵਾਲੇ ਕਾਮ ਆਦਿ) ਸਾਰੇ ਚੋਰ ਨਾਸ਼ ਹੋ ਗਏ ਹੁੰਦੇਹਨ॥੧॥ ਰਹਾਉ॥

ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ ॥ ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ ॥੨॥

(ਅੰਮ੍ਰਿਤ ਨਾਮ ਜਪਦੇ ਤੇ ਤੱਤ ਦੀ ਵੀਚਾਰ ਕਰਦੇ) ਗਰੀਬੀ ਵਾਲੀ ਬੁੱਧੀ (ਭਾਵ ਨਿੰਮ੍ਰਤਾ ਨੂੰ ਇਸ ਰਾਹ ਦਾ) ਖਰਚ ਬਣਾਓ ਤੇ ਹਉਮੈ ਦੀ ਵਿਹੁ ਨੂੰ ਸਾੜ ਦਿਓ (ਫੇਰ) ਹੱਟੀ ਜੋ ਸੱਚ ਦੀ ਹੈ (ਤੇ ਜਿਸ ਵਿਚ) ਸੌਦਾ ਪੂਰਾ ਪੂਰਾ ਹੈ (ਉਥੇ) ਨਾਮ ਰੂਪੀ ਵੱਖਰ ਦਾ ਵਪਾਰ ਕਰੋ॥੨॥

ਜੀਉ ਪਿੰਡੁ ਧਨੁ ਅਰਪਿਆ ਸੇਈ ਪਤਿਵੰਤੇ ॥ ਆਪਨੜੇ ਪ੍ਰਭ ਭਾਨਿਆ ਨਿਤ ਕੇਲ ਕਰੰਤੇ ॥੩॥

(ਜਿਨ੍ਹਾਂ ਨੇ ਆਪਣਾ) ਸਰੀਰ, ਜੀਉ ਤੇ ਧਨ(ਹੱਟੀ ਦੇ ਸਾਂਈ ਨੂੰ) ਅਰਪਿਆ ਹੈ ਉਹੋ ਪਤਵੰਤੇ ਹੋਏ ਹਨ(ਭਾਵ ਪਰਮਾਰਥ ਦੇ ਵਪਾਰ ਮੰਡਲ ਵਿਚ ਉਨ੍ਹਾਂ ਦੀ ਸਾਖ ਟੁਰ ਪਈ ਹੈ,ਵਿਸਾਹ ਬਣ ਗਿਆ ਹੈ। (ਓਹ) ਆਪਣੇ ਪ੍ਰਭੂ ਨੂੰ ਪਿਆਰੇ ਲੱਗ ਗਏ ਹਨ (ਓਹ) ਸਦਾ (ਆਪਣੇ ਪ੍ਰਭੂ ਨਾਲ) ਆਨੰਦ ਮਾਣਦੇ ਹਨ॥੩॥

ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥ ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥੪॥੧੨॥੧੧੪॥

(ਪਰ ਇਸ ਦੇ ਉਲਟ) ਜੋ ਖੋਟੀ ਮਤਿ ਵਿਚ (ਆਕੇ) ਸ਼ਰਾਬ ਪੀਂਦੇ ਤੇ ਵੇਸ਼ਵਾਗਾਮੀ ਹੋ ਜਾਂਦੇ ਹਨ (ਉਨਾਂ ਦੀ ਮਤਿ ਅੰਤ ਨੂੰ)ਕਮਲੀ ਹੋ ਜਾਂਦੀ ਹੈ। (ਪਰ) ਅਸਲੀ ਅਮਲੀ ਓਹ ਹਨ ਜੋ ਰਾਮ(-ਨਾਮ ਰੂਪੀ) ਰਸਾਇਣ ਵਿਚ ਮਸਤ ਰਹਿੰਦੇ ਹਨ॥੪॥੧੨॥੧੧੪॥

ਵਜਾਖਜਾ—ਮਾੜੇ ਭੋਗਾਂ ਤੇ ਰਸਾਂ ਦੇ ਟਾਕਰੇ ਤੇ ਆਤਮ ਰਸ ਦੀ ਵਿਸ਼ੇਸ਼ਤਾ ਦਰਸਾਈ ਹੈ। ਆਤਮ ਰਸ ਦੇ ਦਾਤੇ ਏਹ ਸਾਮਾਨ ਗਿਣੇ ਹਨ:-ਸਤਿਸੰਗ, ਨਾਮ,ਤੱਤ ਦੀ ਵੀਚਾਰ, ਗਰੀਬੀ ਵਾਲੀ ਮਤਿ, ਹਉਮੈਂ ਦਾ ਤਜਾਗ, ਸੱਚ, ਸ਼ਰੀਰ ਤੇ ਜਿੰਦ ਨੂੰ ਸਾਈਂ ਅਰਪਣ ਸਮਝਣਾ। ਸਰੀਰਕ ਰਸਾਂ ਲਈ-ਸ਼ਰਾਬ ਪੀਣੀ, ਵੇਸ਼ਵਾ ਗਾਮੀ ਹੋ ਜਾਣਾ, ਪੰਜਾਂ ਚੋਰਾ (ਕਾਮਾਦਿ) ਦਾ ਪ੍ਰਬਲ ਰਹਿਣਾ, ਆਦਿ।

ਪਹਿਲੇ, ਆਤਮ ਰਸਾਂ ਦੇ ਦਾਤੇ ਕੰਮਾਂ ਦੇ ਮਗਰ ਲਗਿਆਂ ਪਾਪ ਦੂਰ ਹੋਣਗੇ,ਪੰਜ ਚੋਰ ਖੀਨ ਹੋ ਜਾਣਗੇ, ਰਾਮ ਰੂਪੀ ਰਸਾਯਣ ਪ੍ਰਾਪਤ ਹੋਸੀ, ਅਪਣੇ ਪਰਮੇਸ਼ੁਰ ਨੂੰ ਭਾਂ ਜਾਣਾ ਤੇ ਸਦਾ ਖੁਸ਼ੀ ਮਾਣਦੇ ਰਹਿਣਾ।

ਅੰਕ ੧ ਵਿਚ ਰਸ ਕਸ ਸਭਿ ਭੁੰਚਹ' ਕਹਿਣ ਤੋਂ ਪਾਪ ਮਯ ਰਸਾਂ ਦੇ ਭੁੰਚਣ ਨੂੰ ਵਿਹਤ ਕਰਾਰ ਨਹੀਂ ਦਿੱਤਾ,ਕਿਉਂਕਿ ਰਸ ਕਸ ਜੋ ਵਿਹਤ ਦੱਸੇ ਹਨ ਉਹਨਾਂ ਦੀ ਵਜਾਖਜਾ ਕਰ ਦਿਤੀ ਹੈ,-ਪਾਪਾਂ ਨੂੰ ਦੂਰ ਕਰਨਾ ਤੇ ਨਾਮ ਦੇ ਅੰਮ੍ਰਿਤ ਰਸ ਮਾਣਨਾ।

ਅਗੇ ਰਹਾਉ ਵਿਚ ਵਿਹਤ ਰਸਾਂ ਦੇ ਮਾਣਨ ਦੀ ਜੁਗਤੀ ਸਿਖਾਈ ਹੈ:- ਨਾਮ ਪ੍ਰਾਪਤ ਹੋ ਚੁਕੇ ਹੋ, ਹੁਣ ਵਾਹਿਗੁਰੂ ਤੱਤ ਦੀ ਵੀਚਾਰ ਬੀ ਕਰੋ, ਪੰਜ ਚੋਰ ਦੂਰ ਕਰੋ, ਤੇ ਆਤਮ ਜਾਗ੍ਰਤ ਵਿਚ ਰਹੋ, ਵਿਘਨਾਂ ਤੋਂ ਬਚਣੇ ਲਈ ਨਿੰਮ੍ਰਤਾ ਧਾਰਨ ਕਰੋ, ਹਉਮੈ ਦੂਰ ਕਰੋ, ਨਾਮ ਦਾ ਵਪਾਰ ਵਾਂਙੂ ਵਰਤਣਾ

ਕਰੋ ਤੇ ਸੱਚ ਦੀ ਟੇਕ ਰਖੋ।

ਅੰਕ ੩ ਵਿਚ ਦੱਸਿਆ ਹੈ ਕਿ ਜੀਉ ਪਿੰਡ ਸਭ ਵਾਹਿਗੁਰੂ ਨੂੰ ਸਮਰਪਤ ਸਮਝੋ। ਇਸ ਦਾ ਫਲ ਦੱਸਿਆ ਕਿ ਅਪਣੇ ਪ੍ਰਭੂ ਨਾਲ ਸ਼ਦੈਵੀ ਖੁਸ਼ੀਆਂ ਮਾਣੋਗੇ।

ਅੰਕ ੪ ਵਿਚ ਉਲਟ ਰਸਤੇ, ਭੋਗੀ ਜੀਵਨ ਵਾਲਿਆਂ ਨੂੰ ਇਕ ਸਤਰ ਵਿਚ ਲਿਆ ਹੈ। ਸਭ ਤੋਂ ਘੋਰ ਭੋਗੀ ਸ਼ਰਾਬੀ ਤੇ ਵਿਭਚਾਰੀ ਲੋਕ ਹੁੰਦੇ ਹਨ। ਉਹਨਾਂ ਨੂੰ ਲੈ ਕੇ ਸਾਰੇ ਭੋਗੀ ਮਾਨੋਂ ਲੈ ਲਏ ਤੇ ਦੋ ਨੁਕਤੇ ਖੋਹਲੇ ਕਿ ਐਸੇ ਪੁਰਖਾਂ ਦੀ ਬੁੱਧੀ ਸ਼ੁੱਧ ਨਹੀਂ ਪਰ 'ਦੁਰਮਤਿ' ਅਰਥਾਤ 'ਖੋਟੀਬੁਧਿ' ਹੁੰਦੀ ਹੈ,ਓਹ ਸ਼ਰਾਬਾਂ ਤੇ ਵਿਭਚਾਰਾਂ ਭੋਗਾਂ ਵਿਚ ਲਗਦੇ ਹਨ; ਭੋਗਾਂ ਵਿਚ ਲੰਪਟ ਰਿਹਾਂ ਉਹ ਖੋਟੀ ਮਤਿ ਉਹਨਾਂ ਦੀ ਕਮਲੀ ਹੋ ਜਾਂਦੀ ਹੈ। ਕਮਲੀ ਇਸ ਤਰ੍ਹਾਂ ਕਿ ਭੋਗਾਂ ਦੇ ਬੁਰੇ ਫਲ ਬੀ ਲਗਦੇ ਹਨ ਪਰ ਫੇਰ ਉਹਨਾਂ ਹੀ ਭੋਗਾਂ ਵਿਚ ਪਰਵਿਰਤ ਹੁੰਦੇ ਰਹਿੰਦੇ ਹਨ। ਕਮਲਾ ਉਹੋ ਹੁੰਦਾ ਹੈ ਜੋ ਬੇ ਵਿਚਾਰੇ ਆਪਣੀ ਵਹਬਤ ਦੇ ਮਗਰ ਲਗਾ ਰਹੇ ਤੇ ਮੋੜਿਆਂ ਮੁੜੇ ਨਾ, ਸਮਝਾਇਆਂ ਸਮਝੇ ਨਾਂ। ਸਰੀਰ ਕਰਸਾਂ ਕਸਾਂ ਤੇ ਵਿਭਚਾਰੀਆਂ ਦਾ ਆਦਿ ਤੇ ਅੰਤ ਦਿਖਲਾ ਕੇ ਹੁਣ ਆਤਮ ਭੋਗਾਂ ਦਾ ਫਲ ਅੰਤਲੀ ਤੁਕ ਵਿਚ ਦਰਸਾਉਂਦੇ ਹਨ। ਉਹ ਕਉਣ ਹਨ ਜੋ ਰਾਮ ਰਸਾਇਣ ਵਿਚ ਰੱਤੇ ਜਾਂਦੇ ਹਨ ? ਰਸਾਇਣ ਆਖਦੇ ਹਨ ਰਸਾਂ ਦੇ ਘਰ ਨੂੰ, ਰਸਾਇਣ ਆਖਦੇ ਹਨ ਸਭ ਤੋਂ ਸ਼ਰੋਮਣੀ-ਅੰਮ੍ਰਿਤ-ਨੂੰ। ਰਾਮ ਰਸਾਇਣ ਆਖਦੇ ਹਨ, ਰਾਮ ਦੇ ਨਾਮ ਸਿਮਰਨ ਤੋਂ ਜੋ ਪਰਮ ਰਸ ਪ੍ਰਾਪਤ ਹੁੰਦਾ ਹੈ।

ਨਿਰੁਕ੍ਤ—**ਰਸ ਕਸ**—[ਸੰਸ:, ਰਸ: = ਸਾਰ,ਤਤ੍ਵ, ਸੁਆਦ। ਕਢ਼ਾਯ: = ਕਸੈਲਾ, ਕੌੜਾ] ਕਸੈਲਾ ਆਦਿ ਸਾਰ ਰਸ, ਭਾਵ ਹੈ ਛੇ ਹੀ ਰਸ। ਛੇ ਰਸ ਏਹ ਹਨ:—ਮਿੱਠਾ, ਸਲੂਣਾ, ਕੌੜਾ, ਖੱਟਾ, ਤ੍ਰਿੱਖਾ, ਕਸੈਲਾ। ਇਸ ਸਤਰ ਵਿਚ ਛੇ ਹੀ ਰਸਾਂ ਦਾ ਜ਼ਿਕਰ ਹੈ ਜੋ ਵਿਹਿਤ ਹੱਦ ਤਕ ਹੈ, ਅਗਲੀ ਸਤਰ ਵਿਚ ਹਦਬੰਦੀ ਕਰ ਦਿਤੀ ਹੈ;ਮੁਰਾਦ ਹੈ ਕਿ ਨਾਮ ਜਪਦਿਆਂ ਛੀਏ ਰਸ ਵਿਹਿਤ ਹੱਦ ਵਿਚ ਵਰਤਣੇ ਵਿਚ ਰੋਕ ਨਹੀਂ। **ਭੁੰਚਹ**—ਖਾਈਏ, ਭੋਗੀਏ।

ਤਤੁ—[ਸੰਸ:, ਤਤ੍ਵੰ = ਅਸਲੀਅਤ] ਅਸਲੀਅਤ। ਮੂਲ। ਬ੍ਰਹਮ। ਅਕਾਲ ਪੁਰਖ।

ਖੀਨ—[ਸੰਸ:, ਕ੍ਸ਼ੀਨ = ਦੁੱਬਲਾ ਪਤਲਾ] ਕਮਜ਼ੋਰ, ਨਾਸ਼।

ਤਸਕਰਾ—[ਦੇਖੋ ਪੰਨਾ੧੮੧੧] ਚੋਰ, ਭਾਵ ਹੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।

ਬੁਧਿ ਗਰੀਬੀ—ਗਰੀਬੀ ਵਾਲੀ ਬੁਧਿ, ਨੰਮਤਾ ਦਾ ਅੰਤ੍ਰੀਵ ਭਾਵ।

ਵਖਰੁ—[ਪੰ:,) ਸਉਦਾ। **ਕੇਲ**—[ਸੰਸ:, ਕੇਲਿ: = ਖੇਲ] ਖੁਸ਼ੀਆਂ, ਮੌਜਾਂ।

ਦੁਰਮਤਿ—ਖੋਟੀ ਬੁੱਧੀ। ਖੋਟੀ ਬੁੱਧੀ ਵਿਚ ਆ ਕੇ।

ਬਿਖਲੀ ਪਤਿ—[ਸੰਸ:, ਵ੍ਰਿਖ਼ਲੀ ਪਤਿ:] ਸ਼ੂਦ ਇਸਤ੍ਰੀ ਦਾ ਪਤੀ, ਭਾਵ ਹੈ ਵੇਸ਼ਵਾ ਤੋਂ, ਕਿਉਂਕਿ ਇਹ ਮਾੜਾ ਕੰਮ ਪੁਰਾਤਣ ਸਮੇਂ ਨੀਵੀਆਂ ਕੁਲਾਂ ਦੀਆਂ ਤ੍ਰੀਮਤਾਂ ਕਰਦੀਆਂ ਸਨ। ਵੇਸ਼ਵਾ + ਪਤੀ = ਵੇਸ਼ਵਾ ਗਾਮੀ। ਦੁਰਮਤਿ ਤੇ ਕਮਲੀ ਦੁਇ ਇਸਤ੍ਰੀ ਲਿੰਗ ਹਨ।

[ਆਸਾ ਮਹਲਾ ੫, ਚਉਪਦਾ, ੧੧੫-੧੮੨]

ਪ੍ਰਾਕ੍ਥਨ—ਨਾਮ ਦੀ ਪ੍ਰਾਪਤੀ ਤੇ ਗੁਰੂ ਵਾਹਿਗੁਰੂ ਦਾ ਧੰਨਜਵਾਦ।

ਮੂਲ	**ਅਰਥ**
ਆਸਾ ਮਹਲਾ ੫ ॥	
ਉਦਮੁ ਕੀਆ ਕਰਾਇਆ ਆਰੰਭੁ	ਉੱਦਮ ਕੀਤਾ ਹੈ (ਜਿਵੇਂ ਕਿ ਗੁਰੂ ਨੇ) ਕਰਾਇਆ ਹੈ ਤੇ ਮੁੱਢ

ਰਚਾਇਆ ॥ ਨਾਮੁ ਜਪੇ ਜਪਿ ਜੀਵਣਾ ਗੁਰਿ ਮੰਤ੍ਰੁ ਦ੍ਰਿੜਾਇਆ ॥੧॥

ਕਰ ਦਿੱਤਾ ਹੈ। ਗੁਰੂ ਨੇ ਮੰਤ੍ਰ ਦ੍ਰਿੜ ਕਰਾ ਦਿੱਤਾ ਹੈ (ਸੋ ਅਸਾਂ ਹੁਣ) ਨਾਮ ਜਪ ਜਪ ਕੇ ਹੀ ਜੀਉਣਾ ਹੈ॥੧॥

ਪਾਇ ਪਰਹ ਸਤਿਗੁਰੂ ਕੈ ਜਿਨਿ ਭਰਮੁ ਬਿਦਾਰਿਆ ॥
ਕਰਿ ਕਿਰਪਾ ਪ੍ਰਭਿ ਆਪਣੀ ਸਚੁ ਸਾਜਿ ਸਵਾਰਿਆ ॥੧॥ ਰਹਾਉ ॥

(ਇਸ ਲਈ ਉਸ) ਸਤਿਗੁਰੂ ਦੇ ਪੈਰੀ ਪੈ ਰਹੇ ਹਾਂ ਜਿਸ ਨੇ (ਸਾਡਾ) ਭਰਮ ਦੂਰ ਕਰ ਦਿੱਤਾ ਹੈ, (ਹਾਂ ਜਦ ਗੁਰੂ ਨੇ ਭਰਮ ਕੱਟ ਦਿੱਤਾ ਤਾਂ) ਪ੍ਰਭੂ ਨੇ ਆਪਣੀ ਕਿਰਪਾ ਕਰਕੇ (ਸਾਡੇ ਹਿਰਦੇ ਵਿਚ) 'ਸੱਚ' ਸਜਾਇਆ ਤੇ ਸੰਵਾਰਿ ਦਿੱਤਾ ਹੈ (ਭਾਵ ਸੁਹਣੀ ਤਰ੍ਹਾਂ ਟਿਕਾ ਫਬਾ ਦਿੱਤਾ ਹੈ)॥੧॥ ਰਹਾਉ॥

ਕਰੁ ਗਹਿ ਲੀਨੇ ਆਪਣੇ ਸਚੁ ਹੁਕਮਿ ਰਜਾਈ ॥ ਜੋ ਪ੍ਰਭਿ ਦਿਤੀ ਦਾਤਿ ਸਾ ਪੂਰਨ ਵਡਿਆਈ ॥੨॥

ਰਜ਼ਾ ਦੇ ਮਾਲਕ ਤੇ ਸਤਜ ਸਰੂਪ ਹੁਕਮੀ ਨੇ ਹੱਥੋਂ ਪਕੜ ਕੇ ਅਪਣਾ ਕਰ ਲਿਆ ਹੈ, (ਇਹ) ਜੋ ਦਾਤ ਪ੍ਰਭੂ ਨੇ ਦਿੱਤੀ ਹੈ, ਇਹੀ ਪੂਰਨ ਵਡਿਆਈ ਹੈ॥੨॥

ਸਦਾ ਸਦਾ ਗੁਣ ਗਾਈਅਹਿ ਜਪਿ ਨਾਮੁ ਮੁਰਾਰੀ ॥ ਨੇਮੁ ਨਿਬਾਹਿਓ ਸਤਿਗੁਰੂ ਪ੍ਰਭਿ ਕਿਰਪਾ ਧਾਰੀ ॥੩॥

(ਹੁਣ ਅਸੀਂ) ਵਾਹਿਗੁਰੂ ਦਾ ਨਾਮ ਜਪ ਜਪ ਕੇ ਸਦਾ ਸਦਾ (ਉਸ ਦੇ) ਗੁਣ ਗਾਉਂਦੇ ਹਾਂ, (ਨਾ, ਅਸੀ ਨਹੀਂ, ਇਹ ਤਾਂ ਸਤਿਗੁਰੂ ਨੇ (ਆਪ) ਸਾਡਾ ਨੇਮ ਨਿਬਾਹ ਦਿੱਤਾ ਹੈ ਤੇ ਪ੍ਰਭੂ ਨੇ (ਇਸ ਵਿਚ ਅਪਣੀ) ਕ੍ਰਿਪਾ ਕੀਤੀ ਹੈ॥੩॥

ਨਾਮੁ ਧਨੁ ਗੁਣ ਗਾਉ ਲਾਭੁ ਪੂਰੈ ਗੁਰਿ ਦਿਤਾ ॥ ਵਣਜਾਰੇ ਸੰਤ ਨਾਨਕਾ ਪ੍ਰਭੁ ਸਾਹੁ ਅਮਿਤਾ ॥੪॥੧੩॥੧੧੫॥

ਨਾਮ (ਸਿਮਰਨ ਤੇ) ਗੁਣ ਗਾਉਣ (ਰੂਪੀ) ਧਨ ਦਾ ਨਫਾ ਪੂਰੇ ਗੁਰਾਂ ਨੇ (ਸਾਨੂੰ) ਦਿੱਤਾ ਹੈ (ਅਰਥਾਤ ਇਹੋ ਨਾਮ ਜਪ ਤੇ ਗੁਣ ਗਾਉਣ ਰੂਪੀ ਵਪਾਰ ਦਾ ਨਫਾ ਇਹੋ ਨਾਮ ਤੇ ਗੁਣ ਗਾਇਨ ਸਾਨੂੰ ਮਿਲਿਆ ਹੈ। ਪਹਿਲਾਂ ਘਾਲ ਸੀ ਹੁਣ ਰਸ ਰੂਪ ਹੈ, ਇਹ ਭਾਵ ਹੈ)। ਹੇ ਨਾਨਕ ! ਪ੍ਰਭੂ ਤਾਂ ਅਮਿੱਤ (ਦਾਤਾਂ ਦਾ ਮਾਲਕ) ਸ਼ਾਹ ਹੈ ਤੇ ਸੰਤ (ਉਸ ਦੇ) ਵਣਜਾਰੇ ਹਨ (ਜੋ ਉਸਦੇ ਨਾਮ ਵੱਖਰ ਦਾ ਵਪਾਰ ਕਰਦੇ ਹਨ)॥੪॥੧੩॥੧੧੫॥

ਵਯਾਖਯਾ— ਅੰਕ ੧ ਵਿਚ 'ਉਦਮੁ ਕੀਆ' ਪਹਿਲਾ ਵਾਕ ਹੈ, ਪਰ ਮਤਾਂ ਇਹ ਕਹਿਣਾ ਅਹੰ ਭਾਵ ਵਾਲਾ ਹੋ ਜਾਵੇ, ਨਾਲ ਹੀ ਕਹਿ ਦਿੱਤਾ ਕਿ ਇਹ ਉਦਮ 'ਕਰਾਇਆ' ਹੈ ਕਿਸੇ ਨੇ। ਦੂਜੀ ਸਤਰ ਵਿਚ ਦੱਸ ਦਿੱਤਾ ਕਿ ਇਹ ਗੁਰੂ ਨੇ ਨਾਮ ਮੰਤ੍ਰ ਦੇ ਕੇ ਦ੍ਰਿੜ ਕਰਾਕੇ ਉੱਦਮ ਕਰਵਾਇਆ ਸੀ। ਹੁਣ ਨਾਮ ਜਪਣਾ ਸਾਡਾ ਜੀਵਨ ਬਣ ਗਿਆ ਹੈ। ਰਹਾਉ ਵਿਚ ਦੱਸਿਆ ਕਿ ਇਸ ਨਾਮ ਸਿਮਰਨ ਤੇ ਗੁਰ ਉਪਦੇਸ਼ ਨਾਲ ਭਰਮ ਦੂਰ ਹੋ ਗਿਆ ਹੈ, ਗੁਰੂ ਨੇ ਮਾਯਕ ਭ੍ਰਮ ਦੂਰ ਕਰਕੇ 'ਸੱਚ' ਨੰਗਾ ਕਰਕੇ ਦਿਖਾ ਦਿੱਤਾ ਤੇ ਉਹ ਸਾਡੇ ਅੰਦਰ ਸਜਾ ਦਿੱਤਾ ਹੈ।

ਅੰਕ ੨ ਵਿਚ ਹੁਕਮ ਤੇ ਰਜ਼ਾ ਦੇ ਮਾਲਕ ਦੀ ਇਸ ਸਾਹੀ ਦਾਤ ਦੇਣ ਦਾ ਇਕਰਾਰ ਦੁਹਰਾ ਕੇ ਮਾਨੋਂ ਵਿਸ਼ੇਸ਼ ਸ਼ੁਕਰੀਆ ਕੀਤਾ ਹੈ।

ਅੰਕ ੩ ਵਿਚ ਆਪਣੀ ਨਿਤ ਕ੍ਰਿਆ ਦੱਸੀ ਹੈ—ਨਾਮ ਦਾ ਜਪ। ਇਹ ਬੀ ਨੇਮ ਸਤਿਗੁਰੂ ਨਿਭਵਾ ਰਿਹਾ ਹੈ, ਅਪਣੇ ਪ੍ਰਤੱਖ ਪਿਆਰ ਨਾਲ ਤੇ ਪ੍ਰਭੂ ਨਿਭਾ ਰਿਹਾ ਹੈ ਆਪਣੀ (ਗੁਪਤ) ਮੇਹਰ ਨਾਲ

ਅੰਕ ੪ ਵਿਚ ਪ੍ਰਭੂ ਨੂੰ ਸ਼ਾਹ, ਸੰਤਾਂ ਨੂੰ ਵਣਜਾਰੇ ਦੱਸ ਕੇ ਆਪ ਨੂੰ ਨਾਮ ਤੇ ਗੁਣ ਗਾਇਨ ਦਾ ਨਫਾ ਪ੍ਰਾਪਤ ਹੋਣ ਦਾ ਹਾਲ ਦੱਸਿਆ ਹੈ। ਨਾਮ ਤੇ ਗੁਣ ਗਾਇਨ ਵੱਖਰ ਸੀ, ਜਿਸ ਦਾ ਵਪਾਰ ਕੀਤਾ। ਨਫ਼ਾ ਬੀ ਇਹੋ ਹੋਇਆ। ਜਦੋਂ ਵਪਾਰ ਕਰਦੇ ਸਾਂ ਤਦ ਜਪਦੇ ਸਿਮਰਦੇ ਆਦਿ ਘਾਲਾਂ ਕਰਦੇ ਸਾਂ, ਹੁਣ ਉਹੀ ਨਾਮ ਗੁਣ ਗਾਇਨ ਰਸ ਰੂਪ ਹੋ ਗਿਆ ਹੈ ਤੇ ਅਪਣੇ ਆਪ ਰਸਮਯ ਅਵਸਥਾ ਵਿਚ ਤਰਿਆ ਰਹਿੰਦਾ ਹੈ।

ਨਿਰੁਕਤ—ਆਰੰਭੁ—[ਸੰਸ:, ਆਰਭ:] ਸ਼ੁਰੂ, ਮੁੱਢ। **ਪਾਇ**-ਪੈਰੀ।

ਬਿਦਾਰਿਆ—[ਸੰਸ:, ਵਿਦਾਰਣੰ=ਮਾਰ ਸੁੱਟਣਾ, ਹਟਾਉਣਾ] ਦੂਰ ਕੀਤਾ।

ਕਰੁ—ਹਥ। **ਗਹਿ ਲੀਨ**—ਫੜ ਲਏ। ਫੜ ਲਿਆ।

ਹੁਕਮਿ—ਹੁਕਮੀ। ਮੰਮੇ ਦੀ ਸਿਹਾਰੀ ਬਿਹਾਰੀ ਦਾ ਸੰਖੇਪ ਹੈ, ਛੰਦ ਦੇ ਵਜ਼ਨ ਕਰਕੇ।

ਰਜਾਈ—ਰਜ਼ਾ ਵਾਲੇ ਨੇ, ਰਜ਼ਾ ਦੇ ਮਾਲਕ ਨੇ।

ਮੁਰਾਰੀ—[ਦੇਖੋ ੧੫੯੧] ਭਾਵ ਵਾਹਿਗੁਰੂ। ਵਾਹਿਗੁਰੂ ਦੇ।

ਅਮਿਤਾ—[ਸੰਸ:, ਅਮਿਤ=] ਜਿਸ ਦੀ ਮਿਤ ਨਾ ਹੋਵੇ। ਬੇਹੱਦ। ਬੇਅੰਤ।

[ਆਸਾ ਮਹਲਾ ੫, ਚਉਪਦਾ, ੧੧੬—੧੬੩]

ਪ੍ਰਾਕ੍ਥਨ—ਗੁਰੂ ਪਰਮੇਸ਼ੁਰ ਦੀ ਸੇਵਾ ਦੁਆਰਾ ਸਰੂਪ ਦੀ ਪ੍ਰਾਪਤੀ ਤੇ ਸਦਾ ਸੁਖ ਦੀ ਰੰਗ।

ਮੂਲ	ਅਰਥ
ਆਸਾ ਮਹਲਾ ੫ ॥ ਜਾ ਕਾ ਠਾਕੁਰੁ ਤੁਹੀ ਪ੍ਰਭ ਤਾ ਕੇ ਵਡਭਾਗਾ ॥ ਓਹੁ ਸੁਹੇਲਾ ਸਦ ਸੁਖੀ ਸਭੁ ਭ੍ਰਮੁ ਭਉ ਭਾਗਾ ॥੧॥	ਹੇ ਪ੍ਰਭੂ ! ਜਿਸ ਦਾ ਤੂੰ ਮਾਲਕ ਹੈਂ ਉਸ ਦੇ ਵੱਡੇ ਭਾਗ ਹਨ। ਉਹ ਸੁਖੀ ਹੈ (ਉਹ) ਸਦਾ ਸੁਖੀ (ਰਹੇਗਾ ਕਿਉਂਕਿ ਉਸ ਦਾ) ਭਰਮ ਤੇ ਭਉ ਸਾਰਾ ਹੀ ਦੂਰ ਹੋ ਗਿਆ ਹੈ॥ ੧॥
ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰਾ ॥ ਕਰਨ ਕਰਾਵਨ ਸਗਲ ਬਿਧਿ ਸੋ ਸਤਿਗੁਰੂ ਹਮਾਰਾ ॥੧॥ ਰਹਾਉ ॥	ਅਸੀ ਗੋਬਿੰਦ ਦੇ ਦਾਸ ਹਾਂ (ਉਹ) ਮੇਰਾ ਬਾਲਕ ਭਾਰੀ (ਠਾਕਰ) ਹੈ, ਸਾਰੀਆਂ ਵਿਧਾਂ ਦੇ ਕਰਨ ਵਾਲਾ ਤੇ ਕਰਾਉਣ ਵਾਲਾ ਉਹ ਸਾਡਾ ਸਤਿਗੁਰੂ ਹੈ॥ ੧ ॥ ਰਹਾਉ॥
ਦੂਜਾ ਨਾਹੀ ਅਉਰੁ ਕੋ ਤਾ ਕਾ ਭਉ ਕਰੀਐ ॥ ਗੁਰ ਸੇਵਾ ਮਹਲੁ ਪਾਈਐ ਜਗੁ ਦੁਤਰੁ ਤਰੀਐ ॥੨॥	ਦੂਸਰਾ ਹੋਰ ਕੋਈ ਨਹੀਂ ਹੈ ਕਿ ਜਿਸ ਦਾ (ਅਸੀਂ) ਡਰ ਮੰਨੀਏ, ਗੁਰੂ ਦੀ ਸੇਵਾ ਕਰਕੇ ਸਰੂਪ ਦਾ ਲਈਦਾ ਹੈ (ਤਦ ਇਸ) ਉਖਜਾਈ ਨਾਲ ਤਰੇ ਜਾਣ ਵਾਲੇ ਜਗਤ ਨੂੰ ਤਰ ਜਾਈਦਾ ਹੈ॥ ੨॥
ਦ੍ਰਿਸਟਿ ਤੇਰੀ ਸੁਖੁ ਪਾਈਐ ਮਨ ਮਾਹਿ ਨਿਧਾਨਾ ॥ ਜਾ ਕਉ ਤੁਮ ਕਿਰਪਾਲ ਭਏ ਸੇਵਕ ਸੇ ਪਰਵਾਨਾ ॥੩॥	(ਹੇ ਪ੍ਰਭੂ !) ਤੇਰੀ (ਕ੍ਰਿਪਾ ਦੀ) ਨਜ਼ਰ ਨਾਲ ਸੁਖ ਪ੍ਰਾਪਤ ਹੁੰਦਾ ਹੈ—(ਹਾਂ, ਉਹ ਸਾਰੇ ਸੁਖਾਂ ਦਾ) ਖਜ਼ਾਨਾ, ਜੋ ਮਨ ਵਿਚ ਹੀ ਹੈ। ਜਿਸ ਉਤੇ ਤੁਸੀ ਕ੍ਰਿਪਾਲ ਹੋ ਗਏ ਉਹੀ ਪਰਵਾਨ ਸੇਵਕ (ਬਣ ਜਾਂਦਾ) ਹੈ॥ ੩॥
ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ ॥ ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ ॥੪॥੧੪॥੧੧੬॥	ਹਰੀ ਕੀਰਤਨ (ਰੂਪੀ) ਅੰਮ੍ਰਿਤ ਰਸ ਨੂੰ ਕੋਈ ਵਿਰਲਾ ਪੀਂਦਾ ਹੈ, ਉਸ ਨੂੰ ਹੇ ਨਾਨਕ ! ਰੋਜ਼ੀਨਾ ਮਿਲੇਗਾ ਏਕ 'ਨਾਮ' ਦਾ (ਜਿਸ ਨੂੰ ਉਹ) ਹਿਰਦੇ ਵਿਚ ਜਪ ਜਪ ਕੇ ਜੀਵੇਗਾ ॥ ੪॥ ੧੪॥ ੧੧੬॥

ਵਿਆਖਿਆ—ਅੰਕ ੧ ਤੇ ਰਹਾਉ—ਗੁਰੂ ਤੇ ਪ੍ਰਭੂ ਦੀ ਸੇਵਾ ਨਾਲ ਸੁਖ ਪਾਈਦਾ ਹੈ, ਭਰਮ ਭਉ ਦੂਰ ਹੋ ਜਾਂਦਾ ਹੈ, ਉਹ ਪ੍ਰਭ ਸਭ ਤੋਂ ਵਡਾ ਹੈ ਤੇ ਸਾਡਾ ਮਾਲਕ ਹੈ।

ਅੰਕ ੨—ਦੂਜਾ ਉਸ ਵਰਗਾ ਹੋਰ ਕੋਈ ਨਹੀਂ, ਗੁਰੂ ਦੀ ਸੇਵਾ ਨਾਲ ਹੀ ਸਰੂਪ ਲੱਖਤਾ ਪ੍ਰਾਪਤ ਹੁੰਦੀ ਹੈ।

ਅੰਕ ੩ ਵਿਚ ਮੇਹਰ ਦਾ ਜ਼ਿਕਰ ਹੈ ਕਿ ਨਾਮ ਬੀ ਮੇਹਰ ਨਾਲ ਜਪੀਦਾ ਹੈ ਤੇ ਦਰਗਾਹ ਪਰਵਾਨ ਹੋ ਜਾਣ ਦੀ ਪ੍ਰਾਪਤੀ ਤਕ ਸਭ ਮਿਹਰ ਹੈ।

ਅੰਕ ੪ ਵਿਚ ਸਾਰੀ ਪ੍ਰਾਪਤੀ ਦਾ ਮੂਲ ਨਾਮ ਦੱਸਿਆ ਹੈ, ਜਿਸ ਦਾ ਜਪ ਜੀਵਨ ਬਣਾ ਲੈਣਾ ਹੈ।

ਨਿਰੁਕਤ—ਸੁਹੇਲਾ—(ਸੰਸ:, ਸੁ(ਚੰਗਾ, ਭਲਾ)+ਹੇਲਾ (ਆਰਾਮ, ਸੁਖਸਾਧਜਤਾ)।)ਸੁਖੀ।

ਮਹਲੁ—ਸਰੂਪ। ਵਾਹਿਗੁਰੂ ਜੀ ਦੇ ਸਰੂਪ ਦੀ ਲੱਖਤਾ।

ਦੁਤਰੁ—ਜੋ ਔਖ ਨਾਲ ਤਰਿਆ ਜਾਵੇ।

ਵਜਹੁ—(ਅ:, ਵਜ਼ੀਫਾ) ਮੁਕਰਰ ਕੀਤੀ ਹੋਈ ਤਨਖਾਹ ਯਾ ਰੁਜ਼ੀਨਾ।

[ਆਸਾ ਮਹਲਾ ੫, ਚਉਪਦਾ, ੧੧੭-੧੮੪]

ਪ੍ਰਾਕ੍ਰਥਨ—ਜਿਸ ਨੂੰ ਆਪ ਪਰਵਾਨ ਕਰੇ ਉਹੀ ਸੁਹਾਗਣ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਜਾ ਪ੍ਰਭ ਕੀ ਹਉ ਚੇਰੁਲੀ ਸੋ ਸਭ ਤੇ ਊਚਾ ॥ ਸਭੁ ਕਿਛੁ ਤਾ ਕਾ ਕਾਂਢੀਐ ਥੋਰਾ ਅਰੁ ਮੂਚਾ ॥੧॥	ਜਿਸ ਪ੍ਰਭੂ ਦੀ ਮੈਂ ਦਾਸੀ ਹਾਂ ਉਹ ਸਭ ਤੋਂ ਉੱਚਾ ਹੈ। ਸਭ ਕੁਛ ਉਸੇ ਦਾ ਕਹਾਉਂਦਾ ਹੈ (ਚਾਹੋ) ਥੋੜਾ ਹੈ ਤੇ (ਚਾਹੋ) ਬਹੁਤਾ ਹੈ॥੧॥
ਜੀਅ ਪ੍ਰਾਨ ਮੇਰਾ ਧਨੋ ਸਾਹਿਬ ਕੀ ਮਨੀਆ ॥ ਨਾਮਿ ਜਿਸੈ ਕੈ ਊਜਲੀ ਤਿਸੁ ਦਾਸੀ ਗਨੀਆ ॥੧॥ ਰਹਾਉ ॥	ਮੇਰੀ ਜਿੰਦ, ਪ੍ਰਾਨ ਤੇ ਧਨ (ਤੇ ਮੈਂ ਆਪ ਉਸੇ) ਸਾਹਿਬ ਦੀ ਮੰਨੀ ਜਾਂਦੀ ਹਾਂ, ਜਿਸ ਦੇ ਨਾਮ ਕਰਕੇ (ਮੈਂ) ਉੱਜਲੀ ਹਾਂ,ਉਸੇ ਦੀ ਸੇਵਕਾ ਗਿਣੀ ਜਾਂਦੀ ਹਾਂ॥੧॥ਰਹਾਉ॥
ਵੇਪਰਵਾਹੁ ਅਨੰਦ ਮੈ ਨਾਉ ਮਾਣਕ ਹੀਰਾ ॥ ਰਜੀ ਧਾਈ ਸਦਾ ਸੁਖੁ ਜਾ ਕਾ ਤੂੰ ਮੀਰਾ ॥੨॥	(ਹੇ ਸਾਹਿਬ ! ਤੂੰ) ਬੇਪਰਵਾਹ ਹੈ, ਆਨੰਦ ਸਰੂਪ ਹੈਂ, (ਤੇਰਾ) ਨਾਮ ਮਾਣਕ ਤੇ ਹੀਰੇ (ਵਾਂਙ ਅਮੋਲਕ ਹੈ, ਹਾਂ) ਜਿਸ ਦਾ ਤੂੰ ਪਾਤਸ਼ਾਹ ਹੈ (ਉਹ ਦਾਸੀ) ਰੱਜੀ ਹੋਈ ਤੇ ਤ੍ਰਿਪਤ ਰਹਿੰਦੀ ਹੈ (ਤੇ ਉਸ ਨੂੰ) ਸਦੈਵੀ ਸੁਖ (ਪ੍ਰਾਪਤ ਰਹਿੰਦਾ) ਹੈ॥੨॥
ਸਖੀ ਸਹੇਰੀ ਸੰਗ ਕੀ ਸੁਮਤਿ ਦ੍ਰਿੜਾਵਉ॥ ਸੇਵਹੁ ਸਾਧੂ ਭਾਉ ਕਰਿ ਤਉ ਨਿਧਿ ਹਰਿ ਪਾਵਉ ॥੩॥	ਹੇ ਮੇਰੇ ਸਾਥ ਦੀਓ ਸਖੀਓ, ਸਹੇਲੀਓ। (ਇਹ) ਸੁਮਤਿ ਦ੍ਰਿੜ ਕਰ ਲਓ: ਪ੍ਰੇਮ ਕਰਕੇ ਸਾਧੂ ਦੀ ਸੇਵਾ ਕਰੋ, ਤਦ ਹਰਿ ਰੂਪ ਖਜ਼ਾਨਾ ਪਾ ਲਓ ਗੀਆਂ॥੩॥
ਸਗਲੀ ਦਾਸੀ ਠਾਕੁਰੈ ਸਭ ਕਹਤੀ ਮੇਰਾ॥ ਜਿਸਹਿ ਸੀਗਾਰੇ ਨਾਨਕਾ ਤਿਸੁ ਸੁਖਹਿ ਬਸੇਰਾ ॥੪॥੧੫॥੧੧੭॥	ਸਾਰੀਆਂ ਮਾਲਕ ਦੀਆਂ ਸੇਵਕਾਂ ਹਨ, ਸਭੇ (ਉਸ ਨੂੰ) 'ਮੇਰਾ' ਆਖਦੀਆਂ ਹਨ, (ਪਰ) ਹੇ ਨਾਨਕ ! ਜਿਸ ਨੂੰ (ਆਪ) ਸੀਗਾਰੇਗਾ (ਭਾਵ, ਸੁਹਾਗਣ ਹੋਣ ਦਾ ਮਾਣ ਬਖਸ਼ੇਗਾ) ਉਸੇ ਦਾ ਵਾਸਾ ਸੁਖ ਵਿਚ ਹੋਵੇਗਾ॥੪॥੧੫॥੧੧੭॥

ਵਯਾਖਯਾ—ਅੰਕ ੧ ਤੋਂ ੨ ਦੇ ਅੰਤ ਤਕ—ਮੇਰਾ ਮਾਲਕ ਸਭ ਤੋਂ ਉੱਚਾ ਤੇ ਵਡਾ ਹੈ, ਮੈਂ ਉਸ ਦੀ ਦਾਸੀ ਹਾਂ, ਮੈਂ ਉਸ ਦੇ ਨਾਮ ਕਰਕੇ ਜਗਤ ਵਿਚ ਉੱਜਲੀ ਹਾਂ, ਇਸ਼ਾਰਾ ਇਹ ਬੀ ਹੈ ਕਿ ਉਸ ਦੇ ਨਾਮ ਜਪਣ ਕਰਕੇ ਅੰਦਰੋਂ ਉੱਜਲੀ ਹਾਂ। ਤੇ ਬਾਹਰ ਜਗਤ ਵਿਚ ਚੰਗੀ ਪ੍ਰਸਿਧ ਹਾਂ ਉਸ ਦੀ ਕਹਾਉਣ ਕਰਕੇ। ਉੱਜਲੀ ਹੁਣ ਦੇ ਨਾਲ ਹਰ ਤਰ੍ਹਾਂ ਤ੍ਰਿਪਤ ਹਾਂ, ਆਤਮ ਤ੍ਰਿਪਤੀ ਪ੍ਰਾਪਤ ਹੈ ਤੇ ਸੁਖੀ ਹਾਂ।

ਅੰਕ ੩—ਸਤਿਸੰਗੀਆਂ ਪ੍ਰਤਿ ਉਪਦੇਸ਼ ਹੈ ਕਿ ਤੁਸੀਂ ਵੀ ਸੁਖੀ ਹੋ ਜਾਓ ਜੇ ਸੰਤ ਸੇਵਾ ਕਰਕੇ ਨਾਮ ਖ਼ਜ਼ਾਨਾ ਪ੍ਰਾਪਤ ਕਰ ਲਓ ਤਾਂ। ਇਉਂ ਬੀ ਕਰਦੇ ਹਨ ਕਿ ਇਸ ਅੰਕ ਵਿਚ ਸਖੀ ਸਹੇਰੀ ਅੱਗੇ ਅਪਣੀ ਅਰਦਾਸ ਹੈ, ਪਰ ਇਹ ਢੁੱਕਦਾ ਨਹੀਂ, ਕਿਉਂਕਿ ਅਪਣੀ ਪ੍ਰਾਪਤੀ ਪਹਿਲੇ ਕਹਿ ਆਏ ਹਨ।

ਅੰਕ ੪ ਵਿਚ ਪੂਰੀ ਹਉ ਨਵਿਰਤੀ ਹੈ, ਕਿ ਟੇਕ ਉਸ ਤੇ ਰਖੋ; ਉਸ ਜਿਸ ਨੂੰ ਪਰਵਾਣ ਕਰੇਉਹ ਹੈ ਪਰਵਾਨ ਸੇਵਕ।

ਨਿਰੁਕ੍ਤ—ਚੇਰੁਲੀ—[ਸੰਸ:, ਚੇਟੀ = ਨੌਕਰਾਣੀ, ਗੁਲਾਮ। ਹਿੰ:, ਚੇਰੀ,ਚੇਲੀ] ਚੇਲੀ। ਚੇਰੀ ਦਾ ਨਿੰਮ੍ਰੀ ਵਾਚ।

ਮੂਚਾ—[ਦੇਖੋ ਪੰਨਾ ੧੬੬੦] ਵਡਾ, ਬਹੁਤਾ। **ਮਨੀਆ**—ਮੰਨੀ ਜਾਂਦੀ ਹਾਂ।

ਅਨੰਦ ਮੈ—[ਸੰਸ:, ਆਨੰਦਮਯ:] ਆਨੰਦ ਸਰੂਪ।

ਧਾਈ—(ਸੰਸ:,-ਤ੍ਰਿਪਤ) ਰੱਜੀ ਹੋਈ। **ਨਿਧਿ ਹਰਿ**—ਹਰਿ ਨਿਧਿ, ਹਰੀ ਰੂਪ ਖ਼ਜ਼ਾਨਾਂ। **ਬਸੇਰਾ**—ਵਾਸਾ।

[ਆਸਾ ਮਹਲਾ ੫, ਚਉਪਦਾ, ੧੧੮-੧੮੫]

ਪ੍ਰਾਕ੍ਕਥਨ—ਇਸ ਸ਼ਬਦ ਵਿਚ ਉਹ 'ਆਚਾਰ' ਸਿਖਾਲਦੇ ਹਨ ਜਿਸ ਨਾਲ ਪਿਛਲੇ ਸ਼ਬਦ ਵਿਚ ਦੱਸੀ 'ਸੁਖੀ ਅਵਸਥਾ' ਦੀ ਪ੍ਰਾਪਤੀ ਹੁੰਦੀ ਹੈ।;

ਮੂਲ	ਅਰਥ
ਆਸਾ ਮਹਲਾ ੫ ॥ **ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ ॥ ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ ॥੧॥**	(ਹੇ ਜਗਜਾਸੂ ਰੂਪ ਇਸਤ੍ਰੀ !) ਇਹ ਕਰਤੱਵਜ ਸਿਖ ਲੈ:- ੧. ਸੰਤਾਂ ਦੀ ਸੇਵਕਾ ਹੋ ਜਾਹ। ੨. ਸਾਰੇ ਗੁਣਾਂ ਤੋਂ ਉੱਤਮ ਗੁਣ (ਇਹ) ਹੈ ਕਿ (ਅਪਣੇ) ਭਰਤਾ (ਵਾਹਿਗੁਰੂ) ਨੂੰ ਦੂਰ ਨਾ ਦੇਖ (ਭਾਵ—ਸਦਾ ਨਿਕਟ ਨਿਕਟ ਕਰ ਜਾਣ)॥੧॥
ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ ॥ **ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਰੀ ॥੧॥ ਰਹਾਉ ॥**	੩. (ਇਸ ਪ੍ਰਯੋਜਨ ਲਈ) ਸੁਹਣੀਏ ! ਆਪਣਾ ਇਹ ਮਨ ਹਰੀ ਨਾਮ ਦੇ ਮਜੀਠੇ (ਰੰਗ ਨਾਲ) ਰੰਗ ਲੈ (ਭਾਵ ਪੱਕੀ ਤਰ੍ਹਾਂ ਰੰਗ ਲੈ)। ੪. ਸਿਆਣਪਾਂ ਤੇ ਚਾਤੁਰੀਆਂ ਨੂੰ ਛੱਡ ਕੇ ਵਾਹਿਗੁਰੂ ਨੂੰ ਤੂੰ (ਆਪਣੇ) ਅੰਗ ਸੰਗ ਜਾਣ।।੧॥ ਰਹਾਉ॥
ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ ॥ ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ ॥੨॥	੫. ਸੀਗਾਰ ਇਹ ਲਾ (ਕਿ ਜੋ ਕੁਛ ਵਾਹਿਗੁਰੂ) ਪਤੀ ਆਖੇ ਸੋ (ਸਿਰ ਮੱਥੇ ਤੇ) ਮੰਨ ਲੈ (ਭਾਵ ਉਸ ਦੀ ਰਜ਼ਾ ਵਿਚ ਟੁਰ)। ੬. (ਪਾਣ ਖਾਣ ਦੀ ਥਾਂ) ਇਹ ਪਾਣ ਖਾਹ ਕਿ ਦੂਜੇ ਭਾਉ ਨੂੰ ਵਿਸਾਰ ਦੇਹ (ਭਾਵ ਦ੍ਵੈਤ ਭਾਵ, ਸਾਂਈ ਤੋਂ ਛੁਟ ਕਿਸੈ ਹੋਰਸ ਵੱਲ ਤਕਣਾ-) ਛੋੜ ਦੇਹ॥੨॥

ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਰੀ ॥ ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ ॥੩॥	੭. ਗੁਰੂ ਦੇ ਸ਼ਬਦ ਦਾ ਦੀਵਾ ਜਗਾ (ਅਤੇ) ੮. ਸਿਹਜ ਵਿਛਾ ਲੈ ਇਹ ਕਿ 'ਸਤ' ਨੂੰ ਧਾਰਨ ਕਰ ਲੈ। ੯. ਅੱਠੇ ਪਹਿਰ ਹੱਥ ਜੋੜੀ ਰੱਖ, ਤਦ (ਤੂੰ ਹੇ ਸਖੀ !) ਹਰੀ ਰਾਜਾ (ਵਾਹਿਗੁਰੂ) ਨੂੰ ਮਿਲ ਪਵੇਂਗੀ॥੩॥
ਤਿਸ ਹੀ ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰਿ ਰੀ ॥ ਸਾਈ ਸੋੁਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ ॥੪॥੧੬॥੧੧੮॥	ਹੇ ਨਾਨਕਾ ! ਜੋ (ਇਸ ਪ੍ਰਕਾਰ ਕਰਦੀ) ਕਰਤਾਰ (ਮਾਲਕ) ਨੂੰ ਭਾ ਜਾਵੇ ਉਹ ਸੁਹਾਗਣ (ਜਾਣੀਦੀ ਹੈ), ਉਸੇ ਦਾ ਕਰਣੀ ਕਰਮ (ਉਸੇ ਦਾ) ਸ਼ਿੰਗਾਰ (ਸਫਲ ਹੈ) ਉਹੋ ਅਪਾਰਰੂਪ ਵਾਲੀ (ਸੁਹਣੀ) ਹੈ॥੪॥੧੬॥੧੧੮॥

ਵਯਾਖਯਾ— ਅੰਕ ੧ ਤੋਂ ੩ ਦੇ ਅਖੀਰ ਤਕ ਕ੍ਰਮਵਾਰ ਓਹ ਕਰਮ, ਓਹ ਭਾਵ, ਓਹ ਸ਼ਰਧਾ ਧਾਰਨ ਦੇ ਵੇਰਵੇ ਦੱਸੇ ਹਨ ਜੋ ਜਗਯਾਸੂ ਨੂੰ ਸਾਂਈਂ ਪ੍ਰਾਪਤੀ ਤੱਕ ਲੈ ਜਾਂਦੇ ਹਨ, ਓਹ ਸਾਰੇ ਸੁਗਮ ਹਨ ਤੇ ਦ੍ਰਿਸ਼ਟਾਂਤ ਦੇ ਦੇ ਕੇ ਦੱਸੇ ਹਨ, ਕਿਉਂਕਿ ਰੂਪਕ ਸੁਹਾਗਣ ਇਸਤ੍ਰੀ ਦਾ ਵਰਤਿਆ ਹੈ ਭਾਵ ਅਨਿੰਨ ਪ੍ਰੇਮ ਤੋਂ ਹੈ ਜੋ ਸੁਹਾਗਣ ਵਿਚ ਆਦਰਸ਼ਕ ਦਰਜੇ ਦਾ ਹੁੰਦਾ ਹੈ।

ਅੰਕ ੪ ਵਿਚ ਦੱਸਿਆ ਹੈ ਕਿ ਕਰਤਾਰ ਨੂੰ ਭਾ ਜਾਵਾਂ, ਪ੍ਰਯੋਜਨ ਇਹ ਹੈ। ਕਿਉਂਕਿ ਉਸ ਨੂੰ ਭਾ ਗਿਆਂ ਹੀ ਸੁਹਾਗਣ ਬਣਨਾ ਹੈ, ਬਾਕੀ ਤਾਂ ਸੁਹਾਗਣ ਬਣਨ ਦੇ ਤਰਲੇ ਲੈਣੇ ਹਨ। ਪਰ ਇਨ੍ਹਾਂ ਬਿਨਾਂ ਸੁਹਾਗਣ ਬਣਨਾ ਕਠਨ ਹੈ ਤੇ ਇਨ੍ਹਾਂ ਦਾ ਨਿਰਾਧਾਰ ਲੈਣਾ ਤੇ ਸਾਂਈਂ ਪਰਵਾਨਤਾ ਵਿਚ ਨਾ ਅੱਪੜਨਾ ਬੀ ਸੁਹਾਗਣ ਨਹੀਂ ਬਣਾਉਂਦਾ, ਇਸ ਲਈ ਸਭ ਕੁਛ ਕਰਦਿਆਂ ਟੇਕ ਮਿਹਰਾਂ ਤੇ ਰੱਖਣੀ ਹੈ, ਤਾਂ ਜੋ ਰਤਾ ਭਰ ਬੀ ਅਹੰਭਾਵ ਆਪਣੀ ਕਰਨੀ ਕਰਤੂਤ ਭਜਨ ਬੰਦਗੀ ਆਦਿ ਦਾ ਨਾ ਉਪਜ ਪਵੇ।

ਨਿਰੁਕ੍ਤ— ਆਚਾਰਾ—(ਸੰਸ:, ਆਚਾਰ = ਚਾਲ ਚਲਨ) ਆਚਾਰ। ਕਰਮ = ਕਰਤੱਤੂ।

ਸੁੰਦਰਿ—ਸੁੰਦਰੀ, ਸੋਹਣੀ। **ਤੰਬੋਲਾ**—(ਸੰਸ:, ਤਾਂਬੂਲ) ਪਾਨ।
ਦੀਪਕੋ—(ਸੰਸ:, ਦੀਪਕ:) ਦੀਵਾ। **ਸਤ**—ਸੱਚ।
ਕਰ—ਹਥ। **ਭੇਟੈ**—ਮਿਲਸੀ। ਮਿਲੇਗਾ।

[ਆਸਾ ਮਹਲਾ ੫, ਚਉਪਦਾ, ੧੧੮-੧੮੬]

ਪ੍ਰਾਕ੍ਕਥਨ—ਗਯਾਨ ਪ੍ਰਾਪਤਾਂ ਅਤੇ ਹੁਕਮ ਦੀ ਪਛਾਣ ਹੋ ਜਾਣ ਤੇ ਆਤਮ-ਸੁਖ ਦੀ ਪ੍ਰਾਪਤੀ ਹੁੰਦੀ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ॥ ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ॥ ੧॥	ਜਦ ਤਕ ਮਨ ਦੇ ਭਰਮ (ਦ੍ਰਿੜ ਸਨ) ਤਦ ਤਕ (ਮਨ) ਡਾਵਾਂ ਡੋਲ (ਹਾਲਤ ਵਿਚ) ਰਹਿੰਦਾ ਸੀ, (ਹੁਣ) ਆਪਣੇ ਗੁਰੂ ਨੇ (ਮੇਰੇ ਭਰਮ ਕਟ ਸੁੱਟੇ ਹਨ ਸੋ ਇਸਥਿਤੀ ਪ੍ਰਾਪਤ ਹੋ ਗਈ ਹੈ। (ਭਾਵ ਮਨ ਟਿਕ ਗਿਆ ਹੈ॥੧॥

ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ॥ ਹਮ ਛੂਟੇ ਅਬ ਉਨ੍ਾ ਤੇ ਓਇ ਹਮ ਤੇ ਛੂਟੇ ॥੧॥ ਰਹਾਉ ॥	ਓਹ (ਕਾਮ ਆਦਿ ਜੋ) ਝਗੜਾਲੂ ਵੈਰੀ ਸਨ, ਓਹ ਗੁਰੂ (ਦੀ ਕ੍ਰਿਪਾ) ਕਰਕੇ ਰਹਿ ਚੁਕੇ ਹਨ, ਅਸੀਂ ਹੁਣ ਉਨ੍ਹਾਂ ਤੋਂ ਛੁੱਟ ਗਏ ਹਾਂ, ਓਹ ਸਾਥੋਂ ਛੁੱਟ ਗਏ ਹਨ॥੧॥ਰਹਾਉ॥
ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥ ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥	(ਇਹ ਮਨ)ਜਦ ਤਕ ਮੇਰਾ ਮੇਰਾ ਜਾਣਦਾ ਸੀ ਤਦ ਹੀ ਬੰਧਾਇਮਾਨ ਸੀ (ਭਾਵ ਹਉਂ ਵਿਚ ਬੱਧਾ ਪਿਆ ਸੀ)। ਗੁਰੂ ਨੇ (ਜਦ) ਅਗਿਆਨਤਾਈ ਕੱਟ ਦਿੱਤੀ ਤਾ ਬੰਧਨ ਛੁਟਕ ਗਏ॥੨॥
ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥੩॥	ਜਦ ਤਕ (ਮਨ) ਹੁਕਮ ਨੂੰ ਨਹੀਂ ਬੁੱਝਦਾ ਤਦ ਤਕ ਹੀ ਦੁਖੀ ਰਹਿੰਦਾ ਹੈ, ਜਦ ਤੋਂ ਗੁਰੂ ਨੂੰ ਮਿਲਕੇ ਹੁਕਮ ਪਛਾਣ ਲਿਆ ਹੈ। ਤਦ ਤੋਂ ਸੁਖੀਆ ਹੋ ਗਿਆ ਹੈ॥੩॥
ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ॥ ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥੪॥੧੭॥੧੧੯॥	(ਹੁਣ) ਨਾ ਕੋਈ ਦੁਸ਼ਮਨ (ਰਹਿ ਗਿਆ ਹੈ) ਨਾ ਦੋਖੀ, ਨਾ ਹੀ ਕੋਈ ਮੰਦਾ (ਬੁਰਾ ਭਾਸਦਾ ਹੈ)। ਹੇ ਨਾਨਕ ! (ਹੁਣ ਮੈਂ) ਗੁਰੂ ਦੀ ਸੇਵਾ ਕਰਨੇ ਵਾਲਾ ਸੇਵਕ ਹਾਂ (ਤੇ ਅਪਣੇ) ਮਾਲਕ (ਵਾਹਿਗੁਰੂ) ਦਾ ਦਾਸ ਹਾਂ॥੪॥੧੭॥੧੧੯॥

ਵਯਾਖਯਾ— ਪਹਿਲੀ ਗਲ ਹੈ ਗੁਰੂ, ਗੁਰੂ ਨੇ ਮਿਲਣੇ ਤੇ ਭਰਮ ਦੂਰ ਕਰ ਦਿਤੇ। ਕਿਵੇਂ ? ਇਹ ਪਿਛਲੇ ਸ਼ਬਦਾਂ ਵਿਚ ਨਾਮ, ਬਾਣੀ, ਸ਼ੁਕਰ, ਆਦਿ ਉਪਾਉ ਆ ਚੁਕੇ ਹਨ, ਜਿਨ੍ਹਾਂ ਦੀ ਕਮਾਈ ਕਰਾ ਕੇ ਗੁਰੂ ਨੇ ਪਵਿਤ੍ਰਤਾ ਲਿਆ ਦਿਤੀ ਕਾਮ ਕ੍ਰੋਧ ਆਦਿ ਦੂਰ ਹੋ ਗਏ।

ਅੰਕ ੨ -ਫੇਰ ਗੁਰੂ ਨੇ ਮੇਰ ਤੇਰ ਚੁਕਾਈ ਕਿ ਇਹ ਹਉਮੈ ਹੈ ਸਭ ਕੁਛ ਵਾਹਿਗੁਰੂ ਦਾ ਹੈ, ਜੀਉ ਪਿੰਡ ਬੀ ਉਸ ਦਾ ਹੈ, ਸਾਰੇ ਜੀਉ ਪਿੰਡ ਉਸ ਦੇ ਹਨ। ਸਰਬ ਵਿਚ ਉਹ ਹੈ, ਉਸ ਤੇ ਨਜ਼ਰ ਟਿਕਾਓ, ਦ੍ਵੈਤ ਭਾਵਨਾ ਦੀ ਅਗਯਾਨਤਾ ਇਉਂ ਦੂਰ ਹੋ ਗਈ।

ਅੰਕ ੩—ਫੇਰ ਗੁਰੂ ਦੇ ਹੁਕਮ ਦੀ ਜਾਚ ਸਿਖਾਈ ਕਿ ਸੁਖ ਦੁਖ, ਹਰਖ ਸ਼ੋਕ ਦੇ ਸਾਮਾਨ ਜੋ ਵਰਤ ਰਹੇ ਹਨ, ਹੁਕਮ ਵਿਚ ਹਨ, ਹੁਕਮ ਮੰਨਿਆ ਤਾ ਸੁਖੀ ਹੋ ਗਏ।

ਅੰਕ ੪—ਆਪ ਨੂੰ ਗੁਰੂ ਕਾ ਸੇਵਕ ਤੇ ਵਾਹਿਗੁਰੂ ਦਾ ਬੰਦਾ ਸਮਝਕੇ ਰਜ਼ਾ ਤੇ ਟਿਕ ਰਹੇ ਹਾਂ, ਕਿਸੇ ਹੋਣਹਾਰ ਤੋਂ ਘਬਰਾਉਂਦੇ ਨਹੀਂ, ਤੇ ਮੇਰ ਤੇਰ ਚੁਕਾ ਕੇ ਸਭ ਵਿਚ ਵਯਾਪਕ ਪ੍ਰਭੂ ਦੇ ਦਰਸ਼ਨ ਕਰਦੇ ਪਰਮ ਸੁਖੀ ਹੋ ਰਹੇ ਹਾਂ।

ਨਿਰੁਕ੍ਤ—**ਡੀਗਨ ਡੋਲਾ**—(ਪੰ:,) ਡਾਵਾਂ ਡੋਲ ਹੋਣ ਦੀ ਹਾਲਤ। ਨਾ-ਟਿਕਾਉ।

ਬਿਸਰਾਮਾ—(ਸੰ:, ਵਿਸ਼੍ਰਾਮ:) ਟਿਕਾਉ। ਇਸਥਿਤੀ।

ਬਿਖਾਦੀ—(ਸੰਸ:, ਵਿਖ਼ਾਦੀ = ਦੁਖਦਾਈ) ਦੁਖ ਦੇਣ ਵਾਲੇ, ਝਗੜਾ ਕਰਨ ਵਾਲੇ।

ਦੋਖੀਆ—(ਸੰਸ:, ਦੋਖ਼ੀ = ਦੋਸ਼ ਪੂਰਣ, ਅਪਰਾਧੀ) ਦੁਸ਼ਟ ਵੈਰੀ।

ਹੂਟੇ—ਹੁੱਟ ਗਏ, ਥੱਕ ਕੇ ਰਹਿ ਗਏ। ਹਟ ਗਏ ਬੀ ਅਰਥ ਕਰਦੇ ਹਨ।

ਬੰਧਾ—ਬੰਧਾਇਮਾਨ, ਬੱਝਾ ਹੋਇਆ।

ਫੰਧਾ—ਫੰਧੇ। ਜਾਲ। ਫਸੌਤੀਆਂ। ਬੰਧਨ।

[ਆਸਾ ਮਹਲਾ ੫, ਚਉਪਦਾ, ੧੨੦-੧੮੭]

ਪ੍ਰਾਕ੍ਥਨ—ਨਾਮੀ ਪੁਰਖਾਂ ਨੂੰ ਸ਼ਗਨ ਅਪਸ਼ਗਨ ਵੀਚਾਰਨ, ਗ੍ਰੈਹਾਂ ਦਾ ਅਸਰ ਸੋਚਣ ਦੀ ਕੋਈ ਲੋੜ ਨਹੀਂ, ਓਹ ਪ੍ਰਭੂ ਦੀ ਰਖਜਾ ਵਿਚ ਹੁੰਦੇ ਹਨ।

ਮੂਲ	ਅਰਥ
ਆਸਾ ਮਹਲਾ ੫ ॥ ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ ॥ ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ ॥੧॥	ਹਰੀ ਦਾ ਕੀਰਤਨ ਗਾਉਂਦਿਆਂ ਸਹਜ ਦਾ ਸੁਖ (ਪਾਕੇ) ਬਹੁਤ ਆਨੰਦ ਹੋਇਆ ਹੈ। ਸਤਿਗੁਰੂ ਨੇ ਅਪਣਾ ਨਾਉ ਦੇ ਕੇ (ਸਾਰੇ) ਕਸ਼ਟ ਦੂਰ ਕਰ ਦਿੱਤੇ ਹਨ॥੧॥
ਬਲਿਹਾਰੀ ਗੁਰ ਆਪਣੇ ਸਦ ਸਦ ਬਲਿ ਜਾਉ ॥ ਗੁਰੂ ਵਿਟਹੁ ਹਉ ਵਾਰਿਆ ਜਿਸੁ ਮਿਲਿ ਸਚੁ ਸੁਆਉ॥੧॥ ਰਹਾਉ॥	ਅਪਣੇ ਗੁਰੂ ਤੋਂ ਸਦਕੇ ਹਾਂ,(ਉਸ ਤੋਂ)ਸਦਾ ਸ਼ਦਾ ਬਲਿਹਾਰਨੇ ਜਾਂਵਾਂ, (ਹਾਂ) ਗੁਰੂ ਤੋਂ ਮੈਂ ਵਾਰੇ ਜਾਵਾਂ ਜਿਸ ਨੂੰ ਮਿਲਕੇ (ਮੈਨੂੰ ਸੱਚਾ ਲਾਭ (ਪ੍ਰਾਪਤ ਹੋਇਆ) ਹੈ॥੧॥ਰਹਾਉ॥
ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥ ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥੨॥	(ਚੰਗੇ) ਸ਼ਗਨ (ਤੇ) ਮੰਦੇ ਸ਼ਗਨ ਉਸ ਨੂੰ ਲੱਗਦੇ ਹਨ ਜਿਸ ਨੂੰ (ਵਾਹਿਗੁਰੂ) ਚੇਤੇ ਨਹੀਂ ਆਉਂਦਾ (ਪਰ) ਜੋ ਹਰੀ ਪ੍ਰਭੂ ਨੂੰ ਭਾਉਂਦਾ ਹੈ ਉਸ ਦੇ ਤਾਂ ਜਮ (ਬੀ) ਨੇੜੇ ਨਹੀਂ ਫਟਕਦਾ॥੨॥
ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥ ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥੩॥	ਪੁੰਨ ਦਾਨ ਜਪ ਤਪ (ਆਦਿ) ਜਿਤਨੇ ਬੀ (ਸ਼ੁਭ ਕਰਮ ਹਨ) ਨਾਮ (ਦਾ ਦਰਜਾ) ਸਭ ਤੋਂ ਉੱਚਾ ਹੈ। ਜੋ ਜੀਭ ਨਾਲ ਹਰੀ ਹਰਿ ਨਾਮ ਜਪੇਗਾ ਉਹ ਪੂਰਨਕਾਮ ਹੋ ਜਾਏਗਾ (ਭਾਵ ਉਸ ਦੇ ਸਾਰੇ ਕਾਰਜ ਸਿੱਧ ਹੁੰਦੇ ਜਾਣਗੇ)॥੩॥
ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ ॥ ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ ॥੪॥੧੮॥੧੨੦॥	(ਐਸੇ ਪੁਰਖਾਂ ਦੇ) ਭੈ ਨਾਸ਼ ਹੋ ਗਏ, ਭਰਮ ਤੇ ਮੋਹ ਦੂਰ ਹੋ ਗਏ (ਉਨ੍ਹਾਂ ਨੂੰ ਫੇਰ) ਕੋਈ ਓਪਰਾ ਨਹੀਂ ਦਿੱਸਦਾ। ਹੇ ਨਾਨਕ ! ਪਾਰਬ੍ਰਹਮ ਨੇ (ਓਹ) ਰਖਜਾ ਵਿਚ ਲੈ ਲਏ ਹਨ, (ਉਨ੍ਹਾਂ ਨੂੰ) ਫੇਰ ਦੁਖ ਨਹੀਂ ਹੁੰਦਾ॥੪॥੧੮॥੧੨੦॥

ਵ੍ਯਾਖ੍ਯਾ— ਜਾਪਦਾ ਹੈ ਕਿਸੇ ਦੇ ਸ਼ਗਨ ਅਪਸ਼ਗਨ ਤੇ ਗ੍ਰੈਹਾਂ ਆਦਿ ਦੇ ਅਸਰਾਂ ਤੋਂ ਕਸ਼ਟਣੀਆਂ ਵਾਪਰਨ ਤੇ ਉਹਨਾਂ ਦੇ ਅਸਰ ਨਿਵਾਰਨ ਦੇ ਤਰਲੇ ਲੈਣੇ ਪਰ ਇਹ ਉਪਦੇਸ਼ ਹੋਇਆ ਹੈ।

ਰਹਾਉ ਤਕ ਜੋ ਕੁਛ ਫੁਰਮਾਇਆ ਹੈ ਗ੍ਰੈਹਾਂ ਦੇ ਅਸਰਾਂ ਦੇ ਨਿਵਾਰਨ ਦੀ ਸੋਚ ਪਰ ਹੈ, ਕਿ ਨਾਮ ਪ੍ਰਾਪਤ ਨੂੰ ਸੋਚ ਨਹੀਂ ਚਾਹੀਏ, ਨਾਮ ਜਦ ਮਿਲ ਗਿਆ ਤੇ ਅੰਦਰ ਬਹਿ ਗਿਆ ਤਦ ਸਹਿਜ ਸੁਖ ਹੋ ਗਿਆ, ਆਤਮ ਆਨੰਦ ਹੋ ਗਿਆ, ਸਭ ਕਸ਼ਟ ਦੂਰ ਹੋ ਗਏ। ਇਸ ਪਰ ਗੁਰੂ ਦਾ ਸ਼ੁਕਰ ਹੈ, ਜਿਸ ਨੇ ਇਹ ਨਾਮ ਦੀ ਦਾਤ ਦਿੱਤੀ।

ਅੰਕ ੨ ਵਿਚ ਸ਼ਗਨ ਅਪਸ਼ਗਨ ਬੀ ਨਾਮੀ ਪੁਰਸ਼ਾ ਲਈ ਬੇ ਅਸਰ ਦੱਸੇ, ਸਗੋਂ ਨਾਮ ਦੇ ਨੇੜੇ ਜਮ ਨਹੀਂ ਫਟਕਦਾ ਦੱਸਿਆ।

ਅੰਕ ੩ ਵਿਚ ਸਮੁੱਚੀ ਗਲ ਦੱਸੀ ਕਿ ਸਾਰੇ ਸ਼ੁਭ ਕਰਮਾਂ ਤੋਂ ਨਾਮ ਉੱਚਾ ਹੈ, ਨਾਮੀ ਪੁਰਖ ਦੇ ਸਭ ਕਾਰਜ ਸਿਰੇ ਚੜ੍ਹਦੇ ਹਨ।

ਅੰਕ ੪ ਵਿਚ ਨਾਮ ਦੁਆਰਾ ਪਾਰਬ੍ਰਹਮ ਦੀ ਰਾਖੀ ਵਿਚ ਆ ਗਏ ਪੁਰਖ ਦੀ ਅਵਸਥਾ ਦੱਸੀ ਕਿ ਉਸ ਦੇ ਭੈ ਭਰਮ ਤੇ ਮੋਹ ਦੂਰ ਹੋ ਜਾਂਦੇ ਹਨ ਤੇ ਕੋਈ ਓਪਰਾ ਨਹੀਂ ਦਿੱਸਦਾ, ਦ੍ਵੈਤ ਭਾਵਨਾ ਬਿਲਾ ਜਾਂਦੀ ਹੈ ਤੇ ਓਹ ਨਿਰਦੁਖ ਹੋ ਜਾਂਦੇ ਹਨ।

ਨਿਰੁਕ੍ਤ—ਗਰਹ—[ਸੰਸ:, ਗ੍ਰਹ:] ਮੁਰਾਦ ਹੈ ਰਾਹੂ ਕੇਤੂ ਆਦਿ ਗ੍ਰੈਹਾਂ ਤੋਂ, ਜਿਨ੍ਹਾਂ ਤੋਂ ਜੀਵਾਂ ਦੇ ਦੁਖ ਸੁਖ ਦੀ ਵੀਚਾਰ ਜਜੋਤਸ਼ੀ ਲੈ ਕੇ ਕਰਦੇ ਹਨ। ਮੁਰਾਦ ਕਸ਼ਟਣੀਆਂ ਤੋਂ ਹੈ।

ਸੁਆਉ—[ਸੰਸ:, ਸ੍ਵਾਰਥ:] ਅਪਨਾ ਅਰਥ। ਏਥੇ ਭਾਵ 'ਨਿਜੀ ਲਾਭ' ਤੋਂ ਹੈ।

ਸਗੁਨ ਅਪਸਗੁਨ—[ਸੰਸ:, ਸ਼ਕੁਨੰ, ਅਪਸ਼ਕੁਨੰ] ਚੰਗੀ ਮੰਦੀ ਘਟਨਾ ਦੇ ਆਉਣ ਦੀ ਨਿਸ਼ਾਨੀ।

ਪੂਰਨ ਕਾਮ—ਜਿਸ ਦਾ ਕਾਰਜ ਸਿਰੇ ਚੜ੍ਹ ਜਾਵੇ। (ਅ) ਜੇ ਪਾਠ ਹੁੰਦਾ 'ਪੂਰਨ ਕਾਮ' ਤਾਂ ਅਰਥ ਹੁੰਦਾ, ਉਹ ਜਿਸ ਦੀ ਕਾਮਨਾ ਇੱਛਾ ਪੂਰਣ ਯਾ ਤ੍ਰਿਪਤ ਹੋ ਚੁਕੀਆਂ ਹੋਣ। ਆਪਤ ਕਾਮ।

ਬੀਆ—[ਪੰਜਾ:,] ਦੂਸਰਾ, ਓਪਰਾ।

[ਆਸਾ ਮਹਲਾ ੫, ਚਉਪਦਾ, ੧੨੧—੧੮੮]

ਆਸਾ ਘਰੁ ੯ ਮਹਲਾ ੫ ੧ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਚਿਤਵਉ ਚਿਤਵਿ ਸਰਬ ਸੁਖ ਪਾਵਉ ਆਗੈ ਭਾਵਉ ਕਿ ਨ ਭਾਵਉ ॥ ਏਕੁ ਦਾਤਾਰੁ ਸਗਲ ਹੈ ਜਾਚਿਕ ਦੂਸਰ ਕੈ ਪਹਿ ਜਾਵਉ ॥੧॥	(ਪ੍ਰਭੂ ਨੂੰ) ਸਿਮਰਦਾ ਹਾਂ ਕਿ ਸਿਮਰਨ ਕਰਕੇ ਸਾਰੇ ਸੁਖ ਪਾਵਾਂ, (ਪਰ ਪਤਾ ਨਹੀ ਕਿ) ਅੱਗੇ (ਅਕਾਲ ਪੁਰਖ ਨੂੰ) ਭਾਵਾਂਗਾ ਕਿ ਨਹੀ ਭਾਵਾਂਗਾ। (ਭਾਵਾਂ ਚਾਹੇ ਨਾ ਭਾਵਾਂ ਮੈਂ ਮੰਗੀ ਜਾਣਾ ਹੈ, ਕਿਉਂਕਿ) ਦਾਤਾ ਇਕੋ (ਉਹੋ) ਹੈ, (ਸ੍ਰਿਸ਼ਟੀ) ਸਾਰੀ ਹੈ ਮੰਗਣਹਾਰ, ਦੂਸਰੇ ਕਿਸ ਪਾਸ (ਮੰਗਣ) ਜਾਵਾਂ (ਦੂਸਰਾ ਦਾਤਾ ਕੋਈ ਉਸ ਵਰਗਾ ਹੈ ਹੀ ਨਹੀ)॥੧॥
ਹਉ ਮਾਗਉ ਆਨ ਲਜਾਵਉ ॥ ਸਗਲ ਛਤ੍ਰਪਤਿ ਏਕੋ ਠਾਕੁਰੁ ਕਉਨੁ ਸਮਸਰਿ ਲਾਵਉ ॥ ੧॥ ਰਹਾਉ ॥	ਮੈਂ ਕਿਸੇ ਹੋਰ ਪਾਸੋਂ ਮੰਗਾਂ ? (ਮੈਨੂੰ) ਸ਼ਰਮ ਆਉਂਦੀ ਹੈ। (ਮੇਰਾ) ਠਾਕੁਰ ਇਕੋ ਹੈ ਜੋ ਚੱਕ੍ਰਵਰਤੀ ਰਾਜਾ ਹੈ, ਉਸ ਦੇ ਤੁੱਲ (ਮੈਂ ਹੋਰ) ਕਿਸ ਨੂੰ ਲਾਵਾਂ (ਭਾਵ ਗਿਣਾਂ)॥੧॥ ਰਹਾਉ॥
ਊਠਉ ਬੈਸਉ ਰਹਿ ਭਿ ਨ ਸਾਕਉ ਦਰਸਨੁ ਖੋਜਿ ਖੋਜਾਵਉ ॥ ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ੍ ਕਉ ਮਹਲੁ ਦੁਲਭਾਵਉ ॥੨॥	(ਇਸ ਲਈ ਉਸੇ ਦੇ) ਦਰਸ਼ਨ ਨੂੰ ਢੂੰਡਦਾ ਹਾਂ (ਫਿਰ ਫਿਰ) ਢੂੰਡਦਾ ਹਾਂ, (ਛੱਡ ਦਿਆਂ ? ਪਰ) ਰਿਹਾ ਬੀ ਨਹੀ ਜਾਂਦਾ, (ਇਸ ਲਈ ਕਦੇ) ਉਠਦਾ ਹਾਂ (ਕਦੇ) ਬੈਠਦਾ ਹਾਂ (ਭਾਵ ਦਰਸ਼ਨ ਤਾਂਘ ਵਿਚ ਲੱਗਾ ਰਹਿੰਦਾ ਹਾਂ। (ਮੈਂ ਕੀਹ), ਬ੍ਰਹਮਾ ਆਦਿ (ਵਰਗੇ), ਸਨਕ ਆਦਿਕ: ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਵਰਗੇ ਜੋ ਸਨ) ਉਨ੍ਹਾਂ ਨੂੰ ਬੀ (ਮੇਰੇ ਛਤ੍ਰਪਤਿ

	ਦੀ) ਸਰੂਪ ਦੀ ਪ੍ਰਾਪਤੀ (ਭਾਵ ਪ੍ਰਭੂ ਦੀ ਦਰਸ਼ਨ ਪ੍ਰਾਪਤੀ) ਕਠਨਤਾ ਨਾਲ ਲਭੀਣ ਵਾਲੀ (ਵਸਤੂ) ਹੈ॥੨॥
ਅਗਮ ਅਗਮ ਆਗਾਧਿ ਬੋਧ ਕੀਮਤਿ ਪਰੈ ਨ ਪਾਵਉ ॥ ਤਾਕੀ ਸਰਣਿ ਸਤਿ ਪੁਰਖ ਕੀ ਸਤਿਗੁਰੁ ਪੁਰਖੁ ਧਿਆਵਉ ॥੩॥	(ਹਾਂ, ਜੋ ਇੰਦ੍ਰਿਆਂ ਦੀ) ਪਹੁੰਚ ਤੋਂ ਪਰੇ (ਹੈ, ਮਨ ਦੀ) ਪਹੁੰਚ ਤੋਂ ਪਰੇ (ਹੈ, ਬੁੱਧੀ ਵਾਲੇ) ਬੋਧ (=ਗਜਾਨ ਤੋਂ ਜਾਣੇ ਜਾਣ ਲਈ ਜੋ) ਅਥਾਹ (ਹੈ, ਜਿਸ ਦੀ) ਕੀਮਤ (ਹਰ ਤਰ੍ਹਾਂ) ਪਰੇ (ਤੋਂ ਪਰੇ ਹੋਣ ਕਰਕੇ ਮੈਂ) ਪਾ ਨਹੀਂ ਸਕਦਾ; (ਉਸ ਦੀ ਪ੍ਰਾਪਤੀ ਲਈ ਮੈਂ) ਸਤਿ ਪੁਰਖ (ਭਾਵ ਸਤਿਗੁਰੂ) ਦੀ ਸ਼ਰਣ ਤੱਕੀ ਹੈ (ਭਾਵ ਫੜੀ ਹੈ ਤੇ ਹੁਣ ਮੈਂ) ਸਤਿਗੁਰੂ ਪੁਰਖ ਨੂੰ ਧਿਆਉਂਦਾ ਹਾਂ॥੩॥
ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕੁਰੁ ਕਾਟਿਓ ਬੰਧੁ ਗਰਾਵਉ ॥ ਕਹੁ ਨਾਨਕ ਜਉ ਸਾਧਸੰਗੁ ਪਾਇਓ ਤਉ ਫਿਰਿ ਜਨਮਿ ਨ ਆਵਉ ॥੪॥੧॥੧੨੧॥	(ਇਸ ਦਾ ਫਲ ਇਹ ਹੋਇਆ ਹੈ (ਕਿ) ਠਾਕੁਰ ਪ੍ਰਭੂ ਕ੍ਰਿਪਾਲ ਤੇ ਦਿਆਲ ਹੋ ਗਿਆ ਹੈ (ਤੇ ਮੇਰੇ) ਗਲੇ ਤੋਂ (ਅਗਜ ਨਦਾ) ਬੰਧਨ (ਜੋ ਦਰਸ਼ਨ ਨਹੀਂ ਸੀ ਹੋਣ ਦੇਂਦਾ) ਕੱਟ ਦਿੱਤਾ ਹੈ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ ਕਿ ਹੁਣ) ਜਦ ਮੈਂ ਸਾਧ ਦਾ ਸੰਗ ਪਾ ਲਿਆ ਹੈ ਤਦ (ਮੈਂ) ਜਨਮ ਵਿਚ (ਮੁੜ ਕੇ) ਨਹੀਂ ਆਵਾਂਗਾ॥੪॥੧॥੧੨੧॥

ਵਯਾਖਯਾ— ਅੰਕ ੧ ਤੋਂ ਅੰਕ ੨ ਦੀ ਪਹਿਲੀ ਸਤਰ ਵਿਚ ਅਪਣੀ ਪ੍ਰੇਮਾਤੁਰ ਬਿਹਬਲ ਦਸ਼ਾ ਵਰਣਨ ਕੀਤੀ ਹੈ, ਇਥੋਂ ਤਾਂਈ ਕਿ ਵਾਹਿਗੁਰੂ ਨੂੰ ਸਿਮਰਨ ਕਰਦਿਆਂ ਉਸ ਦਾ ਫਲ ਸਰਬ ਸੁਖ ਦੇਖਦਿਆ ਅਭਿਲਾਖ ਇਹ ਹੈ ਕਿ ਕਿਵੇਂ ਪਤਾ ਲਗੇ ਕਿ ਪ੍ਰਭੂ ਨੂੰ ਭਾ ਰਿਹਾ ਹਾਂ ਕਿ ਨਹੀਂ। ਫੇਰ ਆਖਦੇ ਹਨ ਕਿ ਚਾਹੋ ਭਾਵਾਂ ਕਿ ਨਾ, ਮੈਂ ਕਾਸ ਨੂੰ ਫਿਕਰ ਕਰਾਂ, ਮੈਂ ਲੱਗਾ ਰਹਾਂ ਉਸੇ ਅਦੁਤੀ ਇਕੋ ਸੁਆਮੀ ਵਾਹਿਗੁਰੂ ਦੀ ਅਰਾਧਨਾ ਕਰਦਾ ਰਹਾਂ, ਜੋ ਮੇਰਾ ਫ਼ਰਜ਼ ਹੈ। ਹੋਰ ਕਿਸ ਤੋਂ ਮੰਗਾਂ ਕੋਈ ਉਸ ਤੁੱਲ ਹੈ ਹੀ ਨਹੀਂ। ਮੈਂ ਕਿਸੇ ਹੋਰਸ ਤੋਂ ਮੰਗਣ ਜਾਵਾਂ ਇਹ ਗਲ ਕਿਉਂ ਹੋਵੇ ਮੈਨੂੰ ਤਾਂ ਇਸ ਗਲ ਤੋਂ ਸ਼ਰਮ ਆਉਂਦੀ ਹੈ ਕਿ ਮੈਨੂੰ ਇਹ ਫੁਰਨਾ ਹੀ ਕਿਉਂ ਫੁਰੇ ਕਿ ਮੈਂ ਕਿਸੇ ਹੋਰਸ ਤੋਂ ਮੰਗਾਂ। ਮੈਨੂੰ ਤਾਂ ਉਸ ਠਾਕੁਰ ਤੋਂ ਮੰਗਣ ਦੀ ਲਾਲਸਾ ਅਤ੍ਰਿਪਤ ਲਗ ਰਹੀ ਹੈ, ਸਖ਼ਤ ਬੇਚੈਨ ਕਰ ਰਹੀ ਹੈ, ਕਦੇ ਉੱਠਣਾ ਕਦੇ ਬੈਠਣਾ, ਆਰਾਮ ਕਰਨਾ ਤਾ ਕਿਤੇ ਰਿਹਾ, ਰਿਹਾ ਹੀ ਨਾ ਜਾਵੇ। ਹਰਦਮ ਖੋਜ ਹੀ ਲੱਗੀ ਰਹਿਣਾ ਇਹ ਪ੍ਰੇਮ ਵਿਚ ਬਿਰਹਾਤੁਰ ਅਵਸਥਾ ਹੈ।

ਇਥੇ ਕੁ ਇਕ ਸੰਸਾ ਉੱਠ ਖੜੋਂਦਾ ਹੈ ਕਿ ਇਸ ਬਿਹਬਲਤਾ ਨਾਲ ਸਰੀਰਕ ਸੁਖ ਕਿ ਮਾਨਸਿਕ ਸੁਖ ਮੰਗ ਰਹੇ ਹਨ ? ਨਹੀਂ, ਉਹ ਤਾਂ ਕੇਵਲ ਦਰਸ਼ਨ ਸੁਖ ਮੰਗ ਰਹੇ ਹਨ ਤੇ ਇਹ ਚਾਹ ਰਹੇ ਹਨ ਕਿ ਕਿਵੇਂ ਵਾਹਿਗੁਰੂ ਜੀ ਨੂੰ ਭਾ ਜਾਵਾਂ। ਇਸ ਸੁਖ ਦੇ ਸਿਵਾ ਬਿਹਬਲਤਾ ਹੋਰ ਕਿਸੇ ਲਈ ਨਹੀਂ, ਕਿਉਂਕਿ ਪਹਿਲੀ ਸਤਰ ਵਿਚ ਦੱਸ ਆਏ ਹਨ ਕਿ ਸਾਂਈਂ ਨੂੰ ਯਾਦ ਕਰਨੇ ਨਾਲ ਹੋਰ ਸਾਰੇ ਸੁਖ ਆਪੇ ਮਿਲ ਜਾਂਦੇ ਹਨ, ਸੋ ਉਹਨਾਂ ਲਈ ਇਤਨੀ ਤੀਬਰ ਅਭਿਲਾਖ ਨਹੀਂ, ਇਹ ਤੀਬਰ ਅਭਿਲਾਖ ਦਰਸ ਸੁਖ ਲਈ, ਪਜਾਰੇ ਨੂੰ ਭਾ ਜਾਣ ਲਈ ਹੈ।

ਅੰਕ ੨ ਦੀ ਦੂਜੀ ਸਤਰ ਤੇ ਅੰਕ ੩ ਦੀ ਪਹਿਲੀ ਸਤਰ ਵਿਚ ਜਿਸ ਦਾਤ ਦੀ ਮੰਗ ਕਰ ਰਹੇ ਹਨ ਉਸ ਨੂੰ ਮਹਲ ਦੀ ਪ੍ਰਾਪਤੀ ਕਹਿ ਰਹੇ ਹਨ ਤੇ ਉਸ ਦੀ ਪ੍ਰਾਪਤੀ ਦੀ ਕਠਨਤਾ ਦੱਸ ਰਹੇ ਹਨ। ਪਹਿਲੋਂ ਦੱਸਿਆ ਸੀ ਕਿ ਵਡੇ ਵਡੇ ਜੋ ਤਪੱਸੀ ਵਾਹਿਗੁਰੂ ਦਰਸ਼ਨਾਂ ਦੇ ਪ੍ਰੇਮੀ ਹੋਏ ਹਨ ਇਹ ਅਵਸਥਾ ਉਹਨਾਂ ਲਈ ਬੀ ਦੁਰਲਭ ਹੋਈ।

ਅੰਕ ੩ ਦੀ ਪਹਿਲੀ ਸਤਰ ਵਿਚ ਕਾਰਣ ਵਲ ਇਸ਼ਾਰਾ ਕੀਤਾ ਹੈ ਕਿ ਉਹ ਠਾਕਰ ਇੰਦ੍ਰੇ, ਮਨ, ਬੁੱਧੀ, ਇਨ੍ਹਾਂ ਦੀ ਪਹੁੰਚ ਤੋਂ ਪਰੇ ਹੈ, ਇਨ੍ਹਾਂ ਸੰਦਾਂ ਨਾਲ ਉਸ ਦੀ ਕੀਮਤ ਨਹੀਂ ਪੈ ਸਕਦੀ, ਭਾਵ

ਇਹ ਕਿ ਓਹ ਇਨ੍ਹਾਂ ਦਾ ਵਿਸ਼ਾ ਹੋ ਨਹੀਂ ਸਕਦਾ; ਇਸ ਕਰਕੇ ਬ੍ਰਹਮਾਦਿਕਾ ਨੂੰ ਬੀ ਪ੍ਰਾਪਤੀ ਕਠਨ ਰਹੀ।

ਅੰਕ ੩ ਦੀ ਦੂਸਰੀ ਸਤਰ ਵਿਚ ਹੁਣ ਦਾਰੂ ਦੱਸਦੇ ਹਨ ਤੇ ਓਹ ਅਪਣੇ ਦੁਆਰਾ ਹੀ ਦੱਸਦੇ ਹਨ ਕਿ ਮੈਂ ਸਤਿਗੁਰੂ ਰਾਮਦਾਸ ਦੀ ਸ਼ਰਣ ਤਕਾਈ। ਪਹਿਲੇਂ ਉਹਨਾਂ ਨੂੰ ਸਤਿਪੁਰਖ ਆਖਦੇ ਹਨ, ਕਿਉਂਕਿ ਓਹ ਸਤਿ ਸਰੂਪਤਾ ਵਿਚ ਸਤਿ ਸਰੂਪ ਹੋ ਚੁਕੇ ਹੋਏ ਸਨ ਫਿਰ ਉਹਨਾਂ ਨੂੰ ਸਤਿਗੁਰ ਪੁਰਖ ਆਖਿਆ। ਉਹਨਾਂ ਦੀ ਅਰਾਧਨਾ ਕੀਤੀ। ਉਸ ਗੁਰੂ ਦੀ ਉਪਾਸਨਾ ਕਰਨੇ ਨਾਲ ਚਿਤ ਬ੍ਰਿਤੀ ਏਕਾਗਰ ਹੋਈ ਤੇ ਆਪਾ ਸੁਖ ਸਹਿਤ ਸਹਜ ਘਰ ਆ ਗਿਆ; ਅਰਥਾਤ ਸ੍ਵੈ ਗਜਾਨ, ਸਹਜਗਜਾਨ, ਸਰੂਪ ਦੀ ਲੱਖਤਾ ਪ੍ਰਾਪਤ ਹੋ ਗਈ,ਵਾਹਿਗੁਰੂ ਸਰੂਪ ਦੀ ਲੱਖਤਾ। ਇਹੋ ਸੀ ਦਰਸ਼ਨ ਦਾਤ, ਇਹੋ ਸੀ 'ਭਾਵਉ' ਕਿ ਜਦ ਤਕ ਭਾਵਾਂ ਨਾ ਕ੍ਰਿਪਾਲਤਾ ਹੋ ਨਹੀਂ ਸਕਦੀ।

ਸੋ ਅੰਕ ੪ ਵਿਚ ਇਹ ਆਖ ਕੇ 'ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕੁਰੁ' ਜਣਾ ਦਿਤਾ ਕਿ ਪ੍ਰਭੂ ਨੂੰ ਭਾ ਗਿਆ ਤਾਂ ਕ੍ਰਿਪਾਲਤਾ ਹੋਈ,ਤੇ ਕ੍ਰਿਪਾਲਤਾ ਹੋ ਕੇ ਕੀਹ ਹੋਇਆ ਕਿ ਗਲੇ ਤੋਂ ਬੰਧਨ ਕਟ ਗਿਆ। ਇਹ'ਬੰਧਨ' ਪਦ ਇਕ ਵਚਨ ਹੈ, ਸੋ ਉਹ ਇਕ ਬੰਧਨ ਕਿਹੜਾ ਹੈ, ਅਗਜਾਨ ਦਾ।

ਅਖੀਰਲੀ ਸਤਰ ਵਿਚ ਨਿਜੀ ਤਜਰਬੇ ਦੀ ਬੋਲੀ ਵਿਚ ਸਾਨੂੰ ਉਪਦੇਸ਼ ਕਰਦੇ ਹਨ ਕਿ ਸਤਿਸੰਗ ਕਰੋ,ਸਚ ਮੁਚ ਦਾ ਸਤਿਸੰਗ, ਫਿਰ ਜਨਮ ਮਰਨ ਕੱਟ ਹੋ ਜਾਸੀ।

ਨਿਰੁਕ੍ਤ—**ਚਿਤਵਉ**—ਚਿਤਵਦਾ ਹਾਂ,ਯਾਦ ਕਰਦਾ ਹਾਂ।ਸਿਮਰਦਾ ਹਾਂ।

ਜਾਚਿਕ—[ਸੰਸ:, ਯਾਚਕ:] ਮੰਗਣਹਾਰ। **ਆਨ**-ਹੋਰ ਪਾਸੋਂ।

ਛਤ੍ਰਪਤਿ—[ਸੰਸ:, ਛਤ੍ਰਪਤਿ:] ਛਤ੍ਰ ਦਾ ਮਾਲਕ।ਰਾਜਾ। ਮੁਰਾਦ ਚੱਕ੍ਰਵਰਤੀ ਰਾਜਾ ਤੋਂ ਹੈ।

ਸਮਸਰਿ—ਤੁੱਲ, ਬਰੱਬਰ। **ਬ੍ਰਹਮਾਦਿਕ**—ਬ੍ਰਹਮਾ ਵਰਗੇ(ਦੇਵਤੇ) ਸ਼ਿਵ, ਵਿਸ਼ਨੂੰ ਆਦਿ। **ਸਨਕਾਦਿਕ**—ਸਨਕ ਆਦਿ। ਬ੍ਰਹਮਾ ਦੇ ਚਾਰ ਪੁਤ੍ਰ:-ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਰ। ਇਨ੍ਹਾਂ ਨੂੰ ਦੇਵ ਕੁਮਾਰ ਤੇ ਬਾਲ ਜਤੀ ਬੀ ਕਹਿੰਦੇ ਹਨ। ਏਹ ਸਦਾ ਬਾਲ ਅਵਸਥਾ ਵਿਚ ਸਮਝੇ ਜਾਂਦੇ ਹਨ। ਏਹ ਬਹੁਤ ਮਿਹਨਤ ਨਾਲ ਗਜਾਨ ਨੂੰ ਅੱਪੜੇ।

ਦੁਲਭਾਵਉ—ਦੁਰਲਭ ਹੈ।

ਅਗਮ ਅਗਮ ਆਗਾਧਿ ਬੋਧ-ਅਰਥ ਵਜਾਖਜਾ ਵਿਚ ਆ ਚੁਕੇ ਹਨ।

ਗਰਾਵਉ—ਗਰੇ ਤੋਂ, ਗਲੇ ਤੋਂ। ਭਾਵ ਮਨ ਦੇ ਵਿਚੋਂ ਅਗਜਾਨ ਦੂਰ ਕਰਕੇ ਵਾਹਿਗੁਰੂ ਸਰੂਪ ਤੱਕ ਅਪੜਾ ਦਿੱਤਾ।

[ਆਸਾ ਮਹਲਾ ੫,ਚਉਪਦਾ, ੧੨੨-੧੮੯]

ਮੂਲ	ਅਰਥ
ਆਸਾ ਮਹਲਾ ੫ ॥ **ਅੰਤਰਿ ਗਾਵਉ ਬਾਹਰਿ ਗਾਵਉ ਗਾਵਉ ਜਾਗਿ ਸਵਾਰੀ ॥** **ਸੰਗਿ ਚਲਨ ਕਉ ਤੋਸਾ ਦੀਨ੍ਹਾ ਗੋਬਿੰਦ ਨਾਮ ਕੇ ਬਿਉਹਾਰੀ ॥੧॥**	(ਮੈਂ ਘਰ ਦੇ) ਅੰਦਰ ਬੈਠਾ (ਬੀ ਵਾਹਿਗੁਰੂ ਦੇ ਗੁਣ) ਗਾਉਂਦਾ ਹਾਂ, ਬਾਹਰ (ਫਿਰਦਿਆਂ ਬੀ ਹਰੀ ਦੇ ਗੁਣ) ਗਾਉਂਦਾ ਹਾਂ, ਜਾਗਦਿਆਂ (ਤਾਂ) ਗਾਉਂਦਾ ਹਾਂ (ਪਰ) ਸੌਣ ਲੱਗਿਆਂ (ਬੀ ਗਾਉਂਦਾ ਹਾਂ)। (ਮਰਕੇ ਅੱਗੋਂ) ਨਾਲ ਚੱਲਣੇ ਲਈ (ਸਾਨੂੰ) ਗੋਬਿੰਦ ਨਾਮ ਦੇ ਵਪਾਰੀ ਨੇ ਤੋਸ਼ਾ ਦਿੱਤਾ ਹੈ (ਅਥਵਾ ਅਸੀ ਹੁਣ ਗੋਬਿੰਦ ਦੇ ਨਾਮ ਦੇ ਵਪਾਰੀ ਹੋ ਗਏ ਹਾਂ)॥੧॥
ਅਵਰ ਬਿਸਾਰੀ ਬਿਸਾਰੀ ॥ ਨਾਮੁ ਦਾਨੁ ਗੁਰਿ ਪੂਰੈ ਦੀਓ ਮੈ ਏਹੋ ਆਧਾਰੀ ॥੧॥ ਰਹਾਉ ॥	ਹੋਰ (ਗੱਲਾਂ ਦੀ ਸੂਰਤ ਅਸਾਂ) ਵਿਸਾਰ ਦਿੱਤੀ ਹੈ (ਹਾਂ) ਵਿਸਾਰ ਦਿੱਤੀ ਹੈ, ਪੂਰੇ ਗੁਰੂ ਨੇ (ਸਾਨੂੰ) ਨਾਮ ਦਾਨ ਦਿੱਤਾ ਹੈ (ਹੁਣ ਕੇਵਲ) ਏਹੋ ਮੇਰਾ ਆਸਰਾ ਹੈ॥੧॥ ਰਹਾਉ॥

ਦੂਖਨਿ ਗਾਵਉ ਸੁਖਿ ਭੀ ਗਾਵਉ ਮਾਰਗਿ ਪੰਥਿ ਸਮ੍ਾਰੀ ॥ ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ ਮੋਰੀ ਤਿਸਾ ਬੁਝਾਰੀ ॥੨॥	ਦੁਖਾਂ ਵਿਚ ਗਾਉਂਦਾ ਹਾਂ ਤੇ ਸੁਖਾਂ ਵਿਚ ਬੀ ਗਾਉਂਦਾ ਹਾਂ,ਰਾਹਾਂ,ਖਹੜਿਆਂ ਵਿਚ ਬੀ ਸੰਮ੍ਹਾਲਦਾ (ਟੁਰਦਾ ਹਾਂ)। ਗੁਰੂ ਨੇ ਮਨ ਵਿਚ ਨਾਮ (ਐਸਾ) ਦਿੱਤਾ ਹੈ (ਕਿ) ਦ੍ਰਿੜ ਕਰਾ ਦਿੱਤਾ ਹੈ, ਮੇਰੀ (ਸਾਰੀ ਤ੍ਰਿਸ਼ਨਾ ਰੂਪੀ) ਤ੍ਰੇਹ (ਹੀ) ਬੁਝਾ ਦਿੱਤੀ ਹੈ॥ ੨॥
ਦਿਨੁ ਭੀ ਗਾਵਉ ਰੈਨੀ ਗਾਵਉ ਗਾਵਉ ਸਾਸਿ ਸਾਸਿ ਰਸਨਾਰੀ ॥ ਸਤਸੰਗਤਿ ਮਹਿ ਬਿਸਾਸੁ ਹੋਇ ਹਰਿ ਜੀਵਤ ਮਰਤ ਸੰਗਾਰੀ ॥੩॥	(ਨਾਮ ਦ੍ਰਿੜਤਾ ਐਸੀ ਹੋ ਗਈ ਹੈ ਕਿ) ਦਿਨੇ ਬੀ ਗਾਂਵਦਾ ਹਾਂ,ਰਾਤੀ ਬੀ ਗਾਉਂਦਾ ਹਾਂ (ਗੱਲ ਕੀ) ਸ੍ਵਾਸ ਸ੍ਵਾਸ ਵਿਚ ਰਸਨਾ ਨਾਲ ਪਿਆ ਗਾਂਵਦਾ ਹਾਂ। (ਹਾਂ ਭਾਈ ! ਇਹ ਭਰੋਸਾ (ਕਿ) ਹਰੀ ਜੀਉਂਦਿਆਂ ਮਰਦਿਆਂ ਅੰਗ ਸੰਗ ਰਹਿੰਦਾ ਹੈ, ਸਾਧ ਸੰਗਤ ਵਿਚੋਂ (ਪੈਦਾ) ਹੁੰਦਾ ਹੈ॥ ੩॥
ਜਨ ਨਾਨਕ ਕਉ ਇਹੁ ਦਾਨੁ ਦੇਹੁ ਪ੍ਰਭ ਪਾਵਉ ਸੰਤ ਰੇਨ ਉਰਿ ਧਾਰੀ ॥ ਸ੍ਰਵਨੀ ਕਥਾ ਨੈਨ ਦਰਸੁ ਪੇਖਉ ਮਸਤਕੁ ਗੁਰ ਚਰਨਾਰੀ ॥੪॥੨॥੧੨੨॥	ਹੇ ਪ੍ਰਭੂ ! ਦਾਸ ਨਾਨਕ ਨੂੰ ਇਹ ਦਾਨ ਦਿਓ ਕਿ (ਮੈਂ) ੧. ਸੰਤਾਂ ਦੀ ਚਰਨ ਧੂੜ ਪਾਵਾਂ ਤੇ ੨. ਹਿਰਦੇ ਵਿਚ (ਨਾਮ ਨੂੰ) ਸੰਭਾਲ ਕੇ ਰੱਖਾਂ, ੩ ਕੰਨਾਂ ਨਾਲ (ਹਰੀ-) ਕਥਾ (ਸੁਣਾਂ), ੪ ਅੱਖਾਂ ਨਾਲ (ਗੁਰੂ ਕਾ) ਦਰਸ਼ਨ ਵੇਖਾਂ, ਤੇ ੫. ਮੱਥਾ ਗੁਰੂ ਦੇ ਚਰਨਾਂ ਤੇ ਰੱਖਾਂ॥ ੪॥ ੨॥ ੧੨੨॥

ਵਯਾਖਯਾ— ਅੰਕ ੧- ਭਾਵ ਹੈ ਹਰ 'ਸਮੇਂ ਤੇ ਹਰ 'ਥਾਂ ਜੀਵਤ ਤੇ ਮਰਤੇ ਹਰ ਹਾਲ ਲਈ ਸਾਨੂੰ ਤੋਸ਼ਾ ਦਿਤਾ ਹੈ ਹਰੀ ਦੇ ਯਸ਼ ਗਾਇਨ ਦਾ। ਕਿਸ ਨੇ ਦਿੱਤਾ ਹੈ ? ਗੋਬਿੰਦ ਦੇ ਨਾਮ ਦੇ ਵਪਾਰੀ ਨੇ। ਪਰ ਕਈ ਦਾਨੇ ਅਰਥ ਕਰਦੇ ਹਨ ਕਿ ਅਸੀਂ ਹੁਣ ਗੋਬਿੰਦ ਦੇ ਨਾਮ ਦੇ ਵਪਾਰੀ ਹੋ ਗਏ ਹਾਂ।

ਰਹਾਉ ਵਿਚ ਹੁਣ ਨਾਮ ਦਾ ਜ਼ਿਕਰ ਹੈ। ਪਹਿਲੇ ਹਰੀ ਕੀਰਤਨ ਦੀ ਦਾਤ ਮਿਲੀ ਸੀ ਹੁਣ ਨਾਮ ਦੀ। ਇਹ ਦਾਨ ਦੇਣ ਵਾਲਾ ਬੀ ਉਹੋ ਗੋਬਿੰਦ ਨਾਮ ਦਾ ਵਪਾਰੀ-ਗੁਰੂ-ਹੈ।

ਅੰਕ ੨ ਵਿਚ ਹਰ ਹਾਲਤ ਵਿਚ ਸਿਮਰਨ, ਹਰ ਥਾਂ ਸਿਮਰਨ ਦੀ ਦ੍ਰਿੜਤਾ, ਅਰਥਾਤ ਪ੍ਰਪੱਕਤਾ ਦਰਸਾਈ ਹੈ ਕਿ ਜੋ ਪਹਿਲਾਂ ਕਾਰ ਜਾਰੀ ਸੀ ਹੁਣ ਦ੍ਰਿੜਤਾ ਨੂੰ ਅੱਪੜ ਗਈ ਹੈ, ਤੇ ਫਲ ਬੀ ਲਗ ਪਿਆ ਹੈ ਕਿ ਤ੍ਰਿਸ਼ਨਾ ਮਰ ਗਈ ਹੈ।

ਅੰਕ ੩ ਵਿਚ ਦੱਸਦੇ ਹਨ ਕਿ ਜਿਸ ਦੇ ਗੁਣ ਗਾਉਂਦੇ ਤੇ ਨਾਮ ਜਿਸ ਦਾ ਹਰ ਸਮੇਂ ਤੇ ਹਰ ਥਾਂ ਜਪਦੇ ਸਾਂ ਉਸ ਹਰੀ ਵਿਚ ਦ੍ਰਿੜ ਵਿਸ਼ਵਾਸ਼ ਹੋ ਗਿਆ ਕਿ ਉਹ ਹਰੀ ਹੁਣ 'ਓਹ' ਨਹੀਂ 'ਓਪਰਾ' ਨਹੀਂ, 'ਅੰਨਜ ਪੁਰਖ' ਨਹੀਂ ਰਿਹਾ, ਓਹ ਜੀਉਂਦਿਆਂ ਮਰਦਿਆਂ ਦਾ ਸਾਥੀ ਬਣ ਗਿਆ ਹੈ। ਭਾਵ ਅੰਗ ਸੰਗ ਰਹਿਣ ਵਾਲਾ ਅਵਿਛੜ ਸਾਥੀ ਹੋ ਕੇ ਪ੍ਰਭੂ ਲੱਖਤਾ ਵਿਚ ਆ ਗਿਆ ਹੈ।

ਅੰਕ ੪ ਵਿਚ ਇਹ ਨਹੀਂ ਕਹਿੰਦੇ ਕਿ ਇੰਨੀ ਉੱਚੀ ਅਵਸਥਾ ਹੋਕੇ ਹੁਣ ਕਿਸੇ ਐਸੀ ਗਲ ਦੀ ਲੋੜ ਨਹੀਂ ਰਹੀ, ਜਿਸ ਆਸਰੇ ਕਿ ਲੱਖਤਾ ਵਿਚ ਪੁੱਜੇ ਸਾਂ। ਸਗੋਂ ਪ੍ਰਭੂ ਅੱਗੇ ਅਰਦਾਸ ਕਰਦੇ ਉਹੋ ਪ੍ਰਯਤਨ ਤੇ ਉਪਾਉ ਮੰਗਦੇ ਹਨ ਜਿਨ੍ਹਾਂ ਦੇ ਵਸੀਲੇ ਲੱਖਤਾ ਤਕ ਅੱਪੜੇ ਸਨ। ਫੁਰਮਾਉਂਦੇ ਹਨ ਸਤਿ ਸੰਗਤ ਦਾ ਮੇਲ ਬਖ਼ਸ਼ੀ ਰਖੋ, ਹਿਰਦੇ ਵਿਚ ਧਾਰਨ ਕਰੀ ਰਖਾਂ (ਨਾਮੁ), ਕੰਨ ਹਰੀ ਕਥਾ ਸੁਣਦੇ ਤੇ ਨੈਣ ਗੁਰ ਦਰਸ਼ਨ ਕਰਦੇ ਰਹਿਣ ਤੇ ਮੱਥਾ ਗੁਰੂ ਚਰਨਾਂ ਦੀ ਛੁਹ ਲੈਂਦਾ ਰਹੇ।

ਨਿਰੁਕ੍ਤ— **ਸਵਾਰੀ**—ਸਵਾਂ ਰੀ = ਸੌਣ ਵਾਲੀ ਦਸ਼ਾ। ਸੌਣ ਲੱਗਿਆਂ। ਸੁੱਤਿਆਂ ਹੋਇਆਂ।

ਤੋਸਾ—[ਦੇਖੋ ਪੰਨਾ ੧੬੬੫] ਸਫਰ ਦਾ ਖ਼ਰਚ।

ਬਿਸਾਰੀ—[ਸੰਸ:, ਵਿਸਰਜਨੰ = ਛਡ ਦੇਣਾ, ਤਿਆਗ ਕਰਨਾ। ਹਿੰਦੀ] ਵਿਸਾਰ ਦਿੱਤੀ ਭੁਲ

ਦਿੱਤੀ ਹੈ। (ਅ) ਪਰ ਨਵੀਨ ਵਿਚਾਰਵਾਨ ਇਸ ਪਦ ਦੀ ਹੋਰ ਹੋਰ ਖਿੱਚ-ਅਰਥੀ ਬੀ ਕਰਦੇ ਹਨ:-

(੧) ਬਿਸਾ + ਰੀ = ਵਿਸ਼ਿਆਂ ਸੰਬਧੀ ਬਾਤ। (੨) ਬਿਸ + ਆਰੀ = ਆਰੇ ਵਰਗੇ ਵਿਸ਼ੇ।

(੩) ਵਿਸ + ਆਲੀ = ਵਿਸ਼ਿਆਂ ਦੀ ਪੰਕਤੀ, ਆਦਿ। ਪਰ ਇਹ ਖਿੱਚਾਂ ਹਨ। ਦੋ ਵੇਰੀ ਬਿਸਾਰੀ ਬਿਸਾਰੀ ਕਹਿਣਾ ਤਾਕੀਦ ਲਈ ਨਿਸ਼ਚੇ ਬੋਧਕ ਅਰਥਾਂ ਵਿਚ ਹੈ।

ਆਧਾਰੀ—[ਸੰਸ:, ਆਧਾਰ: = ਸਹਾਰਾ, ਆਸਰਾ] ਆਸਰਾ ਹੈ।

ਦੂਖਨਿ—ਦੁਖਾਂ ਵਿਚ। **ਸੁਮਾਰੀ**—[ਸੰਸ:, ਸਮਾਰਣੰ = ਸਿਮਰਨ ਕਰਨਾ, ਯਾਦ ਕਰਨਾ] ਸਮ੍ਹਾਰਦਾ ਹਾਂ। ਸੰਮ੍ਹਾਲਦਾ ਹਾਂ। ਯਾਦ ਕਰਦਾ ਹਾਂ।

ਤਿਸਾ—[ਸੰਸ:, ਤ੍ਰਿਖ] ਤ੍ਰੇਹ। ਭਾਵ ਤ੍ਰਿਸ਼ਨਾ। **ਰਸਨਾਰੀ**—ਰਸਨਾਂ ਨਾਲ।

ਸੰਗਾਰੀ ਸੰਗ ਹੈ। **ਉਰਿ ਧਾਰੀ**—ਹਿਰਦੇ ਵਿਚ ਧਾਰਨ ਕਰਾਂ, ਭਾਵ ਹੈ ਨਾਮ ਨੂੰ ਧਾਰਨ ਕਰਾਂ। **ਪੇਖਉ**—ਦੇਖਾਂ।

[ਆਸਾ ਮਹਲਾ ੫, ਚਉਪਦਾ, ੧੨੩-੧੯੦]

ੴ ਸਤਿਗੁਰ ਪ੍ਰਸਾਦਿ॥ ਆਸਾ ਘਰੁ ੧੦ ਮਹਲਾ ੫

ਮੂਲ	ਅਰਥ
ਜਿਸ ਨੋ ਤੂੰ ਅਸਥਿਰੁ ਕਰਿ ਮਾਨਹਿ ਤੇ ਪਾਹੁਨ ਦੋ ਦਾਹਾ॥ ਪੁਤ੍ਰ ਕਲਤ੍ਰ ਗ੍ਰਿਹ ਸਗਲ ਸਮਗ੍ਰੀ ਸਭ ਮਿਥਿਆ ਅਸਨਾਹਾ ॥੧॥	ਜਿਸ (ਸਰੀਰ ਤੇ ਸਮੱਗ੍ਰੀ) ਨੂੰ ਤੂੰ ਸਦਾ ਰਹਿਣੇ ਵਾਲੀ ਕਰਕੇ ਪਿਆ ਮੰਨਦਾ ਹੈਂ (ਓਹ ਸਾਰੇ) ਦੋ ਦਿਨਾਂ ਦੇ ਪ੍ਰਾਹੁਣੇ ਹਨ। ਪੁੱਤ੍ਰ ਦਾ, ਇਸਤ੍ਰੀ ਦਾ, ਘਰ (ਤੇ ਇਸ ਦੀ) ਸਾਰੀ ਸਮਗ੍ਰੀ ਦਾ, (ਗੱਲ ਕੀ) ਸਭ ਦਾ ਪਿਆਰ ਮਿਥਿਆ ਹੈ॥ ੧॥
ਰੇ ਮਨ ਕਿਆ ਕਰਹਿ ਹੈ ਹਾ ਹਾ ॥ ਦ੍ਰਿਸਟਿ ਦੇਖੁ ਜੈਸੇ ਹਰਿ ਚੰਦਉਰੀ ਇਕੁ ਰਾਮ ਭਜਨੁ ਲੈ ਲਾਹਾ ॥੧॥ ਰਹਾਉ ॥	(ਇਹ ਸਾਰੇ ਕੁਛ ਨੂੰ ਦੇਖਕੇ) ਹੇ ਮਨ ! ਤੂੰ 'ਹਾ ਹਾ' ਕਰਕੇ ਕਿਉਂ ਹੱਸ ਰਿਹਾ ਹੈਂ ? (ਇਸ ਨੂੰ ਤਾਂ) ਦ੍ਰਿਸ਼ਟੀ (ਡੂੰਘੀ ਨਜ਼ਰ) ਨਾਲ ਦੇਖ (ਤਾਂ ਇਹ) ਹਰਿ ਚੰਦਉਰੀ (ਦਿਖਾਵੇ ਮਾਤ੍ਰ ਦੇ ਭੁਲੇਵੇ) ਵਾਂਙੂ ਹੀ ਹੈ, ਸੋ ਤੂੰ ਰਾਮ ਦਾ ਭਜਨ (ਕਰ ਤੇ ਇਸ ਦਾ) ਲਾਹਾ ਲੈ (ਜੋ) ਇਕੋ (ਸਤਜ ਪਦਾਰਥ ਹੈ)॥ ੧॥ ਰਹਾਉ॥
ਜੈਸੇ ਬਸਤਰ ਦੇਹ ਓਢਾਨੇ ਦਿਨ ਦੋਇ ਚਾਰਿ ਭੋਰਾਹਾ ॥ ਭੀਤਿ ਊਪਰੇ ਕੇਤਕੁ ਧਾਈਐ ਅੰਤਿ ਓਰਕੋ ਆਹਾ ॥੨॥	ਜਿਸ ਤਰ੍ਹਾਂ ਦੇਹ ਉਤੇ ਪਹਿਨੇ ਹੋਏ ਕੱਪੜੇ ਦੋ ਚਾਰ (ਭਾਵ ਥੋਹੜੇ) ਦਿਨਾਂ ਵਿਚ ਭੁਰ ਜਾਂਦੇ ਹਨ (ਇਸ ਤਰ੍ਹਾਂ ਦੇਹੀ ਆਪ ਖਰ ਜਾਂਦੀ ਹੈ। ਹੋਰ ਸੋਚ ਕਰ) ਕੰਧ ਉਤੇ ਕਿੰਨਾਂ ਕੁ ਦੌੜ ਸਕੀਦਾ ਹੈ ? ਛੇਕੜ ਨੂੰ (ਉਸ ਦਾ) ਓੜਕ ਆ ਹੀ ਜਾਂਦਾ ਹੈ॥ ੨॥
ਜੈਸੇ ਅੰਭੁ ਕੁੰਡ ਕਰਿ ਰਾਖਿਓ ਪਰਤ ਸਿੰਧੁ ਗਲਿ ਜਾਹਾ ॥ ਆਵਗਿ ਆਗਿਆ ਪਾਰਬ੍ਰਹਮ ਕੀ ਉਠਿ ਜਾਸੀ ਮੁਹਤ ਚਸਾਹਾ ॥੩॥	ਯਾ ਜਿਸ ਤਰ੍ਹਾਂ ਕੁੰਡ (ਹੌਜ਼) ਬਣਾ ਕੇ (ਉਸ ਵਿਚ) ਪਾਣੀ ਭਰਿਆ ਹੋਵੇ, (ਉਸ ਪਾਣੀ ਵਿਚ) ਲੂਣ (ਦੀ ਡਲੀ) ਪੈਂਦਿਆਂ ਹੀ ਗੱਲ ਜਾਂਦੀ ਹੈ। (ਤਿਵੇਂ ਜਦ) ਪਰਮੇਸੁਰ ਦੀ ਆਗਿਆ ਆਵੇਗੀ (ਤਦੋਂ ਜੀਵ) ਉਸੇ ਘੜੀ ਪਲ ਵਿਚ (ਜਗਤ ਤੋਂ) ਉਠ ਜਾਏਗਾ॥ ੩॥

ਰੇ ਮਨ ਲੇਖੈ ਚਾਲਹਿ ਲੇਖੈ ਬੈਸਹਿ ਲੇਖੈ ਲੈਦਾ ਸਾਹਾ ॥ ਸਦਾ ਕੀਰਤਿ ਕਰਿ ਨਾਨਕ ਹਰਿ ਕੀ ਉਬਰੇ ਸਤਿਗੁਰ ਚਰਣ ਓਟਾਹਾ ॥੪॥੧॥੧੨੩	ਹੇ ਮਨ ! (ਹੁਣ ਸੋਚ ਕਿ ਤੂੰ ਜੋ)ਚਲਦਾ ਹੈਂ ਲੇਖੇ ਬੈਠਦਾ ਹੈਂ ਲੇਖੇ ਵਿਚ ਹੈ (ਜੋ)ਸਾਹ ਲੈਂਦਾ ਹੈਂ ਲੇਖੇ ਵਿਚ ਹੈਨ। (ਜਦ ਇਹ ਗੱਲ ਹੈ ਤਾਂ ਚਾਹੀਦਾ ਹੈ ਕਿ ਹਰੀ ਦੀ) ਸਦਾ ਕੀਰਤੀ ਕਰੇ, ਹੇ ਨਾਨਕ ! (ਇਸ ਕਾਰਜ ਲਈ) ਸਤਿਗੁਰੂ ਦੇ ਚਰਣਾਂ ਦੀ ਓਟ ਲੈ (ਤਾਂ ਜੋ ਤੂੰ ਭਵ ਸਾਗਰ ਤੋਂ) ਤਰ ਜਾਏਂ॥ ੪॥ ੧॥ ੧੨੩॥

ਵਜਾਖਜਾ— ਅੰਕ ੧ ਤੋਂ ਰਹਾਉ ਦੇ ਅੰਤ ਤਕ ਸਰੀਰ, ਸੰਸਾਰ, ਸਨਬੰਧੀ, ਮਿਤ੍ਰ ਸੰਸਾਰ ਦੇ ਪਦਾਰਥਾਂ ਦੀ ਮਿਥਜਤ ਦਿਖਾਈ ਹੈ। ਮਿਥਜਾ ਦਾ ਭਾਵ ਹੈ ਕਿ ਚਲਾਇਮਾਨ ਹਨ, ਨਾਸ਼ ਹੋ ਜਾਣੇ ਵਾਲੇ ਹਨ। ਇਨ੍ਹਾਂ ਨੂੰ ਦੇਖਕੇ ਭਾਵ ਪ੍ਰਾਪਤ ਕਰਕੇ, ਹਾ ਹਾ ਕਰ ਕੇ ਖਿੜਨਾ ਹਸਣਾ ਯਾ ਬਫਾਉਣਾ ਠੀਕ ਨਹੀਂ। ਇਹ ਦਰਸ਼ਨ ਮਾਤ੍ਰ ਹਨ ਜਿਵੇਂ ਹਰਿ ਚੰਦਉਰੀ ਹੁੰਦੀ ਹੈ; ਭਾਵ ਹੈ ਮ੍ਰਿਗ ਤ੍ਰਿਸ਼ਨਾ ਵਾਙੂ ਬਿਲਾ ਜਾਂਦੇ ਹਨ। ਅਖੀਰਲੀ ਅੱਧੀ ਸਤਰ ਵਿਚ ਸਦਾ ਥਿਰ ਵਸਤੂ ਦਾ ਪਤਾ ਦੇ ਦਿੱਤਾ ਹੈ, ਉਹ ਹੈ ਰਾਮ ਭਜਨ, ਇਸ ਦਾ ਲਾਹਾ ਲੈ। ਇਸ ਨੂੰ ਧਾਰਨ ਕਰਕੇ ਸਦਾ ਥਿਰ ਪ੍ਰਭੂ ਨੂੰ ਪ੍ਰਾਪਤ ਕਰ, ਇਹ ਸਦੈਵੀ ਲਾਹੇ ਵਾਲਾ ਕੰਮ ਹੈ। ਅੰਕ ੨ ਦੇ ਵਿਚ ਜਗਤ ਦੀ ਚਾਲਾਇਮਾਨਤਾ ਦੇ ਹੋਰ ਦ੍ਰਿਸ਼ਟਾਂਤ ਦਿੱਤੇ ਹਨ। ਕਪੜੇ ਪਹਿਨੇ ਹੋਏ ਅੰਤ ਫਟ ਗਲ ਜਾਂਦੇ ਹਨ, ਤਿਵੇਂ ਆਤਮਾ ਦ ਉਦਾਲੇ ਦਾ ਇਹ ਸਰੀਰ ਜੀਰਣ ਹੋ ਜਾਂਦਾ ਹੈ। ਕੰਧ ਉਤੇ ਕਿੰਨਾ ਕੁ ਦੌੜ ਸਕੀਦਾ ਹੈ, ਥੋੜਾ ਹੀ ਤੁਰ ਯਾ ਦੌੜ ਕੇ ਕੰਧ ਮੁੱਕ ਜਾਂਦੀ ਹੈ, ਤਿਵੇਂ ਸਰੀਰ ਦੇ ਅੰਤ ਹੋਣ ਨਾਲ ਭੋਗ ਸਮਾਪਤ ਹੋ ਜਾਂਦੇ ਹਨ। ਤੀਜਾ ਦ੍ਰਿਸ਼ਟਾਂਤ ਹੈ ਪਾਣੀ ਦੇ ਕੁੰਡ ਵਿਚ ਲੂਣ ਦੀ ਡਲੀ ਦੇ ਪੈ ਕੇ ਗਲ ਜਾਣ ਦਾ, ਓਹ ਬਹੁਤ ਦੇਰ ਨਹੀਂ ਲੈਂਦੀ ਕਿ ਗਲ ਜਾਂਦੀ ਹੈ। ਅੰਤਲੀ ਸਤਰ ਵਿਚ ਉਦਾਹਰਣ ਖੋਹਲ ਦਿੱਤਾ ਕਿ ਇਨ੍ਹਾਂ ਵਾਙੂ ਜੀਵ ਸਰੀਰ ਤੇ ਸਮਗਰੀਆਂ ਛੋੜ ਕੇ ਘੜੀ ਪਲ ਵਿਚ ਚਲਾ ਜਾਂਦਾ ਹੈ, ਜਦੋਂ ਕਿ ਪ੍ਰਭੂ ਦੀ ਆਗਿਆ ਸਰੀਰ ਦੇ ਸ਼ਾਂਤ ਹੋ ਜਾਣ ਦੀ ਹੋ ਜਾਂਦੀ ਹੈ ਤੇ ਆਤਮਾਂ ਨੂੰ ਅਗੇ ਚੱਲਣ ਦਾ ਹੁਕਮ ਆ ਜਾਂਦਾ ਹੈ।

ਅੰਕ ੪ ਵਿਚ ਇਕ ਗਲ ਹੋਰ ਦੱਸ ਕੇ ਉਪਦੇਸ਼ ਦੇਂਦੇ ਹਨ। ਉਹ ਗੱਲ ਇਹ ਹੈ ਕਿ ਜੋ ਕੁਛ ਜੀਵ ਕਰਦਾ ਹੈ ਉਹ ਹੋ ਹੋ ਕੇ ਮਿਸਦਾ ਮਿਟਦਾ ਨਹੀਂ ਜਾਂਦਾ, ਉਸ ਦੇ ਸੰਸਕਾਰ ਬਣ ਬਣਕੇ ਤਲਹੀਅਲ ਵਿਚ ਜਮ੍ਹਾਂ ਹੁੰਦੇ ਹਨ, ਓਹ ਜੀਵ ਦੇ ਅੰਦਰ ਅੰਕਤ ਹੋਏ ਨਾਲ ਜਾਂਦੇ, ਅਗੋਂ ਲਈ ਹਰਖ ਸੋਗ ਤੇ ਦੁਖ ਸੁਖ ਦੇ ਕਾਰਣ ਬਣਦੇ ਹਨ, ਇਸ ਕਰਕੇ ਸਭ ਤੋਂ ਉੱਤਮ ਤੇ ਨਿਸਚਿਤ ਕਰਣੀ ਕਰਨੀ ਚਾਹੀਏ ਜੋ ਅਗੇ ਜਾ ਕੇ ਨਿਸਚਿਤ ਸੁਖ ਮਿਲੇ। ਫੁਰਮਾਉਂਦੇ ਹਨ ਕਿ ਓਹ ਹੈ 'ਹਰੀ ਦੀ ਕੀਰਤ ਕਰਨੀ', ਭਾਵ ਹੈ ਨਾਮ ਸਿਮਰਨਾ ਤੇ ਹਰੀ ਗੁਣ ਗਾਉਣੇ ਜੋ ਸਤਿਗੁਰ ਦੀ ਸ਼ਰਣ ਤੋਂ ਪ੍ਰਾਪਤ ਹੋਣ ਵਾਲੀਆਂ ਦਾਤਾਂ ਹਨ।

ਨਿਰੁਕ੍ਤ—**ਅਸਥਿਰੁ**—[ਸੰਸ:, ਸ੍ਥਿਰ] ਟਿਕਾਉ ਵਾਲਾ। ਸਦਾ ਰਹਿਣੇ ਵਾਲਾ। ਸਥਿਰ ਤੇ ਪਹਿਲੇ 'ਅ' ਨਿਸ਼ੇਧੀ ਵਾਚਕ ਨਹੀਂ ਪਰ ਨਿਸਚੇ ਵਾਚਕ ਪੰਜਾਬੀ ਦੇ ਮੁਹਾਵਰੇ ਅਨੁਸਾਰ ਹੈ ਕਿ ਦੁਤ ਅੱਖਰ ਦੇ ਪਹਿਲੇ ਇਕ ਸ੍ਵਰ ਵਧਾ ਲੈਂਦੇ ਹਨ।

ਦੋ ਦਾਹਾ—ਦੋ ਦਿਨਾਂ ਦੇ। ਦਾਹ ਏਥੇ ਦਿਹੁੰ ਦੀ ਥਾਂ ਆਯਾ ਸਹੀ ਹੁੰਦਾ ਹੈ। 'ਦੋ ਦਿਨਾਂ ਦਾ ਪ੍ਰਾਹੁਣਾ' ਪੰਜਾਬੀ ਮੁਹਾਵਰਾ ਹੈ। ਦੋ ਦਿਨ ਪ੍ਰਾਹੁਣਾ ਤੀਏ ਦਿਨ ਤਾਹੁਣਾ ਇਹ ਕਹਾਵਤ ਹੈ। ਇਸ ਤੋਂ ਦੋ ਦਿਨ ਪ੍ਰਾਹੁਣੇ ਦੀ ਸਿਆਣ ਵਜੋਂ ਨਾਲ ਲਗ ਗਿਆ ਪਤਾ ਦੇਂਦਾ ਹੈ ਕਿ ਦੋਦਾਹਾ। ਪ੍ਰਾਹਣਾ = ਦੋ ਦਿਨ ਦਾ ਪ੍ਰਾਹੁਣਾ ਭਾਵ ਹੈ। (ਅ) ਪਰ ਕਈ ਦਾਨੇ ੨ + ੧੦ = ੧੨ ਯਾਦੋ × ੧੦ = ਬੀਸ ਬੀ ਭਾਵ ਲੈ ਲੈਂਦੇ ਹਨ। **ਕਲਤ੍ਰ**—[ਸਸ:, ਕਲਤ੍ਰਮ੍ = ਪਤਨੀ] ਇਸਤ੍ਰੀ।

ਸਾਮਗ੍ਰੀ—[ਸੰਸ:, ਸਾਮਗ੍ਰੀ] ਸਾਮਾਨ, ਵਸਤਾਂ।

ਅਸਨੇਹਾ—[ਸੰਸ:, ਸ੍ਨੇਹ] ਪ੍ਰੇਮ, ਪਿਆਰ। ਇਥੇ ਬੀ 'ਐੜਾ' ਨਸ਼ੇਧੀ ਵਾਚਕ ਨਹੀਂ, ਪਦ 'ਸਨੇਹ' ਦੁਤ ਅਖਰ ਦੇ ਪਹਿਲੇ ਪੰਜਾਬੀ ਮੁਹਾਵਰੇ ਨੇ ਲਾਇਆ ਹੈ।

ਹਾ ਹਾ—ਹਾਸੇ ਵੇਲੇ ਜੋ ਅਵਾਜ਼ ਨਿਕਲਦੀ ਹੈ, ਭਾਵ ਖਿੜ ਖਿੜ ਹੱਸਣਾ।

(ਅ) ਪਰ ਕਈ ਦਾਨੇ 'ਹਾ ਹਾ' ਦਾ ਅਰਥ ਹਾਇ ਹਾਇ ਲੈਂਦੇ ਹਨ ਕਿ ਇਨ੍ਹਾਂ ਪਦਾਰਥਾਂ ਲਈ ਹਾਇ ਹਾਇ ਕਿਉਂ ਕਰਦਾ ਹੈਂ ਭਾਵ ਤਰਲੇ ਕਿਉਂ ਲੈਂਦਾ ਹੈ। ਪਰ ਹੱਸਣਾ ਅਰਥ ਵਧੇਰੇ ਪ੍ਰਸੰਗਕ ਹੈ ਜੋ 'ਅਸਥਿਰ ਕਰ ਮੰਨਣ' ਨਾਲ ਵਧੇਰੇ ਢੁੱਕਦਾ ਹੈ।

ਹਰਿ ਚੰਦਉਰੀ—[ਸੰਸ:, ਹਰਿਸ਼੍ਚੰਦ੍ਰ: + ਪੁਰ (ਸ਼ਹਿਰ, ਨਗਰ)] ਇਕ ਭੁਲੇਵੇ ਦੀ ਨਗਰੀ ਜੋ ਅਕਾਸ਼ ਵਿਚ ਐਵੇਂ ਦਿੱਸਣ ਲਗ ਪਿਆ ਕਰਦੀ ਹੈ ਪਰ ਹੁੰਦੀ ਨਹੀਂ, ਇਸੇ ਨੂੰ ਗੰਧ੍ਰਬ ਨਗਰ ਤੇ ਚਿਤ੍ਰਮ ਆਦਿ ਨਾਮ ਬੀ ਦੇਂਦੇ ਹਨ। ਇਸ ਦੀ ਕਥਾ ਇਹ ਹੈ ਕਿ ਜਦ ਰਾਜਾ ਹਰੀ ਚੰਦ, ਜੋ ਬਹੁਤਾ ਦਾਨੀ, ਯਗਜ ਕਰਨੇ ਵਾਲਾ ਆਦਿ ਸੀ, ਮਰਕੇ ਨਗਰੀ ਸਣੇ ਸੂਰਗ ਲੋਕ ਨੂੰ ਗਿਆ, ਉਥੇ ਨਾਰਦ ਨੇ ਚਲਾਕੀ ਕਰਕੇ ਇਸ ਦੇ ਮੂੰਹੋਂ ਅਪਣੀ ਉਸਤੁਤਿ ਕਰਵਾਈ, ਜਿਸ ਕਰਕੇ ਸੂਰਗ ਤੋਂ ਧੱਕਿਆ ਗਿਆ, ਡਿਗ ਰਹੇ ਨੇ ਮਾਫੀ ਮੰਗੀ ਤਾਂ ਈਸ਼੍ਵਰ ਨੇ ਖਿਮਾ ਕੀਤੀ ਤੇ ਇਹ ਅਸਮਾਨਾਂ ਵਿਚ ਨਗਰੀ ਸਣੇ ਟਿਕ ਗਿਆ। ਮੰਨਿਆ ਜਾਂਦਾ ਹੈ ਕਿ ਹੁਣ ਤਾਂਈਂ ਉਹ ਓਥੇ ਵੱਸਦਾ ਹੈ। ਜਦ ਅਕਾਸ਼ਾਂ ਵਿਚ ਧੁੰਦ ਆਦਿ ਵਿਚ ਸੂਰਜ ਦੀਆਂ ਕਿਰਨਾਂ ਪੈਣ ਤੇ ਭੁਲੇਵੇ ਜੇਹੇ ਪੈਂਦੇ ਹਨ ਕਿ ਮਾਨੋਂ ਕੋਈ ਨਗਰੀ ਹੈ, ਉਸ ਨੂੰ ਹਰਿ ਚੰਦਉਰੀ, ਗੰਧ੍ਰਬ ਨਗਰੀ ਆਦਿ ਪਦ ਦੇਂਦੇ ਹਨ। ਮੁਰਾਦ ਹੁੰਦੀ ਹੈ ਕਿਸੇ ਸ਼ੈ ਦੇ ਵਾਸਤਵ ਵਿਚ ਨਾ ਹੋਣ ਦੀ ਤੇ ਭੁਲੇਵੇ ਪੈਣ ਦੀ ਜਿਵੇਂ ਕਿ ਹੈ, ਜੈਸਾ ਕਿ ਰੇਤ ਥਲਿਆਂ ਵਿਚ ਪਾਣੀ ਹੋਣ ਦੇ ਹੁਨਾਲੇ ਵਿਚ ਭੁਲੇਵੇ ਪੈਂਦੇ ਹਨ, ਜਿਸ ਨੂੰ ਮ੍ਰਿਗ ਤ੍ਰਿਸ਼ਨਾ ਦਾ ਜਲ ਆਖਦੇ ਹਨ।

ਭੋਰਾਹਾ—[ਪੰ:, ਭੁਰਨਾ] ਭੁਰ ਜਾਂਦੇ ਹਨ। ਘਸ ਜਾਂਦੇ ਹਨ। ਹੰਢ ਜਾਂਦੇ ਹਨ।

ਭੀਤਿ ਊਪਰੇ—ਕੰਧ ਦੇ ਉਪਰ। **ਅੰਤਿ**—ਅੰਤ ਨੂੰ, ਛੇਕੜ ਨੂੰ।

ਓਰਕੋ-ਓੜਕ, ਅੰਤਮਹੱਦ। **ਅੰਭ**—[ਸੰਸ:, ਅੰਭ:] ਪਾਣੀ।

ਕੁੰਡ—ਹੌਜ਼। (ਅ) ਕੁੰਡਾ। **ਸਿੰਧੁ**—[ਸੰਸ:, ਸੈਂਧਵ: = ਲੂਣ] ਲੂਣ, ਲੂਣ ਦੀ ਡਲੀ

ਮੁਹਤ—[ਸੰਸ:, ਮੁਹੂਰ੍ਤ:] ਦੋ ਕੁ ਘੜੀ ਦਾ ਸਮਾਂ।

ਚਸਾਹਾ ਪੰਦਰਾ ਵਾਰ ਅੱਖ ਫਰਕਣ ਦਾ ਵਿਸ਼ਾ, ਪੰਦਰਾਂ ਵਿਸ਼ੇ ਦਾ ਚਸਾ। (ਅ) ਪਲ ਦੇ ਤੀਜੇ ਹਿੱਸੇ ਨੂੰ ਬੀ ਆਖ ਲੈਂਦੇ ਹਨ। (ੲ) ੩੦ ਚਸਿਆਂ ਦੀ ਇਕ ਪਲ ਬੀ ਮੰਨਦੇ ਹਨ।

ਸਾਹਾ—ਸਵਾਸ। **ਉਥਰੇ**—ਉਬਰੇਂ=ਤੂੰ ਤਰ ਜਾਏਂ।

ਓਟਾਹਾ—ਓਟ+ਹਾ=ਓਟਲੈ। (ਅ) ਓਟ ਦੇ ਆਸਰੇ।

[ਆਸਾ ਮਹਲਾ ੫, ਚਉਪਦਾ, ੧੨੪—੧੯੧]

ਮੂਲ	**ਅਰਥ**
ਆਸਾ ਮਹਲਾ ੫ ॥ **ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥** **ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥੧॥**	[ਅਰਥ ਰਹਾਉ ਤੋਂ] ਜਦੋਂ ਗੋਬਿੰਦ ਦੀ ਕਿਰਪਾ ਹੋਈ ਤਦ ਸਤਿਗੁਰ ਮਿਲ ਪਿਆ (ਜਿਸ ਤੋਂ) ਹਰਿ ਦਾ ਨਾਮ(ਰੂਪੀ) ਧਨ (ਤੇ ਨਾਮ ਧਨ ਦਾ) ਫਲ ਸੁਖ ਪ੍ਰਾਪਤ ਹੋ ਗਏ॥੧॥ਰਹਾਉ॥ (ਤਦੋਂ ਜੋ) ਗੱਲ ਪੁੱਠੀ ਪੈ ਰਹੀ ਸੀ ਉਹ ਸਿੱਧੀ ਹੋ ਗਈ ਤੇ ਜੋ ਦੂਤੀ ਦੁਸ਼ਮਨ ਸਨ ਸੱਜਣ ਬਣ ਗਏ। ਬੁੱਧੀ (ਜੋ) ਮਲੀਨ

ਜਉ ਕਿਰਪਾ ਗੋਬਿੰਦ ਭਈ ॥ ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥੧॥ ਰਹਾਉ ॥

ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ ॥ ਸੰਗਿ ਬੈਠਨੋ ਕਹੀ ਨ ਪਾਵਤ ਹੁਨਿ ਸਗਲ ਚਰਣ ਸੇਵਈ ॥੨॥

ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ ॥

ਏਕੁ ਬੋਲੁ ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ ॥੩॥

ਏਕ ਜੀਹ ਗੁਣ ਕਵਨ ਵਖਾਨੈ ਅਗਮ ਅਗਮ ਅਗਮਈ ॥

ਦਾਸੁ ਦਾਸ ਦਾਸ ਕੋ ਕਰੀਅਹੁ ਜਨ ਨਾਨਕ ਹਰਿ ਸਰਣਈ ॥੪॥੨॥੧੨੪॥

ਹੋ ਰਹੀ ਸੀ ਚੰਗੀ ਨਿਰਮਲ ਹੋ ਗਈ (ਮਾਨੋਂ) ਹਨੇਰੇ ਵਿਚ ਇਕ ਰਤਨ ਚਮਕ ਪਿਆ॥੧॥

ਮੈਂ ਕਿਰਪਨ(ਨਿਮਾਣਾ ਕਿ ਜਿਸ) ਨੂੰ ਕੋਈ ਨਹੀਂ ਸੀ ਜਾਣਦਾ ਸਾਰੇ ਲੋਕਾਂ ਵਿਚ ਪ੍ਰਗਟ ਹੋ ਗਿਆ ਹਾਂ, (ਮੈਨੂੰ) ਕਿਧਰੇ (ਕਿਸੇ ਦੇ) ਨਾਲ ਬੈਠਣਾ ਨਹੀਂ ਸੀ ਮਿਲਦਾ, ਹੁਣ ਸਾਰੇ (ਮੇਰੇ) ਚਰਨਾਂ ਦੀ ਸੇਵਾ ਕਰਦੇ ਹਨ॥੨॥

ਕੌਡੀ ਕੌਡੀ ਨੂੰ ਢੂੰਡਦੇ ਫਿਰਦੇ ਸਾਂ (ਹੁਣ) ਮਨ ਦੀ ਸਾਰੀ ਤ੍ਰਿਸ਼ਨਾ ਹੀ ਬੁਝ ਗਈ ਹੈ। (ਅੱਗੇ ਕਿਸ ਦਾ ਖਰ੍ਹਵਾ) ਬਚਨ ਇਕ ਬੀ ਨਹੀਂ ਸਾਂ ਸਹਾਰ ਸਕਦਾ (ਹੁਣ) ਸਾਧ ਸੰਗਤਿ (ਦਾ ਸਦਕਾ) ਠੰਢਾ ਠਾਰ ਹੋ ਗਿਆ ਹਾਂ (ਭਾਵ, ਸਹਿਨਸ਼ੀਲ ਹੋ ਗਿਆ ਹਾਂ)॥੩॥

(ਹੇ ਗੋਬਿੰਦ ਮੇਰੀ) ਇਕ ਜੀਭ (ਤੇਰੇ) ਕਿਹੜੇ ਕਿਹੜੇ ਗੁਣ ਕਥਨ ਕਰੇ (ਤੇਰੇ ਗੁਣ ਤਾਂ ਮਨ ਦੀ) ਪਹੁੰਚ (ਤੇ ਬੁੱਧੀ ਦੀ) ਪਹੁੰਚ ਤੋਂ ਪਰੇ ਹਨ (ਹਾਂ, ਓਹ ਸਭ ਤਰ੍ਹਾਂ) ਅਗੰਮ ਹੀ ਹਨ। (ਗੁਰੂ) ਨਾਨਕ (ਦੇਵ ਜੀ ਬਿਨੈ ਕਰਦੇ ਹਨ ਕਿ ਹੇ) ਹਰੀ ! (ਮੈਂ ਆਪ ਦੀ) ਸ਼ਰਣ ਵਿਚ ਪਿਆ ਹੋਇਆ ਹਾਂ (ਮੈਂ) ਦਾਸ ਨੂੰ ਦਾਸਾਂ ਦੇ ਦਾਸਾਂ ਦਾ ਦਾਸ ਬਣਾਈ ਰਖੀਓ॥੪॥੨॥੧੨੪॥

ਵ੍ਯਾਖ੍ਯਾ— ਅਪਣੇ ਦੁਆਰਾ ਇਕ ਪੂਰਨ ਪਦ ਤੇ ਪਹੁੰਚੇ ਗ੍ਯਾਨਵਾਨ ਪਰਮ ਸੁਖੀ ਪੁਰਖ ਦਾ ਵਰਣਨ ਕਰਦੇ ਹਨ। ਅੰਕ ੧ ਤੇ ਰਹਾਉ—ਜਿਸ ਨੂੰ ਪਹਿਲੋਂ ਸਤਿਗੁਰੂ ਮਿਲਿਆ, ਉਸ ਤੋਂ ਹਰੀ ਨਾਮ ਧਨ ਮਿਲਿਆ, ਉਸ ਅਮੋਲਕ ਧਨ ਦਾ ਸਦਕਾ ਸੁਖ ਮਿਲਿਆ; ਆਤਮ ਸੁਖ, ਪਰਮ ਸੁਖ। ਪਹਿਲੋਂ ਮਨ ਦੇ ਹਨੇਰੇ ਵਿਚ 'ਨਾਮ' ਨੇ ਰਤਨ ਪ੍ਰਕਾਸ਼ ਵਾਂਙੂ ਚਾਨਣਾ ਕਰ ਦਿੱਤਾ, ਤੇ ਬੁੱਧੀ ਜੋ ਮੈਲੀ ਸੀ ਨਿਰਮਲ ਹੋ ਗਈ। ਮਨ ਤੇ ਬੁੱਧੀ ਦੁਇ ਉੱਜਲ ਅਰਥਾਤ ਗਿਆਨਵਾਨ ਹੋ ਗਏ ਤੇ ਅੰਦਰਲੇ ਵੈਰੀ ਦੁਸ਼ਟ ਤੇ ਦੂਤ-ਕਾਮ ਕ੍ਰੋਧ ਆਦਿ-ਸੱਜਣ ਬਣ ਗਏ ਕਿ ਉਹਨਾਂ ਨੇ ਮੈਨੂੰ ਖੁਆਰ ਕਰਨ ਦੀ ਥਾਂ ਮੇਰੀ ਆਗ੍ਯਾ ਵਿਚ ਹੋ ਕੇ ਸਜਨਾਈ ਫੜ ਲਈ।

ਅੰਕ ੨—ਹੁਣ ਬਾਹਰ ਜਗਤ ਵਿਚ ਜੋ ਪਰਮੇਸੁਰ ਦੇ ਪਿਆਰੇ ਦਾ ਪ੍ਰਭਾਵ ਪਿਆ ਉਹ ਦੱਸਦੇ ਹਨ:— ਜਗਤ ਵਿਚ ਪ੍ਰਸਿੱਧੀ ਹੋ ਗਈ ਕਿ ਵਾਹਿਗੁਰੂ ਪ੍ਰੇਮੀ ਹਾਂ, ਚੰਗੇ ਚੰਗੇ ਲੋਕ ਆ ਕੇ ਸੇਵਾ ਕਰਦੇ ਹਨ। ਫਿਰ ਮਾਯਾ ਵਲੋਂ ਜੋ ਥੁੜ ਤੇ ਲਾਲਸਾ ਸਨ ਦੂਰ ਹੋ ਗਈਆਂ ਹਨ, ਕਿਉਂਕਿ ਤ੍ਰਿਸ਼ਨਾ ਹੀ ਬੁਝ ਗਈ ਹੈ, ਇਸ ਕਰਕੇ ਪੂਰਣ ਤ੍ਰਿਪਤੀ ਹੋ ਗਈ ਤੇ ਸੱਚਾ ਧਨ 'ਨਾਮ' ਅੰਦਰ ਵੱਸ ਰਿਹਾ ਸੀ, ਕਿਸੇ ਕਾ ਕੁਬਚਨ ਇਕ ਬੀ ਨਹੀਂ ਸੀ ਝੱਲ ਹੁੰਦਾ, ਹੁਣ ਮਨ ਸਹਾਰੇ ਵਾਲਾ ਹੀ ਨਹੀਂ ਸਗੋਂ ਠੰਢਾ ਠਾਰ ਹੋ ਗਿਆ ਹੈ, ਗੁੱਸਾ ਲਗਦਾ ਹੀ ਨਹੀਂ।

ਅੰਕ ੪ ਵਿਚ ਸ਼ੁਕਰੀਆ ਹੈ, ਅਗੰਮ ਪ੍ਰਭੂ ਦਾ ਧੰਨਵਾਦ ਹੈ, ਕਿ ਅਗੰਮ ਹੋ ਕੇ ਤੁਸਾਂ ਮੇਹਰ ਕੀਤੀ ਹੈ ਕਿ ਐਤਨਾ ਕੁਛ ਬਖਸ਼ਿਆ ਹੈ। ਹੁਣ ਪੂਰਨ ਹਉਮੈਂ ਦੇ ਅਭਾਵ ਦੀ ਸਤਰ ਅਖੀਰਲੀ ਹੈ ਕਿ ਜੋ ਕੁਛ ਆਤਮ ਧਨ ਪ੍ਰਾਪਤ ਹੋਇਆ ਹੈ ਮੈਨੂੰ ਇਸ ਦਾ ਬੀ ਅਹਿੰਕਾਰ ਨਾ ਵਾਪਰੇ, ਮੈਨੂੰ ਅਪਣੇ ਦਾਸਾਂ ਦੇ ਦਾਸਾਂ ਦਾ ਦਾਸ ਬਨਾਈ ਰਖੀਓ। ਇਹ ਦਾਤ ਜੋ ਮੰਗ ਰਹੇ ਹਨ ਹਉਮੈ ਦੀ ਪੂਰਨ

ਅਭਾਵਤਾ ਦੀ ਲਖਾਯਕ ਹੈ। ਕਿਉਂਕਿ ਜੋ ਕੁਛ ਸ਼ਬਦ ਵਿਚ ਕਿਹਾ ਹੈ, ਉਹ ਹੈ ਯਥਾਰਥ ਪਦਾਂ ਵਿਚ, ਉਨ੍ਹਾਂ ਵਿਚ ਹਉਮੈਂ ਦੀ ਕੋਈ ਗੱਲ ਨਹੀਂ ਆਖੀ, ਪਰ ਸੂਰੇ ਦਾਤਾ ਜੀ ਇਹਤਿਯਾਤ ਕਰਦੇ ਹਨ ਕਿ ਮਤੇਂ ਕੋਈ ਅੰਸ਼ ਮਾਤ੍ਰ ਲੇਸ਼ ਹੋਵੇ, ਇਸ ਲਈ ਅੰਤਲੇ ਅੰਕ ਵਿਚ ਪਹਿਲੋਂ ਸ਼ੁਕਰ ਦੇ ਭਾਵ ਵਿਚ ਗਏ ਹਨ ਕਿ ਸਭ ਆਪਦੇ ਲਾਏ ਗੁਣ ਹਨ, ਮੈਂ ਗੁਣ ਦਾਤੇ ਦੇ ਅਨੰਤ ਗੁਣਾਂ ਦਾ ਕਿਵੇਂ ਸ਼ੁਕਰ ਕਰਾਂ। ਇਸ ਭਾਵ ਵਿਚ ਜਾ ਕੇ ਫੇਰ ਦਾਸਾ ਭਾਵ ਵਿਚ ਗਏ ਹਨ ਕਿ ਮੈਨੂੰ ਅਪਣੇ ਦਾਸਾਂ ਦੇ ਦਾਸਾਂ ਦਾ ਦਾਸ ਬਣਾਈ ਰਖੀਓ, ਇਸ ਕਰਨ ਵਿਚ ਹਉਮੈ ਦੀ ਪੂਰਨ ਅਭਾਵਤਾ ਦਾ ਭਾਵ ਹੈ।

ਨਿਰੁਕ੍ਤ—ਅਪੁਸਟ—[ਅ+ਪੁਸਟ ਸੰਸ:, ਪੁਸ਼ਟਿ: =ਪ੍ਰੌਢਤਾ ਯਾ ਸਮਰਥਨ ਕਰਨ ਵਾਲੀ ਗੱਲ। ਅ = ਨਹੀਂ, ਨਿਖੇਧੀ ਵਾਚਕ। ਸੰਸ:, ਅਪੁਸ਼ਟ = ਦੁੱਬਲਾ, ਕਮਜ਼ੋਰ। (ਅ) ਕੱਚੀ] ਉਹ ਗੱਲ ਜੋ ਸਮਰਥਨ ਨਾ ਕਰੇ, ਪੁੱਠੀ ਉਲਟੀ, ਕੱਚੀ।

ਸਾਧਰੀ—ਸਿਧੀ। **ਸਜਨਈ**—ਸੱਜਣ ਬਣ ਗਏ।

ਪ੍ਰਗਾਸਿਓ—ਚਮਕਿਆ। **ਹਛਨਈ**—ਚੰਗੀ ਤੇ ਨਵੀਂ ਹੋ ਗਈ। ਭਲੀ ਹੋ ਗਈ।

ਸੰਪਤਿ—[ਸੰਸ:, ਸੰਪਤਿ:] ਦੌਲਤ। **ਮਿਲਈ**—ਮਿਲ ਗਏ, ਪ੍ਰਾਪਤ ਹੋ ਗਏ।

ਕਿਰਪਨ—[ਸੰਸ:, ਕ੍ਰਿਪਣ: = ਸ਼ੂਮ](੧) ਸ਼ੂਮ, ਕੰਗਾਲ। (੨) ਇਥੇ ਭਾਵ ਨਿਮਾਣੇ ਤੋਂ ਹੈ।

ਸੇਵਈ—ਸੇਵਾ ਕਰਦੇ ਹਨ।

ਆਢ—ਕਉਡੀ। (ਅ) ਕਈ ਦਾਨੇ ਆਢ ਦਾ ਅਰਥ ਅੱਧੀ ਬੀ ਕਰਦੇ ਹਨ, ਪੈਸੇ ਦਾ ਅੱਠਵਾਂ ਹਿੱਸਾ। ਦਮੜੀ ਦਾ ਅੱਧ। **ਖਵਤੋ ਨਾਹੀ**—ਸਹਾਰਿਆ ਨਹੀਂ ਸੀ ਜਾਂਦਾ।

ਸੀਤਲਈ—ਠੰਢ ਵਰਤ ਗਈ ਹੈ।

[ਆਸਾ ਮਹਲਾ ੫, ਚਉਪਦਾ, ੧੨੫-੧੬੨]

ਪ੍ਰਾਕ੍ਕਥਨ—ਪਾਪਾਂ ਵਿਚ ਖਚਿਤ ਪੁਰਖ ਪ੍ਰਤੀ ਆਪਣੇ ਦੁਆਰਾ ਉਪਦੇਸ਼ ਦਿੱਤਾ ਹੈ ਕਿ ਪ੍ਰਭੂ ਕ੍ਰਿਪਾਲਤਾ ਤੇ ਭਰੋਸਾ ਧਾਰ ਕੇ ਸ਼ਰਣ ਲਵੋ, ਅਰਦਾਸ ਕਰੋ ਤੇ ਨਾਮ ਜਪੋ।

ਮੂਲ	ਅਰਥ
ਆਸਾ ਮਹਲਾ ੫ ॥ ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ ॥ ਸਸਤ ਵਖਰੁ ਤੂੰ ਘਿੰਨਹਿ ਨਾਹੀ ਪਾਪੀ ਬਾਧਾ ਰੇਨਾਇਆ ॥੧॥	ਹੇ ਮੂਰਖ (ਮਨ) ! ਤੂੰ ਨਫੇ ਲਈ (ਭਾਵ ਸ਼ੁਭ ਕਰਮਾਂ ਲਈ ਤਾਂ) ਢਿੱਲਾ ਢਿੱਲਾ (ਰਹਿੰਦਾ) ਹੈਂ, (ਪਰ) ਘਾਟੇ ਲਈ (=ਮਾੜੇਕਰਮਾਂ ਲਈ) ਛੇਤੀ ਉੱਠ ਦੌੜਦਾ ਹੈਂ। (ਨਾਮ ਰੂਪੀ) ਸਸਤਾ ਸੌਦਾ ਤੂੰ ਲੈਂਦਾ ਨਹੀਂ, ਹੇ ਪਾਪੀ ! ਤੂੰ ਕਰਜ਼ਿਆਂ ਨਾਲ ਹੀ ਬੰਨ੍ਹਿਆ ਪਿਆ ਹੈਂ॥੧॥
ਸਤਿਗੁਰ ਤੇਰੀ ਆਸਾਇਆ ॥ ਪਤਿਤ ਪਾਵਨੁ ਤੇਰੋ ਨਾਮੁ ਪਾਰਬ੍ਰਹਮ ਮੈ ਏਹਾ ਓਟਾਇਆ ॥੧॥ ਰਹਾਉ ॥	(ਇਸ ਦਸ਼ਾ ਵਿਚ ਹੇ ਮਨ ! ਅਰਦਾਸ ਕਰ ਕਿ) ਹੇ ਸਤਿਗੁਰ ! (ਮੈਨੂੰ ਹੁਣ) ਤੇਰੀ ਹੀ ਆਸ ਹੈ, ਹੇ ਪਾਰਬ੍ਰਹਮ ਤੇਰਾ (ਇਕ) ਨਾਮ ਪਤਿਤ ਪਾਵਨ (ਬੀ ਹੈ, ਹੁਣ) ਮੈਂ ਏਹੋ ਆਸਰਾ ਫੜ ਲਿਆ ਹੈ (ਕਿ ਸ਼ਰਣ ਪਿਆਂ ਤੂੰ ਰੱਖ ਲਵੇਂਗਾ)॥੧॥ ਰਹਾਉ॥

ਗੰਧਣ ਵੈਣ ਸੁਣਹਿ ਉਰਝਾਵਹਿ ਨਾਮੁ ਲੈਤ ਅਲਕਾਇਆ ॥
ਨਿੰਦ ਚਿੰਦ ਕਉ ਬਹੁਤੁ ਉਮਾਹਿਓ ਬੂਝੀ ਉਲਟਾਇਆ ॥੨॥

(ਹੇ ਮਨ ! ਤੂੰ ਓਹ) ਬਚਨ (ਜੋ) ਗੰਦੇ (ਹੁੰਦੇ ਹਨ) ਸੁਣਦਾ ਹੈਂ (ਤਾਂ ਝੱਟ) ਉਲਝ ਜਾਂਦਾ ਹੈਂ (ਭਾਵ ਉਨ੍ਹਾਂ ਵਿਚ ਖਚਿਤ ਹੋ ਜਾਂਦਾ ਹੈਂ, ਪਰ) ਨਾਮ ਲੈਣ ਵੱਲੋਂ ਆਲਸ ਵਿਚ ਪੈ ਜਾਂਦਾ ਹੈਂ। (ਪ੍ਰਾਈ) ਨਿੰਦਿਆ ਦੇ ਚਿੰਤਨ (ਕਰਨ) ਨੂੰ ਤੂੰ ਬਹੁਤ ਖੁਸ਼ ਹੁੰਦਾ ਹੈਂ (ਇਹ ਤੂੰ) ਪੁੱਠੀ ਸਮਝ (ਮਤਿ) ਰੱਖੀ ਹੈ॥ ੨॥

ਪਰ ਧਨ ਪਰ ਤਨ ਪਰ ਤੀ ਨਿੰਦਾ ਅਖਾਧਿ ਖਾਹਿ ਹਰਕਾਇਆ ॥ ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ ॥੩॥

ਪਰਾਇਆ ਧਨ, ਪਰਾਇਆ ਸਰੀਰ, ਪਰਾਈ ਇਸਤ੍ਰੀ, (ਪਰਾਈ) ਨਿੰਦਾ ਤੇ ਅਖਾਧਜ ਦੇ ਖਾਣੇ ਲਈ (ਤੂੰ) ਹਲਕਾਇਆ ਹੋਇਆ (ਫਿਰਦਾ) ਹੈਂ। ਸੱਚ ਧਰਮ ਨਾਲ ਤੈਨੂੰ ਰੁਚੀ ਨਹੀਂ ਪੈਦਾ ਹੁੰਦੀ ਸੱਚੀ (ਗੱਲ) ਸੁਣਕੇ (ਤੂੰ) ਗੁੱਸੇ ਵਿਚ ਆ ਜਾਂਦਾ ਹੈਂ॥ ੩॥

ਦੀਨ ਦਇਆਲ ਕ੍ਰਿਪਾਲ ਪ੍ਰਭ ਠਾਕੁਰ ਭਗਤ ਟੇਕ ਹਰਿ ਨਾਇਆ ॥ ਨਾਨਕ ਆਹਿ ਸਰਣ ਪ੍ਰਭ ਆਇਓ ਰਾਖੁ ਲਾਜ ਅਪਨਾਇਆ ॥੪॥੩॥੧੨੫॥

ਹੇ ਦੀਨਾਂ ਤੇ ਦਿਆਲੂ ! ਹੇ ਕ੍ਰਿਪਾਲੂ ! ਹੇ ਪ੍ਰਭੂ ! ਹੇ ਠਾਕੁਰ ਭਗਤਾਂ ਨੂੰ(ਕੇਵਲ) ਹਰੀ ਨਾਮ ਦੀ ਟੇਕ ਹੈ। ਨਾਨਕ (ਜੀ ਬਿਨੈ ਕਰਦੇ ਹਨ: ਮੈਂ ਬੜੀ) ਚਾਹ ਕਰਕੇ (ਆਪ) ਪ੍ਰਭੂ ਜੀ ਦੀ ਸ਼ਰਣ ਆਇਆ ਹਾਂ (ਸ਼ਰਣ ਆਏ ਦੀ) ਲਾਜ ਰੱਖ ਲਓ ਤੇ ਅਪਨਾ ਲਓ॥ ੪॥ ੩॥ ੧੨੫॥

ਵਯਾਖਯਾ– 'ਰੇ' ਤੇ 'ਤੂੰ' ਕਹਿਣ ਤੋਂ ਜਾਪਦਾ ਹੈ ਕਿ ਸਨਮੁਖ ਬੈਠੇ ਕਿਸੇ ਨੂੰ ਉਪਦੇਸ਼ ਦੇ ਰਹੇ ਹਨ, ਪਰ ਰਹਾਉ ਵਿਚ 'ਮੈਂ' ਪਦ ਪਿਆ ਹੈ ਤੇ ਅੰਤਲੀ ਤੁਕ ਵਿਚ ਆਇਓਂ ਕ੍ਰਿਯਾ ਬੀ ਉੱਤਮ ਪੁਰਖ ਦੀ ਹੈ। ਇਸ ਤੋਂ ਪਤਾ ਲਗਾ ਕਿ ਨਿਜ ਮਨ ਨੂੰ ਮੱਧਮ ਪੁਰਖ ਬਣਾ ਕੇ ਸਮੋਧ ਕਰ ਰਹੇ ਹਨ ਪਰ ਮਹਾਂ ਪੁਰਖਾਂ ਦਾ ਸਭ ਤੋਂ ਵਧੀਆ ਤਰੀਕਾ ਉਪਦੇਸ਼ ਦਾ ਇਹੋ ਹੁੰਦਾ ਹੈ ਕਿ ਉਪਦੇਸ਼ ਤਾਂ ਦੂਜੇ ਨੂੰ ਕਰਦੇ ਹਨ ਪਰ ਅਪਣੇ ਤੇ ਲਾ ਕੇ ਕਹਿੰਦੇ ਹਨ। ਇਸ ਪ੍ਰਕਾਰ ਇਸ ਸ਼ਬਦ ਵਿਚ ਆਮ ਮਾਇਆ ਵਿਚ ਪ੍ਰਵਿਰਤ ਪਰਮਾਰਥ ਤੋਂ ਗ਼ਾਫ਼ਲ ਆਦਮੀ ਦੀ ਦਸ਼ਾ ਤੇ ਤਰਸ ਖਾ ਕੇ, ਉਸਦੀ ਜ਼ਿੰਦਗੀ ਦੀਆਂ ਭੁੱਲਾਂ ਦਿਖਾ ਕੇ ਨਾਮ ਦਾ ਉਪਦੇਸ਼ ਕਰ ਰਹੇ ਹਨ ਜੋ ਜਾਗ੍ਰਤ ਵਿਚ ਆ ਕੇ ਦਰੁਸਤ ਰਸਤੇ ਟੁਰ ਪਏ ਵਾਹਿਗੁਰੂ ਦੀ ਦੀਨ ਦਿਆਲਤਾ ਤੇ ਭਰੋਸਾ ਕਰਨਾ ਬੀ ਸਿਖਾ ਰਹੇ ਹਨ ਤੇ ਅਖੀਰਲੇ ਅੰਕ ਵਿਚ ਉਸ ਲਈ ਅਰਦਾਸ ਬੀ ਕਰਦੇ ਹਨ।

ਅੰਕ ੧—ਹਰ ਜੀਵ ਦਾ ਸੁਤੇ ਸੁਭਾਵ ਹੈ ਕਿ ਓਹ ਸ਼ੁਭ ਕਰਮਾਂ ਵਿਚ ਖੇਚਲ ਵੇਖ ਕੇ ਪ੍ਰਵਿਰਤ ਨਹੀ ਹੁੰਦੇ ਤੇ ਮਾੜੇ ਕਰਮਾਂ ਵਿਚ, ਜਿਨ੍ਹਾਂ ਵਿਚ ਸੰਸਾਰਕ ਲਾਭ ਹੋਵੇ, ਝੱਟ ਪਰਵਿਰਤ ਹੋ ਜਾਂਦੇ ਹਨ ਤੇ ਮੜੱਪਣ ਦੀ ਪਰਵਾਹ ਨਹੀਂ ਕਰਦੇ। ਸ਼ੁਭ ਅਸ਼ੁਭ ਕਰਮਾਂ ਵੱਲ ਅਰੁਚੀ ਰੁਚੀ ਦੱਸ ਕੇ ਸਸਤਾ ਵੱਖਰ ਤੂੰ ਖਰੀਦ ਹੀ ਨਹੀਂ ਕਰਦਾ, ਇਹ ਆਖ ਕੇ ਸੱਚੇ ਨਾਮ ਵੱਲ ਸੈਨਤ ਸੁਟੀ ਹੈ ਕਿ ਉਸ ਤੋਂ ਤੂੰ ਮੂਲੋਂ ਗ਼ਾਫ਼ਲ ਹੈਂ ਫਲ ਕੀ ਹੈ ਕਿ ਮਾੜੇ ਕਰਮਾਂ ਦਾ ਕਰਜ਼ਾ ਹੀ ਕਰਜ਼ਾ ਤੇਰੇ ਸਿਰ ਚੜ੍ਹਦਾ ਜਾਂਦਾ ਹੈ ਕੁਝ ਕਰਜ਼ਾ ਸ਼ੁਭ ਕਰਮਾਂ ਨੇ ਉਤਾਰਨਾ ਸੀ ਬਾਕੀ ਦਾ 'ਨਾਮ' ਨੇ ਅਦਾ ਕਰਨਾ ਸੀ, ਉਹ ਦੋਨੋਂ ਬੰਦ ਹਨ ਤੇ ਘਾਟੇ ਵੰਦਾ ਵਿਹਾਰ ਮਾੜੇ ਕਰਮਾਂ ਦਾ ਜਾਰੀ ਹੈ ਸੋ ਦੇਣਾ ਹੀ ਦੇਣਾ ਵਧ ਰਿਹਾ ਹੈ।

ਅੰਕ ੨ ਵਿਚ ਸਾਫ ਕਹਿ ਦਿਤਾ ਹੈ ਕਿ ਜੇ ਤੈਨੂੰ ਨਾਮ ਦੀ ਸੂੰਹ ਪੈ ਵੀ ਜਾਵੇ ਤਦ ਬੀ ਨਾਮ ਲੈਣ ਵਿਚ ਆਲਸ ਆ ਘੇਰਦਾ ਹੈ, ਹਰੀ ਕੀਰਤਨ ਵਿਚ ਤੂੰ ਰਸ ਨਹੀਂ ਲੈਂਦਾ, ਇਹ ਗਲ ਇਸ ਵਾਕ ਤੋਂ ਸਮਝ ਪੈ ਜਾਂਦੀ ਹੈ ਕਿ 'ਗੰਧਣ ਵੈਣ' ਭਾਵ ਗੰਦੇ ਵਾਕ ਯਾ ਓਹ ਗੀਤ ਜੋ ਕਾਮ ਆਦਿ ਵਲ ਪ੍ਰੇਰਨਾ ਕਰਦੇ ਹਨ, ਉਹਨਾਂ ਦਾ ਸੁਆਦ ਐਨਾਂ ਆ ਜਾਂਦਾ ਹੈ ਕਿ ਨਾ ਕੇਵਲ ਤੂੰ ਸੁਣਕੇ ਬੱਸ ਕਰਦਾ ਹੈਂ, ਸਗੋਂ ਤੂੰ ਉਹਨਾਂ ਦੀ ਪ੍ਰੇਰਨਾ ਵਿਚ ਆਕੇ ਮੜੱਪਣ ਵਿਚ ਲਗ ਜਾਂਦਾ ਹੈਂ, ਇਹ ਹੈ ਉਰਝਾਉਣਾ,

ਫਸਣਾ ਯਾ ਫਸ ਮਰਨਾ। ਫੇਰ ਆਮ ਜੀਵਨ ਵਿਚ ਬੀ ਤੇ ਮਤਿ ਉਲਟੀ ਹੋ ਗਈ ਹੈ ਕਿ ਪਰਾਈ ਨਿੰਦਾ ਉਸਤੁਤਿ ਵਿਚ ਤੂੰ ਸੁਭਾ ਸੁਆਦ ਨਾਲ ਲਗਾ ਰਹਿੰਦਾ ਹੈ। ਤੇ ਬਿਰਥਾ ਬੋਝ ਦੂਜਿਆਂ ਦੀ ਮੈਲ ਦਾ ਚੁਕਦਾ ਰਹਿੰਦਾ ਹੈ।

ਅੰਕ ੩ ਵਿਚ ਨਿੰਦਾ ਦਾ ਵਿਸ਼ਾ ਜਾਰੀ ਹੈ, ਉਹ 'ਪਰਾਏ' ਦੇ ਸਿਲਸਿਲੇ ਵਿਚ, ਕਿ ਤੈਨੂੰ ਪਰਾਇਆ ਧਨ ਪਰਾਇਆ ਸਰੀਰ,ਅਰਥਾਤ ਗੁਲਾਮ ਬਣਾਕੇ ਦੂਸਰਿਆਂ ਦੇ ਸਰੀਰਾਂ ਤੋਂ ਪਸ਼ੂ ਜਾਣਕੇ ਸੇਵਾ ਲੈਣੀ, ਪਰਾਈ ਇਸਤ੍ਰੀ ਭੋਗਣੀ, ਪਰਾਈ ਨਿੰਦਾ ਵਿਚ ਵਿਆਪਣਾ ਇਹ ਗਲਾਂ ਭਾਉਂਦੀਆਂ ਹਨ। ਉਹ ਖਾਣਾ ਜੋ ਤੈਨੂੰ ਵਿਹਿਤ ਨਹੀਂ, ਤੈਨੂੰ ਭਾਉਂਦਾ ਹੈ, ਇਸ ਕਹਿਣ ਤੋਂ ਬੀ ਭਾਵ ਪਰਾਏ ਦੀ ਹੈ, ਕਿ ਪਰਾਇਆ ਹੱਕ ਤੂੰ ਜਿਸ ਦਾ ਹੱਕਦਾਰ ਨਹੀਂ, ਉਸ ਨੂੰ ਮਾਣਨਾ ਤੈਨੂੰ ਚੰਗਾ ਲਗਦਾ ਹੈ। ਇਸ ਦੇ ਉਲਟ ਤੈਨੂੰ ਸੱਚ ਨਾਲ ਤੇ ਧਰਮ ਨਾਲ ਕੋਈ ਵਾਸਤਾ ਨਹੀਂ ਰਿਹਾ ਇਨ੍ਹਾਂ ਕਰਮਾਂ ਵਿਚ ਨਾਂ ਤਾਂ ਤੂੰ ਸੱਚ ਝੂਠ ਦੀ ਪਰਵਾਹ ਕਰਦਾ ਹੈ, ਨਾ ਤੂੰ ਧਰਮ ਅਧਰਮ ਯਾ ਵਿਹਿਤ ਅਵਿਹਿਤ ਦੀ ਪਰਵਾਹ ਕਰਦਾ ਹੈ। ਇਥੋਂ ਤੋੜੀ ਤੂੰ ਸੱਚ ਤੋਂ ਦੂਰ ਹੋ ਗਿਆ ਹੈਂ ਕਿ ਜੇ ਕੋਈ ਤੈਨੂੰ ਸੱਚੀ ਗੱਲ ਕਹਿ ਦੇਵ ਤਾਂ ਤੈਨੂੰ ਗੁੱਸਾ ਚੜ੍ਹ ਜਾਂਦਾ ਹੈ।

ਅੰਕ ੪ ਵਿਚ ਤੇ ਰਹਾਉ ਵਿਚ ਇਸ ਪ੍ਰਕਾਰ ਦੀ ਭਜਾਨਕ ਤੇ ਗਿਰੀ ਹੋਈ ਅਵਸਥਾ ਦਾ ਦਾਰੂ ਹੈ। ਪਹਿਲੀ ਗੱਲ ਹੈ। ਅਰਦਾਸ ਕਰੋ ਕਿ ਹੇ ਸਤਿਗੁਰੂ ! ਹੇ ਪਾਰਬ੍ਰਹਮ ! ਮੈਂ ਤੇਰੀ ਸ਼ਰਣ ਆਇਆ ਹਾਂ, ਤੇਰੇ ਤੇ ਆਸ ਧਾਰਕੇ ਤੇਰੇ ਕੋਲ ਆਹ (=ਚਾਹਕੇ) ਆਯਾ ਹਾਂ।

੨. ਸਤਿਗੁਰੂ ਦੀ ਸ਼ਰਣ ਤੇ ਵਾਹਿਗੁਰੂ ਦੀ ਸ਼ਰਣ ਦੁਇ ਤੱਕੀਆਂ ਹਨ। ਸਤਿਗੁਰੂ ਨੇ ਨਾਮ ਦੇਣਾ ਹੈ, ਮੇਹਰ ਪਾਰਬ੍ਰਹਮ ਦੀ ਹੋਣੀ ਹੈ। ਨਾਮ ਜਪ ਕੇ ਪਾਪ ਦੂਰ ਹੋਣੇ ਹਨ, ਇਹ ਪਤਿਤ ਪਾਵਨ ਦੇ ਨਾਮ ਨੇ ਪਹਿਲੋਂ ਪਾਪ ਹਰਨੇ ਹਨ, ਤੇ ਇੱਕੋ ਉਸ ਦੀ ਟੇਕ ਤੇ ਹੋ ਜਾਣਾ ਇਹ ਭਗਤੀ ਹੈ। ਇਹ ਮੁੱਢ ਰਹਾਉ ਵਿਚ ਬੰਨ੍ਹ ਕੇ ਅੰਤਲੇ ਪਦੇ ਚਾਰ ਵਿਚ ਹਰੀ ਨਾਮ ਨੂੰ ਭਗਤਾਂ ਦੀ ਟੇਕ ਦੱਸਿਆ। ਹੁਣ ਭਗਤੀ ਭਾਵ ਵਿਚ ਚਾਹ ਕੇ-ਪ੍ਰੇਮ ਨਾਲ—ਅਰਦਾਸ ਕਰਦੇ ਹਨ ਕਿ ਹੁਣ ਸ਼ਰਣ ਆਏ ਦੀ ਲਾਜ ਰੱਖੋ, ਆਪਣਾ ਪਤਿਤ ਪਾਵਨ ਬਿਰਦ ਸੰਭਾਲੋ, ਤੁਸੀ ਦਿਆਲੂ ਹੋ, ਮੈਨੂੰ ਤਾਰ ਲਓ।

ਨਿਰੁਕ੍ਤ—ਬੇਗਿ—[ਸੰਸ: ਵੇਗ,] ਜਲਦੀ, ਛੇਤੀ।

ਰੇਨਾਇਆ [ਸੰਸ:, ਰਿਣੰ=ਕਰਜ਼ਾ, ਉਧਾਰ+ਆਇਆ] ਕਰਜ਼ੇ ਹੇਠ ਆਇਆ ਹੋਇਆ। ਕਰਜਿਆਂ ਨਾਲ ਦੱਬਿਆ ਪਿਆ। (ਅ) ਪੁਰਾਤਣ ਅਰਥ ਐਉਂ ਬੀ ਕਰਦੇ ਸਨ:—ਪਾਪਾਂ ਦੇ ਗਲਬੇ ਹੇਠ ਆਉਣਾ। ਅਰਬੀ ਵਿਚ 'ਰੈਨ' ਦੇ ਅਰਥ ਹਨ—'ਪਾਪਾਂ ਦਾ ਕਿਸੇ ਤੇ ਗ਼ਾਲਬ ਹੋਣਾ।

ਆਸਾਇਆ—ਆਸਾ ਹੈ। ਆਸਾ ਵਾਲਾ ਹਾਂ।

ਪਤਿਤ ਪਾਵਨੁ—[ਸੰਸ:, ਪਤਿਤ: (='ਡਿੱਗਾ ਹੋਇਆ)+ਪਾਵਨ:=ਪਵਿਤ੍ਰ ਕਰਨ ਵਾਲਾ] ਡਿੱਗੇ ਹੋਇਆਂ ਨੂੰ, ਭਾਵ ਪਾਪੀਆਂ ਨੂੰ ਪਵਿਤ ਕਰਨੇ ਵਾਲਾ।

ਓਟਾਇਆ—ਆਸਰਾਂ ਲੈ ਲਿਆ ਹੈ।

ਗੰਧਣ ਵੈਣ—ਬੂ ਵਾਲੇ ਬਚਨ। ਭਾਵ ਹੈ ਗੰਦੇ ਗੀਤ। ਇਸ਼ਕੀਆ ਕਿੱਸੇ ਕਹਾਣੀਆਂ ਕਾਮ ਕ੍ਰੋਧ ਉਦੀਪਨ ਕਰਨ ਵਾਲੇ ਗਾਉਣੇ।

ਉਰਝਾਵਹਿ—ਵਜਾਖਜਾ ਵਿਚ ਅਰਥ ਆ ਚੁਕੇ ਹਨ।;

ਅਲਕਾਇਆ—ਆਲਕ ਯਾ ਆਲਸ ਕਰਦਾ ਹੈ।

ਨਿੰਦ ਚਿੰਦ—ਨਿੰਦਜਾ ਦਾ ਚਿੰਤਨ। ਨਿੰਦਿਆ ਵੀਚਾਰਨੀ (ਤੇ ਕਰਨੀ)।

ਓਮਾਹਿਓ—ਉਮਾਹ ਅਰਥਾਤ ਚਾਉ ਨਾਲ ਭਰ ਜਾਂਦਾ ਹੈ, ਖੁਸ਼ ਹੁੰਦਾ ਹੈ।

ਪਰ ਤਨ—ਪਰਾਇਆ ਸਰੀਰ। ਮੁਰਾਦ ਹੈ ਗ਼ੁਲਾਮਾਂ ਤੋਂ। ਪਿਛਲੇ ਸਮੇਂ ਆਦਮੀ ਡੰਗਰਾਂ ਵਾਂਙੂ

ਮੁੱਲ ਲੈ ਕੇ ਉਨ੍ਹਾਂ ਤੋਂ ਸੇਵਾ ਲੈਂਦੇ ਸਨ। (ਅ) ਇਸ ਦਾ ਅਰਥ ਏਥੇ ਪਰ ਇਸਤ੍ਰੀ ਨਹੀਂ, ਕਿਉਂਕਿ 'ਪਰ ਤੀਂ' ਪਦ ਅੱਗੇ ਪਿਆ ਹੈਂ' ਜਿਸਦਾ ਅਰਥ ਪਰਾਈ ਇਸਤ੍ਰੀ ਹੈ।

ਅਖਾਧਿ—[ਸੰਸ:, ਅਖਾਦਯ'] ਜੋ ਖਾਣੇ ਯੋਗ ਨਹੀਂ। ਜਿਸ ਨੂੰ ਧਰਮ ਨੇ ਖਾਣਾ ਹਲਾਲ ਯਾ ਵਿਹਿਤ ਕਰਾਰ ਨਹੀਂ ਦਿੱਤਾ। ਜੋ ਕਿਵੇਂ ਬੀ ਖਾਣਾ ਜੋਗ ਨਹੀਂ।

ਹਰਕਾਇਆ—[ਸੰਸ:, ਅਲਕ:=ਪਾਗ਼ਲ ਕੁੱਤਾ। ਪੰ:, ਹਲਕਾਇਆ] ਹਲਕਾਇਆ। ਭਾਵ ਹੈ ਹਲਕਾਏ ਕੁੱਤੇ ਤੋਂ, ਕਿ ਹਲਕਾਏ ਕੁੱਤੇ ਵਾਂਙੂ ਬੇਵਸਾ ਹੋਇਆ ਭੱਜਾ ਫਿਰਦਾ ਹੈ।

ਨਾਇਆ—ਨਾਮ ਦੀ। **ਆਹਿ**—ਚਾਹ ਕਰਕੇ। ਪ੍ਰੇਮ ਨਾਲ।

ਅਪਨਾਇਆ—ਅਪਨਾ ਲਿਆ ਜੇ। (ਅ) ਐਉਂ ਬੀ ਕਰਦੇ ਹਨ—ਆਪਣਾ ਜਾਣਕੇ ਲਾਜ ਰੱਖ ਲਓ।

[ਆਸਾ ਮਹਲਾ ੫, ਚਉਪਦਾ, ੧੨੬-੧੯੩]

ਪ੍ਰਾਕ੍ਥਨ—ਇੰਦ੍ਰੇ ਰਸਾਂ ਵਿਚ ਲੰਪਟ ਪੁਰਖ ਨੂੰ ਉੱਤਮ ਪੁਰਖ ਦੁਆਰਾ ਜਾਗ੍ਰਤ ਵਿਚ ਪਾ ਕੇ ਪ੍ਰਭ ਕ੍ਰਿਪਾ ਦਾ ਸਹਾਰਾ ਦਿੱਤਾ ਹੈ ਤੇ ਨਾਮ ਜਪ ਦਾ ਉਪਦੇਸ਼ ਦਿੱਤਾ ਹੈ ਤੇ ਇਸ ਦਾ ਉੱਤਮ ਫਲ ਦਿਖਲਾਇਆ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਮਿਥਿਆ ਸੰਗਿ ਸੰਗਿ ਲਪਟਾਏ ਮੋਹ ਮਾਇਆ ਕਰਿ ਬਾਧੇ ॥ ਜਹ ਜਾਨੋ ਸੋ ਚੀਤਿ ਨ ਆਵੈ ਅਹੰਬੁਧਿ ਭਏ ਆਂਧੇ ॥੧॥	ਮੋਹ ਮਾਯਾ ਕਰਕੇ ਬੱਧੇ ਹੋਏ (ਜੀਵ) ਨਾ ਰਹਿਣੇ ਵਾਲੇ ਸਾਥੀਆਂ ਵਿਚ ਫਸੇ ਪਏ ਹਨ, (ਮਰਕੇ) ਜਿੱਥੇ (ਜੀਵ ਨੇ) ਜਾਣਾ ਹੈ ਉਹ (ਥਾਂ) ਚੇਤੇ ਹੀ ਨਹੀਂ ਆਉਂਦੀ (ਮਾਨੋਂ) ਅੰਨ੍ਹੇ ਹੋ ਰਹੇ ਹਨ (ਜਿਸ ਦਾ ਮੂਲ ਕਾਰਣ) ਅਹੰ ਭਾਵ ਵਾਲੀ ਬੁੱਧੀ ਹੈ॥੧॥
ਮਨ ਬੈਰਾਗੀ ਕਿਉ ਨ ਅਰਾਧੇ ॥ ਕਾਚ ਕੋਠਰੀ ਮਾਹਿ ਤੂੰ ਬਸਤਾ ਸੰਗਿ ਸਗਲ ਬਿਖੈ ਕੀ ਬਿਆਧੇ ॥੧॥ ਰਹਾਉ ॥	ਹੇ ਮਨ ! (ਤੂੰ ਮੋਹ ਮਾਯਾ ਤੋਂ ਅਹੁੰ ਬੁਧਿ ਤੋਂ) ਵੈਰਾਗੀ ਹੋ ਕੇ (ਵਾਹਿਗੁਰੂ ਨੂੰ) ਕਿਉਂ ਨਹੀਂ ਧਿਆਂਵਦਾ? (ਹੋਸ਼ ਕਰ ਤੇ ਦੇਖ ਕਿ ਤੇਰੇ) ਨਾਲ ਸਾਰੇ ਵਿਸ਼ਿਆਂ ਦੀਆਂ ਬਿਆਧਾਂ (ਵਸਦੀਆਂ ਹਨ ਤੇ) ਤੂੰ ਕੱਚੀ ਕੋਠੜੀ ਵਿਚ ਵਸਦਾ ਹੈਂ॥੧॥ਰਹਾਉ॥
ਮੇਰੀ ਮੇਰੀ ਕਰਤ ਦਿਨੁ ਰੈਨਿ ਬਿਹਾਵੈ ਪਲੁ ਖਿਨੁ ਛੀਜੈ ਅਰਜਾਧੇ ॥ ਜੈਸੇ ਮੀਠੈ ਸਾਦਿ ਲੋਭਾਏ ਝੂਠ ਧੰਧਿ ਦੁਰਗਾਧੇ ॥੨॥	(ਤੇਰਾ) ਰਾਤ ਦਿਨ ਮੇਰੀ ਮੇਰੀਂ ਕਰਦਿਆਂ ਬੀਤਦਾ ਹੈ, (ਤੂੰ ਨਹੀਂ ਸਮਝਦਾ ਕਿ) ਪਲਪਲ ਛਿਨ ਛਿਨ ਕਰਕੇ (ਤੇਰੀ) ਉਮਰਾ ਖੀਨ ਹੋ ਰਹੀ (ਭਾਵ ਘਟ ਰਹੀ ਹੈ)। (ਹੇ ਮਨ !) ਜੀਕੂੰ (ਆਮ ਲੋਕੀ) ਮਿੱਠੇ ਦੇ ਸੁਆਦ ਵਿਚ ਲੋਭੀ ਹੋਏ ਹੋਏ ਹਨ (ਤਿਵੇਂ ਤੂੰ) ਝੂਠੇ ਧੰਦਿਆਂ ਵਿਚ ਤੇ ਬਦਬੋ ਵਾਲੇ (ਪਾਪ ਕਰਮਾਂ) ਵਿਚ ਲੱਗਾ ਹੋਇਆ ਹੈਂ॥੨॥
ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ ॥	(ਦੇਖ !) ਇਹ ਤਾਂ ਇੰਦ੍ਰੇ ਰਸਾਂ ਵਿਚ ਫਸੇ ਹੋਏ ਕਾਮ ਕ੍ਰੋਧ ਤੇ ਲੋਭ ਮੋਹ ਦਾ (ਵਰਤਾਰਾ ਵਰਤ ਰਹੇ ਹਨ; ਪਰ) ਕਰਮਾਂ ਦਾ

ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ ॥੩॥	ਫਲ ਦੇਣ ਵਾਲੇ (ਅਕਾਲ—) ਪੁਰਖ ਨੇ (ਇਨ੍ਹਾਂ ਲੰਪਟ ਤੇ ਪਾਪ ਕਰਮੀਆਂ ਲਈ ਚੁਰਾਸੀ ਵਿਚ ਘੁੰਮਣ ਦੀ) ਭੁਆਟੜੀ ਦੇ ਰੱਖੀ ਹੈ (ਇਨ੍ਹਾਂ ਨੇ) ਮੁੜ ਮੁੜ ਕੇ ਜਨਮਾਂ ਵਿਚ (ਰੁਲਣਾ ਹੈ)॥ ੩॥
ਜਉ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਤਉ ਗੁਰ ਮਿਲਿ ਸਭ ਸੁਖ ਲਾਧੇ ॥ ਕਹੁ ਨਾਨਕ ਦਿਨੁ ਰੈਨਿ ਧਿਆਵਉ ਮਾਰਿ ਕਾਢੀ ਸਗਲ ਉਪਾਧੇ ॥੪॥	ਜਦੋਂ ਦੀਨਾਂ ਦੇ ਦੁੱਖ ਕੱਟਣੇ ਵਾਲਾ (ਮੇਰੇ ਤੇ) ਕ੍ਰਿਪਾਲ ਹੋ ਗਿਆ ਤਦ (ਮੈਨੂੰ) ਗੁਰੂ ਮਿਲ ਪਿਆ, (ਉਸ ਨੂੰ) ਮਿਲ ਕੇ (ਮੈਨੂੰ) ਸਾਰੇ ਸੁਖ ਲੱਭ ਪਏ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ ਹੁਣ ਮੈਂ) ਦਿਨੇ ਤੇ ਰਾਤ (ਪ੍ਰਭੂ ਨੂੰ) ਧਿਆਉਂਦਾ ਹਾਂ (ਜਿਸ ਕਰਕੇ) ਸਾਰੇ ਉਪੱਦ੍ਰਵ ਮਾਰ ਕੇ ਕੱਢ ਦਿੱਤੇ ਹਨ॥ ੪॥
ਇਉ ਜਪਿਓ ਭਾਈ ਪੁਰਖੁ ਬਿਧਾਤੇ ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਜਨਮ ਮਰਣ ਦੁਖ ਲਾਥੇ ॥੧॥ ਰਹਾਉ ਦੂਜਾ ॥੪॥੪॥੧੨੬॥	ਹੇ ਭਾਈ ! ਐਉਂ (ਮੈਂ) ਕਰਮਾਂ ਦੇ ਫਲ ਪ੍ਰਦਾਤਾ ਪੁਰਖ ਨੂੰ ਸਿਮਰਿਆ ਹੈ। (ਮੇਰੇ ਤੇ) ਗ੍ਰੀਬਾਂ ਦੇ ਦੁਖ ਕੱਟਣ ਵਾਲਾ (ਪ੍ਰਭੂ) ਕ੍ਰਿਪਾਲੂ ਹੋ ਗਿਆ (ਤੇ ਮੇਰੇ) ਜਨਮ ਮਰਣ ਦੇ ਦੁਖ ਮਗਰੋਂ ਕ੍ਰਿਪਾਲੂ ਹੋ ਗਿਆ (ਤੇ ਮੇਰੇ) ਜਨਮ ਮਰਣ ਦੇ ਦੁਖ ਮਗਰੋਂ ਲਹਿ ਗਏ ਹਨ॥ ੧॥ ਰਹਾਉ ਦੂਜਾ॥ ੪॥ ੪॥ ੧੨੬॥

ਵਜਾਖਜਾ— ਇਸ ਸ਼ਬਦ ਵਿਚ ਬੀ ਅਪਣੇ ਦੁਆਰਾ ਉਪਦੇਸ਼ ਹੈ।

ਅੰਕ ੧ ਵਿਚ ਮੋਹ ਮਾਇਆ ਫਾਥਿਆਂ ਤੇ ਅਹੰ ਬੁਧਿ ਵਿਚ ਬੱਝਿਆਂ ਆਮ ਲੋਕਾਂ ਦਾ ਹਾਲ ਕਿਹਾ ਹੈ, ਪਰ ਰਹਾਉ ਵਿਚ ਨਿਜ ਮਨ ਦੁਆਰਾ ਸਮੋਧ ਹੈ ਤੇ ਇਨ੍ਹਾਂ ਨੂੰ ਦੇਖ ਕੇ ਆਪ ਨੂੰ ਮੋਹ ਨਿੰਦ੍ਰਾ ਤੋਂ ਜਗਾ- ਇਆ ਹੈ। ਫਿਰ ਅੰਕ ੨ ਤੇ ੩ ਵਿਚ ਇੰਦ੍ਰੈ ਰਸਾਂ ਵਿਚ ਲੰਪਟ, ਮੈਂ ਮੇਰੀ ਵਿਚ ਫਸੇ ਜੀਵਾਂ ਵਲ ਦ੍ਰਿਸ਼ਟੀ ਪਾਈ ਹੈ, ਐਸੇ ਪੁਰਖਾਂ ਲਈ ਅੰਤਲੀ ਸਤਰ ਵਿਚ ਜਨਮ ਮਰਨ ਦੀ ਸਜ਼ਾ ਵਰਣਨ ਕੀਤੀ ਹੈ। ਹੁਣ ਅੰਕ ੩ ਤੇ ੪ ਵਿਚ ਮੁੜ ਅਪਣੇ ਆਪ ਦੁਆਰਾ ਉਪਦੇਸ਼ ਹੈ ਕਿ ਮਾਰਗ ਇਹ ਹੈ ਜੋ: ਗੁਰੂ ਦਾ ਮਿਲਨਾ ਪਹਿਲੀ ਗਲ ਹੈ ਜੋ ਸਾਂਈਂ ਦੀ ਕ੍ਰਿਪਾ ਨਾਲ ਹੁੰਦਾ ਹੈ ਤੇ ਗੁਰੂ ਨੇ ਕੀਹ ਦੇਣਾ ਹੈ ? ਦਿਨ ਰੈਨ ਦਾ ਸਿਮਰਨ, ਜਿਸ ਨਾਲ ਸਭ ਉਪਾਧੀਆਂ ਦੂਰ ਹੋਕੇ ਸੁਖ ਮਿਲਦਾ ਹੈ। ਉਪਾਧੀ ਉਹ ਸ਼ੈ ਹੈ ਜੋ ਹੋਰ ਦਾਹੋਰ ਦਿਖਾਕੇ ਭੁਲੇਵੇ ਵਿਚ ਪਾ ਦੇਂਦੀ ਹੈ। ਇਸ ਦੇ ਆਮ ਅਰਥ ਹੋ ਗਏ ਹਨ : ਉਪਦ੍ਰਵ ਆਦਿ ਵਿਘਨਕਾਰੀ ਸਾਮਾਨ। ਗੋਯਾ ਇਹ ਫੁਰਮਾ ਰਹੇ ਹਨ ਕਿ ਗੁਰੂ ਦੇ ਦਿੱਤੇ ਨਾਮ ਦੀ ਤਾਸੀਰ ਨਾਲ ਸਭ ਭੁਲੇਵੇ, ਜੋ ਮੋਹ ਮਾਇਆ ਤੇ ਅਹੰ ਬੁਧਿ ਵਿਚ ਫਸਾ ਰਖਦੇ ਹਨ, ਦੂਰ ਹੋ ਜਾਂਦੇ ਹਨ ਤੇ ਆਤਮ ਸੁਖ ਤੇ ਸਦੈਵੀ ਟਿਕਾਉ ਪ੍ਰਭੂ ਵਿਚ ਹੋ ਜਾਂਦਾ ਹੈ।

ਨਿਰੁਕ੍ਤ—**ਸੰਗਿ**—[ਸੰਸ:, ਸੰਘ:=ਸਮੂਹ, ਬਹੁਤ ਲੋਕਾਂ ਦਾ ਇਕੱਠ] ਕੁਛ ਆਦਮੀਆਂ ਦਾ ਇਕੱਠ, ਸਾਥ। **ਸੰਗਿ**—ਨਾਲ।

ਅਹੰ ਬੁਧਿ—ਬੁਧਿ ਵਿਚ 'ਅੰਹ' ਦਾ ਭਾਵ ਪ੍ਰਧਾਨ ਹੋਣਾ। ਭਾਵ ਅਹੰਕਾਰ ਨਾਲ ਮੱਤੀ ਹੋਈ ਬੁੱਧੀ ਤੋਂ ਹੈ। ਇਸ ਤੋਂ ਮੈਂ ਮੇਰੀ ਉਪਜਦੀ ਹੈ। ਉਸ ਤੋਂ ਫੇਰ ਹੋਰ ਫਸੌਤੀਆਂ, ਭੋਗ।

ਬਿਆਧੇ—[ਸੰਸ:, ਵਜਾਧਿ:] ਰੋਗ, ਬਿਮਾਰੀ।

ਅਰਜਾਧੇ—ਆਰਜਾ, ਉਮਰਾ। ਕਾਫੀਏ ਲਈ 'ਧੇ' ਆਦਿ ਅਖਰ ਵਰਤੇ ਹਨ। ਕਵੀਆਂ ਨੂੰ ਅਧਿਕਾਰ ਹੁੰਦਾ ਹੈ ਪਦ ਵਧਾ ਘਟਾ ਲੈਣੇ ਦਾ।

ਜੈਸੇ ਮੀਠੇ—ਉਪਰ ਤੁਕ ਦੇ ਅਰਥਾਂ ਵਿਚ ਅਰਥ ਕਰ ਦਿਤੇ ਹਨ। ਕਈ ਦਾਨੇ 'ਮਿਠੇ ਮਖੁ ਮੁਆ' ਵਾਲਾ ਭਾਵ ਏਥੇ ਬੀ ਲਾ ਲੈਂਦੇ ਹਨ। **ਝੂਠ ਧੰਧਿ**—ਝੂਠੇ ਧੰਦਿਆਂ ਵਿਚ।

ਦੁਰਗਾਧੇ—ਦੁਰਗੰਧੀ। **ਭਵਾਰੀ**—[ਪੰ:,] ਭਵਾਟੜੀ।

ਪੁਰਖਿ ਬਿਧਾਤੈ—ਕਰਮਾਂ ਦਾ ਫਲ ਦੇਣ ਵਾਲੇ ਪੁਰਖ ਨੇ, ਭਾਵ ਵਾਹਿਗੁਰੂ ਨੇ।

ਉਪਾਧੇ—ਉਪਾਧੀਆਂ ਨੂੰ। ਹੋਰ ਹੋਰ ਦਿਖਾਕੇ ਜੋ ਭੁਲੇਵਾ ਦੇਵੇ ਸੋ ਉਪਾਧੀ।

ਉਪਦ੍ਰਵ—[ਸੰਸ:, ਉਪਦ੍ਰਵ:] ਉਤਪਾਤ। ਹਾਨੀਕਾਰਕ ਯਾਂ ਵਿਘਨਕਾਰੀ ਗੱਲਾਂ।

[ਆਸਾ ਮਹਲਾ ੫, ਚਉਪਦਾ, ੧੨੭—੧੬੪]

ਪ੍ਰਾਕ੍ਥਨ—ਪਰ ਇਸਤ੍ਰੀ ਆਦਿ ਵਿਸ਼ੇ, ਭੋਗਾਂ ਤੋਂ ਵਰਜਿਆ ਹੈ, ਨੁਕਸਾਨ ਜਤਾਏ ਹਨ, ਪੂਰੇ ਗੁਰੂ ਦੀ ਸ਼ਰਣ ਦਾ ਉਪਦੇਸ਼ ਦਿਤਾ ਹੈ ਤੇ ਹਰੀ ਰਾਇ ਦਾ ਸਿਮਰਨ ਸਿਖਲਾਇਆ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥ ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥੧॥	ਅੱਖ ਦੇ ਫੋਰ ਜਿੰਨੇ ਸਮੇਂ ਲਈ ਕਾਮ ਦਾ ਸੁਆਦ (ਕਾਮੀ ਜਾਂ ਲੈਣ ਦੇ) ਸਬਬ ਕ੍ਰੋੜ ਦਿਨ (ਭਾਵ ਬਹੁਤੇ ਦਿਨਾਂ) ਲਈ ਦੁੱਖ ਪਾਉਂਦਾ ਹੈ। ਘੜੀ ਦੋ ਘੜੀ ਮੌਜ ਮਾਣਦਾ ਹੈ ਫੇਰ ਮੁੜ ਮੁੜ ਕੇ ਪਛੁਤਾਉਂਦਾ ਹੈ॥ ੧॥
ਅੰਧੇ ਚੇਤਿ ਹਰਿ ਹਰਿ ਰਾਇਆ ॥ ਤੇਰਾ ਸੋ ਦਿਨੁ ਨੇੜੈ ਆਇਆ ॥੧॥ ਰਹਾਉ ॥	ਹੇ ਅੰਨ੍ਹੇ (ਜੀਵ !) ਹਰੀ ਹਰਿ ਰਾਇ ਨੂੰ ਯਾਦ ਕਰ, ਤੇਰਾ ਉਹ ਦਿਨ ਨੇੜੇ ਆ ਰਿਹਾ ਹੈ (ਜਦੋਂ ਤੂੰ, ਏਥੇ ਨਹੀਂ ਹੋਣਾ)॥ ੧॥ ਰਹਾਉ॥
ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ ॥ ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥੨॥	(ਤੂੰ ਤਾਂ) ਪਲਕ (ਮਾਤ੍ਰ) ਦੇ ਦ੍ਰਿਸ਼ਜ ਨੂੰ ਦੇਖ ਕੇ ਭੁੱਲ ਗਿਆ ਹੈਂ, (ਇਹ ਵਿਸ਼ੇ ਤਾਂ) ਅੱਕ (ਵਰਗੇ ਵਿਹੁਲੇ) ਨਿੰਮ (ਵਰਗੇ ਕੌੜੇ ਤੇ) ਤੁੰਮੇ ਵਾਂਙੂ (ਬਾਹਰੋਂ ਸੁਹਣੇ ਤੇ ਅੰਦ੍ਰੋਂ ਕੌੜੇ) ਹਨ। (ਪੱਕ ਜਾਣ) ਜਿਹਾ ਕੁ (ਵਿਹੁਲੇ) ਸੱਪ ਦਾ ਸੰਗ ਹੈ ਉਹੋ ਜਿਹਾ ਹੀ ਇਹ ਪਰਾਈ ਇਸਤ੍ਰੀ ਦਾ (ਸੰਗ) ਹੈ॥ ੨॥
ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ ॥ ਛੋਡਿ ਜਾਹਿ ਤਿਨ ਹੀ ਸਿਉ ਸੰਗੀ ਸਾਜਨ ਸਿਉ ਬੈਰਾਨਾ ॥੩॥	(ਤੂੰ ਤਾਂ ਵਿਸ਼ੇ ਭੋਗ ਰੂਪ) ਵੈਰੀ ਦੇ ਕਾਰਣ ਪਾਪ ਕਮਾਉਂਦਾ ਹੈਂ (ਤੇ ਜਿਸ) ਵਸਤੂ (ਦੇ ਲੈਣ ਵਾਸਤੇ ਆਇਆ ਸੈਂ, ਉਹ ਤਾਂ) ਅਮਾਨਤ (ਵਾਂਙੂ ਲਾਂਭੇ ਹੀ ਧਰੀ ਦੀ ਧਰੀ) ਰਹਿ ਜਾਂਦੀ ਹੈ। (ਜਿਨ੍ਹਾਂ ਇਸਤ੍ਰੀ ਆਦਿ ਨੂੰ) ਛੱਡ ਜਾਣਾ ਹੈ ਉਨ੍ਹਾਂ ਦਾ ਤਾਂ ਸੰਗੀ (ਬਣਿਆ ਰਹਿੰਦਾ) ਹੈਂ, (ਜੋ ਸੱਚ ਮੁਚ ਦਾ) ਸੱਜਣ ਹੈ (ਵਾਹਿਗੁਰੂ ਉਸ) ਨਾਲ (ਤੂੰ ਵੈਰ ਭਾਵ ਵਾਲਾ) ਓਪਰਾ ਹੋਇਆ ਰਹਿੰਦਾ ਹੈ॥ ੩॥
ਸਗਲ ਸੰਸਾਰੁ ਇਹੈ ਬਿਧਿ ਬਿਆਪਿਓ ਸੋ ਉਬਰਿਓ ਜਿਸੁ ਗੁਰੁ ਪੂਰਾ ॥ ਕਹੁ ਨਾਨਕ ਭਵ ਸਾਗਰੁ ਤਰਿਓ ਭਏ ਪੁਨੀਤ ਸਰੀਰਾ ॥੪॥੫॥੧੨੭॥	(ਤੂੰ ਕੀ ਭਾਈ !) ਸਾਰਾ ਸੰਸਾਰ ਇਸੇ ਤਰ੍ਹਾਂ ਫਸਿਆ ਪਿਆ ਹੈ, ਓਹੋ ਬਚਿਆ ਹੈ ਜਿਸ ਨੂੰ ਪੂਰਾ ਗੁਰੂ (ਮਿਲ ਪਿਆ) ਹੈ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ ਐਸੇ ਲੋਕਾਂ ਨੇ) ਸੰਸਾਰ ਸਾਗਰ ਨੂੰ ਤਰਿਆ ਹੈ (ਜੀਉਂਦੇ ਜੀ ਉਨ੍ਹਾਂ ਦੇ ਹੀ) ਸਰੀਰ ਪਵਿਤ੍ਰ ਹੋਏ ਹਨ॥ ੪॥ ੫॥ ੧੨੭॥

ਵਯਾਖਯਾ– ਇਸ ਸ਼ਬਦ ਵਿਚ ਨਿਰੋਲ ਉਪਦੇਸ਼ ਹੈ ਸਨਮੁਖ ਬੈਠ ਸ੍ਰੋਤਾ ਪ੍ਰਤੀ। ਜਿਵੇਂ ਪਿਛਲੇ ਸ਼ਬਦਾਂ ਵਿਚ ਉੱਤਮ ਪੁਰਖ ਦੁਆਰਾ ਉਪਦੇਸ਼ ਸੀ, ਯਾ ਬਾਜ਼ਿਆਂ ਵਿਚ ਮੱਧਮ ਪੁਰਖ ਪ੍ਰਤੀ ਕਹਿੰਦੇ ਉਤਮ ਪੁਰਖ ਵਿਚ ਆ ਕੇ ਉਪਦੇਸ਼ ਕਰਦੇ ਸਨ ਉਸ ਤਰ੍ਹਾਂ ਇਸ ਸ਼ਬਦ ਵਿਚ ਨਹੀਂ, ਇਹ ਨਿਰੋਲ ਮੱਧਮ ਪੁਰਖ ਪ੍ਰਤੀ ਸ਼ੰਬੋਧਨ ਹੈਨ। ਵਕਤਾ ਦੀ ਇਹ ਪ੍ਰਸੰਨਤਾ ਹੈ ਕਿ ਜਿਵੇਂ ਚਾਹੇ ਯਾ ਜਿਵੇਂ ਦਾ ਮੌਕਾ ਹੋਵੇ ਉਪਦੇਸ਼ ਕਰੇ। ਜਾਪਦਾ ਹੈ ਕਿ ਕੋਈ ਵਿਸ਼ਈ ਪੁਰਖ ਹੈ ਜੋ ਅਪਣੇ ਆਪ ਦਾ ਨੁਕਸਾਨ ਕਰ ਰਿਹਾ ਹੈ, ਬੜੇ ਪਿਆਰ ਵਿਚ ਆ ਕੇ ਪਿਆਰ ਭਰੀ ਝਿੜਕ ਨਾਲ ਬੀ ਸਮਝਾ ਰਹੇ ਹਨ। ਉਸ ਨਾਲ ਕੋਈ ਵਧੇਰੇ ਰੌ ਉਸ ਦੇ ਭਲੇ ਦਾ ਹੈ ਜੋ 'ਅੰਧੇ' ਤਕ ਉਸ ਨੂੰ ਕਹਿ ਰਹੇ ਤੇ ਅਪਣੇ ਪਿਆਰ ਦੀ ਤੀਖਣਤਾ ਵਿਚ ਝਿੜਕਣੋਂ ਬੀ ਫਰਕ ਨਹੀਂ ਕਰ ਰਹੇ।

ਅੰਕ ੧ ਵਿਚ ਸ੍ਰੋਤਾ ਨੂੰ ਸਮਝਾ ਰਹੇ ਹਨ ਕਿ ਵਿਸ਼ੇ ਭੋਗ ਵਿਚ ਤੂੰ ਸੁਖ ਤਾਂ ਬਹੁਤ ਹੀ ਥੋੜੇ ਚਿਰ ਲਈ ਮਾਣਦਾ ਹੈਂ, ਪਰ ਉਸ ਦੀ ਪ੍ਰਾਪਤੀ ਲਈ ਪਹਿਲੋਂ ਪ੍ਰਯਤਨ ਕਰਨੇ ਪੈਂਦੇ ਹਨ, ਓਹ ਦੁਖਦਾਈ ਹੁੰਦੇ ਹਨ, ਪਿਛੋਂ ਜੁ ਬੁਰੇ ਨਤੀਜੇ ਨਿਕਲਦੇ ਤੇ ਮਾਮਲੇ ਪੈ ਜਾਂਦੇ ਹਨ ਓਹ ਵਰਿਹਾਂ ਬੱਧੀ ਦੁਖਦਾਈ ਬਣੇ ਰਹਿੰਦੇ ਹਨ। ਕਿਉਂ ?

ਅੰਕ ੨ ਤੋਂ ਪਤਾ ਚਲ ਜਾਂਦਾ ਹੈ ਕਿ ਇਹ ਉਪਦੇਸ਼ ਇਕ ਪਰਤ੍ਰਿਯਾਗਾਮੀ ਨੂੰ ਹੋ ਰਿਹਾ ਹੈ ਤੇ ਉਸ ਨੂੰ ਇਸ ਕੁਕਰਮ ਦੇ ਬੁਰੇ ਨਤੀਜੇ ਦੱਸ ਰਹੇ ਹਨ:—ਜਿਸ ਦ੍ਰਿਸ਼ਜ, ਅਰਥਾਤ ਸ਼ੁਹਣੀ ਸੂਰਤ ਤੇ ਭੁੱਲ ਜਾਂਦਾ ਹੈਂ, ਇਹ ਦਿੱਸਣ ਨੂੰ ਤੁੰਮੇ ਵਾਙੂ ਸੁਹਣਾ, ਪਰ ਫਲ ਇਸ ਦਾ ਕਉੜਾ ਹੈ। ਇਸ ਦੀ ਕੁੜੱਤਣ ਨਿੰਮ ਵਰਗੀ ਤੇ ਅਸਰ ਅੱਕ ਵਰਗਾ ਜ਼ਹਿਰੀਲਾ ਹੈ। ਇਥੇ ਹੀ ਬੱਸ ਨਹੀਂ ਕਰਦੇ, ਹੋਰ ਦੱਸਦੇ ਹਨ ਕਿ ਇਹ ਜੋ ਤੂੰ ਪਰਾਈਆਂ ਇਸਤ੍ਰੀਆਂ ਦਾ ਸੰਗ ਬਣਾ ਲੈਂਦਾ ਹੈ ਇਹ ਜ਼ਹਿਰੀਲੇ ਸੱਪ ਦਾ ਸੰਗ ਹੈ, ਇਨ੍ਹਾਂ ਨੇ ਹੀ ਡੰਗ ਮਾਰ ਦੇਣਾ ਹੈ ਕਿਸੇ ਵੇਲੇ, ਇਨ੍ਹਾਂ ਦੇ ਮਾਲਕਾਂ ਸਨਬੰਧੀਆਂ ਨੇ ਖਾਰ ਖਾ ਕੇ ਤੈਨੂੰ ਮਾਰਨਾ ਹੈ, ਰਾਜਾ ਨੇ ਰਾਜ ਦੰਡ ਦੇਣਾ ਹੈ, ਇਸ ਕਰਕੇ ਇਹ ਸ੍ਵਾਦੀਕ ਸੰਗ ਸੱਪ ਦਾ ਸੰਗਜਾਣ ਸੱਪ ਦੇ ਰੱਖਣ ਵਾਲੇ ਨੂੰ ਹਰ ਵੇਲੇ ਇਹਤਿਯਤਾਂ ਦੀ ਲੋੜ ਹੁੰਦੀ ਹੈ, ਜ਼ਰਾ ਗ਼ਾਫ਼ਲੀ ਹੋਈ ਨਹੀਂ ਤੇ ਡੰਗ ਵੱਜਾ ਨਹੀਂ। ਤਿਵੇਂ ਪਰ-ਤ੍ਰਿਆਗਾਮੀ ਨੂੰ ਬਚਾਉ ਤੇ ਇਹਤਿਯਾਤਾਂ ਦੀ ਹਰ ਵੇਲੇ ਸੋਚ ਤੇ ਲੋੜ ਹੁੰਦੀ ਹੈ। ਉਹ ਸਾਰਾਂ ਕੁਛ ਸੱਪ ਦੇ ਡੰਗ ਵਾਂਙੂ ਬੁਰੇ ਫਲਾਂ ਦਾ ਦਾਤਾ ਹੈ।

ਅੰਕ ੩ ਵਿਚ ਉਹੋ ਗੱਲ ਹੋਰ ਤਰ੍ਹਾਂ ਦੁਹਰਾਈ ਹੈ:—ਵਿਸ਼ੇ ਭੋਗ, ਜਿਨ੍ਹਾਂ ਨੂੰ ਤੂੰ ਰਸਮਈ ਸਮਝ ਕੇ ਮਾਣਦਾ ਹੈਂ, ਓਹ ਤੇਰੇ ਵੈਰੀ ਹਨ,ਉਨ੍ਹਾਂ ਪਿਛੇ ਪਰ ਗ੍ਰਿਹ ਭੋਗਣ ਕਰਦਾ ਹੈਂ ਜੋ ਪਾਪ ਹੈ। ਪਾਪ ਕਰਮ ਕਰਨਾ ਯੋਗ ਨਹੀਂ ਉਹ ਤਾਂ ਤੂੰ ਕਰਦਾ ਹੈਂ, ਪਰ ਕਰਨੇ ਯੋਗ ਜੋ ਕਰਮ ਹੈ ਉਹ ਨਹੀਂ ਕਰਦਾ। 'ਉਹ ਨਹੀਂ ਕਰਦਾ' ਨੂੰ ਬੜੇ ਖ਼ੁਬਸੂਰਤ ਅਲੰਕਾਰਕ ਢੰਗ ਵਿਚ ਕਿਹਾ ਹੈ, ਕਿ ਉਹ ਕਰਤਤ੍ਰ ਤਾਂ ਤੇਰੇ ਕੋਲ ਅਮਾਨਤ ਰੱਖੀ ਸ਼ੈ ਵਾਂਙੂ ਪਿਆ ਹੈ। ਅਮਾਨਤ ਦੀ ਵਸਤੂ ਨੂੰ ਵਰਤੀ ਦਾ ਨਹੀਂ, ਸੰਭਾਲ ਕੇ ਰੱਖੀ ਦਾ ਹੈ, ਸੋ ਤਾਂ ਉਹ ਕਰਨੇ ਯੋਗ ਕੰਮ ਤੂੰ ਨਹੀਂ ਕਰ ਰਿਹਾ, ਜਿਵੇਂ ਨਹੀਂ ਵਰਤੀ ਦੀ ਅਮਾਨਤ ਰਖੀ ਵਸਤੂ। ਭਾਵ ਹੈ ਕਿ ਵਾਹਿਗੁਰੂ ਜੋ ਤੇਰਾ ਅਸਲੀ ਸੱਜਣ ਹੈ ਉਸ ਨਾਲ ਪ੍ਰੇਮ ਨਹੀਂ ਕਰ ਰਿਹਾ। ਇਹ ਗੱਲ ਅਗਲੀ ਸਤਰ ਵਿਚ ਖੋਹਲ ਦਿੱਤੀ ਹੈ ਕਿ ਤੇਰਾ ਅਸਲੀ ਸੱਜਣ ਜੋ ਹੈ ਭਾਵ ਅਕਾਲ ਪੁਰਖ, ਉਸ ਨਾਲ ਤੇਰਾ ਬੈਰੀ ਪਨ ਹੈ। ਬੈਰਾਨਾ ਦਾ ਅਰਥ ਕਰਦੇ ਹਨ ਕਿ ਵੈਰ ਭਾਵ ਹੈ; ਪਰ ਅਮਾਨਤ ਰਖੀ ਵਸਤੂ ਦੇ ਦ੍ਰਿਸ਼ਟਾਂਤ ਤੋਂ ਸੂਹ ਪੈਂਦੀ ਹੈ ਕਿ 'ਬੈਰਾਨਾ' ਤੋਂ ਮਤਲਬ ਬਿਗਾਨਾ ਹੈ ਜਿਸ ਦਾ ਅਰਥ ਹੈ ਬੇਗਾਨਾ ਯਾ ਓਪਰਾ। ਕਿ ਵਾਹਿਗੁਰੂ ਨਾਲ ਤਾਂ ਤੇਰਾ ਓਪਰਾ ਪਨ ਹੈ ਤੇ ਜਿਨ੍ਹਾਂ ਨੂੰ ਛੱਡ ਜਾਣਾ ਹੈ ਉਹਨਾਂ ਨਾਲ ਤੇਰਾ ਸੰਗ ਸਾਥ ਬਣ ਰਿਹਾ ਹੈ। ਇਸ ਵਿਚ ਸਾਰੇ ਸਜਣਾਂ ਮਿਤ੍ਰਾਂ ਵੱਲ ਬੀ ਇਸ਼ਾਰਾ ਹੈ, ਪਰ ਵਿਚ ਪਰਾਈਆਂ ਇਸਤ੍ਰੀਆਂ ਵੱਲ ਵਧੇਰੇ ਸੈਨਤ ਹੈ, ਕਿਉਂਕਿ ਵਿਸ਼ਾ 'ਪਰ ਗ੍ਰਿਹ' ਦਾ ਚਲ ਰਿਹਾ ਹੈ; ਇਸ ਕਰਕੇ ਪ੍ਰਸੰਗਕ ਸੈਨਤ ਪਰ ਗ੍ਰਿਹੁ ਵਲ ਵਿਸ਼ੇਸ਼ ਸਹੀ ਹੁੰਦੀ ਹੈ।

ਅੰਕ ੪—ਹੁਣ ਨਜ਼ਰ ਸਨਮੁਖ ਸੰਬੋਧਨ ਹੋ ਰਹੇ ਤੋਂ ਉੱਠ ਕੇ ਸਾਰੇ ਸੰਸਾਰ ਵੱਲ ਚਲੀ ਜਾਂਦੀ ਹੈ ਕਿ ਸਾਰਾ ਸੰਸਾਰ ਇਸੀ ਤਰ੍ਹਾਂ ਵਰਤ ਰਿਹਾ ਹੈ ਕਿ ਸਾਈ ਵੱਲੋਂ ਭੁੱਲ ਹੈ ਤੇ ਭੋਗਾਂ ਵੱਲ ਰੁਚੀ ਹੈ। ਇਹ ਕਹਿ ਕੇ ਉਧਾਰ ਦਾ, ਜੀਵ ਦੇ ਵਿਸ਼ੇ ਵਿਕਾਰਾਂ ਤੋਂ ਬਚ ਜਾਣ ਦਾ, ਉਪਾਉ ਦੱਸਦੇ ਹਨ: ਉਹ ਹੈ— ਸੋ ਉਬਰਿਓ ਜਿਸ ਗੁਰੁ ਪੂਰਾ'। ਇਸ ਦੇ ਨਾਲ ਰਲਾ ਕੇ ਪੜ੍ਹੋ ਰਹਾਉਦੀਆਂ ਤੁਕਾਂ ਜਿਸ ਵਿਚ ਆਪ ਪੂਰੇ ਗੁਰੂ ਹੋਣ ਦੀ ਹੈਸੀਅਤ ਵਿਚ ਸਨਮੁਖ ਬੈਠੇ ਨੂੰ ਵੰਗਾਰ ਕੇ ਅਤੇ ਹਿਤ ਭਰੀ ਝਿੜਕ ਨਾਲ ਰਸਤਾ ਦੱਸ ਰਹੇ ਹਨ:-

ਹੇ ਅਕਲ ਦੇ ਅੰਧੇ ! ਵਾਹਿਗੁਰੂ ਦਾ ਸਿਮਰਨ ਕਰ, ਵਕਤ ਥੋੜਾ ਬਾਕੀ ਹੈ ਮੌਤ ਦਾ ਦਿਨ ਨੇੜੇ ਆ ਰਿਹਾ ਹੈ। ਇਹ ਆਮ ਸਿਧਾਂਤ ਦੀ ਗਲ ਬੀ ਹੈ ਕਿ ਉਮਰਾ ਇਨਸਾਨ ਦੀ ਥੋੜੀ ਹੈ, ਪਰ ਜਿਸ ਤਾਕੀਦ ਨਾਲ ਬਚਨ ਕੀਤਾ ਹੈ ਉਸ ਤੋਂ ਜਾਪਦਾ ਹੈ ਕਿ ਭਵਿੱਖਤ ਵਾਕ ਬੀ ਕਹਿ ਰਹੇ ਹਨ ਕਿ ਤੇਰਾ ਉਮਰਾ ਥੋੜੀ ਬਾਕੀ ਰਹਿ ਗਈ ਹੈ।

ਛੇਕੜਲੀ ਤੁਕ ਵਿਚ ਦੱਸਿਆ ਹੈ ਕਿ ਗੁਰ ਸ਼ਰਣ ਲੈ ਕੇ ਨਾਮ ਜਪ ਵਾਲਿਆਂ ਨੂੰ ਫਲ ਕੀਹ ਮਿਲਦਾ ਹੈ ? ਸਰੀਰ ਪਰਮ ਪਵਿਤ੍ਰ ਹੋ ਜਾਂਦਾ ਹੈ,ਨਾਮ ਨਾਲ ਇੰਦ੍ਰੇ ਪੁਨੀਤ ਹੋ ਜਾਂਦੇ ਹਨ, ਇਹ ਲਾਹਾ ਜੀਉਂਦੇ ਜੀ ਹੈ ਤੇ ਭਵ ਸਾਗਰ ਤਰ ਜਾਂਦਾ ਹੈ, ਮਰ ਕੇ ਉਹ ਭਵ ਸਾਗਰ ਵਿਚ ਗੋਤੇ ਨਹੀਂ ਖਾਦਾ, ਪਾਰਗਿਰਾਮੀ ਹੋ ਕੇ ਵਾਹਿਗੁਰੂ ਦਰ ਅੱਪੜ ਪੈਂਦਾ ਹੈ।

ਨਿਰੁਕ੍ਤ—**ਨਿਮਖ**—[ਸੰਸ:, ਨਿਮੇਖ: =ਪਲਕ ਦਾ ਡਿੱਗਣਾ,ਅੱਖ ਫਰਕਣੀ] ਇਕ ਖਿਨ, ਪਲ, ਭਾਵ ਥੋੜਾ ਸਮਾਂ। **ਕਾਰਣਿ**—[ਸੰਸ:, ਕਾਰਣਮ੍] ਸਬਬ। ਵਾਸਤੇ। ਲਈ।

ਮੁਹਤ—ਦੋ ਘੜੀ ਦਾ ਸਮਾਂ। **ਰੰਗ ਮਾਣਹਿ**—ਮੌਜਾਂ ਮਾਣਦਾ ਹੈਂ। ਕ੍ਰਿਯਾ ਪਦ:

ਪਾਵਹਿ, ਮਾਣਹਿ, ਪਛੁਤਾਵਹਿ ਨੂੰ ਅਨੁਸ੍ਵਾਰ ਲਗੀ ਸਮਝਣੀ ਹੈ ਐਉਂ: ਪਾਵਹਿਂ, ਮਾਣਹਿਂ, ਪਛਤਾਵਹਿਂ। ਕਿਉਂਕਿ ਸਨਮੁਖ ਬੈਠੇ ਮੱਧਮ ਪੁਰਖ ਨੂੰ ਉਪਦੇਸ਼ ਦੇ ਰਹੇ ਤੇ ਉਸਨੂੰ 'ਅੰਧੇ' 'ਤੇਰਾ' ਆਦਿ ਪਦ ਕਹਿ ਰਹੇ ਹਨ। **ਦ੍ਰਿਸਟਿ**—ਦ੍ਰਿਸ਼ਜ, ਜੋ ਦਿੱਸ ਰਿਹਾ ਹੈ। (ਅ) ਦ੍ਰਿਸ਼ਟੀ ਨਾਲ' ਬੀ ਅਰਥ ਕਰਦੇ ਹਨ, ਪਰ 'ਦ੍ਰਿਸ਼ਜ' ਅਰਥ ਪ੍ਰਸੰਗਕ ਵਧੇਰੇ ਹੈ।

ਆਕ—[ਸੰਸ:, ਅਰਕ:] ਅੱਕ। ਇਕ ਜ਼ਹਿਰੀਲਾ ਬੂਟਾ।

ਨੀਮ—[ਸੰਸ:, ਨਿੰਬ:। ਹਿੰਦੀ, ਨੀਮ] ਨਿੰਮ। ਇਕ ਕੌੜੇ ਸੁਆਦ ਵਾਲਾ ਵੱਡਾ ਪੇੜ।

ਤੂੰਮਰੁ—[ਸੰਸ:, ਤੁੰਬੀ, ਤੁੰਬਿ:] ਤੁੰਮਾਂ। ਇਕ ਫਲ ਜੋ ਰੇਤ ਥਲਿਆਂ ਵਿਚ ਐਸੈ ਉਗਦਾ ਹੈ ਤੇ ਸੁਆਦ ਵਿਚ ਕਉੜਾ ਹੁੰਦਾ ਹੈ। (ਅ) ਹੋ ਸਕਦਾ ਹੈ ਕਿ ਇਹ ਪਦ ਅਰਬੀ 'ਸਮਰ' ਦਾ ਪੰਜਾਬੀ ਰੂਪ ਤੁਮਰ ਯਾ ਤੂਮਰ ਬਣਿਆ ਹੋਵੇ।ਸਮਰ ਦਾ ਅਰਥ ਹੈ ਫਲ। ਫਿਰ ਅਰਥ ਬਣੇਗਾ:—' ਅੱਕ ਤੇ ਨਿੰਮ ਦਾ ਫਲ।' **ਬਿਸੀਅਰ**—(ਸੰਸ:, ਵਿਖ਼ਧਰ:, ਪ੍ਰਾ: ਵਿਸਧਰ। ਪੰ:, ਬਿਸੀਅਰ) ਜ਼ਹਿਰ ਧਾਰਨ ਕਰਨ ਵਾਲਾ, ਸੱਪ। ਜ਼ਹਿਰੀਲਾ ਸੱਪ।

ਪਰ ਗ੍ਰਿਹੁ—[ਸੰਸ:, ਪਰ+ਗ੍ਰਿਹਂ (=ਵਹੁਟੀ)] ਪਰਾਈ ਇਸਤ੍ਰੀ)

ਬੈਰੀ—[ਸੰਸ:, ਵੈਰੀ] ਦੁਸ਼ਮਨ, ਭਾਵ ਹੈ ਵਿਸ਼ਯ ਵਿਕਾਰ, ਜਿਸ ਦਾ ਪ੍ਰਸੰਗ ਚਲ ਰਿਹਾ ਹੈ। (ਅ) ਪਰ ਕਈ ਦਾਨੇ ਵੈਰੀ ਦਾ ਭਾਵ ਸਨਬੰਧੀ ਤੇ ਮਾਯਾ ਬੀ ਲੈਂਦੇ ਹਨ।

ਬੈਰਾਨਾ—ਵੈਰ ਭਾਵ ਵਾਲਾ। ਪਰ ਇਥੇ ਇਹ ਪਦ ਬਿਰਾਨਾ ਦਾ ਹੀ ਰੂਪ ਜਾਪਦਾ ਹੈ, ਜਿਸਦਾ ਅਰਥ ਹੈ ਓਪਰਾ। ਕਿਉਂਕਿ ਆਮ ਲੋਕ ਪਰਮੇਸ਼ੁਰ ਨਾਲ ਓਪਰੇ ਤਾਂ ਰਹਿੰਦੇ ਹਨ, ਵੈਰ ਭਾਵ ਕਿਸੇ ਵਿਰਲੇ ਵਿਚ ਭਾਂਵੇਂ ਹੋਵੇ ਆਮ ਵਿਚ ਨਹੀਂ।

ਬਿਆਪਿਓ—ਵਰਤ ਰਿਹਾ ਹੈ, ਲੱਗ ਰਿਹਾ ਹੈ, ਫਸ ਰਿਹਾ ਹੈ।

ਉਬਰਿਆ—ਬਚਿਆ। **ਪੁਨੀਤ**—ਪਵਿਤ੍ਰ। ਪਰਮ ਪਵਿਤ੍ਰ।

[ਆਸਾ ਮਹਲਾ ੫, ਚਉਪਦਾ, ੧੨੮-੧੯੫]

ਪ੍ਰਾਕ੍ਰਥਨ—ਵਾਹਿਗੁਰੂ ਤੋਂ ਸਾਡੇ ਪਾਪ ਕਰਮ ਛਪ ਨਹੀਂ ਸਕਦੇ। ਬਨਾਵਟਾਂ ਦਾ ਲਾਭ ਨਹੀਂ, ਫੈਸਲੇ ਨੀਯਤਾਂ ਮੂਜਬ ਹੋਣੇ ਹਨ।

ਮੂਲ	ਅਰਥ
ਆਸਾ ਮਹਲਾ ੫ ਦੁਪਦੇ ॥ ਲੂਕਿ ਕਮਾਨੋ ਸੋਈ ਤੁਮ੍ ਪੇਖਿਓ ਮੂੜ ਮੁਗਧ ਮੁਕਰਾਨੀ ॥ ਆਪ ਕਮਾਨੇ ਕਉ ਲੇ ਬਾਂਧੇ ਫਿਰਿ ਪਾਛੈ ਪਛੁਤਾਨੀ ॥੧॥	(ਹੇ ਪ੍ਰਭੂ ! ਜੀਵਾਂ ਨੇ ਜੋ ਕੁਛ) ਲੁਕ ਕੇ ਕਮਾਇਆ ਸੀ ਉਹ ਬੀ ਤੁਸਾਂ ਵੇਖ ਲਿਆ (ਏਹ) ਮੂਰਖ ਤੇ ਬੇਸਮਝ ਹਨ (ਜੋ ਕਰਕੇ ਫੇਰ ਤੇਰੇ ਅੱਗੇ) ਮੁੱਕਰਦੇ ਹਨ। (ਏਹ) ਅਪਣੇ ਕਮਾਏ (ਕੰਮਾਂ ਕਰਕੇ) ਫੜਕੇ ਬੰਨ੍ਹੇ ਜਾਂਦੇ ਹਨ। ਫੇਰ ਪਿੱਛੋਂ ਪੱਛੋਤਾਉਂਦੇ ਹਨ॥ ੧॥
ਪ੍ਰਭ ਮੇਰੇ ਸਭ ਬਿਧਿ ਆਗੈ ਜਾਨੀ ॥ ਭ੍ਰਮ ਕੇ ਮੂਸੇ ਤੂੰ ਰਾਖਤ ਪਰਦਾ ਪਾਛੈ ਜੀਅ ਕੀ ਮਾਨੀ ॥੧॥ ਰਹਾਉ ॥	ਮੇਰੇ ਪ੍ਰਭੂ ਨੇ (ਤਾਂ ਤੇਰੀ) ਸਾਰੀ (ਅੰਤ੍ਰੀਵ) ਬਿਧੀ ਬੀ ਅੱਗੇ ਹੀ ਜਾਣ ਰੱਖੀ ਹੈ, ਹੇ ਭਰਮ ਦੇ ਠੱਗੇ ਹੋਏ ! ਹੁਣ ਤਾਂ ਤੂੰ) ਪਰਦਾ ਰਖਦਾ ਹੈਂ (ਭਾਵ ਲੁਕਾ ਕਰਦਾ ਹੈ) ਪਿੱਛੋਂ (ਦੇਖੀਂ) ਕਿ ਤੇਰੇ ਦਿਲ ਦੀ(ਜੋ ਗੱਲ ਬਾਤ ਸੀ ਉਹੀ) ਮੰਨੀ ਜਾਏਗੀ। (ਭਾਵ ਜੋ ਕੁਛ ਤੇਰੇ ਅੰਦਰ ਭਾਵਨੀ ਸੀ ਉਹੀ ਤੇਰੀ ਕਰਨੀ ਮੰਨੀ ਜਾਏਗੀ ਬਾਹਰੇ ਦੀ, ਦਿਖਾਵੇ ਦੀ ਕਰਨੀ ਤੇਰੀ ਨਹੀਂ ਮੰਨੀ ਜਾਏਗੀ, ਅਰਥਾਤ ਨੀਯਤਾਂ ਤੇ ਨਬੇੜੇ ਹੋਣਗੇ।)॥ ੧॥ ਰਹਾਉ॥
ਜਿਤੁ ਜਿਤੁ ਲਾਏ ਤਿਤੁ ਤਿਤੁ ਲਾਗੇ ਕਿਆ ਕੋ ਕਰੈ ਪਰਾਨੀ ॥ ਬਖਸਿ ਲੈਹੁ ਪਾਰਬ੍ਰਹਮ ਸੁਆਮੀ ਨਾਨਕ ਸਦ ਕੁਰਬਾਨੀ ॥੨॥੯॥੧੨੮॥	(ਹੁਣ ਜੀਵਾਂ ਦੀ ਕਮਜ਼ੋਰੀ ਤੱਕ ਕੇ ਤਰਸ ਖਾਕੇ ਅਰਦਾਸ ਕਰਦੇ ਹਨ ਕਿ) ਜਿਧਰ ਜਿਧਰ (ਜੀਵ) ਲਾਏ ਗਏ ਹਨ ਉਧਰ ਉਧਰ ਲੱਗ ਰਹੇ ਹਨ, ਕੋਈ ਪਰਾਨੀ (ਇਨਸਾਨ) ਕੀਹ ਕਰੇ ! ਹੇ ਪਾਰਬ੍ਰਹਮ ਸੁਆਮੀ ! (ਇਨ੍ਹਾਂ ਨੂੰ) ਬਖ਼ਸ਼ ਲੈ ਨਾਨਕ (ਤੇਰੇ ਤੋਂ) ਸਦਾ ਕੁਰਬਾਨ ਜਾਵੇ॥ ੨॥ ੯॥ ੧੨੯॥

ਵ੍ਯਾਖ੍ਯਾ— ਇਸ ਸ਼ਬਦ ਵਿਚ 'ਤੂੰ' ਕਹਿ ਕੇ ਸਨਮੁਖ ਖੜੇ ਪ੍ਰਤੀ ਉਪਦੇਸ਼ ਹੈ। ਪਰ ਪਹਿਲੇ ਅੰਕ ਵਿਚ ਵਾਹਿਗੁਰੂ ਅੱਗੇ ਅਰਜੋਈ ਹੈ ਤੇ ਉਪਦੇਸ਼ ਸੁਣਨ ਵਾਲੇ ਨੂੰ ਅੰਨਜ ਪੁਰਖ ਵਿਚ ਲਿਆ ਹੈ ਪਰ ਸੰਪ੍ਰਦਾਈ ਦਾਨੇ ਪਹਿਲੇ ਅੰਕ ਨੂੰ ਅੰਨਵਯ ਕਰਕੇ ਸਨਮੁਖੀ ਸੰਬੋਧਨ ਵਿਚ ਲੈਂਦੇ ਹਨ, ਯਥਾ;—"ਲੂਕਿ ਕਮਾਨੋ ਸੋਈ ਤੁਮ ਪੇਖਿਓ..." ਅਰਥਾਤ ਹੇ ਮੂੜ ਮੁਗਧ ਜੋ ਤੂੰ ਲੁਕ ਕੇ ਕਮਾਇਆ ਉਹ ਦੇਖ ਲਿਆ ਸੀ (ਸਾਂਈਂ ਨੇ, ਹੁਣ ਕਿਉਂ) ਮੁਕਰਦਾ ਹੈਂ ?

ਰਹਾਉ ਵਿਚ ਸਫਾ ਖੁੱਲ੍ਹ ਜਾਂਦਾ ਹੈ 'ਤੂੰ ਰਾਖਤ ਪਰਦਾ' ਕਿ ਸਨਮੁਖ ਖੜੇ ਨੂੰ ਸੰਬੋਧਨ ਹੋ ਰਿਹਾ ਹੈ। ਰਹਾਉ ਵਿਚ ਇਕ ਗੱਲ ਹੋਰ ਦੱਸੀ ਹੈ ਕਿ ਜੋ ਪਰਦੇ ਰੱਖਦੇ ਮਾੜੇ ਕਰਮ ਕਰਦੇ ਹਨ, ਦਿਖਾਵੇ ਨੇਕੀ ਦੇ ਤੇ ਨੀਯਤ ਖੋਟੀ ਹੁੰਦੀ ਹੈ, ਉਨ੍ਹਾਂ ਨੂੰ ਦੱਸਦੇ ਹਨ ਕਿ ਅੱਗੇ ਜਾ ਕੇ ਯਾ ਸਾਂਈਂ ਦੇ ਨਿਆਂ ਵਿਚ ਨਬੇੜੇ ਨੀਯਤਾਂ ਉਤੇ ਹੋਣੇ ਹਨ, ਸੋ ਹੁਣ ਪਰਦੇ ਪਾਣੇ ਫ਼ਜ਼ੂਲ ਹਨ।

ਅੰਕ ੨ ਵਿਚ ਤਰਸ ਦੇ ਘਰ ਆ ਜਾਂਦੇ ਹਨ ਤੇ ਅਰਦਾਸ ਕਰਦੇ ਹਨ ਕਿ ਇਨ੍ਹਾਂ ਨੂੰ ਬਖਸ਼ ਲਓ, ਏਹ ਜਿਧਰ ਜਿਧਰ ਲਾਏ ਜਾਂਦੇ ਹਨ ਲਗ ਜਾਂਦੇ ਹਨ, ਏਹ ਲਾਈ ਲਗ ਹਨ, ਇਸ ਦੇ ਦੋ ਭਾਵ ਹਨ ਇਕ ਤਾਂ ਇਹ ਕਿ ਏਹ ਦੂਜੇ ਦੇ ਕੁਸੰਗ ਨਾਲ ਵਿਗੜਦੇ ਹਨ, ਦੂਜੇ ਇਹ ਕਿ ਅਪਣੇ

ਪਹਿਲੇ ਕਰਮਾਂ ਤੋਂ ਬਣੀਆਂ ਰੁਚੀਆਂ ਦੇ ਪ੍ਰਵਾਹ ਵਿਚ ਰੁੜ੍ਹਦੇ ਹਨ। ਤੀਜਾ ਭਾਵ ਇਹ ਹੈ ਕਿ ਆਪ ਦੇ ਲਾਏ ਲਗਦੇ ਹਨ, ਪਰ ਗੁਰਬਾਣੀ ਦੱਸਦੀ ਹੈ ਕਿ ਬਦੀ ਦਾ ਪ੍ਰੇਰਕ ਵਾਹਿਗੁਰੂ ਨਹੀਂ ਹੈ। ਅਪਣੇ ਪਿਛਲੇ ਕੀਤੇ ਕਰਮਾਂ ਅਨੁਸਾਰ ਦੁਖ ਸੁਖ ਤੇ ਪੁੰਨ ਪਾਪ ਦੀਆਂ ਰੁਚੀਆਂ ਦੇ ਫੈਸਲੇ ਕਰਤਾਰ ਨੇ ਕੀਤੇ ਹਨ, ਐਉਂ ਕਰਤਾਰ ਨੂੰ ਲਾਵਣਹਾਰ ਭਾਵੇਂ ਮੰਨਲਓ, ਕਿਉਂਕਿ ਐਉਂ ਓਹ ਨਿਰਲੇਪ ਦਾ ਨਿਰਲੇਪ ਰਹਿੰਦਾ ਹੈ ਉਸ ਦੇ ਫੈਸਲੇ ਨਿਆਂ ਦੇ ਫੈਸਲੇ ਹੁੰਦੇ ਹਨ, ਪਰ ਉਸ ਦੇ ਫੈਸਲੇ ਹੋਣ ਕਰਕੇ ਓਹਦੇ ਕਰਾਏ ਕਰਨੇ ਕਹੇ ਜਾਂਦੇ ਹਨ। ਪਰ ਓਹ ਨਿਆਂ ਕਰਤਾ ਬੀ ਹੈ ਤੇ ਮਿਹਰਾਂ ਦਾ ਸਾਂਈ ਬਖਸ਼ਿੰਦ ਬੀ ਹੈ। ਉਸ ਦੇ ਇਸ ਬਿਰਦ ਕਰਕੇ ਅਰਦਾਸ ਕਰਦੇ ਹਨ ਕਿ ਜੀਵਾਂ ਨੂੰ ਕਮਜ਼ੋਰ ਤੇ ਨਿਤਾਣੇ ਜਾਣ ਕੇ ਤੇ ਕਰਮ ਫਲਾਂ ਦੇ ਪ੍ਰਵਾਹ ਵਿਚ ਰੁੜ੍ਹਦੇ ਵੇਖ ਕੇ ਮੇਹਰ ਕਰੋ ਤੇ ਬਖ਼ਸ਼ ਲਓ। ਜਿਨ੍ਹਾਂ ਪਰਵਾਹਾਂ ਵਿਚ ਏਹ ਰੁੜ ਰਹੇ ਹਨ ਇਨ੍ਹਾਂ ਦੇ ਕੀਤੇ ਕਰਮਾਂ ਦੇ ਫਲ ਹਨ, ਪਰ ਫੈਸਲੇ ਤੁਸਾਡੇ ਹਨ, ਤੁਸੀ ਫੈਸਲਾ ਕਰਤਾ ਦੇ ਰੁਚੀਆਂ ਕਰਮਾਂ ਦੇ ਅਨੁਸਾਰ ਬਨਾਉਣ ਵਾਲੇ ਹੋ, ਪਰ ਤੁਸੀਂ ਬਖ਼ਸ਼ਿੰਦ ਵੀ ਹੋ, ਇਨ੍ਹਾਂ ਨੂੰ ਬਖਸ਼ੋ। ਵਾਹਿਗੁਰੂ ਤੋਂ ਏਹ ਦਾਨ ਜੀਵਾਂ ਲਈ ਮੰਗਦੇ ਗੁਰੂ ਜੀ ਉਸ ਤੋਂ ਪਏ ਸਦਕੇ ਹੁੰਦੇ ਹਨ। ਇਹ 'ਸਦ ਕੁਰਬਾਨੀ' ਕਹਿਣਾ ਪਰਮ ਉੱਤਮ ਤ੍ਰੀਕਾ ਸ਼ੁਕਰ ਪ੍ਰਗਟ ਕਰਨੇ ਦਾ ਹੈ।

ਜੇ ਕਰਤਾਰ ਨੂੰ ਐਉਂ ਨਾ ਸਮਝੀਏ ਤਾਂ ਉਸ ਨੂੰ ਨੇਕੀ ਦਾ ਖ਼ੁਦਾ ਤੇ ਇਕ ਹੋਰ ਨੂੰ ਬਦੀ ਦਾ ਖ਼ੁਦਾ ਮੰਨਣਾ ਪੈਂਦਾ ਹੈ ਗੁਰਮਤਿ ਇਹ ਨਹੀਂ ਹੈ। ਗੁਰਮਤਿ ਤਾਂ '੧ਓਂ' ਹੈ, ਸਾਰੀ ਗੁਰਬਾਣੀ ਵਿਚ 'ਇਕੋ ਅਦੁਤੀ' ਅਕਾਲ ਪੁਰਖ ਕਿਹਾ ਹੈ। ਕੋਈ ਭੁਲੇਵਾ ਨਾ ਰਹੇ ਇਸ ਕਰਕੇ ਗੁਰੂ ਜੀ ਨੇ 'ਮਾਯਾ' ਆਪੇ ਹੋਈ ਨਹੀ ਮੰਨੀ, ਕਰਤਾਰ ਦੀ ਰਚੀ ਹੋਈ ਮੰਨੀ ਹੈ ਤੇ 'ਜਿਤੁ ਜਿਤੁ ਲਾਏ' ਦਾ ਅਖੀਰਲਾ ਕਾਰਣ ਇਹ ਦੱਸਿਆ ਹੈ, ਯਥਾ:—

ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨੀ ਕਹਹੁ ਕਵਨ ਬਿਧਿ ਤਰੀਐ ਰੇ।।

[ਆਸਾ ਮਹਲਾ ੫-੧੩੦]

ਉਸ ਅਗਲੇਰੇ ਸ਼ਬਦ (ਅੰਕ ੧੩੦) ਵਿਚ ਗੁਰੂ ਜੀ ਨੇ ਆਪ ਇਹ ਗੱਲ ਹੱਲ ਕੀਤੀ ਹੈ।

ਨਿਰੁਕ੍ਤ—**ਲੂਕਿ**—[ਪੰ:, ਲੁਕਣਾ] ਲੁਕ ਕੇ। ਛਿਪਾ ਕਰਕੇ।

ਪੇਖਿਓ—ਦੇਖਿਆ। **ਮੂੜ**—[ਸੰਸ:, ਮੂਢ:] ਮੂਰਖ।

ਮੁਗਧ—ਬੇਸਮਝ। **ਮੁਕਰਾਨੀ**—ਮੁਕਰਨੇ ਵਾਲੇ ਬਣਦੇ ਹਨ, ਮੁੱਕਰਦੇ ਹਨ।

ਮੂਸੇ—[ਸੰਸ:, ਮੁਸ਼ਿਤ = ਲੁਟਿਆ ਹੋਯਾ, ਚੁਰਾਯਾ ਹੋਯਾ] ਠੱਗੇ ਹੋਏ।

ਜੀਅ ਕੀ ਮਾਨੀ—ਜੀਉ ਦੀ ਗੱਲ ਮੰਨੀ ਜਾਏਗੀ। ਨੀਯਤ ਵਿਚ ਜੋ ਕੁਛ ਹੈ ਉਹ ਤੇਰੀ ਕਰਨੀ ਸਮਝੀ ਜਾਏਗੀ। ਜੇਹੀ ਨੀਯਤ ਤੇਹੀ ਮੁਰਾਦ ਮਿਲੇਗੀ।

[ਆਸਾ ਮਹਲਾ ੫, ਚਉਪਦਾ, ੧੨੯-੧੬੬]

ਪ੍ਰਾਕ੍ਕਥਨ—ਸੇਵਕ ਦੀ ਜੋ ਪ੍ਰਤਿਪਾਲਾ, ਵਡਿਆਈ ਤੇ ਪਜਾਰ ਵਾਹਿਗੁਰੂ ਕਰਦਾ ਹੈ ਉਸ ਦਾ ਵਰਣਨ ਹੈ।

ਮੂਲ	ਅਰਥ
ਆਸਾ ਮਹਲਾ ੫ ॥ **ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥ ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥**	(ਪ੍ਰਭੂ) ਅਪਣੇ ਸੇਵਕ ਦੀ ਆਪੇ (ਪੈਜ) ਰਖਦਾ ਹੈ, ਆਪ ਹੀ ਨਾਮ ਜਪਾ ਕੇ (ਸੇਵਕ ਬਣਾ ਲੈਂਦਾ ਹੈ)। ਜਿਥੇ ਜਿਥੇ ਸੇਵਕ ਦਾ ਕੰਮ ਯਾ ਕੋਈ ਕਿਰਤ ਹੋਵੇ ਉੱਥੇ ਉੱਥੇ (ਉਸ ਦੀ ਮਦਦ ਲਈ) ਉਠ ਦੌੜਦਾ ਹੈ॥੧॥

ਸੇਵਕ ਕਉ ਨਿਕਟੀ ਹੋਇ ਦਿਖਾਵੈ ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ ਰਹਾਉ ॥	(ਅਪਣੇ) ਸੇਵਕ ਨੂੰ ਨੇੜੇ ਹੋ ਕੇ (ਅਪਣਾ ਆਪ) ਦਿਖਾ ਦੇਂਦਾ ਹੈ। ਜੋ ਜੋ ਸੇਵਕ ਠਾਕੁਰ ਨੂੰ ਆਖਦਾ ਹੈ ਉਹ ਤਤਕਾਲ (ਉਸੇ ਵੇਲੇ ਪੂਰਾ) ਹੋ ਜਾਂਦਾ ਹੈ॥੧॥ਰਹਾਉ॥
ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥ ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥੨॥੭॥੧੨੯॥	ਮੈਂ ਉਸ ਸੇਵਕ ਤੋਂ ਸਦਕੇ ਹਾਂ ਜੋ ਅਪਣੇ ਪ੍ਰਭੂ ਨੂੰ ਭਾਉਂਦਾ ਹੈ। ਉਸ ਦੀ ਤਾਂ ਸ਼ੋਭਾ ਸੁਣਕੇ ਹੀ (ਮੇਰਾ) ਮਨ ਖਿੜ ਜਾਂਦਾ ਹੈ। ਨਾਨਕ ਉਸ ਦੇ (ਚਰਣ) ਛੂਹਣ ਲਈ (ਆਪ ਉਸ ਦੇ ਪਾਸ) ਆਉਂਦਾ ਹੈ॥੨॥੭॥੧੨੯॥

ਵਿਆਖਿਆ— ਘਰ ੧੦ ਦੇ ਇਨ੍ਹਾਂ ੭ ਸ਼ਬਦਾਂ ਵਿਚੋਂ ੫ ਸ਼ਬਦਾਂ ਵਿਚ ਗ਼ਾਫ਼ਲਾਂ ਤੇ ਪਾਪਾਂ ਵਿਚ ਲੰਪਟਾਂ ਪ੍ਰਤੀ ਉਪਦੇਸ਼ ਹੈ। ਪਹਿਲਾ ਸ਼ਬਦ ਅੰਕ ੧੨੩ ਹੈ ਜਿਸ ਵਿਚ ਜਗਤ ਤੇ ਪਦਾਰਥਾਂ ਦੀ ਅਨਸਥਿਰਤਾ ਦਿਖਾ ਕੇ ਗ਼ਾਫ਼ਲਾਂ ਨੂੰ ਨਾਮ ਭਜਨ ਦਾ ਉਪਦੇਸ਼ ਦਿੱਤਾ ਹੈ। ਅਗਲੇ ਸ਼ਬਦ ੧੨੪ ਵਿਚ ਜਉ ਕਿਰਪਾ ਗੋਬਿੰਦ ਭਈ' ਦੱਸ ਕੇ ਜਾਗ੍ਰਤ ਵਿਚ ਆਏ ਮਹਾਂਪੁਰਖ ਦੀ ਸੁਖੀ ਅਵਸਥਾ ਦੱਸੀ ਹੈ। ਇਸ ਤਰ੍ਹਾਂ ਅੰਕ ੧੨੫, ੧੨੬, ੧੨੭, ਤੇ ੧੨੮ ਵਿਚ ਗ਼ਾਫ਼ਲਾਂ, ਪਾਪੀਆਂ, ਲੰਪਟ ਵਿਸ਼ਈਆਂ ਪ੍ਰਤਿ ਨਾਮ ਆਦਿ ਦਾ ਉਪਦੇਸ਼ ਹੈ। ਅਖੀਰਲੇ ਅੰਕ ੧੨੯ ਵਿਚ ਅੰਕ ੧੨੪ ਵਾਂਙੂ ਸੇਵਕ ਦੀ ਅਵਸਥਾ ਕਹੀ ਹੈ, ਜਿਸ ਉੱਤੇ ਕਿਰਪਾ ਹੋਈ ਹੈ ਤੇ ਉਸ ਨੂੰ ਸਾਂਈਆਂ ਜੀ ਆਪ ਨਾਮ ਜਪਾ ਰਹੇ ਹਨ। ਉਸ ਸੇਵਕ ਦੀ ਪੈਜ ਰੱਖਦੇ ਹਨ, ਉਸ ਦਾ ਆਖਾ ਮੰਨਦੇ ਹਨ, ਉਸ ਦੇ ਕੰਮਾਂ ਦੀ ਸਫਲਤਾ ਲਈ ਆਪ ਭੱਜੇ ਫਿਰਦੇ ਹਨ। ਪੂਰੇ ਸੇਵਕ ਦਾ ਸਭ ਤੋਂ ਵਡਾ ਤੇ ਅਖੀਰਲਾ ਲੱਛਣ ਦੱਸਿਆ ਹੈ ਕਿ ਉਹ ਪ੍ਰਭੂ ਨੂੰ ਭਾਉਂਦਾ ਹੈ, ਭਾਵ ਇਹ ਕਿ ਓਹ ਪ੍ਰਭੂ ਦਾ ਮਨਜ਼ੂਰੇ ਨਜ਼ਰ ਹੁੰਦਾ ਹੈ। ਜੋ ਮਨਜ਼ੂਰੇ ਨਜ਼ਰ ਹੈ, ਉਸ ਦੀ ਪਛਾਣ ਲਈ ਉਹੀ ਲੱਛਣ ਰਾਹਨੁਮਾਈ ਕਰਦੇ ਹਨ ਜੋ ਪਹਿਲੋਂ ਗਿਣੇ ਹਨ। ਅਖੀਰ ਵਿਚ ਐਸੇ ਸੇਵਕ ਦੀ ਕੀਮਤ ਕੂਤ ਇਹ ਪਾਉਂਦੇ ਹਨ ਕਿ ਆਪ ਨੂੰ ਉਸ ਦੇ ਦਰਸ਼ਨ ਦਾ ਅਕਾਂਖੀ ਦੱਸਕੇ ਉਸ ਦੇ ਮਿਲਣੇ ਦੀ ਲਾਲਸਾ ਪ੍ਰਗਟ ਕਰਦੇ ਹਨ। ਐਉਂ ਇਨ੍ਹਾਂ ਸੱਤ ਸ਼ਬਦਾਂ ਵਿਚ ਭੁਲੇ ਹੋਏ ਪਾਪ ਲੰਪਟ, ਬੇਮੁਖ ਤੇ ਮਨਜ਼ੂਰ ਹੋਏ ਪ੍ਰਗਟ ਕਰਦੇ ਹਨ। ਐਉਂ ਇਨ੍ਹਾਂ ਸੱਤ ਸ਼ਬਦਾਂ ਵਿਚ ਭੁੱਲੇ ਹੋਏ ਪਾਪ ਲੰਪਟ, ਬੇਮੁਖ ਤੇ ਮਨਜ਼ੂਰ ਹੋਏ ਸੇਵਕ ਦਾ ਟਾਕਰਾ ਕਰਕੇ ਪਹਿਲੀ ਹਾਲਤ ਤੋਂ ਬਚਣ ਤੇ ਦੂਸਰੀ ਦੇ ਗ੍ਰਹਣ ਕਰਨ ਦੀ ਸਿਖ੍ਯਾ ਸਮਝਾ ਰਹੇ ਹਨ।

ਨਿਰੁਕਤ—ਰਾਖੈ—ਰੱਖਦਾ ਹੈ, ਇਸ ਕ੍ਰਿਯਾ ਵਿਚ 'ਪੈਜ' ਸ਼ਬਦ ਦੀ ਲੁਪਤੀ ਹੈ। 'ਪੈਜ ਰਾਖੈ' ਭਾਵ ਹੈ। **ਕਾਜ**—ਕੰਮ। ਮਾਮਲੇ।

ਕਿਰਤਿ—[ਸੰਸ:, ਕ੍ਰਿਤਜੰ = ਕੰਮ, ਕਾਰਜ] ਉਹ ਕਿੱਤਾ ਜੋ ਉਪਜੀਵਕਾ ਲਈ ਕੀਤਾ ਜਾਵੇ।

ਸੋਇ—ਸ਼ੋਭਾ। (ਅ) ਖ਼ਬਰ, ਨੇਕੀ ਦੀ ਖ਼ਬਰ।

ਹਰਿਆ—ਭਾਵ ਹੈ ਖੁਸ਼, ਖਿੜਿਆ ਹੋਇਆ।

[ਆਸਾ ਮਹਲਾ ੫, ਚਉਪਦਾ, ੧੩੦-੧੬੭]

ਆਸਾ ਘਰੁ ੧੧ ਮਹਲਾ ੫ ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਕਥਨ— ਤ੍ਰੈਗੁਣੀ ਮਾਯਾ ਰੂਪੀ ਨਦੀ ਜੋ ਬ੍ਰਹਮ ਦੀ ਰਚੀ ਹੋਈ ਹੈ, ਉਸ ਨੂੰ ਤਰ ਜਾਣ ਦੀ ਤਰਕੀਬ ਦੱਸੀ ਹੈ।

ਮੂਲ	ਅਰਥ
ਨਟੂਆ ਭੇਖ ਦਿਖਾਵੈ ਬਹੁ ਬਿਧਿ ਜੈਸਾ ਹੈ ਓਹੁ ਤੈਸਾ ਰੇ ॥ ਅਨਿਕ ਜੋਨਿ ਭ੍ਰਮਿਓ ਭ੍ਰਮ ਭੀਤਰਿ ਸੁਖਹਿ ਨਾਹੀ ਪਰਵੇਸਾ ਰੇ ॥੧॥	ਨਾਟਕ ਪਾਤ੍ਰ (ਜਿਵੇਂ) ਕਈ ਤਰ੍ਹਾਂ ਦੇ ਭੇਸ (ਕਰ ਕਰਕੇ) ਦਿਖਾਉਂਦਾ ਹੈ (ਪਰ ਵੇਸਾਂ ਨਾਲ ਉਹਦਾ ਅਸਲਾ ਨਹੀਂ ਬਦਲਦਾ, ਉਹ) ਜੈਸਾ ਕਿ ਉਹ ਹੁੰਦਾ ਹੈ ਵੈਸਾ ਹੀ ਰਹਿੰਦਾ ਹੈ, (ਤਿਵੇਂ ਮਾਯਾਵੀ ਜੀਵ) ਭ੍ਰਮ ਦੇ ਕਾਰਣ ਅਨੇਕ ਜੂਨਾ (ਰੂਪੀ ਵੇਸਾਂ) ਵਿਚ ਭਉਂ ਆਉਂਦਾ ਹੈ (ਪਰ ਉਸ ਦਾ) ਪਰਵੇਸ ਸੁਖ ਵਿਚ ਨਹੀ ਹੁੰਦਾ (ਕਿਉਂਕਿ ਮਾਯਾਵੀ ਜੀਵ ਦਾ ਮਨ ਭ੍ਰਮ ਗ੍ਰਸਤ ਹੋਕੇ ਭ੍ਰਮ ਰੂਪ ਹੋ ਚੁਕਾ ਹੈ, ਉਹ ਜੂਨਾਂ ਦੇ ਵੇਸ ਬਦਲ ਬਦਲ ਕੇ ਬੀ ਭ੍ਰਮ ਰਹਿਤ ਨਹੀਂ ਹੁੰਦਾ, ਭ੍ਰਮ ਰੂਪ ਹੋਣ ਕਰਕੇ ਸੁਖ ਵਿਚ ਬਿਸਰਾਮ ਨਹੀ ਪਾਉਂਦਾ ਤੇ ਜੂਨਾਂ ਵਿਚ ਹੀ ਭਟਕਦਾ ਫਿਰਦਾ ਹੈ)॥੧॥
ਸਾਜਨ ਸੰਤ ਹਮਾਰੇ ਮੀਤਾ ਬਿਨੁ ਹਰਿ ਹਰਿ ਆਨੀਤਾ ਰੇ ॥ ਸਾਧਸੰਗਿ ਮਿਲਿ ਹਰਿ ਗੁਣ ਗਾਏ ਇਹੁ ਜਨਮੁ ਪਦਾਰਥੁ ਜੀਤਾ ਰੇ ॥੧॥ ਰਹਾਉ ॥	ਹੇ ਸੱਜਣੋਂ ! ਹੇ ਸੰਤੋ ! ਹੇ ਸਾਡੇ ਮਿੱਤ੍ਰੋ ! ਹਰਿ (ਸਿਮਰਨ) ਤੋਂ ਬਿਨਾ (ਜੋ ਬੀ ਕਰਮ ਹੈ ਉਹ) ਹਰ (ਕਰਮ) ਅਨਿੱਤਜਤਾ (ਵਿਚ ਰੱਖਣੇ ਵਾਲਾ) ਹੈ। (ਪਰ) ਹੇ ਜਾਓ ! (ਜਿਨ੍ਹਾਂ ਨੇ) ਸਾਧ ਸੰਗਤ ਵਿਚ ਮਿਲਕੇ ਹਰੀ ਦੇ ਗੁਣ ਗਾਏ ਹਨ (ਉਨ੍ਹਾਂ ਨੇ) ਇਹ (ਮਨੁੱਖਾ) ਜਨਮ (ਰੂਪੀ) ਪਦਾਰਥ ਜਿੱਤ ਲਿਆ ਹੈ॥੧॥ਰਹਾਉ॥
ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐ ਰੇ ॥ ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ॥੨॥	(ਪ੍ਰਸ਼ਨ) (ਇਹ) ਤ੍ਰੈ ਗੁਣ (ਰੂਪ ਵਾਲੀ) ਮਾਯਾ ਬ੍ਰਹਮ ਦੀ ਰਚੀ ਹੋਈ ਹੈ, ਦਸੋ (ਇਸ ਨੂੰ) ਕਿਸ ਤਰਕੀਬ ਨਾਲ ਤਰੀਏ ? (ਇਸ ਵਿਚ ਵੇਖੋ) ਘੁਮਣ ਘੇਰੀਆਂ ਹਨ, (ਇਹ) ਅਥਾਹ ਹੈ, (ਤਰਨੇ ਲਈ ਬੜੀ) ਕਠਨ ਹੈ। (ਉੱਤਰ) ਗੁਰੂ ਸ਼ਬਦ ਦੁਆਰਾ (ਇਸ ਤੋਂ) ਪਾਰ ਹੋ ਜਾਈਦਾ ਹੈ॥੨॥
ਖੋਜਤ ਖੋਜਤ ਖੋਜਿ ਬੀਚਾਰਿਓ ਤਤੁ ਨਾਨਕ ਇਹੁ ਜਾਨਾ ਰੇ ॥ ਸਿਮਰਤ ਨਾਮੁ ਨਿਧਾਨੁ ਨਿਰਮੋਲਕੁ ਮਨੁ ਮਾਣਕੁ ਪਤੀਆਨਾ ਰੇ ॥੩॥੧॥੧੩੦॥	ਹੇ ਭਾਈ ! ਨਾਨਕ ਨੇ ਖੋਜਦਿਆਂ ਖੋਜਕੇ (ਇਹ) ਮੂਲ ਗੱਲ (ਜਾਣੀ) ਵੀਚਾਰੀ ਹੈ; ਕਿ ਨਾਮ (ਜੋ) ਅਮੋਲਕ ਖ਼ਜ਼ਾਨਾ ਹੈ (ਉਸ ਨੂੰ) ਸਿਮਰਨ ਕਰਦਿਆਂ ਮਨ ਰੂਪੀ ਮਾਣਕ ਪਤੀਜਦਾ ਹੈ, ਹੇ ਭਾਈ॥੩॥੧॥੧੩੦॥

ਵ੍ਯਾਖ੍ਯਾ— ਇਸ ਸ਼ਬਦ ਵਿਚ ਸ਼ਬਦ ੧੨੮ ਦੇ ਅੰਕ ੨ ਵਿਚ ਆਏ ਵਾਕ 'ਜਿਤੁ ਜਿਤ ਲਾਏਂ' ਦੀ ਵਿਵੇਚਨਾ ਹੈ ਜੋ ਅੰਕ ੨ ਵਿਚ ਦੱਸੀ ਹੈ ਕਿ ਤ੍ਰੈ ਗੁਣੀ ਮਾਇਆ ਬ੍ਰਹਮ ਦੀ ਰਚੀ ਹੋਈ ਹੈ, ਜਿਸ ਵਿਚ ਭੋਗਾਂ, ਵਿਸ਼ਿਆਂ ਦੇ ਘੁੰਮਣ ਘੇਰ ਹਨ, ਇਹ ਅਥਾਹ ਨਦੀ ਵਾਙੂ ਤਰਨੀ ਔਖੀ ਹੈ, ਜੀਵ ਨਿਤਾਣਾ ਤੇ ਬੇਬਸ ਹੈ, ਦੱਸੋ ਕਿਵੇਂ ਤਰੀਏ ? ਉੱਤਰ ਦੇਂਦੇ ਹਨ ਕਿ ਗੁਰੂ ਦੇ ਸ਼ਬਦ ਦੁਆਰਾ ਇਸ ਨੂੰ ਤਰ ਜਾਈਦਾ ਹੈ। ਫਿਰ ਅੰਕ ੩ ਵਿਚ ਹੋਰ ਖੋਹਲਦੇ ਹਨ ਕਿ ਨਾਮ ਸਿਮਰਨ ਨਾਲ ਉਹ ਮਨ ਜੋ ਅੰਕ ੧ ਵਿਚ ਭ੍ਰਮ ਵਸਿ ਹੋਇਆ, ਭ੍ਰਮ ਰੂਪ ਹੋ ਗਿਆ ਦੱਸਿਆ ਸੀ ਤੇ ਜਨਮ ਭੋਗ ਕੇ ਬੀ ਸੁਖ ਵਿਚ ਨਹੀ ਸੀ ਗਿਆ, ਉਹ ਦੱਸਦੇ ਹਨਕਿ ਨਾਮ ਸਿਮਰਨ ਨਾਲ ਪਤੀਜਨਾ ਦੇ ਘਰ ਪਹੁੰਚ ਜਾਂਦਾ ਹੈ। ਇਹੋ ਉਪਦੇਸ਼ ਰਹਾਉ ਵਿਚ ਦੱਸਿਆ ਹੈ ਕਿ ਹਰੀ ਗੁਣ ਗਾਓ ਤੇ ਸਮਝ ਲਓ ਕਿ ਹਰੀ ਦੇ ਨਾਮ

ਸਿਮਰਨ ਤੋਂ ਬਿਨਾ ਜੋ ਬੀ ਕਰਮ ਕਰੋਗੇ, ਚਾਹੋ ਕਰਮ ਸੰਸਾਰਾਕਾਰ ਹਨ, ਚਾਹੋ ਉਹ ਮੁਕਤੀ ਪ੍ਰਾਪਤੀ ਲਈ ਕੀਤੇ ਕਰਮ ਹਨ ਨਾਮ ਤੋਂ ਬਿਨਾ ਸਾਰੇ ਅਨਿੱਤਤਾ ਤੋਂ ਉੱਪਰ ਉੱਠ ਕੇ ਨਿੱਤਜਤਾ ਵਿਚ ਵਿਸ਼੍ਰਾਮ ਨਹੀਂ ਕਰਨ ਦੇਣਗੇ। ਇਸੇ ਰਹਾਉ ਵਿਚ ਹਰੀ ਗੁਣ ਗਾਯਨ ਦਾ ਠਿਕਾਣਾ ਸਾਧ ਸੰਗ ਦੱਸਿਆ ਹੈ। ਸੋ ਹਰੀ ਦੀ ਕੀਤੀ ਮਾਯਾ ਰੂਪੀ ਨਦੀ ਤੋਂ ਤਰਨੇ ਦੀ ਬਿਧਿ ਹੈ ਸਤਿਸੰਗ, ਹਰੀ ਗੁਣ ਗਾਯਨ ਤੇ ਨਾਮ।

ਨਿਰੁਕ੍ਤ—ਨਟੂਆ—[ਸੰਸ:, ਨਟ:] ਨਟ ਪਦ ਦਾ ਨਿੰਮ੍ਰੀ ਵਾਚ ਹੈ। ਨਾਟਕ ਵਿਚ ਰੂਪ ਬਣਾਕੇ ਯਾ ਵੇਸ ਧਾਰਨ ਕਰਕੇ ਕੰਮ ਕਰਨ ਵਾਲੇ ਨੂੰ ਨਟ ਕਹਿੰਦੇ ਹਨ। ਨਾਟਕ ਪਾਤ੍ਰ। ਪਰ ਪਿਛੋਂ ਇਹ ਪਦ ਰੱਸੇ ਤੇ ਚੜ੍ਹਕੇ ਨੱਚਣ ਵਾਲੀ ਜਾਤ ਨਾਮ ਹੋ ਗਿਆ—ਨਟ। ਆਮ ਤੌਰ ਤੇ ਨਟ ਦਾ ਅਰਥ ਸ੍ਵਾਂਗੀ ਯਾ ਬਹੁ-ਰੂਪੀਆਂ ਬੀ ਹੁੰਦਾ ਹੈ।

ਆਨੀਤਾ—[ਸੰਸ:, ਅਨਿਤ੍ਯ] ਜੋ ਸਦਾ ਨਾ ਰਹੇ ਉਹ ਦਸ਼ਾ। ਅਨਿਤ੍ਯਤਾ। ਇਹ ਪਦ ਅਨਿਤ੍ਯ ਤੋਂ ਬਣਿਆ ਸਹੀ ਹੁੰਦਾ ਹੈ। (ਅ) ਦਾਨੇ ਲੋਕ ਇਸ ਦਾ ਅਰਥ ਅਜੋਗ ਤੇ ਮਰਯਾਦਾ ਰਹਿਤ ਬੀ ਕਰਦੇ ਹਨ। ਸੰਸਕ੍ਰਿਤ ਪਦ 'ਆਨੀਤ' ਦਾ ਅਰਥ ਹੈ ਲਿਆਂਦਾ ਹੋਇਆ। ਲਿਆਂਦਾ ਹੋਇਆ ਦਾ ਭਾਵ ਨਾਂ-ਅਸਲੀ ਯਾ ਬਨਾਵਟੀ ਕਰ ਸਕਦੇ ਹਾਂ।

ਘੂਮਨ ਘੇਰ—[ਸੰਸ:, ਘੂਰ੍ਣਨਮ੍ = ਘੁੰਮਣਾ। ਗ੍ਰਹਣੰ = ਪਕੜਨਾ, ਘੇਰਨਾ] ਘੁੰਮਣ ਘੇਰੀ। ਭੰਵਰ। ਮਾਯਾ ਨਦੀ ਨਾਲ ਮਿਸਾਲ ਦਿਤੀ ਹੈ ਤੇ ਉਸ ਨੂੰ ਅਥਾਹ ਤੇ ਤਰਨੇ ਨੂੰ ਕਠਨ ਦੱਸਿਆ ਹੈ, ਘੁੰਮਣ ਘੇਰੀਆਂ ਤੋਂ ਮੁਰਾਦ ਦਾਨੇ ਵਿਸ਼ੇ ਭੋਗਾਂ ਦੀ ਲੈਂਦੇ ਹਨ।

ਅਗਾਹ—ਜੋ ਗਾਹੀ ਨਾ ਜਾਏ। ਅਗਾਧ। ਭਾਵ ਅਥਾਹ ਤੋਂ ਹੈ।

ਗਾਖਰੀ—ਕਠਨ, ਭਾਵ ਜੋ ਤਰਨੀ ਔਖੀ ਹੈ। ਇਹ ਸ਼ਬਦ ਗੋਖਰੂ ਤੋਂ ਬਣਿਆ ਜਾਪਦਾ ਹੈ ਜੋ ਭਖੜੇ ਦਾ ਨਾਮ ਹੈ ਤੇ ਬਹੁਤ ਕੰਡਿਆਲਾ ਹੁੰਦਾ ਹੈ। ਪੁਰਾਣੇ ਜ਼ਮਾਨੇ ਵਿਚ ਗੋਖਰੂ ਦੀ ਸ਼ਕਲ ਦੇ ਲੋਹੇ ਦੇ ਬਣਾਏ ਹੋਏ ਕੰਡੇ ਦੁਸ਼ਮਨ ਦਾ ਰਸਤਾ ਰੋਕਣ ਲਈ ਸ਼ੜਕਾਂ ਤੇ ਵਿਛਾਏ ਜਾਂਦੇ ਸਨ (ਸੰਸ:, ਗੋਕ੍ਖ਼੍ਰ: = ਭਖੜਾ)।

ਪਤੀਆਨਾ—ਪਤੀਜਦਾ ਹੈ।

[ਆਸਾ ਮਹਲਾ ੫, ਚਉਪਦਾ, ੧੩੧—੧੯੮]

ਪ੍ਰਾਕ੍ਕਥਨ—ਪਿਛਲੇ ਸ਼ਬਦ ਵਿਚ ਕਹੇ ਨਾਮ ਨਾਲ ਮਨ ਪਤੀਜੇ ਦਾ ਭਾਵ ਤੇ ਪ੍ਰਾਪਤੀ ਇਸ ਸ਼ਬਦ ਵਿਚ ਵਰਣਨ ਕੀਤੀ ਹੈ।

ਮੂਲ	ਅਰਥ
ਆਸਾ ਮਹਲਾ ੫ ਦੁਪਦੇ ॥ **ਗੁਰ ਪਰਸਾਦਿ ਮੇਰੈ ਮਨਿ ਵਸਿਆ ਜੋ ਮਾਗਉ ਸੋ ਪਾਵਉ ਰੇ ॥ ਨਾਮ ਰੰਗਿ ਇਹੁ ਮਨੁ ਤ੍ਰਿਪਤਾਨਾ ਬਹੁਰਿ ਨ ਕਤਹੂੰ ਧਾਵਉ ਰੇ ॥੧॥**	ਗੁਰੂ ਦੀ ਕਿਰਪਾ ਨਾਲ (ਨਾਮ ਦਾ ਨਾਮੀ ਵਾਹਿਗੁਰੂ) ਮੇਰੇ ਮਨ ਵਿਚ ਵੱਸ ਗਿਆ ਹੈ (ਉਸ ਤੋਂ ਮੈਂ) ਜੋ ਕੁਛ ਮੰਗਦਾ ਹਾਂ ਉਹੀ ਪਾ ਲੈਂਦਾ ਹਾਂ। ਹੇ ਭਾਈ! (ਕਿਉਂਕਿ ਉਸ ਵਾਹਿਗੁਰੂ ਦੇ) ਨਾਮ ਦੇ ਪ੍ਰੇਮ ਨਾਲ ਇਹ ਮਨ ਤ੍ਰਿਪਤ ਹੋ ਗਿਆ ਹੈ, (ਹੁਣ ਮੈਂ) ਮੁੜਕੇ ਕਿਸੇ ਹੋਰ ਪਾਸੇ ਨਹੀਂ ਨੱਸਦਾ ਭੱਜਦਾ, ਹੇ ਭਾਈ! ॥੧॥
ਹਮਰਾ ਠਾਕੁਰੁ ਸਭ ਤੇ ਊਚਾ ਰੈਣਿ ਦਿਨਸੁ ਤਿਸੁ ਗਾਵਉ ਰੇ ॥ ਖਿਨ ਮਹਿ ਥਾਪਿ ਉਥਾਪਨਹਾਰਾ ਤਿਸ ਤੇ ਤੁਝਹਿ ਡਰਾਵਉ ਰੇ ॥੧॥ ਰਹਾਉ ॥	ਹੇ ਭਾਈ ! ਸਾਡਾ ਮਾਲਕ ਸਭਨਾਂ ਤੋਂ ਉੱਚਾ ਹੈ, (ਮੈਂ) ਰਾਤ ਦਿਨੇ ਉਸੇ (ਦੇ ਗੁਣ) ਗਾਉਂਦਾ ਹਾਂ, (ਪਰ ਨਾਲ ਇਹ ਭੀ ਸੁਣ ਕਿ ਉਹ ਠਾਕਰ ਇਕ) ਛਿਨ ਵਿਚ ਰਚ ਕੇ (ਫੇਰ ਛਿਨ ਵਿਚ) ਤਬਾਹ ਕਰ ਦੇਣ ਵਾਲਾ ਹੈ (ਇਸ ਕਰਕੇ ਤੈਨੂੰ) ਉਸ ਤੋਂ ਡਰਾਉਂਦਾ ਬੀ ਹਾਂ॥੧॥ਰਹਾਉ॥

ਜਬ ਦੇਖਉ ਪ੍ਰਭੁ ਅਪੁਨਾ ਸੁਆਮੀ ਤਉ ਅਵਰਹਿ ਚੀਤਿ ਨ ਪਾਵਉ ਰੇ ॥ ਨਾਨਕੁ ਦਾਸੁ ਪ੍ਰਭਿ ਆਪਿ ਪਹਿਰਾਇਆ ਭ੍ਰਮੁ ਭਉ ਮੇਟਿ ਲਿਖਾਵਉ ਰੇ ॥ ੨॥੨॥੧੩੧॥	(ਪਰ ਉਹ ਡਰਾਉਣਾ ਹੀ ਨਹੀਂ ਮਨ ਮੋਹਣਾ ਬੀ ਹੈ ਕਿਉਂਕਿ) ਜਦ (ਮੈਂ) ਅਪਣੇ ਉਸ ਮਾਲਕ ਪ੍ਰਭੂ ਨੂੰ ਦੇਖਦਾ ਹਾਂ ਤਦ (ਮੈਂ) ਹੋਰ ਕਿਸੇ ਨੂੰ ਮਨ ਵਿਚ ਲਿਆਉਂਦਾ ਹੀ ਨਹੀਂ, ਹੇ ਭਾਈ (ਇਸ ਵਿਚ ਮੇਰਾ ਕੁਛ ਨਹੀਂ) ਨਾਨਕ ਦਾਸ ਨੂੰ ਤਾਂ ਪ੍ਰਭੂ ਨੇ ਆਪ ਨਿਵਾਜਿਆ ਹੈ (ਇਹ ਗੱਲ ਮੈਂ) ਭਰਮ ਤੇ ਭੈ ਨੂੰ ਮੇਟ ਕੇ ਲਿਖ ਰਿਹਾ ਹਾਂ॥੨॥੨॥੧੩੧॥

ਵਯਾਖਯਾ— ਅੰਕ ੧—ਦੱਸਦੇ ਹਨ ਕਿ ਪਤੀਜੇ ਮਨ ਦਾ ਲੱਛਣ ਕੀ ਹੈ ? ਵਾਹਿਗੁਰੂ ਮਨ ਵਿਚ ਵੱਸ ਜਾਂਦਾ ਹੈ, ਕੀਕੂੰ ਗੁਰੂ ਦੀ ਕ੍ਰਿਪਾ ਤੇ ਨਾਮ ਦੇ ਪ੍ਰੇਮ ਨਾਲ।

ਰਹਾਉ ਵਿਚ ਦੱਸਦੇ ਹਨ ਕਿ ਉਸ ਦਾ ਦਿਨ ਰਾਤ ਗਾਯਨ ਬੀ ਕਰਦੇ ਹਾਂ, ਭਾਵ ਹੈ ਨਾਮ ਜਪ ਤੇ ਕੀਰਤਨ ਕੋਈ ਨਾ ਕੋਈ ਸ਼ੈ ਹਰੀ ਨਾਲ ਜੋੜੀ ਰਖਣ ਵਾਲੀ ਜਾਰੀ ਰਹਿੰਦੀ ਹੈ। ਕਹਿ ਤਾਂ ਆਪਣੇ ਪਰਥਾਇ ਰਹੇ ਹਨ, ਪਰ ਅਗਲੀ ਅੱਧੀ ਤੁਕ ਤੋਂ ਸਾਫ ਪਤਾ ਲੱਗ ਜਾਂਦਾ ਹੈ ਕਿ ਆਪਣੇ ਦੁਆਰਾ ਸਨਮੁਖ ਬੈਠੇ ਨੂੰ ਸਮਝਾ ਰਹੇ ਹਨ ਤੇ ਫੁਰਮਾਉਂਦੇ ਹਨ ਕਿ ਪ੍ਰਭੂ ਨੂੰ ਨਿਰਾ ਕਮਜ਼ੋਰੀ ਦੇ ਕਾਰਣ ਦਿਆਲੂ ਨਾ ਸਮਝ ਲਈਂ, ਉਹ ਛਿਨ ਵਿਚ ਉਤਪਤ ਪਰਲੋ ਕਰ ਸਕਦਾ ਹੈ। ਸਾਨੂੰ ਪ੍ਰੇਮੀ ਬਣਾ ਸਕਦਾ ਹੈ, ਸਾਡੇ ਕਰਮਾਂ ਦੇ ਮੜੱਪਣ ਕਰਕੇ ਦੰਡ ਬੀ ਦੇ ਸਕਦਾ ਹੈ। ਇਸੇ ਕਰਕੇ ਸਾਂਈ ਨਾਲ ਪ੍ਰੇਮ ਬੀ ਕਰਨਾ ਹੈ ਤੇ ਭੈ ਬੀ ਰੱਖਣਾ ਹੈ ਭੈ ਬਿਨਾ ਜੀਵ ਮੁੜ ਹੰਕਾਰੀ ਹੋ ਜਾਂਦਾ ਹੈ। ਫੁਰਮਾਨ ਹੈ:—

ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ॥ [ਵਾਰ ਮਾਝ ਸਲੋਕ: ੩—੨੫]

ਅੰਕ ੨—ਡਰ ਦੇ ਕੇ ਫੇਰ ਸੰਭਾਲਦੇ ਹਨ ਕਿ ਮਤਾਂ ਭੈ ਜਗਜਾਸੂ ਨੂੰ ਘਬਰਾ ਨਾ ਦੇਵੇ ਫੁਰਮਾਉਂਦੇ ਹਨ ਕਿ ਉਸ ਦਾ ਦਰਸ਼ਨ ਐਸਾ ਮਨਮੋਹਨਾ ਹੈ ਕਿ ਇਕ ਵੇਰ ਦੇਖ ਕੇ ਹੋਰ ਕੋਈ ਪਸੰਦ ਹੀ ਨਹੀਂ ਆਉਂਦਾ। ਅਖ਼ੀਰਲੀ ਤੁਕ ਵਿਚ ਆਪਣੀ ਹਉਂ ਦੀ ਅਭਾਵਤਾ ਦੱਸਦੇ ਹਨ ਕਿ ਮੇਰਾ ਕੁਛ ਨਹੀਂ, ਮੇਰੇ ਤੇ ਸਾਰੀ ਮੇਹਰ,ਇਹ ਪ੍ਰੇਮਾ ਭਗਤੀ,ਸਿਰੋਪਾਉ ਮਿਲਣਾ ਉਸੇ ਦੀ ਮੇਹਰ ਹੈ ਪਰ ਇਹ ਗੱਲ ਡੰਕੇ ਦੀ ਚੋਟ ਤੇ ਨਿਸਚਿਤ ਤਰੀਕੇ ਤੇ ਕਹਿ ਰਿਹਾ ਹਾਂ,ਮੈਨੂੰ ਕੋਈ ਭਰਮ ਦੀ ਅੰਸ ਬਾਕੀ ਨਹੀਂ ਮਾਲਕ ਤੇ ਉਸ ਦੀ ਮੇਹਰ ਉਤੇ ਵਿਸ਼ਵਾਸਧਾਰੀ ਹੋਣ ਵਿਚ ਤੇ ਨਾ ਮੈਨੂੰ ਕਿਸੇ ਦਾ ਡਰ ਹੈ ਕਿ ਕੋਈ ਕਹੇਗਾ ਦੇਖੋ ਜੀ ਕੇਡੀ ਹਉਂ ਨਾਲ ਇਹ ਗੱਲ ਆਖ ਰਹੇ ਹਨ। ਭਾਵ ਇਹ ਕਿ ਮੈਂ ਯਥਾਰਥ ਵਾਕ ਕਹਿ ਰਿਹਾ ਹਾਂ, ਜਿਸ ਦੇ ਕਹਿਣ ਵਿਚ ਭੈ ਤੇ ਭ੍ਰਮ ਨਹੀਂ ਹੈ।

ਇਥੇ ਪਦ ਹੈ'ਲਿਖ ਵਉ ਰੇ', ਇਸ ਪਦ 'ਲਿਖਾਵਉ' ਦੇ ਸਿੱਧੇ ਅਰਥ ਇਹੀ ਹਨ ਜੋ ਉਪਰ ਕੀਤੇ ਹਨ, ਪਰ ਸਨਾਤਨ ਦਾਨੇ ਸਜਨ' ਲਿਖਾਵਹੁ' ਨੂੰ 'ਲਖਾਵਹੁ' ਦਾ ਦੂਸਰਾ ਰੂਪ ਸਮਝਕੇ ਅਰਥ ਕਰਦੇ ਸਨ ਕਿ ਮੈਂ ਉਸ ਪ੍ਰਭੂ ਤਾਈਂ ਹੋਰਨਾਂ ਪ੍ਰੇਮਆਂ ਨੂੰ ਬੀ ਲਖਾ ਦੇ ਸਕਦਾ ਹਾਂ, ਭਾਵ ਦਰਸ਼ਨ ਕਰਾ ਦੇਂਦਾ ਹਾਂ।

ਨਿਰੁਕ੍ਤ— **ਵਸਿਆ**—ਇਸ ਦੇ ਕਾਰਕ ਦੀ ਲੁਪਤੀ ਹੈ, ਕੌਣ ? ਭਾਵ ਹੈ ਵਾਹਿਗੁਰੂ। 'ਨਾਮ' ਪਦ ਦੀ ਲੁਪਤੀ ਨਹੀਂ ਹੈ, ਕਿਉਂਕਿ 'ਨਾਮ' ਅਗਲੀ ਪੰਕਤੀ ਵਿਚ ਆ ਜਾਂਦਾ ਹੈ।

ਥਾਪਿ—ਥਾਪ ਕੇ, ਰਚ ਕੇ। ਉਥਾਪਨਹਾਰਾ—ਢਾਹ ਦੇਣ ਵਾਲਾ। ਨਾਸ਼ ਕਰਨ ਵਾਲਾ।

ਚੀਤਿ ਨ ਪਾਵਉ—ਦਿਲ ਵਿਚ ਨਹੀਂ ਪਾਵਾਂਗਾ। ਗਥਰੇ ਨਹੀਂ ਲਿਆਵਾਂਗਾ। ਪਸੰਦ ਕਰਾਂਗਾ। ਪਹਿਰਾਇਆ—ਪਹਿਨਾਇਆ। 'ਸਿਰੋਪਾਉਂ' ਪਦ ਦੀ ਲੁਪਤੀ ਹੈ, ਸਿਰੋਪਾਉ ਪਹਿਨਾਇਆ। ਭਾਵ ਹੈ ਵਡਿਆਈ ਦਿੱਤੀ। ਨਿਵਾਜਿਆ।

ਲਿਖਾਵਾਉਰੇ—ਵਜਖਜਾ ਵਿਚ ਇਸ ਪਦ ਦੀ ਵੀਚਾਰ ਆ ਚੁਕੀ ਹੈ।

[ਆਸਾ ਮਹਲਾ ੫, ਚਉਪਦਾ, ੧੩੨-੧੯੯]

ਮੂਲ	ਅਰਥ
ਆਸਾ ਮਹਲਾ ੫ ॥ ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ ॥ ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ ॥੧॥	ਚਾਰ ਵਰਨਾਂ (ਦੇ ਬੰਦੇ ਤੇ) ਚੌਹਾਂ (ਹੀ ਆਸ੍ਰਮਾਂ)ਦੇ ਮਰਦ ਲੋਕਾਂ (ਭਾਵ ਵਡਕਿਆਂ) ਨੂੰ (ਤੇ ਉਹਨਾਂ ਨੂੰ, ਜਿਨ੍ਹਾਂ ਦੇ ਮਾਨੋ) ਹੱਥ ਦੀ ਤਲੀ ਤੇ ਛੇ ਸ਼ਾਸਤ੍ਰ ਧਰੇ ਹੋਏ ਸਨ, (ਫੇਰ ਉਹਨਾਂ ਨੂੰ ਜੋ ਮਨ ਕਰਕੇ) ਸੁੰਦਰ, (ਵਿਦਜਾ ਕਰਕੇ) ਸੁਘੜ, (ਸਰੀਰ ਕਰਕੇ) ਸੁਹਣੇ (ਰੂਪਵੰਤ ਤੇ ਅਕਲ ਕਰਕੇ) ਸਿਆਨੇ ਸਨ (ਇਨ੍ਹਾਂ ਸੋਹਣਿਆਂ ਨੂੰ) ਮੋਹ (ਆਦਿ) ਪੰਜਾਂ ਨੇ ਹੀ ਛਲ ਲਿਆ ਹੈ, ਹੇ ਭਾਈ ! ॥੧॥
ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥ ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥੧॥ ਰਹਾਉ ॥	ਜਿਸ ਨੇ (ਕਾਮ ਕ੍ਰੋਧ ਲੋਭ ਮੋਹ ਹੰਕਾਰ ਏਹ) ਪੰਜ ਬੜੇ ਬਹਾਦਰ (ਵੈਰੀ) ਟੱਕਰ ਕੇ ਮਾਰ ਲਏ ਹੋਣ ਐਸਾ ਬਲੀ ਕੌਣਹੈ ? (ਹਾਂ) ਜਿਸ ਨੇ (ਏਹ) ਪੰਜ ਮਾਰ ਕੇ ਟੁਕੜੇ ਕਰਕੇ ਦੂਰ ਕੀਤੇ ਹਨ ਇਸ ਕਲਿਜੁਗ ਵਿਚ ਉਹ ਪੂਰਾ (=ਮਰਦ) ਹੈ॥੧॥ ਰਹਾਉ॥
ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ ॥ ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧਸੰਗਤਿ ਕੈ ਝਲੀ ਰੇ ॥੨॥੩॥੧੩੨॥	(ਏਹ ਪੰਜ ਹੀ ਨਹੀਂ ਏਹ ਇਕ) ਵੱਡਾ ਗ੍ਰੋਹ ਹਨ। ਨਾ ਵੱਸ ਆਉਂਦੇ ਹਨ ਨਾ ਭੱਜ ਜਾਂਦੇ ਹਨ (ਇਨ੍ਹਾਂ ਦੀ) ਫੌਜ ਪੱਕੀ (ਜੰਮ ਕੇ ਲੜਨ ਵਾਲੀ ਤੇ) ਹੱਠ ਵਾਲੀ ਹੈ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ ਇਨ੍ਹਾਂ ਨੂੰ) ਉਨ੍ਹਾਂ ਪੁਰਖਾਂ ਨੇ ਠੀਕ ਤਰ੍ਹਾਂ ਦਲ ਸਿਟਿਆ ਹੈ (ਜੋ) ਸਾਧ ਸੰਗਤ ਦੀ ਓਟ ਵਿਚ ਆਏ ਹਨ॥੨॥੩॥੧੩੨॥

ਵ੍ਯਾਖ੍ਯਾ— ਸੁਗਮ।

ਨਿਰੁਕ੍ਤ—ਮਰਦਨ—[ਫਾ:, ਮਰਦ =ਮਨੁੱਖ] ਮਰਦਾਂ ਨੂੰ, ਮਨੁੱਖਾਂ ਨੂੰ।

ਬਿਦਾਰਿ ਗੁਦਾਰੇ—ਲੰਘਾ ਕੇ ਦੂਰ ਕਰ ਦਿੱਤੇ। ਟੁਕੜੇ ਟੁਕੜੇ ਕਰਕੇ ਨਾਸ਼ ਕਰ ਦਿੱਤੇ।

ਮੁਹਕਮ—[ਅ:,] ਮਜ਼ਬੂਤ, ਪੱਕੀ। **ਹਠਲੀ** = ਹਠ ਵਾਲੀ।

ਨਿਰਦਲਿਆ—ਚੰਗੀ ਤਰ੍ਹਾਂ ਦਲ ਸੁੱਟਿਆ।

[ਆਸਾ ਮਹਲਾ ੫, ਚਉਪਦਾ, ੧੩੩-੨੦੦]

ਮੂਲ	ਅਰਥ
ਆਸਾ ਮਹਲਾ ੫ ॥ ਨੀਕੀ ਜੀਅ ਕੀ ਹਰਿ ਕਥਾ ਊਤਮ ਆਨ ਸਗਲ ਰਸ ਫੀਕੀ ਰੇ ॥੧॥ ਰਹਾਉ ॥	ਹਰੀ ਦੀ ਉੱਤਮ ਕਥਾ ਜੀਵ ਦੀ (ਕਲਜਾਣ) ਲਈ (ਸਭ ਤੋਂ) ਚੰਗੀ ਵਸਤੂ ਹੈ, ਹੋਰ ਸਾਰੇ ਰਸਾਂ ਦੀ (ਕਥਾ ਇਸ ਦੇ ਸਾਹਮਣੇ) ਫਿੱਕੀ ਹੈ, ਹੇ ਭਾਈ ! ॥੧॥ ਰਹਾਉ॥
ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ ਅਵਰੁ ਨ ਕਿਛੁ ਲਾਈਕੀ ਰੇ ॥੧॥	ਬਹੁਤੇ (ਗੁਣਾਂ ਵਾਲੇ) ਗੁਣੀ, ਜੋਗੀ, ਮੁਨੀ ਤੇ ਛੇ ਸ਼ਾਸਤ੍ਰਾਂ ਦੇ ਜਾਣਨ ਵਾਲੇ ਪੁਰਖ (ਬੀ ਦੱਸਦੇ ਹਨ ਕਿ) ਹੋਰ ਕੁਛ (ਬੀ ਹਰੀ ਕਥਾ ਦੇ) ਬਰਾਬਰ ਦੀ (ਸ਼ੈ) ਨਹੀਂ ਹੈ॥੧॥

ਬਿਖਾਰੀ ਨਿਰਾਰੀ ਅਪਾਰੀ ਸਹਜਾਰੀ ਸਾਧਸੰਗਿ ਨਾਨਕ ਪੀਕੀ ਰੇ ॥੨॥੪॥੧੩੩॥	(ਇਹ ਹਰੀ ਕਥਾ ਵਿਸ਼ੇ ਵਿਕਾਰਾਂ ਦੇ) ਜ਼ਹਿਰ ਦੀ ਵੈਰਨ ਹੈ, (ਹੋਰਨਾਂ ਕਥਾਵਾਂ ਤੋਂ) ਵੱਖਰੀ (ਹੀ ਕਿਸਮ ਦੀ ਸ਼ੈ ਹੈ), ਪਾਰ ਤੋਂ ਰਹਿਤ (ਨੂੰ ਜਨਾਉਣ) ਵਾਲੀ, ਤੇ ਸਹਜ (ਸੁਖ ਦੀ) ਦਾਤੀ ਹੈ, ਹੇ ਨਾਨਕ ! (ਇਹ) ਸਾਧ ਸੰਗਤਿ (ਵਿਚ ਮਿਲ ਕੇ) ਪੀਤੀ ਜਾਂਦੀ ਹੈ॥ ੨॥ ੪॥ ੧੩੩॥

ਵਯਾਖਯਾ— ਹਰੀ ਦੀ ਕਥਾ ਦੇ ਗੁਣ ਦੱਸੇ ਹਨ। ਜਿਥੇ ਵਾਹਿਗੁਰੂ ਦਾ ਗੁਣਾਨੁਵਾਦ ਹੋਵੇ, ਉਸ ਦੇ ਮਿਲਾਪ ਦੀ ਗੱਲ ਕੱਥ ਹੋਵੇ, ਨਾਮ ਦਾ ਜ਼ਿਕਰ, ਪ੍ਰੇਰਨਾ ਤੇ ਕੀਰਤੀ ਹੋਵੇ, ਉਹ ਹਰਿ ਕਥਾ ਹੈ। ਸਾਈਂ ਨਾਲ ਪ੍ਰਮ ਪਵੇ, ਨਾਮ ਵਿਚ ਉਤਸ਼ਾਹ ਵਧੇ ਉਹ ਵਾਰਤਾਲਾਪ ਹਰਿ ਕਥਾ ਹੈ।

ਰਹਾਉ ਵਿਚ 'ਹਰਿ ਕਥਾ' ਨੂੰ ਹੋਰ ਕਥਾਵਾਂ ਤੋਂ ਉੱਤਮ ਕਿਹਾ ਹੈ। ਹੋਰ ਰਸ ਪੈਦਾ ਕਰਨ ਵਾਲੀਆਂ ਕਥਾ, ਚਾਹੇ ਕਿਤਨੀਆਂ ਰਸੀਲੀਆਂ ਹੋਣ, ਫਿੱਕੀਆਂ ਹਨ, ਕਿਉਂਕਿ ਓਹ ਰਸ ਬਿਲਾ ਜਾਂਦੇ ਹਨ। ਜਿਸ ਰਸ ਵਿਚ ਹਰਿ ਕਥਾ ਲੈ ਜਾਂਦੀ ਹੈ, ਉਹ ਸਦੈਵੀ ਰਸ ਹੁੰਦਾ ਹੈ ਤੇ ਉਹ ਆਤਮਾ ਦਾ ਆਪਣਾ ਰਸ ਹੁੰਦਾ ਹੈ।

ਅੰਕ ੧—ਦੂਸਰਿਆਂ ਦੀ ਉਗਾਹੀ ਹੈ ਕਿ ਹਰਿ ਕਥਾ ਨੂੰ ਗੁਣੀ, ਜੋਗੀ, ਮੁਨੀ ਆਦਿ ਸਾਰੇ ਦੱਸਦੇ ਹਨ ਕਿ ਇਸ ਤੁੱਲ ਹੋਰ ਕੁਛ ਨਹੀਂ।

ਅੰਕ ੨ ਵਿਚ ਇਸ ਦੀ ਤਾਸੀਰ ਦੱਸਦੇ ਹਨ ਕਿ ਵਿਸ਼ੇ ਵਿਕਾਰਾਂ ਦੀ ਜ਼ਹਿਰ ਨੂੰ ਕੱਟਣ ਵਾਲੀ ਹੈ, ਸਹਜ ਸੁਖ ਦੀ ਦਾਤੀ ਹੈ, ਯਾ ਸ਼ਾਂਤੀ ਦੇਣੇ ਵਾਲੀ ਹੈ। ਇਹ ਅਪਾਰ ਪ੍ਰਭੂ ਵਿਚ ਲੈ ਜਾਣ ਕਰਕੇ ਜੀਵ ਨੂੰ ਅਪਾਰਤਾ ਵਿਚ ਨਿਵਾਸ ਦੇਂਦੀ ਹੈ, ਇਸ ਕਰਕੇ ਹੋਰ ਕਥਾਵਾਂ ਤੋਂ ਵੱਖਰੀ ਹੈ, ਕਿਉਂਕਿ ਉਨ੍ਹਾਂ ਵਿਚ ਏਹ ਗੁਣ ਨਹੀਂ ਹਨ। ਇਸ ਦੇ ਮਿਲਣੇ ਦਾ ਟਿਕਾਣਾ ਸਤਿਸੰਗ ਵਿਚ ਹੈ।

ਨਿਰੁਕਤ—ਨੀਕੀ—[ਹਿੰ:,] ਚੰਗੀ। **ਖਟੁ ਬੇਤੇ**—ਛਿਆਂ ਸ਼ਾਸਤ੍ਰਾਂ ਨੂੰ ਜਾਣਨ ਵਾਲੇ।

ਲਾਈਕੀ—[ਅ:, ਲਾਯਕ] ਬਰਾਬਰੀ ਦੀ, ਤੁੱਲਤਾ ਦੀ ਸ਼ੈ।

ਬਿਖਾਰੀ—[ਬਿਖ=ਜ਼ਹਿਰ+ਅਰੀ=ਵੈਰੀ] ਕਾਮ ਆਦਿ ਜ਼ਹਿਰਾਂ ਦੀ ਵੈਰਨ। ਵਿਕਾਰਾਂ ਦੀ ਵਿਸ਼ ਝਾੜਨ ਵਾਲੀ। **ਨਿਰਾਰੀ**—[ਹਿੰ:, ਨਿਰਾਲੀ] ਵੱਖਰੀ। ਅਨੋਖੀ।

ਅਪਾਰੀ—ਪਾਰ ਤੋਂ ਰਹਤ, ਪਾਰ ਲੈ ਜਾਣੀ ਵਾਲੀ।

ਸਹਜਾਰੀ—ਸਹਜ ਵਿਚ ਲੈ ਜਾਣ ਵਾਲੀ। ਸ਼ਾਂਤੀ ਯਾ ਗਜਾਨ ਵਿਚ ਲੈ ਜਾਣ ਵਾਲੀ।

ਪੀਕੀ ਰੇ—ਪੀਤੀ ਜਾਂਦੀ ਹੈ। (ਅ) [ਪੀ+ਕੀ+ਰੇ=] ਪਤੀ ਦੀ ਹੈ ਉਹ ਕਥਾ,ਹੇ ਭਾਈ।

[ਆਸਾ ਮਹਲਾ ੫, ਚਉਪਦਾ, ੧੩੪-੨੧੦]

ਪ੍ਰਾਕ੍ਥਨ—ਹਰੀ ਕਥਾ, ਹਰੀ ਨਾਮ ਦੀ ਕਥਾ ਦੀ ਹੀ ਮਹਿਮਾ ਇਸ ਸ਼ਬਦ ਵਿਚ ਜਾਰੀ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ ॥੧॥ ਰਹਾਉ ॥	(ਇਹ ਹਰੀ ਕਥਾ) ਅੰਮ੍ਰਿਤ ਦੀ ਧਾਰਾ ਹੈ, (ਇਹ ਲਈ) ਸਾਨੂੰ (ਬਹੁਤ) ਪਿਆਰੀ ਹੈ, (ਇਹ) ਗੁਰੂ ਨੇ (ਇਕ) ਗੁਰੂ ਨੇ (ਇਕ ਪਲ ਲਈ ਬੀ ਸਾਡੇ) ਮਨ ਤੋਂ (ਕਦੇ) ਦੂਰ ਨਹੀਂ ਕੀਤੀ॥ ੧॥ ਰਹਾਉ॥

ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ ॥੧॥	(ਇਹ) ਕਰਤਾ ਪੁਰਖ ਦੇ ਪ੍ਰੇਮ ਨਾਲ ਰੰਗੀ ਹੋਈ (ਵਸਤੂ) ਹੈ, ਇਸ ਦੁਆਰਾ ਉਸ ਦੇ) ਦਰਸ਼ਨ (ਫੇਰ ਚਰਨਾਂ ਦੀ) ਛੁਹ, (ਫੇਰ ਮਨ ਦੀ) ਰਸਮਜਤਾ (ਫਿਰ ਆਤਮਾ ਦਾ) ਆਨੰਦ (ਪ੍ਰਾਪਤ ਹੁੰਦਾ ਹੈ)॥੧॥
ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠਿ ਨਾਨਕ ਉਰਿ ਹਾਰੀ ਰੇ ॥੨॥੫॥੧੩੪॥	(ਇਸ ਦਾ) ਛਿਨ ਭਰ ਦਾ ਉਚਾਰਨ ਗੁਰੂ ਦੀ ਗੰਮਤਾ ਵਿਚ ਲੈ ਜਾਂਦਾ ਹੈ, ਹਰ ਦਮ (ਦਾ ਉਚਾਰਨ) ਜਮ ਨਹੀਂ (ਨੇੜੇ ਆਉਣ ਦੇਂਦਾ, ਅਤੇ) ਹਰੀ ਨੂੰ ਗਲੇ ਵਿਚ ਤੇ ਮਨ ਵਿਚ ਹਾਰ ਬਣਾਈ ਰਖਦਾ ਹੈ, (ਅਰਥਾਤ ਹਰੀ ਨਾ ਵਿਛੁੜਦਾ ਹੈ ਨਾ ਵਿਸਰਦਾ ਹੈ ਅੰਗ ਸੰਗ ਰਹਿੰਦਾ ਹੈ), ਹੇ ਨਾਨਕ !॥੨॥੫॥੧੩੪॥

ਵ੍ਯਾਖ੍ਯਾ— ਜਾਪਦਾ ਹੈ ਕਿ ਪਿਛਲੇ ਸ਼ਬਦ ਵਾਲੀ ਹਰਿ ਕਥਾ ਦਾ ਹੀ ਵਰਣਨ ਚਲ ਰਿਹਾ ਹੈ, ਜਿਸ ਨੂੰ ਅੰਮ੍ਰਿਤ ਦੀ ਧਾਰੀ ਕਹਿ ਰਹੇ ਹਨ। ਧਾਰੀ' ਪਦ ਦੇ ਉਹੋ ਅਰਥ ਹਨ ਜੋ ਧਾਰਾ ਦੇ ਹਨ। ਕਈ ਦਾਨੇ 'ਅੰਮ੍ਰਿਤਧਾਰੀ' ਦਾ ਅਰਥ ਅੰਮ੍ਰਿਤ ਨੂੰ ਧਾਰਨ ਕੀਤਾ ਹੋਇਆ ਹੈ ਜਿਸ ਨੇਂ, ਬੀ ਕਰਦੇ ਹਨ। ਭਾਵ ਇਕੋ ਹੈ। ਇਹ ਅੰਮ੍ਰਿਤ ਧਾਰਾ ਹਿਰਦੇ ਵਿਚ ਗੁਰੂ ਮਿਹਰ ਨਾਲ ਸਦੀਵ ਚਲ ਰਹੀ ਹੈ, ਇਸ ਲਈ ਸਾਨੂੰ ਬਹੁਤ ਪਿਆਰੀ ਹੈ। ਰਹਾਉ ਤਕ ਇਹ ਭਾਵ ਹੈ।

ਅੰਕ ੧—ਇਸ ਨੂੰ ਕਰਤਾਰ ਦੇ ਪਜਾਰ ਨਾਲ ਰੰਗੀ ਹੋਈ, ਭਾਵ ਪਜਾਰ ਦੀ ਭਰੀ ਹੋਈ ਤੇ ਪਜਾਰ ਦਾਨ ਕਰਦੀ, ਦੱਸ ਕੇ ਇਸ ਦੁਆਰਾ ਸਾਂਈ ਦੇ ਦਰਸ਼ਨ, ਛੁਹ, ਰਸਮਯਤਾ ਤੇ ਖੇੜਾ ਪ੍ਰਾਪਤ ਹੁੰਦਾ ਵਰਣਨ ਕੀਤਾ ਹੈ।

ਅੰਕ ੨ ਵਿਚ ਫੁਰਮਾਉਂਦੇ ਹਨ ਕਿ ਛਿਨ ਭਰ ਵਿਚ ਇਹ ਕਥਾ ਗੁਰੂ ਤੱਕ ਲੈ ਜਾਂਦੀ ਹੈ, ਭਾਵ ਹੈ: ਕਦੇ ਕਦੇ ਕਰੋ ਤਾਂ ਇਸ ਦੁਆਰਾ ਗੁਰੂ ਤਕ ਪਹੁੰਚ ਹੁੰਦੀ ਹੈ, ਤੇ ਹਰ ਦਮ ਟੁਰ ਪਵੇ ਤਾਂ ਜਨਮ ਮਰਨ ਮਿਟ ਜਾਂਦਾ ਹੈ ਤੇ ਇਹ ਅਵਿਛੜ ਕਰ ਦੇਂਦੀ ਹੈ ਹਰੀ ਨੂੰ ਜੋ ਗਲੇ ਵਿਚ ਭਾਵ ਬਾਹਰ, ਤੇ ਉਰ ਵਿਚ ਭਾਵ ਹਿਰਦੇ ਵਿਚ ਹਰ ਹਾਲ ਹਰੀ ਨੂੰ ਅੰਗ ਸੰਗ ਲਖਾ ਦੇਂਦੀ ਹੈ।

ਕਈ ਦਾਨੇ ਥੋੜਾ ਥੋੜਾ ਫਰਕ ਕਰਕੇ ਅਰਥਾਂ ਵਿਚ ਕੁਛ ਵਿਲੱਖਣਤਾ ਕਰਦੇ ਹਨ, ਕਿਉਂਕਿ ਕ੍ਰਿਯਾ ਵਾਚੀ ਪਦ ਵਿਚ ਘੱਟ ਹਨ ਤੇ ਇਨ੍ਹਾਂ ਸ਼ਬਦਾਂ ਦਾ 'ਰਉਂ' ਗਾਇਨ ਦੇ ਪਹਿਲੂ ਵੱਲ ਵਧੇਰੇ ਹੈ। ਦੂਜੀ ਅਰਥ ਸ਼ੈਲ।ਐਉਂ ਟੁਰਦੀ ਹੈ:— ਰਹਾਉ ਦਾ ਅਰਥ ਇਕੋ ਹੈ।

ਪਰਸਨ ਕਰਨ ਨਾਲ ਰਸਮਯਤਾ ਤੇ ਅਨੰਦ ਪ੍ਰਾਪਤ ਹੁੰਦਾ ਹੈ, ਕਿਉਂਕਿ ਉਹਨਾਂ ਦੀ ਆਤਮਾਂ ਕਰਤਾਰ ਦੇ ਪ੍ਰੇਮ ਵਿਚ ਰੱਤੀ ਹੋਈ ਹੈ।

ਅੰਕ ੨-ਗੁਰੂ ਦੀ ਦਿੱਤੀ ਗੰਮਤਾ (= ਸਮਝ) ਨਾਲ ਜਿਸ ਨੇ ਇਹ ਹਰ ਛਿਨ ਉਚਾਰਨ ਕੀਤੀ ਹੈ ਤੇ ਹਰ ਦਮ ਵਿਚ ਉਚਾਰਨ ਕੀਤੀ ਹੈ ਅਤੇ ਹਾਰ ਦੀ ਤਰ੍ਹਾਂ ਇਹ ਕਥਾ ਕੰਠ ਵਿਚ ਪਹਿਨੀ ਤੇ ਦਿਲ ਵਿਚ ਧਾਰਨ ਕੀਤੀ ਹੈ; (ਭਾਵ ਕਦੇ ਦੂਰ ਨਹੀਂ ਹੋਣ ਦਿਤੀ) ਉਹਨਾਂ ਨੂੰ ਜਮ (ਦੁੱਖ ਨਹੀਂ ਦੇ ਸਕੇਗਾ)।

ਨਿਰੁਕ੍ਤ—ਧਾਰੀ—[ਸੰਸ:, ਧਾਰਾ] ਧਾਰਾ। (ਅ) ਧਾਰਨ ਕੀਤੀ ਹੋਈ।

ਪਰਸਨ—[ਸੰਸ:, ਸ੍ਪਰ੍ਸ਼ਨ—ਛੁਹਣਾ] ਛੁਹ।

ਸਰਸਨ—[ਸੰਸ:, ਸਰਸ਼ = ਰਸ਼ਦਾਰ, ਮਨੋਹਰ] ਰਸਮਯਤਾ।

ਹਰਸਨ—[ਸੰਸ:, ਹਰ੍ਖਨ = ਪ੍ਰਸੰਨਤਾ, ਖੁਸ਼ੀ, ਖੇੜਾ, ਆਨੰਦ।

ਰਮ—ਉਚਾਰਨ। **ਉਰਿ**—[ਸੰਸ:, ਉਰਸ੍ = ਛਾਤੀ] ਹਿਰਦੇ ਵਿਚ।

ਹਾਰੀ—ਹਾਰ ਵਾਂਙੂ ਧਾਰੀ ਹੈ

[ਆਸਾ ਮਹਲਾ ੫, ਚਉਪਦਾ, ੧੩੫-੨੦੨]

ਪ੍ਰਾਕ੍ਥਨ—ਸਾਧ ਸੰਗਤ ਦੀ ਸ਼ਰਣ ਸਭ ਤੋਂ ਚੰਗੀ ਓਟ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਨੀਕੀ ਸਾਧ ਸੰਗਾਨੀ ॥ ਰਹਾਉ ॥	(ਉਨ੍ਹਾਂ) ਸਾਧਾਂ ਦੀ ਸੰਗਤ ਚੰਗੀ ਹੈ॥ ਰਹਾਉ॥
ਪਹਰ ਮੂਰਤ ਪਲ ਗਾਵਤ ਗਾਵਤ ਗੋਵਿੰਦ ਗੋਵਿੰਦ ਵਖਾਨੀ ॥੧॥	(ਜਿਨ੍ਹਾਂ ਦੀ) ਪਲ, (ਘੜੀ) ਦੋ ਘੜੀ ਪਹਿਰ ਗੋਬਿੰਦ (ਦੇ ਗੁਣ) ਗਾਉਂਦਿਆਂ ਗਾਉਂਦਿਆਂ (ਯਾ ਗੋਬਿੰਦ ਉਚਾਰਨ ਕਰਦਿਆਂ (ਬੀਤਦੀ ਹੈ)॥ ੧॥
ਚਾਲਤ ਬੈਸਤ ਸੋਵਤ ਹਰਿ ਜਸੁ ਮਨਿ ਤਨਿ ਚਰਨ ਖਟਾਨੀ ॥੨॥	ਚਲਦਿਆਂ, ਬੈਠਦਿਆਂ, ਸੁੱਤਿਆਂ, ਹਰੀ ਜਸ ਹੁੰਦਾ ਰਹਿੰਦਾ ਹੈ (ਅਤੇ) ਮਨ ਤੇ ਤਨ ਵਿਚ (ਹਰੀ ਦੇ) ਚਰਨ ਸਮਾਏ ਰਹਿੰਦੇ ਹਨ॥ ੨॥
ਹਉ ਹਉਰੋ ਤੂ ਠਾਕੁਰੁ ਗਉਰੋ ਨਾਨਕ ਸਰਨਿ ਪਛਾਨੀ ॥੩॥੬॥੧੩੫॥	(ਹੇ ਹਰੀ !) ਮੈਂ ਹਉਲਾ (ਦਾਸ) ਹਾਂ ਤੂੰ ਗਉਰਾ ਮਾਲਕ ਹੈਂ, (ਇਸ ਲਈ) ਨਾਨਕ ਨੇ (ਤੇਰੀ ਸਾਧ ਸੰਗਤ ਦੀ) ਸ਼ਰਣ ਪਛਾਣ ਲਈ (ਕਿ ਇਹੋ ਸਭ ਤੋਂ ਨੀਕੀ ਓਟ ਹੈ)॥ ੩॥ ੬॥ ੧੩੫॥

ਵ੍ਯਾਖ੍ਯਾ— ਸਾਧ ਸੰਗਤ ਨੂੰ ਪਛਾਣ ਲਿਆ ਹੈ ਕਿ ਇਹ ਸਭ ਤੋਂ ਉੱਚੀ ਓਟ ਹੈ, ਕਿਉਂਕਿ ਇਸ ਦੇ ਵਿਚ ਸੰਤ ਬੈਠਿਆਂ ਸੁੱਤਿਆਂ ਚਲਦਿਆਂ ਹਰ ਹਾਲ ਹਰੀ ਜਸ ਕਰਦੇ ਰਹਿੰਦੇ ਹਨ ਤੇ ਮਨ ਵਿਚ ਹਰੀ ਦੇ ਚਰਨਾਂ ਦਾ ਧ੍ਯਾਨ ਜੋੜੀ ਰਖਦੇ ਹਨ ਤੇ ਗੋਵਿੰਦ ਦਾ ਸਿਮਰਨ ਜਾਰੀ ਰਖਦੇ ਹਨ। ਮੈਂ ਹਉਲਾ ਭਾਵ ਛੋਟਾ ਦਾਸ ਹਾਂ, ਤੂੰ ਵਡਾ ਗੰਭੀਰ ਮਾਲਕ ਹੈਂ। ਮੈਂ ਤੇਰੇ ਲਾਯਕ ਨਹੀਂ, ਇਸ ਕਰਕੇ ਤੇਰੇ ਗੁਣ ਗਾਯਕ ਸੰਤਾਂ ਦੀ ਓਟ ਪਕੜੀ ਹੈ ਕਿ ਉਨ੍ਹਾਂ ਦੇ ਆਸਰੇ ਤੈਨੂੰ ਪਹੁੰਚ ਪਵਾਂਗਾ।

ਨਿਰੁਕ੍ਤ—**ਨੀਕੀ**—[ਹਿੰਦੀ] ਭਲੀ। ਚੰਗੀ।

ਸੰਗਾਨੀ—ਜੋ ਸੰਗ ਤੋਂ ਬਣੀ ਹੈ। ਸੰਗਤਿ।

ਮੂਰਤ—[ਸੰਸ:, ਮੁਹੂਰਤ:] ਦੋ ਘੜੀ। **ਵਖਾਨੀ**—ਵਖ੍ਯਾਨ ਕਰਦਿਆਂ। ਉਚਾਰਦਿਆਂ।

ਖਟਾਨੀ—ਸਮਾਏ। **ਹਉਰੋ**—[ਹਿੰ:, ਹੌਲੇ—ਧੀਰੇ, ਆਹਿਸਤਾ] ਹਉਲਾ, ਤੁੱਛ, ਹੋਛਾ।

ਗਉਰੋ—ਭਾਰਾ, ਵੱਡਾ। ਗਹਿਰ ਗੰਭੀਰ।

ਪਛਾਨੀ—ਪਛਾਣ ਲਈ ਹੈ। ਤੱਕ ਲਈ ਹੈ।

[ਆਸਾ ਮਹਲਾ ੫, ਚਉਪਦਾ, ੧੩੬—੨੦੩]

ਰਾਗੁ ਆਸਾ ਮਹਲਾ ੫ ਘਰੁ ੧੨ ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਤਿਆਗਿ ਸਗਲ ਸਿਆਨਪਾ ਭਜੁ ਪਾਰਬ੍ਰਹਮ ਨਿਰੰਕਾਰੁ ॥ ਏਕ ਸਾਚੇ ਨਾਮ ਬਾਝਹੁ ਸਗਲ ਦੀਸੈ ਛਾਰੁ ॥੧॥	(ਹੇ ਜੀਵ !) ਸਾਰੀਆਂ (ਮਨੋ) ਚਤੁਰਾਈਆਂ ਛੱਡ ਦੇਹ ਤੇ ਪਾਰਬ੍ਰਹਮ ਨਿਰੰਕਾਰ ਦਾ ਭਜਨ ਕਰ। ਇਕ ਸੱਚੇ ਨਾਮ ਤੋਂ ਬਿਨਾਂ ਸਭ ਕੁਛ ਸੁਆਹ ਦਿੱਸਦਾ ਹੈ॥੧॥
ਸੋ ਪ੍ਰਭੁ ਜਾਣੀਐ ਸਦ ਸੰਗਿ ॥ ਗੁਰ ਪ੍ਰਸਾਦੀ ਬੂਝੀਐ ਏਕ ਹਰਿ ਕੈ ਰੰਗਿ ॥੧॥ ਰਹਾਉ ॥	ਉਹ ਪ੍ਰਭੂ ਸਦਾ (ਅੰਗ) ਸੰਗ ਜਾਣੀਏ, (ਤੇ) ਗੁਰੂ ਦੀ ਕ੍ਰਿਪਾ ਨਾਲ ਹਰੀ ਨੂੰ ਪਿਆਰ (ਕਰਕੇ ਉਸ) ਇਕ (ਹਰੀ) ਨੂੰ ਲਖ ਲਈਏ॥੧॥ਰਹਾਉ॥
ਸਰਣਿ ਸਮਰਥ ਏਕ ਕੇਰੀ ਦੂਜਾ ਨਾਹੀ ਠਾਉ ॥ ਮਹਾ ਭਉਜਲੁ ਲੰਘੀਐ ਸਦਾ ਹਰਿ ਗੁਣ ਗਾਉ ॥੨॥	(ਉਸ) ਇੱਕ ਦੀ ਸਰਣ (ਰਖਯਾ ਲਈ) ਸਮਰੱਥਾ ਵਾਲੀ ਹੈ, ਦੂਜਾ ਕੋਈ ਟਿਕਾਣਾ (ਹੀ) ਨਹੀ ਹੈ। (ਜੇ) ਸਦਾ ਹਰੀ ਦੇ ਗੁਣ ਗਾਵੀਏ ਤਾਂ (ਸੰਸਾਰ ਰੂਪੀ) ਵੱਡੇ ਭਉਜਲ ਨੂੰ ਲੰਘ ਜਾਈਦਾ ਹੈ॥੨॥
ਜਨਮ ਮਰਣੁ ਨਿਵਾਰੀਐ ਦੁਖੁ ਨ ਜਮ ਪੁਰਿ ਹੋਇ ॥ ਨਾਮੁ ਨਿਧਾਨੁ ਸੋਈ ਪਾਏ ਕ੍ਰਿਪਾ ਕਰੇ ਪ੍ਰਭੁ ਸੋਇ ॥੩॥	(ਹੇ ਭਾਈ ! ਐਉਂ ਦੀ ਘਾਲ ਕਰਨੇ ਨਾਲ ਅਪਣਾ) ਜਨਮ ਮਰਨ ਦੂਰ ਕਰ ਲਈਦਾ ਹੈ ਤੇ ਜਮ ਪੁਰਿ ਵਿਚ ਦੁੱਖ ਬੀ ਨਹੀਂ ਹੁੰਦਾ, (ਪਰ) ਨਾਮ ਰੂਪੀ ਖ਼ਜ਼ਾਨਾ ਉਸੇ ਨੂੰ ਮਿਲਦਾ ਹੈ (ਜਿਸ ਉਤੇ) ਉਹੀ ਪ੍ਰਭੂ ਕਿਰਪਾ ਕਰਦਾ ਹੈ॥੩॥
ਏਕ ਟੇਕ ਅਧਾਰੁ ਏਕੋ ਏਕ ਕਾ ਮਨਿ ਜੋਰੁ ॥ ਨਾਨਕ ਜਪੀਐ ਮਿਲਿ ਸਾਧਸੰਗਤਿ ਹਰਿ ਬਿਨੁ ਅਵਰੁ ਨ ਹੋਰੁ ॥੪॥੧॥੧੩੬	ਇੱਕੋ (ਇਹੋ) ਟੇਕ ਹੈ, ਇੱਕੋ (ਇਹੋ) ਆਧਾਰ (ਆਸਰਾ) ਹੈ, (ਉਸ) ਇੱਕੋ ਦਾ ਮਨ ਵਿਚ ਜ਼ੋਰ ਹੈ। ਹੇ ਨਾਨਕ ! ਸਾਧ ਸੰਗਤਿ ਵਿਚ ਮਿਲਕੇ (ਉਸ ਇੱਕੋ ਹਰੀ ਨੂੰ ਜਪੀਏ ਕਿਉਂਕਿ ਓਸ) ਹਰੀ ਤੋਂ ਬਿਨਾ ਹੋਰ ਕੋਈ (ਆਸਰਾ) ਨਹੀਂ ਹੈ॥੪॥੧॥੧੩੬॥

ਵਯਾਖਯਾ— ਅੰਕ ੧—ਸਿਆਣਪਾਂ ਮਨੋ ਚਤੁਰਾਈਆਂ ਤੋਂ ਵਰਜ ਕੇ ਪ੍ਰਭੂ ਦਾ ਭਜਨ ਸਿਖਾਇਆ ਹੈ। ਰਹਾਉ ਵਿਚ ਪ੍ਰਭੂ ਨੂੰ ਅੰਗ ਸੰਗ ਜਾਣਨਾ ਤੇ ਉਸ ਨਾਲ ਪ੍ਰੇਮ ਕਰਨਾ ਦੱਸਿਆ ਹੈ ਜੋ ਗੁਰੂ ਕ੍ਰਿਪਾ ਨਾਲ ਲੱਭੀਦਾ ਹੈ।

ਅੰਕ ੨—ਇਕੋ ਪ੍ਰਭੂ ਦੀ ਸ਼ਰਣ ਤਾਰਨੇ ਨੂੰ ਸਤਜਾਵਾਨ ਦੱਸੀ ਹੈ। ਤੇ ਦੱਸਿਆ ਹੈ ਕਿ ਹੋਰ ਕੋਈ ਸਮਰਥ ਆਸਰਾ ਨਹੀਂ ਹੈ।

ਅੰਕ ੩ ਵਿਚ ਦੱਸਿਆ ਹੈ ਕਿ ਨਾਮ ਰੂਪੀ ਖ਼ਜ਼ਾਨਾ ਪ੍ਰਭੂ ਦੀ ਕਿਰਪਾ ਨਾਲ ਮਿਲਦਾ ਹੈ, ਜਿਸ ਨਾਲ ਜਨਮ ਮਰਨ ਤੇ ਜਮ ਪੁਰ ਦਾ ਦੁਖ ਦੂਰ ਹੁੰਦਾ ਹੈ।

ਅੰਕ ੪ ਵਿਚ ਫਿਰ ਦੁਹਰਾਇਆ ਹੈ ਤਾਕੀਦ ਲਈ ਕਿ ਸਾਧ ਸੰਗ ਨੂੰ ਮਿਲੋ, ਨਾਮ ਜਪੋ ਤੇ ਇਕੋ ਹਰੀ ਦੀ ਟੇਕ ਧਾਰਨ ਕਰੋ। ਹੋਰ ਕੋਈ ਆਸਰਾ ਲੈਣੋਂ ਇਸ ਸ਼ਬਦ ਵਿਚ ਵਰਜਿਆ ਹੈ।

ਨਿਰੁਕ੍ਤ—ਤਿਆਗਿਆ—[ਸੰਸ:, ਤਯਾਗ: = ਛਡ ਦੇਣਾ ਤਰਕ ਦੇਣਾ] ਛੱਡ ਦੇਹ।
ਸਿਆਨਪਾ—ਚਤੁਰਾਈਆਂ, ਮਨ ਦੀਆਂ ਚਲਾਕੀਆਂ ਤੇ ਸੋਚਾਂ।
ਛਾਰੁ—[ਦੇਖੋ ਪੰਨਾ ੧੭੫੭] ਸੁਆਹ, ਤੁੱਛ। **ਰੰਗਿ**—ਪ੍ਰੇਮ ਦੁਆਰਾ। ਪ੍ਰੇਮ ਨਾਲ।
ਮਹਾ ਭਉਜਲ—[ਸੰਸ:, ਮਹਾ+ਭਵਜਲਮ੍] ਵਡਾ ਸੰਸਾਰ ਸਾਗਰ।
ਨਿਵਾਰੀਐ—[ਸੰਸ:, ਨਿਵਾਰਣਮ੍ = ਵਰਜਣਾ, ਰੋਕਣਾ] ਮੇਟ ਲਈਏ, ਦੂਰ ਕਰ ਲਈਏ।
ਨਿਧਾਨੁ—ਖ਼ਜ਼ਾਨਾ। **ਅਧਾਰੁ**—ਆਸਰਾ।

[ਆਸਾ ਮਹਲਾ ੫, ਚਉਪਦਾ, ੧੩੭-੨੦੪]

ਪ੍ਰਾਕ੍ਕਥਨ— ਨਾਮ ਨੂੰ ਤਾਰਕ ਦੱਸਿਆ, ਵਾਹਿਗੁਰੂ ਨੂੰ ਦਾਤਾ ਦੱਸਿਆ ਤੇ ਕਲਜਾਨ, ਹਰ ਭਗਤੀ ਵਿਚ ਦੱਸੀ। ਉਪਦੇਸ਼, ਨਿਜ ਮਨ ਦੁਆਰਾ ਭਲੇ ਜਗਜਾਸੂ ਨੂੰ ਦਿਤਾ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਜੀਉ ਮਨੁ ਤਨੁ ਪ੍ਰਾਨ ਪ੍ਰਭ ਕੇ ਦੀਏ ਸਭਿ ਰਸ ਭੋਗ ॥ ਦੀਨ ਬੰਧਪ ਜੀਅ ਦਾਤਾ ਸਰਣਿ ਰਾਖਣ ਜੋਗੁ ॥੧॥	ਜੀਵਾਤਮਾ ਮਨ, ਪ੍ਰਾਣ ਤੇ ਤਨ, (ਇਨ੍ਹਾਂ ਲਈ) ਰਸ (ਸੁਆਦ ਤੇ ਰਸ ਮਾਣਨ ਲਈ) ਭੋਗਾਂ (ਦੇ ਸਾਮਾਨ) ਸਾਰੇ ਪ੍ਰਭੂ ਦੇ ਦਿੱਤੇ ਹੋਏ ਹਨ। (ਉਹ ਪ੍ਰਭੂ) ਗਰੀਬਾਂ ਦਾ ਬੰਧੂ, ਸ਼ਰਣ ਆਇਆ ਨੂੰ ਬਚਾ ਲੈਣ ਦੇ ਜੋਗ ਤੇ ਜੀਅ ਦਾਨ ਦਾ ਦਾਤਾ ਹੈ॥੧॥
ਮੇਰੇ ਮਨ ਧਿਆਇ ਹਰਿ ਹਰਿ ਨਾਉ॥ ਹਲਤਿ ਪਲਤਿ ਸਹਾਇ ਸੰਗੇ ਏਕ ਸਿਉ ਲਿਵ ਲਾਉ ॥੧॥ ਰਹਾਉ ॥	ਹੇ ਮੇਰੇ ਮਨ ! (ਉਸ) ਹਰੀ ਹਰਿ ਦਾ ਨਾਮ ਸਿਮਰ, ਤੇ (ਸਿਮਰ ਸਿਮਰ ਕੇ) ਉਸ ਇੱਕੋ ਨਾਲ ਲਿਵ ਲਾ; (ਉਹੀ ਤੇ ਰਾ) ਲੋਕ ਵਿਚ (ਬੀ ਤੇ) ਪ੍ਰਲੋਕ ਵਿਚ (ਬੀ) ਮਦਦਗਾਰ ਤੇ ਸਾਥੀ ਹੈ॥੧॥ਰਹਾਉ॥
ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥ ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥੨॥	ਸੰਸਾਰ (ਸਾਗਰ) ਤੋਂ ਤਰਨੇ ਲਈ (ਕਈ) ਲੋਕ ਵੇਦਾਂ ਸ਼ਾਸਤ੍ਰਾਂ ਨੂੰ ਧਿਆਉਂਦੇ ਹਨ, (ਕਈ) ਕਰਮ ਧਰਮ (ਤੇ ਹੋਰ) ਕਈ ਤਰ੍ਹਾਂ ਦੇ ਸਾਧਨ ਕਰਦੇ ਹਨ (ਪਰ) ਸਭ ਤੋਂ ਉੱਚਾ (ਕਰਨੇ ਯੋਗ) ਸ਼ੁਭ ਕਰਮ ਨਾਮ ਹੈ॥੨॥
ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰ ਦੇਵ ॥ ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭ ਕੀ ਸੇਵ ॥੩॥	ਕਾਮ ਕ੍ਰੋਧ ਤੇ ਹੰਕਾਰ (ਆਦਿ) ਸਤਿਗੁਰ ਦੇਵ (ਜਦ) ਮਿਲ ਪਵੇ ਤਾਂ ਨਾਸ਼ ਹੋ ਜਾਂਦੇ ਹਨ, ਸੋ (ਸਤਿਗੁਰ ਤੋਂ) ਨਾਮ ਦ੍ਰਿੜ ਕਰ, (ਤੇ ਨਾਮ ਦੁਆਰਾ) ਹਰੀ ਦੀ ਭਗਤੀ ਕਰ (ਇਸ ਪ੍ਰਕਾਰ ਕੀਤੀ ਹੋਈ) ਪ੍ਰਭੂ ਦੀ ਸੇਵਾ ਭਲੀ ਹੈ॥੩॥
ਚਰਣ ਸਰਣ ਦਇਆਲ ਤੇਰੀ ਤੂੰ ਨਿਮਾਣੇ ਮਾਣੁ ॥ ਜੀਅ ਪ੍ਰਾਣ ਅਧਾਰੁ ਤੇਰਾ ਨਾਨਕ ਕਾ ਪ੍ਰਭੁ ਤਾਣੁ ॥੪॥੨॥੧੩੭॥	ਹੇ ਦਿਆਲ (ਪ੍ਰਭੂ ! ਮੈਂ) ਤੇਰੇ ਚਰਣਾਂ ਦੀ ਸ਼ਰਣ (ਆਇਆ ਹਾਂ) ਤੂੰ (ਮੈਂ) ਨਿਮਾਣੇ ਦਾ ਮਾਣ ਹੈਂ; ਜੀਅ (ਕਰਕੇ) ਪ੍ਰਾਣਾ (ਕਰਕੇ ਮੈਨੂੰ) ਤੇਰਾ ਹੀ ਆਸਰਾ ਹੈ (ਮੈਂ) ਨਾਨਕ ਦਾ ਹੇ ਪ੍ਰਭੂ! (ਤੂੰ ਹੀ) ਤਾਣ (= ਬਲ, ਜ਼ੋਰ) ਹੈਂ॥੪॥੨॥੧੩੭॥

ਵਯਾਖਯਾ— ਅੰਕ ੧ ਵਿਚ ਪ੍ਰਭੂ ਜੀ ਨੂੰ ਰੂਹ, ਮਨ, ਪ੍ਰਾਣ, ਤਨ ਦਾ ਦਾਤਾ ਦੱਸਕੇ ਇਹ ਬੀ ਫੁਰਮਾਇਆ ਕਿ ਰਸ ਲੈਣ ਦੀ ਸੋਝੀ ਤੇ ਸਤਯਾ ਬੀ ਕਰਤਾਰ ਨੇ ਬਖ਼ਸ਼ੀ, ਫੇਰ ਜਿਨ੍ਹਾਂ ਪਦਾਰਥਾਂ ਤੋਂ ਰਸ ਮਿਲਦੇ ਹਨ ਉਹ ਭੋਗ ਪਦਾਰਥ ਬੀ ਉਸੇ ਦੇ ਦਿੱਤੇ ਹੋਏ ਦੱਸੇ। ਇਉਂ, ਤਾਂ ਭੋਗ ਦਾਤਾ ਹੋ ਗਿਆ ਤੇ ਜੀਵ ਅਦੋਸ਼ ਰਹਿ ਗਿਆ। ਇਸ ਕਰਕੇ ਦੂਸਰੀ ਤੁਕ ਵਿਚ ਫੁਰਮਾਇਆ ਕਿ ਓਹ ਦੀਨਾਂ ਦਾ ਰਖਯਕ ਹੈ ਜੋ ਕਲਯਾਣ ਹਿਤ ਸ਼ਰਣ ਆਦਿ ਦੇ ਹਨ, ਉਹਨਾਂ ਦਾ ਰਖਯਕ ਹੋ ਕੇ ਉਹ ਸ਼ਰਣ ਰਾਖਣ ਜੋਗ ਕਹੀਦਾ ਹੈ, ਤੇ ਸ਼ਰਣ ਆਇਆਂ ਨੂੰ ਪਾਪਾਂ ਤੇ ਪਾਪਾਂ ਦੇ ਸਹੇੜੇ ਦੁਖਾਂ ਤੋਂ ਹੀ ਰਖਯਾ ਨਹੀਂ ਕਰਦਾ ਉਹ ਜੀਅ ਦਾਨ ਦਾ ਦਾਤਾ ਬੀ ਹੈ। ਭਾਵ ਹੈ ਕਿ ਆਤਮ ਜੀਵਨ ਦਾ ਦਾਨ ਦੇਂਦਾ ਹੈ। ਸ਼ਰਣ ਆਇਆਂ ਦੀ ਮਾਯਕ ਨਿੰਦ੍ਰਾ ਖੋਹਲ ਕੇ ਆਤਮ ਜੀਵਨ ਵਿਚ ਜੀਉਂਦੇ ਜਾਗਦੇ ਕਰ ਦੇਂਦਾ ਹੈ।

ਰਹਾਉ ਵਿਚ ਇਸ ਕਹੀ ਗਲ ਦਾ ਕੁਦਰਤ ਸਿੱਧਾਂਤ ਉਪਦੇਸ਼ ਰੂਪ ਵਿਚ ਦੇਂਦੇ ਹਨ, ਕਿ ਨਾਮ ਧਿਆਉ, ਨਾਮ ਧਿਆ ਧਿਆ ਕੇ ਇਸ ਨੂੰ ਲਿਵ ਬਣਾ ਲਓ। ਇਕ ਨਾਲ ਲਾਈ ਹੋਈ ਲਿਵ ਲੋਕ ਪ੍ਰਲੋਕ ਵਿਚ ਦੁਖ ਸੁਖ ਵੇਲੇ ਸਹਾਇਤਾ ਕਰੇਗੀ ਤੇ ਬਾਟ ਘਾਟ ਘਰ ਬਾਹਰ ਅੰਗ ਸੰਗ ਰਹੇਗੀ।

ਅੰਕ ੨ ਵਿਚ ਰਹਾਉ ਅੰਦਰ ਆਖੀ ਗਲ ਨਾਮ ਦੀ ਹੋਰ ਵਡਿਆਈ ਦੱਸਦੇ ਹਨ, ਕਿ ਸਾਰੇ ਕਰਮਾਂ ਧਰਮਾਂ ਸਾਧਨਾਂ ਫੇਅਲਾਂ ਤੋਂ ਨਾਮ ਦਾ ਸਿਮਰਨ ਉੱਪਰ ਹੈ, ਇਸ ਨੂੰ ਆਚਾਰ ਕਿਹਾ ਏਥੇ ਆਚਾਰ ਤੋਂ ਭਾਵ ਹੈ ਸਭ ਤੋਂ ਸ੍ਰੇਸ਼ਟ ਕਰਨੇ ਯੋਗ ਕੰਮ।

ਅੰਕ ੩ ਵਿਚ ਨਾਮ ਦੇ ਨਾਲ ਸਤਿਗੁਰ ਦਾ ਪ੍ਰਤਾਪ ਦੱਸਦੇ ਹਨ ਕਿ ਉਸਦੇ ਸੰਗ ਨਾਲ ਸਰੀਰ ਦੇ ਵਿਕਾਰ ਦੂਰ ਹੋ ਜਾਣਗੇ। ਇਥੇ ਹੀ ਪਰਮੇਸੁਰ ਦੀ ਭਗਤੀ, ਜੋ ਨਾਮ ਨਾਲ ਕਰਨੀ ਹੈ, ਉਸ ਨੂੰ ਫੇਰ ਦ੍ਰਿੜਾਇਆ।

ਅੰਕ ੪ ਵਿਚ ਅਰਦਾਸ ਕੀਤੀ ਹੈ, ਕੀਤੀ ਤਾਂ ਅਪਣੇ ਲਈ ਹੈ, ਪਰ ਉਹ ਹੈ ਅਸਾਂ ਜੀਵਾਂ ਲਈ ਤੇ ਸਾਨੂੰ ਜਾਚ ਦੱਸੀ ਹੈ ਕਿ ਨਾਮ ਦੀ ਭਗਤੀ ਕਰਨ ਵਾਲੇ ਨੂੰ ਅਰਦਾਸ ਬੀ ਕਰਦੇ ਰਹਿਣੀ ਚਾਹੀਦੀ ਹੈ, ਜਿਸ ਵਿਚ ਅਪਣਾਂ ਨਿਰਹੰਕਾਰਤਾ ਤੇ ਪ੍ਰਭੂ ਉਤੇ ਅਨਿੰਨ ਭਰੋਸੇ ਦੀ ਸੂਚਨਾ ਹੋਵੇ।

ਨਿਰੁਕ੍ਤ—ਜੀਉ ਤੋਂ ਮੁਰਾਦ ਹੈ ਜੀਵ, ਜੀਵਾਤਮਾ। ਰੂਹ ਜੋ ਪਹਿਲੀ ਵਸਤੂ ਹੈ ਇਹ ਬੀ ਉਹਦੀ ਦਾਤ ਹੈ। ਕਹੁ ਕਬੀਰ ਇਹੁ ਰਾਮ ਕੀ ਅੰਸੁ॥ [ਰਾਗੁ ਗੋਡ ਕਬੀਰ ਜੀ—੫]

ਰਸ ਤੋਂ ਮੁਰਾਦ ਹੈ ਰਸ ਮਾਣਨ ਦੀ ਗਯਾਨ ਤੇ ਸਤਯਾ। ਭੋਗ ਤੋਂ ਮੁਰਾਦ ਭੋਗਣੇ ਯੋਗ ਪਦਾਰਥਾਂ ਆਦਿ ਦੀ ਹੈ, ਜਿਨ੍ਹਾਂ ਤੋਂ ਰਸ ਮਾਣੀਦਾ ਹੈ।

ਦੀਨ ਬੰਧਪ—[ਸੰਸ:, ਦੀਨ ਬੰਧੁ:]—ਗ੍ਰੀਬਾਂ ਦਾ ਸਾਕ। ਦੀਨਾਂ ਦਾ ਬੰਧੁ।

ਜੀਅਦਾਨ—ਆਤਮ ਦਾਨ। ਸੰਸਾਰਕ ਜੀਵਨ ਵਿਚ ਰੂਹਾਨੀ ਜੀਵਨ ਦਾ ਰੰਗ ਲਾ ਦੇਣਾ ਜੀਅ ਦਾਨ ਦੇਣਾ ਹੈ। ਹਲਤਿ (ਦੇਖੋ ਪੰਨਾ ੧੭੯੪) ਤੋਂ ਮੁਰਾਦ ਹੁਣ ਵਾਲਾ ਲੋਕ ਹੈ। ਪਲਤ ਤੋਂ ਪ੍ਰਲੋਕ ਮੁਰਾਦ ਹੈ। ਅਚਾਰੁ—[ਸੰਸ:, ਆਚਾਰ:] ਕਰਮ, ਨਿਯਤ ਕਰਮ, ਏਥੇ ਭਾਵ ਕਰਣੇ ਯੋਗ ਸੁਭ ਕਰਮ।

[ਆਸਾ ਮਹਲਾ ੫, ਚਉਪਦਾ, ੧੩੮-੨੦੫]

ਪ੍ਰਾਕ੍ਥਨ—ਸਨਮੁਖ ਬੈਠੇ ਪ੍ਰਤੀ ਇਕੋ ਪ੍ਰਭੂ ਸਿਮਰਣੇ ਦਾ ਤੇ ਅਨਿੰਨ ਪ੍ਰੇਮ ਦਾ ਉਪਦੇਸ਼ ਹੈ ਤੇ ਹੋਰ ਸਾਧਨਾਂ ਤੇ ਲੋਕਾਂ ਦੇ ਮਗਰ ਭਟਕਣ ਤੋਂ ਵਰਜਿਆ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਡੋਲਿ ਡੋਲਿ ਮਹਾ ਦੁਖੁ ਪਾਇਆ ਬਿਨਾ ਸਾਧੂ ਸੰਗ ॥ ਖਾਟਿ ਲਾਭੁ ਗੋਬਿੰਦ ਹਰਿ ਰਸੁ ਪਾਰਬ੍ਰਹਮ ਇਕ ਰੰਗ ॥੧॥	(ਹੇ ਜੀਵ ! ਤੂੰ) ਸਾਧ ਦੇ ਸੰਗ (ਕੀਤੇ) ਬਿਨਾਂ (ਹੋਰਨਾਂ ਕਰਮਾਂ ਤੇ ਲੋਕਾਂ ਦੇ ਮਗਰ)ਡੋਲ ਡੋਲ ਕੇ ਬਹੁਤ ਦੁਖ ਪਾਇਆ ਹੈ, (ਹੁਣ) ਗੋਬਿੰਦ ਦੇ ਹਰੀ ਰਸ ਦਾ ਲਾਹਾ (ਅਤੇ) ਇਕ ਪਾਰਬ੍ਰਹਮ ਦਾ ਪ੍ਰੇਮ ਪ੍ਰਾਪਤ ਕਰ ਲੈ॥੧॥
ਹਰਿ ਕੋ ਨਾਮੁ ਜਪੀਐ ਨੀਤਿ ॥ ਸਾਸਿ ਸਾਸਿ ਧਿਆਇ ਸੋ ਪ੍ਰਭੁ ਤਿਆਗਿ ਅਵਰ ਪਰੀਤਿ ॥੧॥ ਰਹਾਉ ॥	[ਪ੍ਰਸ਼ਨ:—ਉਸ ਕਿਸ ਤਰ੍ਹਾਂ ? ਉੱਤਰ] (ਇਸ ਪ੍ਰਾਪਤੀ ਲਈ) ਹਰੀ ਦਾ ਨਾਮ ਨਿੱਤ ਜਪਣਾ ਚਾਹੀਦਾ ਹੈ, (ਹਾਂ) ਉਸ ਪ੍ਰਭੂ ਨੂੰ ਸ੍ਵਾਸ ਸ੍ਵਾਸ ਧਿਆ, ਤੇ ਹੋਰ ਪ੍ਰੀਤਾਂ (ਸਭ) ਤਿਆਗ ਦੇਹ॥੧॥ ਰਹਾਉ॥
ਕਰਣ ਕਾਰਣ ਸਮਰਥ ਸੋ ਪ੍ਰਭੁ ਜੀਅ ਦਾਤਾ ਆਪਿ ॥ ਤਿਆਗਿ ਸਗਲ ਸਿਆਣਪਾ ਆਠ ਪਹਰ ਪ੍ਰਭੁ ਜਾਪਿ ॥੨॥	(ਸਭ ਗੱਲਾਂ ਦੇ)ਕਰਣ ਨੂੰ(ਤੇ ਉਨ੍ਹਾਂ ਦੇ) ਕਾਰਣਾਂ ਨੂੰ (ਰਚਣੇ ਵਾਲਾ*) ਸਮਰੱਥ ਉਹ ਪ੍ਰਭੂ (ਆਪ ਹੈ, ਤੇ) ਜੀਅ ਦਾਤਾ ਭੀ ਆਪ ਹੈ। (ਸੋ ਤੂੰ) ਸਾਰੀਆਂ (ਅਪਣੀਆਂ) ਚਤੁਰਾਈਆਂ ਛੱਡ ਕੇ (ਉਸ) ਪ੍ਰਭੂ ਨੂੰ ਅੱਠੇ ਪਹਿਰ ਜਪਦਾ ਰਹੁ॥੨॥
ਮੀਤੁ ਸਖਾ ਸਹਾਇ ਸੰਗੀ ਊਚ ਅਗਮ ਅਪਾਰੁ ॥ ਚਰਣ ਕਮਲ ਬਸਾਇ ਹਿਰਦੈ ਜੀਅ ਕੋ ਆਧਾਰੁ ॥੩॥	(ਉਹੀ ਅਸਲੀ) ਮਿੱਤ੍ਰ ਹੈ, ਸਖਾ ਹੈ, ਸਹਾਈ ਹੈ ਤੇ ਸਾਥੀ ਹੈ, (ਚਾਹੇ ਉਹ) ਉੱਚਾ ਹੈ, ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ ਤੇ ਅਨੰਤ ਹੈ। (ਉਸ ਦੇ) ਚਰਨਾਂ ਕਮਲਾਂ ਨੂੰ (ਅਪਣੇ) ਹਿਰਦੇ ਵਿਚ ਵਸਾ ਲੈ, (ਉਹੋ ਤੇਰਾ ਸਦੈਵੀ) ਜੀਅ ਦਾ ਆਸਰਾ ਹੈ॥੩
ਕਰਿ ਕਿਰਪਾ ਪ੍ਰਭ ਪਾਰਬ੍ਰਹਮ ਗੁਣ ਤੇਰਾ ਜਸੁ ਗਾਉ ॥ ਸਰਬ ਸੂਖ ਵਡੀ ਵਡਿਆਈ ਜਪਿ ਜੀਵੈ ਨਾਨਕੁ ਨਾਉ ॥੪॥੩॥੧੩੮॥	[ਅਰਦਾਸ] ਹੇ ਪਾਰਬ੍ਰਹਮ ਪ੍ਰਭੂ ! ਕਿਰਪਾ ਕਰ ਕਿ ਤੇਰੇ (ਗੁਣਾਂ ਦਾ) ਜਸ ਮੈਂ ਗਾਉਂਦਾ ਰਹਾਂ, (ਇਹ) ਨਾਨਕ (ਤੇਰਾ) ਨਾਮ ਜਪ ਜਪ ਕੇ ਜੀਵੇ (ਇਹੋ ਮੇਰੇ ਲਈ) ਸਭ ਸੁਖਾਂ ਤੋਂ ਵੱਡਾ ਸੁਖ ਹੋਵੇ ਤੇ ਇਹੋ ਮੇਰੀ) ਵਡੀ ਵਡਿਆਈ ਹੋਵੇ॥੪॥੩॥੧੩੮॥

ਵ੍ਯਾਖ੍ਯਾ—ਅੰਕ ੧ ਤੇ ਰਹਾਉ—ਸਾਧੂ ਦੇ ਸੰਗ ਤੋਂ ਬਿਨਾਂ ਰਹਿ ਕੇ ਜੋ ਪਰਮਾਰਥਕ ਸਾਧਨ ਕੀਤੇ ਓਹਨਾਂ ਦਾ ਫਲ ਦੁੱਖ ਨਿਕਲਿਆ। ਜਦ ਸਾਧੂ ਮਿਲਿਆ ਤਾਂ ਉਸ ਨੇ ਇਕ ਪਾਰਬ੍ਰਹਮ ਪਰਮੇਸ਼ੁਰ ਵਲ ਧਿਆਨ ਦੁਆ ਕੇ ਉਸ ਦਾ ਨਾਮ ਸਿਮਰਨ ਦੱਸਿਆ। ਇਹ ਨਾਮ ਜਪਣਾ ਉਸ ਨੇ ਦੱਸਿਆ ਕਿ ਵਧਾਉਂਦਿਆਂ ਵਧਾਉਂਦਿਆਂ ਲਗਾਤਾਰ ਕਰ ਲਓ ਕਿ ਹਰ ਸ੍ਵਾਸ ਨਾਮ ਪ੍ਰੋਤਾ ਹੋ ਜਾਏ ਤੇ ਪ੍ਰੀਤ ਇਕ ਨਾਮੀ ਪਾਰਬ੍ਰਹਮ ਨਾਲ ਰਹਿ ਜਾਏ, ਹੋਰ ਮਾਇਆ ਮੋਹ ਦੀਆਂ ਪ੍ਰੀਤਾਂ ਹਟ ਜਾਣ।

ਅੰਕ ੨ ਵਿਚ ਪਹਿਲੇ ਸਿਆਣਪਾਂ = ਮਾਯਕ ਚਤੁਰਾਈਆਂ ਨੂੰ ਪਾਰਮਾਰਥਕ ਲਗਨ ਵਿਚ ਦਖਲ ਦੇਣੋਂ ਵਰਜਿਆ, ਕਿਉਂਕਿ ਓਹ ਉਸ ਮੰਡਲ ਵਿਚ ਕੁਥਾਂ ਹੁੰਦੀਆਂ ਹਨ, ਉਥੇ ਜੋ ਪ੍ਰਭੂ ਦਾ ਜਾਪ ਤੇ ਉਸ ਦਾ ਪ੍ਰੇਮ ਹੈ ਸਾਰੇ ਕੰਮ ਓਹ ਸਾਰਦਾ ਹੈ।

ਅੰਕ ੩ ਵਿਚ ਦੂਜੀ ਗੱਲ ਇਹ ਦੱਸੀ ਕਿ ਦੁਨਿਆਵੀ ਮਿੱਤ੍ਰ ਤਾਂ ਸਦੈਵੀ ਨਹੀਂ ਹੁੰਦੇ, ਉਨ੍ਹਾਂ ਦੀ ਥਾਂਵੇਂ ਵਾਹਿਗੁਰੂ ਦੇ ਚਰਨ ਕਮਲ ਹਿਰਦੇ ਵਿਚ ਵਸਾ, ਭਾਵ ਸਿਮਰਨ ਨਾਲ ਲਿਵ ਵਿਚ ਆ ਜਾ ਤਦ ਤੇਰੇ ਦਿਲ ਨੂੰ ਆਧਾਰ ਬੱਝ ਜਾਵੇਗਾ। ਭਾਵ ਹੈ ਕਿ ਨਾਮ ਸਿਮਰਕੇ ਵਾਹਿਗੁਰੂ ਜੀ ਨਾਲ ਅਨਿੰਨ ਪ੍ਰੇਮ ਕਰ।

*ਕਾਰਨਾਂ ਦਾ ਕਾਰਣ।

ਅੰਕ ੪ ਵਿਚ ਅਰਦਾਸ ਹੈ, ਵਾਹਿਗੁਰੂ ਤੋਂ ਹਰੀ ਗੁਣ ਗਾਯਨ ਮੰਗਿਆ ਹੈ। ਜਿਸ ਨਾਮ ਸਿਮਰਨ ਕਿ ਹਰੀ ਦੇ ਗੁਣਾਂ ਦੇ ਜਸ ਦੀ ਮਹਿਮਾਂ ਤਿੰਨਾਂ ਅੰਕਾਂ ਵਿਚ ਕਹੀ ਹੈ, ਉਸ ਲਈ ਵਾਹਿਗੁਰੂ ਤੋਂ ਅਰਦਾਸ ਕਰਕੇ ਮੰਗਣ ਦੀ ਜਾਚ ਦੱਸੀ ਹੈ। ਇਸੇ ਨੂੰ ਸਭ ਤੋਂ ਵੱਡਾ ਸੁਖ ਤੇ ਵੱਡੀ ਵਡਿਆਈ ਵਰਣਨ ਕੀਤਾ ਹੈ।

ਨਿਰੁਕ੍ਤ—**ਡੋਲਿ ਡੋਲਿ**—[ਸੰਸ:, ਦੋਲ:=ਝੂਲਾ, ਪੰਘੂੜਾ। ਹਿੰ:, ਡੋਲਨਾ=ਚਲਾਇਮਾਨ ਹੋਣ। ਪੰ:] ਭਟਕ ਭਟਕ ਕੇ। ਕਦ ਕਿਸੇ ਮਗਰ ਕਦੇ ਕਿਸੇ ਸਾਧਨ ਵਿਚ ਲਗ ਲਗ ਕੇ।

ਪਾਰਬ੍ਰਹਮ ਇਕ ਰੰਗ—ਦਾ ਭਾਵ ਹੈ ਕਿ ਇਕ ਪਾਰਬ੍ਰਹਮ ਦੇ ਰੰਗ (=ਪ੍ਰੇਮ) ਨੂੰ ਪ੍ਰਾਪਤ ਕਰ। 'ਪ੍ਰਾਪਤ ਕਰ' ਦੀ ਲੁਪਤੀ ਹੈ। (ਅ) ਪਰ ਕਈ ਦਾਨੇ ਐਉਂ ਬੀ ਕਰਦੇ ਹਨ ਕਿ ਪਾਰਬ੍ਰਹਮ ਨੂੰ ਇਕ ਰੰਗ ਹੋ ਕੇ ਸਿਮਰਿਆ ਕਰ।

ਨੀਤਿ—ਨਿੱਤਜ। ਕਾਫੀਏ ਦੀ ਖ਼ਾਤਰ ਨਿੱਤ ਦਾ ਨੀਤ ਕੀਤਾ ਹੈ।

ਅਗਮ—ਮਨ ਬਾਣੀ ਦੀ ਪਹੁੰਚ ਤੋਂ ਪਰੇ। [ਸੰਸ:, ਅਗਮਜ]।

ਅਪਾਰ ਪਾਰ ਤੋਂ ਰਹਿਤ। ਆਧਾਰੁ—[ਸੰਸ:, ਆਧਾਰ:] ਆਸਰਾ।

[ਆਸਾ ਮਹਲਾ ੫, ਚਉਪਦਾ, ੧੩੯-੨੦੬]

ਪ੍ਰਾਕ੍ਕਥਨ—ਅਰਦਾਸ ਦਾ ਸ਼ਬਦ ਹੈ।

ਮੂਲ	**ਅਰਥ**
ਆਸਾ ਮਹਲਾ ੫ ॥ **ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥ ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ ॥੧॥**	ਸਾਧੂ ਦੀ ਸੰਗਤਿ ਦੇ ਦੇਖਣ ਦਾ ਉੱਦਮ (ਮੈਂ) ਕਰਾਂ? (ਤੁਸੀ ਆਪ) ਕਰਾਵੋ (ਤੇ) ਹਰੀ ਹਰੀ ਨਾਮ (ਸਿਮਰਨ) ਦੀ ਰੰਗਣ ਵਿਚ (ਮੇਰੇ ਮਨ ਨੂੰ) ਰੰਗ ਚਾੜ੍ਹੋ, (ਐਉਂ) ਆਪੇ ਹੀ ਇਸ ਨੂੰ ਰੰਗ ਲਓ॥ ੧॥
ਮਨ ਮਹਿ ਰਾਮ ਨਾਮਾ ਜਾਪਿ ॥ ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ ॥੧॥ ਰਹਾਉ ॥	(ਹਾਂ) ਕਿਰਪਾ ਕਰੋ ਕਿ (ਮੈਂ) ਮਨ ਵਿਚ ਰਾਮ ਦਾ ਨਾਮ ਜਪਾਂ ਤੇ ਆਪ ਸਹਾਈ ਹੋਵੋ, ਮੇਰੇ ਹਿਰਦੇ ਵਿਚ ਵੱਸ ਜਾਵੋ॥ ੧॥ ਰਹਾਉ॥
ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ ॥ ਦਇਆ ਕਰਹੁ ਕਿਰਮ ਅਪੁਨੇ ਕਉ ਇਹੈ ਮਨੋਰਥੁ ਸੁਆਉ ॥੨॥	ਹੇ ਪ੍ਰੀਤਮ ਪ੍ਰਭੂ ! ਤੁਸਾਂ ਜੀ ਦਾ ਨਾਉ ਸੁਣ ਕੇ ਦਰਸ਼ਨ ਦਾ ਚਾਉ (ਉਮਗਦਾ ਹੈ)। ਕਿਰਪਾ ਕਰੋ (ਇਸ) ਅਪਣੇ ਤੁੱਛ ਦਾਸ ਨੂੰ (ਦਰਸ਼ਨ ਦਿਓ,ਇਸ ਦਾ) ਇਹੋ ਮਨੋਰਥ ਹੈ (ਇਹੋ) ਪ੍ਰਯੋਜਨ ਹੈ॥ ੨॥
ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ ॥ ਜਿਉ ਜਿਉ ਰਾਖਹਿ ਤਿਉ ਤਿਉ ਰਹਣਾ ਤੇਰਾ ਦੀਆ ਖਾਹਿ ॥੩॥	ਤਨ ਬੀ ਤੇਰਾ ਹੈ, ਧਨ ਬੀ ਤੇਰਾ ਹੈ ਤੇ ਤੂੰ ਹੀ ਮੇਰਾ ਪ੍ਰਭੂ (ਮਾਲਕ) ਹੈਂ, ਸਾਡੇ (ਜੀਵਾਂ ਦੇ) ਵੱਸ ਕੁਛ ਬੀ ਨਹੀਂ। ਜਿਵੇਂ ਜਿਵੇਂ ਤੂੰ ਰੱਖੇਂ ਤਿਵੇਂ ਤਿਵੇਂ (ਅਸਾਂ) ਰਹਿਣਾ ਹੈ, ਤੇਰਾ ਦਿੱਤਾ (ਹੀ) ਖਾਣਾ ਹੈ॥ ੩॥

ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ ਸਭ ਮਹਿ ਰਹਿਆ ਸਮਾਇ ॥ ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ ॥੨॥	ਤੂੰ ਆਪ ਸਾਰੀ ਰਚਨਾਂ ਦਾ ਕਰਤਾਰ ਤੇ ਧਾਰਨ ਕਰਨੇ ਵਾਲ ਹੈਂ ਤੇ ਸਭ ਦੇ ਵਿਚ ਸਮਾ (ਬੀ) ਰਿਹਾ ਹੈਂ। (ਜਦੋਂ) ਸਾਰੀ (ਲੁਕਾਈ ਹਰੀ ਦੇ) ਚਰਨੀਂ ਆ ਕੇ ਲੱਗ ਗਈ (ਤਾਂ) ਧਰਮ ਰਾਜਾ (ਦੇਖ ਕੇ) ਹੈਰਾਨ ਹੋ ਗਿਆ॥ ੨॥
ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ ॥ ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ ॥੩॥	(ਅੱਗੇ ਤਾਂ) ਸਤਿਜੁਗ, ਤ੍ਰੇਤਾ ਤੇ ਦੁਆਪੁਰ (ਉੱਤਮ) ਕਹੇ ਜਾਂਦੇ ਸਨ, (ਪਰ ਹੁਣ) ਕਲਿਜੁਗ ਜੁਗਾਂ ਵਿਚ ਉੱਤਮ (ਕਿਹਾ ਜਾਣਾ) ਹੈ: (ਕਿਉਂਕਿ ਕਲਿਜੁਗ ਵਿਚ ਜੋ ਕੁਛ) ਇਹ ਹੱਥ ਕਰਦਾ ਹੈ, ਸੋ ਉਹੋ ਹੱਥ ਪਾਉਂਦਾ ਹੈ, ਕੋਈ ਕਿਸੇ ਦੀ ਥਾਂ ਨਹੀਂ ਫੜਿਆ ਜਾਂਦਾ॥ ੩॥
ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰਦੁ ॥ ਕਰ ਜੋੜਿ ਨਾਨਕ ਦਾਨੁ ਮਾਗੈ ਅਪਣਿਆ ਸੰਤਾ ਦੇਹਿ ਹਰਿ ਦਰਸੁ ॥੪॥੫॥੧੪੦॥	ਹੇ ਹਰਿ ਜੀਉ ! (ਤੂੰ) ਉਹੋ ਕੁਛ ਕਰਦਾ ਹੈਂ ਜੋ ਤੇਰੇ ਭਗਤ ਮੰਗਦੇ ਹਨ, ਇਹੋ ਤੇਰਾ ਬਿਰਦ ਹੈ। ਹੱਥ ਜੋੜ ਕੇ ਨਾਨਕ ਦਾਨ ਮੰਗਦਾ ਹੈ ਕਿ ਹੇ ਹਰੀ ! ਆਪਣਿਆਂ ਸੰਤਾਂ ਦਾ ਦਰਸ਼ਨ ਦੇਂਦਾ ਰਹੁ॥ ੪॥ ੫॥ ੧੪੦॥

ਵਯਾਖਯਾ— ਅੰਕ ੧ - ਇਸ ਸ਼ਬਦ ਵਿਚ ਸਨਮੁਖ ਉਸਤੁਤੀ ਹੈ ਵਾਹਿਗੁਰੂ ਜੀ ਦੀ। ਜਿਸ ਨੇ ਸਤਿਗੁਰੂ ਦੁਆਰਾ ਨਾਮ ਬਖ਼ਸ਼ਕੇ ਆਪਣੇ ਅਗਮ ਅਗੋਚਰ ਸਰੂਪ ਦੀ ਲੱਖਤਾ ਬਖ਼ਸ਼ੀ।

ਰਹਾਉ ਵਿਚ ਦੱਸਿਆ ਹੈ ਕਿ ਗੁਰਦੇਵ ਨੇ ਕਲਿਜੁਗ ਦਾ ਉਧਾਰ ਕੀਤਾ ਹੈ। ਅੰਕ ਦੂਜੇ ਵਿਚ ਕਲਿਜੁਗ ਦਾ ਭਾਵ ਦੱਸਿਆ ਹੈ : ਕਲਿਜੁਗੀ ਜੀਵ, ਜੋ ਮੈਲੇ ਤੇ ਮੂਰਖ ਸਨ, ਓਹ ਹੇ ਵਾਹਿਗੁਰੂ ! ਤੇਰੀ ਸੇਵਾ ਵਿਚ ਲਾ ਦਿੱਤੇ ਹਨ, ਐਉਂ ਉਧਾਰ ਕੀਤਾ ਹੈ।

ਅੰਕ ੨ ਵਿਚ ਦੱਸਿਆ ਹੈ ਕਿ ਜਦ ਕਲਿਜੁਗ ਦੇ ਜੀਵਾਂ ਦਾ ਉਧਾਰ ਹੋਣ ਲੱਗ ਗਿਆ ਤਾਂ ਧਰਮ ਰਾਜਾ ਹੈਰਾਨ ਹੋ ਗਿਆ, ਕਿਉਂਕਿ ਪੁਰਾਣੇ ਸ਼ਾਸਤ੍ਰਾਂ ਮੂਜਬ ਕਲਿਜੁਗੀ ਜੀਵਾਂ ਦੇ ਉਧਾਰ ਨੂੰ ਅਲੰਕਾਰਕ ਰੂਪ ਵਿਚ ਵਰਣਨ ਕੀਤਾ ਹੈ।

ਅੰਕ ੩ ਵਿਚ ਹੋਰ ਅਨੋਖੀ ਗਲ ਆਖੀ ਹੈ, ਕਲਿਜੁਗ ਨੂੰ ਸਾਰੇ ਜੁਗਾਂ ਵਿਚੋਂ ਮਾੜਾ ਸਮਝਿਆ ਜਾਂਦਾ ਸੀ, ਪਰ ਗੁਰੂ ਜੀ ਇਸ ਨੂੰ ਉੱਤਮ ਦੱਸਦੇ ਹਨ, ਕਿਉਂਕਿ ਪੁਰਾਣੇ ਖਿਆਲ ਨੂੰ, ਜੋ ਭਾਈ ਗੁਰਦਾਸ ਨੇ ਬੀ ਆਪਣੀ ਰਚਨਾ ਵਿਚ ਦਿਖਾਇਆ ਹੈ, ਲੈ ਕੇ ਆਪ ਨੇ ਇਹ ਉੱਤਸਤਾ ਦਰਸਾ ਕੇ ਉੱਤਮਤਾ ਦਾ ਕਾਰਣ ਦੱਸਿਆ ਹੈ ਕਿ ਇਸ ਜੁਗ ਵਿਚ ਕੋਈ ਕਿਸੇ ਦੇ ਥਾਂ ਸਜ਼ਾ ਨਹੀਂ ਪਾਉਂਦਾ, ਜੋ ਕਰੇ ਸੋ ਪਾਵੇ,ਐਥੋਂ ਤੀਕ ਕਿ ਸਜਾ ਹੱਥ ਕਰੇ ਤਾਂ ਸੱਜਾ ਪਾਵੇ, ਉਸਦੀ ਥਾਂ ਖੱਬਾ ਨਾ ਪਾਵੇ। ਭਾਈ ਗੁਰਦਾਸ ਜੀ ਲਿਖਦੇ ਹਨ:

> ਸਤਿਜੁਗਿ ਕਾ ਅਨਿਆਇ ਸੁਣਿ ਇਕ ਫੇੜੈ ਸਭੁ ਜਗਤ ਮਰਾਵੈ।।
> ਤ੍ਰੇਤੇ ਨਗਰੀ ਪੀੜੀਐ ਦੁਆਪਰਿ ਵੰਸੁ ਕੁਵੰਸ ਕੁਹਾਵੈ।।
> ਕਲਿਜੁਗਿ ਜੋ ਫੇੜੈ ਸੋ ਪਾਵੈ॥ ੧੩॥ [ਵਾਰ ੧]

ਇਸ ਹਿਸਾਬ ਬੀ ਕਲਿਜੁਗ ਚੰਗਾ ਹੋਇਆ ਕਿ ਜੋ ਕਰੇ ਸੋ ਪਾਵੇ! ਫੇਰ ਸਤਿਗੁਰੂ ਨੇ ਨਾਮ ਦੇ ਕੇ ਜੀਵਾਂ ਨੂੰ ਸਿੱਧਾ ਵਾਹਿਗੁਰੂ ਪ੍ਰਾਪਤੀ ਦੇ ਰਾਹ ਪਾ ਦਿਤਾ।

ਅੰਕ ੪ ਵਿਚ ਵਾਹਿਗੁਰੂ ਜੀ ਦੇ ਇਸ ਬਿਰਦ ਦੀ ਉਸਤੁਤੀ ਕੀਤੀ ਹੈ ਕਿ ਭਗਤਾਂ ਦੀ ਬਿਨੈ ਪਰਵਾਣ ਕਰਨੀ ਇਹ ਮੇਰਾ ਬਿਰਦ ਹੈ, ਉਸਤੁਤੀ ਕਰਕੇ ਅਰਦਾਸ ਕੀਤੀ ਹੈ। ਨਾਨਕ ਇਹ ਦਾਨ ਮੰਗਦਾ

ਜਨਮ ਜਨਮ ਕੇ ਕਿਲਵਿਖ ਕਾਟੈ ਮਜਨੁ ਹਰਿ ਜਨ ਧੂਰਿ ॥ ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ ॥੪॥੪॥੧੩੯॥	ਜਨਮ ਜਨਮ ਦੇ (ਸਾਡੇ) ਪਾਪਾਂ ਨੂੰ (ਤੇਰੇ) ਹਰੀ ਜਨਾਂ ਦੀ (ਚਰਣ—) ਧੂੜ ਦਾ ਇਸ਼ਨਾਨ ਕੱਟ ਦੇਂਦਾ ਹੈ, (ਤੇਰੀ) ਪ੍ਰੇਮਾ ਭਗਤੀ ਨਾਲ ਭੈ ਤੇ ਭਰਮ ਦੂਰ ਹੋ ਜਾਂਦੇ ਹਨ; (ਤਾਂ ਤੇ) ਹੇ ਨਾਨਕ ! ਹਰੀ ਦੀ ਹਜ਼ੂਰੀ ਵਿਚ ਸਦਾ ਵੱਸ॥੪॥੪॥੧੩੯॥

ਵ੍ਯਾਖ੍ਯਾ— ਸਾਰੇ ਸ਼ਬਦ ਵਿਚ ਨਾਮ ਦਾਨ, ਸਤਿਸੰਗ, ਹਜ਼ੂਰੀ ਵਾਸਾ ਮੰਗੇ ਹਨ। ਭਾਵ ਸੁਗਮ ਹੈ।

ਨਿਰੁਕ੍ਤ—ਕਰਉ—ਕਰਉਂ = ਮੈਂ ਕਰਦਾ ਹਾਂ।

ਕਰਾਵਹੁ—ਤੁਸੀਂ ਕਰਾਵੋ। **ਪੇਖਤ**—ਦੇਖਦਿਆਂ। ਦੇਖਣ।

ਰੰਗਨਿ—ਰੰਗਣ। ਮੱਟੀ, ਜਿਸ ਵਿਚ ਰੰਗ ਪਕਾ ਕੇ ਕੱਪੜਾ ਪਾ ਕੇ ਰੰਗਦੇ ਹਨ। ਇਹ ਪੁਰਾਣਾ ਤਰੀਕਾ ਪੱਕੇ ਰੰਗਾਂ ਦੇ ਚਾੜ੍ਹਨ ਦਾ ਹੁੰਦਾ ਸੀ।

ਚਰਾਵਹੁ ਚੜ੍ਹਾਵੋ। **ਰੰਗਿ**—ਤੂੰ ਰੰਗ ਦੇ। ਰੰਗ ਚਾੜ੍ਹ ਦਿਓ।

ਜਾਪਿ—ਏਥੇ ਜਾਪ ਦੀ ਸਿਆਰੀ 'ਜਪੀਂ' ਦੀ ਬਿਹਾਰੀ ਦਾ ਸੰਖੇਪ ਹੈ, ਜੋ ਤੁਕਾਂਤ ਮੇਲਣ ਲਈ ਕੀਤਾ ਗਿਆ ਹੈ। ਜਪੀਂ=ਮੈਂ ਜਪਾਂ। ਏਥੇ 'ਜਾਪ' ਲੋਟ ਲਕਾਰ ਵਿਚ ਨਹੀਂ ਹੈ।

ਪੇਖਨ—ਦੇਖਣ, ਦੇਖਣੇ ਦਾ। **ਕਿਰਮ**—[ਸੰਸ:, ਕ੍ਰਿਮਿ:] ਕੀੜਾ। ਭਾਵ ਹੈ ਤੁੱਛ ਦਾਸਾ

ਸੁਆਉ—ਸੁਆਰਥ, ਪ੍ਰਯੋਜਨ। ਮਨੋਰਥ।

ਕਿਲਵਿਖ—ਪਾਪ। ਘੋਰ ਪਾਪ। **ਮਜਨੁ**—ਇਸ਼ਨਾਨ। ਨ੍ਹਾਉਣਾ।

ਭਾਇ ਭਗਤਿ—[ਸੰਸ:, ਭਾਵ: (= ਪ੍ਰੇਮ, ਪਿਆਰ) + ਭਕਿ:] ਪ੍ਰੇਮਾ ਭਗਤੀ।

ਹਜੂਰਿ—ਹਜ਼ੂਰੀ ਵਿਚ, ਭਾਵ ਹੈ ਹਜ਼ੂਰੀ ਵਿਚ ਵੱਸ।

[ਆਸਾ ਮਹਲਾ ੫, ਚਉਪਦਾ, ੧੪੦-੨੦੭]

ਮੂਲ	**ਅਰਥ**
ਆਸਾ ਮਹਲਾ ੫ ॥ ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ ॥ ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿ ਨਾਮੁ ॥੧॥	ਹੇ ਮਨ ਬਾਣੀ ਦੀ ਗੰਮਤਾ ਤੋਂ ਪਰੇ ! ਤੇਰਾ ਦਰਸ਼ਨ ਇੰਦ੍ਰਿਆ ਗੋਚਰਾ ਨਹੀਂ, ਇਹ (ਉਸ ਨੂੰ) ਮਿਲਦਾ ਹੈ ਜਿਸ ਦੇ ਮੱਥੇ ਉਤੇ ਭਾਗ ਹੋਣ। (ਤੂੰ) ਕ੍ਰਿਪਾਲ ਪ੍ਰਭੂ ਨੇ ਆਪ (ਜਿਨ੍ਹਾਂ ਤੇ) ਕਿਰਪਾ ਕੀਤੀ ਹੈ (ਉਨ੍ਹਾਂ ਨੂੰ) ਸਤਿਗੁਰੂ ਨੇ ਹਰਿ ਨਾਮ ਬਖ਼ਸ਼ਿਆ ਹੈ॥੧॥
ਕਲਿਜੁਗੁ ਉਧਾਰਿਆ ਗੁਰਦੇਵ ॥ ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥੧॥ ਰਹਾਉ ॥	ਕਲਿਜੁਗ ਨੂੰ ਗੁਰਦੇਵ ਨੇ ਉਧਾਰਿਆ ਹੈ (ਭਾਵ ਕਲਿਜੁਗ ਦੇ ਜੀਵਾਂ ਦਾ ਉਧਾਰ ਕੀਤਾ ਹੈ)। (ਜਿਹੜੇ) ਮੂੜ੍ਹ ਤੇ ਮੂਰਖ ਤੇ ਮੈਲੇ ਗੰਦੇ ਹੁੰਦੇ ਸਨ, ਸਾਰੇ ਤੇਰੀ ਸੇਵਾ ਵਿਚ ਲੱਗ ਪਏ ਹਨ॥੧॥ ਰਹਾਉ॥

ਹੈ ਕਿ ਆਪਣਿਆਂ ਸੰਤਾਂ ਨੂੰ ਅਪਣਾ ਦਰਸ਼ਨ ਦੇਹ, ਯਾ ਆਪਣਿਆਂ ਸੰਤਾਂ ਦਾ ਦਰਸ਼ਨ ਦੇਂਦਾ ਰਹੁ

ਨਿਰੁਕਤ—ਅਗਮ-ਗੰਮਤਾ ਤੋਂ ਪਰੇ, ਪਹੁੰਚ ਤੋਂ ਪਰੇ।

ਅਗੋਚਰੁ-ਜੋ ਇੰਦ੍ਰਿਆਂ ਦਾ ਵਿਸ਼ਾ ਨਹੀਂ ਬਣਦਾ। ਇੰਦ੍ਰੈ ਗਜਾਨ ਤੋਂ ਪਰੇ।

ਮਲ ਮੂਤ-ਮੈਲਾ ਤੇ ਮੂਤ੍ਰ। ਗੰਦਾ। ਭਾਵ ਹੈ ਗੰਦੇ ਲੋਕ, ਅਪਵਿਤ੍ਰ ਲੋਕ। ਜਿਨ੍ਹਾਂ ਦੇ ਕਰਮ ਆਦਿ ਮਾੜੇ ਤੇ ਪਾਪ ਮਯ ਹਨ। ਮੁਘਦ—[ਦੇਖੋ ਪੰਨਾ ੧੫੭੬] ਮੂਰਖ। ਧਰਤਾ-ਧਾਰਨ ਕਰਨੇ ਵਾਲਾ।

ਬਿਸਮਾਦੁ—[ਦੇਖੋ ਪੰਨਾ ੧੬੮੫] ਹੈਰਾਨ। **ਭਵੀਐ**-ਕਹੀਦਾ ਹੈ।

ਅਹਿ ਕਰੁ—[ਸੰਸ:, ਕਰ:=ਹੱਥ] ਇਹ ਹਥ। **ਜਾਚਹਿ**-ਮੰਗਦੇ ਹਨ।

ਬਿਰਦੁ-ਉਹ ਧਰਮ ਜਾਂ ਸ਼ੁਭ ਸੁਭਾਵ ਜੋ ਵਾਹਿਗੁਰੂ ਯਾ ਸੰਤ ਨੇ ਧਾਰਨ ਕੀਤਾ ਹੈ ਤੇ ਉਸ ਵਿਚ ਅੱਟਲ ਹੁੰਦਾ ਹੈ।

[ਆਸਾ ਮਹਲਾ ੫, ਚਉਪਦਾ, ੧੪੧-੨੦੮]

ਰਾਗੁ ਆਸਾ ਮਹਲਾ ੫ ਘਰੁ ੧੩॥ ੧ੴ ਸਤਿਗੁਰ ਪ੍ਰਸਾਦਿ

ਪ੍ਰਾਕ੍ਕਥਨ— ਸਤਿਗੁਰੂ ਦੀ ਕ੍ਰਿਤੱਗਜਤਾ ਵਿਚ ਆਪਾ ਵਾਰ ਕਦਰਦਾਨੀ।

ਮੂਲ	ਅਰਥ
ਸਤਿਗੁਰ ਬਚਨ ਤੁਮ੍ਾਰੇ ॥ ਨਿਰਗੁਣ ਨਿਸਤਾਰੇ ॥੧॥ ਰਹਾਉ ॥	ਹੇ ਸਤਿਗੁਰੂ ! ਆਪ ਦੇ ਬਚਨਾਂ ਨੇ ਗੁਣ ਹੀਣੇ (ਲੋਕਾਂ) ਨੂੰ ਬੀ ਤਾਰ ਦਿੱਤਾ ਹੈ॥੧॥ਰਹਾਉ॥
ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ॥੧॥	(ਜੋ) ਬੜੇ ਵਿਖਾਦੀ, ਭੈੜੇ ਤੇ ਨਿੰਦਕ (ਲੋਕ) ਸਨ ਉਹ ਬੀ (ਆਪ ਦੇ) ਸੰਗ ਨਾਲ ਪਵਿਤ੍ਰ ਹੋ ਗਏ ਹਨ॥੧॥
ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ ॥੨॥	(ਜੋ) ਜਨਮਾਂ ਵਿਚ ਭਟਕਦੇ, ਨਰਕ ਵਿਚ ਪੈਂਦੇ ਸਨ ਉਨ੍ਹਾਂ ਦੀਆਂ ਕੁਲਾਂ (ਤੁਸਾਂ) ਤਾਰ ਦਿੱਤੀਆਂ ਹਨ॥੨॥
ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ ॥੩॥	(ਜਿਨ੍ਹਾਂ ਨੂੰ) ਕੋਈ ਨਹੀਂ ਸੀ ਜਾਣਦਾ, ਕੋਈ ਨਹੀਂ ਸੀ ਮਾਣ ਦੇਂਦਾ, ਉਨ੍ਹਾਂ ਨੂੰ (ਆਪ ਨੇ) ਹਰੀ ਦੇ ਦੁਆਰੇ ਉੱਘਿਆਂ ਕਰ ਦਿੱਤਾ ਹੈ॥੩॥
ਕਵਨ ਉਪਮਾ ਦੇਉ ਕਵਨ ਵਡਾਈ ਨਾਨਕ ਖਿਨੁ ਖਿਨੁ ਵਾਰੇ ॥੪॥੧॥੧੪੧॥	(ਮੈਂ ਆਪ ਨੂੰ) ਕਿਹੜੀ ਉਪਮਾਂ ਦਿਆਂ ਤੇ ਕਿਹੜੀ ਵਡਿਆਈ ਦਿਆਂ, ਨਾਨਕ ਤਾਂ (ਆਪ ਤੋਂ) ਪਲ ਪਲ ਵਿਚ ਸਦਕੇ ਹੁੰਦਾ ਰਹਿੰਦਾ ਹੈ॥੪॥੧॥੧੪੧॥

ਵਯਾਖਯਾ— ਸਤਿਗੁਰੂ ਦੀ ਵਡਿਆਈ ਕਹੀ ਹੈ, ਨਿਰਗੁਣੀਆਂ, ਵਿਖਾਦੀਆਂ, ਦੁਸ਼ਟਾਂ ਤੇ ਨਿੰਦਕਾਂ ਨੂੰ ਪਵਿੱਤ੍ਰਤਾ ਦਾ ਜੀਵਨ ਦੇ ਦੇਣਾਂ, ਜੋ ਨਰਕਾਂ ਤੋਂ, ਜੂਨਾਂ ਤੋਂ ਰੁਲਦੇ ਆਏ ਤੇ ਅਗੋਂ ਉਸੇ ਰਾਹੇ ਟੁਰ ਰਹੇ ਸਨ ਉਹਨਾਂ ਨੂੰ ਭਵ ਸਾਗਰ ਤੋਂ ਤਾਰ ਦੇਣਾ, ਨਿਤਾਣਿਆਂ ਨੀਵਿਆਂ ਨੂੰ ਹਰੀ ਦੇ ਦਰ ਸਨਮਾਨ ਯੋਗ ਕਰ ਦੇਣਾ ਆਦਿਕ ਗੁਣ ਕਹਿ ਕੇ ਅਖ਼ੀਰ ਦੱਸਿਆ ਕਿ ਕੋਈ ਉਪਮਾ ਨਹੀਂ ਜਿਸ ਦੀ ਤੁੱਲਤਾ ਦਿਆਂ, ਕੋਈ ਵਡਾਈ ਇੰਨੀ ਵਡੀ ਨਹੀਂ ਕਿ ਆਪ ਦੇ ਲਾਇਕ ਹੋਵੇ, ਇਸ ਲਈ ਮੈਂ ਆਪਾ ਤੁਹਾਥੋਂ ਵਾਰ ਦੇਣ ਦੇ ਭਾਵ ਵਿਚ ਕ੍ਰਿਤਗਜਤਾ ਪ੍ਰਗਟ ਕਰ ਰਿਹਾ ਹਾਂ।

ਨਿਰੁਕ੍ਤ—ਨਿਸਤਾਰੇ—[ਦੇਖੋ ਪੰਨਾ ੧੯੩੨] ਠੀਕ ਤਰ੍ਹਾਂ ਤਾਰ ਦਿਤੇ।

ਬਿਖਾਦੀ—[ਸੰਸ:, ਵਿਖ੍ਯਾਦਿਨ] ਢੱਠੇ ਦਿਲ ਵਾਲਾ। (ਅ) ਝਗੜਾਲੂ,ਪੁਆੜੇ ਪਾਉਣ ਵਾਲਾ।

ਦੁਸਟ—[ਸੰਸ:, ਦਖ੍ਟ:) ਵਿਗੜਿਆ ਹੋਇਆ। ਭੈੜਾ। ਨੀਚ।

ਅਪਵਾਦੀ—[ਸੰਸ:, ਅਪਵਾਦਿਨ੍] ਖੋਟੇ ਵਾਕ ਬੋਲਣ ਵਾਲਾ, ਨਿੰਦਕ, ਬਦਜ਼ੁਬਾਨ।

ਪੁਨੀਤ—[ਸੰਸ:,] ਪਵਿਤ੍ਰ। **ਸੰਗਾਰੇ**-ਸੰਗ ਦੁਆਰੇ, ਭਾਵ ਆਪ ਦੀ ਸੰਗਤ ਨਾਲ।

ਮਾਨੈ—ਮੰਨਦਾ। ਮਾਨ ਦੇਂਦਾ। **ਵਾਰੇ**—[ਸੰਸ:, ਬਲਿ:=ਕੁਰਬਾਨੀ, ਜੋ ਦੇਵਤਾਨੂੰ ਭੇਟ ਕੀਤੀ ਜਾਏ। ਹਿੰ:, ਪੰ:, ਵਾਰਨਾ=ਕੁਰਬਾਣ ਹੋਣਾ, ਸਦਕੇ ਹੋਣਾ] ਸਦਕੇ। ਸਦਕੇ ਜਾਂਦਾ ਹਾਂ।

[ਆਸਾ ਮਹਲਾ ੫, ਚਉਪਦਾ, ੧੪੨-੨੦੯]

ਪ੍ਰਾਕ੍ਕਥਨ—ਜੋ ਵਿਸ਼ੇ ਰਸਾਂ ਤੇ ਕੁੰਟਬੀ ਮੋਹਾਂ ਤੋਂ ਉੱਚੇ ਕਰਕੇ ਸਤਿਸੰਗ ਵਿਚ ਆਏ ਹਨ ਉਹੀ ਪ੍ਰਭੂ ਦੀ ਸ਼ਰਣ ਵਿਚ ਸੁਰੱਖਯਤ ਹੋ ਗਏ ਸਮਝੋ।

ਮੂਲ	ਅਰਥ
ਆਸਾ ਮਹਲਾ ੫ ॥ ਬਾਵਰ ਸੋਇ ਰਹੇ ॥੧॥ ਰਹਾਉ ॥	ਬਾਵਲੇ (ਲੋਕ ਬੇਸਮਝੀ ਦੀ ਨੀਂਦ ਵਿਚ) ਸੌਂ ਰਹੇ ਹਨ॥ ੧ ॥ ਰਹਾਉ ॥
ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਨ ਗਹੇ ॥੧॥	ਕੁਟੰਬ ਦੇ ਮੋਹ ਤੇ ਵਿਸ਼ੇ ਰਸਾਂ ਵਿਚ ਮਸਤੇ ਹੋਏ ਝੂਠੀਆਂ ਪਕੜਾਂ ਵਿਚ ਫੜੇ (ਬੈਠੇ) ਹਨ॥ ੧ ॥
ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿ ਮੁਖਿ ਸਤਿ ਕਹੇ ॥੨॥	(ਐਉਂ) ਮਨਮੁਖ (ਹੋਏ ਜੀਵ) ਮਿਥਿਆ ਮਨੋਰਾਜਾਂ ਦੇ ਅਨੰਦਾ ਨੂੰ ਤੇ ਸੁਪਨਿਆਂ (ਵਿਚ ਡਿੱਠੇ) ਹੁਲਾਸਾਂ ਨੂੰ ਸੱਚੇ (ਸਮਝ ਤੇ) ਕਹਿ ਰਹੇ ਹੈਨ॥ ੨ ॥
ਅੰਮ੍ਰਿਤੁ ਨਾਮੁ ਪਦਾਰਥੁ ਸੰਗੇ ਤਿਲੁ ਮਰਮੁ ਨ ਲਹੇ ॥੩॥	ਨਾਮ ਪਦਾਰਥ (ਜੋ) ਅੰਮ੍ਰਿਤ ਰੂਪ ਹੈ (ਉਹ ਤਾਂ ਉਨ੍ਹਾਂ ਦੇ) ਨਾਲ ਹੀ ਹੈ (ਪਰ ਉਸ ਦਾ) ਜ਼ਰਾ ਬੀ ਭੇਦ ਨਹੀਂ ਲੈਂਦੇ॥ ੩ ॥
ਕਰਿ ਕਿਰਪਾ ਰਾਖੇ ਸਤਸੰਗੇ ਨਾਨਕ ਸਰਣਿ ਆਹੇ ॥੪॥੨॥੧੪੨॥	(ਜੋ ਪ੍ਰਭੂ ਨੇ) ਕਿਰਪਾ ਕਰਕੇ ਸਤਿਸੰਗ ਵਿਚ ਰਖ ਲਏ ਹਨ, ਹੇ ਨਾਨਕ ! (ਉਹੀ ਪ੍ਰਭੂ ਦੀ) ਸ਼ਰਣ ਵਿਚ ਹਨ॥ ੪ ॥ ੨ ॥ ੧੪੨ ॥

ਵ੍ਯਾਖ੍ਯਾ— ਅਖ਼ੀਰਲੀ ਤੁਕ ਵਿਚ ਫੁਰਮਾਯਾ ਹੈ ਕਿ ਜੋ ਸਤਿਸੰਗ ਨੂੰ ਪ੍ਰਾਪਤ ਹੈ ਉਹ ਪ੍ਰਭੂ ਦੀ ਸ਼ਰਣ ਵਿਚ ਸੁਰੱਖਯਤ ਹੋ ਗਿਆ ਸਮਝ। ਪਹਿਲ ਅੰਕ ੨ ਤਕ ਬੇਸਮਝੀ ਦੱਸੀ ਹੈ ਇਨਸਾਨ ਦੀ ਕਿ ਮੋਹ ਕੁਟੰਬ ਤੇ ਵਿਸ਼ੇ ਰਸਾਂ ਵਿਚ ਮਸਤੇ ਮਾਨੋ ਸੁੱਤੇ ਪਏ ਹਨ, ਆਤਮ ਜੀਵਨ ਵਲੋਂ ਬੇਖਬਰ ਹਨ। ਨਾਮ ਪਦਾਰਥ ਅੰਗ ਸੰਗ ਹੈ, ਉਸ ਤੋਂ ਗ਼ਾਫ਼ਲ ਹਨ। ਭਾਵ ਇਹ ਹੋਇਆ ਕਿ ਕੁਟੰਬ ਦੇ ਮੋਹ, ਵਿਸ਼ੇ ਰਸਾਂ, ਮਨੋ ਰਾਜਾਂ, ਸੁਪਨ ਸਮਾਨ ਹੁਲਾਸਾਂ ਤੋਂ ਉੱਚੇ ਉਠੋ ਤੇ ਨਾਮ ਦੀ ਸਾਰ ਲਓ, ਇਸ ਲਈ ਸਤਿਸੰਗ ਵਿਚ ਆਓ। ਸਤਿਸੰਗ ਪ੍ਰਭੂ ਦੇ ਨਾਮ ਦੀ ਸੋਝੀ ਦੇ ਕੇ ਸ਼ਰਣ ਵਿਚ ਪੁਚਾ ਦੇਵੇਗਾ।

ਨਿਰੁਕ੍ਤ—ਬਾਵਰ—[ਸੰਸ:, ਵਾਤੁਲ:=ਪਾਗਲ, ਸੌਦਾਈ। ਹਿੰਦੀ, ਬਾਵਲਾ, ਬਾਵਰ] ਬੇਸਮਝ ਅਤੇ ਮੂਰਖ ਲੋਗ। **ਗਹਨ**—[ਸੰਸ:, ਗ੍ਰਹਣਮ੍=ਪਕੜਨਾ] ਪਕੜਾਂ।

ਗਹੇ—ਫੜੇ ਹੋਏ ਹਨ। ਕਹੇ, ਲਹੇ ਨੂੰ ਕਹੇਂ ਤੇ ਲਹੇਂ ਸਮਝਕੇ ਬਹੂ ਬਚਨ ਵਿਚ ਅਰਥ ਕਰਨਾ

ਹੈ, ਕਿਉਂਕਿ ਪਹਿਲਾ ਪਦ ਬਾਵਰ ਕਰਤਾ ਕਾਰਕ ਬਹੁ ਬਚਨ ਵਿਚ ਹੈ, ਇਸ ਕਰਕੇ ਮਨਮੁਖ ਨੂੰ ਬੀ ਬਹੁ ਬਚਨ ਵਿਚ ਲੈਣਾ ਹੈ।

[ਆਸਾ ਮਹਲਾ ੫, ਚਉਪਦਾ, ੧੪੩-੨੧੦]

ਪ੍ਰਾਕ੍ਰਥਨ—ਸੰਤ ਮੇਲ ਨਾਲ ਪ੍ਰੀਤਮ ਪ੍ਰਭੂ ਮਿਲਦਾ ਹੈ।

ਮੂਲ	ਅਰਥ
ਆਸਾ ਮਹਲਾ ੫ ਤਿਪਦੇ ॥	
ਓਹਾ ਪ੍ਰੇਮ ਪਿਰੀ ॥੧॥ ਰਹਾਉ ॥	(ਮੈਨੂੰ) ਓਹੋ ਪ੍ਰੇਮ (ਸਰੂਪ) ਪਿਆਰਾ (ਚਾਹੀਦਾ ਹੈ)॥ ੧ ॥ ਰਹਾਉ॥
ਕਨਿਕ ਮਾਨਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ ॥੧॥	ਸੋਨੇ (ਭਾਵ ਸੋਨਿਆਂ ਦੇ ਗਹਿਣੇ) ਮਾਨਿਕਾਂ (ਨਾਲ ਸਜੇ) ਗਜ ਮੋਤੀ (ਦੀ ਮਾਲਾ) ਤੇ ਲਾਲਾਂ ਦੇ ਹਾਰ ਨਹੀ, ਨਹੀਂ, ਨਹੀ (ਚਾਹੀਦੇ)॥ ੧ ॥
ਰਾਜ ਨ ਭਾਗ ਨ ਹੁਕਮ ਨ ਸਾਦਨ ॥ ਕਿਛੁ ਕਿਛੁ ਨ ਚਾਹੀ ॥੨॥	ਨਾ ਰਾਜ, ਨਾ ਭਾਗ, ਨਾ ਹੁਕਮ, ਨ ਸ੍ਵਾਦਾਂ (ਵਾਲੇ ਭੋਗ) ਮੈਂ ਰੰਚਕ ਬੀ, ਥੋੜਾ ਬੀ ਨਹੀ ਚਾਹੁੰਦਾ॥ ੨ ॥
ਚਰਨਨ ਸਰਨਨ ਸੰਤਨ ਬੰਦਨ ॥ ਸੁਖੋ ਸੁਖੁ ਪਾਹੀ ॥ ਨਾਨਕ ਤਪਤਿ ਹਰੀ ॥ ਮਿਲੇ ਪ੍ਰੇਮ ਪਿਰੀ ॥੩॥੩॥੧੪੩॥	ਸੰਤਾਂ ਦੀ ਸ਼ਰਨ ਵਿਚ ਆ ਕੇ (ਉਨ੍ਹਾਂ ਦੇ) ਚਰਨਾਂ ਉਤੇ ਬੰਦਨਾਂ ਕਰਨੀ (ਇਸ ਤੋਂ) ਸੁਖ ਹੀ ਸੁਖ ਪਾਉਂਦਾ ਹਾਂ। ਹੇ ਨਾਨਕ। ਐਉਂ ਮਿਲੇ (ਮੈਨੂੰ) ਪ੍ਰੇਮ ਰੂਪ ਪਿਆਰੇ ਜੀ, (ਤੇ ਮੇਰੀ ਮਨ ਦੀ) ਤੱਪਸ਼ ਖੋਈ ਗਈ॥ ੩ ॥ ੩ ॥ ੧੪੩ ॥

ਵ੍ਯਾਖ੍ਯਾ— ਸਾਰੇ ਸ਼ਬਦ ਵਿਚ ਪ੍ਰੇਮ ਸਰੂਪ ਪ੍ਰਭੂ ਨੂੰ ਮਿਲਨੇ ਦੀ ਅਨਿੰਨ ਚਾਹਨਾ ਦਰਸਾਈ ਹੈ, ਦੁਨੀਆਂ ਦੇ ਪਦਾਰਥ ਤੇ ਭੋਗਾਂ ਤੋਂ ਪੂਰਨ ਅਚਾਹਤਾ ਦੱਸੀ ਹੈ। ਫੇਰ ਮਿਲਾਪ ਦਾ ਰਾਹ ਤੇ ਸਰੂਪ ਦੱਸਿਆ ਹੈ ! ਸੰਤਾਂ ਦੀ ਸ਼ਰਨ ਤੇ ਸੇਵਾ।

ਨਿਰੁਕ੍ਤ—**ਪ੍ਰੇਮ ਪਿਰੀ**—ਪ੍ਰੇਮ ਸਰੂਪ ਪਿਆਰਾ। (ਅ) ਪਿਆਰੇ ਦਾ ਪ੍ਰੇਮ।

ਕਨਿਕ—[ਸੰਸ:,ਕਨਕ] ਸੋਨਾ।

ਮਾਨਿਕ—ਲਾਲ। ਇਥੇ ਸੋਨੇ ਤੇ ਮਾਨਿਕ ਤੋਂ ਭਾਵ ਹੈ ਮਾਨਿਕਾਂ ਨਾਲ ਜੜੇ ਸੋਨੇ ਦੇ ਗਹਿਣੇ। ਕਿਉਂਕਿ ਮਾਨਿਕ ਤੇ ਲਾਲ ਇੱਕੋ ਗੱਲ ਹੈ। ਮਗਰੋਂ ਲਾਲ ਕਿਹਾ ਉਸ ਦਾ ਭਾਵ ਲਾਲਾਂ ਦੀ ਮਾਲਾ ਹੈ। ਮਾਨਿਕ ਸੰਸਕ੍ਰਿਤ ਪਦ ਹੈ ਤੇ ਲਾਲ (ਲਾਅਲ) ਅਰਬੀ ਹੈ।

ਨਹ ਨਾਹ ਨਹੀ—ਤ੍ਰੈ ਵੇਰ ਤਾਕੀਦ ਲਈ ਕਿਹਾ, ਪਰ ਦਾਨੇ 'ਕਨਿਕ ਮਾਨਿਕ' ਨਾਲ 'ਨਹ'। 'ਗਜ ਮੋਤੀਅਨ' ਨਾਲ 'ਨਾਹ' ਤੇ 'ਲਾਲਨ' ਨਾਲ 'ਨਹੀਂ' ਵਖ ਵਖ ਬੀ ਲਾਉਂਦੇ ਹਨ, ਭਾਵ ਇਕੋ ਹੈ।

ਸਾਦਨ—[ਸੰਸ:,ਸ੍ਵਾਦ:] ਸ੍ਵਾਦ। ਭਾਵ ਹੈ ਸ੍ਵਾਦਾਂ ਵਾਲੇ ਭੋਗ। (ਅ) ਸਾਦਨ ਨੂੰ ਸਦਨ ਕਰਕੇ ਮਹਲ ਅਰਥ ਲਾਉਣ ਦਾ ਜਤਨ ਬੀ ਹੁੰਦਾ ਹੈ, 'ਕਿਛੁ ਕਿਛੁ' ਦਾ ਭਾਵ ਹੈ ਰੰਚਕ ਬੀ, ਥੋੜਾ ਬੀ। ਨ ਚਾਹੀ -ਨ ਚਾਹੀਂ = (ਮੈਂ) ਨਹੀ ਚਾਹੁੰਦਾ।

ਸਰਨਨ—[ਸੰਸ:, ਸ਼ਰਣ। ਸਰਨ + ਅਨ =] ਸ਼ਰਨ ਵਿਚ ਆ ਕੇ

ਹਰੀ—(ਸੰਸ:, ਹਰਣੰ = ਚਰਾਊਣਾ) ਖੋਈ ਗਈ। ਦੂਰ ਹੋ ਗਈ।

ਪ੍ਰੇਮ ਪਿਰੀ—ਪ੍ਰੇਮ ਸਰੂਪ ਪਿਆਰੇ ਜੀ।

[ਆਸਾ ਮਹਲਾ ੫, ਚਉਪਦਾ ੧੪੪—੨੧੧]

ਪ੍ਰਾਕ੍ਥਨ—ਵ੍ਯਾਪਕ ਦੇ ਦਰਸ਼ਨ ਕਰਨ ਵਾਲੇ ਨੇਤ੍ਰ।

ਮੂਲ	ਅਰਥ
ਆਸਾ ਮਹਲਾ ੫ ॥ ਗੁਰਹਿ ਦਿਖਾਇਓ ਲੋਇਨਾ ॥੧॥ ਰਹਾਉ॥ ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥੧॥ ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ ॥੨॥ ਸੰਤਨ ਪਰਸਨ ਬਲਿਹਾਰੀ ਦਰਸਨ ਨਾਨਕ ਸੁਖਿ ਸੁਖਿ ਸੋਇਨਾ ॥੩॥੪॥੧੪੪॥	ਗੁਰੂ ਨੇ (ਮੈਨੂੰ) ਅੱਖਾਂ ਨਾਲ ਵਿਖਾ ਦਿੱਤਾ ਹੈ ਕਿ॥੧॥ਰਹਾਉ॥ ਲੋਕ ਪ੍ਰਲੋਕ ਵਿਚ, ਸਰੀਰ ਸਰੀਰ ਵਿਚ, ਹਿਰਦੇ ਹਿਰਦੇ ਵਿਚ ਹੇ ਮੋਹਨਹਾਰ (ਪ੍ਰਭੂ!) ਤੂੰ ਹੀ ਤੂੰ ਹੀ ਹੈਂ॥੧॥ ਕਾਰਣਾਂ ਦੇ ਕਰਨੇ ਵਾਲਾ, (ਕੀਤੀ ਹੋਈ ਦੀ) ਮਰਯਾਦਾ ਨੂੰ ਧਾਰਨ ਵਾਲਾ (ਤੂੰ) ਇਕੋ ਹੀ ਇਕੋ ਹੈਂ, ਹੇ ਸੋਹਿਣੇ !॥੨॥ ਸੰਤਾਂ ਦੇ ਸ਼ਪਰਸ਼ (=ਛੁਹ ਵਿਚ ਤੇਰੇ) ਦਰਸ਼ਨ ਹਨ, (ਜਿਨ੍ਹਾਂ ਤੋਂ ਮੈਂ) ਸਦਕੇ ਹਾਂ। ਹੇ ਨਾਨਕ! (ਇਨ੍ਹਾਂ ਦਰਸ਼ਨਾਂ ਨੂੰ ਪਾਕੇ ਮੈਂ) ਸੁਖ ਹੀ ਸੁਖ ਵਿਚ ਸੈਂਦਾ ਹਾਂ॥੩॥੪॥੧੪੪॥

ਵ੍ਯਾਖ੍ਯਾ— ਗੁਰੂ ਨੇ ਵਾਹਿਗੁਰੂ ਦੇ ਦਰਸ਼ਨ ਅੱਖਾਂ ਨਾਲ ਕਰਾਏ ਹਨ। ਅਸਚਰਜ ਹੈ ਕਿ ਜੋ ਪ੍ਰਭੂ ਅਦ੍ਰਿਸ਼ਜ ਹੈ ਉਹ ਲੋਕ ਵਿਚ, ਪ੍ਰਲੋਕ ਵਿਚ, ਹਿਰਦੇ ਹਿਰਦੇ ਤੇ ਸਰੀਰ ਵਿਚ ਵ੍ਯਾਪਕ ਸਹੀ ਹੋ ਗਿਆ ਹੈ, ਉਸ ਨੂੰ ਤੂੰ ਹੀ ਤੂੰ ਹੀ ਸੋਹਿਨਾ ਤੇ ਮੋਹਿਨਾ ਕਹਿ ਰਹੇ ਹਨ, ਉਸੇ ਨੂੰ ਕਰਤਾ ਤੇ ਕਾਦਰ ਕਹਿ ਰਹੇ ਹਨ, ਤੇ ਇਕੋ ਇਕ ਵਖਾਣ ਰਹੇ ਹਨ। ਓਹ ਲੋਇਨ ਜਿਨ੍ਹਾਂ ਨਾਲ ਗੁਰੂ ਨੇ ਦਿਖਾਇਆ ਇਹ ਰੂਪ:-

ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸਦੋ ਮਾ ਪਿਰੀ॥

[ਵਾਰ ਮਾਰੂ ਮਹਲਾ ੫-੧੬]

ਓਹ ਅੱਖਾਂ ਕਿਵੇ ਮਿਲੀਆਂ ? ਅੰਤਲੀ ਤੁਕ ਵਿਚ ਪਤਾ ਦਿੱਤਾ ਹੈ। ਸੰਤਾਂ ਦੇ ਸਪਰਸ਼ ਨਾਲ,ਭਾਵ ਉਹਨਾਂ ਦੀ ਛੁਹ ਨਾਲ ਓਹ ਨੇਤ੍ਰ ਖੁੱਲ੍ਹ ਪਏ। ਨੇਤ੍ਰ ਖੁੱਲ੍ਹ ਕੇ ਵ੍ਯਾਪਕ ਸੋਹਿਣੇ ਮੋਹਿਣੇ ਪ੍ਰੀਤਮ ਦੇ ਦਰਸ਼ਨ ਦਾ ਫਲ ਕੀਹ ਹੋਯਾ ਕਿ ਸੁਖ ਹੋ ਗਿਆ।ਸੁਖ ਦੀ ਨੀਂਦੇ ਸੌਂ ਗਏ ਦਾ ਭਾਵ ਹੈ ਪਰਮ ਸੁਖ ਪ੍ਰਾਪਤ ਹੋ ਗਿਆ।

ਨਿਰੁਕ੍ਤ—**ਈਤਹਿ ਊਤਹਿ**—[ਸੰਸ !, ਇਤਸ੍=ਏਥੇ। ਉਤ੍ਰ=ਓਧਰ, ਓਥੇ] ਏਥੇ ਓਥੇ। ਭਾਵ ਲੋਕ ਪ੍ਰਲੋਕ ਵਿਚ। **ਘਟਿ ਘਟਿ**—ਪਹਿਲੇ 'ਘਟਿ ਘਟਿ' ਦਾ ਅਰਥ ਹੈ ਸਰੀਰ ਸਰੀਰ ਵਿਚ , ਦੂਜੇ ਘਟਿ ਘਟਿ 'ਦਾ ਅਰਥ ਹੈ ਹਰ ਮਨ ਵਿਚ। (ਅ)ਪਰ ਕਈ ਦਾਨੇ ਦੋ ਘਟਿ ਘਟਿ ਤਾਂ ਲੋਕਾਂ ਦੇ ਘਟਾਂ ਵਿਚ ਤੇ ਦੋ ਪ੍ਰਲੋਕ ਦੇ ਘਟਾਂ ਵਿਚ ਭਾਵ ਲੈਂਦੇ ਹਨ।

ਕਾਰਨ ਕਰਨਾ—ਕਾਰਨਾਂ ਦਾ ਕਾਰਕ ਮੁਰਾਦ ਹੈ ਸ੍ਰਿਸ਼ਟੀ ਦਾ ਕਰਤਾ।

ਧਾਰਨ ਧਰਨਾ—ਦੀ ਮੁਰਾਦ ਹੈ ਕੀਤੀ ਹੋਈ ਮਰਯਾਦਾ ਵਿਚ ਤੋਰੀ ਰੱਖ ਕੇ ਕਾਇਮ ਰਖਣ ਵਾਲਾ।ਦੋਹਾਂ ਦਾ ਭਾਵ ਕਰਤਾ ਤੇ ਕਾਦਰ ਹੈ।[ਸੰਸ !,ਧਾਰਣ = ਧਾਰਣ ਕਰਨ ਵਾਲਾ, ਕਾਇਮ ਰਖਣਵਾਲਾ)। **ਪਰਸਨ**—ਸਪਰਸ਼, ਛੋਹ।

ਸੋਇਨਾ—ਸੈਂਦਾ ਹਾਂ। ਭਾਵ ਹੈ ਨਿਸਚਿੰਤ ਹੋ ਕੇ ਪਰਮ ਸੁਖ ਵਿਚ ਸੁਖੀ ਹਾਂ।

[ਆਸਾ ਮਹਲਾ ੫, ਚਉਪਦਾ, ੧੪੫—੨੧੨]

ਪ੍ਰਾਕ੍ਥਨ- ਅਲਖ ਹੋ ਕੇ ਆਪ ਨੂੰ ਲਖਾ ਦੇਣਾ ਹਰੀ ਦਾ ਚੋਜ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਹਰਿ ਹਰਿ ਨਾਮੁ ਅਮੋਲਾ ॥ ਓਹੁ ਸਹਜਿ ਸੁਹੇਲਾ ॥੧॥ ਰਹਾਉ ॥	ਹਰੀ ਦਾ ਨਾਮ ਅਮੋਲਕ ਹੈ (ਜਿਸ ਪਾਸ ਇਹ ਹੈ) ਉਹ ਸਹਜ (ਅਵਸਥਾ ਵਿਚ) ਸੁਖੀ ਰਹਿੰਦਾ ਹੈ॥੧॥ ਰਹਾਉ॥
ਸੰਗਿ ਸਹਾਈ ਛੋਡਿ ਨ ਜਾਈ ਓਹੁ ਅਗਹ ਅਤੋਲਾ ॥੧॥	(ਅਤੇ ਉਹ ਅਥਾਹ ਤੇ ਅਤੋਲ ਹੋ ਜਾਂਦਾ ਹੈ, (ਕਿਉਂਕਿ ਹਰੀ ਉਸ ਦਾ) ਸਾਥੀ ਤੇ ਸਹਾਯਕ ਹੋ ਜਾਂਦਾ ਹੈ (ਤੇ ਉਸ ਨੂੰ ਕਦੇ) ਛੱਡ ਕੇ ਨਹੀਂ ਜਾਂਦਾ॥੧॥
ਪ੍ਰੀਤਮੁ ਭਾਈ ਬਾਪੁ ਮੋਰੋ ਮਾਈ ਭਗਤਨ ਕਾ ਓਲ੍ਹਾ ॥੨॥	(ਓਹੋ) ਭਗਤਾਂ ਦਾ ਉਹਲਾ (ਹਰੀ) ਮੇਰੀ ਮਾਤਾ ਹੈ, ਪਿਤਾ ਹੈ, ਭਿਰਾਉ ਹੈ, (ਤੇ ਮੇਰਾ) ਪ੍ਰੀਤਮ ਹੈ॥੨॥
ਅਲਖੁ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿ ਕਾ ਚੋਲ੍ਹਾ ॥੩॥੫॥੧੪੫॥	(ਹੈ ਤਾਂ ਉਹ ਅਥਾਹ ਅਤੇ ਅਤੋਲ ਅਤੇ) ਅਲੱਖ (ਪਰ) ਗੁਰੂ ਤੋਂ ਲਖਾਇਆ ਜਾਂਦਾ ਤੇ ਪ੍ਰਾਪਤ ਹੋ ਜਾਂਦਾ ਹੈ। ਹੇ ਨਾਨਕ ! ਇਹ ਹਰੀ ਦਾ (ਇਕ) ਚੋਜ ਹੈ (ਕਿ ਅਲਖ ਹੋ ਕੇ ਫੇਰ ਆਪ ਨੂੰ ਗੁਰੂ ਦੁਆਰਾ ਲਖਾ ਦੇਂਦਾ ਹੈ)॥੩॥੫॥੧੪੫॥

ਵ੍ਯਾਖ੍ਯਾ— ਰਹਾਉ ਤੇ ਅੰਕ ੧ ਦੇ ਅਖੀਰ ਤਕ ਫੁਰਮਾਇਆ ਹੈ ਜੋ ਹਰੀ ਦਾ ਨਾਮ ਇਤਨਾ ਬੇ ਕੀਮਤ ਹੈ ਕਿ ਜਿਸ ਦੇ ਪਾਸ ਹੋਵੇ ਉਹ ਸਹਜ ਪਦ ਵਿਚ ਪਹੁੰਚ ਜਾਂਦਾ ਹੈ ਤੇ ਆਤਮਾ ਦੇ ਆਪਣੇ ਆਤਮ ਆਨੰਦ ਨੂੰ ਪ੍ਰਾਪਤ ਹੋ ਜਾਂਦਾ ਹੈ। ਉਸ ਦੀ ਦਸ਼ਾ ਅਗਹ ਅਤੋਲ ਹਰੀ ਸਮਾਨ ਹੋ ਜਾਂਦੀ ਹੈ,ਜੀਕੂੰ ਅਗਨੀ ਦੇ ਪ੍ਰਵੇਸ਼ ਨਾਲ ਲੋਹੇ ਦਾ ਗੋਲਾ ਅਗਨੀ ਰੂਪ ਹੋ ਜਾਂਦਾ ਹੈ। ਇਹ ਕੁਛ ਦੱਸ ਕੇ ਅੰਕ ੨ ਵਿਚ ਦੱਸਦੇ ਹਨ ਕਿ ਜਿਸ ਹਰੀ ਦਾ ਨਾਮ ਜਪ ਕੇ ਭਗਤ ਉਸ ਦਾ ਰੂਪ ਹੋ ਜਾਂਦੇ ਹਨ ਉਹੋ ਹਰੀ, ਜੋ ਭਗਤਾਂ ਦਾ ਓਹਲਾ (ਓਟ) ਹੈ ਮੇਰਾ ਪ੍ਰੀਤਮ ਪ੍ਯਾਰਾ ਹੈ, ਮਾਤਾ ਪਿਤਾ ਵਤ। ਉਸੇ ਅਲਖ ਨੂੰ ਮੈਂ ਅਪਣੇ ਗੁਰੂ (ਰਾਮਦਾਸ) ਦੀ ਮੇਹਰ ਨਾਲ ਲਖ ਲਿਆ ਹੈ, ਹਾਂ ਪ੍ਰਾਪਤ ਕਰ ਲਿਆ ਹੈ। ਇਹ ਹਰੀ ਦਾ ਇਕ ਚੋਜ ਹੈ ਕਿ ਹੋਣਾ ਅਲਖ ਤੇ ਫੇਰ ਪ੍ਰੇਮੀਆਂ ਪ੍ਰਤੀ ਆਪਾ ਲਖਾ ਦੇਣਾ।

ਨਿਰੁਕਤ— **ਅਮੋਲਾ**—[ਸੰਸ:, ਅਮੂਲ੍ਯ] ਅਮੋਲਕ, ਅਤਿ ਕੀਮਤੀ।

ਸਹਜਿ—ਸਹਜ ਅਵਸਥਾ ਵਿਚ। **ਸੁਹੇਲਾ**—ਸੁਖੀ।

ਅਗਹ—ਅਗਾਹ, ਅਥਾਹ (ਅ) ਅਗਹ = ਜੋ ਫੜਿਆ ਨਾ ਜਾਵੇ।

ਓਲ੍ਹਾ—ਪਰਦਾ, ਓਟ, ਆਸਰਾ। **ਅਲਖੁ**—[ਸੰਸ:, ਅਲਕ੍ਸ਼੍ਯ] ਜੋ ਲਖਿਆ ਨਾ ਜਾਏ।

ਚੋਲ੍ਹਾ—ਖਾ: ਟ੍ਰੈ:ਸੁ: ਕੋਸ਼ ਵਿਚ ਏਥੇ ਚੋਲਾ ਦਾ ਅਰਥ ਖ਼ੁਸ਼ੀ ਕੀਤਾ ਹੈ, ਭਾਵ ਹੈ ਕਿ ਇਕ ਚੋਜ ਹੈ ਹਰੀ ਦਾ। ਅਲਖ ਹੋਕੇ ਲਖਾ ਦੇਣਾ ਆਪ ਨੂੰ।(ਅ)ਦਾਨੇ ਸਜਣ ਇਸ ਦਾ ਅਰਥ ਪੁਸ਼ਾਕਾ ਅਤੇ ਚੰਗਾ ਭੋਜਨ ਬੀ ਕਰਦੇ ਹਨ। ਪਰ ਪਾਠ ਚੋਲਾ ਨਹੀਂ, ਚੋਲ੍ਹਾ ਹੈ, ਜੋ ਚੁਹਲ ਦਾ ਰੂਪ ਹੈ। ਚੁਹਲਾ=ਖੇਲ, ਖ਼ੁਸ਼ੀ, ਚੋਜ।

[ਆਸਾ ਮਹਲਾ ੫, ਚਉਪਦਾ, ੧੪੬-੨੧੩]

ਪ੍ਰਾਕਥਨ—ਭਗਤੀ ਦੇ ਸਿਰੇ ਚੜ੍ਹਨੇ ਲਈ ਅਰਦਾਸ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਅਪੁਨੀ ਭਗਤਿ ਨਿਬਾਹਿ ॥ ਠਾਕੁਰ ਆਇਓ ਆਹਿ ॥੧॥ ਰਹਾਉ ॥	ਹੇ ਠਾਕੁਰ ! (ਮੈਂ) ਚਾਹਨਾ ਕਰ ਕੇ (ਆਪ ਦੀ ਸ਼ਰਨ) ਆਇਆਂ ਹਾਂ, (ਮੇਰੀ) ਆਪਣੀ ਭਗਤੀ ਸਿਰੇ ਚਾੜ੍ਹ ਦਿਓ॥੧॥ਰਹਾਉ॥
ਨਾਮੁ ਪਦਾਰਥੁ ਹੋਇ ਸਕਾਰਥੁ ਹਿਰਦੈ ਚਰਨ ਬਸਾਹਿ ॥੧॥	(ਮੇਰੇ) ਹਿਰਦੇ ਵਿਚ (ਅਪਣੇ) ਚਰਣ ਤੇ ਨਾਮ ਪਦਾਰਥ ਵਸਾ ਦਿਓ (ਜੋ ਮੇਰਾ ਜਨਮ) ਸਕਾਰਥਾ ਹੋ ਜਾਵੇ॥੧॥
ਏਹ ਮੁਕਤਾ ਏਹ ਜੁਗਤਾ ਰਾਖਹੁ ਸੰਤ ਸੰਗਾਹਿ ॥੨॥	(ਮੇਰੇ ਲਈ) ਇਹੋ ਮੁਕਤੀ ਹੈ (ਸੰਸਾਰ ਤੋਂ ਛੁਟਕਾਰਾ ਹੈ ਤੇ) ਇਹੋ (ਆਪ ਨਾਲ ਜੁੜੇ ਰਹਿਣ ਦੀ) ਜੁਗਤੀ ਹੈ (ਕਿ ਮੈਨੂੰ) ਸੰਤਾਂ ਦੇ ਸੰਗ ਵਿਚ ਰੱਖੋ॥੨॥
ਨਾਮੁ ਧਿਆਵਉ ਸਹਜਿ ਸਮਾਵਉ ਨਾਨਕ ਹਰਿ ਗੁਨ ਗਾਹਿ ॥੩॥੬॥੧੪੬॥	(ਜਿਥੇ ਮੈਂ ਹੇ) ਹਰੀ (ਤੇਰੇ) ਗੁਣਾਂ ਦਾ ਵੀਚਾਰ ਕਰਾਂ, (ਤੇਰਾ) ਨਾਮ ਧਿਆਵਾਂ ਤੇ ਸਹਜ ਵਿਚ ਸਮਾ ਜਾਵਾਂ, (ਬਿਨੈ ਕਰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ)॥੩॥੬॥੧੮੬॥

ਵਯਾਖਯਾ— ਅਰਦਾਸ ਹੈ ਕਿ ਭਗਤੀ ਮੇਰੀ ਸਿਰੇ ਚਾੜ੍ਹ ਦਿਓ, ਮੈਂ ਬੜੀ ਉਮੰਗ ਨਾਲ ਹੇ ਹਰੀ ਆਪ ਦੀ ਸ਼ਰਨੀ ਆਇਆ ਹਾਂ। ਭਗਤੀ ਸਿਰ ਚੜ੍ਹਨ ਦੇ ਜੋ ਅੰਗ ਹਨ ਸੋ ਗਿਣੇ ਹਨ:- ਸੰਤਾਂ ਦੀ ਸੰਗਤ, ਹਿਰਦੇ ਵਿਚ ਹਰੀ ਚਰਨਾਂ ਦਾ ਧਿਆਨ, ਨਾਮ ਦਾ ਸਿਮਰਨ, ਹਰੀ ਗੁਣਾਂ ਦੀ ਡੂੰਘੀ ਵੀਚਾਰ ਤੇ ਅੰਤ ਸਹਜ ਪਦ ਵਿਚ ਇਸਥਿਤੀ।

ਨਿਰੁਕ੍ਤ— ਨਿਬਾਹਿ—[ਸੰਸ:, ਨਿਰ੍ਵਾਹ:। ਹਿੰ:,ਨਿਬਾਹ] ਤੋੜ ਚਾੜ੍ਹੋ,ਸਿਰੇ ਚਾੜ੍ਹ ਦਿਓ।

ਆਹਿ—[ਸੰਸ:, ਈਹਾ = ਇਛਾ] ਚਾਹਨਾ ਕਰਕੇ। ਸਕਾਰਥੁ-ਸਫਲ।

ਮੁਕਤਾ—ਮੁਕਤੀ, ਸੰਸਾਰਾਕਾਰਤਾ ਤੋਂ ਛੁਟਕਾਰਾ।

ਜੁਗਤਾ—ਜੁਗਤੀ, [ਸੰਸ:, ਯੁਕਿ:] ਜੁੜਨੇ ਦੀ ਦਸ਼ਾ। ਭਾਵ ਹੈ: ਹੇ ਵਾਹਿਗੁਰੂ ਜੀ ! ਆਪ ਦੇ ਨਾਲ ਜੁੜੇ ਰਹਿਣੇ ਦੀ ਅਵਸਥਾ। (ਅ) ਜੀਵਨ ਜੁਗਤੀ ਬੀ ਅਰਥ ਲਾ ਲੈਂਦੇ ਹਨ।

ਗਾਹਿ—ਗਾਹ ਕੇ, ਖੋਜ ਪੜਤਾਲ ਕਰਕੇ, ਵੀਚਾਰ ਕੇ। (ਅ) ਗਾਹਿ ਦਾ ਅਰਥ ਗਾਉਣਾ ਬੀ ਕਰਦੇ ਹਨ, ਪਰ 'ਗਾਹ' ਪਦ 'ਵੀਚਾਰ' ਅਰਥਾਂ ਵਿਚ ਗੁਰਬਾਣੀ ਵਿਚ ਆਇਆ ਹੈ, ਯਥਾ:—

ਹਰਿ ਕੈ ਸੰਗਿ ਸਦਾ ਗੁਣ ਗਾਹਾ॥ [ਜੈਤਸਰੀ ਮਹਲਾ ੪—੮]

ਪੁਨਾ:—ਅਖਰੀ ਗਿਆਨੁ ਗੀਤ ਗੁਣ ਗਾਹੁ॥ [ਜਪੁਜੀ-੧੯]

[ਆਸਾ ਮਹਲਾ ੫, ਚਉਪਦਾ, ੧੪੭—੨੧੪]

ਪ੍ਰਾਕ੍ਥਨ—ਸੰਤਾਂ ਦੀ ਘਾਲ—ਨਾਮ, ਧਯਾਨ, ਸੇਵਾ, ਹਉਂ ਤਯਾਗ ਵਾਲੀ।

ਮੂਲ	ਅਰਥ
ਆਸਾ ਮਹਲਾ ੫ ॥ ਠਾਕੁਰ ਚਰਣ ਸੁਹਾਵੇ ॥ ਹਰਿ ਸੰਤਨ ਪਾਵੇ ॥੧॥ ਰਹਾਉ ॥	ਠਾਕੁਰ ਦੇ ਚਰਣ (ਬੜੇ) ਸੁਹਣੇ ਹਨ, (ਓਹ) ਹਰੀ ਦੇ ਸੰਤਾਂ ਨੇ ਪ੍ਰਾਪਤ ਕੀਤੇ ਹਨ॥੧॥ਰਹਾਉ॥
ਆਪੁ ਗਵਾਇਆ ਸੇਵ ਕਮਾਇਆ ਗੁਨ ਰਸਿ ਰਸਿ ਗਾਵੇ ॥੧॥	[ਪ੍ਰਸ਼ਨ: ਕੀਕੂੰ ? ਉੱਤਰ:] ਆਪਾ ਭਾਵ ਗੰਵਾ ਦਿੱਤਿਆਂ (ਫੇਰ) ਸੇਵਾ ਕਮਾਇਆਂ (ਤਦ) ਸੁਆਦ ਵਿਚ ਭਰ ਭਰ ਕੇ (ਉਨ੍ਹਾਂ ਨੇ) ਗੁਣ ਗਾਵੇਂ ਹਨ॥੧॥

—ਦੁਖਾਂ ਦਾ ਦੂਰ ਹੋਣਾ ਤੇ ਸ਼ੁਭ ਫਲਾਂ ਦੀ ਪ੍ਰਾਪਤੀ।

ਅੰਕ ੩ ਵਿਚ ਦੱਸਿਆ ਕਿ ਸਭ ਤੋਂ ਵਡਾ ਫਲ ਪ੍ਰਭੂ ਦੀ ਪ੍ਰਾਪਤੀ ਹੈ। ਐਉਂ ਕਿ ਉਹ ਹਿਰਦੇ ਹਿਰਦੇ ਵਿਚ ਬੈਠਾ ਹੈ, ਸੋ ਉਪਰਲੀ ਧਜਾਨ ਇਸਥਿਤੀ ਨਾਲ ਆਪਣੇ ਹਿਰਦੇ ਵਿਚੋਂ ਹੀ ਲੱਭ ਪਏਗਾ।

ਨਿਰੁਕ੍ਤ— ਮਨ ਮਾਹੀ—ਮਨ ਵਿਚ। **ਬਿਧਾਤਾ**—[ਸੰਸ. ਵਿਧਾਤ੍ਰਿ] ਕਰਮਾਂ ਦਾ ਫਲ ਪ੍ਰਦਾਤਾ, ਭਾਵ ਈਸ਼ਵਰ। ਵਾਹਿਗੁਰੂ। ਯਥਾ:—

ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ॥ [ਰਾਗੁ ਆਸਾ ਮਹਲਾ ੧ ਛੰਤ ੪]

[ਆਸਾ ਮਹਲਾ ੫, ਚਉਪਦਾ, ੧੪੯-੨੧੬]

ਪ੍ਰਾਕ੍ਥਨ— ਨਾਮ ਦਾ ਵਿਸਾਰਾ ਰੂਹਾਨੀ ਮੌਤ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਹਰਿ ਬਿਸਰਤ ਸੋ ਮੂਆ ॥੧॥ ਰਹਾਉ ॥	ਜਿਸ ਨੂੰ ਹਰੀ ਵਿਸਰ ਜਾਂਦਾ ਹੈ ਉਹ (ਜਾਣੋ) ਮਰ ਗਿਆ ਹੈ॥੧॥ਰਹਾਉ॥
ਨਾਮੁ ਧਿਆਵੈ ਸਰਬ ਫਲ ਪਾਵੈ ਸੋ ਜਨੁ ਸੁਖੀਆ ਹੂਆ ॥੧॥	(ਜੋ ਪੁਰਖ ਨਾਮ ਧਿਆਵੈ ਉਹ ਸਾਰੇ (ਸ਼ੁਭ) ਫਲ ਪਾ ਲੈਂਦਾ ਹੈ ਤੇ ਸੁਖੀ ਹੋ ਜਾਂਦਾ ਹੈ॥੧॥
ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ ਸੂਆ ॥੨॥	ਜੋ ਰਾਜ ਵਾਲਾ ਕਹਾਉਂਦਾ ਹੈ ਤੇ ਹਉਮੈ ਵਾਲੇ ਕਰਮ ਕਰਦਾ ਹੈ (ਉਹ) ਭ੍ਰਮ ਕਰਕੇ ਐਉਂ ਬੱਝਾ ਹੋਇਆ (ਜਾਣੋ ਜਿਵੇਂ) ਨਲਨੀ ਦੇ ਭਰਮ ਕਰਕੇ ਤੋਤਾ (ਬੱਝ ਜਾਂਦਾ ਹੈ)॥੨॥
ਕਹੁ ਨਾਨਕ ਜਿਸੁ ਸਤਿਗੁਰੁ ਭੇਟਿਆ ਸੋ ਜਨੁ ਨਿਹਚਲੁ ਥੀਆ ॥੩॥੯॥੧੪੯॥	ਆਖਦੇ (ਹਨ ਗੁਰੂ) ਨਾਨਕ (ਦੇਵ ਜੀ) ਜਿਸ ਨੂੰ ਸਤਿਗੁਰੂ ਮਿਲ ਪਿਆ ਉਹ ਪੁਰਖ ਅਡੋਲ ਹੋ ਗਿਆ (ਜਾਣੋ)॥੩॥੯॥੧੪੯॥

ਵ੍ਯਾਖ੍ਯਾ— ਹਰੀ ਦਾ ਵਿਸਰਨਾ ਇਕ ਮੌਤ ਹੈ। ਇਹ ਮੌਤ ਰੂਹਾਨੀ ਜੀਵਨ ਵਲੋਂ ਹੈ ਕਿ ਜੀਵ ਨੂੰ ਰੂਹ ਹੁੰਦੇ ਹੋਏ ਆਪਣੇ ਹੋਣ ਦੀ ਪ੍ਰਤੀਤੀ ਪ੍ਰਾਪਤ ਨਹੀਂ ਹੁੰਦੀ, ਉਸ ਦੀ ਸਾਰੀ ਸੁਰਤ ਸਰੀਰ ਵਲ, ਭੋਗਾਂ ਵਲ ਪਦਾਰਥਾਂ ਵਲ ਖਚਿਤ ਰਹਿੰਦੀ ਹੈ। ਸਰੀਰ ਤੇ ਮਨ ਦੇ ਅੰਦਰ ਆਤਮ ਤੱਤ ਦੀ ਲੱਖਤਾ ਨਹੀਂ ਹੁੰਦੀ ਇਸ ਦੀ ਵ੍ਯਾਖ੍ਯਾ ਅੰਕ ੨ ਵਿਚ ਕੀਤੀ ਹੈ। ਕਹਾਉਂਦਾ ਹੈ ਰਾਜ ਵਾਲਾ, ਰਾਜਾ ਯਾ ਪ੍ਰਤਾਪ ਵਾਲਾ ਪਰ ਕਰਮ ਜੋ ਕਰਦਾ ਹੈ ਹਉਂ ਵਿਚ ਕਰਦਾ ਹੈ ਤੇ ਇਸ ਭਰਮ ਵਿਚ ਬੱਝਦਾ ਜਾਂਦਾ ਹੈ ਕਿ ਇਹੋ ਸਰੀਰਕ ਜੀਵਨ ਹੀ ਸੱਭੋ ਕੁਛ ਹੈ ਜਿਵੇਂ ਕਿ ਤੋਤਾ ਪਾਣੀ ਉਤੇ ਧਰੀ ਨਾਲੀ ਤੇ ਬੈਠਾ ਨਾਲੀ ਦੇ ਫਿਰ ਜਾਣ ਨਾਲ ਪਾਣੀ ਵਿਚ ਆਪਣਾਂ ਅਕਸ ਦੇਖਕੇ ਨਾਲੀ ਨੂੰ ਛੱਡਦਾ ਨਹੀਂ ਤੇ ਜਾਲੀ ਲਾਉਣ ਵਾਲਾ ਉਸ ਨੂੰ ਪਕੜ ਕੇ ਪਿੰਜਰੇ ਪਾ ਲੈਂਦਾ ਹੈ; ਤਿਵੇਂ ਹਉਮੈਂ ਦੇ ਕਰਮ ਕਰਨੇ ਵਾਲਾ ਹਉਮੈਂ ਦੇ ਕਰਮ ਛੱਡਦਾ ਨਹੀਂ ਤੇ ਐਉਂ ਕਾਲ ਚੱਕ੍ਰਾਂ ਵਿਚ ਬੱਝਾ ਰਹਿੰਦਾ ਹੈ।

ਨਿਰੁਕ੍ਤ— ਭੇਟਿਆ—ਮਿਲਿਆ। ਨਿਹਚਲ—ਅਡੋਲ, ਨਾ ਚਲਾਯਮਾਨ ਹੋਣ ਵਾਲਾ।

—o—

ਏਕਹਿ ਆਸਾ ਦਰਸ ਪਿਆਸਾ ਆਨ ਨ ਭਾਵੈ ॥੨॥	(ਹਾਂ) ਇਕੋ ਆਸਾ (ਤੇ ਇਕੋ) ਪਿਆਸਾ (ਹਰੀ) ਦਰਸ਼ਨ ਦੀ (ਓਹ ਰੱਖਦੇ ਹਨ ਤੇ) ਹੋਰ ਕੁਛ (ਉਨ੍ਹਾਂ ਨੂੰ) ਭਾਉਂਦਾ ਹੀ ਨਹੀਂ॥ ੨॥
ਦਇਆ ਤੁਹਾਰੀ ਕਿਆ ਜੰਤ ਵਿਚਾਰੀ ਨਾਨਕ ਬਲਿ ਬਲਿ ਜਾਵੈ ॥੩॥੭॥੧੪੭॥	(ਪਰ ਹੇ ਪ੍ਰਭੂ ! ਇਹ ਉੱਚੀ ਤੇ ਤੀਬ੍ਰ ਲਗਨ ਬੀ) ਤੁਹਾਡੀ ਦਇਆ ਕਰਕੇ (ਲਗਦੀ) ਹੈ, ਜੀਵ ਵਿਚਾਰੇ ਕੀਹ ਸ਼ੈ ਹਨ, (ਆਪ ਦੀ ਇਸ ਮੇਹਰ ਤੋਂ)ਨਾਨਕ ਵਾਰਨੇ ਬਲਿਹਾਰਨੇ ਜਾਂਦਾ ਹੈ॥ ੩॥ ੭॥ ੧੪੭॥

ਵਯਾਖਯਾ— ਅੰਕ ੨ ਤਕ ਸੰਤਾਂ ਦੀ ਭਗਤੀ ਦਾ ਰੂਪ ਦੱਸਿਆ ਹੈ, ਪ੍ਰਭੂ ਦੇ ਚਰਨ ਪ੍ਰਾਪਤ ਕਰਨੇ, ਭਾਵ ਤਵੱਜੋ ਯਾ ਧਯਾਨ ਨੂੰ ਪ੍ਰਭੂ ਵਲ ਰੱਖਣਾ ਤੇ ਉਸ ਦਾ ਪ੍ਰਪੱਕ ਹੋ ਜਾਣਾ, ਪ੍ਰਭੂ ਦੇ ਗੁਣ ਗਾਉਣੇ ਸੁਆਦ ਵਿਚ ਭਰ ਕੇ, ਸੇਵਾ ਕਰਨੀ ਅੰਹ ਭਾਵ ਛੱਡ ਕੇ ਕਿ ਮੈਂ ਸੇਵਕ ਹਾਂ ਤੇ ਸੇਵਾ ਕਰਦਾਂ ਹਾਂ, ਫੇਰ ਕੋਈ ਹੋਰ ਮੰਗ ਨਾ ਮੰਗਣੀ, ਇਕੋ ਪ੍ਰਭੂ ਦਰਸ਼ਨ ਦੀ ਅਨਿੰਨ ਆਸਾ ਰਖਣੀ। ਇਹ ਕੁਛ ਮਿਲ ਜਾਵੇ ਤਾਂ ਪ੍ਰਭੂ ਦੀ ਮੇਹਰ ਸਮਝਣੀ, ਅਪਣੀ ਕਰਨੀ ਦੀ ਕਿਸੇ ਲੇਸ਼ ਮਾਤ੍ਰ ਹਉਂ ਵਿਚ ਨਾ ਆਉਣਾ।

ਨਿਰੁਕ੍ਤ— ਪਾਵੈ—ਪਾਏ ਹਨ। ਪ੍ਰਾਪਤ ਕੀਤੇ ਹਨ।

ਰਸਿ ਰਸਿ—ਸ੍ਵਾਦ ਲੈ ਲੈ ਕੇ। (ਅ) ਪਯਾਰ ਨਾਲ।

ਜੰਤ—[ਸੰਸ:, ਜੰਤੁ:=ਜੀਵ] ਜਨਤਾ, ਲੁਕਾਈ; ਭਾਵ ਹੈ ਜੰਤ, ਇਨਸਾਨ, ਮਾਨੱਖ।

[ਆਸਾ ਮਹਲਾ ੫, ਚਉਪਦਾ, ੧੪੮-੨੧੫]

ਪ੍ਰਾਕ੍ਥਨ—ਨਾਮ ਸਿਮਰਨ ਨਾਲ ਦੁਖ ਦੂਰ ਹੁੰਦੇ ਤੇ ਸਭ ਫਲ ਮਿਲਦੇ ਹਨ।

ਮੂਲ	ਅਰਥ
ਆਸਾ ਮਹਲਾ ੫ ॥	
ਏਕੁ ਸਿਮਰਿ ਮਨ ਮਾਹੀ ॥੧॥ ਰਹਾਉ॥	ਮਨ ਵਿਚ ਇਕ (ਪ੍ਰਭੂ) ਦਾ ਸਿਮਰਨ ਕਰੋ॥ ੧॥ ਰਹਾਉ॥
ਨਾਮੁ ਧਿਆਵਹੁ ਰਿਦੈ ਬਸਾਵਹੁ ਤਿਸੁ ਬਿਨੁ ਕੋ ਨਾਹੀ ॥੧॥	(ਉਸ ਦੇ) ਨਾਮ ਨੂੰ (ਮਨ ਵਿਚ) ਧਿਆਵੋ, (ਐਸਾ ਕਿ) ਮਨ ਵਿਚ ਵਸਾ (ਹੀ) ਦਿਓ, ਉਸ ਤੋਂ ਬਿਨਾ (ਉਸ ਜੈਸਾ ਹੋਰ) ਕੋਈ ਨਹੀਂ ਹੈ॥ ੧॥
ਪ੍ਰਭ ਸਰਨੀ ਆਈਐ ਸਰਬ ਫਲ ਪਾਈਐ ਸਗਲੇ ਦੁਖ ਜਾਹੀ ॥੨॥	(ਜੇ) ਪ੍ਰਭੂ ਦੀ ਸ਼ਰਨ ਵਿਚ ਆ ਜਾਈਏ (ਤਦ) ਸਾਰੇ (ਸ਼ੁਭ) ਫਲ ਪਾ ਲਈਦੇ ਹਨ ਤੇ ਸਾਰੇ ਦੁਖ ਦੂਰ ਹੋ ਜਾਂਦੇ ਹਨ॥ ੨॥
ਜੀਅਨ ਕੋ ਦਾਤਾ ਪੁਰਖੁ ਬਿਧਾਤਾ ਨਾਨਕ ਘਟਿ ਘਟਿ ਆਹੀ ॥੩॥੮॥੧੪੮॥	(ਸਾਰੇ) ਜੀਵਾਂ ਦਾ ਦਾਤਾ, ਕਰਮਾਂ ਨੂੰ ਫਲ ਲਾਉਣ ਵਾਲਾ ਪਰੀ ਪੂਰਣ ਹਿਰਦੇ ਹਿਰਦੇ ਵਿਚ ਹੈ, ਹੇ ਨਾਨਕ ! ॥ ੩॥ ੮॥ ੧੪੮॥

ਵਯਾਖਯਾ— ਨਾਮ ਸਿਮਰਨ ਦਾ ਉਪਦੇਸ਼ ਹੈ ਐਸਾ ਕਿ ਨਾਮ ਨੂੰ ਸਿਮਰੋ, ਯਾਦ ਵਿਚ ਵਸਾਓ, ਐਸਾ ਸਿਮਰਨ ਕਿ ਧਿਆਵਹੁ; ਧਿਆਨ ਉਸ ਵਿਚ ਰਹੇ ਤੇ ਨਾਮ ਹਿਰਦੇ ਦਾ ਵਾਸੀ ਹੀ ਬਣ ਜਾਵੇ। ਭਾਵ ਹੈ ਕਿ ਤਲਹੀਅਲ ਤੱਕ ਨਾਮ ਸਿੰਜਰ ਜਾਵੇ ਤੇ ਤੁਸਾਨੂੰ ਉਸ ਨਾਮ ਦੇ ਨਾਮੀ ਬਿਨਾ ਹੋਰ ਭਾਵਨਾ ਹੀ ਨਾ ਰਹੇ। ਨਾਮ ਤੋਂ ਨਾਮੀ ਦੀ ਲੱਖਤਾ ਹੋ ਜਾਏ। ਅਥਵਾ ਉਸ ਦੇ ਤੁੱਲ ਹੋਰ ਕੋਈ ਨਹੀਂ, ਇਸ ਕਰਕੇ ਉਸੇ ਨੂੰ ਅੰਦਰ ਵਸਾਓ। ਅੰਕ ੨ ਵਿਚ ਪਹਿਲੇ ਦੱਸੀ ਕਰਨੀ ਦਾ ਫਲ ਦੱਸਿਆ-

ੴ ਸਤਿਗੁਰ ਪ੍ਰਸਾਦਿ॥

ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ

ਪੋਥੀ	ਪੰਨੇ	ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ	ਪਹਿਲੀ ਛਾਪ	ਦੂਜੀ ਛਾਪ	ਤੀਜੀ ਛਾਪ	ਚੌਥੀ ਛਾਪ	ਪੰਜਵੀ ਛਾਪ
1.	1–510	1–53	ਫਰਵਰੀ, 1958	ਨਵੰਬਰ, 1961	ਫਰਵਰੀ, 1992	ਜਨਵਰੀ, 1997	
2.	511–1034	53–150	ਅਕਤੂਬਰ, 1958	ਅਗਸਤ, 1963	ਜੂਨ, 1992	ਅਕਤੂਬਰ, 1997	
3.	1035–1550	151–242	ਅਗਸਤ, 1959	ਜਨਵਰੀ, 1968	ਅਗਸਤ, 1992	ਫਰਵਰੀ, 1998	ਜਨਵਰੀ, 2002
4.	1551–2052	242–333	ਅਕਤੂਬਰ, 1960	ਜਨਵਰੀ, 1972	ਫਰਵਰੀ, 1994	ਫਰਵਰੀ, 2000	
5.	2053–2550	333–407	ਅਪ੍ਰੈਲ, 1961	ਜੁਲਾਈ, 1974	ਦਸੰਬਰ, 1997	ਫਰਵਰੀ, 2002	
6.	2551–3076	407–488	ਜੂਨ, 1962	ਜੁਲਾਈ, 1975	ਅਕਤੂਬਰ, 1992	ਜਨਵਰੀ, 1998	ਜਨਵਰੀ, 2002
7.	3077–3662	489–607	ਨਵੰਬਰ, 1962	ਫਰਵਰੀ, 1981	ਫਰਵਰੀ, 1994		

ਸੰਤ ਕਵੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਜੋ ਸੇਵਾ ਧਾਰਮਕ, ਸਾਹਿਤਕ, ਸਾਂਸਕ੍ਰਿਤਿਕ ਅਤੇ ਸਮਾਜਕ ਖੇਤਰ ਵਿੱਚ ਕੀਤੀ ਹੈ ਉਸਦਾ ਨਵੇਕਲਾ ਹੀ ਅਸਥਾਨ ਹੈ। ਉਨ੍ਹਾਂ ਦਾ ਸੰਦੇਸ਼ ਹਰ ਕੌਮ, ਦੇਸ਼ ਤੇ ਪ੍ਰਾਣੀ ਲਈ ਸਾਂਝਾ ਹੈ। ਸਰਬੱਤ ਦੇ ਭਲੇ ਲਈ, ਸਮਾਜਕ ਚੇਤਨਾ ਤੇ ਆਤਮਕ ਉੱਚਤਾ ਨੂੰ ਮੁੱਖ ਰੱਖਕੇ ਉਨ੍ਹਾਂ ਨੇ ਕਈ ਧਾਰਮਕ, ਵਿਦਿਅਕ, ਸਮਾਜਕ ਤੇ ਸਾਹਿਤਕ ਸੰਸਥਾਵਾਂ ਦੀ ਸਥਾਪਨਾ ਕੀਤੀ। ਜਿੱਥੇ ਉਨ੍ਹਾਂ ਨੂੰ ਨਵੀਨ ਪੰਜਾਬੀ ਸਾਹਿਤ ਦਾ ਪਿਤਾਮਾ ਮੰਨਿਆ ਜਾਂਦਾ ਹੈ ਉੱਥੇ ਉਨ੍ਹਾਂ ਦੀਆਂ ਸਰਬਪੱਖੀ ਸੇਵਾਵਾਂ ਸਦਕਾ ਉਨ੍ਹਾਂ ਨੂੰ ਪੰਜਾਬ ਦਾ ਛੇਵਾਂ ਦਰਿਆ ਕਿਹਾ ਜਾਂਦਾ ਹੈ।

ਸਿੱਖ ਪਰੰਪਰਾ ਤੇ ਧਾਰਮਕ ਬੁਨਿਆਦਾਂ ਦੇ ਅਧਾਰ ਤੇ ਗੁਰਬਾਣੀ ਦੀ ਗੂੜ੍ਹ ਵਿਆਖਿਆ ਰਚਿਤ ਭਾਈ ਸਾਹਿਬ ਦੇ ਸਾਹਿਤ ਨੇ ਸਿੱਖ ਕੌਮ ਨੂੰ ਸਦਾ ਹਲੂਣਾ ਦਿੱਤਾ ਅਤੇ ਚੜ੍ਹਦੀ ਕਲਾ ਵਲ ਜਾਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਵਲੋਂ 1899 'ਚ ਜਾਰੀ ਕੀਤਾ ਸਪਤਾਹਿਕ ਖਾਲਸਾ ਸਮਾਚਾਰ ਇੱਕੋ-ਇੱਕ ਪੰਜਾਬੀ ਅਖਬਾਰ ਹੈ ਜੋ ਹੁਣ ਤਕ ਲਗਾਤਾਰ ਛਪ ਰਿਹਾ ਹੈ।

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110 001

ਫ਼ੋਨ: 3363510, ਫ਼ੈਕਸ: 3734347